☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

# ਸੱਤਵਾਂ ਭਾਗ







http://nehklankharshabad.com/




## ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੬ ਪੋਹ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧ |
| ੨੭ ਪੋਹ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੩ |
| ਅਗੰਮ ਸੰਦੇਸ਼ | | | | ੫੨ |
| ੧ ਮਾਘ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੨ |
| ੫ ਮਾਘ ੨੦੧੪ ਬਿਕ੍ਰਮੀ | ਸੂਬੇਦਾਰ ਵਤਨ ਸਿੰਘ | ਸ਼ਰੀਹਪੁਰ | ਹੁਸ਼ਿਆਰਪੁਰ | ੯੭ |
| ੬ ਮਾਘ ੨੦੧੪ ਬਿਕ੍ਰਮੀ | ਠਾਣੇਦਾਰ ਸ਼ਿਵ ਦੇਵ | ਅਸਮਾਨ ਸ਼ਹੀਦ | ਹੁਸ਼ਿਆਰਪੁਰ | ੧੧੪ |
| ੧ ਫੱਗਣ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੯ |
| ੩ ਫੱਗਣ ੨੦੧੪ ਬਿਕ੍ਰਮੀ | ਲਛਮਣ ਸਿੰਘ | ਪੁਰਾਣੇ ਭੁਰੇ | ਅੰਮ੍ਰਿਤਸਰ | ੧੪੪ |
| ੪ ਫੱਗਣ ੨੦੧੪ ਬਿਕ੍ਰਮੀ | ਦਲੀਪ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੬੨ |
| ੫ ਫੱਗਣ ੨੦੧੪ ਬਿਕ੍ਰਮੀ | ਦਲੀਪ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੬੭ |
| ੫ ਫੱਗਣ ੨੦੧੪ ਬਿਕ੍ਰਮੀ | ਗੁਰਬਖ਼ਸ਼ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੬੯ |
| ੫ ਫੱਗਣ ੨੦੧੪ ਬਿਕ੍ਰਮੀ | ਚਰਨ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੬੯ |
| ੫ ਫੱਗਣ ੨੦੧੪ ਬਿਕ੍ਰਮੀ | ਆਤਮਾ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੬੯ |
| ੫ ਫੱਗਣ ੨੦੧੪ ਬਿਕ੍ਰਮੀ | ਜਾਗੀਰ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੭੦ |
| ੫ ਫੱਗਣ ੨੦੧੪ ਬਿਕ੍ਰਮੀ | ਉਤਮ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੭੧ |
| ੫ ਫੱਗਣ ੨੦੧੪ ਬਿਕ੍ਰਮੀ | ਕਰਮ ਸਿੰਘ | ਗੱਗੋਬੂਆ | ਅੰਮ੍ਰਿਤਸਰ | ੧੭੧ |
| ੫ ਫੱਗਣ ੨੦੧੪ ਬਿਕ੍ਰਮੀ | ਸੁਰਜਣ ਸਿੰਘ | ਭੁਚਰ | ਅੰਮ੍ਰਿਤਸਰ | ੧੭੨ |
| ੬ ਫੱਗਣ ੨੦੧੪ ਬਿਕ੍ਰਮੀ | ਮੰਗਲ ਸਿੰਘ | ਪੱਟੀ | ਅੰਮ੍ਰਿਤਸਰ | ੧੮੩ |
| ੭ ਫੱਗਣ ੨੦੧੪ ਬਿਕ੍ਰਮੀ | ਨਰਾਇਣ ਸਿੰਘ | ਕੰਗ | ਅੰਮ੍ਰਿਤਸਰ | ੧੯੧ |
| ੭ ਫੱਗਣ ੨੦੧੪ ਬਿਕ੍ਰਮੀ | ਧਰਮਬੀਰ | ਜਲਾਲਾਬਾਦ | ਅੰਮ੍ਰਿਤਸਰ | ੧੯੪ |


1 ੦੭ 1 ੦੭







| | | | | | | |
|---|---|---|---|---|---|---|
| ੮ | ਫੱਗਣ | ੨੦੧੪ ਬਿਕ੍ਰਮੀ | ਊਧਮ ਸਿੰਘ | ਜਲਾਲਾਬਾਦ | ਅੰਮ੍ਰਿਤਸਰ | ੨੦੧ |
| ੧੧ | ਫੱਗਣ | ੨੦੧੪ ਬਿਕ੍ਰਮੀ | ਸੋਹਣ ਸਿੰਘ | ਰਾਮ ਪੁਰਾ | ਅੰਮ੍ਰਿਤਸਰ | ੨੦੩ |
| ੧੫ | ਫੱਗਣ | ੨੦੧੪ ਬਿਕ੍ਰਮੀ | ਦਰਬਾਰ ਵਿਚ | ਦਿੱਲੀ | ਦਿੱਲੀ | ੨੧੬ |
| ੧੬ | ਫੱਗਣ | ੨੦੧੪ ਬਿਕ੍ਰਮੀ | ਕਰਤਾਰ ਸਿੰਘ | ਦਿੱਲੀ | ਦਿੱਲੀ | ੨੨੦ |
| ੧੬ | ਫੱਗਣ | ੨੦੧੪ ਬਿਕ੍ਰਮੀ | ਦਰਬਾਰ ਵਿਚ | ਦਿੱਲੀ | ਦਿੱਲੀ | ੨੨੩ |
| ੧੯ | ਫੱਗਣ | ੨੦੧੪ ਬਿਕ੍ਰਮੀ | ਸੁਸ਼ੀਲ ਕੁਮਾਰ ਦੇ ਨਾਲ ਬਚਨ ਹੋਏ | ਗੁੜਗਾਉਂ | ਹਰਿਆਣਾ | ੨੩੫ |
| ੧੯ | ਫੱਗਣ | ੨੦੧੪ ਬਿਕ੍ਰਮੀ | ਬਿਸ਼ਨ ਸਿੰਘ | ਗੁੜਗਾਉਂ | ਹਰਿਆਣਾ | ੨੩੭ |
| ੨੦ | ਫੱਗਣ | ੨੦੧੪ ਬਿਕ੍ਰਮੀ | ਰੇਸ਼ਮ ਸਿੰਘ | ਸ਼ਰੋਨ ਲਾਇਨ | ਮੇਰਠ ਛਾਉਣੀ | ੨੪੧ |
| ੨੧ | ਫੱਗਣ | ੨੦੧੪ ਬਿਕ੍ਰਮੀ | ਮੇਜਰ ਕਰਮ ਸਿੰਘ | | ਮੇਰਠ ਛਾਉਣੀ | ੨੫੦ |
| ੨੧ | ਫੱਗਣ | ੨੦੧੪ ਬਿਕ੍ਰਮੀ | ਰੇਸ਼ਮ ਸਿੰਘ | | ਮੇਰਠ ਛਾਉਣੀ | ੨੫੨ |
| ੧ | ਚੇਤ | ੨੦੧੫ ਬਿਕ੍ਰਮੀ | ਦਰਬਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੫੫ |
| ੧੮ | ਚੇਤ | ੨੦੧੫ ਬਿਕ੍ਰਮੀ | ਦੀਦਾਰ ਸਿੰਘ | ਜਟਾ | ਅੰਮ੍ਰਿਤਸਰ | ੨੬੭ |
| ੧੮ | ਚੇਤ | ੨੦੧੫ ਬਿਕ੍ਰਮੀ | ਜਰਨੈਲ ਸਿੰਘ | ਸ਼ਾਹਵਾਲਾ | ਫਿਰੋਜ਼ਪੁਰ | ੨੭੪ |
| ੧੯ | ਚੇਤ | ੨੦੧੫ ਬਿਕ੍ਰਮੀ | ਸੂਬੇਦਾਰ ਰਾਮ ਸਿੰਘ | ਗਵਾਲ ਟੋਲੀ | ਫਿਰੋਜ਼ਪੁਰ | ੨੭੯ |
| ੨੦ | ਚੇਤ | ੨੦੧੫ ਬਿਕ੍ਰਮੀ | ਕਰਮ ਸਿੰਘ | ਪਿਪਲੀ | ਬਠਿੰਡਾ | ੨੮੮ |
| ੨੨ | ਚੇਤ | ੨੦੧੫ ਬਿਕ੍ਰਮੀ | ਮਾਲਾ ਸਿੰਘ | ਸਮਾਲ ਸਰ | ਫਿਰੋਜ਼ਪੁਰ | ੨੯੭ |
| ੧ | ਵਿਸਾਖ | ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੦੧ |
| ੧ | ਜੇਠ | ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੧੫ |
| ੧ | ਜੇਠ | ੨੦੧੫ ਬਿਕ੍ਰਮੀ | ਹਰਿ ਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ | ਸ਼ਬਦ ਭੇਜਿਆ | ਅੰਮ੍ਰਿਤਸਰ | ੩੨੭ |
| ੫ | ਜੇਠ | ੨੦੧੫ ਬਿਕ੍ਰਮੀ | ਜਗਤ ਸਿੰਘਾਸਣ ਨਵਿਤ (ਚੁੱਕਿਆ) | ਕਲਸੀਆਂ | ਅੰਮ੍ਰਿਤਸਰ | ੩੨੯ |
| ੧੮ | ਜੇਠ | ੨੦੧੫ ਬਿਕ੍ਰਮੀ | ਗਿਰਧਾਰਾ ਸਿੰਘ | ਬਲੋਵਾਲ | ਅੰਮ੍ਰਿਤਸਰ | ੩੪੮ |
| ੧੯ | ਜੇਠ | ੨੦੧੫ ਬਿਕ੍ਰਮੀ | ਅਜੀਤ ਸਿੰਘ | ਫੈਜਪੁਰ | ਗੁਰਦਾਸਪੁਰ | ੩੫੭ |







| | | | | |
|---|---|---|---|---|
| ੨੦ ਜੇਠ ੨੦੧੫ ਬਿਕ੍ਰਮੀ | ਹਕੀਮ ਕਾਸ਼ੀ ਰਾਮ | ਸਨਈਆ | ਗੁਰਦਾਸਪੁਰ | ੩੬੬ |
| ੨੧ ਜੇਠ ੨੦੧੫ ਬਿਕ੍ਰਮੀ | | ਖੈਹਿਰਾ | ਗੁਰਦਾਸਪੁਰ | ੩੭੭ |
| ੧ ਹਾੜ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੮੧ |
| ੧੮ ਹਾੜ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੯੧ |
| ੧ ਸਾਵਣ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੪੯ |
| ੧੮ ਸਾਵਣ ੨੦੧੫ ਬਿਕ੍ਰਮੀ | ਮੰਗਲ ਸਿੰਘ | ਧਾਰੜ | ਅੰਮ੍ਰਿਤਸਰ | ੪੬੧ |
| ੧੮ ਸਾਵਣ ੨੦੧੫ ਬਿਕ੍ਰਮੀ | ਗੁਰਮੁਖ ਸਿੰਘ | ਭਲਾਈਪੁਰ | ਅੰਮ੍ਰਿਤਸਰ | ੪੭੦ |
| ੧੯ ਸਾਵਣ ੨੦੧੫ ਬਿਕ੍ਰਮੀ | ਉਧਮ ਸਿੰਘ | ਜਲਾਲਾਬਾਦ | ਅੰਮ੍ਰਿਤਸਰ | ੪੮੨ |
| ੧੯ ਸਾਵਣ ੨੦੧੫ ਬਿਕ੍ਰਮੀ | ਬਲਵੰਤ ਸਿੰਘ | ਜਲਾਲਾਬਾਦ | ਅੰਮ੍ਰਿਤਸਰ | ੪੮੫ |
| ੧੯ ਸਾਵਣ ੨੦੧੫ ਬਿਕ੍ਰਮੀ | ਨਰੈਣ ਸਿੰਘ | ਕੰਗ | ਅੰਮ੍ਰਿਤਸਰ | ੪੮੭ |
| ੨੦ ਸਾਵਣ ੨੦੧੫ ਬਿਕ੍ਰਮੀ | ਮੱਖਣ ਸਿੰਘ | ਨੌਰੰਗਾਬਾਦ | ਅੰਮ੍ਰਿਤਸਰ | ੫੦੩ |
| ੨੧ ਸਾਵਣ ੨੦੧੫ ਬਿਕ੍ਰਮੀ | ਮੱਸਾ ਸਿੰਘ | ਨੌਰੰਗਾਬਾਦ | ਅੰਮ੍ਰਿਤਸਰ | ੫੧੨ |
| ੨੧ ਸਾਵਣ ੨੦੧੫ ਬਿਕ੍ਰਮੀ | ਸੇਵਾ ਸਿੰਘ | ਗੋਲੇਵਾਲੀ ਪੰਡੋਰੀ | ਅੰਮ੍ਰਿਤਸਰ | ੫੧੭ |
| ੨੧ ਸਾਵਣ ੨੦੧੫ ਬਿਕ੍ਰਮੀ | ਚਰਨ ਸਿੰਘ | ਤਰਨਤਾਰਨ | ਅੰਮ੍ਰਿਤਸਰ | ੫੧੯ |
| ੨੧ ਸਾਵਣ ੨੦੧੫ ਬਿਕ੍ਰਮੀ | ਸਰੈਣ ਸਿੰਘ | ਜੰਡਿਆਲਾ ਗੁਰੂ | ਅੰਮ੍ਰਿਤਸਰ | ੫੨੨ |
| ੧ ਭਾਦਰੋਂ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੫੩੦ |
| ੧੨ ਭਾਦਰੋਂ ੨੦੧੫ ਬਿਕ੍ਰਮੀ | ਫੂਲਾ ਸਿੰਘ | ਗੰਡੀ ਵਿੰਡ | ਅੰਮ੍ਰਿਤਸਰ | ੫੩੭ |
| ੧੩ ਭਾਦਰੋਂ ੨੦੧੫ ਬਿਕ੍ਰਮੀ | ਮਹਿੰਦਰ ਸਿੰਘ | ਬਸਤੀ ਖ਼ਲੀਲ | ਫਿਰੋਜ਼ਪੁਰ | ੫੪੯ |
| ੧੪ ਭਾਦਰੋਂ ੨੦੧੫ ਬਿਕ੍ਰਮੀ | ਬੀਬੀ ਗੁਰਚਰਨ ਕੌਰ | ਹੀਰਾ ਮੰਡੀ ਦਰਵਾਜ਼ਾ | ਫਿਰੋਜ਼ਪੁਰ | ੫੫੬ |
| ੧੫ ਭਾਦਰੋਂ ੨੦੧੫ ਬਿਕ੍ਰਮੀ | ਕਰਨੈਲ ਸਿੰਘ | ਡੋਗਰ ਬਸਤੀ | ਫਰੀਦਕੋਟ | ੫੭੫ |
| ੧੬ ਭਾਦਰੋਂ ੨੦੧੫ ਬਿਕ੍ਰਮੀ | ਮਕੰਦ ਸਿੰਘ | ਮਹਰਾਜ | ਬਠਿੰਡਾ | ੫੮੫ |
| ੧੬ ਭਾਦਰੋਂ ੨੦੧੫ ਬਿਕ੍ਰਮੀ | ਵਧਾਵਾ ਸਿੰਘ | ਮਹਰਾਜ | ਬਠਿੰਡਾ | ੬੦੫ |





3




| | | | | |
|---|---|---|---|---|
| ੧੭ ਭਾਦਰੋਂ ੨੦੧੫ ਬਿਕ੍ਰਮੀ | ਗੁਲਜ਼ਾਰ | ਸਾਹੋ | ਫਿਰੋਜ਼ਪੁਰ | ੬੦੭ |
| ੧੮ ਭਾਦਰੋਂ ੨੦੧੫ ਬਿਕ੍ਰਮੀ | ਹਾਕਮ ਸਿੰਘ | ਸਮਾਲਸਰ | ਫਿਰੋਜ਼ਪੁਰ | ੬੨੦ |
| ੧੯ ਭਾਦਰੋਂ ੨੦੧੫ ਬਿਕ੍ਰਮੀ | ਸਾਧੂ ਸਿੰਘ | ਰੋਡੇ | ਫਿਰੋਜ਼ਪੁਰ | ੬੨੭ |
| ੨੦ ਭਾਦਰੋਂ ੨੦੧੫ ਬਿਕ੍ਰਮੀ | ਨਾਜ਼ਰ ਸਿੰਘ | ਨਾਥੇਵਾਲ | ਫਿਰੋਜ਼ਪੁਰ | ੬੩੪ |
| ੨੧ ਭਾਦਰੋਂ ੨੦੧੫ ਬਿਕ੍ਰਮੀ | ਗੁਰਦਿਆਲ ਸਿੰਘ | ਰਾਮੂਵਾਲਾ | ਫਿਰੋਜ਼ਪੁਰ | ੬੩੮ |
| ੧ ਅੱਸੂ ੨੦੧੫ ਬਿਕ੍ਰਮੀ | ਠਾਕਰ ਸਿੰਘ | ਜੇਠੂਵਾਲ | ਅੰਮ੍ਰਿਤਸਰ | ੬੪੦ |
| ੧ ਅੱਸੂ ੨੦੧੫ ਬਿਕ੍ਰਮੀ | ਪਟਨਾ ਹਰਿਮੰਦਰ ਸਾਹਿਬ ਨੂੰ ਸ਼ਬਦ ਭੇਜਿਆ | ਜੇਠੂਵਾਲ | | ੬੫੭ |
| ੨੧ ਅੱਸੂ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੬੦ |
| ੨੨ ਅੱਸੂ ੨੦੧੫ ਬਿਕ੍ਰਮੀ | ਇੰਦਰ ਸਿੰਘ | ਕਰੋਲ ਬਾਗ | ਨਵੀ ਦਿੱਲੀ | ੬੬੬ |
| ੨੩ ਅੱਸੂ ੨੦੧੫ ਬਿਕ੍ਰਮੀ | ਪ੍ਰੀਤਮ ਸਿੰਘ | ਕਰੋਲ ਬਾਗ | ਨਵੀ ਦਿੱਲੀ | ੬੬੯ |
| ੨੪ ਅੱਸੂ ੨੦੧੫ ਬਿਕ੍ਰਮੀ | ਦਰਸ਼ਨ ਸਿੰਘ | ਪਹਾੜ ਗੰਜ | ਨਵੀ ਦਿੱਲੀ | ੬੭੩ |
| ੨੫ ਅੱਸੂ ੨੦੧੫ ਬਿਕ੍ਰਮੀ | ਬਿਸ਼ਨ ਸਿੰਘ | ਗੁੜਗਾਉਂ | ਹਰਿਆਣਾ | ੬੭੯ |
| ੨੬ ਅੱਸੂ ੨੦੧੫ ਬਿਕ੍ਰਮੀ | ਮੰਦਰ ਸ੍ਰੀ ਵਿਸ਼ਵ ਨਾਥ | ਕਾਨਪੁਰ | ਉਤਰ ਪ੍ਰਦੇਸ਼ | ੬੮੪ |
| ੨੬ ਅੱਸੂ ੨੦੧੫ ਬਿਕ੍ਰਮੀ | ਅਵਤਾਰ ਸਿੰਘ | ਕਾਨਪੁਰ | ਉਤਰ ਪ੍ਰਦੇਸ਼ | ੬੮੫ |
| ੨੭ ਅੱਸੂ ੨੦੧੫ ਬਿਕ੍ਰਮੀ | ਤ੍ਰਬੈਣੀ ਸੰਗਮ | ਇਲਾਹਾਬਾਦ | ਉਤਰ ਪ੍ਰਦੇਸ਼ | ੬੮੭ |
| ੨੯ ਅੱਸੂ ੨੦੧੫ ਬਿਕ੍ਰਮੀ | ਅਯੁਧਿਆ ਬ੍ਰਹਮ ਕੁੰਡ | ਅਯੁਧਿਆ | ਉਤਰ ਪ੍ਰਦੇਸ਼ | ੬੯੨ |
| ੩੦ ਅੱਸੂ ੨੦੧੫ ਬਿਕ੍ਰਮੀ | ਗੁਰਦਵਾਰਾ ਗੁਰੂ ਕਾ ਬਾਗ | ਕਾਸ਼ੀ | ਉਤਰ ਪ੍ਰਦੇਸ਼ | ੬੯੬ |
| ੩੦ ਅੱਸੂ ੨੦੧੫ ਬਿਕ੍ਰਮੀ | ਵਿਸ਼ਵ ਨਾਥ ਮੰਦਰ | ਕਾਸ਼ੀ | ਉਤਰ ਪ੍ਰਦੇਸ਼ | ੬੯੯ |
| ੧ ਕੱਤਕ ੨੦੧੫ ਬਿਕ੍ਰਮੀ | ਗੁਰਦਵਾਰ ਹਰਿਮੰਦਰ ਸਾਹਿਬ | ਪਟਨਾ | ਬਿਹਾਰ | ੭੦੧ |
| ੨ ਕੱਤਕ ੨੦੧੫ ਬਿਕ੍ਰਮੀ | ਗੁਰਦਵਾਰਾ ਗੁਰੂ ਕਾ ਬਾਗ | ਪਟਨਾ | ਬਿਹਾਰ | ੭੦੩ |
| ੩ ਕੱਤਕ ੨੦੧੫ ਬਿਕ੍ਰਮੀ | ਮੈਣੀ ਸਾਹਿਬ ਗੁਰਦਵਾਰ | ਪਟਨਾ | ਬਿਹਾਰ | ੭੦੭ |
| ੩ ਕੱਤਕ ੨੦੧੫ ਬਿਕ੍ਰਮੀ | ਲਛਮਣ ਸਿੰਘ | ਦਾਨਾਪੁਰ ਪਟਨਾ | ਬਿਹਾਰ | ੭੦੮ |





4

5
੦੭




| | | | | |
|---|---|---|---|---|
| ੪ ਕੱਤਕ ੨੦੧੫ ਬਿਕ੍ਰਮੀ | ਬੋਧ ਅਵਤਾਰ ਦੇ ਮੰਦਰ | ਗਯਾ ਸ਼ਹਿਰ | | ੭੧੩ |
| ੫ ਕੱਤਕ ੨੦੧੫ ਬਿਕ੍ਰਮੀ | ਤੇਜਾ ਸਿੰਘ | ਕਲਕੱਤਾ | | ੭੧੭ |
| ੬ ਕੱਤਕ ੨੦੧੫ ਬਿਕ੍ਰਮੀ | ਮਿਹਰ ਸਿੰਘ | ਕਲਕੱਤਾ | | ੭੨੫ |
| ੬ ਕੱਤਕ ੨੦੧੫ ਬਿਕ੍ਰਮੀ | ਮੁਖਤਿਆਰ ਸਿੰਘ | ਕਲਕੱਤਾ | | ੭੨੬ |
| ੬ ਕੱਤਕ ੨੦੧੫ ਬਿਕ੍ਰਮੀ | ਹਰਭਜਨ ਸਿੰਘ | ਕਲਕੱਤਾ | | ੭੨੭ |
| ੯ ਕੱਤਕ ੨੦੧੫ ਬਿਕ੍ਰਮੀ | ਜਗਨ ਨਾਥ ਪੁਰੀ ਮੰਦਰ | | | ੭੩੩ |
| ੧੬ ਕੱਤਕ ੨੦੧੫ ਬਿਕ੍ਰਮੀ | ਲਛਮਣ ਕੁੰਡ ਰਾਮੇਸ਼ਵਰ ਮੰਦਰ ਸ੍ਰੀ ਰਾਮ ਚੰਦਰ | | | ੭੩੬ |
| ੧੬ ਕੱਤਕ ੨੦੧੫ ਬਿਕ੍ਰਮੀ | ਰਾਸ਼ਟਰਪਤੀ ਪ੍ਰਭਾਏ | ਰਾਮੇਸ਼ਵਰ | | ੭੪੫ |
| ੨੧ ਕੱਤਕ ੨੦੧੫ ਬਿਕ੍ਰਮੀ | ਟੋਪਨ ਰਾਮ | ਕਿਰਕੀ ਪੂਨਾ | | ੭੪੭ |
| ੨੧ ਕੱਤਕ ੨੦੧੫ ਬਿਕ੍ਰਮੀ | ਸਤਿਪਾਲ | ਕਿਰਕੀ ਪੂਨਾ | | ੭੫੩ |
| ੨੧ ਕੱਤਕ ੨੦੧੫ ਬਿਕ੍ਰਮੀ | ਠਾਕਰ ਸਿੰਘ | ਕਿਰਕੀ ਪੂਨਾ | | ੭੫੪ |
| ੨੧ ਕੱਤਕ ੨੦੧੫ ਬਿਕ੍ਰਮੀ | ਹਰਬੰਸ ਸਿੰਘ | ਕਿਰਕੀ ਪੂਨਾ | | ੭੫੮ |
| ੨੨ ਕੱਤਕ ੨੦੧੫ ਬਿਕ੍ਰਮੀ | ਟੋਪਨ ਰਾਮ | ਕਿਰਕੀ ਪੂਨਾ | | ੭੬੦ |
| ੨੩ ਕੱਤਕ ੨੦੧੫ ਬਿਕ੍ਰਮੀ | | ਕਿਰਕੀ ਪੂਨਾ | | ੭੬੬ |
| ੨੬ ਕੱਤਕ ੨੦੧੫ ਬਿਕ੍ਰਮੀ | ਬੀਬੀ ਅੰਮ੍ਰਿਤ ਕੌਰ | ਬੰਬਈ | | ੭੭੯ |
| ੨੭ ਕੱਤਕ ੨੦੧੫ ਬਿਕ੍ਰਮੀ | ਸੰਤ ਨਰ ਹਰੀ ਨਰਾਇਣ ਸਿੰਘ ਪੰਡਤ ਗੋਦਾਵਰੀ ਘਾਟ ਨਾਸਕ | | | ੭੮੩ |
| ੨੮ ਕੱਤਕ ੨੦੧੫ ਬਿਕ੍ਰਮੀ | ਗੁਰਦਵਾਰਾ ਲੰਗਰ ਸਾਹਿਬ | ਹਜ਼ੂਰ ਸਾਹਿਬ | ਨਦੇੜ | ੭੮੯ |
| ੨੯ ਕੱਤਕ ੨੦੧੫ ਬਿਕ੍ਰਮੀ | ਗੁਰਦਵਾਰਾ ਸੰਗਤ ਸਾਹਿਬ | ਹਜ਼ੂਰ ਸਾਹਿਬ | ਨਦੇੜ | ੭੯੦ |
| ੨੯ ਕੱਤਕ ੨੦੧੫ ਬਿਕ੍ਰਮੀ | ਮਾਲ ਟੇਕਰੀ | ਹਜ਼ੂਰ ਸਾਹਿਬ ਨਦੇੜ | | ੭੯੨ |
| ੩੦ ਕੱਤਕ ੨੦੧੫ ਬਿਕ੍ਰਮੀ | ਬੰਦਾ ਬਹਾਦਰ | ਗੋਦਾਵਰੀ ਘਾਟ | ਨਦੇੜ | ੭੯੪ |
| ੩੦ ਕੱਤਕ ੨੦੧੫ ਬਿਕ੍ਰਮੀ | ਬਾਬਾ ਨਿਧਾਨ ਸਿੰਘ ਦੇ ਗੁਰਦਵਾਰ ਲੰਗਰ ਸਾਹਿਬ ਨਦੇੜ | | | ੮੦੦ |
| ੧ ਮੱਘਰ ੨੦੧੫ ਬਿਕ੍ਰਮੀ | ਗੋਤਮ ਰਿਖੀ ਦੀ ਗੁਫਾ | ਗੋਦਾਵਰੀ ਘਾਟ | ਨਦੇੜ | ੮੧੦ |




5
੦੭





| | | | |
|---|---|---|---|
| ੧ ਮੱਘਰ ੨੦੧੫ ਬਿਕ੍ਰਮੀ | ਸਚਖੰਡ ਗੁਰਦਵਾਰਾ ਹਜ਼ੂਰ ਸਾਹਿਬ | ਨਦੇੜ | ੮੧੩ |
| | ਪ੍ਰਤਾਪ ਸਿੰਘ ਵਲੋਂ ਸਤਿਗੁਰਾਂ ਦੇ ਗਲ ਹਾਰ ਪਾਉਣ ਤੇ | | ੮੧੮ |
| ੨ ਮੱਘਰ ੨੦੧੫ ਬਿਕ੍ਰਮੀ | ਗੁਰਦਵਾਰਾ ਲੰਗਰ ਸਾਹਿਬ ਹਜ਼ੂਰ ਸਾਹਿਬ | ਨਦੇੜ | ੮੧੯ |
| ੩ ਮੱਘਰ ੨੦੧੫ ਬਿਕ੍ਰਮੀ | ਸੰਤ ਨੰਦ ਸਿੰਘ ਨਾਲ ਗੁਰੂਦਵਾਰਾ | ਮਨਵਾੜ | ੮੨੦ |
| ੩ ਮੱਘਰ ੨੦੧੫ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ੮੨੦ |
| ੪ ਮੱਘਰ ੨੦੧੫ ਬਿਕ੍ਰਮੀ | ਜਸਵੰਤ ਸਿੰਘ | ਇਟਾਰਸੀ | ੮੩੭ |
| ੪ ਮੱਘਰ ੨੦੧੫ ਬਿਕ੍ਰਮੀ | ਹਰਦਿਤ ਸਿੰਘ | ਇਟਾਰਸੀ | ੮੪੨ |
| ੪ ਮੱਘਰ ੨੦੧੫ ਬਿਕ੍ਰਮੀ | ਸੁਰਿੰਦਰ ਸਿੰਘ | ਇਟਾਰਸੀ | ੮੪੩ |
| ੪ ਮੱਘਰ ੨੦੧੫ ਬਿਕ੍ਰਮੀ | | ਇਟਾਰਸੀ | ੮੪੮ |
| ੫ ਮੱਘਰ ੨੦੧੫ ਬਿਕ੍ਰਮੀ | ਗੁਰਦਵਾਰਾ ਸਿੰਘ ਸਭਾ | ਗਵਾਲੀਅਰ | ੮੪੯ |
| ੫ ਮੱਘਰ ੨੦੧੫ ਬਿਕ੍ਰਮੀ | ਗੁਰਦਵਾਰਾ ਬੰਦੀ ਛੋੜ | ਗਵਾਲੀਅਰ | ੮੫੨ |
| ੮ ਮੱਘਰ ੨੦੧੫ ਬਿਕ੍ਰਮੀ | ਬਿੰਦਰਾਬਨ ਦੇ ਵਿਚ ਮਿਹਰ ਬਾਬਾ ਦੇ ਇਕ ਚੇਲੇ ਨਾਲ | ਮਥਰਾ | ੮੬੦ |
| ੯ ਮੱਘਰ ੨੦੧੫ ਬਿਕ੍ਰਮੀ | ਸੰਤ ਹੀਰਾ ਸਿੰਘ ਨਾਲ | ਮਥਰਾ | ੮੬੨ |
| ੯ ਮੱਘਰ ੨੦੧੫ ਬਿਕ੍ਰਮੀ | ਗੁਰ ਨਾਨਕ ਬਗੀਚੀ ਗੁਰਦਵਾਰਾ | ਮਥਰਾ | ੮੬੩ |
| ੯ ਮੱਘਰ ੨੦੧੫ ਬਿਕ੍ਰਮੀ | ਅਮੀਰ ਚੰਦ ਘੁਲਾਟੀ ਦੇ ਘਰ | ਪਲਵਲ ਸ਼ਹਿਰ | ੮੬੪ |
| ੧੦ ਮੱਘਰ ੨੦੧੫ ਬਿਕ੍ਰਮੀ | ਪ੍ਰੀਤਮ ਸਿੰਘ ਕਰੋਲ ਬਾਗ | ਨਵੀ ਦਿੱਲੀ | ੮੬੫ |
| ੧੦ ਮੱਘਰ ੨੦੧੫ ਬਿਕ੍ਰਮੀ | ਰਤਨ ਸਿੰਘ ਸ਼ਾਦੀ ਪੁਰ | ਨਵੀ ਦਿੱਲੀ | ੮੬੯ |
| ੧੦ ਮੱਘਰ ੨੦੧੫ ਬਿਕ੍ਰਮੀ | ਰੇਸ਼ਮ ਸਿੰਘ ਸ਼ਰੋਨ ਲਾਇਨ | ਮੇਰਠ ਛਾਉਣੀ | ੮੭੦ |
| ੧੧ ਮੱਘਰ ੨੦੧੫ ਬਿਕ੍ਰਮੀ | ਲਾਲ ਸਿੰਘ | ਰੁੜਕੀ | ੮੭੪ |
| ੧੨ ਮੱਘਰ ੨੦੧੫ ਬਿਕ੍ਰਮੀ | ਹਰਿ ਕੀ ਪੌੜੀ ਗੰਗਾ ਘਾਟ | ਹਰਿਦਵਾਰ | ੮੭੬ |
| ੧੩ ਮੱਘਰ ੨੦੧੫ ਬਿਕ੍ਰਮੀ | ਕਾਲੀ ਕਮਲੀ ਵਾਲੇ ਦੇ ਡੇਰੇ | ਰਿਸ਼ੀਕੇਸ਼ | ੮੮੪ |
| ੧੩ ਮੱਘਰ ੨੦੧੫ ਬਿਕ੍ਰਮੀ | ਸਤਿ ਸੰਗ ਹਾਲ | ਰਿਸ਼ੀਕੇਸ਼ | ੮੮੬ |






6




| | | | | |
|---|---|---|---|---|
| ੧੪ ਮੱਘਰ ੨੦੧੫ ਬਿਕ੍ਰਮੀ | ਪੰਡਤ ਨੇਹਚਲ ਸਿੰਘ ਡੇਰਾ ਸੰਤ ਪੁਰਾ | | ਜਗਾਧਰੀ | ੮੯੬ |
| ੧੪ ਮੱਘਰ ੨੦੧੫ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ ਠੀਕਰੀ ਛੰਨਾ | | ਕਰਨਾਲ | ੮੯੯ |
| ੧੫ ਮੱਘਰ ੨੦੧੫ ਬਿਕ੍ਰਮੀ | ਹਰਿਸੰਗਤ ਸਮੇਤ ਸ਼ਬਦ ਲਿਖਾਏ | | ਕੌਰੋਕੁਸ਼ਤਰ | ੯੦੨ |
| ੧੬ ਮੱਘਰ ੨੦੧੫ ਬਿਕ੍ਰਮੀ | ਓਮ ਪ੍ਰਕਾਸ਼ ਬ੍ਰਹਿਮਣ ਦੇ ਘਰ | | ਨਾਭਾ | ੯੦੯ |
| ੧੭ ਮੱਘਰ ੨੦੧੫ ਬਿਕ੍ਰਮੀ | ਬਖ਼ਸ਼ੀਸ਼ ਸਿੰਘ | ਕਹੇਰੂ | ਸੰਗਰੂਰ | ੯੨੧ |
| ੧੮ ਮੱਘਰ ੨੦੧੫ ਬਿਕ੍ਰਮੀ | ਤ੍ਰਿਲੋਕ ਸਿੰਘ | ਮਹੱਲਾ ਘੁਮਿਆਰਾ | ਸਨਾਮ | ੯੨੬ |
| ੧੯ ਮੱਘਰ ੨੦੧੫ ਬਿਕ੍ਰਮੀ | ਨਿਰੰਜਣ ਸਿੰਘ | ਉਚੀ ਅਬਾਦੀ | ਲੁਧਿਆਣਾ | ੯੩੩ |
| ੨੦ ਮੱਘਰ ੨੦੧੫ ਬਿਕ੍ਰਮੀ | ਲਾਲ ਸਿੰਘ | ਉਚੀ ਅਬਾਦੀ | ਲੁਧਿਆਣਾ | ੯੩੮ |
| ੨੦ ਮੱਘਰ ੨੦੧੫ ਬਿਕ੍ਰਮੀ | ਧੰਨਾ ਸਿੰਘ | ਢਇ ਪਈ | ਲੁਧਿਆਣਾ | ੯੪੧ |
| ੨੧ ਮੱਘਰ ੨੦੧੫ ਬਿਕ੍ਰਮੀ | ਗੁਰਦਿਆਲ ਸਿੰਘ | ਰੁੜਕੀ | ਅੰਬਾਲਾ | ੯੪੪ |
| ੨੧ ਮੱਘਰ ੨੦੧੫ ਬਿਕ੍ਰਮੀ | ਨੱਥਾ ਸਿੰਘ | ਬੜਹੇੜੀ | ਅੰਬਾਲਾ | ੯੪੫ |
| ੨੨ ਮੱਘਰ ੨੦੧੫ ਬਿਕ੍ਰਮੀ | ਬਿਸ਼ਨ ਸਿੰਘ ਗਿਆਨੀ | ਸੁਹਾਨਾ | ਅੰਬਾਲਾ | ੯੪੬ |
| ੨੩ ਮੱਘਰ ੨੦੧੫ ਬਿਕ੍ਰਮੀ | ਮਿਹਰ ਸਿੰਘ | ਸੇਖ਼ਪੁਰਾ | ਅੰਬਾਲਾ | ੯੫੦ |
| ੨੩ ਮੱਘਰ ੨੦੧੫ ਬਿਕ੍ਰਮੀ | ਭਜਨ ਸਿੰਘ | ਸੇਖ਼ਪੁਰਾ | ਅੰਬਾਲਾ | ੯੫੫ |
| ੨੩ ਮੱਘਰ ੨੦੧੫ ਬਿਕ੍ਰਮੀ | ਗੁਰਦੇਵ ਸਿੰਘ | ਦੋਸਾਂਝ | ਜਲੰਧਰ | ੯੫੭ |
| ੨੪ ਮੱਘਰ ੨੦੧੫ ਬਿਕ੍ਰਮੀ | ਮਹਿੰਗਾ ਸਿੰਘ | ਹਰੀ ਪੁਰ | ਜਲੰਧਰ | ੯੫੯ |
| ੨੫ ਮੱਘਰ ੨੦੧੫ ਬਿਕ੍ਰਮੀ | ਲਾਲ ਸਿੰਘ | ਹੇਰ | ਜਲੰਧਰ | ੯੬੨ |
| ੨੬ ਮੱਘਰ ੨੦੧੫ ਬਿਕ੍ਰਮੀ | ਨਸੀਬ ਸਿੰਘ | ਬੋਪਾ ਰਾਏ | ਜਲੰਧਰ | ੯੬੯ |
| ੨੬ ਮੱਘਰ ੨੦੧੫ ਬਿਕ੍ਰਮੀ | ਸਰੂਪ ਸਿੰਘ | ਮੂਧ | ਜਲੰਧਰ | ੯੭੩ |
| ੨੭ ਮੱਘਰ ੨੦੧੫ ਬਿਕ੍ਰਮੀ | ਸੂਬੇਦਾਰ ਤਾਰੂ ਸਿੰਘ | ਜੰਡੀਰੇ | ਜਲੰਧਰ | ੯੭੫ |
| ੨੮ ਮੱਘਰ ੨੦੧੫ ਬਿਕ੍ਰਮੀ | ਬਚਨ ਸਿੰਘ | ਮਾਂਗਾ ਸਰਾਏ | ਅੰਮ੍ਰਿਤਸਰ | ੯੭੯ |
| ੨੮ ਮੱਘਰ ੨੦੧੫ ਬਿਕ੍ਰਮੀ | ਸਰੈਣ ਸਿੰਘ | ਮਾਂਗਾ ਸਰਾਏ | ਅੰਮ੍ਰਿਤਸਰ | ੭੫੯ |




| | | | |
|---|---|---|---|
| ੨੮ ਮੱਘਰ ੨੦੧੫ ਬਿਕ੍ਰਮੀ ਪਸ਼ੌਰਾ ਸਿੰਘ | ਵੇਰਕਾ | ਅੰਮ੍ਰਿਤਸਰ | ੯੮੪ |
| ੨੯ ਮੱਘਰ ੨੦੧੫ ਬਿਕ੍ਰਮੀ ਗੁਰਨਾਮ ਸਿੰਘ | ਵੇਰਕਾ | ਅੰਮ੍ਰਿਤਸਰ | ੯੯੨ |





8

੦੨
੦੨






ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ✻ ੨੬ ਪੋਹ ੨੦੧੪ ਬਿਕ੍ਰਮੀ ਸੰਗਤ ਜੋੜ ਮੇਲਾ ਹਰਿ ਭਗਤ ਦਵਾਰ ਜੇਠੂਵਾਲ ✻

ਪਾਰਬ੍ਰਹਮ ਪੁਰਖ ਅਬਿਨਾਸ਼, ਪਰਮ ਪੁਰਖ ਸੁਲਤਾਨਿਆਂ । ਖੇਲੇ ਖੇਲ ਪ੍ਰਿਥਮੀ ਅਕਾਸ਼, ਹਰਿ ਵਾਲੀ ਦੋ ਜਹਾਨਿਆ । ਸਾਚੇ ਮੰਡਲ ਪਾਵੇ ਰਾਸ, ਸਾਚੇ ਤਖ਼ਤ ਆਪ ਸੁਹਾਨਿਆ । ਜਨ ਭਗਤਾਂ ਵਸੇ ਸਦਾ ਪਾਸ, ਆਦਿ ਅੰਤ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੂਲ ਪਛਾਨਿਆ । ਪਾਰਬ੍ਰਹਮ ਪੁਰਖ ਸੁਲਤਾਨਾ, ਹਰਿ ਹਰਿ ਆਪ ਅਖਵਾਇੰਦਾ । ਜੋਤੀ ਜੋਤ ਨੂਰ ਮਹਾਨਾ, ਦੀਪਕ ਸਾਚਾ ਆਪ ਟਿਕਾਇੰਦਾ । ਸ਼ਬਦ ਸ਼ਬਦੀ ਸ਼ਬਦ ਤਰਾਨਾ, ਨਾਦ ਅਨਾਦੀ ਆਪ ਵਜਾਇੰਦਾ । ਹਰ ਘਟ ਖੇਲੇ ਖੇਲ ਮਹਾਨਾ, ਦਿਸ ਕਿਸੇ ਨਾ ਆਇੰਦਾ । ਬ੍ਰਹਮਾ ਵੇਖੇ ਕਰ ਧਿਆਨਾ, ਨੇਤਰ ਲੋਚਣ ਆਪ ਉਠਾਇੰਦਾ । ਸ਼ਿਵ ਸ਼ੰਕਰ ਮਾਰੇ ਇਕ ਧਿਆਨਾ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਇੰਦ ਇੰਦਰਾਸਣ ਬਾਲ ਨਾਦਾਨਾ, ਕਰੋੜ ਤੇਤੀਸਾ ਸੰਗ ਰਖਾਇੰਦਾ । ਲੱਖ ਚੁਰਾਸੀ ਖੇਲ ਭਗਵਾਨਾ, ਆਪ ਆਪਣੀ ਰਚਨ ਰਚਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨਾ, ਸਤਿ ਸਰੂਪ ਸਮਾਇੰਦਾ । ਆਪ ਆਪਣਾ ਦੇਵੇ ਬ੍ਰਹਮ ਗਿਆਨਾ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਆਪੇ ਜਾਣੇ ਧੁਰ ਫ਼ਰਮਾਨਾ, ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਿਖਾਇੰਦਾ । ਪੁਰਖ ਅਬਿਨਾਸ਼ੀ ਹਰਿ ਭਗਵੰਤਾ, ਅਕਲ ਕਲਾ ਸਮਾਇਆ । ਆਪੇ ਜਾਣੇ ਜੀਆਂ ਜੰਤਾ, ਸਾਧਾਂ ਸੰਤਾਂ ਆਪ ਤਰਾਇਆ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇਆ । ਆਪੇ ਚਾੜ੍ਹੇ ਰੰਗ ਬਸੰਤਾ, ਚੋਲੀ ਰੰਗਣ ਆਪ ਰੰਗਾਇਆ । ਆਪੇ ਰਸਨਾ ਜਿਹਵਾ ਮਣੀਆ ਮੰਤਾ, ਸ਼ਬਦ ਸ਼ਬਦੀ ਆਪ ਰਲਾਇਆ । ਆਪੇ ਖੇਲੇ ਖੇਲ ਜੁਗਾ ਜੁਗੰਤਾ, ਵਿਸ਼ਨੂੰ ਵੰਸਾ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਪੁਰਖ ਅਬਿਨਾਸ਼ੀ ਹਰ ਘਟ ਜਾਣ, ਜੋਤੀ ਨੂਰ ਟਿਕਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਬ੍ਰਹਮ ਜਣਾਈਆ । ਏਕਾ ਚਰਨ ਇਕ ਧਿਆਨ, ਏਕਾ ਲਿਵ ਲਾਈਆ । ਏਕਾ ਪੂਜਾ ਪਾਠ ਏਕਾ ਘਰ ਵਖਾਨ, ਏਕਾ ਹਵਨ ਕਰਾਈਆ । ਏਕਾ ਅੰਮ੍ਰਿਤ ਆਤਮ ਮਾਰੇ ਠਾਠ, ਸਰ ਸਰੋਵਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਪਰਨਾਈਆ । ਆਪ ਆਪਣਾ ਹਰਿ ਆਪਣਾ, ਆਪਣਾ ਰੰਗ ਰੰਗਾਇਆ । ਆਪ ਆਪਣੀ ਮੰਗ ਮੰਗਾ, ਆਪ ਆਪਣੀ ਝੋਲੀ ਪਾਇਆ । ਆਪ ਆਪਣਾ ਮਰਦੰਗ

ਵਜਾ, ਆਪ ਆਪਣਾ ਲਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਆਪਣੇ ਆਪ ਹਰਿ ਉਪਾ, ਆਪਣੀ ਰਚਨ ਰਚਾਈਆ । ਸਤਿ ਸਰੂਪ ਗਿਆ ਸਮਾ, ਦਿਸ ਕਿਸੇ ਨਾ ਆਈਆ । ਰਚਨਹਾਰਾ ਰਚਨਾ ਰਿਹਾ ਰਚਾ, ਲੇਖਾ ਲੇਖ ਨਾ ਕੋਈ ਲਿਖਾਈਆ । ਭੇਖਧਾਰੀ ਭੇਖ ਵਟਾ, ਭੇਖ ਅਵੱਲੜਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਨਰਾਇਣ, ਏਕਾ ਏਕ ਰਖਾਇਆ । ਬ੍ਰਹਮਾ ਵੇਖੇ ਨੇਤਰ ਨੈਣ, ਦੂਰ ਦੁਰਾਡਾ ਮੁਖ ਉਠਾਇਆ । ਏਕਾ ਹਰਿ ਏਕਾ ਨਰ ਏਕਾ ਵਰ ਏਕਾ ਘਰ ਏਕਾ ਸਾਕ ਸੱਜਣ ਸੈਣ, ਮੀਤ ਮੁਰਾਰ ਇਕ ਅਖਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਧਰ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਪੂਤ ਸਪੂਤਾ ਕਰ ਤਿਆਰ, ਜੋਤੀ ਜੋਤ ਜਗਾਈਆ । ਜੋਤੀ ਨੂਰ ਅਪਰ ਅਪਾਰ, ਦਿਵਸ ਰੈਣ ਕਰੇ ਰੁਸ਼ਨਾਈਆ । ਸਾਚੇ ਘਰ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਵਿਸ਼ਨੂੰ ਵੰਸੀ ਨਾ ਕਰੇ ਅਕਾਰ, ਨਾ ਕੋਈ ਲੇਖ ਲਿਖਾਈਆ । ਬ੍ਰਹਮਾ ਵੇਤਾ ਨਾ ਲਏ ਹੁਲਾਰ, ਵੇਦ ਕਤੇਬ ਨਾ ਕੋਈ ਜਣਾਈਆ । ਸ਼ਿਵ ਸ਼ੰਕਰ ਨਾ ਪਾਏ ਗਲ ਹਾਰ, ਕੰਠ ਮਾਲਾ ਨਾ ਗਲ ਲਟਕਾਈਆ । ਕਰੋੜ ਤੇਤੀਸਾ ਨਾ ਕੋਈ ਕਰੇ ਪਿਆਰ, ਇੰਦ ਇੰਦਰਾਸਣ ਸੰਗ ਰਖਾਈਆ । ਏਕਾ ਏਕ ਏਕੰਕਾਰ, ਹਰਿ ਆਪਣਾ ਘਰ ਸੁਹਾਈਆ । ਜੁਗ ਜੁਗ ਲੋਕਮਾਤ ਲਏ ਅਵਤਾਰ, ਆਪ ਆਪਣੀ ਬਣਤ ਬਣਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰ, ਕਾਹਨਾ ਕ੍ਰਿਸ਼ਨਾ ਵੇਖ ਵਖਾਈਆ । ਕਲਜੁਗ ਤੇਰਾ ਕੂੜ ਪਸਾਰ, ਚਾਰੋਂ ਕੁੰਟ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਬਲਵੰਤ ਕੰਤ ਹਰਿ ਪਿਆਰ, ਆਤਮ ਸੇਜ ਸੁਹਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਅੰਦਰ ਮੰਦਰ ਖੋਜ ਖੁਜਾਈਆ । ਆਪ ਆਪਣਾ ਕਰ ਅਕਾਰ, ਆਪਣਾ ਰੂਪ ਦਰਸਾਈਆ । ਸਚ ਮਹੱਲਾ ਅਪਰ ਅਪਾਰ, ਪੁਰਖ ਅਗੰਮਾ ਰਿਹਾ ਬਣਾਈਆ । ਦਮਾ ਦਮ ਰਸਨ ਉਚਾਰ, ਸਰਗੁਣ ਵਿਚ ਸਮਾਈਆ । ਨਿਰਗੁਣ ਰੂਪ ਹਰਿ ਕਰਤਾਰ, ਸਰਗੁਣ ਬੂਝ ਬੁਝਾਈਆ । ਸਾਚਾ ਮੇਲਾ ਵਿਚ ਸੰਸਾਰ, ਕਲਜੁਗ ਅੰਤਮ ਮੇਲ ਮਿਲਾਈਆ । ਪੂਰਬ ਲਹਿਣਾ ਕਰ ਵਿਚਾਰ, ਨੇਤਰ ਨੈਣਾ ਦਰਸ ਦਿਖਾਈਆ । ਸਾਚਾ ਗਹਿਣਾ ਤਨ ਸ਼ਿੰਗਾਰ, ਬਸਤਰ ਭੂਸ਼ਨ ਨਾਮ ਪਾਈਆ । ਸਤਿਗੁਰ ਸਾਚੇ ਚਰਨ ਸਰਨ ਸਰਨ ਚਰਨ ਏਕਾ ਬਹਿਣਾ ਏਕਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਮਲ ਜੋਤੀ ਜੋਤ ਜਗਾਈਆ । ਨਿਰਮਲ ਜੋਤੀ ਜੋਤ ਜਗਾ, ਆਪਣੀ ਬੂਝ ਬੁਝਾਇੰਦਾ । ਕੌਸਤਕ ਮਣੀਆ ਮਸਤਕ ਟਿੱਕਾ ਇਕ ਲਗਾ, ਅੰਧ ਅੰਧੇਰ ਮਿਟਾਇੰਦਾ । ਦੋ ਜਹਾਨੀ ਲੇਖਾ ਆਪ ਲਿਖਾ, ਲਹਿਣਾ ਲਹਿਣਾ ਝੋਲੀ ਪਾਇੰਦਾ । ਸ਼ਬਦ ਸ਼ਬਦੀ ਇਕ ਜਣਾ, ਸ਼ਬਦੀ ਸ਼ਬਦ ਜਣਾਇੰਦਾ । ਆਤਮ ਤ੍ਰਿਸ਼ਨਾ ਭੁੱਖ ਮਿਟਾ, ਹਉਮੇ ਰੋਗ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਮੰਗ ਮੰਗਾਇੰਦਾ । ਸਾਚੀ ਮੰਗ ਹਰਿ ਦਾਤਾਰ, ਆਪਣੀ ਆਪ ਮੰਗਾਈਆ । ਆਪੇ ਪਾਵਣਹਾਰਾ ਸਾਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਤ੍ਰੇਤੇ ਰਾਮ ਰਾਮ ਅਵਤਾਰ, ਰਘਵੰਸਾ ਹਰਿ ਰਘੁਰਾਈਆ । ਜਗਤ ਨਿਮਾਣੀ ਪਾਵੇ ਸਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਤੋੜੇ ਗੜ ਜਗਤ ਹੰਕਾਰ, ਆਪ ਆਪਣੀ ਦਇਆ ਕਮਾਈਆ । ਰਸਨਾ ਭੋਗ ਇਕ ਅਹਾਰ, ਭੀਲਨੀ ਖੁਸ਼ੀ ਮਨਾਈਆ । ਕਲਜੁਗ ਅੰਤ ਬਲਵੰਤ

ਕੰਤ ਜਾਏ ਬਲਹਾਰ, ਪ੍ਰਭ ਅਬਿਨਾਸ਼ੀ ਤੇਰੀ ਚੋਗ ਰਸਨਾ ਮੁਖ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਪਰਸਾਦਿ ਆਦਿ ਜੁਗਾਦਿ ਜੁਗ ਜੁਗ ਆਪ ਆਪਣਾ ਆਪ ਆਪ ਵਰਤਾਈਆ ।

ਗੁਰਚਰਨ ਸਚ ਦਵਾਰ, ਗੁਰਮੁਖ ਵਿਰਲਾ ਪਾਇੰਦਾ । ਗੁਰਚਰਨ ਜਨ ਪਿਆਰ, ਜੋਗ ਜੁਗਤ ਵਖਾਇੰਦਾ । ਗੁਰਚਰਨ ਤਨ ਸ਼ਿੰਗਾਰ, ਬਸਤਰ ਤਨ ਹੰਢਾਇੰਦਾ । ਗੁਰਚਰਨ ਭਰਮ ਨਿਵਾਰ, ਭਾਂਡਾ ਭਰਮ ਭੰਨਾਇੰਦਾ । ਗੁਰਚਰਨ ਬੰਕ ਘਰ ਬਾਰ, ਏਕਾ ਹਰਿ ਸੁਹਾਇੰਦਾ । ਗੁਰਚਰਨ ਵਿਚ ਸੰਸਾਰ, ਹਰਿ ਗੋਬਿੰਦ ਮੇਲ ਮਿਲਾਇੰਦਾ । ਗੁਰਚਰਨ ਸਾਚੀ ਧਾਰ, ਪਾਰਬ੍ਰਹਮ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਚਰਨ ਵੇਖ ਵਖਾਇੰਦਾ । ਗੁਰਚਰਨ ਸਾਚਾ ਜੋਗ, ਗੁਰ ਪੂਰੇ ਇਕ ਰਖਾਇਆ । ਗੁਰਚਰਨ ਸਾਚਾ ਭੋਗ, ਗੁਰ ਪੂਰਾ ਵੇਖ ਵਿਖਾਇਆ । ਗੁਰਚਰਨ ਧੁਰ ਸੰਜੋਗ, ਗੁਰ ਪੂਰਾ ਲੇਖ ਲਿਖਾਇਆ । ਗੁਰਚਰਨ ਤੀਨ ਲੋਕ, ਗੁਰ ਪੂਰਾ ਪਾਰ ਕਰਾਇਆ । ਗੁਰਚਰਨ ਸਚ ਸਲੋਕ, ਗੁਰ ਪੂਰੇ ਨਾਮ ਦ੍ਰਿੜਾਇਆ । ਗੁਰਚਰਨ ਕਟੇ ਰੋਗ, ਗੁਰ ਪੂਰਾ ਰੋਗ ਗਵਾਇਆ । ਗੁਰਚਰਨ ਦੇਵੇ ਮੋਖ, ਗੁਰ ਪੂਰਾ ਆਪ ਦਵਾਇਆ । ਗੁਰਚਰਨ ਮਿੱਟੇ ਹਰਖ ਸੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਚ ਸਰਨਾਇਆ । ਗੁਰਚਰਨ ਸਚ ਭੰਡਾਰ, ਗੁਰ ਪੂਰਾ ਇਕ ਵਿਖਾਇੰਦਾ । ਗੁਰਚਰਨ ਪਾਵੇ ਸਾਰ, ਗੁਰ ਪੂਰਾ ਦਇਆ ਕਮਾਇੰਦਾ । ਗੁਰਚਰਨ ਪਾਰ ਉਤਾਰ, ਗੁਰ ਗੁਰਮੁਖ ਵੇਖ ਵਖਾਇੰਦਾ । ਗੁਰਚਰਨ ਇਕ ਬਲਕਾਰ, ਗੁਰ ਏਕਾ ਜੋਤ ਜਗਾਇੰਦਾ । ਗੁਰਚਰਨ ਰੰਗ ਕਰਤਾਰ, ਹਰਿ ਸਾਚਾ ਜੋੜ ਜੁੜਾਇੰਦਾ । ਗੁਰਚਰਨ ਢਹਿ ਪਏ ਦਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇੰਦਾ । ਗੁਰਚਰਨ ਸਾਚਾ ਘਰ, ਘਰ ਸਾਚੇ ਵੱਜੇ ਵਧਾਈਆ । ਗੁਰਚਰਨ ਮਿਲੇ ਵਰ, ਏਕਾ ਵਰ ਹਰਿ ਰਘੁਰਾਈਆ । ਗੁਰਚਰਨ ਨਾ ਜਾਏ ਮਰ, ਏਕਾ ਰੰਗਣ ਰੰਗ ਰੰਗਾਈਆ । ਗੁਰਚਰਨ ਸਾਚੀ ਤਰਨੀ ਤਰ, ਭਵ ਤਰਨੀ ਪਾਰ ਕਰਾਈਆ । ਗੁਰਚਰਨ ਮੇਲਾ ਨਰਾਇਣ ਨਰ, ਨਰਾਇਣ ਨਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚਰਨ ਧਿਆਨ ਰਖਾਈਆ । ਗੁਰਚਰਨ ਸਾਚੀ ਸੇਵ, ਹਰਿ ਸਾਚਾ ਆਪ ਜਣਾਇੰਦਾ । ਗੁਰਚਰਨ ਸਾਚਾ ਦੇਵ, ਇਸ਼ਟ ਦੇਵ ਆਪ ਅਖਵਾਇੰਦਾ । ਗੁਰਚਰਨ ਅਲਖ ਅਭੇਵ, ਅਲਖ ਨਿਰੰਜਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਇੰਦਾ । ਗੁਰਚਰਨ ਸਾਚੀ ਟੇਕ, ਹਰਿਜਨ ਇਕ ਰਖਾਇੰਦਾ । ਗੁਰਚਰਨ ਬੁਧ ਬਿਬੇਕ, ਗੁਰ ਪੂਰਾ ਆਪ ਕਰਾਇੰਦਾ । ਗੁਰਚਰਨ ਨਾ ਲੱਗੇ ਸੇਕ, ਮਾਇਆ ਮਮਤਾ ਮੋਹ ਚੁਕਾਇੰਦਾ । ਗੁਰਚਰਨ ਨੇਤਰ ਪੇਖ, ਧੂੜੀ ਮਸਤਕ ਲਾਇੰਦਾ । ਗੁਰਚਰਨ ਲਿਖੇ ਲੇਖ, ਲੇਖਾ ਗੁਰ ਆਪ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧਿਆਨ ਇਕ ਗਿਆਨ ਏਕਾ ਮਾਣ ਜਣਾਇੰਦਾ । ਗੁਰਚਰਨ ਸਾਚੀ ਵੱਥ, ਗੁਰ ਪੂਰੇ ਹੱਥ ਵਡਿਆਈਆ । ਗੁਰਚਰਨ ਹਰਿ ਸਮਰਥ, ਸਮਰਥ ਪੁਰਖ ਆਪ ਅਖਵਾਈਆ । ਗੁਰਚਰਨ ਸਗਲ ਵਿਸੂਰੇ ਜਾਇਨ ਲੱਥ, ਚਰਨ ਦਵਾਰੇ ਦਰਸ਼ਨ ਪਾਈਆ । ਗੁਰਚਰਨ ਮਿਲੇ ਸਾਚਾ ਰਥ, ਦੋ ਜਹਾਨਾ ਪਾਰ ਕਰਾਈਆ । ਗੁਰਚਰਨ ਦਵਾਰੇ ਜੋ ਜਨ

ਜਾਏ ਢੱਠ, ਢਹਿ ਪਏ ਸੱਚੀ ਸਰਨਾਈਆ । ਗੁਰਚਰਨ ਰਖਾਏ ਸਾਚਾ ਹੱਥ, ਮਨ ਮਤ ਬੁਧ ਦਏ ਸਮਝਾਈਆ । ਗੁਰਚਰਨ ਖੋਲ੍ਹੇ ਹਰਨ ਫਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਈਆ । ਗੁਰਚਰਨ ਸਾਚਾ ਹੱਟ, ਹਰਿਜਨ ਸਾਚੇ ਆਪ ਵਖਾਇਆ । ਗੁਰਚਰਨ ਤੀਰਥ ਤਟ, ਗੁਰਮੁਖ ਵਿਰਲੇ ਪਾਇਆ । ਗੁਰਚਰਨ ਮੈਲ ਦੇਵੇ ਕੱਟ, ਦੁਰਮਤ ਤਨ ਰਹਿਣ ਨਾ ਪਾਇਆ । ਗੁਰ ਸ਼ਬਦ ਮਾਰੇ ਏਕਾ ਸੱਟ, ਅਨਹਦ ਦੇਵੇ ਤਾਲ ਵਜਾਇਆ । ਗੁਰਚਰਨ ਦਵਾਰ ਸਾਚਾ ਮੱਠ, ਗੁਰ ਦਰ ਮੰਦਰ ਰਾਗ ਅਲਾਇਆ । ਗੁਰਚਰਨ ਗੇੜੇ ਉਲਟੀ ਲੱਠ, ਲੱਖ ਚੁਰਾਸੀ ਦਏ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚਰਨ ਏਕਾ ਸਰਨ ਰਿਹਾ ਰਖਾਇਆ । ਗੁਰਚਰਨ ਨਾਤਾ ਜੋੜ, ਹਰਿ ਸਾਚੇ ਆਪੇ ਜੋੜਿਆ । ਗੁਰਚਰਨ ਨਿਭੇ ਤੋੜ, ਨਾ ਹੋਏ ਜਗਤ ਵਿਛੋੜਿਆ । ਗੁਰਚਰਨ ਸਾਚਾ ਘੋੜ, ਦੋ ਜਹਾਨੀ ਫਿਰੇ ਦੌੜਿਆ । ਗੁਰਚਰਨ ਜਾਏ ਬੌਹੜ, ਗੁਰਸਿਖ ਆਤਮ ਲੱਗੀ ਔੜਿਆ । ਗੁਰਚਰਨ ਸਾਚਾ ਪੌੜ , ਵੇਖੇ ਪਰਖੇ ਮਿਠੇ ਕੌੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਬ੍ਰਹਿਮਣ ਗੌੜਿਆ । ਗੁਰਚਰਨ ਸਾਚਾ ਵਤ, ਗੁਰਮੁਖ ਬੀਜ ਬਿਜਾਇਆ । ਗੁਰਚਰਨ ਸਾਚੀ ਰੱਤ, ਹਰਿਜਨ ਲੇਖੇ ਲਾਇਆ । ਗੁਰਚਰਨ ਸਾਚੀ ਮੱਤ, ਏਕਾ ਮੰਤਰ ਨਾਮ ਜਪਾਇਆ । ਗੁਰਚਰਨ ਰੱਖੇ ਪਤ, ਪਤਿਪਰਮੇਸ਼ਵਰ ਆਪ ਅਖਵਾਇਆ । ਗੁਰਚਰਨ ਸਾਚਾ ਸਤਿ, ਧੀਰਜ ਯਤ ਸੰਤੋਖ ਆਪ ਜਣਾਇਆ । ਗੁਰਚਰਨ ਰੱਖੇ ਦੇ ਕਰ ਹੱਥ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਗੁਰਚਰਨ ਸਾਚੀ ਦਾਤ, ਦਰ ਘਰ ਸਾਚੇ ਪਾਈਏ । ਗੁਰਚਰਨ ਵਡ ਕਰਾਮਾਤ, ਲੋਕਮਾਤ ਹਰਿ ਗੁਣ ਗਾਈਏ । ਗੁਰਚਰਨ ਮਿਟੇ ਅੰਧੇਰੀ ਰਾਤ, ਆਤਮ ਦੀਪਕ ਚੰਦ ਚੜ੍ਹਾਈਏ । ਗੁਰਚਰਨ ਆਤਮ ਅੰਮ੍ਰਿਤ ਦੇਵੇ ਬੂੰਦ ਸਵਾਂਤ, ਤ੍ਰਿਸਨਾ ਭੁੱਖ ਗਵਾਈਏ । ਗੁਰਚਰਨ ਪਿਤਾ ਗੁਰਚਰਨ ਮਾਤ, ਗੁਰ ਗੋਦੀ ਬੈਠ ਸਦਾ ਸੁਖ ਪਾਈਏ । ਗੁਰਚਰਨ ਬੰਧਾਏ ਸਾਚਾ ਨਾਤ, ਵਿਛੜ ਕਦੇ ਨਾ ਜਾਈਏ । ਗੁਰਚਰਨ ਵਖਾਏ ਉਤਮ ਜਾਤ, ਵਰਨ ਬਰਨ ਵਿਚ ਨਾ ਆਈਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਚਰਨ ਸਾਚਾ ਕਮਲਾਪਾਤ, ਕੰਤ ਕੰਤੂਹਲਾ ਇਕ ਹੰਢਾਈਏ । ਗੁਰਚਰਨ ਸਚ ਸਲਾਹ, ਗੁਰ ਪੂਰੇ ਆਪ ਜਣਾਈਆ । ਗੁਰਚਰਨ ਜਗਤ ਮਲਾਹ, ਬੇੜਾ ਬੰਨੇ ਲਾਈਆ । ਗੁਰਚਰਨ ਸੱਚਾ ਰਾਹ, ਸੱਚਾ ਮਾਰਗ ਇਕ ਵਿਖਾਈਆ । ਗੁਰਚਰਨ ਮੇਲਾ ਬੇਪਰਵਾਹ, ਦਰਗਹਿ ਸਾਚੀ ਮੇਲ ਮਿਲਾਈਆ । ਗੁਰਚਰਨ ਸੋਹੇ ਸਾਚਾ ਥਾਂ, ਗੁਰਸਿਖ ਆਪਣੇ ਗਲੇ ਲਗਾਈਆ । ਗੁਰਚਰਨ ਪਕੜੇ ਬਾਂਹ, ਆਪ ਆਪਣਾ ਹੱਥ ਉਠਾਈਆ । ਗੁਰਚਰਨ ਹੰਸ ਬਣਾਏ ਫੜ ਫੜ ਕਾਂ, ਕਲਜੁਗ ਵੇਲਾ ਅੰਤਮ ਆਈਆ । ਗੁਰਚਰਨ ਦੇਵੇ ਠੰਡੀ ਛਾਂ, ਅਗਨੀ ਅੱਗ ਨਾ ਕੋਈ ਜਲਾਈਆ । ਗੁਰਚਰਨ ਸਾਚਾ ਨਾਉਂ, ਨਾਉਂ ਨਿਰੰਕਾਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲੇਖ ਲਿਖਾਈਆ । ਗੁਰਚਰਨ ਸਾਚਾ ਗੋਝ, ਹਰਿ ਸਾਚੇ ਆਪ ਖੁਲ੍ਹਾਇਆ । ਗੁਰਚਰਨ ਸਾਚਾ ਖੋਜ, ਭੇਵ ਕਿਸੇ ਨਾ ਪਾਇਆ । ਗੁਰਚਰਨ ਭੇਵ ਖੁਲ੍ਹਾਏ ਏਕਾ ਦੂਜ, ਤੀਜਾ ਨੇਤਰ ਦਏ ਖੁਲ੍ਹਾਇਆ । ਗੁਰਚਰਨ ਗੁਰਮੁਖ ਵਿਰਲਾ ਰਿਹਾ ਲੋਚ, ਅੱਠੇ ਪਹਿਰ ਆਸ ਤਕਾਇਆ । ਗੁਰਚਰਨ ਮਿਟੇ ਸੋਚ, ਆਲਸ ਨਿੰਦਰਾ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਾਚੀ ਮੌਜ ਵਖਾਇਆ ।

੪ ੦੨

ਗੁਰਚਰਨ ਸਾਚਾ ਮਾਣ, ਗੁਰਮੁਖ ਇਕ ਰਖਾਇਆ । ਗੁਰਚਰਨ ਮੇਲ ਹਾਣੀਆ ਹਾਣ, ਸ਼ਬਦ ਸੁਰਤੀ ਮੇਲ ਮਿਲਾਇਆ । ਗੁਰਚਰਨ ਜਾਣੀ ਜਾਣ, ਜਾਨਣਹਾਰ ਆਪ ਅਖਵਾਇਆ । ਗੁਰਚਰਨ ਮਿਲੇ ਧੁਰ ਫ਼ਰਮਾਣ, ਬੋਧ ਅਗਾਧਾ ਸ਼ਬਦ ਜਣਾਇਆ । ਗੁਰਚਰਨ ਤੁਟੇ ਜਗਤ ਮਾਣ, ਤਨ ਅਭਿਮਾਨ ਰਹਿਣ ਨਾ ਪਾਇਆ । ਗੁਰਚਰਨ ਮਿਲੇ ਧੁਰ ਨਿਸ਼ਾਨ, ਧੁਰ ਧਾਮ ਦਏ ਸੁਹਾਇਆ । ਗੁਰਚਰਨ ਮਿਟੇ ਜਮ ਕੀ ਕਾਣ, ਰਾਏ ਧਰਮ ਨਾ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਚਰਨ ਮੇਲ ਮਿਲਾਇਆ । ਗੁਰਚਰਨ ਸਾਚੀ ਆਸ, ਹਰਿ ਹਰਿ ਆਪ ਵਖਾਈਆ । ਗੁਰਚਰਨ ਸਚ ਪਿਆਸ, ਗੁਰ ਪੂਰਾ ਰਿਹਾ ਬੁਝਾਈਆ । ਗੁਰਚਰਨ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਗੁਰਚਰਨ ਸਾਚੀ ਰਾਸ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਗੁਰਚਰਨ ਲੇਖੇ ਰਸਨ ਸਵਾਸ, ਰਸਨਾ ਜਿਹਵਾ ਹਰਿ ਹਰਿ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਚਰਨ ਦੇਵੇ ਵੱਡੀ ਵਡਿਆਈਆ । ਗੁਰਚਰਨ ਸਾਚੀ ਕਾਰ, ਹਰਿ ਹਰਿ ਆਪ ਕਰਾਇੰਦਾ । ਗੁਰਚਰਨ ਸਾਚੀ ਧਾਰ, ਜੁਗ ਜੁਗ ਆਪ ਚਲਾਇੰਦਾ । ਗੁਰਚਰਨ ਇਕ ਪਿਆਰ, ਏਕਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਗੁਰ ਆਪ ਅਖਵਾਇੰਦਾ । ਸਾਚਾ ਗੁਰ ਹਰਿ ਨਿਰੰਕਾਰ, ਸਤਿਗੁਰ ਰੂਪ ਸਮਾਇਆ । ਆਪ ਅਪਣਾ ਕਰ ਪਸਾਰ, ਆਪ ਆਪਣਾ ਭੇਖ ਵਟਾਇਆ । ਜੋਤੀ ਨੂਰ ਕਰ ਉਜਿਆਰ, ਅਕਾਸ਼ ਪਰਕਾਸ਼ ਸਮਾਇਆ । ਲੋਆਂ ਪੁਰੀਆਂ ਬੰਨੇ ਧਾਰ, ਬ੍ਰਹਿਮੰਡ ਖੰਡ ਵੇਖ ਵਖਾਇਆ । ਜੇਰਜ ਅੰਡ ਲਏ ਉਭਾਰ, ਉਤਭੁਜ ਸੇਤਜ ਸੰਗ ਰਲਾਇਆ । ਤ੍ਰੈਗੁਣ ਮਾਇਆ ਕਰ ਪਿਆਰ, ਬ੍ਰਹਮੇ ਝੋਲੀ ਪਾਇਆ । ਵਿਸ਼ਨੂੰ ਵੰਸੀ ਖਬਰਦਾਰ, ਸ਼ਿਵ ਸ਼ੰਕਰ ਰਿਹਾ ਹਿਲਾਇਆ । ਲੱਖ ਚੁਰਾਸੀ ਕਰ ਤਿਆਰ, ਪੰਜ ਤਤ ਆਪ ਉਪਾਇਆ । ਨਿਰਗੁਣ ਹਰਿ ਨਿਰੰਕਾਰ, ਬੈਠਾ ਆਸਣ ਲਾਇਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਗੁਰਚਰਨ ਸੋ ਜਨ ਆਇਆ । ਮਨਮੁਖ ਡੁੱਬੇ ਵਹਿੰਦੀ ਧਾਰ, ਕਲਜੁਗ ਕਾਇਆ ਦਏ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਜੋੜ ਜੁੜਾਇਆ । ਗੁਰਚਰਨ ਸਾਚਾ ਰੰਗ, ਗੁਰ ਪੂਰਾ ਆਪ ਚੜ੍ਹਾਇੰਦਾ । ਗੁਰਚਰਨ ਸਾਚੀ ਮੰਗ, ਗੁਰਮੁਖ ਮੰਗ ਮੰਗਾਇੰਦਾ । ਗੁਰਮੁਖ ਸਚ ਪਲੰਘ, ਸਾਚੀ ਸੇਜ ਵਿਛਾਇੰਦਾ । ਗੁਰਚਰਨ ਧਾਰਾ ਗੰਗ, ਅਠਸਠ ਮੁਖ ਸ਼ਰਮਾਇੰਦਾ । ਗੁਰਚਰਨ ਕਟੇ ਭੁੱਖ ਨੰਗ, ਏਕਾ ਵਸਤੂ ਝੋਲੀ ਪਾਇੰਦਾ । ਗੁਰਚਰਨ ਅੰਗੀਕਾਰ ਕਰੇ ਕਰਾਏ ਲਾਏ ਅੰਗ, ਸੋਭਾਵੰਤੀ ਨਾਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਚੋਜੀ ਖੇਲ ਹਰਿ ਨਿਰੰਜਣ, ਆਪਣਾ ਖੇਲ ਖਿਲਾਇਆ । ਚਰਨ ਧੂੜੀ ਬਖ਼ਸ਼ੇ ਮਜਨ, ਮਸਤਕ ਤਿਲਕ ਲਗਾਇਆ । ਦੋ ਜਹਾਨੀ ਸਾਚਾ ਸੱਜਣ, ਕਲਜੁਗ ਠਗੋਰੀ ਪਾਇਆ । ਪਾਰਬ੍ਰਹਮ ਆਇਆ ਪੜਦੇ ਕੱਜਨ, ਗੁਰਮੁਖ ਚੋਰੀ ਚੋਰੀ ਲਏ ਜਗਾਇਆ । ਅੰਮ੍ਰਿਤ ਆਤਮ ਪੀ ਪੀ ਰੱਜਣ, ਭਰ ਪਿਆਲਾ ਇਕ ਪਿਆਇਆ । ਮਨਮੁਖ ਜੀਵ ਕਲਜੁਗ ਅਗਨੀ ਦਝਨ, ਪੰਜ ਵਿਕਾਰ ਲੰਬੂ ਲਾਇਆ । ਜੂਠੇ ਝੂਠੇ ਭਾਂਡੇ ਭੱਜਣ, ਥਿਰ ਕੋਈ ਰਹਿਣ ਨਾ ਪਾਇਆ । ਜਨ ਭਗਤਾਂ ਰੱਖੇ ਅੰਤਮ ਲੱਜਣ, ਇਕ ਦਵਾਰਾ ਰਿਹਾ ਵਖਾਇਆ । ਗੁਰਚਰਨ ਧੂੜ ਰੰਗ ਚਾੜ੍ਹੇ ਗੂੜ੍ਹ ਦੇਵੇ ਨਾਮ ਜਹਾਜਨ, ਸਾਚਾ ਚੱਪੂ ਇਕ ਲਗਾਇਆ । ਪਰਗਟ ਹੋਏ ਦੇਸ ਮਾਝਨ, ਸੰਬਲ ਨਗਰੀ ਧਾਮ ਸੁਹਾਇਆ । ਸ਼ਾਹੋ ਭੂਪ ਵਡ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇਆ । ਆਪੇ ਰਚਿਆ ਆਪਣਾ ਕਾਜਨ, ਆਪ



Rev-01

ਆਪਣਾ ਮੰਗਲ ਗਾਇਆ । ਜਨ ਭਗਤਾਂ ਦੇਵੇ ਸੋਹੰ ਦਾਜਨ, ਪੱਲੇ ਏਕਾ ਗੰਢ ਬੰਧਾਇਆ । ਅੰਦਰ ਮੰਦਰ ਬਹਿ ਬਹਿ ਮਾਰੇ ਵਾਜਨ, ਦਿਸ ਕਿਸੇ ਨਾ ਆਇਆ । ਕਾਇਆ ਕਾਅਬਾ ਸ਼ਬਦ ਸਾਚਾ ਹਾਜੀ ਹਾਜਨ, ਏਕਾ ਹੱਜ ਰਿਹਾ ਕਰਾਇਆ । ਦੋ ਦੋ ਆਬਾ ਪੁੰਨ ਸਵਾਬਨ, ਸ਼ਾਹ ਨਵਾਬਾ ਵੇਖ ਵਖਾਇਆ । ਸਾਚਾ ਚਰਨ ਦਏ ਰਕਾਬਨ, ਚਿੱਟੇ ਅਸਵ ਆਸਣ ਲਾਇਆ । ਆਪੇ ਚੜ੍ਹਿਆ ਸਾਚੇ ਤਾਜਨ, ਲੋਕਮਾਤ ਫੇਰਾ ਪਾਇਆ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜਨ, ਪਰਵਰਦਿਗਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਧੂੜ ਇਕ ਸੁਹਾਇਆ । ਚਰਨ ਦਵਾਰਾ ਸਾਚਾ ਖੋਲ੍ਹ, ਹਰਿ ਸਾਚੀ ਅਲੱਖ ਜਗਾਈਆ । ਜਨ ਭਗਤ ਦਵਾਰੇ ਬੋਲੇ ਏਕਾ ਬੋਲ, ਸੋਹੰ ਨਾਮ ਵਡਿਆਈਆ । ਆਪ ਵਜਾਏ ਆਪਣਾ ਢੋਲ, ਲੋਆਂ ਪੁਰੀਆਂ ਰਿਹਾ ਹਿਲਾਈਆ । ਲੱਖ ਚੁਰਾਸੀ ਆਪੇ ਮੌਲ, ਗੁਰਮੁਖ ਆਤਮ ਸੇਜਾ ਆਪ ਸੁਹਾਈਆ । ਬੈਠਾ ਰਹੇ ਸਦਾ ਅਡੋਲ, ਨਾ ਕੋਈ ਸਕੇ ਜਗਤ ਡੁਲਾਈਆ । ਆਪੇ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਈਆ । ਗੁਰਚਰਨ ਪ੍ਰੀਤੀ ਜੋ ਜਨ ਗਿਆ ਘੋਲ, ਅੰਤਮ ਦੇਵੇ ਮੁਲ ਪੁਆਈਆ । ਪਰਗਟ ਹੋਇਆ ਕਲਾ ਸੋਲ, ਅਕਲ ਕਲਾ ਸਮਾਈਆ । ਕਲਜੁਗ ਅੰਤਮ ਖੇਲੇ ਹੋਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਜਨ ਭਗਤਾਂ ਆਪੇ ਕਰੇ ਚੋਲ੍ਹ, ਆਪ ਆਪਣਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਕ ਦਵਾਰਾ ਇਕ ਰਖਾਈਆ । ਬੰਕ ਦਵਾਰਾ ਪੁਰਖ ਅਬਿਨਾਸ਼ੀ, ਆਪਣਾ ਆਪ ਰਖਾਇਆ । ਆਪੇ ਵੇਖੇ ਜਗਤ ਤਮਾਸ਼ੀ, ਜਗਤ ਜਵਾਹਰੀ ਆਪ ਹੋ ਆਇਆ । ਆਪੇ ਕਰਣਹਾਰਾ ਨਾਸੀ, ਆਪੇ ਲਏ ਜਵਾਇਆ । ਆਪੇ ਲੇਖੇ ਲਾਏ ਦਸ ਦਸ ਮਾਸੀ, ਆਪ ਆਪਣੀ ਦਇਆ ਕਮਾਇਆ । ਆਪੇ ਸਾਸ ਆਪੇ ਗਰਾਸੀ, ਆਪੇ ਪੰਜ ਤਤ ਅਖਵਾਇਆ । ਆਪੇ ਹੱਡ ਆਪੇ ਨਾੜ ਆਪੇ ਮਾਸੀ, ਆਪੇ ਰਕਤ ਬੂੰਦ ਬਣ ਜਾਇਆ । ਆਪੇ ਹੋਏ ਦਾਸ ਦਾਸੀ, ਨਿਰਗੁਣ ਨਿਰਗੁਣ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਵਰ, ਚਰਨ ਦਵਾਰ ਇਕ ਸੁਹਾਇਆ । ਚਰਨ ਦਵਾਰ ਸਾਚਾ ਖੇੜਾ, ਹਰਿ ਸਾਚਾ ਆਪ ਵਸੰਦੜਾ । ਚਰਨ ਦਵਾਰੇ ਬੰਨ੍ਹੇ ਬੇੜਾ, ਗੁਰਮੁਖ ਸਾਚੇ ਆਪ ਚੜ੍ਹੰਦੜਾ । ਚਰਨ ਦਵਾਰ ਕਰੇ ਨਿਬੇੜਾ, ਜੁਗ ਜੁਗ ਭੇਖ ਵਟੰਦੜਾ । ਚਰਨ ਦਵਾਰ ਚੁੱਕੇ ਝੇੜਾ, ਮਿਲੇ ਮੇਲ ਗੁਣੀ ਗਹਿੰਦੜਾ । ਚਰਨ ਦਵਾਰ ਖੁਲ੍ਹਾ ਵੇਹੜਾ, ਨੌਂ ਦਵਾਰੇ ਮਾਰੇ ਜਿੰਦਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਵਾਰ ਵਖਾਏ ਗੋਕਲ ਮਥਰਾ ਬਿੰਦਰਾ । ਚਰਨ ਦਵਾਰ ਸਾਚੀ ਰਾਸ, ਹਰਿ ਸਾਚੀ ਰਚਨ ਰਚਾਈਆ । ਚਰਨ ਦਵਾਰ ਸ਼ਾਹੋ ਸ਼ਬਾਸ਼, ਗੋਪੀ ਕਾਹਨਾ ਇਕ ਵਖਾਈਆ । ਚਰਨ ਦਵਾਰ ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਚੋਜੀ ਖੇਲੇ ਖੇਲ ਅਪਾਰ, ਗੁਰਮੁਖ ਮੰਦਰ ਅੰਦਰ ਜੋਤ ਜਗਾਈਆ । ਕੰਤ ਨਾਰੀ ਨਾਰੀ ਕੰਤਾ ਰੂਪ ਅਪਾਰ, ਸੇਜ ਸੁਹੰਜਣੀ ਇਕ ਵਿਛਾਈਆ । ਜੋਤ ਨਿਰੰਜਣੀ ਸੇਵਾਦਾਰ, ਸੇਵਕ ਸੇਵਾ ਰਹੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰਚਰਨ ਚਰਨ ਗੁਰ ਏਕਾ ਦੇਵੇ ਵਡ ਵੱਡੀ ਵਡਿਆਈਆ ।

ਪੁਰਖ ਅਬਿਨਾਸ਼ੀ ਹਰਿ ਨਿਰੰਕਾਰ, ਸਾਚੇ ਤਖ਼ਤ ਸੁਹਾਇਆ । ਨਿਰਮਲ ਜੋਤੀ ਕਰ ਅਕਾਰ, ਆਪਣੇ ਰੰਗ ਸਮਾਇਆ । ਸ਼ਬਦ ਸਰੂਪੀ


੬ ੦੨

ਜੈ ਜੈਕਾਰ, ਏਕਾ ਨਾਅਰਾ ਲਾਇਆ । ਇਕ ਅਕੱਲਾ ਏਕੰਕਾਰ, ਅਕਲ ਕਲ ਅਖਵਾਇਆ । ਸਤਿ ਪੁਰਖ ਨਿਰੰਜਣ ਕਿਰਪਾ ਧਾਰ, ਅਲੱਖ ਨਿਰੰਜਣ ਅਲੱਖ ਜਗਾਇਆ । ਲੋਆਂ ਪੁਰੀਆਂ ਬੰਨੇ ਧਾਰ, ਆਪ ਆਪਣਾ ਵੇਸ ਵਟਾਇਆ । ਸਚਖੰਡ ਹਰਿ ਏਕਾ ਕਾਰ, ਏਕਾ ਨਾਮ ਵਖਾਇਆ । ਪੁਰੀ ਬ੍ਰਹਮ ਲਏ ਉਭਾਰ, ਪਾਰਬ੍ਰਹਮ ਸਰਨਾਇਆ । ਸ਼ਿਵ ਸ਼ੰਕਰ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਸੀਸ ਟਿਕਾਇਆ । ਇੰਦ ਇੰਦਰਾਸਨ ਕਰ ਵਿਚਾਰ, ਕਰੋੜ ਤੇਤੀਸਾ ਸੰਗ ਰਖਾਇਆ । ਕਬੀਰ ਕਬੀਰਾ ਪਾਵੇ ਸਾਰ, ਇਕ ਨਾਮ ਵਰਤਾਇਆ । ਮਾਤ ਪਤਾਲ ਅਕਾਸ਼ ਹਰਿ ਕਰ ਅਕਾਰ, ਕਰਤਾ ਪੁਰਖ ਅਖਵਾਇਆ । ਚੌਦਾਂ ਹੱਟ ਮਹੱਲ ਉਸਾਰ, ਦੀਪਕ ਇਕ ਜਗਾਇਆ । ਤੀਰਥ ਤਟ ਨਾ ਕੋਈ ਕਿਨਾਰ, ਗੁਰਦਰ ਮੰਦਰ ਮਸਜਿਦ ਨਾ ਕੋਈ ਵਖਾਇਆ । ਪਵਣ ਪਾਣੀ ਨਾ ਕੋਈ ਹੁਲਾਰ, ਬਾਣੀ ਖਾਣੀ ਨਾ ਕੋਇ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਆਪ ਆਪਣੀ ਕਲ ਧਾਰ, ਹਰਿ ਆਪਣੀ ਬਣਤ ਬਣਾਈਆ । ਆਪ ਆਪਣਾ ਵੇਖ ਵਿਚਾਰ, ਆਪ ਆਪਣੀ ਜੋਤ ਜਗਾਈਆ । ਆਪ ਆਪਣਾ ਦਏ ਸਹਾਰ, ਆਪ ਆਪਣਾ ਹੋਏ ਸਹਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੇ ਰੰਗ ਰੰਗਾਈਆ । ਆਪ ਆਪਣਾ ਵੇਖ ਸਾਚਾ ਘਰ ਬਾਰ, ਆਪ ਆਪਣਾ ਦਰ ਸੁਹਾਈਆ । ਆਪ ਆਪਣੇ ਬੈਠ ਸੱਚੇ ਦਰਬਾਰ, ਆਪ ਆਪਣਾ ਰਾਜ ਕਮਾਈਆ । ਆਪੇ ਦਾਤਾ ਸ਼ਾਹੋ ਸੱਚੀ ਸਰਕਾਰ, ਸ਼ਾਹੋ ਭੂਪ ਆਪ ਅਖਵਾਈਆ । ਆਪ ਆਪਣਾ ਕਰ ਅਕਾਰ, ਨਿਰਾਕਾਰ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਦਏ ਉਪਾਈਆ । ਜੋਤੀ ਜੋਤ ਹਰਿ ਜੋਤ ਜਗਾ, ਅਚਰਜ ਖੇਲ ਖਿਲਾਇੰਦਾ । ਲੋਕਮਾਤ ਫੇਰਾ ਪਾ, ਆਪ ਆਪਣਾ ਰਾਗ ਅਲਾਇੰਦਾ । ਬ੍ਰਹਮਾ ਵੇਤਾ ਲਿਆ ਜਗਾ, ਏਕਾ ਸ਼ਬਦ ਸੁਣਾਇੰਦਾ । ਚਾਰੇ ਮੁਖ ਆਪ ਖੁਲ੍ਹਾ, ਅੱਠੇ ਨੇਤਰ ਨੀਰ ਵਹਾਇੰਦਾ । ਹਰਿ ਹਰਿ ਹਰਿ ਆਪੇ ਗਾ, ਆਪੇ ਭੇਵ ਖੁਲ੍ਹਾਇੰਦਾ । ਭੇਵ ਨਾ ਸਕੇ ਕੋਈ ਪਾ, ਆਪ ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਸੰਗ ਰੱਖ, ਹਰਿ ਆਪਣੀ ਕਲ ਵਰਤਾਈਆ । ਸਤਿਜੁਗ ਸਾਚੇ ਹੋ ਪਰਤੱਖ, ਖੇਲੇ ਖੇਲ ਬੇਪਰਵਾਹੀਆ । ਸੰਤ ਸੁਹੇਲੇ ਲਏ ਰੱਖ, ਮਨਮੁਖ ਜੀਵਾਂ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਵੇਖ ਵਖਾਏ ਸ੍ਰਿਸ਼ਟ ਸਬਾਈਆ । ਸਤਿਜੁਗ ਸਾਚਾ ਰੰਗ ਮਾਣ, ਹਰਿ ਸਾਚੀ ਬਣਤ ਬਣਾਈਆ । ਆਪ ਆਪਣੀ ਕਰ ਪਛਾਣ, ਬ੍ਰਹਿਮੰਡਾਂ ਲਏ ਜਗਾਈਆ । ਏਕਾ ਦੇਵੇ ਧੁਰ ਫ਼ਰਮਾਣ, ਆਤਮ ਬ੍ਰਹਮ ਗਿਆਨ ਜਣਾਈਆ । ਏਕਾ ਸ਼ਬਦ ਇਕ ਬਿਬਾਣ, ਏਕਾ ਏਕ ਰਿਹਾ ਚੜ੍ਹਾਈਆ । ਏਕਾ ਜੀਅ ਏਕਾ ਦਾਨ, ਏਕਾ ਭਿਛਿਆ ਝੋਲੀ ਪਾਈਆ । ਏਕਾ ਰਾਗ ਏਕਾ ਕਾਨ, ਹਰਿ ਏਕਾ ਏਕ ਸੁਣਾਈਆ । ਏਕਾ ਹੱਟ ਇਕ ਗਿਆਨ, ਇਕ ਦੁਕਾਨ ਏਕਾ ਵਣਜ ਰਿਹਾ ਕਰਾਈਆ । ਏਕਾ ਘਰ ਇਕ ਮਕਾਨ, ਇਕ ਅਕੱਲਾ ਆਪ ਉਪਾਈਆ । ਨਾ ਕੋਈ ਦੀਸੇ ਹੋਰ ਨਿਸ਼ਾਨ, ਨਾ ਕੋਈ ਰਚਨ ਰਚਾਈਆ । ਜਨ ਭਗਤਾਂ ਦੇਵੇ ਦਰ ਦਵਾਰੇ ਮਾਣ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਚ ਸਚ ਕਰੇ ਕੁੜਮਾਈਆ । ਸਤਿਜੁਗ ਤੇਰਾ ਸਚ ਵਿਹਾਰ, ਹਰਿ ਸਾਚੀ ਬਣਤ ਬਣਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਏਕ ਰਹੇ ਸਰਨਾਈਆ । ਏਕਾ ਹਰਿ ਇਕ ਵਰਤਾਰ, ਦੇਵਣਹਾਰ ਇਕ ਰਖਾਈਆ । ਏਕਾ

ਦਰ ਇਕ ਭੰਡਾਰ, ਏਕਾ ਰਿਹਾ ਭਰਾਈਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਬਾਵਨ ਬਣਿਆ ਭੇਖਾ ਧਾਰ, ਬਲ ਦਵਾਰਾ ਵੇਖ ਵਖਾਈਆ । ਸਤਿਜੁਗ ਤੇਰਾ ਵੇਖ ਕਿਨਾਰ, ਆਪ ਆਪਣਾ ਲਏ ਉਪਾਈਆ । ਤ੍ਰੀਆ ਵੇਸ ਰੰਗ ਕਰਤਾਰ, ਤ੍ਰੈਗੁਣ ਮਾਇਆ ਵਿਚ ਨਾ ਆਈਆ । ਰਾਮ ਰਾਮਾ ਲੈ ਅਵਤਾਰ, ਆਪ ਆਪਣੀ ਖੇਲ ਖਿਲਾਈਆ । ਆਪੇ ਜਾਣੇ ਆਪਣੀ ਧਾਰ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਗਊ ਗ਼ਰੀਬਾਂ ਪਾਵੇ ਸਾਰ, ਬਾਲ ਅਵਾਣੇ ਗਲੇ ਲਗਾਈਆ । ਤੋੜੇ ਰਾਵਣ ਗੜ੍ਹ ਹੰਕਾਰ, ਏਕਾ ਬਾਣ ਚਲਾਈਆ । ਰਾਮ ਸ਼ਸਤਰ ਅਪਰ ਅਪਾਰ, ਨਾ ਸਕੇ ਕੋਈ ਬਚਾਈਆ । ਰਣ ਭੂਮੀ ਸੁੱਤੇ ਪੈਰ ਪਸਾਰ, ਰਘਵੰਸ ਕਰੀ ਕੁੜਮਾਈਆ । ਸੰਮਤ ਚੌਦਾਂ ਲੇਖ ਅਪਾਰ, ਪ੍ਰਭ ਸਾਚਾ ਰਿਹਾ ਲਿਖਾਈਆ । ਸੰਮਤ ਪੰਦਰਾਂ ਕਰ ਉਜਿਆਰ, ਚਰਨ ਦਵਾਰਾ ਬੰਕ ਸੁਹਾਈਆ । ਪੰਦਰਾਂ ਕੱਤਕ ਪਾਵੇ ਸਾਰ, ਸਿਰਜਣਹਾਰ ਆਪ ਅਖਵਾਈਆ । ਚਾਰ ਕੁੰਟ ਦਏ ਹੁਲਾਰ, ਸ਼ਾਹ ਭਬੀਖਨ ਲਏ ਉਠਾਈਆ । ਪਾਰਬ੍ਰਹਮ ਪ੍ਰਭ ਖੇਲ ਅਪਰ ਅਪਾਰ, ਪਰਮ ਪੁਰਖ ਵੱਡੀ ਵਡਿਆਈਆ । ਨੌਂ ਖੰਡ ਪ੍ਰਿਥਮੀ ਦੇਵੇ ਇਕ ਹੁਲਾਰ, ਸੱਤਾਂ ਦੀਪਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਤ੍ਰੈ ਤ੍ਰੈ ਤ੍ਰੀਆ ਤੇਰਾ ਰਾਗ, ਰਾਮ ਰਾਮਾ ਰਾਮ ਉਪਾਇਆ । ਹਰਿਜਨ ਮੇਲਾ ਕੰਤ ਸੁਹਾਗ, ਦਰ ਘਰ ਸਾਚੇ ਮੰਗਲ ਗਾਇਆ । ਆਤਮ ਜੋਤੀ ਜਗੇ ਚਿਰਾਗ਼, ਅੰਧ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਦਵਾਰਾ ਵੇਖ ਵਖਾਇਆ । ਸਚ ਦਵਾਰਾ ਵੇਖਣਹਾਰਾ, ਨਿਹਕਲੰਕ ਨਿਹਕਾਮੀ । ਏਕਾ ਜੋਤੀ ਨੂਰ ਕਰੇ ਚਮਤਕਾਰਾ, ਪਾਰਬ੍ਰਹਮ ਸਚ ਸੱਚਾ ਸਵਾਮੀ । ਨਾਮ ਖੰਡਾ ਤੇਜ਼ ਕਟਾਰਾ, ਹੱਥ ਫੜੇ ਹਰਿ ਅੰਤਰਜਾਮੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਰੈਣ ਅੰਧੇਰੀ ਸ਼ਾਮੀ । ਕਲਜੁਗ ਮਿਟੇ ਰੈਣ ਅੰਧੇਰਾ, ਹਰਿ ਸਾਚੇ ਜੋਤ ਜਗਾਈਆ । ਲੱਖ ਚੁਰਾਸੀ ਕਰੇ ਹੱਕ ਨਿਬੇੜਾ, ਨਗਰ ਖੇੜਾ ਵੇਖ ਵਖਾਈਆ । ਗੁਰਸਿਖ ਚੁੱਕੇ ਜਗਤ ਝੇੜਾ, ਹਰਿ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ ।

ਹਰਿ ਸਾਜਨ ਜਗ ਮੀਤੜਾ, ਨਾਮ ਰੰਗ ਕਰਤਾਰ । ਕਾਇਆ ਚੋਲੀ ਰੰਗੇ ਚੀਥੜਾ, ਆਪ ਆਪਣੀ ਕਿਰਪਾ ਧਾਰ । ਮਿੱਠਾ ਕਰੇ ਕਾਇਆ ਕੌੜਾ ਰੀਠੜਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਸਤਿਜੁਗ ਸਾਚੀ ਦੱਸੇ ਰੀਤੜਾ, ਚਾਰ ਵਰਨ ਇਕ ਦਵਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਸੋ ਪੁਰਖ ਨਿਰੰਜਣ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਦਵਾਰਾ ਸਾਚਾ ਧਾਮ, ਪਾਰਬ੍ਰਹਮ ਸਰਨਾਈਆ । ਮਿਲੇ ਮੇਲ ਰਮਈਆ ਰਾਮ, ਨਾਮ ਨਈਆ ਇਕ ਵਖਾਈਆ । ਮੋਹਣ ਮਾਧਵ ਘਨਈਆ ਸ਼ਾਮ, ਸਾਚਾ ਸਈਆ ਇਕ ਅਖਵਾਈਆ । ਲੇਖੇ ਲਾਏ ਮਾਟੀ ਚਾਮ, ਕਾਇਆ ਤਨ ਵੇਖ ਵਖਾਈਆ । ਕਾਇਆ ਖੇੜਾ ਨਗਰ ਗਰਾਮ, ਸਚ ਮਹੱਲ ਇਕ ਵਸਾਈਆ । ਉਚ ਅਟੱਲ ਕਰੇ ਬਿਸਰਾਮ, ਨਿਹਚਲ ਧਾਮ ਇਕ ਰਖਾਈਆ । ਸੀਤਾ ਸੁਰਤੀ ਇਕ ਗਿਆਨ, ਇਕ ਧਿਆਨ ਰਖਾਈਆ । ਏਕਾ ਚਿੱਲਾ ਤੀਰ

ਕਮਾਨ, ਏਕਾ ਧਨੁਖ ਹੱਥ ਉਠਾਈਆ । ਏਕਾ ਮਾਰੇ ਸਚ ਨਿਸ਼ਾਨ, ਏਕਾ ਏਕ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਵਾਰ ਇਕ ਵਖਾਈਆ । ਚਰਨ ਦਵਾਰ ਸਚ ਸਿੰਘਾਸਣ, ਹਰਿ ਸਾਚਾ ਮੇਲ ਮਿਲਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ਣ, ਹਰਿਜਨ ਸਾਚੇ ਲਏ ਜਗਾਈਆ । ਪਰਗਟ ਹੋ ਘਨਕਪੁਰ ਵਾਸਣ, ਘਰ ਸਾਚਾ ਵੇਖ ਵਖਾਈਆ । ਸਾਚੇ ਮੰਦਰ ਪਾਵੇ ਰਾਸਣ, ਥਿਰ ਘਰ ਸਾਚਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਵਾਰ ਵੱਡੀ ਵਡਿਆਈਆ । ਚਰਨ ਦਵਾਰ ਸਚ ਟਿਕਾਣਾ, ਗੁਰ ਪੂਰੇ ਆਪ ਰਖਾਇਆ । ਚਾਰ ਵਰਨ ਇਕ ਬਿਬਾਣਾ, ਏਕਾ ਰਾਹ ਚਲਾਇਆ । ਏਕਾ ਸ਼ਬਦ ਇਕ ਗਿਆਨਾ, ਏਕਾ ਨਾਮ ਉਪਾਇਆ । ਏਕਾ ਰਸਨਾ ਏਕਾ ਚਿੱਲਾ ਏਕਾ ਤੀਰ ਕਮਾਨਾ, ਏਕਾ ਏਕ ਰਹੇ ਉਠਾਇਆ । ਏਕਾ ਜੋਤ ਸ੍ਰੀ ਭਗਵਾਨਾ, ਹਰ ਘਟ ਅੰਦਰ ਡੇਰਾ ਲਾਇਆ । ਪਾਰਬ੍ਰਹਮ ਪੁਰਖ ਸੁਲਤਾਨਾ, ਸਤਿ ਸਰੂਪੀ ਆਪ ਸਮਾਇਆ । ਜਨ ਭਗਤਾਂ ਬੰਨੇ ਸਾਚਾ ਗਾਨਾ, ਨਾਮ ਤੰਦਨ ਇਕ ਬੰਧਾਇਆ । ਅੰਤਰ ਆਤਮ ਸੁਣਾਏ ਸਾਚਾ ਗਾਣਾ, ਅਨਹਦ ਸਾਚਾ ਤਾਲ ਵਜਾਇਆ । ਇਕ ਵਖਾਏ ਪਦ ਨਿਰਬਾਨਾ, ਸੋਹੰ ਹੰਸਾ ਰੂਪ ਵਟਾਇਆ । ਸਚ ਦਵਾਰੇ ਦੇਵੇ ਮਾਣਾ, ਅੰਸਾ ਬੰਸਾ ਆਪ ਹੋ ਜਾਇਆ । ਆਪੇ ਵਰਤੇ ਆਪਣਾ ਭਾਣਾ, ਕਲਜੁਗ ਕੰਸਾ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਸੁਹਾਇਆ । ਚਰਨ ਦਵਾਰ ਸਾਚੀ ਧੂੜ, ਗੁਰਮੁਖ ਵਿਰਲਾ ਪਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ, ਜਿਸ ਜਨ ਦਇਆ ਕਮਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਦ੍ਰਿੜਾਇੰਦਾ । ਆਵਣ ਜਾਵਣ ਕਟੇ ਜੂੜ, ਲੱਖ ਚੁਰਾਸੀ ਫੰਦ ਕਟਾਇੰਦਾ । ਏਕਾ ਰੰਗਣ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਵੇਖ ਵਖਾਇੰਦਾ । ਚਰਨ ਦਵਾਰ ਸਾਚੀ ਧਾਰ, ਧੁਰਦਰਗਾਹੀ ਆਪ ਚਲਾਇੰਦਾ । ਆਪ ਆਪਣਾ ਰੰਗ ਰੰਗ ਕਰਤਾਰ, ਰੰਗਣਹਾਰ ਆਪ ਅਖਵਾਇੰਦਾ । ਸਾਚਾ ਸੰਗ ਵਿਚ ਸੰਸਾਰ, ਜਨ ਭਗਤਾਂ ਆਪ ਰਖਾਇੰਦਾ । ਮੰਗਨ ਮੰਗ ਦਰ ਦਰਬਾਰ, ਦੋਏ ਜੋੜ ਸੀਸ ਝੁਕਾਇੰਦਾ । ਪੰਜ ਵਿਕਾਰਾ ਲਏ ਫੜ, ਏਕਾ ਤੰਦਨ ਤੰਦ ਰਖਾਇੰਦਾ । ਕਾਇਆ ਤੋੜ ਕਿਲਾ ਹੰਕਾਰੀ ਗੜ੍ਹ, ਮਸਤਕ ਚੰਦਨ ਟਿੱਕਾ ਨਾਮ ਲਗਾਇੰਦਾ । ਆਪ ਆਪਣਾ ਘਾੜਣ ਘੜ, ਘੜਨਹਾਰ ਪੁਰਖ ਸਮਰਥ ਆਪ ਅਖਵਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਜਨ ਭਗਤਾਂ ਫੜਾਏ ਆਪਣਾ ਲੜ, ਏਕਾ ਪੱਲੂ ਨਾਮ ਫੜਾਇੰਦਾ । ਸਚ ਦਵਾਰੇ ਅੱਗੇ ਖੜ, ਏਕਾ ਧਾਮ ਸੁਹਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਜਗਤ ਵਿਦਿਆ ਅੱਖਰ ਗਿਆ ਪੜ੍ਹ, ਵੇਦ ਕਤੇਬ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਖਾਣੀ ਬਾਣੀ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰਸ ਦਰਸਾਇੰਦਾ । ਗੁਰਚਰਨ ਦਵਾਰਾ ਸਾਚਾ ਹੱਟ, ਚੌਦਾਂ ਲੋਕ ਆਪ ਖੁਲ੍ਹਾਇੰਦਾ । ਨਾਮ ਵਣਜਾਰਾ ਰੱਖੇ ਪਟ, ਜਨ ਭਗਤਾਂ ਤਨ ਪਹਿਨਾਇੰਦਾ । ਸੋ ਪੁਰਖ ਨਿਰੰਜਣ ਮਾਰੇ ਸੱਟ, ਹੰ ਹੰਗਤਾ ਗੜ੍ਹ ਤੁੜਾਇੰਦਾ । ਏਕਾ ਦੂਜਾ ਦੇਵੇ ਕੱਟ, ਤੀਜਾ ਨੈਣ ਇਕ ਖੁਲ੍ਹਾਇੰਦਾ । ਚੌਥੇ ਘਰ ਹੋ ਪਰਗਟ, ਆਪ ਆਪਣੇ ਅੰਗ ਲਗਾਇੰਦਾ । ਲੇਖਾ ਚੁੱਕੇ ਕਾਇਆ ਮੱਟ, ਗੁਰਮੁਖ ਸਾਜਣ ਵੇਖ ਵਖਾਇੰਦਾ । ਝੂਠਾ ਬੁਰਜ ਜਾਣਾ ਢੱਠ, ਥਿਰ ਕੋਈ ਰਹਿਣ ਨਾ ਪਾਇੰਦਾ । ਲੇਖਾ ਚੁੱਕੇ ਤੀਰਥ ਅਠ ਸਠ, ਗੰਗਾ ਗੋਦਾਵਰੀ

ਮੁਖ ਸ਼ਰਮਾਇੰਦਾ । ਗੁਰਚਰਨ ਦਵਾਰੇ ਸਚ ਅਕੱਠ, ਦਰਗਹਿ ਸਾਚੀ ਧਾਮ ਸੁਹਾਇੰਦਾ । ਤ੍ਰੈਗੁਣ ਲੋਕਮਾਤ ਮਾਇਆ ਰਚਿਆ ਮੱਠ, ਪ੍ਰਭ ਸਾਚਾ ਲੰਬੂ ਲਾਇੰਦਾ । ਸਾਚੀ ਵਸਤ ਨਾ ਕੋਈ ਰੱਖੇ ਹੱਥ, ਕਾਮ ਕਰੋਧ ਸਰਬ ਸਤਾਇੰਦਾ । ਗੁਰਚਰਨ ਦਵਾਰ ਜੋ ਜਨ ਗਏ ਢੱਠ, ਕਲਜੁਗ ਅੰਤਮ ਮੇਲ ਮਿਲਾਇੰਦਾ । ਮੇਲ ਮਿਲਾਏ ਨੱਠ ਨੱਠ, ਦਿਵਸ ਰੈਣ ਸੇਵ ਕਮਾਇੰਦਾ । ਪੋਹ ਛੱਬੀ ਤੇਰੀ ਸਾਚੀ ਚਠ, ਪ੍ਰਭ ਸਾਚਾ ਆਪ ਕਰਾਇੰਦਾ । ਚੌਦਾਂ ਲੋਕਾਂ ਗੇੜੇ ਉਲਟੀ ਲੱਠ, ਗੇੜਨਹਾਰ ਆਪ ਅਖਵਾਇੰਦਾ । ਨੌਂ ਸੱਤ ਸੋਲਾਂ ਜੋਤੀ ਲਟ ਲਟ, ਆਪ ਆਪਣੀ ਆਪ ਜਗਾਇੰਦਾ । ਪੁਰੀਆਂ ਲੋਆਂ ਮੇਟੇ ਫਟ, ਏਕਾ ਧਾਰ ਚਲਾਇੰਦਾ । ਸੋਹੰ ਸ਼ਬਦ ਚਲਾਏ ਘਟ ਘਟ, ਬਚਿਆ ਕੋਈ ਰਹਿਣ ਨਾ ਪਾਇੰਦਾ । ਕਲਜੁਗ ਖੇਲ ਬਾਜ਼ੀਗਰ ਨੱਟ, ਅੰਤਮ ਵੇਖ ਵਖਾਇੰਦਾ । ਸਤਿਜੁਗ ਸਾਚਾ ਰਿਹਾ ਨੱਠ, ਪ੍ਰਭ ਚਰਨ ਦਵਾਰ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਚਰਨ ਦਵਾਰਾ ਹਰਿ ਨਿਰੰਕਾਰਾ, ਨਿਰਗੁਣ ਇਕ ਸੁਹਾਇੰਦਾ । ਗੁਰਚਰਨ ਦਵਾਰਾ ਸਚ ਦੁਕਾਨ, ਹਰਿ ਸਾਚਾ ਮਾਤ ਖੁਲ੍ਹਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਬ੍ਰਹਮ ਜਣਾਈਆ । ਏਕਾ ਗੁਰ ਇਕ ਧਿਆਨ, ਏਕਾ ਲਿਵ ਲਾਈਆ । ਏਕਾ ਤੀਰ ਇਕ ਨਿਸ਼ਾਨ, ਏਕਾ ਹੱਥ ਉਠਾਈਆ । ਏਕਾ ਚਿੱਲਾ ਏਕਾ ਤੀਰ ਕਮਾਨ, ਏਕਾ ਹਰਿ ਏਕਾ ਰਿਹਾ ਵਖਾਈਆ । ਏਕਾ ਰਸਨਾ ਏਕਾ ਗਾਣ, ਏਕਾ ਜਿਹਵਾ ਰਿਹਾ ਹਿਲਾਈਆ । ਏਕਾ ਰਾਗ ਏਕਾ ਕਾਨ, ਏਕਾ ਵੱਜੇ ਵਧਾਈਆ । ਏਕਾ ਦਰ ਹਰਿ ਭਗਵਾਨ, ਦੂਸਰ ਕੋਈ ਰਹਿਣ ਨਾ ਪਾਈਆ । ਕਲਜੁਗ ਜੀਵ ਅੰਤ ਪਛਤਾਨ, ਨਾ ਹੋਏ ਕੋਈ ਸਹਾਈਆ । ਰਾਜ ਰਾਜਾਨ, ਸਰਬ ਮਿਟ ਜਾਣ, ਸੀਸ ਤਾਜ ਨਾ ਕੋਈ ਰਖਾਈਆ । ਸਾਧ ਸੰਤ ਹੋਏ ਬੇਪਛਾਨ, ਮਾਇਆ ਜੇਵੜੀ ਗਲ ਵਿਚ ਪਾਈਆ । ਜੂਠ ਝੂਠ ਪੀਣ ਖਾਣ, ਕਾਮ ਕਰੋਧ ਲੋਭ ਮੋਹ ਹੰਕਾਰ ਵਿਕਾਰ ਜਗਤ ਤ੍ਰਿਸਨਾ ਇਕ ਵਧਾਈਆ । ਧਰਤ ਨਿਮਾਣੀ ਨਾ ਝੱਲੇ ਭਾਰ, ਪ੍ਰਭ ਦਰ ਦਵਾਰ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਏਕਾ ਸ਼ਬਦ ਰਿਹਾ ਉਠਾਈਆ । ਜੋਤ ਸਰੂਪੀ ਕਰ ਪਿਆਰ, ਆਦਿ ਸ਼ਕਤ ਵਿਚ ਸਮਾਈਆ । ਆਦਿ ਸ਼ਕਤ ਕਰ ਅਕਾਰ, ਲੋਕਮਾਤ ਫੇਰਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਵਿਚਾਰ, ਆਪ ਆਪਣਾ ਧਾਮ ਸੁਹਾਈਆ । ਪਾਰਬ੍ਰਹਮ ਤੇਰਾ ਭੇਖ ਨਿਆਰ, ਜੁਗ ਜੁਗ ਆਪਣੀ ਰਚਨ ਰਚਾਈਆ । ਕਲਜੁਗ ਤੇਰੀ ਕਾਲੀ ਧਾਰ, ਕਰਤਾ ਪੁਰਖ ਆਪ ਮਿਟਾਈਆ । ਪਰਗਟ ਹੋ ਅਧ ਵਿਚਕਾਰ, ਦਿਸ ਕਿਸੇ ਨਾ ਆਈਆ । ਕੋਟੀ ਕੋਟ ਫਿਰਦੇ ਦਸਮ ਦਵਾਰ, ਦਸਮ ਦਵਾਰਾ ਹੱਥ ਨਾ ਆਈਆ । ਕੋਟਨ ਕੋਟ ਚੋਟੀ ਚੜ੍ਹੇ ਪਰਬਤ ਢਹਿ ਢਹਿ ਡਿਗੇ ਡੂੰਘੀ ਗਾਰ, ਕਾਇਆ ਗਾਰ ਇਕ ਵਖਾਈਆ । ਕੋਟੀ ਕੋਟ ਹੋਏ ਸ਼ਾਹ ਸਵਾਰ, ਮਨ ਸ਼ਹਿਨਸ਼ਾਹ ਰਿਹਾ ਦੌੜਾਈਆ । ਕੋਟੀ ਕੋਟ ਰਹੇ ਪੁਕਾਰ, ਬੁਧ ਸੁਧ ਰਹਿਣ ਨਾ ਪਾਈਆ । ਕੋਟੀ ਕੋਟ ਮਰੇ ਵਿਚ ਸੰਸਾਰ, ਸਚ ਦਵਾਰ ਦਿਸ ਨਾ ਆਈਆ । ਕੋਟੀ ਕੋਟ ਕਰਨ ਪੁਕਾਰ, ਅੱਠੇ ਪਹਿਰ ਰਹੇ ਬਿਲਲਾਈਆ । ਕੋਟੀ ਕੋਟ ਲੱਭਣ ਮੀਤ ਮੁਰਾਰ, ਕਾਹਨਾ ਕ੍ਰਿਸ਼ਨਾ ਦਿਸ ਨਾ ਆਈਆ । ਕੋਟੀ ਕੋਟ ਰਹੇ ਚਿਤਾਰ, ਰਾਮਾ ਸੀਤਾ ਨਾਅਰਾ ਲਾਈਆ । ਕੋਟੀ ਕੋਟ ਕਰਨ ਅਹਾਰ, ਹਨਵੰਤਾ ਪਵਣ ਰੂਪ ਸਮਾਈਆ । ਕੋਟੀ ਕੋਟ ਰਹੇ ਕਰ ਜੈ ਜੈਕਾਰ, ਨਾਨਕ ਗੋਬਿੰਦ ਦਿਸ ਨਾ ਆਈਆ । ਕੋਟੀ ਕੋਟ ਰੋ ਰੋ ਰਹੇ ਧਾਹਾਂ ਮਾਰ, ਸੰਗ ਮੁਹੰਮਦ ਚਾਰ ਯਾਰ ਨਾ ਕੋਈ ਫੇਰਾ ਪਾਈਆ । ਕੋਟੀ ਕੋਟ ਹੋਏ ਖਵਾਰ, ਅੱਲਾ ਰਾਣੀ ਹੂ ਹੂ ਦਏ ਦੁਹਾਈਆ । ਤੂਹੀ ਤੂੰ ਇਕ ਕਰਤਾਰ, ਤੇਰੀ ਵਡ ਵਡਿਆਈਆ ।

ਸਤਿਗੁਰ ਸਾਚੇ ਸੁਣ ਪੁਕਾਰ, ਕਲਜੁਗ ਕਾਲੀ ਚੁੰਨੀ ਪਾਈਆ । ਧਰਤ ਮਾਤ ਦਏ ਸਹਾਰ, ਧਰਤ ਧਵਲ ਆਪ ਸੁਹਾਈਆ । ਆਪ ਆਪਣਾ ਕਰ ਆਕਾਰ, ਆਪ ਆਪਣਾ ਮੇਟ ਮਿਟਾਈਆ । ਪਰਗਟ ਹੋ ਵਿਚ ਸੰਸਾਰ, ਪ੍ਰਭ ਸਾਚੀ ਜੋਤ ਜਗਾਈਆ । ਛੱਬੀ ਪੋਹ ਦਿਵਸ ਵਿਚਾਰ, ਆਪਣਾ ਸੀਸ ਹਰਿ ਜਗਦੀਸ ਗੁਰ ਸੰਗਤ ਭੇਟ ਚੜ੍ਹਾਈਆ । ਭੇਵ ਨਾ ਪਾਇਣ ਰਾਗ ਛਤੀਸ, ਗੀਤਾ ਗਿਆਨ ਨਾ ਕੋਈ ਜਣਾਈਆ । ਖੇਲੇ ਖੇਲ ਬੀਸ ਇਕੀਸ, ਅਕਲ ਕਲਾ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਬਖ਼ਸ਼ੇ ਸਾਚਾ ਵਰ, ਗੁਰਚਰਨ ਸੱਚੀ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੇਵਣਹਾਰ ਜਗਤ ਵਡਿਆਈਆ ।

ਇਕ ਅਕੱਲਾ ਏਕੰਕਾਰ, ਕੋਟ ਬ੍ਰਹਿਮੰਡ ਸਮਾਇਆ । ਦੂਜੀ ਬੰਨੇ ਸ਼ਬਦ ਧਾਰ, ਚੰਡ ਪਰਚੰਡ ਵਖਾਇਆ । ਤੀਜੇ ਪਾਵੇ ਆਪੇ ਸਾਰ, ਤ੍ਰੈਲੋਕਾਂ ਵੇਖ ਵਖਾਇਆ । ਚੌਥੇ ਘਰ ਖੇਲ ਅਪਾਰ, ਹਰਿਜਨ ਸਾਚੇ ਲਏ ਮਿਲਾਇਆ । ਪੰਚਮ ਮੇਲਾ ਕੰਤ ਭਤਾਰ, ਨਾਰੀ ਕੰਤਾ ਆਪ ਅਖਵਾਇਆ । ਛੇਵੇਂ ਛੱਪਰ ਛੰਨ ਅਪਾਰ, ਮਹੱਲ ਅਟੱਲ ਆਪ ਸੁਹਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਉਜਿਆਰ, ਦੀਵਾ ਬੱਤੀ ਨਾ ਕੋਈ ਰਖਾਇਆ । ਅੱਠਵੇਂ ਅੱਠਾਂ ਤੱਤਾਂ ਵਸਿਆ ਬਾਹਰ, ਨਿਰਗੁਣ ਨਿਰਗੁਣ ਵਿਚ ਸਮਾਇਆ । ਨੌਵੇਂ ਨੌਂ ਦਰ ਖੋਲ੍ਹੇ ਜਗਤ ਕਿਵਾੜ, ਆਪ ਆਪਣਾ ਰਾਹ ਚਲਾਇਆ ।
੧੧ ਦੱਸਵੇਂ ਬੈਠਾ ਸਾਚਾ ਲਾੜ, ਰੰਗ ਬਸੰਤੀ ਇਕ ਰੰਗਾਇਆ । ਇਕ ਦਸ ਵੇਖੇ ਤੇਰੀ ਧਾਰ, ਦੋ ਦਸ ਲਏ ਜਗਾਇਆ । ਤ੍ਰੈ ਦਸ ਸਾਚੇ ਘੋੜੇ ੧੧
੦੨ ਦੇਵੇ ਚਾੜ੍ਹ, ਚਾਰ ਦਸ ਲਏ ਮਿਲਾਇਆ । ਚੌਦਾਂ ਚੌਦਸ ਕਰ ਵਿਚਾਰ, ਚੌਦਾਂ ਚੋਦਾਂ ਲੋਕ ਹਿਲਾਇਆ । ਚੌਦਾਂ ਖੇਲੇ ਖੇਲ ਅਪਾਰ, ਚੌਦਾਂ ੦੨
ਚੌਦਾਂ ਵਿਚ ਸਮਾਇਆ । ਚੌਦਾਂ ਬੋਲੇ ਇਕ ਜੈਕਾਰ, ਚੌਦਾਂ ਸਾਚਾ ਨਾਅਰਾ ਲਾਇਆ । ਚੌਦਾਂ ਖੰਡਾਂ ਏਕਾ ਧਾਰ, ਚੌਦਾਂ ਵਿਚ ਬ੍ਰਹਿਮੰਡ ਜਗਾਇਆ । ਚੌਦਾਂ ਜੇਰਜ ਅੰਡਾਂ ਪਾਵੇ ਸਾਰ, ਚੌਦਾਂ ਉਤਭੁਜ ਸੇਤਜ ਵੇਖ ਵਖਾਇਆ । ਚੌਦਾਂ ਭੇਖ ਪਖੰਡਾ ਦਏ ਨਿਵਾਰ, ਚੌਦਾਂ ਡੰਡਾ ਏਕਾ ਲਾਇਆ । ਚੌਦਾਂ ਕੰਢਾ ਪਾਰ ਕਿਨਾਰ, ਚੌਦਾਂ ਵੇਲਾ ਅੰਤਮ ਆਇਆ । ਚੌਦਾਂ ਰੰਡਾ ਸਰਬ ਸੰਸਾਰ, ਚੌਦਾਂ ਕੰਤ ਨਾ ਕੋਈ ਹੰਢਾਇਆ । ਚੌਦਾਂ ਵੰਡਾਂ ਵਿਚ ਸੰਸਾਰ, ਚੌਦਾਂ ਆਪਣੀ ਰਿਹਾ ਵੰਡਾਇਆ । ਚੌਦਾਂ ਚੌਦਾਂ ਇਕ ਪਿਆਰ, ਚੌਦਾਂ ਗੁਰਮੁਖ ਰਿਹਾ ਕਮਾਇਆ । ਆਪ ਆਪਣਾ ਖੇਲ ਅਪਾਰ, ਪ੍ਰਭ ਸਾਚੇ ਆਪ ਰਚਾਇਆ । ਪੰਜ ਦੱਸ ਤੇਰਾ ਇਕ ਪਿਆਰ, ਪੰਜ ਦਸ ਵਿਚ ਸਮਾਇਆ । ਛੇ ਦਸ ਤੇਰਾ ਕਰ ਸ਼ੰਗਾਰ, ਏਕਾ ਬਸਤਰ ਤਨ ਛੁਹਾਇਆ । ਸੱਤ ਦਸ ਤੇਰਾ ਨਾਮ ਅਧਾਰ, ਪ੍ਰਭ ਸਾਚੇ ਇਕ ਜਣਾਇਆ । ਅਠ ਦਸ ਖੋਲ੍ਹ ਦਵਾਰ, ਦਸ ਅਠ ਮੇਲ ਮਿਲਾਇਆ । ਨੌਂ ਦਸ ਕਰੇ ਪਸਾਰ, ਨੌਂ ਦਸ ਤੇਰਾ ਰੋ ਰੋ ਨੀਰ ਵਹਾਇਆ । ਦਸ ਦਸ ਬੀਸ ਹਰਿ ਜਗਦੀਸ ਕਰੇ ਖੇਲ ਅਪਾਰ, ਛਤਰ ਸੀਸ ਇਕ ਝੁਲਾਇਆ । ਰਾਗ ਛਤੀਸ ਨਾ ਪਾਏ ਸਾਰ, ਵੇਦ ਪੁਰਾਨ ਨਾ ਕੋਈ ਗਾਇਆ । ਅੰਜੀਲ ਕੁਰਾਨ ਗਈ ਹਾਰ, ਚਾਰੋਂ ਕੁੰਟ ਰਹੀ ਕੁਰਲਾਇਆ । ਸਾਧ ਸੰਤ ਕਰਨ ਵਿਚਾਰ, ਜੀਵ ਜੰਤ ਹੋਏ ਧਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਸਦ ਚੌਦਾਂ ਚੌਦਾਂ ਵੇਖ ਵਖਾਇਆ । ਬੀਸ ਸਦ ਹਰਿ ਜਗਦੀਸਾ, ਆਪਣੀ ਕਲ ਵਰਤਾਇੰਦਾ । ਵੇਖ ਵਖਾਏ ਮੂਸਾ ਈਸਾ, ਸ਼ਾਹ ਅਬਨੂਸਾ ਸੰਗ ਰਲਾਇੰਦਾ । ਏਕਾ ਸ਼ਬਦ ਇਕ ਹਦੀਸਾ, ਏਕਾ

ਅੱਖਰ ਜਾਪ ਜਪਾਇੰਦਾ । ਅੱਲਾ ਰਾਣੀ ਵਿਚ ਉਨੀਸਾ, ਆਪ ਆਪਣੇ ਵਿਚ ਟਿਕਾਇੰਦਾ । ਅੱਠ ਅਠਾਰਾਂ ਪੀਸਣ ਪੀਸਾ, ਤ੍ਰੈਗੁਣ ਬੇੜਾ ਆਪ ਰੁੜਾਇੰਦਾ । ਸੱਤ ਸਤਾਰਾਂ ਖਾਲੀ ਖੀਸਾ, ਰਾਜ ਰਾਜਾਨ ਨਾ ਕੋਈ ਦਸਾਇੰਦਾ । ਸੋਲਾਂ ਸੋਲਾਂ ਤੇਰੀ ਕੋਈ ਨਾ ਕਰੇ ਰੀਸਾ, ਸੋਲਾਂ ਸ਼ੰਗਾਰ ਨਾ ਤਨ ਕੋਈ ਹੰਢਾਇੰਦਾ । ਪੰਦਰਾਂ ਪੰਦਰਾਂ ਜੋਗ ਜਤੀ ਕਾ, ਹਰਿ ਜਾਗਰਤ ਜੋਤ ਜਗਾਇੰਦਾ । ਚੌਦਾਂ ਚੌਦਾਂ ਦੰਦ ਬਤੀਸਾ, ਦਰ ਹਰਿ ਸਾਚਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਸਦ ਚੌਦਾਂ ਤੇਰੀ ਧਾਰ ਬੰਧਾਇੰਦਾ । ਤੇਰੀ ਧਾਰਾ ਏਕੰਕਾਰ, ਏਕਾ ਏਕ ਰਖਾਈਆ । ਵੱਜਿਆ ਢੋਲ ਹਰਿ ਦਵਾਰ, ਲੋਕਮਾਤ ਕਰੇ ਕੁੜਮਾਈਆ । ਤੀਜੇ ਘਰ ਵੇਖ ਪਾਵੇ ਸਾਰ, ਹਰਿ ਲੋਚਣ ਇਕ ਖੁਲ੍ਹਾਈਆ । ਚੌਥਾ ਘਰ ਅਪਰ ਅਪਾਰ, ਪੰਚਮ ਮੇਲਾ ਸਹਿਜ ਸੁਭਾਈਆ । ਛੇਵਾਂ ਰੰਗ ਰੰਗੇ ਕਰਤਾਰ, ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾਈਆ । ਅੱਠ ਅੱਠ ਕਰ ਏਕਾ ਕਾਰ, ਹਰਿ ਕਾਇਆ ਚੜ੍ਹੇ ਚੜ੍ਹਾਈਆ । ਨੌਂ ਦਰ ਮੇਲਾ ਜਗਤ ਅਪਾਰ, ਲੱਖ ਚੁਰਾਸੀ ਰਿਹਾ ਤਰਾਈਆ । ਦਰ ਘਰ ਸਾਚਾ ਇਕ ਪਿਆਰ, ਦਸਵੇਂ ਆਪ ਜਣਾਈਆ । ਆਪ ਆਪਣੀ ਪਾਵੇ ਸਾਰ, ਨਾ ਕੋਈ ਬੂਝ ਬੁਝਾਈਆ । ਸਾਧ ਸੰਤ ਚੜ੍ਹ ਚੜ੍ਹ ਥੱਕੇ ਕੋਈ ਨਾ ਵੇਖੇ ਮਹੱਲ ਅਟਾਰ, ਨਾ ਕੋਈ ਕੁੰਡਾ ਲਾਹੀਆ । ਨੇਤਰ ਨੀਰ ਵਹਾਵਨ ਜ਼ਾਰੋ ਜ਼ਾਰ, ਅੱਠੇ ਪਹਿਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਸਵਾਂ ਬੂਝ ਬੁਝਾਈਆ । ਦਸਵੇਂ ਘਰ ਹਰਿ ਨਿਰੰਕਾਰ, ਆਪਣੀ ਜੋਤ ਜਗਾਈਆ । ਰੂਪ ਅਗੰਮ ਅਪਰ ਅਪਾਰ, ਲਿਖਿਆ ਲੇਖ ਨਾ ਕੋਈ ਮਿਟਾਈਆ । ਸੋਲਾਂ ਕਰ ਤਨ ਸ਼ਿੰਗਾਰ, ਸਚ ਸਿੰਘਾਸਣ ਆਸਣ ਲਾਈਆ । ਦਸ ਪੰਜ ਇਕ ਪਿਆਰ, ਪੰਦਰਾਂ ਮੁਖ ਰਖਾਈਆ । ਚੌਦਾਂ ਹੱਟ ਵਣਜ ਵਪਾਰ, ਹਰਿ ਸਾਚਾ ਆਪ ਕਰਾਈਆ । ਤੀਰਥ ਤੇਰਾਂ ਤੇਰਾ ਤਟ, ਨਾਨਕ ਰਸਨਾ ਗਿਆ ਗਾਈਆ । ਬਾਰਾਂ ਬਾਰਾਂ ਕਰ ਪਰਕਾਸ਼ਨ ਘਟ ਘਟ, ਤੇਜ਼ ਭਾਨ ਆਪ ਕਰਾਈਆ । ਗਿਆਰਾ ਜੋਤੀ ਲਟ ਲਟ, ਰਾਹ ਆਪਣਾ ਆਪ ਜਣਾਈਆ । ਦਸਵੇਂ ਬੈਠਾ ਹਰਿ ਸਮਰਥ, ਆਪ ਆਪਣਾ ਰੂਪ ਵਟਾਈਆ । ਨੌਂ ਦਵਾਰੇ ਰਿਹਾ ਮੱਥ, ਅੱਠਵੇਂ ਜੁਗਤ ਜਣਾਈਆ । ਸੱਤਵੇਂ ਦਿਸੇ ਨਾ ਕੋਈ ਰੱਤ, ਛੇਵੇ ਛੰਨ ਨਾ ਕੋਈ ਛੁਹਾਈਆ । ਪੰਚਮ ਜਾਣੇ ਮਿਤ ਗਤ, ਚੌਥੇ ਘਰ ਮਿਲੇ ਵਡਿਆਈਆ । ਤੀਜੇ ਘਰ ਏਕਾ ਰਥ, ਸ਼ਬਦ ਬਿਬਾਣਾ ਆਪ ਚਲਾਈਆ । ਦੋ ਜਹਾਨੀ ਕਹਾਣੀ ਅਕੱਥ, ਆਪ ਆਪਣੀ ਰਿਹਾ ਚਲਾਈਆ । ਇਕ ਕਿਨਾਰਾ ਹਰਿ ਦਵਾਰਾ ਘਰ ਅਲੱਖ ਜਾਏ ਢੱਠ, ਮਿਲੇ ਸਚ ਸੱਚੀ ਸਰਨਾਈਆ । ਸੋਲਾਂ ਦਸ ਕਰ ਅਕੱਠ, ਪ੍ਰਭ ਦੋਹਾਂ ਜੋੜ ਜੁੜਾਈਆ । ਛੱਬੀ, ਛੱਬੀ ਪੋਹ ਆਇਆ ਨੱਠ ਨੱਠ, ਲੋਕਮਾਤ ਵੱਜੀ ਵਧਾਈਆ । ਵਿਸ਼ਨੂੰ ਛੱਡਿਆ ਆਪਣਾ ਹਠ, ਆਪ ਆਪਣੀ ਲਏ ਅੰਗੜਾਈਆ । ਪੁਰੀ ਬ੍ਰਹਮ ਵੇਖੇ ਜਾਏ ਢੱਠ, ਥਿਰ ਰਹਿਣ ਨਾ ਪਾਈਆ । ਸ਼ਿਵ ਸ਼ੰਕਰ ਖੋਲ੍ਹੇ ਆਪਣੀ ਕੰਠ, ਏਕਾ ਰਤਨ ਬਾਹਰ ਕਢਾਈਆ । ਇੰਦ ਇੰਦਰਾਸਨ ਲੱਗੀ ਅਗਨੀ ਮੱਠ, ਪ੍ਰਭ ਏਕਾ ਲੰਬੂ ਲਾਈਆ । ਤ੍ਰੈਲੋਕ ਪ੍ਰਭ ਵੇਖੇ ਹਰਿ ਸਮਰਥ, ਨਾ ਕੋਈ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੋਹ ਛੱਬੀ ਲੇਖ ਲਿਖਾਈਆ । ਛੱਬੀ ਪੋਹ ਜੋਤ ਜਗਾ, ਲੋਕਮਾਤ ਤਜਾਇਆ । ਪਾਰਬ੍ਰਹਮ ਵਿਚ ਸਮਾ, ਨੂਰੋ ਨੂਰ ਉਪਾਇਆ । ਆਪ ਆਪਣਾ ਭੇਖ ਵਟਾ, ਲੇਖਾ ਆਪਣਾ ਰਿਹਾ ਲਿਖਾਇਆ । ਆਪ ਆਪਣਾ ਵੇਖ ਵਖਾ, ਵੇਖਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੋਹ ਛੱਬੀ ਦਿਵਸ ਸੁਹਾਇਆ । ਛੱਬੀ ਪੋਹ

ਸਚ ਦਿਹਾੜਾ, ਘਰ ਸਾਚੇ ਜੋਤ ਜਗਾਈਆ । ਧੁਰਦਰਗਾਹੀ ਸਾਚਾ ਲਾੜਾ, ਲੋਕਮਾਤ ਕਰੇ ਕੁੜਮਾਈਆ । ਲੱਖ ਚੁਰਾਸੀ ਲੁੱਟ ਜਾਏ ਦਿਨ ਦਿਹਾੜਾ, ਦਿਸ ਕਿਸੇ ਨਾ ਆਈਆ । ਸ਼ਬਦ ਉਠਾਏ ਅਗੰਮੀ ਧਾੜਾ, ਧਾਰ ਆਪਣੇ ਹੱਥ ਰਖਾਈਆ । ਨੌਂ ਖੰਡ ਪ੍ਰਿਥਮੀ ਤੇਰਾ ਇਕ ਅਖਾੜਾ, ਸੱਤਾਂ ਦੀਪਾਂ ਸੰਗ ਰਲਾਈਆ । ਲੱਖ ਚੁਰਾਸੀ ਵੇਖੇ ਪਰਖੇ ਚੰਗਾ ਮਾੜਾ, ਲੁਕਿਆ ਕੋਈ ਰਹਿਣ ਨਾ ਪਾਈਆ । ਆਪੇ ਫਿਰੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਫੇਰਾ ਪਾਈਆ । ਮਨਮੁਖ ਜੀਵਾਂ ਮਗਰ ਲਗਾਏ ਪੰਚਮ ਧਾੜਾ, ਨਾ ਕੋਈ ਸਕੇ ਮਾਤ ਬਚਾਈਆ । ਲੱਗੇ ਅੱਗ ਬਹੱਤਰ ਨਾੜਾ, ਅੱਠੇ ਪਹਿਰ ਰਿਹਾ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਗਨ ਆਪ ਮਨਾਈਆ । ਛੱਬੀ ਪੋਹ ਸੰਮਤ ਚੌਦਾਂ ਬੀਸ ਸਦ, ਹਰਿ ਸਾਚਾ ਰਚਨ ਰਚਾਇੰਦਾ । ਸ਼ਬਦ ਵਜਾਏ ਸਾਚਾ ਨਦ, ਲੋਆਂ ਪੁਰੀਆਂ ਆਪ ਸੁਣਾਇੰਦਾ । ਆਪ ਉਪਾਏ ਆਪਣਾ ਪਦ, ਗੁਰਮੁਖ ਸਾਚੇ ਵੇਖ ਵਖਾਇੰਦਾ । ਅੰਮ੍ਰਿਤ ਆਤਮ ਪਿਆਏ ਸਾਚੀ ਮਦ, ਏਕਾ ਜਾਮ ਰਖਾਇੰਦਾ । ਨੌਂ ਦਵਾਰੇ ਪਾਰ ਹੱਦ, ਘਰ ਦਸਵੇਂ ਮੇਲ ਮਿਲਾਇੰਦਾ । ਛੱਬੀ ਪੋਹ ਹਰਿਸੰਗਤ ਪ੍ਰਭ ਸਾਚਾ ਸਦ, ਸਚ ਸਿੰਘਾਸਣ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਧਾਰਾ ਆਪ ਸੁਹਾਇੰਦਾ । ਸ਼ਬਦ ਸਿੰਘਾਸਣ ਕਰ ਤਿਆਰ, ਹਰਿ ਸਾਚੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਵੇਦ ਕਤੇਬ ਭੇਵ ਨਾ ਰਾਈਆ । ਅਗਾਧ ਬੋਧ ਹਰਿ ਲੇਖ ਲਿਖਾਰ, ਆਪਣੇ ਹੱਥ ਰੱਖੀ ਵਡਿਆਈਆ । ਊਚੋ ਊਚ ਊਚ ਕਰਤਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਹੱਡ ਮਾਸ ਨਾੜੀ ਚਮੜੇ ਵਸਿਆ ਬਾਹਰ, ਮਾਤਾ ਪਿਤਾ ਨਾ ਕੋਈ ਉਪਾਈਆ । ਮੁੱਛ ਦਾੜ੍ਹੀ ਨਾ ਕੇਸ ਦਿਸੇ ਵਿਚ ਸੰਸਾਰ, ਨਾ ਕੋਈ ਮੂੰਡ ਮੁੰਡਾਈਆ । ਰੱਤੀ ਰੱਤ ਨਾ ਲਏ ਅਧਾਰ, ਰਕਤ ਬੂੰਦ ਨਾ ਕੋਈ ਰਖਾਈਆ । ਰਾਗ ਛਤੀਸ ਨਾ ਪਾਏ ਸਾਰ, ਨਾ ਕੋਈ ਲੇਖ ਲਿਖਾਈਆ । ਚਾਰ ਵੇਦ ਹੋਏ ਹੈਰਾਨ, ਅਠਾਰਾਂ ਪੁਰਾਨ ਦੇਣ ਦੁਹਾਈਆ । ਅੰਜੀਲ ਕੁਰਾਨ ਸਰਬ ਪਛਤਾਇਨ, ਪ੍ਰਭ ਅਬਿਨਾਸ਼ੀ ਭੇਵ ਨਾ ਪਾਈਆ । ਪਾਰਬ੍ਰਹਮ ਹਰਿ ਸ਼ਾਹੋ ਸ਼ਬਾਸ਼, ਦੋ ਜਹਾਨਾਂ ਆਪ ਅਖਵਾਈਆ । ਏਕਾ ਸ਼ਬਦ ਏਕਾ ਆਣ, ਇਕ ਭਗਵਾਨ ਰਿਹਾ ਰਖਾਈਆ । ਏਕਾ ਚਿੱਲਾ ਤੀਰ ਕਮਾਨ, ਆਪ ਆਪਣਾ ਰਿਹਾ ਉਠਾਈਆ । ਛੱਬੀ ਪੋਹ ਦਿਵਸ ਮਹਾਨ, ਹਰਿ ਸਾਚੇ ਜੋਤ ਜਗਾਈਆ । ਕਲਜੁਗ ਜੀਵ ਸਰਬ ਪਛਤਾਣ, ਵੇਲਾ ਗਿਆ ਹੱਥ ਨਾ ਆਈਆ । ਨਾਨਕ ਪਾਇਆ ਪਦ ਨਿਰਬਾਨ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਦਰ ਦਰਵੇਸ਼ਾ ਅਲੱਖ ਜਗਾਈਆ । ਏਕਾ ਦੇਵੇ ਸੱਚਾ ਦਾਨ, ਨਾਮ ਸੱਤ ਵਸਤ ਝੋਲੀ ਪਾਈਆ । ਗੁਰ ਗੋਬਿੰਦ ਏਕਾ ਗਿਆਨ, ਏਕਾ ਮੰਤਰ ਰਿਹਾ ਦ੍ਰਿੜਾਈਆ । ਚਰਨ ਕਵਲ ਬਖ਼ਸ਼ੇ ਮਿਹਰਵਾਨ, ਮਿਹਰਵਾਨ ਆਪ ਅਖਵਾਈਆ । ਕਲਗੀ ਤੋੜਾ ਸੀਸ ਮਹਾਨ, ਧੁਰ ਨਿਸ਼ਾਨ ਆਪ ਟਿਕਾਈਆ । ਮੰਗੇ ਮੰਗ ਵਰ ਵਾਲੀ ਦੋ ਜਹਾਨ, ਆਪ ਆਪਣੀ ਝੋਲੀ ਡਾਹੀਆ । ਪ੍ਰਭ ਅਬਿਨਾਸ਼ੀ ਕਰ ਪਰਵਾਸਾ, ਸੀਸ ਆਪਣਾ ਹੱਥ ਟਿਕਾਈਆ । ਕਲਜੁਗ ਵੇਲੇ ਅੰਤਮ ਕਰੇ ਪਰਕਾਸ਼ਾ, ਤੇਰਾ ਲੇਖਾ ਲੇਖੇ ਲਾਈਆ । ਚਾਰ ਵਰਨ ਇਕ ਜਪਾਏ ਨਾਮ, ਹੱਡ ਮਾਸ ਨਾੜੀ ਲੇਖੇ ਲਾਈਆ । ਧੁਰਦਰਗਾਹੀ ਅੰਮ੍ਰਿਤ ਪਿਆਏ ਪ੍ਰਭ ਸਾਚਾ ਜਾਮ, ਪੰਚਮ ਰੂਪ ਸਮਾਈਆ । ਪੰਚਮ ਜੋਧਾ ਸੂਰਬੀਰ ਬਲੀ ਬਲਵਾਨ, ਸ਼ਬਦ ਖੰਡਾ ਇਕ ਚਮਕਾਈਆ । ਵੇਖ ਵਖਾਏ ਜੀਵ ਜੰਤ ਜਹਾਨ, ਸਾਧ ਸੰਤ ਵੇਖ ਵਖਾਈਆ । ਦਰ ਦਰ ਫਿਰਾਏ ਰਾਜ ਰਾਜਾਨ, ਸੀਸ ਤਾਜ ਨਾ ਕੋਈ ਟਿਕਾਈਆ । ਲਿਖੇ ਲੇਖ ਹਰਿ ਭਗਵਾਨ,

ਨਾ ਕੋਈ ਮੇਟੇ ਮੇਟ ਮਿਟਾਈਆ । ਜੋਧਾ ਸੂਰ ਬਲੀ ਬਲਵਾਨ, ਬਾਵਨ ਭੇਖਾ ਆਪ ਵਟਾਈਆ । ਨਾ ਕੁਛ ਖਾਣ ਪੀਣ ਨਾ ਪਕਵਾਨ, ਦੀਨ ਈਮਾਨ ਨਾ ਕੋਈ ਰਖਾਈਆ । ਹਿੰਦੂ ਸਿਖ ਮੁਸਲਮ ਈਸਾਈ ਨਾ ਕੋਈ ਕਰੇ ਪਛਾਨ, ਨੇਤਰ ਨੈਣ ਨਾ ਕੋਈ ਦਰਸਾਈਆ । ਗੁਰ ਦਰ ਮੰਦਰ ਮਸਜਿਦ ਮੱਠ ਹੋਏ ਵੈਰਾਨ, ਪ੍ਰਭ ਸਾਚੇ ਨਾ ਜੋਤ ਜਗਾਈਆ । ਪੜ੍ਹ ਪੜ੍ਹ ਥੱਕੇ ਵਡ ਵਿਦਵਾਨ, ਗਿਆਨ ਧਿਆਨ ਪਈ ਲੜਾਈਆ । ਅਠ ਸਠ ਕਰ ਕਰ ਥੱਕੇ ਜੀਵ ਅਸ਼ਨਾਨ, ਦੁਰਮਤ ਮੈਲ ਨਾ ਕੋਈ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਬੀਸ ਸਦ ਸ਼ਬਦ ਚਲਾਏ ਇਕ ਹਦੀਸ, ਸੰਤ ਸੁਹੇਲੇ ਸਾਚੇ ਸਦ ਆਤਮ ਦਰ ਦਏ ਵਧਾਈਆ ।

ਆਤਮ ਦਰ ਸਚ ਵਧਾਈ, ਹਰਿ ਹਰਿ ਸਾਚਾ ਪਾਇਆ । ਛੱਬੀ ਪੋਹ ਕਰੇ ਕੁੜਮਾਈ, ਜੋ ਜਨ ਦਵਾਰੇ ਆਇਆ । ਜੋਤ ਨਿਰੰਜਣ ਵੱਜੀ ਵਧਾਈ, ਲੇਖਾ ਆਪਣੇ ਹੱਥ ਰਖਾਇਆ । ਸਾਚਾ ਸਗਨ ਰਿਹਾ ਮਨਾਈ, ਆਪ ਆਪਣਾ ਦਿਵਸ ਸੁਹਾਇਆ । ਬਸਤਰ ਭੂਸ਼ਨ ਗਹਿਣਾ ਤਨ ਛੁਹਾਈ, ਨਾਮ ਰੰਗੀਲਾ ਪਲੰਘ ਵਿਛਾਇਆ । ਉਪਰ ਦੇਵੇ ਲੇਫ਼ ਤਲਾਈ, ਇਕ ਕਬੀਰਾ ਸੰਗ ਰਲਾਇਆ । ਦੋ ਜਹਾਨਾਂ ਮਿਟੇ ਲੜਾਈ, ਪੰਜ ਤਤ ਨੇੜ ਨਾ ਆਇਆ । ਸਾਚੇ ਰਥ ਰਿਹਾ ਚੜ੍ਹਾਈ, ਰਥ ਰਥਵਾਹੀ ਆਪ ਅਖਵਾਇਆ । ਫੜ ਫੜ ਬਾਂਹੋਂ ਪਾਰ ਕਰਾਈ, ਅਧਵਿਚਕਾਰ ਨਾ ਕੋਈ ਰਖਾਇਆ । ਚਰਨ ਸਰਨ ਹਰਿ ਜੋੜ ਜੁੜਾਈ, ਜੋਤੀ ਜੋੜਾ ਵੇਖ ਵਖਾਇਆ । ਸ਼ਬਦ ਘੋੜਾ ਰਿਹਾ ਦੌੜਾਈ, ਦਿਸ ਕਿਸੇ ਨਾ ਆਇਆ । ਸੋਲਾਂ ਕਲੀਆਂ ਆਸਣ ਪਾਈ, ਏਕਾ ਨਾਮ ਤੰਗ ਕਸਾਇਆ । ਸ਼ਾਹ ਅਸਵਾਰ ਬੈਠਾ ਚਾਈਂ ਚਾਈ, ਨੀਲਾ ਨੀਲੀ ਧਾਰੋਂ ਬਾਹਰ ਕਢਾਇਆ । ਪਾਰਬ੍ਰਹਮ ਮੇਲਾ ਗੋਬਿੰਦ ਸਾਚਾ ਮਾਹੀ, ਵਿਛੜ ਕਦੇ ਨਾ ਜਾਇਆ । ਵੇਖ ਵਖਾਏ ਥਾਉਂ ਥਾਈਂ, ਸੰਮਤ ਚੌਦਾਂ ਰੁੱਤ ਸੁਹਾਇਆ । ਏਕਾ ਇਕੀ ਆਪ ਆਪਣੀ ਪਾਈ, ਸਾਚੀ ਸਿਖੀ ਰਿਹਾ ਉਪਾਇਆ । ਧਾਰਾ ਤਿਖੀ ਇਕ ਵਖਾਈ, ਸੋਹੰ ਖੰਡਾ ਹੱਥ ਉਠਾਇਆ । ਸੀਸ ਧੜ ਕੋਈ ਦਿਸੇ ਨਾਹੀ, ਖੰਡ ਖੰਡ ਆਪ ਵਖਾਇਆ । ਚੋਟੀ ਜੜ੍ਹ ਹਰਿ ਲਏ ਫੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਸੁਹਾਇਆ । ਸਚ ਦਵਾਰਾ ਸਚ ਦਿਵਸ ਸਚ ਦਰਵਾਜਾ, ਹਰਿ ਸਾਚੀ ਜੋਤ ਜਗਾਈਆ । ਪਹਿਲੇ ਘਰ ਗ਼ਰੀਬ ਨਿਵਾਜਾ, ਸਚ ਨਿਸ਼ਾਨਾ ਰਿਹਾ ਵਖਾਈਆ । ਦੂਜੇ ਦਰ ਚਿੱਟਾ ਅਸਵ ਤਾਜਾ, ਪ੍ਰਭ ਸਾਚਾ ਰਿਹਾ ਦੌੜਾਈਆ । ਤੀਜੇ ਮੇਲ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਚੌਥੇ ਘਰ ਸਾਜਨ ਸਾਜਾ, ਸੰਤ ਸੁਹੇਲੇ ਲਏ ਮਿਲਾਈਆ । ਪੰਚਮ ਵੱਜੇ ਅਨਹਦ ਵਾਜਾ, ਪੁਰਖ ਅਬਿਨਾਸ਼ਨ ਸਚ ਸਿੰਘਾਸਣ ਬੈਠਾ ਰਿਹਾ ਵਜਾਈਆ । ਛੇਵੇਂ ਘਰ ਮਾਰੇ ਵਾਜਾਂ, ਗੁਰਮੁਖ ਸੋਏ ਰਿਹਾ ਜਗਾਈਆ । ਸੱਤਵੇਂ ਦੇਵੇ ਸਾਚਾ ਦਾਜਾ, ਸੋਹੰ ਪੱਲੂ ਦਾਤ ਬੰਧਾਈਆ । ਅੱਠਵੇਂ ਮੇਲਾ ਰਾਜਨ ਰਾਜਾ, ਸ਼ਾਹੋ ਭੂਪ ਆਪ ਅਖਵਾਈਆ । ਨੌਂ ਦਰ ਰਚਿਆ ਜਗਤ ਕਾਜਾ, ਲੱਖ ਚੁਰਾਸੀ ਭਰਮ ਭੁਲਾਈਆ । ਦਸਵੇਂ ਘਰ ਦੇਸ ਮਾਝਾ, ਸ਼ਬਦ ਸਿੰਘਾਸਣ ਇਕ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੱਬੀ ਪੋਹ ਦੇਵੇ ਵਡਿਆਈਆ । ਸਾਚੇ ਘਰ ਆਸਣ ਲਾ, ਹਰਿ ਆਪਣੀ ਰਚਨ ਰਚਾਈਆ । ਸੰਬਲ ਨਗਰੀ ਧਾਮ ਸੁਹਾ, ਗੁਰ ਗੋਬਿੰਦ ਰਿਹਾ ਜਗਾਈਆ । ਗੁਰ ਗੋਬਿੰਦ ਮੇਲ ਮਿਲਾ, ਆਪ ਆਪਣਾ ਸ਼ਬਦ

ਉਪਾਈਆ । ਜੋਤੀ ਨਿਰਮਲ ਇਕ ਜਗਾ, ਏਕਾ ਰੰਗ ਰੰਗਾਈਆ । ਤਾਲ ਤਲਵਾੜਾ ਰਿਹਾ ਵਜਾ, ਦਿਸ ਕਿਸੇ ਨਾ ਆਈਆ । ਸ਼ਬਦ ਅਖਾੜਾ ਰਿਹਾ ਲਗਾ, ਲੋਆਂ ਪੁਰੀਆਂ ਕਰੇ ਲੜਾਈਆ । ਨਾਮ ਖੰਡਾ ਰਿਹਾ ਚਮਕਾ, ਦਹਿ ਦਿਸ਼ਾ ਵੇਖ ਵਖਾਈਆ । ਚਾਰੇ ਕੁੰਟਾ ਲਏ ਹਿਲਾ, ਆਪ ਆਪਣੇ ਹੱਥ ਰੱਖੇ ਵਡਿਆਈਆ । ਪੁਰੀਆਂ ਲੋਆਂ ਦਏ ਹਿਲਾ, ਭੇਵ ਨਾ ਕੋਈ ਪਾਈਆ । ਚੌਦਾਂ ਤਬਕਾਂ ਮੇਟ ਮਿਟਾ, ਆਪ ਆਪਣਾ ਵੇਖ ਵਖਾਈਆ । ਤ੍ਰੈਲੋਕੀ ਨਾਥ ਹਰਿ ਆਪ ਅਖਵਾ, ਤ੍ਰੈਲੋਕਾਂ ਮੇਟੇ ਸ਼ਾਹੀਆ । ਨੌਂ ਖੰਡ ਹਰਿ ਡੰਕ ਵਜਾ, ਲੱਖ ਚੁਰਾਸੀ ਰਿਹਾ ਜਗਾਈਆ । ਸੱਤਾਂ ਦੀਪਾਂ ਰਿਹਾ ਸੁਣਾ, ਕਲਜੁਗ ਵੇਲਾ ਅੰਤਮ ਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਦਿ ਸ਼ਕਤ ਆਦਿ ਭਵਾਨੀ ਜੋਤ ਨਿਰੰਜਣ ਮੇਲ ਮਿਲਾਈਆ । ਗੁਰਮੁਖ ਹੰਸ ਬਣਾਏ ਫੜ ਫੜ ਕਾਂ, ਅੰਮ੍ਰਿਤ ਆਤਮ ਸੀਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਦਿਵਸ ਦਏ ਵਧਾਈਆ । ਸਾਚੇ ਦਿਵਸ ਮਿਲੀ ਵਡਿਆਈ, ਬ੍ਰਹਮਾ ਰਸਨਾ ਗਾਇਆ । ਪਾਰਬ੍ਰਹਮ ਤੇਰੀ ਸਰਨਾਈ, ਵੇਲਾ ਅੰਤਮ ਆਇਆ । ਸਾਚੇ ਘਰ ਹੋਏ ਜੁਦਾਈ, ਭੇਵ ਨਾ ਕਿਸੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰੀ ਅਗੰਮ ਸ਼ਬਦ ਅਗੰਮ ਆਪਣਾ ਆਪ ਅਲਾਇਆ । ਅਗੰਮ ਅਥਾਹ ਬੇਪਰਵਾਹ, ਏਕਾ ਸ਼ਬਦ ਜਣਾਇੰਦਾ । ਸ਼ਬਦੀ ਸ਼ਬਦ ਬਣ ਮਲਾਹ, ਸ਼ਬਦੀ ਸ਼ਬਦ ਸੰਗ ਮਿਲਾਇੰਦਾ । ਸ਼ਬਦੀ ਸ਼ਬਦ ਸੁਣਾਏ ਏਕਾ ਨਾਂ, ਆਪ ਆਪਣਾ ਨਾਉਂ ਦ੍ਰਿੜਾਇੰਦਾ । ਸੋਹੰ ਸੋ ਵੇਖ ਵਖਾ, ਸੋ ਪੁਰਖ ਨਿਰੰਜਣ ਦਰ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਬੂਝ ਬੁਝਾਏ ਹਰਿ ਭਗਵਾਨਾ, ਆਪਣੀ ਕਲ ਵਰਤਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਚੌਦਾਂ ਲੋਕਾਂ ਰਿਹਾ ਸੁਣਾਈਆ । ਚੌਦਾਂ ਲੋਕਾਂ ਇਕ ਗਿਆਨਾ, ਏਕਾ ਧੁਨ ਉਪਜਾਈਆ । ਏਕਾ ਮੰਡਲ ਏਕਾ ਰਾਸ ਏਕਾ ਗੋਪੀ ਏਕਾ ਕਾਹਨਾ, ਏਕਾ ਖੇਲ ਖਿਲਾਈਆ । ਏਕਾ ਰਾਗ ਏਕਾ ਸ਼ਬਦ ਇਕ ਤਰਾਨਾ, ਏਕਾ ਸੁਰ ਤਾਲ ਹਿਲਾਈਆ । ਏਕਾ ਜੋਧਾ ਸੂਰਬੀਰ ਬਲੀ ਬਲਵਾਨਾ, ਏਕਾ ਗਾਨਾ ਹੱਥ ਬੰਧਾਈਆ । ਏਕਾ ਚਿੱਲਾ ਤੀਰ ਕਮਾਨਾ, ਏਕਾ ਆਪਣੀ ਰਸਨਾ ਕਮੰਦ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਉਜਿਆਰ, ਆਪਣਾ ਆਪ ਕਰਾਇਆ । ਛੱਬੀ ਪੋਹ ਦਿਵਸ ਵਿਚਾਰ, ਆਪ ਆਪਣਾ ਭੇਖ ਵਟਾਇਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾ ਕੋਈ ਆਧਾਰ, ਮਨ ਮਤ ਬੁਧ ਨਾ ਕੋਈ ਧਰਾਇਆ । ਨਿਰਗੁਣ ਸਰਗੁਣ ਖੇਲ ਅਪਾਰ, ਨਿਰਗੁਣ ਸਰਗੁਣ ਵਿਚ ਸਮਾਇਆ । ਨਿਰਗੁਣ ਜੋਤੀ ਹਰਿ ਕਰਤਾਰ, ਆਪ ਆਪਣਾ ਲਏ ਉਪਾਇਆ । ਗੋਬਿੰਦ ਕਾਇਆ ਕਰ ਪਿਆਰ, ਸਾਚਾ ਮੇਲ ਮਿਲਾਇਆ । ਸਗਲੀ ਚਿੰਦਾ ਦਏ ਨਿਵਾਰ, ਗੁਣੀ ਗਹਿੰਦਾ ਦਇਆ ਕਮਾਇਆ । ਸਾਗਰ ਸਿੰਧਾ ਅੰਮ੍ਰਿਤ ਧਾਰ, ਆਪ ਆਪਣੀ ਰਿਹਾ ਵਹਾਇਆ । ਜੋਧਾ ਸੂਰਾ ਵਡ ਮਰਗਿੰਦਾ, ਸ਼ਬਦ ਖੰਡਾ ਹੱਥ ਕਟਾਰ ਰਿਹਾ ਚਮਕਾਇਆ । ਮਨਮੁਖ ਜੀਵ ਲਾਏ ਨਿੰਦਾ, ਗੁਰਮੁਖ ਸਾਚੇ ਲਏ ਜਗਾਇਆ । ਗੁਰਸਿਖ ਬਣਾਏ ਸਾਚੀ ਬਿੰਦਾ, ਜੋ ਸਰਸੇ ਗਿਆ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਸਚ ਦਿਹਾੜਾ ਹਰਿਸੰਗਤ ਮੇਲ ਮਿਲਾਇਆ । ਹਰਿਸੰਗਤ ਹਰਿ ਸਾਚਾ ਮੇਲਾ, ਆਪਣਾ ਆਪ ਕਰਾਇੰਦਾ । ਆਪੇ ਗੁਰੂ ਆਪੇ ਚੇਲਾ, ਗੁਰ ਚੇਲਾ ਰੂਪ ਸਮਾਇੰਦਾ । ਆਪੇ ਜਾਣੇ ਆਪਣਾ ਵੇਲਾ, ਵੇਲਾ ਵਕਤ ਨਾ ਕੋਈ ਸੁਣਾਇੰਦਾ । ਅਚਰਜ ਖੇਲ ਪਾਰਬ੍ਰਹਮ

ਕਲ ਖੇਲਾ, ਖੇਲਣਹਾਰ ਆਪ ਅਖਵਾਇੰਦਾ । ਲੱਖ ਚੁਰਾਸੀ ਚਾੜ੍ਹੇ ਤੇਲਾ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਰੰਗ ਰੰਗਣਹਾਰਾ, ਜੋਤੀ ਨੂਰ ਅਕਾਲਾ । ਗੁਰਮੁਖਾਂ ਦਰ ਦਵਾਰਾ ਮੰਗਣਹਾਰਾ, ਦੀਨਾਂ ਬੰਧਪ ਦੀਨ ਦਿਆਲਾ । ਸ਼ਬਦ ਘੋੜੇ ਚਿੱਟੇ ਅਸਵ ਸਾਚਾ ਤੰਗ ਕਸਣਹਾਰਾ, ਜੁਗ ਜੁਗ ਖੇਲੇ ਖੇਲ ਨਿਰਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਦੇਵੇ ਵਰ, ਚਾਰ ਵਰਨਾਂ ਏਕਾ ਸਰ, ਗੁਰਚਰਨ ਦਵਾਰ ਸੱਚੀ ਧਰਮਸਾਲਾ । ਸਾਚਾ ਧਰਮ ਸੱਚੀ ਧਰਮਸਾਲ, ਸਚ ਸੁੱਚ ਆਪ ਵਰਤਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਲਾਲ ਅਨਮੁਲੜੇ ਆਪ ਰਖਾਇੰਦਾ । ਆਪੇ ਫਲ ਲਗਾਏ ਸਾਚੇ ਡਾਲ੍ਹ, ਪਤਝੜ ਅੰਤਮ ਕਰਾਇੰਦਾ । ਆਪੇ ਕਾਲ ਆਪੇ ਮਹਾਂਕਾਲ, ਆਪੇ ਗੋਬਿੰਦ ਰੂਪ ਅਖਵਾਇੰਦਾ । ਆਪੇ ਮਾਇਆ ਆਪੇ ਜਾਲ, ਆਪੇ ਬੰਧਨ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਵਿਚ ਟਿਕਾਇੰਦਾ । ਛੱਬੀ ਪੋਹ ਖੇਲ ਨਿਆਰਾ, ਖੇਲੇ ਵਡ ਸੰਸਾਰਿਆ । ਮਾਇਆ ਮਮਤਾ ਮੋਹ ਸੰਸਾਰਾ, ਦੀਪਕ ਜਗੇ ਜੋਤ ਅਪਾਰਿਆ । ਲੋਆਂ ਪੁਰੀਆਂ ਪਾਰ ਕਿਨਾਰਾ, ਏਕਾ ਸਾਚਾ ਧਾਮ ਸੁਹਾ ਰਿਹਾ । ਥਿਰ ਘਰ ਤੇਰਾ ਵੇਖ ਦਵਾਰਾ, ਆਪ ਆਪਣਾ ਰੰਗ ਰੰਗਾ ਰਿਹਾ । ਆਪੇ ਕਰੇ ਬੰਦ ਕਿਵਾੜਾ, ਆਪੇ ਮੁਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਅੰਤਮ ਵੇਖ ਵਖਾ ਰਿਹਾ । ਕਲਜੁਗ ਅੰਤਮ ਕਰ ਰੁਸ਼ਨਾਈ, ਮੇਟੇ ਅੰਧ ਅੰਧਿਆਰਾ । ਚਾਰ ਵਰਨਾਂ ਰਿਹਾ ਜਣਾਈ, ਜੂਠ ਝੂਠ ਮਾਤ ਪਸਾਰਾ । ਕਲਜੁਗ ਕੂੜਾ ਦਏ ਦੁਹਾਈ, ਚਾਰੋਂ ਕੁੰਟ ਧੁੰਧੂਕਾਰਾ । ਪੰਚ ਤਤ ਰਹੇ ਸ਼ਰਮਾਈ, ਪੰਚਮ ਮੀਤਾ ਮੋਹ ਵਿਕਾਰਾ । ਪੰਚਮ ਮੇਲਾ ਸਹਿਜ ਸਬਾਈ, ਪ੍ਰਭ ਬਖ਼ਸ਼ੇ ਚਰਨ ਦਵਾਰਾ । ਛੱਬੀ ਪੋਹ ਵਡ ਵਡਿਆਈ, ਜਨ ਭਗਤਾਂ ਮੇਲਾ ਹਰਿ ਨਿਰੰਕਾਰਾ । ਨਿਰਗੁਣ ਆਪ ਅਖਵਾਈ, ਸਰਗੁਣ ਬੰਨੇ ਧਾਰਾ । ਨਿਰਗੁਣ ਭੇਵ ਨਾ ਜਾਣੇ ਰਾਈ, ਬਿਨ ਬੂਝੇ ਡੂਬੇ ਸੰਸਾਰਾ । ਜਿਸ ਜਨ ਗੁਰ ਪੂਰੇ ਦਇਆ ਆਪ ਕਮਾਈ, ਦੇਵੇ ਨਾਮ ਅਧਾਰਾ । ਸਤਿ ਪੁਰਖ ਨਿਰੰਜਣ ਅਲੱਖ ਅਗੋਚਰ ਏਕਾ ਦੇਵੇ ਨਾਮ ਵਡਿਆਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਿਵਸ ਸਚ ਸੁਹੰਜਣੀ ਰੈਣ ਘਰ ਸਾਚੇ ਖ਼ੁਸ਼ੀ ਮਨਾਈਆ । ਛੱਬੀ ਪੋਹ ਭਿੰਨੜੀ ਰੈਣ, ਨੇਤਰ ਨੈਣ ਉਘਾੜਿਆ । ਗੁਰਮੁਖ ਵੇਖੇ ਸਾਕ ਸੱਜਣ ਸੈਣ, ਬੈਠੇ ਚਰਨ ਦਵਾਰਿਆ । ਨਾਤਾ ਤੁੱਟੇ ਭਾਈ ਭੈਣ, ਜੋ ਜਨ ਨਿਉਂ ਨਿਉਂ ਕਰਨ ਨਿਮਸਕਾਰਿਆ । ਰਸਨਾ ਗੁਣ ਨਾ ਸਕੇ ਕੋਈ ਕਹਿਣ, ਵੇਦ ਕਤੇਬ ਨਾ ਕਿਸੇ ਵਿਚਾਰਿਆ । ਗੁਰਮੁਖ ਗੁਰਸਿਖ ਧਾਮ ਅਕੱਠੇ ਰਹਿਣ, ਉਚ ਮਹੱਲ ਅਟੱਲ ਇਕ ਚੁਬਾਰਿਆ । ਅੱਠੇ ਪਹਿਰ ਦਰਸ ਨੇਤਰ ਨੈਣ, ਲੋਚਣ ਮੂੰਦ ਆਪ ਅਖਵਾ ਰਿਹਾ । ਜੁਗ ਜੁਗ ਚੁਕਾਏ ਲਹਿਣ ਦੇਣ, ਗੁਰ ਗੋਬਿੰਦਾ ਵੇਖ ਵਖਾ ਰਿਹਾ । ਲਾੜੀ ਮੌਤ ਨਾ ਖਾਏ ਡੈਣ, ਜਿਸ ਜਨ ਦਰ ਆਏ ਦਰਸ਼ਨ ਪਾ ਲਿਆ । ਧਰਮ ਰਾਏ ਮੁਖ ਸ਼ਰਮਾਇਣ, ਚਿਤਰ ਗੁਪਤ ਨਾ ਹਿਸਾਬ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਆਪ ਵਡਿਆ ਲਿਆ । ਭਿੰਨੜੀ ਰੈਣ ਚੜ੍ਹਿਆ ਚਾ, ਗੁਰ ਪੂਰੇ ਦਰਸ਼ਨ ਪਾਇਆ । ਹਰਿਸੰਗਤ ਸੰਗ ਲਿਆ ਰਲਾ, ਆਪ ਆਪਣਾ ਵਿਚ ਟਿਕਾਇਆ । ਏਕਾ ਦੂਜਾ ਦਏ ਗਵਾ, ਏਕਾ ਰੰਗਣ ਰੰਗ ਰੰਗਾਇਆ । ਚਾਰ ਵਰਨ ਬਣਾਏ ਭੈਣ ਭਰਾ, ਊਚ ਨੀਚ ਰਹਿਣ ਨਾ ਪਾਇਆ । ਅੰਜੀਲ ਕੁਰਾਨ ਵੇਦ ਪੁਰਾਨ, ਖਾਣੀ ਬਾਣੀ ਏਕਾ ਧਾਮ ਬਹਾ, ਪ੍ਰਭ ਏਕਾ ਪੱਲੂ

ਉਪਰ ਪਾਇਆ । ਏਕਾ ਸ਼ਬਦ ਦਏ ਅਲਾ, ਅਲਾਹੀ ਨੂਰ ਇਕ ਦਰਸਾਇਆ । ਬੇਐਬ ਪਰਵਰਦਿਗਾਰ ਖ਼ੁਦ ਆਪ ਅਖਵਾ, ਐਨਲਹੱਕ ਮੇਲ ਮਿਲਾਇਆ । ਸ਼ਬਦ ਤਰਾਨਾ ਆਪ ਵਜਾ, ਰਾਗ ਰਾਗਨੀ ਸੇਵਾ ਲਾਇਆ । ਨਾਨਕ ਗੋਬਿੰਦ ਗਿਆ ਗਾ, ਪੁਰਖ ਅਕਾਲਾ ਇਕ ਸਲਾਹਿਆ । ਈਸਾ ਮੂਸਾ ਰਹੇ ਧਿਆ, ਗਲ ਜੇਵੜਾ ਏਕਾ ਪਾਇਆ । ਸੰਗ ਮੁਹੰਮਦ ਚਾਰ ਯਾਰ, ਏਕਾ ਨਾਅਰਾ ਰਹੇ ਲਾ, ਨੇਤਰ ਰੋ ਰੋ ਨੀਰ ਵਹਾਇਆ । ਅੱਲਾ ਰਾਣੀ ਗਲ ਪਲੜਾ ਰਹੀ ਪਾ, ਵੇਲਾ ਅੰਤਮ ਆਇਆ । ਦੋ ਜਹਾਨ ਨਾ ਦਿਸੇ ਕੋਈ ਮਲਾਹ, ਨਾ ਕੋਈ ਬੇੜਾ ਬੰਨੇ ਲਾਇਆ । ਸੰਮਤ ਚੌਦਾਂ ਰਾਹ ਰਿਹਾ ਤਕਾ, ਚੌਦਾਂ ਲੋਕਾਂ ਵੇਖ ਵਖਾਇਆ । ਚੌਦਾਂ ਤਬਕਾਂ ਦਏ ਹਿਲਾ, ਇਕ ਹੁਲਾਰਾ, ਆਪ ਲਗਾਇਆ । ਲੋਕਮਾਤ ਰਚਨ ਰਚਾ, ਗੁਰਮੁਖ ਸਾਚੇ ਲਏ ਜਗਾਇਆ । ਗੁਰ ਗੋਬਿੰਦ ਵੇਖ ਵਖਾ, ਹਰਿ ਗੋਬਿੰਦ ਮੇਲ ਮਿਲਾਇਆ । ਜੀਵ ਜੰਤ ਦੁਸ਼ਟ ਹੰਕਾਰੀ ਜਗਤ ਨਿੰਦਾ ਲਾ, ਨਿੰਦਕ ਨਿੰਦਿਆ ਮੁਖ ਧਰਾਇਆ । ਹਰਿਜਨ ਸਾਚੀ ਬਿੰਦਾ ਆਪ ਉਪਜਾ, ਘਰ ਸਾਚੇ ਜਨਮ ਦਵਾਇਆ । ਸਾਗਰ ਸਿੰਧਾ ਅੰਮ੍ਰਿਤ ਧਾਰ ਵਹਾ, ਸਾਂਤਕ ਸਤਿ ਕਰਾਇਆ । ਸਦ ਬਖਸ਼ਿੰਦਾ ਆਪ ਅਖਵਾ, ਲੋਕਮਾਤ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਏਕਾ ਰੰਗ ਰੰਗਾਇਆ । ਭਿੰਨੜੀ ਰੈਣ ਰੱਖੀ ਆਸ, ਏਕਾ ਓਟ ਰਖਾਈਆ । ਗੋਬਿੰਦ ਹਰਿ ਬੁਝਾਏ ਪਿਆਸ, ਅੰਮ੍ਰਿਤ ਜਾਮ ਪਿਆਈਆ । ਭਗਤ ਦਵਾਰੇ ਹੋਏ ਦਾਸੀ ਦਾਸ, ਪੋਹ ਛੱਬੀ ਸੇਵ ਕਮਾਈਆ । ਜਿਸ ਜਨ ਤਜਾਇਆ ਮਦਿਰਾ ਮਾਸ, ਪਾਰਬ੍ਰਹਮ ਪ੍ਰਭ ਮੇਲ ਮਿਲਾਈਆ । ਲੇਖੇ ਲਾਏ ਸਾਸ ਸਵਾਸ, ਸੋਹੰ ਰਸਨਾ ਜੋ ਜਨ ਗਾਈਆ । ਪਾਰ ਕਿਨਾਰਾ ਪ੍ਰਿਥਮੀ ਆਕਾਸ਼, ਸਚਖੰਡ ਚਰਨਾ ਹੇਠ ਦਬਾਈਆ । ਆਪ ਆਪਣੇ

ਰੱਖੇ ਪਾਸ, ਜੋਤੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਸੰਗ ਰਖਾਈਆ । ਭਿੰਨੜੀ ਰੈਣ ਖ਼ੁਸ਼ੀ ਮਨਾ, ਗੁਰ ਸੰਗਤ ਰਹੀ ਜਗਾਈਆ । ਹਰਿ ਹਰਿ ਨੇਤਰ ਦਰਸ਼ਨ ਪਾ, ਹਰਿ ਹਰਿ ਵੇਖ ਵਖਾਈਆ । ਦਰ ਦਰ ਗਿਆ ਇਕ ਖੁਲ੍ਹਾ, ਘਰ ਘਰ ਰਹੀ ਜਗਾਈਆ । ਅਲੱਖ ਨਿਰੰਜਣ ਭੇਖ ਵਟਾ, ਭੇਖਾਧਾਰੀ ਭੇਖ ਨਾ ਰਾਈਆ । ਕਲਜੁਗ ਲੇਖੇ ਰਿਹਾ ਲਿਖਾ, ਬਾਕੀ ਕੋਈ ਰਹਿਣ ਨਾ ਪਾਈਆ । ਭੇਖ ਪਖੰਡਾ ਦਏ ਮਿਟਾ, ਜੂਠ ਝੂਠ ਦਏ ਖਪਾਈਆ । ਸਤਿਜੁਗ ਸਾਚਾ ਠਾਂਡਾ ਠੰਡ ਦਏ ਵਰਤਾ, ਹਰਿਜਨ ਸਾਚੇ ਸੰਗ ਰਲਾਈਆ । ਸਤਿਗੁਰ ਪੂਰਾ ਬਣ ਮਲਾਹ, ਜੋਤੀ ਜਾਮਾ ਭੇਖ ਕਰਾਈਆ । ਸ਼ਬਦੀ ਸ਼ਬਦ ਦਏ ਜਣਾ, ਸ਼ਬਦ ਸ਼ਬਦੀ ਪਾਰ ਕਰਾਈਆ । ਭਿੰਨੜੀ ਰੈਣ ਤੇਰਾ ਸਗਨ ਆਪ ਮਨਾ, ਸਾਚੀ ਧਾਰ ਬੰਧਾਈਆ । ਨਾਮ ਕੱਜਲ ਨੇਤਰ ਪਾ, ਤੇਰਾ ਰੂਪ ਸੁਹਾਈਆ । ਤੇਰਾ ਘੁੰਘਟ ਦੇਵੇ ਲਾਹ, ਨੇਤਰ ਨੈਣ ਰਹੇ ਸ਼ਰਮਾਈਆ । ਗੁਰਮੁਖਾਂ ਪੱਲਾ ਦਏ ਫੜਾ, ਸਾਚੀ ਜੋੜੀ ਜੋੜ ਜੁੜਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪਣਾ ਹੱਲਾ ਦਏ ਬੁਲਾ, ਮਨਮੁਖ ਜੀਵ ਰਹੇ ਕੁਰਲਾਈਆ । ਗੋਬਿੰਦ ਡੱਲਾ ਲਏ ਮਿਲਾ, ਚਰਨ ਧਿਆਨ ਇਕ ਲਗਾਈਆ । ਸੰਬਲ ਨਗਰੀ ਧਾਮ ਅਵੱਲਾ ਦਏ ਵਖਾ, ਆਪ ਆਪਣਾ ਗੜ੍ਹ ਬਣਾਈਆ । ਅਛਲ ਅਛੇਦਾ ਖੇਲ ਖਿਲਾ, ਭੇਵ ਅਭੇਦਾ ਭੇਵ ਛੁਪਾਈਆ । ਜਲਾ ਥਲਾ ਕਿਸੇ ਦਿਸੇ ਨਾ, ਰਵ ਸਸ ਸੂਰਜ ਚੰਨ ਫੇਰੀਆਂ ਰਹੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਸੰਗ ਰਖਾਈਆ । ਭਿੰਨੜੀ ਰੈਣ ਹਰਿ ਰੰਗ ਮਾਣ, ਗੁਰਮੁਖਾਂ ਆਪ ਸੁਣਾਇੰਦੀ । ਮਿਲਿਆ ਮੇਲ ਸ੍ਰੀ ਭਗਵਾਨ, ਕਲਜੁਗ ਦੁੱਖਾਂ ਮੇਟ ਮਿਟਾਇੰਦੀ । ਧੁਰਦਰਗਾਹੀ ਧੁਰ ਫ਼ਰਮਾਣ, ਸਾਚੀ

ਸਿਖਿਆ ਸਿਖ ਸਮਝਾਇੰਦੀ । ਸੋਹੰ ਮੰਤਰ ਇਕ ਗਿਆਨ, ਚਾਰ ਵਰਨਾਂ ਇਕ ਸੁਣਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਵਸਾਇਆ ਘਰ, ਸਚ ਦਵਾਰ ਇਕ ਸੁਹਾਇੰਦੀ । ਸਚ ਦਵਾਰ ਹਰਿ ਨਿਰੰਕਾਰ, ਏਕਾ ਏਕ ਵਖਾਇਆ । ਭਿੰਨੜੀ ਰੈਣ ਕਰ ਨਿਮਸਕਾਰ, ਆਪਣਾ ਸੀਸ ਝੁਕਾਇਆ । ਨੇਤਰ ਰੋਵੇ ਜ਼ਾਰੋ ਜ਼ਾਰ, ਇਕ ਬੈਰਾਗ ਰਖਾਇਆ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਮਾਰਗ ਪਾਇਆ । ਦੋਏ ਜੋੜ ਢਹਿ ਪਏ ਦਵਾਰ, ਲੇਖਾ ਲੇਖ ਰਹਿਣ ਨਾ ਪਾਇਆ । ਧਾਰੀ ਕੇਸਾ ਕਰੇ ਵਿਚਾਰ, ਦਰ ਦਰਵੇਸ਼ਾ ਦਿਸ ਨਾ ਆਇਆ । ਮੂੰਡ ਮੁੰਡਾਏ ਅੰਧ ਅੰਧਿਆਰ, ਭਰਮ ਗੜ੍ਹ ਨਾ ਕੋਇ ਤੁੜਾਇਆ । ਮੁਸਲਮ ਸੁੰਨੀ ਹਾਹਾਕਾਰ, ਅੱਲਾ ਰਾਣੀ ਮੁਖ ਲੋਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਵੇਖ ਵਖਾਇਆ । ਸੰਮਤ ਚੌਦਾਂ ਤੇਰਾ ਰੂਪ, ਹਰਿ ਆਪਣੇ ਹੱਥ ਰਖਾਇਆ । ਪਰਗਟ ਹੋਏ ਸਤਿ ਸਰੂਪ, ਸਤਿ ਪੁਰਖਾਂ ਨਾਉਂ ਧਰਾਇਆ । ਮੇਟ ਮਿਟਾਏ ਅੰਧ ਕੂਪ, ਇਕ ਅਗਿਆਨ ਮਿਟਾਇਆ । ਡੇਰਾ ਢਾਹੇ ਜੂਠ ਝੂਠ, ਮਾਇਆ ਮੋਹ ਚੁਕਾਇਆ । ਜਨ ਭਗਤਾਂ ਆਪੇ ਗਿਆ ਤੁਠ, ਆਪ ਆਪਣੀ ਦਇਆ ਕਮਾਇਆ । ਗੁਰ ਗੋਬਿੰਦੇ ਮੰਗੀ ਮੰਗ ਏਕਾ ਮੁੱਠ, ਵੇਲੇ ਅੰਤਮ ਝੋਲੀ ਪਾਇਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠ, ਨੌਂ ਸਤ ਫੇਰਾ ਪਾਇਆ । ਆਤਮ ਅੰਤਰ ਰਿਹਾ ਲੁੱਟ, ਆਪ ਆਪਣਾ ਮੁਖ ਛੁਪਾਇਆ । ਤੀਰ ਨਿਰਾਲਾ ਰਿਹਾ ਛੁੱਟ, ਸੋਹੰ ਮੁਖੀ ਉਪਰ ਲਗਾਇਆ । ਕਲਜੁਗ ਜੜ੍ਹ ਦੇਵੇ ਪੁੱਟ, ਆਪ ਆਪਣੀ ਹੱਥੀ ਬੂਟਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਐੜਾ ਅਥਰਬਣ ਅੱਖ ਆਪਣੀ ਵੇਖ, ਐੜਾ ਅੱਲਾ ਅਲਾਹੀ ਨੂਰ ਉਪਾਇਆ । ਐੜਾ ਅੱਖ ਰਿਹਾ ਉਘਾੜ, ਅਥਰਬਣ ਦਏ ਦੁਹਾਈਆ । ਚਾਰੋਂ ਕੁੰਟ ਆਈ ਹਾਰ, ਨਾ ਦਿਸੇ ਕੋਈ ਸਹਾਈਆ । ਜੂਠ ਝੂਠ ਕਰ ਪਸਾਰ, ਆਪ ਆਪਣੀ ਪੱਤ ਗਵਾਈਆ । ਸਾਧਾਂ ਸੰਤਾਂ ਮਾਰੇ ਮਾਰ, ਜੀਵਾਂ ਜੰਤਾਂ ਰਿਹਾ ਦੁਰਕਾਈਆ । ਗੁਰਮੁਖ ਵਿਰਲੇ ਮੇਲਾ ਨਾਰੀ ਕੰਤਾ, ਕੰਤ ਸੁਹਾਗ ਆਪ ਅਖਵਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਰੰਗ ਮਜੀਠੀ ਇਕ ਚੜ੍ਹਾਈਆ । ਜੁਗ ਜੁਗ ਬਣਾਏ ਆਪਣੀ ਬਣਤਾ, ਬੇੜਾ ਬੰਨਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਗੁਰਸਿਖਾਂ ਨਾਤਾ ਜਗਤ ਤੋੜੇ ਮੋਹ, ਚਰਨ ਪ੍ਰੀਤੀ ਇਕ ਸਿਖਾਈਆ । ਚਰਨ ਪ੍ਰੀਤੀ ਸਾਚੀ ਰੀਤ, ਸਤਿਜੁਗ ਆਪ ਚਲਾਈਆ । ਨਾ ਕੋਈ ਦੇਹੁਰਾ ਗੁਰੂਦਵਾਰਾ ਮੰਦਰ ਮਸੀਤ, ਚਾਰ ਦਵਾਰ ਨਾ ਕੋਈ ਬਣਾਈਆ । ਦੇਵੇ ਨਾਮ ਸ਼ਬਦ ਅਨਡੀਠ, ਅਜੱਪਾ ਜਾਪ ਕਰਾਈਆ । ਕਾਇਆ ਮਿੱਠਾ ਕਰੇ ਕੌੜਾ ਰੀਠ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਨਿਰੰਕਾਰਾ, ਆਪਣਾ ਆਪ ਉਪਾਇਆ । ਆਪੇ ਵਸਿਆ ਬੇਐਬ ਪਰਵਰਦਿਗਾਰਾ, ਆਪੇ ਨੂਰੋ ਨੂਰ ਸਮਾਇਆ । ਆਦਿ ਅੰਤ ਨਾ ਪਾਰਾਵਾਰਾ, ਭੇਵ ਅਭੇਦ ਭੇਵ ਨਾ ਕੋਈ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਅਚਰਜ ਖੇਲ ਵਰਤਾਇੰਦਾ । ਜੋਤੀ ਜੋਤ ਕਰ ਉਜਿਆਰਾ, ਜੋਤੀ ਜੋਤ ਸਮਾਇੰਦਾ । ਸ਼ਬਦੀ ਸ਼ਬਦ ਕਰ ਪਸਾਰਾ, ਸ਼ਬਦੀ ਬਣਤ ਬਣਾਇੰਦਾ । ਸ਼ਬਦੀ ਸ਼ਬਦ ਦਏ ਅਧਾਰਾ, ਸ਼ਬਦੀ ਸ਼ਬਦ ਉਪਾਇੰਦਾ । ਸ਼ਬਦ ਸ਼ਬਦੀ ਖੇਲ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇੰਦਾ । ਸ਼ਬਦ ਖੰਡ ਸ਼ਬਦ ਬ੍ਰਹਿਮੰਡ,

ਸ਼ਬਦੀ ਵੰਡ ਵੰਡਾਈਆ । ਸ਼ਬਦ ਜੇਰਜ ਸ਼ਬਦ ਅੰਡ, ਸ਼ਬਦ ਉਤਭੁਜ ਸੇਤਜ ਵੇਖ ਵਖਾਈਆ । ਸ਼ਬਦ ਸੁਹਾਗਣ ਸ਼ਬਦ ਰੰਡ, ਸ਼ਬਦ ਸ਼ਬਦੀ ਕਰੇ ਕੁੜਮਾਈਆ । ਸ਼ਬਦ ਸ਼ਬਦੀ ਦਾਤ ਆਪੇ ਵੰਡ, ਸ਼ਬਦ ਸ਼ਬਦੀ ਝੋਲੀ ਪਾਈਆ । ਸ਼ਬਦ ਸ਼ਬਦੀ ਪਾਏ ਠੰਡ, ਸ਼ਬਦ ਸ਼ਬਦੀ ਅਗਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੱਬੀ ਪੋਹ ਦਏ ਵਡਿਆਈਆ । ਛੱਬੀ ਪੋਹ ਲੇਖ ਅਵੱਲਾ, ਹਰਿ ਸਾਚੇ ਆਪ ਕਰਾਇਆ । ਸੰਬਲ ਨਗਰੀ ਸਚ ਮਹੱਲਾ, ਗੋਬਿੰਦ ਗੜ੍ਹ ਸੁਹਾਇਆ । ਸਚ ਦਵਾਰਾ ਆਪੇ ਮੱਲਾ, ਆਪ ਆਪਣੀ ਅਲੱਖ ਜਗਾਇਆ । ਨਾਮ ਕਟਾਰਾ ਏਕਾ ਭੱਲਾ, ਏਕਾ ਖੰਡਾ ਹੱਥ ਉਠਾਇਆ । ਏਕਾ ਬੋਲਣਹਾਰਾ ਹੱਲਾ, ਇਕ ਲਲਕਾਰ ਰਿਹਾ ਲਗਾਇਆ । ਇਕ ਅਕੱਲਾ ਆਪ ਆਪਣੇ ਵਿਚ ਰੱਲਾ, ਹਰ ਘਟ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੰਡ ਵੰਡਾਇਆ । ਲੋਕਮਾਤ ਹਰਿ ਰਚਨ ਰਚਾ, ਆਪਣੀ ਵੰਡ ਵੰਡਾਈਆ । ਬ੍ਰਹਮੇ ਬ੍ਰਹਮ ਇਕ ਜਣਾ, ਏਕਾ ਬੂਝ ਬੁਝਾਈਆ । ਚਾਰੇ ਵੇਦਾਂ ਆਪ ਲਿਖਾ, ਤ੍ਰੈਗੁਣ ਤਤ ਸਮਾਈਆ । ਪੰਚਮ ਨਾਤਾ ਜੋੜ ਜੁੜਾ, ਨਿਰਗੁਣ ਧਾਰ ਚਲਾਈਆ । ਸਰਗੁਣ ਮੇਲਾ ਬੇਪਰਵਾਹ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਨਾਉਂ ਧਰਾ, ਨਿਰੰਕਾਰਾ ਆਪ ਅਖਵਾਈਆ । ਆਪ ਆਪਣੀ ਖੇਲ ਰਚਾ, ਧਰਤ ਧਵਲ ਸੁਹਾਈਆ । ਜਲ ਬਿੰਬ ਹਰਿ ਸਮਾ, ਆਪਣਾ ਰੰਗ ਵਖਾਈਆ । ਨਾਮ ਮਰਦੰਗ ਇਕ ਵਜਾ, ਏਕਾ ਰਾਗ ਅਲਾਈਆ । ਸ਼ਬਦ ਰੰਗੀਲਾ ਸਚ ਪਲੰਘ ਵਿਛਾ, ਉਪਰ ਬੈਠਾ ਆਸਣ ਲਾਈਆ । ਆਪਣਾ ਦਵਾਰਾ ਆਪੇ ਮੰਗ ਮੰਗਾ, ਮੰਗਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਧਰਾ, ਸਤਿਜੁਗ ਦੇਵੇ ਸਚ ਵਡਿਆਈਆ । ਸਤਿਜੁਗ ਸਾਚਾ ਨਾਮ ਧਰਾਏ, ਸੰਤਨ ਸੰਤ ਕਮਾਰਾ । ਆਪ ਆਪਣਾ ਭੇਖ ਵਟਾਏ, ਖੇਲੇ ਖੇਲ ਅਪਾਰਾ । ਬਰਾਹ ਰੂਪ ਕੋਈ ਰੇਖ ਨਾ ਰਾਏ, ਜੋਧਾ ਸੂਰਬੀਰ ਬਲੀ ਬਲਕਾਰਾ । ਯਗੈ ਪੁਰਖ ਆਪ ਹੋ ਜਾਏ, ਵਰਤੇ ਹਰਿ ਵਰਤਾਰਾ । ਹਾਵ ਗਰੀਵ ਕਰ ਚਮਤਕਾਰ, ਖੇਲੇ ਖੇਲ ਅਪਰ ਅਪਾਰਾ । ਨਰ ਨਰਾਇਣ ਰੂਪ ਅਪਾਰ, ਪੰਚਮ ਮੇਲਾ ਹਰਿ ਗਿਰਧਾਰਾ । ਕਪਲ ਮੁਨ ਇਕ ਅਧਾਰ, ਭਰੇ ਨਾਮ ਭੰਡਾਰਾ । ਦਤਾ ਤ੍ਰੈ ਦਏ ਅਧਾਰ, ਗੁਣ ਅਵਗੁਣ ਵੇਖ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਸੰਸਾਰਾ । ਰਿਖਵ ਦੇਵ ਕਰ ਕਰ ਧਾਰ, ਆਪਣਾ ਰੂਪ ਵਟਾਈਆ । ਪ੍ਰਿਥੁ ਪ੍ਰਿਥਮੀ ਪਾਏ ਸਾਰ, ਅੰਨ ਦਾਨ ਝੋਲੀ ਪਾਈਆ । ਮਤਸਯ ਤੇਰਾ ਖੇਲ ਅਪਾਰ, ਮੱਛ ਮੁਖ ਇਕ ਲਗਾਈਆ । ਕਛ ਬੈਠਾ ਮੂੰਹ ਦੇ ਭਾਰ, ਮਿੰਦਰਾ ਪਿਠ ਉਠਾਈਆ । ਮੋਹਣੀ ਰੂਪ ਆਪ ਕਰਤਾਰ, ਆਪਣਾ ਲਿਆ ਵਟਾਈਆ । ਵੈਦ ਧਨੰਤਰ ਦਏ ਅਧਾਰ, ਏਕਾ ਸਿਖਿਆ ਰਿਹਾ ਸੁਣਾਈਆ । ਬਾਵਨ ਰੂਪ ਕਰ ਸ਼ੰਗਾਰ, ਰਾਜਾ ਬਲ ਬਲ ਛਲ ਛਲਾਈਆ । ਹੰਸ ਹੰਸਾ ਪਾਵੇ ਸਾਰ, ਬਾਲ ਅਵਾਣਾ ਗਿਆਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਜੋਤ ਜਗਾਈਆ । ਜੁਗ ਜੁਗ ਆਪਣਾ ਭੇਖ ਵਟਾ, ਆਪਣੀ ਜੋਤ ਜਗਾਇਆ । ਨਰ ਸਿੰਘ ਰੂਪ ਹਰਿ ਆਪ ਅਖਵਾ, ਭਗਤ ਪ੍ਰਹਿਲਾਦ ਤਰਾਇਆ । ਨਰ ਨਰਾਇਣ ਹਰਿ ਜੋਤ ਜਗਾ, ਧਰੂ ਬਾਲਕ ਗਲੇ ਲਗਾਇਆ । ਹਰੀ ਹਰਿ ਹਰਿ ਆਪ ਅਖਵਾ, ਗਜ ਬੇੜਾ ਬੰਨੇ ਲਾਇਆ । ਵਾਰ ਅਠਾਰਾਂ ਜੋਤ ਜਗਾ, ਸਤਿਜੁਗ ਬੇੜਾ ਆਪ ਤਰਾਇਆ । ਰਾਮ ਰਾਮਾ ਲਏ ਉਪਾ, ਲੇਖਾ ਲੇਖੇ ਵਿਚ ਗਣਾਇਆ । ਆਪ ਆਪਣੀ ਦਇਆ ਕਮਾ, ਆਪ ਆਪਣਾ

ਲਏ ਪਲਟਾਇਆ । ਸਤਿਜੁਗ ਸਾਚੇ ਝੋਲੀ ਪਾ, ਤ੍ਰੇਤੇ ਜਨਮ ਦਵਾਇਆ । ਤ੍ਰੀਆ ਰੂਪ ਵੇਸ ਵਟਾ, ਰਾਮਾ ਰਘਵੰਸ ਅਖਵਾਇਆ । ਪਰਸ ਪਰਸਾ ਬਣਤ ਬਣਾ, ਸ਼ਤਰੂ ਹੋਏ ਸਵਾਇਆ । ਕਸ਼ਤ੍ਰੀ ਲੇਖੇ ਲਏ ਲਾ, ਆਪ ਆਪਣਾ ਸੰਗ ਨਿਭਾਇਆ । ਗੜ੍ਹ ਹੰਕਾਰੀ ਤੋੜ ਤੁੜਾ, ਰਾਵਣ ਰਾਵਣ ਰਾਮਾ ਘਾਇਆ । ਸ਼ਾਹ ਭਬੀਖਨ ਵੇਖ ਵਖਾ, ਛਤਰ ਸੀਸ ਝੁਲਾਇਆ । ਗ਼ਰੀਬ ਨਿਮਾਣੇ ਗਲੇ ਲਗਾ, ਏਕਾ ਚਰਨ ਛੁਹਾਇਆ । ਰਿਖੀ ਰਿਖੀਸ਼ਰ ਦਇਆ ਕਮਾ, ਦਲਿੱਦਰੀ ਦਲਿੱਦਰ ਮਿਟਾਇਆ । ਆਪ ਆਪਣੀ ਵੰਡ ਵੰਡਾ, ਆਪ ਆਪਣਾ ਲਏ ਉਠਾਇਆ । ਤ੍ਰੇਤਾ ਤ੍ਰੀਆ ਲੇਖੇ ਲਾ, ਤ੍ਰੈਗੁਣ ਵਿਚ ਸਮਾਇਆ । ਦੁਆਪਰ ਹਰਿ ਸਾਚੀ ਜੋਤ ਜਗਾ, ਵੇਦ ਵਿਆਸਾ ਲੇਖ ਲਿਖਾਇਆ । ਪੁਰਾਨ ਅਠਾਰਾਂ ਲੇਖਾ ਗਿਆ ਲਿਖਾ, ਲੇਖਾ ਆਪਣੇ ਹੱਥ ਰਖਾਇਆ । ਬ੍ਰਹਮ ਪੁਰਾਨ ਭੇਵ ਖੁਲ੍ਹਾ, ਬੀਸ ਹਜ਼ਾਰ ਸਲੋਕ ਉਪਾਇਆ । ਪਦਮ ਭੇਵ ਨਾ ਜਾਣੇ ਰਾ, ਪਚਵੰਜਾ ਹਜ਼ਾਰ ਸਲੋਕ ਰਸਨਾ ਗਾਇਆ । ਵਿਸ਼ਨੂੰ ਲੇਖਾ ਆਪ ਜਣਾ, ਤੀਸ ਹਜ਼ਾਰ ਬਣਤ ਬਣਾਇਆ । ਸ਼ਿਵ ਸ਼ੰਕਰ ਆਪੇ ਰਾਹੇ ਪਾ, ਚੌਬੀਸ ਹਜ਼ਾਰ ਜਨਮ ਦਵਾਇਆ । ਸ੍ਰੀ ਮਧ ਭਗਵਤ ਲਏ ਉਪਾ, ਦਸ ਅਠ ਅਠਾਰਾਂ ਹਜ਼ਾਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਦ ਵਿਆਸਾ ਸੇਵਾ ਲਾਇਆ । ਨਾਰਦ ਪੁਰਾਨ ਕਰ ਤਿਆਰ, ਹਰਿ ਆਪਣੀ ਦਇਆ ਕਮਾਈਆ । ਪੱਚੀ ਹਜ਼ਾਰ ਸਲੋਕ ਵੇਖ ਵਖਾਨ, ਤਿੰਨ ਸੌ ਸੱਠ ਹਾਡੀ ਗਣਤ ਗਣਾਈਆ । ਅਗਨੀ ਵੇਖੇ ਮਾਰ ਧਿਆਨ, ਚੌਦਾਂ ਹਜ਼ਾਰ ਪੰਜ ਸੌ ਕਰੇ ਕੁੜਮਾਈਆ । ਮਾਰਕੰਡੇ ਹੋਇਆ ਮਿਹਰਵਾਨ, ਨੌਂ ਹਜ਼ਾਰ ਇਕ ਪੜ੍ਹਾਈਆ । ਭਵਿਸ਼ ਤੇਰੀ ਪਾਵੇ ਸਾਰ, ਪੰਦਰਾਂ ਹਜ਼ਾਰ ਚਾਰ ਸੌ ਲੇਖ ਲਿਖਾਈਆ । ਬ੍ਰਹਮ ਵੇਵਰਤ ਕਰ ਪਛਾਨ, ਅੱਠ ਅਠਾਰਾਂ ਵਿਚ ਸਮਾਈਆ । ਗਰੜ ਵੇਖੇ ਹੋ ਹੈਰਾਨ, ਹਜ਼ਾਰ ਸਤਾਰਾਂ ਰਿਹਾ ਪੜ੍ਹਾਈਆ । ਸਕੰਦ ਦੇਵੇ ਇਕ ਗਿਆਨ, ਅਕਾਸ਼ੀ ਹਜ਼ਾਰ ਸੌ ਇਕ ਨਾਲ ਰਲਾਈਆ । ਬ੍ਰਹਿਮੰਡ ਹੋਏ ਦਰ ਹੈਰਾਨ, ਹਜ਼ਾਰ ਬਾਰਾਂ ਵੇਖ ਵਖਾਈਆ । ਮਤਸਯ ਤੇਰਾ ਜਗਤ ਨਿਸ਼ਾਨ, ਦਸ ਹਜ਼ਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਦ ਵਿਆਸਾ ਬੂਝ ਬੁਝਾਈਆ । ਵੇਦ ਵਿਆਸ ਹਰਿ ਦਰ ਪਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਨਾਰਦ ਮੁਨ ਸੰਗ ਰਲਾ, ਆਪਣਾ ਲੇਖ ਲਿਖਾਇੰਦਾ । ਬ੍ਰਹਮਾ ਸੁਤ ਦਇਆ ਕਮਾ, ਸਾਚਾ ਮਾਰਗ ਲਾਇੰਦਾ । ਚਾਰੇ ਵੇਦਾਂ ਆਪ ਲਿਖਾ, ਚਾਰ ਸਲੋਕ ਇਕ ਪੜ੍ਹਾਇੰਦਾ । ਬਾਰਾਂ ਅੱਖਰ ਜਾਪ ਜਪਾ, ਦੁਆਪਰ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਕਰ ਉਜਿਆਰ, ਹਰਿ ਆਪਣੀ ਜੋਤ ਜਗਾਈਆ । ਦੁਆਪਰ ਤੇਰੀ ਬੰਨੇ ਧਾਰ, ਨੰਦ ਜਸੋਦਾ ਮਿਲੇ ਵਡਿਆਈਆ । ਦੇਵੇ ਦਰਸ ਕਰੇ ਪਿਆਰ, ਪ੍ਰਿਥਮੀ ਆਕਾਸ਼ ਖ਼ੁਸ਼ੀ ਮਨਾਈਆ । ਸ਼ਾਮ ਸ਼ਾਮਾ ਰੂਪ ਅਪਾਰ, ਪੰਚਮ ਲੋਕ ਰੰਗ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਸਾਚਾ ਮੇਲਾ, ਆਪਣਾ ਆਪ ਕਰਾਇੰਦਾ । ਬਿਦਰ ਸੁਦਾਮੇ ਚਾੜ੍ਹੇ ਤੇਲਾ, ਦਰੋਪਤ ਲੱਜਿਆ ਰਖਾਇੰਦਾ । ਪੰਚਮ ਮੀਤਾ ਸੱਜਣ ਸੁਹੇਲਾ, ਏਕਾ ਏਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵੇਲਾ, ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਅੰਤ ਵਿਹਾਰ, ਪ੍ਰਭ ਆਪਣੇ ਹੱਥ ਰਖਾਇਆ । ਕਾਹਨਾ ਕ੍ਰਿਸ਼ਨਾ ਲਏ ਅਵਤਾਰ, ਯਾਦਵ ਵੰਸੀ ਰੰਗ ਲਾਇਆ । ਦੋ ਜਹਾਨਾਂ ਪਾਵੇ ਸਾਰ, ਯੁੱਧ ਯੁਧਿਸ਼ਟਰ ਏਕਾ ਲਾਇਆ । ਦੁਸ਼ਟ ਹੰਕਾਰੀ ਦਏ ਸੰਘਾਰ,

ਦਰ ਦਰਯੋਧਨ ਰਹਿਣ ਨਾ ਪਾਇਆ । ਕੂੜ ਕੂੜਾ ਮੇਟ ਪਸਾਰ, ਆਪ ਆਪਣਾ ਕਰਮ ਕਮਾਇਆ । ਦੁਰਬਾਸ਼ਾ ਤੇਰਾ ਕਰ ਵਿਚਾਰ, ਤੇਰੀ ਧਾਰ ਚਲਾਇਆ । ਕਰੋੜ ਛਿਆਨਵੇ ਲਾਏ ਪਾਰ, ਤੀਰ ਕਟਾਰ ਨਾ ਕੋਈ ਰਖਾਇਆ । ਆਪ ਆਪਣੀ ਬੰਨੇ ਧਾਰ, ਆਪ ਆਪਣਾ ਮੁਖ ਭਵਾਇਆ । ਦੁਆਪਰ ਤੇਰਾ ਪਾਰ ਕਿਨਾਰ, ਕਲਜੁਗ ਵੇਲਾ ਆਇਆ । ਕਲਜੁਗ ਹੋਇਆ ਖ਼ਬਰਦਾਰ, ਪ੍ਰਭ ਸਾਚੇ ਆਪ ਜਗਾਇਆ । ਦੋਏ ਜੋੜ ਕਰੇ ਨਿਮਸਕਾਰ, ਮੰਗੇ ਵਰ ਆਪ ਆਪਣੀ ਝੋਲੀ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਠ ਝੂਠ ਭਰੇ ਭੰਡਾਰਿਆ । ਕਾਮ ਕਰੋਧ ਲੋਭ ਮੋਹ ਹੰਕਾਰ, ਤੇਰੇ ਅੰਦਰ ਫੜ ਸੁਹਾਏ ਮਹੱਲ ਅਟੱਲ ਚੁਬਾਰਿਆ । ਤਾਮਸ ਤ੍ਰਿਸਨਾ ਤੇਰਾ ਕਰ ਸ਼ੰਗਾਰ, ਆਪ ਆਪਣਾ ਦਏ ਪਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਭਰਿਆ ਕੂੜ ਭੰਡਾਰਿਆ । ਕਲਜੁਗ ਕੂੜਾ ਮੰਗ ਮੰਗ, ਆਪਣੀ ਝੋਲੀ ਡਾਹਿੰਦਾ । ਪੰਚ ਵਿਕਾਰਾ ਮਿਲਿਆ ਸੰਗ, ਸਾਚੀ ਖ਼ੁਸ਼ੀ ਮਨਾਇੰਦਾ । ਲੋਕਮਾਤ ਵਜਾਏ ਆਪਣਾ ਮਰਦੰਗ, ਧਰਮ ਜੜ੍ਹ ਆਪ ਕਟਾਇੰਦਾ । ਵੇਖ ਵਖਾਏ ਗੋਦਾਵਰੀ ਗੰਗ, ਸਾਚਾ ਸਰ ਨਾ ਕੋਈ ਧਰਾਇੰਦਾ । ਅਠਸਠ ਤੀਰਥ ਕਰੇ ਭੰਗ, ਆਪ ਆਪਣਾ ਡੌਰੂ ਵਾਹਿੰਦਾ । ਮਨਮੁਖ ਜੀਵ ਕਰੇ ਨੰਗ, ਪੱਲੇ ਨਾਮ ਨਾ ਕੋਈ ਰਖਾਇੰਦਾ । ਧਰਮ ਰਾਏ ਵਰ ਰਿਹਾ ਮੰਗ, ਨੇਤਰ ਰੋ ਰੋ ਨੀਰ ਵਹਾਇੰਦਾ । ਕਲਜੁਗ ਤੇਰਾ ਮੰਗੇ ਸੰਗ, ਚਰਨ ਢਹਿ ਢਹਿ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰਾ ਇਕ ਸੁਹਾਇੰਦਾ । ਦਰ ਦਵਾਰ ਹਰਿ ਸੁਹਾ, ਹਰਿ ਆਪਣੀ ਬਣਤ ਬਣਾਈਆ । ਕਲਜੁਗ ਵਰ ਝੋਲੀ ਪਾ, ਸਾਧ ਸੰਤ ਭੇਵ ਨਾ ਰਾਈਆ । ਆਪ ਆਪਣਾ ਰੰਗ ਚੜ੍ਹਾ, ਦਿਸ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਡੰਕ ਵਜਾ, ਪੰਚ ਵਿਕਾਰਾ ਕਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪੇ ਮੇਟ ਮਿਟਾਈਆ । ਕਲਜੁਗ ਵਰ ਆਪਣਾ ਪਾ, ਆਪਣਾ ਕਰਮ ਕਮਾਇੰਦਾ । ਜੂਠ ਝੂਠ ਨਾ ਮਿਲੇ ਕੋਈ ਥਾਂ, ਧਰਤ ਮਾਤ ਨਾ ਵੇਖ ਵਖਾਇੰਦਾ । ਗਊ ਗ਼ਰੀਬ ਅਗੋਂ ਕਰ ਗਏ ਨਾ, ਕੋਈ ਨਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਇਕ ਗਿਆਨ ਦਿਵਾਇੰਦਾ । ਕਲਜੁਗ ਦੇਵੇ ਇਕ ਗਿਆਨ, ਏਕਾ ਸ਼ਬਦ ਜਣਾਈਆ । ਇਕ ਅਕੱਲਾ ਕੀ ਬਣੇ ਪਰਧਾਨ, ਨਾ ਚਲਣੀ ਕੋਈ ਚਤੁਰਾਈਆ । ਸਤਿ ਧਰਮ ਦੇਵੇ ਬਲੀ ਬਲਵਾਨ, ਨਾ ਦੇਵੇ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਏਕਾ ਬੂਝ ਬੁਝਾਈਆ । ਕਲਜੁਗ ਮੰਗੀ ਦੂਜੀ ਮੰਗ, ਹਰਿ ਵੇਲਾ ਵਕ਼ਤ ਸੁਹਾਇਆ । ਇਕ ਵਖਾਏ ਤੇਰਾ ਸੰਗ, ਆਪ ਆਪਣਾ ਭੇਖ ਵਟਾਇਆ । ਚੌਥੇ ਜੁਗ ਚਾਰ ਮਲੰਗ, ਬੈਠੇ ਵੇਸ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਮੰਗਨ ਮੰਗ, ਇਕ ਦਵਾਰਾ ਵੇਖ ਵਖਾਇਆ । ਪ੍ਰਭ ਅਬਿਨਾਸ਼ੀ ਬੈਠਾ ਨਾਮ ਪਲੰਘ, ਪਾਵਾ ਚੂਲ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇ ਮਤ ਆਪ ਸਮਝਾਇਆ । ਚਾਰੇ ਜੁਗ ਹਰਿ ਬੁਲਾਏ, ਆਪਣੀ ਬੂਝ ਬੁਝਾਈਆ । ਸਤਿਜੁਗ ਤੇਰਾ ਸਤਿ ਵਖਾਏ, ਤ੍ਰੇਤਾ ਤੀਰ ਚਲਾਈਆ । ਦੁਆਪਰ ਤੇਰਾ ਯਤ ਧਰਾਏ, ਕਲਜੁਗ ਪਏ ਦੁਹਾਈਆ । ਸੂਰਬੀਰ ਕਵਣ ਅਖਵਾਏ, ਕਲਜੁਗ ਬੇੜਾ ਲਏ ਉਠਾਈਆ । ਜੀਵ ਜੰਤ ਕੁਕਰਮੀ ਦਏ ਕਰਾਏ, ਕਿਰਿਆ ਕਰਮ ਨਾ ਕੋਈ ਰਖਾਈਆ । ਏਕਾ ਪੱਟੀ ਦਏ ਪੜ੍ਹਾਏ, ਜਗਤ ਵਿਦਿਆ ਇਕ ਵਖਾਈਆ । ਤੀਰਥ ਤਟੀ ਦਏ ਫਿਰਾਏ, ਸਾਧਾਂ ਸੰਤਾਂ

੨੧ ੦੭

ਮੁਖ ਭਵਾਈਆ । ਜੂਠ ਝੂਠੀ ਹੱਟੀ ਦਏ ਵਿਕਾਏ, ਨਾ ਕੋਈ ਮੁੱਲ ਪਵਾਈਆ । ਬਾਜ਼ੀਗਰ ਖੇਲ ਨਟੂਆ ਨਟੀ ਦਏ ਕਰਾਏ, ਸਵਾਂਗੀ ਸਵਾਂਗ ਵਰਤਾਈਆ । ਕਾਇਆ ਮੱਟੀ ਅੱਗ ਲਗਾਏ, ਧੀਰਜ ਧੀਰ ਨਾ ਕੋਈ ਧਰਾਈਆ । ਧਰਮ ਰਾਏ ਦੀ ਚੱਟੀ ਸਰਬ ਭਰਾਏ, ਨਾ ਕੋਈ ਵੇਲੇ ਅੰਤ ਸਹਾਈਆ । ਸਾਚੀ ਖੱਟੀ ਨਾ ਕੋਈ ਖਟਾਏ, ਜੂਠ ਝੂਠ ਵਣਜ ਕਰਾਈਆ । ਜੋਤ ਲਟ ਲਟੀ ਨਾ ਕੋਈ ਜਗਾਏ, ਉਚੇ ਟਿੱਲੇ ਮੰਦਰ ਅੰਦਰ ਬੈਠਾ ਆਸਣ ਲਾਈਆ । ਦੀਵਾ ਬੱਤੀ ਨਾ ਕੋਈ ਰਖਾਏ, ਅੰਧ ਅੰਧੇਰ ਨਾ ਕੋਈ ਮਿਟਾਈਆ । ਕਮਲਾਪਤੀ ਨਾ ਕੋਈ ਮਨਾਏ, ਘਰ ਘਰ ਬੈਠੇ ਧੂਣੀਆਂ ਤਾਈਆ । ਨਾਰ ਸੁਹਾਗਣ ਸਤੀ ਨਾ ਕੋਈ ਅਖਵਾਏ, ਨੌਂ ਦਰ ਨਾ ਕੋਈ ਤਜਾਈਆ । ਸਾਚੀ ਮਤੀ ਨਾ ਕੋਇ ਸਮਝਾਏ, ਵਾ ਤੱਤੀ ਨਾ ਕੋਇ ਲਗਾਈਆ । ਨਾਮ ਰਥੀ ਨਾ ਕੋਈ ਚੜ੍ਹਾਏ, ਰਥ ਰਥਵਾਹੀ ਨਾ ਕੋਈ ਦਿਸਾਈਆ । ਸਰਬ ਕਲ ਸਮਰਥੀ ਹਰਿ ਆਪ ਅਖਵਾਏ, ਕਲਜੁਗ ਤੇਰਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਜੁਗ ਰਿਹਾ ਸਮਝਾਈਆ । ਸਤਿਜੁਗ ਸਾਚਾ ਉਠਿਆ, ਆਪ ਆਪਣਾ ਬਲ ਧਾਰੇ । ਪੁਰਖ ਅਬਿਨਾਸ਼ੀ ਸਤਿਗੁਰ ਸਾਚੇ ਜੇ ਤੂੰ ਕਲਜੁਗ ਤੁਠਿਆ, ਦੇ ਇਕ ਭੰਡਾਰੇ । ਅੰਤਮ ਵੇਲੇ ਗੁਰਮੁਖ ਰੱਖਾਂ ਤੇਰੇ ਏਕਾ ਮੁਠਿਆ, ਨਾ ਕੋਈ ਦੂਸਰ ਪਾਵੇ ਸਾਰੇ । ਲੱਖ ਚੁਰਾਸੀ ਜਾਏ ਲੁੱਟਿਆ, ਜਗ ਕੂੜੇ ਕੂੜ ਪਸਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਇਕ ਭੰਡਾਰੇ । ਸਤਿਜੁਗ ਸਾਚੇ ਭਰ ਭੰਡਾਰ, ਹਰਿ ਆਪਣੀ ਦਇਆ ਕਮਾਈਆ । ਸੇਵਕ ਤੇਰੀ ਸੇਵਾਦਾਰ, ਸਾਚੀ ਸੇਵ ਲਗਾਈਆ । ਅੱਠੇ ਪਹਿਰ ਰਹਿਣਾ ਖ਼ਬਰਦਾਰ, ਠੱਗ ਚੋਰ ਯਾਰ ਕੋਈ ਲੁੱਟ ਨਾ ਜਾਈਆ । ਕਲਜੁਗ ਅੰਤਮ ਵੇਖ ਵਿਚਾਰ, ਏਕਾ ਰਾਹ ਤਕਾਈਆ । ਗੁਰਮੁਖ ਸਾਚੇ ਲਏ ਉਭਾਰ, ਤੇਰੀ ਵਸਤ ਤੇਰੀ ਝੋਲੀ ਪਾਈਆ । ਸੋਹੰ ਸ਼ਬਦ ਹਰਿ ਭੰਡਾਰ, ਸਤਿਜੁਗ ਸਾਚੀ ਵੰਡ ਵੰਡਾਈਆ । ਗੁਰਮੁਖਾਂ ਦੇਣਾ ਕਰ ਪਿਆਰ, ਸਾਚੇ ਮੰਦਰ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਮਿਲੀ ਵਡਿਆਈਆ । ਤ੍ਰੇਤਾ ਉਠੇ ਨੇਤਰ ਖੋਲ੍ਹ, ਆਪਣਾ ਕਰਮ ਵਿਚਾਰਿਆ । ਪੁਰਖ ਅਬਿਨਾਸ਼ੀ ਤੇਰਾ ਬੋਲ, ਲੱਗੇ ਰਾਮ ਪਿਆਰਿਆ । ਸਾਚੇ ਕੰਡੇ ਦੇਣਾ ਤੋਲ, ਨਾ ਦਿਸੇ ਪਾਸਾ ਹਾਰਿਆ । ਏਕ ਵਸਤ ਜਗਤ ਅਮੋਲ, ਬਖ਼ਸ਼ੇ ਚਰਨ ਪਿਆਰਿਆ । ਕਾਇਆ ਕੀਟੀ ਕੀਟ ਫੋਲ, ਲਾਲ ਅਨਮੁਲੜਾ ਇਕ ਸੰਭਾਰਿਆ । ਸਦਾ ਸਦਾ ਸਦ ਰੱਖਿਆ ਕੋਲ, ਦਰ ਤੇਰਾ ਇਕ ਵਿਚਾਰਿਆ । ਤੇਰਾ ਨਾਮ ਮਰਦੰਗਾ ਵੱਜੇ ਢੋਲ, ਸਤਿਜੁਗ ਸਾਚਾ ਨਾਲ ਰਲਾ ਰਿਹਾ । ਸੋਹੰ ਜੈਕਾਰਾ ਸਤਿਜੁਗ ਬੋਲ, ਤ੍ਰੇਤਾ ਰਾਮ ਸੁਣਾ ਰਿਹਾ । ਦੋਹਾਂ ਆਤਮ ਰਿਹਾ ਮੌਲ, ਹਰਿ ਜੋਤੀ ਨੂਰ ਉਪਾ ਰਿਹਾ । ਦਰ ਦਵਾਰੇ ਕੀਤਾ ਕੌਲ, ਪ੍ਰਭ ਪੂਰਾ ਆਪ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਲੇਖ ਲਿਖਾ ਲਿਆ । ਤ੍ਰੇਤਾ ਤੇਰਾ ਨਾਮ ਜੈਕਾਰ, ਏਕਾ ਨਾਅਰਾ ਲਾਇਆ । ਗੁਰਮੁਖ ਸਾਚੇ ਲਏ ਉਭਾਰ, ਗੁਰ ਮੰਤਰ ਇਕ ਜਣਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨੋਦਕ ਮੁਖ ਚੁਆਇਆ । ਵਰਨ ਗੋਤ ਨਾ ਕੋਈ ਵਿਚਾਰ, ਜਾਤ ਪਾਤ ਨਾ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਭੇਖ ਤੇਰੇ ਅੱਗੇ ਧਰ, ਤੇਰਾ ਦਰ ਖੁਲ੍ਹਾਇਆ । ਦੁਆਪਰ ਵੇਖੇ ਮਾਰ ਧਿਆਨ, ਮਿਲੇ ਨਾਮ ਬਿਬਾਨਾ । ਨਾ ਕੋਈ ਚਤੁਰ ਸੁਘੜ ਸਿਆਣ, ਨਾ ਜਾਣੇ ਕੋਈ ਵਿਦਵਾਨਾ । ਨਾ ਕੋਈ ਤੀਰ ਨਾ ਕੋਈ ਕਮਾਨ, ਸ਼ਸਤਰ ਹੱਥ ਨਾ ਕੋਈ ਉਠਾਨਾ । ਤੇਰਾ ਨਾਮ ਜਗਤ ਬਲਵਾਨ,

੨੨
੦੧

ਨਾ ਮੇਟੇ ਕੋਈ ਨਿਸ਼ਾਨਾ । ਖਾਣੀ ਬਾਣੀ ਸਾਰੇ ਗਾਣ, ਗਾਵਤ ਗਾਵਤ ਵੇਦ ਪੁਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਆਪਰ ਦਿਤਾ ਏਕਾ ਵਰ, ਘਰ ਸਾਚਾ ਸ਼ਾਹ ਸੁਲਤਾਨਾ । ਦੁਆਪਰ ਤੇਰੀ ਸਾਚੀ ਸੇਵਾ, ਪ੍ਰਭ ਸਾਚਾ ਆਪ ਲਗਾਇੰਦਾ । ਗੁਰਮੁਖਾਂ ਰਸਨਾ ਰਸ ਦੇਣਾ ਜਿਹਵਾ, ਜਿਹਵਾ ਰਸ ਆਪ ਅਖਵਾਇੰਦਾ । ਸਾਚੇ ਮਸਤਕ ਕੌਸਤਕ ਮਣੀਆ ਲੌਣਾ ਥੇਵਾ, ਜੋਤ ਨਿਰੰਜਣ ਵੇਖ ਵਖਾਇੰਦਾ । ਮਿਲੇ ਮੇਲ ਅਲੱਖ ਅਭੇਵਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਆਪੇ ਆਏ ਦਇਆ ਕਮਾਏ ਵਡ ਦੇਵੀ ਦੇਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵ ਕਰਾਇੰਦਾ । ਦੁਆਪਰ ਸਾਚੀ ਸੇਵਾ ਲਾ, ਹਰਿ ਸਾਚੀ ਦਇਆ ਕਮਾਈਆ । ਗੁਰਮੁਖਾਂ ਅੰਦਰ ਆਪ ਵਸਾ, ਰਸਨਾ ਜਿਹਵਾ ਰਿਹਾ ਹਿਲਾਈਆ । ਏਕਾ ਮਾਰਗ ਆਪ ਵਖਾ, ਦੇ ਮਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਰਿਹਾ ਅੰਤ ਹਿਲਾਈਆ । ਕਲਜੁਗ ਕੂੜਾ ਉਠ ਬਲਕਾਰ, ਚਾਰੋਂ ਕੁੰਟ ਲਏ ਅੰਗੜਾਈਆ । ਆਪਣੀ ਬਾਹਾਂ ਰਿਹਾ ਹੁਲਾਰ, ਦਹਿ ਦਿਸ਼ਾ ਵੇਖ ਵਖਾਈਆ । ਪ੍ਰਭ ਅਬਿਨਾਸ਼ੀ ਤੇਰਾ ਤੁਟਾ ਪਿਆਰ, ਲੋਕਮਾਤ ਵੱਜੀ ਵਧਾਈਆ । ਧਰਮ ਜੜ ਦਏ ਉਖਾੜ, ਥਿਰ ਕੋਇ ਰਹਿਣ ਨਾ ਪਾਈਆ । ਅਗਨੀ ਅੱਗ ਲਗਾਏ ਤੱਤੀ ਹਾੜ, ਸਾਧਾਂ ਸੰਤਾਂ ਆਪ ਜਲਾਈਆ । ਨੌਂ ਦਵਾਰੇ ਦੇਵੇ ਵਾੜ, ਅੱਠੇ ਪਹਿਰ ਜੀਵ ਕੁਰਲਾਈਆ । ਮਗਰ ਲਗਾਵੇ ਪੰਚਮ ਧਾੜ, ਨਾ ਸਕੇ ਕੋਈ ਬਚਾਈਆ । ਅਗਨੀ ਅੱਗ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਰਹੀ ਜਲਾਈਆ । ਟਿਕਣ ਨਾ ਦੇਵੇ ਕਿਸੇ ਜੰਗਲ ਜੂਹ ਉਜਾੜ ਪਹਾੜ, ਤੀਰਥ ਤੱਟਾਂ ਵੇਖ ਵਖਾਈਆ । ਗੁਰਦਰ ਮੰਦਰ ਅੰਦਰ ਚਾਰ ਦਿਵਾਰ ਸਚ ਦਿਵਾਰਾ ਪਾੜ, ਧੀਰਜ ਧੀਰ ਨਾ ਕੋਈ ਧਰਾਈਆ । ਗ੍ਰੰਥੀ ਪੰਥੀ ਪੰਡਤ ਪਾਂਧੇ ਮੁੱਲਾਂ ਸ਼ੇਖਾਂ ਪੀਰਾਂ ਟੋਹਾਂ ਨਾੜ ਨਾੜ, ਰਕਤ ਬੂੰਦ ਵੇਖ ਵਖਾਈਆ । ਗੁਰਮੁਖ ਸਾਜਨ ਜਿਥੇ ਬੈਠੇ ਲਾੜ, ਦੂਰੋਂ ਦੋਏ ਜੋੜ ਬੈਠਾ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਪਿੱਛੇ ਅਗਾੜ, ਚਾਰੋਂ ਕੁੰਟ ਸ਼ਬਦ ਖੰਡਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦਿਤੀ ਇਕ ਵਡਿਆਈਆ । ਕਲਜੁਗ ਕੂੜਾ ਰਿਹਾ ਲਲਕਾਰ, ਲੋਕਮਾਤ ਵੱਡ ਵਡ ਰਾਜਾ । ਆਪ ਆਪਣਾ ਕਰ ਪਸਾਰ, ਆਪ ਆਪਣਾ ਸਾਜਣ ਸਾਜਾ । ਨਿੰਦਕ ਨਿੰਦਿਆ ਕਰ ਅਹਾਰ, ਕਿਰਿਆ ਕਰਮ ਕੂੜ ਕੁੜਿਆਰੀ ਰਚਿਆ ਕਾਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸਾਜਨ ਸਾਜਾ । ਕਲਜੁਗ ਆਪਣਾ ਕਰਮ ਕਮਾ, ਪ੍ਰਭ ਸਾਚੇ ਆਖ ਸੁਣਾਇੰਦਾ । ਸਤਿਜੁਗ ਵੰਡ ਵੰਡ ਲਈ ਵੰਡਾ, ਏਕਾ ਮੁੱਠੀ ਝੋਲੀ ਪਾਇੰਦਾ । ਤ੍ਰੇਤਾ ਆਪਣਾ ਹੱਕ ਰਖਾ, ਚਰਨ ਦਵਾਰ ਇਕ ਸੁਹਾਇੰਦਾ । ਦੁਆਪਰ ਹਿੱਸਾ ਬੈਠਾ ਪਾ, ਗੁਰਮੁਖਾਂ ਹਿਰਦੇ ਅੰਦਰ ਡੇਰਾ ਲਾਇੰਦਾ । ਕਲਜੁਗ ਆਪਣਾ ਰੰਗ ਚੜ੍ਹਾ, ਕਾਲਾ ਸੂਸਾ ਤਨ ਪਹਿਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸ਼ਬਦ ਜਣਾਇੰਦਾ । ਕਲਜੁਗ ਤੇਰਾ ਕਾਇਆ ਬਲ, ਹਰਿ ਸਾਚੇ ਵੇਖ ਵਖਾਵਣਾ । ਫੇਰਾ ਪੌਣਾ ਜਲ ਥਲ, ਡੂੰਘੀ ਡਲ ਆਪ ਹਿਲਾਵਨਾ । ਨੌਂ ਖੰਡ ਸਤ ਦੀਪ ਫਿਰਨਾ ਘੜੀ ਘੜੀ ਪਲ ਪਲ, ਗੁਰ ਦਰ ਮੰਦਰ ਅੰਦਰ ਡੇਰਾ ਲਾਵਣਾ । ਜੂਠ ਝੂਠ ਚਲਾਉਣਾ ਏਕਾ ਹੱਲ, ਮਾਇਆ ਮਮਤਾ ਬੀਜ ਬਿਜਾਵਣਾ । ਦੂਈ ਦਵੈਤੀ ਗਏ ਭੁੱਲ, ਮਨਮੁਖ ਜੀਵਾਂ ਆਪ ਭੁਲਾਵਣਾ । ਦੀਪਕ ਜੋਤੀ ਕਿਸੇ ਨਾ ਜਾਏ ਬਲ, ਗਿਆਨ ਦੀਪ ਆਪ ਬੁਝਾਵਨਾ । ਆਪ ਆਪਣੀ ਵਰਤੀ ਕਲ, ਕਲਜੁਗ ਸਾਚੀ ਰੁੱਤ ਸੁਹਾਵਣਾ । ਕਲਜੁਗ ਸਾਚਾ

੨੪
੦੭

ਕਰ ਪੁਕਾਰ, ਪ੍ਰਭ ਸਾਚੇ ਆਖ ਸੁਣਾਇੰਦਾ । ਇਕ ਅਕੱਲਾ ਗਿਆ ਹਾਰ, ਨਾ ਕੋਈ ਸੰਗ ਰਖਾਇੰਦਾ । ਮੰਗੀ ਮੰਗ ਧੁਰ ਦਰਬਾਰ, ਭਿਛਿਆ ਇਛਿਆ ਪੂਰ ਕਰਾਇੰਦਾ । ਵਰ ਦਾਤਾ ਆਪ ਹੋ ਨਿਰੰਕਾਰ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਸੰਗ ਨਿਭਾਇੰਦਾ । ਕਲਜੁਗ ਤੇਰਾ ਸੰਗ ਰਖਾ, ਤੇਰਾ ਰੂਪ ਵਟਾਇਆ । ਇਕ ਮੁਹੰਮਦ ਦਏ ਉਪਾ, ਆਪ ਆਪਣਾ ਬੀਜ ਬਿਜਾਇਆ । ਅੱਲਾ ਹੂ ਹੂ ਨਾਅਰਾ ਲਾ, ਤੂੰ ਤੂੰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਕੁੰਟਾਂ ਵੇਖ ਵਖਾਇਆ । ਚਾਰੇ ਕੁੰਟ ਵੇਖ ਵਖਾ, ਦਹਿ ਦਿਸ਼ਾ ਫੇਰੀ ਪਾਈਆ । ਆਪ ਆਪਣਾ ਲਏ ਉਪਾ, ਆਪ ਆਪਣੀ ਸੇਵਾ ਲਾਈਆ । ਆਪ ਆਪਣਾ ਦੀਪ ਜਗਾ, ਆਪੇ ਲਏ ਬੁਝਾਈਆ । ਆਪ ਆਪਣਾ ਰਾਗ ਅਲ੍ਹਾ, ਆਪੇ ਲਏ ਸੁਣਾਈਆ । ਆਪ ਆਪਣਾ ਸਾਂਗ ਵਰਤਾ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਲਾ ਵੇਖ ਵਖਾਈਆ । ਕਲਜੁਗ ਕਾਲੇ ਬੰਨੀ ਧਾਰ, ਇਕ ਗਿਆਨ ਦ੍ਰਿੜਾਇਆ । ਮਨ ਮਤ ਬੁਧ ਗਈ ਹਾਰ, ਬੁਧ ਬੋਧ ਗਿਆਨ ਜਣਾਇਆ । ਸਾਚੀ ਸੁਧ ਨਾ ਪਾਏ ਸੰਸਾਰ, ਪੰਚਮ ਯੁਧ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਾਇਆ । ਆਪ ਆਪਣੀ ਕਿਰਪਾ ਧਾਰ, ਆਪਣਾ ਨਾਉਂ ਉਪਾਇੰਦਾ । ਪੰਜ ਤਤ ਕਰ ਪਿਆਰ, ਨਾਨਕ ਨਾਮ ਰਖਾਇੰਦਾ । ਨਾਨਕ ਮੰਗੇ ਦਰ ਦਵਾਰ, ਏਕਾ ਭਿਛਿਆ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦਵਾਇੰਦਾ । ਨਾਨਕ ਮੰਗੇ ਦਰ ਭਿਖਾਰਾ, ਏਕਾ ਅਲੱਖ ਜਗਾਈਆ । ਪ੍ਰਭ ਅਬਿਨਾਸ਼ੀ ਖੋਲ੍ਹ ਕਿਵਾੜਾ, ਵੇਖੇ ਬੇਪਰਵਾਹੀਆ । ਸਚ ਤਰਾਨਾ ਵੱਜੇ ਤਾੜਾ, ਅਨਨ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰਸ ਦਿਖਾਈਆ । ਦਰ ਦਵਾਰੇ ਅਲੱਖ ਜਗਾ, ਨਾਨਕ ਸਦਾ ਲਗਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਸਚ ਸਿੰਘਾਸਣ ਰਿਹਾ ਤਜਾਈਆ । ਸਾਚੇ ਅੰਦਰੋਂ ਬਾਹਰ ਆ, ਦਰ ਦਹਲੀਜੇ ਚਰਨ ਟਿਕਾਈਆ । ਚਰਨ ਚਰਨੋਦਕ ਇਕ ਵਖਾ, ਅੰਮ੍ਰਿਤ ਧਾਰ ਵਹਾਈਆ । ਅੰਮ੍ਰਿਤ ਧਾਰਾ ਮੁਖ ਚੁਆ, ਨਿਰਗੁਣ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਬੂਝ ਬੁਝਾਈਆ । ਨਾਨਕ ਨਿਰਗੁਣ ਰੂਪ ਸਮਾਇਆ, ਵੇਖੇ ਧਾਮ ਅਵੱਲਾ । ਇਕ ਅਕੱਲਾ ਹਰਿ ਰਘੁਰਾਇਆ, ਜੋਤ ਨਿਰੰਜਣ ਦੀਪਕ ਆਦਿ ਅੰਤ ਏਕਾ ਬਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਫੜਾਇਆ ਆਪਣਾ ਪੱਲਾ । ਆਪਣਾ ਪੱਲਾ ਨਾਮ ਫੜਾ, ਨਾਨਕ ਮਤ ਸਿਖਾਈਆ । ਸਾਚੇ ਘੋੜੇ ਦਏ ਚੜ੍ਹਾ, ਏਕਾ ਪੌੜਾ ਲਾਈਆ । ਏਕਾ ਅੱਖਰ ਦਏ ਪੜ੍ਹਾ, ਨਾਮ ਸਤਿ ਵਡ ਵੱਡੀ ਵਡਿਆਈਆ । ਲੰਬਾ ਚੌੜਾ ਕੋਈ ਜਾਣੇ ਨਾ, ਨਾ ਕੋਈ ਲੇਖਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਾਮ ਦਏ ਵਡਿਆਈਆ । ਨਾਨਕ ਨਾਮ ਵਰ ਘਰ ਪਾਇਆ, ਆਤਮ ਵੱਜੀ ਵਧਾਈਆ । ਲੋਕਮਾਤ ਆ ਡੇਰਾ ਲਾਇਆ, ਦਿਵਸ ਰੈਣ ਖ਼ੁਸ਼ੀ ਮਨਾਈਆ । ਏਕਾ ਲਿਵ ਇਕ ਜੋਤ, ਨਾ ਕੋਈ ਬਰਨ ਗੋਤ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਾਮ ਰੱਖੇ ਵਡਿਆਈਆ । ਨਾਨਕ ਨਾਮ ਨਿਰਗੁਣ ਪਾ, ਚਾਰ ਕੁੰਟ ਉਠ ਧਾਇਆ । ਕਲਜੁਗ ਜੀਵ ਆਪ ਸਮਝਾ, ਏਕਾ ਮੰਤਰ ਨਾਮ ਦ੍ਰਿੜਾਇਆ । ਹੰਕਾਰੀਆਂ ਗੜ੍ਹ


Rev-01

ਰਿਹਾ ਤੁੜਾ, ਸ਼ਬਦ ਖੰਡਾ ਇਕ ਚਲਾਇਆ । ਗੁਰਮੁਖ ਸਾਚੇ ਗਲੇ ਲਗਾ, ਆਪ ਆਪਣੇ ਰੰਗ ਰੰਗਾਇਆ । ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾ, ਭੇਖ ਅਵੱਲਾ ਇਕ ਵਟਾਇਆ । ਜੀਵ ਜੰਤ ਕੋਈ ਜਾਣੇ ਨਾ, ਹੱਥ ਮਸੱਲਾ ਬਗਲ ਕੁਰਾਨ ਉਠਾਇਆ । ਇਕ ਵਖਾਏ ਸਚ ਮਹੱਲਾ ਚੌਥੇ ਘਰ ਜੋ ਜਨ ਪੁਜਾ, ਪੰਚਮ ਮੇਲਾ ਸਹਿਜ ਸੁਭਾਇਆ । ਚਰਨ ਦਵਾਰੇ ਜੋ ਜਨ ਲੂਜਾ, ਫੜ ਬਾਂਹੋਂ ਪਾਰ ਕਰਾਇਆ । ਆਪਣਾ ਭੇਵ ਖੁਲ੍ਹਾਇਆ ਗੂਝਾ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਤੀ ਝੋਲੀ ਪਾਇਆ । ਭਗਤੀ ਹਰਿ ਭੰਡਾਰ, ਆਪ ਭਰਾਇਆ । ਦੇਵਣਹਾਰ ਵਿਚ ਸੰਸਾਰ, ਜੁਗ ਜੁਗ ਆਪ ਅਖਵਾਇਆ । ਲਹਿਣਾ ਦੇਣਾ ਕਰਜ਼ ਉਤਾਰ, ਅੰਗਦ ਅੰਗ ਲਗਾਇਆ । ਅਮਰੂ ਅਮਰ ਕਰ ਪਿਆਰ, ਰਾਮਦਾਸ ਸਹਾਇਆ । ਰਾਮਦਾਸ ਤੇਰੀ ਏਕਾ ਧਾਰ, ਸਰ ਸਰੋਵਰ ਇਕ ਵਖਾਇਆ । ਅਰਜਨ ਲੇਖਾ ਅਪਰ ਅਪਾਰ, ਬੋਧ ਗਿਆਨ ਆਪ ਜਣਾਇਆ । ਹਰਿ ਗੋਬਿੰਦਾ ਕਰ ਪਿਆਰ, ਦੋ ਧਾਰਾ ਮੁਖ ਭਵਾਇਆ । ਹਰਿਰਾਏ ਬਣ ਸਾਚੀ ਨਾਰ, ਸਾਚਾ ਕੰਤ ਮਨਾਇਆ । ਹਰਿ ਕ੍ਰਿਸ਼ਨਾ ਲਏ ਅਧਾਰ, ਬਾਲ ਬਾਲਾ ਲੇਖੇ ਲਾਇਆ । ਗੁਰ ਤੇਗ ਬਹਾਦਰ ਤੇਰਾ ਸਹਾਰ, ਪ੍ਰਭ ਚਰਨੀ ਸੀਸ ਚੜ੍ਹਾਇਆ । ਗੁਰ ਗੋਬਿੰਦ ਸਚ ਦੁਲਾਰ, ਪੁਰਖ ਅਕਾਲ ਆਪ ਉਪਾਇਆ । ਆਪ ਬਣਾਇਆ ਸਾਚਾ ਲਾਲ, ਆਪਣੇ ਲੇਖੇ ਲਾਇਆ । ਕਲਜੁਗ ਦੇਵੇ ਰਾਹ ਸੁਖਾਲ, ਦੇ ਮਤ ਆਪ ਸਮਝਾਇਆ । ਤੇਰੀ ਜੜ ਉਖੇੜੇ ਛੋਟੇ ਬਾਲ, ਗੁਣ ਅਵਗੁਣ ਨਾ ਵੇਖ ਵਖਾਇਆ । ਬੱਤੀ ਦੰਦ ਸੀਰ ਚੋਟੀ ਚੜ੍ਹੇ ਅਖ਼ੀਰ, ਨਾ ਕੋਈ ਮੂੰਹਦੇ ਭਾਰ ਸੁਟਾਇਆ । ਮਿਲੇ ਮੇਲ ਹਰਿ ਸ਼ਾਹ ਫ਼ਕੀਰ, ਤੋੜੇ ਜਗਤ ਜੰਜੀਰ, ਵਡ ਪੀਰਨ ਪੀਰ ਲੱਭਣ ਮੁਕਾਮੇ ਹੱਕ, ਨਾ ਕੋਈ ਖ਼ੁਦੀ ਖ਼ੁਦਾਈ ਰਹੇ ਸ਼ੱਕ, ਪੀਰ ਦਸਤਗੀਰ ਆਪ ਅਖਵਾਇਆ । ਕਲਜੁਗ ਤੇਰੀ ਵੇਖ ਤਕਦੀਰ, ਕਲਜੁਗ ਕੂੜਾ ਹੋਏ ਫ਼ਕੀਰ, ਜੂਠੇ ਝੂਠੇ ਬਸਤਰ ਪਾਟੇ ਲੱਥੇ ਚੀਰ, ਚਾਰੋਂ ਕੁੰਟ ਨੱਕ ਨਾਲ ਕੱਢੇ ਲਕੀਰ, ਨਾ ਦਿਸੇ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਰਿਹਾ ਸਮਝਾਈਆ । ਗੁਰ ਗੋਬਿੰਦ ਜੋਤ ਉਪਾ, ਸਾਚੇ ਘੋੜ ਚੜ੍ਹਾਇਆ । ਕਲਗੀ ਤੋੜਾ ਹਰਿ ਸੀਸ ਟਿਕਾ, ਸੱਸੇ ਉਪਰ ਹੋੜਾ ਲਾਇਆ । ਜੋਤੀ ਜੋੜਾ ਮੇਲ ਮਿਲਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਸੱਸਾ ਕਿਲਾ ਇਕ ਬਣਾ, ਪੁਰੀ ਅਨੰਦ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਪੁਰੀ ਅਨੰਦ ਹਰਿ ਆਪ ਵਸਾਈ, ਅਨੰਦ ਅਨੰਦ ਗੁਣ ਗਾਇਆ । ਸਾਚਾ ਚੰਦ ਆਪ ਚੜ੍ਹਾਈ, ਸਾਚਾ ਛੰਦ ਸੁਣਾਇਆ । ਖ਼ੁਸ਼ੀ ਬੰਦ ਬੰਦ ਕਰਾਈ, ਤਨ ਸ਼ਿੰਗਾਰ ਕਰਾਇਆ । ਏਕਾ ਇਸ਼ਟ ਇਕ ਗੁਰ ਦੇਵ ਇਕ ਜਵਾਲਾ ਇਕ ਨੈਣਾਂ ਏਕਾ ਦੇਵੀ ਆਪ ਮਨਾਈ, ਲੱਖ ਚੁਰਾਸੀ ਸਚ ਸਮਗਰੀ ਜਗਤ ਹਵਨ ਕਰਾਇਆ । ਨਿਰਮਲ ਜੋਤ ਜਗੀ ਅਗੰਮੜੀ, ਅਕਾਲ ਪੁਰਖ ਪ੍ਰਭ ਆਇਆ । ਗੁਰ ਗੋਬਿੰਦੇ ਪ੍ਰੀਤ ਸਾਚੀ ਲਗਰੀ, ਸਾਚਾ ਦਰਸ ਦਿਖਾਇਆ । ਸੀਸ ਟਿਕਾਏ ਆਪਣੀ ਪਗੜੀ, ਤੋੜਾ ਚੀਰਾ ਆਪ ਸੁਹਾਇਆ । ਤਨ ਜੰਜੀਰ ਸਾਚੀ ਜਕੜੀ, ਸ਼ਬਦ ਪਿਆਰ ਵਧਾਇਆ । ਇਕ ਕਟਾਰ ਹੱਥ ਪਕੜੀ, ਖੰਡਾ ਨਾਮ ਰਖਾਇਆ । ਖੱਬੇ ਹੱਥ ਪਕੜੇ ਤਕੜੀ, ਨਾਨਕ ਤੋਲਾ ਆਪ ਤੁਲਾਇਆ । ਪੰਚਾਂ ਵੇਖੇ ਜਗਤ ਨਿਰਾਲੀ ਧਾਰ ਵੱਖਰੀ, ਸਾਚੀ ਧਾਰਾ ਆਪ ਚਲਾਇਆ । ਆਪ ਹਟਾਈ ਬਜਰ ਕਪਾਟੀ ਪਥਰੀ, ਆਪ ਆਪਣਾ ਮੇਲ ਮਿਲਾਇਆ । ਪੰਚਮ ਢਹਿ ਢਹਿ ਹੋਏ ਸਥਰੀ, ਨਾ ਸਕੇ ਸੀਸ ਉਠਾਇਆ । ਮਨਮੁਖ ਨੇਤਰ

ਨੀਰ ਵਹਾਏ ਅਥਰੀ, ਗੁਰ ਗੋਬਿੰਦਾ ਖ਼ੁਸ਼ੀ ਮਨਾਇਆ । ਕਲਜੁਗ ਕਾਇਆ ਤਪੇ ਭਠੜੀ, ਮੰਗੇ ਮੰਗ ਏਕ ਮੰਗਾਇਆ । ਮਨਮੁਖ ਜੀਵਾਂ ਜੂਠ ਝੂਠ ਬੱਧੀ ਗਠੜੀ, ਆਪਣਾ ਭਾਰ ਉਠਾਇਆ । ਜਨ ਭਗਤਾਂ ਰਖਾਏ ਸਾਚਾ ਹਠੜੀ, ਏਕਾ ਮੁਠ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਮੇਲ ਮਿਲਾਇਆ । ਗੋਬਿੰਦ ਮੇਲਾ ਹਰਿ ਹਰਿ ਵੇਲਾ, ਸੋਹੇ ਬੰਕ ਦਵਾਰਾ । ਆਪੇ ਸੱਜਣ ਆਪ ਸੁਹੇਲਾ, ਆਪੇ ਪਾਵੇ ਸਾਰਾ । ਆਪੇ ਦਾਤਾ ਗੁਣੀ ਗਹੇਲਾ, ਆਪੇ ਕਰੇ ਕਰਾਏ ਸਚ ਪਿਆਰਾ । ਆਪੇ ਗੁਰੂ ਆਪੇ ਗੁਰ ਚੇਲਾ, ਆਪੇ ਢਹਿ ਪਏ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਏ ਪਿਆਰਾ । ਗੁਰ ਗੋਬਿੰਦਾ ਹਰਿ ਸਮਝਾ, ਆਪਣੀ ਬੂਝ ਬੁਝਾਈਆ । ਪੁਰਖ ਅਕਾਲਾ ਇਕ ਮਨਾ, ਏਕਾ ਓਟ ਰਖਾਈਆ । ਜਗਤ ਜੰਜਾਲਾ ਗਿਆ ਤੁੜਾ, ਗੁਰਮੁਖਾਂ ਇਹ ਸਮਝਾਈਆ । ਜਾਗਰਤ ਜੋਤ ਜੋ ਜਨ ਲਏ ਜਗਾ, ਗੁਰਸਿਖ ਸੱਚਾ ਸਚ ਸਰਨਾਈਆ । ਅੰਧ ਅੰਧੇਰ ਲਏ ਮਿਟਾ, ਗੁਰਮੁਖ ਸੋ ਅਖਵਾਈਆ । ਰਸਨਾ ਪੜ੍ਹ ਪੜ੍ਹ ਵਕ਼ਤ ਲਿਆ ਗਵਾ, ਲੇਖਾ ਲਿਖਣਹਾਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਕਰਾਏ ਜਣਾਈਆ । ਗੁਰ ਗੋਬਿੰਦ ਅੰਤਰ ਧਿਆਨ, ਆਪਣਾ ਆਪ ਲਗਾਇਆ । ਪੁਰਖ ਅਬਿਨਾਸ਼ੀ ਮਿਹਰਵਾਨ, ਦਇਆਨਿਧ ਅਖਵਾਇਆ । ਵੇਲਾ ਵਕ਼ਤ ਰਿਹਾ ਪਛਾਣ, ਲੇਖਾ ਸਕੇ ਨਾ ਕੋਈ ਲਖਾਇਆ । ਅੰਤਮ ਛੱਡਣਾ ਪਏ ਜਹਾਨ, ਥਿਰ ਕੋਇ ਰਹਿਣ ਨਾ ਪਾਇਆ । ਕੂੜ ਕੁਟੰਬ ਮੇਟ ਮਿਟਾਣ, ਭਾਣਾ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤਾ ਵਰ, ਤੇਰਾ ਘਰ ਦਏ ਸੁਹਾਇਆ । ਗੁਰ ਗੋਬਿੰਦਾ ਮੰਗੇ ਮੰਗ, ਦਰ ਸਚ ਕਰੇ ਨਿਮਸਕਾਰਾ । ਪੁਰਖ ਅਬਿਨਾਸ਼ੀ ਤੇਰਾ ਸੰਗ, ਨਾ ਛੁਟੇ ਵਿਚ ਸੰਸਾਰਾ । ਦੋ ਜਹਾਨੀ ਸੰਗ ਅੰਗ, ਬਖ਼ਸ਼ੇ ਚਰਨ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਅੰਤਮ ਇਕ ਹੁਲਾਰਾ । ਅੰਤ ਹੁਲਾਰਾ ਇਕ ਲਗਾ, ਗੁਰ ਗੋਬਿੰਦੇ ਕਰੇ ਜਣਾਈਆ । ਕਲਜੁਗ ਅੰਤਮ ਜਾਏ ਆ, ਰੈਣ ਅੰਧੇਰੀ ਛਾਈਆ । ਨਾ ਦਿਸੇ ਕੋਈ ਸਹਾ, ਨਾ ਸਕੇ ਕੋਈ ਬਚਾਈਆ । ਵਰਨ ਬਰਨੀ ਵਰਨ ਬਰਨਾ ਰਹੇ ਲੜਾ, ਨਾ ਦੇਵੇ ਸਚ ਸਫ਼ਾਈਆ । ਤੇਰਾ ਲੇਖਾ ਦਏ ਲਿਖਾ, ਆਪ ਆਪਣਾ ਸੰਗ ਨਿਭਾਈਆ । ਧਾਰੀ ਕੇਸਾ ਨਾ ਕੋਈ ਜਣਾ, ਮੂੰਡ ਮੁੰਡਾਏ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਖੇਲ ਖਿਲਾ, ਆਪ ਆਪਣੀ ਰਚਨ ਰਚਾਈਆ । ਜਗਤ ਦਵਾਰਾ ਦਏ ਸੁਹਾ, ਤੇਰਾ ਲੇਖਾ ਲੇਖੇ ਪਾਈਆ । ਸੰਬਲ ਨਗਰੀ ਆਪ ਉਪਾ, ਸਾਢੇ ਤਿੰਨ ਹੱਥ ਰਚਨ ਰਚਾਈਆ । ਸ਼ਬਦੀ ਜੋੜਾ ਜੋੜ ਜੁੜਾ, ਜੋਤੀ ਜੋਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਸ ਸਰਬੰਸਾ ਆਪ ਅਖਵਾਈਆ । ਬੰਸ ਸਰਬੰਸਾ ਤੇਰਾ ਵੇਖ, ਤੇਰਾ ਦਰ ਸੁਹਾਵਨਾ । ਧੁਰਦਰਗਾਹੀ ਲਾਈ ਮੇਖ, ਕਰੇ ਖੇਲ ਹਰਿ ਭਗਵਾਨਨਾ । ਨੇਤਰ ਲੋਚਨ ਲੈਣਾ ਪੇਖ, ਆਪ ਪਕੜੇ ਤੇਰਾ ਦਾਮਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਬਣੇ ਸਾਚਾ ਜ਼ਾਮਣਾ । ਸਾਚਾ ਜ਼ਾਮਨ ਅੰਤਮ ਹੋ, ਏਕਾ ਸ਼ਬਦ ਇਕ ਗਿਆਨ ਦ੍ਰਿੜਾਇਆ । ਸੋਹੰ ਬੀਜ ਸਾਚਾ ਬੋ, ਸਾਚਾ ਫਲ ਲਗਾਇਆ । ਸਾਚਾ ਅੰਮ੍ਰਿਤ ਆਤਮ ਚੋ, ਸਾਚਾ ਤਾਲ ਸੁਹਾਇਆ । ਹਰਿ ਬਿਨ ਅਵਰ ਨਾ ਜਾਣੇ ਕੋ, ਭੇਵ ਕਿਸੇ ਨਾ ਪਾਇਆ । ਲੱਖ ਚੁਰਾਸੀ ਰਹੀ ਰੋ, ਹਰਿ ਗੋਬਿੰਦ ਦਿਸ ਨਾ ਆਇਆ । ਦਹਿ ਦਿਸ਼ਾ ਨਾ ਦਿਸੇ ਕੋਈ ਢੋ, ਪੂਤ ਸਪੂਤਾ ਬ੍ਰਹਿਮੰਣ

੨੬
੦੨

ਗੌੜ ਕਿਸੇ ਨਾ ਜਾਇਆ । ਜੋਤੀ ਸ਼ਬਦੀ ਲੱਗੀ ਛੋਹ, ਏਕਾ ਮੇਲ ਮਿਲਾਇਆ । ਧੰਨ ਭਾਗ ਦਿਹਾੜਾ ਛੱਬੀ ਪੋਹ, ਪ੍ਰਭ ਜੋਤੀ ਜੋਤ ਜਗਾਇਆ ।
ਗੁਰਮੁਖਾਂ ਦੁਰਮਤ ਮੈਲ ਧੋ, ਆਪ ਆਪਣੀ ਝੋਲੀ ਪਾਇਆ । ਧੁਰਦਰਗਾਹੀ ਸੁਣਾਏ ਸਾਚੀ ਸੋ, ਸਚ ਸੁਨੇਹੜਾ ਲੈ ਕੇ ਆਇਆ । ਪੁਰਖ ਅਬਿਨਾਸ਼ੀ
ਘਟ ਘਟ ਵਾਸੀ ਸ੍ਰਿਸ਼ਟ ਸਬਾਈ ਦੇਵੇ ਫਾਸੀ ਨਾਤਾ ਤੋੜੇ ਜਗਤ ਮੋਹ, ਨਾ ਕੋਈ ਸਕੇ ਬਚਾਇਆ । ਗੁਰਮੁਖਾਂ ਆਤਮ ਬੀਜ ਸਾਚਾ ਬੋ, ਏਕਾ
ਫਲ ਖੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲ ਮਿਲਾਇਆ । ਮੇਲ ਮਿਲਾਵਾ ਹਰਿ ਨਿਰੰਜਣ, ਆਦਿ
ਪੁਰਖ ਅਬਿਨਾਸ਼ੀ । ਜਨ ਭਗਤਾਂ ਮਿਲਿਆ ਸੱਚਾ ਸੱਜਣ, ਲਾਹੇ ਜਗਤ ਉਦਾਸੀ । ਚਰਨ ਧੂੜ ਕਰਾਏ ਸਾਚਾ ਮਜਨ, ਰਸਨਾ ਨਾਮ ਸਵਾਸੀ ।
ਕਲਜੁਗ ਆਇਆ ਪੜਦੇ ਕੱਜਣ, ਭਗਤ ਸੁਹੇਲਾ ਘਨਕ ਪੁਰ ਵਾਸੀ । ਮਦਿਰਾ ਮਾਸ ਜੋ ਜਨ ਤਜਨ, ਘਰ ਮੇਲਾ ਸ਼ਾਹੋ ਸ਼ਬਾਸ਼ੀ । ਅਨਹਦ
ਤਾਲ ਨਗਾਰੇ ਵੱਜਣ, ਗੁਰਮੁਖ ਸਾਚੇ ਬਲ ਬਲ ਜਾਸੀ । ਗੜ੍ਹ ਹੰਕਾਰੀ ਭਾਂਡੇ ਭੱਜਣ, ਨਿਝ ਆਤਮ ਰੱਖੇ ਵਾਸੀ । ਨਾਮ ਚੜ੍ਹਾਏ ਸਾਚੇ ਜਹਾਜਨ,
ਪਾਰ ਕਿਨਾਰਾ ਇਕ ਵਿਖਾਸੀ । ਸ਼ਾਹੋ ਭੂਪ ਹਰਿ ਰਾਜ ਰਾਜਨ, ਪਾਰਬ੍ਰਹਮ ਅਬਿਨਾਸ਼ੀ । ਪਰਗਟੇ ਜੋਤ ਦੇਸ ਮਾਝਨ, ਸੰਬਲ ਨਗਰ ਜੋਤ ਪਰਕਾਸੀ ।
ਸੰਬਲ ਨਗਰ ਮਿਲੇ ਵਧਾਈ, ਗੁਰਮੁਖ ਖੇੜਾ ਪਾਇਆ । ਹਰਿਜਨ ਵੇਖਣ ਚਾਈਂ ਚਾਈਂ, ਹਰਿ ਸਾਚੇ ਵਕਤ ਸੁਹਾਇਆ । ਮੇਲ ਮਿਲਾਇਆ ਫੜ
ਫੜ ਬਾਂਹੀਂ, ਤ੍ਰੇਤਾ ਦੁਆਪਰ ਸਤਿਜੁਗ ਵੇਖ ਵਖਾਇਆ । ਕਲਜੁਗ ਦੇਵੇ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇਆ । ਚਤੁਰਭੁਜ ਮਿਲੇ
ਕਰ ਕਰ ਲੰਮੀਆ ਬਾਂਹੀਂ, ਜਿਉਂ ਲਛਮੀ ਅੰਗ ਲਗਾਇਆ । ਧੁਰ ਦਰਗਾਹੀ ਸਾਚਾ ਸਾਈਂ, ਨਿਮਾਣ ਨਿਮਾਣਿਆਂ ਲਏ ਤਰਾਇਆ । ਗੁਰ
੨੭ ਗੋਬਿੰਦਾ ਸਾਚਾ ਪਾਹੀ, ਪੰਧ ਆਪਣਾ ਰਿਹਾ ਮੁਕਾਇਆ । ਗੁਰਮੁਖ ਮੇਲਾ ਸਾਚੇ ਮਾਹੀ, ਅਗਿਆਨ ਅੰਧ ਗਵਾਇਆ । ਜੋਤੀ ਜੋਤ ਸਰੂਪ ਹਰਿ, ੨੭
੦੭ ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਲਏ ਮਿਲਾਇਆ । ਹਰਿ ਸੱਜਣ ਹਰਿ ਮਿਲਿਆ ਮੇਲਾ, ਮੇਲਾ ਧੁਰ ਦਰਗਾਹ । ਵੇਖੇ ਖੇਲ ਗੁਰੂ ੦੭
ਗੁਰ ਚੇਲਾ, ਧੁਰ ਸ਼ਬਦੀ ਸਚ ਸਲਾਹ । ਆਪੇ ਵਸਿਆ ਰੰਗ ਨਵੇਲਾ, ਹਰ ਘਟ ਬੈਠਾ ਆਸਣ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਕਲਜੁਗ ਕਰੇ ਸਚ ਨਿਆਂ । ਕਲਜੁਗ ਸਚ ਨਿਆਉਂ ਕਰ, ਜਗਤ ਕਰੇ ਵਡਿਆਈਆ । ਗੁਰਮੁਖ ਸਾਚੇ ਬਾਹੋਂ ਫੜ, ਭਗਤੀ ਭਗਤ
ਜਣਾਈਆ । ਮਨਮੁਖ ਜੀਵ ਰਹੇ ਲੜ, ਸਚ ਦਵਾਰ ਦਿਸ ਨਾ ਆਈਆ । ਗਿਆਨੀ ਧਿਆਨੀ ਰਹੇ ਪੜ੍ਹ, ਚਰਨ ਧਿਆਨ ਨਾ ਕੋਈ ਰਖਾਈਆ ।
ਜਗਤ ਵਿਦਿਆ ਗਏ ਪੜ੍ਹ, ਬ੍ਰਹਮ ਵਿਦਿਆ ਨਾ ਕੋਈ ਜਣਾਈਆ । ਹਿੰਦੂ ਮੜੀ ਰਹੇ ਸੜ, ਮੁਸਲਮ ਗੋਰ ਦਬਾਈਆ । ਗੁਰਮੁਖ ਸਾਚੇ ਨਾ
ਚੋਟੀ ਨਾ ਕੋਈ ਜੜ, ਨਾ ਕੋਈ ਖ਼ਾਕੀ ਖ਼ਾਕ ਸਮਾਈਆ । ਸਾਚੇ ਪੌੜੇ ਜਾਇਣ ਚੜ੍ਹ, ਪ੍ਰਭ ਸਾਚਾ ਆਪ ਚੜ੍ਹਾਈਆ । ਆਪ ਆਪਣੇ ਅੰਦਰ
ਜਾਏ ਵੜ, ਮਹੱਲ ਅਟੱਲ ਇਕ ਸੁਹਾਈਆ । ਸਚ ਦਵਾਰੇ ਅੱਗੇ ਖੜ, ਦੇ ਮਤ ਆਪ ਸਮਝਾਈਆ । ਕਿਲਾ ਕੋਟ ਹੰਕਾਰੀ ਗੜ੍ਹ, ਸੋ ਪੁਰਖ
ਨਿਰੰਜਣ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਮਿਲਾਈਆ । ਗੁਰਮੁਖ ਸਾਚੇ ਸੱਜਣਾ,
ਤੇਰੀ ਧੂੜੀ ਖਾਕ । ਗੁਰ ਸਤਿਗੁਰ ਮੰਗੇ ਮਜਨਾ, ਹੋਏ ਪਾਕੀ ਪਾਕ । ਕਾਲ ਨਗਾਰਾ ਏਕਾ ਵੱਜਣਾ, ਚੌਦਾਂ ਲੋਕਾਂ ਬੰਦ ਤਾਕ । ਜੋ ਘੜਿਆ
ਸੋ ਭੱਜਣਾ, ਛੱਡਣਾ ਬੰਧਪ ਸਾਕ । ਘਰ ਬਾਰ ਸਭ ਨੇ ਤਜਨਾ, ਉਚ ਮਹੱਲ ਨਾ ਵੇਖਣੇ ਝਾਕ । ਅੰਤਮ ਪੜਦਾ ਕਿਸੇ ਨਾ ਕੱਜਣਾ, ਲਹਿਣ

ਦੇਣ ਨਾ ਮੁਕਾਏ ਕੋਈ ਬਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਭਵਿਖਤ ਵਾਕ । ਸੱਜਣ ਸੱਚਾ ਮੀਤੜਾ, ਹਰਿ ਰੰਗੇ ਰੰਗ ਅਪਾਰ । ਆਪ ਆਪਣੇ ਜੇਹਾ ਕੀਤੜਾ, ਹਉਮੇ ਰੋਗ ਨਿਵਾਰ । ਕਾਇਆ ਰੱਖੇ ਠੰਡੀ ਸੀਤੜਾ, ਸਤਿ ਸੰਤੋਖੀ ਬਖ਼ਸ਼ੇ ਧਾਰ । ਗੁਰਮੁਖ ਵਿਰਲੇ ਮਾਨਸ ਜਨਮ ਜਗ ਜੀਤੜਾ, ਜਿਸ ਪਾਇਆ ਗੁਰਚਰਨ ਦਵਾਰ । ਹਰਿ ਭਾਣਾ ਲੱਗੇ ਮੀਠੜਾ, ਹਉਮੇ ਰੋਗ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਖ਼ਸ਼ੇ ਇਕ ਪਿਆਰ । ਇਕ ਪਿਆਰ ਸਾਚੇ ਗੁਰ, ਸਾਚੀ ਦਾਤ ਰਖਾਈਆ । ਮਿਲਿਆ ਮੇਲ ਲਿਖਿਆ ਧੁਰ, ਹਰਿ ਸਾਚਾ ਹੋਏ ਸਹਾਈਆ । ਪ੍ਰਭ ਦਰਸ਼ਨ ਕੋ ਲੋਚਣ ਸੁਰ, ਕਰੋੜ ਤੇਤੀਸਾ ਰਹੇ ਕੁਰਲਾਈਆ । ਸ਼ਿਵ ਸ਼ੰਕਰ ਬੈਠਾ ਅੰਤਰ ਜੁੜ, ਏਕਾ ਓਟ ਤਕਾਈਆ । ਬ੍ਰਹਮੇ ਨੇਤਰ ਗਿਆ ਬਹੁੜ, ਸ਼ਬਦੀ ਸ਼ਬਦ ਉਪਾਈਆ । ਗੁਰਮੁਖਾਂ ਆਤਮ ਲੱਗੀ ਔੜ, ਪ੍ਰਭ ਸਾਚੇ ਅੰਤ ਬੁਝਾਈਆ । ਲੋਕਮਾਤ ਆਇਆ ਦੌੜ, ਨਿਹਕਲੰਕਾ ਜਾਮਾ ਪਾਈਆ । ਪੰਡਤ ਲੱਭਦੇ ਫਿਰਦੇ ਪੂਤ ਸਪੂਤਾ ਬ੍ਰਹਿਮਣ ਗੌੜ, ਉਚੇ ਟਿੱਲੇ ਫੋਲ ਫੁਲਾਈਆ । ਗੁਰ ਗੋਬਿੰਦਾ ਵੇਖੇ ਮਿਠੇ ਕੌੜ, ਸੰਬਲ ਨਗਰੀ ਡੇਰਾ ਲਾਈਆ । ਪੰਥੀ ਗ੍ਰੰਥੀ ਰਹੇ ਦੌੜ, ਭੇਵ ਨਾ ਕੋਈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਲਏ ਮਿਲਾਈਆ । ਮੇਲਣਹਾਰਾ ਹਰਿ ਗੋਬਿੰਦਾ, ਸਗਲੀ ਚਿੰਤ ਮਿਟਾਈਆ । ਆਪ ਬਣਾਏ ਸਾਚੀ ਬਿੰਦਾ, ਜੋ ਜਨ ਆਏ ਸਰਨਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧਾ, ਜਿਸ ਜਨ ਸਾਚੀ ਓਟ ਰਖਾਈਆ । ਆਤਮ ਲਗਾ ਤੋੜੇ ਜਿੰਦਾ, ਬਜਰ ਕਪਾਟ ਤੁੜਾਈਆ । ਸਦਾ ਸਹੇਲਾ ਹਰਿ ਅਖਵੰਦਾ, ਦੋ ਜਹਾਨਾਂ ਵੇਖ ਵਖਾਈਆ । ਜਿਸ ਜਨ ਗਾਇਆ ਬੱਤੀ ਦੰਦਾ, ਸੋਹੰ ਸ਼ਬਦ ਵੱਡੀ ਵਡਿਆਈਆ । ਕਲਜੁਗ ਜੀਵ ਭਾਗਾਂ ਮੰਦਾ, ਬੈਠਾ ਮੁਖ ਭਵਾਈਆ । ਮਦਿਰਾ ਮਾਸੀ ਆਤਮ ਗੰਦਾ, ਭੁੱਲਿਆ ਹਰਿ ਰਘੁਰਾਈਆ । ਜਨ ਭਗਤਾਂ ਦੇਵੇ ਪਰਮਾਨੰਦਾ, ਪਰਮਾਨੰਦਾ ਵਿਚ ਸਮਾਈਆ । ਇਕ ਵਖਾਏ ਨਿਜਾਨੰਦਾ, ਨਿਝ ਘਰ ਆਸਣ ਲਾਈਆ । ਜੁਗ ਜੁਗ ਦਾਤ ਆਪਣੀ ਦਿੰਦਾ, ਦੇਵਣਹਾਰ ਆਪ ਅਖਵਾਈਆ । ਕਲਜੁਗ ਅੰਤਮ ਰਸਨਾ ਬੋਲ ਆਪੇ ਕਹਿੰਦਾ, ਗੁਰਮੁਖ ਤੇਰੀ ਵਡਿਆਈਆ । ਗੁਰਸਿਖ ਤੇਰਾ ਭਾਣਾ ਗੁਰ ਪੂਰਾ ਆਪੇ ਸਹਿੰਦਾ, ਬਾਲ ਅੰਞਾਣੇ ਭੇਟ ਚੜ੍ਹਾਈਆ । ਪਹਿਲੀ ਵਾਰੀ ਨੀਹਾਂ ਵਿਚ ਚੁਣੰਦਾ, ਦੂਜੀ ਵਾਰੀ ਹੇਠ ਦਬਾਈਆ । ਕਲਜੁਗ ਤੇਰੀ ਜੜ ਉਖੜੰਦਾ, ਸਾਢੇ ਤਿੰਨ ਹੱਥ ਜੋ ਲਗਾਈਆ । ਨੌਂ ਦਵਾਰੇ ਬੰਦ ਕਰਿੰਦਾ, ਦਸਵੇਂ ਬੂਝ ਬੁਝਾਈਆ । ਸਚ ਸਿੰਘਾਸਣ ਆਪੇ ਬਹਿੰਦਾ, ਗੁਰਸਿਖਾਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਲੇਖ ਲਿਖਾਈਆ । ਗੁਰਮੁਖ ਤੇਰਾ ਲੇਖਾ ਔਖਾ, ਭੇਵ ਕਿਸੇ ਨਾ ਪਾਇਆ । ਗੁਰੂ ਬਣਨਾ ਮਾਤ ਸੌਖਾ, ਸਤਿਗੁਰ ਨਾ ਕੋਈ ਅਖਵਾਇਆ । ਜਗਤ ਵਿਦਿਆ ਪੜ੍ਹਨਾ ਸੌਖਾ, ਪੋਥਾ ਗਿਆਨ ਗੁਰ ਨਾ ਕੋਇ ਮਿਲਾਇਆ । ਨਹੌਣਾ ਧੋਣਾ ਦਿਸੇ ਝੂਠਾ, ਆਤਮ ਅੰਤਰ ਅਸ਼ਨਾਨ ਨਾ ਕੋਈ ਕਰਾਇਆ । ਸਚ ਦਵਾਰਿਉਂ ਬੈਠਾ ਰੂਠਾ, ਵੇਲੇ ਅੰਤ ਨਾ ਕੋਈ ਸਹਾਇਆ । ਖਾਲੀ ਦਿਸੇ ਕਾਇਆ ਠੂਠਾ, ਨਾਮ ਵਸਤ ਨਾ ਕੋਈ ਟਿਕਾਇਆ । ਗੁਰਮੁਖਾਂ ਸਤਿਗੁਰ ਪੂਰਾ ਆਪੇ ਤੁੱਠਾ, ਜਗ ਵਿਛੜੇ ਜੁਗ ਮੇਲ ਮਿਲਾਇਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠਾ, ਸੰਮਤ ਚੌਦਾਂ ਚੌਦਾਂ ਲੋਕ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਛੱਬੀ ਪੋਹ ਦਿਵਸ ਸੁਹਾਇਆ । ਚੌਦਾਂ ਲੋਕ ਗੁਰਮੁਖ ਫੋਲ, ਆਪਣੀ ਕਰੇ ਜਣਾਈਆ ।

੨੮ ੦੭

ਸਤਿ ਲੋਕ ਵਜਾਏ ਢੋਲ, ਮਰਦੰਗਾ ਨਾਉਂ ਰਖਾਈਆ । ਤਪ ਲੋਕ ਵੇਖੇ ਘੋਲ, ਜਤੀਆਂ ਸਤੀਆਂ ਲਏ ਮਿਲਾਈਆ । ਜਪ ਲੋਕ ਤੋਲੇ ਤੋਲ, ਤੋਲਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਰ ਫੇਰਾ ਪਾਈਆ । ਮਹਰ ਲੋਕ ਪ੍ਰਭ ਫੇਰਾ ਪਾ, ਸਵਰਗ ਲੋਕ ਡੇਰਾ ਲਾ, ਆਪ ਆਪਣੀ ਦਇਆ ਕਮਾਇਆ । ਦੂਵਹ ਲੋਕ ਤੇਰਾ ਕੋਈ ਨਾ ਜਾਣੇ ਥਾਂ, ਦਿਸ ਕਿਸੇ ਨਾ ਆਇਆ । ਭੂਅ ਲੋਕ ਹਰਿ ਕਰਮ ਕਮਾ, ਅਕਾਸ਼ ਪਰਕਾਸ਼ ਦਏ ਵਖਾਇਆ । ਸੱਤ ਉਪਰ ਲਏ ਟਿਕਾ, ਸੱਤਾਂ ਲਹਿਣਾ ਆਪ ਚੁਕਾਇਆ । ਸਤਾਂ ਚਰਨਾਂ ਹੇਠਾ ਰਿਹਾ ਦਬਾ, ਦਸ ਹਜ਼ਾਰ ਜੋਜਨ ਬੰਦ ਲਗਾਇਆ । ਇੱਤਲ ਤੇਰਾ ਪੜਦਾ ਲਾਹ, ਵਿਤਲ ਮੁਖ ਖੁਲ੍ਹਾਇਆ । ਸਿੱਤਲ ਤੇਰਾ ਸੰਗ ਨਿਭਾ, ਮਹਾਤਲ ਜੋਗ ਕਮਾਇਆ । ਰਸਾਤਲ ਤੇਰਾ ਦਰ ਸੁਹਾ, ਤਲਾਤਲ ਵੇਖ ਵਖਾਇਆ । ਪਤਾਲ ਦੇਸ਼ ਪ੍ਰਭ ਜੋਤ ਜਗਾ, ਚਤੁਰਭੁਜ ਅਖਵਾਇਆ । ਬਾਸ਼ਕ ਸੇਜਾ ਦਏ ਸੁਹਾ, ਸਾਂਗੋ ਪਾਂਗ ਹੰਢਾਇਆ । ਆਪ ਆਪਣਾ ਆਸਣ ਲਾ, ਲੱਛਮੀ ਸੇਵਾ ਲਾਇਆ । ਲਛਮੀ ਚਰਨ ਰਹੀ ਦਬਾ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਚੌਦਾਂ ਲੋਕਾਂ ਦਏ ਹਿਲਾ, ਪ੍ਰਭ ਕਲਜੁਗ ਅੰਤਮ ਫੇਰਾ ਪਾਇਆ । ਗੁਰਮੁਖ ਸਾਚੇ ਲਏ ਜਗਾ, ਸਾਚੇ ਦਰ ਬਹਾਇਆ । ਸ਼ਬਦ ਸਰੂਪੀ ਫੇਰਾ ਪਾ, ਪਹਿਰੇਦਾਰ ਆਪ ਅਖਵਾਇਆ । ਆਲਸ ਨਿੰਦਰਾ ਵਿਚ ਨਾ ਗਿਆ ਆ, ਦਿਵਸ ਰੈਣ ਨਾ ਵੇਖ ਵਖਾਇਆ । ਦਰਗਹਿ ਸਾਚੀ ਸਾਚਾ ਥਾਂ, ਜਨ ਭਗਤਾਂ ਰਿਹਾ ਜਣਾਇਆ । ਸਤਿਗੁਰ ਪੂਰਾ ਪਕੜੇ ਬਾਂਹ, ਅੰਦਰ ਮੰਦਰ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਦਰ, ਏਕਾ ਮੰਤਰ ਨਾਮ ਦ੍ਰਿੜਾਇਆ । ਏਕਾ ਮੰਤਰ ਸ਼ਬਦ ਗਿਆਨਾ, ਹਰਿ ਹਰਿ ਆਪ ਜਣਾਇੰਦਾ । ਸੋਹੰ ਸ਼ਬਦ ਸਚ ਬਿਬਾਨਾ, ਗੁਰਮੁਖ ਆਪ ਚੜ੍ਹਾਇੰਦਾ । ਕਲਜੁਗ ਅੰਤਮ ਕਰੇ ਪਛਾਨਾ, ਜਰਮ ਕਰਮ ਧਰਮ ਵੇਖ ਵਖਾਇੰਦਾ । ਧੁਰਦਰਗਾਹੀ ਦੇਵੇ ਇਕ ਪਰਵਾਨਾ, ਪੁਰਖ ਅਗੰਮ ਅਗੰਮੜਾ ਪਹਿਲੀ ਚੇਤਰ ਲੇਖ ਲਿਖਾਇੰਦਾ । ਮਿਲੇ ਮਾਣ ਦੋ ਜਹਾਨਾਂ, ਜੋ ਜਨ ਨਿਤ ਨੇਤਰ ਦਰਸ਼ਨ ਪਾਇੰਦਾ । ਗੁਰਮੁਖ ਨਾਰੀ ਸਾਚੀ ਗੋਲੀ ਸਤਿਗੁਰ ਸ਼ਬਦ ਸਾਚਾ ਕਾਹਨਾ, ਸਾਚੀ ਮੰਡਲ ਰਾਸ ਰਚਾਇੰਦਾ । ਸੇਵਕ ਸੇਵਾ ਕਰ ਪਰਵਾਨਾ, ਪ੍ਰਭ ਚਰਨਾ ਹੇਠ ਦਬਾਇੰਦਾ । ਊਚ ਊਚ ਸ੍ਰੀ ਭਗਵਾਨਾ, ਸਚ ਤਖ਼ਤ ਆਪ ਸੁਹਾਇੰਦਾ । ਗੁਰਮੁਖ ਸਾਜਨ ਕਰ ਪਰਵਾਨਾ, ਲੋਕਮਾਤ ਫੇਰਾ ਪਾਇੰਦਾ । ਪਰਗਟ ਹੋਏ ਗੁਣ ਨਿਧਾਨਾ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਖੰਡਾ ਰਸਨਾ ਤੀਰ ਕਮਾਨਾ, ਸੋਹੰ ਚਿੱਲੇ ਆਪ ਚੜ੍ਹਾਇੰਦਾ । ਆਪ ਉਠਾਏ ਰਾਜ ਰਾਜਾਨਾ, ਸ਼ਾਹ ਸੁਲਤਾਨਾ ਆਪ ਹਿਲਾਇੰਦਾ । ਆਪੇ ਉਡੇ ਵਿਚ ਬਿਬਾਣਾ, ਪੁਰੀਆਂ ਲੋਆਂ ਫੇਰਾ ਪਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਧਿਆਨਾ, ਪੋਹ ਛੱਬੀ ਖ਼ੁਸ਼ੀ ਮਨਾਇੰਦਾ । ਮਿਲਿਆ ਮੇਲ ਸ਼ਾਹ ਸੁਲਤਾਨਾ, ਸਚ ਸਿੰਘਾਸਣ ਆਸਣ ਲਾਇੰਦਾ । ਸਾਢੇ ਤਿੰਨ ਹੱਥ ਤੇਰੀ ਖੇਲ ਮਹਾਨਾ, ਰਵਦਾਸਾ ਰਸਨਾ ਗਾਇੰਦਾ । ਰਵਦਾਸੇ ਮੇਲਾ ਹਰਿ ਭਗਵਾਨਾ, ਦੂਜੀ ਵਾਰੀ ਆਪ ਕਰਾਇੰਦਾ । ਬਾਲਮੀਕ ਬਣ ਨਿਧਾਨਾ, ਅੰਤਰ ਅੰਤ ਵਖਾਇੰਦਾ । ਲਿਖਿਆ ਲੇਖ ਹਰਿ ਮਹਾਨਾ, ਲਹਿਣਾ ਲਹਿਣੇ ਝੋਲੀ ਪਾਇੰਦਾ । ਕਲਜੁਗ ਅੰਤਮ ਕਰ ਪਰਵਾਨਾ, ਆਪ ਆਪਣੇ ਅੰਗ ਰਖਾਇੰਦਾ । ਜਿਉਂ ਨਾਨਕ ਹੋਏ ਸੰਗ ਮਰਦਾਨਾ, ਸਾਰੰਗ ਸਾਚੀ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਾਚ ਧਾਮ ਸੁਹਾਇੰਦਾ । ਸਾਚਾ ਧਾਮ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਇਕ ਅਕੱਲਾ ਕਰ ਪਸਾਰ, ਏਕਾ ਡੇਰਾ ਲਾਇਆ । ਇਕ ਮਹੱਲਾ

੨੯ ੦੭

ਲਏ ਉਸਾਰ, ਥਿਰ ਘਰ ਨਾਉਂ ਰਖਾਇਆ । ਦੀਪਕ ਜੋਤੀ ਕਰ ਉਜਿਆਰ, ਤੇਲ ਬੱਤੀ ਨਾ ਕੋਇ ਜਲਾਇਆ । ਦਿਵਸ ਰੈਣ ਨਾ ਕੋਈ ਵਿਚਾਰ, ਪਰਭਾਤੀ ਸੰਧਿਆ ਨਾ ਕੋਈ ਰਖਾਇਆ । ਏਕਾ ਰੰਗ ਰੰਗ ਕਰਤਾਰ, ਅੱਠੇ ਪਹਿਰ ਆਪ ਰਖਾਇਆ । ਗੁਰਮੁਖਾਂ ਜੁਗ ਜੁਗ ਮੰਗੀ ਮੰਗ, ਨੇਤਰ ਲੋਚਣ ਦਰਸ਼ਨ ਇਕ ਰਖਾਇਆ । ਜੁਗ ਜੁਗ ਰੱਖਣਹਾਰਾ ਸੰਗ, ਆਪ ਆਪਣਾ ਸੰਗ ਰਖਾਇਆ । ਕਲਜੁਗ ਅੰਤਮ ਮੇਲ ਮਿਲਾਏ ਘਰ ਸਚ ਪਲੰਘ, ਸ਼ਬਦ ਰੰਗੀਲੀ ਸੇਜ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਯੁਗ ਆਪ ਸੁਹਾਇਆ । ਛੱਤੀ ਯੁਗ ਛੱਤੀ ਰਾਗ, ਛੱਤੀ ਧਾਰ ਚਲਾਈਆ । ਨਾਨਕ ਗਾਇਆ ਨਿਰੰਕਾਰ ਨਿਰੰਕਾਰ ਨਿਰੰਕਾਰ, ਨਿਰਗੁਣ ਰੂਪ ਸਮਾਈਆ । ਗੋਬਿੰਦ ਖੰਡਾ ਫੜ ਕਟਾਰ, ਅਕਾਲ ਪੁਰਖ ਮਨਾਈਆ । ਬ੍ਰਹਿਮੰਡਾਂ ਪਾਵਣਹਾਰਾ ਸਾਰ, ਲੋਆਂ ਪੁਰੀਆਂ ਵੇਖ ਵਖਾਈਆ । ਕਲਜੁਗ ਤੇਰੀ ਅੰਤਮ ਕਾਲੀ ਧਾਰ, ਲੋਕਮਾਤ ਦਏ ਮਿਟਾਈਆ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਸਤਿਜੁਗ ਸਾਚੀ ਰਚਨ ਰਚਾਈਆ । ਏਕਾ ਨਾਮ ਕਰਾਏ ਜੈ ਜੈਕਾਰ, ਦੋ ਜਹਾਨਾਂ ਰਿਹਾ ਸੁਣਾਈਆ । ਬ੍ਰਹਮਾ ਵੇਤਾ ਕਰੇ ਪਿਆਰ, ਬ੍ਰਹਮ ਖ਼ੁਸ਼ੀ ਮਨਾਈਆ । ਸ਼ਿਵ ਸ਼ੰਕਰ ਸੋਹੇ ਸਾਚਾ ਲਾੜ, ਸਚ ਤ੍ਰਿਸੂਲ ਉਠਾਈਆ । ਇੰਦਰ ਤੇਰਾ ਇਕ ਅਖਾੜ, ਬਾਲ ਨਿਧਾਨਾ ਰਿਹਾ ਵਖਾਈਆ । ਸੋਹੰ ਸ਼ਬਦ ਦੇਵੇ ਵਾੜ, ਆਪ ਆਪਣੀ ਰਚਨ ਰਚਾਈਆ । ਲੋਕਮਾਤ ਮਿਟਾਏ ਪੰਚਮ ਧਾੜ, ਜਿਸ ਜਨ ਆਪਣੀ ਦਇਆ ਕਮਾਈਆ । ਚਰਨ ਕਵਲ ਵਖਾਏ ਸਾਚਾ ਅਖਾੜ, ਸਾਚਾ ਧਾਮ ਸੁਹਾਈਆ । ਹੋਏ ਸਹਾਏ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ



ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੋਹ ਛੱਬੀ ਜੋਤ ਜਗਾਈਆ । ਜਗੀ ਜੋਤ ਜਗਤ ਚਮਤਕਾਰਾ, ਮਿਟੇ ਰੈਣ ਅੰਧੇਰਾ । ਪੁਰਖ ਅਬਿਨਾਸ਼ੀ ਲਏ ਅਵਤਾਰਾ, ਇਕ ਕਰਾਏ ਸੰਝ ਸਵੇਰਾ । ਸ਼ਬਦ ਖੰਡਾ ਤੇਜ਼ ਕਟਾਰਾ, ਲੱਖ ਚੁਰਾਸੀ ਢਾਹੇ ਢਹਿ ਢਹਿ ਕਰੇ ਢੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵੇ ਗੇੜਾ । ਕਲਜੁਗ ਅੰਤਮ ਗੇੜਾ ਦੇ, ਆਪਣੀ ਲੱਠ ਭਵਾਇੰਦਾ । ਆਪੇ ਛੇੜਾ ਛੇੜ ਲਗਾਏ ਨੇਂਹ, ਆਪੇ ਤੋੜ ਤੁੜਾਇੰਦਾ । ਆਪ ਉਪਾਏ ਆਪ ਖਪਾਏ ਕਰੇ ਖੇਹ, ਆਪੇ ਮਾਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਪੂਰ ਕਰੇ ਵਰ, ਸੰਮਤ ਚੌਦਾਂ ਸੋਹੇ ਦਰ, ਵੀਹ ਸਦ ਬਿਕ੍ਰਮੀ ਸੰਗ ਰਲਾਇੰਦਾ । ਵੀਹ ਸੌ ਚੌਦਾਂ ਤੇਰਾ ਪਸਾਰ, ਗੁਰ ਪੂਰੇ ਆਪ ਕਰਾਇਆ । ਗੁਰਮੁਖਾਂ ਦਏ ਨਾਮ ਅਧਾਰ, ਘਰ ਘਰ ਫੇਰਾ ਪਾਇਆ । ਏਕਾ ਇਕੀ ਕਰ ਤਿਆਰ, ਸਾਚੀ ਸਿਖੀ ਲਏ ਬਣਾਇਆ । ਵਾਲੋਂ ਤਿਖੀ ਵਿਚ ਸੰਸਾਰ, ਧਾਰੋਂ ਤਿਖੀ ਨਾਮ ਧਰਾਇਆ । ਨੇਤਰ ਪੇਖੀ ਹਰਿ ਕਰਤਾਰ, ਕਲਜੁਗ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਮਤ ਚੌਦਾਂ ਤੇਰਾ ਰੰਗ ਗੁਰਮੁਖਾਂ ਤਨ ਚੜ੍ਹਾਇਆ । ਗੁਰਮੁਖ ਕਾਇਆ ਰੰਗ ਚਲੂਲ, ਹਰਿ ਸਾਚੇ ਆਪ ਚੜ੍ਹਾਇਆ । ਹਰਿਜਨ ਨਾ ਜਾਏ ਮਾਤ ਭੂਲ, ਏਕਾ ਮੰਤਰ ਨਾਮ ਦ੍ਰਿੜਾਇਆ । ਆਪੇ ਕਰੇ ਕਰਾਏ ਸੂਲੀਉਂ ਸੂਲ, ਰੋਗ ਸੋਗ ਚਿੰਤ ਮਿਟਾਇਆ । ਸ਼ਬਦ ਪੰਘੂੜਾ ਲੈਣਾ ਝੂਲ, ਹਰਿ ਸਾਚਾ ਰਿਹਾ ਝੁਲਾਇਆ । ਸਾਚਾ ਮੇਲਾ ਕੰਤ ਕੰਤੂਹਲ, ਗੁਰਮੁਖ ਨਾਰੀ ਲਏ ਪਰਨਾਇਆ । ਆਪ ਚੁਕਾਏ ਜੁਗ ਜੁਗ ਤੇਰਾ ਮੂਲ, ਕਲਜੁਗ ਤੇਰਾ ਤੇਰੀ ਝੋਲੀ ਪਾਇਆ ।

ਸਤਿਜੁਗ ਫੁਲਵਾੜੀ ਰਹੀ ਫੂਲ, ਪੋਹ ਛੱਬੀ ਬੀਜ ਬਿਜਾਇਆ । ਸ਼ਬਦ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਆਪ ਆਪਣਾ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਲਏ ਵਰ, ਗੁਰਮੁਖ ਸਾਚੇ ਲਏ ਦ੍ਰਿੜਾਇਆ । ਸੰਮਤ ਚੌਦਾਂ ਸਾਚਾ ਘਰ, ਚੌਦਾਂ ਲੋਕ ਖ਼ੁਸ਼ੀ ਮਨਾਈਆ । ਚੌਦਾਂ ਲੋਕਾਂ ਮਿਲਿਆ ਵਰ, ਚੌਦਾਂ ਹੱਟਾਂ ਖ਼ੁਸ਼ੀ ਮਨਾਈਆ । ਤੀਰਥ ਤੱਟਾ ਮੁੱਕਿਆ ਡਰ, ਅਠਸਠ ਦੇਣ ਦੁਹਾਈਆ । ਗੁਰ ਦਰ ਮੰਦਰ ਮਸਜਿਦ ਮਠ, ਅੱਠੇ ਪਹਿਰ ਜਗਤ ਲੜਾਈਆ । ਸਾਧ ਸੰਤ ਜਗਤ ਮਾਇਆ ਰਹੇ ਸੜ, ਨਾ ਸਕੇ ਕੋਈ ਬਚਾਈਆ । ਗੁਰਮੁਖ ਸਾਜਣ ਏਕਾ ਅੱਖਰ ਰਹੇ ਪੜ੍ਹ, ਪ੍ਰਭ ਸਾਚਾ ਰਿਹਾ ਪੜ੍ਹਾਈਆ । ਸੋ ਪੁਰਖ ਨਿਰੰਜਣ ਹਰ ਘਟ ਅੰਦਰ ਬੈਠਾ ਵੜ, ਹੰ ਹੰਗਤਾ ਵੱਖ ਕਰਾਈਆ । ਚਰਨ ਕਵਲ ਜਨ ਜਾਏ ਤਰ, ਧਰਤ ਧਵਲ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਮਤ ਚੌਦਾਂ ਛੱਬੀ ਪੋਹ ਗੁਰਸੰਗਤ ਹਰਿ ਆਪਣਾ ਭੇਟ ਚੜ੍ਹਾਈਆ ।

ਆਪਣਾ ਆਪ ਆਪੇ ਵਾਰ, ਆਪਣਾ ਆਪ ਮੁਕਾਇਆ । ਗੁਰਮੁਖਾਂ ਸਾਚਾ ਕਰ ਪਿਆਰ, ਸਾਚਾ ਰਾਹ ਵਖਾਇਆ । ਏਕਾ ਬਸਤਰ ਤਨ ਅਪਾਰ, ਨਾਮ ਤਗ ਆਪ ਸਜਾਇਆ । ਸ਼ਬਦ ਖੰਡਾ ਸਚ ਕਟਾਰ, ਤਨ ਗਾਤਰੇ ਆਪ ਲਟਕਾਇਆ । ਪੰਚਮ ਬਖ਼ਸ਼ੇ ਗੁਰਚਰਨ ਪਿਆਰ, ਸਾਚੀ ਸਿਖਿਆ ਆਪ ਸਮਝਾਇਆ । ਪੂਰੀ ਕਰੇ ਇਛਿਆ ਵਿਚ ਸੰਸਾਰ, ਜਿਸ ਜਨ ਆਪਣੀ ਦਇਆ ਕਮਾਇਆ । ਲੇਖਾ ਲਿਖਿਆ ਧੁਰ ਦਰਬਾਰ, ਨਾ ਕੋਈ ਸਕੇ ਮੇਟ ਮਿਟਾਇਆ । ਜੋ ਜਨ ਮੰਗਣ ਮੰਗ ਦਵਾਰ, ਨਾਮ ਨਾਮਾ ਝੋਲੀ ਪਾਇਆ । ਰੰਗੇ ਰੰਗ ਤਨ ਅਪਾਰ, ਰੰਗ ਰੰਗੀਲਾ ਇਕ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਵਰ, ਸਤਿਜੁਗ ਤੇਰਾ ਸਚ ਕਬੀਲਾ, ਹਰਿਸੰਗਤ ਆਪ ਬਣਾਇਆ । ਸਚ ਕਬੀਲਾ ਸਾਚਾ ਸੰਗ ਆਪਣਾ ਆਪ ਰਖਾਇੰਦਾ । ਆਪੇ ਕਰੇ ਆਪਣਾ ਹੀਲਾ, ਗੁਰਮੁਖਾਂ ਗੁਰ ਦਵਾਰਾ ਲਿਆ ਮੰਗ ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਬਣ ਵਸੀਲਾ, ਬਸਤਰ ਪੀਲਾ ਤਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿਜਨ ਸਾਚੇ ਵਡ ਵਡਿਆਈ, ਗੁਰਮੁਖ ਵੱਜੇ ਵਧਾਈਆ । ਗੁਰਮੁਖ ਕਰੇ ਸ਼ਬਦ ਕੁੜਮਾਈ, ਗੁਰ ਪੂਰੇ ਆਪ ਕਰਾਈਆ । ਗੁਰ ਪੂਰਾ ਮੰਗਲ ਏਕਾ ਗਾਈ, ਪੰਚਮ ਸਖੀਆਂ ਸੰਗ ਰਲਾਈਆ । ਪੰਚਮ ਗਾਇਣ ਚਾਈਂ ਚਾਈਂ, ਏਕਾ ਢੋਲਾ ਅਲਾਈਆ । ਕਲਾ ਸੋਲਾਂ ਵੇਖ ਵਖਾਏ ਥਾਉਂ ਥਾਈਂ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੋਹ ਛੱਬੀ ਰੁੱਤ ਸੁਹਾਈਆ ।

ਛੱਬੀ ਪੋਹ ਸਾਚੀ ਰੁੱਤ ਪ੍ਰਭ ਸਾਚੇ ਜੋਤ ਜਗਾਈਆ । ਪਰਗਟ ਹੋਏ ਅਬਿਨਾਸ਼ੀ ਅਚੁੱਤ, ਚਤੁਰਭੁਜ ਅਖਵਾਈਆ । ਗੁਰਮੁਖ ਉਪਜਾਏ ਸਾਚੇ

ਸੁੱਤ, ਦੇ ਮਤ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬੰਸ ਬਣਾਈਆ । ਗੁਰਮੁਖ ਸਾਜਨ ਸਾਚੇ ਬੰਸਾ, ਹਰਿ ਹਰਿ ਉਪਾਇਆ । ਆਪ ਉਪਾਏ ਆਪਣੀ ਅੰਸਾ, ਆਪਣੇ ਘਰ ਵਸਾਇਆ । ਕਲਜੁਗ ਦੁਸ਼ਟ ਸੰਘਾਰੇ ਕੰਸਾ, ਅੰਤਮ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਚਰਨ ਉਠਾਇਆ । ਚਰਨ ਉਠਾਏ ਹਰਿ ਬਨਵਾਰੀ, ਮੁਕੰਦ ਮਨੋਹਰ ਨਰਾਇਣਾ । ਸੰਮਤ ਪੰਦਰਾਂ ਆਏ ਵਾਰੀ, ਹਰਿ ਵੇਖੇ ਸਾਚੇ ਨੈਣਾ । ਲੱਖ ਚੁਰਾਸੀ ਹੋਏ ਖੁਆਰੀ, ਨਾ ਸੱਜਣ ਕੋਈ ਸੈਣਾ । ਵਾਰ ਥਿਤ ਪ੍ਰਭ ਆਪ ਵਿਚਾਰੀ, ਚੁਕਾਏ ਲਹਿਣਾ ਦੇਣਾ । ਲੋਆਂ ਪੁਰੀਆਂ ਪਾਵੇ ਸਾਰੀ, ਲੋਕ ਪਰਲੋਕ ਸੁਣਾਏ ਕਹਿਣਾ । ਨੌਂ ਖੰਡ ਫਿਰੇ ਹਰਿ ਸ਼ਾਹ ਸਵਾਰੀ, ਸੱਤਾਂ ਦੀਪਾਂ ਘਰ ਘਰ ਬਹਿਣਾ । ਬਵੰਜਾ ਤੇਰੀ ਧਾਰ ਨਿਆਰੀ, ਸਾਚਾ ਦੇਣਾ ਏਕਾ ਦੇਣਾ । ਦੋਏ ਲੋਚਨ ਜਗਤ ਉਘਾੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰੀ । ਸੰਮਤ ਪੰਦਰਾਂ ਜਾਏ ਚੜ੍ਹ, ਜੋਤੀ ਨੂਰ ਸੁਹਾਇਆ । ਤ੍ਰੈਭਵਣ ਸਰੂਪਾ ਸਭ ਘਟ ਅੰਦਰ ਬੈਠਾ ਵੜ, ਆਪਣਾ ਭੇਦ ਛੁਪਾਇਆ । ਸਤਿ ਸਰੂਪਾ ਰਿਹਾ ਲੜ, ਦਿਸ ਕਿਸੇ ਨਾ ਆਇਆ । ਤ੍ਰੈਲੋਕਾਂ ਉਖੇੜੇ ਆਪੇ ਜੜ੍ਹ, ਆਪੇ ਦਏ ਲਗਾਇਆ । ਬ੍ਰਹਮਾ ਵਿਸ਼ਨੂੰ ਸ਼ਿਵ ਦੇਵਤ ਸੁਰ ਸਾਰੇ ਫੜ, ਦਰ ਦਵਾਰੇ ਲਏ ਬਹਾਇਆ । ਕਿਲੇ ਤੋੜ ਹੰਕਾਰੀ ਗੜ੍ਹ, ਦਰ ਦਰਵਾਜੇ ਦਏ ਖੁਲ੍ਹਾਇਆ । ਤ੍ਰੈਗੁਣ ਮਾਇਆ ਜਾਏ ਸੜ, ਪੰਜ ਤਤ ਰਹੇ ਕੁਰਲਾਇਆ । ਨਾ ਕੋਈ ਵੇਖੇ ਗੋਰ ਮੜ, ਖ਼ਾਕੀ ਖ਼ਾਕ ਨਾ ਕੋਈ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਰੰਗ ਰੰਗਾਇਆ । ਸੰਮਤ ਪੰਦਰਾਂ ਵੇਖੇ ਅੰਦਰਾਂ, ਅੰਦਰ ਮੰਦਰ ਫੇਰਾ ਪਾਇੰਦਾ । ਡੂੰਘੀ ਕੰਦਰ ਲਾਹੇ ਜੰਦਰਾ, ਆਪਣੀ ਹੱਥੀ ਤੋੜ ਤੁੜਾਇੰਦਾ । ਉਚੇ ਟਿੱਲੇ ਆਪ ਉਠਾਏ ਗੋਰਖ ਮਛੰਦਰਾ, ਜਗਤ ਸਮੇਰੂ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਵੰਜਾ ਬਵੰਜਾ ਤੇਰੀ ਧਾਰ, ਜਗਤ ਬਵੰਜਾ ਆਪ ਚਲਾਇੰਦਾ । ਜਗਤ ਬਵੰਜਾ ਹਰਿ ਹਰਿ ਬਾਵਨਾ, ਭੇਖੀ ਭੇਖ ਅਪਾਰ । ਕਲਜੁਗ ਦੁਸ਼ਟ ਸੰਘਾਰੇ ਰਾਵਣਾ, ਹਰਿ ਮਾਰੇ ਤੀਰ ਅਪਾਰ । ਅੰਮ੍ਰਿਤ ਮੇਘ ਬਰਸੇ ਸਾਵਣਾ, ਨਿਝਰ ਰਸ ਅਪਾਰ । ਦੋ ਜਹਾਨੀ ਸਾਚਾ ਜਾਮਨ, ਨਿਹਕਲੰਕਾ ਲਏ ਅਵਤਾਰ । ਮੇਟ ਮਿਟਾਏ ਕਾਮਨੀ ਕਾਮਨ, ਪੰਜਾਂ ਦੁਸ਼ਟਾਂ ਕਰੇ ਸੰਘਾਰ । ਆਪ ਫੜਾਏ ਆਪਣਾ ਦਾਮਨ, ਗੁਰ ਪੂਰਾ ਪਾਰ ਉਤਾਰਨਹਾਰ । ਕਲਜੁਗ ਮਿਟੇ ਅੰਧੇਰੀ ਸ਼ਾਮਨ, ਸੰਮਤ ਪੰਦਰਾਂ ਦੇਵੇ ਇਕ ਹੁਲਾਰ । ਸੰਮਤ ਪੰਦਰਾਂ ਸਚ ਹੁਲਾਰ, ਹਰਿ ਸਾਚੇ ਆਪ ਦਵਾਵਣਾ । ਲੋਆਂ ਪੁਰੀਆਂ ਵੇਖ ਵਿਚਾਰ, ਆਪ ਆਪਣਾ ਚਰਨ ਛੁਹਾਵਣਾ । ਚੌਦਾਂ ਲੋਕਾਂ ਹੱਟ ਪਸਾਰ, ਚੌਦਾਂ ਤਬਕ ਖੁਲ੍ਹਾਵਣਾ । ਨੌਂ ਖੰਡ ਪ੍ਰਿਥਮੀ ਇਕ ਅਧਾਰ, ਏਕਾ ਰਾਗ ਸੁਣਾਵਣਾ । ਸੱਤਾਂ ਦੀਪਾਂ ਕਰ ਪਿਆਰ, ਸਤ ਰੰਗ ਨਿਸ਼ਾਨ ਵਖਾਵਣਾ । ਏਕਾ ਸ਼ਬਦ ਇਕ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਲਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਬੰਕ ਦਵਾਰ ਅੰਤਮ ਢਾਵਣਾ । ਸੰਮਤ ਪੰਦਰਾਂ ਸ਼ਬਦ ਚੜ੍ਹਾਈ, ਹਰਿ ਕਰੇ ਸ਼ਾਹ ਅਸਵਾਰਾ । ਤਿੰਨਾਂ ਲੋਕਾਂ ਇਕ ਲੜਾਈ, ਏਕਾ ਯੁਧ ਅਪਾਰਾ । ਚੌਦਾਂ ਲੋਕਾਂ ਕੁੰਡਾ ਰਿਹਾ ਖੜਕਾਈ, ਰੱਖੇ ਤਿਖਿਆਂ ਧਾਰਾਂ । ਨੌਂ ਖੰਡ ਪ੍ਰਿਥਮੀ ਪਏ ਦੁਹਾਈ, ਸੱਤਾਂ ਦੀਪਾਂ ਹਾਹਾਕਾਰਾ । ਜਗਤ ਬਵੰਜਾ ਧਾਰ ਚਲਾਈ, ਪਾਰਬ੍ਰਹਮ ਲਏ ਅਵਤਾਰਾ । ਦੋ ਸੱਤ ਛੇ ਇਕ ਗੁਣਾ ਆਪ ਕਰਾਏ, ਗੁਣ ਵੰਤਾ ਵਿਚਾਰਾ । ਛੀਕਾ ਦੂਆ ਮੇਲ ਮਿਲਾਏ, ਦੋ ਛੇ ਉਪਰ ਵਾਰਾ । ਸੰਮਤ

ਪੰਦਰਾਂ ਜੋਤ ਜਗਾਏ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਸੰਮਤ ਪੰਦਰਾਂ ਜੋਤ ਜਗੌਣੀ, ਪਹਿਲੀ ਚੇਤਰ ਖ਼ੁਸ਼ੀ ਮਨਾਈਆ । ਸਚਖੰਡ ਪ੍ਰਭ ਰਚਨ ਰਚੌਣੀ, ਅਗੰਮ ਅਗੰਮੜੀ ਕਾਰ ਕਮਾਈਆ । ਦੋ ਚੇਤਰ ਸ਼ਬਦ ਜਨੌਣੀ, ਸਚਖੰਡ ਵੱਜੇ ਵਧਾਈਆ । ਤੀਜੀ ਚੇਤਰ ਹਰਿ ਦਇਆ ਕਮੌਣੀ, ਜੋਤੀ ਜੋਤ ਕਰੇ ਰੁਸ਼ਨਾਈਆ । ਚੌਥੀ ਚੇਤਰ ਪੁਰੀ ਬ੍ਰਹਮ ਸੁਹੌਣੀ, ਪਾਰਬ੍ਰਹਮ ਵੱਡੀ ਵਡਿਆਈਆ । ਪੰਜਵੇ ਚੇਤਰ ਸਿੰਘ ਪਾਲ ਹਰਿ ਮਿਲੌਣੀ, ਨਾਮ ਪਗੜੀ ਸੀਸ ਬੰਧਾਈਆ । ਛੇਵੇਂ ਚੇਤਰ ਇਹ ਸਮਝੌਣੀ, ਸੋਹੰ ਸਾਚਾ ਜਾਪ ਜਪਾਈਆ । ਸੱਤਵੇਂ ਚੇਤਰ ਛਾਲ ਲਗੌਣੀ, ਸ਼ਿਵ ਸ਼ੰਕਰ ਲਏ ਉਠਾਈਆ । ਅੱਠਵੇਂ ਚੇਤਰ ਕੰਠ ਮਾਲਾ ਲਾਹੌਣੀ, ਬਾਸ਼ਕ ਤਸ਼ਕਾ ਪਰੇ ਹਟਾਈਆ । ਨੌਂ ਚੇਤਰ ਪੜਤ ਪੜ੍ਹੌਣੀ, ਜਗਤ ਜਗਦੀਸੇ ਮਿਲੇ ਵਡਿਆਈਆ । ਸੋਹੰ ਸਾਚਾ ਰਾਗ ਅਲੌਣੀ, ਏਕਾ ਧੁਨ ਉਪਜਾਈਆ । ਦਸਵੇਂ ਚੇਤਰ ਖੇਲ ਖਿਲ੍ਹੌਣੀ, ਪੁਰੀ ਇੰਦਰ ਲਏ ਅੰਗੜਾਈਆ । ਸੁਰਪਤ ਰਾਜੇ ਇੰਦ ਜਾਗ ਖੁਲ੍ਹੌਣੀ, ਕਰੋੜ ਤੇਤੀਸਾ ਆਪ ਉਠਾਈਆ । ਸਾਚੀ ਮਤ ਆਪ ਸਮਝੌਣੀ, ਲੋਕਮਾਤ ਰਾਹ ਵਖਾਈਆ । ਪੁਰੀ ਘਨਕ ਅੰਤ ਸੁਹੌਣੀ, ਸਤਿਜੁਗ ਸਾਚੀ ਨੀਂਹ ਰਖਾਈਆ । ਗਿਆਰਾਂ ਚੇਤਰ ਮੇਲ ਮਿਲੌਣੀ, ਛੋਟੇ ਬਾਲੇ ਆਪ ਉਠਾਈਆ । ਬਾਰਾਂ ਚੇਤਰ ਤਿਲਕ ਲਗੌਣੀ, ਸਚ ਲਿਲਾਟੀ ਇਕ ਜਗਾਈਆ । ਔਖੀ ਘਾਟੀ ਪਾਰ ਕਰੌਣੀ, ਆਪਣੇ ਹੱਥ ਰੱਖੀ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਬ੍ਰਹਮੇ ਤੇਰੀ ਝੋਲੀ ਪੌਣੀ, ਜੁਗ ਛਤੀਸਾ ਦਏ ਦੁਹਾਈਆ । ਨਿਹਕਲੰਕ ਕਲ ਵਰਤੌਣੀ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰੀਆਂ ਲੋਆਂ ਆਪ ਫਿਰਾਈਆ । ਤੇਰਾਂ ਚੇਤਰ ਮਾਰ ਉਡਾਰੀ, ਭੂਅ ਲੋਕ ਪ੍ਰਭ ਆਏ । ਸਤਿ ਦਿਵਸ ਹਰਿ ਖੇਲ ਖਿਲੌਣੀ, ਦਿਸ ਕਿਸੇ ਨਾ ਆਏ । ਉਨੀ ਚੇਤਰ ਦੇ ਸਮਝੌਣੀ, ਸਾਚੇ ਮਾਰਗ ਪਾਏ । ਸੋਹੰ ਸਾਚੀ ਸਚ ਸਨੌਣੀ, ਆਪਣੀ ਆਪ ਅਲ੍ਹਾਏ । ਵੀਹ ਚੇਤਰ ਗੁਣ ਨਿਧਾਨੀ, ਆਪਣਾ ਰੂਪ ਵਟਾਇਆ । ਦੂਵਰ ਲੋਕ ਦਏ ਇਕ ਨਿਸ਼ਾਨੀ, ਸਾਚਾ ਨਾਂ ਦ੍ਰਿੜਾਇਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨੀ, ਸਤਿ ਸਰੂਪ ਸਮਾਇਆ । ਛੱਬੀ ਚੇਤਰ ਕਰ ਪਰਵਾਨੀ, ਆਪਣਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਵਰ ਲੋਕ ਆਪ ਰੰਗਾਇਆ । ਸਤਾਈ ਚੇਤਰ ਬੋਲ ਜੈਕਾਰਾ, ਸਵਰਗ ਲੋਕ ਉਠ ਧਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਭੇਵ ਕਿਸੇ ਨਾ ਪਾਇਆ । ਆਪੇ ਮੰਗੇ ਮੰਗ ਅਪਾਰਾ, ਆਪੇ ਭਿਛਿਆ ਪਾਇਆ । ਸਤ ਦਿਨ ਬਣੇ ਵਣਜਾਰਾ, ਏਕਾ ਵਣਜ ਕਰਾਇਆ । ਤਿੰਨ ਵਿਸਾਖ ਦਏ ਅਧਾਰਾ, ਆਪਣਾ ਮਤਾ ਪਕਾਇਆ । ਚੌਥੀ ਵਿਸਾਖ ਪਾਰ ਕਿਨਾਰਾ, ਮਹਰਰ ਲੋਕ ਡੇਰਾ ਲਾਇਆ । ਆਪ ਆਪਣਾ ਕਰ ਉਜਿਆਰਾ, ਦੀਪਕ ਜੋਤ ਜਗਾਇਆ । ਕੂੜ ਕੂੜੀ ਕੂੜ ਪਸਾਰਾ, ਸਚ ਸੁੱਚ ਵਰਤਾਇਆ । ਸਚ ਸਮਗਰੀ ਨਾਮ ਅਪਾਰਾ, ਏਕਾ ਝੋਲੀ ਪਾਇਆ । ਜੋਤ ਇਕਗਰੀ ਹਰਿ ਨਿਰੰਕਾਰਾ, ਸਾਚਾ ਮਾਰਗ ਲਾਇਆ । ਗੋਬਿੰਦ ਸ਼ਬਦ ਸਚ ਜੈਕਾਰਾ, ਆਪਣਾ ਆਪ ਸੁਣਾਇਆ । ਦਸ ਵਿਸਾਖ ਦੇ ਕਰ ਹੱਥ, ਸਾਚਾ ਧਾਮ ਸੁਹਾਇੰਦਾ । ਗਿਆਰਾ ਵਿਸਾਖ ਅਲੱਖਣਾ ਅਲੱਖ, ਆਪਣੀ ਅਲੱਖ ਜਗਾਇੰਦਾ । ਜਪ ਲੋਕ ਮਸਤਕ ਲੇਖਾ, ਲੇਖਾ ਮੂਲ ਚੁਕਾਇੰਦਾ । ਸੋਹੰ ਸ਼ਬਦ ਚੜ੍ਹਾਏ ਸਾਚੇ ਰਥ, ਸਾਚੀ ਗਾਥ ਅਲਾਇੰਦਾ । ਤਪ ਤਜਾਏ ਸਾਚਾ ਸਾਥ, ਸਤਾਰਾਂ ਵਿਸਾਖ ਦਿਵਸ ਸੁਹਾਇੰਦਾ । ਅਠਾਰਾਂ ਵਿਸਾਖ ਤ੍ਰਿਲੋਕੀ ਨਾਥ, ਤਪ ਲੋਕ ਤਪਾਇੰਦਾ । ਆਪੇ ਵੇਖੇ ਆਪਣਾ ਹਾਠ, ਆਪਣੀ ਕਲ ਵਰਤਾਇੰਦਾ । ਆਪ ਆਪਣੀ ਮਾਰੇ ਠਾਠ, ਇਕ ਉਛਾਲ ਰਖਾਇੰਦਾ । ਚਵੀ

ਵਿਸਾਖ ਪੂਜਾ ਪਾਠ, ਸਾਚਾ ਮੰਤਰ ਦ੍ਰਿੜਾਇੰਦਾ । ਪੰਜੀ ਵਿਸਾਖ ਲਏ ਰਾਖ, ਸੱਤ ਲੋਕ ਹੁਲਾਰਾ । ਆਪ ਆਪਣਾ ਆਪੇ ਭਾਖ, ਆਪੇ ਕਰੇ ਪਿਆਰਾ । ਆਪੇ ਪਰਗਟ ਹੋਏ ਸਾਖ, ਆਪੇ ਦਰਸ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੱਤੀ ਵਿਸਾਖ ਦਏ ਹੁਲਾਰਾ । ਪਹਿਲੀ ਜੇਠ ਹਰਿ ਕਰ ਕੁੜਮਾਈ, ਦੇਸ਼ ਪਤਾਲੇ ਧਾਇਆ । ਬਾਸ਼ਕ ਸੇਜਾ ਦਏ ਸੁਹਾਈ, ਸਹੰਸਰ ਮੁਖ ਸੁਹਾਇਆ । ਸਤ ਜੇਠ ਖ਼ੁਸ਼ੀ ਮਨਾਈ, ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਖੁਲ੍ਹਾਇਆ । ਅਠ ਜੇਠ ਦਰਵਾਜਾ ਖੋਲ੍ਹ, ਤਲਾਤਲ ਦੇਸ ਵਸਾਇਆ । ਸ਼ਬਦ ਜੈਕਾਰਾ ਏਕਾ ਬੋਲ, ਆਪਣਾ ਨਾਮ ਦ੍ਰਿੜਾਇਆ । ਆਪ ਵਜਾਏ ਆਪਣਾ ਢੋਲ, ਸਚ ਮਰਦੰਗ ਉਠਾਇਆ । ਘਟ ਘਟ ਪੜਦੇ ਆਪੇ ਖੋਲ੍ਹ, ਆਪਣਾ ਭੇਵ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਹ ਚਲਾਇਆ । ਆਪਣਾ ਰਾਹ ਆਪ ਚਲਾ, ਚੌਦਾਂ ਖ਼ੁਸ਼ੀ ਮਨਾਈਆ । ਚੌਦਾਂ ਜੇਠ ਬੇਪਰਵਾਹ, ਆਪਣੀ ਰਚਨ ਰਚਾਈਆ । ਆਪੇ ਤਜਨਾ ਆਪਣਾ ਥਾਂ, ਆਪੇ ਦਏ ਸੁਹਾਈਆ । ਪੰਦਰਾਂ ਚੇਤਰ ਕੁੰਡਾ ਲਾ, ਮਹਾਤਲ ਕਰੇ ਰੁਸ਼ਨਾਈਆ । ਮਹਿਮਾ ਕੋਈ ਨਾ ਸਕੇ ਗਾ, ਦੈਵਤ ਦੈਤਾਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਆਪ ਆਪਣਾ ਰੰਗ ਰੰਗਾ, ਆਪਣੀ ਜੋਤ ਜੋਤ ਜਗਾਈਆ । ਰਸਾਤਲ ਦੇਸ ਹਰਿ ਦਏ ਵਸਾ, ਬਾਈ ਜੇਠ ਖ਼ੁਸ਼ੀ ਮਨਾਈਆ । ਆਪ ਆਪਣਾ ਲੇਖੇ ਲਾ, ਦੇ ਮਤ ਰਿਹਾ ਸਮਝਾਈਆ । ਅਠਾਈ ਜੇਠ ਹਰਿ ਵੇਖ ਵਖਾ, ਮਹਿਮਾ ਅਗਣਤ ਗਣਾਈਆ । ਅਜੱਪਾ ਜਾਪ ਸੀ ਆਪ ਜਪਾ, ਸੋਹੰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਾਹ ਤਕਾਈਆ । ਉਣੰਤੀ ਜੇਠ ਸਾਚਾ ਰਾਹ, ਆਪਣਾ ਆਪ ਤਕਾਇਆ । ਸ਼ਬਦ ਸਰੂਪੀ ਬਣ ਮਲਾਹ, ਦਰ ਦਰਵਾਜਾ ਪਾਰ ਕਰਾਇਆ । ਸਿਤਲ ਲੋਕ ਹਰਿ ਦਏ ਵਸਾ, ਬਲ ਰਾਜਾ ਮੇਲ ਮਿਲਾਇਆ । ਸ਼ੁਕਰ ਪਰਹੋਤਾ ਸੰਗ ਰਲਾ, ਨੇਤਰ ਨੀਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿੰਨ ਹਾੜੀ ਦਿਵਸ ਸੁਹਾਇਆ । ਤਿੰਨ ਹਾੜੀ ਰਚਨ ਰਚਾ, ਸਾਚਾ ਧਾਮ ਸੁਹਾਏ । ਆਪ ਆਪਣੀ ਦਇਆ ਕਮਾ, ਚੌਥੀ ਹਾੜ ਵੇਖ ਵਖਾਏ । ਵਿਤਲ ਦੇਸ ਹਰਿ ਖੇਲ ਖਿਲਾ, ਸਾਚੀ ਰਚਨ ਰਚਾਏ । ਸਤ ਦਿਵਸ ਹਰਿ ਡੇਰਾ ਲਾ, ਆਪਣਾ ਰੂਪ ਵਟਾਏ । ਦੱਸ ਹਾੜ ਬਨ ਸਾਚਾ ਲਾੜ, ਸਾਚਾ ਘੋੜਾ ਇਕ ਦੁੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਤੇਰੀ ਵੰਡ ਵੰਡਾਏ । ਦਸ ਹਾੜ ਹਰਿ ਕਰ ਅਖਾੜ, ਆਪਣਾ ਖੇਲ ਖਿਲਾਇਆ । ਵਿਤਲ ਦੇਸ ਵੇਸ ਅਪਾਰ, ਆਪਣਾ ਭੇਖ ਵਟਾਇਆ । ਸਾਚੇ ਘੋੜੇ ਹੋ ਅਸਵਾਰ, ਗਿਆਰਾਂ ਹਾੜ ਬਾਹਰ ਕਢਾਇਆ । ਇਤਲ ਲੋਕ ਤੇਰਾ ਦਰ ਦਵਾਰਾ, ਪ੍ਰਭ ਸਾਚੇ ਆਪ ਸੁਹਾਇਆ । ਸਤਿ ਸਤਿ ਸਤਿ ਕਰ ਜੈਕਾਰਾ, ਸਤਿ ਸਤਿ ਸਮਾਇਆ । ਸਤਿ ਸਤਿ ਸੱਤ ਅਧਾਰਾ, ਸਤਿ ਸੱਤ ਸਤਿ ਲਏ ਤਰਾਇਆ । ਸਤ ਸਤਿ ਸਤ ਪਾਰ ਕਿਨਾਰਾ, ਸਤਿ ਸਤ ਬੰਨੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਾਰਾ ਹਾੜ ਇਤਲ ਲੋਕ ਤੇਰਾ ਰਾਹ ਤਜਾਇਆ । ਚੌਦਾਂ ਲੋਕ ਫੇਰੀ ਪਾ, ਸੋਹੰ ਸ਼ਬਦ ਕਰੇ ਜਣਾਈਆ । ਤੇਰਾਂ ਚੇਤਰ ਚੜ੍ਹੇ ਬੇਪਰਵਾਹ, ਸਤਾਰਾਂ ਹਾੜ ਮੁੜ ਕੇ ਆਈਆ । ਦਿਵਸ ਅਠੰਨਵੇ ਪੂਰੇ ਕਰਾ, ਭੁਲ ਰਹੇ ਨਾ ਰਾਈਆ । ਗੁਰ ਸੰਗਤ ਤੇਰਾ ਮੇਲਾ ਲਏ ਮਿਲਾ, ਵਿਛੜ ਕਦੇ ਨਾ ਜਾਈਆ । ਹਾੜ ਸਤਾਰਾਂ ਤੇਰੇ ਲੇਖੇ ਦੇਵੇ ਲਾ, ਪੁਰੀਆਂ


੩੪
੦੨

ਲੋਆਂ ਦਏ ਤਜਾਈਆ । ਗੁਰ ਸੰਗਤ ਤੇਰਾ ਜਨਮ ਦਿਨ ਲਏ ਮਨਾ, ਅਠਾਰਾਂ ਉਨੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਦੋ ਸੰਮਤ ਪੰਦਰਾਂ ਸਾਧ ਸੰਗਤ ਵੰਡ ਵੰਡਾਈਆ । ਸਚਖੰਡ ਹਰਿ ਫੇਰਾ ਪਾ, ਬ੍ਰਹਮਾ ਆਪ ਜਗਾਏ । ਸ਼ਿਵ ਸ਼ੰਕਰ ਹਰਿ ਲਏ ਉਠਾ, ਸੁਰਪਤ ਇੰਦ ਹਿਲਾਏ । ਤਿੰਨ ਤਿੰਨ ਵੰਡ ਵੰਡਾ, ਬਾਰਾਂ ਚੇਤਰ ਮੁੜਕੇ ਆਏ । ਤੇਰਾਂ ਚੇਤਰ ਖੇਲ ਖਿਲਾ, ਚੌਦਾਂ ਲੋਕਾਂ ਫੇਰਾ ਪਾਏ । ਹਾੜ ਸਤਾਰਾਂ ਦਇਆ ਕਮਾ, ਹਰਿਸੰਗਤ ਆਣ ਤਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਨੀ ਹਾੜ ਗੁਰਮੁਖ ਸਾਜਣ ਸਾਚੇ ਲਾੜ, ਦਰ ਘਰ ਸਾਚੇ ਵਿਦਾ ਕਰਾਏ । ਵੀਹ ਹਾੜ ਕਰ ਤਿਆਰੀ, ਆਪਣੀ ਜੋਤ ਜਗਾਇੰਦਾ । ਪੁਰਖ ਅਬਿਨਾਸ਼ੀ ਸ਼ਾਹ ਅਸਵਾਰੀ, ਕੁਲਾ ਖੰਡ ਫੇਰਾ ਪਾਇੰਦਾ । ਸਤ ਦਿਵਸ ਜੋਤ ਉਜਿਆਰੀ, ਸਾਚਾ ਮਾਰਗ ਲਾਇੰਦਾ । ਛੱਬੀ ਹਾੜ ਪੈਜ ਸਵਾਰੀ, ਆਪ ਆਪਣਾ ਰੰਗ ਰੰਗਾਇੰਦਾ । ਕੁਲਾ ਖੰਡ ਹਰਿ ਵਾਰੋ ਵਾਰੀ, ਏਕਾ ਜੋਗ ਕਮਾਇੰਦਾ । ਸਤਾਈ ਹਾੜ ਤੇਰਾ ਖੇਲ ਨਿਆਰੀ, ਪ੍ਰਭ ਸਾਚੀ ਰਚਨ ਰਚਾਇੰਦਾ । ਇੱਲਾਬ੍ਰਤ ਤੇਰੀ ਵੇਖ ਮਹੱਲ ਅਟਾਰੀ, ਆਪ ਆਪਣਾ ਆਸਣ ਲਾਇੰਦਾ । ਸਾਵਣ ਦੋ ਜੋਧਾ ਸੂਰਾ ਬਲਕਾਰੀ, ਸੂਰਬੀਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਤਿੰਨ ਸਾਵਣ ਤੇਰਾ ਨਾਅਰਾ, ਹਰਿ ਸਾਚੇ ਆਪ ਲਗਾਇਆ । ਅੰਮ੍ਰਿਤ ਬਖ਼ਸ਼ੇ ਸਾਚੀ ਧਾਰਾ, ਕੇਤਮਾਲ ਆਪ ਚੁਆਇਆ । ਅਜਾਮਲ ਪਾਵੇ ਤੇਰੀ ਸਾਰਾ, ਪਾਪੀ ਪਾਪ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸਾਵਣ ਖੋਜ ਖੋਜਾਇਆ । ਨੌਂ ਸਾਵਣ ਹਰਿ ਖੋਜ ਖੁਜਾ, ਕੇਤਮਾਲ ਤਰਾਇੰਦਾ । ਦਸ ਸਾਵਣ ਹਰਿ ਦਇਆ ਕਮਾ,

੩੫ ਆਪਣਾ ਰਾਹ ਤਕਾਇੰਦਾ । ਕਿੰ ਪੁਰਖ ਤੇਰੀ ਭੇਟ ਚੜ੍ਹਾ, ਕੀਤਾ ਲੋੜਾ ਪਾਇੰਦਾ । ਜੋਤੀ ਜੋੜਾ ਮੇਲ ਮਿਲਾ, ਸ਼ਬਦੀ ਸ਼ਬਦ ਜਣਾਇੰਦਾ । ਸੋਲਾਂ ੩੫

੦੨ ੦੨

ਸਾਵਣ ਸੋ ਪੁਰਖ ਨਿਰੰਜਣ ਏਕਾ ਢੋਲਾ ਗਾ, ਸੋਇਆ ਆਪ ਜਗਾਇੰਦਾ । ਦਰ ਦਵਾਰੇ ਗੋਲਾ ਦਏ ਬਣਾ, ਏਕਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਾਰਾ ਸਾਵਣ ਪਾਰ ਕਰਾਇੰਦਾ । ਸਤਾਰਾ ਸਾਵਣ ਸਚ ਕਿਨਾਰਾ, ਹਰਿ ਸਾਚੇ ਆਪ ਵਖਾਇਆ । ਹਰਵਰਖ ਜੋਤ ਕਰ ਉਜਿਆਰਾ, ਸਾਚਾ ਖੰਡ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇਆ । ਤੇਈ ਸਾਵਣ ਸੁਰਤ ਜਗਾ, ਸੋਏ ਲਏ ਉਠਾਈਆ । ਚਵੀ ਸਾਵਣ ਜੋਤ ਜਗਾ, ਭਦਰ ਫੇਰਾ ਪਾਈਆ । ਪੁਰਖ ਅਬਿਨਾਸ਼ੀ ਵੇਖ ਵਖਾ, ਏਕਾ ਰੰਗ ਰੰਗਾਈਆ । ਤੀਹ ਸਾਵਣ ਤੇਰਾ ਸਾਚਾ ਨਾਂ, ਲੋਕਮਾਤ ਕਰੇ ਰੁਸ਼ਨਾਈਆ । ਭੇਖਾ ਧਾਰੀ ਭੇਖ ਵਟਾ, ਏਕਾ ਨਾਮ ਰਿਹਾ ਜਪਾਈਆ । ਸੋਹੰ ਮੰਤਰ ਸਚ ਦ੍ਰਿੜਾ, ਸਚ ਗਿਆਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਹ ਸਾਵਣ ਖ਼ੁਸ਼ੀ ਮਨਾਈਆ । ਇਕੱਤੀ ਸਾਵਣ ਹੋ ਪਰਤੱਖ ਆਪਣੀ ਅਲੱਖ ਜਗਾਈਆ । ਹਰਨਯਮਹ ਪ੍ਰਭ ਲਏ ਰੱਖ, ਸਾਚਾ ਖੰਡ ਸੁਹਾਈਆ । ਆਪੇ ਕਰਨਹਾਰਾ ਵੱਖ, ਆਪੇ ਮੇਲ ਮਿਲਾਈਆ । ਪੰਚਮ ਭਾਦਰੋਂ ਹੋ ਪਰਤੱਖ, ਸਾਚਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਠੀ ਹਿਰਸ ਮਿਟਾਈਆ । ਛੇ ਭਾਦਰੋਂ ਸਚ ਘਰ ਵੇਸ, ਆਪਣਾ ਆਪ ਕਰਾਇਆ । ਰਮਕ ਦੇਵੇ ਇਕ ਉਪਦੇਸ਼, ਏਕਾ ਸ਼ਬਦ ਜਣਾਇਆ । ਆਪੇ ਜਾਣੇ ਧਾਰੀ ਕੇਸ, ਆਪੇ ਮੂੰਡ ਮੁੰਡਾਇਆ । ਆਪੇ ਦਾਤਾ ਦਸ ਦਸਮੇਸ, ਪੂਤ ਸਪੂਤਾ ਬ੍ਰਹਿਮਣ ਗੌੜਾ ਆਪ ਅਖਵਾਇਆ । ਆਪੇ ਹੋਏ ਰਿਖੀ ਕੇਸ਼,



Rev-01

ਆਪ ਗਵਰਧਨ ਹੱਥ ਉਠਾਇਆ । ਆਪੇ ਲੇਖਾ ਲਿਖਣਹਾਰਾ ਲੇਖ, ਕਲਜੁਗ ਅੰਤਮ ਆਇਆ । ਰਮਕ ਤੈਨੂੰ ਰਿਹਾ ਵੇਖ, ਸੋਹੰ ਸਾਚੀ ਰਮਜ਼ ਲਗਾਇਆ । ਬਾਰਾਂ ਭਾਦਰੋਂ ਕਰਿਆ ਵੇਸ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੋਏ ਸਹਾਇਆ । ਤੇਰਾਂ ਭਾਦਰੋਂ ਤੇਰੀ ਧਾਰ, ਪ੍ਰਭ ਸਾਚੇ ਆਪ ਚਲਾਈਆ । ਭਾਰਤ ਖੰਡ ਕਰ ਉਜਿਆਰ, ਦਿਵਸ ਰੈਣ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਨੀ ਭਾਦਰੋਂ ਸਚ ਸੁੱਚ ਕਰੇ ਸਮਾਈਆ । ਉਨੀ ਭਾਦਰੋਂ ਭਰਮ ਭੁੱਲਾ, ਕਲਜੁਗ ਗੜ੍ਹ ਬਣਾਇਆ । ਪੁਰਖ ਅਬਿਨਾਸ਼ੀ ਜੋਤ ਜਗਾ, ਮਾਇਆ ਹੜ ਚਲਾਇਆ । ਪੰਚ ਵਿਕਾਰਾ ਜਗਤ ਉਡਾ, ਜੂਠਾ ਝੂਠਾ ਸੰਗ ਰਖਾਇਆ । ਗੁਰਮੁਖ ਸਾਚੇ ਲਏ ਜਗਾ, ਵੀਹ ਭਾਦਰੋਂ ਖ਼ੁਸ਼ੀ ਮਨਾਇਆ । ਲੱਖਣ ਦੀਪ ਫੇਰਾ ਪਾ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਸਤਾਈ ਭਾਦਰੋਂ ਪਾਰ ਉਤਾਰਾ, ਗੁਰ ਪੂਰੇ ਆਪ ਕਰਾਇਆ । ਕਰੌਚ ਦੀਪ ਕਰੇ ਉਜਿਆਰਾ, ਆਪ ਆਪਣਾ ਰੰਗ ਰੰਗਾਇਆ । ਏਕਾ ਬੰਨੇ ਸਾਚੀ ਧਾਰਾ, ਸਚ ਸੁੱਚ ਰਿਹਾ ਵਰਤਾਇਆ । ਦੀਪਕ ਜੋਤੀ ਕਰ ਉਜਿਆਰਾ, ਸਾਚਾ ਚੰਦ ਚੜ੍ਹਾਇਆ । ਏਕਾ ਸ਼ਬਦ ਜਗਤ ਉਜਿਆਰਾ, ਨਾਮ ਜੈਕਾਰਾ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨ ਅੱਸੂ ਦਏ ਸੁਹਾਇਆ । ਤਿੰਨ ਅੱਸੂ ਹਰਿ ਸਾਚੀ ਚੋਟ, ਆਪਣੀ ਆਪ ਲਗਾਈਆ । ਲੱਖ ਚੁਰਾਸੀ ਆਲ੍ਹਣਿਉਂ ਡਿਗੇ ਬੋਟ, ਨਾ ਸਕੇ ਕੋਈ ਬਚਾਈਆ । ਪੁਸ਼ਕਰ ਤੇਰਾ ਕੱਢੇ ਖੋਟ, ਦੂਈ ਦਵੈਤੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਜੀ ਅੱਸੂ ਦਏ ਵਡਿਆਈਆ । ਚੌਥੀ ਅੱਸੂ ਚਤੁਰਭੁਜ, ਖੇਲੇ ਖੇਲ ਅਪਾਰਾ । ਆਪਣਾ ਭੇਵ ਰੱਖੇ ਗੁਝ, ਜੰਬੂ ਦੀਪ ਦਏ ਹੁਲਾਰਾ । ਆਪਣੀ ਕਰਨੀ ਆਪੇ ਰਿਹਾ ਬੁੱਝ, ਨਾ ਕੋਈ ਪਾਵੇ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਹੁਲਾਰਾ । ਸਚ ਹੁਲਾਰਾ ਆਪੇ ਦੇ, ਆਪਣੀ ਦਇਆ ਕਮਾਈਆ । ਸਤਾਰਾਂ ਅੱਸੂ ਲੱਗਾ ਨੇਂਹ, ਨਾ ਕੋਈ ਤੋੜ ਤੁੜਾਈਆ । ਅੰਮ੍ਰਿਤ ਆਤਮ ਬਰਖੇ ਮੇਂਹ, ਗੁਰਮੁਖਾਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਰਿਹਾ ਵਰਤਾਈਆ । ਅਠਾਰਾਂ ਅੱਸੂ ਉਠ ਬਲਕਾਰ, ਆਪਣੀ ਖੇਲ ਖਿਲਾਇੰਦਾ । ਸਲਮਲ ਪਾਵੇ ਸਾਚੀ ਸਾਰ, ਸਾਚਾ ਦੀਪ ਸੁਹਾਇੰਦਾ । ਖੇਲੇ ਖੇਲ ਅਪਰ ਅਪਾਰ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਸੰਗ ਨਿਭਾਏ, ਖੇਲੇ ਖੇਲ ਅਪਾਰਾ । ਚਵੀ ਅੱਸੂ ਖ਼ੁਸ਼ੀ ਮਨਾਏ, ਪਾਰਬ੍ਰਹਮ ਹਰਿ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨ ਦੀਪ ਲਏ ਅਵਤਾਰਾ । ਸਾਨ ਦੀਪ ਸਾਚੀ ਸਿਖਿਆ, ਆਪਣੀ ਆਪ ਸਿਖਾਇੰਦਾ । ਧੁਰ ਫ਼ਰਮਾਣ ਏਕਾ ਲਿਖਿਆ, ਏਕਾ ਜਾਪ ਜਪਾਇੰਦਾ । ਸ੍ਰਿਸ਼ਟ ਸਬਾਈ ਦੀਸੇ ਮਿਥਿਆ, ਸਾਚਾ ਸ਼ਬਦ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਹ ਅੱਸੂ ਰੁੱਤ ਸੁਹਾਇੰਦਾ । ਪਹਿਲੀ ਕੱਤਕ ਹਰਿ ਕਰਤਾਰ, ਆਪਣਾ ਸੰਗ ਵਖਾਏ । ਕੁਸ਼ਾ ਦੀਪ ਤੇਰਾ ਮੇਲ ਅਪਾਰ, ਹਰਿ ਸਾਚਾ ਮੇਲ ਮਿਲਾਏ । ਸੱਤ ਕੱਤਕ ਖੇਲ ਕਰ ਨਿਰੰਕਾਰ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਆਪਣਾ ਖੇਲ ਖਿਲਾਏ । ਸੱਤ ਕੱਤਕ ਹਰਿ ਸਤਿ ਸਰੂਪ, ਹਰਿ ਸਾਚਾ ਸਚ ਅਖਵਾਇੰਦਾ ।

ਆਪੇ ਵੇਖੇ ਦਹਿ ਦਿਸ਼ਾ ਚਾਰੇ ਕੂਟ, ਲੋਆਂ ਪੁਰੀਆਂ ਫੇਰਾ ਪਾਇੰਦਾ । ਆਪ ਆਪਣਾ ਪੰਘੂੜਾ ਰਿਹਾ ਝੂਟ, ਸਚ ਹੁਲਾਰਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਦਿਵਸ ਖੇਲ ਖਿਲਾਇੰਦਾ । ਅੱਠ ਕੱਤਕ ਉਠ ਕਰਤਾਰ, ਚਾਰੇ ਕੁੰਟ ਵੇਖ ਵਖਾਨਿਆ । ਬਵੰਜਾ ਦੇਸ਼ਾਂ ਬੰਨੇ ਧਾਰ, ਪਕੜ ਉਠਾਏ ਰਾਜ ਰਾਜਾਨਿਆ । ਬਵੰਜਾ ਅੱਖਰ ਲੇਖ ਅਪਾਰ, ਜਗਤ ਵਿਦਿਆ ਕਰੇ ਪਛਾਨਿਆ । ਬਵੰਜਾ ਬਰਸ ਖੇਲ ਅਪਾਰ, ਖੇਲੇ ਖੇਲ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਨਿਆ । ਬਵੰਜਾ ਦਿਵਸ ਜਗਤ ਧਾਰ, ਹਰਿ ਆਪਣੇ ਹੱਥ ਰਖਾਈਆ । ਤੀਰਥ ਤੱਟਾਂ ਪਾਵੇ ਸਾਰ, ਗੰਗਾ ਗੋਦਾਵਰੀ ਵੇਖ ਵਖਾਈਆ । ਪੰਡਤ ਕਾਸੀ ਦਏ ਹੁਲਾਰ, ਪਰਾਗ ਅਯੁਧਿਆ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰ ਘਟ ਥਾਈਆ । ਅੱਠ ਕੱਤਕ ਉਠੇ ਜਾਗ, ਹਰਿ ਸਾਚੀ ਜੋਤ ਜਗਾਈਆ । ਤੀਰਥ ਤੱਟਾਂ ਲਾਏ ਆਗ, ਨਾ ਸਕੇ ਕੋਈ ਬੁਝਾਈਆ । ਸਾਧਾਂ ਸੰਤਾਂ ਜੋਤੀ ਖਿਚੇ ਚਿਰਾਗ, ਦੀਪਕ ਦੀਪ ਨਾ ਡਗਮਗਾਈਆ । ਅਨਹਦ ਸੁਣੇ ਨਾ ਕੋਈ ਰਾਗ, ਸੁਖਮਨ ਕੋਈ ਨਾ ਪਾਰ ਕਰਾਈਆ । ਨੌਂ ਦਵਾਰੇ ਫਿਰਨ ਭਾਗ, ਪੰਚਾਂ ਚੋਰਾਂ ਰਹੇ ਲੜਾਈਆ । ਕਲਜੁਗ ਕਾਇਆ ਹੋਇਆ ਕਾਗ, ਬਿਨ ਹਰਿ ਨਾਮੇ ਨਾ ਕੋਈ ਸਾਚੀ ਚੋਗ ਚੁਗਾਈਆ । ਗੁਰ ਸਤਿਗੁਰ ਸਾਚਾ ਪਕੜੇ ਵਾਗ, ਹਰਿਜਨ ਸਾਚੇ ਲਏ ਤਰਾਈਆ । ਸੋਹੰ ਬੰਨੇ ਤਨ ਸਾਚਾ ਤਾਗ, ਮੌਲੀ ਤੰਦ ਨਾ ਕੋਈ ਰਖਾਈਆ । ਮਿਲਿਆ ਮੇਲ ਹਰਿ ਕੰਤ ਸੁਹਾਗ, ਸਾਚੀ ਸੇਜ ਹੰਢਾਈਆ । ਸੰਮਤ ਚੌਦਾਂ ਬਖ਼ਸ਼ੇ ਇਕ ਵੈਰਾਗ, ਤਨ ਕਾਇਆ ਜੋਤ ਜਗਾਈਆ । ਸੰਤ ਸੁਹੇਲੇ ਜਾਣਾ ਜਾਗ, ਵੇਲਾ ਅੰਤਮ ਆਈਆ । ਨਿਹਕਲੰਕਾ ਧੋਵੇ ਦਾਗ਼, ਗੁਰ ਗੋਬਿੰਦ ਨਾਲ ਰਲਾਈਆ । ਸ਼ਬਦ ਸਰੂਪੀ ਮਾਰੇ ਅਵਾਜ਼, ਸ਼ਬਦ ਆਪ ਉਠਾਈਆ । ਸੋਹੰ ਦੇਵੇ ਸਾਚਾ ਦਾਜ, ਪੱਲੇ ਗੰਢ ਬਧਾਈਆ । ਪਰਗਟ ਹੋਇਆ ਦੇਸ ਮਾਝ, ਬ੍ਰਹਿਮੰਡ ਵੰਡ ਵੰਡਾਈਆ । ਲੱਖ ਚੁਰਾਸੀ ਸੁੱਤੀ ਦੇ ਕਰ ਕੰਡ, ਨਾ ਲਏ ਮਾਤ ਅੰਗੜਾਈਆ । ਅੰਤਮ ਦੇਵਣ ਆਇਆ ਦੰਡ, ਸ਼ਬਦ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਕੱਤਕ ਖੇਲ ਹਰਿ, ਉਣੰਤੀ ਮੱਘਰ ਪੂਰ ਕਰਾਈਆ । ਉਣੰਤੀ ਮੱਘਰ ਨੌਵਾਂ ਮਾਸ, ਨੌਂ ਦਰ ਖੋਜ ਖੁਜਾਇਆ । ਭਗਤ ਜਨਾਂ ਸਦ ਵਸੇ ਪਾਸ, ਪੜਦਾ ਓਹਲਾ ਦਏ ਕਟਾਇਆ । ਏਕਾ ਕਰੇ ਭੋਗ ਬਿਲਾਸ, ਆਤਮ ਸੇਜਾ ਸਚ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਮਾਸ ਸੰਮਤ ਪੰਦਰਾਂ ਜੋੜ ਜੁੜਾਇਆ । ਨੌਂ ਮਹੀਨੇ ਸਾਚਾ ਲੇਖਾ ਆਪਣਾ ਆਪ ਲਿਖਾਇਆ । ਆਪੇ ਕੱਢੇ ਭਰਮ ਭੁਲੇਖਾ, ਦੋ ਸੱਤ ਛੇ ਜੋੜ ਜੁੜਾਇਆ । ਦੋ ਸੱਤ ਛੇ ਲੱਗੇ ਲੇਖਾ, ਨੌਂ ਮਹੀਨੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਤੇਰਾ ਜੰਦਰਾ ਆਪ ਖੁਲ੍ਹਾਇਆ । ਦਿਵਸ ਮਾਸ ਕਰੇ ਉਜਾਗਰ, ਚੇਤਰ ਚਿਤ ਲਗਾਈਆ । ਤੀਸ ਦਿਨ ਬਣੇ ਜਗਤ ਸੁਦਾਗਰ, ਚੇਤਰ ਆਪਣੀ ਝੋਲੀ ਡਾਹੀਆ । ਵਿਸਾਖ ਹੋਏ ਮਾਸ ਉਜਾਗਰ, ਇਕੱਤੀ ਦਿਨ ਆਸ ਰਖਾਈਆ । ਜੇਠ ਤੇਰਾਂ ਕਰਮ ਉਜਾਗਰ, ਬੱਤੀ ਦਿਨ ਵੱਜੀ ਵਧਾਈਆ । ਅਸਾੜ ਤੇਰਾਂ ਡੂੰਘਾ ਸਾਗਰ, ਇਕ ਤੀਸ ਨਾਲ ਰਲਾਈਆ । ਸਾਵਣ ਤੇਰੀ ਸਾਚੀ ਗਾਗਰ, ਦਿਨ ਬੱਤੀ ਆਪ ਭਰਾਈਆ । ਭਾਦਰੋਂ ਭਰਮ ਭੁੱਲਿਆ, ਦਿਵਸ ਇਕੱਤੀ ਲੇਖ ਲਿਖਾਈਆ । ਅੱਸੂ ਆਸ ਇਕ ਰਖਾਇਆ, ਤੀਸ ਦਿਨ ਵੇਖ ਵਖਾਈਆ । ਕੱਤਕ ਕਰਮਾਂ ਵੇਖ ਵਖਾਇਆ, ਤੀਸ ਤੀਸ ਰਸਨਾ

੩੮
੦੭

ਗਾਈਆ । ਮੱਘਰ ਤੇਰਾ ਮੋਹ ਚੁਕਾਇਆ, ਉਨੰਤੀ ਦਿਨ ਭੇਵ ਨਾ ਰਾਈਆ । ਨੌਂ ਮਹੀਨੇ ਦੋ ਸੌ ਦਿਵਸ ਛਿਹੱਤਰ, ਸਾਚਾ ਖੇਲ ਖਿਲਾਈਆ । ਦੋ ਛੇ ਪਾਏ ਗੁਣਾ, ਛੇ ਦੋ ਬਾਰਾਂ ਆਪਣੀ ਪੁਕਾਰ ਆਪੇ ਸੁਣਾ, ਆਪੇ ਪਾਏ ਸਾਰਾ । ਸੱਤ ਸੱਤ ਸੱਤਾਂ ਛਾਣ ਪੁਣਾ, ਸੱਤ ਸੱਤ ਸਤਿ ਦਏ ਲਲਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੇ ਦੋਏ ਬਾਰਾਂ ਤੇ ਬਾਰਾਂ ਸੱਤ ਚੁਰਾਸੀ, ਜਨ ਭਗਤਾਂ ਕਟੇ ਜਮ ਕੀ ਫਾਸੀ, ਮੇਟ ਮਿਟਾਏ ਮਦਿਰਾ ਮਾਸੀ, ਮਾਣ ਗਵਾਏ ਪੰਡਤ ਕਾਸ਼ੀ, ਖੇਲੇ ਖੇਲ ਪੁਰਖ ਅਬਿਨਾਸ਼ੀ, ਜਨ ਭਗਤ ਦਰ ਦਾਸਨ ਦਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਰਾਸੀ ।

ਸ਼ਬਦ ਗੁਰ ਸ਼ਬਦ ਸੰਦੇਸ਼ਾ, ਸ਼ਬਦੀ ਸ਼ਬਦ ਜਣਾਈਆ । ਸ਼ਬਦੀ ਸ਼ਬਦ ਕਰ ਪਰਵੇਸ਼ਾ, ਸ਼ਬਦੀ ਸ਼ਬਦ ਗਿਆ ਤਜਾਈਆ । ਸ਼ਬਦੀ ਸ਼ਬਦ ਕਰੇ ਅਦੇਸਾ, ਸ਼ਬਦੀ ਸ਼ਬਦ ਸੀਸ ਝੁਕਾਈਆ । ਸ਼ਬਦੀ ਸ਼ਬਦ ਨਰ ਨਰੇਸ਼ਾ, ਸ਼ਬਦ ਸ਼ਬਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਵੇਖੇ ਸੰਗ ਵੇਖੇ ਗੁਰਮੁਖ ਸਾਜਨ ਸਹਿਜ ਸਮਾਈਆ । ਕੂੜ ਕਿਰਿਆ ਜਗਤ ਅਭਿਮਾਨਾ, ਕਾਲ ਫਾਸ ਤਨ ਬਾਧਾ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਸ਼ਬਦੀ ਬੋਧ ਅਗਾਧਾ । ਖੇਲੇ ਖੇਲ ਦੋ ਜਹਾਨਾਂ, ਮੇਲਾ ਸੰਤਨ ਸਾਧਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਜਾਏ ਆਪਣਾ ਨਾਦਾ । ਆਪ ਆਪਣਾ ਨਾਦ ਵਜਾ, ਆਪਣੀ ਕੂਕ ਸੁਣਾਈਆ । ਸਾਜਣ ਸਾਚੇ ਲਏ ਜਗਾ, ਦੂਰ ਦੁਰਾਡੇ ਵੇਖ ਵਖਾਈਆ । ਏਕਾ ਮਾਰਗ ਸਾਚੇ ਲਾ, ਸਚ ਸੁੱਚ ਕਰੇ ਕੁੜਮਾਈਆ । ਆਦਿ ਜੁਗਾਦੀ ਵੇਖ ਵਖਾ, ਜੁਗ ਜੁਗ ਰਚਨ ਰਚਾਈਆ । ਦਵਾਰਪਾਲ ਆਪ ਬਣਾ, ਲੋਕਮਾਤ ਖ਼ੁਸ਼ੀ ਮਨਾਈਆ । ਸਿੰਘ ਬਿਸ਼ਨ ਲਏ ਉਠਾ, ਗੁਰ ਪੂਰਾ ਕਰੇ ਜਣਾਈਆ । ਸ਼ਬਦ ਖੰਡਾ ਲਏ ਖਿਚਾ, ਗੁਰਸਿਖ ਸਾਚੀ ਸੇਵਾ ਲਾਈਆ । ਆਪਣੀ ਮੁਠ ਦਏ ਫੜਾ, ਸੱਜਣ ਮੀਤ ਆਪ ਅਖਵਾਈਆ । ਆਪਣੇ ਸੀਸ ਲਏ ਟਿਕਾ, ਨਾ ਕੋਈ ਦੂਸਰ ਭੇਟ ਚੜ੍ਹਾਈਆ । ਦੂਜਾ ਹੱਥ ਵੇਖ ਵਖਾ, ਦੋ ਜਹਾਨਾਂ ਕਰੇ ਜਣਾਈਆ । ਕਲਜੁਗ ਲੇਖਾ ਰਿਹਾ ਮੁਕਾ, ਸਿੰਘ ਇੰਦਰ ਵਡ ਵਡਿਆਈਆ । ਆਪ ਆਪਣੀ ਸੇਵਾ ਲਾ, ਗੁਰਮੁਖਾਂ ਦਏ ਵਡਿਆਈਆ । ਤਿਖੀ ਧਾਰ ਸੀਸ ਟਿਕਾ, ਜਗਦੀਸ ਵੱਡੀ ਵਡਿਆਈਆ । ਦੋ ਜਹਾਨੀ ਫੇਰਾ ਪਾ, ਲੋਕਮਾਤ ਖ਼ੁਸ਼ੀ ਮਨਾਈਆ । ਤੀਜਾ ਮੇਲਾ ਸਹਿਜ ਸੁਭਾ, ਆਪ ਆਪਣਾ ਲਏ ਕਰਾਈਆ । ਮਾਤਲੋਕ ਤੇਰਾ ਕੁੰਡਾ ਲਾਹ, ਆਪਣੀ ਹੱਥੀਂ ਜੜ ਪੁਟਾਈਆ । ਆਪਣੇ ਸੀਸ ਲਏ ਟਿਕਾ, ਏਕਾ ਧਾਰ ਰਿਹਾ ਵਹਾਈਆ । ਨੌਂ ਖੰਡ ਪ੍ਰਿਥਮੀ ਦਏ ਹਿਲਾ, ਸਾਚਾ ਖੰਡਾ ਹੱਥ ਖੜਕਾਈਆ । ਬ੍ਰਹਿਮੰਡੀ ਤੇਰੀ ਵੰਡ ਵੰਡਾ, ਪਾਰਬ੍ਰਹਮ ਤੇਰੀ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੀਸ ਭੇਟ ਚੜ੍ਹਾਈਆ । ਗੁਰਮੁਖਾਂ ਹਰਿ ਕੱਟਿਆ ਸੀਸਾ, ਆਪਣਾ ਮੂਲ ਚੁਕਾਇਆ । ਮਿਲੇ ਮੇਲ ਜਗਤ ਜਗਦੀਸਾ, ਸੀਸ ਧੜ ਰਹਿਣ ਨਾ ਪਾਇਆ । ਛੱਤਰ ਝੁਲੇ ਸਾਚੇ ਸੀਸਾ, ਪੰਚਮ ਲਏ ਜਗਾਇਆ । ਨਾ ਕੋਈ ਰਾਗ ਨਾ ਗਾਏ ਹਦੀਸਾ, ਏਕਾ ਸ਼ਬਦ ਪੜ੍ਹਾਇਆ । ਚਾਰ ਵਰਨ ਜਪਾਏ ਦੰਦ ਬਤੀਸਾ, ਆਪ ਆਪਣਾ ਲਾਇਆ । ਗੁਰਮੁਖ ਸਾਚੇ ਤੇਰੀ ਧਾਰ, ਹਰਿ ਆਪਣੇ ਅੰਗ ਲਗਾਈਆ । ਆਪ ਆਪਣਾ ਉਤੋਂ ਵਾਰ, ਗੁਰ ਸੰਗਤ ਫੇਰ ਬਣਾਈਆ । ਚਾੜ੍ਹੇ ਰੰਗ ਅਪਰ

ਅਪਾਰ, ਉਤਰ ਕਦੇ ਨਾ ਜਾਈਆ । ਵਿਚ ਅਖਾੜ ਵੇਖ ਸੰਸਾਰ, ਗਲਵਕੜੀ ਸਾਚੀ ਪਾਈਆ । ਸਾਧ ਸੰਗਤ ਸਚ ਪਿਆਰ, ਪ੍ਰਭ ਗਲ ਦਾ ਹਾਰ ਪਰੋਈਆ । ਗੁਰ ਗੋਬਿੰਦੇ ਬਖ਼ਸ਼ ਕਰਤਾਰ, ਸਚ ਕਟਾਰ ਸ਼ਬਦ ਫੜਾਈਆ । ਆਪ ਆਪਣਾ ਦਿਤਾ ਵਾਰ, ਪਿਤਾ ਮਾਤ ਭੇਟ ਚੜ੍ਹਾਈਆ । ਭਿਖ ਮੰਗੀ ਦਰ ਭਿਖਾਰ, ਵੇਲੇ ਅੰਤ ਨਾ ਹੋਏ ਜੁਦਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਪੂਰਨ ਆਸ ਕਰਾਈਆ । ਆਪ ਆਪਣਾ ਲਿਆ ਉਭਾਰ, ਆਪਣੇ ਅੰਗ ਲਗਾਈਆ । ਨੈਣਾਂ ਦੇਵੀ ਤੇਰਾ ਕਰ ਪਿਆਰ, ਨੈਣੀ ਨੈਣਾਂ ਵੇਖ ਵਖਾਈਆ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਕਲਜੁਗ ਪਰਗਟ ਹੋ ਵਿਚ ਸੰਸਾਰ, ਨਿਹਕਲੰਕ ਵੱਡੀ ਵਡਿਆਈਆ । ਗੁਰਮੁਖਾਂ ਹੋਇਆ ਪਹਿਰੇਦਾਰ, ਅੱਠੇ ਪਹਿਰ ਸੇਵ ਕਮਾਈਆ । ਸਾਚਾ ਖੰਡਾ ਅਪਰ ਅਪਾਰ, ਨਾ ਕੋਈ ਧਾਰਾ ਰਿਹਾ ਚਲਾਈਆ । ਆਪੇ ਕਰੇ ਕਰਾਏ ਕਰਨੇਹਾਰ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਪੇ ਤੋੜੇ ਆਪੇ ਜੋੜੇ, ਆਪਣੀ ਕਲ ਵਰਤਾਇੰਦਾ । ਜਨ ਭਗਤਾਂ ਹਰਿ ਆਪੇ ਬੌਹੜੇ, ਆਪਣਾ ਲੇਖ ਲਿਖਾਇੰਦਾ । ਸਾਚੇ ਮੰਦਰ ਲਾਏ ਪੌੜੇ, ਸਾਚੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਤੇਰਾ ਸਾਚਾ ਵਰ, ਸਾਚਾ ਗਹਿਣਾ ਤਨ ਸੁਹਾਇੰਦਾ । ਸਾਚਾ ਗਹਿਣਾ ਸੀਸ ਸ਼ੰਗਾਰ, ਹਰਿ ਆਪਣਾ ਆਪ ਕਰਾਇਆ । ਆਪ ਆਪਣਾ ਦਿਤਾ ਵਾਰ, ਛੱਬੀ ਪੋਹ ਸੁਹਾਇਆ । ਹਰਿਸੰਗਤ ਪ੍ਰਭ ਲਏ ਉਭਾਰ, ਹਰਿ ਹਰਿ ਮੇਲ ਮਿਲਾਇਆ । ਨਾ ਕੋਈ ਖੰਡਾ ਨਾ ਕਟਾਰ, ਨਾ ਕੋਈ ਸ਼ਸਤਰ ਤਨ ਪਹਿਨਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਆਪਣੀ ਦਇਆ ਕਮਾਇਆ । ਵਿਚ ਮੈਦਾਨਾ ਰਿਹਾ ਲਲਕਾਰ, ਨੌਂ ਖੰਡ ਪ੍ਰਿਥਮੀ ਰਿਹਾ ਹਿਲਾਇਆ । ਗੁਰਮੁਖ ਸਾਜਨ ਸਾਚੇ ਲਏ ਉਭਾਰ, ਪ੍ਰਭ ਸਾਚਾ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਮੇਲ ਮਿਲਾਇਆ । ਗੁਰਮੁਖ ਸਾਚੇ ਰਹਿਣਾ ਸੌ, ਹਰਿ ਸਾਚਾ ਆਪ ਸਵਾਇੰਦਾ । ਸੰਮਤ ਪੰਦਰਾਂ ਅਵਣ ਗਵਣ ਰਿਹਾ ਭੌ, ਦਿਸ ਕਿਸੇ ਨਾ ਆਇੰਦਾ । ਆਪ ਜਪਾਏ ਆਪਣਾ ਨਾਉਂ, ਆਪ ਆਪਣਾ ਨਾਉਂ ਧਰਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਬਣਾਇੰਦਾ । ਮੇਲ ਮਿਲਾਏ ਸ਼ਾਹੋ ਸ਼ਬਾਸ਼ ਸ਼ਹਿਨਸ਼ਾਹੋ, ਸਾਚੀ ਬਾਂਹ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਅੰਗ ਕਟਾਇੰਦਾ । ਆਪ ਆਪਣਾ ਅੰਗ ਕਟਾ, ਹਰਿ ਆਪਣੀ ਕਲ ਵਰਤਾਈਆ । ਸ਼ਬਦੀ ਖੰਡਾ ਲਿਆ ਉਠਾ, ਸ਼ਬਦੀ ਧਾਰ ਬੰਧਾਈਆ । ਬ੍ਰਹਿਮੰਡਾਂ ਵੇਖੇ ਸਾਰਾ ਥਾਂ, ਚਾਰੋਂ ਕੁੰਟ ਫੇਰਾ ਪਾਈਆ । ਨਰ ਨਰਾਇਣ ਆਪ ਅਖਵਾ, ਸਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਖੇਲ, ਜਨ ਭਗਤਾਂ ਮੇਲ, ਸਚ ਦਵਾਰ ਇਕ ਸੁਹਾਈਆ । ਸਚ ਦਵਾਰ ਹਰਿ ਗੋਬਿੰਦਾ, ਏਕਾ ਏਕ ਰਖਾਇਆ । ਛੱਬੀ ਪੋਹ ਮਿਟਾਏ ਚਿੰਦਾ, ਆਪ ਆਪਣਾ ਭੇਟ ਚੜ੍ਹਾਇਆ । ਦਾਤਾ ਜੋਧਾ ਸੂਰਾ ਵਡ ਮਰਗਿੰਦਾ, ਸਿੰਘ ਸ਼ੇਰ ਸ਼ੇਰ ਅਖਵਾਇਆ । ਹਰਿਸੰਗਤ ਤੇਰੀ ਮੇਟਣ ਆਇਆ ਚਿੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਲ ਮਿਲਾਇਆ । ਦੂਤੀ ਦੁਸ਼ਟਾਂ ਲਗਾਏ ਆਪਣੀ ਨਿੰਦਾ, ਮਦਿਰਾ ਮਾਸ ਵਿਸ਼ਟਾ ਮੁਖ ਰਖਾਇਆ । ਸਚ ਦਵਾਰੇ ਵੱਜਾ ਜਿੰਦਾ, ਨਾ ਸਕੇ ਕੋਈ ਤੁੜਾਇਆ । ਗੁਰਮੁਖਾਂ ਮਿਲੇ ਹਰਿ ਗੁਣੀ ਗਹਿੰਦਾ, ਗੋਬਿੰਦ ਰੂਪ ਵਟਾਇਆ । ਆਪ ਬਣਾਏ ਆਪਣੀ ਬਿੰਦਾ, ਨਾਰੀ ਸੁਤ ਉਪਜਾਇਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੀਸ ਕਟਾਇਆ । ਕੱਟਿਆ ਸੀਸ ਅੱਗੇ ਰੱਖ, ਅਗਨੀ ਭੇਟ ਚੜ੍ਹਾਇੰਦਾ । ਜੋਤੀ ਨੂਰ ਹਰਿ ਪਰਤੱਖ, ਪੁਰੀ ਘਨਕ ਸੁਹਾਇੰਦਾ । ਗੁਰਮੁਖਾਂ ਲੱਜਿਆ ਆਪੇ ਰੱਖ, ਆਪ ਆਪਣਾ ਰੰਗ ਰੰਗਾਇੰਦਾ । ਮੇਲ ਮਿਲਾਏ ਨੱਠ ਨੱਠ, ਨੰਗੀ ਪੈਰੀਂ ਫੇਰੀ ਪਾਇੰਦਾ । ਛੱਬੀ ਪੋਹ ਕਰਾਇਆ ਇਕੱਠ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਗੁਰਸਿਖ ਤੇਰੇ ਚਰਨ ਦਵਾਰੇ ਰੋ ਰੋ ਪੁਕਾਰੇ ਤੀਰਥ ਅਠ ਸਠ, ਪ੍ਰਭ ਸਾਚਾ ਮੂਲ ਨਾ ਭਾਇੰਦਾ । ਦੂਰ ਦੁਰਾਡੇ ਜਾਇਣ ਨੱਠ, ਗੁਰਮੁਖਾਂ ਖੰਡਾ ਹੱਥ ਉਠਾਇੰਦਾ । ਸਤਿਜੁਗ ਤੇਰੀ ਕਰੀ ਸਾਚੀ ਚੱਠ, ਪਹਿਲਾ ਆਪਣਾ ਸੀਸ ਕਟਾਇੰਦਾ । ਦੂਸਰਾ ਅੰਗ ਕੀਤਾ ਵੱਖ, ਸਿੰਘ ਮਨਜੀਤਾ ਭੇਟ ਚੜ੍ਹਾਇੰਦਾ । ਗੁਰ ਸੰਗਤ ਲੱਜਿਆ ਲਏ ਰੱਖ, ਸਿੰਘ ਜਗਦੀਸਾ ਸੰਗ ਰਲਾਇੰਦਾ । ਨੌਂ ਦਵਾਰੇ ਕਰ ਪਰਤੱਖ, ਦਸਵੇਂ ਆਸਣ ਲਾਇੰਦਾ । ਦੋ ਜਹਾਨਾਂ ਉਡਣੇ ਕੱਖ, ਗੁਰ ਸੰਗਤ ਰੱਖੇ ਦੇ ਕਰ ਹੱਥ, ਆਪ ਆਪਣੀ ਦਇਆ ਕਮਾਇੰਦਾ । ਸਰਬ ਕਲਾ ਆਪੇ ਸਮਰਥ, ਮਾਝੇ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਰਿਹਾ ਮਥ, ਨਾਮ ਮਧਾਣਾ ਇਕ ਚਲਾਇੰਦਾ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਦਰਸ਼ਨ ਅੰਤਰ ਪਾਇੰਦਾ । ਸੋਹੰ ਸ਼ਬਦ ਜਣਾਈ ਇਕ ਅਕੱਥ, ਕਥ ਕਥਨੀ ਲੇਖ ਲਿਖਾਇੰਦਾ । ਆਪ ਚੜ੍ਹਾਏ ਸਾਚੇ ਰਥ, ਰਥਵਾਹੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਅੰਗ ਕਟਾਇੰਦਾ । ਕੱਟਿਆ ਅੰਗ ਕਰਿਆ ਵੱਖ, ਹਰਿ ਵੱਖਰੀ ਚਾਲ ਚਲਾਈਆ । ਪਰਗਟ ਹੋ ਹਰਿ ਪਰਤੱਖ, ਜੋਤੀ ਜੋਤ ਜਗਾਈਆ । ਗੁਰ ਗੋਬਿੰਦਾ ਲਏ ਰੱਖ, ਚਰਨ ਸਰਨ ਸੱਚੀ ਸਰਨਾਈਆ । ਆਪ ਕਰਾਏ ਕੱਖੋਂ ਲੱਖ, ਲੱਖੋਂ ਕੱਖ ਉਡਾਈਆ । ਸਾਧਾਂ ਸੰਤਾਂ ਭਾਂਡੇ ਸੱਖ, ਸੰਮਤ ਪੰਦਰਾਂ ਦਏ ਕਰਾਈਆ । ਗੁਰਮੁਖਾਂ ਦਰਸ ਦਿਖਾਏ ਹੋ ਪਰਤੱਖ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾਈਆ । ਗੁਰ ਪੂਰਾ ਜਗ ਵੇਖਿਆ, ਦੇਵੇ ਧੁਰ ਸੰਦੇਸ । ਆਪੇ ਕਰਨਹਾਰਾ ਪ੍ਰੀਖਿਆ, ਆਪੇ ਜਾਣੇ ਆਪਣਾ ਵੇਸ । ਆਪੇ ਲਿਖਿਆ ਹਰਿਜਨ ਲੇਖਿਆ, ਆਪੇ ਹੋਏ ਦਰ ਦਰਵੇਸ਼ । ਆਪੇ ਦੇਵੇ ਸਾਚੀ ਸਿਖਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਰਿਹਾ ਵੇਖ । ਕਵਣ ਗੁਰੂ ਕਵਣ ਵਡਿਆਈ, ਕਵਣ ਰੰਗ ਰੰਗਾਈਆ । ਕਵਣ ਨਿਰੰਜਣ ਜੋਤ ਜਗਾਈ, ਕਵਣ ਕਰੇ ਰੁਸ਼ਨਾਈਆ । ਕਵਣ ਡੂੰਘੀ ਕਵਰੀ ਪਾਰ ਕਰਾਈ, ਕਵਣ ਆਪਣਾ ਪੱਲੂ ਦਏ ਫੜਾਈਆ । ਕਵਣ ਅਨਹਦ ਤਾਲ ਵਜਾਈ, ਕਵਣ ਰਾਗ ਅਲਾਈਆ । ਕਵਣ ਬ੍ਰਹਮ ਖੋਜ ਖੁਜਾਈ, ਕਵਣ ਬ੍ਰਹਮ ਸਮਾਈਆ । ਕਵਣ ਸਦ ਘਰ ਬਹਾਈ, ਸ਼ਬਦ ਸੁਨੇਹੜਾ ਦੇਵੇ ਸਾਚੇ ਮਾਹੀਆ । ਕਵਣ ਮੇਲ ਮਿਲਾਵੇ ਚਾਈਂ ਚਾਈਂ, ਤੂੰ ਵਿਛੋੜਾ ਕੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਈਆ । ਕਵਣ ਵਣਜਾਰਾ ਪਾਏ ਮੁਲ, ਕਵਣ ਮੇਟ ਮਿਟਾਇਆ । ਕਵਣ ਤੋਲੇ ਸਾਚੇ ਤੋਲ, ਨਾਮ ਕੰਡਾ ਏਕਾ ਲਾਇਆ । ਗੁਰਮੁਖ ਵੇਖੇ ਲਾਲ ਅਨਮੁਲ, ਅਨਮੁਲੜੇ ਲਾਲ ਆਪ ਰਖਾਇਆ । ਜਿਸ ਜਨ ਦਰਸ ਦਿਖਾਇਆ ਆਪਣਾ ਭੁੱਲ, ਦਰ ਦਵਾਰੇ ਫੇਰਾ ਪਾਇਆ । ਧੰਨ ਭਾਗ ਸੁਲੱਖਣੀ ਹੋਈ ਕੁੱਖ, ਲੇਖਾ ਲੇਖ ਲਿਖ ਨਾ ਸਕੇ ਕੋਈ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਮਤ ਕਰਤੇ ਕੋਈ ਨਾ ਮਾਤ ਚੁਕਾਇਆ । ਹਰਿ ਸੱਜਣ ਪੁਰਖ ਅਕਾਲ, ਗੋਬਿੰਦ ਮੇਲ ਮਿਲਾਇਆ । ਹਰਿ ਸੱਜਣ ਪੁਰਖ ਦਿਆਲ, ਗੋਬਿੰਦ ਜੋਤ ਜਗਾਇਆ । ਹਰਿ ਸੱਜਣ ਪੁਰਖ ਪ੍ਰਿਤਪਾਲ,

੪੦
੦੭

ਗੋਬਿੰਦ ਸੇਵ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਨੂਰ ਸਬਾਇਆ । ਹਰਿ ਸੱਜਣ ਪੁਰਖ ਸੁਲਤਾਨ, ਘਰ ਸਾਚੇ ਆਪੇ ਵਸਿਆ । ਆਪੇ ਹੋਇਆ ਮਿਹਰਵਾਨ, ਘਰ ਆਪਣੇ ਆਪੇ ਵਸਿਆ । ਆਪੇ ਦੇਵੇ ਦਾਨੀ ਦਾਨ, ਦਰ ਦਵਾਰੇ ਫਿਰੇ ਨੱਸਿਆ । ਗੁਰਮੁਖ ਸਾਚੇ ਕਰ ਪਰਵਾਨ, ਕਲਜੁਗ ਮੇਟੇ ਰੈਣ ਅੰਧੇਰੀ ਮੱਸਿਆ । ਮੂਲ ਚੁਕਾਏ ਪੰਜ ਸ਼ੈਤਾਨ, ਤੀਰ ਨਿਰਾਲਾ ਏਕਾ ਕੱਸਿਆ । ਹੋਏ ਸਹਾਈ ਜੰਗਲ ਜੂਹ ਉਜਾੜ ਬੀਆ ਬਾਨ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬਹਿ ਬਹਿ ਹੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਦੱਸਿਆ । ਸਾਚਾ ਮਾਰਗ ਜਗਤ ਲਾ, ਏਕਾ ਜੋਗ ਸਿਖਾਈਆ । ਗ੍ਰੰਥ ਪੰਥ ਨਾ ਕੋਈ ਸਲਾਹ, ਵਰਨ ਗੋਤ ਨਾ ਕੋਈ ਰਖਾਈਆ । ਏਕਾ ਸਿਖਿਆ ਰਿਹਾ ਸਿਖਾ, ਸਚ ਸੁੱਚ ਕਰੇ ਕੁੜਮਾਈਆ । ਪਾਵਾਂ ਸੁਖ ਮੇਰੀ ਆਤਮ ਲਏ ਪਰਨਾ, ਪਾਰਬ੍ਰਹਮ ਹੋਏ ਸਹਾਈਆ । ਸਨਾਤਮ ਧਰਮ ਨਾ ਕੋਈ ਜਣਾ, ਨਾ ਕੋਈ ਨਾਉਂ ਵਡਿਆਈਆ । ਖਾਲਸਾ ਖਾਲਸ ਦਏ ਬਣਾ, ਚਾਰ ਵਰਨ ਇਕ ਸਰਨਾਈਆ । ਸ਼ਬਦ ਸਾਲਸ ਇਕ ਰਖਾ, ਸਚ ਸਾਲਸ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਵੇਖ ਵਖਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਬ੍ਰਹਮ ਜਣਾਇਆ । ਪੁਰਖ ਅਬਿਨਾਸ਼ੀ ਜਗੀ ਜੋਤ, ਗੁਰ ਪੀਰ ਨਾ ਕੋਈ ਮਨਾਇਆ । ਕੋਟੀ ਕੋਟ ਰਹੇ ਲੋਚ, ਕੋਟੀ ਕੋਟ ਜਨਮ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਣਾ ਆਪਣੇ ਹੱਥ ਰਖਾਇਆ । ਆਪਣਾ ਭਾਣਾ ਰੱਖ ਹੱਥ, ਆਪਣੀ ਕਲ ਵਰਤਾਇੰਦਾ । ਸ੍ਰਿਸ਼ਟ ਸਬਾਈ ਹੋਏ ਸੱਥ, ਕਲਜੁਗ ਸੱਥਰ ਇਕ ਵਿਛਾਇੰਦਾ । ਕਾਲ ਕੂੜਿਆਰਾ ਪਾਏ ਨੱਥ, ਕਲਜੁਗ ਕਲੰਦਰ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੰਦਰ ਅੰਤਮ ਢਾਹਿੰਦਾ । ਕਲਜੁਗ ਮੰਦਰ ਕੂੜ ਪਸਾਰਾ, ਕੂੜੀ ਨੀਂਹ ਰਖਾਈਆ । ਪਹਿਰੇ ਦਾਰ ਪੰਚਮ ਧਾੜਾ, ਅੱਠੇ ਪਹਿਰ ਕਰਨ ਲੜਾਈਆ । ਮਨ ਮਤ ਬੁਧ ਲੱਗਾ ਅਖਾੜਾ, ਚਾਰੋਂ ਕੁੰਟ ਹੋਏ ਦੁਹਾਈਆ । ਸੰਮਤ ਚੌਦਾਂ ਸਾਚਾ ਲਾੜਾ, ਗੁਰਮੁਖ ਸਾਚੇ ਲਏ ਪਰਨਾਈਆ । ਸੰਮਤ ਪੰਦਰਾਂ ਕਰ ਸ਼ੰਗਾਰਾ, ਆਪ ਆਪਣਾ ਰੂਪ ਸੁਹਾਈਆ । ਇਕ ਇਕੱਲਾ ਏਕੰਕਾਰਾ, ਆਪ ਆਪਣੀ ਕਲ ਵਰਤਾਈਆ । ਸ਼ਬਦ ਸਰੂਪੀ ਕਰ ਪਸਾਰਾ, ਸ਼ਬਦੀ ਸ਼ਬਦ ਉਡਾਈਆ । ਲੋਆਂ ਪੁਰੀਆਂ ਪਾਰ ਕਿਨਾਰਾ, ਲੋਕ ਪਰਲੋਕ ਵੇਖ ਵਖਾਈਆ । ਗੁਰਮੁਖ ਸਾਜਨ ਮੀਤ ਮੁਰਾਰਾ, ਹਾੜ ਸਤਾਰਾਂ ਲਏ ਉਠਾਈਆ । ਲੇਖਾ ਲਿਖੇ ਨਾ ਫੇਰ ਵਿਚ ਸੰਸਾਰਾ, ਜੋ ਭੁੱਲੇ ਸੋ ਵਿਛੜੇ ਨਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਦਏ ਚੁਕਾਈਆ । ਸੰਮਤ ਪੰਦਰਾਂ ਹਾੜ ਸਤਾਰਾਂ, ਇਕ ਤਾਰੀਕ ਪਾਈਆ । ਗੁਰਮੁਖਾਂ ਮੇਲੇ ਵਿਚ ਸੰਸਾਰਾ, ਲਾਸ਼ਰੀਕ ਆਪ ਅਖਵਾਈਆ । ਜੋ ਜਨ ਆਏ ਚਲ ਦਵਾਰਾ, ਹੱਕ ਹਕੀਕਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਈਆ । ਹਾੜ ਸਤਾਰਾਂ ਅੰਤਮ ਲੇਖਾ, ਕਲਜੁਗ ਆਪ ਲਿਖਾਵਣਾ । ਭੇਵ ਨਾ ਪਾਏ ਕੋਈ ਔਲੀਆ ਪੀਰ ਸ਼ੇਖਾ, ਪੰਡਤ ਪਾਂਧੇ ਦਿਸ ਨਾ ਆਵਣਾ । ਭਰਮੇ ਭੁੱਲੇ ਧਾਰੀ ਕੇਸਾ, ਮੂੰਡ ਮੁੰਡਾਏ ਮੁਖ ਭਵਾਵਨਾ । ਆਪੇ ਹੋਏ ਦਸ ਦਸਮੇਸਾ, ਗੋਬਿੰਦ ਕਾਇਆ ਗੜ੍ਹ ਸੁਹਾਵਣਾ । ਆਪ ਆਪਣਾ ਕਰਿਆ ਵੇਸਾ, ਪੂਤ ਸਪੂਤਾ ਆਪ ਅਖਵਾਵਣਾ । ਆਪੇ ਜੋਧਾ ਨਰ ਨਰੇਸ਼ਾ, ਸ਼ਬਦ ਖੰਡਾ ਇਕ ਚਲਾਵਣਾ । ਆਪੇ ਛੱਤਰ ਝੁਲਾਏ ਸਾਚੇ ਸੀਸਾ, ਗੁਰਮੁਖ ਸਾਚੇ ਸੇਵਕ ਸੇਵਾ ਲਾਵਣਾ ।


Rev-01

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਵਣਾ । ਆਪ ਆਪਣਾ ਸੰਗ ਨਿਭਾ, ਸਗਲਾ ਸੰਗ ਰਖਾਈਆ । ਸੰਮਤ ਪੰਦਰਾਂ ਵੇਖ ਵਖਾ, ਥਿਤ ਵਾਰ ਇਕ ਜਣਾਈਆ । ਹਾੜ ਸਤਾਰਾਂ ਖੇਵਟ ਖੇਟਾ ਬਣ ਮਲਾਹ, ਸਾਚਾ ਬੇੜਾ ਦਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਈਆ । ਸਾਚਾ ਬੇੜਾ ਕਰ ਤਿਆਰ, ਏਕਾ ਚੱਪੂ ਲਾਇਆ । ਸੋਹੰ ਹੋਏ ਪਹਿਰੇਦਾਰ, ਚਾਰੋਂ ਕੁੰਟ ਫੇਰਾ ਪਾਇਆ । ਪੁਰਖ ਅਬਿਨਾਸ਼ੀ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਇਆ । ਗੁਰਮੁਖ ਸਾਜਣ ਕਰ ਤਿਆਰ, ਏਕਾ ਰੀਤੀ ਰਿਹਾ ਚਲਾਇਆ । ਚਾਰ ਵਰਨਾਂ ਇਕ ਪਿਆਰ, ਪੱਤਤ ਪੁਨੀਤੀ ਰਿਹਾ ਕਰਾਇਆ । ਦੇਹੁਰਾ ਮੰਦਰ ਮਸੀਤੀ ਨਾ ਕੋਈ ਗੁਰੂਦਵਾਰ, ਮੱਠ ਸ਼ਿਵਾਲਾ ਨਾ ਕੋਈ ਬਣਾਇਆ । ਸਤਿਜੁਗ ਸਾਚੀ ਬੰਨੇ ਧਾਰ, ਸਤਿ ਪੁਰਖ ਨਿਰੰਜਣ ਮਾਰਗ ਲਾਇਆ । ਸੋਹੰ ਸ਼ਬਦ ਰਸਨਾ ਉਚਾਰ, ਕਾਇਆ ਮੰਦਰ ਜੋਤ ਜਗਾਇਆ । ਪਵਣ ਦੀਵਾ ਅਪਰ ਅਪਾਰ, ਪਵਣ ਪਵਣੀ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਦਏ ਦਿਖਾਇਆ । ਘਰ ਵਿਚ ਘਰ ਘਰ ਵਿਚ ਹਾਟੀ, ਘਰ ਵਿਚ ਘਰ ਘਰ ਵਿਚ ਬਾਤੀ, ਘਰ ਵਿਚ ਘਿਰਤ ਰਖਾਇੰਦਾ । ਘਰ ਘਰ ਵਿਚ ਦੇਵੇ ਸਾਚੀ ਦਾਤੀ, ਘਰ ਘਰ ਚੁੱਕੇ ਲਹਿਣਾ ਦੇਣਾ ਬਾਕੀ, ਘਰ ਘਰ ਵਿਚ ਮੇਲ ਮਿਲਾਇੰਦਾ । ਘਰ ਘਰ ਵਿਚ ਖੋਲ੍ਹੇ ਤਾਕੀ, ਘਰ ਘਰ ਵਿਚ ਚਾੜ੍ਹੇ ਰਾਕੀ, ਘਰ ਘਰ ਵਿਚ ਬਹਾਇੰਦਾ । ਘਰ ਘਰ ਵਿਚ ਦੇਵੇ ਸ਼ਬਦ ਪੁਸ਼ਾਕੀ, ਘਰ ਘਰ ਵਿਚ ਮੇਟੇ ਪੰਚਮ ਖ਼ਾਕੀ, ਘਰ ਘਰ ਵਿਚ ਜੋਤ ਜਗਾਇੰਦਾ । ਘਰ ਘਰ ਵਿਚ ਮੇਲਾ ਸਾਚੇ ਸਾਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਘਰ ਸੁਹਾਇੰਦਾ । ਘਰ ਘਰ ਵਿਚ ਬੋਲੇ ਹਰਿ ਨਿਰੰਕਾਰਾ, ਘਰ ਘਰ ਵਿਚ ਅਲੱਖ ਜਗਾਈਆ । ਘਰ ਘਰ ਵਿਚ ਖੋਲ੍ਹੇ ਬੰਦ ਕਿਵਾੜਾ, ਘਰ ਘਰ ਵਿਚ ਕੁੰਡਾ ਲਾਹੀਆ । ਘਰ ਘਰ ਵਿਚ ਬੋਲੇ ਇਕ ਜੈਕਾਰਾ, ਘਰ ਘਰ ਵਿਚ ਰਾਗ ਅਲਾਈਆ । ਘਰ ਘਰ ਵਿਚ ਸੁਣੇ ਸੁਨਣੇਹਾਰਾ, ਘਰ ਘਰ ਵਿਚ ਬੈਠਾ ਆਸਣ ਲਾਈਆ । ਘਰ ਘਰ ਦੀਪਕ ਜੋਤ ਕਰ ਉਜਿਆਰਾ, ਘਰ ਘਰ ਕਰੇ ਰੁਸ਼ਨਾਈਆ । ਘਰ ਘਰ ਮੇਲਾ ਕੰਤ ਭਤਾਰਾ, ਘਰ ਘਰ ਨਾਰੀ ਖ਼ੁਸ਼ੀ ਮਨਾਈਆ । ਘਰ ਘਰ ਕਰੇ ਸਚ ਸ਼ੰਗਾਰਾ, ਘਰ ਘਰ ਵੇਖ ਵਖਾਈਆ । ਘਰ ਘਰ ਮੇਲਾ ਹਰਿ ਨਿਰੰਕਾਰਾ, ਘਰ ਘਰ ਦਏ ਕਰਾਈਆ । ਘਰ ਘਰ ਸੇਜਾ ਅਪਰ ਅਪਾਰਾ, ਘਰ ਘਰ ਰਿਹਾ ਵਿਛਾਈਆ । ਘਰ ਘਰ ਵਿਚ ਸੋਹੇ ਬੰਕ ਦਵਾਰਾ, ਹਰਿ ਬੈਠਾ ਜੋਤ ਜਗਾਈਆ । ਗੁਰਮੁਖ ਮਿਲਿਆ ਘਰ ਨਿਆਰਾ, ਦਿਸ ਕਿਸੇ ਨਾ ਆਈਆ । ਉਚ ਮਹੱਲਾ ਸਚ ਮੁਨਾਰਾ, ਨਿਹਚਲ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਦਏ ਟਿਕਾਈਆ । ਘਰ ਘਰ ਵਿਚ ਆਸਣ, ਘਰ ਘਰ ਆਪੇ ਲਾਇਆ । ਘਰ ਘਰ ਜੋਤ ਜਗੇ ਪੁਰਖ ਅਬਿਨਾਸ਼ਨ, ਘਰ ਘਰ ਅੰਧੇਰ ਕਰਾਇਆ । ਘਰ ਘਰ ਹੋਏ ਦਾਸੀ ਦਾਸਨ, ਘਰ ਘਰ ਬੈਠਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਦਏ ਸੁਹਾਇਆ । ਘਰ ਘਰ ਮੰਦਰ ਸਾਚਾ ਮੱਠ, ਘਰ ਘਰ ਬਣਤ ਬਣਾਈਆ । ਘਰ ਘਰ ਤੀਰਥ ਅਠਸਠ, ਘਰ ਘਰ ਸਰੋਵਰ ਰਿਹਾ ਵਖਾਈਆ । ਘਰ ਵਿਚ ਘਰ ਨਾ ਜਾਏ ਢੱਠ, ਘਰ ਘਰ ਵਿਚ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਧਾਰ ਚਲਾਈਆ । ਘਰ ਵਿਚ ਘਰ ਉਜਾਲਾ,

੪੨
੦੧

ਘਰ ਕਰੇ ਰੁਸ਼ਨਾਈਆ । ਘਰ ਵਿਚ ਘਰ ਘਰ ਗੁਰ ਗੋਪਾਲਾ, ਗੁਰ ਮੇਲਾ ਸਹਿਜ ਸੁਭਾਈਆ । ਘਰ ਵਿਚ ਘਰ ਰਾਹ ਸੁਖਾਲਾ, ਘਰ ਸਾਚਾ ਆਪ ਸੁਹਾਈਆ । ਘਰ ਵਿਚ ਘਰ ਘਰ ਕਰੇ ਪ੍ਰਿਤਪਾਲਾ, ਘਰ ਮੰਦਰ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਧਾਰ ਚਲਾਈਆ । ਸਾਚਾ ਘਰ ਆਪ ਵਸੰਦੜਾ, ਪਾਰਬ੍ਰਹਮ ਅਬਿਨਾਸ਼ਾ । ਗੁਰਮੁਖਾਂ ਰਾਹ ਇਕ ਵਖੰਦੜਾ, ਮਿਲੇ ਮੇਲ ਸਰਬ ਗੁਣ ਤਾਸਾ । ਨਾ ਕੋਈ ਮਾਰੇ ਅੱਗੇ ਜਿੰਦੜਾ, ਨਾ ਕੋਈ ਹੋਏ ਆਸ ਪਾਸਾ । ਸਤਿਜੁਗ ਸਾਚਾ ਰਾਹ ਚਲੰਦੜਾ, ਸੋਹੰ ਸ਼ਬਦ ਸੱਚਾ ਭਰਵਾਸਾ । ਗੁਰਮੁਖਾਂ ਭਾਰ ਆਪ ਉਠੰਦੜਾ, ਆਦਿ ਅੰਤ ਨਾ ਹੋਏ ਨਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪ੍ਰਿਥਮੀ ਅਕਾਸ਼ਾ ।

### * ੨੭ ਪੋਹ ੨੦੧੪ ਬਿਕ੍ਰਮੀ ਹਰਿਸੰਗਤ ਜੋੜ ਮੇਲਾ ਹਰਿ ਭਗਤ ਦਵਾਰ ਜੇਠੂਵਾਲ *

ਕਲਜੁਗ ਕਾਲਾ ਗੱਜਿਆ, ਚੌਦਾਂ ਤਬਕ ਹਿਲਾਏ । ਜਗਤ ਨਗਾਰਾ ਏਕਾ ਵੱਜਿਆ, ਡੌਰੂ ਡੰਕਾ ਏਕਾ ਵਾਹੇ । ਜੋ ਘੜਿਆ ਸੋ ਭੱਜਿਆ, ਅੰਤ ਰਹਿਣ ਨਾ ਪਾਏ । ਜੀਵ ਜੰਤ ਕੋਈ ਨਾ ਰੱਖੇ ਲੱਜਿਆ, ਨਾ ਕੋਈ ਦਿਸੇ ਮਾਤ ਸਹਾਏ । ਸਚ ਦਵਾਰਾ ਸਭ ਨੇ ਤਜਿਆ, ਝੂਠਾ ਮੰਦਰ ਰਹੇ ਸੁਹਾਏ । ਚੜ੍ਹੇ ਨਾਮ ਨਾ ਸਚ ਜਹਾਜ਼ਿਆ, ਵੰਞ ਮੁਹਾਣਾ ਨਾ ਕੋਈ ਲਗਾਏ । ਹਰਿ ਸਾਚੇ ਰਚਿਆ ਕਾਜਿਆ, ਕਲਜੁਗ ਲਹਿਣਾ ਦਏ ਚੁਕਾਏ । ਪਰਗਟ ਹੋਏ ਦੇਸ ਮਾਝਿਆ, ਨਿਹਕਲੰਕਾ ਨਾਉਂ ਰਖਾਏ । ਸ਼ਬਦ ਸਰੂਪੀ ਸਾਜਣ ਸਾਜਿਆ, ਜੋਤ ਸਰੂਪੀ ਵੇਖ ਵਖਾਏ । ਜਨ ਭਗਤਾਂ ਰੱਖਣਹਾਰਾ ਲਾਜਿਆ, ਗਊ ਗ਼ਰੀਬਾਂ ਗਲੇ ਲਗਾਏ । ਵਰਤੇ ਖੇਲ ਕਲ ਕੇ ਆਜਿਆ, ਕਲਜੁਗ ਸਾਚਾ ਦਏ ਦੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਚੜ੍ਹਾਏ । ਕਲਜੁਗ ਕਾਇਆ ਕਾਲਾ ਚੋਲਾ, ਕਾਲੀ ਕਮਲੀ ਤਨ ਛੁਹਾਈਆ । ਜੂਠ ਝੂਠ ਗਾਇਆ ਢੋਲਾ, ਇਕ ਅਵਾਜ਼ ਲਗਾਈਆ । ਮੋਹ ਵਿਕਾਰਾ ਬਣਿਆ ਤੋਲਾ, ਪੰਚਮ ਸੰਗ ਰਲਾਈਆ । ਮਾਇਆ ਰਾਣੀ ਖੇਲੇ ਹੋਲਾ, ਘਰ ਘਰ ਖ਼ੁਸ਼ੀ ਮਨਾਈਆ । ਲਾੜੀ ਮੌਤ ਮੰਗੇ ਡੋਲਾ, ਚਾਰ ਕਹਾਰ ਰਹੀ ਬੁਲਾਈਆ । ਇਕ ਮੁਹੰਮਦ ਹੋਣਾ ਗੋਲਾ, ਸਾਚਾ ਸੰਗ ਨਿਭਾਈਆ । ਚੌਦਾਂ ਤਬਕਾਂ ਆਪੇ ਫੋਲਾ, ਵੇਖੇ ਥਾਉਂ ਥਾਈਆ । ਦਹਿ ਦਿਸ਼ਾ ਕਲ ਪਾਵੇ ਰੌਲਾ, ਰਾਜ ਬਣਤ ਨਾ ਕੋਈ ਦਸਾਈਆ । ਵੇਖੇ ਖੇਲ ਹਰਿ ਉਪਰ ਧਵਲਾ, ਸੰਮਤ ਪੰਦਰਾਂ ਖ਼ੁਸ਼ੀ ਮਨਾਈਆ । ਆਪੇ ਹੋਇਆ ਬਾਵਰ ਬਵਲਾ, ਆਪ ਆਪਣਾ ਭੇਖ ਵਟਾਈਆ । ਜਨ ਭਗਤਾਂ ਕਰੇ ਭਾਰ ਹੌਲਾ, ਸੀਸ ਜਗਦੀਸ ਪੰਡ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਚੇ ਦਏ ਵਧਾਈਆ । ਕਲਜੁਗ ਜੋਧਾ ਸੂਰਬੀਰ ਬਲਕਾਰਾ, ਸਾਚਾ ਗੜ੍ਹ ਸੁਹਾਇੰਦਾ । ਆਪ ਆਪਣਾ ਕਰ ਲਲਕਾਰਾ, ਆਪ ਆਪਣੀ ਧਾੜ ਰਖਾਇੰਦਾ । ਮੰਗੇ ਮੰਗ ਸਤਾਰਾਂ ਹਾੜਾ, ਸਾਚਾ ਸਗਨ ਮਨਾਇੰਦਾ । ਫੇਰੀ ਪਾਏ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਫੋਲ ਫੁਲਾਇੰਦਾ । ਇਕ ਲਗਾਏ ਅਗਨੀ ਨਾੜਾ, ਤਤਵ ਤਤ ਜਲਾਇੰਦਾ । ਪੁਰਖ ਅਬਿਨਾਸ਼ੀ ਸੰਗ ਰਲਾਏ ਅਗੰਮੀ ਧਾੜਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਹਿੱਸਾ ਆਪ ਵੰਡਾਇੰਦਾ । ਕਲਜੁਗ ਹਿੱਸਾ ਕਾਲਾ ਸੂਸਾ, ਕਾਲਾ ਤਨ ਸ਼ੰਗਾਰਿਆ । ਖੇਲੇ ਖੇਲ ਈਸਾ ਮੂਸਾ, ਖੇਲ ਖਿਲਾਏ

ਪਰਵਰਦਿਗਾਰਿਆ । ਆਪੇ ਜਾਣੇ ਜਗਤ ਹਦੀਸਾ, ਬਗਲ ਕੁਰਾਨ ਵੇਖ ਵਖਾ ਰਿਹਾ । ਲਹਿਣਾ ਦੇਣਾ ਬੀਸ ਬੀਸਾ, ਸੰਮਤ ਪੰਦਰਾਂ ਨੀਂਹ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੱਕਾ ਮਦੀਨਾ ਵੇਖ ਵਖਾ ਰਿਹਾ । ਮੱਕਾ ਮਦੀਨਾ ਸਾਚੀ ਢਕ, ਹਰਿ ਸਾਚਾ ਆਪ ਜਣਾਇੰਦਾ । ਆਪੇ ਵੇਖੇ ਵੱਖ ਵੱਖ, ਆਪ ਆਪਣੀ ਦਇਆ ਕਮਾਇੰਦਾ । ਆਪੇ ਪਰਗਟ ਹੋ ਪਰਤੱਖ, ਮੁਖ ਨਕਾਬ ਇਕ ਰਖਾਇੰਦਾ । ਅਮਾਮ ਮਹਿੰਦੀ ਅਲੱਖਣਾ ਅਲੱਖ, ਭੇਵ ਕੋਈ ਨਾ ਪਾਇੰਦਾ । ਉਮਤ ਨਬੀ ਰਸੂਲ ਭਾਰ ਤੇਰਾ ਤੇਰੀ ਸਹਿੰਦੀ, ਨਾ ਕੋਈ ਵੰਡ ਵੰਡਾਇੰਦਾ । ਹੂ ਹੂ ਨਾਅਰਾ ਏਕਾ ਕਹਿੰਦੀ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਅੱਲਾ ਰਾਣੀ ਪ੍ਰਭ ਦਵਾਰੇ ਨਿਉਂ ਨਿਉਂ ਅੱਗੇ ਹੋ ਹੋ ਬਹਿੰਦੀ, ਨੇਤਰ ਨੀਰ ਚਲਾਇੰਦਾ । ਲਾਲ ਰੰਗ ਵਖਾਏ ਲਾਈ ਮਹਿੰਦੀ, ਸਾਚਾ ਸੰਗ ਜਣਾਇੰਦਾ । ਲੱਖ ਚੁਰਾਸੀ ਅੰਤਮ ਖਹਿੰਦੀ, ਏਕਾ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਸੰਗ ਨਿਭਾਇੰਦਾ । ਅੱਲਾ ਰਾਣੀ ਮੁਖ ਪਾਇਆ ਪੜਦਾ, ਆਪਣਾ ਘੁੰਘਟ ਰਹੀ ਉਠਾਈਆ । ਸੰਗ ਮੁਹੰਮਦ ਚਾਰ ਯਾਰ ਸੜਦਾ, ਕਲਜੁਗ ਅਗਨੀ ਆਪ ਤਪਾਈਆ । ਈਸਾ ਮੂਸਾ ਆਪੇ ਲੜਦਾ, ਘਰ ਆਪਣੇ ਪਈ ਲੜਾਈਆ । ਪੁਰਖ ਅਬਿਨਾਸ਼ੀ ਧੁਰਦਰਗਾਹੀ ਏਕਾ ਚੜ੍ਹਦਾ, ਅਮਾਮ ਮਹਿੰਦੀ ਨਾਉਂ ਰਖਾਈਆ । ਲਹਿਣਾ ਦੇਣ ਚੁਕਾਏ ਸੀਸ ਧੜ ਦਾ, ਗੜ੍ਹ ਹੰਕਾਰ ਤੋੜ ਤੁੜਾਈਆ । ਅੱਖਰ ਕੋਈ ਨਾ ਮਾਤ ਪੜਦਾ, ਨਾ ਕੋਈ ਪੈਂਤੀਸ ਤੀਸ ਬਤੀਸ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵੇ ਅੰਤ ਵਡਿਆਈਆ । ਕਲਜੁਗ ਅੰਤਮ ਏਕਾ ਨਾਅਰਾ, ਏਕਾ ਅਲੱਖ ਜਗਾਈਆ । ਅੱਲਾ ਰਾਣੀ ਕਰ ਪਿਆਰਾ, ਐਨਲਹਕ ਉਠਾਈਆ । ਖ਼ੁਦੀ ਖ਼ੁਦਾਏ ਪਾਵੇ ਸਾਰਾ, ਹਰਿ ਖੇਲੇ ਖੇਲ ਖ਼ੁਦਾਈਆ । ਵਰਤੇ ਵਰਤਾਵੇ ਬੇਐਬ ਪਰਵਰਦਿਗਾਰਾ, ਗੈਬ ਅਗੈਬਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੱਕਾ ਮਦੀਨਾ ਫੇਰਾ ਪਾਈਆ । ਮੱਕਾ ਮਦੀਨਾ ਚਰਨ ਛੁਹਾ, ਏਕਾ ਜੋਤ ਜਗਾਇੰਦਾ । ਨੂਰ ਅਲਾਹੀ ਆਪ ਅਖਵਾ, ਨੂਰੋ ਨੂਰ ਸਮਾਇੰਦਾ । ਦੀਪਕ ਕੋਹਤੂਰ ਆਪ ਜਗਾ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਧਾਰ ਚਲਾਇੰਦਾ । ਕਲਜੁਗ ਕਾਲੇ ਤੇਰੀ ਧਾਰ, ਹਰਿ ਆਪੇ ਆਪ ਜਗਾਈਆ । ਸੰਮਤ ਪੰਦਰਾਂ ਹੋ ਤਿਆਰ, ਚੌਦਾਂ ਲੋਕਾਂ ਫੇਰੀ ਪਾਈਆ । ਚੋਦਾਂ ਤਬਕਾਂ ਮਾਰੇ ਮਾਰ, ਏਕਾ ਖੰਡਾ ਹੱਥ ਉਠਾਈਆ । ਸਾਚੇ ਅਸਵ ਹੋ ਅਸਵਾਰ, ਸ਼ਾਹ ਐਲੀ ਸੰਗ ਰਲਾਈਆ । ਅਹਿਮਦ ਮੁਹੰਮਦ ਕਰੇ ਖ਼ਬਰਦਾਰ, ਚਾਰ ਯਾਰਾਂ ਵੇਖ ਵਖਾਈਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਆਪ ਅਖਵਾਈਆ । ਇਕ ਤਾਰੀਖ ਦੀਨ ਘਰ, ਸਤਾਰਾਂ ਹਾੜ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਮਾਤ ਲੜਾਈਆ । ਕਲਜੁਗ ਸਾਚਾ ਮਾਤ ਲੜੌਣਾ, ਹਰਿ ਸਾਚੀ ਬਣਤ ਬਣਾਇੰਦਾ । ਸ਼ਬਦ ਸਰੂਪੀ ਕਟਕ ਚੜ੍ਹੌਣਾ, ਗੋਬਿੰਦ ਸੇਵਾ ਲਾਇੰਦਾ । ਏਕਾ ਤੀਰ ਕਮਾਨ ਫੜੌਣਾ, ਏਕਾ ਚਿੱਲਾ ਆਪ ਰਖਾਇੰਦਾ । ਜੋਧਾ ਸੂਰਬੀਰ ਇਕ ਅਖਵੌਣਾ, ਆਪ ਆਪਣਾ ਬਲ ਵਖਾਇੰਦਾ । ਪੰਜ ਤਤ ਕੋਈ ਨਜ਼ਰ ਨਾ ਔਣਾ, ਹਰਿ ਜੋਤੀ ਜੋਤ ਜਗਾਇੰਦਾ । ਸ਼ਬਦ ਗੁਰ ਵਡ ਕਰਮ ਕਮੌਣਾ, ਕਲਜੁਗ ਅੰਤਮ ਵੇਖ ਵਖਾਇੰਦਾ । ਗੁਰਦਰ ਮਸਜਿਦ ਮੰਦਰ ਸਾਰਾ ਢੌਹਣਾ, ਜਗਤ ਨਿਸ਼ਾਨ ਰਹਿਣ ਨਾ ਪਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਦਸਤਗੀਰ ਕੋਈ ਰਹਿਣ ਨਾ ਪੌਣਾ, ਨਾ ਕੋਈ ਸੰਗ ਰਖਾਇੰਦਾ । ਕਲਮਾ ਨਬੀ ਰਸੂਲ

ਨਾ ਕਿਸੇ ਪੜ੍ਹੌਣਾ, ਨਾ ਕੋਈ ਆਇਤ ਸਿਖਾਇੰਦਾ । ਇਕ ਜਹਾਜ਼ੇ ਸਰਬ ਚੜ੍ਹਾਉਣਾ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਸੋਹੰ ਚੱਪੂ ਸਾਚਾ ਲੌਣਾ, ਨੌਂ ਖੰਡ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਧਾਰ ਚਲਾਇੰਦਾ । ਸੰਮਤ ਪੰਦਰਾਂ ਮਾਰੇ ਧਾ, ਨੇਤਰ ਨੈਣ ਵਹਾਈਆ । ਉਮਤ ਨਬੀ ਰਸੂਲ ਨਾ ਦਿਸੇ ਕੋਈ ਰਾਹ, ਚਾਰ ਯਾਰ ਰਹੇ ਕੁਰਲਾਈਆ । ਅੱਲਾ ਰਾਣੀ ਘਰ ਘਰ ਕਰ ਬੈਠੀ ਨਾਂਹ, ਆਪ ਆਪਣਾ ਮੁਖ ਭਵਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਦੇ ਮਤ ਰਿਹਾ ਸਮਝਾਈਆ । ਕਲਜੁਗ ਅੰਤਮ ਨਿਹਕਲੰਕਾ ਜਾਮਾ ਪਾ, ਅਮਾਮ ਮਹਿੰਦੀ ਆਪ ਅਖਵਾਈਆ । ਮੁਖ ਨਕਾਬਾ ਇਕ ਰਖਾ, ਪੁੰਨ ਸਵਾਬਾ ਨਾ ਕੋਈ ਜਣਾਈਆ । ਹੱਕ ਜਨਾਬਾ ਆਪ ਹੋ ਜਾ, ਸਾਚਾ ਤਾਜਾ ਰਿਹਾ ਦੌੜਾਈਆ । ਦੋ ਦੋ ਆਬਾ ਮੇਲ ਮਿਲਾ, ਸਾਚਾ ਮੇਲਾ ਮੇਲ ਮਿਲਾਈਆ । ਏਕਾ ਕਾਅਬਾ ਦਏ ਵਖਾ, ਚਰਨ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਮਤ ਨਬੀ ਰਸੂਲ ਏਕਾ ਸਿਖਿਆ ਦਏ ਪੜ੍ਹਾਈਆ । ਉਮਤ ਨਬੀ ਰਸੂਲ, ਹਰਿ ਸਾਚਾ ਆਪ ਸਿਖਾਇੰਦਾ । ਸ਼ਬਦ ਦੋ ਅੱਖਰ ਨਾ ਜਾਏ ਭੂਲ, ਰੋੜੀ ਸੱਖਰ ਚਰਨ ਛੁਹਾਇੰਦਾ । ਧੁਰਦਰਗਾਹੀ ਲਾਇਆ ਪੱਥਰ, ਨਾ ਕੋਈ ਭਾਰ ਉਠਾਇੰਦਾ । ਕੂੜ ਕੁੜਿਆਰਾ ਲੱਭੇ ਸੱਥਰ, ਨੂਰ ਅਲਾਹੀ ਆਪ ਲੁਹਾਇੰਦਾ । ਅੱਲਾ ਰਾਣੀ ਨੀਰ ਵਹਾਏ ਰੋ ਰੋ ਅੱਥਰ, ਨਾ ਕੋਈ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਸੂਸਾ ਤਨ ਛੁਹਾਇੰਦਾ । ਕਾਲਾ ਸੂਸਾ ਤਨ ਸ਼ੰਗਾਰ, ਹਰਿ ਸਾਚੀ ਬਣਤ ਬਣਾਈਆ । ਈਸਾ ਮੂਸਾ ਹਾਹਾਕਾਰ, ਦਿਵਸ ਰੈਣ ਰਹੇ ਕੁਰਲਾਈਆ । ਲਿਖੇ ਲੇਖ ਹਰਿ ਅਪਰ ਅਪਾਰ, ਪਹਿਲੀ ਚੇਤਰ ਦਿਵਸ ਸੁਹਾਈਆ । ਸ਼ਾਹ ਪਾਕ ਇਰਾਕ ਰਹਿਣਾ ਖ਼ਬਰਦਾਰ, ਪ੍ਰਭ ਸਾਚਾ ਰਿਹਾ ਜਗਾਈਆ । ਅੰਤਮ ਹੋਣਾ ਖ਼ਾਕੀ ਖ਼ਾਕ, ਖ਼ਾਕੀ ਖ਼ਾਕ ਮਿਲਾਈਆ । ਕਿਸੇ ਘਰ ਨਾ ਦਿਸੇ ਖੁਲ੍ਹਾ ਤਾਕ, ਦੀਵਾ ਬੱਤੀ ਨਾ ਕੋਈ ਜਗਾਈਆ । ਨਾ ਕੋਈ ਪਾਲੇ ਦੂਲ੍ਹਦੂਲ੍ਹ ਰਾਕ, ਹਸਨ ਹੁਸੈਨ ਨਾ ਖ਼ੁਸ਼ੀ ਮਨਾਈਆ । ਅਮਾਮ ਮਹਿੰਦੀ ਜੋਤ ਸਰੂਪੀ ਆਪੇ ਰਿਹਾ ਝਾਕ, ਕਲਮਾ ਕਲਾਮ ਦਏ ਪੜ੍ਹਾਈਆ । ਕਲਮਾ ਅਮਾਮ ਹਰਿ ਸੁਲਤਾਨਾ, ਆਪਣਾ ਆਪ ਜਣਾਇਆ । ਆਪੇ ਹੋਏ ਮਿਹਰਵਾਨ ਮਿਹਰਵਾਨਾ, ਮਿਹਰਵਾਨ ਆਪ ਅਖਵਾਇਆ । ਆਪੇ ਮੇਟੇ ਪੰਚ ਸ਼ੈਤਾਨਾ, ਸ਼ਾਹ ਅਬਿਨੂਸ ਰਹਿਣ ਨਾ ਪਾਇਆ । ਨਾ ਕੋਈ ਉਠਾਏ ਵਿਚੋਂ ਕਬਰਸਤਾਨਾ, ਨਾ ਕੋਈ ਹੂਰਾਂ ਮੇਲ ਮਿਲਾਇਆ । ਨਾ ਕੋਈ ਪਵਣ ਨਾ ਮਸਾਣਾ, ਨਾ ਕੋਈ ਬਖ਼ਸ਼ੇ ਦੋ ਜਹਾਨਾਂ, ਨਾ ਕੋਈ ਹੋਏ ਸਹਾਇਆ । ਸੰਗ ਮੁਹੰਮਦ ਅੰਤਮ ਵਾਰ ਸੰਮਤ ਪੰਦਰਾਂ ਦਰ ਦਵਾਰੇ ਆਪ ਕੁਰਲਾਣਾ, ਹਰਿ ਸਾਚੇ ਤੀਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਪੜਦਾ ਪਾਇਆ । ਨਿਹਕਲੰਕ ਹਰਿ ਜੋਤ ਜਗਾ, ਸ਼ਬਦੀ ਅਮਾਮ ਅਖਵਾਈਆ । ਬ੍ਰਹਿਮਣ ਗੌੜਾ ਆਪ ਹੋ ਜਾ, ਗੋਬਿੰਦ ਗੜ੍ਹ ਸੁਹਾਈਆ । ਸੰਬਲ ਨਗਰੀ ਡੇਰਾ ਲਾ, ਮੱਕਾ ਮਦੀਨਾ ਫੇਰਾ ਪਾਈਆ । ਪੰਡਤ ਕਾਸ਼ੀ ਲਏ ਜਗਾ, ਜਗਤ ਵਿਦਿਆ ਦਏ ਦੁਹਾਈਆ । ਸਾਚੀ ਸਿਖਿਆ ਦਏ ਸਿਖਾ, ਏਕਾ ਮਤ ਸਮਝਾਈਆ । ਚਾਰ ਵਰਨਾਂ ਏਕਾ ਧਾਮ ਦਏ ਬਹਾ, ਜੂਠੇ ਝੂਠੇ ਮੇਟ ਮਿਟਾਈਆ । ਮੁਸਲਮ ਸੁੰਨੀ ਕੋਈ ਰਹਿਣਾ ਨਾ, ਪੰਡਤ ਪਾਂਧਾ ਨਾ ਕੋਈ ਤਿਲਕ ਲਗਾਈਆ । ਗ੍ਰੰਥੀ ਪੰਥੀ ਨਾ ਸਕੇ ਕੋਈ ਕਿਸੇ ਬਚਾ, ਨਾ ਹੋਵੇ ਕੋਈ ਸਹਾਈਆ । ਪੁਰਖ ਅਬਿਨਾਸ਼ੀ ਆਪ ਆਪਣੀ ਜੋਤ ਜਗਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸ਼ਬਦ ਨਿਰਾਲਾ ਤੀਰ ਚਲਾ, ਲੱਖ ਚੁਰਾਸੀ ਦਏ ਖਪਾਈਆ । ਸ਼ਾਹ



Rev-01

ਕੰਗਾਲਾ ਵੇਖ ਵਖਾ, ਦੋ ਜਹਾਨਾਂ ਫੇਰਾ ਪਾਈਆ । ਤਾਲਬ ਤਲਬ ਪੂਰੀ ਦਏ ਕਰਾ, ਗਾਲਬ ਗਲਬ ਆਪ ਅਖਵਾਈਆ । ਸਾਲਸ ਹੋਵੇ ਵਿਚ ਜਹਾਂ, ਸਚ ਸਾਲਸੀ ਆਪ ਕਰਾਈਆ । ਚਾਰ ਵਰਨਾਂ ਖਾਲਸ ਖਾਲਸਾ ਦਏ ਬਣਾ, ਏਕਾ ਮੰਤਰ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜ ਕਰੇ ਜੁਦਾਈਆ । ਕਲਜੁਗ ਕੂੜਾ ਕਲ ਪਰਧਾਨ, ਕੂੜੇ ਕੂੜ ਸਮਾਇਆ । ਚਾਰੋਂ ਕੁੰਟ ਝੁਲਾਏ ਨਿਸ਼ਾਨ, ਆਪਣਾ ਡੇਰਾ ਲਾਇਆ । ਰਾਜ ਰਾਜਾਨ ਸ਼ਾਹ ਸੁਲਤਾਨਾ ਮਾਰੇ ਇਕ ਬਾਣ, ਸਚ ਮੁਕਾਮ ਦਿਸ ਕਿਸੇ ਨਾ ਆਇਆ । ਭਰਮੇ ਭੁੱਲੇ ਜੀਵ ਨਿਧਾਨ, ਭਰਮੀ ਭਰਮ ਭੁਲਾਇਆ । ਕਿਸੇ ਹੱਥ ਨਾ ਆਏ ਬ੍ਰਹਮ ਗਿਆਨ, ਆਤਮ ਬ੍ਰਹਮ ਨਾ ਕਿਸੇ ਜਣਾਇਆ । ਕਰਮ ਧਰਮ ਸਰਬ ਤਜ ਜਾਣ, ਨੇਤੀ ਧੋਤੀ ਵੇਖ ਵਖਾਇਆ । ਗ੍ਰੰਥ ਪੰਥ ਪੜ੍ਹ ਪੜ੍ਹ ਬਹਿ ਜਾਣ, ਗੁਰ ਗੋਬਿੰਦਾ ਦਿਸ ਨਾ ਆਇਆ । ਉਚੇ ਟਿੱਲੇ ਪਰਬਤ ਵੇਖ ਜਹਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਆਪੇ ਧਾਇਆ । ਨੀਲੇ ਬਸਤਰ ਮੁੱਲਾ ਸ਼ੇਖ਼ ਕਾਜ਼ੀ ਅੰਜੀਲ ਕੁਰਾਨ, ਅੱਲਾ ਹੂ ਹੂ ਨਾਅਰਾ ਲਾਇਆ । ਤੂੰ ਤੂੰ ਸੁਰਤੀ ਵਿਚ ਪਰਧਾਨ, ਅਮਾਮ ਮਹਿੰਦੀ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਕਰੇ ਰੁਸ਼ਨਾਇਆ । ਨੌਂ ਖੰਡ ਹਰਿ ਜੋਤ ਜਗੌਣੀ, ਏਕਾ ਜੋਤ ਜਗਾਈਆ । ਵਰਨ ਗੋਤ ਸਰਬ ਮੇਟ ਮਿਟੌਣੀ, ਭੁੱਲ ਰਹੇ ਨਾ ਰਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲਾ ਤੀਰਥ ਤਟ ਖੇਲ ਮੁਕੌਣੀ, ਅਕਾਲ ਪੁਰਖ ਮੇਲ ਮਿਲਾਈਆ । ਚਰਨ ਧੂੜ ਬਖ਼ਸ਼ੇ ਸਾਚੀ ਨਹੌਣੀ, ਮੁਸਲਮ ਹਿੰਦੂ ਸਿਖ ਈਸਾਈ ਏਕਾ ਘਰ ਬਹਾਈਆ । ਜੰਵੂ ਟਿੱਕਾ ਬੋਦੀ ਸਿਟਾ ਨਾ ਕੋਈ ਮਨੌਣੀ, ਧਾਰੀ ਕੇਸਾ ਵੇਖ ਵਖਾਈਆ । ਰੁੰਡ ਮੁੰਡ ਨਾ ਸੁੰਨਤ ਕਰੌਣੀ, ਸ਼ਰਅ ਸ਼ਰਾਇਤ ਨਾ ਕੋਈ ਜਣਾਈਆ । ਸੋਹੰ ਸਿਖਿਆ ਸਾਚੀ ਮਾਲਾ ਅੱਠ ਅਠੋਤਰ ਪ੍ਰਭ ਸਾਚੇ ਗਲ ਪੌਣੀ, ਮਨ ਕਾ ਮਣਕਾ ਦਏ ਫਿਰਾਈਆ । ਏਕਾ ਰਾਗ ਏਕਾ ਧੁੰਨ ਹਰਿ ਆਪ ਉਪਜੌਣੀ, ਏਕਾ ਸੁਰਤਾਲ ਵਜਾਈਆ । ਪੂਰ ਕਰਾਏ ਘਰ ਘਰ ਜਾ ਜਾ ਭੌਣੀ, ਜੋ ਜਨ ਰਸਨਾ ਰਿਹਾ ਧਿਆਈਆ । ਕਲਜੁਗ ਅੰਤਮ ਕਟੇ ਹਾੜੀ ਲੱਗੇ ਫਲ ਸਾਚੀ ਸੌਣੀ, ਪ੍ਰਭ ਏਕਾ ਫਲ ਲਗਾਈਆ । ਜਨ ਭਗਤਾਂ ਕਾਇਆ ਅੰਦਰ ਕਰੀ ਰੌਣੀ, ਸੰਮਤ ਚੌਦਾਂ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਥਾਉਂ ਥਾਈਂਆ । ਕਲਜੁਗ ਕਾਲਾ ਸਾਚਾ ਸ਼ੇਰ, ਘਰ ਸਾਚੇ ਆਪ ਸੁਹਾਇੰਦਾ । ਆਪੇ ਬੈਠਾ ਹੋ ਦਲੇਰ, ਆਪ ਤਮਾਚੇ ਮੁਖ ਲਗਾਇੰਦਾ । ਲੱਖ ਚੁਰਾਸੀ ਰਿਹਾ ਘੇਰ, ਭਾਂਡੇ ਕਾਚੇ ਭੰਨ ਵਖਾਇੰਦਾ । ਨਾ ਕੋਈ ਜ਼ਬਰ ਨਾ ਕੋਈ ਜ਼ੇਰ, ਨਾ ਕੋਈ ਨੁਕਤਾ ਵਖਾਇੰਦਾ । ਐਨ ਗੈਨ ਉਪਰ ਨਾ ਨੁਕਤਾ   , ਗੈਨ ਨਾ ਕੋਈ ਜਣਾਇੰਦਾ । ਨਾ ਕੋਈ ਸੰਝ ਨਾ ਕੋਈ ਸਵੇਰ, ਪੰਜ ਨਿਮਾਜਾ ਨਾ ਕੋਈ ਪੜ੍ਹਾਇੰਦਾ । ਨਾ ਕੋਈ ਕੂਜਾ ਨਾ ਕੋਈ ਬਾਂਗ, ਨਾ ਕੋਈ ਤਸਬੀ ਨਾ ਕੋਈ ਮਾਲਾ, ਨਾ ਕੋਈ ਸਾਂਗ ਵਰਤਾਇੰਦਾ । ਏਕਾ ਦਏ ਨਾਮ ਸੁਖਾਲਾ, ਸੋਹੰ ਸਾਚਾ ਜਾਪ ਜਪਾਇੰਦਾ । ਪਰਗਟ ਹੋ ਪੁਰਖ ਅਕਾਲਾ, ਆਪ ਆਪਣੀ ਦਇਆ ਕਮਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਦੀਨਾਂ ਬੰਧੂ ਆਪ ਅਖਵਾਇੰਦਾ । ਗੁਰਮੁਖਾਂ ਅੰਦਰ ਬਣਾਏ ਪੰਜ ਤਤ ਸਚ ਧਰਮਸਾਲਾ, ਕਾਇਆ ਗੜ੍ਹ ਸੁਹਾਇੰਦਾ । ਦੀਪਕ ਜੋਤ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਮਿਲੇ ਮੇਲ ਗੋਬਿੰਦ ਗੋਪਾਲਾ, ਗੋਬਿੰਦ ਰੂਪ ਸਮਾਇੰਦਾ । ਸਾਚਾ ਸ਼ਬਦ ਕਰੇ ਦਲਾਲਾ, ਅੰਦਰ ਮੰਦਰ ਖੋਜ ਖੋਜਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਦਰ ਦਵਾਰ ਆਪ ਦੁਰਕਾਇੰਦਾ । ਭਾਗ ਲਗਾਏ ਕਾਇਆ ਮਾਟੀ ਸਾਚੀ ਖਾਲਾ,

ਸਾਚਾ ਖੇੜਾ ਆਪ ਸੁਹਾਇੰਦਾ । ਦੇਵੇ ਨਾਮ ਸੱਚਾ ਧੰਨ ਮਾਲਾ, ਚੋਰ ਯਾਰ ਲੁੱਟ ਨਾ ਕੋਈ ਲੈ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਸੇਜਾ ਸਚ ਮਿਰਗਸ਼ਾਲਾ, ਆਪ ਆਪਣਾ ਆਸਣ ਲਾਇੰਦਾ । ਹਿੰਦੂ ਮੁਸਲਮ ਸਿਖ ਈਸਾਈ, ਏਕਾ ਰੰਗ ਰੰਗਾਇੰਦਾ । ਹੋਏ ਪਰਤੱਖ ਗੁਸਾਈਂ, ਆਪਣਾ ਸੰਗ ਨਿਭਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖ ਵਖਾਏ ਥਾਉਂ ਥਾਈਂ, ਆਪ ਆਪਣਾ ਰੂਪ ਵਟਾਇੰਦਾ । ਆਪੇ ਕਰ ਕਰ ਮੇਲੇ ਲੰਮੀਆਂ ਬਾਹੀਂ, ਚਤੁਰਭੁਜ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਸਚ ਅਮਾਮਾ ਇਕ ਜਣਾਇੰਦਾ । ਨਾਮ ਦਮਾਮਾ ਪਾਏ ਸ਼ੋਰ, ਚਾਰ ਕੁੰਟ ਘਨਘੋਰਾ । ਕਲਜੁਗ ਜੀਵ ਕੱਢੇ ਚੋਰ, ਧਰਮ ਰਾਏ ਹੱਥ ਰਖਾਏ ਡੋਰਾ । ਸੰਮਤ ਸੋਲਾਂ ਅੱਗੇ ਦਏ ਤੋਰ, ਚੁਕਾਏ ਤੋਰਾ ਮੋਰਾ । ਜੂਠ ਝੂਠ ਖਾਣੀ ਭੋਰ ਭੋਰ, ਕਿਸੇ ਮਿਲੇ ਨਾ ਅੱਗੇ ਸ਼ੋਰਾ । ਧੁਰ ਦਰਗਾਹੋਂ ਗਏ ਰੁਠ, ਪੰਖੀ ਪੰਛੀ ਜੀਵ ਢੋਰਾ । ਪੁਰਖ ਅਬਿਨਾਸ਼ੀ ਗਿਆ ਤੁਠ, ਜਨ ਭਗਤਾਂ ਮਨ ਚਾਉਂ ਘਨੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਹੱਕ ਨਿਬੇੜਾ । ਹੱਕ ਨਿਬੇੜਾ ਸਚ ਖ਼ੁਦਾ, ਕਰਨ ਕਰਾਵਣਹਾਰਾ । ਆਪੇ ਕਰੇ ਵੱਖ ਜੁਦਾ, ਤੋਲੇ ਤੋਲ ਸੰਸਾਰਾ । ਸਚ ਘਰ ਜੋ ਹੋਏ ਫਿਦਾ, ਦੇਵੇ ਇਕ ਹੁਲਾਰਾ । ਏਕਾ ਰਾਹ ਵਖਾਏ ਸਾਚਾ ਸਿਧਾ, ਦੋ ਜਹਾਨਾਂ ਪਾਰ ਕਿਨਾਰਾ । ਲਾੜੀ ਮੌਤ ਪਾਏ ਗਿਧਾ, ਸੰਮਤ ਪੰਦਰਾਂ ਦਿਵਸ ਵਿਚਾਰਾ । ਨਾਲ ਰਲਾਏ ਨੌਂ ਨਿਧਾਂ, ਅਠਾਰਾਂ ਬੰਨੇ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਚਾਰ ਯਾਰਾ । ਚਾਰ ਯਾਰੀ ਦੇਵੇ ਧੱਕ, ਹਰਿ ਸਾਚੀ ਬਣਤ ਬਣਾਈਆ । ਨਾ ਕੋਈ ਸਕੇ ਮਾਤ ਰੱਖ, ਚੌਦਾਂ ਲੋਕ ਮੁਖ ਭਵਾਈਆ । ਚੌਦਾਂ ਤਬਕਾਂ ਹੋ ਪਰਤੱਖ, ਆਪ ਆਪਣਾ ਧੱਕਾ ਲਾਈਆ । ਚਾਰੋਂ ਕੁੰਟ ਉਡਨੇ ਕੱਖ, ਕਲਜੁਗ ਕੂੜਾ ਦਏ ਦੁਹਾਈਆ । ਪੀਰ ਦਸਤਗੀਰ ਸ਼ਾਹ ਹਕੀਰ ਨਾ ਕੋਈ ਸਕੇ ਰੱਖ, ਗਲ ਜੰਜੀਰ ਨਾ ਕੋਈ ਤੁੜਾਈਆ । ਲੱਖ ਚੁਰਾਸੀ ਫਲ ਗਿਆ ਪੱਕ, ਕਲਜੁਗ ਸਾਚੀ ਖ਼ੁਸ਼ੀ ਮਨਾਈਆ । ਲਾੜੀ ਮੌਤ ਲਏ ਫਕ, ਆਪ ਆਪਣੇ ਹੱਥ ਉਠਾਈਆ । ਭਗਤ ਸੁਹੇਲੇ ਕਰੇ ਵੱਖ, ਲਿਖਿਆ ਲੇਖ ਆਪ ਲਿਖਾਈਆ । ਭਰੇ ਭੰਡਾਰੇ ਹੋਏ ਸੱਖ, ਸੋਹੰ ਵਸਤ ਝੋਲੀ ਪਾਈਆ । ਦਿਵਸ ਰੈਣ ਹੋ ਪਰਤੱਖ, ਨਿਹਕਲੰਕ ਵੱਡੀ ਵਡਿਆਈਆ । ਰੋ ਰੋ ਪੁਕਾਰਨ ਗਣ ਗਧੰਰਬ ਦੇਵ ਯਖ, ਯਮਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਰਿਹਾ ਸਿਖਾਈਆ । ਕਲਮਾ ਸਾਚਾ ਕਲ ਕਲਬੂਤ, ਨੂਰੀ ਨੂਰ ਸਮਾਇਆ । ਆਪੇ ਧਾਗਾ ਆਪੇ ਸੂਤ, ਆਪੇ ਤਾਣਾ ਪੇਟਾ ਪਾਇਆ । ਆਪੇ ਗਿਆ ਰੂਠ, ਆਪ ਆਪਣਾ ਲਏ ਮਨਾਇਆ । ਕਲਜੁਗ ਨਗਾਰਾ ਵੱਜਿਆ ਝੂਠ, ਅੰਤ ਰਹਿਣ ਨਾ ਪਾਇਆ । ਅੱਲਾ ਰਾਣੀ ਹੱਥ ਖਾਲੀ ਠੂਠ, ਚਾਰੋਂ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਾਹ ਈਰਾਨ ਲਏ ਉਠਾਇਆ । ਸ਼ਾਹ ਈਰਾਨੇ ਲਿਖਿਆ ਲੇਖ, ਹਰਿ ਸਾਚੇ ਜੋਤ ਜਗਾਈਆ । ਚੌਦਾਂ ਕੱਤਕ ਧਰਿਆ ਭੇਖ, ਵਡ ਵੱਡੀ ਵਡਿਆਈਆ । ਸੰਮਤ ਪੰਦਰਾਂ ਲਏ ਵੇਖ, ਦਰ ਦਵਾਰੇ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਟਾਈਆ । ਰੰਗ ਵਟਾਏ ਹਰਿ ਬਨਵਾਰ, ਆਪਣਾ ਭੇਖ ਵਟਾਇਆ । ਕਾਲਾ ਸੂਸਾ ਤਨ ਸ਼ੰਗਾਰ, ਮੁਖ ਨਕਾਬ ਰਖਾਇਆ । ਯਾ ਮੁਬੀਨ ਯਾ ਮੁਬੀਨ, ਆਪ ਆਪਣਾ ਨਾਅਰਾ ਲਾਇਆ । ਮਿਹਬਾਨ ਬੀਦੋ ਏਕਾ ਅੱਖਰ, ਬੀ ਖੈਰ ਯਾ ਅਲਾਹੀ ਆਪ ਸੁਣਾਇਆ ।

ਅਜਮਤੋ ਕਸਮਤੋ ਅਜਬਿਵਾ ਅਤਿਲਹਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਛਲ ਅਛੱਲ ਖੇਲ ਖਿਲਾਇਆ । ਦਰੋਹੀ ਖ਼ੁਦਾ ਖ਼ੁਦੀ ਚਾਰ ਯਾਰ, ਖ਼ੁਦਾਵੰਦ ਆਪ ਪੁਕਾਰਿਆ । ਦਰੋਹੀ ਪੀਰ ਦਸਤਗੀਰ ਮਾਰੇ ਮਾਰ, ਦਰੋਹੀ ਦੇਵੇ ਨਾ ਕੋਈ ਸਹਾਰਿਆ । ਦਰੋਹੀ ਨਬੀ ਰਸੂਲ ਆਈ ਹਾਰ, ਦਰ ਕਬੂਲ ਨਾ ਕੋਈ ਕਰਾ ਰਿਹਾ । ਉਮਤ ਨਬੀ ਰਸੂਲ ਗਈ ਭੂਲ, ਅਮਾਮ ਮਹਿੰਦੀ ਏਕਾ ਕਲਮਾ ਆਪ ਸੁਣਾ ਰਿਹਾ । ਵੇਖੇ ਖੇਲ ਸ਼ਾਹ ਅਫਗੂਨ, ਦਿਸ਼ਾ ਲਹਿੰਦੀ ਜੋਤ ਜਗਾ ਰਿਹਾ । ਆਪੇ ਬਣਿਆ ਧਾਰੀ ਮੂਨ, ਆਪ ਆਪਣਾ ਮੁਖ ਭਵਾ ਰਿਹਾ । ਆਪੇ ਨੁਕਤਾ ਬਣਿਆ ਨੂਨ, ਨੂਨਗੂਨਾ ਆਪ ਹੋ ਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਲਾ ਅਲਾਹੀ ਨੂਰ ਜਣਾ ਰਿਹਾ । ਅੱਲਾ ਅਲਾਹੀ ਨੂਰ, ਹੱਕ ਹੱਕ ਉਪਾਇਆ । ਆਪੇ ਨੇੜੇ ਆਪੇ ਦੂਰ, ਹਰਿ ਸਾਚਾ ਗ਼ਰੀਬ ਨਿਵਾਜਿਆ । ਆਪੇ ਚੋਟੀ ਚੜ੍ਹੇ ਕੋਹਤੂਰ, ਆਪ ਆਪਣਾ ਸਾਜਣ ਸਾਜਿਆ । ਆਪੇ ਹੋਏ ਸ਼ਾਹ ਗਫੂਰ, ਚਾਰੋਂ ਕੁੰਟ ਫਿਰੇ ਭਾਜਿਆ । ਆਪੇ ਹੋਏ ਹਾਜ਼ਰ ਹਜ਼ੂਰ, ਹੇਠ ਰੱਖੇ ਸਾਚਾ ਤਾਜਿਆ । ਐਲੀ ਅੱਲਾ ਮਿਟਾਏ ਜਗਤ ਗਰੂਰ, ਪਕੜ ਪਛਾੜੇ ਸ਼ਾਹ ਨਵਾਬਿਆ । ਪੀਰ ਫ਼ਕੀਰਾਂ ਕਰੇ ਚੂਰੋ ਚੂਰ, ਮੁਲਾਂ ਸ਼ੇਖ਼ ਨਾ ਕਰੇ ਕੋਈ ਹਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲੇ ਖੇਲ ਗ਼ਰੀਬ ਨਿਵਾਜਿਆ । ਗ਼ਰੀਬ ਨਿਵਾਜ਼ ਮੁਕਾਮੇ ਹੱਕ, ਆਪਣਾ ਹੱਕ ਰਖਾਇਆ । ਨੂਰ ਅਲਾਹੀ ਵੇਖੇ ਰਾਹ ਰਿਹਾ ਤੱਕ, ਅਮਾਮ ਮਹਿੰਦੀ ਕਿਹੜੀ ਕੂਟੇ ਆਇਆ । ਉਮਤ ਨਬੀ ਰਸੂਲ ਪ੍ਰਭ ਏਕਾ ਪਾਏ ਨੱਕ ਨੱਥ, ਸਾਚੀ ਡੋਰੀ ਹੱਥ ਰਖਾਇਆ । ਦੋਜ਼ਖ਼ ਦੋਜ਼ਖੀ ਦੇਵੇ ਧੱਕ, ਏਕਾ ਧੱਕਾ ਲਾਇਆ । ਇਕੀ ਸੌ ਵਿਚੋਂ ਲਏ ਰੱਖ, ਜਿਸ ਜਨ ਆਪਣਾ ਚਰਨ ਧਿਆਨ ਰਖਾਇਆ । ਰੋੜੀ ਸੱਖਰ ਹੋ ਪਰਤੱਖ, ਲਹਿਣਾ ਲਹਿਣੇ ਦਏ ਚੁਕਾਇਆ । ਆਪੇ ਕਰੇ ਭਾਂਡੇ ਸੱਖ, ਆਪੇ ਦਏ ਭਰਾਇਆ । ਆਪੇ ਕਰਨਹਾਰਾ ਵੱਖ, ਆਪੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਹਿਬਾਬ ਇਕ ਰਬਾਬ ਰਿਹਾ ਵਜਾਇਆ । ਸਚ ਅਹਿਬਾਬਾ ਹਰਿ ਨਵਾਬਾ, ਏਕਾ ਏਕ ਅਖਵਾਇੰਦਾ । ਚਰਨ ਸਾਚਾ ਦੇ ਰਕਾਬਾ, ਸਾਚੀ ਜ਼ੀਨਾ ਆਸਣ ਲਾਇੰਦਾ । ਕੋਈ ਨਾ ਝੱਲੇ ਮਾਤ ਤਾਬਾ, ਲੋਕ ਤੀਨਾਂ ਫੇਰੀ ਪਾਇੰਦਾ । ਆਪੇ ਦਏ ਪੁੰਨ ਸਵਾਬਾ, ਅੰਤ ਅਜ਼ਾਬਾ ਆਪ ਭੁਗਤਾਇੰਦਾ । ਆਪੇ ਜਾ ਜਾ ਵੇਖੇ ਮੱਕਾ ਕਾਅਬਾ, ਸਾਚਾ ਹਾਜੀ ਹੱਜ ਕਰਾਇੰਦਾ । ਨਾਲ ਰਲਾਏ ਸਾਜਨ ਸਾਚਾ, ਹਰਿ ਸਾਚਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰਾ ਵੇਖ ਵਖਾਇੰਦਾ । ਐਲੀ ਸ਼ਾਹ ਇਕ ਲਲਕਾਰਾ, ਆਪਣਾ ਆਪ ਲਗਾਵਣਾ । ਸੰਮਤ ਪੰਦਰਾਂ ਹੋ ਤਿਆਰਾ, ਤੇਰਾ ਰੂਪ ਵਟਾਵਣਾ । ਆਪੇ ਹੋਏ ਸ਼ਾਹ ਅਸਵਾਰਾ, ਸ਼ਬਦ ਅਲਾਹੀ ਆਪ ਅਖਵਾਵਣਾ । ਕੁਤਬ ਗੌਂਸ ਕਰ ਤਿਆਰਾ, ਏਕਾ ਧੌਂਸਾ ਮਾਤ ਵਜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਾਚਾ ਸੰਗ ਰਖਾਵਣਾ । ਤੇਰਾ ਸਾਚਾ ਸੰਗੀ ਜਾਏ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਰਵਾਲਸਰ ਲਗਾਇਆ ਭਾਗ, ਇਕੀ ਸੌ ਕੋਸ ਵੇਖ ਵਖਾਇੰਦਾ । ਸ਼ਾਹ ਰੂਸਾ ਬੰਨੇ ਤਨ ਤੇਰੇ ਤਾਗ, ਤੇਰਾ ਸਗਨ ਮਨਾਇੰਦਾ । ਚੀਨਾ ਲੱਗਾ ਧੋਵੇ ਦਾਗ, ਸੀਨਾ ਪਾਰ ਕਰਾਇੰਦਾ । ਭਾਰਤ ਖੰਡ ਵੇਖੇ ਇਕ ਨਗੀਨਾ, ਕੀਮਤ ਕਰਤੇ ਕੋਈ ਨਾ ਪਾਇੰਦਾ । ਮੇਟ ਮਿਟਾਏ ਮੁਹੰਮਦੀ ਦੀਨਾ, ਦੀਨ ਅਲਾਹੀ ਆਪ ਅਖਵਾਇੰਦਾ । ਆਪੇ ਚਾੜ੍ਹੇ ਰੰਗ ਭੀਨਾ, ਸਾਚੀ ਭੱਠੀ ਆਪ ਤਪਾਇੰਦਾ । ਦੋ ਜਹਾਨੀ ਦਾਨਾ



੪੮
੦੨

ਬੀਨਾ, ਬੀਨਾ ਦਾਨਾ ਆਪ ਅਖਵਾਇੰਦਾ । ਆਬੇ ਹਯਾਤ ਏਕਾ ਪੀਣਾ, ਪ੍ਰਭ ਸੋਹੰ ਜਾਮ ਪਿਆਇੰਦਾ । ਆਬੇ ਹਯਾਤ ਦਰ ਦਵਾਰ, ਹਰਿ ਸਾਚੇ ਆਪ ਰਖਾਇਆ । ਕਲਜੁਗ ਕਾਲੀ ਲਾਈ ਇਕ ਕਨਾਤ, ਦਿਸ ਕਿਸੇ ਨਾ ਆਇਆ । ਨਾ ਕੋਈ ਰੈਣ ਨਾ ਕੋਈ ਪਰਭਾਤ, ਨਾ ਕੋਈ ਸੰਧਿਆ ਵੇਖ ਵਖਾਇਆ । ਨਾ ਕੋਈ ਦਿਵਸ ਨਾ ਕੋਈ ਰਾਤ, ਨਾ ਕੋਈ ਚਾਂਦਨੀ ਚੰਦ ਸਵਾਇਆ । ਨਾ ਕੋਈ ਸੂਰਜ ਕਰੇ ਪਰਕਾਸ਼, ਰਵ ਸਸ ਨਾ ਕੋਈ ਉਪਾਇਆ । ਆਪ ਆਪਣਾ ਵੇਖੇ ਖੇਲ ਤਮਾਸ਼, ਵੇਖਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪ ਕਰੇ ਨਾਸ, ਚਿੰਤਾ ਸੋਗ ਨਾ ਕੋਈ ਰਖਾਇਆ । ਆਪ ਉਪਾ ਆਪ ਖਪਾ, ਆਪੇ ਮੇਟ ਮਿਟਾਈਆ । ਆਪੇ ਕਲਮਾ ਲਿਆ ਪੜ੍ਹਾ, ਆਪੇ ਨਾਅਰਾ ਲਾਈਆ । ਆਪੇ ਆਇਤ ਲਈ ਸਿਖਾ, ਆਪੇ ਸ਼ਰਈਤ ਰਿਹਾ ਬਣਾਈਆ । ਆਪ ਆਪਣਾ ਸਬਕ ਸਿਖਾ, ਸਾਬਕ ਇਕ ਰਖਾਈਆ । ਸਾਚਾ ਕੁਤਬ ਆਪ ਉਪਾ, ਸਾਚੀ ਸਿਖਿਆ ਰਿਹਾ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪ ਮਿਟਾਏ ਆਪਣੇ ਹੱਥ ਰੱਖੇ ਵਡਿਆਈਆ । ਉਮਤ ਨਬੀ ਰਸੂਲ ਤੇਰਾ ਜਗਿਆ ਚਿਰਾਗ, ਕਲਜੁਗ ਜੋਤ ਜਗਾਈਆ । ਹਉਮੇ ਹੰਗਤਾ ਲੱਗੇ ਦਾਗ, ਦੂਈ ਦਵੈਤੀ ਸੰਗ ਰਖਾਈਆ । ਪੁਰਖ ਅਬਿਨਾਸ਼ੀ ਅੰਤਮ ਕਲ ਗਿਆ ਜਾਗ, ਨਿਹਕਲੰਕਾ ਜਾਮਾ ਪਾਈਆ । ਅੱਲਾ ਰਾਣੀ ਹੋਏ ਵਿਛੋੜਾ ਕੰਤ ਸੁਹਾਗ, ਸਾਚੀ ਸੇਜ ਨਾ ਕੋਈ ਹੰਢਾਈਆ । ਅੱਠੇ ਪਹਿਰ ਉਠ ਉਠ ਰਹੀ ਭਾਜ, ਨੰਗੀਂ ਪੈਰੀ ਫੇਰੀ ਪਾਈਆ । ਸਿਰ ਉਠਾਈ ਆਪਣੀ ਲਾਜ, ਲਾਜਾਵੰਤ ਰਹੀ ਸ਼ਰਮਾਈਆ । ਪਾਰਬ੍ਰਹਮ ਪ੍ਰਭ ਰਚਿਆ ਕਾਜ, ਸਾਚਾ ਸਗਨ ਮਨਾਈਆ । ਸਤਿਜੁਗ ਸਾਚੇ ਮਾਰੇ ਵਾਜ, ਲੋਕਮਾਤ ਕਰੇ ਕੁੜਮਾਈਆ । ਸੰਬਲ ਨਗਰੀ ਆਏ ਭਾਜ, ਗੁਰ ਗੋਬਿੰਦਾ ਵੇਖ ਵਖਾਈਆ । ਸੰਮਤ ਚੌਦਾਂ ਰਚਿਆ ਕਾਜ, ਚੌਦਾਂ ਲੋਕ ਕਰੇ ਜਣਾਈਆ । ਸੰਮਤ ਪੰਦਰਾਂ ਚੜ੍ਹੇ ਤਾਜ, ਅੰਦਰ ਮੰਦਰ ਫੋਲ ਫੁਲਾਈਆ । ਬੇੜਾ ਉਠਾਏ ਗਾਜ਼ੀ ਗਾਜ਼, ਲੇਖਾ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਆਪੇ ਖੇਲਣਹਾਰ ਨਿਰੰਕਾਰਾ, ਆਪਣੀ ਕਲ ਵਰਤਾਇੰਦਾ । ਧੋਤੀ ਨੇਤੀ ਪਾਵੇ ਸਾਰਾ, ਤਿਲਕ ਲਿਲਾਟੀ ਵੇਖ ਵਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਹਾਏ ਇਕ ਦਵਾਰਾ, ਆਪ ਆਪਣਾ ਲੇਖ ਲਿਖਾਇੰਦਾ । ਏਕਾ ਦੂਜਾ ਭੌ ਨਿਵਾਰਾ, ਜ਼ਾਤ ਅਜ਼ਾਤੀ ਰਹਿਣ ਨਾ ਪਾਇੰਦਾ । ਆਪੇ ਖੋਲ੍ਹੇ ਸਚ ਦਵਾਰਾ, ਇਕ ਇਕਾਂਤੀ ਜੋਤ ਜਗਾਇੰਦਾ । ਪਰਗਟ ਹੋ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਪੁਰਖ ਅਗੰਮੜਾ ਅਗੰਮੜੀ ਕਾਰਾ, ਏਕਾ ਡੰਕਾ ਆਪ ਵਜਾਇੰਦਾ । ਲੋਆਂ ਪੁਰੀਆਂ ਦਏ ਹੁਲਾਰਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਪਾਰ ਕਿਨਾਰਾ, ਏਕਾ ਧੱਕਾ ਲਾਇੰਦਾ । ਲੱਖ ਚੁਰਾਸੀ ਤੇਰੀ ਸੁਣੇ ਪੁਕਾਰਾ, ਧਰਮ ਮਾਤ ਸੰਗ ਰਲਾਇੰਦਾ । ਧਰਨੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਵਹਾਇੰਦਾ । ਕਲਜੁਗ ਭਾਰ ਨਾ ਚੁਕਿਆ ਜਾਏ ਸਾਰਾ, ਫੜ ਫੜ ਉਤੋਂ ਆਪ ਦਬਾਇੰਦਾ । ਪੁਰਖ ਅਬਿਨਾਸ਼ੀ ਢਹਿ ਪਏ ਦਵਾਰਾ, ਤੇਰਾ ਰਾਹ ਇਕ ਤਕਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਮੈਂ ਮੇਰਾ ਮੂਲ ਚੁਕਾਇੰਦਾ । ਕਲਜੁਗ ਜੀਵ ਹੋਏ ਗਵਾਰਾ, ਗੁਰ ਮਤ ਨਾ ਕੋਇ ਰਖਾਇੰਦਾ । ਮਨ ਮਤ ਬੁਧ ਕਰਿਆ ਸਰਬ ਪਿਆਰਾ, ਮਾਇਆ ਮੋਹ ਚੁਕਾਇੰਦਾ । ਕਾਮ ਕਰੋਧ ਲੋਭ ਮੋਹ ਤਨ ਸ਼ੰਗਾਰਾ, ਜਗਤ ਹੰਕਾਰਾ ਵੇਖ ਵਖਾਇੰਦਾ । ਆਸਾ ਮਨਸਾ ਤ੍ਰਿਸਨਾ ਅੱਠੇ ਪਹਿਰ ਰਹੇ ਦਵਾਰਾ, ਨਾ ਕੋਈ ਬਾਹਰ ਕਢਾਇੰਦਾ ।

ਨਾਰੀ ਕੰਤ ਨਾ ਕੋਈ ਪਿਆਰਾ, ਨਾਰ ਦੁਹਾਗਣ ਵੇਖ ਵਖਾਇੰਦਾ । ਪਿਤਾ ਪੂਤ ਨਾ ਪਾਵੇ ਸਾਰਾ, ਮਾਵਾਂ ਪੁੱਤਰਾਂ ਨਾਤਾ ਤੁੜਾਇੰਦਾ । ਭੈਣ ਭਰਾ ਨਾ ਕੋਈ ਸਹਾਰਾ, ਨਾ ਕੋਈ ਸੰਗ ਰਖਾਇੰਦਾ । ਭਈਆ ਬੇਬਾ ਪਾਰ ਕਿਨਾਰਾ, ਜਗਤ ਬੁੜੇਪਾ ਨਾ ਵੇਖ ਵਖਾਇੰਦਾ । ਨਾ ਕੋਈ ਸਾਜਨ ਸਈਆ ਪਾਵੇ ਸਾਰਾ, ਸਾਚੀ ਨਈਆ ਨਾ ਕੋਈ ਚੜ੍ਹਾਇੰਦਾ । ਚਾਰ ਵਰਨ ਫੜ ਫੜ ਡੋਬੇ ਵਿਚ ਮੰਝਧਾਰਾ, ਕਲਜੁਗ ਆਪਣਾ ਕਰਮ ਕਮਾਇੰਦਾ । ਧਰਤ ਮਾਤ ਦੀ ਸੁਣ ਪੁਕਾਰਾ, ਪ੍ਰਭ ਸਾਚੀ ਦਇਆ ਕਮਾਇੰਦਾ । ਬਵੰਜਾ ਅੱਖਰ ਲੇਖ ਅਪਾਰਾ, ਆਪ ਆਪਣਾ ਪੜਦਾ ਪਾਇੰਦਾ । ਬਵੰਜਾ ਸਾਲ ਹਰਿ ਖੇਲ ਅਪਾਰਾ, ਲੋਕਮਾਤ ਤਨ ਹੰਢਾਇੰਦਾ । ਪੈਂਤੀ ਅੱਖਰੀ ਕਰ ਉਜਿਆਰਾ, ਪੰਜ ਤੀਸ ਆਪ ਸਮਾਇੰਦਾ । ਸੰਤ ਮਨੀ ਸਿੰਘ ਸਚ ਦੁਲਾਰਾ, ਪੈਂਤੀ ਸਾਲ ਸੇਵ ਕਮਾਇੰਦਾ । ਛਤੀਵੇਂ ਸਾਲ ਪਾਰ ਕਿਨਾਰਾ, ਛੱਤੀ ਰਾਗਾਂ ਨਾਲ ਰਲਾਇੰਦਾ । ਏਕਾ ਅਲੱਖ ਜਗਾਏ ਇਕ ਦਵਾਰਾ, ਏਕੰਕਾਰਾ ਮੰਗ ਮੰਗਾਇੰਦਾ । ਭਰਣਹਾਰ ਸਰਬ ਭੰਡਾਰਾ, ਅਖੁੱਟ ਕਦੇ ਨਾ ਜਾਇੰਦਾ । ਜੁਗ ਜੁਗ ਦੇਵੇ ਕਰ ਪਿਆਰਾ, ਅਤੋਟ ਅਤੁਟ ਰਖਾਇੰਦਾ । ਕਲਜੁਗ ਅੰਤਮ ਬਣੇ ਆਪ ਵਰਤਾਰਾ, ਜੋਤੀ ਜਾਮਾ ਪਾਇੰਦਾ । ਰਾਮ ਕ੍ਰਿਸ਼ਨ ਨਾ ਪਾਵੇ ਸਾਰਾ, ਪ੍ਰਭ ਸਾਚਾ ਸ਼ਬਦ ਜਣਾਇੰਦਾ । ਕ੍ਰਿਸ਼ਨਾ ਰੂਪ ਕ੍ਰਿਸ਼ਨ ਮੁਰਾਰਾ, ਕਿਸ਼ਨਾ ਪੱਖ ਸਮਾਇੰਦਾ । ਕ੍ਰਿਸ਼ਨ ਦਵਾਰਕਾ ਵੇਖ ਦਵਾਰਾ, ਬਨ ਬਿੰਦਰਾ ਡੇਰਾ ਲਾਇੰਦਾ । ਮਥਰਾ ਗੋਕਲ ਇਕ ਚੁਬਾਰਾ, ਗਵਾਲ ਬਾਲਾ ਸੰਗ ਨਿਭਾਇੰਦਾ । ਨਾਨਕ ਬਣਿਆ ਦਰ ਭਿਖਾਰਾ, ਏਕਾ ਮੰਗਣ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਨਾਮ ਸਤਿ ਝੋਲੀ ਪਾਇੰਦਾ । ਗੁਰ ਗੋਬਿੰਦਾ ਸੁਤ ਦੁਲਾਰਾ, ਆਪ ਆਪਣੀ ਸੇਵਾ ਲਾਇੰਦਾ । ਅਬਿਨਾਸ਼ੀ ਅਚੁੱਤ ਖੇਲ ਅਪਾਰਾ, ਜੁਗ ਜੁਗ ਰੁੱਤ ਸੁਹਾਇੰਦਾ । ਕਲਜੁਗ ਅੰਤਮ ਵੇਖ ਕਿਨਾਰਾ, ਆਪ ਆਪਣੀ ਦਇਆ ਕਮਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਗੁਰ ਪੂਰਾ ਆਪ ਉਠਾਇੰਦਾ । ਸ਼ਬਦ ਖੰਡਾ ਤੀਰ ਕਟਾਰਾ, ਤਨ ਗਾਤਰੇ ਆਪ ਲਟਕਾਇੰਦਾ । ਜੋਤੀ ਨੂਰ ਕਰ ਉਜਿਆਰਾ, ਨੂਰੋ ਨੂਰ ਸਮਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਆਪ ਆਪਣੀ ਸੇਵਾ ਲਾਇੰਦਾ । ਸੰਮਤ ਚੌਦਾਂ ਕਰ ਉਜਿਆਰਾ, ਗੁਰਮੁਖ ਸਾਚੇ ਮਾਤ ਜਗਾਇੰਦਾ । ਸੰਮਤ ਪੰਦਰਾਂ ਦਏ ਹੁਲਾਰਾ, ਲੱਖ ਚੁਰਾਸੀ ਆਪ ਹਿਲਾਇੰਦਾ । ਈਸਾ ਮੂਸਾ ਦਰ ਭਿਖਾਰਾ, ਸਾਚੀ ਭਿਛਿਆ ਕੋਈ ਨਾ ਪਾਇੰਦਾ । ਚੀਨਾ ਰੂਸਾ ਇਕ ਪਿਆਰਾ, ਸਾਚੀ ਵੰਡ ਵੰਡਾਇੰਦਾ । ਸੋਹੰ ਫੜਾਏ ਹੱਥ ਤਿਖਾ ਆਰਾ, ਦੋ ਧੜ ਚੀਰ ਚਿਰਾਇੰਦਾ । ਮੱਕਾ ਮਦੀਨਾ ਪਹਿਲੀ ਧਾਰਾ, ਸ਼ਾਹ ਅਸਵਾਰਾ ਆਪ ਵਹਾਇੰਦਾ । ਸਿੰਘ ਮਨਜੀਤੇ ਲਾਈ ਇੱਟਾ ਗਾਰਾ, ਡੂੰਘੀ ਨੀਂਹ ਧਰਾਇੰਦਾ । ਸਿੰਘ ਜਗਦੀਸਾ ਸਚ ਦੁਲਾਰਾ, ਸਚ ਦਰਬਾਰਾ ਆਪ ਸੁਹਾਇੰਦਾ । ਪਰਗਟੇ ਜੋਤ ਹਰਿ ਨਿਰੰਕਾਰਾ, ਸਚ ਸਿੰਘਾਸਣ ਇਕ ਵਖਾਇੰਦਾ । ਖੇਲੇ ਖੇਲ ਅਪਰ ਅਪਾਰਾ, ਅਨੂਪ ਅਨੂਪਾ ਸਤਿ ਸਰੂਪਾ ਸ਼ਾਹੋ ਭੂਪਾ ਭੇਵ ਕੋਈ ਨਾ ਪਾਇੰਦਾ । ਚਾਰ ਵਰਨ ਸੁਹਾਏ ਇਕ ਦਵਾਰਾ, ਏਕਾ ਘਰ ਬਹਾਇੰਦਾ । ਊਚਾਂ ਨੀਚਾਂ ਪਾਰ ਕਿਨਾਰਾ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਦੀਨ ਮਜ਼੍ਹਬ ਨਾ ਕੋਈ ਸਹਾਰਾ, ਨਾ ਕੋਈ ਵੰਡ ਵੰਡਾਇੰਦਾ । ਮੰਦਰ ਮਸਜਿਦ ਨਾ ਕੋਈ ਸੁਹਾਏ ਗੁਰ ਦਵਾਰਾ, ਇੱਟਾਂ ਗਾਰਾ ਨਾ ਕੋਈ ਲਗਾਇੰਦਾ । ਹੱਡ ਮਾਸ ਨਾੜੀ ਰੱਤ ਮਹੱਲ ਅਪਾਰਾ, ਸਿਰ ਆਪਣੀ ਤਤ ਟਿਕਾਇੰਦਾ । ਘਾਸ ਫੂਸ ਅਪਰ ਅਪਾਰਾ, ਫੁਲ ਫੁਲਵਾੜੀ ਆਪ ਲਗਾਇੰਦਾ । ਨਾਕ ਕਾਨ ਅੱਖ ਨਾਸਕਾ ਗੁਦਾ ਲਿੰਗ ਖੇਲੇ ਖੇਲ ਅਪਾਰਾ, ਸਾਚਾ ਦਰ ਆਪ ਸੁਹਾਇੰਦਾ । ਆਪੇ ਵਸਿਆ ਅੰਦਰ ਬਾਹਰਾ, ਗੁਪਤ ਜਾਹਿਰ ਆਪ ਸਮਾਇੰਦਾ । ਆਪੇ

ਕਰਿਆ ਬੰਦ ਕਿਵਾੜਾ, ਆਪੇ ਕੁੰਡਾ ਲਾਹਿੰਦਾ । ਆਪੇ ਹੋਏ ਧੁਰਦਰਗਾਹੀ ਸਾਚਾ ਲਾੜਾ, ਸੀਸ ਦਸਤਾਰਾ ਇਕ ਸੁਹਾਇੰਦਾ । ਆਪੇ ਵੇਖੇ ਜਗਤ ਅਖਾੜਾ, ਲੱਖ ਚੁਰਾਸੀ ਆਪ ਤਰਾਇੰਦਾ । ਆਪ ਉਠਾਏ ਅਗੰਮੀ ਧਾੜਾ, ਗੁਰ ਗੋਬਿੰਦਾ ਸੇਵਾ ਲਾਇੰਦਾ । ਆਪੇ ਫਿਰੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਘਰ ਸੁਹਾਇੰਦਾ । ਕਲਜੁਗ ਕਾਲੇ ਪਾਇਆ ਘੋਲ, ਚਾਰੋਂ ਕੁੰਟ ਅਖਾੜਾ । ਕਾਲ ਨਗਾਰਾ ਵਜਾਏ ਢੋਲ, ਲੋਆਂ ਪੁਰੀਆਂ ਰਿਹਾ ਫੋਲ, ਆਪ ਉਠਾਏ ਹੌਲੀ ਹੌਲ, ਇਕ ਜੈਕਾਰਾ ਬੋਲ, ਪੁਰਖ ਅਬਿਨਾਸ਼ੀ ਕੀਤਾ ਕੌਲ, ਅੰਤਮ ਵੇਲੇ ਜਾਣਾ ਮੌਲ, ਸਦੀ ਚੌਦਾਂ ਦਏ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵੇਖੇ ਸਚ ਪਿਆਰਾ । ਸਦੀ ਚੌਦਵੀਂ ਚੌਦਾਂ ਤਬਕ, ਏਕਾ ਰੰਗ ਰੰਗਾਈਆ । ਨਾਲ ਰਲਾਏ ਸ਼ਾਹ ਸਮਸ, ਤਬ ਤਬਰੇਜ਼ ਨਾ ਕੋਈ ਰਖਾਈਆ । ਵੇਖਣਹਾਰਾ ਗੌਸ ਗਮਸ, ਗਹਿਰ ਗੰਭੀਰ ਵੇਖ ਵਖਾਈਆ । ਸੰਗ ਰਲਾਏ ਤ੍ਰਿਸਨਾ ਤਾਮਸ ਤਮਸ, ਤਨ ਰਹੀ ਜਲਾਈਆ । ਨਾ ਕੋਈ ਹਮਜ਼ਾ ਨਾ ਕੋਈ ਮੇਟੇ ਹਵਸ, ਨਾ ਕੋਈ ਹਿਰਸ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਲਾ ਤੇਰੀ ਏਕਾ ਅਲਫ਼ ਆਪਣੇ ਅੰਗ ਲਗਾਈਆ । ਏਕਾ ਐਨ ਏਕਾ ਧਾਰ, ਨੂਰੋ ਨੂਰ ਸਮਾਈਆ । ਆਪੇ ਭੇਜੇ ਹਰਿ ਨਿਰੰਕਾਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਦੋਵੇਂ ਮੁਖ ਤਿਖੀ ਧਾਰ, ਸਾਚੀ ਬਣਤ ਬਣਾਈਆ । ਆਪੇ ਲੰਮੀ ਦਏ ਡਾਰ, ਦੋਵੇਂ ਮੁਖ ਭਵਾਈਆ । ਏਕਾ ਨੁਕਤਾ ਦਏ ਉਭਾਰ, ਬੇ ਬਸਤਾ ਦਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਫ ਅੱਲਾ ਇਕ ਅਕੱਲਾ ਵੇਖ ਵਖਾਏ ਥਾਉਂ ਥਾਈਆ । ਅੱਲਾ ਇਲਾਹੀ ਨੂਰ ਮਹਾਨਾ, ਇਲਾ ਬੁੱਤ ਰਖਾਇਆ । ਏਕਾ ਬੰਨੇ ਸਾਚਾ ਗਾਨਾ, ਏਕਾ ਰੁੱਤ ਸੁਹਾਇਆ । ਸ਼ਾਹ ਫਕੀਰ ਹਰਿ ਮੌਲਾਨਾ, ਏਕਾ ਅਲੱਖ ਜਗਾਇਆ । ਆਪ ਆਪਣਾ ਕਰ ਕੁਰਬਾਨਾ, ਇਕ ਕੁਰਬਾਨੀ ਰਿਹਾ ਕਰਾਇਆ । ਪਰਗਟ ਹੋ ਮਰਦ ਮਰਦਾਨਾ, ਮਰਦ ਮਰਦਾਨਗੀ ਦਏ ਦਿਖਾਇਆ । ਸ਼ਬਦ ਸੁਤ ਨੌਜਵਾਨਾ, ਆਪ ਆਪਣਾ ਬਲ ਧਰਾਇਆ । ਪਰਗਟ ਹੋ ਵਿਚ ਜਹਾਨਾ, ਸ਼ਾਹ ਸੁਲਤਾਨਾਂ ਵੇਖ ਵਖਾਇਆ । ਏਕਾ ਚਿੱਲਾ ਤੀਰ ਕਮਾਨਾ, ਰਸਨਾ ਆਪ ਚਲਾਇਆ । ਬੂਰਾ ਕੱਕਾ ਮੇਟ ਦਏ ਨਿਸ਼ਾਨਾ, ਅੰਤ ਰਹਿਣ ਨਾ ਪਾਇਆ । ਏਕਾ ਦੇਵੇ ਧੱਕਾ ਹਰਿ ਨਿਗਹਬਾਨਾ, ਮਿਹਰਵਾਨਾ ਵੇਖ ਵਖਾਇਆ । ਅੰਤਮ ਛੁੱਟੇ ਪੀਣਾ ਖਾਣਾ, ਭਰ ਭੰਡਾਰ ਨਾ ਕੋਈ ਧਰਾਇਆ । ਸੰਮਤ ਪੰਦਰਾਂ ਕਰ ਪਰਵਾਨਾ, ਹਰਿ ਸਾਚਾ ਸੰਗ ਨਿਭਾਇਆ । ਆਪ ਸੁਣਾਏ ਆਪਣਾ ਇਕ ਤਰਾਨਾ, ਸੋਹੰ ਸੋ ਜਣਾਇਆ । ਖੇਲੇ ਖੇਲ ਗੁਣੀ ਨਿਧਾਨਾ, ਗੁਣ ਵੰਤਾ ਆਪ ਅਖਵਾਇਆ । ਜੂਠ ਝੂਠ ਮਿਟੇ ਖਾਣਾ, ਖ਼ਾਕੀ ਖ਼ਾਕ ਮਿਲਾਇਆ । ਪਾਏ ਸਾਰ ਦੀਨ ਅਸਲਾਮਾ, ਦੀਨ ਅਲਾਹੀ ਵੇਖ ਵਖਾਇਆ । ਆਪੇ ਜਾਣੇ ਹੱਕ ਕਲਾਮਾ, ਏਕਾ ਕਲਮਾ ਨਾਮ ਪੜ੍ਹਾਇਆ । ਲੱਖ ਚੁਰਾਸੀ ਬਣੇ ਅੰਤਮ ਤਾਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਦਰ ਸੁਹਾਇਆ । ਕਲਜੁਗ ਤੇਰਾ ਕਾਲਾ ਰੰਗ, ਕਲਜੁਗ ਕਾਲ ਕਰੇ ਕੁੜਮਾਈਆ । ਸਚ ਦਵਾਰ ਨਾ ਜਾਏ ਲੰਘ, ਪਾਰਬ੍ਰਹਮ ਰਿਹਾ ਡਰਾਈਆ । ਪੰਜ ਵਿਕਾਰਾ ਰੱਖਿਆ ਸੰਗ, ਆਪਣੀ ਝੋਲੀ ਮਾਤ ਭਰਾਈਆ । ਹਰਿ ਹਰਿ ਨਾ ਗਾਇਆ ਬੱਤੀ ਦੰਦ, ਰਸਨਾ ਜਿਹਵਾ ਨਾ ਹਿਲਾਈਆ । ਜੋਤ ਨਿਰੰਜਣ ਨਾ ਚੜ੍ਹਿਆ ਸਾਚਾ ਚੰਦ, ਅੱਲਾ ਹੂ ਨਾ ਵੇਖ ਵਖਾਈਆ । ਸਰਬ ਜੀਆਂ ਆਪੇ ਬਖ਼ਸ਼ਿੰਦ, ਕਲਜੁਗ ਅੰਤਮ ਜੋਤ ਜਗਾਈਆ । ਜਨ ਭਗਤਾਂ ਖ਼ੁਸ਼ੀ ਕਰਾਏ ਬੰਦ ਬੰਦ, ਸੰਮਤ

ਚੌਦਾਂ ਰੁੱਤ ਸੁਹਾਈਆ । ਇਕ ਸੁਣਾਏ ਸੁਹਾਗੀ ਛੰਦ, ਚਾਰ ਵਰਨਾਂ ਕਰੇ ਕੁੜਮਾਈਆ । ਲੱਖ ਚੁਰਾਸੀ ਤਜਨਾ ਮਦਿਰਾ ਮਾਸ ਗੰਦ, ਰਸਨਾ ਭੋਗ ਨਾ ਕੋਈ ਲਗਾਈਆ । ਮੇਟ ਮਿਟਾਏ ਜੀਵ ਆਤਮ ਅੰਧ, ਦੁਰਜਨ ਕੋਈ ਰਹਿਣ ਨਾ ਪਾਈਆ । ਮੂਰਖ ਮੁਗਧ ਭਾਗਾਮੰਦ, ਹਰਿ ਭਗਵਾਨ ਦਿਸ ਨਾ ਆਈਆ । ਆਤਮ ਗਿਆ ਪਰਮਾਨੰਦ, ਨਿਜਾ ਨੰਦ ਨਾ ਕੋਇ ਵਖਾਈਆ । ਹਉਮੇ ਹੰਗਤਾ ਵੱਜਾ ਜੰਦ, ਨਾ ਕੋਈ ਸਕੇ ਤੁੜਾਈਆ । ਗੁਰਮੁਖ ਸਾਜਨ ਸਾਚੇ ਮੀਤ ਮੇਲ ਮਿਲਾਏ ਹੋਏ ਬਖ਼ਸ਼ੰਦ, ਬਖ਼ਸ਼ਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਲਾ ਸਹਿਜ ਸੁਭਾਈਆ ।

## * ਅਗੰਮ ਸੰਦੇਸ਼ *

ਮਿੱਤਰ ਮਾਹੀ ਪਿਆਰੜਾ, ਏਕਾ ਰੰਗ ਕਰਤਾਰ । ਸੱਬਰ ਸੱਚਾ ਯਾਰੜਾ, ਵਿਛਾਏ ਵਿਚ ਸੰਸਾਰ । ਵਾਜਾਂ ਮਾਰੇ ਲਾਲ ਦੁਲਾਰੜਾ, ਲੰਬੀ ਬਾਂਹ ਹੁਲਾਰ । ਵੇਖੇ ਪਾਰ ਕਿਨਾਰੜਾ, ਦੋ ਜਹਾਨੀ ਵੇਖ ਵਿਚਾਰ । ਵਸਿਆ ਆਪ ਨਿਆਰੜਾ, ਨਿਰਗੁਣ ਰੂਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਚਾਰ । ਯਾਰ ਨਿਆਰਾ ਸਾਚਾ ਮਿੱਤਰ, ਮੀਤਾ ਮੀਤ ਅਖਵਾਇਆ । ਆਪੇ ਜਾਣੇ ਆਪਣਾ ਚਲਿੱਤਰ, ਚਿਤ ਚਿਤਵਤ ਨਾ ਕਿਸੇ ਰਖਾਇਆ । ਖੇਲੇ ਖੇਲ ਸੁਫਨ ਬਚਿੱਤਰ, ਪਵਨ ਪਵਿੱਤਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਇਆ । ਸਾਚਾ ਮਿੱਤਰ ਸੱਜਣ ਸੁਹੇਲਾ, ਸਾਖਿਆਤ ਅਖਵਾਏ । ਆਪ ਆਪਣਾ ਕਰ ਕਰ ਮੇਲਾ, ਪਾਰਜਾਤ ਬਣਾਏ । ਵੇਖੇ ਖੇਲ ਗੁਰੂ ਗੁਰ ਚੇਲਾ, ਸਾਚੀ ਦਾਤ ਵਖਾਏ । ਸਦਾ ਵਸਿਆ ਰੰਗ ਨਵੇਲਾ, ਇਕ ਅਕਾਂਤ ਸਮਾਏ । ਆਪਣਾ ਖੇਲ ਆਪੇ ਖੇਲਾ, ਜੁਗ ਜੁਗ ਵੇਸ ਵਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਯਾਰੜਾ ਆਪ ਅਖਵਾਏ । ਸਾਚਾ ਮਿੱਤਰ ਹਰਿ ਸ਼ਬਦ, ਗੁਰ ਗੋਬਿੰਦ ਮੇਲ ਮਿਲਾਇਆ । ਆਪ ਉਤਾਰੇ ਆਪਣਾ ਕਰਜ਼, ਲਹਿਣਾ ਦੇਣਾ ਝੋਲੀ ਪਾਇਆ । ਪੂਰ ਕਰਾਏ ਸਾਚਾ ਫਰਜ਼, ਦੂਜੀ ਗਰਜ਼ ਰਹਿਣ ਨਾ ਪਾਇਆ । ਰਾਗ ਨਾਦ ਨਾ ਜਾਣੇ ਕੋਈ ਤਰਜ਼, ਤਾਲ ਤਲਵਾੜਾ ਨਾ ਕੋਈ ਵਜਾਇਆ । ਆਪ ਆਪਣਾ ਆਪੇ ਵਰਜ, ਆਪ ਆਪਣੇ ਘਰ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਿੱਤਰ ਆਪ ਅਖਵਾਇਆ । ਹਰਿ ਮਿੱਤਰ ਹਰਿ ਨਿਰੰਕਾਰਾ, ਹਰਿ ਹਰਿ ਸੰਗ ਰਖਾਇਆ । ਹਰਿ ਜੋਤ ਹਰਿ ਉਜਿਆਰਾ, ਹਰਿ ਹਰਿ ਗਿਆਨ ਦ੍ਰਿੜਾਇਆ । ਹਰਿ ਹਰਿ ਖੇਲੇ ਖੇਲ ਨਿਆਰਾ, ਕੋਟਨ ਕੋਟੀ ਕੋਟ ਰੂਪ ਵਟਾਇਆ । ਹਰਿ ਹਰਿ ਲਗਾਏ ਆਪਣੀ ਚੋਟ, ਨਰ ਹਰਿ ਨਗਾਰਾ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੀਤ ਮੁਰਾਰਾ ਇਕ ਉਪਜਾਇਆ । ਮਾਹੀ ਪਾਹੀ ਬੇਪਰਵਾਹ, ਆਪਣਾ ਪੰਧ ਮੁਕਾਏ । ਦੋ ਜਹਾਨਾਂ ਵੇਖੇ ਏਕਾ ਥਾਂ, ਦੇਰ ਕੋਈ ਨਾ ਲਾਏ । ਸ਼ਬਦ ਸੁਨੇਹੜਾ ਪਕੜੇ ਬਾਂਹ, ਪਾਰਬ੍ਰਹਮ ਸੁਣਾਏ । ਮਿੱਤਰ ਮਾਹੀ ਬਣਾਏ ਆਪਣਾ ਨਾਂ, ਨਾ ਕੋਈ ਦੂਜਾ ਸੰਗ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਇਆ ਕਮਾਏ । ਗੁਰ ਗੋਬਿੰਦੇ ਆਸਣ ਲਾ, ਆਪਣੀ

ਸੇਜ ਵਿਛਾਈਆ । ਪਲੰਘ ਗਲੀਚਾ ਦਿਸੇ ਨਾ, ਖਾਕੀ ਖਾਕ ਟਿਕਾਈਆ । ਬਾਗ ਬਗੀਚਾ ਵਸੇ ਨਾ, ਨਾ ਕੋਈ ਸੇਵਕ ਸੇਵ ਕਮਾਈਆ । ਗੁਰ ਸੰਗਤ ਬਹਿ ਬਹਿ ਹੱਸੇ ਨਾ, ਕਲਗੀ ਤੋੜਾ ਨਾ ਸੀਸ ਟਿਕਾਈਆ । ਰਣਜੀਤ ਨਗਾਰਾ ਵੱਜੇ ਨਾ, ਨਾ ਧੌਂਸਾ ਕੋਈ ਲਗਾਈਆ । ਨੀਲਾ ਘੋੜਾ ਨੱਚੇ ਨਾ, ਨਾ ਆਪਣਾ ਸੁੰਭ ਹਿਲਾਈਆ । ਕਿਲਾ ਕੋਟ ਕੋਈ ਦਿਸੇ ਨਾ, ਪੁਰੀ ਅਨੰਦ ਨਜ਼ਰ ਨਾ ਆਈਆ । ਪੰਚਮ ਪਿਆਰਾ ਦਿਸੇ ਨਾ, ਨਾ ਕੋਈ ਸੰਗ ਨਿਭਾਈਆ । ਤੀਰ ਨਿਰਾਲਾ ਕੱਸੇ ਨਾ, ਨਾ ਕੋਈ ਕਮਾਨ ਖਿਚਾਈਆ । ਹੱਥ ਕਟਾਰ ਫਬੇ ਨਾ, ਨਾ ਸ਼ੱਤਰੂ ਵੇਖ ਵਖਾਈਆ । ਫੜ ਚਰਨ ਆਪਣੇ ਕੋਈ ਦੱਬੇ ਨਾ, ਨਾ ਕੋਈ ਅੰਗ ਲਗਾਈਆ । ਸੰਗੀ ਸਾਥੀ ਕੋਈ ਲੱਭੇ ਨਾ, ਨਾ ਕੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾਈਆ । ਗੁਰ ਗੋਬਿੰਦਾ ਪੈਰ ਪਸਾਰ, ਆਪਣਾ ਆਸਣ ਲਾਇਆ । ਨਾ ਕੋਈ ਸਾਜਣ ਮੀਤ ਮੁਰਾਰ, ਪਿਤਾ ਪੂਤ ਨਾ ਕੋਈ ਦਿਸਾਇਆ । ਨਾ ਕੋਈ ਕਰੇ ਮੰਗਲਾਚਾਰ, ਬਵੰਜਾ ਬਵੰਜਾ ਨਾ ਕੋਈ ਅਲ੍ਹਾਇਆ । ਨਾ ਕੋਈ ਦਿਸੇ ਸਚ ਦਰਬਾਰ, ਚੋਬਦਾਰ ਨਾ ਕੋਈ ਵਖਾਇਆ । ਕਲਗੀ ਤੋੜਾ ਨਾ ਸੀਸ ਦਸਤਾਰ, ਖੁਲੜੇ ਕੇਸ ਰਖਾਇਆ । ਆਪ ਆਪਣੀਆਂ ਭੁਜਾਂ ਪਸਾਰ, ਬੈਠਾ ਆਸਣ ਲਾਇਆ । ਏਕਾ ਲਿਵ ਏਕਾ ਤਾਰ, ਇਕ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਵੇਲੇ ਅੰਤਮ ਚੇਤਾ ਆਇਆ । ਰੋ ਰੋ ਨੇਤਰ ਕਰੇ ਪੁਕਾਰ, ਸਾਚਾ ਲੇਖਾ ਵੇਖ ਵਖਾਇਆ । ਪੂਤ ਸਪੂਤਾ ਸਚ ਦੁਲਾਰ, ਗੋਬਿੰਦ ਤੇਰਾ ਨਾਮ ਉਪਾਇਆ । ਗੋਬਿੰਦ ਤੇਰਾ ਰੂਪ ਅਪਾਰ, ਤੇਰੀ ਧਾਰ ਚਲਾਇਆ । ਨੇਤਰ ਨੈਣ ਵੇਖ ਉਘਾੜ, ਸੁਤ ਮਾਤਾ ਗੁਜਰੀ ਲਾਲ ਸਾਚਾ ਜਾਇਆ । ਸੁੱਤਾ ਵਿਚ ਉਜਾੜ, ਇਕ ਤੇਰੀ ਓਟ ਤਕਾਇਆ । ਹਰਿਜਨ ਸਾਚੇ ਮੀਤ ਮੁਰਾਰ, ਤੇਰਾ ਰਾਹ ਤਕਾਇਆ । ਦਏ ਸੁਨੇਹੜਾ ਪਵਣ ਹੁਲਾਰ, ਅਵਗਵਣਾ ਨਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਪੜਦਾ ਲਾਹਿਆ । ਗੁਰ ਗੋਬਿੰਦੇ ਅੰਤਮ ਧਾ, ਏਕਾ ਏਕ ਲਗਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਘਰ ਸੁੱਤਾ ਬੇਪਰਵਾਹੀਆ । ਮੇਲ ਮਿਲਾਵਾ ਏਕਾ ਥਾਂ, ਜਗਤ ਵਿਛੋੜਾ ਦਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋੜਾ ਮੇਲ ਮਿਲਾ ਸਾਚਾ ਘੋੜਾ ਰਿਹਾ ਭਜਾਈਆ । ਵਾਗਾਂ ਮੋੜ ਆਪ ਅਖਵਾ, ਆਪਣਾ ਪੌੜਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਬੁਝਾਈਆ । ਗੁਰ ਗੋਬਿੰਦੇ ਬੂਝ ਬੁਝਾ, ਹਰਿ ਆਪਣੀ ਦਇਆ ਕਮਾਇੰਦਾ । ਆਪ ਆਪਣਾ ਭੇਵ ਖੁਲ੍ਹਾ, ਨੇਤਰ ਵੇਖ ਵਖਾਇੰਦਾ । ਸ਼ਬਦ ਸਰੂਪੀ ਰਿਹਾ ਬੁਲਾ, ਸ਼ਬਦੀ ਵਾਜ਼ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦਾ ਇਹ ਸਮਝਾਇੰਦਾ । ਗੁਰ ਗੋਬਿੰਦੇ ਕਰ ਵਿਚਾਰ, ਇਕ ਧਿਆਨ ਲਗਾਇਆ । ਸ਼ਬਦ ਸੁਨੇਹੜਾ ਦਏ ਅਪਾਰ, ਸ਼ਬਦੀ ਸ਼ਬਦ ਸੇਵਾ ਲਾਇਆ । ਹੋਏ ਵਿਚੋਲਾ ਵਿਚ ਸੰਸਾਰ, ਸੋਹੰ ਢੋਲਾ ਏਕਾ ਗਾਇਆ । ਸੰਮਤ ਤੇਰਾ ਵੇਖ ਦਵਾਰ, ਪ੍ਰਭ ਅਬਿਨਾਸ਼ੀ ਚਰਨ ਛੁਹਾਇਆ । ਗੁਰ ਗੋਬਿੰਦੇ ਭਰਿਆ ਹਰਿ ਭੰਡਾਰ, ਸੋਹੰ ਵਸਤ ਝੋਲੀ ਪਾਇਆ । ਆਪੇ ਕੀਤਾ ਬੰਦ ਕਿਵਾੜ, ਆਪੇ ਕੁੰਡਾ ਲਾਹਿਆ । ਪਰਗਟ ਕਰੇ ਵਿਚ ਉਜਾੜ, ਮਾਛੂਵਾੜੇ ਸੰਗ ਨਿਭਾਇਆ । ਸੋ ਪੁਰਖ ਨਿਰੰਜਣ ਦੋ ਜਹਾਨਾਂ ਪੈਂਡਾ ਗਿਆ ਪਾੜ, ਸਾਚੇ ਯਾਰੜੇ ਮੇਲ ਮਿਲਾਇਆ । ਆਪ ਕਰਾਏ ਪਾਰ ਕਿਨਾਰ, ਅਧਵਿਚਕਾਰ ਨਾ ਕੋਈ ਰਖਾਇਆ । ਏਕਾ ਸੁਰ ਏਕਾ ਤਾਲ, ਇਕ ਸਤਾਰ ਹਿਲਾਇਆ । ਨਾਨਕ ਵੇਖੇ ਦਰ ਦਰਬਾਰ,

੫੩
੦੨

ਲੋਕਮਾਤ ਰਾਹ ਤਕਾਇਆ । ਸ਼ਬਦ ਵਿਚੋਲਾ ਆਵੇ ਵਾਰੋ ਵਾਰ, ਗੁਰ ਗੋਬਿੰਦਾ ਰਿਹਾ ਘਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿੱਤਰ ਮਾਹੀ ਮੇਲ ਮਿਲਾਇਆ । ਸਾਚਾ ਮਾਹੀ ਆਦਿ ਨਿਰੰਜਣ, ਏਕਾ ਏਕ ਅਖਵਾਇੰਦਾ । ਗੁਰ ਗੋਬਿੰਦਾ ਮਿੱਤਰ ਸੱਜਣ, ਸਾਚਾ ਮੇਲ ਮਿਲਾਇੰਦਾ । ਆਵੇ ਜਾਵੇ ਮੇਲ ਮਿਲਾਵੇ ਪੁਰਖ ਅਬਿਨਾਸ਼ੀ ਪੜਦੇ ਕੱਜਨ, ਏਕਾ ਪੜਦਾ ਆਪਣਾ ਪਾਇੰਦਾ । ਅੰਤਮ ਮੇਲਾ ਸਾਚੇ ਘਰ ਹਰਿ ਸਾਚੇ ਸੱਜਣ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਹੀ ਮਿੱਤਰ ਯਾਰ ਮੀਤੜਾ, ਸਾਚੇ ਸਬ ਆਪ ਮਿਲਾਇੰਦਾ । ਭੱਠ ਖੇੜਾ ਨਗਰ ਗਿਰਾਂ, ਪੰਜ ਤਤ ਨਾ ਭਾਏ । ਪੁਰਖ ਅਕਾਲਾ ਤੇਰਾ ਨਾਂ, ਏਕਾ ਏਕ ਸਤਾਏ । ਦੀਨ ਦਿਆਲਾ ਪਕੜੀਂ ਬਾਂਹ, ਪੂਤ ਸਪੂਤਾ ਰਿਹਾ ਕੁਰਲਾਏ । ਗੋਬਿੰਦ ਗੋਪਾਲਾ ਏਕਾ ਥਾਂ, ਮੇਲਾ ਸਹਿਜ ਸੁਭਾਏ । ਸਾਚਾ ਲਾਲਾ ਗਲੇ ਲਗਾ, ਲਹਿਣਾ ਲਏ ਮੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਏ । ਭਠ ਖੇੜੇ ਕਾਇਆ ਰਹਿਣਾ ਗੋਬਿੰਦ ਮੂਲ ਨਾ ਭਾਇਆ । ਪੁਰਖ ਅਬਿਨਾਸ਼ੀ ਤੇਰੇ ਚਰਨੀ ਬਹਿਣਾ, ਸਾਚਾ ਧਾਮ ਸੁਹਾਇਆ । ਅੱਠੇ ਪਹਿਰ ਦਰਸ ਨੈਣਾਂ, ਆਪ ਆਪਣਾ ਦਏ ਕਰਾਇਆ । ਏਕਾ ਅੰਗ ਏਕਾ ਸੰਗ ਏਕਾ ਮੰਗ ਦਰ ਦਵਾਰੇ ਪ੍ਰਭ ਸਾਚੇ ਸਾਕ ਸੱਜਣ ਸੈਣਾ, ਨਾਤਾ ਬਿਧਾਤਾ ਇਕ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ ।

੫੪ ੦੨

ਗੁਰ ਗੋਬਿੰਦੇ ਮਿਲਿਆ ਮੇਲਾ, ਹਰਿ ਗੋਬਿੰਦ ਵਿਚ ਸਮਾਇਆ । ਖੇਲੇ ਖੇਲ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਅਖਵਾਇਆ । ਆਪੇ ਹੋਇਆ ਸੱਜਣ ਸੁਹੇਲਾ, ਹਰਿ ਸਾਚਾ ਸੰਗ ਨਿਭਾਇਆ । ਆਪ ਆਪਣਾ ਜਾਣੇ ਵੇਲਾ, ਆਪ ਆਪਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਹਰਿ ਗੋਬਿੰਦਾ ਆਪ ਅਖਵਾਇਆ । ਹਰਿ ਗੋਬਿੰਦ ਹਰਿ ਸਮਾ, ਹਰਿ ਹਰਿ ਜੋਤ ਜਗਾਈਆ । ਹਰਿ ਹਰਿ ਸਾਜਣ ਲਏ ਉਪਾ, ਹਰਿ ਹਰਿ ਵੇਖ ਵਖਾਈਆ । ਹਰਿ ਹਰਿ ਰੰਗ ਦਏ ਰੰਗਾ, ਹਰਿ ਹਰਿ ਰੰਗਣ ਇਕ ਰੰਗਾਈਆ । ਹਰਿ ਹਰਿ ਸੰਗ ਦਏ ਨਿਭਾ, ਹਰਿ ਹਰਿ ਸਗਲਾ ਸੰਗ ਨਿਭਾਈਆ । ਹਰਿ ਹਰਿ ਅੰਗ ਲਏ ਲਗਾ, ਹਰਿ ਹਰਿ ਅੰਗੀ ਕਾਰ ਅਖਵਾਈਆ । ਹਰਿ ਹਰਿ ਮਰਦੰਗ ਦਏ ਵਜਾ, ਹਰਿ ਹਰਿ ਮਰਦੰਗਾ ਆਪ ਵਜਾਈਆ । ਹਰਿ ਹਰਿ ਪਲੰਘਾ ਦਏ ਵਿਛਾ, ਹਰਿ ਹਰਿ ਸਾਚੀ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸੰਗ ਨਿਭਾਈਆ । ਗੋਬਿੰਦ ਮੇਲਾ ਸਗਲਾ ਸਾਥਾ, ਹਰਿ ਸੱਜਣ ਸ਼ਾਹੋ ਪਾਇਆ । ਏਕ ਚਲਾਏ ਸਾਚਾ ਰਾਥਾ, ਬੇਪਰਵਾਹੋ ਆਪ ਅਖਵਾਇਆ । ਪਰਗਟ ਹੋਏ ਤ੍ਰਿਲੋਕੀ ਨਾਥਾ, ਨਾਥ ਅਨਾਥਾਂ ਹੋਏ ਸਹਾਇਆ । ਆਪੇ ਜਾਣੇ ਆਪਣੀ ਗਾਥਾ, ਜੁਗ ਜੁਗ ਆਪ ਚਲਾਇਆ । ਪਾਰਬ੍ਰਹਮ ਪ੍ਰਭ ਸਰਬ ਕਲਾ ਸਮਰਥਾ, ਸਮਰਥ ਪੁਰਖ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸਾਚੀ ਜੋਤ ਜਗਾਇਆ । ਗੋਬਿੰਦ ਜੋਤੀ ਆਪ ਜਗਾ, ਆਪਣੇ ਹੱਥ ਰੱਖੀ ਵਡਿਆਈਆ । ਆਪ ਆਪਣਾ ਨਗਰ ਉਪਾ, ਚਾਰ ਦਵਾਰੀ ਵੇਖ ਵਖਾਈਆ । ਨਾ ਕੋਈ ਦਿਸੇ ਜਗਤ ਨਿਸ਼ਾਨ, ਇੱਟਾ ਗਾਰਾ ਨਾ ਕੋਈ ਲਾਈਆ । ਨਾ ਕੋਈ ਬਾਢੀ ਸਕੇ

ਬਣਾ, ਨਾ ਕੋਈ ਜੋੜ ਜੁੜਾਈਆ । ਨਾ ਕੋਈ ਲਾੜੀ ਸਕੇ ਲਡਾ, ਨਾ ਕੋਈ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਲਏ ਉਪਾਈਆ । ਗੁਰ ਗੋਬਿੰਦਾ ਆਪ ਉਪਾਏ, ਆਪਣੀ ਕਲ ਧਾਰਿਆ । ਸਾਚੀ ਨਗਰੀ ਧਾਮ ਸੁਹਾਏ, ਮਹੱਲ ਅਟੱਲ ਉਚ ਮੁਨਾਰਿਆ । ਏਕਾ ਬਾਤੀ ਏਕਾ ਦੀਵਾ ਪੁਰਖ ਅਬਿਨਾਸ਼ੀ ਆਪ ਜਗਾਏ, ਮੇਟ ਮਿਟਾਏ ਅੰਧ ਅੰਧਿਆਰਿਆ । ਨੀਵਾਂ ਹੋ ਹੋ ਵੇਖ ਵਖਾਏ, ਦਿਸ ਕਿਸੇ ਨਾ ਆ ਰਿਹਾ । ਸਾਢੇ ਤਿੰਨ ਹੱਥ ਸੀਆਂ ਭਾਗ ਲਗਾਏ, ਹਰਿ ਖੇਲੇ ਖੇਲ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦਾ ਜਨਮ ਦਵਾ ਲਿਆ । ਗੁਰ ਗੋਬਿੰਦਾ ਜਨਮ ਦਵਾ, ਸਗਲੀ ਚਿੰਦ ਮਿਟਾਈਆ । ਸੰਬਲ ਨਗਰੀ ਦਏ ਵਸਾ, ਸਾਚਾ ਧਾਮ ਸੁਹਾਈਆ । ਜੋਤ ਅਗੰਮੜੀ ਇਕ ਰਖਾ, ਸਚ ਸਮਗਰੀ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਈਆ । ਸੰਬਲ ਨਗਰੀ ਸਾਚੀ ਰੁੱਤ, ਹਰਿ ਸਾਚੇ ਆਪ ਸੁਹਾਈਆ । ਆਪੇ ਵੇਖੇ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪ ਆਪਣੀ ਅੱਖ ਖੁਲ੍ਹਾਈਆ । ਪੂਤ ਸਪੂਤਾ ਪਾਇਆ ਸਾਚਾ ਸੁੱਤ, ਧੁਰ ਦੀ ਬਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਨਿਸ਼ਾਨਾ ਰਿਹਾ ਜਣਾਈਆ । ਸੰਬਲ ਨਗਰੀ ਸਚ ਨਿਸ਼ਾਨਾ, ਹਰਿ ਸਾਚੇ ਆਪ ਰਖਾਇਆ । ਆਪੇ ਵੇਖੇ ਮਾਰ ਧਿਆਨਾ, ਵੇਖਣਹਾਰ ਆਪ ਅਖਵਾਇਆ । ਆਪ ਉਡਾਏ ਇਕ ਬਿਬਾਣਾ, ਲੋਆਂ ਪੁਰੀਆਂ ਆਪ ਫਿਰਾਇਆ । ਆਪੇ ਗਾਏ ਇਕ ਤਰਾਨਾ, ਏਕਾ ਰਾਗ ਅਲਾਇਆ । ਆਪੇ ਬੰਨੇ ਏਕਾ ਗਾਨਾ, ਸਾਚਾ ਸਗਨ ਮਨਾਇਆ । ਆਪੇ ਬਖ਼ਸ਼ੇ ਤੀਰ ਕਮਾਨਾ, ਸਾਚਾ ਚਿੱਲਾ ਇਕ ਚੜ੍ਹਾਇਆ । ਆਪੇ ਹੋਏ ਜੋਧਾ ਸੂਰਬੀਰ ਬਲੀ ਬਲਵਾਨਾ, ਆਪੇ ਵਿਚ ਮੈਦਾਨਾ ਆਇਆ । ਆਪੇ ਗੋਪੀ ਆਪੇ ਕਾਹਨਾ, ਆਪੇ ਮੰਡਲ ਰਾਸ ਰਚਾਇਆ । ਆਪੇ ਅਰਜਨ ਦੇਵੇ ਬ੍ਰਹਮ ਗਿਆਨਾ, ਗੀਤਾ ਗੋਝ ਖੁਲ੍ਹਾਇਆ । ਆਪੇ ਹੋਏ ਕ੍ਰਿਸ਼ਨ ਭਗਵਾਨਾ, ਕੰਸਾ ਮੇਟ ਮਿਟਾਇਆ । ਆਪੇ ਰਾਮਾ ਰਾਮ ਅਖਵਾਨਾ, ਆਪੇ ਸੀਤਾ ਸੰਗ ਰਖਾਇਆ । ਆਪੇ ਰਾਵਣ ਮਾਰੇ ਵਿਚ ਜਹਾਨਾ, ਦਹਿਸਿਰ ਕਾਲ ਕਰਾਇਆ । ਆਪੇ ਬੈਠੇ ਸਚ ਬਿਬਾਨਾ, ਆਪ ਆਪਣਾ ਰਿਹਾ ਉਡਾਇਆ । ਆਪੇ ਪਰਗਟ ਹੋ ਪੁਰਖ ਸੁਲਤਾਨਾ, ਪਾਰਬ੍ਰਹਮ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸਾਚੇ ਘਰ ਬਹਾਇਆ । ਸੰਬਲ ਨਗਰ ਵਸੇ ਖੇੜਾ, ਹਰਿ ਸਾਚੇ ਰਚਨ ਰਚਾਈਆ । ਗੁਰ ਗੋਬਿੰਦੇ ਬੰਨੇ ਬੇੜਾ, ਆਪਣੇ ਹੱਥ ਰੱਖੇ ਵਡਿਆਈਆ । ਨੌਂ ਖੰਡ ਪ੍ਰਿਥਮੀ ਕਰੇ ਨਿਬੇੜਾ, ਲੱਖ ਚੁਰਾਸੀ ਫੋਲ ਫੋਲਾਈਆ । ਸੱਤਾਂ ਦੀਪਾਂ ਏਕਾ ਗੇੜਾ, ਗਗਨ ਪਤਾਲਾਂ ਆਪ ਹਿਲਾਈਆ । ਧਰਤ ਮਾਤ ਤੇਰਾ ਖੁਲ੍ਹਾ ਵੇਹੜਾ, ਹਰਿ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਕਾਇਆ ਗੜ੍ਹ ਸੁਹਾਈਆ । ਗੋਬਿੰਦ ਕਾਇਆ ਗੜ੍ਹ ਸੁਹੰਜਣਾ, ਹਰਿ ਸਾਚੇ ਮਹੱਲ ਉਪਾਇਆ । ਉਪਰ ਚੜ੍ਹੇ ਆਦਿ ਨਿਰੰਜਣਾ, ਆਪਣਾ ਆਸਣ ਲਾਇਆ । ਹਰ ਘਟ ਬੈਠਾ ਸੱਚਾ ਦਰਦ ਦੁੱਖ ਭੈ ਭੰਜਨਾ, ਹਰਿਸੰਗਤ ਮੇਲ ਮਿਲਾਇਆ । ਨੇਤਰ ਪਾਏ ਧੂੜੀ ਅੰਜਨਾ, ਦੁਰਮਤ ਮੈਲ ਗਵਾਇਆ । ਸੰਮਤ ਚੌਦਾਂ ਛੱਬੀ ਪੋਹ ਕਲਜੁਗ ਅੰਤਮ ਵੇਲਾ ਸਾਚਾ ਸਾਕ ਸੱਜਣਾ, ਮਾਤ ਪਿਤ ਆਪ ਅਖਵਾਇਆ । ਜੋ ਘੜਿਆ ਸੋ ਭੱਜਣਾ, ਨਿਤ ਨਵਿਤ ਇਹ ਖੇਲ ਰਚਾਇਆ । ਕਾਇਆ ਗੜ੍ਹ ਲੱਖ ਚੁਰਾਸੀ ਅੰਤਮ ਤਜਣਾ, ਝੂਠਾ ਮੋਹ ਵਧਾਇਆ । ਗੁਰਮੁਖ ਵਿਰਲੇ ਗੁਰਚਰਨ ਦਵਾਰੇ ਅੰਮ੍ਰਿਤ ਆਤਮ ਪੀ ਪੀ ਰੱਜਣਾ, ਕਾਗੋਂ ਹੰਸ ਬਣਾਇਆ । ਸ਼ਬਦ ਨਗਾਰਾ ਏਕਾ


੫੫
੦੨


Rev-01

ਵੱਜਣਾ, ਸੰਬਲ ਨਗਰੀ ਦਏ ਵਜਾਇਆ । ਗੁਰਮੁਖ ਸਾਚੇ ਮੀਤ ਮੁਰਾਰੇ ਸੱਜਣਾ, ਗੋਬਿੰਦ ਮੇਲਾ ਰਿਹਾ ਮਿਲਾਇਆ । ਵੇਲੇ ਅੰਤਮ ਰੱਖੇ ਲੱਜਣਾ, ਜੁਗ ਵਿਛੜੇ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੜ੍ਹ ਸੁਹਾਇਆ । ਗੋਬਿੰਦ ਗੜ੍ਹ ਉਚ ਮਹੱਲਾ, ਅਟੱਲ ਅਟੱਲ ਅਖਵਾਇਆ । ਪੁਰਖ ਅਬਿਨਾਸ਼ੀ ਬੈਠ ਇਕ ਅਕੱਲਾ, ਜਲ ਥਲ ਵੇਖ ਵਖਾਇਆ । ਲੋਆਂ ਪੁਰੀਆਂ ਬੋਲੇ ਏਕਾ ਹੱਲਾ, ਬ੍ਰਹਿਮੰਡਾਂ ਫੇਰਾ ਪਾਇਆ । ਚੌਥੇ ਜੁਗ ਪਏ ਤਰਥੱਲਾ, ਹਰਿ ਸਾਚੇ ਖੇਲ ਰਚਾਇਆ । ਕਲਜੁਗ ਕੂੜਾ ਹੋਇਆ ਝੱਲਾ, ਨਾ ਕੋਈ ਸੰਗ ਰਖਾਇਆ । ਸਾਚਾ ਦੀਪਕ ਕਿਤੇ ਨਾ ਬਲਾ, ਸਾਧ ਸੰਤ ਨਾ ਕੋਈ ਵਖਾਇਆ । ਦੂਈ ਦਵੈਤੀ ਲੱਗਾ ਸਲਾ, ਜੀਵ ਜੰਤ ਰਹੇ ਕੁਰਲਾਇਆ । ਪੰਚ ਵਿਕਾਰਾ ਫੜਿਆ ਭੱਲਾ, ਤਿਖਾ ਮੁਖ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰਾ ਦਰ ਸੁਹਾਇਆ । ਗੋਬਿੰਦ ਤੇਰਾ ਸਚ ਦਰ, ਉਚ ਮਹੱਲ ਅਟਾਰੀ । ਪੁਰਖ ਅਬਿਨਾਸ਼ੀ ਕਿਰਪਾ ਕਰ, ਘਰ ਘਰ ਵਿਚ ਲਿਆ ਉਸਾਰੀ । ਏਕਾ ਬੈਠਾ ਅੰਦਰ ਵੜ, ਆਪੇ ਖੇਲ ਖਿਲਾਰੀ । ਆਪੇ ਤੋੜੇ ਕਿਲਾ ਹੰਕਾਰੀ ਗੜ੍ਹ, ਰਿਹਾ ਪੈਜ ਸਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਨਗਰੀ ਵੇਖ ਵਿਚਾਰੀ । ਗੋਬਿੰਦ ਨਗਰੀ ਸਾਚਾ ਖੇੜਾ, ਪ੍ਰਭ ਸਾਚੇ ਆਪ ਵਸਾਇਆ । ਸਤਿ ਪੁਰਖ ਨਿਰੰਜਣ ਵੇਖੇ ਝੇੜਾ, ਲੱਖ ਚੁਰਾਸੀ ਮਾਤ ਲਗਾਇਆ । ਆਦਿ ਨਿਰੰਜਣ ਕਰੇ ਨਿਬੇੜਾ, ਹੱਕੋ ਹੱਕ ਵਖਾਇਆ । ਕਾਲ ਕਰਤਾ ਦੇਵੇ ਗੇੜਾ, ਏਕਾ ਲੱਠ ਗਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦਾ ਲਏ ਜਗਾਈਆ । ਸੰਮਤ ਵੀਹ ਸੌ ਬਿਕ੍ਰਮੀ ਕਰ ਪਿਆਰ, ਗੋਬਿੰਦ ਜੋਤ ਜਗਾਈਆ । ਸੰਬਲ ਨਗਰੀ ਕਰ ਉਜਿਆਰ, ਹਰਿ ਸਾਚੇ ਖ਼ੁਸ਼ੀ ਮਨਾਈਆ । ਇਕ ਅਕੱਲਾ ਪਾਵੇ ਸਾਰ, ਏਕਾ ਰੰਗ ਰੰਗਾਈਆ । ਵੀਹ ਸੌ ਦੋ ਬੰਨੇ ਧਾਰ, ਦੂਜਾ ਭੌ ਚੁਕਾਈਆ । ਤੀਜੇ ਤਨ ਕਰੇ ਵਿਚਾਰ, ਤ੍ਰੈਗੁਣ ਮਾਇਆ ਪਰੇ ਹਟਾਈਆ । ਚੌਥਾ ਘਰ ਅਪਰ ਅਪਾਰ, ਆਪਣਾ ਆਪ ਸੁਹਾਈਆ । ਪੰਚਮ ਵੇਖੇ ਨਾਰੀ ਨਾਰ, ਸਾਚਾ ਰੂਪ ਸਮਾਈਆ । ਛੇਵੇਂ ਮੇਲਾ ਸ਼ਬਦ ਧਾਰ, ਸਾਚੀ ਛਹਿਬਰ ਲਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਅਪਰ ਅਪਾਰ, ਆਪਣੀ ਜੋਤ ਜਗਾਈਆ । ਅੱਠਵੇਂ ਅੱਠ ਅਗੰਮ ਅਪਾਰ, ਨਾ ਕੋਈ ਵੇਖ ਵਖਾਈਆ । ਨੌਂ ਦਵਾਰੇ ਵਸਿਆ ਬਾਹਰ, ਦਿਸ ਕਿਸੇ ਨਾ ਆਈਆ । ਦੱਸਵਾਂ ਮਹੱਲ ਇਕ ਉਸਾਰ, ਘਰ ਘਰ ਵਿਚ ਬੈਠਾ ਆਸਣ ਲਾਈਆ । ਵੀਹ ਦੋ ਦਸ ਤੇਰਾ ਪਿਆਰ, ਪ੍ਰਭ ਸਾਚਾ ਆਪ ਕਰਾਈਆ । ਵੀਹ ਸਦ ਬਾਰਾਂ ਕਰ ਪਿਆਰ, ਆਪਣੀ ਰਚਨ ਰਚਾਈਆ । ਗੋਬਿੰਦ ਸਾਚੇ ਲਏ ਉਭਾਰ, ਪਹਿਲੀ ਚੇਤਰ ਲੇਖ ਲਿਖਾਈਆ । ਵੀਹ ਸਦ ਬਾਰਾਂ ਬੰਨੇ ਧਾਰ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਹਰਿਸੰਗਤ ਪ੍ਰਭ ਕਰ ਤਿਆਰ, ਲੋਕਮਾਤ ਦਏ ਵਡਿਆਈਆ । ਤੇਰਾਂ ਤੇਰੀ ਬੰਨੇ ਧਾਰ, ਨਾਨਕ ਤੋਲਾ ਇਕ ਰਖਾਈਆ । ਸਾਧਾ ਸੰਤਾਂ ਪਾਵੇ ਸਾਰ, ਰਾਜ ਰਾਜਾਨਾਂ ਦਏ ਹਿਲਾਈਆ । ਸੰਮਤ ਚੌਦਾਂ ਕਰ ਪਿਆਰ, ਗੁਰ ਗੋਬਿੰਦੇ ਖ਼ੁਸ਼ੀ ਮਨਾਈਆ । ਸੰਬਲ ਨਗਰੀ ਕਰ ਉਜਿਆਰ, ਸਾਚੀ ਜੋਤ ਕਰੇ ਰੁਸ਼ਨਾਈਆ । ਆਪੇ ਵੇਖੇ ਸ਼ਾਹ ਅਸਵਾਰ, ਚਿੱਟਾ ਅਸਵ ਇਕ ਦੌੜਾਈਆ । ਸੋਲਾਂ ਕਲੀਆਂ ਕਰ ਸ਼ੰਗਾਰ, ਬੈਠਾ ਆਸਣ ਲਾਈਆ । ਆਵੇ ਜਾਵੇ ਵਾਰੋ ਵਾਰ, ਏਕਾ ਪੌੜਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਨਗਰੀ ਦਏ ਸੁਹਾਈਆ । ਸੰਬਲ ਨਗਰੀ ਜੋਤ ਉਜਾਗਰ, ਹਰਿ ਸਾਚੇ ਆਪ ਕਰਾਈਆ । ਗੁਰੂ ਗੋਬਿੰਦ ਬਣਿਆ ਸ਼ਬਦ ਸੌਦਾਗਰ, ਪ੍ਰਭ ਸਾਚਾ ਵਣਜ ਕਰਾਈਆ । ਨਿਰਮਲ

੫੬
੦੨

ਕਰਮ ਹੋਏ ਉਜਾਗਰ, ਜਿਸ ਜਨ ਆਪਣੇ ਅੰਗ ਲਗਾਈਆ । ਅੰਮ੍ਰਿਤ ਬਖ਼ਸ਼ੇ ਕਾਇਆ ਗਾਗਰ, ਹਾੜ ਸਤਾਰਾਂ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦਾ ਸੰਗ ਰਖਾਈਆ । ਗੁਰ ਗੋਬਿੰਦੇ ਚੜ੍ਹਿਆ ਚਾ, ਵੇਲਾ ਅੰਤਮ ਆਇਆ । ਪੁਰਖ ਅਬਿਨਾਸ਼ੀ ਸੰਗ ਮਲਾਹ, ਗੁਰਮੁਖਾਂ ਬੇੜਾ ਰਿਹਾ ਚਲਾਇਆ । ਫੜ ਫੜ ਬਾਂਹੋਂ ਰਾਹੇ ਪਾ, ਨੌਂ ਦਵਾਰੇ ਪਾਰ ਕਰਾਇਆ । ਅੰਦਰ ਬੈਠਾ ਬੇਪਰਵਾਹ, ਸਚ ਸਿੰਘਾਸਣ ਆਸਣ ਲਾਇਆ । ਇਕ ਜਪਾਏ ਸਾਚਾ ਨਾਂ, ਨਾਨਕ ਵਿਚੋਲਾ ਆਪ ਰਖਾਇਆ । ਬਣਿਆ ਤੋਲਾ ਏਕਾ ਥਾਂ, ਸਾਚੀ ਧਾਰਾ ਤੋਲ ਤੁਲਾਇਆ । ਸਾਚਾ ਡੋਲਾ ਦਏ ਵਖਾ, ਗੁਰਮੁਖ ਸਾਚੇ ਲਏ ਚੜ੍ਹਾਇਆ । ਬਣਿਆ ਗੋਲਾ ਦਰ ਦਰ ਘਰ ਘਰ ਫੇਰੀ ਪਾ, ਗੁਰਮੁਖ ਸਾਚੇ ਲਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਚੌਦਾਂ ਵੇਖ ਵਖਾਇਆ । ਸੰਮਤ ਚੌਦਾਂ ਹਰਿ ਅਬਿਨਾਸ਼, ਆਪਣੀ ਦਇਆ ਕਮਾਈਆ । ਗੁਰ ਗੋਬਿੰਦ ਹੋਇਆ ਦਾਸ, ਸਾਚਾ ਸੰਗ ਰਖਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਅਕਾਸ਼ ਆਕਾਸ਼ਾ ਡੇਰਾ ਲਾਈਆ । ਆਦਿ ਅੰਤ ਨਾ ਹੋਏ ਵਿਨਾਸ, ਨਾ ਮਰੇ ਨਾ ਜਾਈਆ । ਸਦਾ ਸੁਹੇਲਾ ਵਸੇ ਪਾਸ, ਦਿਵਸ ਰੈਣ ਖ਼ੁਸ਼ੀ ਮਨਾਈਆ । ਲੋਕਮਾਤ ਪਾਏ ਰਾਸ, ਪਹਿਲੀ ਚੇਤਰ ਖ਼ੁਸ਼ੀ ਮਨਾਈਆ । ਗੁਰ ਗੋਬਿੰਦੇ ਕਰੀ ਅਰਦਾਸ, ਪ੍ਰਭ ਸਾਚਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਨਗਰੀ ਡੇਰਾ ਲਾਈਆ । ਗੁਰ ਗੋਬਿੰਦੇ ਮੰਗੀ ਮੰਗ, ਦੋਏ ਜੋੜ ਨਿਮਸਕਾਰੇ । ਪੁਰਖ ਅਬਿਨਾਸ਼ੀ ਤੇਰਾ ਸੰਗ, ਅਸਥਿਲ ਸੋਹਿਣ ਚੁਬਾਰੇ । ਤੇਰੀ ਕਾਇਆ ਤੇਰਾ ਰੰਗ, ਤੇਰੀ ਚੋਲੀ ਬਸਤਰ ਅਪਾਰੇ । ਤੇਰੀ ਧਾਰ ਤੇਰੀ ਗੰਗ, ਤੇਰੀ ਅੰਮ੍ਰਿਤ ਧਾਰੇ । ਤੇਰਾ ਨਾਮ ਤੇਰਾ ਪਲੰਘ, ਤੇਰੀ ਸੇਜ ਅਪਾਰੇ । ਏਕਾ ਮੰਗਣ ਰਿਹਾ ਮੰਗ, ਕੱਠੇ ਰਹੇ ਕੰਤ ਭਤਾਰੇ । ਗੁਰ ਗੋਬਿੰਦਾ ਸਾਚੀ ਨਾਰੀ, ਹਰਿ ਹਰਿ ਕੰਤ ਮਨਾਇਆ । ਅੱਠੇ ਪਹਿਰ ਸੇਵਕ ਕਰੇ ਸੇਵਾਦਾਰੀ, ਚਰਨ ਸਰਨ ਸਰਨਾਇਆ । ਏਕਾ ਪੂਜਾ ਪਾਠ ਪੁਜਾਰੀ, ਅਕਾਲ ਅਕਾਲ ਧਿਆਇਆ । ਮੰਦਰ ਦੇਹੁਰਾ ਗੁਰੂਦਵਾਰਾ ਨਾ ਲਿਆ ਕੋਈ ਉਸਾਰੀ, ਨਾ ਕੋਈ ਥਾਨ ਸੁਹਾਇਆ । ਪ੍ਰਭ ਚਰਨ ਮਿਲੀ ਸੱਚੀ ਸਿਕਦਾਰੀ, ਸਾਚਾ ਧਾਮ ਸੁਹਾਇਆ । ਏਕਾ ਲਿਵ ਏਕਾ ਤਾਰੀ, ਇਕ ਗਿਆਨ ਦ੍ਰਿੜਾਇਆ । ਏਕਾ ਗੁਰ ਇਕ ਅਵਤਾਰੀ, ਏਕਾ ਏਕ ਅਖਵਾਇਆ । ਏਕਾ ਪੈਜ ਰਿਹਾ ਸਵਾਰੀ, ਸਿਰ ਆਪਣਾ ਹੱਥ ਟਿਕਾਇਆ । ਏਕਾ ਜੋਤ ਇਕ ਅਕਾਰੀ, ਇਕ ਨਿਰੰਜਣ ਆਪ ਅਖਵਾਇਆ । ਏਕਾ ਪਾਰਬ੍ਰਹਮ ਪ੍ਰਭ ਪਾਏ ਸਾਰੀ, ਅਗੰਮ ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤਾ ਗੋਦ ਉਠਾਇਆ । ਪੂਤ ਸਪੂਤਾ ਸਾਚਾ ਸੁੱਤ, ਲਏ ਸਚ ਹੁਲਾਰਾ । ਪੁਰਖ ਅਬਿਨਾਸ਼ੀ ਆਪੇ ਤੁਠ, ਕਰੇ ਸਚ ਪਿਆਰਾ । ਅੰਮ੍ਰਿਤ ਆਤਮ ਦੇਵੇ ਘੁੱਟ, ਏਕਾ ਨਿਝਰ ਧਾਰਾ । ਅਵਣ ਗਵਣ ਗਿਆ ਛੁੱਟ, ਕਾਲ ਮਹਾਂਕਾਲ ਮੰਗੇ ਦਰ ਦਵਾਰਾ । ਅੰਤਮ ਕਲਜੁਗ ਆਪ ਸਹੌਣੀ ਆਪਣੀ ਰੁੱਤ, ਆਪ ਆਪਣਾ ਲਏ ਅਵਤਾਰਾ । ਮਨਮੁਖਾਂ ਮੁਖ ਪਾਏ ਥੁੱਕ, ਨਿੰਦਕ ਨਿੰਦਿਆ ਝੱਖ ਮਾਰਾ । ਗੁਰ ਗੋਬਿੰਦਾ ਵੇਖੇ ਝੁਕ, ਸੰਬਲ ਨਗਰੀ ਧਾਮ ਨਿਆਰਾ । ਪੁਰਖ ਅਬਿਨਾਸ਼ੀ ਲਿਆਇਆ ਚੁੱਕ, ਕਰਿਆ ਆਪ ਪਸਾਰਾ । ਕਦਮ ਕਦਮ ਨਾ ਪੈਂਡਾ ਜਾਏ ਮੁੱਕ, ਜੇ ਕੋਈ ਚਲੇ ਜੀਵ ਗਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਲਏ ਅਵਤਾਰਾ । ਲੋਕਮਾਤ ਹਰਿ ਲਏ ਅਵਤਾਰ, ਆਪਣੀ ਜੋਤ ਜਗਾਈਆ । ਮਾਨਸ ਦੇਹੀ ਲੇਖਾ ਪਾਰ, ਨਾ ਕੋਈ

੫੭ ੦੭

ਲੇਖ ਲਿਖਾਈਆ । ਸਾਲ ਬਸਾਲਾ ਹਰਿ ਕਰਤਾਰ, ਰਿਹਾ ਮੁਖ ਛੁਪਾਈਆ । ਸ਼ਾਹ ਕੰਗਾਲਾ ਖੇਲ ਅਪਾਰ, ਛਿਨ ਛਿਨ ਆਪ ਕਰਾਈਆ । ਜਗਤ ਦਲਾਲਾ ਪਾਵੇ ਸਾਰ, ਗੁਰਮੁਖ ਵਿਰਲੇ ਲਏ ਜਗਾਈਆ । ਸਿੰਘ ਪਾਲ ਕਰ ਤਿਆਰ, ਸੋਹੰ ਦੇਵੇ ਨਾਮ ਵੱਡੀ ਵਡਿਆਈਆ । ਜੋਤੀ ਨੂਰ ਕਰ ਉਜਾਲਾ, ਸਾਚਾ ਲਾਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖ਼ੁਸ਼ੀ ਮਨਾਈਆ । ਸਿੰਘ ਪਾਲਾ ਹਰਿ ਰਖਵਾਲਾ, ਪਰਮ ਪੁਰਖ ਅਖਵਾਇਆ । ਸੋਹੰ ਦੇਵੇ ਨਾਮ ਸੱਚਾ ਧੰਨ ਮਾਲਾ, ਦੂਸਰ ਕਿਸੇ ਹੱਥ ਨਾ ਆਇਆ । ਬਵੰਜਾ ਸਾਲ ਰਿਹਾ ਕੰਗਾਲਾ, ਨਾ ਕੋਈ ਮੰਤਰ ਨਾਮ ਦ੍ਰਿੜਾਇਆ । ਫਲ ਨਾ ਲੱਗਾ ਕਿਸੇ ਡਾਲਾ, ਖਾਲੀ ਬੁਤ ਵਖਾਇਆ । ਆਤਮ ਸੇਜ ਨਾ ਕਿਸੇ ਵਿਛਾਈ ਸੱਚੀ ਮ੍ਰਿਗਸ਼ਾਲਾ, ਪੂਤ ਸਪੂਤਾ ਦਏ ਭੁਲਾਇਆ । ਆਪੇ ਖੇਲੇ ਖੇਲ ਹੱਕ ਹਲਾਲਾ, ਹੱਕ ਹਕੀਕਤ ਵੇਖ ਵਖਾਇਆ । ਆਪੇ ਚਲੇ ਆਪਣੀ ਚਾਲਾ, ਚਲਣਹਾਰ ਆਪ ਹੋ ਜਾਇਆ । ਤੇਗ ਬਹਾਦਰ ਦਰ ਏਕਾ ਭਾਲਾ, ਸੀਸ ਭੇਟ ਚੜ੍ਹਾਇਆ । ਆਪੇ ਤੋੜੇ ਜਗਤ ਜੰਜਾਲਾ, ਬੰਧਨ ਬੰਧੀ ਕੱਟ ਵਖਾਇਆ । ਗੁਰਮੁਖ ਸਾਚਾ ਸੱਜਣ ਆਪ ਉਠਾਲਾ, ਲੋਕਮਾਤੀ ਜਨਮ ਦਵਾਇਆ । ਇਕ ਜਪਾਇਆ ਨਾਮ ਸੁਖਾਲਾ, ਸਾਚਾ ਮਾਰਗ ਲਾਇਆ । ਕਲਜੁਗ ਅੰਤਮ ਹੋਏ ਹਾਲ ਬੇਹਾਲਾ, ਗੁਰਮੁਖਾਂ ਦਏ ਵਡਿਆਇਆ । ਗੁਰਮੁਖਾਂ ਵਖਾਏ ਸੱਚੀ ਧਰਮਸਾਲਾ, ਸਤਿ ਧਰਮੀ ਧਰਮ ਕਮਾਇਆ । ਪਾਰਬ੍ਰਹਮ ਬ੍ਰਹਮ ਖੇਲ ਨਿਰਾਲਾ, ਵਰ ਬ੍ਰਹਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਸੁਹਾ, ਹਰ ਘਟ ਮੰਡਲ ਰਾਸਾ । ਆਪ ਆਪਣਾ ਰਿਹਾ ਛੁਪਾ, ਆਪਣਾ ਆਪ ਕਰੇ ਪਰਕਾਸ਼ਾ । ਆਪਣਾ ਦੀਵਾ ਬੱਤੀ ਰਿਹਾ ਜਗਾ, ਅੰਧ ਕੂਪ ਆਪ ਹੋ ਜਾਸਾ । ਸਾਚਾ ਧੂਪ ਰਿਹਾ ਧੁਖਾ, ਸਚ ਸੁਗੰਧੀ ਵੇਖ ਤਮਾਸ਼ਾ । ਚਾਰੇ ਕੂਟਾਂ ਫੇਰਾ ਪਾ, ਖੇਲੇ ਖੇਲ ਪ੍ਰਿਥਮੀ ਅਕਾਸ਼ਾ । ਸੰਬਲ ਨਗਰੀ ਧਾਮ ਸੁਹਾ, ਗੁਰ ਗੋਬਿੰਦੇ ਦਏ ਭਰਵਾਸਾ । ਆਪ ਆਪਣਾ ਨਾਲ ਰਖਾ, ਆਪੇ ਵੇਖੇ ਖੇਲ ਤਮਾਸ਼ਾ । ਨਿਹਕਲੰਕਾ ਡੰਕ ਵਜਾ, ਗੁਰਮੁਖਾਂ ਲੇਖੇ ਲਾਏ ਕਾਇਆ ਰਸਨ ਸਵਾਸਾ । ਰਾਓ ਰੰਕਾਂ ਰਿਹਾ ਉਠਾ, ਪਾਰਬ੍ਰਹਮ ਪੁਰਖ ਅਬਿਨਾਸ਼ਾ । ਵਾਸੀ ਪੁਰੀ ਘਨਕਾ ਆਪ ਅਖਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਏ ਆਪਣੀ ਰਾਸਾ । ਸੰਮਤ ਚੌਦਾਂ ਸਾਚਾ ਰੰਗ, ਹਰਿ ਸਾਚੇ ਆਪ ਰੰਗਾਇਆ । ਹਰਿਸੰਗਤ ਹਰਿ ਹੋਇਆ ਸੰਗ, ਆਪਣੀ ਬਣਤ ਬਣਾਇਆ । ਸ਼ਬਦ ਉਡਾਰੀ ਇਕ ਪਤੰਗ, ਡੋਰੀ ਨਾਮ ਬੰਧਾਇਆ । ਏਕਾ ਧਾਰ ਸਾਚੀ ਗੰਗ, ਏਕਾ ਨੀਰ ਵਹਾਇਆ । ਏਕਾ ਬੈਠਾ ਹਰਿ ਪਲੰਘ, ਗੁਰਮੁਖ ਸਾਚੇ ਲਏ ਤਰਾਇਆ । ਗੁਰ ਗੋਬਿੰਦੇ ਮੰਗੀ ਮੰਗ, ਕਲਜੁਗ ਵੇਲਾ ਅੰਤਮ ਆਇਆ । ਨੌਂ ਦਵਾਰੇ ਵੇਖੇ ਲੰਘ, ਗੁਰਮੁਖ ਸਾਚੇ ਲਏ ਜਗਾਇਆ । ਚਿੱਟੇ ਅਸਵ ਕੱਸਿਆ ਤੰਗ, ਸਾਚਾ ਆਸਣ ਲਾਇਆ । ਸ਼ਬਦ ਗੁਰ ਬਣ ਮਲੰਘ, ਘਰ ਘਰ ਨੱਚਣ ਆਇਆ । ਲਿਖਿਆ ਲੇਖਾ ਨਿਭੇ ਸੰਗ, ਨਾ ਕੋਈ ਤੋੜ ਤੁੜਾਇਆ । ਹੋਇਆ ਵਿਛੋੜਾ ਪੁਰੀ ਅਨੰਦ, ਸਰਸਾ ਭੇਟ ਚੜ੍ਹਾਇਆ । ਜੋ ਜਨ ਗਾਏ ਸੁਣਾਏ ਸੋਹੰ ਸੁਹਾਗੀ ਸਾਚਾ ਛੰਦ, ਪੂਰਬ ਲਹਿਣਾ ਝੋਲੀ ਪਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਨੇਤਰ ਨੈਣਾ ਦਰਸ ਦਿਖਾਇਆ । ਦੂਈ ਦਵੈਤੀ ਢਾਈ ਕੰਧ, ਭਰਮ ਗੜ੍ਹ ਰਹਿਣ ਨਾ ਪਾਇਆ । ਗੁਰਮੁਖ ਸਾਚੇ ਪਰਮਾਨੰਦ, ਚਰਨ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਆਪ ਬਖ਼ਸ਼ਿੰਦ, ਸੰਮਤ ਚੌਦਾਂ ਲਏ ਤਰਾਇਆ । ਲਿਖਿਆ ਕਰ ਨਾ ਸਕੇ ਕੋਈ ਕਲਮਬੰਦ, ਏਕਾ ਕਲਮਾ ਰਿਹਾ ਪੜ੍ਹਾਇਆ । ਲੱਖ ਚੁਰਾਸੀ

ਦੇਵੇ ਦੰਡ, ਭੇਖ ਪਖੰਡਾ ਦਏ ਮਿਟਾਇਆ । ਮਨਮੁਖ ਮੇਟੇ ਨਾਰ ਦੁਹਾਗਣ ਰੰਡ, ਕੰਤ ਸੁਹਾਗ ਨਾ ਕੋਈ ਹੰਢਾਇਆ । ਆਪੇ ਸੁੱਤਾ ਦੇ ਕਰ
ਕੰਡ, ਦਿਸ ਕਿਸੇ ਨਾ ਆਇਆ । ਖੇਲੇ ਖੇਲ ਵਿਚ ਬ੍ਰਹਿਮੰਡ, ਪਾਰਬ੍ਰਹਮ ਅਖਵਾਇਆ । ਕਲਜੁਗ ਤੇਰੀ ਵੱਢੇ ਕੰਡ, ਦਿਸ ਕਿਸੇ ਨਾ ਆਇਆ ।
ਜਨ ਭਗਤਾਂ ਆਤਮ ਪਾਏ ਠੰਡ, ਸੰਮਤ ਚੌਦਾਂ ਨੀਂਹ ਧਰਾਇਆ । ਪਹਿਲੀ ਚੇਤਰ ਵੰਡੀ ਵੰਡ, ਏਕਾ ਇਕੀ ਪਾਇਆ । ਸਾਚੀ ਸਿਖੀ ਤੁਟੀ ਗੰਢ,
ਮਾਝੇ ਜੋੜ ਜੁੜਾਇਆ । ਆਪ ਉਠਾਈ ਸਿਰ ਆਪਣੇ ਪੰਡ, ਗੁਰਮੁਖ ਹੌਲੇ ਭਾਰ ਰਖਾਇਆ । ਸਿੰਘ ਮਨਜੀਤੇ ਵੰਡੀ ਵੰਡ, ਜ਼ੋਰੇ ਜ਼ੋਰ ਦਵਾਇਆ ।
ਜਗਤ ਜਗਦੀਸ਼ਾ ਤੋੜੇ ਘਮੰਡ, ਨੌ ਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਨਗਰੀ ਜੋੜ ਜੁੜਾਇਆ ।
ਸੰਬਲ ਨਗਰੀ ਜੁੜਿਆ ਜੋੜਾ, ਹਰਿ ਸਾਚੇ ਆਪ ਜੁੜਾਇਆ । ਪੁਰਖ ਅਬਿਨਾਸ਼ੀ ਏਕਾ ਘੋੜਾ, ਦੋ ਜਹਾਨੀ ਰਿਹਾ ਦੌੜਾਇਆ । ਇਕ ਲਗਾਇਆ
ਸਾਚਾ ਪੌੜਾ, ਏਕਾ ਚਰਨ ਉਠਾਇਆ । ਆਪੇ ਹੋਇਆ ਪੂਤ ਸਪੂਤਾ ਬ੍ਰਹਿਮਣ ਗੌੜਾ, ਉਚੇ ਟਿੱਲੇ ਪਰਬਤ ਆਸਣ ਲਾਇਆ । ਲੋਕਮਾਤ ਆਏ
ਦੌੜਾ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਨਾ ਕੋਈ ਵੇਖ ਵਖਾਇਆ । ਫਲ ਨਾ ਦਿਸੇ ਮਿੱਠਾ ਕੌੜਾ, ਰਸਨਾ
ਰਸ ਨਾ ਚਖੇ ਰਾਇਆ । ਸ਼ਬਦੀ ਜੋਤੀ ਜੁੜਿਆ ਜੋੜਾ, ਹਰਿ ਸਾਚੀ ਬਣਤ ਬਣਾਇਆ । ਗੁਰਮੁਖਾਂ ਘਰ ਘਰ ਆਪੇ ਬੌਹੜਾ, ਸੰਮਤ ਚੌਦਾਂ
ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਰਿਹਾ ਪਾਇਆ । ਏਕਾ ਇਕੀ ਆਪੇ ਪਾ, ਏਕਾ ਕਲ
੫੯ ਵਰਤਾਈਆ । ਆਪਣੀ ਸਿਖੀ ਆਪ ਬਣਾ, ਆਪੇ ਸੰਗ ਰਖਾਈਆ । ਧਾਰੋਂ ਤਿਖੀ ਦਏ ਵਖਾ, ਚਾਰ ਵਰਨ ਇਕ ਸਰਨਾਈਆ । ਏਕਾ ਦੂਜਾ ੫੯
੦੭ ਭੌ ਮਿਟਾ, ਤੀਜੇ ਨੇਤਰ ਕਰੇ ਰੁਸ਼ਨਾਈਆ । ਚੌਥੇ ਘਰ ਦਏ ਬਹਾ, ਗੁਰ ਪੂਰੇ ਹੱਥ ਵਡਿਆਈਆ । ਧਰਮ ਰਾਏ ਨਾ ਦਏ ਫਾਹ, ਚਿਤਰ ਗੁਪਤ ੦੭
ਨਾ ਵੇਖ ਵਖਾਈਆ । ਲਾੜੀ ਮੌਤ ਨਾ ਕਰੇ ਨਿਕਾਹ, ਨਾ ਕੋਈ ਸਗਨ ਮਨਾਈਆ । ਦਰ ਦਵਾਰੇ ਨਾ ਫੇਰਾ ਸਕੇ ਪਾ, ਮੁਖ ਘੁੰਗਟ ਰਹੀ ਸ਼ਰਮਾਈਆ ।
ਹੱਥੀ ਮਹਿੰਦੀ ਨਾ ਬਹੇ ਲਾ, ਪੀੜ੍ਹਾ ਲਾਲ ਨਾ ਡਾਹੀਆ । ਗੁਰਮੁਖਾਂ ਮਿਲਿਆ ਸਚ ਮਲਾਹ, ਸਤਿਗੁਰ ਪੂਰਾ ਆਪ ਅਖਵਾਈਆ । ਗੁਰ ਗੋਬਿੰਦਾ
ਦੇਵੇ ਸਚ ਸਲਾਹ, ਦੇ ਮਤ ਆਪ ਸਮਝਾਈਆ । ਪੁਰਖ ਅਬਿਨਾਸ਼ੀ ਜੋਤ ਜਗਾ, ਸੰਬਲ ਨਗਰ ਬੈਠਾ ਆਸਣ ਲਾਈਆ । ਗੁਰਮੁਖਾਂ ਹਉਮੇ ਰੋਗ
ਗਵਾ, ਚਿੰਤਾ ਰਿਹਾ ਮਿਟਾਈਆ । ਏਕਾ ਜੋਗ ਰਿਹਾ ਸਿਖਾ, ਸੋਹੰ ਸ਼ਬਦ ਵੱਡੀ ਵਡਿਆਈਆ । ਆਤਮ ਭੋਗੀ ਭੋਗ ਕਰਾ, ਸਾਚੀ ਸੇਜ ਹੰਢਾਈਆ ।
ਧੁਰ ਸੰਜੋਗੀ ਮੇਲ ਮਿਲਾ, ਵਿਛੜ ਕਦੇ ਨਾ ਜਾਈਆ । ਦਰਸ ਅਮੋਘੀ ਦਏ ਵਖਾ, ਪਰਗਟ ਹਰ ਘਟ ਥਾਈਂਆ । ਸਾਚੀ ਚੋਗੀ ਦਏ ਚੁਗਾ,
ਮਾਣਕ ਮੋਤੀ ਇਕ ਖਵਾਈਆ । ਤੀਨ ਲੋਕੀ ਪਾਰ ਕਰਾ, ਸਾਚੇ ਧਾਮ ਬਹਾਈਆ । ਪੂਜਾ ਪਾਠ ਨਾ ਕੋਈ ਕਰਾ, ਏਕਾ ਏਕ ਬਖ਼ਸ਼ੇ ਚਰਨ ਸਰਨ
ਸੱਚੀ ਸਰਨਾਈਆ । ਸਾਚੇ ਪੌੜੇ ਦਏ ਚੜ੍ਹਾ, ਆਪ ਆਪਣਾ ਲੜ ਫੜਾਈਆ । ਸੁਖਮਨ ਨਾੜੀ ਪਾਰ ਕਰਾ, ਟੇਢੀ ਬੰਕ ਤੁੜਾਈਆ । ਆਪਣਾ
ਉਪਰ ਹੱਥ ਰਖਾ, ਆਵੇ ਜਾਵੇ ਵਾਹੋ ਦਾਹੀਆ । ਗੁਰਮੁਖ ਸਾਚੇ ਸੰਗ ਰਖਾ, ਸੁਰਤ ਸਵਾਣੀ ਲਏ ਪਰਨਾਈਆ । ਸਚ ਦਵਾਰੇ ਕੁੰਡਾ ਲਾ, ਆਪਣਾ
ਘਰ ਸੁਹਾਈਆ । ਸਾਚੀ ਸੇਜਾ ਦਏ ਵਿਛਾ, ਫੁਲਣ ਬਰਖਾ ਲਾਈਆ । ਅੰਮ੍ਰਿਤ ਧਾਰਾ ਰਿਹਾ ਵਹਾ, ਇਕ ਸਰੋਵਰ ਵੇਖ ਵਖਾਈਆ । ਅਨਹਦ
ਰਾਗ ਰਿਹਾ ਸੁਣਾ, ਸਾਚੀ ਸੇਵਾ ਲਾਈਆ । ਆਪ ਆਪਣਾ ਪੜਦਾ ਲਾਹ, ਆਪਣਾ ਮੁਖ ਵਖਾਈਆ । ਸੁਰਤ ਸਵਾਣੀ ਚੜ੍ਹੇ ਚਾ, ਮਿਲੇ ਗੁਰ

ਪੂਰੇ ਸਾਚੇ ਮਾਹੀਆ । ਏਕਾ ਰੰਗਣ ਰੰਗ ਰੰਗਾ, ਸਾਚਾ ਚੂੜਾ ਤਨ ਛੁਹਾਈਆ । ਛੈਲ ਛਬੀਲਾ ਆਪ ਅਖਵਾ, ਸਾਚਾ ਜੋਬਨ ਇਕ ਹੰਢਾਈਆ । ਪਲੰਘ ਰੰਗੀਲਾ ਇਕ ਵਿਛਾ, ਏਕਾ ਧਾਮ ਸੁਹਾਈਆ । ਨਾਰੀ ਕੰਤਾ ਮੇਲ ਮਿਲਾ, ਘਰ ਸਾਚੇ ਵੱਜੇ ਵਧਾਈਆ । ਰੰਗ ਬਸੰਤਾ ਦਏ ਚੜ੍ਹਾ, ਉਤਰ ਕਦੇ ਨਾ ਜਾਈਆ । ਜੀਵਾਂ ਜੰਤਾਂ ਰਿਹਾ ਜਣਾ, ਨਿਹਕਲੰਕ ਸੱਚੀ ਸਰਨਾਈਆ । ਸਤਿਜੁਗ ਸਾਚੀ ਬਣਤਾ ਰਿਹਾ ਬਣਾ, ਕਲਜੁਗ ਮਿਟੇ ਕੂੜੀ ਛਾਹੀਆ । ਮਹਿਮਾ ਅਗਣਤ ਗਣਤ ਨਾ ਕੋਈ ਸਕੇ ਗਿਣਾ, ਲਿਖਿਆ ਲੇਖ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਨਗਰੀ ਧਾਮ ਸੁਹਾਈਆ । ਸੰਬਲ ਨਗਰੀ ਤੇਰਾ ਰੂਪ, ਹਰਿ ਸਾਚਾ ਵੇਖ ਵਖਾਇੰਦਾ । ਪੁਰਖ ਸੁਲਤਾਨਾ ਸਾਚਾ ਭੂਪ, ਸ਼ਾਹ ਸੁਲਤਾਨਾ ਆਪ ਅਖਵਾਇੰਦਾ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਧਿਆਨ ਰਖਾਇੰਦਾ । ਕਲਜੁਗ ਕੂੜਾ ਦਿਸੇ ਜੂਠ, ਝੂਠੀ ਕਿਰਿਆ ਕਰਮ ਨਾ ਕੋਈ ਵਖਾਇੰਦਾ । ਪੁਰਖ ਅਬਿਨਾਸ਼ੀ ਗਿਆ ਤੁਠ, ਜਨ ਭਗਤਾਂ ਜਨਮ ਲੇਖੇ ਲਾਇੰਦਾ । ਏਕਾ ਇਕੀ ਏਕਾ ਮੁਠ, ਸਾਚੀ ਸਿਖੀ ਆਪ ਬਣਾਇੰਦਾ । ਲੱਖ ਚੁਰਾਸੀ ਰਿਹਾ ਲੁੱਟ, ਦਿਸ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਪਈ ਫੁਟ, ਨਾ ਕੋਈ ਧੀਰ ਧਰਾਇੰਦਾ । ਸੰਮਤ ਪੰਦਰਾਂ ਪਏ ਜੁਟ, ਜੋੜੀ ਜੋੜ ਜੁੜਾਇੰਦਾ । ਰਾਜ ਰਾਜਾਨਾ ਖਾਲੀ ਠੂਠ, ਦਰ ਦਵਾਰ ਆਪ ਫਿਰਾਇੰਦਾ । ਮਾਇਆ ਰਾਣੀ ਦਏ ਕੁਠ, ਏਕਾ ਸੱਟ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਨਗਰੀ ਦੇਵੇ ਵਰ, ਗੁਰ ਗੋਬਿੰਦੇ ਸੰਗ ਰਲਾਇੰਦਾ । ਗੁਰ ਗੋਬਿੰਦਾ ਸਾਚਾ ਸੁੱਤ, ਪਾਰਬ੍ਰਹਮ ਸਰਨਾਈਆ । ਏਕਾ ਤਾਲ ਏਕਾ ਸੁਰ, ਏਕਾ ਰਾਗ ਅਲਾਈਆ । ਏਕਾ ਚਰਨ ਪ੍ਰੀਤੀ ਗਈ ਜੁੜ, ਨਾ ਕੋਈ ਤੋੜ ਤੁੜਾਈਆ । ਏਕਾ ਚੜ੍ਹਿਆ ਸਾਚੇ ਘੋੜ, ਵਾਗਾਂ ਆਪਣੇ ਹੱਥ ਰਖਾਈਆ । ਪਹਿਲੀ ਚੇਤਰ ਗਿਆ ਬੌਹੜ, ਸਚ ਸਿੰਘਾਸਣ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਈਆ । ਪਹਿਲੀ ਚੇਤਰ ਰੰਗ ਅਵੱਲਾ, ਹਰਿ ਆਪਣਾ ਆਪ ਕਰਾਇਆ । ਗੁਰਮੁਖਾਂ ਵਖਾਏ ਸਚ ਮਹੱਲਾ, ਸਾਚਾ ਦਰ ਸੁਹਾਇਆ । ਜੋਤ ਸਰੂਪੀ ਇਕ ਅਕੱਲਾ, ਹਰਿਸੰਗਤ ਸੰਗ ਰਖਾਇਆ । ਇਕੀ ਇਕੀ ਫੇਰਿਆ ਪੱਲਾ, ਇਕੀ ਇਕੀ ਧਾਰ ਚਲਾਇਆ । ਏਕਾ ਇਕੀ ਵੇਖੇ ਨਿਹਚਲ ਧਾਮ ਅਟੱਲਾ, ਸਚ ਧਾਮ ਸੁਹਾਇਆ । ਆਪੇ ਫਲਿਆ ਆਪੇ ਫੁਲਾ, ਫੁਲ ਫੁਲਵਾੜੀ ਵੇਖ ਵਖਾਇਆ । ਕਲਜੁਗ ਬੂਟਾ ਅੰਤਮ ਹੁੱਲਾ, ਪਤਝੜ ਵੇਲਾ ਆਇਆ । ਲੱਖ ਚੁਰਾਸੀ ਜੀਵ ਜੰਤ ਤੇਰਾ ਕੋਈ ਨਾ ਪੈਣਾ ਮੁੱਲਾ, ਨਾ ਕੀਮਤ ਕੋਈ ਚੁਕਾਇਆ । ਮਾਨਸ ਜਨਮ ਲਾਲ ਅਨਮੁਲੜਾ ਰੁੱਲਾ, ਬਿਨ ਹਰਿ ਨਾਮੇ ਵਕਤ ਗਵਾਇਆ । ਪਾਣੀ ਪਿਆ ਕਾਇਆ ਚੁੱਲ੍ਹਾ, ਦੀਪਕ ਜੋਤ ਨਾ ਕੋਈ ਜਗਾਇਆ । ਪੰਜ ਤਤ ਨਾ ਕਰਾਏ ਕੋਈ ਸੁਲ੍ਹਾ, ਮਤ ਬੁਧ ਰਹੀ ਸ਼ਰਮਾਇਆ । ਅੰਮ੍ਰਿਤ ਆਤਮ ਸਭ ਦਾ ਡੁੱਲਾ, ਕਵਲ ਨਾਭ ਨਾ ਕੋਈ ਭਰਾਇਆ । ਗੁਰਮੁਖ ਪੂਰਾ ਗੁਰ ਪੂਰੇ ਤੇਰੀ ਚਰਨ ਪ੍ਰੀਤੀ ਘੋਲ ਘੁਲਾ, ਚਰਨ ਚਰਨੋਦਕ ਮੁਖ ਚੁਆਇਆ । ਸੋਹੰ ਗੌਂਦੇ ਸੋਹੰ ਬੁਲ੍ਹਾ, ਰਸਨਾ ਜਿਹਵਾ ਆਪ ਹਲਾਇਆ । ਆਪਣੇ ਕੰਡੇ ਆਪੇ ਤੁਲਾ, ਆਪੇ ਭਾਰ ਉਠਾਇਆ । ਗੁਰਮੁਖਾਂ ਉਧਾਰੇ ਸਾਚੀ ਕੁਲਾ, ਏਕਾ ਇਕੀ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਰੰਗ ਰੰਗਾਇਆ । ਸਾਚੀ ਸਿਖੀ ਗੁਰਮੁਖ ਸਾਜਣ, ਪ੍ਰਭ ਸਾਚੇ ਆਪ ਬਣਾਈਆ । ਨਾਲ ਰਲਾਇਆ ਸ਼ਾਹੋ ਸ਼ਬਾਸਨ, ਰਾਜ ਰਾਜਾਨ ਆਪ ਅਖਵਾਈਆ । ਆਪੇ ਹੋਇਆ ਦਾਸੀ ਦਾਸਨ,

ਸੇਵਕ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਸਾਚੀ ਨਗਰੀ ਸਾਚਾ ਘਰ, ਘਰ ਘਰ ਵੱਜੇ ਵਧਾਈਆ । ਸੰਮਤ ਚੌਦਾਂ ਗਿਆ ਚੜ੍ਹ, ਪ੍ਰਭ ਸਾਚੇ ਖ਼ੁਸ਼ੀ ਮਨਾਈਆ । ਸਚ ਸਿੰਘਾਸਣ ਉਪਰ ਖੜ, ਗੁਰਮੁਖਾਂ ਲੇਖ ਲਿਖਾਈਆ । ਏਕਾ ਵਿਦਿਆ ਜਾਏ ਪੜ੍ਹ, ਸੋਹੰ ਵਡ ਵਡਿਆਈਆ । ਕਾਇਆ ਮਾਟੀ ਜਾਏ ਸੜ, ਮੜੀ ਗੋਰ ਦਬਾਈਆ । ਪੰਚਮ ਵਿਕਾਰਾ ਰਿਹਾ ਲੜ, ਅੱਠੇ ਪਹਿਰ ਲੜਾਈਆ । ਲੱਗੀ ਅੱਗ ਬਹੱਤਰ ਨੜ, ਨਾ ਕੋਈ ਸਕੇ ਬੁਝਾਈਆ । ਜੋ ਜਨ ਸਰਨੀ ਗਏ ਪੜ, ਪ੍ਰਭ ਸਾਚਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਇਕੀ ਵੇਖ ਵਖਾਈਆ । ਪਹਿਲੀ ਚੇਤਰ ਹਰਿ ਕਰਤਾਰਾ, ਆਪਣਾ ਸੰਗ ਰਖਾਇਆ । ਗੁਰਮੁਖਾਂ ਵੇਖੇ ਸਚ ਦਵਾਰਾ, ਦਰ ਘਰ ਫੇਰਾ ਪਾਇਆ । ਦੂਜੀ ਚੇਤਰ ਖੋਲ੍ਹ ਕਿਵਾੜਾ, ਆਪਣਾ ਕੁੰਡਾ ਲਾਹਿਆ । ਤੀਜੇ ਚੇਤਰ ਪਏ ਧਾੜਾ, ਪੰਚਮ ਰਹਿਣ ਨਾ ਪਾਇਆ । ਚੌਥੀ ਚੇਤਰ ਸ਼ਾਹ ਅਸਵਾਰਾ, ਏਕਾ ਘੋੜਾ ਰਿਹਾ ਉਠਾਇਆ । ਪੰਚਮ ਚੇਤਰ ਜਗਤ ਅਖਾੜਾ, ਗੁਰਮੁਖ ਘਰ ਸੁਹਾਇਆ । ਛੇਵੇਂ ਚੇਤਰ ਸਾਚਾ ਲਾੜਾ, ਗੁਰਸਿਖ ਨਾਰੀ ਲਏ ਪਰਨਾਇਆ । ਸਤਵੇਂ ਚੇਤਰ ਮਾਰੇ ਤਾੜਾ, ਹਰਿਜਨ ਸਾਚੇ ਲਏ ਜਗਾਇਆ । ਅੱਠ ਚੇਤਰ ਕਰ ਪਿਆਰਾ, ਸੁਖ ਆਸਣ ਆਸਣ ਲਾਇਆ । ਨੌਂ ਚੇਤਰ ਸੋਹੇ ਦਵਾਰਾ, ਗ਼ਰੀਬ ਨਿਮਾਣਾ ਗਲੇ ਲਗਾਇਆ । ਦਸ ਚੇਤਰ ਪਾਵੇ ਸਾਰਾ, ਦਹਿ ਦਿਸ਼ਾ ਵੇਖ ਵਖਾਇਆ । ਗਿਆਰਾ ਚੇਤਰ ਕਰ ਤਿਆਰਾ, ਆਪ ਆਪਣਾ ਕਦਮ ਉਠਾਇਆ । ਗੁਰਸਿਖ ਸੁਹਾਏ ਬੰਕ ਦਵਾਰਾ, ਬੰਕ ਦਵਾਰੀ ਆਪ ਅਖਵਾਇਆ । ਬਾਰਾਂ ਚੇਤਰ ਖੇਲ ਅਪਾਰਾ, ਵਰਨ ਬਰਨ ਨਾ ਕੋਈ ਜਣਾਇਆ । ਤੇਰਾਂ ਚੇਤਰ ਮੀਤ ਮੁਰਾਰਾ, ਤੀਰਥ ਤਟ ਸੁਹਾਇਆ । ਚੌਦਾਂ ਚੇਤਰ ਹੋ ਉਜਿਆਰਾ, ਮੋਹਣੀ ਰੂਪ ਵਟਾਇਆ । ਮਿਲਿਆ ਮੇਲਾ ਦੂਜੀ ਵਾਰਾ, ਵਿਛੜ ਕਦੇ ਨਾ ਜਾਇਆ । ਪੰਦਰਾਂ ਚੇਤਰ ਜਗਤ ਨਿਆਰਾ, ਗੁਰਮੁਖ ਨਾਲ ਕਰੇ ਕੁੜਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਟਾਇਆ । ਸੋਲਾਂ ਚੇਤਰ ਕਰ ਸ਼ੰਗਾਰ, ਸੋਲਾਂ ਤਨ ਸ਼ੰਗਾਰਿਆ । ਜੁਗ ਵਿਛੜੇ ਪਾਵੇ ਸਾਰ, ਮੇਲਾ ਮੇਲ ਸੱਚੇ ਦਰਬਾਰਿਆ । ਚੇਲਾ ਰੂਪ ਆਪ ਕਰਤਾਰ, ਗੁਰ ਗੋਬਿੰਦ ਸੰਗ ਨਿਭਾ ਰਿਹਾ । ਖੇਲੇ ਖੇਲ ਅਪਰ ਅਪਾਰ, ਸਤਾਰਾਂ ਚੇਤਰ ਪਾਰ ਕਰਾ ਰਿਹਾ । ਬਣੇ ਵਿਚੋਲਾ ਵਿਚ ਸੰਸਾਰ, ਸਾਚੀ ਪੱਲੇ ਗੰਢ ਬੰਨ੍ਹਾ ਰਿਹਾ । ਏਕਾ ਢੋਲਾ ਹਰਿ ਨਿਰੰਕਾਰ, ਜਿਹਵਾ ਰਸਨਾ ਗਾ ਰਿਹਾ । ਪੂਰਨ ਤੋਲਾ ਹਰਿ ਕਰਤਾਰ, ਹਰਿ ਕਰਤਾਰ ਸਾਚੇ ਕੰਡੇ ਆਪ ਤੁਲਾ ਰਿਹਾ । ਦਏ ਝਕੋਲਾ ਅਪਰ ਅਪਾਰ, ਪਵਣ ਹਵਨੀ ਮੁਖ ਸ਼ਰਮਾ ਰਿਹਾ । ਏਕਾ ਬੋਲਾ ਜੈ ਜੈਕਾਰ, ਜੈ ਜੈਵੰਤ ਆਪ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਠਾਰਾਂ ਚੇਤਰ ਵੇਖ ਵਖਾ ਰਿਹਾ । ਅਠਾਰਾਂ ਚੇਤਰ ਰੰਗੇ ਰੰਗ, ਰੰਗਣਹਾਰ ਕਰਤਾਰਾ । ਆਪੇ ਸ਼ਾਹ ਆਪੇ ਨੰਗ, ਆਪੇ ਪਰਵਰਦਿਗਾਰਾ । ਆਪੇ ਮੰਗਣ ਰਿਹਾ ਮੰਗ, ਆਪੇ ਭਰੇ ਭੰਡਾਰਾ । ਭਗਤ ਸੁਹੇਲਾ ਵਸਿਆ ਸੰਗ, ਜੁਗ ਜੁਗ ਲਏ ਅਵਤਾਰਾ । ਉਨੀ ਚੇਤਰ ਦਰ ਦਵਾਰਾ ਲੰਘ, ਗ਼ਰੀਬ ਨਿਮਾਣਾ ਪਾਰ ਕਿਨਾਰਾ । ਆਪੇ ਸੋਇਆ ਆਪਣੇ ਪਲੰਘ, ਆਪੇ ਪਾਏ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਨੀ ਉਨੀਸਾ ਦਏ ਹੁਲਾਰਾ । ਉਨੀ ਉਨੀਸਾ ਹਰਿ ਜਗਦੀਸਾ, ਗੁਰਮੁਖ ਗਲੇ ਲਗਾਇੰਦਾ ਖੇਲੇ ਖੇਲ ਬੀਸ ਬੀਸਾ, ਬਾਲ ਅੰਞਾਣੇ ਦਇਆ ਕਮਾਇੰਦਾ । ਛਤਰ ਝੁਲਾਏ ਸਾਚੇ ਸੀਸਾ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ


Rev-01

ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਇੰਦਾ । ਸਾਚਾ ਘਰ ਹਰਿ ਕਰਤਾਰ, ਆਪਣਾ ਵੇਖ ਵਖਾਇਆ । ਇਕੀ ਚੇਤਰ ਆਏ ਦਵਾਰ, ਸੰਬਲ ਨਗਰੀ ਧਾਮ ਸੁਹਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਸਾਢੇ ਤਿੰਨ ਹੱਥ ਇਹ ਉਪਾਇਆ । ਲੇਖਾ ਲੱਗੇ ਰਵਦਾਸ ਚੁਮਾਰ, ਚੰਮ ਦ੍ਰਿਸ਼ਟੀ ਰਹਿਣ ਨਾ ਪਾਇਆ । ਜਨ ਭਗਤਾਂ ਭਰੇ ਹਰਿ ਭੰਡਾਰ, ਏਕਾ ਵਸਤ ਝੋਲੀ ਪਾਇਆ । ਖੇਲੇ ਖੇਲ ਖੇਲਣਹਾਰ, ਅਕਲ ਕਲਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੀ ਚੇਤਰ ਦਿਵਸ ਸੁਹਾਇਆ । ਇਕੀ ਚੇਤਰ ਏਕਾ ਚਿਤ, ਹਰਿਸੰਗਤ ਆਪ ਰਖਾਈਆ । ਸਤਿਗੁਰ ਪੂਰਾ ਸਾਚਾ ਮਿਤ, ਏਕਾ ਮੀਤ ਹੋ ਜਾਈਆ । ਲੇਖੇ ਲਾਏ ਬੂੰਦ ਰਿਤ, ਆਪ ਆਪਣੀ ਦਇਆ ਕਮਾਈਆ । ਕਾਇਆ ਆਤਮ ਦਏ ਸਿਤ, ਅੰਮ੍ਰਿਤ ਜਲ ਕਰੇ ਸਿੰਚਾਈਆ । ਏਕਾ ਬੀਜ ਦੇਵੇ ਸਿਟ, ਸੋਹੰ ਸਾਚਾ ਹਲ ਚਲਾਈਆ । ਕਾਇਆ ਮੌਲੇ ਹੋਏ ਹਰੀਆਵਲੀ ਸਾਚਾ ਖੇਤ, ਪ੍ਰਭ ਸਾਚਾ ਵੇਖ ਵਖਾਈਆ । ਫੁਲ ਫੁਲਵਾੜੀ ਰੁੱਤ ਚੇਤ, ਬਸੰਤੀ ਬਸੰਤ ਸੁਹਾਈਆ । ਵੇਖਣਹਾਰਾ ਨੇਤਨ ਨੇਤ, ਨਿਤ ਨਵਿਤ ਜੋਤ ਜਗਾਈਆ । ਆਪੇ ਜਾਣੇ ਆਪਣਾ ਭੇਤ, ਵੇਦ ਕਤੇਬ ਨਾ ਲੇਖ ਲਿਖਾਈਆ । ਸੰਮਤ ਚੌਦਾਂ ਹਰਿਜਨ ਵੇਖ, ਆਪ ਆਪਣਾ ਸੰਗ ਨਿਭਾਈਆ । ਨਾ ਕੋਈ ਜਾਣੇ ਧਾਰੀ ਕੇਸ, ਮੂੰਡ ਮੁੰਡਾਏ ਸਾਰ ਨਾ ਰਾਈਆ । ਪਰਗਟ ਹੋਇਆ ਦਸ ਦਸਮੇਸ, ਮਾਝੇ ਖੇਲ ਰਚਾਈਆ । ਨਾਲ ਰਲਾਇਆ ਨਰ ਨਰੇਸ਼, ਨਿਰਗੁਣ ਰੂਪ ਸਮਾਈਆ । ਹਰ ਘਟ ਆਪੇ ਰਿਹਾ ਵੇਖ, ਬੈਠਾ ਆਸਣ ਲਾਈਆ । ਭਗਤ ਦਵਾਰੇ ਦਰ ਦਰਵੇਸ਼, ਏਕਾ ਅਲੱਖ ਜਗਾਈਆ । ਗੁਰਸਿਖ ਦਵਾਰਾ ਰਿਖੀ ਕੇਸ਼, ਕਰਮ ਗਵਰਧਨ ਹੱਥ ਉਠਾਈਆ । ਆਪੇ ਕਰਿਆ ਆਪਣਾ ਵੇਸ, ਨਿਰਧਨ ਸਰਧਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸਦ ਚੌਦਾਂ ਦਏ ਦੁਹਾਈਆ । ਵੀਹ ਸਦ ਚੌਦਾਂ ਸਾਚਾ ਸਾਥੀ, ਹਰਿ ਹਰਿ ਆਪ ਅਖਵਾਇਆ । ਪਰਗਟ ਹੋ ਤ੍ਰਿਲੋਕੀ ਨਾਥੀ, ਨਾਥ ਅਨਾਥਾਂ ਦਇਆ ਕਮਾਇਆ । ਏਕਾ ਟਿੱਕਾ ਮਸਤਕ ਲਾਏ ਮਾਥੀ, ਸਾਚਾ ਚੰਦਨ ਚੰਦ ਛੁਹਾਇਆ । ਇਕ ਚਲਾਏ ਆਪਣੀ ਗਾਥੀ, ਸੋਹੰ ਜਾਪ ਜਪਾਇਆ । ਸਰਬ ਕਲਾ ਆਪੇ ਸਮਰਾਥੀ, ਸਤਿ ਪੁਰਖ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਫੇਰਾ ਪਾਇਆ । ਲੋਕਮਾਤ ਖੇਲ ਖਿਲਾਰੀ, ਖੇਲਣਹਾਰ ਨਿਰੰਕਾਰ । ਸੰਮਤ ਚੌਦਾਂ ਵੇਖ ਵਿਚਾਰੀ, ਪ੍ਰਭ ਸਾਚਾ ਪਾਵੇ ਸਾਰ । ਛੱਬੀ ਪੋਹ ਜੋਤ ਉਜਿਆਰੀ, ਗੁਰਮੁਖ ਸਾਚੇ ਲਏ ਉਭਾਰ । ਜੋ ਜਨ ਆਏ ਬੰਕ ਦਵਾਰੀ, ਜਨਮ ਮਰਨ ਗੇੜਾ ਦਏ ਨਵਾਰ । ਸਤਿਜੁਗ ਸਾਚੇ ਪੈਜ ਸਵਾਰੀ, ਮਰੇ ਨਾ ਜਨਮੇ ਵਿਚ ਸੰਸਾਰ । ਮਨਮੁਖ ਰੋਵਣ ਜ਼ਾਰੋ ਜ਼ਾਰੀ, ਉਚੀ ਬਾਂਹ ਹੁਲਾਰ । ਕਲਜੁਗ ਕੂੜਾ ਕਰੇ ਖਵਾਰੀ, ਸਾਧਾਂ ਸੰਤਾਂ ਆਈ ਹਾਰ । ਬੈਠੇ ਉਚ ਮਹੱਲ ਅਟਾਰੀ, ਬਸਤਰ ਤਨ ਸ਼ੰਗਾਰ । ਪੜ੍ਹ ਪੜ੍ਹ ਥੱਕੇ ਪੂਜ ਪੁਜਾਰੀ, ਨਾ ਪਾਇਆ ਹਰਿ ਦਵਾਰ । ਮਾਨਸ ਦੇਹੀ ਅੰਤਮ ਹਾਰੀ, ਨਾ ਦਿਸੇ ਪਾਰ ਕਿਨਾਰ । ਕਲਜੁਗ ਮਾਇਆ ਲੱਗੀ ਚੰਗਿਆਰੀ, ਦਿਵਸ ਰੈਣ ਰਹੀ ਸਾੜ । ਬਿਨ ਗੁਰ ਪੂਰੇ ਕੋਈ ਨਾ ਪਾਰ ਉਤਾਰੀ, ਨਾ ਦੇਵੇ ਸਚ ਪਿਆਰ । ਗੁਰਮੁਖ ਸੋਹਣ ਬੰਕ ਦਵਾਰੀ, ਇਕ ਵਖਾਏ ਸਚ ਦਵਾਰ । ਮਿਲਿਆ ਮੇਲ ਵਡ ਸੰਸਾਰੀ, ਹਰਿ ਸਾਚਾ ਮੇਲਣਹਾਰ । ਸੰਮਤ ਚੌਦਾਂ ਖੇਲ ਅਪਾਰੀ, ਛੱਬੀ ਪੋਹ ਦਿਵਸ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਵਾਰ ।

ਸੰਮਤ ਚੌਦਾਂ ਲਿਖਿਆ ਲੇਖਾ, ਛੱਬੀ ਪੋਹ ਵੱਜੀ ਵਧਾਈਆ । ਆਪੇ ਕੱਢੇ ਭਰਮ ਭੁਲੇਖਾ, ਜੋ ਜਨ ਰਹੇ ਸਰਨਾਈਆ । ਸਤਿਗੁਰ ਸਾਚਾ ਜਿਸ ਜਨ ਆਪਣੇ ਨੇਤਰ ਪੇਖਾ, ਲੱਖ ਚੁਰਾਸੀ ਫੰਦ ਕਟਾਈਆ । ਗੁਰੂ ਗੁਰ ਚੇਲਾ ਦੱਸ ਦਸਮੇਸਾ, ਦਹਿ ਦਿਸ਼ਾ ਵੇਖ ਵਖਾਈਆ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ਿਵ ਗਣੇਸ਼ਾ ਨਾ ਪੂਜ ਪੁਜਾਈਆ । ਕਰੋੜ ਤੇਤੀਸਾ ਕਰੇ ਅਦੇਸਾ, ਸੁਰਪਤ ਰਾਜਾ ਰਿਹਾ ਸ਼ਰਮਾਈਆ । ਨੌਂ ਖੰਡ ਪ੍ਰਿਥਮੀ ਕਰਿਆ ਵੇਸਾ, ਸੱਤਾਂ ਦੀਪਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਕਰੇ ਚੜ੍ਹਾਈਆ । ਸੰਮਤ ਪੰਦਰਾਂ ਕਰ ਚੜ੍ਹਾਈ, ਇੰਦਰ ਇੰਦ ਚੜ੍ਹਾਇਆ । ਸ਼ਿਵ ਸ਼ੰਕਰ ਤੇਰੀ ਸ਼ਬਦ ਲੜਾਈ, ਏਕਾ ਬਾਣ ਲਗਾਇਆ । ਬ੍ਰਹਮਾ ਢਹਿ ਪਏ ਸ਼ਰਨਾਈ, ਵੇਲਾ ਅੰਤਮ ਆਇਆ । ਸਚਖੰਡ ਦਵਾਰੇ ਜੋਤ ਜਗਾਈ, ਪ੍ਰਭ ਸਾਚਾ ਰੰਗ ਰੰਗਾਇਆ । ਚੌਦਾਂ ਲੋਕਾਂ ਫੇਰਾ ਪਾਈ, ਚੌਦਾਂ ਤਬਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰ ਘਟ ਥਾਂਇਆ । ਚੌਦਾਂ ਲੋਕ ਏਕਾ ਰਾਮ, ਏਕਾ ਨਾਮ ਜਪਾਇੰਦਾ । ਏਕਾ ਇਛਿਆ ਏਕਾ ਕਾਮ, ਏਕਾ ਭਿਛਿਆ ਪਾਇੰਦਾ । ਏਕਾ ਸਿਖਿਆ ਏਕਾ ਜਾਮ, ਏਕਾ ਨਾਮ ਪਿਆਇੰਦਾ । ਏਕਾ ਲਿਖਿਆ ਲੇਖ ਹਰਿ ਭਗਵਾਨ, ਨਾ ਕੋਈ ਮੇਟ ਮਿਟਾਇੰਦਾ । ਏਕਾ ਸ਼ਬਦ ਏਕਾ ਗਿਆਨ, ਏਕਾ ਮੰਤਰ ਦ੍ਰਿੜ੍ਹਾਇੰਦਾ । ਏਕਾ ਗੁਰ ਇਕ ਧਿਆਨ, ਏਕਾ ਚਰਨ ਵਖਾਇੰਦਾ । ਏਕਾ ਪੀਣ ਏਕਾ ਖਾਣ, ਏਕਾ ਬਸਤਰ ਤਨ ਪਹਿਨਾਇੰਦਾ । ਏਕਾ ਮਾਣ ਏਕਾ ਤਾਣ, ਇਕ ਨਿਸ਼ਾਨ ਜਣਾਇੰਦਾ । ਏਕਾ ਰਾਗ ਏਕਾ ਕਾਨ, ਏਕਾ ਧੁਨ ਵਜਾਇੰਦਾ । ਏਕਾ ਪਵਣ ਇਕ ਮਸਾਣ, ਏਕਾ ਪਾਣੀ ਮੁਖ ਚੁਆਇੰਦਾ । ਏਕਾ ਹਾਣੀ ਨੌਜਵਾਨ, ਗੁਰ ਸ਼ਬਦ ਆਪ ਮਿਲਾਇੰਦਾ । ਖਾਣੀ ਬਾਣੀ ਹੋਏ ਹੈਰਾਨ, ਕਲਜੁਗ ਵੇਲਾ ਅੰਤਮ ਆਇੰਦਾ । ਵੇਦ ਪੁਰਾਨਾ ਪੁਣ ਛਾਣ, ਪ੍ਰਭ ਸਾਚਾ ਆਪ ਕਰਾਇੰਦਾ । ਅੰਜੀਲ ਕੁਰਾਨੀ ਲੱਥੇ ਮਕਾਨ, ਨੇਤਰ ਰੋ ਰੋ ਨੀਰ ਵਹਾਇੰਦਾ । ਕਲਜੁਗ ਤੇਰੀ ਮਿਟੇ ਦੁਕਾਨ, ਹੱਟ ਬਜ਼ਾਰ ਨਾ ਕੋਈ ਵਖਾਇੰਦਾ । ਨਾ ਕੋਈ ਦਿਸੇ ਉਚ ਮਕਾਨ, ਨਾ ਕੋਈ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਇਆ ਹਰਿ ਹਰਿ ਗੋਬਿੰਦਾ, ਹਰਿ ਹਰਿ ਜੋਤ ਜਗਾਈਆ । ਆਪ ਮਿਟਾਏ ਸਗਲੀ ਚਿੰਦਾ, ਆਤਮ ਘਰ ਵੱਜੇ ਵਧਾਈਆ । ਆਪੇ ਖੋਲ੍ਹੇ ਲੱਗਾ ਜਿੰਦਾ, ਜੋ ਜਨ ਜਿੰਦੜੀ ਘੋਲ ਘੁਮਾਈਆ । ਜੋਧਾ ਸੂਰ ਵਡ ਮਰਗਿੰਦਾ, ਗੁਰ ਸ਼ਬਦ ਕਰੇ ਲੜਾਈਆ । ਨਾਮ ਰਖਾਏ ਏਕਾ ਖੰਡਾ, ਤਿਖੀ ਧਾਰ ਵਖਾਈਆ । ਖੇਲੇ ਖੇਲ ਵਿਚ ਬ੍ਰਹਿਮੰਡਾ, ਜੇਰਜ ਅੰਡਾ ਵੇਖ ਵਖਾਈਆ । ਲੱਖ ਚੁਰਾਸੀ ਤੇਰਾ ਭੇਖ ਪਖੰਡਾ, ਗੁਰ ਪੂਰਾ ਦਏ ਮਿਟਾਈਆ । ਸਤਿਜੁਗ ਸਾਚਾ ਵੰਡੇ ਵੰਡਾ, ਧਰਤ ਮਾਤ ਵੇਖ ਵਖਾਈਆ । ਗੁਰਸਿਖ ਆਤਮ ਹੋਏ ਨਾ ਰੰਡਾ, ਏਕਾ ਕੰਤ ਹੰਢਾਈਆ । ਅੰਮ੍ਰਿਤ ਆਤਮ ਜਲ ਦੇਵੇ ਠੰਡਾ, ਸਰ ਸਰੋਵਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਦਏ ਵਡਿਆਈਆ । ਸੰਮਤ ਪੰਦਰਾਂ ਚੌਦਾਂ ਲੋਕ, ਚਾਰ ਵਰਨ ਜਗਾਇਆ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਨਾ ਕੋਈ ਮੇਟ ਮਿਟਾਇਆ । ਲੱਖ ਚੁਰਾਸੀ ਦੇਵੇ ਝੋਕ, ਰਾਏ ਧਰਮ ਦਏ ਸਜਾਇਆ । ਜਨ ਭਗਤਾਂ ਦੇਵੇ ਸਾਚੀ ਮੋਖ, ਚਰਨ ਦਵਾਰ ਇਕ ਵਖਾਇਆ । ਹੋਏ ਸਹਾਈ ਲੋਕ ਪਰਲੋਕ, ਦੋ ਜਹਾਨਾਂ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਵਾਨ ਆਪ ਅਖਵਾਇਆ ।

ਹਰਿ ਸੰਗਤ ਹਰਿ ਰੱਤ ਹੈ, ਸਾਚੀ ਰੱਤ ਉਪਾਏ । ਆਪੇ ਦੇ ਸਮਝਾਵੇ ਮਤ ਹੈ, ਏਕਾ ਬੂਝ ਬੁਝਾਏ । ਆਪ ਰਖਾਏ ਏਕਾ ਤਤ ਹੈ, ਇਕ ਗਿਆਨ ਦ੍ਰਿੜਾਏ । ਇਕ ਰਖਾਏ ਧੀਰਜ ਯਤ ਹੈ, ਸਤਿ ਸੰਤੋਖ ਸਮਾਏ । ਏਕਾ ਤੀਰਥ ਤਟ ਹੈ, ਪਾਰ ਕਿਨਾਰਾ ਇਕ ਵਖਾਏ । ਏਕਾ ਸਾਚਾ ਹੱਟ ਹੈ, ਏਕਾ ਵਣਜ ਕਰਾਏ । ਏਕਾ ਖੇਲ ਬਾਜ਼ੀਗਰ ਨੱਟ ਹੈ, ਹਰਿ ਸਾਚਾ ਆਪ ਕਰਾਏ । ਏਕਾ ਜੋਤੀ ਲਟ ਲਟ ਹੈ, ਏਕਾ ਘਰ ਜਗਾਏ । ਏਕਾ ਵਸੇ ਘਟ ਘਟ ਹੈ, ਘਟ ਘਟ ਡੇਰਾ ਲਾਏ । ਏਕਾ ਕਾਇਆ ਮਟ ਹੈ, ਏਕਾ ਰੰਗ ਰੰਗਾਏ । ਏਕਾ ਨਾਮ ਏਕਾ ਰਸਨਾ ਰਹੀ ਰਟ ਹੈ, ਏਕਾ ਏਕ ਅਲਾਏ । ਏਕਾ ਮੈਲ ਰਿਹਾ ਕੱਟ ਹੈ, ਏਕਾ ਰੋਗ ਗਵਾਏ । ਏਕਾ ਮਾਰੇ ਸਾਚੀ ਸੱਟ ਹੈ, ਏਕਾ ਤਾਲ ਵਜਾਏ । ਏਕਾ ਮੰਦਰ ਜਾਏ ਢੱਠ ਹੈ, ਏਕਾ ਬਣਤ ਬਣਾਏ । ਏਕਾ ਅਗਨੀ ਮਠ ਹੈ, ਏਕਾ ਰਿਹਾ ਤਪਾਏ । ਏਕਾ ਤੀਰਥ ਅਠ ਸਠ ਹੈ, ਏਕਾ ਮਾਣ ਰਖਾਏ । ਏਕਾ ਕਿਨਾਰਾ ਗੋਦਾਵਰੀ ਤਟ ਹੈ, ਆਪਣਾ ਆਪ ਉਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਹਰਿ ਸਮਾਏ । ਹਰਿਸੰਗਤ ਹਰਿ ਸਮਾਇਆ, ਆਪਣੀ ਜੋਤ ਜਗਾ । ਮੂਰਖ ਮੂੜ੍ਹੇ ਗਲੇ ਲਗਾਇਆ, ਫੜ ਫੜ ਪਾਏ ਰਾਹ । ਚਰਨ ਧੂੜੀ ਟਿੱਕਾ ਲਾਇਆ, ਰਸਨ ਜਪਾਏ ਨਾਂ । ਨਾਤਾ ਕੂੜੋ ਕੂੜੀ ਤੋੜ ਤੁੜਾਇਆ, ਇਕ ਵਖਾਏ ਸਾਚਾ ਥਾਂ । ਕਾਇਆ ਗੂੜ੍ਹੀ ਰੰਗ ਚੜ੍ਹਾਇਆ, ਹੰਸ ਬਣਾਏ ਕਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਠੰਡੀ ਛਾਂ । ਹਰਿਸੰਗਤ ਹਰਿ ਰਚਿਆ, ਰਚਣਹਾਰ ਕਰਤਾਰਾ । ਹਰਿ ਵੇਖੇ ਭਾਂਡਾ ਕੱਚਿਆ, ਪਰਖੇ ਪਰਖਣਹਾਰਾ । ਮਨ ਕਲੰਦਰ ਘਟ ਘਟ ਨੱਚਿਆ, ਖੇਲੇ ਖੇਲ ਜਗਤ ਦਵਾਰਾ । ਗੁਰਮੁਖ ਮੇਲਾ ਸਾਜਨ ਸੱਚਿਆ, ਘਰ ਸਾਚੇ ਇਕ ਮਨਾਰਾ । ਨਾ ਪੱਕਾ ਨਾ ਕੱਚਿਆ, ਨਾ ਇੱਟਾ ਨਾ ਗਾਰਾ । ਨਾ ਦਰਵਾਜ਼ਾ ਕੋਈ ਰੱਖਿਆ, ਕੀਆ ਬੰਦ ਕਿਵਾੜਾ । ਗ਼ਰੀਬ ਨਿਵਾਜ਼ਾ ਆਪੇ ਵਸਿਆ, ਆਪਣੀ ਕਿਰਪਾ ਧਾਰਾ । ਆਪਣੇ ਮੰਦਰ ਆਪੇ ਹੱਸਿਆ, ਗੁਰਮੁਖਾਂ ਕਰੇ ਪਿਆਰਾ । ਰਾਹ ਸਾਚਾ ਏਕਾ ਦੱਸਿਆ, ਗੁਰਚਰਨ ਸਾਚਾ ਗੁਰਦਵਾਰਾ । ਮਿਟੇ ਰੈਣ ਅੰਧੇਰੀ ਸ਼ਾਮਾ ਮੱਸਿਆ, ਨਾ ਦਿਸੇ ਧੂੰਆਂਧਾਰਾ । ਤੀਰ ਨਿਰਾਲਾ ਏਕਾ ਕਸਿਆ, ਕਲਜੁਗ ਤੇਰੀ ਅੰਤਮ ਵਾਰਾ । ਧੁਰਦਰਗਾਹੀ ਆਇਆ ਨੱਸਿਆ, ਲੋਕਮਾਤ ਲਏ ਉਭਾਰਾ । ਕੋਟਨ ਕੋਟ ਕਰੇ ਪਰਕਾਸ਼ ਰਵ ਸਸਿਆ, ਗੁਰਮੁਖ ਸਾਚੇ ਕਰ ਪਿਆਰਾ । ਹਰਿਸੰਗਤ ਹਰਿ ਹਿਰਦੇ ਅੰਦਰ ਵਸਿਆ, ਜਿਸ ਜਨ ਦੇਵੇ ਨਾਮ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਪਿਆਰਾ । ਹਰਿਸੰਗਤ ਹਰਿ ਨਾਮ ਜਪਾ, ਆਪਣਾ ਜਾਪ ਜਪਾਇਆ । ਤੀਨੋ ਤਾਪ ਦਏ ਮਿਟਾ, ਦਰਗਹਿ ਸਾਚੀ ਧਾਮ ਸੁਹਾਇਆ । ਨੈਣਾਂ ਰੋਗ ਦਏ ਗਵਾ, ਹਉਮੇ ਹੰਗਤਾ ਮੈਲ ਗਵਾਇਆ । ਸਾਚੀ ਸੰਗਤਾ ਦਏ ਬਣਾ, ਜੋ ਜਨ ਦਵਾਰੇ ਆਇਆ । ਭੁੱਖਾ ਨੰਗਤਾ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾ, ਊਚਾਂ ਨੀਚਾਂ ਗਲੇ ਲਗਾਇਆ । ਆਪੇ ਮੰਗਤਾ ਹੋਏ ਦੋ ਜਹਾਨਾਂ, ਗੁਰਮੁਖਾਂ ਦਰ ਦਵਾਰੇ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਸੰਗਤ ਹਰਿ ਸਾਚਾ ਸਾਜਨ, ਦੋ ਜਹਾਨਾ ਵਾਲੀ । ਪਾਰਬ੍ਰਹਮ ਵਡ ਰਾਜ ਰਾਜਨ, ਖੇਲੇ ਖੇਲ ਨਿਰਾਲੀ । ਕਲਜੁਗ ਅੰਤਮ ਰਚਿਆ ਕਾਜਨ, ਚਲੇ ਚਾਲ ਨਿਰਾਲੀ । ਜੋਤੀ ਜਾਮਾ ਦੇਸ ਮਾਝਨ, ਦੀਪਕ ਜਗੇ ਜੋਤ ਦਿਵਾਲੀ । ਆਪ ਆਪਣਾ ਸਾਜਿਆ ਸਾਜਨ, ਆਪਣੀ ਆਪ ਕਰੇ ਰਖਵਾਲੀ । ਆਪੇ ਚੜ੍ਹਿਆ ਸਾਚੇ ਤਾਜਨ, ਆਪੇ ਚਾਲ ਚਲੇ ਨਿਰਾਲੀ ।

੬੪ ੦੨

ਆਪੇ ਮਾਰਨਹਾਰਾ ਵਾਜਨ, ਗੁਰਮੁਖ ਸਾਚੇ ਆਪ ਉਠਾਲੀ । ਅੰਤਮ ਵੇਲੇ ਰੱਖਣ ਲਾਜਨ, ਹਰਿ ਜੋਤੀ ਨੂਰ ਅਕਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਸੰਗ ਨਿਭਾਲੀ । ਹਰਿਸੰਗਤ ਹਰਿ ਸੰਗ ਨਿਭਾਵਣਾ, ਆਪਣਾ ਰੰਗ ਰੰਗਾਇਆ । ਏਕਾ ਮਾਰਗ ਮਾਤ ਲਾਵਣਾ, ਏਕਾ ਥਾਨ ਮਿਲਾਇਆ । ਏਕਾ ਨਾਦ ਹਰਿ ਵਜਾਵਣਾ, ਏਕਾ ਘਰ ਸੁਹਾਇਆ । ਏਕਾ ਰਾਗ ਰਸਨ ਅਲਾਵਣਾ, ਏਕਾ ਧੁਨ ਉਪਜਾਇਆ । ਏਕਾ ਮਾਘ ਮਜਨ ਨੁਹਾਵਨਾ, ਅਠਸਠ ਮਾਣ ਗਵਾਇਆ । ਏਕਾ ਸੱਜਣ ਸਚ ਅਖਵਾਵਣਾ, ਜਗਤ ਠੱਗਣ ਆਪੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਵੇਖ ਵਖਾਵਣਾ । ਹਰਿਸੰਗਤ ਹਰਿ ਨੇਤਰ ਵੇਖ, ਹਰਿਜਨ ਦਏ ਵਡਿਆਈਆ । ਲਿਖਣਹਾਰਾ ਆਪੇ ਲੇਖ, ਆਪੇ ਮੇਟ ਮਿਟਾਈਆ । ਨੇਤਰ ਲੋਚਣ ਆਪੇ ਪੇਖ, ਸਗਲੀ ਚਿੰਦ ਮਿਟਾਈਆ । ਜੋਧਾ ਸੂਰ ਨਰ ਨਰੇਸ਼, ਮਹਿਮਾ ਅਗਣਤ ਨਾ ਕੋਇ ਗਣਾਈਆ । ਹਰਿਜਨ ਦਵਾਰੇ ਸਦਾ ਦਰਵੇਸ਼, ਰਿਹਾ ਅਲੱਖ ਜਗਾਈਆ । ਆਪੇ ਹੋਇਆ ਦਸ ਦਸਮੇਸ, ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਜੋਗ ਕਮਾਈਆ । ਹਰਿਸੰਗਤ ਹਰਿ ਸਾਚਾ ਜੋਗ, ਏਕਾ ਏਕ ਰਖਾਇੰਦਾ । ਏਕਾ ਰਸ ਏਕਾ ਭੋਗ, ਏਕਾ ਵੇਖ ਵਖਾਇੰਦਾ । ਏਕਾ ਲੇਖਾ ਧੁਰ ਸੰਜੋਗ, ਏਕਾ ਮੇਲ ਮਿਲਾਇੰਦਾ । ਏਕਾ ਕਟੇ ਹਉਮੇ ਰੋਗ, ਏਕਾ ਵੇਖ ਵਖਾਇੰਦਾ । ਏਕਾ ਦੇਵੇ ਦਰਸ ਅਮੋਘ, ਏਕਾ ਨੂਰ ਉਪਾਇੰਦਾ । ਨਾ ਕੋਈ ਹਰਖ਼ ਨਾ ਕੋਈ ਸੋਗ, ਆਲਸ ਨਿੰਦਰਾ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਵੇਖ ਵਖਾਇੰਦਾ । ਹਰਿਸੰਗਤ ਹਰਿ ਨਾਤਾ ਜੋੜ, ਸਾਚਾ ਜੋੜ ਜੁੜਾਇਆ । ਇਕ ਚੜ੍ਹਾਏ ਆਪਣੇ ਘੋੜ, ਆਪੇ ਰਿਹਾ ਦੌੜਾਇਆ । ਆਪ ਲਗਾਇਆ ਆਪਣਾ ਪੌੜ, ਡੰਡਾ ਆਪਣੇ ਹੱਥ ਰਖਾਇਆ । ਬ੍ਰਹਿਮੰਡਾ ਵੇਖੇ ਮਿੱਠਾ ਕੌੜ, ਲੱਖ ਚੁਰਾਸੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਫਾਸੀ ਕੱਟ ਵਖਾਇਆ । ਹਰਿਸੰਗਤ ਹਰਿ ਕਟੇ ਫਾਹ, ਰਾਏ ਧਰਮ ਨਾ ਦਏ ਸਜ਼ਾਈਆ । ਏਕਾ ਮਿਲਿਆ ਸਚ ਮਲਾਹ, ਗੁਰ ਗੋਬਿੰਦ ਸੰਗ ਰਖਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਪਰਮ ਪੁਰਖ ਅਖਵਾਈਆ । ਗੋਤਮ ਨਾਰੀ ਲਏ ਤਰਾ, ਸਤੀ ਅਹਿਲਿਆ ਪਾਰ ਕਰਾਈਆ । ਲੋਕਮਾਤੀ ਜੋਤ ਜਗਾ, ਗੁਰਮੁਖ ਸੁਰਤੀ ਨਾਉਂ ਰਖਾਈਆ । ਰਾਮ ਰਾਮਾ ਦੇਵੇ ਚਰਨ ਛੁਹਾ, ਆਪਣੀ ਦਇਆ ਕਮਾਈਆ । ਸਰ ਸਰੋਵਰ ਤਟ ਕਿਨਾਰੇ ਬਜਰ ਕਪਾਟੀ ਸਿਲਾ ਦਏ ਤੁੜਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਜੋਤ ਕਰੇ ਰੁਸ਼ਨਾਈਆ । ਹਰਿਸੰਗਤ ਡਗਮਗਾ, ਏਕਾ ਨੂਰ ਕਰੇ ਉਜਿਆਰਾ । ਏਕਾ ਜੋਤੀ ਦੀਪ ਜਗਾ, ਖੇਲੇ ਖੇਲ ਵਿਚ ਸੰਸਾਰਾ । ਏਕਾ ਗੋਤੀ ਦਏ ਬਣਾ, ਚਾਰ ਵਰਨਾਂ ਇਕ ਪਿਆਰਾ । ਏਕਾ ਸੋਟੀ ਹੱਥ ਉਠਾ, ਨਾਮ ਖੰਡਾ ਦੋ ਧਾਰਾ । ਸਾਧਾਂ ਸੰਤਾਂ ਧੀਰਜ ਯਤ ਲੰਗੋਟੀ ਦਏ ਤੁੜਾ, ਨਾ ਦਿਸੇ ਕੋਈ ਸਹਾਰਾ । ਕੋਟਨ ਕੋਟੀ ਲਏ ਉਠਾ, ਨਿਉਲੀ ਕਰਮ ਆਸਣ ਕਰਨ ਜਗ ਭਾਰਾ । ਕੋਟਨ ਕੋਟੀ ਲਏ ਹਲਾ, ਜੋ ਲਟਕੇ ਮੂੰਹ ਦੇ ਭਾਰਾ । ਕੋਟਨ ਕੋਟੀ ਵੇਖ ਵਖਾ, ਤੀਰਥ ਤੱਟਾਂ ਪਾਵੇ ਸਾਰਾ । ਕੋਟਨ ਕੋਟੀ ਦੇਵੇ ਮੇਟ ਮਿਟਾ, ਲੱਖ ਚੁਰਾਸੀ ਪਾਰ ਕਿਨਾਰਾ । ਗੁਰਮੁਖ ਚੋਟੀ ਦਏ ਚੜ੍ਹਾ, ਦਸਮ ਦਵਾਰੀ ਸਚ ਘਰ ਬਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਸੁਹਾਏ ਇਕ ਦਵਾਰਾ । ਇਕ ਦਵਾਰ ਏਕਾ ਘਰ, ਏਕਾ ਕਮਲਾਪਾਤੀ । ਏਕਾ

੬੫
੦੭



Rev-01

ਨਾਰੀ ਏਕਾ ਨਰ, ਏਕਾ ਦੀਵਾ ਬਾਤੀ । ਏਕਾ ਸਰੋਵਰ ਏਕਾ ਸਰ, ਏਕਾ ਨਹਾਵਣ ਨ੍ਹਾਤੀ । ਏਕਾ ਹਰੀ ਏਕਾ ਹਰਿ, ਇਕ ਚੜ੍ਹਾਏ ਸਾਚੀ ਘਾਟੀ । ਏਕਾ ਤਰਨੀ ਏਕਾ ਤਰ, ਏਕਾ ਤੀਰਥ ਏਕਾ ਤਾਟੀ । ਏਕਾ ਮਰਨੀ ਜਾਏ ਮਰ, ਗੁਰਚਰਨ ਸਰਨ ਸਰਨ ਚਰਨ ਗੁਰ ਲਹਿਣਾ ਦੇਣਾ ਚੁੱਕੇ ਬਾਕੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਮੇਲਾ ਸਾਚੇ ਦਰ, ਮੇਲ ਮਿਲਾਏ ਸੁੱਤਿਆਂ ਰਾਤੀ । ਗੁਰਮੁਖ ਸੁੱਤੇ ਸਾਚੀ ਰੈਣ, ਹਰਿ ਸਾਚਾ ਆਪ ਜਗਾਇੰਦਾ । ਦਰਸ ਦਿਖਾਏ ਸਾਚੇ ਨੈਣ, ਸਾਚਾ ਨੈਣ ਆਪ ਖੁਲ੍ਹਾਇੰਦਾ । ਭੇਵ ਨਾ ਪਾਇਣ ਸੱਜਣ ਮੀਤ ਭਾਈ ਭੈਣ, ਜਗਤ ਬਿਧਾਤਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਨਿਤ ਅਖਵਾਇੰਦਾ । ਇਕ ਇਕਾਂਤ ਹਰਿ ਬਨਵਾਰੀ, ਪਾਰਬ੍ਰਹਮ ਬੇਅੰਤਾ । ਜਨ ਭਗਤਾਂ ਪੈਜ ਰਿਹਾ ਸਵਾਰੀ, ਦੇਵੇ ਮਾਣ ਸਾਚੀ ਸੰਗਤਾ । ਦੇਵੇ ਦਰਸ ਵਾਰੋ ਵਾਰੀ, ਤੋੜੇ ਗੜ੍ਹ ਹੰਕਾਰੀ ਹੰਗਤਾ । ਕਾਇਆ ਮੰਦਰ ਸਚ ਅਟਾਰੀ, ਮਿਲੇ ਮੇਲਾ ਸ੍ਰੀ ਭਗਵੰਤਾ । ਨਿਰਮਲ ਜੋਤ ਕਰੇ ਉਜਿਆਰੀ, ਆਪ ਆਪਣਾ ਵੇਖ ਵਖੰਤਾ । ਸਾਚਾ ਸ਼ਬਦ ਸੱਚੀ ਧੁਨਕਾਰੀ, ਸਾਚਾ ਰਾਗ ਸੁਣੰਤਾ । ਸਾਚਾ ਸੋਹਲਾ ਮੰਗਲਾਚਾਰੀ, ਸਾਚਾ ਤਾਲ ਵਜੰਤਾ । ਸਾਚਾ ਦਰ ਖੋਲ੍ਹ ਕਿਵਾੜੀ, ਸਾਚਾ ਧਾਮ ਸੁਹੰਤਾ । ਸਾਚਾ ਪੁਰਖ ਹਰਿ ਸਾਚੀ ਨਾਰੀ, ਗੁਰ ਪਿਆਰੀ ਆਪ ਰਖੰਤਾ । ਫੜ ਉਠਾਏ ਭੁਜਾਂ ਪਸਾਰੀ, ਚਤੁਰਭੁਜ ਹਰਿ ਸਾਚਾ ਕੰਤਾ । ਅੰਗੀ ਅੰਗ ਕਰੇ ਇਕ ਦਵਾਰੀ, ਜੋ ਜਨ ਚਰਨ ਧਿਆਨ ਰਖੰਤਾ । ਮਿਲੇ ਮੇਲ ਸਚ ਦਰਬਾਰੀ, ਦਰ ਦਰਬਾਰਾ ਇਕ ਸੁਹੰਤਾ । ਥਿਰ ਘਰ ਬੈਠਾ ਹਰਿ ਨਿਰੰਕਾਰੀ, ਆਪ ਆਪਣਾ ਵੇਖ ਵਖੰਤਾ । ਗੁਰਮੁਖ ਸਾਜਣ ਸਦ ਬਲਹਾਰੀ, ਜਿਸ ਪਾਇਆ ਪੂਰਨ ਭਗਵੰਤਾ । ਹਰਿਸੰਗਤ ਤੇਰੀ ਪੈਜ ਸਵਾਰੀ, ਕਾਇਆ ਚੋਲੀ ਹਰਿ ਹਰਿ ਰੰਗਤਾ । ਨੰਗੇ ਚਰਨ ਫਿਰੇ ਦਵਾਰੀ, ਦਰ ਦਵਾਰੇ ਹੋਇਆ ਮੰਗਤਾ । ਪੌਣੀ ਭਿਛਿਆ ਏਕਾ ਵਾਰੀ, ਪੰਚ ਵਿਕਾਰਾ ਹੋਏ ਨੰਗਤਾ । ਦੇਵੇ ਨਾਮ ਸੱਚੀ ਖੁਮਾਰੀ, ਸਾਚੀ ਚੋਲੀ ਆਪੇ ਰੰਗਤਾ । ਲੌਣੀ ਸ਼ਬਦ ਇਕ ਉਡਾਰੀ, ਪਾਰ ਕਿਨਾਰਾ ਇਕ ਵਖੰਤਾ । ਕਾਇਆ ਗੜ੍ਹ ਤੁਟੇ ਹੰਕਾਰੀ, ਮਿਲੇ ਵਡਿਆਈ ਵਿਚ ਜੀਵ ਜੰਤਾ । ਗੁਰਮੁਖ ਮੇਲਾ ਦੂਜੀ ਵਾਰੀ, ਪ੍ਰਭ ਆਪ ਮਿਲਾਇਆ ਸਾਚੇ ਕੰਤਾ । ਭਰਮੇ ਭੁੱਲੇ ਜੀਵ ਗਵਾਰੀ, ਪ੍ਰਭ ਮਾਇਆ ਪਾਏ ਬੇਅੰਤਾ । ਹਰਿਸੰਗਤ ਹਰਿ ਢਹਿ ਪਏ ਦਵਾਰੀ, ਧੰਨ ਵਡਿਆਈ ਸਾਚੇ ਸੰਤਾ । ਸੰਤ ਸਾਜਨ ਸਚ ਸੁਹੇਲਾ, ਸਤਿਗੁਰ ਪੁਰਖ ਮਨਾਇਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਮੰਦਰ ਵੇਖਣ ਆਇਆ । ਦਰ ਘਰ ਸਾਚੇ ਚਾੜ੍ਹੇ ਤੇਲਾ, ਸਾਚਾ ਸਗਨ ਮਨਾਇਆ । ਪੰਚਮ ਸਖੀਆਂ ਮਿਲ ਮਿਲ ਪਾਇਣ ਵੇਲਾਂ, ਸਾਚਾ ਮੰਗਲ ਗਾਇਆ । ਨਾਮ ਸ਼ਬਦੀ ਰੰਗ ਨਵੇਲਾ, ਲਾਲ ਭੂਸ਼ਨ ਤਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਚਨ ਰਚਾਇਆ । ਬਸਤਰ ਭੂਸ਼ਨ ਸਾਚਾ ਗਹਿਣਾ, ਗੁਰਮੁਖ ਅੰਗ ਲਗਾਇੰਦਾ । ਨਾਮ ਕਜਲ ਸਾਚੇ ਨੈਣਾਂ, ਸਾਚੀ ਧਾਰ ਰਖਾਇੰਦਾ । ਗੁਰਚਰਨ ਦਵਾਰੇ ਸਾਚਾ ਬਹਿਣਾ, ਕਮਲਾਪਤੀ ਆਪ ਮਨਾਇੰਦਾ । ਏਕਾ ਸੇਜਾ ਸਦਾ ਰਹਿਣਾ, ਦੇ ਮਤ ਆਪ ਸਮਝਾਇੰਦਾ । ਏਕਾ ਧਾਮ ਅਕੱਠੇ ਬਹਿਣਾ, ਦੋਏ ਮੂਰਤੀ ਏਕਾ ਜੋਤ ਜਗਾਇੰਦਾ । ਗੁਰ ਸੰਗਤ ਗੁਰ ਮੰਨਣਾ ਕਹਿਣਾ, ਦੇ ਮਤ ਆਪ ਸਮਝਾਇੰਦਾ । ਕਲਜੁਗ ਮਾਇਆ ਵਿਚ ਨਾ ਵਹਿਣਾ, ਗੁਰ ਪੂਰਾ ਪਾਰ ਕਰਾਇੰਦਾ । ਲੱਖ ਚੁਰਾਸੀ ਭਾਣਾ ਸਹਿਣਾ ਪੈਣਾ, ਨਾ ਕੋਈ ਮੇਟ ਮਿਟਾਇੰਦਾ । ਅੰਤਮ ਨਾਤਾ ਤੁਟੇ ਮਾਤ ਪਿਤ ਭਾਈ ਭੈਣਾ, ਸਾਕ ਸੱਜਣ ਨਾ ਕੋਈ ਬਚਾਇੰਦਾ । ਨਾਮ ਸੁਹਾਗੀ ਏਕਾ

ਲੈਣਾ, ਸੋਹੰ ਸ਼ਬਦ ਸੁਣਾਇੰਦਾ । ਤਨ ਬੈਰਾਗੀ ਸੁਰਤੀ ਸੋਈ ਜਾਗੀ, ਪਾਇਆ ਹਰਿ ਵਡ ਭਾਗੀ, ਚਰਨ ਧੂੜ ਮਜਨ ਮਾਘੀ, ਹੰਸ ਬਣਾਏ ਕਾਗੀ, ਜਿਸ ਜਨ ਸਚ ਪ੍ਰੀਤੀ ਲਾਗੀ, ਸਾਚਾ ਮਾਰਗ ਇਕ ਵਖਾਇਆ । ਦੇਵੇ ਨਾਮ ਸੱਚਾ ਅਨਰਾਗੀ, ਦੁਰਮਤ ਮੈਲ ਧੋਵੇ ਦਾਗ਼ੀ, ਅਨਹਦ ਮਾਰੇ ਸਾਚੀ ਵਾਜੀ, ਬ੍ਰਹਿਮੰਡ ਖੋਜੇ ਆਦਿ ਜੁਗਾਦੀ, ਜੁਗ ਜੁਗ ਖੋਜ ਖੋਜਾਇਆ । ਰਸਨਾ ਗਾਏ ਨਾਮ ਸਵਾਦੀ, ਜਿਹਵਾ ਏਕਾ ਨਾਮ ਅਰਾਧੀ, ਸਰਵਨ ਸੁਣ ਸੁਣ ਹੋਏ ਸਮਾਧੀ, ਨਾਸਕਾ ਸੁੰਘੇ ਸ਼ਬਦ ਅਗਾਧੀ, ਨੈਣ ਦਰਸ਼ਨ ਮੋਹਣ ਮਾਧੀ, ਦਰ ਦਵਾਰਾ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਮੇਲ ਮਿਲਾਇਆ । ਮਿਲਿਆ ਮੇਲਾ ਪਾਰਬ੍ਰਹਮ, ਪਰਮ ਪੁਰਖ ਸੁਲਤਾਨਿਆ । ਹਰਿਸੰਗਤ ਤੇਰਾ ਏਕਾ ਧਰਮ, ਏਕਾ ਰੂਪ ਵਖਾਨਿਆ । ਏਕਾ ਜੋਗ ਏਕਾ ਕਰਮ, ਏਕਾ ਚਰਮ ਜਾਣਿਆ । ਏਕਾ ਮਿਲੀ ਸਾਚੀ ਸਰਨ, ਸਰਨ ਸਰਨਾਈ ਇਕ ਵਖਾਨਿਆ । ਏਕਾ ਕਰਤਾ ਕਰਨੀ ਕਰਨ, ਕਰਤਾ ਪੁਰਖ ਆਪ ਅਖਵਾਨਿਆ । ਏਕਾ ਧਰਤੀ ਧਰਤ ਧਰਨ, ਧਵਲ ਆਪ ਸੁਹਾਨਿਆ । ਆਪੇ ਖੋਲ੍ਹੇ ਹਰਨ ਫਰਨ, ਏਕਾ ਰੂਪ ਵਟਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਜਨ ਸਚ ਕਰੇ ਪਰਵਾਨਿਆ । ਦਰ ਘਰ ਸਾਚੇ ਕਰ ਪਰਵਾਨਾ, ਦੇਵੇ ਨਾਮ ਨਿਧਾਨਿਆ । ਸਾਚਾ ਬਖ਼ਸ਼ੇ ਤੀਰ ਕਮਾਨਾ, ਰਸਨਾ ਚਿੱਲਾ ਇਕ ਵਖਾਨਿਆ । ਆਤਮ ਅੰਤਰ ਬ੍ਰਹਮ ਗਿਆਨਾ, ਏਕਾ ਸ਼ਬਦ ਪੜ੍ਹਾਨਿਆ । ਸੋਹੰ ਬੰਨੇ ਹੱਥੀ ਗਾਨਾ, ਗੁਰ ਪੂਰਾ ਸਗਨ ਮਨਾਨਿਆ । ਮੇਲ ਮਿਲਾਏ ਦੋ ਜਹਾਨਾਂ, ਏਕਾ ਰਾਗ ਸੁਣਾਨਿਆ । ਇਕ ਵਖਾਏ ਪਦ ਨਿਰਬਾਨਾ, ਸਾਚਾ ਪਦ ਨਿਰਬਾਨਿਆ । ਹਰਿਜਨ ਸਾਚਾ ਸੁਘੜ ਸਿਆਨਾ, ਮੂਰਖ ਮੂੜ੍ਹ ਤਰਾਨਿਆ । ਨਾ ਕੋਈ ਪੂਜਾ ਪਾਠ ਵੇਦ ਪੁਰਾਨਾ, ਖਾਣੀ ਬਾਣੀ ਨਾ ਕੋਈ ਹਿਲਾਨਿਆ । ਨਾ ਕੋਈ ਆਇਤ ਸ਼ਰਾਇਤ ਅੰਜੀਲ ਕੁਰਾਨਾ, ਨਾ ਕੋਈ ਕਲਮਾ ਨਬੀ ਸਿਖਾਨਿਆ । ਨਾ ਕੋਈ ਤਿਲਕ ਮਸਤਕ ਟਿੱਕਾ ਆਪ ਲਗਾਣਾ, ਤ੍ਰਿਸੂਲ ਨਾ ਕੋਈ ਵਖਾਨਿਆ । ਏਕਾ ਦੇਵੇ ਨਾਮ ਨਿਧਾਨਾ, ਕਿਰਪਾ ਕਰ ਸ੍ਰੀ ਭਗਵਾਨਿਆ । ਗੁਰ ਪੂਰੇ ਸਾਚੇ ਚਰਨ ਧਿਆਨਾ, ਜਪ ਤਪ ਜੋਗ ਅਭਿਆਸ ਬੈਠੇ ਮੁਖ ਸ਼ਰਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਮੇਲ ਮਿਲਾਨਿਆ । ਸੱਜਣ ਹਰਿ ਹਰਿ ਸਾਚਾ ਮੀਤਾ, ਪੱਤਤ ਪਾਵਨ ਅਖਵਾਇਆ । ਆਪੇ ਜਾਣੇ ਆਪਣੀ ਰੀਤਾ, ਆਪੇ ਰਿਹਾ ਚਲਾਇਆ । ਆਪੇ ਰਾਮਾ ਆਪੇ ਸੀਤਾ, ਆਪੇ ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਆਪੇ ਜਾਣੇ ਅਰਜਨ ਗੀਤਾ, ਆਪੇ ਗਿਆਨ ਦ੍ਰਿੜਾਇਆ । ਆਪੇ ਮੰਦਰ ਆਪੇ ਮਸੀਤਾ, ਗੁਰੂਦਵਾਰੇ ਆਪ ਬਣਾਇਆ । ਆਪੇ ਹੋਏ ਸਦਾ ਅਤੀਤਾ, ਆਪੇ ਹਰ ਘਟ ਆਪ ਸਮਾਇਆ । ਆਪੇ ਹੋਏ ਨਾਮ ਅਨਡੀਠਾ, ਆਪੇ ਲੇਖਾ ਲੇਖ ਲਿਖਾਇਆ । ਆਪੇ ਕਰੇ ਕਰਾਏ ਕੌੜਾ ਰੀਠਾ, ਆਪੇ ਅੰਮ੍ਰਿਤ ਮੁਖ ਚੁਆਇਆ । ਆਪੇ ਚਾੜ੍ਹੇ ਰੰਗ ਮਜੀਠਾ, ਆਪੇ ਨਿਰਮਲ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਸੰਗਤ ਲਏ ਤਰਾਇਆ ।

ਹਰਿ ਮੂਰਤ ਅਕਾਲ, ਅਕਾਲ ਪੁਰਖ ਅਕਾਲਾ । ਸਤਿਗੁਰ ਪੁਰਖ ਦਿਆਲ, ਦੀਨਾਂ ਬੰਧਪ ਦੀਨ ਦਿਆਲਾ । ਪੰਜ ਤਤ ਨਾ ਦਿਸੇ ਖਾਲ,

ਜੋਤੀ ਨੂਰ ਇਕ ਉਜਾਲਾ । ਨਾ ਕੋਈ ਮੰਦਰ ਨਾ ਧਰਮਸਾਲ, ਨਾ ਕੋਈ ਦਿਸੇ ਸ਼ਿਵਦਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਗੁਰ ਗੋਪਾਲਾ । ਮੂਰਤ ਅਕਾਲ ਆਦਿ ਨਿਰੰਜਣ, ਅਲੱਖ ਅਗੰਮ ਅਪਾਰਾ । ਆਪ ਆਪਣਾ ਬਣਿਆ ਸੱਜਣ, ਆਪ ਆਪਣਾ ਲਏ ਅਵਤਾਰਾ । ਆਪ ਆਪਣਾ ਕਰਿਆ ਮਜਨ, ਆਪ ਆਪਣਾ ਮੀਤ ਮੁਰਾਰਾ । ਆਪ ਆਪਣਾ ਚਲਾਏ ਜਹਾਜ਼ਨ, ਆਪੇ ਆਪ ਹੋਏ ਅਸਵਾਰਾ । ਆਪ ਆਪਣਾ ਰਚਿਆ ਕਾਜਨ, ਆਪ ਆਪਣਾ ਕਾਜ ਸਵਾਰਾ । ਆਪ ਆਪਣਾ ਬਣਿਆ ਰਾਜਨ, ਆਪ ਸੁਹਾਏ ਬੰਕ ਦਵਾਰਾ । ਆਪ ਆਪਣੇ ਚੜ੍ਹਿਆ ਤਾਜਨ, ਆਪ ਆਪਣਾ ਕਰੇ ਸ਼ੰਗਾਰਾ । ਆਪ ਆਪਣੀ ਮਾਰੇ ਵਾਜਨ, ਆਪ ਆਪਣਾ ਸ਼ਬਦ ਕਰੇ ਜੈਕਾਰਾ । ਆਪ ਆਪਣੀ ਰੱਖੇ ਲਾਜਨ, ਆਪ ਆਪਣਾ ਹੋਏ ਪਹਿਰੇਦਾਰਾ । ਆਪੇ ਆਪ ਗ਼ਰੀਬ ਨਿਵਾਜਨ, ਆਪਣਾ ਆਪ ਹੋਏ ਰਖਵਾਰਾ । ਆਪ ਆਪਣਾ ਰਚਿਆ ਕਾਜਨ, ਘਰ ਸਾਚਾ ਸੋਹੇ ਇਕ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰਾ । ਅਕਾਲ ਮੂਰਤ ਹਰਿ ਭਗਵੰਤਾ, ਭਗਵਨ ਰੂਪ ਸਮਾਇਆ । ਆਪੇ ਆਦਿ ਆਪੇ ਅੰਤਾ, ਆਦਿ ਅੰਤ ਆਪ ਅਖਵਾਇਆ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇਆ । ਆਪੇ ਜੀਵ ਆਪੇ ਜੰਤਾ, ਜੀਵ ਜੰਤਾ ਆਪ ਅਖਵਾਇਆ । ਆਪੇ ਮਹਿਮਾ ਜਾਣੇ ਅਗਣਤਾ, ਆਪ ਆਪਣਾ ਲੇਖ ਲਿਖਾਇਆ । ਆਪੇ ਹਉਮੇ ਆਪੇ ਹੰਗਤਾ, ਆਪੇ ਗੜ੍ਹ ਤੁੜਾਇਆ । ਆਪੇ ਭੁੱਖਾ ਆਪੇ ਮੰਗਤਾ, ਆਪੇ ਮੰਗਣ ਆਇਆ । ਆਪੇ ਕਾਇਆ ਆਪੇ ਚੋਲੀ ਰੰਗਤਾ, ਆਪੇ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤ ਕਲਾ ਹਰਿ ਗੋਬਿੰਦਾ, ਪਰਮ ਪੁਰਖ ਸਮਾਣਾ । ਆਪ ਆਪਣੀ ਉਪਜਾਏ ਬਿੰਦਾ, ਆਪ ਆਪਣੇ ਵਿਚ ਟਿਕਾਣਾ । ਆਪੇ ਸਾਗਰ ਆਪੇ ਸਿੰਧਾ, ਆਪੇ ਤਾਲ ਸੁਹਾਨਾ । ਆਪੇ ਗਾਏ ਆਪੇ ਕਰੇ ਨਿੰਦਾ, ਆਪੇ ਭਾਗ ਲਗਾਣਾ । ਆਪੇ ਹੋਏ ਹਰਿ ਬਖ਼ਸ਼ਿੰਦਾ, ਆਪ ਆਪਣੀ ਦਇਆ ਕਮਾਨਾ । ਆਪੇ ਮੇਟਣਹਾਰਾ ਚਿੰਦਾ, ਆਪੇ ਰਾਗ ਅਲ੍ਹਾਣਾ । ਆਪੇ ਬ੍ਰਹਮਾ ਸ਼ਿਵ ਆਪੇ ਇੰਦਾ, ਸੁਰਪਤ ਰਾਜਾ ਆਪ ਅਖਵਾਣਾ । ਆਪੇ ਦਾਤਾ ਗੁਣੀ ਗਹਿੰਦਾ, ਆਪੇ ਗੁਰ ਗੁਰ ਰੂਪ ਸੁਹਾਣਾ । ਆਪੇ ਮਾਰਣਹਾਰਾ ਜਿੰਦਾ, ਆਪੇ ਖੋਲ੍ਹ ਵਖਾਣਾ । ਆਪੇ ਸਾਚੇ ਧਾਮ ਬਹਿੰਦਾ, ਥਿਰ ਘਰ ਆਪ ਸੁਹਾਣਾ । ਆਪੇ ਲੇਖਾ ਲੇਖ ਲਿਖੰਦਾ, ਆਪੇ ਮੇਟ ਮਿਟਾਣਾ । ਆਪੇ ਲਹਿਣਾ ਦੇਣਾ ਦਿੰਦਾ, ਆਪੇ ਮੂਲ ਚੁਕਾਣਾ । ਆਪੇ ਰਸਨਾ ਆਪੇ ਨਾਉਂ ਕਹਿੰਦਾ, ਕਹਿ ਕਹਿ ਆਪ ਸੁਣਾਣਾ । ਆਪੇ ਆਪਣੇ ਨਾਲ ਖਹਿੰਦਾ, ਆਪੇ ਯੁਧ ਕਰਾਣਾ । ਆਪੇ ਉਤਰ ਪੂਰਬ ਪੱਛਮ ਦੱਖਣ ਚੜ੍ਹਦਾ ਹੋਏ ਲਹਿੰਦਾ, ਦੱਖਣ ਪਹਾੜ ਆਪ ਸੁਹਾਣਾ । ਆਪੇ ਭਾਣਾ ਆਪਣਾ ਸਹਿੰਦਾ, ਆਪਣਾ ਭਾਣਾ ਹੱਥ ਰਖਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਵਸੇ ਆਪ ਟਿਕਾਣਾ । ਅਕਾਲ ਮੂਰਤ ਪੁਰਖ ਅਬਿਨਾਸ਼ਾ, ਆਪੇ ਆਪ ਅਖਵਾਇਆ । ਆਪਣਾ ਵੇਖੇ ਆਪ ਤਮਾਸ਼ਾ, ਵੇਖਣਹਾਰ ਆਪ ਹੋ ਜਾਇਆ । ਆਪੇ ਜੋਤੀ ਨੂਰ ਕਰੇ ਪਰਕਾਸ਼ਾ, ਅੰਧ ਅੰਧੇਰ ਆਪ ਅਖਵਾਇਆ । ਆਪੇ ਪ੍ਰਿਥਮੀ ਆਪੇ ਆਕਾਸ਼ਾ, ਗਗਨ ਪਤਾਲ ਆਪ ਅਖਵਾਇਆ । ਆਪੇ ਮੰਡਲ ਆਪੇ ਰਾਸਾ, ਚੰਦ ਸੂਰਜ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਵਖਾਇਆ । ਪੁਰਖ ਅਕਾਲ ਬੋਧ ਅਗਾਧਾ, ਅਗਾਧ ਬੋਧ ਸਮਾਇਆ । ਆਪੇ ਨਾਥ ਆਪੇ ਅਨਾਥਾ, ਦਇਆ ਨਿਧ ਆਪ ਅਖਵਾਇਆ । ਆਪੇ ਰਾਮ ਆਪੇ

ਦਸਰਾਥਾ, ਰਾਵਣ ਬਾਵਨ ਆਪ ਅਖਵਾਇਆ । ਆਪੇ ਵੇਦ ਆਪੇ ਗਾਥਾ, ਆਪੇ ਨਾਮ ਅਲਾਇਆ । ਆਪੇ ਪੰਜ ਤਤ ਕਰਿਆ ਸਾਥਾ, ਮਨ ਮਤ ਬੁਧ ਆਪ ਅਖਵਾਇਆ । ਆਪੇ ਚੜ੍ਹਿਆ ਆਪਣੇ ਰਾਥਾ, ਰਥ ਰਥਵਾਹੀ ਆਪ ਹੋ ਜਾਇਆ । ਆਪੇ ਹੋਏ ਤ੍ਰਿਲੋਕੀ ਨਾਥਾ, ਆਪੇ ਸਗਲਾ ਸੰਗ ਨਿਭਾਇਆ । ਆਪੇ ਸੀਸ ਆਪੇ ਮਸਤਕ ਆਪੇ ਮਾਥਾ, ਆਪੇ ਨੈਣ ਜੋਤ ਜਗਾਇਆ । ਆਪੇ ਮੁਖ ਆਪੇ ਨੱਕ, ਆਪੇ ਸਰਵਣ ਸੰਗ ਲਗਾਇਆ । ਆਪੇ ਰੰਗ ਆਪੇ ਸੰਗ, ਆਪੇ ਭੁਜਾਂ ਰਿਹਾ ਫੈਲਾਇਆ । ਆਪੇ ਗੋਦਾਵਰੀ ਆਪੇ ਗੰਗ, ਆਪੇ ਅੰਮ੍ਰਿਤ ਧਾਰਾ ਸਿੰਧ, ਆਪੇ ਰਿਹਾ ਮੁਖ ਚੁਆਇਆ । ਆਪੇ ਰੋਗ ਆਪੇ ਸੋਗ ਆਪੇ ਹਿਰਖ਼ ਆਪੇ ਚਿੰਦ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਸਵਾਇਆ । ਅਕਾਲ ਮੂਰਤ ਹਰਿ ਰਘੁਨਾਥ ਏਕਾ ਰੰਗ ਰੰਗਾਇਆ । ਆਪੇ ਖੇਲੇ ਖੇਲ ਤਮਾਸ਼, ਖੰਡਾ ਖੜਕ ਆਪ ਅਖਵਾਇਆ । ਆਪੇ ਭੂਪ ਦਾਸੀ ਦਾਸ, ਸਤਿ ਸਰੂਪ ਆਪ ਅਖਵਾਇਆ । ਆਪੇ ਮਾਈ ਆਪੇ ਮਾਪਾ, ਆਪੇ ਪਿਤਾ ਪੂਤ ਹੋ ਜਾਇਆ । ਆਪੇ ਆਪਣਾ ਥਾਪਨ ਥਾਪਾ, ਆਪੇ ਆਪਣੀ ਗੋਦ ਉਠਾਇਆ । ਆਪੇ ਆਪ ਜਪਾਏ ਆਪਣਾ ਜਾਪਾ, ਆਪੇ ਅਜਪਾ ਜਾਪ ਜਪਾਇਆ । ਆਪੇ ਪੁੰਨ ਆਪੇ ਪਾਪਾ, ਤੀਨੋ ਤਾਪਾ ਆਪ ਅਖਵਾਇਆ । ਆਪੇ ਇਕ ਇਕ ਅਕਾਂਤਾ, ਆਪੇ ਏਕਾ ਏਕ ਲਿਵ ਲਾਇਆ । ਆਪੇ ਦਿਵਸ ਆਪੇ ਰਾਤਾ, ਘੜੀ ਪਲ ਆਪ ਅਖਵਾਇਆ । ਆਪੇ ਜ਼ਾਤ ਆਪ ਅਜ਼ਾਤਾ, ਊਚ ਨੀਚ ਆਪ ਅਖਵਾਇਆ । ਆਪੇ ਭੈਣ ਆਪ ਭਰਾਤਾ, ਸਾਕ ਸੈਣ ਆਪ ਹੋ ਜਾਇਆ । ਆਪ ਨਾਰੀ ਕੰਤ ਸੁਹਾਤਾ, ਆਪੇ ਸਾਚੀ ਸੇਜ ਹੰਢਾਇਆ । ਆਪੇ ਦੇਵਣਹਾਰਾ ਦਾਤਾ, ਆਪਣੀ ਝੋਲੀ ਆਪ ਭਰਾਇਆ । ਆਪੇ ਹੋਏ ਨਾਰ ਕਮਜ਼ਾਤਾ, ਨਾਰ ਦੁਹਾਗਣ ਆਪ ਅਖਵਾਇਆ । ਆਪੇ ਵੇਖੇ ਮਾਰ ਝਾਕਾ, ਅੰਦਰ ਬਾਹਰ ਆਪ ਹੋ ਜਾਇਆ । ਆਪੇ ਬਣੇ ਆਪਣੀ ਬਰਾਤਾ, ਆਪ ਆਪਣਾ ਲਏ ਪਰਨਾਇਆ । ਆਪੇ ਸੁਣਾਏ ਸੁਹਾਗੀ ਛੰਤਾ, ਮੰਗਲਾਚਾਰ ਕਰਾਇਆ । ਆਪੇ ਜਾਣੇ ਆਪਣੀ ਗਾਥਾ, ਗਾਵਣਹਾਰ ਆਪ ਅਖਵਾਇਆ । ਆਪੇ ਚੜ੍ਹਿਆ ਆਪਣੇ ਰਾਥਾ, ਆਪਣੇ ਮਾਰਗ ਆਪੇ ਲਾਇਆ । ਆਪ ਨਿਭਾਏ ਆਪਣਾ ਸਾਥਾ, ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਜੋਤ ਜਗਾਇਆ । ਅਕਾਲ ਮੂਰਤ ਅਕਲ ਕਲ ਧਾਰੀ, ਕਰਤਾ ਏਕਾ ਏਕ ਅਖਵਾਇੰਦਾ । ਆਪੇ ਸੋਭਾ ਤਨ ਸ਼ੰਗਾਰੀ, ਫੂਲਨਹਾਰ ਆਪ ਅਖਵਾਇੰਦਾ । ਆਪੇ ਸਿੰਚੇ ਤਨ ਕਿਆਰੀ, ਆਪੇ ਬੀਜ ਪਾਇੰਦਾ । ਆਪੇ ਲਾਏ ਫੁਲ ਫੁਲਵਾੜੀ, ਆਪੇ ਰੁੱਤ ਸੁਹਾਇੰਦਾ । ਆਪੇ ਹੋਏ ਪਿਛੇ ਅਗਾੜੀ, ਆਪੇ ਮੁਖ ਛੁਪਾਇੰਦਾ । ਆਪੇ ਮੁੱਛ ਆਪੇ ਦਾੜ੍ਹੀ, ਆਪੇ ਸੀਸ ਕਟਾਇੰਦਾ । ਆਪੇ ਹਾਡੀ ਆਪੇ ਨਾੜੀ, ਲਹੂ ਮਿਝ ਆਪ ਅਖਵਾਇੰਦਾ । ਆਪੇ ਮਾਇਆ ਆਪੇ ਛਾਇਆ ਅਗਨੀ ਤਤ ਆਪੇ ਸਾੜੀ, ਆਪੇ ਅਗਨ ਬੁਝਾਇੰਦਾ । ਆਪੇ ਜੰਗਲ ਜੂਹ ਉਜਾੜ ਪਹਾੜੀ, ਆਪੇ ਆਸਣ ਲਾਇੰਦਾ । ਆਪੇ ਵੇਖੇ ਸਚ ਅਖਾੜੀ, ਆਪੇ ਹੱਥ ਉਠਾਇੰਦਾ । ਆਪੇ ਵੇਖੇ ਮੰਡਪ ਮਾੜੀ, ਆਪੇ ਅੰਤ ਮਿਟਾਇੰਦਾ । ਆਪੇ ਮੌਤ ਆਪੇ ਲਾੜੀ, ਆਪੇ ਘਰ ਘਰ ਫੇਰੀ ਪਾਇੰਦਾ । ਆਪੇ ਹੋਏ ਪੰਚਮ ਧਾੜੀ, ਪੰਚ ਵਿਕਾਰ ਆਪ ਅਖਵਾਇੰਦਾ । ਆਪੇ ਮਨ ਲਾਏ ਉਡਾਰੀ, ਆਪੇ ਬੰਧ ਬੰਧਾਇੰਦਾ । ਆਪੇ ਮਤ ਪਾਏ ਸਾਰੀ, ਮਤ ਮਤਵਾਲਾ ਆਪ ਅਖਵਾਇੰਦਾ । ਆਪੇ ਬਿਧੀ ਵੇਖ ਵਿਚਾਰੀ, ਆਪੇ ਬੂਝ ਬੁਝਾਇੰਦਾ । ਆਪੇ ਲੇਖਾ ਲੇਖ ਲਿਖਾਰੀ, ਆਪੇ ਮੇਟ ਮਿਟਾਇੰਦਾ । ਆਪੇ ਸ਼ਬਦ ਸੱਚੀ ਜੈਕਾਰੀ, ਆਪੇ ਨਾਅਰਾ ਲਾਇੰਦਾ । ਆਪੇ ਧੁਨ ਹੋਏ ਧੁਨਕਾਰੀ, ਅਨਾਦ

ਅਨਾਦੀ ਇਕ ਵਜਾਇੰਦਾ । ਆਪੇ ਜੋਤ ਹੋਏ ਨਿਰੰਕਾਰੀ, ਹਰ ਘਟ ਆਪੇ ਆਪ ਟਿਕਾਇੰਦਾ । ਆਪੇ ਬਾਵਨ ਭੇਖਾ ਧਾਰੀ, ਵਲ ਛਲ ਆਪ ਕਰਾਇੰਦਾ । ਆਪੇ ਮੋਹਣ ਮਾਧਵ ਹਰਿ ਗਿਰਧਾਰੀ, ਆਪੇ ਗਿਰਵਰ ਰੂਪ ਸਮਾਇੰਦਾ । ਆਪ ਆਪਣੀ ਲਾਏ ਯਾਰੀ, ਆਪੇ ਤੋੜ ਵਖਾਇੰਦਾ । ਆਪ ਆਪਣਾ ਹੋਏ ਦਰਬਾਰੀ, ਦਰ ਦਰਬਾਰ ਆਪ ਸੁਹਾਇੰਦਾ । ਆਪੇ ਕਰੇ ਘਰ ਸਚ ਅਸਵਾਰੀ, ਆਪੇ ਆਸਣ ਸਾਚਾ ਲਾਇੰਦਾ । ਆਪੇ ਮਾਰੀ ਇਕ ਉਡਾਰੀ, ਆਪੇ ਮੂੰਹ ਦੇ ਭਾਰ ਸੁਟਾਇੰਦਾ । ਆਪੇ ਬੰਨੇ ਆਪਣੀ ਧਾਰੀ, ਆਪ ਆਪਣਾ ਵੇਖ ਵਖਾਇੰਦਾ । ਆਪੇ ਏਕਾ ਏਕੰਕਾਰੀ, ਆਪੇ ਓਅੰਕਾਰਾ ਰੂਪ ਸੁਹਾਇੰਦਾ । ਆਪੇ ਨਾਮ ਖੰਡਾ ਤੇਜ਼ ਕਟਾਰੀ, ਆਪੇ ਆਪਣੇ ਅੰਗ ਕਟਾਇੰਦਾ । ਆਪੇ ਜੋਧਾ ਸੂਰ ਬਲੀ ਬਲਕਾਰੀ, ਆਪੇ ਤੀਰ ਕਮਾਨ ਚਲਾਇੰਦਾ । ਆਪੇ ਗੜ੍ਹ ਆਪੇ ਹੰਕਾਰੀ, ਆਪੇ ਭੰਨ ਵਖਾਇੰਦਾ । ਆਪੇ ਲੜ ਬੰਨੇ ਸੰਸਾਰੀ, ਆਪੇ ਤੋੜ ਵਖਾਇੰਦਾ । ਆਪੇ ਵੇਖੇ ਚੜ੍ਹ ਉਚ ਅਟਾਰੀ, ਆਪੇ ਕੀਟਾਂ ਵਿਚ ਸਮਾਇੰਦਾ । ਆਪੇ ਮਹਿਮਾ ਜਾਣੇ ਅਪਾਰੀ, ਆਪ ਆਪਣਾ ਵੇਖ ਵਖਾਇੰਦਾ । ਅਕਾਲ ਮੂਰਤ ਮੂਰਤ ਇਕ ਨਿਆਰੀ, ਏਕਾ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਅਖਵਾਇੰਦਾ । ਅਕਾਲ ਮੂਰਤ ਏਕਾ ਪੂਜਾ, ਏਕਾ ਰੂਪ ਸਮਾਇਆ । ਨਾ ਕੋਈ ਮਿਸਰੀ ਨਾ ਕੋਈ ਕੂਜਾ, ਨਾ ਕੋਈ ਭੇਟ ਚੜ੍ਹਾਇਆ । ਨਾ ਕੋਈ ਚੇਲਾ ਗੁਰੂ ਦਿਸੇ ਦੂਜਾ, ਨਾ ਕੋਈ ਦਰ ਖੁਲ੍ਹਾਇਆ । ਨਾ ਕੋਈ ਭੇਵ ਖੁਲ੍ਹਾਏ ਗੂਝਾ, ਨਾ ਕੋਈ ਪੜਦਾ ਪਾਇਆ । ਨਾ ਕੋਈ ਜਗਤ ਸ਼ਹੀਦੀ ਝੂਝਾ, ਨਾ ਕੋਈ ਸੀਸ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਅਕਾਲ ਮੂਰਤ ਅਨਕ ਕਲ ਧਾਰੀ, ਨੈਨਨ ਨੈਣ ਸਮਾਇਆ । ੭੦
੭੦
੦੨ ਆਪੇ ਵੇਦ ਸ਼ਾਸਤਰ ਆਪੇ ਪੁਰਾਨ ਪੁਜਾਰੀ, ਆਪੇ ਹਵਨ ਕਰਾਇਆ । ਆਪੇ ਖੇਲੇ ਖੇਲ ਖਿਲਾਰੀ, ਖੇਲਣਹਾਰ ਆਪ ਅਖਵਾਇਆ । ਆਪੇ ਉਤਭੁਜ ੦੨
ਆਪੇ ਸੇਤਜ , ਜੇਰਜ ਅੰਡ ਆਪ ਹੋ ਜਾਇਆ । ਆਪੇ ਪਰਬਤ ਆਪ ਪਹਾੜੀ, ਸਾਗਰ ਸਿੰਧ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇਆ । ਅਕਾਲ ਮੂਰਤ ਹਰਿ ਪਾਏ ਵੰਡਾ, ਆਪਣੀ ਵੰਡ ਵੰਡਾਈਆ । ਆਪ ਉਪਾਏ ਹਰਿ ਬ੍ਰਹਿਮੰਡਾ, ਬ੍ਰਹਿਮੰਡਾ ਵਿਚ ਸਮਾਈਆ । ਆਪੇ ਜਾਣੇ ਆਪਣਾ ਕੰਢਾ, ਆਪੇ ਲਿਆ ਉਪਾਈਆ । ਆਪੇ ਸੁਹਾਗੀ ਆਪੇ ਰੰਡਾ, ਆਪੇ ਸਾਂਗ ਵਰਤਾਈਆ । ਆਪੇ ਤੱਤਾ ਆਪੇ ਠੰਡਾ, ਸਾਂਤਕ ਰੂਪ ਆਪ ਹੋ ਜਾਈਆ । ਆਪੇ ਹੋਏ ਖੰਡ ਖੰਡਾ, ਆਪੇ ਆਪਣੀ ਵੰਡ ਵੰਡਾਈਆ । ਆਪੇ ਭੇਖ ਆਪੇ ਪਖੰਡਾ, ਆਪੇ ਦਏ ਮਿਟਾਈਆ । ਆਪੇ ਤੇਜ਼ ਕਟਾਰੀ ਖੰਡਾ, ਆਪ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਜੋਤੀ ਨੂਰ ਹਰਿ ਨਿਰੰਕਾਰਾ, ਨਿਰਵੈਰ ਰੂਪ ਅਖਵਾਇਆ । ਆਪ ਆਪਣੀ ਬੰਨੇ ਧਾਰਾ, ਆਪਣਾ ਸ਼ਬਦ ਚਲਾਇਆ । ਸ਼ਬਦ ਸੁਤ ਅਪਰ ਅਪਾਰਾ, ਸਾਚਾ ਮਾਰਗ ਲਾਇਆ । ਲੋਆਂ ਪੁਰੀਆਂ ਕਰ ਪਸਾਰਾ, ਆਪਣਾ ਵੇਖ ਵਖਾਇਆ । ਧਰਤ ਧਵਲ ਦਏ ਸਹਾਰਾ, ਅਕਾਸ਼ ਪਰਕਾਸ਼ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੀ ਭਿਛਿਆ ਆਪਣੀ ਝੋਲੀ ਪਾਇਆ । ਆਪਣੀ ਇਛਿਆ ਆਪੇ ਕਰ, ਆਪਣਾ ਰੂਪ ਉਪਾਇਆ । ਆਪਣੇ ਅੰਦਰ ਆਪੇ ਧਰ, ਆਪੇ ਬਾਹਰ ਕਢਾਇਆ । ਆਪ ਫੜਾਇਆ ਆਪਣਾ ਲੜ, ਆਪੇ ਸੰਗ ਨਿਭਾਇਆ । ਪਾਰਬ੍ਰਹਮ ਬ੍ਰਹਮ ਲਿਆ ਘੜ, ਬ੍ਰਹਮ ਬ੍ਰਹਮ ਅਖਵਾਇਆ । ਜੋਤੀ ਜੋਤ ਸਰੂਪ ਹਰਿ,


Rev-01

ਆਪ ਆਪਣੀ ਕਿਰਪਾ ਕਰ, ਆਪ ਆਪਣਾ ਅੰਗ ਕਟਾਇਆ । ਏਕਾ ਬ੍ਰਹਮ ਇਕ ਜਣਾਈ, ਇਕ ਗਿਆਨ ਦ੍ਰਿੜਾਇੰਦਾ । ਏਕਾ ਰਾਮ ਸਚ ਗੁਸਾਈਂ, ਏਕਾ ਰੂਪ ਅਖਵਾਇੰਦਾ । ਏਕਾ ਭੁਜ ਏਕਾ ਬਾਹੀਂ, ਚਤੁਰਭੁਜ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਆਪ ਆਪਣਾ ਪਾਏ ਹਿੱਸਾ, ਆਪਣੀ ਕਲ ਧਾਰਿਆ । ਪੁਰਖ ਅਬਿਨਾਸ਼ ਕਿਸੇ ਨਾ ਦਿਸਾ, ਆਪੇ ਜਾਣੇ ਆਪਣੀ ਕਾਰਿਆ । ਖੇਲੇ ਖੇਲ ਦਹਿ ਦਿਸ਼ਾ, ਚਾਰੋਂ ਕੁੰਟ ਪਸਰ ਪਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਣਜ ਕਰੇ ਵਾਪਾਰਿਆ । ਸਾਚਾ ਵਣਜ ਆਪ ਕਰਾਏ, ਅਕਲ ਕਲਾ ਕਲ ਧਾਰਾ । ਲੋਕਮਾਤ ਹਰਿ ਵੰਡ ਵੰਡਾਏ, ਖੇਲੇ ਖੇਲ ਅਪਰ ਅਪਾਰਾ । ਸਤਿਜੁਗ ਸਾਚਾ ਨਾਉਂ ਧਰਾਏ, ਦੇਵੇ ਨਾਮ ਅਧਾਰਾ । ਏਕਾ ਰੂਪ ਆਪ ਅਖਵਾਏ, ਮਹਿਮਾ ਅਨੂਪ ਨਾ ਪਾਏ ਸਾਰਾ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਦਏ ਸਹਾਰਾ । ਲੱਖ ਚੁਰਾਸੀ ਆਪ ਸਮਾ, ਆਪਣੀ ਜੋਤ ਜਗਾਈਆ । ਪਾਰਬ੍ਰਹਮ ਬ੍ਰਹਮ ਸੇਵਾ ਲਾ, ਆਪਣੀ ਕਾਰ ਕਮਾਈਆ । ਏਕਾ ਵਿਦਿਆ ਰਿਹਾ ਪੜ੍ਹਾ, ਏਕਾ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਵਖਾਈਆ । ਲੋਕਮਾਤ ਹਰਿ ਵੇਖਣਹਾਰਾ, ਆਪਣਾ ਰੂਪ ਵਟਾਇੰਦਾ । ਆਪੇ ਲਏ ਆਪ ਅਵਤਾਰਾ, ਆਪੇ ਇਸ਼ਟ ਅਖਵਾਇੰਦਾ । ਆਪੇ ਜਾਣੇ ਆਪਣੀ ਕਾਰਾ, ਆਪੇ ਕਿਰਿਆ ਕਿਰਤ ਕਮਾਇੰਦਾ । ਆਪੇ ਪੂਤ ਸਪੂਤਾ ਹੋਇਆ ਸੰਤ ਕਮਾਰਾ, ਵਰ ਸਰਾਫਾ ਆਪ ਦਵਾਇੰਦਾ । ਆਪੇ ਲਛਮੀ ਬਹੇ ਦਵਾਰਾ, ਆਪੇ ਬਸਤਰ ਭੂਸ਼ਨ ਤਨ ਸਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਸਤਿਜੁਗ ਸਾਚੀ ਵੰਡ ਵੰਡਾਈ, ਆਪਣਾ ਅੰਗ ਕਟਾਇਆ । ਨਾ ਕੋਈ ਵੇਖੇ ਵੇਖ ਵਖਾਈ, ਦਿਸ ਕਿਸੇ ਨਾ ਆਇਆ । ਪੁਰਖ ਅਬਿਨਾਸ਼ੀ ਵੇਖੇ ਥਾਉਂ ਥਾਈਂ, ਆਵਣ ਜਾਵਣ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਝੋਲੀ ਪਾਇਆ । ਕਲਜੁਗ ਅੰਤਮ ਚੌਥੇ ਜੁਗ, ਹਰਿ ਸਚ ਕਰੀ ਕੁੜਮਾਈਆ । ਸਤਿਜੁਗ ਪੈਂਡਾ ਗਿਆ ਮੁੱਕ, ਤ੍ਰੇਤਾ ਲਏ ਅੰਗੜਾਈਆ । ਖੇਲੇ ਖੇਲ ਅਬਿਨਾਸ਼ੀ ਅਚੁੱਤ, ਆਪ ਆਪਣਾ ਵੇਸ ਵਟਾਈਆ । ਆਪੇ ਹੋਇਆ ਦਸਰਥ ਸੁੱਤ, ਧਨੁੱਖ ਬਿਬਾਣਾਂ ਆਪ ਉਠਾਈਆ । ਆਪੇ ਰਾਵਣ ਰਿਹਾ ਲੁੱਟ, ਲੰਕਾ ਗੜ੍ਹ ਆਪ ਤੁੜਾਈਆ । ਆਪੇ ਜੜ ਰਿਹਾ ਪੁੱਟ, ਗਗਨ ਪਤਾਲਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਤ੍ਰੇਤੇ ਤੇਰੀ ਬੰਨੀ ਧਾਰ, ਤੇਰਾ ਰੰਗ ਰੰਗਾਇਆ । ਕਿਰਿਆ ਕਿਰਤ ਕਰਮ ਵਿਚਾਰ, ਹਰਿ ਸਾਚੇ ਮੇਲ ਮਿਲਾਇਆ । ਧੀਰਜ ਧੀਰ ਦਏ ਸੰਸਾਰ, ਰਾਮ ਰਾਮਾ ਨਾਮ ਜਪਾਇਆ । ਆਪੇ ਜਾਣੇ ਆਪਣੀ ਧਾਰ, ਆਪਣਾ ਭੇਖ ਵਟਾਇਆ । ਤ੍ਰੇਤਾ ਸੁੱਤਾ ਪੈਰ ਪਸਾਰ, ਪ੍ਰਭ ਆਪਣੀ ਝੋਲੀ ਪਾਇਆ । ਦੁਆਪਰ ਤੇਰਾ ਲੈ ਅਵਤਾਰ, ਲੋਕਮਾਤੀ ਫੇਰਾ ਪਾਇਆ । ਰੂਪ ਅਨੂਪਾ ਅਗੰਮ ਅਪਾਰ, ਅਗੰਮ ਅਗੋਚਰ ਆਪ ਅਖਵਾਇਆ । ਲੇਖਾ ਲਿਖਣਹਾਰ ਕਰਤਾਰ, ਲੇਖਾ ਲਿਖਣ ਵਿਚ ਕਿਸੇ ਨਾ ਆਇਆ । ਜੋਤ ਸਰੂਪੀ ਕਰ ਆਕਾਰ, ਏਕਾ ਜੋਤ ਜਗਾਇਆ । ਸੋਲਾਂ ਕਲੀਆਂ ਤਨ ਸ਼ੰਗਾਰ, ਸੋਲਾਂ ਕਲ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਵਲ ਸੁੰਦਰ ਮੋਹਣ ਮਾਧਵ ਸਾਚੇ ਮੰਡਲ ਮੁਕਟ ਬੈਨ ਕਵਲ ਨੈਨ ਆਪ ਅਖਵਾਇਆ । ਕਵਲ ਨੈਣਾਂ ਨੈਣ ਮੁੰਧਾਰੀ, ਨਰ ਨਰਾਇਣ ਅਖਵਾਇਆ । ਖੇਲੇ

ਖੇਲ ਅਪਰ ਅਪਾਰੀ, ਆਪ ਆਪਣਾ ਵੇਖਣ ਆਇਆ । ਨਾ ਕੋਈ ਸ਼ਸਤਰ ਨਾ ਤੇਜ਼ ਕਟਾਰੀ, ਨਾ ਕੋਈ ਬਾਣ ਚਲਾਇਆ । ਆਪਣੀ ਕਲ ਆਪੇ ਧਾਰੀ, ਆਪਣਾ ਖੇਲ ਰਚਾਇਆ । ਆਪਣੇ ਰਥ ਕਰ ਅਸਵਾਰੀ, ਆਪਣੀ ਲਾਏ ਉਡਾਰੀ, ਆਪੇ ਸਾਰਥੀ ਆਪੇ ਮਹਾਂਸਾਰਥੀ, ਆਪੇ ਜੂਏ ਬਾਜ਼ੀ ਜਾਏ ਹਾਰੀ, ਖੇਲਣਹਾਰ ਆਪ ਅਖਵਾਇਆ । ਦੁਆਪਰ ਤੇਰੀ ਅੰਤ ਕਿਨਾਰੀ, ਲਹਿਣਾ ਦੇਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਘਰ ਸੁਹਾਇਆ । ਸਾਚਾ ਘਰ ਹਰਿ ਕਰਤਾਰਾ, ਏਕਾ ਏਕ ਰਖਾਇਆ । ਆਪੇ ਆਪਣਾ ਬਣ ਵਰਤਾਰਾ, ਆਪਣਾ ਆਪ ਆਪ ਵਰਤਾਇਆ । ਆਪੇ ਬਣੇ ਜਗਤ ਭੰਡਾਰਾ, ਆਪੇ ਬੰਦ ਕਰਾਇਆ । ਆਪੇ ਸਤਿਜੁਗ ਤ੍ਰੇਤਾ ਦੁਆਪਰ ਦਏ ਆਧਾਰਾ, ਆਪੇ ਮੁਖ ਭਵਾਇਆ । ਆਪੇ ਕਲਜੁਗ ਹੋਏ ਮੀਤ ਮੁਰਾਰਾ, ਲੋਕਮਾਤੀ ਜਨਮ ਦਵਾਇਆ । ਆਪੇ ਕਰੇ ਕਾਲਾ ਸੂਸਾ ਤਨ ਸ਼ੰਗਾਰਾ, ਤ੍ਰੈਗੁਣ ਮਾਇਆ ਤੇਲ ਚੜ੍ਹਾਇਆ । ਆਪੇ ਹੋਏ ਹੰਗਤਾ, ਆਪੇ ਜੂਠ ਝੂਠ ਵਿਕਾਰਾ ਨਾਉਂ ਰਖਾਇਆ । ਆਪੇ ਸਾਜਨ ਆਪੇ ਸੰਗਤਾ, ਆਪੇ ਸਤਿਗੁਰ ਰੂਪ ਸਮਾਇਆ । ਆਪੇ ਭੇਖੀ ਆਪੇ ਮੰਗਤਾ, ਮੰਗਣਹਾਰ ਆਪ ਅਖਵਾਇਆ । ਆਪੇ ਭੁੱਖਾ ਆਪੇ ਨੰਗਤਾ, ਆਪੇ ਨੇਤਰ ਰੋ ਰੋ ਨੀਰ ਵਹਾਇਆ । ਆਪੇ ਨਾਨਕ ਆਪੇ ਅੰਗਦਾ, ਆਪੇ ਸੰਗ ਮੁਹੰਮਦ ਚਾਰ ਯਾਰੀ ਰਿਹਾ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਆਪ ਅਖਵਾਇਆ । ਪੁਰਖ ਅਕਾਲਾ ਹਰਿ ਸਾਜਨ ਮੀਤਾ, ਆਪਣਾ ਆਪ ਅਖਵਾਇੰਦਾ । ਆਪੇ ਜਾਣੇ ਰਾਜ ਜੋਗ ਸਾਚੀ ਨੀਤਾ, ਆਪੇ ਸਾਚਾ ਕਰਮ ਕਮਾਇੰਦਾ । ਆਪੇ ਪਾਰਬ੍ਰਹਮ ਪੁਰਖ ਅਬਿਨਾਸ਼ੀ ਕਰਤਾ ਹੋਏ ਪੱਤਤ ਪੁਨੀਤਾ, ਪੱਤਤ ਪਾਵਨ ਆਪ ਅਖਵਾਇੰਦਾ । ਆਪੇ ਰਾਮਾ ਆਪੇ ਸੀਤਾ, ਆਪੇ ਕਾਜ ਰਚਾਇੰਦਾ । ਆਪੇ ਅਰਜਨ ਆਪੇ ਗੀਤਾ, ਆਪੇ ਗਿਆਨ ਜਣਾਇੰਦਾ । ਆਪੇ ਬੈਠ ਸਦਾ ਅਤੀਤਾ, ਨਿਰਗੁਣ ਰੂਪ ਅਖਵਾਇੰਦਾ । ਆਪੇ ਹਸਤ ਆਪੇ ਕੀਟਾ, ਨੀਕਨ ਨੀਕ ਆਪ ਹੋ ਜਾਇੰਦਾ । ਆਪੇ ਕੌੜਾ ਆਪੇ ਮੀਠਾ, ਰਸਨਾ ਰਸ ਵੇਖ ਵਖਾਇੰਦਾ । ਆਪੇ ਹੋਏ ਸ਼ਬਦ ਅਨਡੀਠਾ, ਆਪੇ ਗੁਰ ਸ਼ਬਦ ਉਪਜਾਇੰਦਾ । ਆਪੇ ਮੜੀ ਗੋਰ ਬਣੇ ਅੰਗੀਠਾ, ਆਪੇ ਧਰਤੀ ਵਿਚ ਦਬਾਇੰਦਾ । ਆਪੇ ਚਾੜ੍ਹੇ ਰੰਗ ਮਜੀਠਾ, ਆਪੇ ਵੇਖ ਵਖਾਇੰਦਾ । ਆਪੇ ਪੀਸਨ ਆਪੇ ਪੀਠਾ, ਆਪਣੀ ਚੱਕੀ ਆਪ ਚਲਾਇੰਦਾ । ਆਪੇ ਹਾਰੇ ਆਪੇ ਜੀਤਾ, ਆਪੇ ਯੁਧ ਕਰਾਇੰਦਾ । ਆਪੇ ਪਰਖਣਹਾਰਾ ਨੀਤਾ, ਨੀਤ ਅਨੀਤਾ ਆਪ ਹੋ ਜਾਇੰਦਾ । ਆਪੇ ਜਾਣੇ ਅਗਲਾ ਪਿਛਲਾ ਬੀਤਾ, ਕਰਨਹਾਰ ਆਪ ਅਖਵਾਇੰਦਾ । ਆਪੇ ਪਿਤਾ ਆਪੇ ਪੂਤਾ, ਆਪੇ ਭਗਤੀ ਲਾਇੰਦਾ । ਆਪ ਉਠਾਇਆ ਗੋਬਿੰਦ ਸੁੱਤਾ, ਆਪਣੀ ਦਇਆ ਕਮਾਇੰਦਾ । ਦੁਸ਼ਟ ਦਮਨ ਮਨਾਇਆ ਰੂਠਾ, ਹਿਮਾਚਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਅਕਾਲਾ ਆਪ ਅਖਵਾਇੰਦਾ । ਆਪੇ ਗੋਬਿੰਦ ਆਪੇ ਗੁਰ, ਆਪ ਗੋਬਿੰਦ ਅਖਵਾਈਆ । ਆਪੇ ਸ਼ਬਦ ਆਪੇ ਸੁਰ, ਆਪੇ ਤਾਲ ਵਜਾਈਆ । ਆਪੇ ਚਰਨੀ ਜਾਏ ਜੁੜ, ਆਪੇ ਸੀਸ ਝੁਕਾਈਆ । ਆਪੇ ਅੰਤਮ ਜਾਏ ਬੌਹੜ, ਆਪੇ ਮੇਲ ਮਿਲਾਈਆ । ਆਪ ਚੜ੍ਹਾਏ ਸਾਚੇ ਘੋੜ, ਆਪੇ ਰਿਹਾ ਦੌੜਾਈਆ । ਆਪੇ ਵਾਗਾਂ ਰਿਹਾ ਮੋੜ, ਆਪੇ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੀ ਵਡਿਆਈਆ । ਆਪੇ ਸੱਜਣ ਗੁਰ ਗੋਬਿੰਦਾ, ਆਪੇ ਗੋਬਿੰਦ ਰੂਪ ਸਮਾਇਆ । ਆਪੇ ਹੋਏ ਹਰਿ ਬਖ਼ਸ਼ਿੰਦਾ, ਬਖ਼ਸ਼ਣਹਾਰ ਨਾਮ ਰਖਵਾਇਆ । ਆਪੇ ਉਪਾਏ ਸਾਚੀ ਬਿੰਦਾ, ਸਾਚਾ ਨਾਉਂ ਧਰਾਇਆ । ਆਪੇ ਤੋੜਨਹਾਰਾ ਜਿੰਦਾ,

ਦੋ ਜਹਾਨਾਂ ਏਕਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਪੇ ਰੰਗਣਹਾਰ ਲਿਲਾਰੀ, ਆਪੇ ਰੰਗੇ ਚੋਲਾ । ਆਪੇ ਖੇਲੇ ਖੇਲ ਨਿਰਾਲੀ, ਆਪੇ ਗਾਏ ਆਪਣਾ ਢੋਲਾ । ਆਪੇ ਜੋਤ ਹੋਏ ਨਿਰੰਕਾਰੀ, ਨਿਰੰਕਾਰ ਨਾਨਕ ਆਪੇ ਬੋਲਾ । ਆਪੇ ਹੋਏ ਅਕਲ ਕਲਾ ਕਲ ਧਾਰੀ, ਆਪ ਆਪਣਾ ਬਣਿਆ ਤੋਲਾ, ਆਪ ਆਪਣੀ ਪੈਜ ਸਵਾਰੀ । ਆਪ ਆਪਣਾ ਖੇਲੇ ਹੋਲਾ, ਆਪ ਆਪਣੀ ਕਰ ਅਸਵਾਰੀ । ਆਪ ਆਪਣਾ ਆਪੇ ਫੋਲਾ, ਆਪ ਆਪਣੀ ਕਰ ਜੋਤ ਉਜਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਸ਼ਬਦ ਜੈਕਾਰੀ । ਸ਼ਬਦ ਜੈਕਾਰਾ ਹਰਿ ਨਿਰੰਕਾਰਾ, ਏਕਾ ਏਕ ਅਲਾਇਆ । ਗੁਰ ਗੋਬਿੰਦਾ ਕਰਿਆ ਖ਼ਬਰਦਾਰਾ, ਸੋਇਆ ਪੂਤ ਉਠਾਇਆ । ਏਕਾ ਦੇਵੇ ਨਾਮ ਅਧਾਰਾ, ਨਾਮ ਅਮੋਲਾ ਝੋਲੀ ਪਾਇਆ । ਪਰਗਟ ਹੋ ਵਿਚ ਸੰਸਾਰਾ, ਹਰਿ ਸਾਚੇ ਆਖ ਸੁਣਾਇਆ । ਗੁਰ ਗੋਬਿੰਦਾ ਦੋਏ ਜੋੜ ਕਰੇ ਨਿਮਸਕਾਰਾ, ਪੁਰਖ ਅਬਿਨਾਸ਼ੀ ਤੇਰਾ ਦਰ ਸਾਚਾ ਘਰ ਹਰੀ ਹਰਿ ਏਕਾ ਮੋਹੇ ਪਾਇਆ । ਨਾ ਜਨਮਾ ਨਾ ਜਾਵਾਂ ਮਰ, ਆਵਣ ਜਾਵਣ ਚੁਕਿਆ ਡਰ, ਤੇਰੀ ਸਰਨੀ ਗਿਆ ਪੜ੍ਹ, ਮੰਗਾਂ ਵਰ ਅੱਗੇ ਖੜ, ਲੋਕਮਾਤ ਨਾ ਦਏ ਸਜ਼ਾਇਆ । ਪੁਰਖ ਅਬਿਨਾਸ਼ੀ ਬਾਹੋਂ ਫੜ, ਆਪ ਲਗਾਇਆ ਆਪਣੇ ਲੜ, ਨਾ ਕੋਈ ਵਖਾਇਆ ਸੀਸ ਧੜ, ਸ਼ਬਦੀ ਸ਼ਬਦੀ ਪੌੜੇ ਚੜ੍ਹ, ਜੋਤੀ ਜੋਤ ਮਿਲਾਇਆ । ਲੋਕਮਾਤ ਨਾ ਜਾਣਾ ਸੜ, ਮੜੀ ਗੋਰ ਨਾ ਜਾਣਾ ਪੜ, ਨਾ ਕੋਈ ਵੇਖੇ ਤੇਰਾ ਸੀਸ ਧੜ, ਨਾ ਕੋਈ ਅੰਗੀਠਾ ਫੋਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਇਹ ਸਮਝਾਇਆ । ਗੁਰ ਗੋਬਿੰਦਾ ਸੁਣ ਪੁਕਾਰ, ਹਰਿ ਸਾਚਾ ਅਲਾਈਆ । ਤੇਰੀ ਤੇਰਾ ਬੰਨੇ ਧਾਰ, ਤੇਰਾ ਸੰਗ ਨਿਭਾਈਆ । ਤੇਰਾ ਰੂਪ ਆਪ ਕਰਤਾਰ, ਨਾਨਕ ਵਿਚ ਸਮਾਈਆ । ਨਾਨਕ ਮੰਗਿਆ ਇਕ ਦਰਬਾਰ, ਪ੍ਰਭ ਸਾਚੇ ਭਿਛਿਆ ਪਾਈਆ । ਪਹਿਲੇ ਦਰ ਜਗਤ ਖਵਾਰ, ਦੂਜੇ ਧੀਰ ਨਾ ਕੋਈ ਧਰਾਈਆ । ਤੀਜੇ ਰੋਵਣ ਜ਼ਾਰੋ ਜ਼ਾਰ, ਚੌਥੇ ਪਈ ਲੜਾਈਆ । ਪੰਜਵਾ ਛੁਟਿਆਂ ਮੀਤ ਮੁਰਾਰ, ਛੇਵੇਂ ਵੰਡ ਵੰਡਾਈਆ । ਸੱਤਵੇਂ ਬੈਠਾ ਅਧਵਿਚਕਾਰ, ਅੱਠਵੇਂ ਮੁਖ ਭਵਾਈਆ । ਨੌਂ ਦਰ ਵੇਖੇ ਜਗਤ ਕਿਵਾੜ, ਨਾਵਾਂ ਗੁਰ ਵੱਡੀ ਵਡਿਆਈਆ । ਕਲਜੁਗ ਝੂਠੀ ਚੜ੍ਹੇ ਧਾੜ, ਗੁਰ ਗੋਬਿੰਦੇ ਦਏ ਵਡਿਆਈਆ । ਉਠ ਸਪੂਤੇ ਸਾਚੇ ਲਾੜ, ਤੇਰੀ ਸੇਵਾ ਏਕਾ ਲਾਈਆ । ਗੁਰਮੁਖ ਸਾਚੇ ਪਹਿਲੇ ਪੌੜੇ ਦੇਵੇ ਚਾੜ੍ਹ, ਦਸਮ ਦਵਾਰ ਸੁਹਾਈਆ । ਦਸਵੇਂ ਗੁਰ ਤੇਰੀ ਵਾਰ, ਪੂਜਾ ਪਾਠ ਨਾ ਕੋਈ ਕਰਾਈਆ । ਤੇਰਾ ਦਰਸ਼ਨ ਅਪਰ ਅਪਾਰ, ਪਾਰਬ੍ਰਹਮ ਦਏ ਮਿਲਾਈਆ । ਤੇਰਾ ਨਾਮ ਤੇਰਾ ਕਲਗੀ ਤੋੜਾ ਸੋਹੇ ਧਾਰ, ਸੀਸ ਜਗਦੀਸ ਹੱਥ ਟਿਕਾਈਆ । ਲੋਕਮਾਤ ਲੈਣਾ ਜਗਤ ਅਵਤਾਰ, ਪੂਤ ਸਪੂਤੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਚਨ ਰਿਹਾ ਸੁਣਾਈਆ । ਗੁਰ ਗੋਬਿੰਦਾ ਕਰ ਪਰਵਾਨਾ, ਦੋਏ ਜੋੜ ਕਰੇ ਨਿਮਸਕਾਰਾ । ਪੁਰਖ ਅਬਿਨਾਸ਼ੀ ਰਹਿਣਾ ਨਿਗਹਬਾਨ, ਏਕਾ ਮੰਗਾਂ ਦਰ ਦਵਾਰਾ । ਦੂਜੀ ਨਾ ਪਾਈਂ ਕੋਈ ਆਣ, ਨਾ ਦੇਵੀਂ ਕੋਈ ਸਹਾਰਾ । ਏਕਾ ਦੱਸੇ ਸਚ ਨਿਸ਼ਾਨ, ਕਰਾਂ ਧਰਮ ਜੈਕਾਰਾ । ਪੁਰਖ ਅਬਿਨਾਸ਼ੀ ਕਰ ਪਰਵਾਨ, ਬਖ਼ਸ਼ੇ ਚਰਨ ਪਿਆਰਾ । ਅਕਾਲ ਪੁਰਖ ਵੇਖੇ ਮਾਰ ਧਿਆਨ, ਅੱਠੇ ਪਹਿਰ ਸੇਵਾਦਾਰਾ । ਸਦ ਵਸੇ ਤੇਰੀ ਕਾਇਆ ਮੰਦਰ ਵਿਚ ਮਕਾਨ, ਨਾ ਕੋਈ ਦਿਸੇ ਹੋਰ ਗੁਰੂਦਵਾਰਾ । ਸਚ ਵਖਾਏ ਇਕ ਨਿਸ਼ਾਨ, ਦੋ ਜਹਾਨੀ ਆਪ ਝੁਲਾਰਾ । ਅੰਤਮ ਵੇਖੇ ਵਿਚ ਮੈਦਾਨ, ਖੇਲੇ ਖੇਲ ਅਪਾਰਾ । ਏਕਾ ਹਵਨ ਏਕਾ ਪਵਨ ਇਕ ਸੁਗੰਧੀ ਨੌਚੰਦੀ,

ਏਕਾ ਛੰਦੀ ਏਕਾ ਬੰਦੀ ਏਕਾ ਰੰਗ ਰੰਗਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਗੁਣੀ ਗਹਿੰਦੇ ਧੁਰਦਰਗਾਹੀ ਸਚ ਮਲਾਹੀ ਬੇਪਰਵਾਹੀ ਨਾਮ ਖੰਡਾ ਵਿਚ ਬ੍ਰਹਿਮੰਡਾਂ ਇਕ ਵਖਾਈ ਸਚ ਕਿਰਪਾਨ । ਗੁਰ ਗੋਬਿੰਦਾ ਕਰ ਨਿਮਸਕਾਰ, ਮੰਗੇ ਮੰਗ ਦਾਨਾ । ਸਾਚੇ ਖੰਡੇ ਤਿਖੀ ਧਾਰ, ਪ੍ਰਭ ਤੇਰੀ ਦੋ ਜਹਾਨਾਂ । ਲੋਕਮਾਤ ਪੌਣੀ ਸਾਰ, ਦੇਣਾ ਹਰਿ ਵਰ ਦਾਨਾ । ਤੇਰਾ ਗੁਣ ਰਿਹਾ ਵਿਚਾਰ, ਤੇਰੇ ਦਰ ਹੋਏ ਪਰਵਾਨਾ । ਤੇਰਾ ਡਰ ਤੇਰੇ ਘਰ, ਤੇਰੇ ਹੋਏ ਸੱਚੀ ਸਰਕਾਰਾ, ਨਾ ਕੋਈ ਦੂਸਰ ਭੌ ਰਖਾਨਾ । ਨਾ ਕੋਈ ਸੰਗ ਨਾ ਕੋਈ ਅੰਗ ਨਾ ਕੋਈ ਮੰਗ, ਮੀਤ ਮੁਰਾਰ ਤੇਰੀ ਓਟ ਰਖਾਨਾ । ਨਾ ਕੋਈ ਅੰਮ੍ਰਿਤ ਨਾ ਕੋਈ ਧਾਰ ਵਹਾਏ ਗੰਗ, ਨਾ ਕੋਈ ਸਾਗਰ ਨਾ ਕੋਈ ਸਿੰਧ ਨਾ ਕੋਈ ਜਲ ਰੁੜ੍ਹਾਨਾ । ਨਾ ਕੋਈ ਹਰਖ ਨਾ ਕੋਈ ਸੋਗ ਨਾ ਕੋਈ ਚਿੰਤਾ ਨਾ ਕੋਈ ਵਿਜੋਗ, ਨਾ ਕੋਈ ਰਸਨ ਨਾ ਕੋਈ ਜਿਹਵਾ ਭੋਗ, ਏਕਾ ਮੰਗਾਂ ਦਰਸ ਅਮੋਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰ ਸੁਹਾਈਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਗੁਰ ਗੋਬਿੰਦੇ ਕਰ ਪਰਵਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਹੋਏ ਸਹਾਈ ਗੁਣ ਨਿਧਾਨਾ, ਜੋਤੀ ਨੂਰ ਦਿਸਾਇੰਦਾ । ਏਕਾ ਘਰ ਇਕ ਦਰਬਾਨਾ, ਇਕ ਦਵਾਰ ਵਖਾਇੰਦਾ । ਏਕਾ ਰਾਗ ਏਕਾ ਗਾਣਾ, ਏਕਾ ਤਾਲ ਵਜਾਇੰਦਾ । ਸੋ ਪੁਰਖ ਨਿਰੰਜਣ ਜਿਸ ਪਛਾਨਾ, ਹੰ ਹੰਗਤਾ ਵਿਚ ਨਾ ਆਇੰਦਾ । ਆਪੇ ਮਰਦ ਆਪੇ ਮਰਦਾਨਾ, ਮਰਦ ਮਰਦਾਨਾ ਆਪ ਅਖਵਾਇੰਦਾ । ਆਪੇ ਜੋਧਾ ਸੂਰ ਬਲੀ ਬਲਵਾਨਾ, ਸ਼ਸਤਰ ਧਾਰੀ ਆਪ ਹੋ ਜਾਇੰਦਾ । ਆਪੇ ਖਿਚੇ ਤੀਰ ਕਮਾਨਾ, ਆਪੇ ਚਿੱਲੇ ਚਿੱਲਾ ਇਕ ਚੜ੍ਹਾਇੰਦਾ । ਆਪੇ ਵਸਾਏ ਆਪੇ ਕਰੇ ਵੈਰਾਨਾ, ਆਪ ਉਪਜਾਏ ਆਪੇ ਢਾਹਿੰਦਾ । ਆਪੇ ਖੇਲੇ ਖੇਲ ਮਹਾਨਾ, ਖੇਲ੍ਹਣਹਾਰ ਆਪ ਅਖਵਾਇੰਦਾ । ਗੁਰ ਗੋਬਿੰਦੇ ਏਕਾ ਰੱਖਣਾ ਚਰਨ ਧਿਆਨਾ, ਹਰਿ ਗੋਬਿੰਦ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਗਿਆਨ ਦ੍ਰਿੜ੍ਹਾਇੰਦਾ । ਗੁਰ ਗੋਬਿੰਦੇ ਚੜ੍ਹਿਆ ਚਾ, ਹਰਿ ਮਿਲਿਆ ਸੱਜਣ ਸੁਹੇਲਾ । ਸਾਚੀ ਸਿਖਿਆ ਵਰ ਘਰ ਪਾ, ਚਲਿਆ ਇਕ ਅਕੇਲਾ । ਸਾਚੇ ਮਾਹੀ ਢੋਲਾ ਗਾ, ਬਣਿਆ ਸਾਚਾ ਚੇਲਾ । ਲੋਕਮਾਤੀ ਜੋਤ ਜਗਾ, ਜਨ ਭਗਤਾਂ ਚਾੜ੍ਹੇ ਤੇਲਾ । ਮਾਤ ਪਿਤਾ ਘਰ ਪੂਤ ਅਖਵਾ, ਵਸਿਆ ਰੰਗ ਨਵੇਲਾ । ਚਾਰੇ ਕੂਟਾਂ ਫੇਰੀ ਪਾ, ਆਪਣਾ ਖੇਲ ਆਪੇ ਖੇਲਾ । ਬਾਲੀ ਬੁਧ ਨਾ ਸਕੇ ਕੋਈ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਹਾਏ ਆਪਣਾ ਵੇਲਾ । ਗੁਰ ਗੋਬਿੰਦੇ ਜਨਮ ਦਵਾਇਆ, ਆਪਣੇ ਹੱਥ ਰੱਖੇ ਵਡਿਆਈਆ । ਸਾਚਾ ਸੁਤ ਆਪ ਬਣਾਇਆ, ਪੁਰਖ ਅਕਾਲ ਪਿਤਾ ਮਾਈਆ । ਪੰਜ ਤਤ ਮਾਇਆ ਗੁਜਰੀ ਲਾਲ ਝੋਲੀ ਪਾਇਆ, ਰਕਤ ਬੂੰਦ ਤੇਗ ਬਹਾਦਰ ਰਲਾਈਆ । ਸ਼ਬਦ ਗੁਰੂ ਨਾ ਮਰੇ ਨਾ ਜਾਇਆ, ਗਰਭ ਵਾਸ ਵਿਚ ਨਾ ਆਈਆ । ਦਸਵੇਂ ਮਾਸ ਪ੍ਰਭ ਵਿਚ ਟਿਕਾਇਆ, ਗੁਰ ਦਸਵੇਂ ਦਏ ਵਡਿਆਈਆ । ਏਕਾ ਮੇਲਾ ਮੇਲ ਮਿਲਾਇਆ, ਆਦਿ ਸ਼ਕਤ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਹੋਏ ਸਹਾਇਆ, ਪਾਰਬ੍ਰਹਮ ਵਡਿਆਈਆ । ਬੋਧ ਅਗਾਧਾ ਨਾਮ ਜਣਾਇਆ, ਨਾਮੇ ਹੀ ਲਿਵ ਲਾਈਆ । ਏਕਾ ਕਾਮਾ ਕਰਮ ਕਮਾਇਆ, ਜਗਤ ਗੁਣ ਨਾ ਕੋਈ ਵਖਾਈਆ । ਸਤਿਗੁਰ ਸਾਚਾ ਹੁਕਮ ਸੁਣਾਇਆ, ਸੰਤ ਸੰਤ ਬਿਗਸਾਈਆ । ਸਾਚੀ ਕਾਰੇ ਆਪੇ ਲਾਇਆ, ਕਰਤਾ ਕਾਦਰ ਆਪ ਅਖਵਾਈਆ । ਬਾਲੀ ਬਾਲਾ ਬਾਲ ਬਣਾਇਆ, ਹਰਿ ਸਾਚੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤਾ ਵਰ, ਜਗਤ

ਕਰੀ ਕੁੜਮਾਈਆ । ਲੋਕਮਾਤ ਹਰਿ ਸਗਨ ਮਨਾ, ਪਹਿਲਾ ਸਾਲ ਵਿਚਾਰਿਆ । ਦੂਜੇ ਖੇਲਾ ਸਹਿਜ ਸੁਭਾ, ਖੇਲੇ ਖੇਲ ਅਪਰ ਅਪਾਰਿਆ । ਤੀਜੇ ਰਾਜ ਰਾਜਾਨਾ ਲਏ ਮਿਲਾ, ਦੇਵੇ ਵਰ ਗੁਰ ਅਵਤਾਰਿਆ । ਚੌਥੇ ਸਾਲ ਸੰਗ ਬਣਾ, ਬਾਲ ਅਵਾਣੇ ਲਾਵੇ ਪਾਰਿਆ । ਪੰਜਵੇਂ ਪੁਰਖ ਇਕ ਮਨਾ, ਆਪਣੀ ਪਾਵੇ ਸਾਰਿਆ । ਛੇਵੇਂ ਪਿਤਾ ਪੂਤ ਰਿਹਾ ਜਣਾ, ਪੁਰੀ ਅਨੰਦ ਧਾਮ ਸੁਹਾ ਰਿਹਾ । ਸੱਤਵੇਂ ਤੇਗ ਬਹਾਦਰ ਦਏ ਵਸਾ, ਖੇਲੇ ਖੇਲ ਨਿਆਰਿਆ । ਅੱਠਵੇਂ ਚਰਨ ਦਏ ਟਿਕਾ, ਜੋਧਾ ਸੂਰ ਬਲੀ ਬਲਕਾਰਿਆ । ਨੌਵੇਂ ਸਾਲ ਖ਼ੁਸ਼ੀ ਮਨਾ, ਸੇਵਕ ਸੇਵਾ ਕਰੇ ਅਪਾਰਿਆ । ਤੇਗ ਬਹਾਦਰ ਭੇਟ ਚੜ੍ਹਾ, ਗਊ ਗ਼ਰੀਬਾਂ ਪਾਵੇ ਸਾਰਿਆ । ਨੌ ਦਰ ਵੇਖੇ ਥਾਉਂ ਥਾਂ, ਕਲਜੁਗ ਗੜ੍ਹ ਹੰਕਾਰਿਆ । ਜੂਠ ਝੂਠ ਅੰਧੇਰਾ ਰਿਹਾ ਛਾ, ਹੋਈ ਅੰਧ ਅੰਧਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਨੌ ਵੇਖੇ ਵੇਖ ਵਖਾ ਰਿਹਾ । ਨੌ ਸਾਲ ਨੌ ਦਰ, ਨਾਵੇਂ ਗੁਰ ਤਨ ਤਜਾਇਆ । ਏਕਾ ਵੇਸ ਸਾਚੇ ਘਰ, ਦਰ ਸਾਚਾ ਆਪ ਸੁਹਾਇਆ । ਗੋਬਿੰਦ ਗੁਰ ਮੰਗੇ ਵਰ, ਪ੍ਰਭ ਤੇਰਾ ਤੇਰੀ ਝੋਲੀ ਪਾਇਆ । ਪੁਰਖ ਅਬਿਨਾਸ਼ੀ ਕਿਰਪਾ ਰਿਹਾ ਕਰ, ਗੋਬਿੰਦ ਤੇਰਾ ਲਹਿਣਾ ਤੇਰੇ ਅੱਗੇ ਦਏ ਟਿਕਾਇਆ । ਗੋਬਿੰਦ ਚਰਨੀ ਗਿਆ ਪੜ੍ਹ, ਹਉਂ ਸੇਵਕ ਰਘੁਰਾਇਆ । ਪੁਰਖ ਅਬਿਨਾਸ਼ੀ ਬਾਹੋਂ ਫੜ, ਏਕਾ ਬਚਨ ਅਲਾਇਆ । ਤੇਗ ਬਹਾਦਰ ਏਕਾ ਅੱਖਰ ਗਿਆ ਪੜ੍ਹ, ਆਪ ਆਪਣਾ ਭੇਟ ਚੜ੍ਹਾਇਆ । ਲੇਖੇ ਲੱਗੇ ਸੀਸ ਧੜ, ਪ੍ਰਭ ਸਾਚਾ ਲਏ ਜਗਾਇਆ । ਗੁਰ ਗੋਬਿੰਦੇ ਤੇਰੀ ਜੜ੍ਹ, ਪ੍ਰਭ ਸਾਚਾ ਦਏ ਲਗਾਇਆ । ਆਪ ਫੜਾਇਆ ਆਪਣਾ ਲੜ, ਆਪੇ ਬੰਧ ਬੰਧਾਇਆ । ਕਲਜੁਗ ਅੰਤਮ ਜੋਤ ਧਰ, ਤੇਰਾ ਲੇਖਾ ਪੂਰ ਕਰਾਇਆ । ਤੇਗ ਬਹਾਦਰ ਦੇਵੇ ਵਰ, ਤੇਰਾ ਤੇਰੀ ਝੋਲੀ ਪਾਇਆ । ਆਪੇ ਵਸੇ ਸਾਚੇ ਘਰ, ਪੁਰਖ ਅਗੰਮਾ ਲਏ ਮਿਲਾਇਆ । ਆਪੇ ਆਪਣੀ ਕਿਰਪਾ ਕਰ, ਦਮ ਦਮਾ ਲਏ ਨਾਮ ਜਪਾਇਆ । ਸਤਿਜੁਗ ਸਾਚੀ ਨੀਂਹ ਧਰ, ਪੁਰੀਆਂ ਲੋਆਂ ਦਏ ਉਲਟਾਇਆ । ਆਪ ਉਪਾਏ ਆਪਣਾ ਸਾਚਾ ਘਰ, ਸਾਚੇ ਸੁਤ ਦਏ ਵਡਿਆਇਆ । ਤੇਗ ਬਹਾਦਰ ਤੇਲ ਗਿਆ ਚੜ੍ਹ, ਲਾਲ ਰੰਗਣ ਰੰਗ ਰੰਗਾਇਆ । ਪਾਰਬ੍ਰਹਮ ਬਣਾਏ ਸਾਚਾ ਗੜ੍ਹ, ਨਾ ਕੋਈ ਤੋੜੇ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋੜੇ ਮੇਲ ਮਿਲਾਇਆ । ਸਿੰਘ ਪਾਲ ਕਲ ਨਾਮ ਧਰ, ਨਿਹਕਲੰਕਾ ਅੰਗ ਰਖਾਇਆ । ਸਾਚੇ ਘਰ ਦੇਵੇ ਧਰ, ਨਰ ਹਰਿ ਆਪਣੀ ਦਇਆ ਕਮਾਇਆ । ਅੱਠੇ ਪਹਿਰ ਝਿਰਨਾ ਰਿਹਾ ਝਿਰ, ਚਰਨੋਦਕ ਮੁਖ ਚਵਾਇਆ । ਇਕ ਭੰਡਾਰਾ ਹਰਿ ਭਰ, ਲੱਖ ਚੁਰਾਸੀ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰੀ ਬ੍ਰਹਮ ਦਏ ਸੁਹਾਇਆ । ਗੁਰ ਗੋਬਿੰਦਾ ਵਡ ਬਲਕਾਰਾ, ਹਰਿ ਸਾਚੀ ਲਿਵ ਲਗਾਇਆ । ਆਪ ਸੁਹਾਇਆ ਬੰਕ ਦਵਾਰਾ, ਅਨੰਦ ਅਨੰਦ ਗੁਣ ਗਾਇਆ । ਆਪੇ ਖੇਲੇ ਖੇਲ ਖਿਲਾਰਾ, ਖੇਲਣਹਾਰ ਆਪ ਅਖਵਾਇਆ । ਆਪੇ ਕਰਿਆ ਬੰਦ ਕਿਵਾੜਾ, ਆਪੇ ਸਰਸਾ ਆਣ ਰੁੜਾਇਆ । ਆਪੇ ਹੋਇਆ ਸੇਵਾਦਾਰਾ, ਆਪੇ ਸੇਵਕ ਸਿਖ ਤਰਾਇਆ । ਆਪੇ ਵੇਖੇ ਗੜ੍ਹੀ ਚਮਕੌਰ ਇਕ ਦਵਾਰਾ, ਆਪੇ ਲੇਖਾ ਲੇਖ ਮਿਟਾਇਆ । ਆਪੇ ਨੀਹਾਂ ਹੇਠ ਉਸਾਰਾ, ਆਪੇ ਤੇਜ਼ ਕਟਾਰਾ ਸੀਸ ਚਲਾਇਆ । ਆਪੇ ਵਸਿਆ ਸਭ ਤੋਂ ਬਾਹਰਾ, ਮਾਛੂਵਾੜੇ ਡੇਰਾ ਲਾਇਆ । ਆਪੇ ਮੰਗੇ ਮੰਗ ਅਪਾਰਾ, ਪ੍ਰਭ ਅੱਗੇ ਝੋਲੀ ਡਾਹਿਆ । ਯਾਰੜੇ ਵਾਲਾ ਸੱਥਰ ਚੰਗੇਰਾ, ਇਕ ਸੁਨੇਹੜਾ ਘਲਾਇਆ । ਪੁਰਖ ਅਬਿਨਾਸ਼ੀ ਬੰਨੇ ਬੇੜਾ, ਘਰ ਸਾਚੇ ਖ਼ੁਸ਼ੀ ਮਨਾਇਆ । ਤ੍ਰੈਲੋਕ ਤੇਰਾ ਵਸੇ ਖੇੜਾ, ਕਲਜੁਗ ਗੇੜਾ ਦਏ ਕਟਾਇਆ ।


੭੫ ੦੨

ਕਲਜੁਗ ਅੰਤਮ ਹੱਕ ਨਿਬੇੜਾ, ਗੁਰੂ ਗੋਬਿੰਦ ਤੇਰੇ ਹੱਥ ਰਖਾਇਆ । ਧਰਤ ਮਾਤ ਮੰਗੇ ਖੁਲ੍ਹਾ ਵੇਹੜਾ, ਨੇਤਰ ਦਰਸ਼ਨ ਪਾਇਆ । ਹਰਿ ਬਿਨ ਅਵਰ ਨਾ ਜਾਣੇ ਕੋਈ ਕੇਹੜਾ, ਗੁਣ ਅਵਗੁਣ ਨਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪ ਸਮਝਾਇਆ । ਗੁਰ ਗੋਬਿੰਦੇ ਮੰਗੀ ਮੰਗ, ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਤੇਰਾ ਸੰਗ, ਵਿਛੜ ਕਦੇ ਨਾ ਜਾਈਆ । ਮੇਰੀ ਚੋਲੀ ਤੇਰਾ ਰੰਗ, ਤੇਰਾ ਨਾਮ ਰੰਗਾਈਆ । ਤੇਰੀ ਡੋਰੀ ਸ਼ਬਦ ਪਤੰਗ, ਅਕਾਸ਼ ਅਕਾਸ਼ਾ ਵਿਚ ਚੜ੍ਹਾਈਆ । ਤੇਰਾ ਖੰਡਾ ਮੇਰਾ ਜੰਗ, ਲੋਆਂ ਪੁਰੀਆਂ ਕਰੇ ਲੜਾਈਆ । ਤੇਰਾ ਘੋੜਾ ਮੇਰਾ ਪਰੇਮ ਤੰਗ, ਅਕਾਲ ਪੁਰਖ ਆਪ ਕਸਾਈਆ । ਤੇਰਾ ਨਾਮ ਮੇਰਾ ਦੰਗ, ਸ਼ਬਦ ਚੋਟ ਲਗਾਈਆ । ਤੇਰਾ ਦਵਾਰਾ ਤੇਰੇ ਘਰ ਵੇਖਿਆ ਲੰਘ, ਦੂਸਰ ਕੋਈ ਦਿਸ ਨਾ ਆਈਆ । ਤੇਰੀ ਸੇਜ ਤੇਰਾ ਪਲੰਘ, ਤੇਰਾ ਤੇਰੇ ਉਪਰ ਬੈਠੇ ਆਸਣ ਲਾਈਆ । ਤੇਰੀ ਭੁੱਖ ਤੇਰੀ ਨੰਗ, ਤੇਰਾ ਪੜਦਾ ਪਾਈਆ । ਤੇਰਾ ਤੇਰੇ ਲੱਗਣਾ ਅੰਗ, ਤੇਰੀ ਗੋਦ ਸੁਹਾਈਆ । ਤੂੰ ਦਾਤਾ ਸੂਰਾ ਸਰਬੰਗ, ਗੁਰ ਗੋਬਿੰਦੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਬੁਝਾਈਆ । ਗੁਰ ਗੋਬਿੰਦ ਲੋਕਮਾਤ ਔਣਾ ਤਜ, ਪ੍ਰਭ ਸਾਚੇ ਸੇਜ ਵਿਛਾਈਆ । ਸ਼ਬਦ ਸਿੰਘਾਸਣ ਚੜ੍ਹਨਾ ਭੱਜ, ਪ੍ਰਭ ਸਾਚਾ ਲਏ ਚੜ੍ਹਾਈਆ । ਅੰਮ੍ਰਿਤ ਪੀ ਆ ਆ ਰੱਜ, ਏਕਾ ਧਾਰ ਵਹਾਈਆ । ਤੇਰਾ ਪੜਦਾ ਲਏ ਕਜ, ਤੇਰਾ ਤੇਰੀ ਝੋਲੀ ਪਾਈਆ । ਤੇਰਾ ਨਗਾਰਾ ਜਾਏ ਵੱਜ, ਲੋਆਂ ਪੁਰੀਆਂ ਦਏ ਸੁਣਾਈਆ । ਤੇਰਾ ਘਰ ਜਾਏ ਸਜ, ਤੇਰੀ ਨਗਰੀ ਦਏ ਵਸਾਈਆ । ਤੇਰਾ ਤੇਰੀ ਰੱਖੇ ਲਜ, ਤੇਰਾ ਹੋਏ ਸਹਾਈਆ । ਤੇਰੀ ਜੋਤ ਜਗਾਏ ਦੇਸ ਮਾਝ, ਸੰਬਲ ਨਗਰੀ ਨਾਉਂ ਰਖਾਈਆ । ਤੇਰਾ ਚਲਾਏ ਇਕ ਜਹਾਜ਼, ਸੋਹੰ ਨਾਉਂ ਰਖਾਈਆ । ਕਲਜੁਗ ਅੰਤਮ ਰਚਨਾ ਕਾਜ, ਸਤਿਜੁਗ ਤੇਲ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਏ ਵਡਿਆਈਆ । ਗੁਰ ਗੋਬਿੰਦੇ ਤੇਰੀ ਰੱਖ, ਦੋ ਜਹਾਨਾਂ ਆਪ ਕਰਾਈਆ । ਲੋਆਂ ਪੁਰੀਆਂ ਕਰੇ ਸੱਖ, ਫੁਲ ਫੁਲਵਾੜੀ ਤੇਰੀ ਲਾਈਆ । ਸ਼ਿਵ ਸ਼ੰਕਰ ਅੰਤਮ ਹੋਣਾ ਵੱਖ, ਪੂਤ ਸਪੂਤਾ ਦਏ ਵਡਿਆਈਆ । ਜਗਤ ਜਗਦੀਸਾ ਰਾਹ ਰਿਹਾ ਤੱਕ, ਜਗਤ ਦਵਾਰੇ ਦਏ ਤਜਾਈਆ । ਨੌਂ ਦਵਾਰੇ ਦਿਸਣ ਸੱਖ, ਦੱਸਵੇਂ ਹਰਿ ਰਘੁਰਾਈਆ । ਪਰਗਟ ਹੋ ਹਰਿ ਪਰਤੱਖ, ਤੇਰੇ ਅੰਦਰ ਜਾਏ ਸਮਾਈਆ । ਗੁਰਦਰ ਮੰਦਰ ਮਸਜਿਦ ਕਰੇ ਸੱਖ, ਸਾਧ ਸੰਤ ਨਾ ਕੋਈ ਚਤੁਰਾਈਆ । ਗੁਰਮੁਖ ਤੇਰੇ ਕਰੇ ਵੱਖ, ਜੋ ਸਰਸੇ ਰਿਹਾ ਰੁੜ੍ਹਾਈਆ । ਏਕਾ ਖੋਲ੍ਹੇ ਆਪਣੀ ਅੱਖ, ਜਗਤ ਨੇਤਰ ਬੰਦ ਕਰਾਈਆ । ਅੰਤਮ ਵੇਲੇ ਲਏ ਰੱਖ, ਆਪਣੀ ਗੋਦ ਉਠਾਈਆ । ਸ੍ਰਿਸ਼ਟ ਸਬਾਈ ਉਡਾਏ ਕੱਖ, ਕਿਸੇ ਹੱਥ ਨਾ ਆਈਆ । ਦੇਵੀ ਦੇਵਤ ਦੇਵ ਯਮਨ ਨਾ ਰੱਖੇ ਸਕ, ਗਣ ਗਧੰਰਬ ਨਾ ਕੋਈ ਸਹਾਈਆ । ਲੇਖਾ ਚੁੱਕੇ ਪੂਜਾ ਪਾਠ, ਤੇਰੇ ਦਰਸ ਵੱਡੀ ਵਡਿਆਈਆ । ਲਹਿਣਾ ਦੇਣਾ ਚੁਕੇ ਤੀਰਥ ਅਠ ਸਠ, ਗੰਗ ਗੋਦਾਵਰੀ ਮੁਖ ਭਵਾਈਆ । ਜੋ ਜਨ ਚਰਨ ਦਵਾਰੇ ਆਏ ਨੱਠ, ਪ੍ਰਭ ਸਾਚਾ ਲਏ ਬਚਾਈਆ । ਜਗਤ ਮਹੱਲੇ ਜਾਣੇ ਢੱਠ, ਥਿਰ ਕੋਈ ਰਹਿਣ ਨਾ ਪਾਈਆ । ਪ੍ਰਭ ਗੇੜਨਹਾਰਾ ਉਲਟੀ ਲੱਠ, ਜੁਗ ਜੁਗ ਆਪ ਗਿੜਾਈਆ । ਕਿਸੇ ਨਾ ਦਿਸੇ ਧੀਰਜ ਹਠ, ਸਤਿ ਸੰਤੋਖ ਨਾ ਕੋਈ ਰਖਾਈਆ । ਤ੍ਰੈਗੁਣ ਮਾਇਆ ਤਪਿਆ ਮਠ, ਪ੍ਰਭ ਸਾਚਾ ਆਪ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਏ ਵਡਿਆਈਆ । ਗੋਬਿੰਦ ਤੇਰਾ ਸਾਚਾ ਖੇੜਾ, ਪ੍ਰਭ ਸਾਚੇ ਆਪ ਵਸਾਵਣਾ । ਪੁਰੀਆਂ

ਲੋਆਂ ਚੁਕੇ ਝੇੜਾ, ਹਰਿ ਸਾਚੀ ਧਾਰ ਬੰਧਾਵਨਾ । ਛੋਟਾ ਬਾਲਾ ਬੰਨੇ ਬੇੜਾ, ਪੁਰੀ ਇੰਦਰ ਆਸਣ ਲਾਵਣਾ । ਸਿੰਘ ਮਨਜੀਤੇ ਮਿਲਿਆ ਘੋੜਾ, ਸੋਹੰ ਆਪ ਦੌੜਾਵਣਾ । ਜੋਤੀ ਸ਼ਬਦੀ ਜੁੜਿਆ ਜੋੜਾ, ਮੇਲ ਵਿਛੋੜਾ ਆਪਣੇ ਹੱਥ ਰਖਾਵਣਾ । ਬ੍ਰਹਮਾ ਇੰਦ ਸ਼ਿਵ ਲੱਗੇ ਏਕਾ ਪੌੜਾ, ਪ੍ਰਭ ਸਾਚੇ ਆਪ ਲਗਾਵਣਾ । ਲੋਕਮਾਤ ਵੇਖੇ ਪਰਖੇ ਮਿੱਠਾ ਕੌੜਾ, ਆਪ ਆਪਣਾ ਖੇਲ ਰਚਾਵਣਾ । ਸਾਚਾ ਨਗਰ ਤੇਰਾ ਧਾਮ ਸਾਢੇ ਤਿੰਨ ਹੱਥ ਲੰਮਾ ਚੌੜਾ, ਭੇਵ ਕਿਸੇ ਨਾ ਪਾਵਣਾ । ਪੰਡਤ ਪਾਂਧੇ ਲੱਭਦੇ ਫਿਰਦੇ ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਦ ਵਿਆਸਾ ਵੇਖ ਵਖਾਵਣਾ । ਪੰਥੀ ਗ੍ਰੰਥੀ ਦਹਿ ਦਿਸ਼ਾ ਗੁਰ ਦਸਮੇਸ਼ ਦੀ ਲੱਗੀ ਔੜਾ, ਅੰਮ੍ਰਿਤ ਜਾਮ ਕਿਸੇ ਨਾ ਪਿਆਵਣਾ । ਜਨ ਭਗਤਾਂ ਆਤਮ ਆਪੇ ਬੌਹੜਾ, ਏਕਾ ਨਾਮ ਜਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ ਤੇਰਾ ਸੰਗ ਨਿਭਾਵਣਾ । ਹਰਿ ਜੋਤ ਨਿਹਕਲੰਕਾ, ਨੂਰੋ ਨੂਰ ਸਮਾਏ । ਗੁਰ ਗੋਬਿੰਦੇ ਤੇਰਾ ਸ਼ਬਦ ਡੰਕਾ, ਲੋਕਮਾਤ ਆਪ ਵਜਾਏ । ਆਪ ਉਠਾਏ ਰਾਓ ਰੰਕਾ, ਰਾਜ ਰਾਜਾਨਾ ਆਪ ਹਿਲਾਏ । ਆਪ ਸੁਹਾਏ ਦਵਾਰ ਬੰਕਾ, ਬੰਕ ਦਵਾਰੀ ਆਪ ਅਖਵਾਏ । ਪਰਗਟ ਹੋਏ ਵਾਸੀ ਪੁਰੀ ਘਨਕਾ, ਆਪ ਆਪਣਾ ਨਾਮ ਧਰਾਏ । ਖੇਲੇ ਖੇਲ ਬਾਰ ਅਨਕਾ, ਜੁਗ ਜੁਗ ਵੇਸ ਵਟਾਏ । ਗੁਰਮੁਖ ਉਧਾਰੇ ਜਿਉਂ ਜਨਕਾ, ਨਾਨਕ ਅੰਗਦ ਅੰਗ ਲਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰੂ ਗੁਰ ਚੇਲੇ ਸਾਚੇ ਮੇਲੇ ਹਰਿਸੰਗਤ ਨਾਮ ਧਰਾਏ । ਹਰਿਸੰਗਤ ਮੇਲਾ ਸਾਚੇ ਸ਼ਾਹ, ਪਾਰਬ੍ਰਹਮ ਅਬਿਨਾਸ਼ਾ । ਮਿਲਿਆ ਹਰਿ ਸਚ ਮਲਾਹ, ਗੁਰ ਗੋਬਿੰਦ ਸਰਬ ਗੁਣ ਤਾਸਾ । ਚਾਰ ਵਰਨ ਜਪਾਏ ਏਕਾ ਨਾਂ, ਹੋਇਆ ਦਾਸੀ ਦਾਸਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਅੰਮ੍ਰਿਤ ਆਤਮ ਜਾਮ ਪਿਆਏ ਕਾਇਆ ਬਾਟੇ ਸਾਚੇ ਕਾਸਾ । ਸਾਚਾ ਖੰਡਾ ਤਨ ਪਹਿਨਾਏ, ਕਿਰਪਾ ਕਰੇ ਪੁਰਖ ਅਬਿਨਾਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਕਲਜੁਗ ਲਏ ਵਰ, ਸੰਮਤ ਚੌਦਾਂ ਦਏ ਭਰਵਾਸਾ । ਸੰਮਤ ਚੌਦਾਂ ਚੌਦਾਂ ਲੋਕ, ਹੱਟ ਹੱਟਨ ਵਣਜਾਰਾ । ਏਕਾ ਸ਼ਬਦ ਇਕ ਸਲੋਕ, ਇਕ ਸੁਣਾਏ ਨਾਅਰਾ । ਹਰਿ ਹਰਿ ਭਾਣਾ ਕੋਈ ਨਾ ਸਕੇ ਰੋਕ, ਲੱਖ ਚੁਰਾਸੀ ਜੀਵ ਗਵਾਰਾ । ਮਨਮੁਖ ਜੀਵਾਂ ਅੰਤਮ ਦੇਵੇ ਝੋਕ, ਧਰਮ ਰਾਏ ਦਰ ਭਰੇ ਦਵਾਰਾ । ਗੁਰਮੁਖਾਂ ਮੰਗੀ ਏਕਾ ਮੋਖ, ਗੁਰਚਰਨ ਏਕਾ ਦਵਾਰਾ । ਪਾਰ ਕਰਾਏ ਤੀਨਾਂ ਲੋਕ, ਦੇਵੇ ਨਾਮ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਵਣ ਜਾਵਣ ਚੁੱਕੇ ਡਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਭਰੇ ਭੰਡਾਰਾ ।

ਹਰਿ ਕਾ ਮਾਰਗ ਸਾਚਾ ਰਾਹ, ਗੁਰਮੁਖ ਵਿਰਲਾ ਪਾਇੰਦਾ । ਸ਼ਬਦ ਗੁਰ ਜਿਸ ਮਿਲੇ ਮਲਾਹ, ਫੜ ਬੇੜਾ ਬੰਨੇ ਲਾਇੰਦਾ । ਏਕਾ ਨਈਆ ਨਾਮ ਚੜ੍ਹਾ, ਵੰਞ ਮੁਹਾਣਾ ਇਕ ਰਖਾਇੰਦਾ । ਸਾਚਾ ਸਈਆ ਆਪ ਅਖਵਾ, ਸਾਚੇ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਜਗਤ ਕਲਿਆਣ ਗੁਰਮੁਖ ਸਾਚੇ, ਗੁਰ ਦਰ ਏਕਾ ਮਾਣੀਆ । ਏਕਾ ਬਖ਼ਸ਼ੇ ਚਰਨ ਧਿਆਨ ਭਾਂਡੇ ਕਾਚੇ, ਨੇਤਰ ਨੈਣ ਖੁਲ੍ਹਾਈਆ । ਗੁਰ ਕਾ ਸ਼ਬਦ ਜੋ ਜਨ ਵਾਚੇ, ਆਤਮ ਬ੍ਰਹਮ ਜਣਾਈਆ । ਨੌ ਦਰ ਕਦੇ ਨਾ ਨਾਚੇ, ਘਰ ਸਾਚਾ

ਇਕ ਸੁਹਾਈਆ । ਪੰਜ ਤਤ ਨਾ ਲਾਏ ਤਮਾਚੇ, ਤਾਮਸ ਤ੍ਰਿਸਨਾ ਅਗਨ ਨਾ ਜਲਾਈਆ । ਮਿਲੇ ਮੇਲ ਹਰਿ ਸਾਚੋ ਸਾਚੇ, ਸਚ ਸੱਚੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਡਿਆਈਆ । ਨਾਮ ਸ਼ਬਦ ਗੁਰ ਅਨਡੀਠਾ, ਗੁਰਮੁਖ ਵਿਰਲੇ ਪਾਇਆ । ਜਿਸ ਜਨ ਹਰਿ ਹਰਿ ਲਾਗਾ ਮੀਠਾ, ਮਾਇਆ ਮੋਹ ਚੁਕਾਇਆ । ਮਿੱਠਾ ਕਰੇ ਕੌੜਾ ਰੀਠਾ, ਤ੍ਰਿਸਨਾ ਭੁੱਖ ਗਵਾਇਆ । ਨਾਮ ਨਿਧਾਨ ਜਿਸ ਜਨ ਗੁਰ ਦਵਾਰੇ ਪੀਤਾ, ਆਵਣ ਜਾਵਣ ਗੇੜ ਕਟਾਇਆ । ਕਾਇਆ ਭਾਂਡਾ ਸੀਤਲ ਸੀਤਾ, ਸਾਂਤਕ ਸਤਿ ਵਰਤਾਇਆ । ਮਿਲੇ ਮੇਲ ਹਰਿ ਸਾਚਾ ਮੀਤਾ, ਕਾਇਆ ਮੰਦਰ ਸਾਚੇ ਅੰਦਰ ਉਚ ਮਹੱਲੇ ਅਟੱਲੇ ਰੱਖੇ ਜਿਸ ਜਨ ਦਰਸ਼ਨ ਪਾਇਆ । ਆਪੇ ਬਖ਼ਸ਼ੇ ਸਚ ਪ੍ਰੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇਆ । ਹੋਏ ਕਲਿਆਣ ਸਾਚੇ ਘਰ, ਜਿਸ ਜਨ ਕਲ ਵਰਤਾਈਆ । ਆਤਮ ਖੋਲ੍ਹੇ ਬੰਦ ਦਰ, ਨੌਂ ਨਿਧ ਵੱਜੇ ਵਧਾਈਆ । ਇਕ ਅੰਮ੍ਰਿਤ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਵਖਾਈਆ । ਆਪਣੀ ਕਿਰਪਾ ਆਪੇ ਕਰ, ਆਪ ਆਪਣੇ ਅੰਗ ਲਗਾਈਆ । ਆਪਣੇ ਪੌੜੇ ਆਪੇ ਚੜ੍ਹ, ਆਪ ਆਪਣਾ ਦੀਪ ਜਗਾਈਆ । ਆਪ ਸੁਹਾਏ ਆਪਣਾ ਘਰ, ਆਪ ਆਪਣੀ ਸੇਜ ਵਿਛਾਈਆ । ਆਪੇ ਵੇਖੇ ਅੱਗੇ ਖੜ, ਆਪੇ ਮੁਖ ਭਵਾਈਆ । ਨਾ ਕੋਈ ਸੀਸ ਨਾ ਕੋਈ ਧੜ, ਗੁਰ ਸ਼ਬਦ ਵੱਡੀ ਵਡਿਆਈਆ । ਗੁਰਮੁਖ ਸੰਤ ਸੁਹੇਲੇ ਆਪੇ ਫੜ, ਫੜ ਬਾਂਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਰਖਾਈਆ । ਆਤਮ ਧਾਰਾ ਨਿਝਰ ਰਸ, ਗੁਰਮੁਖਾਂ ਮੁਖ ਚੁਆਇੰਦਾ । ਭਗਤ ਜਨਾਂ ਹਰਿ ਹੋਇਆ ਵਸ, ਸੇਵਕ ਸੇਵਾ ਆਪ ਕਮਾਇੰਦਾ । ਸਚ ਮਹੱਲੇ ਆਵੇ ਨੱਸ, ਦਿਸ ਕਿਸੇ ਨਾ ਆਇੰਦਾ । ਕੋਟਨ ਕੋਟ ਕਰੇ ਪਰਕਾਸ਼ ਰਵ ਸਸ, ਅੰਧ ਅੰਧੇਰ ਮੇਟ ਮਿਟਾਇੰਦਾ । ਆਪ ਆਪਣਾ ਮਾਰਗ ਆਪੇ ਦਸ, ਆਪਣਾ ਪੱਲਾ ਆਪ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜਨ ਸਾਚੇ ਵੇਖ ਵਖਾਇੰਦਾ । ਸਾਚਾ ਮਾਰਗ ਸਾਚੀ ਧਾਰੀ, ਹਰਿ ਸਾਚੇ ਆਪ ਚਲਾਈਆ । ਇਕ ਅਕੱਲਾ ਏਕੰਕਾਰੀ, ਅਕਲ ਕਲਾ ਸਮਾਈਆ । ਖੇਲੇ ਖੇਲ ਵੱਡ ਸੰਸਾਰੀ, ਖੇਲਣਹਾਰ ਆਪ ਅਖਵਾਈਆ । ਆਵੇ ਜਾਵੇ ਵਾਰੋ ਵਾਰੀ, ਜੁਗ ਜੁਗ ਆਪਣੀ ਜੋਤ ਜਗਾਈਆ । ਸਾਧਾਂ ਸੰਤਾਂ ਪਾਵੇ ਸਾਰੀ, ਪੂਰਬ ਲਹਿਣਾ ਵੇਖ ਵਖਾਈਆ । ਸ਼ਬਦ ਗਹਿਣਾ ਤਨ ਸ਼ੰਗਾਰੀ, ਨਾਮ ਕੱਜਲ ਧਾਰ ਸੁਹਾਈਆ । ਆਤਮ ਸੇਜਾ ਕਰ ਪਿਆਰੀ, ਬੈਠਾ ਆਸਣ ਲਾਈਆ । ਨਿਰਮਲ ਜੋਤੀ ਕਰ ਉਜਿਆਰੀ, ਸਾਚਾ ਘਰ ਸੁਹਾਈਆ । ਆਪੇ ਬੈਠਾ ਭੁਜਾਂ ਪਸਾਰੀ, ਗੁਰਮੁਖ ਸਾਚੇ ਸਦਾ ਉਠਾਈਆ । ਨੇਤਰ ਲੋਚਣ ਇਕ ਉਘਾੜੀ, ਦੋਏ ਲੋਚਣ ਬੰਦ ਕਰਾਈਆ । ਆਪੇ ਹੋਏ ਪਿਛੇ ਅਗਾੜੀ, ਕਰ ਕਿਰਪਾ ਪਾਰ ਕਰਾਈਆ । ਨੇੜ ਨਾ ਆਏ ਪੰਚਮ ਧਾੜੀ, ਸ਼ਬਦ ਖੰਡੇ ਆਪ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਵਰ, ਆਪ ਆਪਣੇ ਮਾਰਗ ਲਾਈਆ । ਦੇਵੇ ਮਾਰਗ ਸਚ ਟਿਕਾਣਾ, ਸਾਚੀ ਬਣਤ ਬਣਾਇੰਦਾ । ਏਕਾ ਸ਼ਬਦ ਧੁਰ ਬਿਬਾਨਾ, ਹਰਿ ਆਪਣਾ ਆਪ ਰਖਾਇੰਦਾ । ਗੁਰਮੁਖ ਸਾਜਣ ਕਰ ਪਰਵਾਨਾ, ਜੁਗ ਜੁਗ ਆਪ ਚੜ੍ਹਾਇੰਦਾ । ਏਕਾ ਦੇਵੇ ਨਾਮ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਆਵਣ ਜਾਵਣ ਚੁੱਕੇ ਕਾਨਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਗੁਰਮੁਖ ਸਾਚੇ ਮੇਲ ਮਿਲਾਣਾ, ਘਟ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਦਿਸੇ ਘਰ ਹੋਏ ਕਲਿਆਨ

੭੮ ੦੭

ਵਿਚ ਜਹਾਨ, ਮਿਲੇ ਮੇਲਾ ਇਕ ਅਕੇਲਾ, ਜੋਤੀ ਨੂਰੀ ਨੂਰੋ ਨੂਰ ਸਮਾਇੰਦਾ । ਚਰਨ ਕਵਲ ਜਨ ਪ੍ਰੀਤ, ਹਰਿਜਨ ਆਪ ਕਰਾਈਆ । ਸਾਚਾ ਦੇਹੁਰਾ ਮੰਦਰ ਮਸੀਤ, ਗੁਰੂਦਵਾਰਾ ਇਕ ਵਖਾਈਆ । ਕਾਇਆ ਕਰੇ ਠੰਡੀ ਸੀਤ, ਸਾਂਤਕ ਸਤਿ ਵਰਤਾਈਆ । ਪਤਤ ਪੁਨੀਤ, ਪਤਿਤ ਪਾਵਨ ਆਪ ਅਖਵਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚਾਂ ਨੀਚਾਂ ਹਰਿ ਸਮਾਈਆ । ਮਾਨਸ ਦੇਹੀ ਗੁਰਮੁਖ ਵਿਰਲਾ ਜਾਏ ਜੀਤ, ਜਿਸ ਜਨ ਏਕਾ ਓਟ ਰਖਾਈਆ । ਪਾਰਬ੍ਰਹਮ ਪ੍ਰਭ ਮਿਲੇ ਸਾਚਾ ਮੀਤ, ਸਤਿਗੁਰ ਪੂਰਾ ਦਰਸ ਦਿਖਾਈਆ । ਜੁਗ ਜੁਗ ਜਾਣੇ ਆਪਣੀ ਰੀਤ, ਜੁਗਾ ਜੁਗੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਵਸੇ ਹਰ ਘਟ ਬੈਠਾ ਆਸਣ ਲਾਈਆ । ਚਰਨ ਕਵਲ ਸਚ ਭਰਵਾਸਾ, ਹਰਿਜਨ ਆਪ ਕਰਾਇਆ । ਵੇਖ ਵਖਾਣੇ ਪ੍ਰਿਥਮੀ ਆਕਾਸ਼ਾ, ਲੋਆਂ ਪੁਰੀਆਂ ਫੇਰਾ ਪਾਇਆ । ਭਗਤ ਦਵਾਰੇ ਦਾਸੀ ਦਾਸਾ, ਦਾਸੀ ਦਾਸ ਆਪ ਅਖਵਾਇਆ । ਕਾਇਆ ਮੰਡਲ ਪਾਵੇ ਰਾਸਾ, ਅੱਠੇ ਪਹਿਰ ਡਗਮਗਾਇਆ । ਆਦਿ ਅੰਤ ਨਾ ਕਦੇ ਵਿਨਾਸਾ, ਨਾ ਮਰੇ ਨਾ ਜਾਇਆ । ਜੋ ਜਨ ਗਾਏ ਰਸਨ ਸਵਾਸਾ, ਘਰ ਸਾਚੇ ਲਏ ਮਿਲਾਇਆ । ਦਸਮ ਦਵਾਰੀ ਕਰ ਪਰਕਾਸ਼ਾ, ਚਿੱਟੀ ਧਾਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਉਪਰ ਧਵਲ ਇਕ ਗਿਆਨ ਦ੍ਰਿੜਾਇਆ । ਚਰਨ ਧਿਆਨ ਸਾਚੀ ਓਟ, ਗੁਰਮੁਖ ਇਕ ਰਖਾਈਆ । ਤਨ ਨਗਾਰੇ ਲਾਏ ਚੋਟ, ਏਕਾ ਨਾਦ ਵਜਾਈਆ । ਪੰਚ ਵਿਕਾਰਾ ਕੱਢੇ ਖੋਟ, ਪੰਚਮ ਮੇਲਾ ਸਹਿਜ ਸਭਾਈਆ । ਦੇਵੇ ਭੰਡਾਰਾ ਨਾਮ ਅਤੋਟ, ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਨਿਰਮਲ ਜੋਤੀ ਦੀਪਕ ਦਏ ਜਗਾਈਆ । ਚਰਨ ਕਵਲ ਸੱਚੀ ਦਰਗਹਿ, ਹਰਿ ਸਾਚੇ ਇਕ ਵਖਾਈਆ । ਗੁਰ ਕੇ ਚਰਨ ਜਗਤ ਮਲਾਹ, ਜੁਗ ਜੁਗ ਪਾਰ ਕਰਾਈਆ । ਗੁਰ ਕੇ ਚਰਨ ਪਿਤਾ ਮਾਂ, ਗੁਰਮੁਖ ਬਾਲ ਅੰਞਾਣੇ ਗੋਦ ਉਠਾਈਆ । ਗੁਰ ਕੇ ਚਰਨ ਨਿਥਾਵਿਆਂ ਦੇਵੇ ਥਾਂ, ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਚਰਨ ਸੱਚੀ ਸਰਨਾਈਆ । ਚਰਨ ਸਰਨਾਏ ਸਾਚੀ ਧੂੜ, ਗੁਰਮੁਖ ਵਿਰਲਾ ਪਾਇੰਦਾ । ਗੁਰਚਰਨ ਨਾਤਾ ਤੋੜੇ ਕੂੜੋ ਕੂੜ, ਸਚ ਸਚ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਚਰਨ ਧਿਆਨ ਲਗਾਇੰਦਾ । ਚਰਨ ਸਰਨ ਸਚ ਧਿਆਨਾ, ਹਰਿਜਨ ਆਪ ਕਰਾਇਆ । ਆਪੇ ਹੋਏ ਹਰਿ ਮਿਹਰਵਾਨਾ, ਜੀਆ ਦਾਨਾ ਝੋਲੀ ਪਾਇਆ । ਆਪੇ ਆਤਮ ਅੰਤਰ ਬ੍ਰਹਮ ਗਿਆਨਾ, ਆਪੇ ਸ਼ਬਦ ਅਲਾਇਆ । ਆਪੇ ਆਤਮਕ ਧੁਨ ਵਜਾਏ ਸਚ ਤਰਾਨਾ, ਆਪੇ ਅਨਹਦ ਤਾਲ ਵਜਾਇਆ । ਆਪੇ ਰਾਗ ਰਾਗਨੀ ਗਾਏ ਗਾਣਾ, ਸੁਣਨਹਾਰ ਆਪ ਅਖਵਾਇਆ । ਆਪੇ ਜਾਣੀ ਜਾਣ ਪਦ ਨਿਰਾਬਾਨਾ, ਪਰਮ ਪੁਰਖ ਅਖਵਾਇਆ । ਗੁਰਮੁਖ ਮੇਲਾ ਮੇਲ ਮਿਲਾਏ ਵਿਚ ਜਹਾਨਾ, ਜਿਸ ਜਨ ਆਪਣਾ ਚਰਨ ਵਖਾਇਆ । ਕਾਲ ਮਹਾਂਕਾਲ ਹੋਏ ਹੈਰਾਨਾ, ਗੁਰਮੁਖ ਤੇਰੇ ਦਰ ਰਹਿਣ ਨਾ ਪਾਇਆ । ਅੰਤਮ ਮੇਲ ਸ੍ਰੀ ਭਗਵਾਨਾ, ਜਿਸ ਜਨ ਕਵਲ ਚਰਨ ਚਰਨ ਕਵਲ ਧਿਆਨ ਰਖਾਇਆ । ਮਿਲੇ ਵਡਿਆਈ ਦੋ ਜਹਾਨਾ, ਸਤਿ ਪੁਰਖ ਨਿਰੰਜਣ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਚਰਨ ਧੂੜ ਸਾਚੀ ਦਾਤ, ਹਰਿਜਨ ਝੋਲੀ ਪਾਈਆ । ਮਿਟੇ ਰੈਣ ਅੰਧੇਰੀ ਰਾਤ, ਏਕਾ ਚੰਨ ਚੜ੍ਹਾਈਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ,

ਨਿਝਰ ਝਿਰਨਾ ਆਪ ਝਿਰਾਈਆ । ਦਰਸ ਦਿਖਾਏ ਇਕ ਇਕਾਂਤ, ਇਕ ਅਕੱਲਾ ਬੈਠਾ ਆਸਣ ਲਾਈਆ । ਜਿਸ ਜਨ ਬਖ਼ਸ਼ੇ ਚਰਨ ਨਾਤ, ਨਾਤਾ ਬਿਧਾਤਾ ਤੋੜ ਨਿਭਾਈਆ । ਮਿਲੇ ਮੇਲ ਹਰਿ ਕਮਲਾਪਾਤ, ਕੰਤ ਕੰਤੂਹਲਾ ਮੇਲ ਮਿਲਾਈਆ । ਦਰਸ ਦਿਖਾਏ ਪਰਗਟ ਹੋਏ ਸਾਖਿਆਤ, ਗੁਰਮੁਖ ਆਸਾ ਪੂਰ ਕਰਾਈਆ । ਗੁਰਮੁਖ ਸਾਜਣ ਪਾਰਜ਼ਾਤ, ਗੁਰ ਪੂਰਾ ਆਪ ਕਰਾਈਆ । ਅੰਤਮ ਵੇਲੇ ਪੁੱਛੇ ਵਾਤ, ਆਪ ਆਪਣੀ ਗੋਦ ਉਠਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਵਰਨ ਗੋਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਲਏ ਵਰ, ਨਾਰੀ ਕੰਤਾ ਮੇਲ ਮਿਲਾਈਆ । ਨਾਰੀ ਕੰਤਾ ਹਰਿ ਭਗਵਾਨਾ, ਗੁਰਮੁਖ ਰੰਗ ਰੰਗਾਇਆ । ਜਿਸ ਜਨ ਬੰਨੇ ਸਾਚਾ ਗਾਨਾ, ਤੰਦਨ ਤੰਦ ਬੰਧਾਇਆ । ਚਰਨ ਦਵਾਰ ਕਰੇ ਪਰਵਾਨਾ, ਮੇਲਾ ਮੇਲ ਸਹਿਜ ਸੁਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਵਸਿਆ ਸਾਚੇ ਘਰ, ਘਰ ਘਰ ਵਿਚ ਆਸਣ ਲਾਇਆ । ਘਰ ਵਿਚ ਘਰ ਘਰ ਨਿਰੰਕਾਰ, ਘਰ ਵਿਚ ਜੋਤ ਜਗਾਈਆ । ਘਰ ਵਿਚ ਘਰ, ਘਰ ਘਰ ਵਿਚ ਬੈਠਾ ਬੰਦ ਕਰਾਈਆ । ਘਰ ਵਿਚ ਘਰ ਘਰ ਘਰ ਦੇਵੇ ਵਰ, ਘਰ ਸਾਚਾ ਆਪ ਸੁਹਾਈਆ । ਘਰ ਵਿਚ ਘਰ ਘਰ ਨੁਹਾਏ ਸਰ, ਸਰ ਸਰੋਵਰ ਘਰ ਰਖਾਈਆ । ਜੋ ਜਨ ਸਤਿਗੁਰ ਪੂਰੇ ਚਰਨੀ ਗਏ ਪੜ੍ਹ, ਪਾਰਬ੍ਰਹਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਰ ਦਵਾਰੇ ਜੁਗ ਜੁਗ ਆਵੇ ਜਾਵੇ ਫੇਰਾ ਪਾਈਆ । ਚਰਨ ਸਰਨ ਸੱਚੀ ਸਰਨਾਈ ਜੋ ਜਨ ਗਏ ਪੜ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਜਲਾਂ ਥਲਾਂ ਪਾਰ ਕਿਨਾਰਿਆ । ਆਏ ਸੱਜਣ ਘਰ, ਮਿਲਿਆ ਮੀਤ ਮੁਰਾਰਾ । ਦੇਵੇ ਨਾਮ ਧਨ, ਜੋ ਬਣੇ ਜਗਤ ਵਣਜਾਰਾ । ਚੋਰ ਯਾਰ ਨਾ ਕੋਈ ਲਾਏ ਸੰਨ੍ਹ, ਨਾ ਕੋਈ ਲੁੱਟੇ ਚੋਰ ਯਾਰਾ । ਮਨ ਪੰਛੀ ਦੇਵੇ ਬੰਨ, ਦਹਿ ਦਿਸ਼ਾ ਨਾ ਲਾਏ ਉਡਾਰਾ । ਮਤ ਮਤਵਾਲੀ ਗੁਰਮਤ ਲਏ ਮੰਨ, ਗੁਰ ਹੋਏ ਆਪ ਰਖਵਾਲਾ । ਬੁਧੀ ਕਹੇ ਧੰਨ ਧੰਨ, ਧੰਨ ਮਿਲਿਆ ਗੁਰ ਗੋਪਾਲਾ । ਗੁਰ ਪੂਰਾ ਨੌਂ ਦਵਾਰੇ ਦੇਵੇ ਡਨ, ਸੁਖਮਨ ਨਾੜੀ ਚਾੜ੍ਹੇ ਚੰਨ, ਜੋਤ ਨਿਰੰਜਣ ਬੇੜਾ ਬੰਨ, ਰਾਗ ਅਨਾਦੀ ਸੁਣਾਏ ਏਕਾ ਗਾਨਾ । ਪੰਚਮ ਸਖੀਆਂ ਨੱਚਨ ਛਿਨ ਛਿਨ, ਤਾਲ ਤਲਵਾੜਾ ਵਜਾਏ ਇਕ ਮਰਦਾਨਾ । ਗੜ੍ਹ ਹੰਕਾਰੀ ਦੇਵੇ ਭੰਨ, ਗੁਰ ਪੂਰਾ ਨੌਜਵਾਨਾ । ਪੰਚ ਵਿਕਾਰਾ ਦਏ ਡੰਨ, ਸ਼ਬਦ ਵਖਾਏ ਤੀਰ ਕਮਾਨਾ । ਗੁਰਮੁਖ ਨੁਹਾਏ ਸਾਚੇ ਸਰੋਵਰ ਸਰ, ਦੁਰਮਤ ਮੈਲ ਗਵਾਨਾ । ਕਾਗੋ ਹੰਸ ਦਏ ਕਰ, ਜਿਸ ਜਨ ਹੋਏ ਮਿਹਰਵਾਨਾ । ਬਜਰ ਕਪਾਟੀ ਤੋੜੇ ਗੜ੍ਹ, ਮਾਰੇ ਨਾਮ ਨਿਸ਼ਾਨਾ । ਸਾਚੇ ਪੌੜੇ ਆਪੇ ਚੜ੍ਹ, ਦਸਮ ਦਵਾਰੀ ਸੇਜ ਸੁਹਾਨਾ । ਹਰਿਜਨ ਲਾਏ ਆਪਣੇ ਲੜ, ਨਾਰੀ ਕੰਤ ਆਪ ਅਖਵਾਨਾ । ਏਕਾ ਅੱਖਰ ਜੋ ਜਨ ਜਾਏ ਪੜ੍ਹ, ਤੋੜੇ ਮਾਣ ਜਗਤ ਵਿਦਵਾਨਾ । ਮਿਲੇ ਮੇਲ ਪ੍ਰਭ ਸਾਚੇ ਹਰਿ, ਹਰਿ ਜੋਤੀ ਮੇਲ ਮਿਲਾਨਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ । ਮੋਹਣ ਮਾਧਵ ਰੂਪ ਕਰ, ਲੱਖਮੀ ਨਰਾਇਣ ਆਪ ਅਖਵਾਨਾ । ਗੁਰਮੁਖ ਸਾਜਣ ਦੇਵੇ ਵਰ, ਆਏ ਦਰ ਹੋਏ ਪਰਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਜੀਆ ਦਾਨਾ । ਸਤਿ ਪੁਰਖ ਦਿਆਲ, ਸਰਬ ਸਮਾਇਆ । ਗੁਰਮੁਖ ਸਾਚੇ ਲਾਲ, ਆਪ ਆਪਣੇ ਲਏ ਜਗਾਇਆ । ਫਲ ਲਗਾਏ ਕਾਇਆ ਡਾਲ, ਆਤਮ ਮੇਵਾ ਇਕ ਖਵਾਇਆ । ਸਰ ਸਰੋਵਰ ਇਕ ਨੁਹਾਲ, ਨਿਰਮਲ ਨੀਰ ਇਕ ਜਣਾਇਆ । ਦੀਪਕ ਜੋਤੀ ਸਾਚਾ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਇਆ ।

੮੦
੦੭

ਭਾਗ ਲਗਾਏ ਕਾਇਆ ਖਾਲ, ਮਾਟੀ ਹਾਟੀ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਸਤਿਗੁਰ ਸੱਜਣ ਸ਼ਾਹ, ਸਤਿ ਪੁਰਖ ਆਪ ਅਖਵਾਇੰਦਾ । ਜੁਗ ਜੁਗ ਚਲਾਏ ਆਪਣਾ ਰਾਹ, ਜੁਗ ਜੁਗ ਵੇਖ ਵਖਾਇੰਦਾ । ਜੁਗ ਜੁਗ ਜਨ ਭਗਤਾਂ ਦੇਵੇ ਠੰਡੀ ਛਾਂ, ਜੁਗ ਜੁਗ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਪਾਰ ਕਰਾਇੰਦਾ । ਸਤਿਗੁਰ ਸਾਚਾ ਬੇਪਰਵਾਹ, ਸਾਚੇ ਘਰ ਸਮਾਇਆ । ਨਿਥਾਵਿਆਂ ਦੇਵੇ ਸਾਚਾ ਥਾਂ, ਥਿਰ ਘਰ ਸਾਚਾ ਇਕ ਸੁਹਾਇਆ । ਫੜ ਫੜ ਪਕੜ ਉਠਾਏ ਬਾਂਹ, ਜੁਗ ਵਿਛੜੇ ਜਗ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਰਚਾਇਆ । ਸਤਿਗੁਰ ਪੁਰਖ ਆਦਿ ਨਿਰੰਜਣ, ਏਕਾ ਏਕ ਅਖਵਾਈਆ । ਜਨ ਭਗਤਾਂ ਨੇਤਰ ਪਾਏ ਅੰਜਨ, ਏਕਾ ਧਾਰ ਬੰਧਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਅਠ ਸਠ ਮਾਣ ਗਵਾਈਆ । ਆਪੇ ਹੋਇਆ ਪੜਦੇ ਕੱਜਣ, ਨਾਮ ਦੋਸ਼ਾਲਾ ਏਕਾ ਪਾਈਆ । ਆਪ ਉਧਾਰੇ ਠੱਗ ਸੱਜਣ, ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਆਪੇ ਵੇਖ ਵਖਾਈਆ । ਹਰਿ ਘਟ ਅੰਦਰ ਜੋਤ ਜਗਾ, ਪ੍ਰਭ ਆਪਣੀ ਵਸਤ ਟਿਕਾਈਆ । ਸ੍ਰਿਸ਼ਟ ਸਬਾਈ ਭਰਮ ਭੁਲਾ, ਝੂਠੇ ਧੰਦੇ ਲਾਈਆ । ਹਰਿਜਨ ਸਾਚੇ ਲਏ ਉਪਾ, ਪਰਮਾਨੰਦੇ ਆਪ ਸਮਾਈਆ । ਮਨਮੁਖ ਜੀਵਾਂ ਦਏ ਰੁਲਾ, ਪਾਪੀ ਗੰਦੇ ਦਏ ਸਜ਼ਾਈਆ । ਗੁਰਮੁਖਾਂ ਆਤਮ ਜਿੰਦੇ ਦਏ ਤੁੜਾ, ਦੂਈ ਦਵੈਤੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਗੁਰ ਕਿਰਪਾ ਹਰਿ ਮੇਲਿਆ, ਮਿਲੇ ਮੇਲ ਬਨਵਾਰੀ । ਆਪੇ ਗੁਰ ਗੁਰੂ ਗੁਰ ਚੇਲਿਆ, ਆਪੇ ਸੋਹੇ ਬੰਕ ਦਵਾਰੀ । ਆਪੇ ਵਸੇ ਇਕ ਅਕੇਲਿਆ, ਆਪੇ ਵਸੇ ਵਿਚ ਸੰਸਾਰੀ । ਆਪੇ ਖੇਲ ਆਪਣਾ ਖੇਲਿਆ, ਖੇਲਣਹਾਰ ਖਿਲਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਸੱਜਣ ਸਹਾਰੀ । ਆਪਣੀ ਕਿਰਪਾ ਆਪੇ ਧਾਰ, ਆਪਣੀ ਦਇਆ ਕਮਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਸੋ ਜਨ ਵਿਛੜ ਨਾ ਜਾਈਆ । ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ, ਗੁਰ ਪੂਰੇ ਹੱਥ ਵਡਿਆਈਆ । ਅੰਮ੍ਰਿਤ ਆਤਮ ਦੇਵੇ ਠੰਡੀ ਧਾਰ, ਭਰ ਪਿਆਲਾ ਇਕ ਪਿਆਈਆ । ਨਾਮ ਖੰਡਾ ਬਖ਼ਸ਼ੇ ਤਿਖੀ ਧਾਰ, ਕਾਇਆ ਗਾਤਰੇ ਅੰਦਰ ਆਪ ਟਿਕਾਈਆ । ਪੰਚ ਵਿਕਾਰੇ ਮਾਰੇ ਮਾਰ, ਦਿਸ ਕਿਸੇ ਨਾ ਆਈਆ । ਦੋ ਜਹਾਨੀ ਕਰੇ ਪਾਰ, ਜੋ ਜਨ ਰਹੇ ਸਰਨਾਈਆ । ਆਵਣ ਜਾਵਣ ਗੇੜ ਨਿਵਾਰ, ਸਾਚੇ ਧਾਮ ਦਏ ਸੁਹਾਈਆ । ਕਾਇਆ ਜੋਬਨ ਦਿਸੇ ਸਚ ਸ਼ੰਗਾਰ, ਸੋਲਾਂ ਕਲੀਆਂ ਤਨ ਰੰਗਾਈਆ । ਪਾਰਬ੍ਰਹਮ ਪ੍ਰਭ ਏਕ ਪਿਆਰ, ਨੇਤਰ ਨੈਣਾਂ ਇਕ ਸਮਝਾਈਆ । ਆਪੇ ਮੇਲੇ ਮੇਲਣਹਾਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਗੁਰਸਿਖ ਸਾਚਾ ਸੱਜਣ ਮੀਤ ਮੁਰਾਰ, ਗੁਰ ਗੋਬਿੰਦ ਰਾਹ ਤਕਾਈਆ । ਚਰਨ ਧੂੜ ਕਰਾਏ ਮਜਨ, ਮਾਘ ਮਜਨ ਇਕ ਅਖਵਾਈਆ । ਸਾਕ ਸੈਣ ਭਾਈ ਭੈਣ ਮਾਤ ਪਿਤ ਸਰਬ ਜਗਤ ਤਜਣ, ਜਿਸ ਮਿਲਿਆ ਬੇਪਰਵਾਹੀਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਜਿਸ ਦੇਵੇ ਨਾਮ ਵਡਿਆਈਆ । ਅਨਹਦ ਤਾਲ ਤਲਵਾੜੇ ਵੱਜਣ, ਪੰਚਮ ਸ਼ਬਦ ਕਰੇ ਕੁੜਮਾਈਆ । ਸੁਰਤੀ ਸ਼ਬਦ ਏਕਾ ਥਾਂ ਬਹਿ ਬਹਿ ਸਜਣ, ਸਾਚਾ ਧਾਮ ਆਪ ਵਖਾਈਆ । ਢੋਲ ਮਰਦੰਗੇ ਸਾਚੇ ਵੱਜਣ, ਅਨਾਦੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਜਗਤ ਵਡਿਆਈਆ । ਗੁਰਸਿਖ

ਵਡਿਆਈ ਧੰਨ, ਧਨ ਪਾਇਆ ਹਰਿ ਨਾਉਂ । ਗੁਰਮੁਖ ਵਡਿਆਈ ਧੰਨ, ਧੰਨ ਧੰਨ ਪਾਇਆ ਨਗਰ ਗਰਾਉਂ । ਗੁਰਸਿਖ ਵਡਿਆਈ ਧੰਨ, ਗੁਰ ਪਾਇਆ ਅਗੰਮ ਅਥਾਹੋਂ । ਗੁਰ ਵਡਿਆਈ ਧੰਨ, ਗੁਰਸਿਖ ਸਾਚੇ ਲਏ ਤਰਾਓ । ਏਕਾ ਰਾਗ ਸੁਣਾਏ ਕੰਨ, ਏਕਾ ਸ਼ਬਦ ਅਲਾਓ । ਏਕਾ ਚੰਨ ਚੜ੍ਹਾਏ ਤਨ, ਇਕ ਪਰਕਾਸ਼ ਸਮਾਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜਨ ਹਰਿ ਦੇਵੇ ਸਦਾ ਸਦ ਠੰਡੀ ਛਾਉਂ । ਕਾਲ ਗਰਾਸ ਜਨ ਛੁਟਿਆ, ਪਾਇਆ ਗੁਰ ਗੋਬਿੰਦ । ਘਰ ਸਾਚਾ ਸਾਚੇ ਲਾਹਾ ਲੁੱਟਿਆ, ਮੇਟ ਮਿਟਾਈ ਸਗਲੀ ਚਿੰਦ । ਅੰਮ੍ਰਿਤ ਆਤਮ ਪੀਤਾ ਘੁਟਿਆ, ਉਪਜੀ ਸਾਚੀ ਬਿੰਦ । ਆਵਣ ਜਾਵਣ ਲੱਖ ਚੁਰਾਸੀ ਛੁਟਿਆ, ਜਿਸ ਮਿਲਿਆ ਗੁਣੀ ਗਹਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਸਦਾ ਸਦਾ ਆਪ ਬਖ਼ਸ਼ਿੰਦ ।



## * ਪਹਿਲੀ ਮਾਘ ੨੦੧੪ ਬਿਕ੍ਰਮੀ ਦਰਬਾਰ ਵਿਚ ਲਿਖਤ ਹੋਈ ਜੇਠੂਵਾਲ *

ਹਰਿ ਜੋਤੀ ਨੂਰ ਅਕਾਰ, ਹਰਿ ਹਰਿ ਰੂਪ ਸਮਾਇਆ । ਹਰਿ ਹਰਿ ਰੂਪ ਅਪਾਰ, ਭੇਵ ਕਿਸੇ ਨਾ ਪਾਇਆ । ਹਰਿ ਹਰਿ ਨਾਮ ਅਧਾਰ, ਨਾਮ ਅਧਾਰ ਆਪ ਅਖਵਾਇਆ । ਹਰਿ ਹਰਿ ਸ਼ਬਦ ਅਪਾਰ, ਹਰਿ ਸ਼ਬਦੀ ਸ਼ਬਦ ਉਪਾਇਆ । ਖੇਲੇ ਖੇਲ ਖੇਲਣਹਾਰ, ਆਪ ਆਪਣਾ ਖੇਲ ਖਿਲਾਇਆ । ਅਗੰਮ ਅਗੰਮੜਾ ਅਗੰਮੜੀ ਕਾਰ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੂਪ ਸਮਾਇਆ । ਆਪ ਆਪਣਾ ਰੂਪ ਉਪਾ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਨਾਉਂ ਧਰਾ, ਆਪ ਆਪਣਾ ਨਾਉਂ ਜਣਾਈਆ । ਆਪ ਆਪਣਾ ਸੰਗ ਰਖਾ, ਆਪ ਆਪਣਾ ਸੰਗ ਨਿਭਾਈਆ । ਆਪ ਆਪਣੇ ਅੰਗ ਲਗਾ, ਆਪ ਆਪਣੀ ਸੇਜ ਹੰਢਾਈਆ । ਆਪ ਆਪਣਾ ਮਰਦੰਗ ਵਜਾ, ਆਪ ਆਪਣਾ ਰਿਹਾ ਸੁਣਾਈਆ । ਆਪ ਆਪਣਾ ਮੰਗ ਮੰਗਾ, ਆਪ ਆਪਣੀ ਝੋਲੀ ਪਾਈਆ । ਆਪ ਆਪਣਾ ਤੰਗ ਕਸਾ, ਆਪ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਆਪ ਕਰੇ ਵਡਿਆਈਆ । ਆਪ ਆਪਣਾ ਹਰਿ ਉਭਾਰ, ਆਪ ਆਪਣੀ ਕਲ ਵਰਤਾਈਆ । ਆਪ ਆਪਣਾ ਕਰ ਸ਼ੰਗਾਰ, ਆਪ ਆਪਣਾ ਵੇਖ ਵਖਾਈਆ । ਆਪ ਆਪਣੀ ਪਾਵੇ ਸਾਰ, ਆਪ ਆਪਣੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਵੇਖਣਹਾਰਾ ਆਪ ਆਪਣੇ ਵਿਚ ਸਮਾਇਆ । ਆਪ ਆਪਣਾ ਲੇਖ ਲਿਖਣਹਾਰਾ, ਆਪ ਆਪਣਾ ਲੇਖ ਲਿਖਾਇਆ । ਆਪ ਆਪਣਾ ਵੇਖਣਹਾਰਾ, ਆਪ ਆਪਣਾ ਲਏ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪਣਾ ਆਪ ਆਪੇ ਲਾਇਆ । ਆਪ ਆਪਣਾ ਰਚਿਆ ਕਾਜਾ, ਆਪ ਆਪਣੀ ਰਚਨ ਰਚਾਈਆ । ਆਪੇ ਹੋ ਗ਼ਰੀਬ ਨਿਵਾਜਾ, ਗ਼ਰੀਬ ਨਿਵਾਜ ਆਪ ਅਖਵਾਈਆ । ਆਪ ਆਪਣੀ ਰੱਖੇ ਲਾਜਾ, ਆਪ ਆਪਣੀ ਪੈਜ ਧਰਾਈਆ । ਆਪ ਆਪਣੀ ਮਾਰੇ ਵਾਜਾ, ਆਪੇ ਰਿਹਾ ਸੁਣਾਈਆ । ਆਪ ਆਪਣਾ ਸਾਜਨ ਸਾਜਾ, ਆਪ ਆਪਣਾ ਮਤਾ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਉਪਾਈਆ । ਆਪਣੀ ਇਛਿਆ

ਆਦਿ ਨਿਰੰਜਣ, ਆਪਣੀ ਆਪ ਉਪਾਈਆ । ਆਪੇ ਹੋਇਆ ਦਰਦ ਦੁੱਖ ਭੈ ਭੰਜਨ, ਦਇਆਵਾਨ ਆਪ ਅਖਵਾਈਆ । ਆਪ ਆਪਣਾ ਬਣਿਆ ਸੱਜਣ, ਆਪ ਆਪਣਾ ਸੰਗ ਨਿਭਾਈਆ । ਆਪ ਆਪਣਾ ਕਰਿਆ ਮਜਨ, ਆਪ ਆਪਣੀ ਮੈਲ ਗਵਾਈਆ । ਆਪ ਆਪਣਾ ਹੋਇਆ ਪੜਦੇ ਕਜਨ, ਆਪਣੀ ਲੱਜਿਆ ਆਪ ਰਖਾਈਆ । ਆਪ ਚਲਾਇਆ ਆਪਣਾ ਜਹਾਜਨ, ਆਪੇ ਵੇਖ ਵਖਾਈਆ । ਆਪੇ ਹੋਏ ਨਾਰ ਬਾਂਝਨ, ਪੂਤ ਸਪੂਤਾ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਉਪਾਈਆ । ਆਪ ਆਪਣਾ ਹਰਿ ਉਪਾ, ਆਪ ਆਪਣਾ ਨਾਉਂ ਧਰਾਇੰਦਾ । ਨਰ ਨਿਰੰਕਾਰ ਆਪ ਅਖਵਾ, ਸਰਬ ਪਸਾਰਾ ਆਪ ਕਰਾਇੰਦਾ । ਅਗੰਮ ਅਗੰਮ ਆਪ ਅਖਵਾ, ਅਲੱਖ ਅਲੱਖ ਸਮਾਇੰਦਾ । ਆਪ ਆਪਣਾ ਅੰਗ ਕਟਾ, ਆਪ ਆਪਣੀ ਜੋਤ ਜਗਾਇੰਦਾ । ਆਦਿ ਸ਼ਕਤੀ ਮਾਤ ਬਣਾ, ਪੂਤ ਸਪੂਤਾ ਗੋਦ ਉਠਾਇੰਦਾ । ਸ਼ਬਦ ਸੁਤ ਹਰਿ ਗੋਦ ਟਿਕਾ, ਅੰਮ੍ਰਿਤ ਸੀਰ ਪਿਆਇੰਦਾ । ਨਾ ਕੋਈ ਦੂਸਰ ਵੇਖ ਵਖਾ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਅੱਖਰ ਵੱਖਰ ਲਿਆ ਪੜ੍ਹਾ, ਨਾ ਕੋਈ ਵਿਦਿਆ ਬੂਝ ਬੁਝਾਇੰਦਾ । ਆਪ ਆਪਣੀ ਦਇਆ ਕਮਾ, ਆਪ ਆਪਣਾ ਸੰਗ ਨਿਭਾਇੰਦਾ । ਏਕਾ ਸਿਖਿਆ ਦਏ ਸਮਝਾ, ਚਰਨ ਧਿਆਨ ਰਖਾਇੰਦਾ । ਲੋਆਂ ਪੁਰੀਆਂ ਦਏ ਰਚਾ, ਬ੍ਰਹਿਮੰਡਾਂ ਵਿਚ ਸਮਾਇੰਦਾ । ਬ੍ਰਹਮਾ ਵਿਸ਼ਨੂੰ ਸ਼ਿਵ ਸੇਵਾ ਲਾ, ਸਾਚੀ ਸੇਵ ਕਮਾਇੰਦਾ । ਅਲੱਖ ਅਭੇਵਾ ਆਪ ਅਖਵਾ, ਅਲੱਖ ਨਿਰਜੰਣ ਜੋਤ ਜਗਾਇੰਦਾ । ਸੁਰਪਤ ਦੇਵਾ ਸੰਗ ਰਲਾ, ਕਰੋੜ ਤੇਤੀਸਾ ਧਾਮ ਸੁਹਾਇੰਦਾ । ਲੱਖ ਚੁਰਾਸੀ ਬਣਤ ਬਣਾ, ਜੀਵਾਂ ਜੰਤਾਂ ਵਿਚ ਸਮਾਇੰਦਾ । ਸਾਧਾਂ ਸੰਤਾਂ ਮਾਣ ਦਵਾ, ਆਤਮ ਅੰਤਰ ਗਿਆਨ ਜਣਾਇੰਦਾ । ਨਾਦੀ ਧੁਨ ਇਕ ਵਜਾ, ਬ੍ਰਹਿਮਾਦੀ ਆਪ ਵਜਾਇੰਦਾ । ਮੋਹਣ ਮਾਧਵ ਮਾਧੋ ਮਾਧੀ ਦਇਆ ਕਮਾ, ਬੋਧ ਅਗਾਧੀ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਵਖਾਇੰਦਾ । ਲੋਕਮਾਤ ਹਰਿ ਖੇਲ ਅਪਾਰਾ, ਸਾਚੀ ਰਚਨ ਰਚਾਈਆ । ਆਪੇ ਦੁਸ਼ਟ ਹੋਏ ਹੰਕਾਰਾ, ਆਪੇ ਗੜ੍ਹ ਸੁਹਾਈਆ । ਆਪ ਆਪਣਾ ਲਏ ਅਵਤਾਰਾ, ਆਪੇ ਕਰੇ ਲੜਾਈਆ । ਸਤਿਜੁਗ ਖੇਲ ਅਪਰ ਅਪਾਰਾ, ਵਡ ਵੱਡੀ ਵਡਿਆਈਆ । ਆਵੇ ਜਾਵੇ ਵਾਰੋ ਵਾਰਾ, ਲੇਖ ਨਾ ਲਿਖਿਆ ਜਾਈਆ । ਖੇਲੇ ਖੇਲਣਹਾਰਾ, ਪੁਰਖ ਅਕਾਲਾ ਆਪ ਅਖਵਾਈਆ । ਆਪੇ ਤੋੜੇ ਜਗਤ ਜੰਜਾਲਾ, ਆਪੇ ਫੰਦਨ ਪਾਈਆ । ਤ੍ਰੈਗੁਣ ਮਾਇਆ ਕਰੇ ਮਾਲੋ ਮਾਲਾ, ਸਚ ਭੰਡਾਰਾ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਸਤਿਜੁਗ ਤੇਰਾ ਖੇਲ ਅਪਾਰਾ, ਹਰਿ ਸਾਚੀ ਜੋਤ ਜਗਾਇੰਦਾ । ਵਾਰ ਅਠਾਰਾਂ ਲਏ ਅਵਤਾਰਾ, ਧਰਨੀ ਧਰਤ ਸੁਹਾਇੰਦਾ । ਰੂਪ ਅਨੂਪਾ ਹਰਿ ਕਰਤਾਰਾ, ਸਤਿ ਸਰੂਪਾ ਵੇਸ ਵਟਾਇੰਦਾ । ਇਕ ਅਕੱਲਾ ਏਕੰਕਾਰਾ, ਅਕਲ ਕਲਾ ਸਮਾਇੰਦਾ । ਆਪ ਆਪਣੀ ਬੰਨੇ ਧਾਰਾ, ਆਪ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਪਾਰ ਕਰਾਇੰਦਾ । ਸਤਿਜੁਗ ਸਾਚੇ ਪਾਰ ਕਿਨਾਰਾ, ਹਰਿ ਸਾਚੀ ਦਇਆ ਕਮਾਈਆ । ਖੇਲੇ ਖੇਲ ਵਿਚ ਸੰਸਾਰਾ, ਅਚਰਜ ਬਣਤ ਬਣਾਈਆ । ਆਪੇ ਹੋਏ ਦੁਸ਼ਟ ਦੁਰਾਚਾਰਾ, ਕੁਕਰਮੀ ਕਰਮ ਕਮਾਈਆ । ਆਪੇ ਭਗਤੀ ਭਰ ਭੰਡਾਰਾ, ਭਵ ਸਾਗਰ ਪਾਰ ਕਰਾਈਆ । ਆਪੇ ਖੰਡਾ ਤੇਜ਼ ਕਟਾਰਾ, ਤੀਰ ਕਮਾਨ ਆਪ ਉਠਾਈਆ । ਆਪੇ ਜੋਧਾ ਸੂਰ ਬਲੀ ਬਲਕਾਰਾ, ਸੂਰਬੀਰ ਆਪ ਅਖਵਾਈਆ । ਆਪੇ ਹੋਏ ਸ਼ਾਹ ਸਵਾਰਾ, ਸ਼ਾਹ ਅਸਵਾਰ ਆਪ ਅਖਵਾਈਆ । ਆਪੇ ਜੇਰਜ

ਅੰਡਾਂ ਕਰ ਪਸਾਰਾ, ਉਤਭੁਜ ਸੇਤਜ ਵਿਚ ਸਮਾਈਆ । ਆਪੇ ਬ੍ਰਹਿਮੰਡਾਂ ਕਰ ਜੈਕਾਰਾ, ਆਪੇ ਰਿਹਾ ਸੁਣਾਈਆ । ਆਪੇ ਲੋਆਂ ਪੁਰੀਆਂ ਦਏ ਅਧਾਰਾ, ਆਪੇ ਮੇਟ ਮਿਟਾਈਆ । ਆਪੇ ਗਗਨ ਪਤਾਲਾਂ ਲਾਏ ਨਾਅਰਾ, ਆਪੇ ਮੁਖ ਭਵਾਈਆ । ਆਪੇ ਕਰੇ ਹਾਹਾਕਾਰਾ, ਆਪੇ ਜੈ ਜੈਕਾਰ ਕਰਾਈਆ । ਆਪੇ ਕਰੇ ਸਚ ਪਿਆਰਾ, ਆਪੇ ਦਰ ਦੁਰਕਾਈਆ । ਆਪੇ ਹੋਏ ਨਾਮ ਅਧਾਰਾ, ਆਪੇ ਰਿਹਾ ਸਮਝਾਈਆ । ਆਪੇ ਸ਼ਸਤਰ ਬਸਤਰ ਤੇਜ਼ ਕਟਾਰਾ, ਆਪੇ ਹੱਥ ਰਖਾਈਆ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਿਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਸ੍ਰਿਸ਼ਟ ਸਬਾਈਆ । ਤ੍ਰੇਤਾ ਤੇਰਾ ਕਰਿਆ ਵੇਸ, ਤੇਰੀ ਧਾਰ ਚਲਾਈਆ । ਆਪੇ ਹੋਏ ਨਰ ਨਰੇਸ਼, ਨਰ ਨਰਾਇਣ ਆਪ ਅਖਵਾਈਆ । ਆਪੇ ਹੋਏ ਦੇਸ ਪਰਦੇਸ਼, ਦਹਿ ਦਿਸ਼ਾ ਫੇਰੀ ਪਾਈਆ । ਆਪੇ ਪੂਜੇ ਗਣਪਤ ਗਣੇਸ਼, ਸ਼ਿਵ ਸ਼ੰਕਰ ਆਪ ਮਨਾਈਆ । ਆਪੇ ਬ੍ਰਹਮਾ ਵਿਸ਼ਨ ਮਹੇਸ਼, ਦਰ ਦਰਵੇਸ਼ ਆਪ ਅਖਵਾਈਆ । ਆਪੇ ਹੋਏ ਧਾਰੀ ਕੇਸ, ਆਪੇ ਮੂੰਡ ਮੁੰਡਾਈਆ । ਆਪੇ ਜਾਣੇ ਆਪਣਾ ਵੇਸ, ਭੇਖਾਧਾਰੀ ਆਪ ਹੋ ਜਾਈਆ । ਆਪੇ ਰੱਖੇ ਖੁਲ੍ਹੜੇ ਕੇਸ, ਆਪੇ ਨੇਤਰ ਰੋ ਰੋ ਨੀਰ ਵਹਾਈਆ । ਆਪ ਆਪਣੀ ਕਰੇ ਅਦੇਸ਼, ਘਰ ਆਪਣੇ ਅਲੱਖ ਜਗਾਈਆ । ਆਪੇ ਜੋਤੀ ਕਰ ਪਰਵੇਸ਼, ਆਪੇ ਲਏ ਬੁਝਾਈਆ । ਆਪੇ ਸੁੱਤਾ ਬਾਸ਼ਕ ਸੇਜ, ਸਾਗੋ ਪਾਂਗ ਹੰਢਾਈਆ । ਆਪ ਆਪਣੇ ਨੇਤਰ ਰਿਹਾ ਵੇਖ, ਨੈਣ ਮੁੰਧਾਰਾ ਆਪ ਅਖਵਾਈਆ । ਆਪੇ ਲਿਖਣਹਾਰਾ ਲੇਖ, ਆਪੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਤ੍ਰੇਤੇ ਹੋਏ ਸਹਾਈਆ । ਜੁਗ ਤ੍ਰੇਤਾ ਰਾਮ ਰਮਈਆ, ਰਾਮਾ ਰਾਮ ਅਖਵਾਇਆ । ਆਪੇ ਹੋਏ ਸੱਜਣ ਸਈਆ, ਸਗਲਾ ਸੰਗ ਨਿਭਾਇਆ । ਆਪ ਚਲਾਏ ਆਪਣੀ ਨਈਆ, ਸਾਚਾ ਨਾਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਊ ਗ਼ਰੀਬ ਨਿਮਾਣੇ ਪਾਰ ਕਰਾਇਆ । ਗ਼ਰੀਬ ਨਿਮਾਣੇ ਪਾਵੇ ਸਾਰ, ਹਰਿਜਨ ਗਲੇ ਲਗਾਈਆ । ਏਕਾ ਦੇਵੇ ਨਾਮ ਆਧਾਰ, ਨੇਤਰ ਲੋਚਣ ਦਰਸ਼ਨ ਸਹਿਜ ਸਬਾਈਆ । ਜੋ ਜਨ ਰਸਨਾ ਰਹੇ ਉਚਾਰ, ਮੇਲ ਮਿਲਾਏ ਸਹਿਜ ਸੁਖਦਾਈਆ । ਆਪਣਾ ਬਖ਼ਸ਼ੇ ਆਪ ਪਿਆਰ, ਆਦਿ ਅੰਤ ਹੋਏ ਸਹਾਈਆ । ਤ੍ਰੇਤਾ ਤ੍ਰੀਆ ਵੇਸ ਕਰਤਾਰ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਦੁਆਪਰ ਦੂਆ ਦੋਏ ਵੇਖ, ਹਰਿ ਵੇਖੇ ਦੋ ਜਹਾਨਾ । ਆਪੇ ਲਿਖਣਹਾਰਾ ਲੇਖ, ਪਾਰਬ੍ਰਹਮ ਸ੍ਰੀ ਭਗਵਾਨਾ । ਆਪਣੇ ਨੇਤਰ ਆਪੇ ਪੇਖ, ਆਪੇ ਗੋਪੀ ਆਪੇ ਕਾਹਨਾ । ਆਪੇ ਹੋਏ ਰਿਖੀ ਰਿਖੇਸ਼, ਆਪੇ ਗਵਰਧਨ ਹੱਥ ਟਿਕਾਨਾ । ਆਪੇ ਹੋਏ ਨਰ ਨਰੇਸ਼, ਆਪੇ ਮਾਰੇ ਕੰਸ ਬਲਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਜਗਤ ਜਹਾਨਾ । ਦੁਆਪਰ ਤੇਰਾ ਖੇਲ ਮਹਾਨਾ, ਹਰਿ ਆਪਣੀ ਕਲ ਵਰਤਾਈਆ । ਪਰਗਟ ਹੋ ਵਿਚ ਜਹਾਨਾ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਜਗਤ ਨਿਮਾਣੇ ਦੇਵੇ ਮਾਣਾ, ਬਿਪਰ ਸੁਦਾਮਾ ਗਲੇ ਲਗਾਈਆ । ਅੰਤਮ ਵੇਖੇ ਖੇਲ ਮੈਦਾਨਾ, ਦੋ ਧੜ ਆਪ ਕਰਾਈਆ । ਪਕੜੇ ਉਠਾਏ ਜੋਧੇ ਸੂਰਬੀਰ ਬਲੀ ਬਲਵਾਨਾ, ਆਦਿ ਅੰਤ ਇਕ ਜਣਾਈਆ । ਨਾ ਕੋਈ ਚਿੱਲਾ ਤੀਰ ਕਮਾਨਾ, ਖੰਡਾ ਸ਼ਸਤਰ ਨਾ ਹੱਥ ਉਠਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਰਥ ਰਥਵਾਹੀ ਆਪ ਅਖਵਾਈਆ । ਗੀਤਾ ਗਿਆਨ ਇਕ ਮਹਾਨਾ, ਦੇ ਅਰਜਨ ਮਤ ਸਮਝਾਈਆ । ਗੜ੍ਹ ਹੰਕਾਰੀ ਤੋੜ ਤੁੜਾਨਾ, ਦਰਯੋਧਨ ਦਏ ਸਜ਼ਾਈਆ । ਕਲਜੁਗ ਵੇਖੇ ਮਾਰ ਧਿਆਨਾ,

੮੫
੦੨

ਦੂਰ ਦੁਰਾਡਾ ਮੁਖ ਉਠਾਈਆ । ਦੁਆਪਰ ਸੁੱਤਾ ਵਿਚ ਮੈਦਾਨਾ, ਦੋਏ ਪੈਰ ਵਿਛਾਈਆ । ਜੀਵ ਜੰਤ ਸਭ ਲੇਖੇ ਲਾਨਾ, ਅਖਸ਼ੂਨੀ ਅਠਾਰਾਂ ਰਿਹਾ ਭਰਾਈਆ । ਇਕ ਅਖਸ਼ੂਨੀ ਅਠਾਈ ਲੱਖ ਲਿਖਾਨਾ, ਲੇਖਾ ਆਪਣੇ ਹੱਥ ਰਖਾਈਆ । ਯਾਦੂ ਬੰਸੀ ਭੇਟ ਚੜ੍ਹਾਨਾ, ਦੁਰਬਾਸਾ ਦਏ ਵਧਾਈਆ । ਆਪ ਆਪਣਾ ਕਰ ਪਰਵਾਨਾ, ਆਪ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਦਿਸ ਕਿਸੇ ਨਾ ਆਈਆ । ਕਲਜੁਗ ਕੂੜਾ ਵਡ ਬਲਕਾਰਾ, ਲੋਕਮਾਤ ਉਠ ਧਾਇਆ । ਧਰਤ ਮਾਤ ਤੇਰਾ ਸੁਤ ਦੁਲਾਰਾ, ਆਪ ਆਪਣੀ ਲਏ ਅੰਗੜਾਇਆ । ਜੂਠ ਝੂਠ ਕਰੇ ਤਨ ਸ਼ੰਗਾਰਾ, ਮਾਇਆ ਮਮਤਾ ਬਸਤਰ ਪਾਇਆ । ਕਾਮ ਕਰੋਧ ਲੋਭ ਮੋਹ ਹੰਕਾਰ, ਸਚ ਕਿਨਾਰ ਤਨ ਸਾਚੇ ਰਿਹਾ ਸਜਾਇਆ । ਹਉਮੇ ਹੰਗਤਾ ਹੋ ਅਸਵਾਰ, ਜੋਧਾ ਬੀਰ ਅਖਵਾਇਆ । ਭੁੱਖਾ ਨੰਗਾ ਕਰੇ ਹਾਹਾਕਾਰ ਚਾਰੋਂ ਕੁੰਟ ਰਿਹਾ ਕੁਰਲਾਇਆ । ਦਹਿ ਦਿਸ਼ਾ ਵੇਖੇ ਅੱਖ ਉਘਾੜ, ਆਪ ਆਪਣਾ ਰੂਪ ਵਟਾਇਆ । ਸੰਗ ਰਖਾਈ ਪੰਚਮ ਧਾੜ, ਲੱਖ ਚੁਰਾਸੀ ਰਿਹਾ ਸੁਣਾਇਆ । ਅੱਠੇ ਪਹਿਰ ਫਿਰੇ ਵਾਹੋ ਦਾਹੀ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੇਰਾ ਪਾਇਆ । ਜੀਵਾਂ ਜੰਤਾਂ ਸਾਧਾਂ ਸੰਤਾਂ ਟੋਹੇ ਨਾੜ ਨਾੜ, ਸਤਿ ਧਰਮ ਰਹਿਣ ਨਾ ਪਾਇਆ । ਅੱਗ ਲਗਾਏ ਬਹੱਤਰ ਨਾੜ, ਪੰਚਮ ਤਤ ਜਲਾਇਆ । ਤ੍ਰੈਗੁਣ ਮਾਇਆ ਰਹੀ ਸਾੜ, ਨਾ ਦਿਸੇ ਕੋਈ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਖੇਲ ਖਿਲਾਇਆ । ਕਲਜੁਗ ਜੋਧਾ ਸੂਰ ਬਲਕਾਰਾ, ਏਕਾ ਏਕ ਅਖਵਾਇਆ । ਏਕਾ ਮਾਰੇ ਆਪਣਾ ਨਾਅਰਾ, ਜੈ ਜੈ ਜੈਕਾਰ ਕਰਾਇਆ । ਨਾਲ ਮੰਗੇ ਮੰਗ ਅਪਰ ਅਪਾਰਾ, ਸੰਗ ਮੁਹੰਮਦ ਚਾਰ ਯਾਰਾ ਅੱਲਾ ਰਾਣੀ ਲਏ ਪਰਨਾਇਆ । ਦੋਹਾਂ ਮੇਲਾ ਵਿਚ ਸੰਸਾਰਾ, ਐੜਾ ਅਥਰਬਣ ਖੇਲ ਅਪਾਰਾ, ਐਨਲਹੱਕ ਨਾਅਰਾ ਲਾਇਆ । ਖ਼ੁਦੀ ਖ਼ੁਦਾਈ ਕਰ ਉਜਿਆਰਾ, ਪਰਵਰਦਿਗਾਰ ਬੇਪਰਵਾਹੀ ਦਏ ਸਹਾਰਾ, ਮੇਲ ਮਿਲਾਏ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕਲਮਾ ਰਿਹਾ ਪੜ੍ਹਾਈਆ । ਏਕਾ ਕਲਮਾ ਹੱਕ ਹਕੀਕਤ ਹਰਿ ਸਾਚੇ ਸ਼ਬਦ ਜਣਾਈਆ । ਸਚ ਖ਼ੁਦਾਏ ਲਾਸ਼ਰੀਕ, ਲਾਸ਼ਰੀਕ ਕਵਣ ਅਖਵਾਈਆ । ਕਲਜੁਗ ਰੱਖੀ ਇਕ ਉਡੀਕ, ਹਰਿ ਮੁਹੰਮਦ ਸੰਗ ਰਖਾਈਆ । ਅਹਿਮਦ ਮੰਗੇ ਇਕ ਤਾਰੀਖ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਮੁਹੰਮਦ ਤੇਰੀ ਪੂਰੀ ਆਸ, ਪ੍ਰਭ ਸਾਚਾ ਆਪ ਕਰਾਇੰਦਾ । ਚਾਰ ਯਾਰੀ ਕਰ ਪਰਕਾਸ਼, ਅੱਲਾ ਰਾਣੀ ਮਤਾ ਪਕਾਇੰਦਾ । ਪੀਰ ਦਸਤਗੀਰ ਖੇਲ ਤਮਾਸ਼, ਦੀਨ ਅਲਾਹੀ ਵੇਖ ਵਖਾਇੰਦਾ । ਚੌਦਾਂ ਤਬਕਾਂ ਜ਼ਿਮੀ ਅਸਮਾਨ ਅਕਾਸ਼, ਤੇਰੀ ਧਾਰ ਚਲਾਇੰਦਾ । ਗੋਰ ਦਬੌਣਾ ਹੱਡ ਮਾਸ, ਧਰਤ ਧਵਲ ਸੁਹਾਇੰਦਾ । ਏਕਾ ਕਲਮਾ ਰਸਨ ਸਵਾਸ, ਮੁਕਾਮੇ ਹੱਕ ਪੁਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਮੁਹੰਮਦ ਮੰਗੀ ਏਕਾ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਪਾਰਬ੍ਰਹਮ ਪ੍ਰਭ ਤੇਰਾ ਸੰਗ, ਲੋਕਮਾਤ ਵੇਖ ਵਖਾਈਆ । ਕਲਜੁਗ ਵੱਜੇ ਇਕ ਮਰਦੰਗ, ਚਾਰੋਂ ਕੁੰਟ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਰਿਹਾ ਸੁਣਾਈਆ । ਕਲਜੁਗ ਅੰਤਮ ਅੰਤਮ ਔਣਾ, ਹਰਿ ਸਾਚਾ ਅੰਤ ਕਰਾਈਆ । ਸਚ ਮਹੱਲਾ ਮੇਲ ਮਿਲੌਣਾ, ਪੂਰਨ ਆਸ ਕਰਾਈਆ । ਸੰਮਤ ਚੌਦਾਂ ਚੌਦਾਂ ਲੋਕ ਸੁਹੌਣਾ, ਚੌਦਾਂ ਤਬਕਾ ਵੱਜੇ ਵਧਾਈਆ । ਤ੍ਰੈਲੋਕ ਪ੍ਰਭ ਆਪ ਉਠੌਣਾ, ਰਵ ਸਸ ਰਹੇ ਕੁਰਲਾਈਆ ।

ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਰਵੌਣਾ, ਨੇਤਰ ਰੋ ਰੋ ਨੀਰ ਵਹਾਈਆ । ਲੱਖ ਚੁਰਾਸੀ ਹਾਹਾਕਾਰ ਕਰੌਣਾ, ਵਰਭੰਡੀ ਦਏ ਦੁਹਾਈਆ । ਇਕ ਮੁਹੰਮਦ ਤੇਰਾ ਸੰਗ ਨਿਭੌਣਾ, ਸਦੀ ਚੌਧਵੀ ਦਏ ਵਡਿਆਈਆ । ਅਮਾਮ ਮਹਿੰਦੀ ਹਰਿ ਨਾਉਂ ਰਖੌਣਾ, ਪਰਗਟ ਹੋਏ ਨੂਰੋ ਨੂਰ ਅਲਾਹੀਆ । ਮੁਖ ਨਕਾਬ ਇਕ ਰਖੌਣਾ, ਏਕਾ ਪੜਦਾ ਪਾਈਆ । ਕਾਲਾ ਸੂਸਾ ਤਨ ਛੁਹੌਣਾ, ਮੱਕਾ ਮਦੀਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੰਮਦੀ ਦੀਨਾ ਦਏ ਮਿਟਾਈਆ । ਦੀਨ ਮੁਹੰਮਦੀ ਤੇਰੀ ਧਾਰ, ਕਲ ਕਲਜੁਗ ਆਪ ਚਲਾਈਆ । ਸਦੀ ਚੌਧਵੀ ਦੇਵੇ ਮਾਰ, ਖ਼ੁਦੀ ਖ਼ੁਦਾਈ ਮਿਟਾਈਆ । ਅਗੈਬ ਅਗੈਬੀ ਹੋ ਤਿਆਰ, ਅਜ਼ਮਤ ਇਕ ਵਖਾਈਆ । ਪੁਨ ਸਵਾਬ ਨਾ ਕਰੇ ਵਿਚਾਰ, ਦੋ ਦੋ ਆਬ ਪਾਰ ਕਰਾਈਆ । ਸ਼ਾਹ ਨਵਾਬ ਹਰਿ ਕਰਤਾਰ, ਦੇਵੇ ਅਜ਼ਾਬ ਅੰਤ ਸਜ਼ਾਈਆ । ਪਰਗਟ ਹੋ ਹੱਕ ਜਨਾਬ, ਹੱਕ ਹਕੀਕਤ ਵੇਖ ਵਖਾਈਆ । ਆਪੇ ਹੋਏ ਮਹਿਬੂਬ ਅਹਿਬਾਬ, ਏਕਾ ਕਲਮਾ ਅੱਲਾ ਅਲਾਹੀਆ । ਸਦੀ ਚੌਧਵੀ ਸੁਣੇ ਫਰਯਾਦ, ਸਦੀ ਚੌਧਵੀਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਾਂ ਜੰਤਾਂ ਦਏ ਵਰ, ਰੋਗ ਸੋਗ ਚਿੰਤ ਮਿਟਾਈਆ । ਜੀਵ ਜੰਤ ਰਹੇ ਕੁਰਲਾ, ਦਿਵਸ ਰੈਣ ਕਰਨ ਪੁਕਾਰਾ । ਧਰਤ ਮਾਤ ਮਾਰੇ ਧਾ, ਨੇਤਰ ਰੋਵੇ ਜ਼ਾਰੋ ਜ਼ਾਰਾ । ਪੁਰਖ ਅਬਿਨਾਸ਼ੀ ਬੇਪਰਵਾਹ, ਸੁਣੇ ਸੁਣਾਏ ਸੁਨਣੇਹਾਰਾ । ਆਪੇ ਪਕੜਨਹਾਰਾ ਬਾਂਹ, ਆਪੇ ਦਏ ਸਹਾਰਾ । ਸਾਧਾਂ ਸੰਤਾਂ ਭੁਲਿਆ ਨਾਂ, ਨਾ ਕੋਈ ਦਿਸੇ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰਾ । ਖੇਲੇ ਖੇਲ ਹਰਿ ਕਰਤਾਰ, ਆਪਣੀ ਦਇਆ ਕਮਾਈਆ । ਨਾਨਕ ਨਾਮੇ ਲੈ ਅਵਤਾਰ, ਨਿਰਗੁਣ ਜੋਤ ਜਗਾਈਆ । ਨਿਰਗੁਣ ਸਰਗੁਣ ਕਰ ਪਿਆਰ, ਸਹਿਜ ਸਹਿਜ ਸਮਾਈਆ । ਅੰਦਰ ਮੰਦਰ ਕਰ ਉਜਿਆਰ, ਦੀਪਕ ਜੋਤ ਜਗਾਈਆ । ਸ਼ਬਦੀ ਸ਼ਬਦ ਭਰੇ ਭੰਡਾਰ, ਸ਼ਬਦੀ ਸ਼ਬਦ ਉਪਾਈਆ । ਸ਼ਬਦੀ ਮੇਲਾ ਕੰਤ ਭਤਾਰ, ਸ਼ਬਦੀ ਸ਼ਬਦ ਸਮਾਈਆ । ਸ਼ਬਦ ਗੁਰ ਪਾਵੇ ਸਾਰ, ਗੁਰ ਸ਼ਬਦ ਵੱਡੀ ਵਡਿਆਈਆ । ਨਾਨਕ ਦੇਵੇ ਇਕ ਅਧਾਰ, ਹਰਿ ਆਪਣੀ ਬੂਝ ਬੁਝਾਈਆ । ਆਪੇ ਬਖ਼ਸ਼ੇ ਚਰਨ ਪਿਆਰ, ਆਪਣਾ ਨਾਤਾ ਆਪ ਜੁੜਾਈਆ । ਨਾਨਕ ਔਣਾ ਦਰ ਦਰਬਾਰ, ਬੋਧ ਅਗਾਧਾ ਕਰੇ ਸੁਣਾਈਆ । ਦਰ ਦਵਾਰੇ ਬਣ ਭਿਖਾਰ, ਮੰਗਣਾ ਸਾਚਾ ਮਾਹੀਆ । ਦੇਵੇ ਵਸਤ ਹਰਿ ਅਪਾਰ, ਦਿਸ ਕਿਸੇ ਨਾ ਆਈਆ । ਨਾਨਕ ਦਰ ਦਰਵੇਸ਼ਾ ਗਿਆ ਘਰ ਸੱਚੀ ਸਰਕਾਰ, ਏਕਾ ਅਲੱਖ ਜਗਾਈਆ । ਆਦਿ ਨਿਰੰਜਣ ਜੈ ਜੈਕਾਰ, ਜੈਕਾਰਾ ਇਕ ਸੁਣਾਈਆ । ਪੁਰਖ ਅਬਿਨਾਸ਼ੀ ਜੋਤ ਨਿਰੰਕਾਰ, ਨਿਰਗੁਣ ਵੇਖ ਵਖਾਈਆ । ਆਪਣੀ ਧੁਨ ਆਪੇ ਕਰੇ ਜੈਕਾਰ, ਆਪਣਾ ਰਾਗ ਅਲਾਈਆ । ਨਾਨਕ ਦਰਵੇਸ਼ੀ ਹੋਣਾ ਖ਼ਬਰਦਾਰ, ਪਾਰਬ੍ਰਹਮ ਕਰੇ ਜਣਾਈਆ । ਸੋ ਪੁਰਖ ਨਿਰੰਜਣ ਸੱਚੀ ਸਰਕਾਰ, ਹੰ ਨਾਨਕ ਵਿਚ ਸਮਾਈਆ । ਹੰ ਅੰਗ ਇਕ ਨਿਰੰਕਾਰ, ਸਾਚਾ ਸੰਗ ਨਿਭਾਈਆ । ਸੋਹੰ ਸ਼ਬਦ ਤੇਰੀ ਆਤਮ ਧਾਰ, ਤੇਰਾ ਮੇਰਾ ਰੂਪ ਸਮਾਈਆ । ਖੇਲਾਂ ਖੇਲ ਅਪਰ ਅਪਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਆਪ ਆਪਣੇ ਗਲੇ ਲਗਾਈਆ । ਨਾਨਕ ਗੁਰ ਢਹਿ ਪਿਆ ਚਰਨ ਦਵਾਰ, ਹਰਿ ਸਚ ਤੇਰੀ ਸਰਨਾਈਆ । ਮੰਗਣ ਆਇਆ ਭਿਖਿਆ ਤੇਰੇ ਠਾਂਡੇ ਦਰ ਦਰਬਾਰ, ਪੂਰਨ ਇਛਿਆ ਦਈਂ ਕਰਾਈਆ । ਕਰਤਾ ਪੁਰਖ ਸੁਣੇ ਪੁਕਾਰ, ਦੇ ਮਤ ਨਾਨਕ ਸਮਝਾਈਆ । ਨਾਨਕ ਤੇਰੀ ਵਸਤ ਅਪਾਰ, ਤੇਰੀ ਝੋਲੀ ਪਾਈਆ । ਜੀਵਾਂ ਜੰਤਾਂ ਪੌਣੀ ਸਾਰ, ਚਾਰ ਵਰਨ ਇਕ ਜਣਾਈਆ ।

੮੬ ੦੭

ਊਚਾਂ ਨੀਚਾਂ ਇਕ ਅਧਾਰ, ਏਕਾ ਘਰ ਸੁਹਾਈਆ । ਨਾਮ ਸਤਿ ਜਗ ਅਪਰ ਅਪਾਰ, ਏਕਾ ਮੰਤਰ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਾਮਾ ਝੋਲੀ ਪਾਈਆ । ਸਤਿ ਨਾਮ ਹਰਿ ਮੰਤਰ ਦ੍ਰਿੜਾ, ਨਾਨਕ ਗੁਰ ਸਮਝਾਇੰਦਾ । ਜੀਵਾਂ ਜੰਤਾਂ ਰਾਹੇ ਪਾ, ਕਲਜੁਗ ਦੁੱਖ ਮਿਟਾਇੰਦਾ । ਮੂਰਖ ਧੰਦੇ ਦੇਵੇ ਲਾ, ਸਚ ਸਮਗਰੀ ਇਕ ਵਖਾਇੰਦਾ । ਪਾਪੀ ਗੰਦੇ ਫੜ ਫੜ ਬਾਂਹ, ਅੰਮ੍ਰਿਤ ਜਾਮ ਪਿਆਇੰਦਾ । ਸਦ ਬਖ਼ਸ਼ਿੰਦੇ ਓਟ ਤਕਾ, ਤੇਰਾ ਸੰਗ ਰਖਾਇੰਦਾ । ਤਨ ਚੋਟ ਨਗਾਰੇ ਇਕ ਲਗਾ, ਸਾਚਾ ਤਾਲ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਇਹ ਸਮਝਾਇੰਦਾ । ਸਚ ਵਸਤ ਹਰਿ ਝੋਲੀ ਪਾ, ਨਾਨਕ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਚਰਨੀ ਡਿਗਾ ਆ, ਦੋਏ ਜੋੜ ਪੜਾ ਸਰਨਾਈਆ । ਪਾਰਬ੍ਰਹਮ ਤੇਰਾ ਵੇਖਾ ਰਾਹ, ਲੋਕਮਾਤ ਰਾਹ ਤਕਾਈਆ । ਨਾਮ ਸਤਿ ਦਿਆਂ ਜਪਾ, ਜਾਗਰਤ ਜੋਤ ਜਗਾਈਆ । ਕਲਜੁਗ ਜੀਵ ਕਰਨ ਜੋ ਨਾਂਹ, ਤੇਰੇ ਭਾਣੇ ਵਿਚ ਸਮਾਈਆ । ਆਦਿ ਅੰਤ ਕੋਈ ਜਾਣੇ ਨਾਂ, ਤੂੰ ਦਾਤਾ ਬੇਪਰਵਾਹੀਆ । ਕਲਜੁਗ ਨਿਥਾਵਿਆਂ ਦੇਵੇ ਸਾਚਾ ਥਾਂ, ਤੇਰੀ ਓਟ ਤਕਾਈਆ । ਪਾਰਬ੍ਰਹਮ ਤੂੰ ਬੇਪਰਵਾਹ, ਤੇਰਾ ਅੰਤ ਕੋਈ ਨਾ ਪਾਈਆ । ਆਪੇ ਪਿਤਾ ਆਪੇ ਮਾਂ, ਬਾਲ ਅੰਞਾਣੇ ਗੋਦ ਉਠਾਈਆ । ਨਾਨਕ ਮੰਗੇ ਤੇਰੀ ਠਾਂਡੀ ਛਾਂ, ਤੇਰੇ ਚਰਨਾਂ ਸੀਸ ਟਿਕਾਈਆ । ਪਾਰਬ੍ਰਹਮ ਪ੍ਰਭ ਦਏ ਸਹਾਰਾ, ਨਾਨਕ ਧੀਰ ਧਰਾਇੰਦਾ । ਨਾਨਕ ਗੁਰ ਲੈ ਅਵਤਾਰਾ, ਤੇਰਾ ਰੂਪ ਵਟਾਇੰਦਾ । ਨਾਮ ਸਤਿ ਜਗਤ ਜੈਕਾਰਾ, ਤੇਰੀ ਰਸਨਾ ਗਾਇੰਦਾ । ਤੇਰਾ ਮੇਰਾ ਇਕ ਪਿਆਰਾ, ਸੋਹੰ ਵਿਚੋਲਾ ਵਿਚ ਰਖਾਇੰਦਾ । ਦੋ ਜਹਾਨਾਂ ਵਸਨਾ ਬਾਹਰਾ, ਸਾਚਾ ਢੋਲਾ ਆਪ ਉਪਾਇੰਦਾ । ਚਰਨ ਗੋਲਾ ਮੰਗੇ ਮੰਗ ਭਿਖਾਰਾ, ਸਾਚਾ ਤੋਲਾ ਤੋਲ ਤੁਲਾਇੰਦਾ । ਦਸ ਜਾਮੇ ਤੇਰੀ ਬੰਨੇ ਧਾਰਾ, ਤੇਰਾ ਰੰਗ ਰੰਗਾਇੰਦਾ । ਆਪੇ ਨਾਮ ਆਪੇ ਖੰਡਾ ਹੋਏ ਦੋ ਧਾਰਾ, ਆਪੇ ਸਾਂਤਕ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਇਹ ਸਮਝਾਇੰਦਾ । ਨਾਨਕ ਗੁਰ ਮੰਗੇ ਦਾਨਾ, ਪ੍ਰਭ ਅੱਗੇ ਝੋਲੀ ਡਾਹੀਆ । ਸਤਿ ਪੁਰਖ ਤੇਰਾ ਸਤਿ ਪਰਵਾਨਾ, ਹਰਿ ਹਿਰਦੇ ਗਿਆ ਵਸਾਈਆ । ਲੋਕਮਾਤ ਬੰਨਾਂ ਸਾਚਾ ਗਾਨਾ, ਨਾਮ ਸਤਿ ਤੰਦ ਵਖਾਈਆ । ਕਲਜੁਗ ਜੋਧਾ ਸੂਰ ਬੜਾ ਬਲਵਾਨਾ, ਪੰਜੇ ਸ਼ਸਤਰ ਰਿਹਾ ਉਠਾਈਆ । ਪਰਗਟ ਹੋਇਆ ਵਿਚ ਮੈਦਾਨਾ, ਐੜਾ ਅਥਰਬਣ ਨਾਲ ਰਲਾਈਆ । ਐੜਾ ਅੱਲਾ ਰਾਣੀ ਹੋਏ ਪਰਧਾਨਾ, ਤੇਰਾ ਕਲਮਾ ਰਹੀ ਗਾਈਆ । ਸਤਿ ਧਰਮ ਗਿਆ ਨਿਸ਼ਾਨਾ, ਨਾ ਕੋਈ ਧੀਰ ਧਰਾਈਆ । ਨਾ ਕੋਈ ਖੰਡਾ ਤੀਰ ਕਮਾਨਾ, ਨਾਨਕ ਯੁਧ ਨਾ ਕੋਈ ਕਰਾਈਆ । ਬਾਲ ਅਞਾਣਾ ਤੇਰਾ ਬਾਲ ਨਿਧਾਨਾ, ਹਉਂ ਮੂਰਖ ਸਾਰ ਨਾ ਰਾਈਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨਾ, ਸਿਰ ਨਾਨਕ ਹੱਥ ਟਿਕਾਈਆ । ਤੇਰਾ ਝੂਲੇ ਧਰਮ ਨਿਸ਼ਾਨਾ, ਪ੍ਰਭ ਸਾਚਾ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੱਥ ਟਿਕਾਈਆ । ਨਾਨਕ ਗੁਰ ਵਰ ਘਰ ਪਾ, ਆਤਮ ਵੱਜੀ ਵਧਾਈਆ । ਪਾਰਬ੍ਰਹਮ ਤੇਰੀ ਸਾਚੀ ਸਰਨਾ, ਭੁੱਲ ਰਹੇ ਨਾ ਰਾਈਆ । ਤੇਰਾ ਨਾਮ ਇਕ ਜਪਾ, ਜਪਤ ਜਪਤ ਸੁੱਖ ਪਾਈਆ । ਤੇਰਾ ਅੰਤਮ ਵੇਖਾਂ ਲੋਕਮਾਤ ਰਾਹ, ਕਵਣ ਦਵਾਰੇ ਮੇਲਾ ਸਹਿਜ ਸਭਾਈਆ । ਪੁਰਖ ਅਬਿਨਾਸ਼ੀ ਰਿਹਾ ਸੁਣਾ, ਗੁਰ ਨਾਨਕ ਦਏ ਜਣਾਈਆ । ਕਲਜੁਗ ਵੇਲਾ ਅੰਤਮ ਜਾਏ ਆ, ਸਾਚੀ ਜੋਤ ਹੋਏ ਰੁਸ਼ਨਾਈਆ । ਨਿਹਕਲੰਕੀ ਜਾਮਾ ਪਾ, ਤੇਰਾ ਤੇਰੇ ਗੋਦ ਲਏ ਉਠਾਈਆ । ਏਕਾ ਨਾਮ ਦਏ ਜਪਾ, ਤੇਰੇ ਅੰਦਰ ਜੋ ਟਿਕਾਈਆ ।


Rev-01

ਤੇਰੀ ਸਤਾਰ ਦਏ ਵਜਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਹੰਗਤਾ ਦਏ ਮਿਟਾ, ਗੁਰਮੁਖਾਂ ਪੈਜ ਰਖਾਈਆ । ਸਾਚੀ ਸੰਗਤਾ ਲਏ ਬਣਾ, ਸੋਹੰ ਸਾਚਾ ਜਾਪ ਜਪਾਈਆ । ਏਕਾ ਰੰਗਣ ਰੰਗ ਦਏ ਚੜ੍ਹਾ, ਉਤਰ ਕਦੇ ਨਾ ਜਾਈਆ । ਨਾਮ ਖੰਡਾ ਇਕ ਵਖਾ, ਤਨ ਗਾਤਰੇ ਦਏ ਲਟਕਾਈਆ । ਸਾਚੇ ਪੌੜੇ ਆਪ ਚੜ੍ਹਾ, ਸਾਚਾ ਧਾਮ ਸੁਹਾਈਆ । ਏਕਾ ਅੱਖਰ ਦਏ ਪੜ੍ਹਾ, ਜਗਤ ਵਿਦਿਆ ਮਾਣ ਗਵਾਈਆ । ਪੰਜਾਂ ਤੱਤਾਂ ਨਾਲ ਦਏ ਲੜਾ, ਗੁਰਮਤ ਇਕ ਬੁਝਾਈਆ । ਗੜ੍ਹ ਹੰਕਾਰੀ ਦਏ ਤੁੜਾ, ਕਿਲਾ ਕੋਟ ਰਹਿਣ ਨਾ ਪਾਈਆ । ਤਨ ਚੋਟ ਨਗਾਰੇ ਇਕ ਲਗਾ, ਧੁੰਨ ਆਤਮ ਦਏ ਵਜਾਈਆ । ਸਾਚਾ ਰਾਗ ਇਕ ਸੁਣਾ, ਸ਼ਬਦ ਅਨਾਦੀ ਆਪੇ ਗਾਈਆ । ਗੁਰਮੁਖ ਸਾਚੇ ਲਏ ਮਿਲਾ, ਨਿਹਕਲੰਕ ਵੱਡੀ ਵਡਿਆਈਆ । ਨਿਰਮਲ ਬਾਤੀ ਦੀਪਕ ਜੋਤੀ ਦਏ ਜਗਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਵਰਨ ਗੋਤੀ ਦਏ ਮਿਟਾ, ਜ਼ਾਤ ਪਾਤ ਰਹਿਣ ਨਾ ਪਾਈਆ । ਨਾ ਕੋਈ ਪੁਸਤਕ ਪੋਥੀ ਲਏ ਪੜ੍ਹਾ, ਪੂਜਾ ਪਾਠ ਨਾ ਕੋਈ ਰਖਾਈਆ । ਏਕਾ ਰਸਨਾ ਨਾਮ ਜਪਾ, ਨਰ ਨਿਰੰਕਾਰਾ ਝੋਲੀ ਪਾਈਆ । ਏਕੰਕਾਰਾ ਮੇਲ ਮਿਲਾ, ਇਕ ਅਕੱਲਾ ਹੋਏ ਸਹਾਈਆ । ਸ਼ਬਦ ਜੈਕਾਰਾ ਸਾਚਾ ਲਾ, ਸਾਚੇ ਧਾਮ ਬਹਾਈਆ । ਦਸਮ ਦਵਾਰੀ ਦਏ ਸੁਹਾ, ਆਪਣੀ ਗੋਦ ਉਠਾਈਆ । ਦਸਮ ਦਵਾਰੀ ਬਾਹਰ ਕਢਾ, ਸਾਚੇ ਮਾਰਗ ਲਾਈਆ । ਸਾਚਾ ਮਾਰਗ ਆਪ ਚਲਾ, ਆਪੇ ਵੇਖ ਵਖਾਈਆ । ਸੋਹੰ ਦੇਸ਼ ਦਏ ਵਸਾ, ਗੁਰਮੁਖ ਸਾਚੇ ਹੋਏ ਸਹਾਈਆ । ਸੁਰਤ ਸ਼ਬਦ ਇਕ ਰੰਗ ਸਮਾ, ਏਕਾ ਲਿਵ ਲਾਈਆ । ਪੰਜ ਤਤ ਕੋਈ ਦੀਸੇ ਨਾ, ਹੱਡ ਮਾਸ ਨਾੜੀ ਰੱਤ ਰਹਿਣ ਨਾ ਪਾਈਆ । ਸ਼ਬਦ ਮਹੱਲਾ ਸਾਚਾ ਥਾਂ, ਹਰਿ ਸਾਚਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਈਆ । ਨਾਨਕ ਸੁਣਿਆ ਸਾਚਾ ਢੋਲਾ, ਸਚ ਘਰ ਵੱਜੇ ਵਧਾਈਆ । ਪੁਰਖ ਅਗੰਮੜੇ ਤੇਰਾ ਬੋਲਾ, ਤੇਰੀ ਧਾਰ ਚਲਾਈਆ । ਨਿਰਗੁਣ ਬਣਿਆ ਆਪੇ ਤੋਲਾ, ਸ੍ਰਿਸ਼ਟ ਸਬਾਈ ਤੋਲ ਤੁਲਾਈਆ । ਲੋਆਂ ਪੁਰੀਆਂ ਖੇਲੇ ਹੋਲਾ, ਨੌਂ ਖੰਡ ਕਰੇ ਕੁੜਮਾਈਆ । ਸੱਤਾਂ ਦੀਪਾਂ ਬਦਲੇ ਚੋਲਾ, ਚੋਲੀ ਰੰਗਣ ਇਕ ਰੰਗਾਈਆ । ਲੱਖ ਚੁਰਾਸੀ ਕਾਇਆ ਫੋਲਾ, ਪੜਦਾ ਉਹਲਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਬੂਝ ਬੁਝਾਈਆ । ਨਾਨਕ ਪਾਇਆ ਸਚ ਦਵਾਰਾ, ਸਾਚਾ ਘਰ ਸੁਹਾਇੰਦਾ । ਪਾਰਬ੍ਰਹਮ ਤੇਰਾ ਖੇਲ ਅਪਾਰਾ, ਤੇਰਾ ਭੇਵ ਕੋਈ ਨਾ ਪਾਇੰਦਾ । ਔਣਾ ਜਾਣਾ ਵਾਰੋ ਵਾਰਾ, ਆਪ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਧਰਤ ਧਵਲ ਸੁਹਾਇੰਦਾ । ਸਤਿਜੁਗ ਤ੍ਰੇਤਾ ਪਾਰ ਕਿਨਾਰਾ, ਦੁਆਪਰ ਮੇਟ ਮਿਟਾਇੰਦਾ । ਕਲਜੁਗ ਆਏ ਅੰਤਮ ਵਾਰਾ, ਸਾਚੀ ਬਣਤ ਬਣਾਇੰਦਾ । ਨਿਹਕਲੰਕ ਲਏ ਅਵਤਾਰਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਚੌਦਾਂ ਤਬਕਾਂ ਦਏ ਹੁਲਾਰਾ, ਚੌਦਾਂ ਲੋਕਾਂ ਆਪ ਹਿਲਾਇੰਦਾ । ਅਵਣ ਗਵਣ ਪ੍ਰਭ ਪਾਵੇ ਸਾਰਾ, ਪਵਣੀ ਪਵਣ ਸੁਹਾਇੰਦਾ । ਰਵ ਸਸ ਕਰਨ ਹਾਹਾਕਾਰਾ, ਤਾਰਾ ਮੰਡਲ ਸਰਬ ਹਿਲਾਇੰਦਾ ਆਕਾਸ਼ ਪਰਕਾਸ਼ ਨਾ ਬੰਨੇ ਧਾਰਾ, ਧਰਤ ਧਵਲ ਭਵਾਇੰਦਾ । ਜ਼ਿਮੀ ਅਸਮਾਨਾ ਤੁਟੇ ਪਾੜਾ, ਨਾ ਕੋਈ ਮੇਲ ਮਿਲਾਇੰਦਾ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਫੇਰਾ ਪਾਇੰਦਾ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹਾ, ਆਪਣੇ ਮੁਖ ਰਖਾਇੰਦਾ । ਲੋਕਮਾਤ ਸੁਹਾਏ ਦਿਵਸ ਸਤਾਰਾਂ ਹਾੜਾ, ਸਤਿਜੁਗ ਸਾਚੀ ਨੀਂਹ ਰਖਾਇੰਦਾ । ਗੁਰਮੁਖ ਬਣਾਏ ਸਾਚਾ ਲਾੜਾ, ਸਾਚਾ ਸੇਹਰਾ ਸੀਸ ਬੰਧਾਇੰਦਾ । ਜੋਤ ਜਗਾਏ ਬਹੱਤਰ ਨਾੜਾ,

ਅੰਧ ਅੰਧੇਰ ਮਿਟਾਇੰਦਾ । ਨੇੜ ਨਾ ਆਏ ਪੰਚਮ ਧਾੜਾ, ਪੰਚਮ ਮੋਹ ਮਿਟਾਇੰਦਾ । ਪੰਚਮ ਵਖਾਏ ਇਕ ਅਖਾੜਾ, ਪੰਚਮ ਰਾਗ ਅਲਾਇੰਦਾ । ਪੰਚਮ ਪੰਚਮ ਪਾਵੇ ਸਾਰਾ, ਪੰਚਮ ਜੋੜ ਜੁੜਾਇੰਦਾ । ਪੰਚਮ ਸ਼ਬਦ ਪੰਚਮ ਧੁਨਕਾਰਾ, ਪੰਚਮ ਸਖੀਆਂ ਮਿਲ ਮਿਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਮੇਲ ਮਿਲਾਇੰਦਾ । ਨਾਨਕ ਮੇਲਾ ਸਚ ਘਰ, ਘਰ ਸਾਚਾ ਹਰਿ ਨਿਰੰਕਾਰਿਆ । ਖੁਲ੍ਹਾ ਰੱਖੇ ਸਦਾ ਦਰ, ਆਵੇ ਜਾਵੇ ਵਿਚ ਸੰਸਾਰਿਆ । ਨਾ ਜਨਮੇ ਨਾ ਜਾਏ ਮਰ, ਮੜੀ ਗੋਰ ਨਾ ਕੋਈ ਦਬਾ ਰਿਹਾ । ਆਪਣੀ ਕਰਨੀ ਆਪੇ ਰਿਹਾ ਕਰ, ਕਰਤਾ ਪੁਰਖ ਆਪ ਅਖਵਾ ਰਿਹਾ । ਨਾਨਕ ਗੁਰ ਭੰਡਾਰਾ ਭਰ, ਸ਼ਬਦ ਭੰਡਾਰਾ ਆਪ ਵਰਤਾ ਰਿਹਾ । ਆਪਣੀ ਕਰਨੀ ਆਪੇ ਕਰ, ਕਿਰਿਆ ਕਿਰਤ ਇਕ ਸਮਝਾ ਰਿਹਾ । ਧਰਨੀ ਉਪਰ ਜੋਤ ਧਰ, ਧਰਤ ਧਵਲ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾ ਰਿਹਾ । ਨਾਨਕ ਰਸਨਾ ਹਰਿ ਹਰਿ ਗਾ, ਏਕਾ ਅਲੱਖ ਜਗਾਈਆ । ਪਾਰਬ੍ਰਹਮ ਤੇਰੀ ਸਚ ਸਰਨਾ, ਤੇਰੀ ਓਟ ਰਖਾਈਆ । ਲੋਕਮਾਤ ਮੇਰੀ ਪਕੜੀ ਬਾਂਹ, ਹੋਣਾ ਸਦਾ ਸਹਾਈਆ । ਤੇਰਾ ਪਾਇਆ ਏਕਾ ਨਾ, ਤੇਰੇ ਵਿਚ ਸਮਾਈਆ । ਸਤਿਗੁਰ ਪੂਰੇ ਬਲ ਬਲ ਜਾਂ, ਗੁਰ ਪੂਰੇ ਹੱਥ ਵਡਿਆਈਆ । ਪਾਰਬ੍ਰਹਮ ਗੁਰ ਇਕ ਅਖਵਾ, ਸਤਿਗੁਰ ਸਾਚਾ ਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਕਰੇ ਰੁਸ਼ਨਾਈਆ । ਨਾਨਕ ਜੋਤੀ ਆਤਮ ਚਾਨਣ, ਸ਼ਬਦ ਸੱਚੀ ਧੁਨਕਾਰਾ । ਪੁਰਖ ਨਿਰੰਜਣ ਮਿਲਿਆ ਸਾਚਾ ਜਾਮਨ, ਦੋ ਜਹਾਨਾਂ ਦਏ ਸਹਾਰਾ । ਮੇਟ ਮਿਟਾਏ ਕਾਮਨੀ ਕਾਮਨ, ਪੰਚਾਂ ਤੱਤਾਂ ਕਰੇ ਖਵਾਰਾ । ਆਪ ਫੜਾਏ ਆਪਣਾ ਦਾਮਨ, ਭਰੇ ਨਾਮ ਭੰਡਾਰਾ । ਆਪੇ ਸੀਤਾ ਆਪੇ ਰਾਮਨ, ਆਪੇ ਤੋੜੇ ਗੜ੍ਹ ਹੰਕਾਰਾ । ਆਪੇ ਸੁੰਦਰ ਘਨਈਆ ਸ਼ਾਮ ਸ਼ਾਮਨ, ਆਪੇ ਅਰਜਨ ਕਰੇ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਬਖ਼ਸ਼ੇ ਇਕ ਅਧਾਰਾ । ਨਾਨਕ ਦਰ ਵੱਜੇ ਵਧਾਈ, ਪਾਇਆ ਹਰਿ ਗੋਬਿੰਦਾ । ਸਾਚੇ ਸ਼ਬਦ ਹੋਈ ਕੁੜਮਾਈ, ਮਿਟੀ ਸਗਲੀ ਚਿੰਦਾ । ਅਕਾਲ ਪੁਰਖ ਤੇਰੀ ਇਕ ਸਰਨਾਈ, ਹੋਏ ਸਹਾਈ ਗੁਣੀ ਗਹਿੰਦਾ । ਜੋਗ ਜੁਗਤ ਪ੍ਰਭ ਇਕ ਜਣਾਈ, ਏਕਾ ਧਾਰ ਵਖੰਦਾ । ਜੋ ਜਨ ਸਤਿਗੁਰ ਪੂਰੇ ਰਹੇ ਸਰਨਾਈ, ਸੋ ਜਨ ਪਾਰ ਕਰੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਰਬ ਬਖ਼ਸ਼ਿੰਦਾ । ਨਾਨਕ ਤੇਰਾ ਸਾਚਾ ਰੰਗ, ਹਰਿ ਸਾਚੇ ਮਾਤ ਚੜ੍ਹਾਵਣਾ । ਲਹਿਣਾ ਲੌਣਾ ਤੇਰੇ ਅੰਗ, ਗਹਿਣਾ ਤਨ ਪਹਿਨਾਵਣਾ । ਅਮਰਦਾਸ ਮੰਗੀ ਮੰਗ, ਅੰਤਮ ਮੇਲ ਮਿਲਾਵਣਾ । ਰਾਮਦਾਸ ਨੁਹਾਏ ਸਾਚੀ ਗੰਗ, ਸਰ ਸਰੋਵਰ ਇਕ ਸੁਹਾਵਣਾ । ਅਰਜਨ ਵਜਾਏ ਹਰਿ ਮਰਦੰਗ, ਸ਼ਬਦ ਢੋਲਾ ਏਕਾ ਗਾਵਣਾ । ਹਰਿਗੋਬਿੰਦਾ ਕੱਸੇ ਤੰਗ, ਸਾਚਾ ਖੰਡਾ ਇਕ ਚਮਕਾਵਣਾ । ਹਰਿ ਰਾਏ ਸਮਾਏ ਪਰਮਾਨੰਦ, ਪਰਮ ਪੁਰਖ ਸਮਾਵਣਾ । ਹਰਿ ਕ੍ਰਿਸ਼ਨ ਖ਼ੁਸ਼ੀ ਬੰਦ ਬੰਦ, ਬਾਲੀ ਬੁਧ ਮਿਲਾਵਣਾ । ਗੁਰ ਤੇਗ ਬਹਾਦਰ ਵੰਡੀ ਵੰਡ, ਕਲਜੁਗ ਅੰਤ ਖਪਾਵਣਾ । ਗੁਰ ਗੋਬਿੰਦਾ ਕਰੇ ਖੰਡ ਖੰਡ, ਦੂਤੀ ਦੁਸ਼ਟ ਰਹਿਣ ਨਾ ਪਾਵਣਾ । ਪਾਰਬ੍ਰਹਮ ਤੇਰੀ ਚੰਡ ਪਰਚੰਡ, ਏਕਾ ਹਵਨ ਕਰਾਵਣਾ । ਪੁਰੀ ਅਨੰਦ ਜਾਣਾ ਛੱਡ, ਸਰਸੇ ਭੇਟ ਚੜ੍ਹਾਵਣਾ । ਗਿਆਰਾ ਲੱਖ ਜੋ ਲਿਖਿਆ ਛੰਦ, ਕਲਮ ਬੰਦ ਆਪ ਕਰਾਵਣਾ । ਕੋਈ ਨਾ ਗਾਏ ਬੱਤੀ ਦੰਦ, ਰਸਨਾ ਜਿਹਵਾ ਨਾ ਕੋਈ ਵਖਾਵਣਾ । ਜੀਵ ਜੰਤ ਭੁੱਲਣ ਮਦਿਰਾ ਮਾਸੀ ਪਾਪੀ ਗੰਦ, ਗੁਰ ਕੋਈ ਨਾ ਦਿਸੇ ਜ਼ਾਮਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਪੂਤ ਸਪੂਤਾ ਇਹ ਸਮਝਾਵਣਾ । ਪੂਤ ਸਪੂਤਾ ਸਾਚਾ ਲਾਲ, ਹਰਿ ਗੋਬਿੰਦ ਆਪ ਉਪਾਇਆ । ਫਲ ਲਗਾਇਆ ਸਾਚੇ ਡਾਲ, ਫਲ ਫੁਲਵਾੜੀ ਵੇਖ ਵਖਾਇਆ । ਅੰਮ੍ਰਿਤ ਨੁਹਾਏ ਸਾਚਾ ਤਾਲ, ਸਰ ਸਰੋਵਰ ਇਕ ਵਖਾਇਆ । ਸਾਚਾ ਅੰਮ੍ਰਿਤ ਮਾਰੇ ਉਛਾਲ, ਅਮਰ ਅਮਰ ਸਮਾਇਆ । ਦਰ ਦੁਰਕਾਏ ਕਾਲ ਮਹਾਂਕਾਲ, ਮਹਾਂ ਕਾਲਕਾ ਲਏ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਹਿਜ ਸਭਾਇਆ । ਗੋਬਿੰਦ ਸਗਲਾ ਸੰਗ ਤਜਾ, ਪਿਤਾ ਪੂਤ ਜਗ ਵਾਰਿਆ । ਸ਼ਬਦ ਸਿੰਘਾਸਣ ਸਾਚਾ ਰਾਜ ਜੋਗ ਰਿਹਾ ਕਮਾ, ਇਕ ਧਿਆਨ ਲਗਾ ਰਿਹਾ । ਪਾਰਬ੍ਰਹਮ ਤੇਰੀ ਸਚ ਸਰਨਾ, ਅਕਾਲ ਮੂਰਤ ਵੇਖ ਵਖਾ ਰਿਹਾ । ਅਜੂਨੀ ਰਹਿਤ ਤੂੰ ਬੇਪਰਵਾਹ, ਅਨਭਵ ਪਰਕਾਸ਼ ਕਰਾ ਰਿਹਾ । ਗੋਬਿੰਦ ਗੋਪਾਲਾ ਤੇਰਾ ਨਾਂ, ਗੋਬਿੰਦ ਪੈਜ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਤ ਸਪੂਤਾ ਇਹ ਸਮਝਾ ਰਿਹਾ । ਗੋਬਿੰਦ ਤੇਰੀ ਫੁਲ ਫੁਲਵਾੜੀ, ਲੋਕਮਾਤ ਆਪ ਲਗਾਈਆ । ਲੱਗਾ ਫਲ ਸਤਾਰਾਂ ਹਾੜੀ, ਵੀਹ ਸੌ ਬਿਕ੍ਰਮੀ ਵੇਖ ਵਖਾਈਆ । ਰੱਖੇ ਲਾਜ ਤੇਰੀ ਕੇਸ ਦਾੜ੍ਹੀ, ਹਰਿ ਚਰਨ ਜੋ ਲਏ ਛੁਹਾਈਆ । ਆਪੇ ਹੋਏ ਪਿੱਛੇ ਅਗਾੜੀ, ਚਾਰੋਂ ਕੁੰਟ ਫੇਰਾ ਪਾਈਆ । ਗੁਰਸਿਖਾਂ ਘਰ ਨੇੜ ਨਾ ਆਏ ਮੌਤ ਲਾੜੀ, ਜਿਸ ਜਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਪਾਰ ਕਿਨਾਰੀ, ਸ਼ਬਦ ਕਟਾਰੀ ਤਨ ਪਹਿਨਾਈਆ । ਵੇਲੇ ਅੰਤਮ ਪਾਵੇ ਸਾਰੀ, ਪਰਗਟ ਜੋਤ ਕਰੇ ਰੁਸ਼ਨਾਈਆ । ਨਿਹਕਲੰਕਾ ਲਏ ਅਵਤਾਰੀ, ਸਾਚਾ ਡੰਕਾ ਆਪ ਵਜਾਈਆ । ਤੇਰਾ ਸੁਹਾਏ ਬੰਕ ਦਵਾਰੀ, ਸੰਬਲ ਨਗਰੀ ਨਾਉਂ ਧਰਾਈਆ । ਸੋਹੰ ਸ਼ਬਦ ਜੈ ਜੈਕਾਰੀ, ਨਾਨਕ ਰਸਨਾ ਗਾਈਆ । ਨਾਨਕ ਗੋਬਿੰਦ ਬਣ ਭਿਖਾਰੀ, ਦੋਵੇ ਮੰਗਣ ਬੇਪਰਵਾਹੀਆ ।
੯੦ ਅਕਾਲ ਮੂਰਤ ਪੁਰਖ ਅਕਾਲਾ ਦੀਨ ਦਿਆਲਾ ਤੇਰੇ ਦਰ ਦਵਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਇਕ ਪਿਆਲਾ । ੯੦
੦੨ ਗੋਬਿੰਦ ਪੀਤਾ ਨਾਮ ਪਿਆਲਾ, ਮਿਲੇ ਜੋਤ ਅਕਾਲੀਆ । ਆਪੇ ਤੋੜ ਜਗਤ ਜੰਜਾਲਾ, ਫੜ ਵੇਖੇ ਆਪੇ ਡਾਲ੍ਹੀਆ । ਆਪੇ ਹੋਏ ਕਾਲ ਮਹਾਂਕਾਲਾ, ਆਪੇ ਕਰੇ ਦਵਾਰਾ ਖਾਲੀਆ । ਆਪੇ ਅੰਮ੍ਰਿਤ ਮਾਰੇ ਸਰ ਸਰੋਵਰ ਇਕ ਉਛਾਲਾ, ਆਪ ਸੁਹਾਏ ਸਾਚਾ ਤਾਲੀਆ । ਆਪੇ ਗੋਬਿੰਦ ਹੋਇਆ ਸਾਚਾ ਬਾਲਾ, ਹਰਿ ਗੋਬਿੰਦ ਆਪ ਸਮਾ ਰਿਹਾ । ਆਪੇ ਚਲੇ ਅਵਲੱੜੀ ਚਾਲਾ, ਜੁਗ ਜੁਗ ਆਪ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਮੂਲ ਚੁਕਾ ਰਿਹਾ । ਕਲਜੁਗ ਤੇਰੀ ਅੰਤਮ ਵਾਰ, ਹਰਿ ਜੋਤ ਕਰੇ ਰੁਸ਼ਨਾਈਆ । ਨਾਨਕ ਗੋਬਿੰਦ ਮੇਲ ਕਰਤਾਰ, ਕਰ ਕਿਰਪਾ ਮੇਲ ਮਿਲਾਈਆ । ਪਰਗਟ ਹੋ ਵਿਚ ਸੰਸਾਰ, ਕੂੜੀ ਕਿਰਿਆ ਦਏ ਮਿਟਾਈਆ । ਚਾਰ ਵਰਨਾਂ ਇਕ ਪਿਆਰ, ਉਚਾਂ ਨੀਚਾਂ ਮੇਲ ਮਿਲਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾ ਮੇਟ ਮਿਟਾਈਆ । ਸ਼ਬਦ ਨਿਸ਼ਾਨਾ ਅਪਰ ਅਪਾਰ, ਗੁਣ ਨਿਧਾਨਾ ਦਏ ਲਗਾਈਆ । ਰਸਨਾ ਚਿੱਲਾ ਤੀਰ ਕਮਾਨ, ਹਰਿ ਭਗਵਾਨ ਆਪ ਉਠਾਈਆ । ਵੇਖ ਵਖਾਏ ਦੋ ਜਹਾਨ, ਲੋਆਂ ਪੁਰੀਆਂ ਫੇਰਾ ਪਾਈਆ । ਸ੍ਰਿਸ਼ਟ ਸਬਾਈ ਹੋਏ ਵੈਰਾਨ, ਲੱਖ ਚੁਰਾਸੀ ਦਏ ਦੁਹਾਈਆ । ਮਨਮੁਖ ਜੀਵ ਸਰਬ ਪਛਤਾਨ, ਕਲਜੁਗ ਕੂਕੇ ਦਏ ਦੁਹਾਈਆ । ਮੰਦਰ ਮਸਜਦ ਗੁਰਦਵਾਰ ਬਹਿ ਬਹਿ ਸਾਰੇ ਗਾਣ, ਗੁਰ ਪੂਰਾ ਕੋਈ ਨਾ ਪਾਈਆ । ਅੰਮ੍ਰਿਤ ਵੇਲੇ ਉਠ ਕਰ ਅਸ਼ਨਾਨ, ਨਹਾਵਨ ਨਹੌਣੀ ਰਹੇ ਨਹਾਈਆ । ਆਤਮ ਉਪਜੇ ਨਾ ਕਿਸੇ ਬ੍ਰਹਮ ਗਿਆਨ, ਪਾਰਬ੍ਰਹਮ ਨਾ ਕੋਇ ਜਣਾਈਆ । ਚਿੱਟੇ ਬਸਤਰ ਸਾਰੇ ਪਾਣ, ਦੁਰਮਤ ਮੈਲ ਨਾ ਕੋਈ

ਗਵਾਈਆ । ਵੇਦ ਪਾਠ ਪੁਰਾਨ ਸੁਨਣ ਕਾਨ, ਅਨਹਦ ਰਾਗ ਨਾ ਕੋਈ ਸੁਣਾਈਆ । ਜਲ ਭੋਜਨ ਸਾਰੇ ਪੀਣ ਖਾਣ, ਅੰਮ੍ਰਿਤ ਆਤਮ ਜਾਮ ਨਾ ਕੋਈ ਪਿਲਾਈਆ । ਤੀਰਥ ਤਟਾਂ ਕਰਨ ਦਾਨ, ਜੀਅ ਦਾਨ ਨਾ ਕੋਇ ਕਰਾਈਆ । ਜਗਤ ਹੱਟਾਂ ਵੇਖ ਰਹੇ ਮਕਾਨ, ਕਾਇਆ ਮੰਦਰ ਨਾ ਖੋਜ ਖੁਜਾਈਆ । ਜੰਗਲ ਜੂਹ ਫਿਰਨ ਉਜਾੜ ਪਹਾੜ ਸਰਬ ਪਛਤਾਨ, ਪਾਂਧੀ ਪੰਧ ਨਾ ਕੋਇ ਮੁਕਾਈਆ । ਸਾਧਾਂ ਸੰਤਾਂ ਕਰਨ ਪਛਾਨ, ਸਤਿਗੁਰ ਪ੍ਰੀਖਿਆ ਵਿਚ ਨਾ ਆਈਆ । ਮੰਡਲ ਰਾਸ ਗੋਪੀ ਕਾਹਨ, ਮਥਰਾ ਬਿੰਦਰਾਬਨ ਗੋਕਲ ਰਾਸ ਰਚਾਈਆ । ਕਵਲ ਨੈਣ ਨਾ ਕਰੇ ਦਰ ਪਰਵਾਨ, ਸੁੰਦਰ ਕੁੰਡਲ ਮੁਕਟ ਬੈਨ ਮੁਕੰਦ ਮਨੋਹਰ ਲਖਮੀ ਨਰਾਇਣ ਦਿਸ ਨਾ ਆਈਆ । ਰਾਮ ਸੀਤਾ ਸਾਰੇ ਕਹਿਣ, ਸੀਤਾ ਸੁਰਤੀ ਨਾ ਰਾਮ ਵਿਆਹੀਆ । ਗਣਪਤ ਗਣੇਸ਼ ਧਿਆਨ ਲਗਾਇਣ, ਸੀਸ ਭੇਟ ਨਾ ਕੋਈ ਕਰਾਈਆ । ਸ਼ਿਵ ਸ਼ੰਕਰ ਦਵਾਰੇ ਸਾਰੇ ਪਾਇਣ, ਸ਼ੰਕਰ ਬਰਨ ਨਾ ਕੋਇ ਜਣਾਈਆ । ਬ੍ਰਹਮ ਬ੍ਰਹਮ ਬ੍ਰਹਮ ਰਹੇ ਵਖਾਨ, ਬ੍ਰਹਮ ਭੇਵ ਨਾ ਰਾਈਆ । ਵਿਸ਼ਨੂੰ ਵੰਸੀ ਕੁਲ ਜਹਾਨ, ਅਛਲ ਅਛਲ ਕਰਾਈਆ । ਸਤਿਜੁਗ ਸਾਚੇ ਹੋ ਬਲਵਾਨ, ਸ਼ਾਮ ਕਰੇ ਕੁੜਮਾਈਆ । ਰਿਗ ਦੇਵੇ ਹਰਿ ਸਾਚਾ ਦਾਨ, ਤ੍ਰੇਤਾ ਝੋਲੀ ਪਾਈਆ । ਯੁਜਰ ਕਰੇ ਇਕ ਵਖਿਆਨ, ਸਾਵਲ ਸੁੰਦਰ ਰੂਪ ਸਮਾਈਆ । ਕਲਜੁਗ ਜੋਧਾ ਸੂਰ ਬਲੀ ਬਲਵਾਨ, ਸੰਗ ਮੁਹੰਮਦ ਚਾਰ ਯਾਰ ਸੰਗ ਰਖਾਈਆ । ਅੱਲਾ ਰਾਣੀ ਨਾਰ ਰਕਾਨ, ਜੋਬਨ ਰਹੀ ਹੰਢਾਈਆ । ਖੇਲਣ ਖੇਲ ਪੰਜ ਸ਼ੈਤਾਨ, ਜੀਵ ਜਹਾਨ ਰਹੇ ਖਪਾਈਆ । ਨਾਨਕ ਗੁਰ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਏਕਾ ਬਖ਼ਸ਼ੇ ਹਰਿ ਧਿਆਨ, ਅਮਰਾਪਦ ਸਮਾਈਆ । ਨਾਨਕ ਨਾਨਕ ਸਾਰੇ ਗਾਨ, ਨਾਨਕ ਹੱਥ ਕਿਸੇ ਨਾ ਆਈਆ । ਮਦਿਰਾ ਮਾਸ ਪੀਣ ਖਾਣ, ਮਨ ਮਤ ਰਹੀ ਕੁਰਲਾਈਆ ।

੯੧ ੦੭

ਅੰਤਮ ਪੀੜੇ ਕੋਹਲੂ ਘਾਣ, ਨਾ ਸਕੇ ਕੋਈ ਬਚਾਈਆ । ਪੁਰਖ ਅਬਿਨਾਸ਼ੀ ਜਾਣੀ ਜਾਣ, ਹਰ ਘਟ ਵੇਖੇ ਥਾਉਂ ਥਾਈਆ । ਗੁਰਮੁਖ ਸਾਚੇ ਬਾਲ ਅੰਞਾਣ, ਆਪ ਆਪਣੀ ਗੋਦ ਉਠਾਈਆ । ਦੇਵੇ ਨਾਮ ਧੁਰ ਫ਼ਰਮਾਣ, ਜੁਗ ਜੁਗ ਵੱਡੀ ਵਡਿਆਈਆ । ਗੁਰ ਗੋਬਿੰਦਾ ਕਰ ਪਰਵਾਨ, ਗੁਰ ਗੋਬਿੰਦ ਮੇਲ ਮਿਲਾਈਆ । ਅਕਾਲ ਪੁਰਖ ਹਰਿ ਤਖ਼ਤ ਮਹਾਨ, ਲੋਕਮਾਤ ਨਾ ਕੋਈ ਜਣਾਈਆ । ਆਪੇ ਬੈਠ ਹਰਿ ਮਿਹਰਵਾਨ, ਆਪ ਆਪਣੀ ਕਰੇ ਰੁਸ਼ਨਾਈਆ । ਲੋਆਂ ਪੁਰੀਆਂ ਖੰਡ ਮੰਡਲ ਬ੍ਰਹਿਮੰਡ ਵਰਭੰਡ ਜੇਰਜ ਅੰਡ ਉਤਭੁਜ ਸੇਤਜ ਰਚਨ ਰਚਾਈਆ । ਲੱਖ ਚੁਰਾਸੀ ਵੰਡੀ ਵੰਡ, ਨੌ ਦਸ ਗਿਆਰਾਂ ਬੀਸ ਤੀਸ ਚਾਰ ਲੱਖ ਲੇਖ ਲਿਖਾਈਆ । ਆਪੇ ਕਰੇ ਖੰਡ ਖੰਡ, ਖੰਡਨਹਾਰ ਆਪ ਅਖਵਾਈਆ । ਕਲਜੁਗ ਅੰਤਮ ਫੜੇ ਹੱਥ ਚੰਡ ਪਰਚੰਡ, ਸੋਹੰ ਖੰਡਾ ਨਾਉਂ ਰਖਾਈਆ । ਮਨਮੁਖ ਜੀਵਾਂ ਦੇਵੇ ਦੰਡ, ਲੇਖਾ ਕੋਈ ਰਹਿਣ ਨਾ ਪਾਈਆ । ਕਲਜੁਗ ਜੀਵ ਨਾਰ ਦੁਹਾਗਣ ਰੰਡ, ਕੰਤ ਸੁਹਾਗ ਨਾ ਕੋਈ ਹੰਢਾਈਆ । ਚਾਰੋਂ ਕੁੰਟ ਦਹਿ ਦਿਸ਼ਾ ਵਧਿਆ ਭੇਖ ਪਖੰਡ, ਗੁਰ ਪੀਰ ਸਾਧ ਸੰਤ ਘਰ ਘਰ ਬੈਠੇ ਧੂਣੀਆਂ ਤਾਈਆ । ਜੂਠ ਝੂਠ ਪੌਦੇ ਡੰਡ, ਹਰਿ ਕਾ ਨਾਮ ਹੱਥ ਨਾ ਆਈਆ । ਪਾਰਬ੍ਰਹਮ ਪ੍ਰਭ ਸੁੱਤਾ ਦੇ ਕਰ ਕੰਡ, ਆਤਮ ਸੇਜਾ ਮੁਖ ਭਵਾਈਆ । ਗੁਰਮੁਖ ਵਿਰਲੇ ਮੰਗੀ ਸਾਚੀ ਮੰਗ, ਗੁਰਚਰਨ ਸੱਚੀ ਸਰਨਾਈਆ । ਦੂਈ ਦਵੈਤੀ ਢਾਹੀ ਕੰਧ, ਏਕਾ ਘਰ ਸੁਹਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਅੱਠੇ ਪਹਿਰ ਕਰੇ ਰੁਸ਼ਨਾਈਆ । ਸੁਰਤ ਸਵਾਣੀ ਮੁੱਕੇ ਪੰਧ, ਸ਼ਬਦੀ ਸ਼ਬਦ ਸਮਾਈਆ । ਸਤਿਗੁਰ ਪੂਰਾ ਸੁਣਾਏ ਏਕਾ ਛੰਦ, ਨਾਦ ਅਨਾਦੀ ਧੁਨ ਵਜਾਈਆ । ਗਾ ਨਾ ਸਕੇ ਬੱਤੀ ਦੰਦ, ਰਸਨਾ ਭੇਵ ਨਾ ਪਾਈਆ । ਮਨਮੁਖ ਜੀਵ ਭਾਗਾਂਮੰਦ, ਬੈਠੇ ਮੁਖ ਸਰਮਾਈਆ । ਕਲਜੁਗ ਅੰਧੇਰਾ

ਜਗਤ ਅੰਧ, ਨਾ ਕੋਈ ਅੰਧੇਰ ਮਿਟਾਈਆ । ਜਗਤ ਵਿਕਾਰਾ ਮੁਖ ਲੱਗਾ ਗੰਦ, ਹਉਮੇ ਹੰਗਤਾ ਰੋਗ ਵਧਾਈਆ । ਗੁਰਮੁਖ ਵਿਰਲੇ ਪਾਇਆ ਪਰਮਾਨੰਦ, ਨਿਜਾ ਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਅਖਵਾਈਆ । ਵਿਸ਼ਨੂੰ ਭਗਵਾਨ ਹਰਿ ਭਗਵੰਤਾ, ਭਗਵਨ ਮੇਲ ਮਿਲਾਇੰਦਾ । ਖੇਲੇ ਖੇਲ ਆਦਿਨ ਅੰਤਾ, ਆਦਿ ਜੁਗਾਦੀ ਆਪ ਅਖਵਾਇੰਦਾ । ਗੁਰਮੁਖ ਉਭਾਰੇ ਸਾਚੇ ਸੰਤਾ, ਗੁਰਮਤ ਗੁਰ ਦਇਆ ਕਮਾਇੰਦਾ । ਤੋੜੇ ਗੜ੍ਹ ਹਉਮੇ ਹੰਗਤਾ, ਕਾਇਆ ਮੰਦਰ ਚੜ੍ਹ ਵੇਖ ਵਖਾਇੰਦਾ । ਦਰ ਦਵਾਰੇ ਜੋ ਜਨ ਹੋਏ ਮੰਗਤਾ, ਪ੍ਰਭ ਸਾਚੀ ਭਿਛਿਆ ਨਾਮ ਝੋਲੀ ਪਾਇੰਦਾ । ਕਾਇਆ ਚੀਥੜਾ ਆਪੇ ਰੰਗਤਾ, ਰੰਗ ਮਜੀਠੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਸਾਚਾ ਮੇਲਾ, ਸਾਚੇ ਹਰਿ ਵਿਛੜ ਕਦੇ ਨਾ ਜਾਇੰਦਾ ।

ਦਰਸ ਨਾਮ ਅਮੋਲ, ਨਾ ਕੋਈ ਹੱਟ ਵਿਕਾਇੰਦਾ । ਦਰਸ ਨਾਮ ਅਨਭੋਲ, ਤੀਰਥ ਤਟ ਨਾ ਕੋਈ ਰਖਾਇੰਦਾ । ਦਰਸ ਨਾਮ ਅਡੋਲ, ਮਸਜਿਦ ਮੰਦਰ ਮੱਠ ਕੋਈ ਨਾ ਪਾਇੰਦਾ । ਦਰਸ਼ਨ ਨਾਮ ਅਤੋਲ, ਅਠਸਠ ਨਾ ਕੋਈ ਤੁਲਾਇੰਦਾ । ਗੁਰ ਪੂਰਾ ਜਿਸ ਜਨ ਪੜਦੇ ਦੇਵੇ ਖੋਲ੍ਹ, ਗੁਰ ਮੰਦਰ ਅੰਦਰ ਦਰਸ ਦਿਖਾਇੰਦਾ । ਦਰਸ ਗੁਰ ਜਗਤ ਜੁਗ ਮੀਤਾ, ਨਿਤ ਨਿਤ ਆਪ ਵਖਾਇਆ । ਦਰਸ ਗੁਰ ਜਨ ਰਚਨ ਰਚੀਤਾ, ਚੇਤਨ ਰੂਪ ਦ੍ਰਿੜਾਇਆ । ਦਰਸ ਗੁਰ ਜਿਸ ਕਾਇਆ ਕੀਤਾ, ਹਰਿ ਹਰਿ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦਰਸ ਆਪ ਅਖਵਾਇਆ । ਦਰਸ਼ਨ ਗੁਰ ਜੋਗ ਨਿਰਾਲਾ, ਗੁਰਮੁਖ ਵਿਰਲਾ ਪਾਇੰਦਾ । ਦਰਸ਼ਨ ਗੁਰ ਜੋਤ ਅਕਾਲਾ, ਅਕਾਲ ਪੁਰਖ ਮਿਲਾਇੰਦਾ । ਦਰਸ ਗੁਰ ਹੋਏ ਰਖਵਾਲਾ, ਅੱਠੇ ਪਹਿਰ ਸੇਵ ਕਮਾਇੰਦਾ । ਦਰਸ਼ਨ ਗੁਰ ਹੋਏ ਕਾਇਆ ਮੰਦਰ ਸੱਚੀ ਧਰਮਸਾਲਾ, ਗੁਰ ਪੂਰਾ ਆਪ ਵਖਾਇੰਦਾ । ਦਰਸ਼ਨ ਗੁਰ ਕਰੇ ਹਾਲ ਬੇਹਾਲਾ, ਸੁਰਤੀ ਸੁਰਤ ਭਵਾਇੰਦਾ । ਦਰਸ਼ਨ ਗੁਰ ਫੰਦ ਕਟਾਏ ਕਾਲ ਮਹਾਂਕਾਲਾ, ਦੀਨ ਦਿਆਲਾ ਵੇਖ ਵਖਾਇੰਦਾ । ਦਰਸ਼ਨ ਗੁਰ ਫਲ ਲਗਾਏ ਕਾਇਆ ਡਾਲਾ, ਸਿੰਚ ਕਿਆਰੀ ਹਰੀ ਕਰਾਇੰਦਾ । ਦਰਸ਼ਨ ਗੁਰ ਤੋੜੇ ਜਗਤ ਜੰਜਾਲਾ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਰਸ਼ਨ ਵੇਖ ਵਖਾਇੰਦਾ । ਦਰਸ਼ਨ ਗੁਰ ਆਤਮ ਜੋਤੀ, ਜੋਤੀ ਨੂਰ ਉਪਾਇਆ । ਦਰਸ਼ਨ ਗੁਰ ਮੇਟ ਮਿਟਾਏ ਵਰਨ ਗੋਤੀ, ਸਾਚੀ ਸੂਰਤ ਇਕ ਵਖਾਇਆ । ਦਰਸ਼ਨ ਗੁਰ ਗੁਰਮੁਖ ਵਿਰਲਾ ਪਾਏ ਵਿਚੋਂ ਕੋਟਨ ਕੋਟੀ, ਕੋਟਨ ਕੋਟ ਰਹੇ ਧਿਆਨ ਲਗਾਇਆ । ਦਰਸ਼ਨ ਗੁਰ ਆਪ ਚੜ੍ਹਾਏ ਉਪਰ ਚੋਟੀ, ਬੇੜਾ ਬੰਨੇ ਲਾਇਆ । ਦਰਸ਼ਨ ਗੁਰ ਕੱਢੇ ਵਾਸਨਾ ਖੋਟੀ, ਦੁਰਮਤ ਮੈਲ ਧੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾ ਦਰਸ ਦਿਖਾਇਆ । ਦਰਸ਼ਨ ਗੁਰ ਸਾਚੇ ਨੈਣ, ਗੁਰਮੁਖ ਵਿਰਲਾ ਪਾਇੰਦਾ । ਦਰਸ਼ਨ ਗੁਰ ਨਾ ਰਸਨਾ ਸਕੇ ਕਹਿਣ, ਮਹਿਮਾ ਅਗਣਤ ਨਾ ਕੋਈ ਗਣਾਇੰਦਾ । ਦਰਸ਼ਨ ਗੁਰ ਚੁਕਾਏ ਲਹਿਣ ਦੇਣ, ਆਵਣ ਜਾਵਣ ਪੰਧ ਮੁਕਾਇੰਦਾ । ਦਰਸ਼ਨ ਗੁਰ ਸਾਕ ਸੱਜਣ ਸੈਣ, ਭਾਈ ਭੈਣ ਅਖਵਾਇੰਦਾ । ਦਰਸ਼ਨ ਗੁਰ

ਬਸਤਰ ਪਾਏ ਤਨ ਸਾਚਾ ਗਹਿਣ, ਹਾਰ ਸ਼ੰਗਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਰਸ਼ਨ ਦਰਦ ਮਿਟਾਇੰਦਾ । ਦਰਸ਼ਨ ਗੁਰ ਸਾਖਿਆਤ, ਗੁਰਮੁਖ ਵਿਰਲੇ ਪਾਇਆ । ਦਰਸ਼ਨ ਗੁਰ ਕਰੇ ਪਾਰਜਾਤ, ਗੁਰਮੁਖ ਲਏ ਤਰਾਇਆ । ਦਰਸ਼ਨ ਗੁਰ ਬੰਨੇ ਨਾਤ, ਨਾਤਾ ਚਰਨ ਇਕ ਰਖਾਇਆ । ਦਰਸ਼ਨ ਗੁਰ ਵਡ ਕਰਾਮਾਤ, ਭੇਵ ਕੋਈ ਨਾ ਰਾਇਆ । ਦਰਸ਼ਨ ਗੁਰ ਬੂੰਦ ਸਵਾਂਤ, ਤ੍ਰਿਸਨਾ ਭੁੱਖ ਮਿਟਾਇਆ । ਦਰਸ਼ਨ ਗੁਰ ਇਕ ਇਕਾਂਤ, ਏਕਾ ਲਿਵ ਲਾਇਆ । ਦਰਸ਼ਨ ਗੁਰ ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਇਆ । ਦਰਸ਼ਨ ਗੁਰ ਪੁੱਛੇ ਵਾਤ, ਗੁਰ ਸਤਿਗੁਰ ਹੋਏ ਸਹਾਇਆ । ਦਰਸ਼ਨ ਗੁਰ ਸਾਚੀ ਦਾਤ, ਧੁਰ ਮਸਤਕ ਲਹਿਣਾ ਝੋਲੀ ਪਾਇਆ । ਦਰਸ਼ਨ ਗੁਰ ਮਿਲੇ ਕਮਲਾਪਾਤ, ਕੰਤ ਕੰਤੂਹਲਾ ਮੇਲ ਮਿਲਾਇਆ । ਦਰਸ਼ਨ ਗੁਰ ਵੇਖੇ ਮਾਰ ਝਾਤ, ਝਿਰਨਾ ਨਿਝਰ ਦਏ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਨਾ ਫਰਨਾ ਦਏ ਖੁਲ੍ਹਾਇਆ । ਦਰਸ਼ਨ ਗੁਰ ਵੱਡੀ ਵਡਿਆਈ, ਹਰਿ ਹਰਿ ਮੇਲ ਮਿਲਾਇੰਦਾ । ਦਰਸ਼ਨ ਗੁਰ ਸਹਿਜ ਧੁਨ ਉਪਜਾਈ, ਧੁਨੀ ਰਾਗ ਅਲਾਇੰਦਾ । ਸ਼ਬਦ ਗੁਰ ਸਗਲੀ ਚਿੰਦ ਮਿਟਾਈ, ਸਗਲਾ ਸੰਗ ਤਜਾਇੰਦਾ । ਦਰਸ਼ਨ ਗੁਰ ਆਤਮ ਘਰ ਵੱਜੇ ਵਧਾਈ, ਮੰਗਲਾਚਾਰ ਕਰਾਇੰਦਾ । ਦਰਸ਼ਨ ਗੁਰ ਨੇਤਰ ਕੱਜਲ ਧਾਰ ਬੰਧਾਈ, ਤੀਜਾ ਨੈਣ ਖੁਲ੍ਹਾਇੰਦਾ । ਦਰਸ਼ਨ ਗੁਰ ਮੇਲਾ ਪਾਰਬ੍ਰਹਮ ਗੋਸਾਈਂ, ਗਹਿਰ ਗੰਭੀਰ ਸਮਾਇੰਦਾ । ਦਰਸ਼ਨ ਗੁਰ ਚਾਈਂ ਚਾਈਂ, ਗੁਰਮੁਖ ਵਿਰਲਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਰਸੀ ਦਰਸ ਦਿਖਾਇੰਦਾ । ਦਰਸ਼ਨ ਗੁਰ ਸਾਚਾ ਮੇਵਾ, ਗੁਰਮੁਖ ਵਿਰਲੇ ਪਾਇਆ । ਦਰਸ਼ਨ ਗੁਰ ਮਸਤਕ ਮਣੀਆਂ ਕੌਸਤਕ ਥੇਵਾ, ਹਰਿ ਸਾਚੇ ਆਪ ਲਗਾਇਆ । ਦਰਸ਼ਨ ਗੁਰ ਰਸਨਾ ਜਿਹਵਾ, ਅਜਪਾ ਜਾਪ ਜਪਾਇਆ । ਦਰਸ਼ਨ ਗੁਰ ਅਲੱਖ ਅਭੇਵਾ, ਆਦਿ ਨਿਰੰਜਣ ਦਰਸ਼ਨ ਗੁਰ ਸਾਚੀ ਸੇਵਾ, ਨਿਰਭੌ ਸਾਚਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦਰਸ ਦਿਖਾਇਆ । ਦਰਸ਼ਨ ਗੁਰ ਹਰਿ ਭਗਵੰਤਾ, ਹਰਿ ਹਰਿ ਸੰਗ ਨਿਭਾਏ । ਦਰਸ਼ਨ ਗੁਰ ਸਾਚੇ ਸੰਤਾ, ਸਤਿਗੁਰ ਮੇਲ ਮਿਲਾਏ । ਦਰਸ਼ਨ ਗੁਰ ਨਾਰੀ ਕੰਤਾ, ਏਕਾ ਸੇਜ ਸੁਹਾਏ । ਦਰਸ਼ਨ ਗੁਰ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਏ । ਦਰਸ਼ਨ ਗੁਰ ਸਾਚਾ ਧਾਮ ਸੁਹੰਤਾ, ਥਿਰ ਘਰ ਇਕ ਰਖਾਏ । ਦਰਸ਼ਨ ਗੁਰ ਦੇਵੇ ਨਾਮ ਸੁਗੰਧਤਾ, ਸਾਚਾ ਹਵਨ ਕਰਾਏ । ਦਰਸ਼ਨ ਗੁਰ ਪਾਰ ਕਰਾਏ ਜਿਉਂ ਨਾਨਕ ਅੰਗਦਾ, ਅੰਗੀਕਾਰ ਅਖਵਾਏ । ਦਰਸਨ ਗੁਰ ਰਲਾਏ ਸਾਚੀ ਸੰਗਤਾ, ਜੋ ਜਨ ਮੰਗਤਾ ਦਰ ਦਵਾਰੇ ਆਏ । ਦਰਸ਼ਨ ਗੁਰ ਤੋੜੇ ਗੜ੍ਹ ਹੰਕਾਰ ਹੰਗਤਾ, ਹਉਮੇ ਰੋਗ ਰਹਿਣ ਨਾ ਪਾਏ । ਦਰਸ ਗੁਰ ਮੇਟ ਮਿਟਾਏ ਭੁੱਖਾ ਨੰਗਤਾ, ਨੰਗਾ ਭੁੱਖਾ ਨਾ ਕੋਈ ਦਿਸਾਏ । ਦਰਸ ਗੁਰ ਅੰਮ੍ਰਿਤ ਧਾਰ ਵਹਾਏ ਹੰਗਤਾ, ਗੰਗਾ ਗੋਦਾਵਰੀ ਰਹੀ ਸ਼ਰਮਾਏ । ਦਰਸ਼ਨ ਗੁਰ ਦੋ ਜਹਾਨਾਂ ਪਾਰ ਲੰਘਤਾ, ਸ਼ੌਹ ਦਰਯਾ ਨਾ ਕੋਈ ਰੁੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਮੇਲ ਮਿਲਾਏ । ਦਰਸ਼ਨ ਗੁਰ ਵਡ ਸਿੰਧ ਸਾਗਰ, ਗਹਿਰ ਗੰਭੀਰ ਅਖਵਾਇਆ । ਦਰਸ਼ਨ ਗੁਰ ਜੋਤ ਜਗਾਏ ਕਾਇਆ ਗਾਗਰ, ਨੂਰੋ ਨੂਰ ਉਪਾਇਆ । ਦਰਸ ਗੁਰ ਗੁਰਮੁਖ ਵਿਰਲਾ ਬਣੇ ਸੁਦਾਗਰ, ਮਨਮੁਖ ਝੂਠੇ ਧੰਦੇ ਲਾਇਆ । ਗੁਰ ਕਾ ਸ਼ਬਦ ਰੱਤੀ ਰਤਨਾਗਰ, ਨਾਮ ਰੱਤੀ ਰੱਤ ਦਏ ਰੰਗਾਇਆ । ਗੁਰ ਕਾ ਸ਼ਬਦ ਨਿਰਮਲ ਕਰਮ ਕਰੇ ਉਜਾਗਰ, ਜੋਗ ਜੁਗਤ ਇਕ ਬਤਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਸੀ ਦਾਸ ਆਪ ਅਖਵਾਇਆ । ਗੁਰ ਕਾ ਦਰਸ ਸ਼ਬਦ ਗੁਰ ਮੰਤਰ, ਆਤਮ ਹਰਿ ਲਿਵ ਲਾਈਆ । ਗੁਰ ਕਾ ਸ਼ਬਦ ਬੁਝਾਏ ਬਸੰਤਰ, ਅਗਨੀ ਅੱਗ ਰਹਿਣ ਨਾ ਪਾਈਆ । ਗੁਰ ਕਾ ਸ਼ਬਦ ਜੋਗ ਜੁਗੰਤਰ, ਜੁਗ ਜੁਗ ਆਪ ਕਰਾਈਆ । ਗੁਰ ਕਾ ਸ਼ਬਦ ਜਾਣੇ ਬਿਧ ਅੰਤਰ, ਆਤਮ ਬੂਝ ਬੁਝਾਈਆ । ਗੁਰ ਕਾ ਸ਼ਬਦ ਸਰਬ ਵਰਤੰਤਰ, ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਕਰੇ ਕੁੜਮਾਈਆ । ਗੁਰ ਕਾ ਸ਼ਬਦ ਜਗਤ ਸਚ ਜੋਗ, ਜੁਗਤ ਆਪਣੇ ਹੱਥ ਰਖਾਈਆ । ਗੁਰ ਕਾ ਸ਼ਬਦ ਸੱਚਾ ਸਚ ਭੋਗ, ਜਨ ਭਗਤਾਂ ਰਿਹਾ ਕਰਾਈਆ । ਗੁਰ ਕਾ ਸ਼ਬਦ ਧੁਰ ਸੰਜੋਗ, ਧੁਰ ਵਿਛੜੇ ਮੇਲ ਮਿਲਾਈਆ । ਗੁਰ ਕਾ ਸ਼ਬਦ ਦਰਸ ਅਮੋਘ, ਆਪ ਆਪਣਾ ਦਏ ਕਰਾਈਆ । ਗੁਰ ਕਾ ਸ਼ਬਦ ਆਤਮ ਚੋਗ, ਮਾਣਕ ਮੋਤੀ ਮੁਖ ਖਵਾਈਆ । ਗੁਰ ਕਾ ਸ਼ਬਦ ਕਟੇ ਰੋਗ, ਚਿੰਤਾ ਸੋਗ ਮਿਟਾਈਆ । ਗੁਰ ਕਾ ਸ਼ਬਦ ਪਾਰ ਕਰਾਏ ਤੀਨਾਂ ਲੋਕ, ਤ੍ਰੈਗੁਣ ਮਾਇਆ ਫੰਦ ਕਟਾਈਆ । ਗੁਰ ਕਾ ਸ਼ਬਦ ਸਚ ਸਲੋਕ, ਸੋਹੰ ਸ਼ਬਦ ਵੱਡੀ ਵਡਿਆਈਆ । ਗੁਰ ਕਾ ਸ਼ਬਦ ਨਾ ਸਕੇ ਕੋਈ ਰੋਕ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਗੁਰ ਕਾ ਸ਼ਬਦ ਸਾਚੀ ਮੋਖ, ਆਤਮ ਬੂਝ ਬੁਝਾਈਆ । ਗੁਰ ਕਾ ਸ਼ਬਦ ਨਾ ਹਰਖ ਨਾ ਸੋਗ, ਆਲਸ ਨਿੰਦਰਾ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਡਿਆਈਆ । ਗੁਰ ਕਾ ਸ਼ਬਦ ਸਚ ਖਜ਼ਾਨਾ, ਗੁਰ ਪੂਰੇ ਆਪ ਭਰਾਇਆ । ਗੁਰ ਕਾ ਸ਼ਬਦ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਇਆ । ਗੁਰ ਕਾ ਸ਼ਬਦ ਕਰੇ ਠਾਂਡਾ ਸੀਨਾ, ਅੰਮ੍ਰਿਤ ਧਾਰ ਚੁਆਇਆ । ਗੁਰ ਕਾ ਸ਼ਬਦ ਸਦਾ ਰਸ ਭੀਨਾ, ਰਸ ਰਸਨਾ ਇਕ ਜਣਾਇਆ । ਗੁਰ ਕਾ ਸ਼ਬਦ ਜਿਸ ਜਨ ਚੀਨਾ, ਚੇਤਨ ਚਿਤ ਵਖਾਇਆ । ਗੁਰ ਕਾ ਸ਼ਬਦ ਜਿਉਂ ਜਲ ਮੀਨਾ, ਗੁਰਮੁਖ ਸਾਚੇ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਮੰਤਰ ਨਾਮ ਦ੍ਰਿੜਾਇਆ । ਗੁਰ ਕਾ ਸ਼ਬਦ ਸ਼ਬਦ ਅਨੁਰਾਗ, ਰਾਗ ਵੇਦ ਨਾ ਗਾਇਆ । ਗੁਰ ਕਾ ਸ਼ਬਦ ਵੱਡੇ ਵਡ ਭਾਗ, ਵਡ ਭਾਗੀ ਗੁਰਮੁਖ ਪਾਇਆ । ਗੁਰ ਕਾ ਸ਼ਬਦ ਕੰਤ ਸੁਹਾਗ, ਗੁਰ ਮੰਦਰ ਦਏ ਸੁਹਾਇਆ । ਗੁਰ ਕਾ ਸ਼ਬਦ ਸਚ ਚਿਰਾਗ, ਜੋਤੀ ਨੂਰ ਕਰੇ ਰੁਸ਼ਨਾਇਆ । ਗੁਰ ਕਾ ਸ਼ਬਦ ਬੁਝਾਏ ਤ੍ਰਿਸਨਾ ਆਗ, ਤ੍ਰਿਖਾ ਰਹਿਣ ਨਾ ਪਾਇਆ । ਗੁਰ ਕਾ ਸ਼ਬਦ ਬਣਾਏ ਹੰਸ ਕਾਗ, ਕਾਗੋਂ ਹੰਸ ਬਣਾਇਆ । ਗੁਰ ਕਾ ਸ਼ਬਦ ਧੋਵੇ ਦਾਗ, ਮਾਨਸ ਜਨਮ ਲੇਖੇ ਲਾਇਆ । ਗੁਰ ਕਾ ਸ਼ਬਦ ਸਦਾ ਸਦ ਰਿਹਾ ਜਾਗ, ਗੁਰ ਕਾ ਸ਼ਬਦ ਰਿਹਾ ਜਗਾਇਆ । ਗੁਰ ਕਾ ਸ਼ਬਦ ਜਿਸ ਜਨ ਗਿਆ ਲਾਗ, ਮਨ ਮਨੂਆ ਬੰਧ ਬੰਧਾਇਆ । ਗੁਰ ਕਾ ਸ਼ਬਦ ਬੰਨ੍ਹੇ ਤਨ ਸਾਚਾ ਤਾਗ, ਮਨ ਮਤ ਦੂਰ ਕਰਾਇਆ । ਗੁਰ ਕਾ ਸ਼ਬਦ ਪਕੜੇ ਜਨ ਵਾਗ, ਬੁੱਧੀ ਬੋਧ ਨਾ ਗਿਆਨ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਇਆ । ਗੁਰ ਕਾ ਸ਼ਬਦ ਸਾਚਾ ਸੱਜਣ, ਸਾਚਾ ਸੰਗ ਨਿਭਾਇੰਦਾ । ਗੁਰ ਕਾ ਸ਼ਬਦ ਸਾਚਾ ਮਜਨ, ਸਾਚਾ ਧਾਮ ਸੁਹਾਇੰਦਾ । ਗੁਰ ਕਾ ਸ਼ਬਦ ਸਾਚਾ ਹਜਨ, ਹਾਜੀ ਹੱਜ ਵਖਾਇੰਦਾ । ਗੁਰ ਕਾ ਸ਼ਬਦ ਸਾਚਾ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਗੁਰ ਕਾ ਸ਼ਬਦ ਪਰਗਟ ਹੋਇਆ ਦੇਸ ਮਾਝਨ, ਕਲਜੁਗ ਸੋਇਆ ਆਪ ਉਠਾਇੰਦਾ । ਗੁਰ ਕਾ ਸ਼ਬਦ ਸੱਚਾ ਸਚ ਤਾਜਨ, ਸ਼ਾਹ ਅਸਵਾਰ ਆਪ ਹੋ ਜਾਇੰਦਾ । ਗੁਰ ਕਾ ਸ਼ਬਦ ਰੱਖੇ ਸਦ





Rev-01

ਲਾਜਨ, ਲਾਜਾਵੰਤ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਗਾਰਾ ਇਕ ਵਜਾਇੰਦਾ । ਗੁਰ ਕਾ ਸ਼ਬਦ ਸਚ ਨਗਾਰਾ, ਗੁਰ ਪੂਰੇ ਆਪ ਵਜਾਇਆ । ਗੁਰਸਿਖ ਸੋਇਆ ਰਿਹਾ ਨਾ ਕੋਈ ਨੌਂ ਦਵਾਰਾ, ਦਸਵਾਂ ਬੂਝ ਬੁਝਾਇਆ । ਗੁਰ ਕਾ ਸ਼ਬਦ ਵਸੇ ਉਚੇ ਅਟੱਲ ਮਹੱਲ ਮੁਨਾਰਾ, ਥਿਰ ਘਰ ਨਾਉਂ ਰਖਾਇਆ । ਗੁਰ ਕਾ ਸ਼ਬਦ ਨਾ ਦਿਸੇ ਮੰਦਰ ਮਸਜਿਦ ਗੁਰਦਵਾਰਾ, ਗੁਰਮੁਖ ਹਿਰਦੇ ਵਿਚ ਸਮਾਇਆ । ਗੁਰ ਕਾ ਸ਼ਬਦ ਬੰਦ ਨਾ ਹੋਏ ਚਾਰ ਦਿਵਾਰਾ, ਛੱਪਰ ਛੰਨ ਨਾ ਕੋਈ ਟਿਕਾਇਆ । ਗੁਰ ਕਾ ਸ਼ਬਦ ਅੰਤ ਨਾ ਪਾਰਾ ਵਾਰਾ, ਭੇਵ ਅਭੇਦਾ ਨਾ ਕੋਈ ਲਿਖਾਇਆ । ਗੁਰ ਕਾ ਸ਼ਬਦ ਗੁਰੂ ਗੁਰ ਕਰਤਾਰਾ, ਕਰਤਾ ਪੁਰਖ ਅਖਵਾਇਆ । ਗੁਰ ਕਾ ਸ਼ਬਦ ਨਾਰੀ ਨਾਰਾ, ਨਰ ਨਰਾਇਣ ਆਪ ਹੋ ਜਾਇਆ । ਗੁਰ ਕਾ ਸ਼ਬਦ ਮੀਤ ਮੁਰਾਰਾ, ਪੀਤ ਪੀਤੰਬਰ ਸੀਸ ਸੁਹਾਇਆ । ਗੁਰ ਕਾ ਸ਼ਬਦ ਗੁਰ ਅਵਤਾਰਾ, ਗੁਰ ਗੋਬਿੰਦ ਮੇਲ ਮਿਲਾਇਆ । ਗੁਰ ਕਾ ਸ਼ਬਦ ਗੁਰ ਭਰੇ ਭੰਡਾਰਾ, ਸੰਬਲ ਨਗਰੀ ਆਪ ਟਿਕਾਇਆ । ਗੁਰ ਕਾ ਸ਼ਬਦ ਗੁਪਤ ਜ਼ਾਹਿਰਾ, ਅੰਦਰ ਬਾਹਰ ਸਮਾਇਆ । ਗੁਰ ਕਾ ਸ਼ਬਦ ਏਕਾ ਨਾਅਰਾ, ਏਕੰਕਾਰਾ ਰਿਹਾ ਲਗਾਇਆ । ਗੁਰ ਕਾ ਸ਼ਬਦ ਸਚ ਜੈਕਾਰਾ, ਸੋ ਪੁਰਖ ਨਿਰੰਜਣ ਆਪ ਜਣਾਇਆ । ਗੁਰ ਕਾ ਸ਼ਬਦ ਖੰਡਾ ਦੋ ਧਾਰਾ, ਦੋ ਜਹਾਨਾਂ ਰਿਹਾ ਹਿਲਾਇਆ । ਗੁਰ ਕਾ ਸ਼ਬਦ ਹਰਿ ਰੂਪ ਅਪਾਰਾ, ਹਰਿ ਹਰਿ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਉਪਾਇਆ । ਗੁਰ ਕਾ ਸ਼ਬਦ ਵਡ ਬਲਕਾਰਾ, ਖੇਲੇ ਖੇਲ ਦੋ ਜਹਾਨਾਂ । ਗੁਰ ਕਾ ਸ਼ਬਦ ਤਿਖੀ ਧਾਰਾ, ਮਾਰੇ ਮਾਰ ਜੋਧੇ ਸੂਰ ਨੌਜਵਾਨਾ । ਗੁਰ ਕਾ ਸ਼ਬਦ ਤੇਜ਼ ਕਟਾਰਾ, ਗੁਰ ਕਾ ਸ਼ਬਦ ਤੀਰ ਕਮਾਨਾ । ਗੁਰ ਕਾ ਸ਼ਬਦ ਆਰ ਪਾਰਾ, ਗੁਰ ਕਾ ਸ਼ਬਦ ਵਿਚ ਮਿਆਨਾ । ਗੁਰ ਕਾ ਸ਼ਬਦ ਪਾਰ ਕਿਨਾਰਾ, ਗੁਰ ਕਾ ਸ਼ਬਦ ਵਹਿਣ ਵਹਾਣਾ । ਗੁਰ ਕਾ ਸ਼ਬਦ ਪਰਗਟ ਵਿਚ ਸੰਸਾਰਾ, ਗੁਰ ਕਾ ਸ਼ਬਦ ਹੋਏ ਤਰਾਨਾ । ਗੁਰ ਕਾ ਸ਼ਬਦ ਨਾਮ ਅਧਾਰਾ, ਗੁਰ ਕਾ ਸ਼ਬਦ ਸਹਿਜ ਮੇਲ ਮਿਲਾਨਾ । ਗੁਰ ਕਾ ਸ਼ਬਦ ਨਿਹਕਲੰਕ ਨਰਾਇਣ ਨਰ ਅਵਤਾਰਾ, ਖੇਲੇ ਖੇਲ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਰਤੇ ਆਪਣਾ ਭਾਣਾ । ਗੁਰ ਕਾ ਸ਼ਬਦ ਸਾਚਾ ਭਾਣਾ, ਹਰਿ ਭਾਣੇ ਵਿਚ ਸਮਾਇਆ । ਨਾ ਕੋਈ ਜਾਣੇ ਚਤਰ ਸੁਘੜ ਸਿਆਣਾ, ਗਿਆਨੀ ਧਿਆਨੀ ਭੇਵ ਨਾ ਰਾਇਆ । ਨਾ ਕੋਈ ਜਾਣੇ ਵਡ ਵਿਦਵਾਨਾ, ਪੜ੍ਹ ਪੜ੍ਹ ਪੁਸਤਕ ਮੋਹ ਵਧਾਇਆ । ਨਾ ਕੋਈ ਜਾਣੇ ਰਾਜ ਰਾਜਾਨਾ, ਲੇਖਾ ਲੇਖ ਨਾ ਕੋਈ ਸਿਖਾਇਆ । ਨਾ ਕੋਈ ਜਾਣੇ ਸ਼ਾਹ ਸੁਲਤਾਨਾ, ਗੁਰ ਸ਼ਬਦੀ ਭੇਖ ਵਟਾਇਆ । ਗੁਰ ਕਾ ਸ਼ਬਦ ਮਰਦ ਮਰਦਾਨਾ, ਚੇਲਾ ਗੁਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਨਾਉਂ ਧਰਾਇਆ । ਸ਼ਬਦੀ ਗੁਰ ਸਚ ਮਹੱਲਾ, ਏਕਾ ਏਕ ਵਸਾਇਆ । ਸ਼ਬਦ ਗੁਰ ਵਸੇ ਇਕ ਅਕੱਲਾ, ਏਕੰਕਾਰਾ ਰੂਪ ਵਟਾਇਆ । ਸਤਿਗੁਰ ਸਾਚਾ ਧਾਮ ਬੈਠਾ ਮੱਲਾ, ਦਿਸ ਕਿਸੇ ਨਾ ਆਇਆ । ਸ਼ਬਦ ਗੁਰ ਅਛਲ ਅਛੱਲਾ, ਅਛਲ ਅਛਲ ਕਰਾਇਆ । ਸ਼ਬਦ ਗੁਰ ਬੋਲੇ ਹੱਲਾ, ਕਲਜੁਗ ਵੇਲਾ ਅੰਤਮ ਆਇਆ । ਨੌਂ ਖੰਡ ਪ੍ਰਿਥਮੀ ਪਏ ਤ੍ਰਥੱਲਾ, ਸੱਤਾਂ ਦੀਪਾਂ ਲਏ ਹਿਲਾਇਆ । ਹਾਹਾਕਾਰੀ ਜਲਾਂ ਥਲਾ, ਉਚੇ ਟਿੱਲੇ ਦੇਣ ਦੁਹਾਇਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਏਕਾ ਦੂਜਾ ਭੌ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਨਾਉਂ ਧਰਾਇਆ । ਸ਼ਬਦ ਗੁਰ ਸਾਚਾ ਨਾਮਾ,

ਹਰਿ ਨਾਮੇ ਵਡ ਵਡਿਆਈਆ । ਸ਼ਬਦ ਗੁਰ ਅੰਤਰਜਾਮਾ, ਹਰ ਘਟ ਬੂਝ ਬੁਝਾਈਆ । ਸ਼ਬਦ ਗੁਰ ਦੇਵੇ ਸਾਚਾ ਤਾਮਾ, ਅੰਮ੍ਰਿਤ ਆਤਮ ਜਾਮ ਪਿਆਈਆ । ਸ਼ਬਦ ਗੁਰ ਪੂਰਨ ਕਰਾਏ ਕਾਮਾ, ਜਿਸ ਜਨ ਆਸ ਤਕਾਈਆ । ਸ਼ਬਦ ਗੁਰ ਪੱਲੇ ਬੰਨੇ ਸਾਚਾ ਦਾਮਾ, ਠੱਗ ਚੋਰ ਯਾਰ ਲੁੱਟ ਕੋਈ ਨਾ ਜਾਈਆ । ਸ਼ਬਦ ਗੁਰ ਵਡ ਨਾਮ ਨਾਮਾ, ਗੁਰ ਸ਼ਬਦੀ ਸ਼ਬਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਰਿਹਾ ਵਰਤਾਈਆ । ਗੁਰ ਸ਼ਬਦ ਗੁਰ ਭੰਡਾਰਾ, ਗੁਰ ਪੂਰੇ ਆਪ ਵਰਤਾਇਆ । ਜੋ ਜਨ ਮੰਗਣ ਆਏ ਦਵਾਰਾ, ਆਤਮ ਝੋਲੀ ਦਏ ਭਰਾਇਆ । ਆਪੇ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਪੜਦਾ ਲਾਹਿਆ । ਵਾ ਨਾ ਲੱਗੇ ਤੱਤੀ ਹਾੜਾ, ਜਿਸ ਜਨ ਚਰਨੀ ਸੀਸ ਝੁਕਾਇਆ । ਮੇਟ ਮਿਟਾਏ ਪੰਚਮ ਧਾੜਾ, ਪੰਚਮ ਮੋਹ ਚੁਕਾਇਆ । ਧਰਮ ਵਖਾਏ ਸਚ ਅਖਾੜਾ, ਸਾਚਾ ਮੇਲ ਮਿਲਾਇਆ । ਕਰੇ ਪਰਕਾਸ਼ ਬਹੱਤਰ ਨਾੜਾ, ਜੋਤੀ ਨੂਰ ਸਵਾਇਆ । ਗੁਰਮੁਖ ਸਾਜਨ ਸਾਚਾ ਲਾੜਾ, ਸਾਚੇ ਘੋੜੇ ਆਪ ਚੜ੍ਹਾਇਆ । ਦਰਗਹਿ ਸਾਚੀ ਸਾਚੇ ਘਰ ਆਪੇ ਵਾੜਾ, ਸਾਚਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਾਮ ਜਪਾਇਆ । ਗੁਰ ਕਾ ਸ਼ਬਦ ਨਾਮ ਪਰਭਾਤੀ, ਅੰਮ੍ਰਿਤ ਵੇਲਾ ਸੁਹਾਇਆ । ਏਕਾ ਰੰਗ ਰੰਗਾਏ ਦਿਵਸ ਰਾਤੀ, ਰੈਣ ਅੰਧੇਰੀ ਰਹਿਣ ਨਾ ਪਾਇਆ । ਨਾ ਕੋਈ ਦੀਵਾ ਬਾਤੀ ਦੀਪਕ ਜੋਤੀ ਇਕ ਜਗਾਇਆ । ਜਿਸ ਜਨ ਬਖ਼ਸ਼ੇ ਸਾਚੀ ਦਾਤੀ, ਦਰ ਦਵਾਰਾ ਦਏ ਸੁਹਾਇਆ । ਦੇਵੇ ਦਰਸ ਬਹੁ ਬਹੁ ਭਾਂਤੀ, ਬਿਧਨਾਨਾ ਮੇਲ ਮਿਲਾਇਆ । ਜਨ ਭਗਤਾਂ ਅੰਤਮ ਦੇਵਣ ਆਇਆ ਬਾਕੀ, ਨਿਹਕਲੰਕਾ ਜਾਮਾ ਪਾਇਆ । ਅੰਮ੍ਰਿਤ ਜਾਮ ਪਿਆਏ ਸਾਚਾ ਸਾਕੀ, ਸਚ ਪਿਆਲਾ ਇਕ ਰਖਾਇਆ । ਆਤਮ ਅੰਦਰ ਖੋਲ੍ਹੇ ਤਾਕੀ, ਨਿਰਮਲ ਜੋਤ ਕਰੇ ਰੁਸ਼ਨਾਇਆ । ਸ਼ਬਦ ਗੁਰ ਵਡ ਪਾਕਨ ਪਾਕੀ, ਪਾਕੀ ਪਾਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਖੁਲ੍ਹਾਏ ਏਕਾ ਦਰ, ਏਕਾ ਮੰਤਰ ਨਾਮ ਦ੍ਰਿੜਾਇਆ । ਚਾਰ ਵਰਨ ਇਕ ਦਵਾਰਾ, ਏਕਾ ਨਾਮ ਜਣਾਈਆ । ਏਕਾ ਸ਼ਬਦ ਇਕ ਪਿਆਰਾ, ਏਕਾ ਧੁਨ ਉਪਜਾਈਆ । ਏਕਾ ਪਵਣ ਇਕ ਹੁਲਾਰਾ, ਏਕਾ ਝੂਲਾ ਰਿਹਾ ਝੁਲਾਈਆ । ਏਕਾ ਸਵਨ ਏਕਾ ਧਾਰਾ, ਏਕਾ ਮੇਘਾ ਰਿਹਾ ਬਰਸਾਈਆ । ਏਕਾ ਬਾਵਨ ਏਕਾ ਬਵਨ, ਏਕਾ ਭੇਖੀ ਭੇਖ ਵਟਾਈਆ । ਏਕਾ ਰਾਮਾ ਏਕਾ ਰਾਵਨ, ਏਕਾ ਸੀਤਾ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਕਰੇ ਚੜ੍ਹਾਈਆ । ਗੁਰ ਸ਼ਬਦ ਚੜ੍ਹਾਈ ਨੌਂ ਖੰਡ, ਸੱਤ ਦੀਪ ਵੱਜੇ ਨਗਾਰਾ । ਲੋਆਂ ਪੁਰੀਆਂ ਵੰਡੀ ਵੰਡ, ਕਲਜੁਗ ਤੇਰੀ ਅੰਤਮ ਵਾਰਾ । ਲੱਖ ਚੁਰਾਸੀ ਖੰਡ ਖੰਡ, ਨਾ ਦੀਸੇ ਕੋਈ ਸਹਾਰਾ । ਸਿਰ ਉਠਾਈ ਪਾਪਾਂ ਪੰਡ, ਕਲਜੁਗ ਜੀਆਂ ਬੱਧਾ ਭਾਰਾ । ਨਾਰ ਦੁਹਾਗਣ ਦਿਸੇ ਰੰਡ, ਚਾਰੋਂ ਕੁੰਟ ਹਾਹਾਕਾਰਾ । ਮਨਮੁਖ ਜੀਵਾਂ ਵੱਢੇ ਕੰਡ, ਮਾਰ ਖੰਡਾ ਸੋਹੰ ਦੋ ਧਾਰਾ । ਖੇਲੇ ਖੇਲ ਵਿਚ ਬ੍ਰਹਿਮੰਡ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰ ਗੋਬਿੰਦੇ ਮੰਗੀ ਮੰਗ, ਪ੍ਰਭ ਬਖ਼ਸ਼ੇ ਸਚ ਪਿਆਰਾ । ਕਾਇਆ ਚੋਲੀ ਚਾੜ੍ਹੇ ਰੰਗ, ਦੇਵੇ ਸ਼ਬਦ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਗੁਰਮੁਖ ਦੇਵੇ ਵਰ, ਜਿਸ ਜਨ ਬਖ਼ਸ਼ੇ ਚਰਨ ਪਿਆਰਾ ।

* ੫ ਮਾਘ ੨੦੧੪ ਬਿਕ੍ਰਮੀ ਸੂਬੇਦਾਰ ਵਤਨ ਸਿੰਘ ਦੇ ਘਰ ਪਿੰਡ ਸ਼ਰੀਂਹ ਪੁਰ ਤਹਿਸੀਲ ਦਸੂਹਾ ਜ਼ਿਲਾ ਹੁਸ਼ਿਆਰਪੁਰ *

ਹਰਿ ਜੋਤੀ ਸ਼ਬਦ ਧਾਰ, ਹਰਿ ਹਰਿ ਆਪ ਵਹਾਈਆ । ਹਰਿ ਹਰਿ ਸ਼ਬਦ ਅਪਾਰ, ਭੇਵ ਕੋਈ ਨਾ ਪਾਈਆ । ਹਰਿ ਕਾ ਸ਼ਬਦ ਰੂਪ ਕਰਤਾਰ, ਕਰਤਾ ਪੁਰਖ ਆਪ ਅਖਵਾਈਆ । ਹਰਿ ਕਾ ਸ਼ਬਦ ਹਰਿ ਨਿਰੰਕਾਰ, ਨਿਰਗੁਣ ਨਾਮ ਧਰਾਈਆ । ਹਰਿ ਕਾ ਸ਼ਬਦ ਖੇਲ ਅਪਾਰ, ਹਰਿ ਹਰਿ ਵਿਚ ਰਿਹਾ ਸਮਾਈਆ । ਹਰਿ ਕਾ ਸ਼ਬਦ ਹਰਿ ਪਿਆਰ, ਹਰਿ ਹਰਿ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਦਏ ਵਡਿਆਈਆ । ਹਰਿ ਸ਼ਬਦ ਸਚ ਸੁਲਤਾਨਾ, ਹਰਿ ਸਾਚੇ ਆਪ ਬਣਾਇਆ । ਸਚ ਸ਼ਬਦ ਵਡ ਮਿਹਰਵਾਨਾ, ਮਿਹਰਵਾਨ ਆਪ ਅਖਵਾਇਆ । ਹਰਿ ਸ਼ਬਦ ਵਡ ਦਾਨੀ ਦਾਨਾ, ਦੇਵਣਹਾਰ ਆਪ ਅਖਵਾਇਆ । ਹਰਿ ਸ਼ਬਦ ਸਾਚਾ ਗਾਣਾ, ਹਰਿ ਸਾਚੇ ਆਪ ਅਲਾਇਆ । ਹਰਿ ਸ਼ਬਦ ਸਚ ਤਰਾਨਾ, ਹਰਿ ਸਾਚੇ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਉਪਾਇਆ । ਹਰਿ ਸ਼ਬਦ ਸੱਚਾ ਸ਼ਾਹ, ਏਕਾ ਏਕ ਅਖਵਾਇੰਦਾ । ਹਰਿ ਸ਼ਬਦ ਬੇਪਰਵਾਹ, ਭੇਵ ਕੋਈ ਨਾ ਪਾਇੰਦਾ । ਹਰਿ ਸ਼ਬਦ ਬਣਾਏ ਆਪਣਾ ਨਾਂ, ਨਾਮ ਨਾਮਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਸ਼ਬਦ ਸੁਤ ਵਡ ਬਲਕਾਰਾ, ਏਕਾ ਏਕ ਅਖਵਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤਾ, ਖੇਲੇ ਖੇਲ ਖੇਲਣਹਾਰਾ ਆਪ ਅਖਵਾਇਆ । ਜੁਗ ਜੁਗ ਸੁਹਾਏ ਆਪਣੀ ਰੁੱਤਾ, ਆਪਣੇ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਉਪਾਇਆ । ਸ਼ਬਦ ਸੁਤ ਵਡ ਬਲਵਾਨਾ, ਹਰਿ ਏਕਾ ਏਕ ਰਖਾਇਆ । ਖੇਲੇ ਖੇਲ ਦੋ ਜਹਾਨਾਂ, ਜੁਗ ਜੁਗ ਆਪ ਖਿਲਾਇਆ । ਮੇਲੇ ਮੇਲ ਸ੍ਰੀ ਭਗਵਾਨਾ, ਭਗਵਨ ਰੂਪ ਸਮਾਇਆ । ਆਦਿ ਅੰਤ ਨੌਜਵਾਨਾ, ਨਾ ਮਰੇ ਨਾ ਜਾਇਆ । ਜਨ ਭਗਤਾਂ ਕਰੇ ਮਾਤ ਪਛਾਨਾ, ਵੇਖਣਹਾਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਉਪਾਇਆ । ਸ਼ਬਦ ਗੁਰ ਸਾਚਾ ਸੂਰਾ, ਸਤਿਗੁਰ ਆਪ ਉਪਾਇਆ । ਆਪੇ ਰਾਗ ਅਨਾਦੀ ਤੂਰਾ, ਆਪੇ ਨਾਦ ਵਜਾਇਆ । ਆਪੇ ਹੋਏ ਸਰਬ ਗੁਣ ਭਰਪੂਰਾ, ਗੁਣ ਭਰਪੂਰ ਆਪ ਅਖਵਾਇਆ । ਆਪੇ ਬਖ਼ਸ਼ੇ ਚਰਨ ਧੂੜਾ, ਆਪੇ ਮਸਤਕ ਟਿੱਕਾ ਲਾਇਆ । ਆਪੇ ਚਾੜ੍ਹੇ ਰੰਗ ਗੂੜ੍ਹਾ, ਕਾਇਆ ਰੰਗਣਹਾਰ ਆਪ ਅਖਵਾਇਆ । ਆਪੇ ਨਾਤਾ ਤੋੜੇ ਕੂੜੇ ਕੂੜਾ, ਆਪੇ ਲਏ ਲੜ ਲਗਾਇਆ । ਆਪੇ ਚਤੁਰ ਸੁਘੜ ਬਣਾਏ ਮੂਰਖ ਮੂੜਾ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਦਏ ਵਡਿਆਇਆ । ਹਰਿ ਸ਼ਬਦ ਵੱਡੀ ਵਡਿਆਈ, ਹਰਿ ਵੱਡਾ ਵਡ ਪਾਇਆ । ਲੋਆਂ ਪੁਰੀਆਂ ਕਰ ਕੁੜਮਾਈ, ਪਾਰਬ੍ਰਹਮ ਬ੍ਰਹਮ ਸਮਝਾਇਆ । ਏਕਾ ਧੁਨ ਇਕ ਜਣਾਈ, ਏਕਾ ਨਾਦ ਵਜਾਇਆ । ਏਕਾ ਗੁਣ ਇਕ ਰਘੁਰਾਈ, ਏਕਾ ਵੇਖ ਵਖਾਇਆ । ਇਕ ਪੁਕਾਰ ਰਿਹਾ ਸੁਣ ਸਰਬ ਘਟ ਥਾਈਂ, ਆਦਿ ਅੰਤ ਇਕ ਸਮਾਇਆ । ਏਕਾ ਵੇਖੇ ਚਾਈਂ ਚਾਈਂ, ਜੁਗ ਜੁਗ ਮਾਤ ਫੇਰਾ ਪਾਇਆ । ਏਕਾ ਪਕੜ ਉਠਾਏ ਫੜ ਫੜ ਬਾਹੀਂ, ਹਰਿਜਨ ਦੇਵੇ ਮਾਤ ਮਿਲਾਇਆ । ਏਕਾ ਦੇਵੇ ਠੰਡੀਆਂ ਛਾਈਂ, ਹਉਮੇ ਦੁਖੜੇ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਸਾਚਾ ਸੁਤ ਸ਼ਬਦੀ ਸ਼ਬਦ ਤਰਾਇਆ । ਸਤਿਗੁਰ ਸਾਚਾ


Rev-01

ਸੂਰਾ, ਹਰਿ ਹਰਿ ਨਾਮ ਰਖਾਇਆ । ਆਸਾ ਮਨਸਾ ਜੁਗ ਜੁਗ ਪੂਰਾ, ਜੁਗ ਜੁਗ ਵੇਸ ਵਟਾਇਆ । ਭਗਤ ਦਵਾਰੇ ਹਾਜ਼ਰ ਹਜ਼ੂਰਾ, ਹਰਿਜਨ ਆਪ ਹੋ ਆਇਆ । ਆਪੇ ਨੇਰਨ ਆਪੇ ਦੂਰਾ, ਦੂਰੋ ਦੂਰ ਆਪ ਅਖਵਾਇਆ । ਆਪੇ ਜੋਤੀ ਆਪੇ ਨੂਰਾ, ਨੂਰੋ ਨੂਰ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਾਇਆ । ਆਪ ਆਪਣਾ ਨਾਉਂ ਧਰਾਏ, ਆਪਣੀ ਕਲ ਵਰਤਾਈਆ । ਰਾਗ ਅਨਾਦੀ ਏਕਾ ਗਾਏ, ਗਾਵਣਹਾਰ ਆਪ ਅਖਵਾਈਆ । ਬ੍ਰਹਿਮਾਦੀ ਬ੍ਰਹਮ ਖੋਜ ਖੁਜਾਏ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਭੇਖ ਵਟਾਏ, ਭੇਖਾਧਾਰੀ ਆਪ ਅਖਵਾਈਆ । ਮੋਹਣ ਮਾਧਵ ਮਾਧੀ ਨਾਮ ਧਰਾਏ, ਨਰ ਨਰਾਇਣ ਹਰਿ ਰਘੁਰਾਈਆ । ਬੋਧ ਅਗਾਧੀ ਸ਼ਬਦ ਜਣਾਏ, ਹਰਿ ਸ਼ਬਦ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਖੇ ਵੇਖਣਹਾਰਾ ਖੇਲ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚਾ ਆਪ ਜਗੌਣਾ, ਹਰਿ ਹੱਥ ਰਖਾ ਵਡਿਆਈਆ । ਆਤਮ ਬ੍ਰਹਮ ਗਿਆਨ ਦਵੌਣਾ, ਏਕਾ ਤਾਲ ਸੁਣਾਈਆ । ਅਨਹਦ ਵਾਜਾ ਇਕ ਵਜੌਣਾ, ਪੰਚਮ ਸੇਵਾ ਲਾਈਆ । ਪੰਚਮ ਬਹਿ ਬਹਿ ਘਰ ਸਾਚੇ ਗੌਣਾ, ਆਤਮ ਘਰ ਵੱਜੇ ਵਧਾਈਆ । ਆਤਮ ਸਰ ਇਕ ਨਹੌਣਾ, ਸਰ ਸਰੋਵਰ ਇਕ ਵਖਾਈਆ । ਆਤਮ ਕੁੰਡਾ ਆਪੇ ਲੌਹਣਾ, ਬਜਰ ਕਪਾਟ ਤੁੜਾਈਆ । ਦਸਮ ਦਵਾਰੀ ਭੇਵ ਖਲੌਣਾ, ਆਤਮ ਸੇਜ ਵਿਛਾਈਆ । ਨਿਰਮਲ ਜੋਤੀ ਦੀਪ ਜਗੌਣਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਆਪ ਆਪਣਾ ਮੇਲ ਮਿਲੌਣਾ, ਆਪ ਆਪਣੇ ਅੰਗ ਲਗਾਈਆ । ਨਾਰੀ ਕੰਤਾ ਏਕਾ ਧਾਮ ਸੁਹੌਣਾ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਦੇਵੇ ਸਾਚਾ ਵਰ, ਗੁਰਮੁਖ ਵੱਡੀ ਵਡਿਆਈਆ । ਗੁਰਸਿਖ ਗੁਰ ਦੀਨ ਦਿਆਲਾ, ਗੁਰ ਗੋਬਿੰਦ ਰੂਪ ਸਮਾਈਆ । ਗੁਰ ਪਾਰਬ੍ਰਹਮ ਸਰਬ ਰਖਵਾਲਾ, ਹਰ ਘਟ ਬੈਠਾ ਆਸਣ ਲਾਈਆ । ਗੁਰ ਸਤਿਗੁਰ ਤੋੜੇ ਜਗਤ ਜੰਜਾਲਾ, ਜੋ ਜਨ ਆਏ ਸਰਨਾਈਆ । ਗੁਰ ਪਾਰ ਕਰਾਏ ਨੇੜ ਨਾ ਆਏ ਕਾਲ ਮਹਾਂਕਾਲਾ, ਸਿਰ ਆਪਣਾ ਹੱਥ ਟਿਕਾਈਆ । ਗੁਰ ਗੁਰਸਿਖ ਉਪਾਏ ਬਣਾਏ ਸਾਚੇ ਲਾਲਾ, ਲਾਲ ਅਨਮੁਲੜੇ ਨਾਉਂ ਧਰਾਈਆ । ਫਲ ਲਗਾਏ ਕਾਇਆ ਡਾਲ੍ਹਾ, ਅੰਮ੍ਰਿਤ ਆਤਮ ਮੁਖ ਚੁਆਈਆ । ਜੁਗ ਜੁਗ ਚਲੇ ਅਵਲੱੜੀ ਚਾਲਾ, ਚਾਲ ਨਿਰਾਲੀ ਆਪ ਅਖਵਾਈਆ । ਹਰਿਜਨ ਮੇਲ ਮਿਲਾਏ ਕਾਇਆ ਧਰਮ ਸੱਚੀ ਧਰਮਸਾਲਾ, ਦਰ ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਵਡ ਵਡਿਆਈ ਹਰਿ ਸਮਰਥ, ਜੁਗ ਜੁਗ ਆਪ ਰਖਾਈਆ । ਆਪੇ ਜਾਣੇ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲਿਆ ਏਕਾ ਰਥ, ਰਥ ਰਥਵਾਹੀ ਆਪ ਅਖਵਾਈਆ । ਕਲਜੁਗ ਕੂੜ ਕੁੜਿਆਰਾ ਰਿਹਾ ਮਥ, ਲੱਖ ਚੁਰਾਸੀ ਦਏ ਦੁਹਾਈਆ । ਪੰਚ ਵਿਕਾਰੇ ਪਾਈ ਨੱਥ, ਮਨ ਮਤ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਸ਼ਬਦੀ ਬਣਤ ਬਣਾਈਆ । ਗੁਰ ਸ਼ਬਦ ਸੁਣਾਏ ਸਾਚਾ ਢੋਲਾ, ਹਰਿ ਸਾਚੇ ਵਡ ਵਡਿਆਈਆ । ਏਕਾ ਨਾਮ ਇਕ ਜੈਕਾਰਾ ਏਕੰਕਾਰਾ ਏਕਾ ਬੋਲਾ, ਏਕਾ ਤਾਲ ਵਜਾਈਆ । ਇਕ ਭੰਡਾਰਾ ਸਚ ਦਵਾਰਾ ਏਕਾ ਖੋਲ੍ਹਾ, ਆਪੇ ਰਿਹਾ ਵਰਤਾਈਆ । ਜੁਗ ਜੁਗ ਬਣਿਆ ਸਾਚਾ ਤੋਲਾ, ਤੋਲਣਹਾਰ ਆਪ ਅਖਵਾਈਆ । ਦੁਆਪਰ ਪਰਗਟੇ ਕਲਾ ਸੋਲਾਂ, ਕਲਜੁਗ ਅੰਤਮ ਅਨੰਤ ਕਲ ਅਖਵਾਈਆ । ਜਨ

੯੮ ੦੭

ਭਗਤਾਂ ਬਜਰ ਕਪਾਟੀ ਪੜਦਾ ਖੋਲ੍ਹਾ, ਆਪ ਆਪਣਾ ਦਰਸ ਦਿਖਾਈਆ । ਮਨਮੁਖਾਂ ਰੱਖਿਆ ਪੜਦਾ ਉਹਲਾ, ਜੋਤ ਨਿਰੰਜਣ ਦੀਪ ਜਗਾਈਆ । ਭੇਖੀ ਭੇਖ ਵਟਾਏ ਕਾਇਆ ਚੋਲਾ, ਸ਼ਬਦੀ ਸ਼ਬਦ ਸਮਾਈਆ । ਇਕ ਸ਼ਬਦ ਇਕ ਜੈਕਾਰਾ ਚਾਰ ਵਰਨ ਸਾਚਾ ਬੋਲਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਹੰਗਤਾ ਹੋਏ ਗੋਲਾ, ਹਉਮੇ ਰੋਗ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਸ਼ਬਦ ਗੁਰ ਗੁਰ ਸ਼ਬਦੀ ਸ਼ਬਦ ਰੂਪ ਅਖਵਾਈਆ । ਹਰਿ ਸ਼ਬਦ ਗੁਰ ਦੇਵ ਦੇਵਾ, ਆਦਿ ਪੁਰਖ ਅਪਾਰਾ । ਹਰਿ ਸ਼ਬਦ ਜੋਗ ਜੁਗਤ ਜਗ ਕਰੇ ਸੇਵਾ, ਲੋਕਮਾਤ ਲਏ ਅਵਤਾਰਾ । ਹਰਿ ਸ਼ਬਦ ਅਲੱਖ ਅਭੇਵਾ, ਵੇਖ ਵਖਾਏ ਲੋਆਂ ਪੁਰੀਆਂ ਨੌ ਖੰਡ ਤੇਰਾ ਪਸਰ ਪਸਾਰਾ । ਹਰਿ ਕਾ ਸ਼ਬਦ ਰਸਨਾ ਜਿਹਵਾ, ਜਿਸ ਜਨ ਰਸਨ ਉਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੇਲ ਮਿਲਾਏ ਵਿਚ ਸੰਸਾਰਾ । ਹਰਿ ਕਾ ਸ਼ਬਦ ਹਰਿ ਅਗੰਮ, ਅਗੰਮੜੇ ਧਾਮ ਸੁਹਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਵਿਚ ਨਾ ਆਇਆ । ਨਾ ਕੋਈ ਪਵਣ ਸਵਾਸੀ ਵੇਖੇ ਦਮ, ਨੇਤਰ ਨੀਰ ਨਾ ਕੋਈ ਵਹਾਇਆ । ਜੁਗ ਜੁਗ ਜਾਣੇ ਆਪਣਾ ਕੰਮ, ਕਰਤਾ ਪੁਰਖ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਅਖਵਾਇਆ । ਏਕਾ ਏਕ ਆਦਿ ਨਿਰੰਜਣ, ਏਕਾ ਜੋਤ ਜਗਾਈਆ । ਸਤਿਗੁਰ ਸ਼ਬਦ ਹੋਏ ਦਰਦ ਦੁੱਖ ਭੰਜਨ, ਭਵ ਸਾਗਰ ਪਾਰ ਕਰਾਈਆ । ਜਨ ਭਗਤਾਂ ਬਖ਼ਸ਼ੇ ਨੇਤਰ ਅੰਜਨ, ਨਾਮ ਨਾਮਾ ਝੋਲੀ ਪਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਗਵਾਈਆ । ਪਰਗਟ ਹੋਏ ਹਰਿ ਸਾਚਾ ਸੱਜਣ, ਨਿਰਮਲ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲਾ ਆਇਆ ਪੜਦੇ ਕੱਜਨ, ਇਕ ਦੋਸ਼ਾਲਾ ਉਪਰ ਪਾਈਆ । ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਈ ਰਹਿਣ ਨਾ ਪਾਈਆ । ਕਲਜੁਗ ਜੀਵ ਦਰ ਦਰ ਘਰ ਘਰ ਛੱਡ ਛੱਡ ਭੱਜਣ, ਨਿਹਕਲੰਕ ਵੱਡੀ ਵਡਿਆਈਆ । ਕਾਲ ਨਗਾਰੇ ਚਾਰੋਂ ਕੁੰਟ ਦਹਿ ਦਿਸ਼ਾ ਵੱਜਣ, ਕਲਜੁਗ ਰਿਹਾ ਵਜਾਈਆ । ਕੋਈ ਨਾ ਕਿਸੇ ਰੱਖੇ ਲੱਜਣ, ਸਾਧ ਸੰਤ ਬੈਠੇ ਮੁਖ਼ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਕਰੇ ਰੁਸ਼ਨਾਈਆ । ਸੰਮਤ ਚੌਦਾਂ ਚੌਦਾਂ ਲੋਕ, ਹਰਿ ਏਕਾ ਹੱਟ ਖੁਲ੍ਹਾਇਆ । ਏਕਾ ਸ਼ਬਦ ਇਕ ਸਲੋਕ, ਏਕਾ ਨਾਅਰਾ ਲਾਇਆ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਕਲਜੁਗ ਵੇਲਾ ਅੰਤਮ ਆਇਆ । ਲੱਖ ਚੁਰਾਸੀ ਦੇਵੇ ਝੋਕ, ਰਾਏ ਧਰਮ ਦਏ ਸਜ਼ਾਇਆ । ਜਨ ਭਗਤਾਂ ਬਖ਼ਸ਼ੇ ਅੰਤਮ ਮੋਖ, ਜਗਤ ਵਡ ਵਡਿਆਇਆ । ਨਾ ਹਰਖ ਨਾ ਕਦੇ ਸੋਗ, ਚਿੰਤਾ ਦੁੱਖ ਨਾ ਕੋਈ ਰਖਾਇਆ । ਚਾਰ ਵਰਨ ਤੇਰਾ ਏਕਾ ਜੋਗ, ਪ੍ਰਭ ਸਾਚਾ ਦਏ ਵਖਾਇਆ । ਸੋਹੰ ਸ਼ਬਦ ਸਾਚਾ ਭੋਗ, ਆਤਮ ਸੇਜਾ ਦਏ ਕਰਾਇਆ । ਦੋ ਜਹਾਨਾਂ ਨਾ ਹੋਏ ਵਿਜੋਗ, ਮੇਲੀ ਮੇਲਾ ਦੋ ਜਹਾਨ ਮੇਲ ਮਿਲਾਇਆ । ਆਤਮ ਦਰਸੀ ਦਰਸ ਦੇਵੇ ਅਮੋਘ, ਆਪ ਆਪਣਾ ਰੂਪ ਵਟਾਇਆ । ਏਕਾ ਸਾਚੀ ਚੋਗ, ਸੋਹੰ ਹੰਸਾ ਮੁਖ ਪੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਰਿਹਾ ਵਜਾਇਆ । ਏਕਾ ਡੰਕਾ ਹਰਿ ਭਗਵੰਤਾ, ਆਪਣਾ ਆਪ ਵਜਾਇੰਦਾ । ਆਪ ਉਠਾਏ ਸਾਧਨ ਸੰਤਾ, ਰਾਜ ਰਾਜਾਨਾ ਆਪ ਉਠਾਇੰਦਾ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤਾ, ਗੂੜ੍ਹੀ ਨੀਂਦੇ ਸਵਾਇੰਦਾ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ ।


੯੯ ੦੨

ਤੋੜੇ ਗੜ੍ਹ ਹੰਕਾਰੀ ਹੰਗਤਾ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਮਨਮੁਖ ਜੀਵ ਭੁੱਖਾ ਨੰਗਤਾ, ਨੌ ਦਰ ਸਦਾ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲੇ ਸਾਚੇ ਘਰ ਘਰ ਘਰ ਵਿਚ ਆਪ ਕਰਾਇੰਦਾ । ਕਲਜੁਗ ਤੇਰਾ ਅੰਤਮ ਨਿਸ਼ਾਨਾ, ਪ੍ਰਭ ਸਾਚੇ ਇਕ ਰਖਾਇਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਜਗਾਇਆ । ਨੌਂ ਖੰਡ ਪ੍ਰਿਥਮੀ ਇਕ ਬਿਬਾਣਾ, ਸੱਤਾਂ ਦੀਪਾਂ ਰਿਹਾ ਫਿਰਾਇਆ । ਲੱਖ ਚੁਰਾਸੀ ਪਾਵੇ ਆਣਾ, ਏਕਾ ਨਾਮ ਧਰਾਇਆ । ਜਨ ਭਗਤਾਂ ਬੰਨੇ ਆਤਮ ਅੰਦਰ ਸਾਚਾ ਗਾਨਾ, ਏਕਾ ਤੰਦ ਬੰਧਾਇਆ । ਸ਼ਬਦ ਸੁਣਾਏ ਸਾਚਾ ਗਾਣਾ, ਅਨਹਦ ਤਾਲ ਵਜਾਇਆ । ਕਰੇ ਕਰਾਏ ਦਰ ਪਰਵਾਨਾ, ਪਾਰਬ੍ਰਹਮ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਮਾਰਗ ਲਾਇਆ । ਏਕਾ ਮਾਰਗ ਏਕਾ ਰਾਹ, ਏਕਾ ਜੋਤ ਜਗਾਈਆ । ਏਕਾ ਸ਼ਬਦ ਗੁਰ ਬੇਪਰਵਾਹ, ਏਕਾ ਵੇਖੇ ਥਾਉਂ ਥਾਈਂਆ । ਨਿਤ ਨਵਿਤਾ ਕਰੇ ਸਚ ਨਿਆਉਂ, ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੋਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਰੈਣ ਅੰਧੇਰਾ, ਚਾਰੋਂ ਕੁੰਟ ਪਸਾਰਿਆ । ਪਾਰਬ੍ਰਹਮ ਪ੍ਰਭ ਪਾਏ ਫੇਰਾ, ਖੇਲੇ ਖੇਲ ਅਪਰ ਅਪਾਰਿਆ । ਆਪੇ ਢਾਏ ਭਰਮਾਂ ਡੇਰਾ, ਮਨਮੁਖ ਜੀਵਾਂ ਤੋੜੇ ਗੜ੍ਹ ਹੰਕਾਰਿਆ । ਚਾਰ ਵਰਨ ਕਰਾਏ ਏਕਾ ਸੰਝ ਸਵੇਰਾ, ਸਤਿਜੁਗ ਸਾਚਾ ਸਚ ਦਵਾਰਿਆ । ਆਪ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਰੂਪ ਵਖਾ ਰਿਹਾ । ਚੌਥੇ ਜੁਗ ਦੇਵੇ ਗੇੜਾ, ਉਲਟੀ ਲੱਠ ਗਿੜਾ ਰਿਹਾ । ਨੌਂ ਖੰਡ ਪ੍ਰਿਥਮੀ ਕਰੇ ਨਿਬੇੜਾ, ਹੱਕ ਹਕੀਕਤ ਵੇਖ ਵਖਾ ਰਿਹਾ । ਕਿਸੇ ਨਾ ਦਿਸੇ ਕਾਇਆ ਨਗਰ ਖੇੜਾ, ਮਹੱਲ ਅਟੱਲ ਨਾ ਕੋਈ ਜਣਾ ਰਿਹਾ । ਜਨ ਭਗਤਾਂ ਬੰਨਣਹਾਰਾ ਬੇੜਾ, ਜੁਗ ਜੁਗ ਆਪ ਬੰਨ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰੂਪ ਵਟਾ ਰਿਹਾ ।

ਸਤਿਗੁਰ ਸਾਚਾ ਮੀਤ, ਸਤਿ ਪੁਰਖ ਅਖਵਾਇਆ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਨਾਤਾ ਬਿਧਾਤਾ ਤੋੜ ਨਿਭਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਊਚਾਂ ਨੀਚਾਂ ਭੇਵ ਮਿਟਾਇਆ । ਦੇਵੇ ਨਾਮ ਸ਼ਬਦ ਅਨਡੀਠ, ਲਿਖਣ ਪੜ੍ਹਣ ਵਿਚ ਨਾ ਆਇਆ । ਮਿੱਠਾ ਕਰੇ ਕੌੜਾ ਰੀਠ, ਜਿਸ ਜਨ ਆਪਣੀ ਦਇਆ ਕਮਾਇਆ । ਮਨਮੁਖਾਂ ਸੁੱਤਾ ਦੇ ਕਰ ਪੀਠ, ਆਤਮ ਅੰਤਰ ਦਿਸ ਨਾ ਆਇਆ । ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪ ਅਖਵਾਇਆ । ਸਤਿਗੁਰ ਸਾਜਨ ਸਚਾ ਮੀਤਾ, ਏਕਾ ਏਕ ਅਖਵਾਇਆ । ਆਪੇ ਜਾਣੇ ਆਪਣੀ ਰੀਤਾ, ਜੁਗ ਜੁਗ ਆਪ ਚਲਾਇਆ । ਗੁਰਮੁਖ ਵਿਰਲੇ ਨਾਮ ਨਿਧਾਨ ਏਕਾ ਪੀਤਾ, ਹਉਮੇ ਰੋਗ ਗਵਾਇਆ । ਏਕਾ ਸ਼ਬਦ ਦਏ ਅਤੀਤਾ, ਤ੍ਰੈਗੁਣ ਮੋਹ ਚੁਕਾਇਆ । ਪੰਜ ਤਤ ਕਰਾਏ ਠਾਂਡਾ ਸੀਤਾ, ਸਾਂਤਕ ਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਨਾਉਂ ਧਰਾਇਆ । ਸਤਿਗੁਰ ਨਾਉਂ ਹਰਿ ਨਿਰੰਕਾਰ, ਸ਼ਬਦੀ

ਸ਼ਬਦ ਧਰਾਇਆ । ਆਪ ਆਪਣਾ ਕਰ ਜੈਕਾਰ, ਆਪ ਆਪਣਾ ਨਾਅਰਾ ਲਾਇਆ । ਆਪ ਆਪਣੀ ਬੰਨੇ ਧਾਰ, ਆਪੇ ਮਾਰਗ ਪਾਇਆ ।
ਆਪ ਆਪਣੇ ਲਏ ਉਭਾਰ, ਆਪ ਆਪਣੀ ਦਇਆ ਕਮਾਇਆ । ਆਪੇ ਦੇਵੇ ਅੰਮ੍ਰਿਤ ਧਾਰ, ਆਪੇ ਦੇਵੇ ਮੁਖ ਚੁਆਇਆ । ਆਪੇ ਖੰਡਾ ਤਨ
ਸ਼ੰਗਾਰ, ਤਨ ਗਾਤਰੇ ਆਪ ਲਟਕਾਇਆ । ਆਪੇ ਬ੍ਰਹਿਮੰਡਾਂ ਪਾਵੇ ਸਾਰ, ਜੇਰਜ ਅੰਡਾਂ ਉਤਭੁਜ ਸੇਤਜ ਵੇਖ ਵਖਾਇਆ । ਆਪੇ ਭੇਖ ਪਖੰਡਾ
ਦਏ ਨਿਵਾਰ, ਕਲਜੁਗ ਅੰਤਮ ਰਹਿਣ ਨਾ ਪਾਇਆ । ਆਪੇ ਖੰਡਾ ਰਿਹਾ ਹੁਲਾਰ, ਸੋ ਪੁਰਖ ਨਿਰੰਜਣ ਹੱਥ ਉਠਾਇਆ । ਹੰ ਹੰਗਤਾ ਦੇਵੇ
ਮਾਰ, ਦੁਰਮਤ ਰਹਿਣ ਨਾ ਪਾਇਆ । ਹਰਿਜਨ ਮੰਗਤਾ ਆਏ ਦਰ ਦਵਾਰ, ਆਤਮ ਝੋਲੀ ਨਾਮ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਗੁਰ ਮਤ ਗੁਰ ਭੇਖ ਵਟਾਇਆ । ਗੁਰ ਮਤ ਗੁਰ ਸਾਚਾ ਸ਼ਬਦ ਵਿਚੋਲਾ, ਦੋ ਜਹਾਨਾਂ ਵਾਲੀ । ਆਪ ਸੁਣਾਏ ਆਪਣਾ
ਢੋਲਾ, ਜਗੇ ਜੋਤ ਅਕਾਲੀ । ਕਲਜੁਗ ਅੰਤਮ ਬਣਿਆ ਤੋਲਾ, ਨਾਨਕ ਧਾਰ ਚਲਾ ਲੀ । ਗੋਬਿੰਦ ਗੁਰ ਵੇਖੇ ਹੋਲਾ, ਹੱਥ ਕਮਾਨ ਉਠਾ ਲੀ ।
ਕਲਜੁਗ ਜੀਵ ਬਣਿਆ ਗੋਲਾ, ਮਾਇਆ ਮਮਤਾ ਮੋਹ ਰਖਾ ਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ
ਵਰ, ਗੁਰਮਤ ਗੁਰ ਭੇਖ ਵਟਾ ਲੀ । ਗੁਰ ਸਤਿਗੁਰ ਸਾਚਾ ਸਚ ਮਰਦੰਗਾ, ਏਕਾ ਨਾਮ ਜਪਾਇਆ । ਗੁਰਮੁਖ ਚਰਨ ਦਵਾਰ ਵਹਾਏ ਕੋਟਨ
ਗੰਗਾ, ਅਠਸਠ ਤੀਰਥ ਮਾਣ ਗਵਾਇਆ । ਅੰਜੀਲ ਕੁਰਾਨਾ ਕਰੇ ਭੰਗਾ, ਅੱਲਾ ਹੂ ਹੂ ਨਾਅਰਾ ਕਦੇ ਨਾ ਲਾਇਆ । ਚਿੱਟੇ ਅਸਵ ਕਸਿਆ
ਤੰਗਾ, ਪੁਰਖ ਅਬਿਨਾਸ਼ੀ ਸ਼ਬਦ ਸਿੰਘਾਸਣ ਆਸਣ ਲਾਇਆ । ਲੋਆਂ ਪੁਰੀਆਂ ਆਪੇ ਲੰਘਾ, ਲੋਕਮਾਤ ਵੇਖ ਵਖਾਇਆ । ਲੱਖ ਚੁਰਾਸੀ ਜੀਵ
ਜੰਤ ਸਾਧ ਸੰਤ ਭੁੱਖਾ ਨੰਗਾ, ਨਾਮ ਵਸਤ ਕੋਇ ਨਾ ਝੋਲੀ ਪਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਵਿਕਾਰ ਲੱਗਾ ਦੰਗਾ, ਮਨ ਮਤ ਬੁਧ
ਰਹੀ ਕੁਰਲਾਇਆ । ਅੰਤਮ ਵੇਲੇ ਨਾ ਦਿਸੇ ਕੋਈ ਸੰਗਾ, ਨਾ ਕੋਈ ਸੰਗ ਨਿਭਾਇਆ । ਕੂੜ ਕੁੜਿਆਰਾ ਲੱਗਾ ਚੰਗਾ, ਨਾਮ ਨਿਧਾਨ ਦਿਸ
ਨਾ ਆਇਆ । ਕਲਜੁਗ ਝੂਠਾ ਛੱਡਣਾ ਪੈਣਾ ਧੰਦਾ, ਵੇਲਾ ਅੰਤਮ ਆਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਰਹਿਣ ਨਾ ਦੇਵੇ ਕੋਈ ਮਦਿਰਾ
ਮਾਸੀ ਗੰਦਾ, ਨਿਹਕਲੰਕੀ ਜਾਮਾ ਪਾਇਆ । ਗੁਰਮੁਖ ਸਾਚਾ ਸਤਿਜੁਗ ਚਾੜ੍ਹੇ ਚੰਦ ਨੌਚੰਦਾ, ਸੀਤਲ ਸਾਚੀ ਧਾਰ ਵਹਾਇਆ । ਕਲਜੁਗ ਜੀਵ
ਆਤਮ ਅੰਧਾ, ਅੰਤਮ ਡੂੰਘੇ ਵਹਿਣ ਦਏ ਰੁੜ੍ਹਾਇਆ । ਜਨ ਭਗਤਾਂ ਬਖ਼ਸ਼ੇ ਪਰਮਾਨੰਦਾ, ਨਿਝਰ ਧਾਰਾ ਮੁਖ ਚੁਆਇਆ । ਆਦਿ ਜੁਗਾਦਿ ਸਦਾ
ਬਖ਼ਸ਼ਿੰਦਾ, ਗੁਰ ਸ਼ਬਦੀ ਆਪ ਅਖਵਾਇਆ । ਲੱਖ ਚੁਰਾਸੀ ਆਪ ਉਪਾਏ ਆਪਣੀ ਬਿੰਦਾ, ਅੰਤਮ ਆਪੇ ਮੇਟ ਮਿਟਾਇਆ । ਦਾਤਾ ਦਾਨੀ ਵਡ
ਗੁਣੀ ਗਹਿੰਦਾ, ਗੋਬਿੰਦ ਰੂਪ ਸਮਾਇਆ । ਸਿੰਘ ਸਵਰਨ ਤੇਰੀ ਮੇਟੇ ਚਿੰਦਾ, ਆਤਮ ਦਰਸੀ ਦਰਸ ਦਿਖਾਇਆ । ਆਤਮ ਦਰਸ ਧੁਰ ਸੰਜੋਗਾ,
ਹਰਿ ਸਾਚਾ ਮੇਲ ਮਿਲਾਇੰਦਾ । ਕਲਜੁਗ ਮਾਇਆ ਕਟੇ ਰੋਗਾ, ਜੋਤ ਨਿਰੰਜਣ ਤੇਲ ਚੜ੍ਹਾਇੰਦਾ । ਆਦਿ ਅੰਤ ਨਾ ਹੋਏ ਵਿਜੋਗਾ, ਦੋ ਜਹਾਨੀ
ਸੰਗ ਨਿਭਾਇੰਦਾ । ਆਤਮ ਸੇਜਾ ਸਾਚਾ ਭੋਗਾ, ਸੁਰਤ ਸਵਾਣੀ ਸੰਗ ਕਰਾਇੰਦਾ । ਨਾ ਕੋਈ ਜਾਣੇ ਬਾਂਗ ਰੋਜ਼ਾ, ਨਾ ਪੰਜ ਤਤ ਨਿਮਾਜ਼ ਅਲ੍ਹਾਇੰਦਾ ।
ਪ੍ਰਭ ਕਾ ਭੇਵ ਸਦਾ ਸਦ ਗੁਝਾ, ਵੇਦ ਕਤੇਬ ਕੋਈ ਨਾ ਪਾਇੰਦਾ । ਜਿਸ ਜਨ ਬਖ਼ਸ਼ੇ ਆਪਣੀ ਸੂਝਾ, ਆਪਣਾ ਦਰ ਖੁਲ੍ਹਾਇੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਸਾਜਨ ਸਾਚਾ ਲਾੜਾ, ਹਰਿ ਸਾਚੇ ਆਪ ਸ਼ੰਗਾਰਿਆ ।

ਨੇੜ ਨਾ ਆਏ ਪੰਚਮ ਧਾੜਾ, ਦਰ ਦਵਾਰ ਦਏ ਦੁਰਕਾਰਿਆ । ਜੋਤ ਜਗਾਏ ਬਹੱਤਰ ਨਾੜਾ, ਦਿਵਸ ਰੈਣ ਕਰੇ ਉਜਿਆਰਿਆ । ਚਰਨ ਕਵਲ ਵਖਾਏ ਸਚ ਅਖਾੜਾ, ਗੁਰ ਮੰਤਰ ਏਕਾ ਨਾਮ ਉਚਾਰਿਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਸੁਖਮਨ ਨਾੜਾ ਪਾਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਾਵੇ ਸਾਰਿਆ । ਕਲਜੁਗ ਤੇਰੀ ਅੰਤਮ ਧਾਰ, ਪ੍ਰਭ ਆਪਣੇ ਹੱਥ ਰੱਖੀ ਵਡਿਆਈਆ । ਗੁਰਮੁਖ ਸਾਚੇ ਲਏ ਉਭਾਰ, ਮਨਮੁਖਾਂ ਦਏ ਸਜ਼ਾਈਆ । ਚਾਰ ਵਰਨਾਂ ਇਕ ਪਿਆਰ, ਊਚਾਂ ਨੀਚਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਨੌਂ ਦਵਾਰੇ ਲਹਿਣਾ ਚੁੱਕੇ, ਪ੍ਰਭ ਸਾਚਾ ਆਪ ਚੁਕਾਇੰਦਾ । ਗੁਰਮੁਖ ਤੇਰਾ ਪੈਂਡਾ ਮੁੱਕੇ, ਆਵਣ ਜਾਵਣ ਪੰਧ ਮੁਕਾਇੰਦਾ । ਹਰੇ ਕਰਾਏ ਬੂਟੇ ਸੁਕੇ, ਅੰਮ੍ਰਿਤ ਆਤਮ ਸੇਜ ਫੁਲ ਫੁਲਵਾੜੀ ਆਪ ਲਗਾਇੰਦਾ । ਆਪ ਆਪਣੀ ਹੱਥੀਂ ਚੁੱਕੇ, ਗੁਰ ਗੋਬਿੰਦ ਭੇਖ ਵਟਾਇੰਦਾ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠੇ, ਜੋ ਜਨ ਸਰਸੇ ਤੇਰੀ ਸੇਵ ਲਗਾਇੰਦਾ । ਪੁਰੀ ਅਨੰਦ ਜੋ ਗਏ ਰੁੱਠੇ, ਕਲਜੁਗ ਅੰਤਮ ਮੇਲ ਮਿਲਾਇੰਦਾ । ਸਤਿਗੁਰ ਪੂਰਾ ਜੁਗ ਜੁਗ ਤੁੱਠੇ, ਦਿਆਲ ਪੁਰਖ ਆਪ ਅਖਵਾਇੰਦਾ । ਹਰਿ ਭਗਤ ਬੰਧਾਏ ਏਕਾ ਮੁੱਠੇ, ਆਪ ਆਪਣੀ ਗੰਢ ਦਵਾਇੰਦਾ । ਮੇਟ ਮਿਟਾਏ ਜੂਠੇ ਝੂਠੇ, ਕਲਜੁਗ ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸੌ ਚੌਦਾਂ ਵੇਖ ਵਖਾਇੰਦਾ । ਵੀਹ ਸੌ ਚੌਦਾਂ ਤੇਰੀ ਧਾਰ, ਪ੍ਰਭ ਹੱਥ ਰੱਖੀ ਵਡਿਆਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਰਿਹਾ ਜਗਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾ ਰਿਹਾ ਹਿਲਾਈਆ । ਸ਼ਬਦ ਖੰਡਾ ਤੇਜ਼ ਕਟਾਰ, ਆਪਣੇ ਹੱਥ ਉਠਾਈਆ । ਸੰਬਲ ਨਗਰੀ ਹੋ ਤਿਆਰ, ਆਪ ਆਪਣੀ ਲਏ ਅੰਗੜਾਈਆ । ਸਾਚਾ ਘੋੜਾ ਰਿਹਾ ਸ਼ੰਗਾਰ, ਸੋਲਾਂ ਕਲੀਆਂ ਆਸਣ ਪਾਈਆ । ਕਲਗੀ ਤੋੜਾ ਨਾਮ ਅਪਾਰ, ਜੋਤੀ ਜੋੜਾ ਮੇਲ ਮਿਲਾਈਆ । ਪਹਿਲਾ ਪੌੜਾ ਅਪਰ ਅਪਾਰ, ਸੱਸਾ ਕਿਲਾ ਬਣਾਈਆ । ਉਪਰ ਹੋੜਾ ਵੇਖ ਸੰਸਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਇਕ ਅਕੱਲਾ ਏਕੰਕਾਰ, ਅਕਲ ਕਲਾ ਵਰਤਾਈਆ । ਅਛਲ ਅਛੱਲਾ ਪਰਵਰਦਿਗਾਰ, ਬੇਐਬ ਆਪ ਅਖਵਾਈਆ । ਖ਼ੁਦੀ ਖ਼ੁਦਾਈ ਦੇਵੇ ਮਾਰ, ਐਨਲਹਕ ਜਣਾਈਆ । ਮੁਕਾਮੇ ਹੱਕ ਸਾਚਾ ਯਾਰ, ਸਾਚੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਰਿਹਾ ਪੜ੍ਹਾਈਆ । ਏਕਾ ਕਲਮਾ ਹਰਿ ਕਾਇਨਾਤ, ਹਰਿ ਆਪਣਾ ਆਪ ਉਪਾਇਆ । ਨਬੀ ਰਸੂਲਾਂ ਵੇਖੇ ਮਾਰ ਝਾਤ, ਚਾਰ ਯਾਰੀ ਵੇਖ ਵਖਾਇਆ । ਸਦੀ ਚੌਧਵੀ ਅੰਧੇਰੀ ਰਾਤ, ਮੱਕਾ ਮਦੀਨਾ ਫੋਲ ਫੁਲਾਇਆ । ਸੰਮਤ ਪੰਦਰਾਂ ਚੜ੍ਹੇ ਬਰਾਤ, ਸੋਹੰ ਲਾੜਾ ਇਕ ਸਜ਼ਾਇਆ । ਨਾ ਕੋਈ ਪੁੱਛੇ ਜਾਤ ਪਾਤ, ਵਰਨ ਬਰਨ ਵਿਚ ਨਾ ਆਇਆ । ਨਾ ਕੋਈ ਪਿਤਾ ਨਾ ਕੋਈ ਮਾਤ, ਭਾਈ ਭੈਣ ਸਾਕ, ਸੱਜਣ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਉਠਾਇਆ । ਗੁਰ ਸ਼ਬਦੀ ਵਡ ਬਲਵਾਨਾ, ਏਕਾ ਏਕ ਅਖਵਾਇੰਦਾ । ਸੋਹੰ ਚਿੱਲਾ ਤੀਰ ਕਮਾਨਾ, ਹਰਿ ਆਪਣਾ ਆਪ ਉਠਾਇੰਦਾ । ਸੰਮਤ ਪੰਦਰਾਂ ਆਏ ਵਿਚ ਮੈਦਾਨਾ, ਘਰ ਸਾਚਾ ਵੇਖ ਵਖਾਇੰਦਾ । ਪਰਗਟ ਹੋਏ ਗੁਣ ਨਿਧਾਨਾ, ਗੁਣਵੰਤਾ ਆਪ ਅਖਵਾਇੰਦਾ । ਪਕੜ ਉਠਾਏ ਜੀਵ ਸ਼ੈਤਾਨਾ, ਪੰਚਮ ਪੰਚ ਹਿਲਾਇੰਦਾ । ਪੰਚਮ ਬੰਨੇ ਹੱਥੀਂ ਗਾਨਾ, ਪੰਚਮ ਮੋਹ ਚੁਕਾਇੰਦਾ । ਪੰਚਮ

ਕਲ ਕਰ ਪਰਧਾਨਾ, ਪੰਚਮ ਕਾਲ ਪਰਨਾਇੰਦਾ। ਪੰਚਮ ਬਖ਼ਸ਼ੇ ਚਰਨ ਧਿਆਨਾ, ਪੰਚਮ ਮਹਾਂਕਾਲ ਨੇੜ ਨਾ ਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਦਇਆ ਕਮਾਇੰਦਾ। ਹਰਿਜਨ ਸਾਚੇ ਏਕਾ ਓਟ, ਏਕਾ ਏਕ ਰਖਾਈਆ। ਤਨ ਨਗਾਰੇ ਲੱਗੇ ਚੋਟ, ਗੁਰ ਸ਼ਬਦੀ ਆਪ ਲਗਾਈਆ। ਮਾਇਆ ਮਮਤਾ ਕੱਢੇ ਖੋਟ, ਹੰਗਤਾ ਗੜ੍ਹ ਤੁੜਾਈਆ। ਮਨਮੁਖ ਜੀਵ ਆਲਣਿਉਂ ਡਿਗੇ ਬੋਟ, ਨਾ ਸਕੇ ਕੋਈ ਉਠਾਈਆ। ਅਠਸਠ ਤੀਰਥ ਸਾਧ ਸੰਤ ਬੈਠੇ ਬੰਨ ਲੰਗੋਟ, ਧੀਰਜ ਧੀਰ ਨਾ ਕੋਈ ਧਰਾਈਆ। ਗੁਰ ਦਰ ਮੰਦਰ ਮਸਜਿਦ ਨਾ ਭਰੀ ਪੋਟ, ਮਾਇਆ ਰਾਣੀ ਹੋਈ ਹਲਕਾਈਆ। ਕਲਜੁਗ ਕਿਰਿਆ ਦੇਵੇ ਵੋਟ, ਕੂੜੀ ਕਿਰਤ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਈਆ। ਗੁਰਮੁਖ ਸਾਚੇ ਉਠ ਉਠ ਜਾਗ, ਕਲਜੁਗ ਰੈਣ ਅੰਧੇਰੀ ਛਾਈਆ। ਸੰਬਲ ਨਗਰ ਲੱਗਾ ਭਾਗ, ਗੁਰ ਗੋਬਿੰਦ ਜੋਤ ਜਗਾਈਆ। ਏਕਾ ਸ਼ਬਦ ਏਕਾ ਨਾਦ, ਏਕਾ ਤਾਲ ਵਜਾਈਆ। ਖੇਲੇ ਖੇਲ ਵਿਚ ਬ੍ਰਹਮਾਦਿ, ਖੇਲੇ ਖੇਲ ਸ੍ਰਿਸ਼ਟ ਸਬਾਈਆ। ਆਦਿਨ ਅੰਤਾ ਆਦਿ ਜੁਗਾਦਿ, ਜੁਗ ਜੁਗ ਰਚਨਾ ਰਿਹਾ ਰਚਾਈਆ। ਗੁਰਮੁਖ ਸਾਚੇ ਸੱਜਣ ਸੁਹੇਲੇ ਆਪੇ ਲਏ ਲਾਧ, ਆਪ ਆਪਣਾ ਮੇਲ ਮਿਲਾਈਆ। ਏਕਾ ਧੁਨ ਜਣਾਈ ਸ਼ਬਦ ਬੋਧ ਅਗਾਧ, ਸੁਨ ਸਮਾਧ ਖੁਲ੍ਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ। ਹਰਿਜਨ ਸਾਚੇ ਸਚ ਟਿਕਾਣਾ, ਏਕਾ ਏਕ ਰਖਾਇਆ। ਗੁਰ ਸਤਿਗੁਰ ਸਾਚੇ ਚਰਨ ਧਿਆਨਾ, ਜਪ ਤਪ ਨਾ ਕੋਈ ਕਮਾਇਆ। ਮਿਲੇ ਮੇਲ ਸ੍ਰੀ ਭਗਵਾਨਾ, ਸਤਿ ਸਰੂਪ ਸਮਾਇਆ। ਜੋਤੀ ਦੀਪਕ ਜਗੇ ਮਹਾਨਾ, ਨੂਰੋ ਨੂਰ ਦਰਸਾਇਆ। ਆਤਮ ਅੰਤਰ ਉਪਜਾਏ ਸਚ ਤਰਾਨਾ, ਅਨਹਦ ਤਾਲ ਵਜਾਇਆ। ਪੰਚਮ ਬਹਿ ਬਹਿ ਗਾਇਣ ਗਾਣਾ, ਅਟੱਲ ਮਹੱਲ ਸੁਹਾਇਆ। ਆਪੇ ਬਖ਼ਸ਼ੇ ਪਦ ਨਿਰਬਾਨਾ, ਪਰਮਾਨੰਦ ਸਮਾਇਆ। ਜੋਤੀ ਸ਼ਬਦੀ ਮੇਲ ਮਿਲਾਣਾ, ਸੁਰਤੀ ਸੁਰਤ ਵਟਾਇਆ। ਏਕਾ ਸੇਜਾ ਧਾਮ ਸੁਹਾਨਾ, ਏਕਾ ਅੰਗਨ ਲਾਇਆ। ਏਕਾ ਦੂਜਾ ਭੌ ਚੁਕਾਣਾ, ਏਕਾ ਇਕ ਰਖਾਇਆ। ਚੌਥੇ ਘਰ ਕਰ ਪਰਵਾਨਾ, ਪੰਚਮ ਦਰ ਸੁਹਾਇਆ। ਛੇਵੇਂ ਛੱਪਰ ਛੰਨ ਨਾ ਕੋਈ ਰਖਾਣਾ, ਦੇਹੁਰਾ ਮੰਦਰ ਮਸੀਤ ਨਾ ਕੋਈ ਰਖਾਇਆ। ਸੱਤਵੇਂ ਸਤਿ ਪੁਰਖ ਨਿਰੰਜਣ ਹਰਿ ਭਗਵਾਨਾ, ਹਰਿ ਹਰਿ ਰੂਪ ਅਖਵਾਇਆ। ਅੱਠਾਂ ਤੱਤਾਂ ਕਰ ਪਰਵਾਨਾ, ਆਪਣੇ ਲੇਖੇ ਲਾਇਆ। ਨੌਂ ਦਰ ਵੇਖੇ ਜੀਵ ਸ਼ੈਤਾਨਾ, ਜੀਵ ਜੰਤ ਹਲਕਾਇਆ। ਦਸਵੇਂ ਮੇਲ ਗੁਰਮੁਖ ਚਤੁਰ ਸੁਜਾਨਾ, ਜਿਸ ਜਨ ਆਸ ਰਖਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਵਰ, ਆਤਮ ਪਿਆਸ ਮਿਟਾਇਆ। ਆਤਮ ਪਿਆਸ ਦਿਵਸ ਰਾਤ, ਅੱਠੇ ਪਹਿਰ ਕੁਰਲਾਈਆ। ਜਿਸ ਜਨ ਬਖ਼ਸ਼ੇ ਬੂੰਦ ਸਵਾਂਤ, ਅੰਮ੍ਰਿਤ ਮੁਖ ਚੁਆਈਆ। ਚਰਨ ਕਵਲ ਬੰਧਾਏ ਸਾਚਾ ਨਾਤ, ਨਾ ਕੋਈ ਤੋੜ ਤੁੜਾਈਆ। ਨਾਤਾ ਤੋੜੇ ਜ਼ਾਤ ਪਾਤ, ਵਰਨ ਬਰਨ ਨਾ ਕੋਇ ਦਿਸਾਈਆ। ਗੁਰਮੁਖ ਤੇਰੀ ਉਤਮ ਜ਼ਾਤ, ਗੁਰ ਸ਼ਬਦ ਕਰੇ ਕੁੜਮਾਈਆ। ਸਤਿਗੁਰ ਪੂਰਾ ਦੇਵੇ ਸਾਚੀ ਦਾਤ, ਸੋਹੰ ਝੋਲੀ ਪਾਈਆ। ਅੱਠੇ ਪਹਿਰ ਰਹੇ ਪਰਭਾਤ, ਜਗਤ ਅੰਧੇਰ ਦਿਸ ਨਾ ਆਈਆ। ਵੇਲੇ ਅੰਤਮ ਪੁੱਛੇ ਵਾਤ, ਪਰਗਟ ਹੋ ਦਰਸ ਦਿਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਸਾਚੇ ਮੇਲੇ ਗੁਰੂ ਗੁਰ ਚੇਲੇ ਰੂਪ ਸਮਾਈਆ। ਹਰਿ ਪੁਰਖ ਨਿਰੰਜਣ ਆਦਿ, ਆਪਣੇ ਹੱਥ ਰੱਖੀ ਵਡਿਆਈਆ। ਖੇਲੇ ਖੇਲ ਆਦਿ ਜੁਗਾਦਿ,

ਜਾਗਰਤ ਜੋਤ ਜਗਾਈਆ । ਬ੍ਰਹਿਮੰਡ ਖੰਡ ਵਜਾਏ ਆਪਣਾ ਨਾਦ, ਆਪਣੀ ਧੁਨ ਉਪਜਾਈਆ । ਸੰਤ ਸੁਹੇਲੇ ਆਪੇ ਲਾਧ, ਆਪ ਆਪਣੀ ਬੂਝ ਬੁਝਾਈਆ । ਹਰਿਜਨ ਹਰਿ ਹਰਿ ਰਹੇ ਅਰਾਧ, ਸੇਵਕ ਸੇਵਾ ਰਹੇ ਕਮਾਈਆ । ਮਿਲੇ ਮੇਲ ਹਰਿ ਮਾਧਵ ਮਾਧ, ਮੇਲਣਹਾਰ ਸਹਿਜ ਸਭਾਈਆ । ਪੰਚ ਵਿਕਾਰਾ ਦੇਵੇ ਬਾਂਧ, ਹਰਿ ਸ਼ਬਦੀ ਡੋਰ ਬੰਧਾਈਆ । ਸਦਾ ਸਦ ਸੁਣੇ ਫ਼ਰਯਾਦ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪੇ ਦਏ ਮਿਟਾਈਆ । ਚਾਰ ਯੁਗ ਮਾਤ ਧਰ, ਆਪਣੀ ਦਇਆ ਕਮਾਇੰਦਾ । ਆਪ ਆਪਣਾ ਵੇਸ ਕਰ, ਆਪੇ ਵੇਖ ਵਖਾਇੰਦਾ । ਆਪੇ ਹੋਏ ਦਰ ਦਰਵੇਸ਼ ਦਰ, ਆਪੇ ਅਲੱਖ ਜਗਾਇੰਦਾ । ਆਪੇ ਨਰ ਨਰੇਸ਼ ਘਰ, ਆਪੇ ਧਾਮ ਸੁਹਾਇੰਦਾ । ਆਪੇ ਬ੍ਰਹਮਾ ਵਿਸ਼ਨ ਮਹੇਸ਼ ਕਰ, ਵਿਸ਼ਨੂੰ ਵੰਸੀ ਆਪ ਅਖਵਾਇੰਦਾ । ਆਪੇ ਲੇਖਾ ਲੇਖ ਕਰ, ਤ੍ਰੈਗੁਣ ਮਾਇਆ ਸੰਗ ਨਿਭਾਇੰਦਾ । ਆਪੇ ਪੰਜ ਤਤ ਉਪਦੇਸ਼ ਕਰ, ਆਪੇ ਮੋਹ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਚਾਰ ਯੁਗ ਪ੍ਰਭ ਸੇਵਾ ਲਾ, ਏਕਾ ਬਾਜ਼ੀ ਲਾਈਆ । ਸਤਿਜੁਗ ਤੇਰੀ ਵੰਡ ਵੰਡਾ, ਸਤਾਰਾਂ ਲੱਖ ਹਜ਼ਾਰ ਅਠਾਈ ਆਯੂ ਆਪ ਲਿਖਾਈਆ । ਤ੍ਰੇਤਾ ਤੇਰਾ ਵੇਖ ਵਖਾ, ਹਜ਼ਾਰ ਛਿਆਨਵੇ ਲੱਖ ਬਾਰਾਂ, ਬਾਰਮ ਬਾਰ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪ ਮਿਲਾਏ, ਆਪ ਮਨਾਏ ਆਪਣੇ ਹੱਥ ਰੱਖੇ ਵਡਿਆਈਆ । ਦੁਆਪਰ ਤੇਰੀ ਬੰਨੀ ਧਾਰ, ਖੇਲੇ ਖੇਲ ਮਹਾਨਾ । ਅੱਠ ਲੱਖ ਚੌਠ ਹਜ਼ਾਰ, ਮਿਲਿਆ ਧੁਰ ਫ਼ਰਮਾਨਾ । ਜੀਵਾਂ ਜੰਤਾਂ ਕਰਮ ਵਿਚਾਰ, ਪਰਗਟ ਹੋਏ ਹਰਿ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਜੀਵ ਜਹਾਨਾ । ਆਪੇ ਖੇਲ ਖਿਲਾਵਣਹਾਰਾ, ਪਾਰਬ੍ਰਹਮ ਅਬਿਨਾਸ਼ੀ । ਆਪੇ ਮਾਰੇ ਮਾਰ ਜਵਾਲਣਹਾਰਾ, ਆਪੇ ਮੰਡਲ ਪਾਵੇ ਰਾਸੀ । ਆਪੇ ਚੰਦ ਸੂਰਜ ਹੋਏ ਤਾਰਾ, ਖੇਲੇ ਖੇਲ ਪ੍ਰਿਥਮੀ ਅਕਾਸੀ । ਆਪੇ ਸ਼ਬਦ ਧੁਨ ਹੋਏ ਜੈਕਾਰਾ, ਆਪੇ ਨਿਰਮਲ ਜੋਤ ਕਰੇ ਪਰਕਾਸ਼ੀ । ਆਪੇ ਹੋਏ ਧੁੰਧੂਕਾਰਾ, ਆਪ ਆਪਣਾ ਵੇਖ ਵਖਾਸੀ । ਕਲਜੁਗ ਲਿਖਾਇਆ ਲੇਖ ਅਪਾਰਾ, ਚਾਰ ਲੱਖ ਬੱਤੀ ਹਜ਼ਾਰਾ, ਗੁਰਮੁਖ ਜੋਬਨ ਵਿਰਲਾ ਹੰਢਾਸੀ । ਮਨਮੁਖ ਜੀਵ ਮੂਰਖ ਮੁਗਧ ਗਵਾਰਾ, ਹਰਿ ਕਾ ਨਾਉਂ ਭੁਲਾਸੀ । ਧਰਤ ਮਾਤ ਕਰੇ ਪੁਕਾਰਾ, ਪ੍ਰਭ ਠਾਕਰ ਅੱਗੇ ਅਬਿਨਾਸ਼ੀ । ਚੁੱਕਿਆ ਨਾ ਜਾਏ ਮਾਤ ਭਾਰਾ, ਮੰਗੇ ਮੰਗ ਦਾਸ ਦਾਸੀ । ਸਾਧ ਸੰਤ ਹੋਏ ਹੈਸਿਆਰਾ, ਭਰਮੇ ਭੁੱਲੇ ਪੰਡਤ ਕਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਬੰਦ ਖੁਲਾਸੀ । ਧਰਤ ਮਾਤ ਕਰ ਪੁਕਾਰ, ਘਰ ਸਾਚੇ ਰਹੀ ਕੁਰਲਾਈਆ । ਕਲਜੁਗ ਅੰਤਮ ਇਕ ਹੁਲਾਰ, ਚਾਰੋਂ ਕੁੰਟ ਰਿਹਾ ਦਵਾਈਆ । ਨਾਲ ਰਲਾਇਆ ਸੰਗ ਮੁਹੰਮਦ ਚਾਰ ਯਾਰ, ਸਾਚਾ ਸੰਗ ਨਿਭਾਈਆ । ਮੰਗੇ ਮੰਗ ਧੁਰ ਦਰਬਾਰ, ਚੌਦਾਂ ਸਦੀ ਵੇਖ ਵਖਾਈਆ । ਅੱਲਾ ਰਾਣੀ ਜੈ ਜੈਕਾਰ, ਹੂ ਹੂ ਨਾਅਰਾ ਲਾਈਆ । ਚਾਰੋਂ ਕੁੰਟ ਦਰ ਪਸਾਰ, ਕੂੜ ਕਿਰਿਆ ਰਹੀ ਕਮਾਈਆ । ਖੇਲੇ ਖੇਲ ਪਰਵਰਦਿਗਾਰ, ਖੇਲਣਹਾਰ ਸ੍ਰਿਸ਼ਟ ਸਬਾਈਆ । ਪੁਰਖ ਅਬਿਨਾਸ਼ੀ ਕਰ ਵਿਚਾਰ, ਆਪ ਆਪਣੀ ਦਇਆ ਕਮਾਈਆ । ਸ਼ਬਦ ਸੁਤ ਕਰ ਤਿਆਰ, ਲੋਕਮਾਤ ਲਏ ਜਗਾਈਆ । ਪੰਜ ਤਤ ਕਰ ਪਿਆਰ, ਨਾਨਕ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਈਆ । ਨਾਨਕ ਹਰਿ ਜੋਤ ਜਗਾ, ਨਿਰਗੁਣ ਰੂਪ ਵਖਾਇਆ । ਆਪ ਆਪਣੇ ਦਰ ਬੁਲਾ, ਆਪ ਆਪਣਾ ਅੰਗ

ਵਖਾਇਆ । ਆਪ ਆਪਣਾ ਪੜਦਾ ਲਾਹ, ਆਪ ਆਪਣਾ ਨੂਰ ਦਰਸਾਇਆ । ਆਪ ਆਪਣੀ ਦਇਆ ਕਮਾ, ਆਪ ਆਪਣੇ ਚਰਨ ਛੁਹਾਇਆ । ਨਾਨਕ ਨਿਰਗੁਣ ਦਰਸ਼ਨ ਪਾ, ਦੋਏ ਜੋੜ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਬੇਪਰਵਾਹ, ਜੋਤ ਜੋਤ ਡਗਮਗਾਇਆ । ਅਟੱਲ ਮਹੱਲ ਵੇਖੇ ਅਗੰਮ ਅਥਾਹ, ਉਚੋ ਊਚ ਵਖਾਇਆ । ਅਲੱਖ ਨਿਰੰਜਣ ਏਕਾ ਅਲੱਖ ਰਿਹਾ ਜਗਾ, ਏਕਾ ਭਿਛਿਆ ਝੋਲੀ ਪਾਇਆ । ਹੋਏ ਪਰਤੱਖ ਪ੍ਰਭ ਦਰਸ ਦਿਖਾ, ਸਤਿ ਸਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਨਾਮ ਵਰ, ਏਕਾ ਏਕ ਝੋਲੀ ਪਾਇਆ । ਏਕਾ ਨਾਮ ਏਕਾ ਦਾਤਾ, ਏਕਾ ਏਕ ਭੰਡਾਰੀ । ਏਕਾ ਪਿਤਾ ਏਕਾ ਮਾਤਾ, ਏਕਾ ਵਡ ਸੰਸਾਰੀ । ਏਕਾ ਸੁਤ ਏਕਾ ਸਈਆ, ਏਕਾ ਰਾਜ ਦਵਾਰੀ । ਏਕਾ ਕਰੇ ਸਦਾ ਹਿਤਾ, ਏਕਾ ਜੋਤ ਜਗੇ ਨਿਰੰਕਾਰੀ । ਏਕਾ ਦਿਸੇ ਸੂਹਾ ਚਿੱਟਾ, ਏਕਾ ਰੂਪ ਅਧਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਨਾਨਕ ਦਏ ਪਿਆਰੀ । ਨਾਨਕ ਗੁਰ ਸੁਣ ਅਰਦਾਸ, ਨੇਤਰ ਨੈਣ ਨਿਵਾਇਆ । ਪੁਰਖ ਅਬਿਨਾਸ਼ੀ ਵਸਿਆ ਪਾਸ, ਦਰਸੀ ਦਰਸ਼ਨ ਪਾਇਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਗਗਨ ਪਾਤਾਲਾਂ ਵੇਖ ਵਖਾਇਆ । ਲੋਆਂ ਪੁਰੀਆਂ ਸਾਚੀ ਰਾਸ, ਮੰਡਲ ਮੰਡਪ ਡੇਰਾ ਲਾਇਆ । ਆਦਿ ਅੰਤ ਨਾ ਜਾਏ ਵਿਨਾਸ, ਸਚ ਸਿੰਘਾਸਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਨੂਰ ਹਰਿ ਚਮਤਕਾਰਾ, ਏਕਾ ਏਕ ਵਖਾਇੰਦਾ । ਮੰਗੇ ਮੰਗ ਨਾਨਕ ਦਵਾਰਾ, ਅੱਗੇ ਝੋਲੀ ਡਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਇਕ ਸ਼ਬਦ ਇਕ ਜੈਕਾਰਾ, ਤੇਰਾ ਮੇਰਾ ਰੂਪ ਸਮਾਇੰਦਾ । ਨਿਰਗੁਣ ਲੇਖਾ ਅਪਰ ਅਪਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਸਰਗੁਣ ਸਾਚਾ ਕਰ ਪਸਾਰਾ, ਸਤਿਗੁਰ ਰੂਪ ਵਟਾਇੰਦਾ । ਦੋਹਾਂ ਵਿਚੋਲਾ ਹਰਿ ਨਿਰੰਕਾਰਾ, ਸ਼ਬਦੀ ਬਣਤ ਬਣਾਇੰਦਾ । ਨਾਨਕ ਤੇਰਾ ਰਸਨ ਜੈਕਾਰਾ, ਸੋਹੰ ਸ਼ਬਦ ਸੁਣਾਇੰਦਾ । ਸ੍ਰਿਸ਼ਟ ਸਬਾਈ ਦਏ ਭੰਡਾਰਾ, ਨਾਮ ਸਤਿ ਝੋਲੀ ਪਾਇੰਦਾ । ਪੰਜ ਤਤ ਕਰ ਵਰਤਾਰਾ, ਕਿਰਿਆ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਾਮ ਜਣਾਇੰਦਾ । ਨਾਨਕ ਨਾਮਾ ਹਰਿ ਹਰਿ ਪਾ, ਆਤਮ ਰੰਗ ਚੜ੍ਹਾਇਆ । ਏਕਾ ਦੂਜਾ ਸੰਗ ਤੁੜਾ, ਤੀਜਾ ਵੇਖ ਵਖਾਇਆ । ਚੌਥੇ ਘਰ ਗਿਆ ਸਮਾ, ਪੰਚਮ ਮੇਲ ਮਿਲਾਇਆ । ਛੇਵਾਂ ਮਿਲਿਆ ਸਾਚਾ ਸ਼ਾਹ, ਅਤੁਟ ਭੰਡਾਰ ਰਖਾਇਆ । ਸੱਤਵੇਂ ਬੈਠ ਬੇਪਰਵਾਹ, ਸਤਿ ਪੁਰਖ ਅਖਵਾਇਆ । ਗੁਰ ਸ਼ਬਦ ਬਣਾਏ ਜਗਤ ਮਲਾਹ, ਨਾਨਕ ਨਾਮ ਧਰਾਇਆ । ਆਪ ਆਪਣੀ ਦਇਆ ਕਮਾ, ਆਪੇ ਮਾਰਗ ਲਾਇਆ । ਆਪੇ ਮੰਤਰ ਲਿਆ ਸਿਖਾ, ਆਪੇ ਰਿਹਾ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਲੇਖਾ ਲੇਖ ਲਿਖਾਇਆ । ਨਾਨਕ ਲਿਖਿਆ ਲੇਖਾ ਅਪਾਰਾ, ਕਲਜੁਗ ਅੰਤਮ ਵਾਰੀ । ਖੇਲੇ ਖੇਲ ਵਿਚ ਸੰਸਾਰਾ, ਚਾਰੋਂ ਕੁੰਟ ਦਹਿ ਦਿਸ਼ਾ ਲਾਏ ਉਡਾਰੀ । ਲੱਖ ਚੁਰਾਸੀ ਪੇਖਣਹਾਰਾ, ਆਤਮ ਅਗੰਮੜੀ ਜਾਣੇ ਧਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਅਧਾਰੀ । ਨੱਨਾ ਨਿਰਗੁਣ ਰੂਪ ਨਰ ਨਿਰੰਕਾਰਿਆ । ਨੱਨਾ ਨਾਨਕ ਪਾਈ ਸਾਰ, ਵਿਚ ਸੰਸਾਰਿਆ । ਕੱਕਾ ਕਰਮਾਂ ਰਿਹਾ ਵਿਚਾਰ, ਕਲਜੁਗ ਜੀਵਾਂ ਪਾਸਾ ਹਾਰਿਆ । ਤੋਲਣਹਾਰਾ ਤੋਲੇ ਅਪਰ ਅਪਾਰ, ਮੋਦੀਖਾਨਾ ਆਪ ਚਲਾ ਰਿਹਾ । ਸੋਹੰ ਬੋਲੇ ਜੈ ਜੈਕਾਰ, ਰਸਨਾ ਜਿਹਵਾ ਨਾ ਕੋਈ ਹਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ

ਏਕਾ ਵਰ, ਸ੍ਰਿਸ਼ਟ ਸਬਾਈ ਵੇਖ ਵਖਾ ਰਿਹਾ । ਨਾਨਕ ਤੋਲਾ ਤੋਲਣਹਾਰਾ, ਤੋਲੇ ਸ੍ਰਿਸ਼ਟ ਸਬਾਈਆ । ਏਕਾ ਅੰਕ ਬੋਲਣਹਾਰਾ, ਬੋਲੇ ਜਗਤ ਲੋਕਾਈਆ । ਇਕ ਭੰਡਾਰਾ ਖੋਲਣਹਾਰਾ, ਖੋਲ੍ਹੇ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਸੇਵ ਲਗਾਈਆ । ਨਾਨਕ ਤੋਲਾ ਬਣ ਵਣਜਾਰਾ, ਸਾਚਾ ਹੱਟ ਚਲਾਇਆ । ਪਾਰਬ੍ਰਹਮ ਪ੍ਰਭ ਦਏ ਹੁਲਾਰਾ, ਸ਼ਬਦੀ ਸ਼ਬਦ ਸੁਣਾਇਆ । ਲੱਖ ਚੁਰਾਸੀ ਕਰਮ ਕੁਕਰਮ ਤੇਰਾ ਅੰਤ ਵਿਚਾਰਾ, ਧਰਤ ਮਾਤ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਨਿਭਾਇਆ । ਕਲਜੁਗ ਜੀਵ ਕਰਮ ਕਮੌਣਾ ਜੀਵ ਕਮਜ਼ਾਤਾ, ਦੋਹਾਗਣ ਨਾਰ ਇਕ ਅਖਵਾਈਆ । ਮਿਲੇ ਨਾਮ ਨਾ ਸਾਚੀ ਦਾਤਾ, ਮਨ ਵੈਰਾਗੀ ਨਾ ਕੋਈ ਕਰਾਈਆ । ਜੂਠਾ ਝੂਠਾ ਬੱਧਾ ਨਾਤਾ, ਵਿਸ਼ੇ ਵਿਕਾਰਾ ਜਾਗ ਖੁਲ੍ਹਾਈਆ । ਭਰਮ ਭੁਲਾਇਆ ਜ਼ਾਤ ਪਾਤਾ, ਵਰਨਾਂ ਬਰਨਾਂ ਪਈ ਲੜਾਈਆ । ਮਿਲੇ ਮੇਲ ਨਾ ਇਕ ਇਕਾਂਤਾ, ਜੋਗ ਆਭਿਆਸ ਸੁਨ ਸਮਾਧ ਕੋਟਨ ਕੋਟ ਬੈਠੇ ਧੂਣੀਆਂ ਤਾਈਆ । ਜਪ ਤਪ ਹਠ ਸਤਿ ਰਸਨਾ ਅਰਾਧਾ, ਰਾਧਾ ਕ੍ਰਿਸ਼ਨ ਨਾ ਰੂਪ ਸਮਾਈਆ । ਸਤਿਗੁਰ ਪੂਰਾ ਕਿਸੇ ਨਾ ਲਾਧਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਕਲਜੁਗ ਤੇਰੀ ਸੁਣੇ ਅੰਤ ਫ਼ਰਿਆਦਾ, ਸੰਗ ਮੁਹੰਮਦ ਵੇਖ ਵਖਾਈਆ । ਗੁਰ ਗੋਬਿੰਦੇ ਦੇਵੇ ਦਾਦਾ, ਮੰਗੀ ਮੰਗ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਫਲ ਫੁਲਵਾੜੀ ਗੁਰ ਗੋਬਿੰਦ ਲਾ, ਅੰਤਮ ਹੋਏ ਹੈਰਾਨਿਆ । ਜੰਗਲ ਉਜਾੜੀ ਡੇਰਾ ਲਾ, ਬਿਰਹੋਂ ਸੁਣਾਏ ਇਕ ਤਰਾਨਿਆ । ਸਾਚੇ ਮਾਹੀ ਆਪ ਸੁਣਾ, ਆਪ ਆਪਣਾ ਭੇਵ ਖੁਲ੍ਹਾਨਿਆ । ਮਾਛੂਵਾੜੇ ਬੈਠਾ ਸੱਥਰ ਵਿਛਾ, ਸੂਲ ਸੁਰਾਹੀ ਖੰਜਰ ਪਿਆਲਿਆ । ਤੇਰੀ ਮੰਨੀ ਇਕ ਰਜ਼ਾ, ਪਾਰਬ੍ਰਹਮ ਪੁਰਖ ਅਕਾਲਿਆ । ਹੱਥੀਂ ਬੂਟਾ ਦਿਤਾ ਲਾ, ਕਰੇ ਕੌਣ ਸੰਭਾਲਿਆ । ਕਲਜੁਗ ਜੜ ਰਿਹਾ ਉਖੜਾ, ਚਲੇ ਅੰਧੇਰੀ ਕਾਲਿਆ । ਫੜ ਫੜ ਸਰਸੇ ਲਏ ਰੁੜਾ, ਚਮਕੌਰ ਵੇਖ ਵਖਾ ਲਿਆ । ਨੀਹਾਂ ਹੇਠ ਲਏ ਚਣਾ, ਤੇਰਾ ਭਾਣਾ ਮੀਠਾ ਗਾ ਲਿਆ । ਤੇਗ ਬਹਾਦਰ ਸੇਵ ਕਮਾ, ਧਰਤ ਮਾਤ ਹੋਏ ਰਖਵਾਲਿਆ । ਬੰਸ ਸਰਬੰਸਾ ਤੇਰੀ ਚਰਨੀ ਭੇਟ ਚੜ੍ਹਾ, ਕਲਜੁਗ ਕਟੇ ਜਗਤ ਜੰਜਾਲਿਆ । ਹੌਲਾ ਭਾਰ ਰਿਹਾ ਕਰਾ, ਲੱਖ ਚਾਰ ਬੱਤੀ ਹਜ਼ਾਰ ਆਪ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਇਹ ਸਮਝਾ ਲਿਆ । ਗੁਰ ਗੋਬਿੰਦ ਹਰਿ ਜਣਾ, ਆਪਣੀ ਦਇਆ ਕਮਾਈਆ । ਤੇਰਾ ਲਹਿਣਾ ਤੇਰੀ ਝੋਲੀ ਦੇਵੇ ਪਾ, ਤੇਰਾ ਸੰਗ ਨਿਭਾਈਆ । ਮੁਹੰਮਦ ਅੰਤਮ ਰੋਵੇ ਮਾਰੇ ਧਾ, ਸਦੀ ਚੌਧਵੀ ਦਏ ਦੁਹਾਈਆ । ਤੇਰੀ ਜੋਤੀ ਦਏ ਜਗਾ, ਜੋਤੀ ਜੋਤ ਜਗਾਈਆ । ਸ਼ਬਦੀ ਡੰਕਾ ਦਏ ਵਜਾ, ਰਣਜੀਤ ਨਗਾਰਾ ਇਕ ਵਖਾਈਆ । ਰਾਓ ਰੰਕਾਂ ਦਏ ਉਠਾ, ਸੋਇਆ ਕੋਈ ਰਹਿਣ ਨਾ ਪਾਈਆ । ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਦਏ ਬਹਾ, ਆਪ ਆਪਣੀ ਖੇਲ ਵਰਤਾਈਆ । ਕਲਜੁਗ ਜੜ੍ਹ ਦਏ ਉਖੜਾ, ਤੇਰੇ ਬਾਲੇ ਭੇਟ ਚੜ੍ਹਾਈਆ । ਸਤਿਜੁਗ ਲੜ ਦਏ ਫੜਾ, ਸਤਿ ਧਰਮ ਵੱਡੀ ਵਡਿਆਈਆ । ਸਾਚੇ ਪੌੜੇ ਦਏ ਚੜ੍ਹਾ, ਉਚਾ ਡੰਡਾ ਹੱਥ ਰਖਾਈਆ । ਸੋ ਪੁਰਖ ਨਿਰੰਜਣ ਦਇਆ ਕਮਾ, ਜਗ ਹਿੰਸਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਬੂਝ ਬੁਝਾਈਆ । ਗੁਰ ਗੋਬਿੰਦਾ ਕਰ ਪਰਵਾਨ, ਦੋਏ ਜੋੜ ਕਰੇ ਨਿਮਸਕਾਰਾ । ਪੁਰਖ ਅਬਿਨਾਸ਼ੀ ਤੇਰਾ ਚਰਨ ਧਿਆਨ, ਅੱਠੇ ਪਹਿਰ ਰਹੇ ਦਿਦਾਰਾ । ਏਕਾ ਮੰਗੇ ਸਾਚਾ ਦਾਨ, ਨਾਮ ਜਗਤ ਭੰਡਾਰਾ । ਨਾ ਕੋਈ ਚਿੱਲਾ ਨਾ

ਕੋਈ ਤੀਰ ਕਮਾਨ, ਨਾ ਦੇਖਾਂ ਸ਼ਸਤਰ ਧਾਰਾ । ਤੇਰਾ ਖੰਡਾ ਇਕ ਮਹਾਨ, ਹਰਿ ਬਖ਼ਸ਼ ਸੱਚੇ ਦਵਾਰਾ । ਤਨ ਗਾਤਰਾ ਬਣੇ ਮਿਆਨ, ਵਿਚ ਲਟਕੇ ਅਪਰ ਅਪਾਰਾ । ਦੋ ਜਹਾਨੀ ਦੇਵੇ ਮਾਣ, ਵਿਛੜ ਨਾ ਜਾਏ ਵਿਚ ਸੰਸਾਰਾ । ਨਾ ਕੋਈ ਜਾਣੇ ਜੀਵ ਜਹਾਨ, ਨੇਤਰ ਸਕੇ ਨਾ ਵੇਖ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਧੁਰ ਦਰਬਾਰਾ । ਧੁਰ ਦਰਬਾਰੀ ਸਾਚਾ ਸੱਜਣ, ਆਦਿ ਜੋਤ ਅਕਾਲੀ । ਗੁਰ ਗੋਬਿੰਦੇ ਕਰਾਇਆ ਏਕਾ ਮਜਨ, ਖੇਲੇ ਖੇਲ ਜਗਤ ਨਿਰਾਲੀ । ਕਲਜੁਗ ਕਾਲ ਨਗਾਰੇ ਅੰਤਮ ਵੱਜਣ, ਗੁਰ ਪੀਰ ਦੇਵੇ ਨਾ ਕੋਈ ਦਲਾਲੀ । ਸਚ ਧਰਮ ਸਰਬ ਜਨ ਤਜਣ, ਜੂਠ ਝੂਠ ਨਿਮਕ ਹਲਾਲੀ । ਪੁਰਖ ਅਬਿਨਾਸ਼ੀ ਆਏ ਪੜਦੇ ਕੱਜਣ, ਗੁਰਮੁਖਾਂ ਫਲ ਲਗਾਏ ਕਾਇਆ ਡਾਲ੍ਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦੇਵੇ ਵਰ, ਤੇਰਾ ਬਣੇ ਅੰਤਮ ਮਾਲੀ । ਗੁਰ ਗੋਬਿੰਦੇ ਵਰ ਘਰ ਪਾਇਆ, ਘਰ ਸਾਚੇ ਵੱਜੀ ਵਧਾਈਆ । ਅੰਤਮ ਵੇਲੇ ਜੋਤ ਜਗਾਇਆ, ਹਰਿ ਜੋਤ ਕਰੇ ਰੁਸ਼ਨਾਈਆ । ਸੰਬਲ ਨਗਰੀ ਧਾਮ ਸੁਹਾਇਆ, ਸਾਢੇ ਤਿੰਨ ਹੱਥ ਬਣਤ ਬਣਾਈਆ । ਉਚ ਮਹੱਲ ਅਟੱਲ ਸੁਹਾਇਆ, ਇੱਟ ਗਾਰਾ ਨਾ ਕੋਈ ਲਗਾਈਆ । ਬਸਤਰ ਸ਼ਸਤਰ ਇਕ ਪਹਿਨਾਇਆ, ਵੇਖਣਹਾਰ ਆਪ ਅਖਵਾਈਆ । ਨਾਮ ਜੈਕਾਰਾ ਏਕਾ ਲਾਇਆ, ਏਕਾ ਰਿਹਾ ਸੁਣਾਈਆ । ਸਤਿਜੁਗ ਸਾਚੀ ਧਾਰ ਬੰਧਾਇਆ, ਚਾਰ ਵਰਨ ਕਰੇ ਕੁੜਮਾਈਆ । ਜੋਤੀ ਸ਼ਬਦੀ ਜੋੜ ਜੁੜਾਇਆ, ਸੁਰਤ ਸਵਾਣੀ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦੇਵੇ ਵਰ, ਘਰ ਸੁਹੰਜਣਾ ਇਕ ਸੁਹਾਈਆ । ਸਾਚਾ ਘਰ ਹਰਿ ਸੁਹੰਜਣਾ, ਹਰਿ ਹਰਿ ਬਣਤ ਬਣਾਈਆ । ਜਗੇ ਜੋਤ ਪੁਰਖ ਨਿਰੰਜਣਾ, ਦਿਵਸ ਰੈਣ ਕਰੇ ਰੁਸ਼ਨਾਈਆ । ਕਲਜੁਗ ਕੂੜ ਕੁੜਿਆਰਾ ਅੰਤਮ ਭੱਜਣਾ, ਨਿਹਕਲੰਕ ਡੰਕ ਵਜਾਈਆ । ਸੰਮਤ ਚੌਦਾਂ ਗੁਰਮੁਖਾਂ ਮੇਲਾ ਸਾਚੇ ਸੱਜਣਾ, ਏਕਾ ਇਕੀ ਰਿਹਾ ਪਾਈਆ । ਸੰਮਤ ਪੰਦਰਾਂ ਜਗਤ ਨਗਾਰਾ ਏਕਾ ਵੱਜਣਾ, ਸ੍ਰਿਸ਼ਟ ਸਬਾਈ ਰਿਹਾ ਉਠਾਈਆ । ਸੰਮਤ ਸੋਲਾਂ ਰਾਹ ਭੁੱਲੇ ਹਾਜੀ ਹੱਜਨਾ, ਮੱਕਾ ਕਾਅਬਾ ਦਏ ਦੁਹਾਈਆ । ਸੰਮਤ ਸਤਾਰਾਂ ਸਰ ਅੰਮ੍ਰਿਤ ਛੱਡ ਛੱਡ ਭੱਜਣਾ, ਨਾ ਦੀਸੇ ਕੋਈ ਸਹਾਈਆ । ਸੰਮਤ ਅਠਾਰਾਂ ਕਾਲ ਨਗਾਰਾ ਘਰ ਘਰ ਵੱਜਣਾ, ਪ੍ਰਭ ਸਾਚਾ ਦਏ ਰੁੜ੍ਹਾਈਆ । ਉਨੀ ਉਨੀਸਾ ਅੱਲਾ ਰਾਣੀ ਤੇਰੀ ਕੋਈ ਨਾ ਰੱਖੇ ਲੱਜਨਾ, ਮੁਖ ਘੁੰਗਟ ਰੋ ਰੋ ਨੀਰ ਵਹਾਈਆ । ਸੰਮਤ ਬੀਸਾ ਏਕਾ ਗੱਜਣਾ, ਜਗਤ ਜਗਦੀਸਾ ਆਪ ਅਖਵਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਤਖ਼ਤ ਤਾਜ ਸਭ ਤਜਨਾ, ਨੌ ਖੰਡ ਨਾ ਕੋਈ ਦਿਸਾਈਆ । ਸੋਹੰ ਸ਼ਬਦ ਚਲਾਏ ਸਚ ਜਹਾਜਨਾ, ਸ੍ਰਿਸ਼ਟ ਸਬਾਈ ਲਏ ਚੜ੍ਹਾਈਆ । ਪੁਰਖ ਅਗੰਮਾ ਅਗੰਮੜੀ ਮਾਰੇ ਵਾਜਨਾ, ਅਗੰਮੜੇ ਧਾਮ ਸੁਹਾਈਆ । ਪਰਗਟ ਹੋਏ ਵਡ ਸ਼ਾਹੋ ਰਾਜਨ ਰਾਜਨਾ, ਸ਼ਾਹੋ ਭੂਪ ਆਪ ਅਖਵਾਈਆ । ਸਤਿਜੁਗ ਸਾਚਾ ਰਚਿਆ ਕਾਜਨਾ, ਸਾਚਾ ਚੰਦ ਚੜ੍ਹਾਈਆ । ਲੇਖਾ ਚੁਕੇ ਮੱਕਾ ਕਾਅਬਾ ਹਾਜੀ ਹਾਜਨਾ, ਉਮਤ ਰਸੂਲਾਂ ਪੰਧ ਮੁਕਾਈਆ । ਨਾ ਕੋਈ ਪੜ੍ਹੇ ਵੇਦ ਕਤੇਬਨਾ, ਪੁਰਾਨ ਅਠਾਰਾਂ ਨਾ ਕੋਈ ਗਾਈਆ । ਅੰਜੀਲ ਕੁਰਾਨ ਨਾ ਕੋਈ ਹਿਸਾਬਨਾ, ਤੀਸ ਬਤੀਸ ਦਏ ਦੁਹਾਈਆ । ਆਪੇ ਜਾਣੇ ਸ਼ਾਹ ਨਵਾਬਨਾ, ਪੁਨ ਸਵਾਬ ਨਾ ਕੋਈ ਰਖਾਈਆ । ਜੋਤੀ ਨੂਰ ਨਾ ਝੱਲੇ ਕੋਈ ਤਾਬਨਾ, ਭਾਰਤ ਖੰਡ ਵੱਜੇ ਵਧਾਈਆ । ਦਿਲੀ ਤਖ਼ਤ ਹਰਿ ਬਰਾਜਨਾ, ਪੰਚਮ ਮੁਖ ਤਾਜ ਸੀਸ ਟਿਕਾਈਆ । ਸਤ ਰੰਗ ਨਿਸ਼ਾਨ ਰਚਾਇਆ ਜਗਤ ਕਾਜਨਾ, ਲੱਖਣ ਕਰੌਚ ਪੁਸ਼ਕਰ ਜੰਬੂ ਸਲਮਲ ਸਾਨ ਕੁਸ਼ਾ ਦਏ ਵਖਾਈਆ । ਨੌਂ ਖੰਡ ਕਰਾਏ

ਏਕਾ ਜਾਪਨਾ, ਕੁਲਾਖੰਡ ਕੇਤ ਮਾਲ ਇਲਾਬ੍ਰਤ ਕਿੰ ਪੁਰਖ ਹਰਿਵਰਖ ਕਰੇ ਰੁਸ਼ਨਾਈਆ । ਹਰਣਯਮਹ ਤੋੜੇ ਤਾਪਨਾ, ਭਦਰ ਰਮਕ ਦਏ ਜਣਾਈਆ । ਭਾਰਤ ਖੰਡ ਪ੍ਰਭ ਜੋਤ ਕਰੇ ਵਡ ਪਰਤਾਪਨਾ, ਸਾਚਾ ਮਾਰਗ ਸੁਣਾਈਆ । ਚੌਦਾਂ ਲੋਕਾਂ ਵੇਖ ਵਖਾਵਨਾ, ਆਪ ਆਪਣਾ ਫੇਰਾ ਪਾਈਆ । ਭੂਅ ਦੂਵਹ ਲੋਕ ਦੇਵੇ ਦਾਨਨਾ, ਸਵਰਗ ਮਹਰਰ ਕਰੇ ਕੁੜਮਾਈਆ । ਜਪ ਤਪ ਇਕ ਵੈਰਾਗਨਾ, ਸਤਿ ਸਤਿ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਜਣਾਈਆ । ਏਕਾ ਸ਼ਬਦ ਹਰਿ ਜਣਾ, ਅਤਲ ਵਿਤਲ ਸਿਤਲ ਪਾਵੇ ਸਾਰਾ । ਤਲਾਤਲ ਮਹਾਤਲ ਸਹਾਤਲ ਰਸਾਤਲ ਏਕਾ ਨਾਮ ਰਖਾਇਆ । ਪਾਤਾਲ ਕਰਾਏ ਜੈ ਜੈਕਾਰਿਆ ਬਾਸ਼ਕ ਸੇਜਾ ਆਪ ਸੁਹਾ, ਸਾਂਗੋ ਪਾਂਗ ਦਏ ਹੁਲਾਰਾ । ਲਛਮੀ ਲਹਿਣਾ ਝੋਲੀ ਪਾ, ਚਤੁਰਭੁਜ ਖੇਲ ਅਪਾਰਾ । ਨਰ ਨਰਾਇਣ ਭੇਖ ਵਟਾ, ਲੋਕਮਾਤ ਲਏ ਅਵਤਾਰਾ । ਸਤਿਜੁਗ ਸਾਚੀ ਜੋਤ ਜਗਾ, ਚਾਰ ਵਰਨ ਸੁਹਾਏ ਇਕ ਦਵਾਰਾ । ਏਕਾ ਜਾਪ ਦਏ ਜਪਾ, ਏਕਾ ਨਾਮ ਅਧਾਰਾ । ਸੋਹੰ ਮੇਲਾ ਮੇਲ ਮਿਲਾ, ਸੋ ਪੁਰਖ ਨਿਰੰਜਣ ਪਾਵੇ ਸਾਰਾ । ਗੁਰ ਚੇਲਾ ਚੇਲਾ ਗੁਰ ਆਪ ਅਖਵਾ, ਇਕ ਸੁਹਾਏ ਬੰਕ ਦਵਾਰਾ । ਜੋਤ ਨਿਰੰਜਣ ਤੇਲਾ ਦਏ ਚੜ੍ਹਾ, ਸਗਨ ਮਨਾਏ ਵਾਰੋ ਵਾਰਾ । ਗੁਰਮੁਖ ਸਾਚੇ ਲਏ ਜਗਾ, ਅਨਹਦ ਵੱਜੇ ਤਾਲ ਤਲਵਾੜਾ । ਅੰਮ੍ਰਿਤ ਆਤਮ ਸਰ ਦਏ ਨੁਹਾ, ਨਾ ਕੋਈ ਦੀਸੇ ਦੇਹੁਰਾ ਮੰਦਰ ਗੁਰੂਦਵਾਰਾ । ਦੀਪਕ ਜੋਤੀ ਦਏ ਜਗਾ, ਨਿਰਮਲ ਸਾਚਾ ਕਰ ਉਜਿਆਰਾ । ਵਰਨ ਗੋਤੀ ਦਏ ਮਿਟਾ, ਏਕਾ ਸ਼ਬਦ ਕਰਾਏ ਵਣਜ ਵਪਾਰਾ । ਨੇਤੀ ਧੋਤੀ ਮਸਤਕ ਤਿਲਕ ਨਾ ਸਕੇ ਕੋਈ ਲਾ, ਖੇਲੇ ਖੇਲ ਹਰਿ ਨਿਰੰਕਾਰਾ । ਸਾਚੀ ਸਿਖਿਆ ਬ੍ਰਹਮ ਵਿਦਿਆ ਆਤਮ ਬ੍ਰਹਮ ਇਕ ਪੜ੍ਹਾ, ਮੇਲ ਮਿਲਾਏ ਪਾਰਬ੍ਰਹਮ ਨਿਰੰਕਾਰਾ । ਆਤਮ ਸੇਜਾ ਇਕ ਵਿਛਾ, ਗੁਰਮੁਖ ਸੁਹਾਏ ਤੇਰਾ ਬੰਕ ਦਵਾਰਾ । ਹੌਲੀ ਹੌਲੀ ਚਰਨ ਟਿਕਾ, ਖੋਲ੍ਹੇ ਬੰਦ ਕਿਵਾੜਾ । ਆਪ ਆਪਣਾ ਲੜ ਫੜਾ, ਮੇਲ ਮਿਲਾਏ ਕੰਤ ਭਤਾਰਾ । ਸਾਚੀ ਨਾਰੀ ਲਏ ਪਰਨਾ, ਏਕਾ ਕਰੇ ਪ੍ਰੇਮ ਪਿਆਰਾ । ਆਪ ਆਪਣਾ ਵਿਚ ਸਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਰ ਦਰਵੇਸ਼ਾ ਚਾਰ ਲੱਖ ਬੱਤੀ ਹਜ਼ਾਰ ਆਪੇ ਦਏ ਮਿਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਬ੍ਰਹਿਮੰਡ ਖੰਡ ਜੇਰਜ ਅੰਡ, ਲੋਆਂ ਪੁਰੀਆਂ ਗਗਨ ਪਤਾਲਾਂ ਆਪਣੀ ਜੈ ਜੈ ਜੈ ਦਏ ਕਰਾ । ਸ਼ਬਦ ਭੋਗ ਸਚ ਘਰ, ਗੁਰਮੁਖਾਂ ਰਿਹਾ ਜਗਾਈਆ । ਸੁਰਤੀ ਸ਼ਬਦ ਲਏ ਵਰ, ਸ਼ਬਦ ਗੁਰ ਕਰੇ ਕੁੜਮਾਈਆ । ਸ਼ਬਦ ਸੁਰਤੀ ਅੱਗੇ ਧਰ, ਸ਼ਬਦੀ ਰਾਗ ਸੁਣਾਈਆ । ਸੁਰਤ ਸ਼ਬਦ ਲਏ ਫੜ, ਸ਼ਬਦੀ ਸੁਰਤ ਮਿਲਾਈਆ । ਸੁਰਤ ਸ਼ਬਦ ਲੱਗੇ ਲੜ, ਸ਼ਬਦ ਸੁਰਤ ਹੰਢਾਈਆ । ਸ਼ਬਦ ਗੁਰ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਅਕਾਰ ਰਖਾਈਆ । ਅੱਠੇ ਪਹਿਰ ਰਿਹਾ ਲੜ, ਪੰਚਮ ਮੇਟ ਮਿਟਾਈਆ । ਨਾਮ ਬੀਜੇ ਲਾਏ ਜੜ੍ਹ, ਕਾਇਆ ਖੇਤ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਸਾਚੇ ਘਰ, ਏਕਾ ਭੋਗ ਵਖਾਈਆ । ਆਤਮ ਭੋਗ ਸਾਚਾ ਰਸ, ਗੁਰਮੁਖ ਵਿਰਲੇ ਪਾਇਆ । ਸਤਿਗੁਰ ਪੂਰਾ ਰਾਹ ਜਾਏ ਦੱਸ, ਮੰਤਰ ਇਕ ਨਾਮ ਦ੍ਰਿੜਾਇਆ । ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟ ਤੁੜਾਇਆ । ਹਿਰਦੇ ਅੰਦਰ ਜਾਣਾ ਵਸ, ਜਿਸ ਜਨ ਰਸਨ ਹਰਿ ਰਸ ਖਾਇਆ । ਕੋਟਨ ਕੋਟ ਪਰਕਾਸ਼ ਕਰੇ ਰਵ ਸਸ, ਦੀਪਕ ਜੋਤ ਜਗਾਇਆ । ਮਿਟੇ ਰੈਣ ਅੰਧੇਰੀ ਮੱਸ, ਜਗਤ ਜੰਜਾਲਾ ਤੋੜ ਵਖਾਇਆ । ਪੰਚ ਵਿਕਾਰਾ ਦੇਵੇ ਝੱਸ, ਪੰਚਮ ਦਏ

ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੋਗ ਧੁਰ ਸੰਜੋਗ, ਸਾਚਾ ਮੇਲ ਮਿਲਾਇਆ । ਸਾਚਾ ਭੋਗ ਹਰਿ ਭਗਵਾਨਾ, ਸ਼ਬਦੀ ਮੁਖ ਰਖਾਇੰਦਾ । ਹਰਿਸੰਗਤ ਬੰਨੇ ਸਾਚਾ ਗਾਨਾ, ਸਾਚੀ ਧੀਰ ਧਰਾਇੰਦਾ । ਸੋਹੰ ਦੇਵੇ ਧੁਰ ਫ਼ਰਮਾਨਾ, ਧੁਰਦਰਗਾਹੀ ਆਪ ਸੁਹਾਇੰਦਾ । ਧੁਨ ਆਤਮਕ ਸੁਣਾਏ ਸਚ ਤਰਾਨਾ, ਨਾਦ ਅਨਾਦੀ ਧੁਨ ਉਪਜਾਇੰਦਾ । ਚਰਨ ਧੂੜ ਸੱਚਾ ਅਸ਼ਨਾਨਾ, ਹਰਿਜਨ ਸਾਚੇ ਆਪ ਕਰਾਇੰਦਾ । ਮਿਲੇ ਮੇਲ ਪਰਮ ਪੁਰਖ ਸੁਲਤਾਨਾ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੋਗੀ ਭੋਗ ਭੁਗਾਇੰਦਾ । ਸਾਚਾ ਭੋਗ ਨਾਮ ਵਸਤ, ਰਸਨਾ ਹਰਿ ਹਰਿ ਚਾਖਿਆ । ਮਿਲੇ ਵਸਤ ਦਸਤ ਬਦਸਤ, ਪਰਗਟ ਹੋਏ ਸਤਿਗੁਰ ਸਾਖਿਆ । ਲੇਖੇ ਲਾਏ ਕੀਟ ਹਸਤ, ਜੋ ਜਨ ਚਰਨ ਛੁਹਾਏ ਮਸਤਕ ਮਾਥਿਆ । ਤਨ ਪਹਿਨਾਏ ਏਕਾ ਬਸਤ, ਸ਼ਬਦ ਚੜ੍ਹਾਏ ਸਾਚੇ ਰਾਥਿਆ । ਅੱਠੇ ਪਹਿਰ ਰੱਖੇ ਮਸਤ, ਜਗਤ ਵਿਸੂਰਾ ਸਗਲਾ ਲਾਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਸ ਆਪੇ ਚਾਖਿਆ । ਆਪਣਾ ਰਸ ਆਪੇ ਚਾਖ, ਗੁਰਮੁਖਾਂ ਆਪ ਵਖਾਇੰਦਾ । ਨੇਤਰ ਲੋਚਣ ਨੈਣ ਸਾਚੇ ਪੇਖ, ਆਤਮ ਦਰਸੀ ਦਰਸ ਦਿਖਾਇੰਦਾ । ਆਪੇ ਲਿਖਣਹਾਰਾ ਲੇਖ, ਆਪੇ ਮੇਟ ਮਿਟਾਇੰਦਾ । ਲੇਖੇ ਲਾਏ ਧਾਰੀ ਕੇਸ, ਮੂੰਡ ਮੁੰਡਾਏ ਸੰਗ ਨਿਭਾਇੰਦਾ । ਆਪੇ ਦਾਤਾ ਜੋਧਾ ਸੂਰ ਦਸ ਦਸਮੇਸ, ਦਰ ਦਰਵੇਸ਼ ਆਪ ਅਖਵਾਇੰਦਾ । ਆਪੇ ਜਾਣੇ ਆਪਣਾ ਵੇਸ, ਕਲਜੁਗ ਅੰਤ ਵਟਾਇੰਦਾ । ਪਰਗਟ ਹੋਏ ਨਰ ਨਰੇਸ਼, ਨਿਰਗੁਣ ਧਾਰ ਚਲਾਇੰਦਾ । ਕਿਸੇ ਹੱਥ ਨਾ ਆਏ ਖੂੰਡੀ ਮੋਡੇ ਭੂਰੀ ਖੇਸ, ਗੁਰਮੁਖਾਂ ਪਾਲੀ ਸਾਚੀ ਪਾਲਣਾ ਆਪ ਕਰਾਇੰਦਾ । ਪੰਡਤ ਪਾਂਧੇ ਫਿਰਦੇ ਰਿਖੀ ਕੇਸ਼, ਗਵਰਧਨ ਧਾਰੀ ਦਿਸ ਨਾ ਆਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਕਵਣ ਭੂਮਕਾ ਰਹੇ ਹਮੇਸ਼, ਕਵਣ ਦਵਾਰੇ ਸੀਸ ਝੁਕਾਇੰਦਾ । ਸਤਿਗੁਰ ਸਾਚੇ ਪਾਰਬ੍ਰਹਮ ਗੁਰ ਸਦਾ ਆਦੇਸ਼, ਹਰਿ ਘਰ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਸੰਗਤ ਸੰਗ ਨਿਭਾਇੰਦਾ । ਹਰਿਸੰਗਤ ਹਰਿ ਸਾਚਾ ਸੰਗ, ਅੰਦਰ ਮੰਦਰ ਆਪ ਕਰਾਇਆ । ਆਪਣਾ ਦਰਵਾਜ਼ਾ ਆਪੇ ਲੰਘ, ਆਪਣਾ ਕੁੰਡਾ ਲਾਹਿਆ । ਆਪਣਾ ਆਪ ਵਜਾਏ ਮਰਦੰਗ, ਸੁਨਣੇਹਾਰ ਆਪ ਅਖਵਾਇਆ । ਆਪਣੀ ਧਾਰਾ ਆਪੇ ਚਾੜ੍ਹੇ ਗੰਗ, ਨੁਹਾਵਣਹਾਰਾ ਆਪ ਹੋ ਜਾਇਆ । ਆਪ ਆਪਣੀ ਭਿਛਿਆ ਆਪੇ ਮੰਗ, ਆਪ ਆਪਣੀ ਝੋਲੀ ਪਾਇਆ । ਆਪ ਆਪਣੀ ਸੇਜ ਵੇਖੇ ਰੰਗੀਲ ਪਲੰਘ, ਪਾਵਾ ਚੂਲ ਨਾ ਕੋਈ ਬਣਾਇਆ । ਘਰ ਵਿਚ ਘਰ ਮੰਦਰ ਦਿਤਾ ਟੰਗ, ਬਿਨ ਗੁਰ ਪੂਰੇ ਦਰ ਨਾ ਕੋਈ ਖੁਲ੍ਹਾਇਆ । ਜੂਠੇ ਝੂਠੇ ਹੋਏ ਨੰਗ, ਨਾ ਕੋਈ ਪੜਦਾ ਲਾਹਿਆ । ਹਰਿਜਨ ਮੰਗੇ ਸਾਚੀ ਮੰਗ, ਪ੍ਰਭ ਪੂਰੀ ਇਛਿਆ ਦਏ ਕਰਾਇਆ । ਸ਼ਬਦ ਘੋੜੇ ਕਸੇ ਤੰਗ, ਡੂੰਘੀ ਭਵਰੇ ਰਿਹਾ ਦੌੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਨਾਮ, ਜੋ ਜਨ ਆਤਮ ਆਸ ਰਖਾਇਆ । ਜੋ ਜਨ ਆਇਆ ਦਰਸ ਪਿਆਸਾ, ਨੇਤਰ ਨੈਣ ਉਘਾੜਿਆ । ਚਰਨ ਕਵਲ ਬਖ਼ਸ਼ੇ ਸਚ ਭਰਵਾਸਾ, ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਿਆ । ਜਨ ਭਗਤਾਂ ਦਵਾਰੇ ਦਾਸੀ ਦਾਸਾ, ਸੇਵਕ ਸੇਵਾਦਾਰ ਆਪ ਅਖਵਾ ਰਿਹਾ । ਜੋਤ ਜਗਾਏ ਪਰਗਟਾਏ ਪੁਰਖ ਅਬਿਨਾਸ਼ਾ, ਘਟ ਘਟ ਵੇਖ ਵਖਾ ਰਿਹਾ । ਦੋ ਜਹਾਨੀ ਪਾਵੇ ਆਪਣੀ ਰਾਸਾ, ਗੋਪੀ ਕਾਹਨ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਹਰਿ

ਹਰਿ ਦੇਵੇ ਵਰ, ਹਰਿ ਨਾਮਾ ਝੋਲੀ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵੰਤ ਸੰਤ ਕੰਤ ਅੰਤ ਜੀਵ ਜੰਤ ਭਗਤ ਭਗਤੀ ਲੇਖੇ ਲਾ ਰਿਹਾ ।

ਹਰਿਜਨ ਬੇੜਾ ਬੰਨ, ਪਾਰ ਕਰਾਇੰਦਾ । ਚੋਟ ਲਗਾਏ ਕਾਇਆ ਤਨ, ਨਾਮ ਨਗਾਰਾ ਇਕ ਵਜਾਇੰਦਾ । ਗੜ੍ਹ ਹੰਕਾਰੀ ਦੇਵੇ ਭੰਨ, ਸ਼ਬਦ ਖੰਡਾ ਇਕ ਰਖਾਇੰਦਾ । ਪੰਚ ਵਿਕਾਰਾ ਦੇਵੇ ਡੰਨ, ਜੋ ਜਨ ਰਸਨਾ ਗਾਇੰਦਾ । ਨਾਮ ਖਜ਼ਾਨਾ ਦੇਵੇ ਧਨ, ਲੁੱਟ ਨਾ ਕੋਈ ਲੈ ਜਾਇੰਦਾ । ਜੋਤ ਨਿਰੰਜਣ ਚਾੜ੍ਹੇ ਚੰਨ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਨਿਭਾਇੰਦਾ । ਆਤਮ ਗੜ੍ਹ ਜਗਤ ਹੰਕਾਰਾ, ਪੰਜ ਤਤ ਸਮਾਇਆ । ਮਾਇਆ ਮੋਹ ਸੰਗ ਪਿਆਰਾ, ਰੱਤੀ ਰੱਤ ਮੁਕਾਇਆ । ਦਰ ਦਰ ਘਰ ਘਰ ਹਾਹਾਕਾਰਾ, ਗੁਰਮਤ ਨਾ ਕੋਈ ਜਣਾਇਆ । ਗੁਰਮੁਖ ਵਿਰਲੇ ਫਲ ਲਾਏ ਹਰਿ ਨਿਰੰਕਾਰਾ, ਏਕਾ ਤਤ ਬੁਝਾਇਆ । ਏਕਾ ਸ਼ਬਦ ਇਕ ਧੁਨਕਾਰਾ, ਏਕਾ ਰਾਗ ਅਲਾਇਆ । ਏਕਾ ਨਾਮ ਇਕ ਜੈਕਾਰਾ, ਏਕਾ ਹਰਿ ਗੁਣ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਦਏ ਲਗਾਇਆ । ਹਰਿਜਨ ਸਾਚਾ ਸ਼ਬਦ ਸਵਾਲੀ, ਮੰਗੇ ਦਰ ਦਵਾਰਿਆ । ਫਲ ਲਗਾਏ ਕਾਇਆ ਡਾਲ੍ਹੀ, ਬਖ਼ਸ਼ੇ ਚਰਨ ਪਿਆਰਿਆ । ਦੀਪਕ ਜੋਤੀ ਜਗੇ ਨਿਰਾਲੀ, ਮੇਟ ਮਿਟਾਏ ਅੰਧ ਅੰਧਿਆਰਿਆ । ਦਰ ਆਇਆ ਨਾ ਜਾਏ ਖਾਲੀ, ਦੇਵਣਹਾਰ ਆਪ ਕਰਤਾਰਿਆ । ਸੋਹੰ ਸ਼ਬਦ ਪਹਿਨਾਏ ਸਾਚੀ ਮਾਲੀ, ਮਨ ਮਨਕਾ ਆਪ ਫਿਰਾ ਲਿਆ । ਕਰੇ ਪਰਕਾਸ਼ ਗਗਨ ਪਤਾਲੀ, ਗਗਨ ਗਗਨੰਤਰ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੂਝ ਬੁਝਾ ਰਿਹਾ । ਆਤਮ ਬੂਝ ਸ਼ਬਦ ਗਿਆਨਾ, ਸਤਿਗੁਰ ਵੱਡੀ ਵਡਿਆਈਆ । ਏਕਾ ਦੇਵੇ ਧੁਰ ਫ਼ਰਮਾਨਾ, ਏਕਾ ਦੂਜਾ ਭੌ ਚੁਕਾਈਆ । ਤੀਜੇ ਨੇਤਰ ਦਰਸ ਮਹਾਨਾ, ਤ੍ਰੈਗੁਣ ਮੂਲ ਚੁਕਾਈਆ । ਚੌਥੇ ਘਰ ਪਦ ਨਿਰਬਾਨਾ, ਪਰਮ ਪੁਰਖ ਸਮਾਈਆ । ਪੰਚਮ ਮੇਲਾ ਹਰਿ ਭਗਵਾਨਾ, ਪਾਰਬ੍ਰਹਮ ਸਰਨਾਈਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਆਤਮ ਅੰਤਰ ਹਰਿ ਲਿਵ ਲਾਈਆ । ਮਿਲੇ ਮੇਲ ਹਰਿ ਗੁਣ ਨਿਧਾਨਾ, ਅੱਠੇ ਪਹਿਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸਾਚੀ ਓਟ ਚਰਨ ਸਹਾਰਾ, ਜਨ ਭਗਤਾਂ ਆਪ ਦਵਾਇੰਦਾ । ਆਪ ਕਰਾਏ ਪਾਰ ਕਿਨਾਰਾ, ਭਵ ਜਲ ਆਪ ਤਰਾਇੰਦਾ । ਆਪੇ ਦੇਵੇ ਨਾਮ ਸਹਾਰਾ, ਆਪੇ ਮਾਰਗ ਲਾਇੰਦਾ । ਆਪੇ ਰੰਗ ਰੰਗੇ ਕਰਤਾਰਾ, ਰੰਗਣਹਾਰ ਆਪ ਅਖਵਾਇੰਦਾ । ਆਪੇ ਮੰਗ ਮੰਗੇ ਦਰਬਾਰਾ, ਆਪੇ ਭਿਛਿਆ ਪਾਇੰਦਾ । ਇਕ ਅਕੱਲਾ ਨਰ ਨਿਰੰਕਾਰਾ, ਨਿਰਗੁਣ ਰੂਪ ਸਮਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਆਪਣੀ ਬਣਤ ਬਣਾਇੰਦਾ । ਸਾਧਾਂ ਸੰਤਾਂ ਪਾਵੇ ਸਾਰਾ, ਜਨ ਭਗਤਾਂ ਸੰਗ ਨਿਭਾਇੰਦਾ । ਆਪ ਆਪਣਾ ਕਰੇ ਜੈਕਾਰਾ, ਜੈ ਜੈ ਕਾਰ ਆਪ ਕਰਾਇੰਦਾ । ਸ਼ਬਦ ਅਗੰਮੀ ਸਾਚਾ ਨਾਅਰਾ, ਨਾ ਕੋਈ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਮੇਲ ਮਿਲਾਇੰਦਾ । ਹਰਿਜਨ ਮੇਲਾ ਆਦਿ ਜੁਗਾਦੀ, ਆਪਣਾ ਆਪ ਕਰਾਇਆ । ਖੋਜੇ ਖੋਜ ਸ਼ਬਦ ਬ੍ਰਹਿਮਾਦੀ, ਲੋਆਂ ਪੁਰੀਆਂ ਫੇਰਾ ਪਾਇਆ । ਸ਼ਬਦ ਜਣਾਈ ਬੋਧ ਅਗਾਧੀ,

੧੧੧
੦੭

ਧੁਰ ਫ਼ਰਮਾਣਾ ਇਕ ਰਖਾਇਆ । ਜੁਗ ਮੇਲਾ ਜਗ ਮਾਧਵ ਮਾਧੀ, ਹਰਿਜਨ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਗੜ੍ਹ ਤੁੜਾਇਆ । ਕਾਇਆ ਗੜ੍ਹ ਉਚ ਮਹੱਲਾ, ਦਿਸ ਕਿਸੇ ਨਾ ਆਇਆ । ਸਤਿਗੁਰ ਬੈਠਾ ਇਕ ਅਕੱਲਾ, ਥਿਰ ਘਰ ਡੇਰਾ ਲਾਇਆ । ਆਪੇ ਹੋਏ ਅਛਲ ਅਛੱਲਾ, ਅਛਲ ਅਛੱਲ ਕਰਾਇਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਮੱਲਾ, ਆਪ ਆਪਣਾ ਧਾਮ ਸੁਹਾਇਆ । ਆਪਣਾ ਦੀਪਕ ਆਪੇ ਬੱਲਾ, ਆਪ ਆਪਣੀ ਜੋਤ ਜਗਾਇਆ । ਜੋਤੀ ਸ਼ਬਦੀ ਆਪੇ ਰੱਲਾ, ਸ਼ਬਦੀ ਸ਼ਬਦ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਸਾਚੇ ਆਪ ਜਗਾ, ਆਤਮ ਧੁਨ ਵਜਾਈਆ । ਫੜ ਫੜ ਬਾਂਹੋਂ ਰਾਹੇ ਪਾ, ਏਕਾ ਗੁਣ ਵਖਾਈਆ । ਏਕਾ ਨਾਮ ਦਏ ਜਪਾ, ਜੁਗ ਜੁਗ ਵੱਡੀ ਵਡਿਆਈਆ । ਕਾਇਆ ਮੰਦਰ ਡੇਰਾ ਲਾ, ਸਚ ਦਵਾਰਾ ਲਏ ਖੁਲ੍ਹਾਈਆ । ਪੌੜੇ ਪੌੜੇ ਦਏ ਚੜ੍ਹਾ, ਅੱਗੇ ਪਿਛੇ ਦਏ ਸੁਹਾਈਆ । ਬ੍ਰਹਿਮਣ ਗੌੜੇ ਮੇਲ ਮਿਲਾ, ਪੂਤ ਸਪੂਤੇ ਵਡ ਵਡਿਆਈਆ । ਸਾਚੇ ਘੋੜੇ ਆਪ ਚੜ੍ਹਾ, ਵਾਗ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਈਆ । ਆਏ ਮੰਗਣ ਦਵਾਰ, ਹਰਿ ਬਨਵਾਰਿਆ । ਪਾਰਬ੍ਰਹਮ ਅਬਿਨਾਸ਼ਾ, ਜਿਸ ਜਨ ਬਖ਼ਸ਼ੇ ਚਰਨ ਪਿਆਰਿਆ । ਹੋਏ ਦਾਸੀ ਦਾਸਾ, ਖੋਲ੍ਹੇ ਬੰਦ ਕਵਾੜਿਆ । ਸਾਚੇ ਮੰਡਲ ਪਾਵੇ ਰਾਸਾ, ਨੇੜ ਨਾ ਆਏ ਪੰਜਮ ਧਾੜਿਆ । ਵੇਖੇ ਖੇਲ ਪ੍ਰਿਥਮੀ ਅਕਾਸ਼ਾ, ਜੋਤ ਜਗਾਏ ਬਹੱਤਰ ਨਾੜਿਆ । ਨਾਮ ਜਪਾਏ ਰਸਨ ਸਵਾਸਾ, ਸਾਚੇ ਘੋੜੇ ਆਪੇ ਚਾੜ੍ਹਿਆ । ਗੁਰਮੁਖ ਸਾਚੇ ਬਲ ਬਲ ਜਾਸਾ, ਜਿਸ ਜਨ ਸੋਹੇ ਬੰਕ ਦਵਾਰਿਆ । ਜਿਸ ਮਿਲਿਆ ਹਰਿ ਸਰਬ ਗੁਣ ਤਾਸਾ, ਬੰਕ ਦਵਾਰਾ ਸਾਚਾ ਪੌੜਾ, ਹਰਿ ਆਪਣਾ ਆਪ ਲਗਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਦਿਸ ਕਿਸੇ ਨਾ ਆਇਆ । ਏਕਾ ਫਲ ਰੱਖੇ ਮਿੱਠਾ ਨਾ ਕੌੜਾ, ਰਸ ਰਸਨਾ ਵਿਚ ਸਮਾਇਆ । ਬੰਕ ਦਵਾਰੇ ਸਤਿਗੁਰ ਪੂਰਾ ਦਇਆ ਕਮਾ, ਚਰਨ ਧਿਆਨ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਬੰਕ ਦਵਾਰਾ ਸਚ ਟਿਕਾਣਾ, ਗੁਰਮੁਖ ਵਿਰਲਾ ਪਾਇੰਦਾ । ਜਿਸ ਜਨ ਦੇਵੇ ਨਾਮ ਬਬਾਣਾ, ਆਪੇ ਉਪਰ ਚੜ੍ਹਾਇੰਦਾ । ਭੇਵ ਨਾ ਪਾਏ ਰਾਜਾ ਰਾਣਾ, ਸ਼ਾਹ ਸੁਲਤਾਨ ਨਾ ਕੋਈ ਵਖਾਇੰਦਾ । ਗੁਰਮੁਖ ਵਿਰਲੇ ਦੇਵੇ ਮਾਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਸੋ ਜਨ ਹੋਏ ਚਤੁਰ ਸੁਘੜ ਸਿਆਣਾ, ਜਿਸ ਜਨ ਆਪਣਾ ਗਾਣਾ ਆਪ ਸੁਣਾਇੰਦਾ । ਬੰਦ ਦਵਾਰਾ ਦਰ ਸੁਹਾਣਾ, ਸਾਚਾ ਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪੜਦਾ ਪਾਇੰਦਾ । ਆਪੇ ਬੋਲੇ ਬੋਲ, ਅਨਹਦ ਗਾਣਿਆ । ਵੱਜੇ ਸਚ ਮਰਦੰਗਾ, ਢੋਲ ਸ੍ਰੀ ਭਗਵਾਨਿਆ । ਅਧਵਿਚਕਾਰੀ ਆਪੇ ਟੰਗਾ, ਨਾ ਜਾਣੇ ਜੀਵ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਪ ਮਹਾਨਿਆ । ਕੱਕਾ ਕਰਮ ਵਿਚਾਰ, ਕਲ ਵਰਤਾਇੰਦਾ । ਗੁਰਮੁਖ ਸਾਜਨ ਕਰ ਪਿਆਰ, ਬੂਝ ਬੁਝਾਇੰਦਾ । ਦੇਵੇ ਦਰਸ ਅਪਾਰ, ਦੋਖ ਮਿਟਾਇੰਦਾ । ਸਹਿਸਾ ਰੋਗ ਨਿਵਾਰ, ਸੁਖ ਉਪਜਾਇੰਦਾ । ਹਉਮੇ ਹੰਗਤਾ ਮਾਰ, ਸੰਗ ਰਖਾਇੰਦਾ । ਭੁੱਖਾ ਨੰਗਾ ਦਰ ਦਰਬਾਰ, ਫੇਰੀ ਪਾਇੰਦਾ । ਤੀਜਾ ਕਰੇ ਬੰਦ ਕਿਵਾੜ, ਕੁੰਡਾ ਲਾਹਿੰਦਾ । ਆਪ ਖੋਲ੍ਹੇ ਖੋਲਣਹਾਰ, ਆਪ ਸੁਹਾਇੰਦਾ । ਹਰਿਜਨ ਸਾਚੇ ਵੇਖ ਵਿਚਾਰ, ਸੁਰਤ ਦਿਵਾਇੰਦਾ । ਸੁਰਤੀ ਸ਼ਬਦ ਪਿਆਰ, ਜੋੜ ਜੁੜਾਇੰਦਾ । ਸ਼ਬਦ ਗੁਰ ਆਪ ਕਰਤਾਰ,

ਕਰ ਕਿਰਪਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਕ ਸੁਹਾਇੰਦਾ । ਦੱਦਾ ਦਰਵਾਜ਼ਾ ਹਰਿ ਖੁਲ੍ਹਾਇਆ । ਖੇਲੇ ਖੇਲ ਗ਼ਰੀਬ ਨਿਵਾਜ਼ਾ, ਖੇਲ੍ਹਣਹਾਰ ਆਪ ਅਖਵਾਇਆ । ਆਪੇ ਰਚਿਆ ਆਪਣਾ ਕਾਜਾ, ਆਪੇ ਆਪਣੀ ਕਾਰ ਕਮਾਇਆ । ਆਪੇ ਮਾਰਨਹਾਰਾ ਵਾਜਾ, ਆਪੇ ਗੂੜ੍ਹੀ ਨੀਂਦ ਸਵਾਇਆ । ਆਪੇ ਰੱਖਣਹਾਰਾ ਲਾਜਾ, ਆਪੇ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਇਆ । ਐੜਾ ਅੱਖ ਉਘਾੜ, ਦਇਆ ਕਮਾਇੰਦਾ । ਦਰਸ ਦਿਖਾਏ ਸਾਚਾ ਲਾੜ, ਰੂਪ ਵਟਾਇੰਦਾ । ਕਰੇ ਪਰਕਾਸ਼ ਨਾੜ ਨਾੜ, ਅੰਧ ਮਿਟਾਇੰਦਾ । ਸਾਚੇ ਪੌੜੇ ਦੇਵੇ ਚਾੜ੍ਹ, ਪੰਧ ਮੁਕਾਇੰਦਾ । ਧਰਮ ਰਖਾਏ ਇਕ ਅਖਾੜ, ਭਰਮ ਗਵਾਇੰਦਾ । ਜਗਤ ਤ੍ਰਿਸਨਾ ਦੇਵੇ ਸਾੜ, ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਥਾਨ ਸੁਹਾਇੰਦਾ । ਰਾਰਾ ਰਾਗ ਅਨਾਦ, ਇਕ ਅਲਾਇਆ । ਸੁਣੇ ਸੁਣਾਏ ਵਿਚ ਬ੍ਰਹਿਮਾਦਿ, ਪਾਰਬ੍ਰਹਮ ਅਖਵਾਇਆ । ਆਪੇ ਦੇਵਣਹਾਰਾ ਦਾਦ, ਜਨ ਭਗਤਾਂ ਝੋਲੀ ਪਾਇਆ । ਦੋ ਜਹਾਨ ਸੁਣੇ ਫ਼ਰਯਾਦ, ਹਰਿਜਨ ਸਾਚੇ ਲਏ ਤਰਾਇਆ । ਸ਼ਬਦ ਜਣਾਈ ਬੋਧ ਅਗਾਧ, ਬੋਧ ਅਗਾਧ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖ ਦਵਾਰ, ਆਪਣਾ ਬੰਕ ਸੁਹਾਈਆ । ਆਪੇ ਹੋਏ ਪਹਿਰੇਦਾਰ, ਰਾਓ ਰੰਕ ਆਪ ਅਖਵਾਈਆ । ਆਪੇ ਹੋਏ ਖ਼ਬਰਦਾਰ, ਆਪ ਆਪਣੀ ਸੇਵ ਕਮਾਈਆ । ਆਪੇ ਬਣਿਆ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਈਆ । ਗੁਰਮੁਖ ਸਾਚੇ ਕਰ ਪਿਆਰ, ਕਾਇਆ ਚੋਲੀ ਰੰਗ ਰੰਗਾਈਆ । ਅੰਦਰ ਮੰਦਰ ਵੇਖ ਘਰ ਬਾਰ, ਘਰ ਬਾਰਾ ਦਏ ਸੁਹਾਈਆ । ਗੁਰਸਿਖ ਤੇਰਾ ਬੰਕ ਦਵਾਰ, ਦਵਾਰ ਬੰਕਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਰੈਣ ਦਿਵਸ ਰਿਹਾ ਸੇਵ ਕਮਾਈਆ । ਨਗਰ ਖੇੜਾ ਸਚ ਗ੍ਰਿਹਿ, ਹਰਿ ਕਾਇਆ ਆਪ ਵਸਾਇਆ । ਅੱਠੇ ਪਹਿਰ ਅੰਦਰ ਬਹਿ, ਆਪ ਆਪਣਾ ਮੁਖ ਛੁਪਾਇਆ । ਸਾਚੀ ਸੇਜਾ ਸੋਇਆ ਰਹੇ, ਆਪ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਦਏ ਸੁਹਾਇਆ । ਸਾਚਾ ਖੇੜਾ ਕਾਇਆ ਵਤਨ, ਵਤਨ ਸਿੰਘ ਹਰਿ ਪਾਇਆ । ਨਾਮ ਅਮੋਲਕ ਸਾਚਾ ਰਤਨ ਪ੍ਰਭ ਸਾਚੇ ਝੋਲੀ ਪਾਇਆ । ਸਾਧ ਸੰਤ ਕਰ ਕਰ ਥੱਕੇ ਜਤਨ, ਘਰ ਸਾਚਾ ਦਿਸ ਨਾ ਆਇਆ । ਕੋਟਨ ਕੋਟ ਬੈਠੇ ਨੌ ਦਵਾਰੇ ਮੱਲੀ ਪਤਨ, ਵੰਞ ਮਹਾਨਾ ਨਾ ਕੋਈ ਲਗਾਇਆ । ਕੋਟਨ ਕੋਟ ਆਸ ਰਹੇ ਤੱਕਣ, ਉਚੇ ਟਿੱਲੇ ਆਸਣ ਲਾਇਆ । ਕੋਟੀ ਕੋਟ ਜੰਗਲ ਜੂਹ ਉਜਾੜ ਬੈਠੇ ਢੱਕਨ, ਕਾਇਆ ਢੱਕ ਨਾ ਕੋਈ ਪਾਰ ਕਰਾਇਆ । ਕੋਟਨ ਕੋਟ ਬੈਠੇ ਕੁੱਲੀ ਕੱਖਨ, ਕਾਇਆ ਕੁਲਾ ਨਾ ਫੋਲ ਫੋਲਾਇਆ । ਕੋਟਨ ਕੋਟ ਪੂਜਾ ਪਾਠ ਕਰ ਕਰ ਥੱਕਨ, ਪਰਮ ਪੁਰਖ ਦਿਸ ਨਾ ਆਇਆ । ਕੋਟਨ ਕੋਟ ਫਿਰਦੇ ਹਾਜੀ ਹੱਜਨ, ਸਾਚਾ ਹੱਜ ਨਾ ਕੋਈ ਕਰਾਇਆ । ਕੋਟਨ ਕੋਟ ਘਰ ਬਾਰ ਤਜਣ, ਸਾਚਾ ਦਰ ਦਿਸ ਨਾ ਆਇਆ । ਕੋਟਨ ਕੋਟੀ ਗੁਰਦਵਾਰੇ ਮੰਦਰ ਮਸਜਿਦ ਸ਼ਿਵਦਵਾਲੇ ਬਹਿ ਬਹਿ ਸਜਣ, ਨੇਤਰ ਦਰਸ ਕੋਈ ਨਾ ਪਾਇਆ । ਕੋਟਨ ਕੋਟ ਤੀਰਥ ਜਲ ਪੀ ਪੀ ਰੱਜਣ, ਕਾਇਆ ਤ੍ਰਿਪਤ ਨਾ ਕੋਈ ਕਰਾਇਆ । ਕੋਟਨ ਕੋਟ ਵਿਚ ਸੱਥ ਨੱਚਣ, ਕਾਹਨਾ ਕ੍ਰਿਸ਼ਨਾ ਦਿਸ ਨਾ ਆਇਆ । ਕੋਟਨ ਕੋਟ ਭੋਗ ਲਗੌਣ ਮੱਖਣ, ਮੁਕੰਦ ਮਨੋਹਰ ਲੱਖਮੀ ਨਰਾਇਣ ਰੂਪ ਨਾ ਕੋਈ ਵਖਾਇਆ । ਕਲਜੁਗ ਜੀਵਾਂ ਭਾਂਡੇ ਹੋਏ ਸੱਖਣ, ਨਾਮ ਵਸਤ ਨਾ

ਕੋਈ ਦਿਸਾਇਆ । ਜੂਠ ਝੂਠ ਮਾਰਨ ਝੱਖਣ, ਨਿਜ ਰਸ ਕੋਈ ਨਾ ਪਾਇਆ । ਕਲਜੁਗ ਅੰਤਮ ਪਾਰਬ੍ਰਹਮ ਅਬਿਨਾਸ਼ੀ ਕਰਤਾ ਜਨ ਭਗਤਾਂ ਲੱਜਿਆ ਆਇਆ ਰੱਖਣ, ਜੋਤੀ ਜਾਮਾ ਭੇਖ ਵਟਾਇਆ । ਮਿਲਿਆ ਮੇਲ ਹਰਿ ਸਾਚੇ ਸੱਜਣ, ਵਿਛੜ ਕਦੇ ਨਾ ਜਾਇਆ । ਅਨਹਦ ਤਾਲ ਨਗਾਰੇ ਵੱਜਣ, ਧੁਨ ਆਪਣੇ ਹੱਥ ਰਖਾਇਆ । ਚਰਨ ਧੂੜ ਕਰਾਇਆ ਸਾਚਾ ਮਜਨ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇੜਾ ਰਿਹਾ ਵਸਾਇਆ । ਕਾਇਆ ਖੇੜਾ ਸਾਚਾ ਮੰਦਰ, ਹਰਿ ਜੋਤ ਕਰੇ ਰੁਸ਼ਨਾਈਆ । ਮੇਲ ਮਿਲਾਏ ਅੰਦਰੇ ਅੰਦਰ, ਸੁਰਤ ਸ਼ਬਦ ਕਰੇ ਕੁੜਮਾਈਆ । ਆਪੇ ਤੋੜਣਹਾਰਾ ਜੰਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਭਾਗ ਲਗਾਏ ਡੂੰਘੀ ਕੰਦਰ, ਆਪ ਆਪਣੀ ਦਇਆ ਕਮਾਈਆ । ਕਿਸੇ ਹੱਥ ਨਾ ਆਏ ਗੋਰਖ ਮਛੰਦਰ, ਉਚੇ ਟਿੱਲੇ ਬੈਠੇ ਧੂਣੀਆਂ ਤਾਈਆ । ਮਨਮੁਖ ਜੀਵ ਭੌਂਦੇ ਬੰਦਰ, ਸੁਰਤ ਸਵਾਣੀ ਹੋਈ ਹਲਕਾਈਆ । ਮਾਇਆ ਮਮਤਾ ਆਤਮ ਅੰਧੜ, ਅੰਧ ਅਗਿਆਨ ਨਾ ਕੋਈ ਗਵਾਈਆ । ਮਦਿਰਾ ਮਾਸੀ ਪਾਪੀ ਗੰਦੜ, ਹਰਿ ਰਸ ਰਸਨ ਕੋਇ ਨਾ ਲਾਈਆ । ਜਗਤ ਵਿਕਾਰਾ ਪਿਆ ਧੰਧੜ, ਝੂਠੇ ਧੰਦੇ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਏ ਥਾਉਂ ਥਾਈਂਆ । ਕਾਇਆ ਨਗਰ ਸਚ ਅਸਥਾਨਾ, ਹਰਿ ਸਾਚੇ ਆਪ ਸੁਹਾਇਆ । ਦੀਪਕ ਜੋਤੀ ਜਗੇ ਮਹਾਨਾ, ਨਿਰਮਲ ਨੂਰ ਕਰਾਇਆ । ਸ਼ਬਦ ਉਪਜਾਏ ਸਚ ਤਰਾਨਾ, ਸਾਚਾ ਤਾਲ ਸੁਣਾਇਆ । ਆਤਮ ਅੰਤਰ ਏਕਾ ਗਾਣਾ, ਏਕਾ ਰਾਗ ਅਲਾਇਆ । ਗੁਰਮੁਖ ਸਾਚਾ ਕਰ ਪਰਵਾਨਾ, ਲਹਿਣਾ ਲਹਿਣੇ ਝੋਲੀ ਪਾਇਆ । ਮਿਲਿਆ ਮੇਲ ਸ੍ਰੀ ਭਗਵਾਨਾ, ਘਰ ਸਾਚਾ ਇਕ ਸੁਹਾਇਆ । ਆਪੇ ਦੇਵੇ ਜੀਆ ਦਾਨਾ, ਦਾਨਾ ਬੀਨਾ ਆਪ ਅਖਵਾਇਆ । ਧਰਮ ਦਵਾਰੇ ਦੇਵੇ ਮਾਣਾ, ਜਗਤ ਅਭਿਮਾਨਾ ਤੋੜ ਤੁੜਾਇਆ । ਸੁਰਤ ਸਵਾਣੀ ਬੰਨੇ ਗਾਨਾ, ਗੁਰ ਸ਼ਬਦੀ ਸ਼ਬਦ ਲਏ ਪਰਨਾਇਆ । ਸਾਚੀ ਸਿਖਿਆ ਮੰਗਲ ਗਾਣਾ, ਸਾਚਾ ਥਾਨ ਸੁਹਾਇਆ । ਆਤਮ ਸੇਜਾ ਗੁਣ ਨਿਧਾਨਾ, ਗੁਣਵੰਤਾ ਆਪ ਅਖਵਾਇਆ । ਗੁਰਮੁਖ ਪਾਇਆ ਪਦ ਨਿਰਬਾਨਾ, ਪਰਮ ਪੁਰਖ ਸਮਾਇਆ । ਆਵਣ ਜਾਵਣ ਚੁੱਕੇ ਕਾਣਾ, ਲੇਖਾ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਦਵਾਰ ਬਣ ਭਿਖਾਰ ਮੰਗੇ ਭਿਖਿਆ, ਪੂਰੀ ਕਰੇ ਇਛਿਆ, ਦੇਵੇ ਨਾਮ ਸਿਖਿਆ, ਸੋਹੰ ਸ਼ਬਦ ਜੈ ਜੈਕਾਰਿਆ । ਜੈ ਜੈਕਾਰ ਜਗਤ ਗੁਰ ਦਾਤਾ, ਆਪਣੀ ਆਪ ਕਰਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਚਰਨ ਚਰਨੋਦਕ ਮੁਖ ਛੁਹਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਸਚ ਸੁੱਚ ਗਿਆਨ ਦ੍ਰਿੜਾਇੰਦਾ । ਆਪੇ ਹੋਏ ਪਿਤਾ ਮਾਤਾ, ਗੁਰਮੁਖ ਬਾਲ ਅਵਾਣੇ ਗੋਦ ਉਠਾਇੰਦਾ । ਭੇਵ ਚੁਕਾਏ ਜਾਤਾ ਪਾਤਾ, ਊਚਾਂ ਨੀਚਾਂ ਆਪ ਸਮਾਇੰਦਾ । ਗੁਰਮੁਖ ਤੇਰੀ ਉਤਮ ਜ਼ਾਤਾ, ਵਰਨ ਬਰਨ ਨਾ ਕੋਈ ਰਖਾਇੰਦਾ । ਮਿਲਿਆ ਮੇਲ ਇਕ ਅਕਾਂਤਾ, ਏਕਾ ਰੰਗ ਰੰਗਾਇੰਦਾ । ਆਤਮ ਅੰਮ੍ਰਿਤ ਬੂੰਦ ਸਵਾਂਤਾ, ਸੀਤਲ ਧਾਰ ਵਹਾਇੰਦਾ । ਅੱਠੇ ਪਹਿਰ ਰਹੇ ਪਰਭਾਤਾ, ਆਪ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਸ਼ਬਦ ਗੁਰ ਗੁਰ ਸ਼ਬਦੀ ਪੁੱਛੇ ਵਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਲਾਇੰਦਾ । ਤਨ ਸ਼ੰਗਾਰ ਬਸਤਰ ਗਹਿਣਾ, ਗੁਰਮੁਖ ਆਪ ਕਰਾਇਆ । ਦਰਸ ਅਪਾਰ ਨੇਤਰ ਨੈਣਾਂ, ਵਰ ਘਰ ਸਾਚਾ ਪਾਇਆ । ਏਕਾ ਸੇਜਾ ਏਕਾ ਧਾਮ ਅਕੱਠੇ ਰਹਿਣਾ, ਏਕਾ ਰਾਮ ਮਿਲਾਇਆ । ਏਕਾ ਮੰਦਰ

੧੧੩
੦੭

ਏਕਾ ਘਰ ਏਕਾ ਨਰ ਏਕਾ ਦਰ ਦਵਾਰੇ ਬਹਿਣਾ, ਏਕਾ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਕਾਇਆ ਮੰਦਰ, ਸਾਚਾ ਘਰ ਘਰ ਕਰੇ ਰੁਸ਼ਨਾਇਆ । ਘਰ ਦੀਪਕ ਘਰ ਪਰਕਾਸ਼, ਘਰ ਘਰ ਜੋਤ ਜਗਾਈਆ । ਘਰ ਪੁਰਖ ਘਰ ਅਬਿਨਾਸ਼, ਘਰ ਘਰ ਵੱਜੇ ਵਧਾਈਆ । ਘਰ ਭੂਪ ਘਰ ਸ਼ਾਹੋ ਸ਼ਾਬਾਸ਼, ਘਰ ਤਖ਼ਤ ਤਾਜ ਸੁਹਾਈਆ । ਘਰ ਰੂਪ ਘਰ ਗੁਣਤਾਸ, ਘਰ ਸਤਿ ਸਰੂਪ ਅਖਵਾਈਆ । ਘਰ ਮੰਡਲ ਘਰ ਰਾਸ, ਘਰ ਘਰ ਵੱਜੇ ਵਧਾਈਆ । ਘਰ ਪ੍ਰਿਥਮੀ ਘਰ ਆਕਾਸ਼, ਘਰ ਅਪ ਤੇਜ਼ ਵਾਏ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਘਰ, ਘਰ ਕਰੇ ਰੁਸ਼ਨਾਈਆ । ਘਰ ਦਵਾਰ ਘਰ ਮੰਦਰ, ਘਰ ਘਰ ਹੋਏ ਜੈਕਾਰਾ । ਘਰ ਹਵਨ ਘਰ ਪਵਨ, ਘਰ ਦੀਪ ਘਰ ਘਿਰਤ ਘਰ ਘਰ ਕਰੇ ਉਜਿਆਰਾ । ਘਰ ਅੰਮ੍ਰਿਤ ਘਰ ਮੇਘ ਸਵਨ, ਘਰ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਦਰ ਦਵਾਰ ਆਪ ਨਿਰੰਕਾਰਾ ।

### * ੬ ਮਾਘ ੨੦੧੪ ਬਿਕ੍ਰਮੀ ਠਾਣੇਦਾਰ ਸ਼ਿਵਦੇਵ ਸਿੰਘ ਦੇ ਘਰ ਪਿੰਡ ਅਸਮਾਨ ਸ਼ਹੀਦ ਤਹਿਸੀਲ ਦਸੂਹਾ ਜ਼ਿਲਾ ਹੁਸ਼ਿਆਰ ਪੁਰ *

ਪੁਰਖ ਅਗੰਮੜਾ ਅਗੰਮ, ਅਗੰਮ ਸਮਾਇਆ । ਹੱਡ ਮਾਸ ਨਾੜੀ ਨਾ ਕੋਈ ਚੰਮ, ਪੰਜ ਤਤ ਨਾ ਨੱਤ ਬੰਧਾਇਆ । ਪਵਣ ਸਵਾਸ ਨਾ ਕੋਈ ਦਮ, ਰਸਨਾ ਜਿਹਵਾ ਨਾ ਕੋਈ ਰਖਾਇਆ । ਆਪੇ ਜਾਣੇ ਆਪਣਾ ਨਾਮ, ਆਪ ਆਪਣਾ ਨਾਉਂ ਧਰਾਇਆ । ਆਪੇ ਜਾਣੇ ਆਪਣਾ ਕੰਮ, ਆਪ ਆਪਣੀ ਕਾਰ ਕਮਾਇਆ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਈ ਰਖਾਇਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਆਲਸ ਨਿੰਦਰਾ ਵਿਚ ਨਾ ਆਇਆ । ਆਪੇ ਵਸਿਆ ਧਾਮ ਅਗੰਮ, ਅਗੰਮੜਾ ਰੂਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਪਰਗਟਾਏ, ਆਪ ਆਪਣੀ ਜੋਤ ਜਗਾਇਆ । ਆਪ ਆਪਣਾ ਨਾਉਂ ਧਰਾ, ਆਪ ਆਪਣਾ ਨਾਉਂ ਅਲਾਈਆ । ਆਪ ਆਪਣਾ ਥਾਉਂ ਸੁਹਾ, ਥਾਨ ਸੁਹਾਵਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਬੇਪਰਵਾਹੀਆ । ਆਪ ਆਪਣਾ ਬਣ ਮਲਾਹ, ਆਪਣਾ ਆਪ ਉਪਾਇਆ । ਆਪ ਆਪਣਾ ਜਾਣੇ ਰਾਹ, ਆਪ ਆਪਣੇ ਧੰਦੇ ਲਾਇਆ । ਆਪ ਆਪਣਾ ਜਾਣੇ ਨਾਂ, ਆਪ ਆਪਣੇ ਵਿਚ ਸਮਾਇਆ । ਆਪ ਆਪਣੀ ਰੱਖੇ ਛਾਂ, ਆਪ ਆਪਣਾ ਛੱਪਰ ਛਾਇਆ । ਆਪ ਆਪਣਾ ਸੁਹਾਏ ਥਾਂ, ਥਿਰ ਘਰ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਟਾਇਆ । ਆਪ ਆਪਣਾ ਰੰਗ ਰੰਗਾ, ਆਪਣੀ ਕਲ ਧਾਰੀਆ । ਆਪ ਆਪਣਾ ਸੰਗ ਰਖਾ, ਆਪ ਆਪਣੀ ਪੈਜ ਸਵਾਰੀਆ । ਆਪ ਆਪਣਾ ਬੰਕ ਸੁਹਾ, ਆਪ ਆਪਣਾ ਹੋਏ ਦਵਾਰੀਆ । ਆਪ ਆਪਣਾ ਡੰਕ ਵਜਾ, ਆਪੇ ਸੁਣੇ ਸੁਨਣੇਹਾਰੀਆ । ਆਪੇ ਰਾਓ ਰੰਕ ਅਖਵਾ, ਸ਼ਾਹੋ ਭੂਪ ਆਪ ਅਖਵਾ ਰਿਹਾ । ਆਪੇ ਜੋਤੀ ਦੀਪਕ ਜਗਾ, ਆਪੇ ਨਿਰਮਲ ਨੂਰ ਕਰੇ ਉਜਿਆਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰੀਆ । ਆਪਣੀ ਕਾਰ ਆਪ ਕਰ,

ਆਪਣਾ ਕਰਮ ਕਮਾਇਆ । ਜੋਤੀ ਖੇਲ ਕਰ ਮਹਾਨ, ਮਹਿਮਾ ਰੂਪ ਸਮਾਇਆ । ਆਪ ਆਪਣਾ ਦੇਵੇ ਦਾਨ, ਆਪ ਆਪਣੀ ਝੋਲੀ ਪਾਇਆ । ਆਪ ਆਪਣਾ ਕਰ ਅਸ਼ਨਾਨ, ਆਪ ਆਪਣੇ ਤੀਰਥ ਨਹਾਇਆ । ਆਪ ਆਪਣਾ ਦੇਵੇ ਮਾਣ, ਆਪ ਆਪਣਾ ਸੰਗ ਰਖਾਇਆ । ਆਪ ਆਪਣੀ ਜਾਣੇ ਆਣ, ਆਪ ਆਪਣੀ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਆਪੇ ਖੇਲੇ ਖੇਲ ਖਿਲੰਤਾ, ਨਿਰਗੁਣ ਹਰਿ ਨਿਰੰਕਾਰਾ । ਆਪ ਆਪਣਾ ਦਰ ਸੁਹੰਤਾ, ਆਪ ਸੁਹਾਏ ਮਹੱਲ ਮੁਨਾਰਾ । ਆਪ ਆਪਣਾ ਨਾਦ ਵਜੰਤਾ, ਆਪੇ ਹੋਏ ਵਜਾਵਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਪਾਵੇ ਸਾਰਾ । ਆਪ ਆਪਣੀ ਪਾਵੇ ਸਾਰ, ਆਦਿ ਪੁਰਖ ਅਬਿਨਾਸ਼ਾ । ਆਪ ਆਪਣਾ ਮਹੱਲ ਉਸਾਰ, ਆਪੇ ਖੇਲੇ ਖੇਲ ਤਮਾਸ਼ਾ । ਸਚ ਸਿੰਘਾਸਣ ਕਰ ਤਿਆਰ, ਆਪੇ ਹੋਏ ਦਾਸੀ ਦਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸ਼ਾਹੋ ਸ਼ਬਾਸਾ । ਸ਼ਾਹੋ ਸ਼ਬਾਸ ਹਰਿ ਸੁਲਤਾਨਾ, ਏਕਾ ਏਕ ਰਖਾਇਆ । ਸਚ ਸਿੰਘਾਸਣ ਹਰਿ ਮਿਹਰਵਾਨਾ, ਜੋਤੀ ਆਸਣ ਲਾਇਆ । ਪੁਰਖ ਅਬਿਨਾਸ਼ੀ ਬੰਨੇ ਗਾਨਾ, ਸਾਚਾ ਸਗਨ ਮਨਾਇਆ । ਨਾ ਕੋਈ ਚਿੱਲਾ ਨਾ ਤੀਰ ਕਮਾਨਾ, ਨਾ ਕੋਈ ਸ਼ਸਤਰ ਸੰਗ ਰਖਾਇਆ । ਨਾ ਕੋਈ ਜੋਧਾ ਸੂਰਬੀਰ ਬਲੀਵਾਨਾ, ਕੇਸਾਧਾਰੀ ਦਿਸ ਨਾ ਆਇਆ । ਨਾ ਕੋਈ ਨਾਨਕ ਗੋਬਿੰਦ ਗਾਏ ਤੇਰਾ ਇਕ ਤਰਾਨਾ, ਨਾ ਕੋਈ ਰਾਗ ਅਲਾਇਆ । ਪਾਰਬ੍ਰਹਮ ਤੇਰਾ ਸਚ ਨਿਸ਼ਾਨਾ, ਤੇਰਾ ਤੇਰੇ ਵਿਚ ਸਮਾਇਆ । ਆਦਿ ਪੁਰਖ ਜੋਤ ਮਹਾਨਾ, ਆਦਿ ਸ਼ਕਤ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਆਸਣ ਡੇਰਾ ਲਾਇਆ । ਆਪਣੇ ਆਸਣ ਡੇਰਾ ਲਾ, ਹਰਿ ਆਪਣੀ ਕਲ ਵਰਤਾਈਆ । ਆਪ ਆਪਣਾ ਵੇਖ ਵਖਾ, ਘਰ ਆਪਣੇ ਖ਼ੁਸ਼ੀ ਮਨਾਈਆ । ਦੂਸਰ ਕੋਈ ਦਿਸੇ ਨਾ, ਨਾ ਕੋਈ ਰਚਨ ਰਚਾਈਆ । ਜੋਤੀ ਨੂਰ ਅਗੰਮ ਅਥਾਹ, ਬੇਪਰਵਾਹ ਆਪ ਅਖਵਾਈਆ । ਆਪ ਆਪਣਾ ਬਣ ਮਲਾਹ, ਆਪ ਆਪਣਾ ਬੇੜਾ ਰਿਹਾ ਚਲਾਈਆ । ਆਪ ਆਪਣੀ ਦਏ ਸਲਾਹ, ਆਪ ਆਪਣਾ ਮਤਾ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਬੈਠਾ ਜੋਤ ਜਗਾਈਆ । ਥਿਰ ਘਰ ਸਾਚਾ ਸਚ ਦਵਾਰਾ, ਹਰਿ ਸਾਚੇ ਆਪ ਸੁਹਾਇਆ । ਨਾ ਕੋਈ ਦੀਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਈ ਰਖਾਈਆ । ਨਾ ਕੋਈ ਕਰੇ ਬੰਦ ਕਿਵਾੜਾ, ਨਾ ਕੋਈ ਮੁਖ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਇਆ । ਆਪ ਆਪਣਾ ਦਰ ਸੁਹਾ, ਆਪਣੀ ਜੋਤ ਜਗਾਈਆ । ਆਪ ਆਪਣੀ ਅਲੱਖ ਜਗਾ, ਅਲੱਖ ਨਿਰੰਜਣ ਆਪ ਅਖਵਾਈਆ । ਆਪ ਆਪਣਾ ਮਜਨ ਕਰਾ, ਆਪ ਆਪਣਾ ਧਾਮ ਸੁਹਾਈਆ । ਆਪ ਆਪਣਾ ਸੱਜਣ ਅਖਵਾ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕੰਕਾਰਾ, ਪਾਰਬ੍ਰਹਮ ਲੈ ਅਵਤਾਰਾ, ਪੂਰਨ ਜੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ਾ, ਪਰਮ ਪੁਰਖ ਅਖਵਾਇਆ । ਆਦਿ ਅੰਤ ਨਾ ਕਦੇ ਵਿਨਾਸਾ, ਨਾ ਮਰੇ ਨਾ ਜਾਇਆ । ਸਰਬ ਗੁਣਾਂ ਗੁਣ ਆਪੇ ਤਾਸਾ, ਗੁਣਵੰਤਾ ਨਾਉਂ ਰਖਾਇਆ । ਆਪ ਆਪਣਾ ਦੇ ਭਰਵਾਸਾ, ਆਪ ਆਪਣੀ ਧੀਰ ਧਰਾਇਆ । ਆਪ ਆਪਣੇ ਘਰ ਰੱਖਿਆ ਵਾਸਾ, ਆਪ ਆਪਣਾ ਵੇਖ ਵਖਾਇਆ । ਆਪੇ ਭਰਿਆ ਆਪਣਾ ਕਾਸਾ, ਆਪਣੀ ਭਿਛਿਆ ਆਪੇ ਪਾਇਆ । ਆਪੇ ਮੰਡਲ ਪਾਏ ਰਾਸਾ, ਵੇਖਣਹਾਰ ਆਪ ਅਖਵਾਇਆ ।


੧੧੫ ੦੨

ਆਪ ਆਪਣਾ ਹੋਏ ਦਾਸੀ ਦਾਸਾ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਵਸਾਇਆ । ਘਰ ਵਸਾਏ ਆਦਿ ਨਿਰੰਜਣ, ਆਪਣੀ ਜੋਤ ਜਗਾਈਆ । ਆਪਣੇ ਨੇਤਰ ਆਪਣਾ ਪਾਇਆ ਅੰਜਨ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਹੋਇਆ ਦਰਦ ਦੁੱਖ ਭੈ ਭੰਜਨ, ਆਪ ਆਪਣਾ ਸੰਗ ਰਖਾਈਆ । ਆਪ ਆਪਣਾ ਪੜਦਾ ਆਇਆ ਕੱਜਣ, ਆਪ ਆਪਣਾ ਮੁਖ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਸੇਜ ਵਿਛਾਈਆ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਸਾਚੇ ਆਪ ਉਸਾਰਿਆ । ਆਪੇ ਵਸਿਆ ਇਕ ਅਕੱਲਾ, ਨਾ ਦੂਸਰ ਨਾਉਂ ਧਰਾਇਆ । ਨਾ ਕੋਈ ਦੀਸੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਜਲ ਥਲ ਨਾ ਕੋਈ ਕਿਨਾਰਿਆ । ਨਾ ਕੋਈ ਪ੍ਰਿਥਮੀ ਅਕਾਸ਼, ਨਾ ਕੋਇ ਸੋਹੇ ਬੰਕ ਦਵਾਰਿਆ । ਨਾ ਕੋਈ ਵਿਸ਼ਨੂੰ ਵੰਸੀ ਰੱਖੇ ਆਸ, ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਨਾ ਕੋਈ ਪਸਾਰਿਆ । ਖੇਲੇ ਖੇਲ ਹਰਿ ਅਬਿਨਾਸ਼, ਆਪੇ ਸੋਹੇ ਬੰਕ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਾਏ ਜੋਤ ਇਕ ਨਿਰੰਕਾਰਿਆ । ਇਕ ਅਕੱਲਾ ਏਕੰਕਾਰਾ, ਏਕਾ ਰੰਗ ਸਮਾਇਆ । ਆਪ ਆਪਣੀ ਬੰਨੇ ਧਾਰਾ, ਆਪ ਆਪਣੀ ਧਾਰ ਚਲਾਇਆ । ਆਪ ਆਪਣਾ ਕਰ ਜੈਕਾਰਾ, ਆਪ ਆਪਣਾ ਨਾਅਰਾ ਲਾਇਆ । ਆਪ ਆਪਣਾ ਵੇਖ ਦਵਾਰਾ, ਆਪੇ ਦਏ ਸੁਹਾਇਆ । ਥਿਰ ਘਰ ਤੇਰਾ ਧਾਮ ਅਪਾਰਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੁਣੇ ਪੁਕਾਰਾ । ਆਪ ਆਪਣੀ ਕਰ ਪੁਕਾਰ, ਹਰਿ ਆਪੇ ਰਿਹਾ ਸੁਣਾਈਆ । ਆਪ ਆਪਣਾ ਕਰ ਉਜਿਆਰ, ਆਪ ਆਪਣੀ ਕਰੇ ਰੁਸ਼ਨਾਈਆ । ਆਪ ਆਪਣਾ ਮੀਤ ਮੁਰਾਰ, ਆਪ ਆਪਣਾ ਸੰਗ ਰਖਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਸੇਜ ਹੰਢਾਈਆ । ਆਪ ਆਪਣੀ ਬਣਿਆ ਨਾਰ, ਆਪੇ ਕੰਤ ਅਖਵਾਈਆ । ਆਪੇ ਪਾਏ ਸਾਚੇ ਹਾਰ, ਸਚ ਸੁਗੰਧਤਾ ਆਪ ਵਖਾਈਆ । ਆਪ ਆਪਣਾ ਕਰੇ ਅੰਗੀਕਾਰ, ਆਪ ਆਪਣੇ ਅੰਗ ਲਗਾਈਆ । ਸਚ ਪਲੰਘੀ ਬੈਠ ਨਿਰੰਕਾਰ, ਆਪ ਆਪਣਾ ਮਰਦੰਗ ਵਜਾਈਆ । ਨਾ ਕੋਈ ਦਿਸੇ ਮਰਦਾਨੇ ਤੇਰੀ ਸਤਾਰ, ਨਾ ਕੋਈ ਜਨਮ ਦਵਾਈਆ । ਆਦਿ ਪੁਰਖ ਕਰਨੀ ਕਰਤਾ ਕਰਤਾਰ, ਕਰਨਹਾਰ ਆਪ ਹੋ ਜਾਈਆ । ਆਪੇ ਬੈਠ ਸੱਚੇ ਦਰਬਾਰ, ਸਚ ਸੁੱਚ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਸਣ ਰਿਹਾ ਸੁਹਾਈਆ । ਹਰਿ ਹਰਿ ਆਸਣ ਸੋਭਾਵੰਤ, ਮਹਿਮਾ ਗਣੀ ਨਾ ਜਾਇਆ । ਜਗੇ ਜੋਤ ਇਕ ਭਗਵੰਤ, ਨੂਰੋ ਨੂਰ ਸਮਾਇਆ । ਨਾ ਕੋਈ ਸਾਧ ਨਾ ਕੋਈ ਸੰਤ, ਨਾ ਕੋਈ ਜੀਵ ਨਾ ਕੋਈ ਜੰਤ, ਗੁਰ ਪੀਰ ਅਵਤਾਰ ਨਾ ਕੋਈ ਦਿਸਾਇਆ । ਆਪੇ ਨਾਰੀ ਆਪੇ ਕੰਤ, ਥਿਰ ਘਰ ਬੈਠ ਸੇਜ ਵਛਾਇਆ । ਆਪ ਹੰਢਾਏ ਆਪਣੀ ਰੁੱਤ ਬਸੰਤ, ਫਲ ਫੁਲਵਾੜੀ ਵੇਖ ਵਖਾਇਆ । ਆਪੇ ਆਪਣਾ ਕਰਿਆ ਮੰਤ, ਆਪ ਆਪਣਾ ਨਾਮ ਦ੍ਰਿੜਾਇਆ । ਆਪ ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਈ ਦਿਸਾਇਆ । ਆਪੇ ਆਦਿ ਆਪੇ ਅੰਤ, ਆਦਿ ਜੁਗਾਦਿ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਬੈਠਾ ਆਸਣ ਲਾਇਆ । ਘਰ ਮਹੱਲਾ ਸਚ ਟਿਕਾਣਾ, ਹਰਿ ਸਾਚੇ ਜੋਤ ਜਗਾਈਆ । ਨਾ ਕੋਈ ਪਵਣ ਨਾ ਕੋਈ ਮਸਾਣਾ, ਨਾ ਕੋਈ ਰਾਗ ਧੁਨ ਉਪਜਾਈਆ । ਨਾ ਕੋਈ ਰਾਗ ਨਾ ਕੋਈ ਗਾਣਾ, ਨਾ ਕੋਈ ਤਾਰ ਸਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੧੬
੦੨

ਕਰ, ਨਿਰਗੁਣ ਰੂਪ ਆਪ ਅਖਵਾਈਆ । ਨਿਰਗੁਣ ਰੂਪ ਹਰਿ ਨਿਰਵੈਰਾ, ਏਕਾ ਰੰਗ ਸਮਾਇਆ । ਆਪ ਆਪਣੀ ਕਰੇ ਮਿਹਰਾ, ਮਿਹਰਵਾਨ ਆਪ ਅਖਵਾਇਆ । ਆਪੇ ਗੁਰੂ ਆਪੇ ਚੇਰਾ, ਚੇਰਾ ਗੁਰ ਆਪ ਅਖਵਾਇਆ । ਆਪੇ ਸੰਝ ਆਪ ਸਵੇਰਾ, ਦਿਵਸ ਰੈਣ ਆਪ ਹੋ ਜਾਇਆ । ਆਪਣਾ ਕਰੇ ਆਪ ਨਿਬੇੜਾ, ਨਾ ਕੋਈ ਸਾਲਸ ਹੋਰ ਰਖਾਇਆ । ਆਪ ਵਸਾਏ ਆਪਣਾ ਖੇੜਾ, ਘਰ ਆਪਣੇ ਆਸਣ ਲਾਇਆ । ਆਪੇ ਜਾਣੇ ਆਪਣਾ ਗੇੜਾ, ਭੇਵ ਕੋਈ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸੁਹਾਇਆ । ਥਿਰ ਘਰ ਸਾਚਾ ਸਚ ਅਟਾਰੀ, ਹਰਿ ਸਾਚੀ ਜੋਤ ਜਗਾਈਆ । ਖੇਲੇ ਖੇਲ ਅਗੰਮ ਅਪਾਰੀ, ਦਿਸ ਕਿਸੇ ਨਾ ਆਈਆ । ਆਪ ਆਪਣੀ ਪਾਵੇ ਸਾਰੀ, ਆਪ ਆਪਣਾ ਭੇਵ ਖੁਲ੍ਹਾਈਆ । ਨਾ ਕੋਈ ਦੇਹਿਰਾ ਮੰਦਰ ਮੱਠ ਗੁਰ ਦਵਾਰੀ, ਸ਼ਿਵਦਵਾਲਾ ਨਾ ਕੋਈ ਰਖਾਈਆ । ਐਨਲਹੱਕ ਨਾ ਰਿਹਾ ਕੋਈ ਪੁਕਾਰੀ, ਨਾ ਕੋਈ ਸਦਾ ਲਗਾਈਆ । ਆਪਣੇ ਘਰ ਵਸਿਆ ਹਰਿ ਨਿਰੰਕਾਰੀ, ਆਦਿ ਪੁਰਖ ਆਪ ਅਖਵਾਈਆ । ਨਾ ਕੋਈ ਬ੍ਰਹਮਾ ਵੇਤਾ ਚਾਰ ਵੇਦ ਰਹੇ ਲਿਖਾਰੀ, ਵੇਦ ਵਿਆਸਾ ਪੁਰਾਨ ਅਠਾਰਾਂ ਨਾ ਕੋਈ ਲਿਖਾਈਆ । ਪਾਰਬ੍ਰਹਮ ਪ੍ਰਭ ਵਡ ਸਿਕਦਾਰੀ, ਖੇਲੇ ਖੇਲਣਹਾਰ ਆਪ ਅਖਵਾਈਆ । ਆਪ ਆਪਣੀ ਕਰੇ ਜੋਤ ਉਜਿਆਰੀ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਸੁਹਾਈਆ । ਪੂਰਬ ਲਹਿਣਾ ਵੇਖ, ਗੁਰਮੁਖ ਜਗਾਇਆ । ਆਪੇ ਲਿਖਣਹਾਰਾ ਲੇਖ, ਆਪੇ ਲਏ ਮਿਟਾਇਆ । ਆਪੇ ਦਾਤਾ ਦਸ ਦਸਮੇਸ, ਦਰ ਦਰਵੇਸ਼ ਆਪ ਅਖਵਾਇਆ । ਆਪੇ ਹੋਏ ਨਰ ਨਰੇਸ਼, ਨਰ ਨਿਰੰਕਾਰਾ ਆਪ ਅਖਵਾਇਆ । ਆਪੇ ਹੋਏ ਗਵਰਧਨ ਧਾਰੀ ਰਿਖੀ ਕੇਸ, ਕਾਹਨਾ
੧੧੭ ੦੨ ਕ੍ਰਿਸ਼ਨਾ ਆਪ ਅਖਵਾਇਆ । ਆਪੇ ਰਾਮ ਰਮਈਆ ਕਰੇ ਆਦੇਸ, ਰਾਮ ਰਾਮਾ ਵਿਚ ਸਮਾਇਆ । ਆਪੇ ਪਾਰਬ੍ਰਹਮ ਪ੍ਰਭ ਵਸਿਆ ਆਪਣੇ ਦੇਸ, ੧੧੭ ੦੨
ਆਪੇ ਵੇਸ ਵਟਾਇਆ । ਆਪੇ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚੇ ਸਚ ਗਿਆਨਾ, ਏਕਾ ਨਾਮ ਦ੍ਰਿੜਾਇਆ । ਆਪੇ ਬਖ਼ਸ਼ੇ ਚਰਨ ਧਿਆਨਾ, ਇਕ ਬਿਬਾਨ ਚੜ੍ਹਾਇਆ । ਆਤਮ ਅੰਤਰ ਧੁਰ ਫ਼ਰਮਾਣਾ, ਧੁਨ ਅਨਾਦੀ ਆਪ ਸੁਣਾਇਆ । ਇਕ ਸੁਣਾਏ ਸਾਚਾ ਗਾਣਾ, ਅਨਹਦ ਤਾਲ ਵਜਾਇਆ । ਹਉਮੇ ਹੰਗਤਾ ਰੋਗ ਗਵਾਨਾ, ਜਿਸ ਜਨ ਚਰਨੀ ਸੀਸ ਝੁਕਾਇਆ । ਏਕਾ ਮੰਗਿਆ ਸਾਚਾ ਦਾਨਾ, ਹਰਿ ਨਾਮਾ ਝੋਲੀ ਪਾਇਆ । ਦੋ ਜਹਾਨੀ ਮਿਲੇ ਮਾਣਾ, ਆਵਣ ਜਾਵਣ ਫੰਦ ਕਟਾਇਆ । ਰਾਏ ਧਰਮ ਮੁਖ ਛੁਪਾਨਾ, ਚਿਤਰ ਗੁਪਤ ਨਾ ਲੇਖ ਵਖਾਇਆ । ਅੰਤਮ ਮੇਲਾ ਸ੍ਰੀ ਭਗਵਾਨਾ, ਹਰਿ ਸਾਚੇ ਮੇਲ ਮਿਲਾਇਆ । ਆਵਣ ਜਾਵਣ ਚੁੱਕੀ ਕਾਣਾ, ਚਰਨ ਧੂੜ ਅਸ਼ਨਾਨ ਕਰਾਇਆ । ਥਿਰ ਘਰ ਵਖਾਏ ਸਚ ਮਕਾਨਾ, ਗੁਰਮੁਖ ਸਾਚੇ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਦਰਸ ਦਿਖਾਇਆ । ਨੇਤਰ ਨੈਣਾਂ ਦਰਸ਼ਨ ਕਰ, ਆਤਮ ਤ੍ਰਿਖਾ ਬੁਝਾਈਆ । ਏਕਾ ਦੇਵਣਹਾਰਾ ਵਰ, ਬ੍ਰਹਿਮੰਡ ਕਰੇ ਕੁੜਮਾਈਆ । ਇਕ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਈਆ । ਗੁਰਮੁਖ ਸਾਚਾ ਸਾਚੀ ਤਰਨੀ ਗਿਆ ਤਰ, ਦੋਏ ਜੋੜ ਸੀਸ ਝੁਕਾਈਆ । ਗੁਰ ਪੂਰਾ ਸ਼ਬਦ ਭੰਡਾਰਾ ਦੇਵੇ ਭਰ, ਤੋਟ ਰਹੇ ਨਾ ਰਾਈਆ । ਆਪੇ ਘਾੜਨ ਰਿਹਾ ਘੜ, ਆਪੇ ਸਾਜਨ ਸਾਜ ਅਖਵਾਈਆ । ਆਪੇ ਅੰਦਰ ਬੈਠਾ ਵੜ, ਆਪੇ ਕੁੰਡਾ ਲਾਹੀਆ । ਉਚ ਮਹੱਲੇ ਆਪੇ ਚੜ੍ਹ, ਆਪਣੀ ਜੋਤ

ਜਗਾਈਆ । ਸੰਤ ਸਹੇਲੇ ਲਏ ਫੜ, ਜੁਗ ਜੁਗ ਵੱਡੀ ਵਡਿਆਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਕੋਟ ਕਿਲਾ ਗੜ੍ਹ ਗੁਰਮੁਖ ਸਾਚੇ ਤੇਰੇ ਅੰਦਰ ਬੈਠਾ ਆਸਣ ਲਾਈਆ । ਏਕਾ ਅੱਖਰ ਜਾਣਾ ਪੜ੍ਹ, ਪੰਚ ਵਿਕਾਰਾ ਜਾਏ ਸੜ, ਜਗੇ ਜੋਤ ਬਹੱਤਰ ਨੜ, ਗੁਰ ਪੂਰਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਸੰਗ ਨਿਭਾਈਆ । ਹਰਿਜਨ ਸਾਚੇ ਸਾਚਾ ਮੇਲਾ, ਹਰਿ ਆਪਣਾ ਆਪ ਕਰਾਇਆ । ਆਪੇ ਹੋਏ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇਆ । ਆਪੇ ਵਸੇ ਰੰਗ ਨਵੇਲਾ, ਆਪੇ ਹਰ ਘਟ ਆਸਣ ਲਾਇਆ । ਆਪੇ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਕਰਮ ਹਰਿਜਨ ਸਾਚੇ ਵੇਖ ਵਖਾਇਆ । ਜਨਮ ਕਰਮ ਪ੍ਰਭ ਹੱਥ, ਜੁਗ ਜੁਗ ਵੱਡੀ ਵਡਿਆਈਆ । ਹਰਿਜਨ ਰੱਖੇ ਦੇ ਕਰ ਹੱਥ, ਜਿਸ ਜਨ ਸਾਚੀ ਓਟ ਰਖਾਈਆ । ਸ਼ਬਦ ਜਣਾਈ ਅਕੱਥਨਾ ਅਕੱਥ, ਅਗਾਧ ਬੋਧ ਅਖਵਾਈਆ । ਸੋਹੰ ਸ਼ਬਦ ਚੜ੍ਹਾਏ ਸਾਚੇ ਰਥ, ਪਾਰਬ੍ਰਹਮ ਰਥ ਰਥਵਾਹੀਆ । ਲਹਿਣਾ ਦੇਣਾ ਚੁਕੇ ਸੀਆਂ ਸਾਢੇ ਤਿੰਨ ਤਿੰਨ ਹੱਥ, ਘਰ ਸਾਚੇ ਵੱਜੇ ਵਧਾਈਆ । ਸਗਲ ਵਿਸੂਰੇ ਗਏ ਲੱਥ, ਸਹਿਸਾ ਰੋਗ ਰਹਿਣ ਨਾ ਪਾਈਆ । ਗੁਰ ਸ਼ਬਦ ਡੋਰੀ ਪੰਚਮ ਪਾਏ ਨੱਥ, ਪੰਚਾਂ ਲਏ ਜਗਾਈਆ । ਆਤਮ ਅੰਦਰ ਦੇਵੇ ਵੱਥ, ਗੁਰ ਵਡ ਵੱਡੀ ਵਡਿਆਈਆ । ਜੋ ਬਣਿਆ ਸੋ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਈਆ । ਗੁਰਚਰਨ ਦਵਾਰਾ ਤੀਰਥ ਅਠਸਠ, ਸਾਚਾ ਮਜਨ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਕਰਮਾਂ ਦਏ ਮਿਟਾਈਆ । ਪਿਛਲਾ ਲੇਖਾ ਜਾਏ ਚੁੱਕ, ਹਰਿਜਨ ਆਏ ਚਰਨ ਦਵਾਰਾ । ਆਪ ਮਿਟਾਏ ਤ੍ਰਿਸਨਾ ਭੁੱਖ, ਅੰਮ੍ਰਿਤ ਆਤਮ ਦੇਵੇ ਨਾਮ ਅਧਾਰਾ । ਸੁਫਲ ਕਰਾਏ ਮਾਤ ਕੁੱਖ, ਜੋ ਜਨ ਮੰਗੇ ਸਚ ਦਵਾਰਾ । ਉਲਟਾ ਗਰਭ ਵਾਸ ਨਾ ਹੋਏ ਰੁੱਖ, ਦੋ ਜਹਾਨੀ ਪਾਰ ਕਿਨਾਰਾ । ਉਜਲ ਕਰੇ ਮਾਤ ਮੁੱਖ, ਗੁਰ ਪੂਰਾ ਮਾਤ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਵਰ, ਬਖ਼ਸ਼ੇ ਨਾਮ ਸੱਚਾ ਭੰਡਾਰਾ । ਆਪੇ ਵੇਖੇ ਸਗਲ ਪਸਾਰਾ, ਬ੍ਰਹਿਮਾਦੀ ਖੋਜ ਖੋਜਾਈਆ । ਅਕਲ ਕਲਾ ਕਲ ਆਪੇ ਧਾਰਾ, ਆਦਿ ਜੁਗਾਦੀ ਆਪ ਅਖਵਾਈਆ । ਨਿਹਕਲੰਕ ਨਰਾਇਣ ਨਰ ਅਵਤਾਰਾ, ਪਰਗਟ ਹੋਏ ਵਿਚ ਸੰਸਾਰਾ, ਕਲਜੁਗ ਕੂੜਾ ਕੂੜੀ ਰਾਸ, ਕੂੜੀ ਧਾਰ ਚਲਾਈਆ । ਅੰਤਮ ਵੇਲੇ ਹੋਏ ਨਾਸ, ਪ੍ਰਭ ਸਾਚਾ ਆਪ ਕਰਾਈਆ । ਪਰਗਟ ਹੋਏ ਸਰਬ ਗੁਣਤਾਸ, ਵੇਖ ਵਖਾਏ ਥਾਉਂ ਥਾਈਂਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਫੇਰਾ ਪਾਈਆ । ਜਨ ਭਗਤਾਂ ਹਿਰਦੇ ਅੰਦਰ ਰੱਖੇ ਵਾਸ, ਨਿਝ ਘਰ ਬੈਠਾ ਆਸਣ ਲਾਈਆ । ਰਸਨਾ ਜਿਹਵਾ ਇਕ ਸਵਾਸ, ਮਣੀਆ ਮੰਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਮਲ ਜੋਤ ਕਰੇ ਰੁਸ਼ਨਾਈਆ । ਨਿਰਮਲ ਜੋਤ ਜਗਤ ਉਜਾਗਰ, ਹਰਿ ਸਾਚੇ ਆਪ ਕਰਾਈਆ । ਨੌਂ ਖੰਡ ਵੇਖੇ ਡੂੰਘਾ ਸਾਗਰ, ਲੱਖ ਚੁਰਾਸੀ ਆਪ ਹਿਲਾਈਆ । ਹਰ ਘਟ ਵਸਿਆ ਕਾਇਆ ਗਾਗਰ, ਆਪ ਆਪਣਾ ਮੁਖ ਛੁਪਾਈਆ । ਗੁਰਮੁਖ ਹੋਏ ਨਾਮ ਸੁਦਾਗਰ, ਏਕਾ ਵਣਜ ਸੱਚਾ ਕਰਾਈਆ । ਮਿਲੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਈਆ । ਅੱਠੇ ਪਹਿਰ ਦਿਵਸ ਰੈਣ ਇਕਾਂਤ ਇਕਾਗਰ, ਏਕਾ ਲਿਵ ਜੋਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਨ ਗੋਤ ਨਾ ਕੋਈ ਰਖਾਈਆ । ਪੰਚਮ

ਸ਼ਬਦ ਪੰਚਮ ਗਿਆਨਾ, ਪੰਚਮ ਵੱਜੇ ਵਧਾਈਆ । ਪੰਚਮ ਰਾਗੀ ਨਾਦੀ ਗਾਏ ਗਾਨਾ, ਪੰਚਮ ਤਾਰ ਹਿਲਾਈਆ । ਪੰਚਮ ਕਰੇ ਆਪ ਪਛਾਨਾ, ਪੰਚਮ ਬੂਝ ਬੁਝਾਈਆ । ਪੰਚਮ ਦੇਵੇ ਨਾਮ ਨਿਧਾਨਾ, ਪੰਚਮ ਲੇਖ ਚੁਕਾਈਆ । ਪੰਚਮ ਪਾਇਆ ਪਦ ਨਿਰਬਾਨਾ, ਪੰਚਮ ਦਰ ਸੁਹਾਈਆ । ਪੰਚਮ ਮੇਲ ਸ੍ਰੀ ਭਗਵਾਨਾ, ਪੰਚਮ ਦਏ ਮਿਟਾਈਆ । ਪੰਚਮ ਅੱਖਰ ਕਰ ਪਰਧਾਨਾ, ਪੰਚਮ ਮੋਹ ਚੁਕਾਈਆ । ਪੰਚਮ ਵਖਾਏ ਇਕ ਨਿਸ਼ਾਨਾ, ਪੰਚਮ ਆਪ ਝੁਲਾਈਆ । ਪੰਚਮ ਦੇਵੇ ਧਰਮ ਬਿਬਾਨਾ, ਪੰਚਮ ਲਏ ਚੜ੍ਹਾਈਆ । ਪੰਚਮ ਚੁਕਾਏ ਅੰਤਮ ਕਾਨਾ, ਪੰਚਮ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਵਣ ਸੁਰਤੀ ਇਕ ਗਿਆਨਾ, ਮਿਲਿਆ ਮੇਲ ਸ੍ਰੀ ਭਗਵਾਨਾ, ਅਨੰਦ ਅਨੰਦ ਅਨੰਦ ਮੰਗਲ ਗਾਈਆ । ਸਾਵਣ ਸੁਰਤੀ ਹਰਿ ਪਰਨਾ, ਸਾਚੀ ਸੇਜ ਸੁਹਾਈਆ । ਅਕਾਲ ਮੂਰਤੀ ਦਰਸ ਦਿਖਾ, ਅਕਲ ਕਲਾ ਵਖਾਈਆ । ਨਾਦ ਤੂਰਤੀ ਇਕ ਵਜਾ, ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਆਪ ਆਪਣਾ ਭੇਵ ਖੁਲ੍ਹਾਏ, ਪਾਰਬ੍ਰਹਮ ਅਬਿਨਾਸ਼ਾ । ਸਤਿਗੁਰ ਪੂਰੇ ਵਿਚ ਸਮਾਏ, ਆਪੇ ਰੱਖਣਹਾਰਾ ਵਾਸਾ । ਆਪ ਆਪਣੇ ਰੰਗ ਰੰਗਾਏ, ਆਪੇ ਖੇਲੇ ਖੇਲ ਤਮਾਸ਼ਾ । ਆਪ ਆਪਣਾ ਸੰਗ ਜਣਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਬਲ ਜਾਸਾ । ਸਾਵਣ ਸਈਆ ਸਾਚਾ ਪਾ, ਨਈਆ ਨਾਮ ਚਲਾਈਆ । ਏਕਾ ਲੇਖਾ ਰਿਹਾ ਲਿਖਾ, ਧੁਰ ਫ਼ਰਮਾਣ ਇਕ ਜਣਾਈਆ । ਨੇਤਰ ਨੈਣ ਨਾ ਸਕੇ ਕੋਈ ਵਖਾ, ਦਿਸ ਕਿਸੇ ਨਾ ਆਈਆ । ਆਪਣਾ ਭੇਖ ਆਪ ਵਟਾ, ਪ੍ਰਭ ਕਰੇ ਜੋਤ ਰੁਸ਼ਨਾਈਆ । ਸਾਚਾ ਡੰਕਾ ਦਏ ਵਜਾ, ਸਤਿਗੁਰ ਪੂਰਾ ਆਪ ਅਖਵਾਈਆ ।
੧੧੯ ੦੭ ਪੁਰੀ ਘਨਕਾ ਧਾਮ ਸੁਹਾ, ਨਿਹਕਲੰਕਾ ਨਾਉਂ ਰਖਾਈਆ । ਲੱਲਾ ਲਿਪਤ ਨਾ ਰਾਈਆ । ਕੱਕਾ ਕੂੜ ਕੁੜਿਆਰਾ ਦਏ ਮਿਟਾ, ਸਾਚਾ ਮਾਰਗ ਏਕਾ ਲਾਈਆ । ਊਚਾਂ ਨੀਚਾਂ ਏਕਾ ਧਾਮ ਬਹਾ, ਏਕਾ ਬਖ਼ਸ਼ੇ ਸਚ ਸਰਨਾਈਆ । ਸਤਿਗੁਰ ਸਾਵਣ ਲੇਖਾ ਗਿਆ ਲਿਖਾ, ਚਾਰ ਸੌ ਇਕਾਠ ਪੰਨਾ ਬੂਝ ਬੁਝਾਈਆ । ਚੌਥੀ ਸੱਤਰੇ ਵੇਖਣਾ ਫੋਲ ਫੁਲਾ, ਸੱਸੇ ਉਪਰ ਹੋੜਾ ਰਿਹਾ ਟਿਕਾਈਆ । ਹਾਹੇ ਉਤੇ ਟਿੱਪੀ ਲਾ, ਪੰਜਵੀਂ ਧਾਰਾ ਆਪ ਚਲਾਈਆ । ਜਨ ਭਗਤਾਂ ਅੰਤਮ ਹੋਏ ਸਹਾ, ਪਾਰਬ੍ਰਹਮ ਵੱਡੀ ਵਡਿਆਈਆ । ਆਪਣਾ ਲੇਖਾ ਆਪੇ ਲਏ ਗਣਾ, ਦੂਸਰ ਭੇਵ ਨਾ ਜਾਣੇ ਰਾਈਆ । ਹੱਥੀਂ ਟਿੱਕਾ ਨਾ ਦਿਤਾ ਕਿਸੇ ਲਾ, ਬੰਦ ਕਿਵਾੜ ਨਾ ਕੋਈ ਖੁਲ੍ਹਾਈਆ । ਮਿਲਿਆ ਮੇਲ ਨਾ ਬੇਪਰਵਾਹ, ਗੁਰ ਪੂਰਾ ਦਿਸ ਨਾ ਆਈਆ । ਆਪ ਆਪਣਾ ਲਹਿਣਾ ਝੋਲੀ ਪਾ, ਆਪਣੀ ਹੱਥੀਂ ਗਿਆ ਲਿਖਾਈਆ । ਗੁਰ ਸ਼ਬਦ ਪਰਗਟ ਹੋਏ ਜਗਤ ਮਲਾਹ, ਏਕਾ ਬੇੜਾ ਦਏ ਚਲਾਈਆ । ਨਗਰ ਖੇੜੇ ਦੇਵੇ ਢਾਹ, ਉਚੇ ਮੰਦਰ ਰਹਿਣ ਨਾ ਪਾਈਆ । ਗੁਰਮੁਖ ਸਾਜਨ ਲਏ ਮਿਲਾ, ਆਤਮ ਜੋਤੀ ਜੋਤ ਜਗਾਈਆ । ਸਾਚਾ ਦਰ ਦਏ ਵਖਾ, ਜੋਤ ਨਿਰੰਜਣ ਸੇਵਾ ਲਾਈਆ । ਦਰਦ ਦੁੱਖ ਭੈ ਭੰਜਨ ਆਪ ਅਖਵਾ, ਪੰਚਮ ਮੇਲਾ ਸਹਿਜ ਸੁਭਾਈਆ । ਚਾਰ ਵਰਨ ਰਾਓ ਰੰਕ ਊਚ ਨੀਚ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਥਾਂ ਦਏ ਬਹਾ, ਦੇਵੇ ਨਾਮ ਵੱਡੀ ਵਡਿਆਈਆ । ਗੁਰ ਮੰਤਰ ਨਾਮ ਸਾਚਾ ਦਏ ਜਪਾ, ਸਤਿਜੁਗ ਸਾਚੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਵੇਖਣਹਾਰਾ ਆਪੇ ਲਏ ਕਢਾਈਆ ।

੧੧੯ ੦੭

ਪੁੱਤ ਪੋਤਰਾ ਬੰਸ ਪਰਵਾਰਾ, ਮਾਇਆ ਬੰਧਨ ਪਾਇਆ । ਪਹਿਲਾ ਮੰਗੋ ਨਾਮ ਅਧਾਰਾ, ਦੂਜੇ ਦਰ ਝੋਲੀ ਪਾਇਆ । ਤੀਜੇ ਵਾਰੀ ਭਰੇ ਭੰਡਾਰਾ, ਪੂਤ ਸਪੂਤਾ ਦਏ ਉਪਾਇਆ । ਖਾਲੀ ਦਿਸੇ ਨਾ ਹਰਿ ਦਵਾਰਾ, ਤੋਟ ਰਹੇ ਨਾ ਰਾਇਆ । ਲੇਖਾ ਲਿਖਣਹਾਰ ਆਪ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਇਆ । ਮੰਗੋ ਨਾਮ ਦਾਨ, ਮਿਲੇ ਮੇਲ ਭਗਵਾਨਾ । ਝੋਲੀ ਬਖ਼ਸ਼ੇ ਸਾਚਾ ਬਾਲ, ਗੁਣਵੰਤਾ ਗੁਣ ਨਿਧਾਨਾ । ਕਰੇ ਕਰਾਏ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਜੀਆ ਦਾਨਾ । ਜੀਆ ਦਾਨ ਜੋ ਜਨ ਲੋੜੇ, ਪੂਰਨ ਆਸ ਕਰਾਈਆ । ਦਰ ਆਇਆ ਪ੍ਰਭ ਕਦੇ ਨਾ ਮੋੜੇ, ਜੋ ਜਨ ਬੈਠੇ ਸੀਸ ਝੁਕਾਈਆ । ਵੇਖੇ ਪਰਖੇ ਮਿੱਠੇ ਕੌੜੇ, ਵੇਖਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਨਾਮ ਭੰਡਾਰਾ ਸਾਚਾ ਭਰਿਆ, ਗੁਰ ਪੂਰੇ ਹੱਥ ਵਡਿਆਈਆ । ਦਰਸ਼ਨ ਕਰ ਕਰ ਹਰਿਜਨ ਤਰਿਆ, ਹਰਿ ਹਰਿ ਰੰਗ ਰੰਗਾਈਆ । ਆਤਮ ਨੁਹੌਣਾ ਸਾਚੇ ਸਰਿਆ, ਦੁਰਮਤ ਮੈਲ ਗਵਾਈਆ । ਗੁਰ ਮੰਤਰ ਸ਼ਬਦ ਸਾਚਾ ਪੜ੍ਹਿਆ, ਸਾਚੇ ਘਰ ਵੱਜੇ ਵਧਾਈਆ । ਪੰਜਾਂ ਬਹਿ ਬਹਿ ਆਪੇ ਲੜਿਆ, ਆਪੇ ਕਰੇ ਲੜਾਈਆ । ਆਪੇ ਤੋੜਨਹਾਰਾ ਹੰਕਾਰੀ ਗੜ੍ਹਿਆ, ਗੜ੍ਹ ਹੰਕਾਰੀ ਰਹਿਣ ਨਾ ਪਾਈਆ । ਗੁਰਮੁਖ ਸਾਜਣ ਪੌੜੇ ਚੜ੍ਹਿਆ, ਗੁਰ ਪੂਰਾ ਹੋਏ ਸਹਾਈਆ । ਕਲਜੁਗ ਮਾਇਆ ਅਗਨੀ ਵਿਚ ਨਾ ਸੜਿਆ, ਤੱਤੀ ਵਾ ਨਾ ਲੱਗੇ ਰਾਈਆ । ਅੰਤਮ ਵੇਲੇ ਪਾਰਬ੍ਰਹਮ ਪ੍ਰਭ ਬਾਂਹੋਂ ਆਪੇ ਫੜਿਆ, ਆਪ ਆਪਣੀ ਬੂਝ ਬੁਝਾਈਆ । ਸਿੰਘ ਸ਼ਿਵ ਦੇਵ ਸਾਚਾ ਘਾੜਨ ਘੜਿਆ, ਏਕਾ ਦੂਜਾ ਭੌ ਚੁਕਾਈਆ । ਆਪ ਬੰਧਾਏ ਆਪਣੇ ਲੜਿਆ, ਸਤਿਗੁਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਕਰੇ ਰੁਸ਼ਨਾਈਆ । ਕਿਰਪਾ ਕਰੇ ਨਾਮ ਗੁਣਵੰਤਾ, ਆਤਮ ਵੱਜੇ ਵਧਾਈਆ । ਹਰਿਜਨ ਮੇਲਾ ਸਾਚੇ ਕੰਤਾ, ਕੰਤ ਕੰਤੂਹਲ ਹੰਢਾਈਆ । ਨਾਮ ਰੰਗਣ ਚਾੜ੍ਹੇ ਇਕ ਬਸੰਤਾ, ਕਾਇਆ ਚੋਲੀ ਰੰਗ ਰੰਗਾਈਆ । ਸਾਚਾ ਥਾਨ ਆਪ ਸੁਹੰਤਾ, ਸਾਚੇ ਦਰ ਕਰੇ ਰੁਸ਼ਨਾਈਆ । ਮਿਲੇ ਵਡਿਆਈ ਵਿਚ ਜੀਵ ਜੰਤਾ, ਦੇਵੇ ਦਰਸ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਇਛਿਆ ਆਪ ਕਰਾਈਆ । ਨਾਨਕ ਨਿਰਗੁਣ ਰੂਪ, ਨਿਰਗੁਣ ਸਮਾਇਆ । ਆਪੇ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇਆ । ਜਿਸ ਜਨ ਜਾਏ ਆਪੇ ਤੁੱਠ, ਦੇਵੇ ਦਰਸ ਆਪ ਰਘੁਰਾਇਆ । ਲੁਕਿਆ ਰਹਿਣ ਨਾ ਦੇਵੇ ਗੁੱਠ, ਸ਼ਬਦੀ ਸ਼ਬਦ ਲਏ ਉਪਾਇਆ । ਜੋ ਜਨ ਬੈਠੇ ਰੁਠ, ਵੇਲੇ ਅੰਤਮ ਲਏ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੂਝ ਬੁਝਾਇਆ । ਨਾਨਕ ਗੁਰ ਨਾਮ ਨਿਧਾਨਾ, ਨਾਮੇ ਨਾਮ ਸਮਾਇਆ । ਰਸਨਾ ਗਾਇਆ ਹਰਿ ਭਗਵਾਨਾ, ਹਰਿ ਹਰਿ ਰੂਪ ਅਖਵਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਆਤਮ ਬ੍ਰਹਮ ਜਣਾਇਆ । ਏਕਾ ਦੂਜਾ ਭੌ ਮਿਟਾਨਾ, ਤੀਜਾ ਨੈਣ ਖੁਲ੍ਹਾਇਆ । ਚੌਥਾ ਘਰ ਹਰਿ ਸੁਹਾਨਾ, ਹਰਿਜਨ ਮੇਲ ਮਿਲਾਇਆ । ਰਸਨਾ ਗੌਣਾ ਸਾਚਾ ਗਾਣਾ, ਨਾਨਕ ਰਸਨ ਅਲਾਇਆ । ਸੋ ਪੁਰਖ ਨਿਰਜੰਣ ਵਡ ਮਿਹਰਵਾਨਾ, ਮਿਹਰਵਾਨ ਆਪ ਅਖਵਾਇਆ । ਆਤਮ ਦਰਸੀ ਦੇਵੇ ਦਾਨਾ, ਦਰਸ ਅਮੋਘ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਕਰੇ ਰੁਸ਼ਨਾਇਆ । ਸੋਹੰ ਸ਼ਬਦ ਰਸਨਾ ਗੌਣਾ, ਨਾਨਕ ਵੱਜੇ ਵਧਾਈਆ । ਦਸਵੇਂ

ਦਿਨ ਦਰਸ਼ਨ ਪੌਣਾ, ਦਸਮ ਦਵਾਰ ਖੁਲ੍ਹਾਈਆ । ਆਲਸ ਨਿੰਦਰਾ ਵਿਚ ਨਾ ਸੌਣਾ, ਮਾਇਆ ਮੋਹ ਚੁਕਾਈਆ । ਏਕਾ ਜਾਪ ਜਪਤ ਜਪਤ ਸੁਖ ਪੌਣਾ, ਸੋ ਪੁਰਖ ਨਿਰੰਜਣ ਮੇਲ ਮਿਲਾਈਆ । ਭੇਖਾ ਧਾਰੀ ਭੇਖ ਬਾਵਨਾ, ਅਕਲ ਕਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਏ ਦਰਸ ਦਿਖਾਏ, ਨਾਨਕ ਚੋਲਾ ਤਨ ਪਹਿਨਾਈਆ । ਨਾਨਕ ਚੋਲਾ ਪੰਜ ਤੱਤ, ਗੁਰ ਸ਼ਬਦ ਹੰਢਾਇਆ । ਆਪੇ ਵਸਿਆ ਨਾੜੀ ਰੱਤ, ਹੱਡ ਮਾਸ ਜੋੜ ਜੁੜਾਇਆ । ਆਪੇ ਦੇਵੇ ਧੀਰਜ ਜਤ, ਸਤਿ ਸੰਤੋਖ ਆਪ ਰਖਾਇਆ । ਆਪ ਲਪੇਟੇ ਸਾਚੇ ਪਟ, ਨਾਮ ਦੋਸ਼ਾਲਾ ਉਪਰ ਪਾਇਆ । ਆਪੇ ਵਸਿਆ ਘਟ ਘਟ, ਮੰਦਰ ਡੇਰਾ ਲਾਇਆ । ਗੜ੍ਹ ਹੰਕਾਰੀ ਜਾਏ ਢੱਠ, ਗੁਰ ਪੂਰਾ ਰਿਹਾ ਢਾਹਿਆ । ਮਾਇਆ ਅਗਨੀ ਹੋਏ ਮੱਠ, ਪੰਚ ਵਿਕਾਰਾ ਲੰਬੂ ਦਏ ਬੁਝਾਇਆ । ਹਰਿ ਦਵਾਰ ਰੱਖਣਾ ਏਕਾ ਹਠ, ਏਕਾ ਗੁਣ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਨੱਠ ਨੱਠ, ਭੇਖਾਧਾਰੀ ਭੇਖ ਵਟਾਇਆ ।

ਹਰਿ ਸ਼ਬਦ ਅਪਾਰ, ਗੁਰ ਸਮਾਇਆ । ਗੁਰ ਸ਼ਬਦ ਅਧਾਰ, ਗੁਰਮੁਖ ਲਏ ਜਗਾਇਆ । ਗੁਰਮੁਖ ਪਾਵੇ ਸਾਰ, ਹਉਮੇ ਰੋਗ ਗਵਾਇਆ । ਮਨਮੁਖ ਸੁੱਤੇ ਪੈਰ ਪਸਾਰ, ਕੂੜਾ ਪੜਦਾ ਪਾਇਆ । ਪਰਗਟ ਹੋਇਆ ਹਰਿ ਕਰਤਾਰ, ਕਰਤਾ ਪੁਰਖ ਅਖਵਾਇਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇਆ । ਖੇਲੇ ਖੇਲ ਵਿਚ ਸੰਸਾਰ, ਜੋਤੀ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਹਾਇਆ । ਹਰਿ ਕਾ ਸ਼ਬਦ ਵਡ ਬਲਵਾਨਾ, ਗੁਰ ਪੂਰੇ ਹੋਏ ਸਹਾਇਆ । ਗੁਰ ਪੂਰਾ ਨੌਜਵਾਨਾ, ਗੁਰਮੁਖ ਸਾਚੇ ਲਏ ਤਰਾਇਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਇਕ ਧਿਆਨ ਰਖਾਇਆ । ਮਨਮੁਖ ਭੁੱਲੇ ਜੀਵ ਨਾਦਾਨਾ, ਝੂਠੇ ਧੰਦੇ ਲਾਇਆ । ਪਰਗਟ ਹੋਏ ਸ੍ਰੀ ਭਗਵਾਨਾ, ਕਲਜੁਗ ਗੰਦੇ ਦਏ ਮੁਕਾਇਆ । ਖੇਲੇ ਖੇਲ ਦੋ ਜਹਾਨਾ, ਛੰਦ ਸੁਹਾਗੀ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਉਪਜਾਇਆ । ਹਰਿ ਕਾ ਸ਼ਬਦ ਸਾਚੀ ਦਾਤ, ਗੁਰ ਪੂਰੇ ਝੋਲੀ ਪਾਈਆ । ਗੁਰ ਪੂਰਾ ਬੰਨੇ ਚਰਨ ਨਾਤ, ਗੁਰਮੁਖ ਸਾਚੇ ਜੋੜ ਜੁੜਾਈਆ । ਗੁਰਮੁਖ ਸਾਚੇ ਆਤਮ ਅੰਤਰ ਵੇਖੇ ਮਾਰ ਝਾਤ, ਘਰ ਬੈਠਾ ਬੇਪਰਵਾਹੀਆ । ਮਨਮੁਖ ਜੀਵਾਂ ਹੋਏ ਅੰਧੇਰੀ ਰਾਤ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਭਰਮੇ ਭੁੱਲੇ ਜ਼ਾਤ ਪਾਤ, ਵਰਨ ਬਰਨ ਪਈ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਸ੍ਰਿਸ਼ਟ ਸਬਾਈਆ । ਹਰਿ ਕਾ ਸ਼ਬਦ ਸ਼ਬਦ ਗੁਰ ਦੇਵਾ, ਗੁਰ ਪੂਰੇ ਮੇਲ ਮਿਲਾਇਆ । ਗੁਰ ਪੂਰੇ ਬਖ਼ਸ਼ੇ ਸਾਚੀ ਸੇਵਾ, ਸੇਵਕ ਸੇਵਾ ਮੁਖ ਰਖਾਇਆ । ਹਰਿਜਨ ਗਾਏ ਰਸਨਾ ਜਿਹਵਾ, ਚਿੰਤਾ ਦੁੱਖ ਮਿਟਾਇਆ । ਮਨਮੁਖ ਭੁਲਾਏ ਨਾ ਕੋਇ ਲਾਏ ਥੇਵਾ, ਅੰਧ ਅੰਧੇਰ ਨਾ ਕੋਈ ਮਿਟਾਇਆ । ਪਰਗਟ ਹੋਏ ਅਲੱਖ ਅਭੇਵਾ, ਅਲੱਖ ਨਿਰੰਜਣ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਇਆ । ਹਰਿ ਕਾ ਸ਼ਬਦ ਸਦਾ ਅਬਿਨਾਸ਼ਾ, ਗੁਰ ਪੂਰੇ ਸੰਗ ਨਿਭਾਇਆ । ਗੁਰ ਪੂਰਾ ਹੋਏ ਸਰਬ ਗੁਣਤਾਸਾ, ਗੁਰਮੁਖ ਸਾਚੇ ਲਏ ਤਰਾਇਆ । ਗੁਰਮੁਖ ਸਾਚੇ ਬਲ ਬਲ ਜਾਸਾ, ਹਰਿ ਹਿਰਦੇ ਵਿਚ ਸਮਾਇਆ । ਮਨਮੁਖ ਵੇਖੇ ਕਲਜੁਗ ਕੂੜੀ ਰਾਸਾ, ਕੂੜੀ

੧੨੨
੦੨

ਕਿਰਿਆ ਤਨ ਪਰਨਾਇਆ । ਪਰਗਟ ਹੋਏ ਸ਼ਾਹੋ ਸ਼ਬਾਸ਼ਾ, ਸ਼ਾਹ ਸੁਲਤਾਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਕਰੇ ਰੁਸ਼ਨਾਇਆ । ਹਰਿ ਕਾ ਸ਼ਬਦ ਅਲੱਖ ਅਭੇਵਾ, ਗੁਰ ਸਤਿਗੁਰ ਝੋਲੀ ਪਾਇੰਦਾ । ਸਤਿਗੁਰ ਪੂਰਾ ਵਡ ਦੇਵੀ ਦੇਵਾ, ਗੁਰਮੁਖ ਵਿਰਲਾ ਮਾਤ ਮਨਾਇੰਦਾ । ਗੁਰਮੁਖ ਨਾ ਬਿਰਥਾ ਜਾਏ ਸੇਵਾ, ਜੋ ਜਨ ਸਚ ਕਮਾਇੰਦਾ । ਮਨਮੁਖ ਭੁਲਾਏ ਨੇਤਰ ਨੈਣ ਛੁਪਾਏ, ਭੇਖਾ ਧਾਰੀ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨੂਰ ਦਰਸਾਇੰਦਾ । ਹਰਿ ਕਾ ਸ਼ਬਦ ਸਚ ਤਰਾਨਾ, ਗੁਰ ਪੂਰੇ ਆਪ ਸੁਣਾਇਆ । ਗੁਰ ਪੂਰਾ ਹੋਏ ਸਦ ਮਿਹਰਵਾਨਾ, ਗੁਰਮੁਖਾਂ ਮੇਲ ਮਿਲਾਇਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਚਾਤਰਕ ਰੂਪ ਅਖਵਾਇਆ । ਮਨਮੁਖ ਭੁੱਲੇ ਜੀਵ ਨਿਧਾਨਾ, ਹਰਿ ਕਾ ਨਾਮ ਨਾ ਰਸਨਾ ਗਾਇਆ । ਕਲਜੁਗ ਅੰਤਮ ਕਰੇ ਪਛਾਨਾ, ਨਿਹਕਲੰਕੀ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਇਆ । ਹਰਿ ਕਾ ਸ਼ਬਦ ਸਚ ਸਲਾਹ, ਗੁਰ ਪੂਰੇ ਆਪ ਦਵਾਈਆ । ਗੁਰ ਪੂਰਾ ਬਣੇ ਜਗਤ ਮਲਾਹ, ਗੁਰਸਿਖ ਬੇੜਾ ਬੰਨੇ ਲਾਈਆ । ਗੁਰਮੁਖ ਮੇਲਾ ਸਾਚਾ ਸ਼ਾਹ, ਸਾਚਾ ਵਣਜ ਕਰਾਈਆ । ਮਨਮੁਖਾਂ ਨਾ ਮਿਲੇ ਕੋਈ ਥਾਂ, ਦਰ ਘਰ ਸਾਚੇ ਦਏ ਸਜਾਈਆ । ਪਰਗਟ ਹੋ ਆਪ ਜਪਾਏ ਆਪਣਾ ਨਾਂ, ਕਲਜੁਗ ਅੰਤ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰਜੰਣ ਆਪਣੀ ਅਲੱਖ ਜਗਾਈਆ । ਹਰਿ ਕਾ ਸ਼ਬਦ ਦਾਤਾ ਸੂਰਬੀਰ, ਸਤਿਗੁਰ ਸੰਗ ਨਿਭਾਇਆ । ਸਤਿਗੁਰ ਸ਼ਬਦ ਸਾਚਾ ਤੀਰ, ਗੁਰਮੁਖ ਹਿਰਦੇ ਆਪ ਲਗਾਇਆ । ਗੁਰਮੁਖ ਬਜਰ ਕਪਾਟੀ ਜਾਏ ਚੀਰ, ਇਕ ਨਿਸ਼ਾਨਾ ਵੇਖ ਵਖਾਇਆ । ਮਨਮੁਖਾਂ ਨਾ ਬੰਨੇ ਕੋਈ ਧੀਰ, ਧੀਰਜ ਧੀਰ ਨਾ ਕੋਈ ਰਖਾਇਆ । ਪਰਗਟ ਹੋਏ ਹਰਿ ਸਾਜਨ ਸਾਚਾ ਸ਼ਾਹੋ ਫਕੀਰ, ਹਕੀਰ ਹਕੀਰਾਂ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਇਆ । ਹਰਿ ਕਾ ਸ਼ਬਦ ਸਤਿਗੁਰ ਓਟ, ਹਰਿ ਸਾਜਨ ਆਪ ਰਖਾਇੰਦਾ । ਸਤਿਗੁਰ ਸ਼ਬਦ ਲਗਾਏ ਚੋਟ, ਗੁਰਸਿਖ ਤਨ ਨਗਾਰਾ ਆਪ ਵਜਾਇੰਦਾ । ਗੁਰਮੁਖ ਵਿਰਲਾ ਵਿਚੋਂ ਕੋਟੀ ਕੋਟ, ਜੋ ਜਨ ਰਸਨਾ ਜਿਹਵਾ ਗਾਇੰਦਾ । ਕਲਜੁਗ ਜੀਵ ਆਲ੍ਹਣਿਉਂ ਡਿਗੇ ਬੋਟ, ਨਾ ਅੰਤਮ ਕੋਈ ਉਠਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਪਰਗਟ ਹੋਏ ਜਾਮਾ ਨਿਰਗੁਣ ਸਮਾਇੰਦਾ । ਹਰਿ ਸ਼ਬਦ ਨਿਰਗੁਣ ਧਾਰ, ਸਰਗੁਣ ਵਿਚ ਸਮਾਈਆ । ਸਰਗੁਣ ਗੁਰ ਜਗਤ ਬਲਕਾਰ, ਗੁਰਮੁਖ ਵੇਖ ਵਖਾਈਆ । ਗੁਰਮੁਖ ਸੋਹੇ ਦਰ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪਰਗਟ ਹੋਏ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਡੰਕ ਵਜਾਈਆ । ਹਰਿ ਕਾ ਸ਼ਬਦ ਸਾਚਾ ਡੰਕਾ, ਸਤਿਗੁਰ ਸਾਚਾ ਆਪ ਜਗਾਇਆ । ਸਤਿਗੁਰ ਸਾਚਾ ਪਰਗਟ ਹੋਏ ਬਾਰ ਅਨਕਾ, ਅਨਕ ਕਲਾ ਸਮਾਇਆ । ਗੁਰਮੁਖ ਸਾਚੇ ਮੇਲ ਜਿਉਂ ਜਨ ਜਨਕਾ, ਜਨ ਜਨਨੀ ਲੇਖੇ ਲਾਇਆ । ਮਨਮੁਖਾਂ ਨਾ ਦੇਵੇ ਕੋਈ ਤਨਕਾ, ਨਾ ਕੋਈ ਬੂਝ ਬੁਝਾਇਆ । ਕਲਜੁਗ ਅੰਤਮ ਪਰਗਟ ਹੋਏ ਵਾਸੀ ਪੁਰੀ ਘਨਕਾ, ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਵਸਾਇਆ । ਹਰਿ ਸ਼ਬਦ ਘਰ ਸਾਚੇ ਵਸਿਆ, ਸਾਚੀ ਧੁਨ ਉਪਜਾਈਆ । ਸਤਿਗੁਰ ਪੂਰਾ ਰਾਹ ਸਾਚਾ ਦੱਸਿਆ, ਛਾਣ ਪੁਣ ਸ੍ਰਿਸ਼ਟ ਸਬਾਈਆ । ਗੁਰਮੁਖ ਸਾਜਨ ਦਰ ਆਏ ਨੱਸਿਆ, ਆਤਮ ਵੱਜੇ

ਵਧਾਈਆ । ਮਨਮੁਖਾਂ ਦਿਸੇ ਰੈਣ ਅੰਧੇਰੀ ਮੱਸਿਆ, ਪੰਚ ਵਿਕਾਰਾ ਜੇਵੜੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਰੇ ਕੁੜਮਾਈਆ । ਹਰਿ ਸ਼ਬਦ ਹਰਿ ਦੀਨ ਦਿਆਲਾ, ਹਰਿ ਹਰਿ ਰੰਗ ਰੰਗਾਇਆ । ਸਤਿਗੁਰ ਸ਼ਬਦ ਹੋਏ ਕਿਰਪਾਲਾ, ਕਿਰਪਾ ਨਿਧ ਅਖਵਾਇਆ । ਗੁਰਮੁਖ ਸਾਜਨ ਸਾਚੇ ਲਾਲਾ, ਆਪ ਆਪਣੀ ਗੋਦ ਉਠਾਇਆ । ਮਨਮੁਖਾਂ ਜੀਵਾਂ ਖਾਏ ਕਾਲਾ, ਨਾ ਦੀਸੇ ਕੋਈ ਸਹਾਇਆ । ਲੱਖ ਚੁਰਾਸੀ ਪਿਆ ਜੰਜਾਲਾ, ਨਾ ਸਕੇ ਕੋਈ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਇਆ । ਹਰਿ ਸ਼ਬਦ ਹਰਿ ਰੰਗ ਕਰਤਾਰਾ, ਹਰਿ ਹਰਿ ਰੂਪ ਸਮਾਇਆ । ਇਕ ਅਕੱਲਾ ਏਕੰਕਾਰਾ, ਆਪਣੀ ਕਲ ਵਰਤਾਇਆ । ਸਤਿ ਪੁਰਖ ਨਿਰੰਜਨ ਮੀਤ ਮੁਰਾਰਾ, ਵੇਖੇ ਖੇਲ ਸਬਾਇਆ । ਆਪ ਸੁਹਾਏ ਆਪਣਾ ਬੰਕ ਦਵਾਰਾ, ਬੰਕ ਦਵਾਰ ਆਪ ਤਜਾਇਆ । ਛੇਵੇਂ ਖੋਲ੍ਹੇ ਬੰਦ ਕਿਵਾੜਾ, ਹਰਿ ਸ਼ਬਦੀ ਸ਼ਬਦ ਉਪਾਇਆ । ਪੰਚਮ ਦੇਵੇ ਸਚ ਹੁਲਾਰਾ, ਜੋਤੀ ਸ਼ਬਦੀ ਜੋੜ ਜੁੜਾਇਆ । ਚੌਥੇ ਘਰ ਕਰ ਪਸਾਰਾ, ਸੰਤ ਸਾਜਨ ਲਏ ਮਿਲਾਇਆ । ਦਸਮ ਦਵਾਰੀ ਅਧਵਿਚਕਾਰਾ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਜਗੇ ਜੋਤ ਅਗੰਮ ਅਪਾਰਾ, ਦੀਵਾ ਬੱਤੀ ਇਕ ਰਖਾਇਆ । ਅੰਮ੍ਰਿਤ ਆਤਮ ਠੰਡੀ ਧਾਰਾ, ਨਿਝਰ ਝਿਰਨਾ ਰਿਹਾ ਝਿਰਾਇਆ । ਗੁਰਮੁਖ ਵਿਰਲਾ ਨੁਹਾਵਣਹਾਰਾ, ਸਾਚੇ ਤਾਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਕੰਤ ਸੁਹਾਗੀ, ਸਾਚਾ ਮੇਲ ਮਿਲਾਇਆ । ਸੁਰਤ ਸਵਾਣੀ ਸੋਈ ਜਾਗੀ, ਵਰ ਪਾਇਆ ਹਰਿ ਹਰਿ ਰਾਇਆ । ਚਰਨ ਧੂੜ ਵਖਾਏ ਸਾਚਾ ਮਜਨ ਮਾਘੀ, ਦੁਰਮਤ ਮੈਲ ਗਵਾਇਆ । ਫੜ ਫੜ ਹੰਸ ਬਣਾਏ ਕਾਗੀ, ਜੋ



੧੨੩

ਜਨ ਸਰਨਾਈ ਆਇਆ । ਸੋਹੰ ਚੋਗ ਚੁਗੇ ਵਡਭਾਗੀ, ਸੋਹੰ ਹੰਸਾ ਰੂਪ ਵਟਾਇਆ । ਅੰਤਰ ਆਤਮ ਇਕ ਵੈਰਾਗੀ, ਇਕ ਗਿਆਨ ਦ੍ਰਿੜਾਇਆ । ਆਪੇ ਵਰਤੇ ਸਵਾਂਗ ਸਵਾਂਗੀ, ਨੱਟ ਨਟੂਆ ਖੇਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਮੇਲ ਮਿਲਾਇਆ । ਗੁਰਮੁਖ ਸਾਜਨ ਉਠ ਉਠ ਜਾਗ, ਹਰਿ ਸਾਚੀ ਜੋਤ ਜਗਾਈਆ । ਦੀਪਕ ਜੋਤੀ ਜਗੇ ਚਿਰਾਗ, ਨਾ ਸਕੇ ਕੋਈ ਬੁਝਾਈਆ । ਜਨਮ ਜਨਮ ਦੇ ਲਾਹੌਣ ਆਇਆ ਦਾਗ਼, ਆਪ ਆਪਣੀ ਦਇਆ ਕਮਾਈਆ । ਦੋ ਜਹਾਨੀ ਪਕੜੇ ਵਾਗ, ਅੱਗੇ ਪਿਛੇ ਹੋਏ ਸਹਾਈਆ । ਅੰਤਮ ਮੇਲਾ ਕੰਤ ਸੁਹਾਗ, ਸੋਭਾਵੰਤੀ ਨਾਰ ਅਖਵਾਈਆ । ਗੁਰਮੁਖ ਸਾਜਨ ਵਡ ਵਡ ਭਾਗ, ਪ੍ਰਭ ਪਾਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਥਾਉਂ ਥਾਈਂਆ । ਹਰਿਜਨ ਮੇਲਾ ਧਾਮ ਸੁਹੰਜਣਾ, ਘਰ ਸਚ ਵੱਜੇ ਵਧਾਈਆ । ਦੀਪਕ ਜੋਤ ਜਗੇ ਨਿਰੰਜਣਾ, ਅੰਧ ਅੰਧੇਰ ਮਿਟਾਈਆ । ਅਨਹਦ ਤਾਲ ਨਗਾਰਾ ਵੱਜਣਾ, ਤਾਲ ਤਲਵਾੜਾ ਆਪ ਵਜਾਈਆ । ਪੰਚ ਵਿਕਾਰਾ ਡਰ ਡਰ ਭੱਜਣਾ, ਸੁਣੇ ਸ਼ਬਦ ਸੱਚੀ ਸ਼ਨਵਾਈਆ । ਨੌ ਦਵਾਰਾ ਗੁਰਮੁਖ ਸਾਚੇ ਤਜਣਾ, ਸੁਖਮਨ ਨਾੜੀ ਸੀਸ ਝੁਕਾਈਆ । ਪਾਰ ਕਿਨਾਰੇ ਪੜਦਾ ਕੱਜਣਾ, ਸ਼ਬਦ ਗੁਰ ਵੱਡੀ ਵਡਿਆਈਆ । ਲੜ ਫੜਾਇਆ ਸਾਚੇ ਸੱਜਣਾ, ਨਾਮ ਘੋੜੇ ਦਏ ਚੜ੍ਹਾਈਆ । ਸਤਿਗੁਰ ਪੂਰੇ ਹਾਜ਼ਰ ਹਜ਼ੂਰੇ ਗੁਰਮੁਖ ਤੇਰੇ ਸੰਗ ਸਦਾ ਸਦ ਗੱਜਣਾ, ਸਾਚਾ ਨਾਅਰਾ ਏਕਾ ਲਾਈਆ । ਕਾਇਆ ਗੜ੍ਹ ਹੰਕਾਰੀ ਭੱਜਣਾ, ਆਤਮ ਕੁੰਡਾ ਦਏ ਖੁਲ੍ਹਾਈਆ । ਸਰ ਸਰੋਵਰ ਕਰਾਏ ਸਾਚਾ ਮਜਨਾ, ਇਕ ਅਸ਼ਨਾਨ ਵਖਾਈਆ । ਆਪੇ ਕਰਾਏ ਹਾਜੀ ਹਜਨਾ, ਮੱਕਾ ਕਾਅਬਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ,



Rev-01

ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਮੇਲ ਮਿਲਾਈਆ । ਗੁਰਮੁਖ ਮੇਲਾ ਸਚ ਦਵਾਰ, ਗੁਰ ਪੂਰਾ ਆਪ ਕਰਾਇੰਦਾ । ਆਪੇ ਖੋਲ੍ਹੇ ਬੰਦ
ਕਿਵਾੜ, ਆਪੇ ਮੁਖ ਭਵਾਇੰਦਾ । ਆਪੇ ਹੋਏ ਪਿਛੇ ਅਗਾੜ, ਸੇਵਾ ਸੇਵ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਸਾਚਾ ਮੇਲਾ ਰੰਗ ਮਹੱਲ, ਉਚ ਅਟਾਰੀ ਡੇਰਾ ਲਾਇਆ । ਜਗੇ ਜੋਤ ਇਕ ਪਰਬਲ, ਪਰਮ ਪੁਰਖ
ਜਗਾਇਆ । ਸਚ ਸਿੰਘਾਸਣ ਬੈਠਾ ਮੱਲ, ਪਾਵਾ ਚੂਲ ਨਾ ਕੋਈ ਰਖਾਇਆ । ਅੰਮ੍ਰਿਤ ਆਤਮ ਠਾਂਡਾ ਜਲ, ਅੱਠੇ ਪਹਿਰ ਡਗਮਗਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਮਿਲਾਇਆ । ਗੁਰਮੁਖ ਸਾਜਨ ਸਾਚਾ ਟਿਕਾਨਾ, ਗੁਰ ਪੂਰੇ ਆਪ
ਬੁਝਾਇਆ । ਕਾਇਆ ਮੰਦਰ ਸਚ ਮਕਾਨਾ, ਆਤਮ ਸੇਜਾ ਇਕ ਵਿਛਾਇਆ । ਜੋਤੀ ਨੂਰ ਜਗੇ ਮਹਾਨਾ, ਆਪ ਆਪਣਾ ਰਿਹਾ ਜਗਾਇਆ ।
ਸੁਰਤ ਸਵਾਣੀ ਕਰ ਪਰਵਾਨਾ, ਆਪ ਆਪਣੇ ਅੰਗ ਲਗਾਇਆ । ਮਿਲਿਆ ਸ਼ਬਦ ਸਾਚਾ ਹਾਣੀ ਹਾਣਾ, ਸਾਚਾ ਥਾਨ ਸੁਹਾਇਆ । ਆਪ ਆਪਣਾ
ਕਰ ਪਰਵਾਨਾ, ਆਪ ਆਪਣੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਦਸਮ
ਦਵਾਰੀ ਜੁੜਿਆ ਜੋੜਾ, ਹਰਿ ਸਾਚਾ ਆਪ ਜੁੜਾਇੰਦਾ । ਜਨ ਭਗਤਾਂ ਦੇਵੇ ਸਾਚਾ ਘੋੜਾ, ਫੜ ਬਾਹੋਂ ਉਪਰ ਟਿਕਾਇੰਦਾ । ਅਗੰਮ ਅਗੰਮੜਾ
ਆਏ ਦੌੜਾ, ਦਿਸ ਕਿਸੇ ਨਾ ਆਇੰਦਾ । ਸਾਚੇ ਘਰ ਲਾਇਆ ਪੌੜਾ, ਏਕਾ ਹੋੜਾ ਰਾਹ ਤਕਾਇੰਦਾ । ਨਾ ਕੋਈ ਜਾਣੇ ਲੰਮਾ ਚੌੜਾ, ਲੇਖਾ
ਲੇਖ ਨਾ ਕੋਈ ਲਿਖਾਇੰਦਾ । ਸੋ ਪੁਰਖ ਨਿਰੰਜਣ ਆਪੇ ਬੌਹੜਾ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਹਰਿ ਭਗਵੰਤ, ਹਰਿ ਹਰਿ ਆਪ ਕਰਾਇਆ । ਆਪ ਬਣਾਏ ਸਾਚੇ ਸੰਤ, ਸਚ ਸਮਗਰੀ
ਝੋਲੀ ਪਾਇਆ । ਤੋੜੇ ਗੜ੍ਹ ਹਉਮੇ ਹੰਗਤਾ, ਉਪਰ ਚੜ੍ਹ ਖੰਡਾ ਵਖਾਇਆ । ਪੰਚਮ ਪੰਚਮ ਕਰੇ ਜੰਗਤਾ, ਪੰਚਮ ਮੇਟ ਮਿਟਾਇਆ । ਪੰਚਮ
ਹੋਇਆ ਭੁੱਖਾ ਨੰਗਤਾ, ਪੰਚਮ ਸ਼ਾਹ ਸੁਲਤਾਨ ਬਣਾਇਆ । ਪੰਚਮ ਲਾਏ ਆਪਣਾ ਅੰਗਤਾ, ਪੰਚਮ ਦਏ ਦੁਰਕਾਇਆ । ਪੰਚਮ ਕਾਇਆ ਚੋਲੀ
ਰੰਗਦਾ, ਪੰਚਮ ਪੀਰ ਦਿਸ ਨਾ ਆਇਆ । ਪੰਚਮ ਪੰਚ ਦਵਾਰਾ ਆਪੇ ਮੰਗਦਾ, ਪੰਚਮ ਬੈਠਾ ਮੁਖ ਭਵਾਇਆ । ਜੋ ਜਨ ਦਰ ਦਵਾਰੇ ਆਏ
ਮੰਗਤਾ, ਮਨ ਮਮਤਾ ਦਏ ਮਿਟਾਇਆ । ਮੇਲ ਮਿਲਾਏ ਸਾਚੀ ਸੰਗਤਾ, ਮਨਮਤ ਰਹਿਣ ਨਾ ਪਾਇਆ । ਤੋੜੇ ਗੜ੍ਹ ਹੰਕਾਰੀ ਹੰਗਤਾ, ਸੋ ਸਾਚਾ
ਜਾਪ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਲਹਿਣਾ ਤੇਰੀ ਝੋਲੀ ਪਾਇਆ । ਕਲਜੁਗ
ਲਹਿਣਾ ਝੋਲੀ ਪਾ, ਸਤਿਜੁਗ ਜੋਤ ਜਗਾਈਆ । ਸਤਿਜੁਗ ਬੈਠਾ ਸੀਸ ਨਿਵਾ, ਪ੍ਰਭ ਅੱਗੇ ਝੋਲੀ ਡਾਹੀਆ । ਕਲਜੁਗ ਰੋਵੇ ਮਾਰੇ ਧਾ, ਕਲਜੁਗ
ਜੀਵਾਂ ਸੰਗ ਰਲਾਈਆ । ਸਤਿਜੁਗ ਸਾਚਾ ਪਕੜੇ ਬਾਂਹ, ਗੁਰਮੁਖਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਲਜੁਗ ਤੇਰੀ ਅੰਤਮ ਵਰ, ਜੁਗ ਵਿਛੜੇ ਜਗ ਮੇਲ ਮਿਲਾਈਆ । ਜੁਗ ਵਿਛੜੇ ਜਗ ਮੇਲਿਆ, ਜਾਗਰਤ ਜੋਤ ਜਗਾ । ਆਪੇ ਹੋਏ ਸੱਜਣ
ਸੁਹੇਲਿਆ, ਸਤਿਗੁਰ ਪੂਰਾ ਦਇਆ ਕਮਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਜੋਤੀ ਜਾਮਾ ਭੇਖ ਵਟਾ । ਗੁਰ ਗੋਬਿੰਦ ਬਣਾਏ ਸਾਚਾ
ਚੇਲਿਆ, ਹਰਿ ਸਤਿਗੁਰ ਪਕੜੇ ਬਾਂਹ । ਆਪੇ ਵਸਿਆ ਰੰਗ ਨਵੇਲਿਆ, ਸੰਬਲ ਨਗਰੀ ਸੁਹਾਏ ਥਾਂ । ਜਗੇ ਜੋਤ ਇਕ ਅਕੇਲਿਆ, ਆਦਿ

ਨਿਰੰਜਣ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਜੁਗ ਜੁਗ ਆਪਣਾ ਨਾਂ । ਜੁਗ ਜੁਗ ਆਪਣਾ ਨਾਮ ਧਰਾ, ਆਪਣੀ ਕਲ ਵਰਤਾਇੰਦਾ । ਸਤਿਜੁਗ ਸਾਚਾ ਸੰਗ ਨਿਭਾ, ਸਗਲੀ ਚਿੰਦ ਮਿਟਾਇੰਦਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰਾ ਆਪ ਅਖਵਾ, ਬਰਾਹ ਰੂਪ ਹੋ ਜਾਇੰਦਾ । ਯਗੇ ਪੁਰਸ਼ ਯਗੈ ਰਿਹਾ ਕਰਾ, ਹਾਵ ਗਰੀਵ ਭੇਖ ਵਟਾਇੰਦਾ । ਨਰ ਨਰਾਇਣ ਜੋਤ ਜਗਾ, ਦੱਤਾ ਤ੍ਰੈ ਸਮਝਾਇੰਦਾ । ਕਪਲ ਦੇਵ ਹਰਿ ਆਪ ਅਖਵਾ, ਆਪ ਆਪਣਾ ਕਰਮ ਕਮਾਇੰਦਾ । ਰਿਖਵ ਦੇਵ ਹਰਿ ਮੇਲ ਮਿਲਾ, ਆਪਣਾ ਭੇਵ ਖੁਲ੍ਹਾਇੰਦਾ । ਪ੍ਰਿਥੂ ਨਾਮ ਜਗਤ ਧਰਾ, ਸ੍ਰਿਸ਼ਟ ਸਬਾਈ ਮਥ ਵਖਾਇੰਦਾ । ਮਤਸ ਜਾਮਾ ਆਪੇ ਪਾ, ਮੱਛ ਰੂਪ ਹੋ ਆਇੰਦਾ । ਕਛਪ ਭੇਖ ਆਪ ਵਟਾ, ਮਿੰਦਰਾ ਚਲ ਪੀਠ ਉਠਾਇੰਦਾ । ਮੋਹਣੀ ਰੂਪ ਦਏ ਦਰਸਾ, ਆਪ ਆਪਣੀ ਕਲ ਵਰਤਾਇੰਦਾ । ਵੈਦ ਧਨੰਤਰ ਲਏ ਉਪਾ, ਵਡ ਧਨਾਡੀ ਆਪ ਹੋ ਜਾਇੰਦਾ । ਹੰਸਾ ਬੰਸਾ ਆਪ ਅਖਵਾ, ਪੰਛੀ ਪੰਖੀ ਉਡਾਇੰਦਾ । ਸੰਤ ਕੁਮਾਰ ਦਏ ਸਮਝਾ, ਇਕ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਖ ਵਟਾਇੰਦਾ । ਨਰ ਸਿੰਘ ਰੂਪ ਵਟਾ, ਆਪਣੀ ਕਲ ਵਰਤਾਈਆ । ਹਰੀ ਹਰਿ ਹਰਿ ਆਪ ਅਖਵਾ, ਗਜ ਹੋਏ ਜਲ ਸਹਾਈਆ । ਨਰ ਨਰਾਇਣ ਭੇਖ ਵਟਾ, ਧਰੂ ਬਾਲਕ ਲਏ ਗੋਦ ਉਠਾਈਆ । ਸਤਿਜੁਗ ਰੰਗ ਤੇਰਾ ਵੇਖ ਵਖਾ, ਆਪਣੀ ਜੋਤ ਕਰੇ ਰੁਸ਼ਨਾਈਆ । ਆਪਣਾ ਪਾਸਾ ਆਪੇ ਲਏ ਉਲਟਾ, ਆਪਣੀ ਆਪ ਲਏ ਅੰਗੜਾਈਆ । ਤ੍ਰੇਤਾ ਤ੍ਰਿਆ ਵੇਸ ਵਟਾ, ਲੇਖਾ ਸਕੇ ਨਾ ਕੋਈ ਲਿਖਾਈਆ । ਪਰਸ ਰਾਮਾ ਰਾਮ ਉਪਾ, ਕਰੇ ਇਕ ਲੜਾਈਆ । ਰਾਮ ਰਾਮਾ ਜੋਤ ਜਗਾ, ਲੋਕਮਾਤ ਕਰੇ ਰੁਸ਼ਨਾਈਆ । ਜਨਕ ਸਪੁਤਰੀ ਲਏ ਪਰਨਾ, ਸੀਤਾ ਸੁਰਤੀ ਇਕ ਗਿਆਨ ਦ੍ਰਿੜਾਈਆ । ਦੁਸ਼ਟ ਹੰਕਾਰੀ ਦਏ ਖਪਾ, ਰਾਵਣ ਗੜ੍ਹ ਰਹਿਣ ਨਾ ਪਾਈਆ । ਗਰੀਬ ਨਿਮਾਣੇ ਗਲੇ ਲਗਾ, ਆਪ ਆਪਣਾ ਨਾਉਂ ਛੁਪਾਈਆ । ਭੇਖਾਧਾਰੀ ਭੇਖ ਵਟਾ, ਤ੍ਰੇਤੇ ਗਿਆ ਮੁਖ ਛੁਪਾਈਆ । ਦੁਆਪਰ ਆਪਣੀ ਅਲੱਖ ਜਗਾ, ਵੇਦ ਵਿਆਸਾ ਲਿਆ ਉਪਾਈਆ । ਵੇਦ ਵਿਆਸਾ ਆਪ ਸਮਝਾ, ਨਾਰਦ ਮੁਨ ਸੰਗ ਰਲਾਈਆ । ਸਚ ਉਪਦੇਸ਼ ਇਕ ਜਣਾ, ਬ੍ਰਹਮ ਪੁਰਾਨ ਲਿਖਾਈਆ । ਪਦਮ ਰਾਹੇ ਆਪੇ ਪਾ, ਵਿਸ਼ਨੂੰ ਭੇਵ ਖੁਲ੍ਹਾਈਆ । ਸ਼ੰਕਰ ਲੇਖਾ ਆਪ ਲਿਖਾ, ਹਰਿ ਭਗਵਤ ਜੋੜ ਜੁੜਾਈਆ । ਨਾਰਦ ਮੁਨ ਆਪ ਸਮਝਾ, ਆਪਣਾ ਲਹਿਣਾ ਝੋਲੀ ਪਾਈਆ । ਅਗਨੀ ਵੇਖੇ ਥਾਂ ਥਾਂ, ਆਪਣਾ ਮੂਲ ਰਹੀ ਚੁਕਾਈਆ । ਮਾਰਕੰਡੇ ਰਿਹਾ ਕੁਰਲਾ, ਦੇਵੇ ਸਦਾ ਦੁਹਾਈਆ । ਭਵਿਖਤ ਤੇਰਾ ਭੇਵ ਖੁਲ੍ਹਾ, ਅੰਗ ਸੰਗ ਰਖਾਈਆ । ਬਰਾਹ ਰੂਪ ਤੇਰਾ ਲੇਖਾ ਦਏ ਲਿਖਾ, ਸਕੰਦ ਵੱਜੇ ਵਧਾਈਆ । ਨਰ ਸਿੰਘ ਨਰਾਇਣ ਆਪ ਅਖਵਾ, ਆਪ ਆਪਣੀ ਕਲ ਵਰਤਾਈਆ । ਗਰੜ ਰੂਪ ਰਿਹਾ ਪੜ੍ਹਾ, ਆਪ ਆਪਣਾ ਭੇਦਾ ਦਏ ਜਣਾਈਆ । ਬ੍ਰਹਿਮੰਡ ਵਿਚ ਗਿਆ ਸਮਾ, ਬ੍ਰਹਿਮੰਡ ਖੋਜ ਖੋਜਾਈਆ । ਪੁਰਾਨ ਅਠਾਰਾਂ ਲੇਖਾ ਆਪ ਲਿਖਾ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਸਮਾਈਆ । ਦੁਆਪਰ ਤੇਰੀ ਤੇਰਾ ਧਾਰ, ਹਰਿ ਸਾਚੀ ਜੋਤ ਜਗਾਇੰਦਾ । ਕਾਹਨਾ ਕ੍ਰਿਸ਼ਨਾ ਲਏ ਅਵਤਾਰ, ਅਰਜਨ ਗੀਤਾ ਗਿਆਨ ਦ੍ਰਿੜਾਇੰਦਾ । ਰਥ ਰਥਵਾਹੀ ਅਪਰ ਅਪਾਰ, ਸ੍ਰਿਸ਼ਟ ਸਬਾਈ ਰਥ ਚਲਾਇੰਦਾ । ਮਨਮੁਖਾਂ ਭਰੇ ਗੜ੍ਹ ਹੰਕਾਰ, ਗੁਰਮੁਖ ਸਾਚੀ ਸੇਵਾ ਲਾਇੰਦਾ । ਬਿਦਰ ਸੁਦਾਮਾ ਜਾਏ ਤਾਰ, ਦ੍ਰੋਪਦ ਲੱਜਿਆ ਆਪ ਰਖਾਇੰਦਾ । ਅੰਤਮ ਵੇਖੇ ਇਕ ਦਵਾਰ, ਰਣਭੂਮੀ ਮੇਲ


੧੨੫
੦੭

ਮਿਲਾਇੰਦਾ । ਜੋਧੇ ਸੂਰਬੀਰ ਬਲੀ ਬਲਕਾਰ, ਸ਼ਸਤਰ ਅਸਤਰ ਤਨ ਸਜਾਇੰਦਾ । ਆਪੇ ਮਾਰਨਹਾਰਾ ਦਲ ਵਲ ਛਲ ਧਾਰੀ ਛਲ ਕਰਾਇੰਦਾ । ਜੀਵ ਜੰਤ ਆਰ ਪਾਰ, ਅਠਾਰਾਂ ਅਖਸ਼ੂਨੀ ਆਪ ਭਰਾਇੰਦਾ । ਇਕ ਅਖਸ਼ੂਨੀ ਲੇਖਾ ਦਏ ਲਿਖਾਰ, ਅਠਾਈ ਲੱਖ ਗਣਤ ਗਣਾਇੰਦਾ । ਯਾਦਵ ਵੰਸੀ ਮਾਰੇ ਮਾਰ, ਦੁਰਬਾਸਾ ਮੂਲ ਚੁਕਾਇੰਦਾ । ਆਪੇ ਖੇਲੇ ਖੇਲ ਕਰਤਾਰ, ਖੇਲਣਹਾਰ ਆਪ ਅਖਵਾਇੰਦਾ । ਕਲਜੁਗ ਮਾਤ ਲਏ ਅਵਤਾਰ, ਕਲਜੁਗ ਧਾਰ ਚਲਾਇੰਦਾ । ਈਸਾ ਮੂਸਾ ਕਰ ਪਿਆਰ, ਅੱਲਾ ਰਾਣੀ ਸੰਗ ਰਲਾਇੰਦਾ । ਮਿਲਿਆ ਮੇਲ ਮੁਹੰਮਦ ਯਾਰ, ਚਾਰ ਯਾਰੀ ਵੇਖ ਵਖਾਇੰਦਾ । ਬੋਧ ਬੋਧਾ ਖੇਲ ਅਪਾਰ, ਇਕ ਗਿਆਨ ਦ੍ਰਿੜਾਇੰਦਾ । ਕਲਜੁਗ ਡੰਕਾ ਅਪਰ ਅਪਾਰ, ਕੂੜ ਕੁੜਿਆਰਾ ਆਪ ਵਜਾਇੰਦਾ । ਧਰਤ ਮਾਤ ਕਰੀ ਪੁਕਾਰ, ਜੀਵ ਜੰਤ ਸਰਬ ਕੁਰਲਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਧ ਸੰਤ ਨਾ ਕੋਈ ਬਚਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਨਾਨਕ ਗੁਰ ਆਪ ਸਮਝਾਇੰਦਾ । ਏਕਾ ਸ਼ਬਦ ਦਏ ਆਧਾਰ, ਨਾਮ ਸਤਿ ਝੋਲੀ ਪਾਇੰਦਾ । ਦਰ ਦਰਬਾਰੇ ਵਿਚ ਸੰਸਾਰ, ਚਾਰੋਂ ਕੁੰਟ ਫੇਰਾ ਪਾਇੰਦਾ । ਜੀਵ ਨਾ ਜਾਣੇ ਕੋਈ ਗਵਾਰ, ਨਾ ਕੋਈ ਬੂਝ ਬੁਝਾਇੰਦਾ । ਨਾਨਕ ਪ੍ਰਭ ਦਰ ਅੱਗੇ ਕਰੀ ਪੁਕਾਰ, ਤੇਰਾ ਭਾਣਾ ਤੇਰੇ ਵਿਚ ਸਮਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਬੂਝ ਬੁਝਾਇੰਦਾ । ਕਲਜੁਗ ਕਰਮਾਂ ਮਾਰੇ ਮਾਰ, ਨਾ ਕੋਈ ਅੰਤ ਬਚਾਇੰਦਾ । ਪਰਗਟ ਹੋਏ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਸਤਿਜੁਗ ਸਾਚੀ ਬੰਨੇ ਧਾਰ, ਸਾਚਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪੇ ਵੇਖ ਵਖਾਇੰਦਾ । ਨਾਨਕ ਅੰਗਦ ਅੰਗ ਲਗਾ, ਅੰਗੀ ਕਾਰ ਕਰਾਇਆ । ਅਮਰਦਾਸ ਦਰ ਸੇਵ ਕਮਾ, ਅਮਰਾਪਦ ਪਾਇਆ । ਰਾਮਦਾਸ ਦਰ ਦਏ ਖੁਲ੍ਹਾ, ਸਰ ਸਰੋਵਰ ਇਕ ਸੁਹਾਇਆ । ਗੁਰ ਅਰਜਨ ਗੋਝ ਆਪ ਜਣਾ, ਬੋਧ ਅਗਾਧ ਸਮਝਾਇਆ । ਹਰਿਗੋਬਿੰਦੇ ਘੋੜੇ ਦਏ ਚੜ੍ਹਾ, ਸਾਚਾ ਖੰਡਾ ਤਨ ਪਹਿਨਾਇਆ । ਹਰਿਕ੍ਰਿਸ਼ਨਾ ਹਰਿ ਹਰਿ ਗਿਆ ਸਮਾ, ਬਾਲੀ ਬਾਲਾ ਲੇਖੇ ਲਾਇਆ । ਤੇਗ ਬਹਾਦਰ ਤੇਗ ਰਿਹਾ ਉਠਾ, ਕਲਜੁਗ ਵੇਲਾ ਅੰਤਮ ਆਇਆ । ਆਪ ਆਪਣਾ ਭੇਟ ਚੜ੍ਹਾ, ਭੇਵ ਅਭੇਦਾ ਵਿਚ ਸਮਾਇਆ । ਖੇਵਟ ਖੇਟਾ ਜਗਤ ਬਣਾ, ਗੁਰ ਗੋਬਿੰਦ ਸੇਵਾ ਲਾਇਆ । ਪੂਤ ਸਪੂਤਾ ਹਰਿ ਉਪਜਾ, ਆਪ ਆਪਣੇ ਰੰਗ ਰੰਗਾਇਆ । ਅਕਾਲ ਮੂਰਤ ਇਕ ਦਰਸਾ, ਏਕਾ ਦੂਜਾ ਭੌ ਚੁਕਾਇਆ । ਅੰਤਮ ਮੇਲਾ ਲਿਆ ਮਿਲਾ, ਮੇਲਣਹਾਰ ਆਪ ਅਖਵਾਇਆ । ਸਾਚੇ ਘਰ ਡੇਰਾ ਲਾ, ਘਰ ਸਾਚਾ ਆਪ ਸੁਹਾਇਆ । ਜਨ ਭਗਤਾਂ ਘੇਰਾ ਰਿਹਾ ਪਾ, ਸ਼ਬਦ ਡੋਰੀ ਤੰਦ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਦ ਬੀਸ ਚੌਦਾਂ ਰੁੱਤ ਆਪ ਸੁਹਾਇਆ ।

ਸਤਿਗੁਰ ਪੁਰਖ ਦਿਆਲ, ਸਤਿ ਸਤਿ ਸਮਾਇਆ । ਗੁਰਮੁਖ ਵੇਖੇ ਸਾਚੇ ਲਾਲ, ਜੁਗ ਜੁਗ ਮੇਲ ਮਿਲਾਇਆ । ਸੁਹਾਏ ਕੁੰਦਰ ਸੱਚੀ ਧਰਮਸਾਲ, ਕਾਇਆ ਅੰਦਰ ਵੇਖ ਵਖਾਇਆ । ਦੀਪਕ ਜੋਤੀ ਦੇਵੇ ਬਾਲ, ਅੰਧ ਅੰਧੇਰ ਮਿਟਾਇਆ । ਤੋੜਨਹਾਰਾ ਜਗਤ ਜੰਜਾਲ, ਜੁਗਤ ਆਪਣੇ ਹੱਥ ਰਖਾਇਆ । ਆਪੇ ਸ਼ਾਹ ਆਪੇ ਕੰਗਾਲ, ਵਣਜ ਵਣਜਾਰਾ ਆਪ ਅਖਵਾਇਆ । ਗੁਰਮੁਖਾਂ ਦੇਵੇ ਨਾਮ ਸਾਚਾ ਧੰਨ ਮਾਲ, ਤਨ ਖਜ਼ੀਨਾ

ਇਕ ਭਰਾਇਆ । ਇਕ ਚਲਾਏ ਬੇਹੰਗਮ ਚਾਲ, ਚਾਲ ਨਿਰਾਲੀ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਸਤਿਗੁਰ ਪੂਰਾ ਸਾਚੇ ਘਾਟ, ਗੁਰਮੁਖ ਸਾਚੇ ਆਪ ਚੜ੍ਹਾਇੰਦਾ । ਦੀਪਕ ਜੋਤੀ ਨੂਰ ਲਿਲਾਟ, ਆਪਣੀ ਆਪ ਟਿਕਾਇੰਦਾ । ਚਰਨ ਦਵਾਰ ਵਖਾਏ ਸਾਚਾ ਤੀਰਥ ਤਾਟ, ਸਰ ਸਰੋਵਰ ਵਖਾਇੰਦਾ । ਦੁਰਮਤ ਮੈਲ ਝੂਠੀ ਕਾਟ, ਸਚ ਸੁੱਚ ਗਿਆਨ ਦ੍ਰਿੜਾਇੰਦਾ । ਇਕ ਨਾਮ ਵਖਾਏ ਸਾਚਾ ਹਾਟ, ਚੌਦਾਂ ਹੱਟਾਂ ਮੁਖ ਭਵਾਇੰਦਾ । ਹਰਿਜਨ ਪੂਰੀ ਕਰਨ ਆਇਆ ਘਾਟ, ਦਰ ਦਵਾਰੇ ਫੇਰੀ ਪਾਇੰਦਾ । ਅੰਮ੍ਰਿਤ ਆਤਮ ਮਾਰੇ ਸਾਚੀ ਠਾਠ, ਸਚ ਉਛਾਲਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੀ ਬੂਝ ਬੁਝਾਇੰਦਾ । ਆਤਮ ਅੰਤਰ ਸ਼ਬਦ ਗਿਆਨਾ, ਪਾਰਬ੍ਰਹਮ ਜਣਾਈਆ । ਰਾਗ ਧੁੰਨ ਇਕ ਤਰਾਨਾ, ਆਤਮ ਧੁੰਨ ਉਪਜਾਈਆ । ਅਨਹਦ ਸੁਣੇ ਸੁਣਾਏ ਸਾਚਾ ਗਾਣਾ, ਤਾਲ ਅਨਾਦੀ ਇਕ ਵਜਾਈਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨਾ, ਹਰ ਘਟ ਬੈਠਾ ਆਸਣ ਲਾਈਆ । ਭਰਮੇ ਭੁੱਲੇ ਜੀਵ ਨਿਧਾਨਾ, ਮਾਇਆ ਮਮਤਾ ਮੋਹ ਵਧਾਈਆ । ਜਿਸ ਜਨ ਗੁਰ ਪੂਰਾ ਹੋਏ ਆਪ ਮਿਹਰਵਾਨਾ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਹਰ ਘਟ ਥਾਈਂਆ । ਦਰਸ਼ਨ ਦੇਵਣਹਾਰ ਭਗਵੰਤਾ, ਏਕਾ ਏਕ ਅਖਵਾਇਆ । ਜੁਗ ਜੁਗ ਉਧਾਰੇ ਸਾਚੇ ਸੰਤਾ, ਸਤਿਗੁਰ ਸਾਚੇ ਮੇਲ ਮਿਲਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਆਪੇ ਤੋੜੇ ਹਉਮੇ ਹੰਗਤਾ, ਹੰਕਾਰੀ ਗੜ੍ਹ ਦਿਸ ਨਾ ਆਇਆ । ਜਿਸ ਜਨ ਰਲਾਏ ਸਾਚੀ ਸੰਗਤਾ, ਪੂਰਨ ਇਛਿਆ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਆਪੇ ਮੰਗਣ ਦਰ ਸਵਾਲੀ, ਮਿਲੇ ਨਾਮ ਨਿਰੰਜਣਾ । ਜਗੇ ਜੋਤ ਇਕ ਅਕਾਲੀ, ਦੋ ਜਹਾਨੀ ਸਾਕ ਸੈਣ ਸੱਜਣਾ । ਧੁਰ ਦਰਗਾਹੀ ਆਇਆ ਮਾਲੀ, ਜਨ ਭਗਤਾਂ ਰੱਖੇ ਲੱਜਣਾ । ਗੁਰਮੁਖ ਦਵਾਰਾ ਕੋਈ ਨਾ ਦੀਸੇ ਖਾਲੀ, ਸ਼ਬਦ ਨਗਾਰਾ ਘਰ ਘਰ ਵੱਜਣਾ । ਫਲ ਲਗਾਏ ਕਾਇਆ ਡਾਲ੍ਹੀ, ਫਲ ਫਲਵਾੜੀ ਬਹਿ ਬਹਿ ਸਜਣਾ । ਕਲਜੁਗ ਅੰਤਮ ਚਾਲ ਨਿਰਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਘੜਿਆ ਆਪੇ ਭੱਜਣਾ । ਘੜਣ ਭੰਨਣਹਾਰ ਹਰਿ ਸਮਰਥਾ, ਸਮਰਥ ਪੁਰਖ ਅਖਵਾਇਆ । ਹਰਿ ਜੀ ਰਾਖੇ ਦੇ ਕਰ ਹੱਥਾ, ਸੀਸ ਆਪਣਾ ਹੱਥ ਟਿਕਾਇਆ । ਸ਼ਬਦ ਜਣਾਈ ਅਕੱਥ ਅਕੱਥਾ, ਕਥਨੀ ਕਥ ਨਾ ਸਕੇ ਰਾਇਆ । ਦਰ ਦਵਾਰ ਜੋ ਜਨ ਆਏ ਢੱਠਾ, ਹਰਿ ਦਰਸੀ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਲਏ ਮਿਲਾਇਆ । ਹਰਿਜਨ ਸਾਚੇ ਪੂਰੀ ਆਸਾ, ਪ੍ਰਭ ਪੂਰੀ ਆਪ ਕਰਾਈਆ । ਚਰਨ ਕਵਲ ਦੇ ਭਰਵਾਸਾ, ਧੀਰਜ ਧੀਰ ਧਰਾਈਆ । ਏਕਾ ਨਾਮ ਸ਼ਬਦ ਸਵਾਸਾ, ਰਸਨਾ ਜਿਹਵਾ ਗਾਈਆ । ਹੋਏ ਸਹਾਈ ਪ੍ਰਭ ਪ੍ਰਿਥਮੀ ਅਕਾਸਾ, ਦਿਵਸ ਰੈਣ ਵੇਖ ਵਖਾਈਆ । ਆਦਿ ਅੰਤ ਨਾ ਕਦੇ ਵਿਨਾਸਾ, ਆਵਣ ਜਾਵਣ ਬਣਤ ਬਣਾਈਆ । ਹਰਿਜਨ ਸਾਚੇ ਬਲ ਬਲ ਜਾਸਾ, ਹਰਿਜਨ ਵੱਡੀ ਵਡਿਆਈਆ । ਮਿਲਿਆ ਮੇਲ ਸ਼ਾਹੋ ਸਰਬ ਗੁਣਤਾਸਾ, ਸਤਿਗੁਰ ਪੂਰਾ ਸਹਿਜ ਸੁਖਦਾਈਆ । ਨਿਝ ਘਰ ਆਤਮ ਰੱਖੇ ਵਾਸਾ, ਪਰਮਾਨੰਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਗ਼ਰੀਬ ਨਿਮਾਣਾ ਜਗਤ ਨਿਧਾਨਾ, ਗੁਰਮੁਖ ਰੂਪ ਸਮਾਇਆ । ਏਕਾ ਦੇਵੇ ਧੁਰ ਫ਼ਰਮਾਣਾ, ਬੋਧ ਅਗਾਧਾ ਸ਼ਬਦ

ਜਣਾਇਆ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸਨਾ ਭੁੱਖ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਲਾਏ ਜੋ ਆਏ ਦਰ, ਮਾਤ ਕੁੱਖ ਸੁਫਲ ਕਰਾਇਆ । ਆਏ ਦਰ ਦਰ ਪਰਵਾਨਾ, ਨਰ ਹਰਿ ਸਾਚਾ ਪਾਇਆ । ਮਿਲੇ ਮੇਲ ਸ੍ਰੀ ਭਗਵਾਨਾ, ਜੀਓ ਪਿੰਡ ਕਾਚਾ ਤਨ ਤਜਾਇਆ । ਧੁਰ ਦਰਗਾਹੀ ਦੇਵੇ ਇਕ ਨਿਸ਼ਾਨਾ, ਸਾਚੋ ਸਾਚ ਸੁਣਾਇਆ । ਅਨਹਦ ਰਾਗੀ ਸਾਚਾ ਗਾਣਾ, ਤਾਲ ਤਲਵਾੜਾ ਆਪ ਵਜਾਇਆ । ਸਚ ਮੰਦਰ ਸਚ ਟਿਕਾਨਾ, ਪ੍ਰਭ ਸਾਚਾ ਥਾਂ ਸੁਹਾਇਆ । ਦੀਪਕ ਜੋਤੀ ਜਗੇ ਮਹਾਨਾ, ਨਿਰਮਲ ਨੂਰ ਕਰਾਇਆ । ਗੁਰਮੁਖ ਸਾਜਨ ਮੇਲ ਮਿਲਾਏ ਦਇਆ ਕਮਾਏ ਦੇਵੇ ਨਾਮ ਨਿਧਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਹਰਿ ਵਸਿਆ ਘਰ, ਹਰ ਘਟ ਘਟ ਅੰਦਰ ਵੇਖ ਵਖਾਇਆ । ਘਟ ਘਟ ਅੰਦਰ ਘਟ ਘਟ ਤੀਰਥ, ਘਟ ਘਟ ਪੂਜਾ ਪਾਠਾ । ਘਟ ਘਟ ਮੰਦਰ ਘਟ ਘਟ ਸੀਰਥ, ਘਟ ਘਟ ਸਰ ਸਰੋਵਰ ਮਾਰੇ ਠਾਠਾ । ਧਰੂ ਭਗਤ ਦੀ ਰੱਖ ਲਾਜ ਕਰਤੇ, ਕਰਮ ਆਪਣਾ ਆਪ ਕਮਾਇਆ ਏ । ਵੇਖ ਵਖਾਣੇ ਜ਼ਿਮੀ ਅਸਮਾਨਾ ਧਰਨੀ ਧਰਤੇ, ਧਰਤ ਧਵਲ ਆਪ ਸੁਹਾਇਆ ਏ । ਦਰ ਦਵਾਰ ਜੋ ਆਏ ਮੰਗਤੇ, ਖੈਰ ਨਾਮ ਝੋਲੀ ਆਪਣਾ ਪਾਇਆ ਏ । ਮੰਗੇ ਮੰਗ ਨਾਮ ਅਧਾਰਾ, ਆਤਮ ਹਰਿ ਲਿਵ ਲਾਈਆ । ਪੁਰਖ ਅਬਿਨਾਸ਼ੀ ਕਰ ਪਿਆਰਾ, ਦੇਵੇ ਜੋਤ ਰੁਸ਼ਨਾਈਆ । ਮੇਟ ਮਿਟਾਏ ਅੰਧ ਅੰਧਿਆਰਾ, ਧੂੰਆਂਧਾਰ ਰਹਿਣ ਨਾ ਪਾਈਆ । ਪੰਚਾਂ ਦੇਵੇ ਦਰ ਦੁਰਕਾਰਾ, ਪੰਚਮ ਮੋਹ ਚੁਕਾਈਆ । ਪੰਚਮ ਦੇਵੇ ਨਾਮ ਅਧਾਰਾ, ਪੰਚਮ ਸ਼ਬਦ ਜਣਾਈਆ । ਪੰਚਮ ਸ਼ਬਦ ਸੁਣਾਏ ਪੰਚਮ ਰਾਗ ਅਲਾਈਆ । ਪੰਚਮ ਕਰ ਸਚ ਪਿਆਰਾ, ਪੰਚਮ ਧਾਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਇਛਿਆ ਆਪ ਕਰਾਈਆ । ਏਕਾ ਸੰਗ ਸਗਲਾ ਸਾਥ, ਹਰਿ ਹਰਿ ਆਪ ਅਖਵਾਇਆ । ਪਰਗਟ ਹੋ ਤ੍ਰਿਲੋਕੀ ਨਾਥ, ਦਹਿ ਦਿਸ਼ਾ ਵੇਖ ਵਖਾਇਆ । ਇਕ ਸ਼ਬਦ ਜਣਾਏ ਸਾਚੀ ਗਾਥ, ਸੋ ਪੁਰਖ ਨਿਰੰਜਣ ਰਿਹਾ ਜਪਾਇਆ । ਵੇਖ ਵਖਾਏ ਤਤ ਆਠ, ਨੌਂ ਦਰ ਖੋਜ ਖੋਜਾਇਆ । ਆਪੇ ਗੇੜਨਹਾਰਾ ਉਲਟੀ ਲਾਠ, ਗੇੜਾ ਆਪਣੇ ਹੱਥ ਰਖਾਇਆ । ਲਹਿਣਾ ਦੇਣਾ ਚੁਕਾਏ ਪੂਜਾ ਪਾਠ, ਚਰਨ ਧਿਆਨ ਇਕ ਰਖਾਇਆ । ਆਤਮ ਅੰਦਰ ਖੋਲ੍ਹੇ ਬੱਧੀ ਗਾਠ, ਦੂਈ ਦਵੈਤੀ ਪੜਦਾ ਲਾਹਿਆ । ਲਹਿਣਾ ਦੇਣਾ ਚੁੱਕੇ ਤੀਰਥ ਤਾਟ, ਅਠਸਠ ਰਿਹਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵਾਜ਼ਾ ਦਏ ਖੁਲ੍ਹਾਇਆ । ਦਰ ਦਰਵਾਜ਼ਾ ਆਪੇ ਖੋਲ੍ਹ, ਆਪਣੀ ਦਇਆ ਕਮਾਇੰਦਾ । ਗੁਰਮੁਖ ਅੰਦਰ ਆਪੇ ਬੋਲ, ਆਪਣਾ ਆਪ ਸੁਣਾਇੰਦਾ । ਆਪੇ ਵਸਣਹਾਰਾ ਕੋਲ, ਆਪੇ ਅੰਗ ਲਗਾਇੰਦਾ । ਦਿਵਸ ਰੈਣ ਅੱਠੇ ਪਹਿਰ ਸ਼ਬਦ ਗੁਰ ਸੁਰਤ ਸਵਾਣੀ ਨਾਲ ਕਰੇ ਚੋਲ੍ਹ, ਆਤਮ ਸੇਜਾ ਇਕ ਹੰਢਾਇੰਦਾ । ਕਾਇਆ ਧਰਤੀ ਜਾਏ ਮੌਲ, ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਧਾਰ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਰਖਾਇੰਦਾ । ਸਾਚਾ ਸੰਗ ਨਿਭੇ ਤੋੜ, ਹਰਿ ਸ਼ਬਦੀ ਜੋੜ ਜੁੜਾਇਆ । ਦਰ ਆਇਆ ਨਾ ਦੇਵੇ ਮੋੜ, ਸਾਚੀ ਭਿਛਿਆ ਝੋਲੀ ਪਾਇਆ । ਨਾਮ ਚੜ੍ਹਾਏ ਸਾਚੇ ਘੋੜ, ਵਾਗ ਆਪਣੇ ਹੱਥ ਰਖਾਇਆ । ਮਿੱਠਾ ਕਰੇ ਰੀਠਾ ਕੌੜ, ਜਿਸ ਜਨ ਆਪਣੀ ਦਇਆ ਕਮਾਇਆ । ਧੁਰਦਰਗਾਹੀ ਆਇਆ ਦੌੜ, ਲੋਕਮਾਤੀ ਫੇਰਾ ਪਾਇਆ । ਸਚ ਮੰਦਰ ਲਾਇਆ ਏਕਾ ਪੌੜ, ਗੁਰਮੁਖ ਸਾਚੇ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸੁਰਤ ਸੁਰਤੀ ਸੁਰਤ ਸ਼ਬਦੀ ਸ਼ਬਦ ਵਿਚ ਸਮਾਇਆ । ਸੁਰਤੀ ਸ਼ਬਦੀ ਸਾਚਾ ਨਾਤਾ, ਹਰਿ ਹਰਿ ਆਪ ਬੰਧਾਇੰਦਾ । ਦੇਵੇ ਨਾਮ ਸਚ ਸੁਗਾਤਾ, ਪੱਲੇ ਗੰਢ ਰਖਾਇੰਦਾ । ਨਾਤਾ ਤੋੜੇ ਜਾਤਾ ਪਾਤਾ, ਜਾਤ ਅਜਾਤੀ ਪਾਰ ਕਰਾਇੰਦਾ । ਹਰਿਜਨ ਹੋਏ ਆਪੇ ਪਿਤਾ ਆਪੇ ਮਾਤਾ, ਬਾਲ ਅਞਾਣੇ ਗੋਦ ਉਠਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਸਤਿਗੁਰ ਪੂਰਾ ਸਗਲਾ ਸੰਗ ਨਿਭਾਇੰਦਾ । ਲਹਿਣਾ ਦੇਣਾ ਚੁੱਕੇ ਆਣ ਬਾਟਾ, ਮਾਤ ਗਰਭ ਫੰਦ ਕਟਾਇੰਦਾ । ਲੱਖ ਚੁਰਾਸੀ ਮੁੱਕੀ ਵਾਟਾ, ਹਰਿ ਜੋਤੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਏ ਘਰ ਦੇਵੇ ਵਰ ਮਿਲੇ ਹਰਿ ਚੁੱਕੇ ਡਰ ਨੁਹਾਏ ਸਰ ਤਰਨੀ ਸਾਚੀ ਤਰ, ਸਰ ਸਰੋਵਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸੰਤ ਕੰਤ ਅੰਤ ਅੰਤ ਆਪਣੇ ਵਿਚ ਸਮਾਇੰਦਾ ।

### * ਪਹਿਲੀ ਫੱਗਣ ੨੦੧੪ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ *

ਹਰਿ ਢੋਲ ਨਗਾਰਾ ਵੱਜਿਆ, ਚਾਰ ਕੁੰਟ ਜੈਕਾਰ । ਥਿਰ ਘਰ ਬਹਿ ਬਹਿ ਆਪੇ ਸਜਿਆ, ਸਤਿ ਪੁਰਖ ਰੂਪ ਕਰਤਾਰ । ਨਾ ਘੜਿਆ ਨਾ ਭੱਜਿਆ, ਆਦਿ ਅੰਤ ਏਕੰਕਾਰ । ਸਚ ਸਿੰਘਾਸਣ ਆਪੇ ਸਜਿਆ, ਜੋਤੀ ਨਿਰਮਲ ਕਰ ਅਕਾਰ । ਆਦਿ ਜੁਗਾਦੀ ਫਿਰੇ ਭੱਜਿਆ, ਜੁਗਾ
੧੨੯ ਜੁਗੰਤਰ ਸਾਚੀ ਕਾਰ । ਜਨ ਭਗਤਾਂ ਰੱਖਣਹਾਰਾ ਲੱਜਿਆ, ਪੂਰਨ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੨੯
੦੭ ਕਲਜੁਗ ਤੇਰੀ ਅੰਤਮ ਵਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਢੋਲ ਨਗਾਰਾ ਸਾਚਾ ਮਰਦੰਗਾ, ਹਰਿ ਸਾਚਾ ਆਪ ਵਜਾਇੰਦਾ । ੦੭
ਆਪੇ ਚਾੜ੍ਹਨਹਾਰਾ ਸਾਚਾ ਰੰਗਾ, ਆਪੇ ਵੇਖ ਵਖਾਇੰਦਾ । ਆਪ ਆਪਣਾ ਰੱਖੇ ਸੰਗਾ, ਆਪਣਾ ਆਪ ਛੁਪਾਇੰਦਾ । ਆਪਣੇ ਘੋੜੇ ਕਸਿਆ ਤੰਗਾ, ਹਰਿ ਆਪਣਾ ਆਸਣ ਲਾਇੰਦਾ । ਗੁਰ ਗੁਰ ਦਰ ਦਵਾਰਾ ਏਕਾ ਮੰਗਾ, ਪੁਰਖ ਅਕਾਲਾ ਇਕ ਵਖਾਇੰਦਾ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਭੁੱਖਾ ਨੰਗਾ, ਨਾਮ ਧਨ ਨਾ ਕੋਈ ਵਖਾਇੰਦਾ । ਮਾਨਸ ਜਨਮ ਨਾ ਹੋਏ ਭੰਗਾ, ਅੰਤ ਨਾ ਕੋਈ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖ ਵਖਾਇੰਦਾ । ਢੋਲ ਮਰਦੰਗ ਸਚ ਨਗਾਰਾ, ਹਰਿ ਸਾਚਾ ਆਪ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਗਗਨ ਪਤਾਲਾਂ ਆਪ ਹਿਲਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਸ਼ਿਵ ਸ਼ੰਕਰ ਨੀਰ ਵਹਾਇੰਦਾ । ਕਰੋੜ ਤੇਤੀਸਾ ਕਰੇ ਪੁਕਾਰਾ, ਸੁਰਪਤ ਰਾਜਾ ਇੰਦ ਕੁਰਲਾਇੰਦਾ । ਲੱਖ ਚੁਰਾਸੀ ਹਾਹਾਕਾਰਾ, ਨਾ ਕੋਈ ਵੇਖ ਵਖਾਇੰਦਾ । ਕਲਜੁਗ ਖੇਲੇ ਖੇਲ ਅਪਾਰਾ, ਖੇਲਣਹਾਰ ਦਿਸ ਨਾ ਆਇੰਦਾ । ਨਾਨਕ ਗੋਬਿੰਦ ਕਰ ਪਿਆਰਾ, ਸ਼ਬਦੀ ਧਾਰ ਵਹਾਇੰਦਾ । ਆਤਮ ਜੋਤੀ ਇਕ ਉਜਿਆਰਾ, ਨੂਰੋ ਨੂਰ ਸਮਾਇੰਦਾ । ਆਪੇ ਕਰਤਾ ਪੁਰਖ ਕਰਨੇਹਾਰਾ, ਕਰਨੇਹਾਰ ਆਪ ਅਖਵਾਇੰਦਾ । ਆਵੇ ਜਾਵੇ ਵਾਰੋ ਵਾਰਾ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਪਾਰ ਕਿਨਾਰਾ, ਦੁਆਪਰ ਵੇਖ ਵਖਾਇੰਦਾ । ਕਲਜੁਗ ਵੇਖੇ ਕੂੜ ਪਸਾਰਾ, ਪੰਚ ਵਕਾਰਾ ਸੰਗ ਰਲਾਇੰਦਾ । ਜੂਠ ਝੂਠ ਮੋਹ ਵਿਕਾਰਾ, ਸਚ ਸੁੱਚ ਨਾ ਕੋਈ ਵਰਤਾਇੰਦਾ ।

ਜੀਵਾਂ ਜੰਤਾਂ ਸਾਧਾਂ ਸੰਤਾਂ ਆਤਮ ਗੜ੍ਹ ਭਰਿਆ ਹੰਕਾਰਾ, ਆਤਮ ਬ੍ਰਹਮ ਨਾ ਕੋਈ ਜਣਾਇੰਦਾ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਨਾਮ ਭੰਡਾਰਾ, ਨਾ ਕੋਈ ਭਿਛਿਆ ਪਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚੀ ਬਣਤ ਬਣਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਤੇਜ਼ ਕਟਾਰਾ, ਤਨ ਗਾਤਰੇ ਆਪ ਲਟਕਾਇੰਦਾ । ਪੰਚਮ ਮੀਤਾ ਕਰ ਪਿਆਰਾ, ਪੰਚਮ ਮੋਹ ਚੁਕਾਇੰਦਾ । ਪੰਚਮ ਕਰੇ ਤਨ ਸ਼ੰਗਾਰਾ, ਪੰਚਮ ਰੰਗ ਚੜ੍ਹਾਇੰਦਾ । ਪੰਚਮ ਦੇਵੇ ਅੰਮ੍ਰਿਤ ਆਤਮ ਠੰਡੀ ਧਾਰਾ, ਲੋਕਮਾਤ ਦਿਸ ਨਾ ਆਇੰਦਾ । ਪੰਚਮ ਮੇਲਾ ਕੰਤ ਭਤਾਰਾ, ਪੰਚਮ ਸਖੀਆਂ ਮਿਲ ਮਿਲ ਮੰਗਲ ਗਾਇੰਦਾ । ਪੰਚਮ ਨਾਦ ਅਨਾਦੀ ਵਜਾਏ ਧੁਨਕਾਰਾ, ਧੁਨ ਅਨਾਦੀ ਇਕ ਰਖਾਇੰਦਾ । ਨਿਰਮਲ ਜੋਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਇਕ ਵਖਾਏ ਸਚ ਦਵਾਰਾ, ਹਰਿ ਸਾਚਾ ਧਾਮ ਸੁਹਾਇੰਦਾ । ਸ਼ਬਦ ਗੁਰ ਜੋਧਾ ਸੂਰਬੀਰ ਬਲਕਾਰਾ, ਜੁਗ ਜੁਗ ਆਪ ਅਖਵਾਇੰਦਾ । ਕਲਜੁਗ ਮੇਟੇ ਕੂੜ ਪਸਾਰਾ, ਸੰਮਤ ਸੰਮਤੀ ਵੇਖ ਵਖਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਸਾਚਾ ਮਾਰਗ ਲਾਇੰਦਾ । ਚਾਰ ਵਰਨਾ ਬਖ਼ਸ਼ੇ ਇਕ ਪਿਆਰਾ, ਏਕਾ ਨਾਮ ਜਪਾਇੰਦਾ । ਉਚੋ ਊਚ ਅਗੰਮ ਅਪਾਰਾ, ਅਲੱਖ ਨਿਰੰਜਣ ਆਪ ਅਖਵਾਇੰਦਾ । ਗਊ ਗਰੀਬਾਂ ਪਾਵੇ ਸਾਰਾ, ਜਗਤ ਨਮਾਣੇ ਗਲੇ ਲਗਾਇੰਦਾ । ਅੰਦਰ ਮੰਦਰ ਖੋਲ੍ਹ ਦਵਾਰਾ, ਸਾਚਾ ਗੁਰ ਦਵਾਰਾ ਇਕ ਵਖਾਇੰਦਾ । ਨਾ ਕੋਈ ਤੇਲ ਨਾ ਕੋਈ ਦੀਵਾ ਬਾਤੀ, ਨਿਰਮਲ ਜੋਤ ਇਕ ਵਖਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠੀ, ਨਾ ਕੋਈ ਹਵਨ ਨਾ ਕੋਈ ਪਵਨ ਨਾ ਕੋਈ ਤੀਰਥ ਨਾ ਕੋਈ ਤਾਟੀ, ਹਰਿ ਏਕਾ ਹੱਟ ਵਖਾਇੰਦਾ । ਆਪੇ ਵਸਿਆ ਘਟ ਘਟ ਵਾਸੀ, ਘਟ ਘਟ ਆਪ ਸਮਾਇੰਦਾ । ਕਲਜੁਗ ਖੇਲੇ ਖੇਲ ਬਾਜ਼ੀਗਰ ਨਾਟੀ, ਨਟੂਆ ਸਾਂਗ ਵਰਤਾਇੰਦਾ । ਜੋ ਦੀਸੇ ਸੋ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਇੰਦਾ । ਕਲਜੁਗ ਅੰਤਮ ਇਕ ਦਵਾਰਾ ਸ੍ਰਿਸ਼ਟ ਸਬਾਈ ਔਣਾ ਨੱਠ, ਨਿਹਕਲੰਕ ਆਪ ਰਖਾਇੰਦਾ । ਸੰਮਤ ਸੋਲਾਂ ਹੋਣਾ ਅਕੱਠ, ਹਾੜ ਸਤਾਰਾਂ ਲੇਖ ਲਿਖਾਇੰਦਾ । ਪਹਿਲੀ ਚੇਤਰ ਗੇੜੇ ਉਲਟੀ ਲੱਠ, ਨਾ ਕੋਈ ਮੋੜ ਮੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੋਏ ਜੀਵ ਜੰਤ ਆਪ ਜਗਾਇੰਦਾ । ਵੱਜਿਆ ਢੋਲ, ਹਰਿ ਨਿਰੰਜਣ ਆਦਿ ਪੁਰਖ ਵਜਾਇੰਦਾ । ਸੰਮਤ ਸੋਲਾਂ ਸਭ ਦੇ ਕੱਢੇ ਪੋਲ, ਬੰਕ ਦਵਾਰੇ ਫੋਲ ਫੋਲਾਇਆ । ਸਾਧ ਸੰਤ ਨਾਮ ਵਸਤ ਨਾ ਰੱਖੇ ਕੋਈ ਕੋਲ, ਅੰਮ੍ਰਿਤ ਆਤਮ ਸਰ ਸਰੋਵਰ ਨਾ ਕੋਈ ਕਰਾਇੰਦਾ । ਪੰਜ ਤਤ ਕਾਇਆ ਮੰਦਰ ਸਭ ਦੇ ਲਏ ਫੋਲ, ਅਨਹਦ ਢੋਲ ਨਾ ਕੋਈ ਵਜਾਇੰਦਾ । ਮਨ ਮਤ ਤੇਰਾ ਰਚਿਆ ਘੋਲ, ਕਲਜੁਗ ਕੂੜਾ ਵੇਖ ਵਖਾਇੰਦਾ । ਕੂੜੀ ਮਾਇਆ ਖੇਲੇ ਖੇਲ, ਨਰ ਸਿੰਘ ਨਰਾਇਣ ਦਿਸ ਨਾ ਆਇੰਦਾ । ਨਾਨਕ ਬਣਿਆ ਸਾਚਾ ਤੋਲ, ਮੋਦੀਖਾਨਾ ਇਕ ਚਲਾਇੰਦਾ । ਗੁਰ ਗੋਬਿੰਦ ਗਿਆ ਬੋਲ, ਸ਼ਬਦ ਖੋਜੀ ਵੇਖ ਵਖਾਇੰਦਾ । ਜੋਤ ਸਰੂਪੀ ਵੱਜੇ ਢੋਲ, ਵਜਾਵਣਹਾਰਾ ਦਿਸ ਨਾ ਆਇੰਦਾ । ਪੁਰਖ ਅਗੰਮੜਾ ਰਿਹਾ ਬੋਲ, ਜੋਤੀ ਜੋਤ ਜਗਾਇੰਦਾ । ਸ੍ਰਿਸ਼ਟ ਸਬਾਈ ਸੋਹੰ ਕੰਡੇ ਤੋਲ, ਸੋ ਪੁਰਖ ਨਿਰੰਜਣ ਤੋਲ ਤੁਲਾਇੰਦਾ । ਜਨ ਭਗਤਾਂ ਸਦ ਵਸੇ ਕੋਲ, ਅੱਠੇ ਪਹਿਰ ਦਰਸ ਦਿਖਾਇੰਦਾ । ਏਕਾ ਦੇਵੇ ਮਾਰਗ ਅਨਮੋਲ, ਊਚ ਨੀਚ ਜ਼ਾਤ ਪਾਤ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਹਕੀਰ ਫਕੀਰ ਦਸਤਗੀਰ ਏਕਾ ਧਾਮ ਸੁਹਾਇੰਦਾ । ਸ਼ਬਦ ਨਿਰਾਲਾ ਕਸਿਆ ਤੀਰ, ਲੋਆਂ ਪੁਰੀਆਂ ਰਿਹਾ ਚੀਰ, ਬ੍ਰਹਿਮੰਡ ਖੰਡ ਪਾਏ ਵਹੀਰ, ਉਤਭੁਜ ਸੇਤਜ ਜੇਰਜ ਅੰਡ


੧੩੦
੦੭

੧੩੧
੦੭

ਹੋਏ ਅਖੀਰ, ਨਾ ਕੋਈ ਅੰਤ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਸ਼ਬਦੀ ਢੋਲ ਵਜਾਇੰਦਾ । ਸ਼ਬਦ ਢੋਲ ਹਰਿ ਹੱਥ ਫੜ, ਲੋਕਮਾਤ ਉਠ ਧਾਇਆ । ਸੰਬਲ ਨਗਰੀ ਬੈਠਾ ਵੜ, ਦਿਸ ਕਿਸੇ ਨਾ ਆਇਆ । ਆਪਣਾ ਘਾੜਨ ਆਪੇ ਘੜ, ਆਪ ਆਪਣੀ ਬਣਤ ਬਣਾਇਆ । ਆਪਣਾ ਅੱਖਰ ਆਪੇ ਪੜ੍ਹ, ਆਪ ਆਪਣਾ ਰਿਹਾ ਅਲਾਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ, ਨਾ ਕੋਈ ਨੇਤਰ ਨਾ ਕੋਈ ਹੱਥ ਸਮਰਥ, ਪੰਜ ਤਤ ਨਾ ਕੋਈ ਰਖਾਇਆ । ਆਪਣੀ ਮਹਿਮਾ ਜਾਣੇ ਅਕੱਥ, ਜੁਗ ਜੁਗ ਕਰਦਾ ਆਇਆ । ਕਲਜੁਗ ਕੂੜਾ ਚਲਿਆ ਰਥ, ਮਨਮੁਖ ਜੀਵਾਂ ਰਿਹਾ ਚੜ੍ਹਾਇਆ । ਗੁਰਮੁਖ ਵਿਰਲੇ ਸਗਲ ਵਿਸੂਰੇ ਗਏ ਲੱਥ, ਜਿਸ ਜਨ ਆਤਮ ਅੰਤਰ ਸਤਿਗੁਰ ਪੂਰੇ ਦਰਸ਼ਨ ਪਾਇਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹੱਥ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਢੋਲ ਮਰਦੰਗ ਵਜਾਇਆ । ਸ਼ਬਦ ਢੋਲ ਬੋਲ ਬੁਲਾਏ, ਬੋਲਣਹਾਰਾ ਭਗਵਾਨਾ । ਹਰਿ ਹਰਿ ਪੜਦਾ ਖੋਲ੍ਹ ਵਖਾਏ, ਵੇਖੇ ਤੀਰਥ ਤਟ ਅਸ਼ਨਾਨਾ । ਨਿਰਮਲ ਜੋਤੀ ਡਗਮਗਾਏ, ਸ਼ਬਦੀ ਧੁਨ ਤਰਾਨਾ । ਕੰਤ ਸੁਹਾਗੀ ਏਕਾ ਗਾਏ, ਆਤਮ ਧੁਨ ਉਪਜਾਨਾ । ਬ੍ਰਹਿਮਾਦੀ ਹਰਿ ਖੋਜ ਖੁਜਾਏ, ਪਾਰਬ੍ਰਹਮ ਸੁਲਤਾਨਾ । ਆਦਿ ਜੁਗਾਦੀ ਸ਼ਬਦ ਲਿਖਾਏ, ਖੇਲੇ ਖੇਲ ਦੋ ਜਹਾਨਾ । ਬੋਧ ਅਗਾਧੀ ਸ਼ਬਦ ਲਿਖਾਏ, ਲੇਖਾ ਲਿਖਤ ਨਾ ਕੋਈ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਣਾ । ਸਾਚਾ ਢੋਲ ਹਰਿ ਬਨਵਾਰੀ, ਆਪਣੇ ਗਲ ਲਟਕਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰੀ, ਸੋਇਆ ਕੋਈ ਰਹਿਣ ਨਾ ਪਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਮਾਝੇ ਦੇਸ ਡੇਰਾ ਲਾਇਆ । ਸੰਬਲ ਨਗਰੀ ਹੋਏ ਜੈ ਜੈਕਾਰੀ, ਜੈ ਜੈਕਾਰਾ ਆਪ ਕਰਾਇਆ । ਸੰਤਨ ਮੇਲਾ ਮੀਤ ਮੁਰਾਰੀ, ਜੁਗ ਵਿਛੜੇ ਜਗ ਮੇਲ ਮਿਲਾਇਆ । ਸਰਸੇ ਤੇਰੀ ਪਾਈ ਸਾਰੀ, ਤੇਰਾ ਲਹਿਣਾ ਮੂਲ ਚੁਕਾਇਆ । ਮਿਲਿਆ ਮੇਲ ਜੋਤ ਨਿਰੰਕਾਰੀ, ਨਿਰਗੁਣ ਰੂਪ ਸਮਾਇਆ । ਅੰਮ੍ਰਿਤ ਆਤਮ ਦੇਵੇ ਠੰਡੀ ਠਾਰੀ, ਕਾਇਆ ਕਾਸੇ ਆਪ ਪਿਆਇਆ । ਸ਼ਬਦ ਦੇਵੇ ਤੇਜ਼ ਕਟਾਰੀ, ਤਿਖੀ ਧਾਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਸ ਵਟਾਇਆ । ਢੋਲ ਵਜਾਏ ਸਾਜਨ ਮੀਤਾ, ਪਰਮ ਪੁਰਖ ਸੁਲਤਾਨਾ । ਜੁਗ ਜੁਗ ਜਾਣੇ ਆਪਣੀ ਰੀਤਾ, ਖੇਲੇ ਖੇਲ ਆਪ ਮਹਾਨਾ । ਆਪੇ ਦੇਹੁਰਾ ਆਪੇ ਮਸਜਿਦ ਆਪੇ ਗੁਰਦਵਾਰ ਆਪੇ ਬੈਠਾ ਰਹੇ ਅਤੀਤਾ, ਆਪੇ ਪੂਜਾ ਆਪੇ ਪਾਠ ਆਪੇ ਧਰਮ ਹੋਏ ਜੈਕਾਰਾ ਆਪੇ ਠਾਂਡਾ ਸੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਆਪੇ ਜੀਤਾ । ਢੋਲ ਨਗਾਰਾ ਸਾਚੀ ਮਾਲਾ, ਗੁਰ ਪੂਰੇ ਤਨ ਸ਼ੰਗਾਰਿਆ । ਨਿਰਮਲ ਜੋਤੀ ਕਰੇ ਉਜਾਲਾ, ਕਲਜੁਗ ਮੇਟੇ ਅੰਧ ਅੰਧਿਆਰਿਆ । ਖੇਲੇ ਖੇਲ ਗੋਬਿੰਦ ਗੋਪਾਲਾ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾ ਰਿਹਾ । ਗੁਰਮੁਖਾਂ ਵਖਾਏ ਏਕਾ ਏਕ ਸੱਚੀ ਧਰਮਸਾਲਾ, ਕਾਇਆ ਮੰਦਰ ਅੰਦਰ ਕੁੰਡਾ ਲਾ ਲਿਆ । ਬਜਰ ਕਪਾਟੀ ਤੋੜੇ ਤਾਲਾ, ਬੰਦ ਕਿਵਾੜ ਖੁਲ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਢੋਲ ਏਕਾ ਢੋਲਾ ਹਰਿ

ਸਾਚੇ ਆਪ ਸੁਣਾ ਲਿਆ । ਸਤਿਗੁਰ ਢੋਲ ਸੁਣਾਏ ਢੋਲਾ, ਸੋਹੰ ਸ਼ਬਦ ਜੈਕਾਰਾ । ਸਤਿਜੁਗ ਤੇਰਾ ਸਾਚਾ ਬੋਲਾ, ਚਾਰ ਵਰਨ ਭੰਡਾਰਾ । ਚੌਦਾਂ ਹੱਟਾਂ ਏਕਾ ਤੋਲਾ, ਨੌ ਸੱਤ ਬਣੇ ਵਣਜਾਰਾ । ਤ੍ਰੈਲੋਕੀ ਬਦਲੇ ਏਕਾ ਚੋਲਾ, ਏਕਾ ਰੰਗ ਅਪਾਰਾ । ਲੋਕਮਾਤ ਖੇਲੇ ਆਪਣਾ ਹੋਲਾ, ਖੇਲਣਹਾਰ ਆਪ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਨੂਰ ਕਰੇ ਉਜਿਆਰਾ । ਸ਼ਬਦ ਢੋਲ ਸਾਚਾ ਢੋਲਾ ਧੁਰ ਸੁਗਾਤ, ਹਰਿ ਸਾਚੇ ਵੰਡ ਵੰਡਾਈਆ । ਜਨ ਭਗਤਾਂ ਬੰਨੇ ਚਰਨ ਨਾਤ, ਇਕ ਪ੍ਰੀਤ ਸਿਖਾਈਆ । ਚਰਨ ਪ੍ਰੀਤੀ ਵਡ ਕਰਾਮਾਤ, ਜਿਸ ਦੇਵੇ ਹਰਿ ਰਘੁਰਾਈਆ । ਗੁਰਮੁਖ ਸਾਜਨ ਉਤਮ ਜਾਤ, ਵਰਨ ਗੋਤ ਵਿਚ ਨਾ ਆਈਆ । ਮਿਲੇ ਮੇਲ ਹਰਿ ਕਮਲਾਪਾਤ, ਕੰਤ ਕੰਤੂਹਲ ਮੇਲ ਮਿਲਾਈਆ । ਸ਼ਬਦੀ ਚੜ੍ਹੇ ਸਚ ਬਰਾਤ, ਗੁਰਮੁਖ ਸੁਰਤੀ ਲਏ ਪਰਨਾਈਆ । ਆਤਮ ਸੇਜਾ ਇਕ ਇਕਾਂਤ, ਮੇਲ ਮਿਲਾਏ ਸਹਿਜ ਸਭਾਈਆ । ਨਾ ਕੋਈ ਸੁਬਾ ਨਾ ਕੋਈ ਸ਼ਾਮ, ਨਾ ਕੋਈ ਰਾਤ ਨਾ ਕੋਈ ਪਰਭਾਤ, ਹਰਿ ਏਕਾ ਰੰਗ ਰੰਗਾਈਆ । ਦੇਵਣਹਾਰਾ ਸਾਚੀ ਦਾਤ, ਦਾਤਾ ਦਾਨੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਢੋਲਾ ਰਿਹਾ ਗਾਈਆ । ਏਕਾ ਢੋਲਾ ਹਰਿ ਵਰਭੰਡ, ਆਪਣਾ ਆਪ ਸੁਣਾਇਆ । ਕਲਜੁਗ ਅੰਤਮ ਵੰਡੀ ਵੰਡ, ਸਤਿਜੁਗ ਝੋਲੀ ਪਾਇਆ । ਜੂਠਾ ਝੂਠਾ ਕੂੜ ਕੁੜਿਆਰਾ ਪ੍ਰਭ ਮੇਟੇ ਭੇਖ ਪਖੰਡ, ਭੇਖਾਧਾਰੀ ਰਹਿਣ ਨਾ ਪਾਇਆ । ਗੁਰ ਗੋਬਿੰਦ ਤੇਰੀ ਟੁੱਟੀ ਲਏ ਗੰਢ, ਗੰਢਣਹਾਰ ਆਪ ਅਖਵਾਇਆ । ਸੋ ਪੁਰਖ ਨਿਰੰਜਣ ਹੱਥ ਫੜਿਆ ਚੰਡ ਪਰਚੰਡ, ਨਾਮ ਖੰਡਾ ਰਿਹਾ ਉਠਾਇਆ । ਮਨਮੁਖ ਜੀਵਾਂ ਦੇਵਣ ਆਇਆ ਦੰਡ, ਨਿਹਕਲੰਕਾ ਨਾਉਂ ਰਖਾਇਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਜਗਤ ਦਵਾਰੇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਢੋਲ ਰਿਹਾ ਵਜਾਇਆ । ਢੋਲ ਪੋਲ ਤੇਰਾ ਅੰਤਮ ਖੁਲ੍ਹਣਾ, ਪ੍ਰਭ ਸਾਚੇ ਆਪ ਖੁਲ੍ਹੌਣਾ । ਮਨਮਤ ਤੇਰਾ ਕੋਈ ਨਾ ਪੈਣਾ ਮੁਲਨਾ, ਹਰਿ ਖਾਕੀ ਖਾਕ ਮਲੌਣਾ । ਗੁਰਮੁਖ ਵਿਰਲੇ ਪੂਰੇ ਤੋਲ ਤੁਲਣਾ, ਨਾਨਕ ਤੋਲਾ ਇਕ ਸਮਝੌਣਾ । ਗੁਰ ਗੋਬਿੰਦੇ ਤੇਰੀ ਚਰਨ ਪ੍ਰੀਤੀ ਘੋਲ ਘੁਲਣਾ, ਦੂਸਰ ਕੋਈ ਦਿਸ ਨਾ ਔਣਾ । ਜੂਠਾ ਝੂਠਾ ਬੂਟਾ ਅੰਤਮ ਹੁਲਣਾ, ਫਲ ਡਾਲ੍ਹੀ ਨਾ ਕੋਈ ਰਖੌਣਾ । ਲੋਕਮਾਤ ਸਾਧ ਸੰਤ ਜੀਵ ਜੰਤ ਵਰਨ ਬਰਨ ਮੂਲ ਨਾ ਭੁੱਲਣਾ, ਪ੍ਰਭ ਸਾਚੇ ਖੇਲ ਰਚੌਣਾ । ਧਰਤ ਮਾਤ ਤੇਰੀ ਛਾਤੀ ਲੱਖ ਚੁਰਾਸੀ ਖੂਨ ਡੁਲਣਾ, ਪ੍ਰਭ ਸਾਚੇ ਰੰਗ ਚੜ੍ਹੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਢੋਲਾ ਸਾਚਾ ਸਚ ਸਨੌਣਾ । ਹਰਿ ਢੋਲ ਸ਼ਬਦ ਜਣਾਈ, ਅਨਹਦ ਜੈ ਜੈਕਾਰਾ । ਪਾਰਬ੍ਰਹਮ ਪ੍ਰਭ ਖੇਲ ਰਚਾਈ, ਲੋਕਮਾਤ ਲਏ ਅਵਤਾਰਾ । ਜੋਤੀ ਨੂਰ ਨੂਰ ਰਖਾਈ, ਸ਼ਬਦ ਧੁਨ ਧੁਨਕਾਰਾ । ਅਗੰਮ ਅਗੰਮੜੇ ਧਾਮ ਬੈਠਾ ਆਸਣ ਲਾਈ, ਆਪੇ ਵਸਿਆ ਸਚ ਦਵਾਰਾ । ਸੰਬਲ ਨਗਰੀ ਇਕ ਸੁਹਾਈ, ਗੋਬਿੰਦ ਮੇਲ ਕੰਤ ਭਤਾਰਾ । ਮਿਲਿਆ ਮੇਲ ਹਰਿ ਸਾਚੇ ਮਾਹੀ, ਪਾਇਆ ਪੁਰਖ ਅਪਾਰਾ । ਗੁਰਮੁਖ ਸੋਏ ਰਿਹਾ ਜਗਾਈ, ਸੁਰਤੀ ਸੁਰਤ ਹੁਲਾਰਾ । ਆਪ ਆਪਣਾ ਭੇਵ ਖੁਲ੍ਹਾਈ, ਦੇਵੇ ਦਰਸ ਅਗੰਮ ਅਪਾਰਾ । ਗੁਰਮੁਖਾਂ ਦਰ ਦਰ ਘਰ ਘਰ ਮੰਗੇ ਜਾਈ, ਮੰਗਣਹਾਰ ਆਪ ਦਾਤਾਰਾ । ਮਨਮੁਖ ਜੀਵਾਂ ਦਿਸੇ ਨਾਹੀ, ਲੱਗੀ ਅੱਗ ਬਹੱਤਰ ਨਾੜਾ । ਬ੍ਰਹਿਮੰਡ ਦਾ ਕਰਤਾ ਮਾਲਕ ਬੈਠਾ ਜੋਤ ਜਗਾਈ, ਨਿਹਕਲੰਕ ਨਰ ਅਵਤਾਰਾ । ਸੋਹੰ ਸ਼ਬਦ

ਕਰੇ ਕੁੜਮਾਈ, ਮੁਖ ਸਗਨ ਲਗਾਏ ਕਲਜੁਗ ਤੇਰੀ ਅੰਤਮ ਵਾਰਾ । ਨੇਤਰ ਨੈਣ ਕਜਲਾ ਰਿਹਾ ਪਾਈ, ਏਕਾ ਨੇਤਰ ਆਪ ਉਘਾੜਾ । ਅੰਦਰ ਮੰਦਰ ਮੇਲਾ ਸਹਿਜ ਸਬਾਈ, ਪੰਚਮ ਲਾਇਆ ਸਚ ਅਖਾੜਾ । ਆਪ ਆਪਣੀ ਧੁਨ ਆਪੇ ਰਿਹਾ ਗਾਈ, ਆਪਣਾ ਤਾਲ ਆਪ ਵਜਾਇਆ । ਹਰਿ ਹਰਿ ਵੇਖੇ ਥਾਉਂ ਥਾਈਂ, ਹਰ ਘਟ ਬੈਠਾ ਆਸਣ ਲਾਇਆ । ਗੁਰਮੁਖ ਮੇਲੇ ਫੜ ਫੜ ਬਾਹੀਂ, ਦਿਵਸ ਰੈਣ ਸੇਵ ਕਮਾਇਆ । ਪਹਿਲੀ ਫੱਗਣ ਵੀਹ ਸੌ ਚੌਦਾਂ ਜਾਣਾ ਚਾਈਂ ਚਾਈਂ, ਨਾਤਾ ਨਾਤੇ ਨਾਲ ਜੁੜਾਇਆ । ਖੇਲੇ ਖੇਲ ਬੇਪਰਵਾਹੀ, ਬੇਪਰਵਾਹ ਆਪ ਅਖਵਾਇਆ । ਭਰਮੇ ਭੁੱਲੇ ਪਾਂਧੀ ਰਾਹੀ, ਪ੍ਰਭ ਮਾਰਗ ਦਏ ਦਿਖਾਇਆ । ਗੁਰ ਗੋਬਿੰਦੇ ਮੇਲਾ ਏਕਾ ਥਾਈਂ, ਹਰਿ ਏਕਾ ਧਾਮ ਸੁਹਾਇਆ । ਗੁਰ ਨਾਨਕ ਏਕਾ ਏਕ ਇਕ ਰਿਹਾ ਮਿਲਾਈ, ਹਰਿ ਮੇਲੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਧਰ, ਸ਼ਬਦ ਢੋਲ ਰਿਹਾ ਵਜਾ, ਲੱਖ ਚੁਰਾਸੀ ਰਚਿਆ ਘੋਲ, ਸ੍ਰਿਸ਼ਟ ਸਬਾਈ ਰਿਹਾ ਉਠਾ, ਸੋਇਆ ਕੋਈ ਰਹਿਣ ਨਾ ਪਾਇਆ । ਨਾ ਕੋਈ ਸੋਇਆ ਨਾ ਕੋਈ ਜਾਗੇ, ਨਾ ਕੋਈ ਰੰਗ ਰੰਗਾਇਆ । ਨਾ ਕੋਈ ਹੰਸ ਨਾ ਕੋਈ ਕਾਗੇ, ਨਾ ਕੋਈ ਚੋਗ ਚੁਗਾਇਆ । ਨਾ ਕੋਈ ਮਜਨ ਨਾ ਕੋਈ ਮਾਘੇ, ਨਾ ਕੋਈ ਤੀਰਥ ਰਿਹਾ ਨੁਹਾਇਆ । ਨਾ ਕੋਈ ਢੋਲ ਨਾ ਕੋਈ ਵੱਜੇ ਵਾਜੇ, ਅਨਹਦ ਤਾਲ ਨਾ ਕੋਈ ਵਜਾਇਆ । ਝੂਠ ਪਸਾਰਾ ਕਲਜੁਗ ਤੇਰਾ ਸਾਜਨ ਸਾਜੇ, ਕੂੜੋ ਕੂੜ ਦਿਸਾਇਆ । ਜੋਤ ਸਰੂਪ ਹਰਿ ਪਰਗਟ ਹੋਇਆ ਦੇਸ ਮਾਝੇ, ਸ੍ਰਿਸ਼ਟ ਸਬਾਈ ਰਿਹਾ ਸੁਣਾਇਆ । ਪਕੜ ਉਠਾਏ ਰਾਜਨ ਰਾਜੇ, ਸ਼ਾਹ ਸੁਲਤਾਨ ਦਏ ਹਿਲਾਇਆ । ਇਕ ਅਕੱਲਾ ਗ਼ਰੀਬ ਨਿਵਾਜੇ, ਗਊ ਗ਼ਰੀਬਾਂ ਹੋਏ ਸਹਾਇਆ । ਸੀਸ ਰਹਿਣ ਨਾ ਦੇਣਾ ਕੋਈ ਤਾਜੇ, ਲੇਖਾ ਲੇਖ ਰਿਹਾ ਲਿਖਾਇਆ । ਬ੍ਰਹਿਮੰਡ ਪ੍ਰਭ ਰਚਿਆ ਕਾਜੇ, ਚੌਦਾਂ ਤਬਕਾਂ ਦਏ ਮਿਟਾਇਆ । ਚੌਦਾਂ ਲੋਕ ਮਾਰੇ ਏਕਾ ਅਵਾਜੇ, ਏਕਾ ਢੋਲਾ ਰਿਹਾ ਸੁਣਾਇਆ । ਬ੍ਰਹਮ ਪੁਰੀ ਹਰਿ ਸ਼ਬਦ ਗਾਜੇ, ਬ੍ਰਹਮਾ ਨੇਤਰ ਨੀਰ ਵਹਾਇਆ । ਸ਼ਿਵ ਸ਼ੰਕਰ ਤੇਰੀ ਕੋਈ ਨਾ ਰੱਖੇ ਲਾਜੇ, ਵੇਲਾ ਅੰਤਮ ਆਇਆ । ਕਰੋੜ ਤੇਤੀਸਾ ਉਠ ਉਠ ਭਾਜੇ, ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ । ਕਲਜੁਗ ਕੂੜੇ ਰਚਿਆ ਕਾਜੇ, ਸੰਗ ਮੁਹੰਮਦ ਸੰਗ ਰਖਾਇਆ । ਅੱਲਾ ਰਾਣੀ ਉਚੇ ਮੁਨਾਰੇ ਬਹਿ ਬਹਿ ਮਾਰੇ ਵਾਜੇ, ਹੂ ਹੂ ਨਾਅਰਾ ਲਾਇਆ । ਮੱਕਾ ਕਾਅਬਾ ਹਰਿ ਵੇਖਣ ਆਇਆ ਸਾਚਾ ਹਾਜੀ ਹਾਜੇ, ਅੰਤਮ ਏਕਾ ਹੱਜ ਕਰਾਇਆ । ਦੁਲਦੁਲ ਐਲੀ ਰੱਖੇ ਸਾਚੇ ਤਾਜੇ, ਸ਼ਾਹ ਅਸਵਾਰ ਆਪ ਅਖਵਾਇਆ । ਸੰਮਤ ਸੋਲਾਂ ਪਹਿਲੀ ਚੇਤਰ ਚਰਨ ਦੇ ਰਕਾਬੇ, ਲਾਹੌਰ ਕਿਲਾ ਸ਼ਾਹੀ ਚਰਨ ਦਏ ਟਿਕਾਇਆ । ਚਾਰ ਵਰਨ ਤੇਰੀ ਰੱਖੇ ਲਾਜੇ, ਹਿੰਦੂ ਮੁਸਲਮ ਸਿਖ ਈਸਾਈ ਸਾਜਨ ਸਾਚੇ ਵੇਖ ਵਖਾਇਆ । ਮਨਮੁਖ ਜੀਵਾਂ ਖੋਲ੍ਹੇ ਪਾਜੇ, ਪੀਰ ਕੁਤਬ ਗੌਂਸ ਸ਼ੇਖ਼ ਮੁਸਾਇਕ ਹਰਿ ਸਾਚਾ ਨਾਇਕ ਵੇਖ ਵਖਾਇਆ । ਹੱਕ ਹਕੀਕਤ ਲਾਸ਼ਰੀਕ ਗ਼ਰੀਬ ਨਿਵਾਜੇ, ਗ਼ਰੀਬ ਨਿਮਾਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਅਲਾਹੀ ਬੇਪਰਵਾਹੀ ਆਪਣਾ ਸੰਗ ਨਿਭਾਇਆ । ਨਾਮ ਸ਼ਬਦ ਸਚ ਜੈਕਾਰਾ, ਪੁਰਖ ਅਕਾਲ ਲਗਾਇਆ । ਅਕਾਲ ਪੁਰਖ ਆਪ ਕਰਤਾਰਾ, ਕਰਤਾ ਰੂਪ ਸਮਾਇਆ । ਕਰਨਹਾਰ ਵਿਚ ਸੰਸਾਰਾ, ਕਰਤਾ ਪੁਰਖ ਅਖਵਾਇਆ । ਜੁਗ ਜੁਗ ਲਏ ਹਰਿ ਅਵਤਾਰਾ, ਭੇਵ ਅਭੇਦਾ ਭੇਵ ਛੁਪਾਇਆ । ਸਤਿਜੁਗ ਸਾਚੇ ਪਾਵੇ ਸਾਰਾ, ਤ੍ਰੇਤੇ ਮੇਲ ਮਿਲਾਇਆ । ਦੁਆਪਰ ਤੇਰੀ ਬੰਨੇ ਧਾਰਾ, ਧੀਰਜ ਧੀਰ ਧਰਾਇਆ ।

੧੩੩ ੦੭

ਕਲਜੁਗ ਤੇਰਾ ਵੇਖ ਸਹਾਰਾ, ਹਰਿ ਸਾਚੇ ਖੇਲ ਖਿਲਾਇਆ । ਖੇਲੇ ਖੇਲ ਸੰਗ ਮੁਹੰਮਦ ਚਾਰ ਯਾਰਾ, ਚਾਰ ਯਾਰਾਂ ਲਏ ਮਿਲਾਇਆ । ਗੁਰ ਨਾਨਕ ਲਾਇਆ ਏਕਾ ਨਾਅਰਾ, ਨਾਮ ਸਤਿ ਸਤਿ ਨਾਮ ਜੀਵ ਜੰਤ ਝੋਲੀ ਪਾਇਆ । ਗੁਰ ਗੋਬਿੰਦੇ ਹਰਿ ਭਰ ਭੰਡਾਰਾ, ਨਾਮ ਭੰਡਾਰਾ ਝੋਲੀ ਪਾਇਆ । ਆਪੇ ਫਿਰੇ ਚਾਰੇ ਕੂਟਾ, ਦਹਿ ਦਿਸ਼ਾ ਫੇਰੀ ਪਾਇਆ । ਆਪ ਮਨਾਇਆ ਜੋ ਜੋ ਬੈਠਾ ਰੂਠਾ, ਵਿਛੜੇ ਦਏ ਮਿਲਾਇਆ । ਕਾਇਆ ਅੰਮ੍ਰਿਤ ਭਰਿਆ ਠੂਠਾ, ਸਚ ਪਿਆਲਾ ਇਕ ਵਖਾਇਆ । ਨਾਤਾ ਤੋੜਿਆ ਜਗਤ ਜੂਠਾ, ਪੰਚਮ ਪੰਚਮ ਨਾ ਕੋਈ ਜਣਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਗੁਰ ਗੋਬਿੰਦ ਬੰਨ੍ਹਾਏ ਏਕਾ ਮੁਠਾ, ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦਾ ਰਿਹਾ ਮਿਲਾਇਆ । ਨੀਲੇ ਘੋੜੇ ਉਪਰ ਆਸਣ ਲਾ, ਕਲਗੀ ਤੋੜਾ ਸੀਸ ਦਸਤਾਰੇ । ਵਿਛੜੇ ਜੁਗ ਲਏ ਮਿਲਾ, ਕਿਰਪਾ ਕਰੇ ਅਪਰ ਅਪਾਰੇ । ਫੜ ਫੜ ਬਾਂਹੋਂ ਸੰਬਲ ਨਗਰੀ ਦਏ ਵਖਾ, ਜਗੇ ਜੋਤ ਅਗੰਮ ਅਪਾਰੇ । ਏਕਾ ਦੀਪਕ ਰਿਹਾ ਵਖਾ, ਮੇਟੇ ਕੂੜ ਕੂੜੇ ਪਸਾਰੇ । ਬੀਸ ਬੀਸਾ ਤੇਰਾ ਰਾਹ ਰਿਹਾ ਤਕਾ, ਪ੍ਰਭ ਸਾਚਾ ਆਪ ਵਿਚਾਰੇ । ਦਿੱਲੀ ਤਖ਼ਤ ਲਏ ਚਰਨ ਛੁਹਾ, ਪੰਦਰਾਂ ਕੱਤਕ ਦਿਵਸ ਵਿਚਾਰੇ । ਸੱਤ ਰੰਗ ਨਿਸ਼ਾਨਾ ਦਏ ਚੜ੍ਹਾ, ਸੱਤ ਦੀਪ ਕਰਨ ਨਿਮਸਕਾਰੇ । ਸੀਸ ਗੰਜ ਹਰਿ ਮਾਣ ਦਵਾ, ਗੁਰ ਤੇਗ ਬਹਾਦਰ ਤੇਰੀ ਰੱਤ ਸਿਖੀ ਦੇਵੇ ਮਤ, ਏਕਾ ਬਖ਼ਸ਼ੇ ਸਚ ਪਿਆਰੇ । ਏਕਾ ਬੀਜ ਨੌਂ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਅੰਦਰ ਦੇਵੇ ਘੱਤ, ਘੱਤਣਹਾਰ ਆਪ ਕਰਤਾਰੇ । ਪਾਰਬ੍ਰਹਮ ਤੇਰਾ ਏਕਾ ਵਤ, ਜਗ ਆਏ ਅੰਤਮ ਵਾਰੇ । ਪੁਰਖ ਅਬਿਨਾਸ਼ੀ ਜਨ ਭਗਤਾਂ ਰੱਖੇ ਸਾਚੀ ਪਤ, ਪੱਤਤ ਪੁਨੀਤ ਕਰੇ ਜੋ ੧੩੪

੧੩੪ ਜਨ ਆਏ ਦਵਾਰੇ । ਏਕਾ ਦੇਵੇ ਧੀਰਜ ਸੰਤੋਖ ਸਤਿ, ਮਨ ਮਤ ਦਰ ਦੁਰਕਾਰੇ । ਆਪ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਹਰਿ ਨਿਰੰਕਾਰੇ ।

੦੨ ੦੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਵਿਚ ਸੰਸਾਰੇ । ਸਾਚਾ ਖੇਲ ਹਰਿ ਖਿਲੌਣਾ, ਨੌਂ ਖੰਡ ਸੱਤ ਦੀਪ ਰਿਹਾ ਜਗਾਈਆ । ਲੱਖਣ ਦੀਪ ਹਰਿ ਫੇਰਾ ਪੌਣਾ, ਸ਼ਬਦ ਢੋਲਾ ਰਿਹਾ ਵਜਾਈਆ । ਕਰੌਂਚ ਤੇਰਾ ਪੋਲ ਖੁਲ੍ਹੌਣਾ, ਅੰਦਰ ਮੰਦਰ ਵੇਖ ਵਖਾਈਆ । ਪੁਸ਼ਕਰ ਤੇਰਾ ਸੰਗ ਨਿਭੌਣਾ, ਆਪ ਆਪਣੀ ਦਇਆ ਕਮਾਈਆ । ਜੰਬੂ ਦੀਪ ਹਰਿ ਜੋਤ ਜਗੌਣਾ, ਜੋਤੀ ਨੂਰ ਕਰੇ ਰੁਸ਼ਨਾਈਆ । ਸਲਮਲ ਤੇਰਾ ਧਾਮ ਸੁਹੌਣਾ, ਹਰਿ ਸਾਜਨ ਵੇਖ ਵਖਾਈਆ । ਸਾਨ ਸਿਖੀ ਇਕ ਅਖਵੌਣਾ, ਸਾਖਯਾਤ ਵੱਡੀ ਵਡਿਆਈਆ । ਕੁਸ਼ਾ ਕਲ ਇਕ ਕਰੌਣਾ, ਦੂਈ ਦਵੈਤੀ ਮੇਟ ਮਿਟਾਈਆ । ਸੱਤ ਦੀਪ ਪ੍ਰਭ ਰੰਗ ਚੜ੍ਹੌਣਾ, ਸੋਹੰ ਸ਼ਬਦ ਕਰੇ ਕੁੜਮਾਈਆ । ਵਿਚ ਵਿਚੋਲਾ ਆਪ ਅਖੌਣਾ, ਨਾ ਕੋਈ ਦੂਸਰ ਸੰਗ ਰਲਾਈਆ । ਕਲਜੁਗ ਕੂੜਾ ਦਾਗ਼ ਮਿਟੌਣਾ, ਦੁਰਮਤ ਮੈਲ ਗਵਾਈਆ । ਏਕਾ ਰਾਗ ਹਰਿ ਸਚ ਸਨੌਣਾ, ਹਰਿ ਸਾਚੇ ਮੇਲ ਮਿਲਾਈਆ । ਕੁਲਾ ਖੰਡ ਪਕੜ ਉਠੌਣਾ, ਆਪ ਆਪਣਾ ਵੇਖ ਵਖਾਈਆ । ਇਲਾ ਬ੍ਰਤ ਹਰਿ ਭੇਵ ਖੁਲ੍ਹੌਣਾ, ਭੁੱਲ ਰਹੇ ਨਾ ਰਾਈਆ । ਕੇਤਮਾਲ ਹਰਿ ਚਰਨ ਟਿਕੌਣਾ, ਕਿੰ ਪੁਰਖ ਸੰਗ ਰਲਾਈਆ । ਹਰਣਯਮਹ ਤੇਰਾ ਦਰ ਸਹੌਣਾ, ਦਰ ਦਰਵੇਸ਼ ਆਪ ਅਖਵਾਈਆ । ਭਦਰ ਦਰ ਘਰ ਭਾਗ ਲਗੌਣਾ, ਪਾਰਬ੍ਰਹਮ ਵੱਡੀ ਵਡਿਆਈਆ । ਭਾਰਤ ਖੰਡ ਹਰਿ ਵੇਖ ਵਖੌਣਾ, ਰਾਸ਼ਟਰਪਤ ਰਿਹਾ ਉਠਾਈਆ । ਦੇ ਬਾਂਹ ਸਰਹਾਣੇ ਸੌਂ ਨਾ ਰਹਿਣਾ, ਪ੍ਰਭ ਸਾਚੇ ਜੋਤ ਜਗਾਈਆ । ਸੰਮਤ ਪੰਦਰਾਂ ਮੇਲ ਮਿਲੌਣਾ, ਕ੍ਰਿਸ਼ਨਾ

ਮੈਨਨ ਸੰਗ ਰਲਾਈਆ । ਆਪਣੀ ਥਿਤ ਆਪ ਵਖੌਣਾ, ਦੇਵੇ ਰੁੱਤ ਸੁਹਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ ਕਰਮ ਕਮੌਣਾ, ਭੇਵ ਅਭੇਦਾ ਦਏ ਖੁਲ੍ਹਾਈਆ । ਸ਼ਾਹ ਭਬੀਖਨ ਤੇਰਾ ਲਹਿਣਾ ਪਿਛਲਾ ਮੂਲ ਚੁਕੌਣਾ, ਰਾਮ ਰਾਮਾ ਜੋਤ ਜਗਾਈਆ । ਲੰਕਾ ਗੜ੍ਹ ਹੰਕਾਰੀ ਨੌ ਖੰਡ ਪ੍ਰਿਥਮੀ ਢੌਹਣਾ, ਸੀਤਾ ਸੁਰਤੀ ਗੁਰਮੁਖਾਂ ਲਏ ਬਚਾਈਆ । ਇਕ ਬਿਬਾਣੇ ਜਗਤ ਚੜ੍ਹੌਣਾ, ਏਕਾ ਲਏ ਉਡਾਈਆ । ਏਕਾ ਰਥ ਰਥਵਾਹੀ ਹਰਿ ਅਖਵੌਣਾ, ਅਰਜਨ ਗੀਤਾ ਗਿਆਨ ਜਣਾਈਆ । ਕਲਜੁਗ ਅੰਤਮ ਵੇਲਾ ਪਾਰਬ੍ਰਹਮ ਪ੍ਰਭ ਆਪ ਸਹੌਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਜਮਨ ਕਿਨਾਰੇ ਡੇਰਾ ਲੌਣਾ, ਸਾਚਾ ਥਾਨ ਸੁਹਾਈਆ । ਸ਼ਬਦ ਧੁਨ ਅਨਾਦ ਬ੍ਰਹਿਮਾਦ ਹਰਿ ਸਰਬ ਜਗੌਣਾ, ਸਾਧ ਸੰਤ ਸੋਇਆ ਕੋਈ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਤੇਰਾ ਲੇਖਾ ਪਾਰਬ੍ਰਹਮ ਫੇਰ ਲਿਖੌਣਾ, ਕੂੜੀ ਕਿਰਿਆ ਦਏ ਮਿਟਾਈਆ । ਏਕਾ ਸ਼ਬਦ ਸੋਹੰ ਸੋ ਸ੍ਰਿਸ਼ਟ ਸਬਾਈ ਗੌਣਾ, ਭੁੱਲ ਰਹੇ ਨਾ ਰਾਈਆ । ਅਕਾਲ ਪੁਰਖ ਪ੍ਰਭ ਆਪਣਾ ਡੰਕ ਵਜੌਣਾ, ਆਪਣੀ ਜੋਤੀ ਸੇਵਾ ਲਾਈਆ । ਸੰਮਤ ਪੰਦਰਾਂ ਦੋ ਸੌ ਛਿਹੱਤਰ ਦਿਨ ਪ੍ਰਭ ਖੇਲ ਖਿਲੌਣਾ, ਦਹਿ ਦਿਸ਼ਾ ਫੇਰਾ ਪਾਈਆ । ਪਹਿਲੀ ਕੱਤਕ ਪਟਨਾ ਸ਼ਹਿਰ ਸੁਹੌਣਾ, ਗੁਰ ਗੋਬਿੰਦ ਮੇਲ ਮਿਲਾਈਆ । ਪੰਦਰਾਂ ਕੱਤਕ ਲੰਕਾ ਗੜ੍ਹ ਤੁੜੌਣਾ, ਸਾਧ ਸੰਗਤ ਸੰਗ ਰਖਾਈਆ । ਸ਼ਬਦ ਗੁਰ ਸੇਵਾ ਲੌਣਾ, ਹਰਿ ਸਾਚੀ ਕਾਰ ਕਮਾਈਆ । ਦੂਈ ਦਵੈਤੀ ਪੜਦਾ ਸਭ ਦਾ ਲੌਹਣਾ, ਭਰਮ ਰਹੇ ਨਾ ਰਾਈਆ । ਗਿਆਨੀਆਂ ਧਿਆਨੀਆਂ ਵਿਦਵਾਨੀਆਂ ਬ੍ਰਹਮ ਗਿਆਨੀਆਂ ਪ੍ਰਭ ਦਰ ਹਲੌਣਾ, ਪੁੱਛੇ ਰਾਗ ਹਰਿ ਅਲਾਹੀਆ । ਪੰਡਤ ਪਾਂਧਿਆ ਸੰਗ ਰਲੌਣਾ, ਮੁੱਲਾ ਸ਼ੇਖ਼ਾਂ ਮੁਸਾਇਕ ਪੀਰਾਂ ਤਸਬੀਆਂ ਗਲ ਪਹਿਨੌਣਾ, ਸ਼ਰਅ ਸ਼ਰਾਇਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ ਸੇਵਕ ਸੇਵਾ ਰਿਹਾ ਕਮਾਈਆ । ਸੇਵਕ ਚਾਕਰ ਸੇਵਾਦਾਰ ਹਰਿ ਨਿਰੰਕਾਰਾ, ਆਦਿ ਪੁਰਖ ਅਬਿਨਾਸ਼ੀ । ਜਨ ਭਗਤਾਂ ਮੇਲੇ ਵਾਰੋ ਵਾਰਾ, ਖੇਲੇ ਖੇਲ ਜਗਤ ਤਮਾਸ਼ੀ । ਜੁਗ ਜੁਗ ਬਣੇ ਮਾਤ ਭਿਖਾਰਾ, ਆਪੇ ਜਾਣੇ ਆਪਣਾ ਵਾਸੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਜਨਹਰਿ ਗੁਰਮੁਖ ਗੁਰਸਿਖ ਸੰਤ ਸਾਜਨ ਮੇਲ ਮਿਲਾਏ ਸੁਹਾਏ ਬੰਕ ਦਵਾਰਾ । ਬੰਕ ਦਵਾਰਾ ਸਾਜਨ ਮੀਤਾ, ਹਰਿ ਹਰਿ ਸਾਚਾ ਪਾਇਆ । ਕਲਜੁਗ ਚਲੀ ਅਵੱਲੜੀ ਰੀਤਾ, ਜੋਤੀ ਜਾਮਾ ਭੇਖ ਵਟਾਇਆ । ਨਾ ਕੋਈ ਗੁਰੂਦਵਾਰਾ ਨਾ ਮੰਦਰ ਮਸੀਤਾ ਨਾ ਸ਼ਿਵਦਵਾਲਾ ਮੱਠ, ਗੁਰਮੁਖ ਸਾਚੇ ਵਿਚ ਸਮਾਇਆ । ਧੁਰਦਰਗਾਹੀ ਆਇਆ ਨੱਠ, ਸੰਬਲ ਨਗਰੀ ਡੇਰਾ ਲਾਇਆ । ਸੰਬਲ ਨਗਰ ਸਾਢੇ ਤਿੰਨ ਹੱਥ, ਗੁਰ ਗੋਬਿੰਦਾ ਦਿਸ ਨਾ ਆਇਆ । ਪ੍ਰਭ ਅਬਿਨਾਸ਼ੀ ਕਰਤੇ ਜੋਤੀ ਸ਼ਬਦੀ ਰੱਖੀ ਸਾਚੀ ਵਥ, ਸਚ ਭੰਡਾਰ ਰਖਾਇਆ । ਗੁਰਮੁਖਾਂ ਆਤਮ ਅੰਤਰ ਵਖਾਏ ਏਕਾ ਤੀਰਥ ਤਟ, ਅਠਸਠ ਮੂਲ ਚੁਕਾਇਆ । ਦੀਪਕ ਜੋਤੀ ਜਗੇ ਲਟ ਲਟ, ਘਰ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਰਿਹਾ ਮਿਲਾਇਆ । ਸਾਚਾ ਸਿਖ ਹਰਿ ਪਰਵਾਨਾ, ਗੋਬਿੰਦ ਮੇਲ ਮਿਲਾਇੰਦਾ । ਜੋਤੀ ਜੋਤ ਜਗੇ ਮਹਾਨਾ, ਸ਼ਬਦੀ ਸ਼ਬਦ ਸਮਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਵਜਾਇੰਦਾ । ਹੱਥੀਂ ਬੰਨੇ ਸਾਚਾ ਗਾਨਾ, ਆਦਿ ਅੰਤ ਸੰਗ ਨਿਭਾਇੰਦਾ । ਸੋ ਸਤਿਗੁਰ ਪੂਰਾ ਹਰਿ ਮਿਹਰਵਾਨਾ, ਹਰਿ ਨਾਨਕ ਆਪ ਅਖਵਾਇੰਦਾ । ਨਾਨਕ ਪਾਇਆ ਪਦ ਨਿਰਬਾਨਾ, ਨਿਜ ਘਰ ਵੇਖ ਵੇਖ ਵਖਾਇੰਦਾ । ਗੁਰ ਗੋਬਿੰਦਾ ਮਿਲਿਆ ਮੇਲ ਹਰਿ

ਭਗਵਾਨਾ, ਪੂਤ ਸਪੂਤਾ ਜੋੜ ਜੁੜਾਇੰਦਾ । ਸ਼ਸਤਰ ਬਸਤਰਧਾਰੀ ਜੋਧਾ ਸੂਰ ਬਲੀ ਬਲਵਾਨਾ, ਏਕਾ ਏਕ ਅਖਵਾਇੰਦਾ । ਅੰਤਮ ਛੱਡਣਾ ਪਿਆ ਸਰਬ ਸਮਾਨਾ, ਗੜ੍ਹੀ ਚਮਕੌਰ ਸੁਹਾਇੰਦਾ । ਮਾਛੂਵਾੜੇ ਗਾਏ ਇਕ ਤਰਾਨਾ, ਸੂਲਾਂ ਸੱਥਰ ਵਿਛਾਇੰਦਾ । ਮਿੱਤਰ ਪਿਆਰੇ ਹਾਲ ਸੁਣਾਣਾ, ਪ੍ਰੇਮ ਵਿਛੌਣਾ ਇਕ ਵਛਾਇੰਦਾ । ਮੰਗੇ ਮੰਗ ਇਕ ਮਹਾਨਾ, ਸਾਚਾ ਸੰਗ ਨਿਭਾਇੰਦਾ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨਾ, ਗੁਰ ਗੋਬਿੰਦ ਸਾਚਾ ਰਾਹ ਤਕਾਇੰਦਾ । ਦੇਵੇ ਸ਼ਬਦ ਹਰਿ ਇਕ ਤਰਾਨਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਤੇਰਾ ਮੇਰਾ ਰੂਪ ਇਕ ਸਮਾਨਾ, ਨਾ ਕੋਈ ਦੂਸਰ ਸੰਗ ਰਲਾਇੰਦਾ । ਤੇਰੀ ਫਲ ਫੁਲਵਾੜੀ ਲੱਗੀ ਰਹੇ ਦੋ ਜਹਾਨਾ, ਸਤਾਰਾ ਸੌ ਛਪੰਜਾ ਬ੍ਰਿਕਮੀ ਵੇਖ ਵਖਾਇੰਦਾ । ਨੈਣਾਂ ਦੇਵੀ ਕਰੇ ਗਿਆਨਾ, ਹਰਿ ਖੰਡਾ ਇਕ ਚਮਕਾਇੰਦਾ । ਸੋ ਪੁਰਖ ਨਿਰੰਜਣ ਸਦ ਮਿਹਰਵਾਨਾ, ਆਪਣਾ ਸ਼ਬਦ ਆਪ ਅਲਾਇੰਦਾ । ਗੁਰ ਗੋਬਿੰਦ ਕਰ ਪਰਵਾਨਾ, ਦੋਏ ਜੋੜ ਸੀਸ ਝੁਕਾਇੰਦਾ । ਪਾਰਬ੍ਰਹਮ ਦੇਵੇ ਸਾਚਾ ਦਾਨਾ, ਕਲਜੁਗ ਤੇਰੀ ਅੰਤਮ ਵੰਡ ਵੰਡਾਇੰਦਾ । ਗੁਰ ਗੋਬਿੰਦਾ ਖ਼ੁਸ਼ੀ ਮਨਾ, ਇਕ ਜੈਕਾਰਾ ਲਾਇਆ । ਵਾਹਿਗੁਰੂ ਫਤਿਹ ਰਿਹਾ ਗਜਾ, ਵਾਹ ਵਾਹ ਤੇਰੀ ਮਾਇਆ । ਤੇਰਾ ਬਾਣਾ ਲਿਆ ਸਜਾ, ਤੇਰੇ ਭਾਣੇ ਵਿਚ ਸਮਾਇਆ । ਅੰਤਮ ਲੱਜਿਆ ਰੱਖਣੀ ਆ, ਪੰਥ ਖਾਲਸਾ ਮਾਤ ਉਪਾਇਆ । ਪੁਰਖ ਅਬਿਨਾਸ਼ੀ ਕਰ ਬੈਠਾ ਹਾਂ, ਵੇਲੇ ਅੰਤਮ ਹੋਏ ਸਹਾਇਆ । ਗੁਰ ਗੋਬਿੰਦ ਪੁੱਛੇ ਪ੍ਰਭੂ ਤੇਰਾ ਕੇਹਿੜਾ ਨਾਂ, ਕਵਣ ਦਵਾਰੇ ਹੋਏ ਸਹਾਇਆ । ਪੁਰਖ ਅਬਿਨਾਸ਼ੀ ਰਿਹਾ ਜਣਾ, ਨਿਹਕਲੰਕਾ ਨਾਉਂ ਧਰਾਇਆ । ਸੰਬਲ ਨਗਰੀ ਡੇਰਾ ਲਵਾਂ ਲਾ, ਸਾਢੇ ਤਿੰਨ ਹੱਥ ਮਹੱਲ ਆਪ ਸੁਹਾਇਆ । ਆਪਣਾ ਸ਼ਬਦ ਦਵਾਂ ਅਲਾ, ਮੇਰਾ ਸ਼ਬਦ ਤੇਰਾ ਰੂਪ ਗੋਬਿੰਦ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਧਰ, ਸੰਮਤ ਸੋਲਾ ਵੇਖ ਹਰਿ, ਸਤਾਰਾਂ ਹਾੜੀ ਪੰਥ ਖਾਲਸਾ ਦਏ ਉਠਾਇਆ । ਹਰਿ ਹਰਿ ਜੋਤ ਹਰਿ ਸਮਾਏ, ਹਰਿ ਹਰਿ ਆਪ ਅਖਵਾਇਆ । ਹਰਿ ਹਰਿ ਰੂਪ ਆਪ ਅਖਵਾਏ, ਹਰਿ ਹਰਿ ਵੇਖ ਵਖਾਇਆ । ਹਰਿ ਹਰਿ ਅਨੂਪ ਹੋ ਜਾਏ, ਹਰਿ ਹਰਿ ਭੇਖ ਵਟਾਇਆ । ਹਰਿ ਹਰਿ ਸ਼ਾਹੋ ਭੂਪ ਆਪ ਅਖਵਾਏ, ਹਰਿ ਹਰਿ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਉਪਾਇਆ । ਹਰਿ ਹਰਿ ਰੂਪ ਹਰਿ ਹਰਿ ਆਦਿ, ਹਰਿ ਹਰਿ ਸਖਾ ਸਹੇਲਿਆ । ਹਰਿ ਹਰਿ ਹੋਏ ਜੁਗਾਦੀ ਆਦਿ, ਹਰਿ ਹਰਿ ਰੰਗ ਨਵੇਲਿਆ । ਹਰਿ ਹਰਿ ਆਪਣਾ ਲਏ ਲਾਧ, ਹਰਿ ਹਰਿ ਆਪ ਆਪਣਾ ਆਪੇ ਮੇਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਖੇਲਿਆ । ਆਪਣਾ ਖੇਲ ਹਰਿ ਆਪ ਖਿਲਾ, ਆਪਣੀ ਰਚਨ ਰਚਾਈਆ । ਆਪਣੀ ਜੋਤੀ ਆਪ ਜਗਾ, ਆਪਣੀ ਆਪ ਕਰੇ ਰੁਸ਼ਨਾਈਆ । ਆਪਣੀ ਸ਼ਕਤੀ ਆਪ ਉਪਾ, ਆਪਣੇ ਵਿਚ ਸਮਾਈਆ । ਆਪਣੀ ਭਗਤ ਆਪ ਕਰਾ, ਆਪ ਆਪਣਾ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਕਰ ਉਜਿਆਰਾ, ਆਪਣਾ ਆਪ ਸੁਹਾਇਆ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਸੰਗ ਰਖਾਇਆ । ਆਪ ਆਪਣਾ ਦਏ ਨਾਮ ਅਧਾਰਾ, ਆਪ ਆਪਣਾ ਆਪੇ ਗਾਇਆ । ਆਪ ਆਪਣਾ ਵੇਖੇ ਧਾਮ ਨਿਆਰਾ, ਆਪ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੋਤੀ ਜੋਤ ਜਗਾਇਆ । ਹਰਿ ਜੋਤ ਨੂਰ ਅਗੰਮ, ਨਾ ਕੋਈ ਭੇਵ ਨਾ ਭੇਦਿਆ ।

ਹੱਡ ਮਾਸ ਨਾ ਨਾੜੀ ਚੰਮ, ਨਾ ਕੋਈ ਲਿਖੇ ਵੇਦ ਕਤੇਬਿਆ । ਆਪਣਾ ਜਾਣੇ ਆਪੇ ਕੰਮ, ਕਰੇ ਕਰਾਏ ਆਪ ਹਸੇਬਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਆਪੇ ਵੇਖਿਆ । ਆਪ ਆਪਣਾ ਆਪੇ ਵੇਖ, ਆਪਣੇ ਵਿਚ ਸਮਾਇੰਦਾ । ਆਪ ਆਪਣਾ ਜਾਣੇ ਭੇਖ, ਭੇਖਾਧਾਰੀ ਆਪ ਅਖਵਾਇੰਦਾ । ਆਪ ਆਪਣਾ ਲਿਖੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਆਪੇ ਜਾਣੇ ਆਪਣੀ ਰੇਖ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਹਰਿ ਹਰਿ ਹਰਿ ਆਪ ਅਖਵਾਇੰਦਾ । ਹਰਿ ਰੂਪ ਅਗੰਮ ਅਥਾਹ, ਬੇਪਰਵਾਹ ਸਮਾਇਆ । ਆਪੇ ਜਾਣੇ ਆਪਣਾ ਨਾਂ, ਲੇਖਾ ਲੇਖ ਨਾ ਕੋਈ ਵਖਾਇਆ । ਆਪ ਆਪਣੀ ਰੱਖੇ ਛਾਂ, ਆਪ ਆਪਣਾ ਹੱਥ ਸਿਰ ਟਿਕਾਇਆ । ਨਾ ਕੋਈ ਪਿਤਾ ਨਾ ਕੋਈ ਮਾਂ, ਸਾਕ ਸੈਣ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣੀ ਹਰਿ ਕਲ ਧਾਰ, ਆਪਣੀ ਜੋਤ ਜਗਾਈਆ । ਆਪਣੀ ਇਛਿਆ ਕਰ ਵਿਚਾਰ, ਆਪਣੀ ਬਣਤ ਬਣਾਈਆ । ਆਪੇ ਦੇਵਣਹਾਰਾ ਵਰ ਭਰੇ ਭੰਡਾਰ, ਆਪ ਆਪਣੀ ਝੋਲੀ ਪਾਈਆ । ਆਪ ਆਪਣਾ ਕਰ ਸ਼ੰਗਾਰ, ਆਪ ਆਪਣੀ ਸੇਜਾ ਬੈਠਾ ਆਸਣ ਲਾਈਆ । ਆਪੇ ਹੋਇਆ ਕੰਤ ਭਤਾਰ, ਆਪੇ ਨਾਰੀ ਰੂਪ ਅਖਵਾਈਆ । ਆਪੇ ਮੇਲਾ ਕਰੇ ਕਰਾਏ ਅਪਰ ਅਪਾਰ, ਆਪ ਆਪਣੀ ਬਿੰਦ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਵੇਖਣਹਾਰਾ ਹਰਿ ਅਕੱਲਾ, ਏਕਾ ਏਕ ਵਖਾਇਆ । ਆਪੇ ਵਸਿਆ ਸਚ ਮਹੱਲਾ, ਨਾ ਕੋਈ ਦੂਸਰ ਸੰਗ ਰਲਾਇਆ । ਨਿਹਚਲ ਧਾਮ ਊਚ ਅਟੱਲਾ, ਦਿਸ ਕਿਸੇ ਨਾ ਆਇਆ ।

੧੩੭ ੦੭

ਦੀਪਕ ਜੋਤੀ ਏਕਾ ਬੱਲਾ, ਅੱਠੇ ਪਹਿਰ ਰਹੇ ਰੁਸ਼ਨਾਇਆ । ਆਪਣਾ ਦਰ ਆਪਣਾ ਘਰ ਆਪਣਾ ਵਰ ਹਰਿ ਆਪੇ ਮੱਲਾ, ਆਪ ਆਪਣਾ ਲਏ ਪਰਨਾਇਆ । ਆਪ ਆਪਣਾ ਹਰਿ ਪਰਨਾ, ਆਪਣੀ ਸੇਜ ਆਪ ਹੰਢਾਇੰਦਾ । ਨਾਰੀ ਕੰਤ ਆਪ ਅਖਵਾ, ਕੰਤਾ ਨਾਰੀ ਰੂਪ ਹੋ ਜਾਇੰਦਾ । ਆਪ ਆਪਣੀ ਦਇਆ ਕਮਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣੇ ਵਿਚ ਲਏ ਟਿਕਾ, ਉਤਪਤ ਆਪਣਾ ਆਪ ਉਪਾਇੰਦਾ । ਆਪ ਆਪਣਾ ਨਾਉਂ ਧਰਾ, ਆਪੇ ਆਪ ਬੁਲਾਇੰਦਾ । ਜੋਤੀ ਜੋਤ ਜੋਤ ਪਰਗਟਾ, ਸਾਚਾ ਬੰਸ ਸੁਹਾਇੰਦਾ । ਸ਼ਬਦ ਸੁਤ ਹਰਿ ਲਏ ਬਣਾ, ਜੋਤੀ ਮਾਤਾ ਝੋਲੀ ਪਾਇੰਦਾ । ਅਗੰਮ ਦੇਸ ਹਰਿ ਦਏ ਸੁਹਾ, ਅਨਾਮੀ ਨਿਹਕਾਮੀ ਆਪ ਹੋ ਜਾਇੰਦਾ । ਆਪੇ ਹੋਏ ਹਰਿ ਸਵਾਮੀ, ਬਖ਼ਸ਼ਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜੀ ਕਾਰ ਕਰਾਇੰਦਾ । ਅਗੰਮ ਅਗੰਮੜਾ ਹਰਿ ਕਰਤਾਰਾ, ਆਪਣੀ ਬਣਤ ਬਣਾਇੰਦਾ । ਆਪ ਆਪਣਾ ਕਰ ਪਸਾਰਾ, ਆਪ ਆਪਣਾ ਧਾਮ ਸੁਹਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਆਪ ਆਪਣਾ ਬਣਿਆ ਮੀਤ ਮੁਰਾਰਾ, ਆਪ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਅਗੰਮ ਅਗੰਮੜਾ ਧਾਮ ਸੁਹੰਜਣਾ, ਹਰਿ ਸਾਚੀ ਜੋਤ ਜਗਾਇੰਦਾ । ਜਗੇ ਜੋਤ ਆਦਿ ਨਿਰੰਜਣਾ, ਜਗਾਵਣਹਾਰ ਆਪ ਅਖਵਾਇੰਦਾ । ਆਪੇ ਹੋਏ ਦਰ ਦਰ ਘਰ ਘਰ ਦਰਦ ਦੁੱਖ ਭੈ ਭੰਜਨਾ, ਸਮਰਥ ਪੁਰਖ ਨਾਉਂ ਧਰਾਇੰਦਾ । ਆਪ ਆਪਣਾ ਪੜਦਾ ਆਪੇ ਕੱਜਣਾ, ਆਪ ਆਪਣਾ ਪੱਲੂ ਪਾਇੰਦਾ । ਆਪ ਆਪਣਾ ਬਣਿਆ


Rev-01

ਸਾਚਾ ਸੱਜਣਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਅਗੰਮ ਅਗੰਮੜਾ ਧਾਮ ਨਿਆਰਾ, ਹਰਿ ਸਾਚੀ ਜੋਤ ਜਗਾਈਆ । ਨਾ ਕੋਈ ਦਿਸੇ ਬੰਦ ਕਿਵਾੜਾ, ਚਾਰ ਦਵਾਰਾ ਨਾ ਕੋਈ ਰਖਾਈਆ । ਆਪ ਆਪਣਾ ਕਰ ਪਸਾਰਾ, ਆਪੇ ਬੈਠਾ ਆਸਣ ਲਾਈਆ । ਆਪੇ ਹੋਏ ਹਰਿ ਸਿਕਦਾਰਾ, ਆਪ ਆਪਣੀ ਰਿਹਾ ਚਲਾਈਆ । ਆਪ ਆਪਣਾ ਹੋਏ ਪਹਿਰੇਦਾਰਾ, ਆਪ ਆਪਣੀ ਸੇਵ ਕਮਾਈਆ । ਆਪੇ ਵਸਿਆ ਮਹੱਲ ਅਟੱਲ ਉਚ ਮੁਨਾਰਾ, ਦਿਸ ਕਿਸੇ ਨਾ ਆਈਆ । ਅਗੰਮ ਅਗੰਮੜਾ ਅਗੰਮੜੀ ਪਾਏ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਈਆ । ਅਗੰਮ ਅਗੰਮੜਾ ਧਾਮ ਅਵੱਲਾ, ਜਗੇ ਜੋਤ ਅਪਾਰਾ । ਆਪੇ ਬੈਠਾ ਇਕ ਅਕੱਲਾ, ਆਪ ਆਪਣਾ ਦਏ ਸਹਾਰਾ । ਆਪਣੇ ਅੰਦਰ ਆਪੇ ਰੱਲਾ, ਆਪ ਸੁਹਾਏ ਆਪਣਾ ਦਵਾਰਾ । ਆਪਣਾ ਧਾਮ ਆਪੇ ਮੱਲਾ, ਆਪਣਾ ਆਪ ਕਰੇ ਜੈਕਾਰਾ । ਆਪ ਆਪਣਾ ਆਪੇ ਛੱਲਾ, ਆਪੇ ਜਾਣੇ ਆਪਣੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਹਰਿ ਦਵਾਰਾ । ਹਰਿ ਦਵਾਰ ਸਾਚਾ ਘਰ, ਹਰਿ ਸਚ ਕਰੇ ਰੁਸ਼ਨਾਈਆ । ਕਿਸੇ ਨਾ ਦਿਸੇ ਕੋਈ ਵਰ, ਨਾ ਕੋਈ ਵੇਖ ਵਖਾਈਆ । ਅਗੰਮ ਅਗੰਮੜਾ ਹਰੀ ਹਰਿ, ਹਰਿ ਹਰਿ ਰੂਪ ਅਖਵਾਈਆ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮ ਦਏ ਸੁਹਾਈਆ । ਅਗੰਮ ਅਗੰਮ ਹਰਿ ਵੰਡ ਵੰਡਾ, ਆਪਣਾ ਭੇਖ ਵਟਾਇੰਦਾ । ਜੋਤੀ ਜੋਤ ਲਏ ਜਗਾ, ਜੋਤੀ ਜੋਤ ਸੰਗ ਰਖਾਇੰਦਾ । ਅਲੱਖ ਨਿਰੰਜਣ ਅਲੱਖ ਦੇਸ ਦਏ ਸੁਹਾ, ਏਕਾ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰ ਪਰਤੱਖ, ਆਪਣੀ ਰਚਨ ਰਚਾਇੰਦਾ । ਅਲੱਖ ਦੇਸ ਹਰਿ ਅਲੱਖ ਜਗਾ, ਏਕਾ ਨਾਅਰਾ ਲਾਇੰਦਾ । ਆਪ ਆਪਣਾ ਰਿਹਾ ਜਣਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਅਭੇਦਾ ਆਪ ਅਖਵਾ, ਆਪ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰ, ਅਲੱਖ ਅਲੱਖ ਕਰ ਪਿਆਰ, ਸਤਿ ਪੁਰਖੇ ਵਿਚ ਸਮਾਇੰਦਾ । ਸਤਿ ਪੁਰਖ ਹਰਿ ਸਤਿ ਵਰਤਾ, ਸਾਚਾ ਦਰ ਸੁਹਾਇਆ । ਆਪਣਾ ਦਰ ਆਪ ਮੱਲਾ, ਆਪਣਾ ਘਰ ਆਪ ਸੁਹਾਇਆ । ਆਪਣੀ ਜੋਤੀ ਆਪੇ ਰੱਲਾ, ਆਪ ਆਪਣਾ ਰੰਗ ਵਟਾਇਆ । ਸ਼ਬਦ ਸੁਤ ਕਰ ਤਿਆਰ ਇਕ ਸੁਨੇਹੜਾ ਸਾਚਾ ਘੱਲਾ, ਭੇਵ ਕੋਈ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇਆ । ਸ਼ਬਦ ਸੁਤ ਕਰ ਤਿਆਰ, ਹਰਿ ਸਾਚੀ ਬਣਤ ਬਣਾਈਆ । ਜੋਤੀ ਮਾਤਾ ਦਏ ਪਿਆਰ, ਆਦਿ ਸ਼ਕਤ ਨਾਉਂ ਧਰਾਈਆ । ਰੂਪ ਰੰਗ ਅਗੰਮ ਅਪਾਰ, ਭੇਵ ਨਾ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦਵਾਰਾ ਹਰਿ ਨਿਰੰਕਾਰਾ ਸਾਚਾ ਦਏ ਸੁਹਾਈਆ । ਸਤਿ ਘਰ ਸਤਿ ਉਪਦੇਸ਼, ਹਰਿ ਸਤਿ ਕਰੇ ਵਰਤਾਰਿਆ । ਆਪੇ ਹੋਏ ਨਰ ਨਰੇਸ਼, ਆਪਣਾ ਖੇਲ ਆਪ ਖਿਲਾ ਰਿਹਾ । ਛੇਵੇ ਘਰ ਆਪੇ ਵੇਖ, ਛੱਪਰ ਛੰਨ ਡੇਰਾ ਕੋਈ ਨਾ ਲਾ ਰਿਹਾ । ਪੰਚਮ ਮੇਲਾ ਸ਼ਬਦ ਵਸੇਖ, ਇਕ ਬਿਬੇਕ ਜਣਾ ਰਿਹਾ । ਸਤਿਨਾਮ ਤੇਰੀ ਲਿਖੇ ਰੇਖ, ਲਿਖਣਹਾਰ ਆਪ ਅਖਵਾ ਰਿਹਾ । ਸੁਤ ਸ਼ਬਦ ਆਪਣਾ ਆਪ ਲਿਆ ਵੇਖ, ਘਰ ਸਾਚੇ ਸੀਸ ਨਵਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤੇ ਝੋਲੀ ਪਾ ਰਿਹਾ । ਸ਼ਬਦ ਸੁਤ

ਕਰ ਪਰਵਾਨ, ਹੋਏ ਵਡ ਬਲਕਾਰਾ । ਜੋਤੀ ਜੋਤ ਜੋਤ ਭਗਵਾਨ, ਭਰੇ ਹਰਿ ਭੰਡਾਰਾ । ਆਪ ਆਪਣਾ ਦੇਵੇ ਦਾਨ, ਆਪੇ ਹੋਏ ਵਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੰਨਣਹਾਰਾ ਧਾਰਾ । ਗੁਰਸਿਖ ਮੰਗੇ ਮੰਗ, ਚਰਨ ਦਵਾਰਿਆ । ਕਾਇਆ ਚੋਲੀ ਚਾੜ੍ਹੇ ਰੰਗ, ਉਤਰ ਨਾ ਜਾਏ ਵਿਚ ਸੰਸਾਰਿਆ । ਵੱਜੇ ਨਾਮ ਸੱਚਾ ਮਰਦੰਗ, ਅਨਹਦ ਧੁਨ ਧੁਨ ਅਪਾਰਿਆ । ਅੰਮ੍ਰਿਤ ਨੁਹਾਏ ਸਾਚੀ ਗੰਗ, ਸਰ ਸਰੋਵਰ ਇਕ ਵਖਾ ਰਿਹਾ । ਜਗਤ ਤ੍ਰਿਸਨਾ ਮਿਟੇ ਭੁੱਖ ਨੰਗ, ਨਾਮ ਖ਼ਜ਼ਾਨਾ ਝੋਲੀ ਪਾ ਰਿਹਾ । ਗੁਰ ਸ਼ਬਦ ਲਗਾਏ ਆਪਣੇ ਅੰਗ, ਸੁਰਤ ਸਵਾਣੀ ਮੇਲ ਮਿਲਾ ਰਿਹਾ । ਆਤਮ ਸੇਜ ਸਚ ਪਲੰਘ, ਗੁਰ ਪੂਰਾ ਆਪ ਵਿਛਾ ਰਿਹਾ । ਸਚ ਦਵਾਰੇ ਬੈਠਾ ਲੰਘ, ਜੋਤੀ ਨੂਰ ਡਗਮਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਪੂਰਨ ਬੂਝ ਬੁਝਾ ਰਿਹਾ । ਗੁਰਸਿਖ ਗੁਰ ਜੁਗ ਜੁਗ ਨਾਤਾ, ਹਰਿ ਸਾਚਾ ਆਪ ਬੰਧਾਇੰਦਾ । ਨਾ ਕੋਈ ਜਾਣੇ ਜਾਤਾ ਪਾਤਾ, ਦੀਨ ਮਜ੍ਹਬ ਨਾ ਕੋਈ ਰਖਾਇੰਦਾ । ਪੁਰਖ ਅਗੰਮੜਾ ਕਮਲਾਪਾਤਾ, ਪਾਰਬ੍ਰਹਮ ਹੋ ਜਾਇੰਦਾ । ਏਕਾ ਦੇਵੇ ਧੁਰ ਦਰਗਾਹੀ ਸਾਚੀ ਦਾਤਾ, ਜਗਤ ਹੱਟ ਨਾ ਕੋਈ ਵਿਕਾਇੰਦਾ । ਕਾਇਆ ਮਿਟੇ ਰੈਣ ਅੰਧੇਰੀ ਰਾਤਾ, ਦੀਪਕ ਸਾਚੀ ਜੋਤ ਜਗਾਇੰਦਾ । ਮਿਲੇ ਮੇਲ ਹਰਿ ਪੁਰਖ ਬਿਧਾਤਾ, ਵਿਛੜ ਕਦੇ ਨਾ ਜਾਇੰਦਾ । ਆਪੇ ਹੋਏ ਪਿਤਾ ਮਾਤਾ, ਆਪ ਆਪਣੀ ਗੋਦ ਉਠਾਇੰਦਾ । ਆਪੇ ਰੱਖੇ ਦੇ ਕਰ ਹਾਥਾ, ਸਮਰਥ ਪੁਰਖ ਆਪ ਅਖਵਾਇੰਦਾ । ਸਗਲ ਵਿਸੂਰਾ ਹਰਿਜਨ ਲਾਥਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਲਹਿਣਾ ਦੇਣ ਚੁਕਾਏ ਪੂਜਾ ਪਾਠਾ, ਤੀਰਥ ਤਟ ਪੰਧ ਮੁਕਾਇੰਦਾ । ਬਜਰ ਕਪਾਟੀ ਖੋਲ੍ਹੇ ਗਾਠਾ, ਸਾਚਾ ਰਾਹ ਵਖਾਇੰਦਾ । ਦੀਪਕ ਜੋਤੀ ਜਗੇ ਲਿਲਾਟਾ, ਧੁਰ ਮਸਤਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬ੍ਰਹਮ ਜਣਾਇੰਦਾ । ਏਕਾ ਗੁਰ ਇਕ ਗਿਆਨਾ, ਏਕਾ ਸ਼ਬਦ ਜਣਾਈਆ । ਏਕਾ ਸੁਰ ਏਕਾ ਗਾਣਾ, ਏਕਾ ਨਾਦ ਵਜਾਈਆ । ਏਕਾ ਨਾਮ ਇਕ ਬਿਬਾਨਾ, ਏਕਾ ਰਿਹਾ ਚੜ੍ਹਾਈਆ । ਏਕਾ ਤਾਲ ਇਕ ਤਰਾਨਾ, ਏਕਾ ਰਿਹਾ ਸੁਣਾਈਆ । ਏਕਾ ਜੋਤ ਸ੍ਰੀ ਭਗਵਾਨਾ, ਆਦਿ ਜੁਗਾਦਿ ਆਪ ਸਮਾਈਆ । ਜੁਗ ਜੁਗ ਜਨ ਭਗਤਾਂ ਮੇਲੇ ਮੇਲ ਵਿਚ ਜਹਾਨਾ, ਦੋ ਜਹਾਨਾ ਪੰਧ ਮੁਕਾਈਆ । ਪੰਚ ਵਖਾਏ ਧੁਰ ਨਿਸ਼ਾਨਾ, ਧੁਰ ਦੀ ਬਾਣ ਜਣਾਈਆ । ਹਰਿਜਨ ਪੌਣਾ ਪਦ ਨਿਰਬਾਨਾ, ਪਰਮ ਪੁਰਖ ਸਮਾਈਆ । ਸੋ ਪੁਰਖ ਨਿਰੰਜਣ ਹੋਇਆ ਮਿਹਰਵਾਨਾ, ਹੰ ਹੰਗਤਾ ਦਏ ਮਿਟਾਈਆ । ਚਰਨ ਧੂੜ ਬਖ਼ਸ਼ੇ ਮਜਨ ਸੱਚਾ ਅਸ਼ਨਾਨਾ, ਦੁਰਮਤ ਮੈਲ ਦਏ ਗਵਾਈਆ । ਗੁਰਸਿਖ ਗੋਪੀ ਗੁਰ ਸ਼ਬਦ ਸਾਚਾ ਕਾਹਨਾ, ਨਾਮ ਬੰਸਰੀ ਰਿਹਾ ਵਜਾਈਆ । ਸੀਤਾ ਸੁਰਤੀ ਮਿਲੇ ਰਾਮ ਰਾਮਾ, ਵਿਚ ਸਮਾਈਆ । ਨਾਨਕ ਗੁਰ ਰਾਹ ਇਕ ਵਿਖਾਨਾ, ਆਤਮ ਬ੍ਰਹਮ ਜਣਾਈਆ । ਭਗਤ ਭਗਵੰਤ ਘਰ ਇਕ ਸੁਹਾਨਾ, ਏਕਾ ਘਰ ਵੱਜੇ ਵਧਾਈਆ । ਗੁਰ ਗੋਬਿੰਦ ਕਰੇ ਪਰਵਾਨਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਆਵਣ ਜਾਵਣ ਚੁੱਕੇ ਕਾਨਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਦੇਵੇ ਵਰ, ਪਰਮਾਨੰਦ ਵਿਚ ਸਮਾਈਆ । ਪਰਮਾਨੰਦ ਆਤਮ ਰਸ, ਗੁਰਮੁਖ ਵਿਰਲੇ ਪਾਇਆ । ਜੀਵ ਜੰਤ ਸਾਧ ਸੰਤ ਦਰ ਦਵਾਰੇ ਰਹੇ ਨੱਸ, ਦਰ ਦਰਵਾਜ਼ਾ ਨਾ ਕੋਈ ਖੁਲ੍ਹਾਇਆ । ਕਾਇਆ ਮੰਦਰ ਅੰਦਰ ਰੈਣ ਅੰਧੇਰੀ ਮੱਸ, ਦੀਪਕ ਜੋਤ ਨਾ ਕੋਇ ਜਗਾਇਆ । ਜਿਸ ਜਨ ਕਿਰਪਾ ਦੇਵੇ ਕਰ ਕਰੇ ਪਰਕਾਸ਼ ਕੋਟਨ ਰਵ ਸਸ, ਸੂਰਜ ਚੰਨ ਰਹੇ ਸ਼ਰਮਾਇਆ । ਏਕਾ ਰਾਹ

ਪ੍ਰਭ ਰਿਹਾ ਦੱਸ, ਨੇਤਰ ਲੋਚਣ ਨੈਣ ਦਰਸ਼ਨ ਪਾਇਆ । ਪੰਚ ਵਿਕਾਰਾ ਹੋਇਆ ਵਸ, ਗੁਰ ਸ਼ਬਦ ਖੰਡਾ ਹੱਥ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲੜ ਫੜਾਇਆ । ਆਪ ਆਪਣਾ ਲੜ ਫੜਾ ਆਪ ਆਪਣੀ ਦਇਆ ਕਮਾਇੰਦਾ । ਆਪਣੇ ਪੌੜੇ ਆਪੇ ਦਏ ਚੜ੍ਹਾ, ਆਪੇ ਕੁੰਡਾ ਲਾਹਿੰਦਾ । ਸੱਸੇ ਉਪਰ ਹੋੜਾ ਲਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਹੰ ਹੰਗਤਾ ਦਏ ਮਿਟਾ, ਸਤਿਗੁਰ ਸਾਚਾ ਦਇਆ ਕਮਾਇੰਦਾ । ਜਿਉਂ ਨਾਨਕ ਅੰਗਦਾ ਅੰਗਦ ਵਿਚ ਗਿਆ ਸਮਾ, ਏਕਾ ਦੂਜਾ ਭੌ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸਾਚੇ ਪਾਰ ਕਰਾਇੰਦਾ । ਗੁਰਮੁਖ ਸਾਚਾ ਦਰ ਭਿਖਾਰੀ, ਮੰਗੇ ਮੰਗ ਅਪਾਰਾ । ਸਤਿਗੁਰ ਪੂਰੇ ਕਿਰਪਾ ਧਾਰੀ, ਵਖਾਏ ਸਚ ਦਰਬਾਰਾ । ਨਿਰਮਲ ਜੋਤ ਜਗੇ ਨਿਰੰਕਾਰੀ, ਅੱਠੇ ਪਹਿਰ ਉਜਿਆਰਾ । ਮਿਲੇ ਮੇਲ ਹਰਿ ਸੱਜਣ ਮੀਤ ਮੁਰਾਰੀ, ਵਿਛੜਿਆ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੁਹਾਏ ਸਚ ਦਵਾਰਾ । ਗੁਰਸਿਖ ਸਾਚੇ ਸਚ ਦਵਾਰਾ, ਕਾਇਆ ਮੰਦਰ ਹਰਿ ਸੁਹਾਈਆ । ਆਪ ਆਪਣਾ ਕਰ ਪਿਆਰਾ, ਦੂਈ ਦਵੈਤੀ ਜੰਦਰ ਦਏ ਤੁੜਾਈਆ । ਏਕਾ ਬਖ਼ਸ਼ੇ ਅੰਮ੍ਰਿਤ ਧਾਰਾ, ਨਿਝਰ ਧਾਰ ਵਹਾਈਆ । ਮੇਲ ਮਿਲਾਏ ਕੰਤ ਭਤਾਰਾ, ਸਾਚੀ ਨਾਰੀ ਸੇਜ ਸੁਹਾਈਆ । ਮਿਲੇ ਮੇਲ ਪੁਰਖ ਅਗੰਮ ਅਪਾਰਾ, ਅਗਨੀ ਤਤ ਜਲਾਈਆ । ਤ੍ਰੈਗੁਣ ਤੇਰਾ ਪਾਰ ਕਿਨਾਰਾ, ਪੰਜ ਪੰਜੀ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਆਦਿ ਨਿਰੰਜਣ, ਏਕਾ ਏਕ ਰਖਾਇਆ । ਆਪੇ ਹੋਏ ਦਰਦ ਦੁੱਖ ਭੈ ਭੰਜਨ, ਹਰਿਜਨ ਸਾਚੇ ਲਏ ਤਰਾਇਆ । ਨੇਤਰ ਪਾਏ ਦਰਸ ਨੂਰੀ ਅੰਜਨ, ਨੂਰੋ ਨੂਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਮੇਲ ਦਰ, ਦਰ ਦਰਵਾਜ਼ਾ ਇਕ ਵਖਾਇਆ । ਦਰ ਦਰਵਾਜ਼ਾ ਸਾਚਾ ਘਰ, ਮਹੱਲ ਅਟੱਲ ਮੁਨਾਰਾ । ਆਪੇ ਵਸਿਆ ਹਰੀ ਹਰਿ, ਬੇਐਬ ਪਰਵਰਦਿਗਾਰਾ । ਜਿਸ ਜਨ ਆਪਣੀ ਕਿਰਪਾ ਦੇਵੇ ਕਰ, ਰੰਗੇ ਰੰਗ ਅਪਰ ਅਪਾਰਾ । ਮੇਲ ਮਿਲਾਏ ਹਰੀ ਹਰਿ, ਹਰਿ ਸਾਜਨ ਮੀਤ ਮੁਰਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਏਕਾ ਘਰ, ਦੂਜਾ ਦਿਸੇ ਨਾ ਕੋਈ ਦਵਾਰਾ । ਹਰਿ ਸ਼ਬਦ ਗੁਰ ਵਸਿਆ, ਗੁਰ ਸ਼ਬਦ ਜਗ ਧਾਰ । ਗੁਰ ਪੂਰੇ ਗੁਰਮੁਖ ਦੱਸਿਆ, ਗੁਰਸਿਖ ਪਾਵੇ ਸਾਰ । ਤੀਰ ਨਿਰਾਲਾ ਏਕਾ ਕਸਿਆ, ਬਜਰ ਕਪਾਟੀ ਦੇਵੇ ਪਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਹਰਿ ਸ਼ਬਦ ਗੁਰ ਭੇਟਿਆ, ਗੁਰ ਸ਼ਬਦ ਮਲਾਹ । ਗੁਰ ਸ਼ਬਦ ਖੇਵਟ ਖੇਟਿਆ, ਗੁਰਸਿਖ ਪਕੜੇ ਬਾਂਹ । ਗੁਰਸਿਖ ਸਾਚਾ ਬੇਟਿਆ, ਗੁਰ ਸ਼ਬਦ ਜਪਾਏ ਨਾਂ । ਏਕਾ ਤਾਣਾ ਏਕਾ ਪੇਟਿਆ, ਇਕ ਵਖਾਏ ਸਾਚਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਾਣੇ ਆਪਣਾ ਨਾਂ । ਜੁਗ ਜੁਗ ਖੇਲ ਖਿਲਾਵਣਹਾਰਾ, ਆਦਿ ਪੁਰਖ ਅਬਿਨਾਸ਼ਾ । ਜੁਗ ਜੁਗ ਮੇਲ ਮਿਲਾਵਣਹਾਰਾ, ਜੁਗ ਜੁਗ ਪਾਵੇ ਮੰਡਲ ਰਾਸਾ । ਜੁਗ ਜੁਗ ਭੇਖਾਧਾਰੀ ਬਲ ਬਾਵਨ ਧਾਰਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪ੍ਰਿਥਮੀ ਆਕਾਸ਼ਾ । ਜੁਗ ਜੁਗ ਖੇਲ ਹਰਿ ਖਿਲੰਦੜਾ, ਖੇਲਣਹਾਰ ਅਖਵਾਇੰਦਾ । ਸਤਿਜੁਗ ਸਾਚਾ ਪਾਰ ਕਰੰਦੜਾ, ਪਰਮ ਪੁਰਖ ਅਖਵਾਇੰਦਾ । ਤ੍ਰੇਤਾ ਤ੍ਰਿਆ ਵੇਖ ਵਖੰਦੜਾ, ਆਪਣੇ ਰੰਗ ਰੰਗਾਇੰਦਾ ।


Rev-01

ਦੁਆਪਰ ਭਾਰ ਉਠੰਦੜਾ, ਅੰਤਮ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਤੇਰੀ ਅੰਤਮ ਰੈਣ, ਹਰਿ ਸਾਚਾ ਵੇਖ ਵਖਾਇੰਦਾ । ਲੱਖ ਚੁਰਾਸੀ ਨਾਤਾ ਤੋੜੇ ਮਾਤ ਪਿਤ ਸਾਕ ਸੱਜਣ ਭਾਈ ਭੈਣ, ਨਾ ਕੋਈ ਸੰਗ ਰਖਾਇੰਦਾ । ਸੰਗ ਮੁਹੰਮਦ ਚਾਰ ਯਾਰ ਚੁਕਾਏ ਲਹਿਣ ਦੇਣ, ਅੱਲਾ ਰਾਣੀ ਝੋਲੀ ਪਾਇੰਦਾ । ਆਪੇ ਵੇਖੇ ਆਪਣੇ ਨੈਣ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਤੇਰਾ ਰੂਪ ਪਰਗਟ ਹੋਏ ਸ਼ਾਹੋ ਭੂਪ, ਸਰਬ ਕਲ ਆਪ ਅਖਵਾਇੰਦਾ । ਸ਼ਾਹੋ ਭੂਪ ਹਰਿ ਸੁਲਤਾਨਾ, ਨਿਰਗੁਣ ਰੂਪ ਸਮਾਇਆ । ਪਰਗਟ ਹੋਏ ਵਿਚ ਜਹਾਨਾ, ਜੋਤੀ ਜਾਮਾ ਪਾਇਆ । ਸ਼ਬਦ ਗੁਰ ਉਠਾਏ ਜੋਧਾ ਸੂਰ ਬਲੀ ਬਲਵਾਨਾ, ਨਾਮ ਚਿੱਲਾ ਇਕ ਫੜਾਇਆ । ਇਕ ਵਖਾਏ ਤੀਰ ਕਮਾਨਾ, ਇਕ ਨਿਸ਼ਾਨ ਲਗਾਇਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਫੇਰਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨਾ, ਦੇਵਤ ਸੁਰ ਰਿਹਾ ਕੁਰਲਾਇਆ । ਲੱਖ ਚੁਰਾਸੀ ਤੋੜੇ ਮਾਣਾ, ਵੇਲਾ ਅੰਤਮ ਆਇਆ । ਸੰਮਤ ਸੋਲਾਂ ਬੰਨ੍ਹੇ ਗਾਨਾ, ਹਾੜ ਸਤਾਰਾਂ ਦਿਵਸ ਲਿਖਾਇਆ । ਪਰਗਟ ਹੋਏ ਹਰਿ ਭਗਵਾਨਾ, ਹਰਿਜਨ ਸਾਚੇ ਲਏ ਜਗਾਇਆ । ਪਕੜ ਉਠਾਏ ਰਾਜ ਰਜਾਨਾ ਸ਼ਾਹ ਸੁਲਤਾਨਾ, ਸੋਇਆ ਕੋਇ ਰਹਿਣ ਨਾ ਪਾਇਆ । ਸਾਚਾ ਧਾਮ ਇਕ ਸੁਹਾਨਾ, ਹਰਿ ਸਾਚਾ ਦਰ ਸੁਹਾਇਆ । ਸੰਬਲ ਨਗਰੀ ਗੋਬਿੰਦ ਮਕਾਨਾ, ਗੁਰ ਗੋਬਿੰਦ ਡੇਰਾ ਲਾਇਆ । ਮਿਲਿਆ ਮੇਲ ਹਰਿ ਸ਼ਾਹ ਸ਼ਾਹਾਨਾ, ਹਰਿ ਸਾਚੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਵਰ, ਜੁਗ ਵਿਛੜੇ ਜਗ ਮੇਲ ਮਿਲਾਇਆ । ਜੁਗ ਵਿਛੜੇ ਜਗ ਮੇਲਿਆ, ਮੇਲਣਹਾਰ ਬੇਅੰਤ । ਆਪੇ ਗੁਰੂ ਗੁਰੂ ਗੁਰ ਚੇਲਿਆ, ਆਪੇ ਸਾਜਣ ਸਾਧ ਸੰਤ । ਆਪੇ ਹੋਏ ਸੱਜਣ ਸੁਹੇਲਿਆ, ਆਪ ਬਣਾਏ ਸਾਚੀ ਬਣਤ । ਆਪੇ ਵਸੇ ਇਕ ਇਕੇਲਿਆ, ਆਪੇ ਮਾਇਆ ਪਾਏ ਬੇਅੰਤ । ਕਲਜੁਗ ਖੇਲ ਪਾਰਬ੍ਰਹਮ ਅਬਿਨਾਸ਼ੀ ਕਰਤੇ ਨਿਰਗੁਣ ਆਪਣਾ ਖੇਲਿਆ, ਆਪਣੀ ਚੋਲੀ ਆਪੇ ਚਾੜ੍ਹੇ ਰੰਗ ਬਸੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪੇ ਹੋਏ ਆਦਿ ਅੰਤ । ਆਦਿ ਅੰਤ ਏਕਓਂਕਾਰਾ, ਏਕਾ ਏਕ ਅਖਵਾਇੰਦਾ । ਆਪ ਆਪਣਾ ਕਰ ਪਸਾਰਾ, ਆਪ ਆਪਣਾ ਮੇਟ ਮਿਟਾਇੰਦਾ । ਆਪੇ ਵਸਿਆ ਧੁੰਧੂਕਾਰਾ, ਧੁੰਧੂਕਾਰ ਆਪ ਰਖਾਇੰਦਾ । ਆਪੇ ਜੋਤੀ ਨੂਰ ਕਰੇ ਉਜਿਆਰਾ, ਆਪੇ ਨੂਰੋ ਨੂਰ ਸਮਾਇੰਦਾ । ਆਪ ਆਪਣਾ ਕਰ ਅਕਾਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣੀ ਬੰਨ੍ਹੇ ਧਾਰਾ, ਆਪ ਆਪਣੀ ਧਾਰ ਚਲਾਇੰਦਾ । ਲੋਆਂ ਪੁਰੀਆਂ ਕਰ ਪਸਾਰਾ, ਬ੍ਰਹਿਮੰਡ ਖੰਡ ਸੁਹਾਇੰਦਾ । ਜੇਰਜ ਅੰਡ ਰੂਪ ਅਪਾਰਾ, ਉਤਭੁਜ ਸੇਤਜ ਡੇਰਾ ਲਾਇੰਦਾ । ਤ੍ਰੈਗੁਣ ਤੇਰਾ ਖੇਲ ਅਪਾਰਾ, ਹਰਿ ਸਾਚਾ ਮੇਲ ਮਿਲਾਇੰਦਾ । ਕਲਜੁਗ ਤੇਰਾ ਵੇਖ ਕਿਨਾਰਾ, ਹਰਿ ਸਾਚੀ ਜੋਤ ਜਗਾਇੰਦਾ । ਸ਼ਬਦ ਗੁਰ ਫੜ ਸ਼ਬਦ ਖੰਡਾ ਦੋ ਧਾਰਾ, ਲੋਕਮਾਤ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਤੋੜੇ ਗੜ੍ਹ ਹੰਕਾਰਾ, ਗੜ੍ਹ ਹੰਕਾਰੀ ਰਹਿਣ ਨਾ ਪਾਇੰਦਾ । ਕਰੇ ਕਰਾਏ ਕਰਨੇਹਾਰਾ, ਕੁਦਰਤ ਕਰਤਾ ਆਪ ਕਰਾਇੰਦਾ । ਜੋਗ ਜੋਗੀਸ਼ਰ ਜਗਤ ਜੁਗਤ ਨਾ ਪਾਵੇ ਸਾਰਾ, ਤਪ ਤਪੀਸ਼ਰ ਨਾ ਵੇਖ ਵਖਾਇੰਦਾ । ਮੁਨ ਮੁਨੀਸ਼ਰ ਨਾ ਜਾਣੇ ਧਾਰਾ, ਸੁਨ ਸਮਾਧ ਨਾ ਕੋਇ ਰਖਾਇੰਦਾ । ਗੁਰਮੁਖ ਸਾਜਣ ਸਾਚੇ ਮੇਲ ਮਿਲਾਏ ਦਇਆ ਕਮਾਏ ਦੇਵੇ ਦਰਸ ਅਗੰਮ ਅਪਾਰਾ, ਸਵੱਛ ਸਰੂਪੀ ਨਜ਼ਰੀ ਆਇੰਦਾ । ਕਲਜੁਗ

੧੪੧
੦੨

ਨਾਤਾ ਕੂੜਾ ਮੇਟੇ ਕੂੜ ਪਸਾਰਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਵੀਹ ਸੌ ਵੀਹ ਬਿਕ੍ਰਮੀ ਤੇਰਾਂ ਲੋਕ ਜੈਕਾਰਾ, ਪੁਰਖ ਅਕਾਲਾ ਆਪ ਲਗਾਇੰਦਾ । ਚਾਰ ਵਰਨ ਅਠਾਰਾਂ ਬਰਨ ਸੋਹਣ ਇਕ ਦਵਾਰਾ, ਦੀਨ ਦਿਆਲਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲਾ ਹਰਿ, ਮੇਲ ਵਿਛੋੜ ਹੱਥ ਰਖਾਇੰਦਾ । ਸਤਿਗੁਰ ਪੂਰਾ ਜਾਣੀਏ, ਸਹਿਜੇ ਸਹਿਜ ਸਮਾਏ । ਸਤਿਗੁਰ ਪੂਰਾ ਜਾਣੀਏ, ਸਚ ਮੰਗਲ ਨਾਮ ਗਾਏ । ਸਤਿਗੁਰ ਪੂਰਾ ਜਾਣੀਏ, ਤਨ ਜੂਹ ਜੰਗਲ ਵੇਖ ਵਖਾਏ । ਸਤਿਗੁਰ ਪੂਰਾ ਜਾਣੀਏ, ਕਦਮਾਂ ਜਾਏ ਨਾ ਚਲ, ਮੰਗੇ ਮੰਗ ਨਾ ਜਗਤ ਦਵਾਰੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖੇ ਘਰ, ਸਤਿਗੁਰ ਪੂਰਾ ਇਕ ਪਛਾਣੀਏ । ਸਤਿਗੁਰ ਗੁਰ ਗੁਰ ਗੋਬਿੰਦ, ਗੋਬਿੰਦ ਰੂਪ ਸਮਾਇਆ । ਆਪੇ ਲਾਹੇ ਸਗਲੀ ਚਿੰਦ, ਚਿੰਤਾ ਚਿਖਾ ਮਿਟਾਇਆ । ਗੁਰਮੁਖ ਉਪਜਾਏ ਆਪਣੀ ਬਿੰਦ, ਆਪਣੇ ਵਿਚ ਸਮਾਇਆ । ਸਤਿਗੁਰ ਪੂਰਾ ਦਾਤਾ ਗੁਣੀ ਗਹਿੰਦ, ਗੁਣਵੰਤਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਹਿਜ ਸੁਭਾਇਆ । ਗੁਰ ਗੋਬਿੰਦਾ ਵਡ ਵਡਿਆਈ, ਪਾਰਬ੍ਰਹਮ ਸਰਨਾਇਆ । ਰਾਮ ਕੌਰ ਕਰੇ ਜਣਾਈ, ਸ਼ਬਦ ਵਿਚੋਲਾ ਵਿਚ ਰਖਾਇਆ । ਆਵੇ ਜਾਵੇ ਚਾਈਂ ਚਾਈਂ, ਆਵਣ ਜਾਵਣ ਖੇਲ ਖਿਲਾਇਆ । ਏਕ ਅਨੇਕ ਆਪ ਆਪਣਾ ਰਿਹਾ ਵੇਖ, ਸ਼ਬਦ ਗੁਰ ਪੰਜ ਤਤ ਕੋਟਨ ਕੋਟ ਰੂਪ ਲਏ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਮੇਲ ਮਿਲਾਇਆ । ਗੋਬਿੰਦ ਮੇਲਾ ਬ੍ਰਹਮ ਗਿਆਨੀ, ਪਾਰਬ੍ਰਹਮ ਵਿਚੋਲਾ । ਏਕਾ ਸ਼ਬਦ ਇਕ ਨਿਸ਼ਾਨੀ, ਏਕਾ ਸਤਿਗੁਰ ਬੋਲਾ । ਗੁਰ ਸ਼ਬਦ ਉਲਟਾਇਆ ਆਪਣਾ ਚੋਲਾ, ਪੁਰੀ ਅਨੰਦ ਖੇਲੇ ਹੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਗੋਬਿੰਦ ਤੇਰਾ ਬਣਿਆ ਸਾਚਾ ਤੋਲਾ । ਬ੍ਰਹਮ ਜਣਾਈ ਪਾਰਬ੍ਰਹਮ ਜਾਣਿਆ, ਪਰਮ ਪੁਰਖ ਵਡਿਆਇਆ । ਏਕਾ ਰੰਗ ਏਕਾ ਸੰਗ ਏਕਾ ਘੋੜਾ ਏਕਾ ਤੰਗ, ਏਕਾ ਆਸਣ ਵੇਖ ਬ੍ਰਹਿਮੰਡ, ਆਪ ਆਪਣਾ ਉਪਰ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕਾ ਸ਼ਬਦ ਇਕ ਜਣਾਈ, ਏਕਾ ਜੋਤ ਏਕਾ ਲਿਵ ਲਾਈ, ਏਕਾ ਘਰ ਵੱਜੇ ਵਧਾਈ, ਏਕਾ ਮੰਗਲ ਗਾਇਆ । ਏਕਾ ਮੰਗਲ ਮੰਗਲਾਚਾਰ, ਘਰ ਸਾਚੇ ਵੱਜੇ ਵਧਾਈਆ । ਮਿਲਿਆ ਮੇਲ ਮੀਤ ਮੁਰਾਰ, ਗੁਰ ਪੂਰਾ ਮੇਲ ਮਿਲਾਈਆ । ਆਤਮ ਬ੍ਰਹਮ ਬ੍ਰਹਮ ਵਿਚਾਰ, ਪਾਰਬ੍ਰਹਮ ਸੱਚੀ ਸਰਨਾਈਆ । ਜਰਮ ਕਰਮ ਨਾ ਕਰੇ ਵਿਚਾਰ, ਜਿਸ ਜਨ ਉਪਰ ਆਪਣੀ ਦਇਆ ਕਮਾਈਆ । ਇਕ ਵਖਾਏ ਸਚ ਦਵਾਰ, ਛਿਨ ਭੰਗਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤੀ ਨੂਰ ਅਪਾਰ ਸਰਗੁਣ ਮੇਲੇ ਸਹਿਜ ਸਭਾਈਆ । ਨਿਰਗੁਣ ਮੇਲਾ ਸਰਗੁਣ ਅੰਦਰ, ਸੋਹੇ ਘਰ ਸੁਹੰਜਣਾ । ਆਪ ਸੁਹਾਏ ਸਾਚਾ ਮੰਦਰ, ਜੋਤ ਜਗਾਏ ਇਕ ਨਿਰੰਜਣਾ । ਮੁਕਾਮੇ ਹੱਕ ਹੱਕ ਖ਼ੁਦਾ, ਐਨਲਹੱਕ ਵਿਚਾਰਿਆ । ਗੁਰਮੁਖ ਸੁਰਤੀ ਹੋਏ ਨਾ ਕਦੇ ਜੁਦਾ, ਮਿਲੇ ਮੇਲ ਅੱਠੇ ਪਹਿਰਿਆ । ਆਪ ਆਪਣਾ ਕੀਤਾ ਫਿਦਾ, ਆਪਾ ਉਤੋਂ ਵਾਰਿਆ । ਏਕਾ ਧਾਮ ਦਸਾਏ ਗੁਰਮੁਖਾਂ ਸਿਧਾ, ਹਾੜ ਸਤਾਰਾਂ ਖ਼ੁਸ਼ੀ ਦਸਮ ਦਵਾਰਿਆ । ਆਪ ਜਣਾਏ ਆਪਣੀ ਬਿਧਾ, ਸੋ ਪੁਰਖ ਨਿਰੰਜਣ ਮੇਲ ਮਿਲਾ ਰਿਹਾ । ਦਰ ਦੁਰਕਾਏ ਰਿਧਾਂ ਸਿਧਾਂ, ਇਕ ਏਕਾ ਨਾਮ ਵਖਾ ਰਿਹਾ । ਸੁਰਤ ਸਵਾਣੀ ਘਰ ਸਾਚੇ ਬਹਿ ਬਹਿ ਪਾਏ ਗਿਧਾ, ਪਲੰਘ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਾੜ ਸਤਾਰਾਂ ਦਿਵਸ ਸੁਹਾ


੧੪੨
੦੨

ਲਿਆ । ਹਾੜ ਸਤਾਰਾਂ ਸਾਚੀ ਹਾੜੀ, ਪ੍ਰਭ ਸਾਚਾ ਆਪ ਕਟਾਇੰਦਾ । ਗੁਰਮੁਖਾਂ ਮਗਰੋਂ ਲਾਹੇ ਪੰਚਮ ਧਾੜੀ, ਪੰਚਮ ਨੇੜ ਨਾ ਆਇੰਦਾ । ਹੋਏ ਸਹਾਈ ਪਿਛੇ ਅਗਾੜੀ, ਆਪ ਆਪਣੀ ਸੇਵ ਕਮਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਫੇਰਾ ਪਾਇੰਦਾ । ਅੰਤਮ ਰੱਖੇ ਲਾਜ ਚਰਨ ਛੁਹਾਈ ਦਾੜ੍ਹੀ, ਸਚਖੰਡ ਸਾਚੇ ਧਾਮ ਫੜ ਬਾਹੋਂ ਆਪ ਬਹਾਇੰਦਾ । ਜੋਤ ਜਗਾਏ ਬਹੱਤਰ ਨਾੜੀ, ਅਕਾਸ਼ ਪਰਕਾਸ਼ ਸਮਾਇੰਦਾ । ਨੇੜ ਨਾ ਆਏ ਮੌਤ ਲਾੜੀ, ਰਾਏ ਧਰਮ ਦਰ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਿਵਸ ਜਗਤ ਦਿਹਾੜਾ, ਘਰ ਸਾਚੇ ਆਪ ਮਨਾਇੰਦਾ । ਸਾਚਾ ਘਰ ਸਾਚੇ ਸ਼ਾਹ, ਆਪਣਾ ਆਪ ਵਸਾਇਆ । ਆਪੇ ਵਸਿਆ ਬੇਪਰਵਾਹ, ਵੇਖਣਹਾਰਾ ਦਿਸ ਨਾ ਆਇਆ । ਆਪ ਸੁਹਾਏ ਆਪਣਾ ਥਾਂ, ਥਿਰ ਘਰ ਬੈਠਾ ਆਸਣ ਲਾਇਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਵਟਾਇਆ । ਏਕਾ ਦੇਵੇ ਸਾਚਾ ਨਾਂ, ਸੋਹੰ ਸਾਚੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਾੜ ਸਤਾਰਾਂ ਲਏ ਮਨਾਇਆ । ਹਾੜ ਸਤਾਰਾਂ ਸਚ ਸਿੰਘਾਸਣ, ਹਰਿ ਏਕਾ ਏਕ ਰਖਾਇੰਦਾ । ਜੋਤੀ ਨੂਰ ਪੁਰਖ ਅਬਿਨਾਸ਼ਨ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਆਪ ਮਿਟਾਏ ਪ੍ਰਿਥਮੀ ਆਕਾਸ਼ਨ, ਹਰਿਸੰਗਤ ਲੋਕਮਾਤ ਤਰਾਇੰਦਾ । ਗੁਰਮੁਖ ਗੁਰਸਿਖ ਗੁਰ ਪੂਰਾ ਸਦ ਬਲ ਬਲ ਜਾਸਣ, ਬਲਿਹਾਰੀ ਗੁਰ ਮੇਲ ਮਿਲਾਇੰਦਾ । ਜਗਤ ਵਿਸੂਰੇ ਸਗਲੇ ਨਾਸਨ, ਸਗਲੀ ਚਿੰਤ ਮਿਟਾਇੰਦਾ । ਜਨ ਭਗਤਾਂ ਦਰ ਦਵਾਰੇ ਹੋਏ ਦਾਸੀ ਦਾਸਨ, ਦਰ ਦਰਵੇਸ਼ਾ ਫੇਰੀ ਪਾਇੰਦਾ । ਘਰ ਘਰ ਮੰਦਰ ਅੰਦਰ ਨਿਜ ਘਰ ਰੱਖੇ ਵਾਸਣ, ਨਿਜਾਨੰਦ ਸਮਾਇੰਦਾ । ਪੂਰ ਕਰਾਏ ਜੁਗ ਜੁਗ ਆਸਣ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਤਮਾਸ਼ਨ, ਖੇਲਣਹਾਰ ਆਪ ਅਖਵਾਇੰਦਾ । ਗੁਰਚਰਨ ਸਚ ਦਵਾਰਾ, ਗੁਰ ਵਿਰਲਾ ਪਾਇੰਦਾ । ਕੋਟਨ ਕੋਟ ਰਹੇ ਝੱਖ ਮਾਰਾ, ਸਾਚਾ ਦਰ ਨਾ ਕੋਇ ਸੁਹਾਇੰਦਾ । ਜੋ ਜਨ ਮੰਗੇ ਬਣ ਭਿਖਾਰਾ, ਪ੍ਰਭ ਪੂਰੀ ਭਿਛਿਆ ਪਾਇੰਦਾ । ਆਦਿ ਜੁਗਾਦੀ ਇਕ ਵਰਤਾਰਾ, ਇਕ ਭੰਡਾਰ ਵਖਾਇੰਦਾ । ਜਨ ਭਗਤਾਂ ਹੋਏ ਸੇਵਾਦਾਰਾ, ਜੁਗ ਜੁਗ ਸੇਵ ਕਮਾਇੰਦਾ । ਏਕਾ ਬਖ਼ਸ਼ੇ ਗੁਰਚਰਨ ਪਿਆਰਾ, ਚਰਨ ਚਰਨੋਦਕ ਮੁਖ ਚਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸਤਿਗੁਰ ਸੇਵ, ਰਸਨਾ ਸ਼ਬਦ ਕਮਾਈਆ । ਮਿਲੇ ਮੇਲ ਪ੍ਰਭ ਅਲੱਖ ਅਭੇਵ, ਸੇਵਕ ਸੇਵਾ ਲੇਖੇ ਲਾਈਆ । ਰਸਨਾ ਗੌਣਾ ਸਾਚੀ ਜਿਹਵ, ਮਣੀਆ ਮੰਤ ਬਣਾਈਆ । ਆਤਮ ਅੰਦਰ ਸਾਚੇ ਮੰਦਰ ਆਪ ਖੁਲ੍ਹਾਏ ਆਪਣਾ ਭੇਵ, ਆਪ ਆਪਣੀ ਬੂਝ ਬੁਝਾਈਆ । ਏਕਾ ਗੁਰ ਏਕਾ ਇਸ਼ਟ ਦੇਵ, ਏਕਾ ਹਵਨ ਏਕਾ ਆਰਤੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਸਾਚਾ ਨਾਤਾ, ਆਪ ਬੰਧਾਏ ਪੁਰਖ ਬਿਧਾਤਾ, ਵਿਛੜ ਕਦੇ ਨਾ ਜਾਈਆ । ਜਗਤ ਵਿਛੋੜਾ ਦੇਵੇ ਕੱਟ, ਮਿਲੇ ਮੇਲ ਬਨਵਾਰੀ । ਏਕਾ ਲਾਹਾ ਲੈਣਾ ਖੱਟ, ਚੜ੍ਹੇ ਨਾਮ ਖੁਮਾਰੀ । ਏਕਾ ਵਣਜ ਏਕਾ ਹੱਟ, ਏਕਾ ਵਸਤ ਪਿਆਰੀ । ਏਕਾ ਤੀਰਥ ਏਕਾ ਤਟ, ਇਕ ਮਹੱਲ ਇਕ ਅਟਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਕਵਲ ਉਪਰ ਧਵਲ ਦੇਵੇ ਦਾਨ ਹਰਿ ਮਿਹਰਵਾਨ, ਕਵਲ ਕਵਲਾ ਕਰ ਪਿਆਰੀ । ਘਰ ਵਿਚ ਘਰ ਘਰ ਵਿਚ ਬਾਤੀ, ਘਰ ਘਰ ਵਿਚ ਜੋਤ ਜਗਾਈਆ । ਘਰ ਵਿਚ ਘਰ ਘਰ ਮੇਲਾ ਕਮਲਾਪਾਤੀ, ਘਰ ਘਰ ਵਿਚ ਰਿਹਾ

ਮਿਲਾਈਆ । ਘਰ ਅੰਧੇਰ ਘਰ ਜੋਤ ਪਰਕਾਸ਼ੀ, ਘਰ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਤੇਰਾ ਘਰ, ਘਰ ਵਿਚ ਰਿਹਾ ਸੁਹਾਈਆ । ਘਰ ਮੰਦਰ ਘਰ ਟਿਕਾਣਾ, ਘਰ ਘਰ ਵੱਡੀ ਵਡਿਆਈਆ । ਘਰ ਸ਼ਬਦ ਘਰ ਨਾਮ ਬਬਾਣਾ, ਘਰ ਘਰ ਵਿਚ ਰਿਹਾ ਉਡਾਈਆ । ਘਰ ਘਰ ਵਿਚ ਮੇਲ ਸ੍ਰੀ ਭਗਵਾਨਾ, ਘਰ ਸਾਜਨ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸ਼ਾਹੋ ਅਖਵਾਈਆ । ਸਾਜਨ ਸ਼ਾਹੋ ਸਾਚਾ ਭੂਪਾ, ਸਤਿ ਪੁਰਖ ਅਖਵਾਇਆ । ਆਪੇ ਜਾਣ ਆਪਣਾ ਰੂਪਾ, ਰੂਪ ਰੰਗ ਨਾ ਕੋਇ ਰਖਾਇਆ । ਆਪਣੀ ਮਹਿਮਾ ਜਾਣੇ ਅਨੂਪਾ, ਆਪੇ ਰਿਹਾ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚਾ ਮੀਤ ਪਿਆਰੜਾ, ਮਿਲਿਆ ਮੇਲ ਗੋਬਿੰਦ । ਮਿਟੇ ਵਿਛੋੜਾ ਯਾਰੜਾ, ਪਾਇਆ ਗੁਣੀ ਗਹਿੰਦ । ਵਸੇ ਧਾਮ ਨਿਆਰੜਾ, ਸਦਾ ਸਦਾ ਬਖ਼ਸ਼ਿੰਦ । ਖੇਲੇ ਖੇਲ ਅਪਾਰੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਬਣਾਏ ਸਾਚੀ ਬਿੰਦ । ਗੁਰਮੁਖ ਗੁਰਸਿਖ ਹਰਿ ਸਮਾਇਆ, ਹਰਿਜਨ ਜੋਤ ਜਗਾਈਆ । ਆਪ ਆਪਣਾ ਸੰਗ ਨਿਭਾਇਆ, ਸਗਲਾ ਸੰਗ ਤਰਾਈਆ । ਏਕਾ ਨੱਯਾ ਰਿਹਾ ਚਲਾਇਆ, ਏਕਾ ਚੱਪੂ ਲਾਈਆ । ਚਾਰ ਵਰਨਾਂ ਭੈਣਾਂ ਭਈਆ ਰਿਹਾ ਬਣਾਇਆ, ਮਾਤ ਪਿਤ ਆਪ ਅਖਵਾਈਆ । ਸਾਚਾ ਸੱਈਆ ਹਰਿ ਰਘੁਰਾਇਆ, ਸਾਚੀ ਸਖੀਆਂ ਮੇਲ ਮਿਲਾਈਆ । ਪਕੜਨਹਾਰਾ ਆਪੇ ਬਹੀਆ, ਫੜ ਬਾਂਹੋਂ ਪਾਰ ਕਰਾਈਆ । ਚਿਤਰ ਗੁਪਤ ਨਾ ਕੱਢੇ ਵਹੀਆ, ਰਾਏ ਧਰਮ ਨਾ ਦਏ ਸਜ਼ਾਈਆ । ਚਰਨ ਦਵਾਰ ਵਖਾਏ ਸਚ ਸਰਨਈਆ, ਸਰਣਗਤ ਅਖਵਾਈਆ । ਆਦਿ ਅੰਤ ਏਕਾ ਰਹੀਆ , ਏਕਾ ਏਕ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਮੇਲ ਮਿਲਾਈਆ । ਹਰਿਸੰਗਤ ਹਰਿ ਰੰਗ ਮਾਣਿਆ, ਹਰਿ ਹਰਿ ਰੂਪ ਸਮਾਏ । ਗੁਰ ਸਤਿਗੁਰ ਸਾਚਾ ਜਾਣਿਆ, ਦਰ ਘਰ ਸੱਚੀ ਸਰਨਾਏ । ਚਲੇ ਚਲਾਏ ਆਪਣੇ ਭਾਣਿਆ, ਭਾਣਾ ਆਪਣੇ ਹੱਥ ਰਖਾਏ । ਗਲੇ ਲਗਾਏ ਜਗਤ ਨਿਮਾਣਿਆ, ਗੜ੍ਹ ਹੰਕਾਰੀ ਰਹਿਣ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਤੀ ਲੇਖੇ ਲਾ ਰਿਹਾ ।



## * ੩ ਫੱਗਣ ੨੦੧੪ ਬਿਕ੍ਰਮੀ ਲਛਮਣ ਸਿੰਘ ਦੇ ਘਰ ਪੁਰਾਣੇ ਭੂਰੇ ਜ਼ਿਲਾ ਅੰਮ੍ਰਿਤਸਰ *

ਨਿਰਗੁਣ ਰੂਪ ਅਪਾਰ, ਨਿਰਗੁਣ ਸਮਾਇਆ । ਨਿਰਗੁਣ ਰੂਪ ਅਕਾਰ, ਨਿਰਗੁਣ ਰਖਾਇਆ । ਨਿਰਗੁਣ ਰੂਪ ਨਿਰੰਕਾਰ, ਨਿਰਗੁਣ ਨਾਉਂ ਧਰਾਇਆ । ਨਿਰਗੁਣ ਖੇਲ ਅਪਾਰ, ਨਿਰਗੁਣ ਵੇਖ ਵਖਾਇਆ । ਨਿਰਗੁਣ ਜੋਤ ਅਕਾਰ, ਨਿਰਗੁਣ ਰਿਹਾ ਜਗਾਇਆ । ਨਿਰਗੁਣ ਬੰਨ੍ਹੇ ਧਾਰ, ਨਿਰਗੁਣ ਰਿਹਾ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਉਪਾਇਆ । ਆਪ ਆਪਣਾ ਹਰਿ ਉਪਾ, ਆਪ ਆਪਣੀ ਜੋਤ ਜਗਾਈਆ । ਆਪ ਆਪਣਾ ਨਾਉਂ ਧਰਾ, ਆਪੇ ਰਿਹਾ ਸੁਣਾਈਆ । ਆਪ ਆਪਣਾ ਦਰ ਸੁਹਾ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਕਰ ਅਕਾਰਾ,

ਆਪ ਆਪਣੀ ਜੋਤ ਜਗਾਇੰਦਾ । ਆਪ ਆਪਣਾ ਕਰ ਪਸਾਰਾ, ਆਪਣਾ ਸੰਗ ਨਿਭਾਇੰਦਾ । ਆਪ ਆਪਣੀ ਕਰ ਵਿਚਾਰਾ, ਆਪ ਆਪਣਾ ਮਤਾ ਪਕਾਇੰਦਾ । ਆਪ ਆਪਣੀ ਬਣਿਆ ਨਾਰਾ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੇਜ ਹੰਢਾਇੰਦਾ । ਆਪ ਆਪਣੀ ਬਣਤ ਬਣਾਏ, ਆਦਿ ਪੁਰਖ ਅਬਿਨਾਸ਼ਾ । ਆਪ ਆਪਣੀ ਬਣਤ ਬਣਾਏ, ਆਪੇ ਵੇਖੇ ਖੇਲ ਤਮਾਸ਼ਾ । ਆਪ ਆਪਣਾ ਅੰਤ ਪਾਏ, ਆਪ ਆਪਣੀ ਪਾਏ ਰਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਰੱਖੇ ਵਾਸਾ । ਨਿਰਗੁਣ ਹਰਿ ਨਿਰਗੁਣ ਸਮਾਇਆ, ਨਿਰਗੁਣ ਜੋਤ ਜਗਾਈਆ । ਨਿਰਗੁਣ ਮੰਡਲ ਨਿਰਗੁਣ ਰੂਪ ਨਿਰਗੁਣ ਪਾਏ ਰਾਸਾ, ਨਿਰਗੁਣ ਵੇਖ ਵਖਾਈਆ । ਨਿਰਗੁਣ ਪ੍ਰਿਥਮੀ ਨਿਰਗੁਣ ਅਕਾਸਾ, ਨਿਰਗੁਣ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਉਪਾਈਆ । ਆਪ ਆਪਣੀ ਕਿਰਪਾ ਕਰ, ਦਇਆ ਕਮਾਇੰਦਾ । ਜੋਤੀ ਨਾਰੀ ਆਪੇ ਵਰ, ਆਪਣਾ ਸੰਗ ਰਖਾਇੰਦਾ । ਅਨਾਦੀ ਸੁਤ ਉਪਜੇ ਘਰ, ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਵਸਾਇੰਦਾ । ਆਪਣਾ ਘਰ ਆਪ ਵਸਾਏ, ਅਕਲ ਕਲਾ ਬਨਵਾਰੀ । ਥਿਰ ਘਰ ਸਾਚਾ ਨਾਉਂ ਧਰਾਏ, ਉਚ ਮਹੱਲ ਅਟਾਰੀ । ਦੀਵਾ ਬੱਤੀ ਨਾ ਕੋਈ ਜਗਾਏ, ਨਿਰਗੁਣ ਜੋਤ ਕਰੇ ਉਜਿਆਰੀ । ਚਾਰ ਦਵਾਰ ਨਾ ਕੋਈ ਦਸਾਏ, ਛੱਪਰ ਛੰਨ ਨਾ ਕੋਈ ਅਟਾਰੀ । ਹਵਣ ਪਵਣ ਨਾ ਕੋਈ ਕਰਾਏ, ਨਾ ਕੋਈ ਪੂਜਾ ਪਾਠ ਪੁਜਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਆਪਣਾ ਬੰਕ ਦਵਾਰੀ । ਬੰਕ ਦਵਾਰਾ ਸਚ ਮਹੱਲਾ, ਹਰਿ ਆਪਣਾ ਆਪ ਉਪਾਇਆ । ਆਪੇ ਬੈਠਾ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਖਾਇਆ । ਆਪੇ ਹੋਇਆ ਅਛਲ ਅਛੱਲਾ, ਅਛਲ ਅਛੱਲ ਆਪ ਅਖਵਾਇਆ । ਸਚ ਸਿੰਘਾਸਣ ਆਪਣਾ ਆਪੇ ਮੱਲਾ, ਆਪ ਆਪਣੀ ਰਚਨ ਰਚਾਇਆ । ਆਪੇ ਹੋਇਆ ਜੋਧਾ ਸੂਰਬੀਰ ਵਡ ਬਲ ਬਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਸੁਹਾਇਆ । ਸਾਚਾ ਘਰ ਸ਼ਬਦ ਸਿੰਘਾਸਣ, ਹਰਿ ਸਾਚਾ ਆਸਣ ਲਾਇੰਦਾ । ਜੋਤੀ ਗੁਰ ਪੁਰਖ ਅਬਿਨਾਸ਼ਨ, ਦਿਵਸ ਰੈਣ ਡਗਮਗਾਇੰਦਾ । ਆਪੇ ਹੋਏ ਸਰਬ ਗੁਣ ਤਾਸਨ, ਗੁਣਵੰਤਾ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਸੁਹਾਇਆ । ਜੋਤ ਜਗਾਈ ਆਦਿ ਨਿਰੰਜਣਾ, ਆਦਿ ਪੁਰਖ ਅਖਵਾਇਆ । ਆਪ ਆਪਣਾ ਹੋਇਆ ਦਰਦ ਦੁੱਖ ਭੈ ਭੰਜਣਾ, ਆਪ ਆਪਣਾ ਹੋਏ ਸਹਾਇਆ । ਆਪ ਆਪਣਾ ਕਰਿਆ ਮਜਨਾ, ਆਪ ਆਪਣਾ ਤੀਰਥ ਨੁਹਾਇਆ । ਆਪ ਆਪਣਾ ਪੜਦਾ ਆਪੇ ਕੱਜਣਾ, ਆਪੇ ਪੜਦਾ ਰਿਹਾ ਪਾਇਆ । ਆਪਣਾ ਨਗਾਰਾ ਆਪਣੇ ਘਰ ਹਰਿ ਆਪੇ ਵੱਜਣਾ, ਆਪਣਾ ਨਾਦ ਰਿਹਾ ਵਜਾਇਆ । ਆਪੇ ਰੱਖੇ ਆਪਣੀ ਲੱਜਣਾ, ਲਾਜਾਵੰਤ ਆਪ ਹੋ ਆਇਆ । ਆਪਣਾ ਘਰ ਥਿਰ ਹਰਿ ਆਪੇ ਤਜਣਾ, ਆਪੇ ਰਿਹਾ ਵਸਾਇਆ । ਨਾ ਘੜਿਆ ਨਾ ਭੱਜਣਾ, ਨਾ ਮੇਟੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਲਏ ਉਠਾਇਆ । ਸ਼ਬਦ ਸੁਤ ਹਰਿ ਕਰ ਤਿਆਰ, ਆਪਣੀ ਦਇਆ ਕਮਾਇੰਦਾ । ਆਪੇ ਕਰਿਆ ਖ਼ਬਰਦਾਰ, ਆਪ ਆਪਣੀ ਸੇਵਾ ਲਾਇੰਦਾ । ਲੋਆਂ ਪੁਰੀਆਂ ਖੰਡ ਬ੍ਰਹਿਮੰਡ ਲਏ ਉਸਾਰ, ਆਪ ਆਪਣੇ ਰੰਗ ਰੰਗਾਇੰਦਾ । ਆਪ ਆਪਣੀ ਬੰਨੇ ਧਾਰ, ਵੇਖਣਹਾਰ

ਆਪ ਅਖਵਾਇੰਦਾ । ਸ਼ਬਦ ਸੁਤ ਹਰਿ ਕਰ ਪਿਆਰ, ਸਚ ਸਮਗਰੀ ਝੋਲੀ ਪਾਇੰਦਾ । ਆਦਿ ਅੰਤ ਏਕੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਸ਼ਬਦ ਬ੍ਰਹਿਮਾਦੀ ਆਦਿ ਜੁਗਾਦੀ ਆਪਣੀ ਰਚਨ ਰਚਾਇੰਦਾ । ਸ਼ਬਦ ਸੁਤ ਵਡ ਬਲਵਾਨਾ, ਆਪਣਾ ਕਰਮ ਕਮਾਇੰਦਾ । ਆਪ ਆਪਣਾ ਕਰ ਪਛਾਨਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਗਾਇਆ ਤਰਾਨਾ, ਆਪ ਆਪਣੀ ਧੁਨ ਵਜਾਇੰਦਾ । ਆਪ ਆਪਣਾ ਬੱਧਾ ਗਾਨਾ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਕਰ ਨਿਸ਼ਾਨਾ, ਆਪ ਆਪਣਾ ਤੀਰ ਚਲਾਇੰਦਾ । ਆਪ ਆਪਣਾ ਕਰ ਪਰਵਾਨਾ, ਆਪ ਆਪਣਾ ਮੇਲ ਮਿਲਾਇੰਦਾ । ਆਪ ਆਪਣਾ ਵੇਖੇ ਮਾਰ ਧਿਆਨਾ, ਆਪ ਆਪਣਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦੇਵੇ ਵਰ, ਸ਼ਬਦ ਸਰੂਪ ਭੰਡਾਰ ਭਰਾਇੰਦਾ । ਸਾਚੀ ਵਸਤ ਹਰਿ ਖੋਲ੍ਹ ਭੰਡਾਰਾ, ਸਾਚੇ ਸੁਤ ਜਣਾਇਆ । ਨਾਮ ਵਸਤ ਅਪਰ ਅਪਾਰਾ, ਤੇਰੀ ਝੋਲੀ ਪਾਇਆ । ਲੋਆਂ ਪੁਰੀਆਂ ਬੰਨੇ ਧਾਰਾ, ਅਕਾਸ਼ ਪਰਕਾਸ਼ ਸਮਾਇਆ । ਗਗਨ ਗਗਨੰਤਰ ਰਵ ਸਸ ਸੂਰਜ ਚੰਨ ਦੀਪਕ ਜੋਤੀ ਬੰਨੇ ਧਾਰਾ, ਰੂਪ ਅਨੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ, ਆਤਮ ਅੰਦਰ ਗਿਆ ਵੜ, ਆਪ ਆਪਣਾ ਲਏ ਉਪਾਇਆ । ਆਪ ਆਪਣਾ ਲਿਆ ਘੜ, ਆਪ ਆਪਣੀ ਨਾਭੀ ਗਿਆ ਸਮਾਈਆ । ਨਾ ਕੋਈ ਸੀਸ ਨਾ ਕੋਈ ਧੜ, ਹਰਿ ਸ਼ਬਦ ਵੱਡੀ ਵਡਿਆਈਆ । ਨਾ ਕੋਈ ਚੋਟੀ ਨਾ ਕੋਈ ਜੜ, ਨਾ ਕੋਈ ਸਕੇ ਫੜ, ਨਾ ਹੱਥ ਕਿਸੇ ਆਈਆ । ਆਪ ਆਪਣੇ ਨਾਲ ਰਿਹਾ ਲੜ, ਨਾ ਦੂਸਰ ਕੋਈ ਦਸਾਈਆ । ਆਪਣਾ ਅੱਖਰ ਆਪੇ ਪੜ੍ਹ, ਆਪਣੀ ਵਿਦਿਆ ਆਪ ਜਣਾਈਆ । ਅਗਨੀ ਹਵਨ ਨਾ ਜਾਏ ਸੜ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚਾ ਸੁੱਤ ਸ਼ਬਦ ਦੁਲਾਰਾ, ਦੋਏ ਜੋੜ ਕਰੇ ਨਿਮਸਕਾਰਿਆ । ਆਦਿ ਪੁਰਖ ਤੇਰਾ ਖੇਲ ਅਪਾਰਾ, ਤੇਰਾ ਭੇਵ ਕੋਇ ਨਾ ਪਾ ਰਿਹਾ । ਬੇਅੰਤ ਬੇਅੰਤ ਬੇਅੰਤ ਨਿਰਾਧਾਰਾ, ਨਿਰਵੈਰ ਰੂਪ ਸਮਾ ਰਿਹਾ । ਆਦਿ ਸ਼ਕਤ ਕਰ ਆਕਾਰਾ, ਮੂਰਤ ਅਕਾਲ ਵਖਾ ਰਿਹਾ । ਸਾਚੀ ਸੂਰਤ ਹਰਿ ਨਿਰੰਕਾਰਾ, ਰੂਪ ਰੰਗ ਨਾ ਕੋਇ ਜਣਾ ਰਿਹਾ । ਸਾਚੇ ਸੁਤ ਕੀਆ ਪਿਆਰਾ, ਆਪ ਆਪਣਾ ਝੋਲੀ ਪਾ ਰਿਹਾ । ਆਪ ਆਪਣਾ ਕਰ ਪਸਾਰਾ, ਆਪ ਆਪਣਾ ਬਾਹਰ ਕਢਾ ਰਿਹਾ । ਨਾਭੀ ਕਵਲੀ ਖੇਲ ਅਪਾਰਾ, ਪਾਰਬ੍ਰਹਮ ਕਰਾ ਰਿਹਾ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰਾ, ਆਪ ਆਪਣਾ ਅੰਗ ਕਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਅੰਸ ਆਪੇ ਆਪ ਉਪਾ ਰਿਹਾ । ਆਪਣੀ ਅਣਸ ਹਰਿ ਉਪਾਏ, ਆਪਣੀ ਦਇਆ ਕਮਾਇੰਦਾ । ਆਪਣਾ ਬੰਸ ਰਿਹਾ ਬਣਾਏ, ਸਰਬੰਸ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮੂਲ ਤੇਰਾ ਰੂਪ, ਹਰਿ ਸ਼ਾਹੋ ਭੂਪ ਆਪਣਾ ਰੂਪ ਉਪਾਇੰਦਾ । ਤ੍ਰੈਗੁਣ ਮਾਇਆ ਘਰ ਘਰ ਵੇਸ, ਹਰਿ ਸਾਚੇ ਰਚਨ ਰਚਾਈਆ । ਆਪ ਉਪਾਇਆ ਬ੍ਰਹਮਾ ਵਿਸ਼ਨ ਮਹੇਸ਼, ਪਾਰਬ੍ਰਹਮ ਵੱਡੀ ਵਡਿਆਈਆ । ਆਪ ਆਪਣਾ ਲਿਆ ਵੇਖ, ਆਪਣੀ ਕਰੇ ਕੁੜਮਾਈਆ । ਸੁਤ ਸ਼ਬਦ ਹੋ ਪਰਵੇਸ਼, ਸਾਚੀ ਰਚਨਾ ਰਿਹਾ ਰਚਾਈਆ । ਆਦਿ ਪੁਰਖ ਸਦਾ ਆਦੇਸ, ਨਿਰਗੁਣ ਵਡ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਆਪ ਆਪਣੀ ਬਣਤ ਬਣਾ, ਆਪਣਾ ਕਰਮ ਕਮਾ ਰਿਹਾ । ਆਪਣਾ

ਕਰਮ ਰਿਹਾ ਕਮਾ, ਪੰਜ ਤਤ ਕਰੇ ਪਿਆਰਿਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਗਿਆ ਸਮਾ, ਦਿਸ ਕਿਸੇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਤ ਪਾਤਾਲ ਆਕਾਸ਼ ਪਰਕਾਸ਼ ਏਕਾ ਰੰਗ ਰੰਗਾ ਰਿਹਾ । ਆਪ ਆਪਣਾ ਰੰਗ ਰੰਗਾ, ਆਪਣੀ ਜੋਤ ਜਗਾਇੰਦਾ । ਬ੍ਰਹਮਾ ਆਪਣੀ ਸੇਵਾ ਲਾ, ਤ੍ਰੈਗੁਣ ਝੋਲੀ ਪਾਇੰਦਾ । ਲੱਖ ਚੁਰਾਸੀ ਬਣਤ ਬਣਾ, ਹਰ ਘਟ ਸੇਵਾ ਲਾਇੰਦਾ । ਨਿਰਗੁਣ ਰੂਪ ਹਰਿ ਬੇਪਰਵਾਹ, ਸਰਗੁਣ ਸੰਗ ਨਿਭਾਇੰਦਾ । ਸਰਗੁਣ ਤੇਰੀ ਪਕੜੇ ਬਾਂਹ, ਸਮਰਥ ਪੁਰਖ ਅਖਵਾਇੰਦਾ । ਆਪ ਆਪਣਾ ਸ਼ਬਦ ਜਣਾ, ਸੇਵਕ ਸਾਚੀ ਸੇਵਾ ਲਾਇੰਦਾ । ਚਾਰੇ ਵੇਦਾਂ ਲਏ ਲਿਖਾ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣਾ ਕਰਮ ਕਮਾ, ਆਪ ਆਪਣੀ ਵੰਡ ਵੰਡਾਇੰਦਾ । ਆਪ ਆਪਣਾ ਨਾਮ ਧਰਾ, ਆਪ ਆਪਣਾ ਧਰਮ ਧਰਾਇੰਦਾ । ਆਪੇ ਲਏ ਵੇਖ ਵਖਾ, ਆਪ ਆਪਣਾ ਕਰਮ ਕਮਾਇੰਦਾ । ਆਪਣਾ ਲੇਖਾ ਲਏ ਲਿਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਜੋਤ ਹਰਿ ਨਿਰੰਕਾਰ, ਸਰਗੁਣ ਵਿਚ ਸਮਾਈਆ । ਮਨ ਮਤ ਬੁਧ ਕਰ ਪਿਆਰ, ਆਪਣੀ ਜੋਤੀ ਜੋਤ ਰਮਾਈਆ । ਆਪ ਵਸਾਇਆ ਸੱਚਾ ਘਰ ਬਾਰ, ਕਾਇਆ ਮੰਦਰ ਇਕ ਰਖਾਈਆ । ਆਪੇ ਕਰਿਆ ਬੰਦ ਕਿਵਾੜ, ਆਪੇ ਬੈਠਾ ਕੁੰਡਾ ਲਾਹੀਆ । ਜਗਤ ਵਖਾਏ ਨੌਂ ਦਵਾਰ, ਦਰ ਦਰਵਾਜ਼ਾ ਖੋਲ੍ਹ ਵਖਾਈਆ । ਆਪ ਆਪਣਾ ਕਰ ਪਸਰ ਪਸਾਰ, ਆਪ ਆਪਣਾ ਮੁਖ ਛੁਪਾਈਆ । ਸਾਚੇ ਘਰ ਕਰ ਅਕਾਰ, ਜੋਤ ਸਰੂਪੀ ਡਗਮਗਾਈਆ । ਆਪ ਆਪਣੀ ਸੁਣੇ ਪੁਕਾਰ, ਆਪੇ ਰਿਹਾ ਸੁਣਾਈਆ । ਆਪ ਆਪਣਾ ਕਰੇ ਮੰਗਲਾਚਾਰ, ਆਪ ਆਪਣਾ ਗੀਤ ਅਲਾਈਆ । ਅਨਹਦ ਗਾਏ ਵਾਰੋ ਵਾਰ, ਪੰਚਮ ਮੇਲਾ ਸਹਿਜ ਸਭਾਈਆ । ਪੰਚਮ ਸਖੀਆਂ ਕਰ ਪਿਆਰ, ਹਰਿ ਸਾਚਾ ਕੰਤ ਖ਼ੁਸ਼ੀ ਮਨਾਈਆ । ਸਾਚੇ ਘਰ ਜੋਤ ਪਰਕਾਸ਼, ਬੇਅੰਤ ਬੇਅੰਤ ਬੇਅੰਤ ਘਰ ਦਸਵਾਂ ਇਕ ਸੁਹਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਆਪਣਾ ਅੰਗ ਕਟਾ, ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਆਪ ਅਖਵਾ, ਕਰਤਾ ਪੁਰਖ ਆਪ ਹੋ ਜਾਇੰਦਾ । ਬ੍ਰਹਮ ਰੂਪ ਹਰਿ ਹੰ ਬਣਾ, ਹਰ ਘਟ ਅੰਦਰ ਆਸਣ ਲਾਇੰਦਾ । ਆਦਿ ਰੂਪ ਹਰਿ ਸ਼ਾਹੋ ਭੂਪ, ਲੱਖ ਚੁਰਾਸੀ ਵੰਡ ਵੰਡਾਇੰਦਾ । ਆਪੇ ਵਸਿਆ ਚਾਰੇ ਕੂਟ, ਦਹਿ ਦਿਸ਼ਾ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇੰਦਾ । ਆਪ ਆਪਣਾ ਅੰਗ ਕਟਾ, ਆਪਣਾ ਨਾਉਂ ਧਰਾਇਆ । ਸੋ ਪੁਰਖ ਨਿਰੰਜਣ ਆਪ ਅਖਵਾ, ਹੰ ਹੰਗਤਾ ਵਿਚ ਸਮਾਇਆ । ਓਅੰ ਓਅੰ ਵਿਚ ਸਮਾ, ਸੋਹੰ ਸਾਚਾ ਜਾਪ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਜਾ ਭੇਵ ਚੁਕਾਇਆ । ਇਕ ਅਕੱਲਾ ਏਕੰਕਾਰਾ, ਏਕਾ ਕਲ ਵਰਤਾਇੰਦਾ । ਦੂਜਾ ਕਰ ਹਰਿ ਪਸਾਰਾ, ਆਪਣਾ ਨਾਉਂ ਧਰਾਇੰਦਾ । ਸੋਹੰ ਸ਼ਬਦ ਅਪਰ ਅਪਾਰਾ, ਸਤਿ ਪੁਰਖਾ ਆਪ ਸੁਹਾਇੰਦਾ । ਚੌਥਾ ਪਦ ਕਰ ਵਿਚਾਰਾ, ਸਾਚਾ ਘਰ ਸੁਹਾਇੰਦਾ । ਨਿਰਮਲ ਜੋਤ ਕਰੇ ਉਜਿਆਰਾ, ਪੰਜ ਤਤ ਨਾ ਕੋਈ ਰਖਾਇੰਦਾ । ਧੁਨ ਸ਼ਬਦ ਵੱਜੇ ਜੈਕਾਰਾ, ਧੁਨ ਆਤਮਕ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਘਰ ਆਪ ਹੋ ਜਾਇੰਦਾ । ਤੀਜਾ ਘਰ ਆਪੇ ਖੋਲ੍ਹ, ਹਰਿ ਆਪਣੀ ਦਇਆ ਕਮਾਈਆ । ਤੀਜੇ ਨੇਤਰ ਕਰੇ ਚੋਲ੍ਹ, ਬਜਰ ਕਪਾਟੀ

ਕੁੰਡਾ ਲਾਹੀਆ । ਆਪਣਾ ਪੜਦਾ ਆਪੇ ਫੋਲ, ਆਪਣਾ ਮੁੱਖੜਾ ਆਪ ਵਖਾਈਆ । ਆਪ ਵਜਾਏ ਆਪਣਾ ਮਰਦੰਗ ਢੋਲ, ਸੋਹੰ ਸਾਚੀ ਸੇਵਾ ਲਾਈਆ । ਅਨਹਦ ਵੇਖਣਹਾਰਾ ਘੋਲ, ਪੰਚਮ ਸ਼ਬਦ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਸੰਗ ਰਖਾਏ ਹੱਡ ਮਾਸ ਨਾੜੀ ਰੱਤ, ਰਕਤ ਬੂੰਦ ਬਣਤ ਬਣਾਈਆ । ਰਕਤ ਬੂੰਦ ਹੱਡ ਮਾਸ ਚੰਮ, ਹਰਿ ਸਾਚੇ ਜੋੜ ਜੁੜਾਇਆ । ਪਵਣ ਸਵਾਸੀ ਰੱਖਿਆ ਦਮ, ਨਿਰਗੁਣ ਸਰੂਪ ਦਿਸ ਨਾ ਆਇਆ । ਨੌਂ ਦਰ ਵਖਾਏ ਜਗਤ ਕੰਮ, ਦਸਵਾਂ ਗੁਪਤ ਜਣਾਇਆ । ਸ਼ਬਦ ਸੁਤ ਕਾਇਆ ਮੰਦਰ ਆਪੇ ਪਏ ਜੰਮ, ਮਾਤ ਪਿਤ ਨਾ ਕੋਈ ਅਖਵਾਇਆ । ਆਪੇ ਜਾਣੇ ਆਪਣਾ ਧਰਮ, ਵਰਨ ਬਰਨ ਨਾ ਕੋਇ ਜਣਾਇਆ । ਆਪ ਕਮਾਏ ਆਪਣਾ ਕਰਮ, ਹਰਿ ਕਿਰਤੀ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਆਪ ਆਪਣਾ ਭੇਖ ਵਟਾ, ਪਰਗਟ ਜੋਤ ਜਗਾਇੰਦਾ । ਲੱਖ ਚੁਰਾਸੀ ਗਿਆ ਸਮਾ, ਦਿਸ ਕਿਸੇ ਨਾ ਆਇੰਦਾ । ਆਪ ਉਪਾਏ ਆਪੇ ਲਏ ਮਿਟਾ, ਆਪ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਮਾਰ ਝਾਤ, ਧਰਤ ਧਵਲ ਸੁਹਾਇੰਦਾ । ਲੋਕਮਾਤ ਕਰ ਪਸਾਰਾ, ਧਰਨੀ ਧਰਤ ਸੁਹਾਇੰਦਾ । ਆਪ ਆਪਣਾ ਕਰ ਆਕਾਰਾ, ਆਪ ਆਪਣਾ ਰੂਪ ਵਟਾਇੰਦਾ । ਆਪ ਆਪਣਾ ਲਏ ਅਵਤਾਰਾ, ਆਪ ਆਪਣਾ ਨਾਉਂ ਧਰਾਇੰਦਾ । ਆਪੇ ਹੋਏ ਦੁਸ਼ਟ ਹੰਕਾਰਾ, ਮਾਰਨਹਾਰ ਆਪ ਅਖਵਾਇੰਦਾ । ਆਪੇ ਵੰਡੇ ਵੰਡ ਅਪਾਰਾ, ਆਪਣੀ ਵੰਡਾਂ ਆਪ ਕਰਾਇੰਦਾ । ਆਪ ਆਪਣਾ ਕਰ ਪਿਆਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਮਰਦੰਗ ਵਜਾਇੰਦਾ । ਸ਼ਬਦ ਮਰਦੰਗ ਵਜਾਏ ਢੋਲ, ਆਦਿ ਪੁਰਖ ਅਬਿਨਾਸ਼ੀ । ਆਪਣਾ ਪੜਦਾ ਆਪੇ ਖੋਲ੍ਹ, ਵੇਖ ਵਖਾਏ ਪ੍ਰਿਥਮੀ ਆਕਾਸ਼ੀ । ਆਪਣੇ ਕੰਡੇ ਆਪੇ ਤੋਲ, ਲੱਖ ਚੁਰਾਸੀ ਦੇਵੇ ਫਾਸੀ । ਆਪਣੀ ਜੋਤੀ ਆਪੇ ਮੌਲ, ਜਨ ਭਗਤਾਂ ਕਰੇ ਬੰਦ ਖ਼ਲਾਸੀ । ਆਪਣੀ ਬੋਲੀ ਆਪੇ ਬੋਲ, ਬੋਲੇ ਸ਼ਬਦ ਹਰਿ ਸ਼ਾਹੋ ਸ਼ਾਬਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਪਾਏ ਸਾਚੀ ਰਾਸੀ । ਸਤਿਜੁਗ ਸਾਚਾ ਵੇਖ ਵਖਾ, ਹਰਿ ਸਾਚਾ ਕਰਮ ਕਮਾਇੰਦਾ । ਵਾਰ ਅਠਾਰਾਂ ਜੋਤ ਜਗਾ, ਆਪਣਾ ਲਹਿਣਾ ਆਪਣੀ ਝੋਲੀ ਪਾਇੰਦਾ । ਧਰਨੀ ਧਰਤ ਧਵਲ ਦਏ ਸੁਹਾ, ਜਨ ਭਗਤਾਂ ਵੇਖ ਵਖਾਇੰਦਾ । ਆਪਣੀ ਕਰਨੀ ਆਪ ਕਮਾ, ਦੂਤੀ ਦੁਸ਼ਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤੇ ਤੇਰਾ ਵੇਖ ਘਰ, ਰਾਮ ਰਾਮਾ ਰੂਪ ਸਮਾਇੰਦਾ । ਰਾਮ ਰਾਮਾ ਰਾਮ ਅਵਤਾਰੀ, ਪਰਸਣਹਾਰ ਪਰਸਾ । ਦੋਏ ਮੇਲ ਇਕ ਦਰਬਾਰੀ, ਆਪੇ ਮੇਟੇ ਆਪਣੀ ਹਰਸਾ । ਆਪੇ ਚਿੱਲਾ ਤੀਰ ਕਮਾਨ ਬਣੇ ਕਟਾਰੀ, ਆਪੇ ਗੜ੍ਹ ਹੰਕਾਰੀ ਧਰਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਭਗਤੀ ਮੇਲ, ਭਰਤ ਮੇਘ ਆਪੇ ਬਰਸਾ । ਆਪੇ ਦੁਸ਼ਟ ਹੰਕਾਰਾ, ਆਪੇ ਰਾਮ ਅਖਵਾਇੰਦਾ । ਆਪੇ ਤੋੜੇ ਲੰਕਾ ਗੜ੍ਹ ਅਪਾਰਾ, ਆਪੇ ਤੀਰ ਚਲਾਇੰਦਾ । ਆਪੇ ਮੇਲੇ ਕਰ ਪਿਆਰਾ, ਮੇਲ ਵਿਛੋੜਾ ਆਪ ਕਰਾਇੰਦਾ । ਆਪੇ ਗਊ ਗ਼ਰੀਬਾਂ ਪਾਵੇ ਸਾਰਾ, ਜਨ ਭਗਤ ਦਵਾਰਾ ਵੇਖ ਵਖਾਇੰਦਾ । ਖੇਲੇ ਖੇਲ ਖੇਲਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੇਤਾ ਤੇਰਾ ਤ੍ਰਿਆ ਵੇਸ ਆਪੇ ਪਾਰ ਕਰਾਇੰਦਾ । ਦੁਆਪਰ ਤੇਰਾ ਵੇਖੇ ਜੋਰ, ਆਪਣਾ ਭੇਖ ਵਟਾਈਆ । ਵੇਦ ਵਿਆਸਾ ਖਿਚੇ ਡੋਰ, ਸ਼ਬਦੀ

੧੪੮ ੦੭

੧੪੯ ੦੨

ਤਣਕ ਲਗਾਈਆ । ਪੁਰਾਨ ਅਠਾਰਾਂ ਪੜਦਾ ਖੋਲ੍ਹ, ਲੇਖਾ ਲੇਖ ਲਿਖਾਈਆ । ਲਿਖੇ ਲੇਖ ਪੂਤ ਸਪੂਤਾ ਪਰਗਟ ਹੋਏ ਬ੍ਰਹਿਮਣ ਗੌੜ, ਨਿਹਕਲੰਕਾ ਨਾਉਂ ਰਖਾਈਆ । ਆਪਣੇ ਮੰਦਰ ਆਪੇ ਲਾਏ ਪੌੜ, ਡੰਡਾ ਕੋਇ ਦਿਸ ਨਾ ਆਈਆ । ਆਪਣੀ ਨਗਰੀ ਆਪੇ ਜਾਏ ਬੌਹੜ, ਆਵਣ ਜਾਵਣ ਆਪਣੇ ਹੱਥ ਰਖਾਈਆ । ਆਪੇ ਪਰਖਣਹਾਰਾ ਮਿਠਾ ਕੌੜ, ਲੱਖ ਚੁਰਾਸੀ ਵੇਖ ਵਖਾਈਆ । ਗੁਰਮੁਖ ਸਾਜਨ ਸੰਤ ਸੁਹੇਲੇ ਜੁਗ ਵਿਛੜੇ ਜਗ ਲਏ ਜੋੜ, ਧੁਰ ਦਰਗਹਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਅਲੱਖ ਜਗਾਈਆ । ਆਪ ਆਪਣੀ ਅਲਖ ਜਗਾ, ਆਪ ਆਪਣਾ ਕਰਮ ਕਮਾਇਆ । ਆਪ ਆਪਣਾ ਭੇਖ ਵਟਾ, ਆਪ ਆਪਣਾ ਜਾਮਾ ਪਾਇਆ । ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾ, ਮੋਹਨ ਮਾਧਵ ਰੂਪ ਸਮਾਇਆ । ਸੁੰਦਰ ਕੁੰਡਲ ਮੁਕਟ ਬੈਨ ਕਵਲ ਨੈਣ ਆਪ ਚਮਕਾ, ਨਾਮ ਬੰਸਰੀ ਇਕ ਵਜਾਇਆ । ਗੀਤਾ ਗਿਆਨ ਹਰਿ ਚਰਨ ਧਿਆਨ ਇਕ ਦ੍ਰਿੜ੍ਹਾ, ਭਗਤ ਸੁਹੇਲਾ ਲਏ ਜਗਾਇਆ । ਬਿਪਰ ਸੁਦਾਮਾ ਗਲੇ ਲਗਾ, ਬਿਦਰ ਨਿਮਾਣਾ ਲਏ ਤਰਾਇਆ । ਦਰੋਪਤ ਲੱਜਿਆ ਲਏ ਰਖਾ, ਹੰਕਾਰੀ ਦੁਸ਼ਟ ਦਏ ਖਪਾਇਆ । ਦੁਆਪਰ ਤੇਰਾ ਅੰਤ ਕਰਾ, ਦੁਰਬਾਸ਼ਾ ਹੋਏ ਸਹਾਇਆ । ਕਲਜੁਗ ਤੇਰਾ ਰੂਪ ਵਟਾ, ਕਾਲਾ ਸੂਸਾ ਤਨ ਛੁਹਾਇਆ । ਮਨ ਮਤ ਤੇਰੀ ਝੋਲੀ ਪਾ, ਏਕਾ ਲੇਖਾ ਰਿਹਾ ਲਿਖਾਇਆ । ਬੋਧ ਗਿਆਨਾ ਅਗਾਧ ਬੋਧ ਆਪ ਜਣਾ, ਜੋਗ ਜੁਗਤ ਵੇਖ ਵਖਾਇਆ । ਈਸਾ ਮੂਸਾ ਸੰਗ ਰਲਾ, ਸਾਚੀ ਧਾਰ ਬਣਾਇਆ । ਇਕ ਮੁਹੰਮਦ ਲਿਆ ਮਨਾ, ਅਹਿਮਦ ਰੂਪ ਵਟਾਇਆ । ਚਾਰ ਯਾਰੀ ਮਤਾ ਪਕਾ, ਅੱਲਾ ਰਾਣੀ ਨਾਲ ਪਰਨਾਇਆ । ਏਕਾ ਕਲਮਾ ਲਿਆ ਪੜ੍ਹਾ, ਅੱਲਾ ਹੂ ਨਾਅਰਾ ਲਾਇਆ । ਐਨਲਹੱਕ ਵੇਖ ਵਖਾ, ਮਨਸੂਰ ਮੇਲ ਮਿਲਾਇਆ । ਮੁਕਾਮੇ ਹੱਕ ਖ਼ੁਦਾਏ ਦਏ ਵਖਾ, ਖ਼ੁਦੀ ਖ਼ੁਦਾਈ ਦਏ ਗਵਾਇਆ । ਪੀਰ ਫ਼ਕੀਰ ਸ਼ਾਹ ਹਕੀਰ ਆਪ ਅਖਵਾ, ਬੇਐਬ ਪਰਵਰਦਿਗਾਰਾ ਰੂਪ ਵਟਾਇਆ । ਆਪਣੀ ਝੋਲੀ ਆਪਣੇ ਅੱਗੇ ਆਪੇ ਡਾਹ, ਆਪਣੀ ਭਿਛਿਆ ਆਪੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਕਰਮ ਕਮਾਇਆ । ਸਚ ਮੁਹੰਮਦ ਸਚ ਪੁਕਾਰ, ਘਰ ਸਾਚੇ ਰਿਹਾ ਸੁਣਾਈਆ । ਏਕਾ ਮੰਗੇ ਮੰਗ ਭਿਖਾਰ, ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਕੂੜ ਕੁੜਿਆਰਾ ਕਰ ਪਿਆਰ, ਤੇਰੀ ਹੋਵੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਿਦਿਆ ਆਪੇ ਰਿਹਾ ਪੜ੍ਹਾਈਆ । ਆਪਣੀ ਵਿਦਿਆ ਆਪ ਪੜ੍ਹਾ, ਆਪਣਾ ਰਾਹ ਵਖਾਇਆ । ਨਬੀ ਰਸੂਲ ਆਪ ਜਣਾ, ਅੰਤ ਰਿਹਾ ਕਰਾਇਆ । ਭੇਖਾਧਾਰੀ ਭੇਖ ਵਟਾ, ਲਹਿਣਾ ਦੇਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਵਸੇ ਸੰਗ, ਹਰਿ ਸ਼ਾਹ ਮਲੰਘ, ਦਿਸ ਕਿਸੇ ਨਾ ਆਇਆ । ਮੁਹੰਮਦ ਮੰਗੇ ਮੰਗ ਅਪਾਰਾ, ਚੌਦਾਂ ਲੋਕ ਜਣਾਇਆ । ਇੱਤਲ ਵਿੱਤਲ ਸਿਤਲ ਤੇਰਾ ਖੇਲ ਅਪਾਰਾ, ਤਲਾਤਲ ਮਹਾਤਲ ਰਸਾਤਲ ਖੋਲ੍ਹ ਦਵਾਰਾ, ਪਾਤਾਲ ਲੋਕ ਤੇਰਾ ਖੇਲ ਨਿਆਰਾ, ਬਾਸਕ ਸੇਜਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਤੁਰਭੁਜ ਤੇਰਾ ਰੂਪ, ਆਪੇ ਵੇਖੇ ਸਤਿ ਸਰੂਪ, ਨੂਰੋ ਨੂਰ ਸਮਾਇਆ । ਨੂਰੋ ਨੂਰ ਨੂਰ ਅਲਾਹੀ, ਨੂਰੋ ਨੂਰ ਸਮਾਇੰਦਾ । ਸਤਿ ਲੋਕ ਉਪਰ ਵੇਖੇ ਬੇਪਰਵਾਹੀ, ਆਪਣਾ ਮੰਦਰ ਆਪ ਸੁਹਾਇੰਦਾ । ਭੂਅ ਲੋਕ ਜਾਏ ਚਾਈਂ ਚਾਈਂ, ਦੂਵਹ ਲੋਕ ਫੇਰਾ ਪਾਇੰਦਾ । ਸਵਰਗ ਲੋਕ ਏਕਾ ਨਾਈਂ, ਮੁਹਰਰ ਡੇਰਾ

੧੫੦
੦੨

ਲਾਇੰਦਾ । ਜਪ ਲੋਕ ਨਾ ਮਿਲੇ ਥਾਈਂ, ਤਪ ਲੋਕ ਨਾ ਕੋਈ ਤਪਾਇੰਦਾ । ਸਤਿ ਲੋਕ ਪ੍ਰਭ ਤੇਰੀ ਜੋਤ ਕਰੇ ਰੁਸ਼ਨਾਈ, ਸਾਚਾ ਧਾਮ ਸੁਹਾਇੰਦਾ । ਚੌਦਾਂ ਲੋਕਾਂ ਮੰਗ ਮੰਗਾ, ਚੌਦਾਂ ਹੱਟਾਂ ਵੇਖ ਵਖਾਇੰਦਾ । ਚੌਦਾਂ ਲੋਕਾਂ ਚੌਦਾਂ ਤਬਕਾਂ ਵੇਖੇ ਬੇਪਰਵਾਹੀ, ਚੌਦਾਂ ਚੌਦਾਂ ਰੰਗ ਰੰਗਾਇੰਦਾ । ਬੀਸ ਬੀਸਾ ਕਰੇ ਕੁੜਮਾਈ, ਜਗਤ ਜਗਦੀਸ਼ਾ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੰਮਦ ਦੇਵੇ ਸਾਚਾ ਵਰ, ਚੌਦਾਂ ਚੌਦਾਂ ਝੋਲੀ ਪਾਇੰਦਾ । ਚੌਦਾਂ ਚੌਦਾਂ ਹਰਿ ਝੋਲੀ ਪਾ, ਪਿਛਲਾ ਮੂਲ ਚੁਕਾਇਆ । ਕਲਜੁਗ ਕੂੜ ਗਿਆ ਛਾ, ਅੰਧ ਅੰਧੇਰ ਨਾ ਕੋਈ ਮਿਟਾਇਆ । ਜੀਵ ਜੰਤ ਰੋਵਣ ਮਾਰਨ ਧਾ, ਨਾ ਦੀਸੇ ਕੋਈ ਸਹਾਇਆ । ਪੁਰਖ ਅਬਿਨਾਸ਼ੀ ਬੇਪਰਵਾਹ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਕਰੇ ਸਲਾਹ, ਆਪ ਆਪਣਾ ਸੰਗ ਨਿਭਾਇਆ । ਪੰਜ ਤਤ ਵਿਚ ਗਿਆ ਸਮਾ, ਸ਼ਬਦੀ ਸੁਤ ਟਿਕਾਇਆ । ਨਿਰਗੁਣ ਰੂਪ ਅਗੰਮ ਅਥਾਹ, ਆਪਣਾ ਖੇਲ ਖਿਲਾਇਆ । ਪੰਜ ਤਤ ਜਗ ਨਾਉਂ ਧਰਾ, ਨਾਨਕ ਨਾਨਕ ਅਖਵਾਇਆ । ਸ਼ਬਦ ਗੁਰ ਕਿਸੇ ਦਿਸੇ ਨਾ, ਨਾ ਕੋਈ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇਆ । ਨਾਨਕ ਮਿਲਿਆ ਹਰਿ ਨਿਰੰਕਾਰ, ਏਕਾ ਲਿਵ ਲਾਈਆ । ਏਕਾ ਗੁਰ ਇਕ ਪਿਆਰ, ਏਕਾ ਓਟ ਰਖਾਈਆ । ਏਕਾ ਸ਼ਬਦ ਏਕਾ ਧੁਨਕਾਰ, ਏਕਾ ਨਾਦ ਵਜਾਈਆ । ਏਕਾ ਘਰ ਇਕ ਮਹੱਲ ਉਚ ਮੁਨਾਰ, ਏਕਾ ਘਰ ਬੈਠਾ ਆਸਣ ਲਾਈਆ । ਏਕਾ ਪੁਰਖ ਏਕਾ ਨਾਰ, ਏਕਾ ਸੇਜ ਵਛਾਈਆ । ਏਕਾ ਮੀਤ ਇਕ ਮੁਰਾਰ, ਏਕਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਨਾਮਾ ਨਾਮ ਵਰ, ਸੁਰਤੀ ਸ਼ਬਦ ਕਰੇ ਕੁੜਮਾਈਆ । ਸੁਰਤ ਸ਼ਬਦ ਜੁੜਿਆ ਜੋੜਾ, ਨਾਨਕ ਨਿਰਗੁਣ ਰੂਪ ਸਮਾਇਆ । ਧੁਰਦਰਗਾਹੀ ਮਿਲਿਆ ਘੋੜਾ, ਪ੍ਰਭ ਸਾਚੇ ਆਪ ਚੜ੍ਹਾਇਆ । ਦੋ ਜਹਾਨਾਂ ਵਖਾਇਆ ਏਕਾ ਪੌੜਾ, ਏਕਾ ਡੰਡਾ ਲਾਇਆ । ਨਾਨਕ ਗੁਰ ਨਿਰੰਕਾਰ ਨਿਰਵੈਰ ਨਿਰਗੁਣ ਆਪੇ ਬੌਹੜਾ, ਨਿਝ ਘਰ ਸਾਚਾ ਦਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਰਿਹਾ ਬੁਲਾਇਆ । ਅਕਾਲ ਪੁਰਖ ਨਿਰਵੈਰ ਨਿਰੰਜਣ, ਆਦਿ ਪੁਰਖ ਦਇਆ ਕਮਾਈਆ । ਨਾਨਕ ਗੁਰ ਜਣਾਇਆ ਸਾਚਾ ਸੱਜਣ, ਸ਼ਬਦ ਵਿਚੋਲਾ ਇਕ ਰਖਾਈਆ । ਦਰ ਦਵਾਰੇ ਔਣਾ ਕਰਨਾ ਮਜਨ, ਏਕਾ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਈਆ । ਨਾਨਕ ਗੁਰ ਸੁਣ ਸਤਾਰ, ਆਪਣੀ ਸਤਾਰ ਹਿਲਾਈਆ । ਸ਼ਬਦੀ ਸ਼ਬਦ ਮਾਰ ਉਡਾਰ, ਸ਼ਬਦੀ ਖੇਲ ਖਿਲਾਈਆ । ਪਾਰਬ੍ਰਹਮ ਪ੍ਰਭ ਢਹਿ ਪਿਆ ਦਵਾਰ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਤਿ ਪੁਰਖ ਨਿਰਜੰਣ ਆਪ ਆਪਣੀ ਇਕ ਅਵਾਜ਼ ਲਗਾਈਆ । ਫੜ ਫੜ ਆਪਣੇ ਗਲ ਪਾਏ ਹਾਰ, ਆਪ ਆਪਣਾ ਤਨ ਸ਼ੰਗਾਰ ਵਖਾਈਆ । ਰੂਪ ਰੰਗ ਨਾ ਰੇਖ ਭੇਖ ਕੋਈ ਕਰਤਾਰ, ਨਾਨਕ ਗੁਰ ਵੇਖ ਵੇਖ ਬਿਗਸਾਈਆ । ਨਿਰਮਲ ਜੋਤੀ ਇਕ ਅਕਾਰ, ਰਵ ਸਸ ਕੋਈ ਦਿਸ ਨਾ ਆਈਆ । ਬੇਅੰਤ ਬੇਅੰਤ ਰਿਹਾ ਉਚਾਰ, ਬੇਅੰਤ ਤੇਰੀ ਵਡ ਵਡਿਆਈਆ । ਮਿਲਿਆ ਨਾਨਕ ਨਾਰੀ ਹਰਿ ਸਾਚਾ ਕੰਤ, ਥਿਰ ਘਰ ਸਾਚੇ ਸੇਜ ਹੰਢਾਈਆ । ਪ੍ਰਭ ਕਾਇਆ ਚੋਲੀ ਚੜ੍ਹਿਆ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਪ੍ਰਭ ਝੋਲੀ ਪਾਇਆ ਸ਼ਬਦ ਨਾਮ ਸਤਿ, ਦੇਵੇ ਵਡ ਵੱਡੀ ਵਡਿਆਈਆ । ਪਾਰ ਕਰਾਏ ਪੰਜ ਤੱਤ, ਲੋਕਮਾਤ ਕਰੇ ਕੁੜਮਾਈਆ । ਜੀਵਾਂ ਜੰਤਾਂ ਦੇਵੇ ਧੀਰਜ ਜਤ, ਸਤਿ

ਸੰਤੋਖ ਇਕ ਵਖਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਜੋ ਜਨ ਰਸਨਾ ਜਿਹਵਾ ਗਾਈਆ । ਜਨ ਭਗਤਾਂ ਰੱਖੇ ਅੰਤਮ ਪਤ, ਦੋ ਜਹਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਰੰਗ ਰੰਗਾਈਆ । ਨਾਨਕ ਗੁਰ ਵਰ ਘਰ ਪਾ, ਲੋਕਮਾਤ ਉਠ ਧਾਇਆ । ਖ਼ਾਕੀ ਖ਼ਾਕ ਪ੍ਰਭ ਡੇਰਾ ਲਾ, ਖ਼ਾਕੀ ਖ਼ਾਕ ਦਏ ਸਮਝਾਇਆ । ਚਾਰੋਂ ਕੁੰਟ ਫੇਰਾ ਪਾ, ਮੂਰਖ ਮੂੜ੍ਹ ਸੁਘੜ ਸਿਆਣੇ ਦਏ ਕਰਾਇਆ । ਗੜ੍ਹ ਹੰਕਾਰੀ ਦਏ ਤੁੜਾ, ਗਿਆਨ ਡੰਡਾ ਏਕਾ ਲਾਇਆ । ਸ਼ਬਦ ਖੰਡਾ ਹੱਥ ਉਠਾ, ਸ੍ਰਿਸ਼ਟ ਸਬਾਈ ਫੇਰਾ ਪਾਇਆ । ਨੌਂ ਖੰਡ ਰਿਹਾ ਜਣਾ, ਨਾਮ ਸਤਿ ਮੰਤਰ ਇਕ ਦ੍ਰਿੜਾਇਆ । ਕੁਲਾਖੰਡ ਫੇਰੀ ਪਾ, ਕੁਸ਼ਟੀ ਲਏ ਬਚਾਇਆ । ਇੱਲਾਬ੍ਰਤ ਦਏ ਸਲਾਹ, ਕੇਤਮਾਲ ਕਰੇ ਰੁਸ਼ਨਾਇਆ । ਕਿੰ ਪੁਰਖ ਹਰਿ ਸ਼ਬਦ ਜਣਾ, ਹਰਵਰਖ ਰਿਹਾ ਸੁਣਾਇਆ । ਹਰਣਯਮਹ ਗੁਰ ਜੋਤ ਜਗਾ, ਜੋਗ ਜੁਗੀਸ਼ਰ ਇਕ ਵਖਾਇਆ । ਭਦਰ ਡੇਰਾ ਆਪਨਾ ਲਾ, ਭਰਮ ਗੜ੍ਹ ਦਏ ਤੁੜਾਇਆ । ਰਮਕ ਆਪਣੀ ਖੇਲ ਖਿਲਾ, ਏਕਾ ਵਰਨ ਰਿਹਾ ਵਖਾਇਆ । ਭਾਰਤ ਖੰਡ ਆਪ ਸਮਝਾ, ਊਚਾਂ ਨੀਚਾਂ ਏਕਾ ਰੰਗ ਰੰਗਾਇਆ । ਅੰਤਮ ਆਪਣਾ ਵੇਖ ਵਖਾ, ਆਪ ਆਪਣਾ ਵੇਸ ਵਟਾਇਆ । ਪੰਜ ਤਤ ਦਏ ਤਜਾ, ਅੰਗਦ ਅੰਗ ਲਗਾਇਆ । ਅੰਗਦ ਜੋਤੀ ਜੋਤ ਜਗਾ, ਸ਼ਬਦੀ ਸ਼ਬਦ ਸੁਣਾਇਆ । ਅਨਹਦ ਰਾਗ ਇਕ ਅਲ੍ਹਾ, ਅਨਾਦੀ ਧੁਨ ਵਜਾਇਆ । ਸੇਵਕ ਸੇਵ ਰਿਹਾ ਕਮਾ, ਸਾਚੀ ਸੇਵਾ ਇਕ ਵਖਾਇਆ । ਅਮਰੂ ਨਿਥਾਵਾ ਝੋਲੀ ਪਾ, ਆਪਣੇ ਅੰਗ ਲਗਾਇਆ । ਮਸਤਕ
੧੫੧ ਤਿਲਕ ਨਾਮ ਲਗਾ, ਜੋਤ ਲਿਲਾਟ ਟਿਕਾਇਆ । ਚੌਥੇ ਗੁਰ ਹੋਏ ਸਹਾ, ਸਰ ਸਰੋਵਰ ਇਕ ਸੁਹਾਇਆ । ਰਾਮਦਾਸ ਤੇਰੀ ਪਕੜੇ ਬਾਂਹ, ਗੁਰ ੧੫੧
੦੨ ਅਰਜਨ ਮੇਲ ਮਿਲਾਇਆ । ਗੁਰ ਅਰਜਨ ਭੇਵ ਦਏ ਖੁਲ੍ਹਾ, ਅਗਾਧ ਬੋਧਾ ਸ਼ਬਦ ਚਲਾਇਆ । ਆਪ ਆਪਣੀ ਸੇਵਾ ਲਾ, ਆਪਣਾ ਕਰਮ ੦੨
ਕਮਾਇਆ । ਆਪਣੀ ਜੋਤੀ ਆਪ ਟਿਕਾ, ਹਰਿ ਗੋਬਿੰਦ ਲਏ ਉਠਾਇਆ । ਸ਼ਸਤਰ ਬਸਤਰ ਤਨ ਸਜਾ, ਪੀਰ ਫ਼ਕੀਰ ਅਖਵਾਇਆ । ਜੋਧਾ ਸੂਰਬੀਰ ਡੰਕਾ ਰਿਹਾ ਵਜਾ, ਏਕਾ ਖੰਡਾ ਹੱਥ ਉਠਾਇਆ । ਹਰਿਰਾਏ ਹਰਿ ਗਿਆ ਸਮਾ, ਹਰਿ ਹਰਿ ਰੂਪ ਵਟਾਇਆ । ਹਰਿਕ੍ਰਿਸ਼ਨਾ ਦਏ ਉਪਾ, ਬਾਲ ਅਞਾਣੇ ਮੂਲ ਚੁਕਾਇਆ । ਤੇਗ ਬਹਾਦਰ ਸੇਵਾ ਲਾ, ਆਪਣਾ ਸੀਸ ਭੇਟ ਚੜ੍ਹਾਇਆ । ਜਗਤ ਜਗਦੀਸਾ ਦਇਆ ਦਏ ਕਮਾ, ਗੁਰ ਗੋਬਿੰਦ ਲਏ ਉਠਾਇਆ, ਗੁਰ ਗੋਬਿੰਦ ਅੰਗ ਲਗਾ, ਪੂਤ ਸਪੂਤਾ ਆਪ ਤਰਾਇਆ । ਪੁਰੀ ਅਨੰਦ ਵੇਖ ਵਖਾ, ਅੰਤ ਵਿਛੋੜਾ ਕਰਾਇਆ । ਸਰਸਾ ਤੇਰਾ ਲਹਿਣਾ ਲਏ ਚੁਕਾ, ਆਪਣਾ ਲੇਖਾ ਤੇਰੇ ਵਿਚ ਰੁੜ੍ਹਾਇਆ । ਗੜ੍ਹੀ ਚਮਕੌਰ ਦਏ ਸੁਹਾ, ਸੀਸ ਤਾਜ ਤੇਰੀ ਭੇਟ ਚੜ੍ਹਾਇਆ । ਮਾਛੂਵਾੜੇ ਡੇਰਾ ਲਾ, ਸੱਥਰ ਪਿਆਰਾ ਇਕ ਵਿਛਾਇਆ । ਇਕ ਸਨੇਹੁੜਾ ਰਿਹਾ ਸੁਣਾ, ਸੁਣ ਦਾਤੇ ਬੇਪਰਵਾਹਿਆ । ਤੇਰਾ ਭਾਣਾ ਤੇਰੇ ਵਿਚ ਲਿਆ ਰਖਾ, ਤੇਰਾ ਤੇਰੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤਾ ਵਰ, ਕਲਜੁਗ ਤੇਰੀ ਅੰਤਮ ਵਰ, ਪ੍ਰਭ ਸਾਚਾ ਹੋਏ ਸੁਹਾਇਆ । ਪੁਰਖ ਅਬਿਨਾਸ਼ੀ ਸ਼ਬਦ ਜਣਾਈ, ਏਕਾ ਸ਼ਬਦ ਜਣਾਇੰਦਾ । ਸਿੰਘ ਗੋਬਿੰਦ ਵਿਚ ਹਿੰਦ ਤੇਰੀ ਜੋਤ ਹੋਏ ਰੁਸ਼ਨਾਈ, ਕੂੜ ਕੁੜਿਆਰਾ ਮੇਟ ਮਿਟਾਇੰਦਾ । ਕਲਜੁਗ ਅੰਤਮ ਵੱਜੇ ਵਧਾਈ, ਸੰਬਲ ਨਗਰੀ ਧਾਮ ਸੁਹਾਇੰਦਾ । ਕਲਗੀ ਤੋੜਾ ਜੋਤੀ ਜੋੜਾ ਸ਼ਬਦੀ ਘੋੜਾ ਇਕ ਦੌੜਾਈ, ਲੋਆਂ ਪੁਰੀਆਂ ਫੇਰਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਰੋਵਣ ਮਾਰਨ ਧਾਹੀਂ, ਨਾ ਕੋਈ ਧੀਰ ਧਰਾਇੰਦਾ । ਜੋਤੀ

੧੫੨
੦੨

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਗੁਰ ਗੋਬਿੰਦ ਦਏ ਸਲਾਹ, ਦਰ ਕਰੇ ਹਰਿ ਨਿਮਸਕਾਰਿਆ । ਕਲਜੁਗ ਅੰਤਮ ਕਵਣ ਮਲਾਹ, ਕਵਣ ਕਰੇ ਪਾਰ ਕਿਨਾਰਿਆ । ਚਾਰ ਵਰਨ ਵਖਾਏ ਕਵਣ ਰਾਹ, ਕਵਣ ਦਏ ਸਹਾਰਿਆ । ਅੰਤਮ ਵੇਲੇ ਪਕੜੇ ਕਵਣ ਬਾਂਹ, ਕਵਣ ਕਰਾਏ ਨਾਮ ਜੈਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਇਕ ਅਵਾਜ਼ ਸੁਣਾ ਰਿਹਾ । ਸ਼ਬਦ ਅਗੰਮਾ ਸਚ ਸਲੋਕ, ਹਰਿ ਸਾਚਾ ਆਪ ਸੁਣਾਇੰਦਾ । ਹਰਿ ਹਰਿ ਭਾਣਾ ਕੋਈ ਨਾ ਸਕੇ ਰੋਕ, ਨਾ ਕੋਈ ਮੇਟ ਮਿਟਾਇੰਦਾ । ਪ੍ਰਭ ਸ਼ਬਦ ਅਧਾਰੇ ਤਿੰਨਾ ਲੋਕ, ਹਰਿ ਸ਼ਬਦੀ ਮੇਟ ਮਿਟਾਇੰਦਾ । ਕਲਜੁਗ ਅੰਤਮ ਕੂੜ ਕੁੜਿਆਰਾ ਲੱਖ ਚੁਰਾਸੀ ਦੇਵੇ ਝੋਕ, ਗੁਰਮੁਖ ਵਿਰਲਾ ਸੰਤ ਤਰਾਇੰਦਾ । ਤੇਰਾ ਦਰਸ ਅੰਤਮ ਵੇਲੇ ਸਾਚੀ ਮੋਖ, ਪੂਜਾ ਪਾਠ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਵਰ ਆਪ ਸਮਝਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚੇ ਸ਼ਬਦ ਜਣਾਈਆ । ਪਾਰਬ੍ਰਹਮ ਪ੍ਰਭ ਜਾਮਾ ਪੌਣਾ ਆਪਣਾ ਭੇਖ ਵਟਾਈਆ । ਨਿਹਕਲੰਕਾ ਨਾਉਂ ਰਖੌਣਾ, ਜੋਤੀ ਜੋਤ ਜਗਾਈਆ । ਗੁਰ ਗੋਬਿੰਦ ਸੰਗ ਰਲੌਣਾ, ਗੁਰ ਗੋਬਿੰਦ ਵੱਜੇ ਵਧਾਈਆ । ਸੰਬਲ ਨਗਰੀ ਧਾਮ ਸੁਹੌਣਾ, ਸਾਢੇ ਤਿੰਨ ਹੱਥ ਰਚਨ ਰਚਾਈਆ । ਇੱਟ ਗਾਰਾ ਨਾ ਕੋਈ ਲੌਣਾ, ਨਾ ਕੋਈ ਛੱਪਰ ਛੰਨ ਸੁਹਾਈਆ । ਮਨ ਮਤ ਬੁਧ ਨਾ ਕੋਈ ਸਮਝੌਣਾ, ਗਿਆਨ ਧਿਆਨ ਨਾ ਕੋਈ ਵਡਿਆਈਆ । ਪੂਜਾ ਪਾਠ ਨਾ ਕੋਈ ਕਰੌਣਾ, ਏਕਾ ਦਰਸ ਵੱਡੀ ਵਡਿਆਈਆ । ਗੁਰਮੁਖ ਸਾਚਾ ਆਣ ਤਰੌਣਾ, ਜੋ ਸਰਸੇ ਲਿਆ ਰੁੜਾਈਆ । ਆਪਣਾ ਲੇਖਾ ਫੇਰ ਲਿਖੌਣਾ, ਜਲ ਧਾਰਾ ਭੇਟ ਕਰਾਈਆ । ਸੰਮਤ ਸੋਲਾਂ ਖ਼ੁਸ਼ੀਆਂ ਨਾਲ ਮਨੌਣਾ, ਹਰਿ ਜੋਤੀ ਜੋਤ ਕਰੇ ਰੁਸ਼ਨਾਈਆ । ਵੀਹ ਸੌ ਬਿਕ੍ਰਮੀ ਸੰਗ ਰਖੌਣਾ, ਦੋਹਾਂ ਮੇਲ ਮਿਲਾਈਆ । ਸੰਤ ਸਾਜਨ ਮੀਤ ਮੁਰਾਰ ਫੜ ਫੜ ਬਾਂਹੋਂ ਆਪ ਉਠੌਣਾ, ਹਰਿ ਸ਼ਬਦ ਕਰੇ ਕੁੜਮਾਈਆ । ਮਾਇਆ ਮਮਤਾ ਦੂਈ ਦਵੈਤੀ ਹਉਮੇ ਹੰਗਤਾ ਪੜਦਾ ਲੌਹਣਾ, ਸਚ ਸੁੱਚ ਵੱਜੇ ਵਧਾਈਆ । ਚਾਰ ਵਰਨ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਥਾਂ ਬਹੌਣਾ, ਏਕਾ ਧਾਮ ਸੁਹਾਈਆ । ਤੀਜਾ ਨੈਣ ਹਰਿਜਨ ਸਾਚੇ ਆਪ ਖੁਲੌਣਾ, ਸਵੱਛ ਸਰੂਪੀ ਦਰਸ ਦਿਖਾਈਆ । ਚੌਥੇ ਪਦ ਡੇਰਾ ਲੌਣਾ, ਗੁਰਮੁਖ ਵਡ ਵੱਡੀ ਵਡਿਆਈਆ । ਪੰਚਮ ਮੇਲਾ ਘਰ ਸਾਚੇ ਪੌਣਾ, ਪੰਚਮ ਖ਼ੁਸ਼ੀ ਮਨਾਈਆ । ਛੇਵੇ ਦਰ ਇਕ ਸੁਹੌਣਾ, ਹਰਿ ਸ਼ਬਦੀ ਸ਼ਬਦ ਸਮਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਆਪ ਆਪਣਾ ਮੂਲ ਚੁਕੌਣਾ, ਜੋਤੀ ਜੋਤ ਟਿਕਾਈਆ । ਅੱਠਾਂ ਤੱਤਾਂ ਰਹਿਣ ਨਾ ਪੌਣਾ, ਨਾ ਕੋਈ ਅਕਾਰ ਜਣਾਈਆ । ਨੌਂ ਦਰਵਾਜੇ ਬੰਦ ਕਰੌਣਾ, ਲੋਕਮਾਤ ਹੋਏ ਜੁਦਾਈਆ । ਦਸਮ ਦਵਾਰੀ ਮੇਲ ਮਿਲੌਣਾ, ਗੁਰਸਿਖ ਵੱਡੀ ਵਡਿਆਈਆ । ਗੁਰ ਸਤਿਗੁਰ ਸਾਚੇ ਕਰਮ ਕਮੌਣਾ, ਕਲਜੁਗ ਵੇਲਾ ਅੰਤਮ ਆਈਆ । ਵੀਹ ਸੌ ਚੌਦਾਂ ਬਿਕ੍ਰਮੀ ਲੇਖ ਲਿਖੌਣਾ, ਵੀਹ ਸੌ ਪੰਦਰਾਂ ਕਰੇ ਰੁਸ਼ਨਾਈਆ । ਵੀਹ ਸਦ ਸੋਲਾਂ ਘਰ ਘਰ ਜੀਵ ਜੰਤ ਉਠੌਣਾ, ਸੋਇਆ ਕੋਈ ਰਹਿਣ ਨਾ ਪਾਈਆ । ਦਰ ਦਰ ਨਰ ਨਾਰੀ ਰੌਣਾ, ਧੀਰਜ ਧੀਰ ਨਾ ਕੋਈ ਧਰਾਈਆ । ਸੰਮਤ ਸਤਾਰਾਂ ਵੇਖੇ ਆਪਣੇ ਅੱਖਰਾਂ, ਬਿਧਨਾ ਲੇਖ ਮਿਟਾਈਆ । ਮਨਮੁਖ ਟੱਕਰਾਂ ਮਾਰਨ ਪੱਥਰਾਂ, ਨਾ ਲਏ ਕੋਈ ਬਚਾਈਆ । ਮਾਵਾਂ ਪੁੱਤਰਾਂ ਰੋਵਣ ਕੱਢ ਕੱਢ ਅੱਥਰਾਂ, ਨੇਤਰ ਨੀਰ ਵਹਾਈਆ । ਲਾੜੀ ਮੌਤ ਵਿਛਾਏ ਸੱਥਰਾਂ, ਧਰਤ ਮਾਤ ਗੋਦ ਵਿਛਾਈਆ । ਖੇਲੇ ਖੇਲ ਸੰਮਤ ਅਠਰਾਂ, ਦਸ ਅੱਠ ਅਠਾਰਾਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਲਜੁਗ ਤੇਰੀ ਅੰਤਮ ਵਰ, ਜਲ ਧਾਰਾ ਇਕ ਵਹਾਈਆ । ਵੀਹ ਸਦ ਉਨੀ ਚੜ੍ਹੇ ਉਨੀਸਾ, ਹਰਿ ਸਾਚੇ ਰੰਗ ਰੰਗੌਣਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖਾਲੀ ਖੀਸਾ, ਸਿਰ ਤਾਜ ਦਿਸ ਨਾ ਔਣਾ । ਧਾਈਂ ਮਾਰਨ ਈਸਾ ਮੂਸਾ, ਮੁਸਲਮ ਸੁੰਨੀ ਰਹਿਣ ਨਾ ਪੌਣਾ । ਅੱਲਾ ਰਾਣੀ ਨਾ ਪੜ੍ਹਾਏ ਕੋਈ ਹਦੀਸਾ, ਬਗਲ ਕੁਰਾਨ ਨਾ ਕਿਸੇ ਉਠੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਤੀਰ ਚਲੌਣਾ । ਏਕਾ ਚਿੱਲਾ ਏਕਾ ਤੀਰ ਇਕ ਕਮਾਨਾ, ਏਕਾ ਰਿਹਾ ਉਠਾਈਆ । ਏਕਾ ਜੋਧਾ ਏਕਾ ਸੂਰ ਏਕਾ ਬਲੀ ਇਕ ਬਲਵਾਨਾ, ਏਕਾ ਕਰੇ ਲੜਾਈਆ । ਏਕਾ ਧਾਰ ਵਿਚ ਸੰਸਾਰ ਕਲਜੁਗ ਤੇਰੀ ਅੰਤਮ ਵਾਰ, ਹਰਿ ਭਗਵਾਨਾ ਰਿਹਾ ਚਲਾਈਆ । ਬੀਸ ਬੀਸਾ ਹਰਿ ਜਗਦੀਸਾ ਕਰੇ ਖ਼ਬਰਦਾਰ, ਸੋਇਆ ਪੂਤ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੀਸ ਸਦ ਬੀਸ ਆਪਣੀ ਆਪ ਕਰੇ ਵਡਿਆਈਆ । ਬੀਸ ਬੀਸਾ ਹਰਿ ਗੋਬਿੰਦਾ, ਹਰਿ ਹਰਿ ਰੂਪ ਸਮਾਇਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਮੇਟੇ ਸਗਲੀ ਚਿੰਦਾ, ਸ੍ਰਿਸ਼ਟ ਸਬਾਈ ਏਕਾ ਰੰਗ ਚੜ੍ਹਾਇਆ । ਹਰਿਜਨ ਉਪਾਏ ਸਾਚੀ ਬਿੰਦਾ, ਸਾਚਾ ਮੰਤਰ ਗਿਆਨ ਗੁਰ ਏਕਾ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਨਾ ਦਾਨੀ ਵਡ ਗੁਣੀ ਗਹਿੰਦਾ ਗਹਿਰ ਗੰਭੀਰ ਅਖਵਾਇਆ । ਗਹਿਰ ਗੰਭੀਰ ਡੂੰਘਾ ਸਾਗਰ, ਹਰਿਜਨ ਸਾਰ ਨਾ ਪਾਈਆ । ਜਨ ਭਗਤਾਂ ਜੋਤ ਜਗਾਏ ਕਾਇਆ ਗਾਗਰ, ਨਿਰਮਲ ਕਰਮ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਵਰਨ ਚਾਰ ਬਰਨ ਅਠਾਰਾਂ ਕਰੇ ਏਕਾ ਨਾਮ ਸੌਦਾਗਰ, ਏਕਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਨਰ ਨਰਾਇਣ ਹਰਿ ਭਗਵੰਤਾ, ਭਗਤਨ ਰੂਪ ਸਮਾਇੰਦਾ । ਭਗਤਨ ਮੀਤਾ ਸਾਚਾ ਕੰਤਾ, ਸਚ ਸੁਹਾਗ ਆਪ ਅਖਵਾਇੰਦਾ । ਆਪ ਬਣਾਏ ਸਾਚੀ ਬਣਤਾ, ਆਪ ਆਪਣਾ ਸਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਰ, ਸਤਿਜੁਗ ਸਾਚਾ ਸੰਗ ਰਲਾਇੰਦਾ । ਸਤਿਜੁਗ ਸਾਚੇ ਲੈ ਅੰਗੜਾਈ, ਹਰਿ ਸਾਚਾ ਆਪ ਜਗਾਇੰਦਾ । ਬੀਸ ਬੀਸੇ ਔਣਾ ਚਾਈਂ ਚਾਈਂ, ਲੋਕਮਾਤ ਰਾਹ ਵਖਾਇੰਦਾ । ਜਨ ਭਗਤਾਂ ਪਕੜੀ ਆਪੇ ਬਾਹੀਂ, ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਨੇਹੜਾ ਦੇਵੇ ਘਰ, ਘਰ ਸਾਚਾ ਇਕ ਸੁਹਾਇੰਦਾ । ਦੀਨਾਂ ਨਾਥ ਦਇਆ ਨਿਧ ਦਾਤਾ, ਗੁਰਮੁਖ ਮੇਲ ਮਿਲਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਧਰਤ ਧਵਲ ਸੁਹਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਅੰਮ੍ਰਿਤ ਨਾਭੀ ਕਵਲ ਚਵਾਇੰਦਾ । ਸਾਚਾ ਮੇਲਾ ਕਮਲਾਪਾਤਾ, ਵਿਛੜ ਕਦੇ ਨਾ ਜਾਇੰਦਾ । ਸਖਾ ਸੁਹੇਲਾ ਪਿਤਾ ਮਾਤਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਵਖਾਇੰਦਾ । ਹਰਿਜਨ ਸਾਚਾ ਮੀਤੜਾ, ਹਰਿ ਹਰਿ ਮੇਲ ਮਿਲਾਏ । ਕਾਇਆ ਚੋਲੀ ਰੰਗੇ ਚੀਥੜਾ, ਏਕਾ ਰੰਗ ਚੜ੍ਹਾਏ । ਦੇਵੇ ਨਾਮ ਸ਼ਬਦ ਅਨਡੀਠੜਾ, ਲੇਖਾ ਲਿਖਤ ਵਿਚ ਨਾ ਆਏ । ਕਾਇਆ ਮਿਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਆਤਮ ਮੁਖ ਚੁਆਏ । ਰਸ ਦੇਵੇ ਸਾਚਾ ਮੀਠੜਾ, ਅਨਰਸ ਸਹਿਜ ਸੁਭਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਜੋਤੀ ਦੀਪ ਜਗਾਏ । ਆਤਮ ਜੋਤੀ ਸ਼ਬਦ ਗਿਆਨਾ, ਗੁਰਮੁਖ ਵਿਰਲੇ ਪਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਸੋ ਜਨ ਪਾਰ ਕਰਾਇਆ । ਆਤਮ

ਅੰਤਰ ਸ਼ਬਦ ਨਿਰੰਤਰ ਬੰਨੇ ਗਾਨਾ, ਜਗਤ ਬਸੰਤਰ ਦਏ ਬੁਝਾਇਆ । ਏਕਾ ਮੰਤਰ ਗੁਣ ਨਿਧਾਨਾ, ਆਪ ਆਪਣਾ ਦਏ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਗੁਰਮੁਖ ਸਾਚਾ ਸੱਜਣਾ, ਮਿਲਿਆ ਸ਼ਾਹੋ ਸ਼ਾਬਾਸ਼ । ਅੰਮ੍ਰਿਤ ਆਤਮ ਪੀ ਪੀ ਰੱਜਣਾ, ਜਗਤ ਤ੍ਰਿਸਨਾ ਹੋਵੇ ਨਾਸ । ਗੁਰ ਪੂਰੇ ਅੰਤਮ ਪੜਦਾ ਕੱਜਣਾ, ਸਦਾ ਸੁਹੇਲਾ ਵਸੇ ਪਾਸ । ਜੋ ਘੜਿਆ ਸੋ ਭੱਜਣਾ, ਮਨਮੁਖ ਰਹੇ ਉਦਾਸ । ਸ਼ਬਦ ਨਗਾਰਾ ਏਕਾ ਵੱਜਨਾ, ਹਰਿਜਨ ਲੇਖੇ ਲਾਏ ਸਵਾਸ । ਚਰਨ ਧੂੜ ਕਰਾਏ ਸਾਚਾ ਮਜਨਾ, ਨਿਝ ਘਰ ਆਤਮ ਰੱਖੇ ਵਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਪਾਰ ਕਰਾਏ ਪ੍ਰਿਥਮੀ ਆਕਾਸ਼ । ਗੁਰਮੁਖ ਸਾਚੇ ਸੱਜਣ ਸਾਚਾ ਘਰ, ਹਰਿ ਹਰਿ ਏਕਾ ਪਾਇਆ । ਏਕਾ ਮਿਲਿਆ ਸਾਚਾ ਵਰ, ਏਕਾ ਨਾਮ ਧਿਆਇਆ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾਇਆ । ਸਰਨ ਸਰਨਾਈ ਜੋ ਜਨ ਜਾਏ ਪੜ, ਮਾਤ ਗਰਭ ਫੇਰ ਨਾ ਆਇਆ । ਲੇਖੇ ਲੱਗੇ ਸੀਸ ਧੜ, ਲੇਖਾ ਲੇਖੇ ਲਏ ਲਾਇਆ । ਇਕ ਵਖਾਏ ਸਾਚਾ ਗੜ੍ਹ, ਕੰਚਨ ਕੋਟ ਸੁਹਾਇਆ । ਗੁਰਮੁਖ ਵਿਰਲਾ ਵੇਖੇ ਉਪਰ ਚੜ੍ਹ, ਜਿਸ ਜਨ ਸਤਿਗੁਰ ਸਾਚਾ ਲਏ ਚੜ੍ਹਾਇਆ । ਮਨਮੁਖ ਜੀਵ ਨੌਂ ਦਵਾਰੇ ਪੰਚ ਵਿਕਾਰੇ ਰਹੇ ਸੜ, ਮਾਇਆ ਮਮਤਾ ਮੋਹ ਵਧਾਇਆ । ਜਗਤ ਤ੍ਰਿਸਨਾ ਰਹੇ ਸੜ, ਸਾਂਤਕ ਸਤਿ ਨਾ ਕੋਈ ਕਰਾਇਆ । ਗੁਰਮੁਖ ਵਿਰਲੇ ਗੁਰ ਪੂਰਾ ਆਪ ਫੜਾਏ ਆਪਣਾ ਲੜ, ਬੰਕ ਦਵਾਰਾ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰ ਹਰਿ ਸਮਰਥਾ, ਗੁਰਸਿਖ ਆਪ ਤਰਾਇੰਦਾ । ਆਪੇ ਰੱਖੇ ਦੇ ਕਰ ਹੱਥਾ, ਆਪੇ ਸੰਗ ਨਿਭਾਇੰਦਾ । ਆਪ ਚੜ੍ਹਾਏ ਸਾਚੇ ਰਥਾ, ਰਥ ਰਥਵਾਹੀ ਆਪ ਹੋ ਜਾਇੰਦਾ । ਆਪ ਸੁਣਾਏ ਸ਼ਬਦ ਅਕੱਥਾ, ਕਥਨੀ ਕਥ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚਾ ਸਚ ਘਰ ਵਸਿਆ, ਘਰ ਸਾਚੇ ਵੱਜੀ ਵਧਾਈਆ । ਮਿਟੇ ਰੈਣ ਅੰਧੇਰੀ ਮੱਸਿਆ, ਨਿਰਮਲ ਜੋਤ ਕਰੇ ਰੁਸ਼ਨਾਈਆ । ਸ਼ਬਦ ਨਿਰਾਲਾ ਤੀਰ ਗੁਰ ਪੂਰੇ ਏਕਾ ਕਸਿਆ, ਬਜਰ ਕਪਾਟੀ ਕਿਲਾ ਤੁੜਾਈਆ । ਪੰਜ ਤਤ ਹੰਕਾਰੀ ਫਿਰੇ ਨੱਸਿਆ, ਬੈਠੇ ਮੁਖ ਛੁਪਾਈਆ । ਗੁਰ ਸ਼ਬਦ ਅੰਦਰ ਮੰਦਰ ਬਹਿ ਬਹਿ ਹੱਸਿਆ, ਸਾਚਾ ਧਾਮ ਸੁਹਾਈਆ । ਹਰਿਜਨ ਹਿਰਦੇ ਅੰਦਰ ਹਰਿ ਹਰਿ ਵਸਿਆ, ਹਰਿ ਮੇਲਾ ਸਹਿਜ ਸਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਨ ਆਤਮਕ ਇਕ ਵਜਾਈਆ । ਆਤਮਕ ਧੁਨ ਸ਼ਬਦ ਅਨਾਦਾ, ਹਰਿ ਸਾਚਾ ਆਪ ਵਜਾਇੰਦਾ । ਸ਼ਬਦ ਜਣਾਈ ਬੋਧ ਅਗਾਧਾ, ਬੋਧ ਅਗਾਧ ਆਪ ਅਖਵਾਇੰਦਾ । ਮੇਲ ਮਿਲਾਏ ਮਾਧਵ ਮਾਧਾ, ਮੋਹਣ ਮੋਹਣੀ ਰੂਪ ਵਟਾਇੰਦਾ । ਆਪੇ ਹੋਏ ਸਾਧਨ ਸਾਧਾ, ਸਾਧ ਸੰਤ ਆਪ ਤਰਾਇੰਦਾ । ਆਪੇ ਖੇਲੇ ਖੇਲ ਆਦਿ ਜੁਗਾਦਾ, ਜੁਗ ਜੁਗ ਖੇਲ ਖਿਲਾਇੰਦਾ । ਵੇਖ ਵਖਾਏ ਹਰਿ ਬ੍ਰਿਹਿਮਾਦਾ, ਪਾਰਬ੍ਰਹਮ ਸਦਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੀ ਵੰਡ ਵੰਡਾਇੰਦਾ । ਹਰਿਜਨ ਸਾਚੇ ਵੰਡੀ ਵੰਡ, ਏਕਾ ਨਾਮ ਧਰਾਇਆ । ਦੋ ਜਹਾਨੀ ਬੰਨੀ ਗੰਢ, ਏਕਾ ਪੱਲੂ ਫੜਾਇਆ । ਸਤਿ ਸੰਤੋਖੀ ਵਰਤੀ ਠੰਡ, ਸੀਤਲ ਧਾਰ ਚਲਾਇਆ । ਸੁਰਤ ਸਵਾਣੀ ਨਾ ਹੋਏ ਰੰਡ, ਗੁਰ ਸ਼ਬਦੀ ਕੰਤ ਹੰਢਾਇਆ । ਲੇਖੇ ਲਾਏ ਜੇਰਜ ਅੰਡ, ਉਤਭੁਜ ਸੇਤਜ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੫੪
੦੨

ਗੁਰਮੁਖ ਸਾਜਨ ਲਏ ਵਰ, ਦਰ ਦਵਾਰਾ ਇਕ ਖੁਲ੍ਹਾਇਆ । ਦਰ ਦਵਾਰ ਗ਼ਰੀਬ ਨਿਵਾਜਾ, ਆਪਣਾ ਆਪ ਖੁਲ੍ਹਾਇੰਦਾ । ਆਪ ਆਪਣਾ ਸਾਜਨ ਸਾਜਾ, ਆਪ ਆਪਣਾ ਮਾਰਗ ਲਾਇੰਦਾ । ਆਪ ਆਪਣਾ ਰਚਿਆ ਕਾਜਾ, ਆਪੇ ਵੇਖ ਵਖਾਇੰਦਾ । ਕਲਜੁਗ ਅੰਤਮ ਪਰਗਟੇ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਸਤਿ ਸਰੂਪ ਆਪ ਅਖਵਾਇੰਦਾ । ਏਕਾ ਅਸਵ ਏਕਾ ਘੋੜਾ ਤਾਜਾ, ਸ਼ਾਹ ਅਸਵਾਰ ਆਪ ਹੋ ਜਾਇੰਦਾ । ਭਗਤ ਜਨਾਂ ਹਰਿ ਰੱਖੇ ਲਾਜਾ, ਕਲਜੁਗ ਅੰਤਮ ਮੇਲ ਮਿਲਾਇੰਦਾ । ਸ਼ਬਦ ਸਰੂਪੀ ਸ਼ਬਦ ਅਗੰਮੜਾ ਅਗੰਮੜੀ ਮਾਰੇ ਵਾਜਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਮਿਲਾਇੰਦਾ । ਜੋਤੀ ਜੋਤ ਹਰਿ ਹਰਿ ਮੇਲਾ, ਗੁਰਮੁਖ ਆਪ ਕਰਾਇਆ । ਆਪੇ ਗੁਰੂ ਗੁਰੂ ਗੁਰ ਚੇਲਾ, ਚੇਲਾ ਆਪ ਅਖਵਾਇਆ । ਆਪੇ ਸਾਜਨ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇਆ । ਆਪੇ ਵਸਿਆ ਇਕ ਅਕੇਲਾ, ਅਕਲ ਕਲਾ ਅਖਵਾਇਆ । ਅਚਰਜ ਖੇਲ ਪਾਰਬ੍ਰਹਮ ਕਲਜੁਗ ਤੇਰੀ ਅੰਤਮ ਵਾਰ ਖੇਲਾ, ਜੋਤੀ ਜਾਮਾ ਭੇਖ ਵਟਾਇਆ । ਜਨ ਭਗਤ ਦਵਾਰੇ ਜੋਤ ਨਿਰੰਜਣ ਚਾੜ੍ਹੇ ਤੇਲਾ, ਪੰਚਮ ਸਖੀਆਂ ਬਹਿ ਬਹਿ ਮੰਗਲ ਗਾਇਆ । ਪੰਚਮ ਪਾਇਣ ਵਾਰੋ ਵਾਰੀ ਵੇਲਾ, ਸਾਚਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚਾ ਰੰਗ, ਏਕਾ ਰੰਗਣ ਨਾਮ ਰੰਗਾਇਆ । ਨਾਮ ਰੰਗਣ ਰੰਗ ਚਲੂਲ, ਰੰਗਣਹਾਰ ਕਰਤਾਰਾ । ਗੁਰਮੁਖ ਸਾਜਨ ਨਾ ਜਾਏ ਮਾਤ ਭੂਲ, ਬਖ਼ਸ਼ਣਹਾਰ ਆਪ ਕਰਤਾਰਾ । ਆਪ ਚੁਕਾਏ ਲਹਿਣਾ ਦੇਣਾ ਪਿਛਲਾ ਮੂਲ, ਹਰਿ ਸ਼ਬਦ ਭਰੇ ਭੰਡਾਰਾ । ਨਾਰੀ ਕੰਤਾ ਮੇਲ ਹਰਿ ਕੰਤ ਕੰਤੂਹਲ, ਆਤਮ ਸੇਜਾ ਕਰੇ ਪਿਆਰਾ । ਸੋਹੰ ਬਰਖੇ ਸਾਚੇ ਫੂਲ, ਬਰਖਣਹਾਰ ਆਪ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਮੇਲਾ ਸਚ ਘਰ, ਸਰਗੁਣ ਪਾਰ ਉਤਾਰਾ । ਹਰਿ ਪੁਰਖ ਅਥਾਹ, ਹਰਿ ਹਰਿ ਅਖਵਾਇਆ । ਹਰਿ ਦਾਤਾ ਬੇਪਰਵਾਹ, ਭੇਵ ਕੋਇ ਨਾ ਪਾਇਆ । ਆਪੇ ਜਾਣੇ ਆਪਣੀ ਸਿਫ਼ਤ ਸਲਾਹ, ਆਪ ਆਪਣਾ ਮਾਰਗ ਲਾਇਆ । ਆਪ ਆਪਣੀ ਬਣਤ ਬਣਾ, ਆਪ ਆਪਣੀ ਰਚਨ ਰਚਾਇਆ । ਆਪਣੀ ਜੋਤੀ ਆਪ ਜਗਾ, ਆਪਣਾ ਆਪ ਧਰਾਇਆ । ਆਪਣਾ ਸ਼ਬਦ ਆਪ ਸੁਣਾ, ਆਪੇ ਰਿਹਾ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਆਪੇ ਮੇਟ ਮਿਟਾਈਆ । ਗੁਰਮੁਖ ਵਿਰਲਾ ਜਾਣੇ ਸੰਤ ਜਨਾ, ਜਿਸ ਜਨ ਏਕਾ ਬੂਝ ਬੁਝਾਈਆ । ਬ੍ਰਹਮਾ ਵਿਸ਼ਨ ਸ਼ਿਵ ਲਏ ਉਪਾ, ਸੇਵਕ ਸੇਵਾ ਰਿਹਾ ਕਮਾਈਆ । ਤ੍ਰੈਗੁਣ ਮਾਇਆ ਝੋਲੀ ਪਾ, ਪੰਜ ਤਤ ਕਰੇ ਕੁੜਮਾਈਆ । ਪੰਜ ਪੰਜੀ ਮੇਲ ਮਿਲਾ, ਮਨ ਮਤ ਬੁਧ ਨਾਲ ਪਰਨਾਈਆ । ਬਹੱਤਰ ਨਾੜੀ ਤਾਣਾ ਨਾਲ ਰਲਾ, ਤਿੰਨ ਸੌ ਸੱਠ ਹਾਡੀ ਜੋੜ ਜੁੜਾਈਆ । ਲੱਖ ਚੁਰਾਸੀ ਆਪ ਧਰਾ, ਆਪ ਆਪਣਾ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਸਰਬ ਲੋਕਾਈਆ । ਲੱਖ ਚੁਰਾਸੀ ਜੀਵ ਜੰਤ, ਹਰਿ ਸਾਚੀ ਰਚਨ ਰਚਾਈਆ । ਆਪ ਬਣਾਈ ਆਪਣੀ ਬਣਤ, ਆਪੇ ਮੇਟ ਮਿਟਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤ, ਗੂੜ੍ਹੀ ਨੀਂਦ ਸਵਾਈਆ । ਆਪ ਆਪਣਾ ਜਾਣੇ ਆਦਿ ਅੰਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਜੁਗ ਜੁਗ ਖੇਲ ਹਰਿ ਖਿਲੰਦੜਾ, ਏਕਾ ਖੇਲ ਖਿਲਾਰੀ । ਜੋਤੀ ਜਾਮਾ ਭੇਖ ਵਟੰਦੜਾ,

੧੫੫
੦੨

ਆਦਿ ਪੁਰਖ ਹਰਿ ਨਿਰੰਕਾਰੀ । ਰਾਜ ਜੋਗ ਜੁਗਤ ਆਪਣੇ ਹੱਥ ਰਖੰਦੜਾ, ਸਤਿ ਪੁਰਖ ਵਡ ਬਲਕਾਰੀ । ਲੱਖ ਚੁਰਾਸੀ ਆਪ ਉਪਾਏ ਆਪੇ ਮੇਟ ਮਿਟੰਦੜਾ, ਆਪੇ ਪਾਵਣਹਾਰਾ ਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰੀ । ਆਪਣੀ ਕਾਰ ਹਰਿ ਆਪ ਕਮਾਏ, ਕਰਨਹਾਰ ਕਰਤਾਰਾ । ਸਤਿਜੁਗ ਤ੍ਰੇਤਾ ਪਾਰ ਕਰਾਏ, ਦੁਆਪਰ ਵੇਖ ਵਿਚਾਰਾ । ਕਲਜੁਗ ਤੇਰੀ ਧਾਰ ਚਲਾਏ, ਕੂੜੋ ਕੂੜ ਪਸਾਰਾ । ਨਾਨਕ ਗੁਰ ਲੇਖ ਲਿਖਾਏ, ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਅਵਤਾਰਾ । ਗੁਰ ਗੋਬਿੰਦ ਆਸ ਰਖਾਏ, ਪੁਰਖ ਅਬਿਨਾਸ਼ੀ ਬੰਨੇ ਧਾਰਾ । ਸਰਬ ਬਖ਼ਸ਼ਿੰਦਾ ਆਪ ਹੋ ਜਾਏ, ਖੇਲੇ ਖੇਲ ਅਪਰ ਅਪਾਰਾ । ਮਨਮੁਖ ਜੀਵ ਨਿੰਦਾ ਲਾਏ, ਗੁਰਮੁਖ ਵਿਰਲੇ ਬੂਝ ਬੁਝਾਏ ਹਰਿ ਨਿਰੰਕਾਰਾ । ਸ਼ਬਦ ਖੰਡਾ ਹੱਥ ਉਠਾਏ, ਤਿਖੀਆਂ ਰੱਖੇ ਦੋਵੇਂ ਧਾਰਾ । ਜੇਰਜ ਅੰਡਾ ਵੰਡ ਵੰਡਾਏ, ਨੌਂ ਖੰਡ ਪ੍ਰਿਥਮੀ ਦਏ ਹੁਲਾਰਾ । ਸੱਤਾਂ ਦੀਪਾਂ ਫੇਰੀ ਪਾਏ, ਬ੍ਰਹਮਾ ਸ਼ਿਵ ਦੇਵਤ ਸੁਰ ਰਾਜਾ ਇੰਦ ਕਰੇ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਅਪਾਰਾ । ਕਲਜੁਗ ਕੂੜਾ ਕੂੜ ਅਡੰਬਰ, ਕੂੜੀ ਰਚਨ ਰਚਾਈਆ । ਕੂੜੀ ਮਾਇਆ ਕੂੜ ਸਵੰਬਰ, ਕੂੜੀ ਬਣਤ ਬਣਾਈਆ । ਕੂੜ ਮਿਟਾਏ ਕੂੜ ਖਪਾਏ ਪਰਗਟ ਹੋਏ ਸਰਬ ਘਟ ਅੰਤਰ, ਕੂੜ ਕੂੜਾ ਦਏ ਖਪਾਈਆ । ਇਕ ਜਪਾਏ ਸਾਚਾ ਮੰਤਰ, ਚਾਰ ਵਰਨ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਿਆ ਲੇਖ ਆਪੇ ਵੇਖ, ਕਲਜੁਗ ਤੇਰੀ ਅੰਤਮ ਵਾਰ, ਸਾਚੀ ਜੋਤ ਕਰੇ ਰੁਸ਼ਨਾਈਆ । ਚਾਰ ਯੁਗ ਜੁਗ ਆਰਜਾ, ਹਰਿ ਸਾਚਾ ਆਪ ਮਿਟਾਏ । ਸਤਿਜੁਗ ਸਵਾਰੇ ਕਾਰਜਾ, ਲੱਖ ਸਤਾਰਾਂ ਅਠਾਈ ਹਜ਼ਾਰ ਵੇਖ ਵਖਾਏ । ਤ੍ਰੇਤਾ ਤੇਰੀ ਪਾਵੇ ਸਾਰਜਾ, ਬਾਰਾਂ ਲੱਖ ਹਜ਼ਾਰਾ ਛਿਆਨਵੇਂ ਆਪਣੇ ਪੇਟੇ ਆਪ ਰਖਾਏ । ਦੁਆਪਰ ਤੇਰੀ ਬੰਨ੍ਹੇ ਧਾਰਜਾ, ਅੱਠ ਲੱਖ ਚੌਸਠ ਹਜ਼ਾਰ ਗੇੜਾ ਆਪਣੇ ਹੱਥ ਰਖਾਏ । ਕਲਜੁਗ ਆਈ ਵਾਰਜਾ, ਚਾਰ ਲੱਖ ਬੱਤੀ ਹਜ਼ਾਰ ਲੇਖਾ ਮੂਲ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੰਡ ਵੰਡਾਏ । ਚਾਰ ਲੱਖ ਬੱਤੀ ਹਜ਼ਾਰ ਮੰਗੀ ਮੰਗ, ਕਲਜੁਗ ਵੰਡ ਵੰਡਾਈਆ । ਕੂੜੀ ਕਿਰਿਆ ਹੋਈ ਸੰਗ, ਕਰਮ ਕੁਕਰਮ ਕਰੇ ਲੜਾਈਆ । ਹਉਮੇ ਹੰਗਤਾ ਕਰਿਆ ਨੰਗ, ਕਾਮ ਕਰੋਧ ਲੋਭ ਮੋਹ ਹੰਕਾਰ ਪਏ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਔਧ, ਗੁਰ ਗੋਬਿੰਦ ਹੱਥ ਫੜਾਈਆ । ਗੋਬਿੰਦ ਗੁਰ ਲੇਖ ਲਿਖਾਰਾ, ਕਲਜੁਗ ਵੇਖ ਵਖਾਇੰਦਾ । ਮੰਗੇ ਮੰਗ ਦਰ ਦਵਾਰਾ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਗੋਬਿੰਦ ਉਪਾਈ ਸਾਚੀ ਬਿੰਦ, ਪਿਤਾ ਪੂਤ ਪੂਤ ਸਪੂਤਾ ਆਪ ਹੋ ਜਾਇੰਦਾ । ਗੁਰ ਗੋਬਿੰਦ ਸਾਚਾ ਗੁਰ, ਏਕਾ ਸ਼ਬਦ ਅਲਾਇੰਦਾ । ਪ੍ਰਭ ਅਬਿਨਾਸ਼ੀ ਤੇਰਾ ਭਾਣਾ ਜਾਣਾ ਧੁਰ, ਧੁਰ ਦਰਗਾਹੀ ਆਪ ਵਖਾਇੰਦਾ । ਲੇਖੇ ਲੌਣੇ ਦੇਵਤ ਸੁਰ, ਕਰੋੜ ਤੇਤੀਸਾ ਵੇਖ ਵਖਾਇੰਦਾ । ਬ੍ਰਹਮਾ ਸ਼ਿਵ ਹੱਥ ਤੇਰੇ ਡੋਰ, ਨਾ ਦੂਸਰ ਕੋਇ ਰਖਾਇੰਦਾ । ਕਲਜੁਗ ਅੰਤਮ ਹੋਏ ਅੰਧੇਰ ਘੋਰ, ਸਚ ਪਰਕਾਸ਼ ਨਾ ਕੋਇ ਵਖਾਇੰਦਾ । ਘਰ ਘਰ ਅੰਦਰ ਵਸਿਆ ਪੰਜ ਚੋਰ, ਮਾਣਸ ਕੋਈ ਨਾ ਬੰਨੇ ਲਾਇੰਦਾ । ਆਪਣੀ ਆਪਣੀ ਚਲਦੇ ਤੋਰ, ਗੁਰਮਤ ਨਾ ਕੋਇ ਪਰਨਾਇੰਦਾ । ਚਾਰ ਵਰਨਾਂ ਪਏ ਸ਼ੋਰ, ਧੀਰਜ ਧਰਮ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਇਹ ਸਮਝਾਇੰਦਾ ।

੧੫੬ ੦੨

ਗੁਰ ਗੋਬਿੰਦ ਸਚ ਧਿਆਨ, ਹਰਿ ਸਾਚੇ ਇਕ ਰਖਾਵਣਾ । ਕਲਜੁਗ ਅੰਤਮ ਕਰੇ ਪਛਾਣ, ਕਲਜੁਗ ਜੀਵਾਂ ਕੀਤਾ ਆਪਣਾ ਪਾਵਣਾ । ਧਰਤ ਮਾਤ ਮੰਗੇ ਦਾਨ, ਨੇਤਰ ਰੋ ਰੋ ਨੀਰ ਵਹਾਵਣਾ । ਸਾਧ ਸੰਤ ਸਰਬ ਕੁਰਲਾਣ, ਅੱਠੇ ਪਹਿਰ ਇਕ ਨਿਸ਼ਾਨ ਵਖਾਨਣਾ । ਪਰਗਟ ਹੋਵੇ ਹਰਿ ਭਗਵਾਨ, ਭੇਖਾਧਾਰੀ ਭੇਖ ਕਰੇ ਜਿਉਂ ਬਾਵਣਾ । ਗੜ੍ਹ ਹੰਕਾਰੀ ਤੋੜੇ ਮਾਣ, ਜਿਉਂ ਰਾਮਾ ਘਾਏ ਰਾਵਣਾ । ਜੂਠਾ ਝੂਠਾ ਵੇਖੇ ਜੀਵ ਜਹਾਨ, ਦਰਯੋਧਨ ਹੰਕਾਰੀ ਦਿਸ ਨਾ ਆਵਣਾ । ਕਲਜੁਗ ਅੰਤਮ ਚੁੱਕੇ ਕਾਣ, ਹਰਿ ਮਾਰੇ ਤੀਰ ਨਿਸ਼ਾਨਣਾ । ਸੋ ਪੁਰਖ ਉਠਾਏ ਸਾਚਾ ਬਾਣ, ਸੋਹੰ ਮੁਖੀ ਅੱਗੇ ਲਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਾਮ ਅਖਵਾਵਣਾ । ਗੁਰ ਗੋਬਿੰਦੇ ਚੜ੍ਹਿਆ ਚਾ, ਪ੍ਰਭ ਸਾਚੇ ਸੰਗ ਰਖਾਇਆ । ਏਕਾ ਮੰਗ ਰਿਹਾ ਮੰਗਾ, ਤੇਰਾ ਮੇਰਾ ਰੂਪ ਸਮਾਇਆ । ਸਾਚੀ ਸਿਖਿਆ ਇਕ ਸਮਝਾ, ਨੇਤਰ ਵੇਖਿਆ ਭੁੱਲ ਨਾ ਜਾਇਆ । ਆਪੇ ਲੇਖਾ ਦਈਂ ਮਿਟਾ, ਲਿਖਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਦਰ, ਅੰਤ ਵਿਛੋੜਾ ਰਹਿਣ ਨਾ ਪਾਇਆ । ਪਾਰਬ੍ਰਹਮ ਸਿਰ ਹੱਥ ਰੱਖ, ਗੁਰ ਗੋਬਿੰਦ ਦਏ ਵਡਿਆਈਆ । ਤੇਰੀ ਲੱਜਿਆ ਲਏ ਰੱਖ, ਕਲਜੁਗ ਅੰਤਮ ਹੋਏ ਸਹਾਈਆ । ਪਰਗਟ ਹੋਏ ਹਰਿ ਪਰਤੱਖ, ਸੰਬਲ ਨਗਰੀ ਦਏ ਸੁਹਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਉਡਣੇ ਕੱਖ, ਰਾਜ ਰਾਜਾਨ ਸ਼ਾਹ ਸੁਲਤਾਨ ਨਾ ਸਕੇ ਕੋਈ ਬਚਾਈਆ । ਗੁਰਮੁਖ ਸੰਤ ਸੁਹੇਲੇ ਕਰੇ ਵੱਖ, ਜੋ ਸਰਸੇ ਗਿਆ ਰੁੜ੍ਹਾਈਆ । ਜੀਵ ਜੰਤ ਜਗ ਮਾਰਨ ਝੱਖ, ਬਿਨ ਗੁਰ ਪੂਰੇ ਨਾ ਕੋਇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਇਹ ਸਮਝਾਈਆ । ਗੁਰ ਗੋਬਿੰਦ ਵਰ ਘਰ ਪਾ, ਫਤਹਿ ਜੈਕਾਰਾ ਲਾਇਆ । ਪੰਥ ਖ਼ਾਲਸੇ ਗਿਆ ਸਮਝਾ, ਆਪਣਾ ਭੇਵ ਛੁਪਾਇਆ । ਮੇਰਾ ਰੂਪ ਕੋਈ ਜਾਣੇ ਨਾ, ਦਿਸ ਕਿਸੇ ਨਾ ਆਇਆ । ਪੰਜ ਤਤ ਰੰਗ ਕੋਈ ਮਾਣੇ ਨਾ, ਥਿਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਮੇਲ ਮਿਲਾਇਆ । ਗੁਰ ਗੋਬਿੰਦਾ ਬੋਲ ਜੈਕਾਰਾ, ਏਕਾ ਏਕ ਸੁਣਾਇੰਦਾ । ਮੇਰਾ ਤੇਰਾ ਇਕ ਪਿਆਰਾ, ਤੇਰਾ ਮੇਰਾ ਰੂਪ ਅਖਵਾਇੰਦਾ । ਜੋ ਜਨ ਵੇਖੇ ਮੰਗੇ ਇਕ ਦਵਾਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਅਗਾਧ ਬੋਧ ਬੋਧ ਅਗਾਧਾ ਚਿੱਲਾ ਸ਼ਬਦ ਅਪਾਰਾ, ਸ਼ਬਦ ਗੁਰ ਸ਼ਬਦ ਵਿਚ ਸਮਾਇੰਦਾ । ਇਕ ਸੁਣਾਇਆ ਸਾਚਾ ਨਾਅਰਾ, ਪੰਥ ਖ਼ਾਲਸਾ ਸੁਣ ਲੈ ਸਾਰਾ, ਜਿਸ ਜਨ ਕਰਨਾ ਚਰਨ ਪਿਆਰਾ, ਸੋ ਜਨ ਮੇਲ ਮਿਲਾਇੰਦਾ । ਭੇਖੀ ਭੇਖ ਕਰੇ ਨਿਆਰਾ, ਆਪ ਆਪਣੀ ਜਾਣੇ ਧਾਰਾ, ਰੂਪ ਅਨੂਪ ਦਰਸਾਇੰਦਾ । ਵੇਸ ਅਨੇਕ ਅਕਲ ਕਲ ਧਾਰਾ, ਜੋਤੀ ਨੂਰ ਸਾਚੀ ਕਲਗ਼ੀ ਸ਼ਬਦੀ ਤੋੜਾ ਸੀਸ ਟਿਕਾਇੰਦਾ । ਅਗੰਮ ਅਗੰਮੜਾ ਅਗੰਮੜੇ ਚੜ੍ਹਿਆ ਘੋੜਾ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਧੁਰਦਰਗਾਹੀ ਆਇਆ ਦੌੜਾ, ਲੋਕਮਾਤ ਰਾਹ ਤਕਾਇੰਦਾ । ਪੂਤ ਸਪੂਤਾ ਵੇਖੇ ਬ੍ਰਿਹਮਣ ਗੌੜਾ, ਉਚਾ ਪਰਬਤ ਬਜਰ ਕਪਾਟੀ ਕਿਲਾ ਤੋੜ ਤੁੜਾਇੰਦਾ । ਲੱਖ ਚੁਰਾਸੀ ਵੇਖੇ ਮਿਠਾ ਕੌੜਾ, ਨਾਮ ਹਥੌੜਾ ਹੱਥ ਉਠਾਇੰਦਾ । ਦੋ ਜਹਾਨਾ ਲਾਏ ਏਕਾ ਪੌੜਾ, ਆਪਣਾ ਕਰਮ ਕਮਾਇੰਦਾ । ਵੀਹ ਸੌ ਬਿਕ੍ਰਮੀ ਆਪੇ ਬੌਹੜਾ, ਪੋਹ ਛੱਬੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਅਲੱਖ ਜਗਾਇੰਦਾ । ਅਗੰਮ ਅਗੰਮੜਾ ਧਾਮ ਤਜਾ, ਅਲੱਖ ਅਲੱਖ ਜਗਾਈਆ । ਸਚਖੰਡ

੧੫੭
੦੨

ਹਰਿ ਦਏ ਸੁਹਾ, ਸੁੰਨ ਅਗੰਮੇ ਪਾਰ ਕਰਾਈਆ । ਦਸਮ ਦਵਾਰੀ ਡੇਰਾ ਲਾ, ਹਰਿਜਨ ਸਾਚੇ ਲਏ ਜਗਾਈਆ । ਵੀਹ ਸੌ ਬਿਕ੍ਰਮੀ ਰੁੱਤ ਸੁਹਾ, ਜੋਤੀ ਜਾਮਾ ਭੇਖ ਵਟਾਈਆ । ਨਿਹਕਲੰਕਾ ਨਾਉਂ ਰਖਾ, ਗੁਰਸਿਖ ਸਾਚੇ ਵਿਚ ਗਿਆ ਸਮਾਈਆ । ਸ਼ਬਦ ਡੰਕਾ ਰਿਹਾ ਵਜਾ, ਗੁਰ ਗੋਬਿੰਦ ਵੱਡੀ ਵਡਿਆਈਆ । ਵਾਸੀ ਪੁਰੀ ਘਨਕ ਆਪ ਅਖਵਾ, ਪੁਰੀ ਘਨਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਬਿਕ੍ਰਮੀ ਆਪਣੀ ਰਚਨ ਰਚਾਈਆ । ਵੀਹ ਸੌ ਇਕ ਇਕ ਅਕੱਲਾ, ਏਕੰਕਾਰਿਆ । ਦੂਜੇ ਵਸਿਆ ਸਚ ਮਹੱਲਾ, ਸਾਚੇ ਧਾਮ ਸੁਹਾਇਆ । ਤੀਜੇ ਤ੍ਰੈਲੋਕ ਪਾਏ ਤਰਥੱਲਾ, ਲੋਆਂ ਪੁਰੀਆਂ ਦਏ ਹਿਲਾਇਆ । ਚੌਥਾ ਪਦ ਚੌਥਾ ਘਰ ਆਪੇ ਮੱਲਾ, ਚੌਥੇ ਦਰ ਸੁਹਾਇਆ । ਪੰਚਮ ਮੇਟੇ ਦੂਈ ਦਵੈਤੀ ਸੱਲਾ, ਏਕਾ ਰੰਗ ਰੰਗਾਇਆ । ਛੇਵੇਂ ਨਾ ਕੋਈ ਦੀਸੇ ਛੱਪਰ ਛੰਨਾ, ਮੰਦਰ ਮੱਠ ਨਾ ਕੋਈ ਉਪਾਇਆ । ਸੱਤਵੇਂ ਮੇਲਾ ਗੁਰਸਿਖ ਜਿਉਂ ਜੱਟ ਧੰਨਾ, ਸਹਿਜੇ ਮੇਲ ਮਿਲਾਇਆ । ਅੱਠਵੇਂ ਅੱਠਾਂ ਤੱਤਾ ਆਪੇ ਡੰਨਾ, ਕਾਮ ਕਰੋਧ ਲੋਭ ਮੋਹ ਹੰਕਾਰ ਮਨ ਮਤ ਬੁਧ ਦਏ ਸਜਾਇਆ । ਨੌਂ ਦਵਾਰ ਮਨਮੁਖ ਜੀਵ ਸੁੱਤਾ ਅੰਨ੍ਹਾ, ਅੰਧ ਅਗਿਆਨ ਵਖਾਇਆ । ਵੀਹ ਸੌ ਦਸ ਬਿਕ੍ਰਮੀ ਗੁਰਮੁਖਾਂ ਦਰ ਦਵਾਰੇ ਆਪੇ ਆਇਆ ਭੰਨਾ, ਦੀਪਕ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇਆ । ਵੀਹ ਸਦ ਗਿਆਰਾਂ ਕਰ ਪਿਆਰ, ਗੋਬਿੰਦ ਜੋਤ ਜਗਾਈਆ । ਕਲਜੁਗ ਅੰਤਮ ਮਾਰੇ ਮਾਰ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਲੇਖਾ ਪੂਰ ਕਰਾਏ ਲਿਖਿਆ ਰਵਦਾਸ ਚੁਮਿਆਰ, ਉਚੇ ਮੰਦਰ ਰਹਿਣ ਨਾ ਪਾਈਆ । ਸਾਧਾਂ ਸੰਤਾਂ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਈਆ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਚਿੱਟੇ ਅਸਵ ਹੋ ਅਸਵਾਰ, ਖੇਲੇ ਖੇਲ ਸਾਚਾ ਮਾਹੀਆ । ਬ੍ਰਹਮਾ ਸ਼ਿਵ ਵਿਸ਼ਨ ਦੇਵਤ ਸੁਰ ਕਰੇ ਖ਼ਬਰਦਾਰ, ਗਗਨ ਪਤਾਲਾਂ ਫੇਰਾ ਪਾਈਆ । ਬਾਸ਼ਕ ਸੇਜਾ ਦਏ ਹੁਲਾਰ, ਸਾਂਗੋ ਪਾਂਗ ਡੁਲਾਈਆ । ਲੱਛਮੀ ਤੇਰਾ ਵੇਖ ਪਿਆਰ, ਜੋਬਨ ਰਿਹਾ ਹੰਢਾਈਆ । ਗੁਰ ਗੋਬਿੰਦਾ ਬੰਨ੍ਹੇ ਧਾਰ, ਲੋਕਮਾਤ ਲਏ ਅੰਗੜਾਈਆ । ਵੀਹ ਸੌ ਬਾਰਾਂ ਬਿਕ੍ਰਮੀ ਕਰ ਪਿਆਰ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਸਾਧ ਸੰਗਤ ਸੁਹਾਏ ਇਕ ਦਵਾਰ, ਊਚ ਨੀਚ ਜ਼ਾਤ ਪਾਤ ਰਾਓ ਰੰਕ ਰਾਜ ਰਾਜਾਨਾ ਸ਼ਾਹ ਸੁਲਤਾਨਾ ਏਕਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੰਡੇ ਵੰਡ, ਖੇਲੇ ਖੇਲ ਵਿਚ ਬ੍ਰਹਿਮੰਡ, ਉਤਭੁਜ ਸੇਤਜ ਜੇਰਜ ਅੰਡ ਵੇਖ ਵਖਾਈਆ । ਸੰਮਤ ਤੇਰਾਂ ਬੰਨੇ ਧਾਰ, ਵੀਹ ਸੌ ਬਿਕ੍ਰਮੀ ਸੰਗ ਰਲਾਇਆ । ਰਾਸ਼ਟਰਪਤ ਕਰੇ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇਆ । ਪਰਗਟ ਹੋਇਆ ਨਿਹਕਲੰਕ ਚਵੀਆਂ ਅਵਤਾਰ, ਜੋਤੀ ਜਾਮਾ ਭੇਖ ਵਟਾਇਆ । ਪੰਜ ਵਸਤ ਫੜਾਏ ਦਸਤ ਪੰਚਮ ਤਾਜ, ਸੀਸ ਜਗਦੀਸ ਇਕ ਸੁਹਾਇਆ । ਧੁਰਦਰਗਾਹੀ ਸਾਚਾ ਰਾਜ, ਖੇਲੇ ਖੇਲ ਦੇਸ ਮਾਝ, ਲੱਖ ਚੁਰਾਸੀ ਰਚਿਆ ਕਾਜ, ਨੌਂ ਖੰਡ ਪ੍ਰਿਥਮੀ ਮਾਰੇ ਏਕਾ ਆਵਾਜ਼, ਸੱਤਾਂ ਦੀਪਾਂ ਰਿਹਾ ਉਠਾਇਆ । ਸੱਤ ਰੰਗ ਨਿਸ਼ਾਨਾ ਦਏ ਤਾਜ, ਸ਼ਬਦ ਸੋਟੀ ਰੱਖੇ ਲਾਜ, ਚਰਨ ਜੋੜਾ ਸਾਜਨ ਸਾਜ, ਪੰਚਮ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇਆ । ਵੀਹ ਸੌ ਚੌਦਾਂ ਮਾਤ ਚੜ੍ਹਿਆ, ਪ੍ਰਭ ਸਾਚੇ ਜੋਤ ਜਗਾਈਆ । ਗੁਰਮੁਖ ਸੋਇਆ ਆਪੇ ਫੜਿਆ, ਆਪ ਆਪਣਾ ਮੇਲ ਮਿਲਾਈਆ । ਆਪੇ ਤੋੜੇ ਹੰਕਾਰੀ ਗੜ੍ਹਿਆ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਜੋਤ ਜਗਾਏ ਬਹੱਤਰ ਨੜਿਆ, ਦਿਵਸ


੧੫੮ ੦੨

ਰੈਣ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਨਾ ਮਰੇ ਨਾ ਕਦੇ ਸੜਿਆ, ਮੜੀ ਗੌਰ ਨਾ ਕੋਈ ਦਬਾਈਆ । ਜਗਤ ਵਿਦਿਆ ਕੋਈ ਨਾ ਪੜ੍ਹਿਆ, ਬ੍ਰਹਮ ਵਿਦਿਆ ਰਿਹਾ ਪੜ੍ਹਾਈਆ । ਗੁਰਸਿਖ ਦਵਾਰੇ ਅੱਠੇ ਪਹਿਰ ਖੜਿਆ, ਸੇਵਕ ਸੇਵਾ ਰਿਹਾ ਕਮਾਈਆ । ਕਲਜੁਗ ਅੰਤਮ ਮਨਮੁਖ ਜੀਵ ਅੱਗੇ ਕੋਈ ਨਾ ਅੜਿਆ, ਸ਼ਬਦ ਖੰਡਾ ਰਿਹਾ ਚਮਕਾਈਆ । ਪੰਚ ਤਤ ਵਿਕਾਰੇ ਆਪੇ ਲੜਿਆ, ਆਪੇ ਮਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਦਏ ਸੁਹਾਈਆ । ਸੰਮਤ ਚੋਦਾਂ ਸਾਚੀ ਸਿਖੀ, ਹਰਿ ਸਾਚਾ ਆਪ ਜਗਾਇੰਦਾ । ਦਰ ਦਵਾਰੇ ਪਾਏ ਇਕੀ, ਏਕਾ ਗੁਣ ਜਣਾਇੰਦਾ । ਨਾ ਕੋਈ ਜਾਣੇ ਮੁਨੀ ਰਿਖੀ, ਸਾਧ ਸੰਤ ਨਾ ਵੇਖ ਵਖਾਇੰਦਾ । ਚਾਲ ਨਿਰਾਲੀ ਧਾਰੋਂ ਤਿਖੀ, ਏਕਾ ਧਾਰ ਰਖਾਇੰਦਾ । ਨੇਤਰ ਲੋਚਣ ਆਪਣੇ ਪੇਖੀ, ਰੱਖਣਹਾਰ ਆਪ ਅਖਵਾਇੰਦਾ । ਰੱਖੇ ਲਾਜ ਧਾਰੀ ਕੇਸੀ, ਜੋ ਜਨ ਸਰਨ ਸਰਨਾਈ ਸਾਚੀ ਆਇੰਦਾ । ਮੂੰਡ ਮੁੰਡਾਏ ਦਇਆ ਕਮਾਏ ਆਪੇ ਦੇਵੇ ਏਕਾ ਅਦੇਸੀ, ਏਕਾ ਰੰਗ ਰੰਗਾਇੰਦਾ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੀ, ਸੁਰਪਤ ਰਾਜਾ ਇੰਦ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਵੀਹ ਸਦ ਸ੍ਰਿਸ਼ਟ ਸਬਾਈ ਵੰਡ ਵੰਡਾਇੰਦਾ । ਸ੍ਰਿਸ਼ਟ ਸਬਾਈ ਵੰਡੇ ਵੰਡ, ਪਾਰਬ੍ਰਹਮ ਬੇਅੰਤਾ । ਮਨਮੁਖਾਂ ਸੋਏ ਦੇ ਕਰ ਕੰਡ, ਦਰਸ ਦਿਖਾਏ ਸਾਚੇ ਸੰਤਾ । ਸ੍ਰਿਸ਼ਟ ਸਬਾਈ ਹੋਈ ਰੰਡ, ਮਿਲਿਆ ਮੇਲ ਨਾ ਸਾਚੇ ਕੰਤਾ । ਵੇਖ ਵਖਾਣੇ ਵਿਚ ਬ੍ਰਹਿਮੰਡ, ਆਦਿ ਪੁਰਖ ਆਦਿਨ ਅੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲੰਤਾ । ਸੰਮਤ ਪੰਦਰਾਂ ਮਾਤ ਚੜ੍ਹੌਣਾ, ਪਹਿਲੀ ਚੇਤਰ ਖ਼ੁਸ਼ੀ ਮਨਾਇੰਦਾ । ਸਚਖੰਡ ਬ੍ਰਹਮਲੋਕ ਸ਼ਿਵਲੋਕ ਇੰਦਲੋਕ ਪ੍ਰਭ ਫੇਰਾ ਪੌਣਾ, ਜੋਤੀ ਜੋਤ ਜਗਾਇੰਦਾ । ਚੌਦਾਂ ਲੋਕ ਖੇਲ ਖਿਲੌਣਾ, ਚੌਦਾਂ ਤਬਕ ਹਿਲਾਇੰਦਾ । ਨਵ ਖੰਡ ਆਪ ਉਠੌਣਾ, ਸੱਤਾਂ ਦੀਪਾ ਫੋਲ ਫੋਲਾਇੰਦਾ । ਅਠਸਠ ਤੀਰਥ ਫੇਰਾ ਪੌਣਾ, ਸਾਧ ਸੰਤ ਸਰਬ ਜਗਾਇੰਦਾ । ਲੰਕਾ ਗੜ੍ਹ ਆਪ ਸੁਹੌਣਾ, ਪੰਦਰਾਂ ਕੱਤਕ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਦੋ ਧੜ ਕਰੌਣਾ, ਨਾ ਕੋਈ ਮੇਲ ਮਿਲਾਇੰਦਾ । ਅੱਲਾ ਰਾਣੀ ਗਲ ਵਿਚ ਪੱਲਾ ਪੌਣਾ, ਨੇਤਰ ਨੀਰ ਇਕ ਵਖਾਇੰਦਾ । ਸੰਗ ਮੁਹੰਮਦ ਚਾਰ ਯਾਰ ਈਸਾ ਮੂਸਾ ਸਰਬ ਕੁਰਲੌਣਾ, ਨਾ ਕੋਈ ਧੀਰ ਧਰਾਇੰਦਾ । ਚੀਨਾ ਰੂਸਾ ਜੋੜ ਜੁੜੌਣਾ, ਪ੍ਰਭ ਸਾਚਾ ਵੇਖ ਵਖਾਇੰਦਾ । ਸ਼ਾਹ ਅਬਿਨੂਸ਼ਾ ਵਿਚ ਮਿਲੌਣਾ, ਭੇਵ ਅਭੇਦਾ ਭੇਵ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਪੰਦਰਾਂ ਦੇਵੇ ਵਰ, ਸ੍ਰਿਸ਼ਟ ਸਬਾਈ ਆਵੇ ਡਰ, ਏਕਾ ਦੂਜਾ ਚੰਦ ਚੜ੍ਹਾਇੰਦਾ । ਸੰਮਤ ਸੌਲਾ ਚੜ੍ਹੇ ਚੰਦ, ਚਾਰੋਂ ਕੁੰਟ ਰੁਸ਼ਨਾਈਆ । ਜੋਧਿਆਂ ਸੂਰਿਆਂ ਫ਼ੂਕਣ ਬੰਦ ਬੰਦ, ਪ੍ਰਭ ਸਾਚਾ ਲਏ ਉਠਾਈਆ । ਮਾਰੋ ਮਾਰ ਕਰਨ ਬੱਤੀ ਦੰਦ, ਰਸਨਾ ਏਕਾ ਗੁਣ ਗਾਈਆ । ਸਾਧ ਸੰਤ ਕਿਸੇ ਨਾ ਆਵੇ ਪਰਮਾਨੰਦ, ਅੱਠੇ ਪਹਿਰ ਚਿੰਤਾ ਵਿਚ ਗਵਾਈਆ । ਭਾਰਤ ਖੰਡ ਵੰਡੀ ਵੰਡ, ਪ੍ਰਭ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਾਰਾਂ ਹਾੜ ਪੈਣੀ ਡੰਡ, ਨਾ ਸਕੇ ਕੋਈ ਬਚਾਈਆ । ਪ੍ਰਭ ਮੇਟਣ ਆਇਆ ਭੇਖ ਪਖੰਡ, ਕੂੜੀ ਕਿਰਿਆ ਦਏ ਮਿਟਾਈਆ । ਨਾਰ ਦੁਹਾਗਣ ਸ੍ਰਿਸ਼ਟ ਸਬਾਈ ਹੋਏ ਰੰਡ, ਰਾਏ ਧਰਮ ਦਏ ਸਜਾਈਆ । ਲਾੜੀ ਮੌਤ ਹੱਥੀਂ ਮੈਂਹਦੀ ਲਾਏ ਰੰਗ, ਧਰਮ ਰਾਏ ਦੀ ਸਚ ਸਪੁਤਰੀ ਨੇਤਰ ਨੈਣ ਰਹੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਵੰਡ ਵੰਡਾਈਆ । ਨੌਂ ਖੰਡ ਪ੍ਰਿਥਮੀ ਜਗਤ ਅਖਾੜਾ, ਪ੍ਰਭ

੧੫੯ ੦੨

ਸਾਚਾ ਆਪ ਬਣਾਇੰਦਾ । ਵੇਖੇ ਖੇਲ ਸਤਾਰਾਂ ਹਾੜਾ, ਲੇਖਾ ਆਪਣਾ ਆਪ ਲਿਖਾਇੰਦਾ । ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਮਨਮੁਖ ਜੀਵ ਅੰਤਮ ਵੇਲੇ ਕੱਢਣਹਾੜਾ, ਨਾ ਕੋਈ ਧੀਰ ਧਰਾਇੰਦਾ । ਲੱਗੇ ਅੱਗ ਬਹੱਤਰ ਨਾੜਾ, ਪੰਜ ਤਤ ਜਲਾਇੰਦਾ । ਤ੍ਰੈਗੁਣ ਮਾਇਆ ਚੁੱਕਿਆ ਭਾੜਾ, ਨਾ ਕੋਈ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਜੋਤੀ ਜਾਤਾ ਪਰਗਟ ਹੋਇਆ ਸਾਚਾ ਲਾੜਾ, ਗੁਰ ਗੋਬਿੰਦ ਸੰਗ ਰਲਾਇੰਦਾ । ਆਪ ਉਠਾਏ ਅਗੰਮੀ ਧਾੜਾ, ਦਿਸ ਕਿਸੇ ਨਾ ਆਇੰਦਾ । ਫੇਰੀ ਪਾਏ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਡੂੰਘੀ ਕੰਦਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਆਪ ਉਠਾਇੰਦਾ । ਸੰਮਤ ਸਤਾਰਾਂ ਖੇਲ੍ਹੇ ਜਾਗ, ਸੋਇਆ ਕੋਈ ਰਹਿਣ ਨਾ ਪਾਈਆ । ਘਰ ਘਰ ਝੂਠੇ ਉਡਣੇ ਕਾਗ, ਬੰਕ ਦਵਾਰ ਨਾ ਕੋਈ ਸੁਹਾਈਆ । ਸਈਆਂ ਮਿਲ ਨਾ ਗਾਇਣ ਗੀਤ ਸੁਹਾਗ, ਸਾਚਾ ਕੰਤ ਨਾ ਕੋਈ ਹੰਢਾਈਆ । ਉਚੇ ਮੰਦਰ ਲੱਗੇ ਆਗ, ਨਾ ਸਕੇ ਕੋਈ ਬੁਝਾਈਆ । ਰਾਜ ਰਾਜਾਨਾ ਘਰ ਨਾ ਬਲੇ ਕੋਈ ਚਿਰਾਗ, ਦੀਵਾ ਬੱਤੀ ਨਾ ਕੋਈ ਕਰਾਈਆ । ਗੁਰਚਰਨ ਦਵਾਰੇ ਸਾਚਾ ਮਜਨ ਬਖ਼ਸ਼ੇ ਮਾਘ, ਤੀਰਥ ਤਟ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਅਠਾਰਾਂ ਖੇਲ ਰਚਾਈਆ । ਵੀਹ ਸਦ ਅਠਾਰਾਂ ਉਠ ਬਲ ਧਾਰ, ਪ੍ਰਭ ਸਾਚਾ ਸੇਵਾ ਲਾਇੰਦਾ । ਆਪੇ ਜਾਣੇ ਆਪਣੀ ਕਾਰ, ਕਰਤਾ ਪੁਰਖ ਆਪ ਅਖਵਾਇੰਦਾ । ਲੱਖ ਚੁਰਾਸੀ ਮਾਰੇ ਮਾਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਇਕ ਵਹਾਏ ਜਲ ਜਲ ਧਾਰ, ਮੂਰਖ ਮੂੜ੍ਹ ਰੁੜ੍ਹਾਇੰਦਾ । ਗੁਰਮੁਖ ਸਾਚੇ ਲਾਏ ਪਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਲਿਖਿਆ ਅੰਤਮ ਪੂਰ ਕਰਾਇੰਦਾ । ਸੰਮਤ ਉਨੀਸਾ ਰਿਹਾ ਪੁਕਾਰ, ਚਾਰੋਂ ਕੁੰਟ ਵੇਖ ਵਖਾਇੰਦਾ । ਉਮਤ ਉਮਤੀ ਆਏ ਹਾਰ, ਨਾ ਕੋਈ ਸੰਗ ਰਹਾਇੰਦਾ । ਨਾਤਾ ਤੁਟੇ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਨੇਤਰ ਨੀਰ ਵਹਾਏ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਆਪ ਸਮਾਇੰਦਾ । ਵੀਹ ਸਦ ਬੀਸ ਬਿਕ੍ਰਮੀ ਜਗਤ ਵਡਿਆ, ਹਰਿ ਜੋਤ ਕਰੇ ਰੁਸ਼ਨਾਈਆ । ਪੰਦਰਾਂ ਕੱਤਕ ਦੇਵੇ ਰੁੱਤ ਸੁਹਾ, ਦਿੱਲੀ ਦਰਬਾਰੇ ਫੇਰਾ ਪਾਈਆ । ਸ੍ਰਿਸ਼ਟ ਸਬਾਈ ਲਏ ਜਗਾ, ਨੌਂ ਖੰਡ ਪ੍ਰਿਥਮੀ ਆਪ ਹਿਲਾਈਆ । ਸੋਹੰ ਸ਼ਬਦ ਜੈਕਾਰਾ ਦਏ ਲਗਾ, ਚਾਰ ਵਰਨ ਇਕ ਪੜ੍ਹਾਈਆ । ਜ਼ਾਤ ਪਾਤ ਕੋਈ ਦਿਸੇ ਨਾ, ਵਰਨ ਬਰਨ ਨਾ ਕੋਈ ਰਖਾਈਆ । ਏਕਾ ਮਸਤਕ ਟਿਕਾ ਦਏ ਲਗਾ, ਕੌਸਤਕ ਮਣੀਆ ਜੋਤ ਜਗਾਈਆ । ਏਕਾ ਸਿੱਕਾ ਦਏ ਚਲਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਵੱਡਾ ਨਿੱਕਾ ਏਕਾ ਧਾਮ ਸੁਹਾ, ਬਖ਼ਸ਼ੇ ਚਰਨ ਸੱਚੀ ਸਰਨਾਈਆ । ਸ਼ਬਦ ਡੰਕਾ ਇਕ ਵਜਾ, ਰਾਜਦੂਤ ਇਕ ਵਖਾਈਆ । ਜੋਤੀ ਤਨਕਾ ਆਪ ਲਗਾ, ਸਾਧਾ ਸੰਤਾਂ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਖ਼ੁਸ਼ੀ ਮਨਾਈਆ । ਬੀਸ ਸਦ ਇਕੀ, ਕਰ ਤਿਆਰ ਸਾਚੀ ਬਣਤ ਬਣਾਇੰਦਾ । ਨੌਂ ਖੰਡ ਪ੍ਰਿਥਮੀ ਸਾਚੀ ਸਿਖੀ, ਹਰਿ ਦਾਤਾਰ ਆਪ ਕਰਾਇੰਦਾ । ਸਤਿਜੁਗ ਲੇਖਾ ਰਿਹਾ ਲਿਖੀ, ਸਚ ਸੁੱਚ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਧਾਨ ਹੋ ਮਿਹਰਵਾਨ ਹਰਿ ਭਗਵਾਨ, ਏਕਾ ਏਕ ਬਣਾਇੰਦਾ । ਜਗਤ ਵਧਾਨ

ਹਰਿ ਆਪ ਬਣਾਏ, ਆਪਣਾ ਸ਼ਬਦ ਅਲਾਈਆ । ਸੱਤ ਰੰਗ ਨਿਸ਼ਾਨਾ ਦਏ ਚੜ੍ਹਾਏ, ਸੱਤਾਂ ਦੀਪਾਂ ਇਕ ਸਰਨਾਈਆ । ਆਤਮ ਬ੍ਰਹਮ ਗਿਆਨ ਜਣਾਏ, ਪਾਰਬ੍ਰਹਮ ਵੱਡੀ ਵਡਿਆਈਆ । ਸਾਚੀ ਵਿਦਿਆ ਇਕ ਪੜ੍ਹਾਏ, ਸਾਚਾ ਘਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਕਰ ਪਰਕਾਸ਼, ਆਪਣੀ ਰਚਨ ਰਚਾਇੰਦਾ । ਲੋਆਂ ਪੁਰੀਆਂ ਕਰੇ ਰਾਸ, ਗਗਨ ਪਤਾਲਾਂ ਵੇਖ ਵਖਾਇੰਦਾ । ਹਰਿਜਨ ਮੇਲਾ ਸਰਬ ਗੁਣ ਤਾਸ, ਵਿਛੜ ਕਦੇ ਨਾ ਜਾਇੰਦਾ । ਲੇਖੇ ਲਾਏ ਦਸ ਦਸ ਮਾਸ, ਆਵਣ ਜਾਵਣ ਫੰਦ ਕਟਾਇੰਦਾ । ਜਿਸ ਜਨ ਗਾਇਆ ਸਵਾਸ ਸਵਾਸ, ਪਰਮਾਨੰਦ ਵਖਾਇੰਦਾ । ਅੰਤਮ ਵੇਲੇ ਕਰੇ ਬੰਦ ਖੁਲਾਸ, ਬੰਦੀ ਛੋੜ ਆਪ ਅਖਵਾਇੰਦਾ । ਗੁਰਸਿਖ ਹੋਏ ਨਾ ਕਦੇ ਨਿਰਾਸ, ਗੁਰ ਪੂਰਾ ਸੰਗ ਨਿਭਾਇੰਦਾ । ਕਾਇਆ ਮੰਡਲ ਪਾਵੇ ਰਾਸ, ਸਾਚਾ ਮੰਡਪ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਅਲਖ ਅਭੇਵ ਆਪ ਖੁਲ੍ਹਾਇੰਦਾ । ਸਤਿਗੁਰ ਸ਼ਬਦ ਸੱਚਾ ਗੁਰ ਦੇਵਾ, ਸਤਿ ਪੁਰਖ ਉਪਾਇੰਦਾ । ਆਪ ਕਰਾਏ ਆਪਣੀ ਸੇਵਾ, ਆਪ ਆਪਣੀ ਬਣਤ ਬਣਾਇੰਦਾ । ਆਪੇ ਜਪੇ ਜਪਾਏ ਸਾਚੀ ਜਿਹਵਾ, ਆਪੇ ਮਣੀਆ ਮਣਤ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸ਼ਬਦ ਗੁਰ ਸਚ ਗੋਬਿੰਦ, ਹਰਿ ਗੋਬਿੰਦ ਰੂਪ ਸਮਾਇਆ । ਜਿਸ ਜਨ ਮਿਟਾਏ ਸਗਲੀ ਚਿੰਦ, ਚਿੰਤਾ ਰੋਗ ਰਹਿਣ ਨਾ ਪਾਇਆ । ਜੁਗ ਜੁਗ ਆਪ ਉਠਾਏ ਆਪਣੀ ਬਿੰਦ, ਪ੍ਰੀਖਤ ਪ੍ਰੀਖਿਆ ਵਿਚ ਨਾ ਆਇਆ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਸਾਗਰ ਸਿੰਧ, ਨਿਝਰ ਧਾਰਾ ਦਏ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਗੁਰ ਅਖਵਾਇਆ । ਸ਼ਬਦ ਗੁਰ ਸਚ ਇਸ਼ਟ, ਗੁਰਮੁਖ ਵਿਰਲੇ ਜਾਣਿਆ । ਗੁਰਮੁਖ ਖੁਲ੍ਹਾਏ ਆਪ ਦ੍ਰਿਸ਼ਟ, ਵੇਖ ਵਖਾਏ ਸਚ ਟਿਕਾਣਿਆ । ਮਨਮਤ ਪੰਜ ਤਤ ਕਾਇਆ ਹੋਏ ਭ੍ਰਿਸ਼ਟ, ਪੰਚ ਵਿਕਾਰਾ ਮੋਹ ਲਭਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਬ੍ਰਹਮ ਗਿਆਨਿਆ । ਆਤਮ ਬ੍ਰਹਮ ਸ਼ਬਦ ਜਣਾਈ, ਨਿਰਮਲ ਜੋਤ ਉਜਿਆਰਾ । ਬਜਰ ਕਪਾਟੀ ਦਏ ਖੁਲ੍ਹਾਈ, ਅਨਹਦ ਸੁਣਾਏ ਰਾਗ ਅਪਾਰਾ । ਦਸਮ ਦਵਾਰੀ ਸੇਜ ਸੁਹਾਈ, ਹਰਿ ਬੈਠਾ ਕੰਤ ਭਤਾਰਾ । ਗੁਰਮੁਖ ਨਾਰੀ ਮੇਲ ਮਿਲਾਈ, ਵਰ ਪਾਇਆ ਅਪਰ ਅਪਾਰਾ । ਸੁਰਤੀ ਸ਼ਬਦੀ ਜੋੜ ਜੁੜਾਈ, ਏਕਾ ਦੂਜਾ ਭੌ ਨਿਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਪਛਾਣੇ ਇਕ ਦਵਾਰਾ । ਗੁਰਮੁਖ ਜਾਣੇ ਸਚ ਘਰ, ਘਰ ਸਚ ਵੱਜੇ ਵਧਾਈਆ । ਨਿਰਮਲ ਬਾਤੀ ਜੋਤ ਜਗਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਸਾਚਾ ਗੁਰ ਸ਼ਬਦ ਹਰੀ ਹਰਿ, ਹਰਿ ਹਰਿ ਵਿਚ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਬੂਝ ਬੁਝਾਏ ਹਰਿ ਭਗਵੰਤਾ, ਗੁਰਮੁਖਾਂ ਦਇਆ ਕਮਾਇੰਦਾ । ਮੇਲ ਮਿਲਾਏ ਸਾਚੇ ਸੰਤਾ, ਸਤਿ ਸਤਿਵਾਦ ਸਮਾਇੰਦਾ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤਾ, ਗੂੜ੍ਹੀ ਨੀਂਦ ਸਵਾਇੰਦਾ । ਹਰਿਜਨ ਮੇਲਾ ਸਾਚੇ ਨਾਰੀ ਕੰਤਾ, ਕੰਤ ਕੰਤੂਹਲ ਆਪ ਅਖਵਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਸਾਚੇ ਘਰ, ਆਤਮ ਦਰਸੀ ਦਰਸ ਦਿਖਾਇੰਦਾ । ਆਤਮ ਦਰਸ ਲੋਚਣ ਨੈਣ, ਨਿਜ ਘਰ ਹਰਿ ਹਰਿ ਪਾਇਆ । ਰਸਨਾ ਸਕੇ

ਨਾ ਕਿਸੇ ਕਹਿਣ, ਘਰ ਸੁਹੰਜਣਾ ਪੁਰਖ ਨਿਰੰਜਣਾ ਇਕ ਸੁਹਾਇਆ । ਆਪ ਚੁਕਾਏ ਲਹਿਣ ਦੇਣ, ਨਾਤਾ ਤੋੜੇ ਸਾਕ ਸੱਜਣ ਭਾਈ ਭੈਣ, ਸਿੰਘ ਲਛਮਣ ਆਪ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਦਰਸੀ ਦਰਸ ਦਿਖਾਇਆ । ਆਤਮ ਦਰਸ ਹਰਿ ਹਰਿ ਪਾਇਆ, ਸਗਲੀ ਚਿੰਤ ਮਿਟਾਈਆ । ਮਿਲਿਆ ਮੇਲ ਹਰੀ ਹਰਿ ਰਾਇਆ, ਤਜੀ ਸਰਬ ਲੋਕਾਈਆ । ਏਕਾ ਰੰਗਣ ਰੰਗ ਚੜ੍ਹਾਇਆ, ਰੰਗ ਮਜੀਠੀ ਇਕ ਵਖਾਈਆ । ਨਾਮ ਮਰਦੰਗਨ ਇਕ ਵਜਾਇਆ, ਅਨਹਦ ਢੋਲਾ ਰਹੇ ਗਾਈਆ । ਇਸ਼ਟ ਦੇਵ ਗੁਰ ਇਕ ਮਨਾਇਆ, ਹਰਿ ਸ਼ਬਦ ਜੋਤੀ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖਿਆ ਸਾਚਾ ਘਰ, ਘਰ ਬੰਕ ਦਵਾਰਾ ਆਪ ਸੁਹਾਈਆ ।

### * ੪ ਫੱਗਣ ੨੦੧੪ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ *

ਨਿਰਗੁਣ ਰੂਪ ਹਰਿ ਕਰਤਾਰ, ਜੋਤੀ ਨੂਰ ਸਮਾਇਆ । ਸਰਗੁਣ ਮੇਲਾ ਵਿਚ ਸੰਸਾਰ, ਸ਼ਬਦੀ ਸ਼ਬਦ ਮੇਲ ਮਿਲਾਇਆ । ਆਦਿਨ ਅੰਤਾ ਏਕ ਏਕੰਕਾਰ, ਆਪਣੀ ਕਲ ਵਰਤਾਇਆ । ਜੁਗ ਜੁਗ ਜਾਮਾ ਲਏ ਧਾਰ, ਭੇਖਾ ਧਾਰੀ ਭੇਖ ਵਟਾਇਆ । ਕਲਜੁਗ ਅੰਤਮ ਵੇਖੇ ਕੂੜ ਪਸਾਰ, ਕੂੜ ਕੁੜਿਆਰਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਨਿਰਗੁਣ ਜੋਤ ਹਰਿ ਮਿਹਰਵਾਨ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਖੇਲਣਹਾਰ ਆਪ ਅਖਵਾਇੰਦਾ । ਧਰਮ ਝੁਲਾਏ ਸਚ ਨਿਸ਼ਾਨ, ਸ਼ਬਦੀ ਬਣਤ ਬਣਾਇੰਦਾ । ਆਪੇ ਹੋਏ ਸੀਤਾ ਰਾਮ, ਕਾਹਨਾ ਕ੍ਰਿਸ਼ਨਾ ਰੂਪ ਵਟਾਇੰਦਾ । ਆਪੇ ਆਤਮ ਮਦਿ ਸਾਚਾ ਨਾਮ, ਹਰਿ ਸਾਚਾ ਜਾਮ ਪਿਆਇੰਦਾ । ਆਪੇ ਮੇਟੇ ਰੈਣ ਅੰਧੇਰੀ ਸ਼ਾਮ, ਦੀਪਕ ਸਾਚੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਕੂੜ ਪਸਾਰਾ, ਹਰਿ ਸਾਚੇ ਜੋਤ ਜਗਾਈਆ । ਜੋਤ ਸਰੂਪੀ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਅਪਰ ਅਪਾਰਾ, ਲੋਆਂ ਪੁਰੀਆਂ ਰਿਹਾ ਸੁਣਾਈਆ । ਖੇਲੇ ਖੇਲ ਖੇਲਣਹਾਰਾ, ਆਦਿ ਜੁਗਾਦਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਏ ਬੇਪਰਵਾਹੀਆ । ਨਿਰਗੁਣ ਜੋਤੀ ਕਰ ਅਕਾਰਾ, ਆਪਣਾ ਖੇਲ ਖਿਲਾਇੰਦਾ । ਸ਼ਬਦ ਖੰਡਾ ਫੜ ਦੋ ਧਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨੂੰ ਸ਼ਿਵ ਦੇਵਤ ਸੁਰ ਦਏ ਹੁਲਾਰਾ, ਆਪ ਆਪਣੀ ਕਿਰਤ ਕਮਾਇੰਦਾ । ਗੁਰਮੁਖ ਸਾਜਨ ਪਾਵੇ ਸਾਰਾ, ਧੀਰਜ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਜਾਮਾ ਹਰਿ ਭਗਵੰਤਾ, ਆਪਣੀ ਕਲ ਵਰਤਾਇੰਦਾ । ਆਦਿ ਜੁਗਾਦੀ ਆਦਿਨ ਅੰਤਾ, ਸਤਿ ਸਰੂਪ ਸਮਾਇੰਦਾ । ਭੇਵ ਖੁਲ੍ਹਾਏ ਸਾਚੇ ਸੰਤਾ, ਸਤਿਗੁਰ ਪੂਰਾ ਮੇਲ ਮਿਲਾਇੰਦਾ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤਾ, ਕਲਜੁਗ ਨੀਂਦ ਸਵਾਇੰਦਾ । ਸੰਗ ਰਖਾਏ ਹਉਮੇ ਹੰਗਤਾ, ਕਾਇਆ ਗੜ੍ਹ ਬਣਾਇੰਦਾ । ਗੁਰਮੁਖ ਵਿਰਲਾ ਦਰ ਦਵਾਰੇ ਹੋਏ ਮੰਗਤਾ, ਨਾਮ ਝੋਲੀ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,



Rev-01

ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਰਖਾਇੰਦਾ । ਆਪ ਆਪਣਾ ਨਾਉਂ ਧਰਾ, ਆਪਣਾ ਡੰਕ ਵਜਾਈਆ । ਰਾਓ ਰੰਕਾਂ ਰਿਹਾ ਜਗਾ, ਸਾਧਾਂ ਸੰਤਾਂ ਰਿਹਾ ਹਿਲਾਈਆ । ਬ੍ਰਹਿਮੰਡ ਖੰਡ ਹਰਿ ਵੇਖ ਵਖਾ, ਜੇਰਜ ਅੰਡ ਫੇਰੀ ਪਾਈਆ । ਭੇਖ ਪਖੰਡਾ ਦਏ ਮਿਟਾ, ਏਕਾ ਡੰਡਾ ਹੱਥ ਉਠਾਈਆ । ਕਲਜੁਗ ਅੰਤਮ ਕੰਢਾ ਗਿਆ ਆ, ਸੰਮਤ ਚੌਦਾਂ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਜਗਤ ਨਾਤਾ, ਹਰਿ ਸਾਚਾ ਵੇਖ ਵਖਾਇੰਦਾ । ਭਰਮੇ ਭੁੱਲੇ ਜ਼ਾਤਾ ਪਾਤਾ, ਜੀਵ ਜੰਤ ਸਰਬ ਕੁਰਲਾਇੰਦਾ । ਪਰਗਟ ਹੋਏ ਪੁਰਖ ਬਿਧਾਤਾ, ਅਭੇਵ ਅਭੇਦਾ ਅਛਲ ਅਛੇਦਾ ਅਛਲ ਛਲ ਕਰਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਖੇਲੇ ਖੇਲ ਇਕ ਇਕਾਂਤਾ, ਨਾ ਕੋਈ ਦੂਸਰ ਸੰਗ ਰਲਾਇੰਦਾ । ਭਗਤ ਜਨਾਂ ਹਰਿ ਪੁੱਛੇ ਵਾਤਾ, ਸਵੱਛ ਸਰੂਪੀ ਦਰਸ ਦਿਖਾਇੰਦਾ । ਪਾਰ ਕਰਾਏ ਔਖੇ ਘਾਟਾ, ਏਕਾ ਤਟ ਸੁਹਾਇੰਦਾ । ਜੂਠ ਝੂਠ ਕਲ ਮਾਰੇ ਠਾਠਾ, ਸਾਗਰ ਸਿੰਧ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਪੂਜਾ ਪਾਠਾ, ਇਸ਼ਟ ਦੇਵ ਵੇਖ ਵਖਾਇੰਦਾ । ਇਸ਼ਟ ਦੇਵ ਸਤਿਗੁਰ ਸੱਜਣ, ਸਤਿ ਪੁਰਖ ਸਮਾਇਆ । ਨੇਤਰ ਨੈਣ ਪਾਏ ਸਾਚਾ ਕਜਲ, ਨਾਮ ਨਾਮਾ ਇਕ ਰਖਾਇਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਗਵਾਇਆ । ਦੋ ਜਹਾਨੀ ਪੜਦੇ ਕੱਜਣ, ਗੁਰ ਸ਼ਬਦ ਦੁਸ਼ਾਲਾ ਇਕ ਵਖਾਇਆ । ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਇਆ । ਜੀਵ ਜੰਤ ਘਰ ਬਾਰ ਸਰਬ ਜਨ ਤਜਣ, ਨਾ ਧੀਰਜ ਕੋਇ ਧਰਾਇਆ । ਲੇਖਾ ਚੁੱਕੇ ਮੱਕਾ ਕਾਅਬਾ ਹਾਜ਼ੀ ਹੱਜਣ, ਕੁਤਬ ਗੌਂਸ ਨਾ ਕੋਇ ਦਸਾਇਆ । ਕਾਲ ਨਗਾਰੇ ਸਿਰ ਤੇ ਵੱਜਣ, ਵੇਲਾ ਅੰਤਮ ਆਇਆ । ਪਰਗਟ ਹੋਇਆ ਸ਼ਾਹੋ ਭੂਪ ਹਰਿ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਮਲ ਜੋਤ ਕਰੇ ਰੁਸ਼ਨਾਇਆ । ਨਿਰਮਲ ਜੋਤੀ ਹਰਿ ਨਰਾਇਣ, ਆਪਣੀ ਆਪ ਜਗਾਈਆ । ਗੁਰਮੁਖ ਵਿਰਲਾ ਵੇਖੇ ਨੇਤਰ ਨੈਣ, ਜਗਤ ਲੋਚਣ ਦਿਸ ਨਾ ਆਈਆ । ਸ਼ਬਦ ਗੁਰ ਮੇਲ ਧੁਰ ਏਕਾ ਧਾਮ ਇਕੱਠੇ ਰਹਿਣ, ਵਿਛੜ ਕਦੇ ਨਾ ਜਾਈਆ । ਕਲਜੁਗ ਤੇਰਾ ਆਪ ਚੁਕਾਏ ਲੈਣ ਦੇਣ, ਲਹਿਣਾ ਦੇਣਾ ਝੋਲੀ ਪਾਈਆ । ਜਨ ਭਗਤਾਂ ਮੇਲ ਮਿਲਾਏ ਹਰਿ ਸਾਕ ਸੱਜਣ ਸਾਚਾ ਸੈਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਕੂੜੀ ਛਾਹੀਆ । ਕੂੜੀ ਸ਼ਾਹੀ ਕੂੜ ਪਸਾਰਾ, ਕੂੜੀ ਵੱਜੇ ਵਧਾਈਆ । ਕੂੜਾ ਸਾਜਣ ਮੀਤ ਮੁਰਾਰਾ, ਕੂੜੀ ਕਿਰਿਆ ਰਿਹਾ ਕਮਾਈਆ । ਕੂੜ ਕੂੜਾ ਮਾਰੇ ਨਾਅਰਾ, ਕੂੜ ਕੂੜੇ ਰਿਹਾ ਜਣਾਈਆ । ਕੂੜ ਕੂੜਾ ਕਰ ਪਸਾਰਾ, ਕੂੜ ਕੂੜੇ ਧੰਦੇ ਲਾਈਆ । ਕੂੜ ਕੂੜਾ ਜੀਵ ਗਵਾਰਾ, ਕੂੜੋ ਕੂੜ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕੂੜ ਰਾਜਨ ਕੂੜ ਰਾਜ, ਕੂੜ ਜੋਗ ਕਮਾਇਆ । ਕੂੜਾ ਸਾਜਣ ਰਿਹਾ ਸਾਜ, ਕੂੜ ਕੂੜੇ ਧੰਦੇ ਲਾਇਆ । ਕੂੜ ਕੂੜਾ ਰਚਿਆ ਕਾਜ, ਮਾਇਆ ਅੰਧੇ ਭਰਮ ਭੁਲਾਇਆ । ਕੂੜ ਕੂੜੀ ਮਾਰੇ ਆਵਾਜ਼, ਮਦਿਰਾ ਮਾਸੀ ਗੰਦੇ ਨਾਉਂ ਧਰਾਇਆ । ਕੂੜ ਕੂੜਾ ਵੇਖੇ ਕਲ ਕਿ ਆਜ, ਕੂੜ ਕੂੜਾ ਡੌਰੂ ਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜਾ ਦਏ ਮਿਟਾਇਆ । ਕੂੜੀ ਰਾਸ ਕੂੜਾ ਮੰਡਲ, ਕੂੜੀ ਬਣਤ ਬਣਾਈਆ । ਕੂੜ ਕੁੜਿਆਰੇ ਮਾਰਿਆ ਸੰਗਲ, ਕੂੜ

੧੬੩
੦੭

ਕੂੜੇ ਰਿਹਾ ਬਣਾਈਆ । ਕੂੜ ਮੰਡਪ ਕੂੜ ਮਾੜੀ ਕੂੜ ਜੰਗਲ, ਕੂੜ ਅਠਸਠ ਆਸਣ ਲਾਈਆ । ਕੂੜ ਕੁੜਿਆਰਾ ਦਰ ਦਰ ਮੰਗਣ, ਕੂੜ ਕੂੜੇ ਬੈਠੇ ਧੂਣੀਆਂ ਤਾਈਆ । ਕੂੜ ਕੁੜਿਆ ਹੋਇਆ ਨਗਣ, ਕੂੜ ਕੂੜ ਪੜਦਾ ਰਿਹਾ ਉਠਾਈਆ । ਕਲਜੁਗ ਅੰਤਮ ਹੋਇਆ ਭੰਗਣ, ਕੂੜ ਨਾ ਦਿਸੇ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਮੀਤ ਮੁਰਾਰਾ, ਚਰਨ ਕਵਲ ਜਗ ਨਾਤਾ । ਦੇਵੇ ਦਰਸ ਅਗੰਮ ਅਪਾਰਾ, ਹੋਏ ਸਹਾਈ ਪਿਤਾ ਮਾਤਾ । ਅੰਮ੍ਰਿਤ ਆਤਮ ਬਖ਼ਸ਼ੇ ਠੰਡੀ ਠਾਰਾ, ਮੇਟ ਮਿਟਾਏ ਅੰਧੇਰੀ ਰਾਤਾ । ਨਿਰਮਲ ਜੋਤੀ ਕਰ ਉਜਿਆਰਾ, ਅੰਮ੍ਰਿਤ ਬੂੰਦ ਪਿਆਏ ਸਵਾਂਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਨਿਭਾਏ ਸਾਚਾ ਸਾਥਾ । ਸਗਲਾ ਸਾਥ ਹਰਿ ਭਗਵੰਤ, ਗੁਰਮੁਖ ਸੰਗ ਨਿਭਾਇਆ । ਆਪੇ ਨਾਰੀ ਆਪੇ ਕੰਤ, ਆਪ ਆਪਣਾ ਅੰਗ ਲਗਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਏਕਾ ਸ਼ਬਦ ਜਣਾਏ ਮਣੀਆ ਮੰਤ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਤੋੜੇ ਗੜ੍ਹ ਹਉਮੇ ਹੰਗਤ, ਗੜ੍ਹ ਹੰਕਾਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਸਚ ਟਿਕਾਣਾ, ਹਰਿ ਏਕਾ ਏਕ ਜਣਾਇੰਦਾ । ਸ਼ਬਦ ਸਰੂਪੀ ਦਏ ਬਬਾਣਾ, ਗੁਰ ਪੂਰਾ ਆਪ ਬਹਾਇੰਦਾ । ਦੋ ਜਹਾਨੀ ਦੇਵੇ ਮਾਣਾ, ਆਵਣ ਜਾਵਣ ਫੰਦ ਕਟਾਇੰਦਾ । ਸ਼ਬਦ ਸੁਣਾਏ ਅਨਾਦੀ ਗਾਣਾ, ਧੁਨ ਅਨਾਦੀ ਆਪ ਬੁਲਾਇੰਦਾ । ਇਕ ਵਖਾਏ ਪਦ ਨਿਰਬਾਣਾ, ਪਰਮਾਨੰਦ ਸਮਾਇੰਦਾ । ਮੇਲ ਮਿਲਾਏ ਸ੍ਰੀ ਭਗਵਾਨਾ, ਜੋਤੀ ਜੋਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਮਨਮੁਖ ਜੀਵ ਮਾਇਆ ਮੋਹ, ਕੂੜੇ ਧੰਦੇ ਲਾਇਆ । ਪੰਚ ਵਿਕਾਰਾ ਰਿਹਾ ਰੋ, ਨੇਤਰ ਨੀਰ ਵਹਾਇਆ । ਗੂੜ੍ਹੀ ਨੀਂਦੇ ਰਿਹਾ ਸੌਂ, ਹਰਿ ਹਰਿ ਨਜ਼ਰ ਨਾ ਆਇਆ । ਵੇਲੇ ਅੰਤ ਨਾ ਪਕੜੇ ਕੋਈ ਬਾਂਹੋਂ, ਰਾਏ ਧਰਮ ਦਏ ਸਜ਼ਾਇਆ । ਏਕਾ ਭੁਲਿਆ ਹਰਿ ਸਾਚਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਮਨਮੁਖ ਜੀਵ ਮੁਗਧ ਮੂੜ੍ਹ, ਹਉਮੇ ਰੋਗ ਜਲਾਇਆ । ਗੁਰ ਮਸਤਕ ਨਾ ਲਾਈ ਸਾਚੀ ਧੂੜ, ਲਾਟ ਲਲਾਟ ਨਾ ਕੋਇ ਵਖਾਇਆ । ਜਗਤ ਨਾਤਾ ਬਣਿਆ ਕੂੜ, ਬਜਰ ਕਪਾਟ ਨਾ ਕੋਇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਇਆ । ਲੱਖ ਚੁਰਾਸੀ ਹਰ ਘਟ ਵਸਿਆ, ਪਾਰਬ੍ਰਹਮ ਬੇਅੰਤਾ । ਜੁਗ ਜੁਗ ਆਪਣਾ ਰਾਹ ਆਪੇ ਦੱਸਿਆ, ਮਾਰਗ ਲਾਏ ਸਾਚੇ ਸੰਤਾ । ਸ਼ਬਦ ਗੁਰ ਆਵੇ ਨੱਸਿਆ, ਖੇਲੇ ਖੇਲ ਹਰਿ ਸਾਚਾ ਕੰਤਾ । ਮੇਟੇ ਰੈਣ ਅੰਧੇਰੀ ਮੱਸਿਆ, ਸਾਚਾ ਚੰਦ ਇਕ ਸੁਹੰਤਾ । ਕਲਜੁਗ ਅੰਤਮ ਤੀਰ ਨਿਰਾਲਾ ਏਕ ਕਸਿਆ, ਗੜ੍ਹ ਤੋੜੇ ਹਉਮੇ ਹੰਗਤਾ । ਜਨ ਭਗਤਾਂ ਹਿਰਦੇ ਅੰਦਰ ਆਪੇ ਵਸਿਆ, ਦਰ ਦਵਾਰੇ ਹੋਏ ਮੰਗਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਬਣਾਏ ਸਾਚੀ ਸੰਗਤਾ । ਕਲਜੁਗ ਮੇਟੇ ਕੂੜ ਪਸਾਰਾ, ਬੀਸ ਬੀਸਾ ਦਏ ਦੁਹਾਈਆ । ਪਰਗਟ ਹੋ ਹੋ ਹਰਿ ਨਿਰੰਕਾਰਾ, ਰਾਗ ਛਤੀਸਾ ਵੇਖ ਵਖਾਈਆ । ਖੇਲੇ ਖੇਲ ਅਪਰ ਅਪਾਰਾ, ਕੁਰਾਨ ਹਦੀਸਾ ਇਕ ਪੜ੍ਹਾਈਆ । ਆਪੇ ਬੰਨ੍ਹੇ ਆਪਣੀ ਧਾਰਾ, ਜਗਤ ਜਗਦੀਸ ਵੱਡੀ ਵਡਿਆਈਆ । ਚਾਰ ਵਰਨ ਸੁਹਾਏ ਇਕ ਦਵਾਰਾ, ਊਚ ਨੀਚ ਰਹਿਣ ਨਾ ਪਾਈਆ । ਏਕਾ ਸ਼ਬਦ


Rev-01

ਏਕਾ ਰਾਗ ਏਕਾ ਧੁਨ ਇਕ ਜੈਕਾਰਾ, ਏਕਾ ਹਰਿ ਏਕਾ ਘਰ ਏਕਾ ਵਰ, ਏਕਾ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਈਆ । ਚਾਰ ਵਰਨ ਇਕ ਦਵਾਰਾ, ਹਰਿ ਸਾਚਾ ਆਪ ਖੁਲ੍ਹਾਇੰਦਾ । ਅਤੋਟ ਅਤੁਟਾ ਭਰ ਭੰਡਾਰਾ, ਆਪੇ ਵੇਖ ਵਖਾਇੰਦਾ । ਸ਼ਬਦ ਸਰੂਪੀ ਬਣ ਵਰਤਾਰਾ, ਪਾਰਬ੍ਰਹਮ ਵਰਤਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਮੰਗਣ ਬਣ ਭਿਖਾਰਾ, ਇਛਿਆ ਭਿਛਿਆ ਪੂਰ ਕਰਾਇੰਦਾ । ਨੌਂ ਖੰਡ ਪ੍ਰਿਥਮੀ ਬੰਨੇ ਧਾਰਾ, ਸੱਤਾਂ ਦੀਪਾਂ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਚ ਵਸਤ ਧੁਰ ਦਰਗਾਹੀ ਆਪ ਲਿਆਇੰਦਾ । ਨਾਮ ਵਸਤ ਸ਼ਬਦ ਅਨਮੋਲ, ਹਰਿ ਸਾਚੇ ਹੱਥ ਵਡਿਆਈਆ । ਆਪ ਆਪਣਾ ਜਾਣੇ ਬੋਲ, ਜੁਗ ਜੁਗ ਆਪੇ ਰਿਹਾ ਅਲਾਈਆ । ਆਪ ਆਪਣੇ ਰੱਖਿਆ ਕੋਲ, ਹੱਟ ਪਸਾਰਾ ਇਕ ਸੁਹਾਈਆ । ਆਪੇ ਤੋਲਣਹਾਰਾ ਤੋਲ, ਤੋਲਣਹਾਰ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਦਏ ਵਡਿਆਈਆ । ਚਾਰ ਵਰਨ ਧਰਮ ਜੈਕਾਰਾ, ਸੋਹੰ ਸੋ ਜਣਾਇਆ । ਸਤਿਜੁਗ ਤੇਰਾ ਸਚ ਵਿਹਾਰਾ, ਹਰਿ ਸਾਚਾ ਰਿਹਾ ਕਰਾਇਆ । ਕਲਜੁਗ ਕੂੜਾ ਮਿਟੇ ਪਸਾਰਾ, ਅੰਤ ਰਹਿਣ ਨਾ ਪਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਾਧ ਸੰਤ ਲਏ ਜਗਾਇਆ । ਅੱਠੇ ਪਹਿਰ ਖ਼ਬਰਦਾਰਾ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਮੇਲ ਸਚ ਘਰ, ਸਰਗੁਣ ਹੋਏ ਸਹਾਇਆ । ਸਰਗੁਣ ਮੇਲਾ ਨਿਰਗੁਣ ਧਾਰ, ਜੋਤ ਕਰੇ ਰੁਸ਼ਨਾਈਆ । ਜੋਤੀ ਸ਼ਬਦੀ ਇਕ ਪਿਆਰ, ਏਕਾ ਥਾਂ ਸੁਹਾਈਆ । ਲੋਕਮਾਤ ਕਰ ਵਿਚਾਰ, ਪ੍ਰਭ ਸਾਚੀ ਖੇਲ ਖਿਲਾਈਆ । ਕਲਜੁਗ ਅੰਤਮ ਵੇਖ ਵਿਚਾਰ, ਭੇਖਾ ਧਾਰੀ ਭੇਖ ਵਟਾਈਆ । ਸ਼ਬਦ ਖੰਡਾ ਤੇਜ਼ ਕਟਾਰ, ਆਪਣੇ ਹੱਥ ਉਠਾਈਆ । ਰਸਨਾ ਚਿੱਲਾ ਤੀਰ ਕਮਾਨ, ਆਪ ਆਪਣਾ ਰਿਹਾ ਚਲਾਈਆ । ਕੂੜ ਕੁੜਿਆਰਾ ਮੇਟ ਨਿਸ਼ਾਨ, ਸਚ ਸੁੱਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਮੇਲ ਦਰ, ਦਰ ਦਰਵੇਸ਼ ਆਪ ਅਖਵਾਈਆ । ਗੁਰਮੁਖ ਸਦ ਤ੍ਰਿਪਤਾਸਿਆ, ਪਾਇਆ ਹਰਿ ਗੋਬਿੰਦ । ਮਿਲਿਆ ਮੇਲ ਸ਼ਾਹੋ ਸਬਾਸਿਆ, ਮਿਟੀ ਸਗਲੀ ਚਿੰਦ । ਪਾਰ ਕਰਾਏ ਪ੍ਰਿਥਮੀ ਅਕਾਸਿਆ, ਆਪ ਉਪਜਾਏ ਆਪਣੀ ਬਿੰਦ । ਸਚ ਮੰਡਲ ਵੇਖੇ ਸਾਚੀ ਰਾਸਿਆ, ਵਡ ਦਾਤਾ ਗੁਣੀ ਗਹਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਦਾ ਬਖ਼ਸ਼ਿੰਦ । ਗੁਰਮੁਖ ਪੂਰੀ ਆਸ, ਗੁਰ ਪੂਰਾ ਰਿਹਾ ਕਰਾਈਆ । ਜਗਤ ਬੁਝਾਏ ਤ੍ਰਿਸਨਾ ਪਿਆਸ, ਆਲਸ ਨਿੰਦਰਾ ਦੂਰ ਕਰਾਈਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਰਹੇ ਗਾਈਆ । ਆਵਣ ਜਾਵਣ ਚੁੱਕੇ ਦਸ ਦਸ ਮਾਸ, ਗਰਭ ਵਾਸ ਫੰਦ ਕਟਾਈਆ । ਹਰਿਜਨ ਦਵਾਰੇ ਹਰਿ ਹਰਿ ਹੋਇਆ ਦਾਸੀ ਦਾਸ, ਸੇਵਕ ਸੇਵਾ ਰਿਹਾ ਕਮਾਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਇਕ ਅਕੱਲਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਸਾਚੇ ਦਰ, ਥਿਰ ਘਰ ਸਾਚਾ ਨਾਉਂ ਧਰਾਈਆ । ਥਿਰ ਘਰ ਸਾਚਾ ਹਰਿ ਹਰਿ ਮੰਦਰ, ਗੁਰਮੁਖ ਵੇਖ ਵਖਾਇੰਦਾ । ਭਾਗ ਲਗਾਏ ਡੂੰਘੀ ਕੰਦਰ, ਦਿਸ ਕਿਸੇ ਨਾ ਆਇੰਦਾ । ਆਪੇ ਤੋੜਨਹਾਰਾ ਜੰਦਰ, ਆਤਮ ਕੁੰਡਾ ਲਾਹਿੰਦਾ । ਜੋਤ ਜਗਾਏ ਅੰਦਰੇ ਅੰਦਰ, ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਏਕਾ ਹਰਿ ਏਕਾ ਨਰ ਏਕਾ ਦਰ


੧੬੫ ੦੨


Rev-01

ਸੁਹਾਇੰਦਾ । ਸਚ ਘਰ ਸਚ ਦਰਵਾਜ਼ਾ, ਹਰਿ ਸਾਚੀ ਜੋਤ ਜਗਾਈਆ । ਇਕ ਅਕੱਲਾ ਗ਼ਰੀਬ ਨਵਾਜ਼ਾ, ਬੈਠਾ ਆਸਣ ਲਾਈਆ । ਦੂਜੇ ਦਰ ਰੱਖਿਆ ਤਾਜਾ, ਚਿੱਟਾ ਅਸਵ ਰਿਹਾ ਦੌੜਾਈਆ । ਤੀਜੇ ਲੋਇਨ ਮਾਰੇ ਵਾਜਾ, ਅਨਹਦ ਸੇਵਾ ਲਾਈਆ । ਚੌਥੇ ਘਰ ਰੱਖੇ ਲਾਜਾ, ਪਰਮ ਪੁਰਖ ਅਖਵਾਈਆ । ਪੰਚਮ ਵਜਾਏ ਏਕਾ ਵਾਜਾ, ਏਕਾ ਰਾਗ ਅਲਾਈਆ । ਛੇਵੇਂ ਸ਼ਬਦੀ ਸਾਚਾ ਕਾਜਾ, ਆਪਣਾ ਆਪ ਰਚਾਈਆ । ਸੱਤਵੇਂ ਘਰ ਸਤਿ ਪੁਰਖ ਨਿਰੰਜਣ ਅਬਿਨਾਸ਼ੀ ਕਰਤਾ ਆਪ ਆਪਣਾ ਕਰੇ ਤਮਾਸ਼ਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਨਿਰਮਲ ਜੋਤੀ ਅਗੰਮ ਅਥਾਹ, ਅਗੰਮ ਅਗੰਮ ਸਮਾਇਆ । ਅਲਖ ਨਿਰੰਜਣ ਅਲਖ ਜਗਾ, ਅਲਖ ਅਲਖ ਰੂਪ ਵਟਾਇਆ । ਸਚਖੰਡ ਦਏ ਸੁਹਾ, ਸਤਿ ਸਰੂਪਾ ਵੇਖ ਵਖਾਇਆ । ਸੁਨ ਅਗੰਮੀ ਰਿਹਾ ਸਮਾ, ਆਪ ਆਪਣਾ ਮੁਖ ਛੁਪਾਇਆ । ਦਸਮ ਦਵਾਰੀ ਡੇਰਾ ਲਾ, ਗੁਰਮੁਖ ਸਾਜਣ ਲਏ ਜਗਾਇਆ । ਆਤਮ ਸੇਜਾ ਸਚ ਵਿਛਾ, ਸਚ ਸਿੰਘਾਸਣ ਆਸਣ ਲਾਇਆ । ਅੰਮ੍ਰਿਤ ਆਤਮ ਜਾਮ ਪਿਆ, ਸਰ ਸਰੋਵਰ ਦਏ ਨੁਹਾਇਆ । ਅਨਹਦ ਸਾਚਾ ਤਾਲ ਵਜਾ, ਪੰਚਮ ਰਾਗ ਅਲਾਇਆ । ਬੰਦ ਕਿਵਾੜੀ ਆਪ ਖੁਲ੍ਹਾ, ਆਪਣਾ ਦਰਸ ਦਿਖਾਇਆ । ਚਰਨ ਦਾੜ੍ਹੀ ਜੋ ਜਨ ਰਹੇ ਛੁਹਾ, ਲਹਿਣਾ ਦੇਣਾ ਲੱਖ ਚੁਰਾਸੀ ਦੇਵੇ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਤਰ ਨੈਣਾ ਦਰਸ ਦਿਖਾਇਆ । ਦਸਮ ਦਵਾਰੀ ਸਚ ਦਵਾਰਾ, ਗੁਰਮੁਖ ਵਿਰਲੇ ਪਾਇਆ । ਸਤਿਗੁਰ ਪੂਰਾ ਕਰ ਪਿਆਰਾ, ਗੁਰਮੁਖਾਂ ਰਿਹਾ ਵਖਾਇਆ । ਸੁਰਤੀ ਸ਼ਬਦੀ ਇਕ ਅਧਾਰਾ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਦਰ ਸਾਚਾ ਇਕ ਸੁਹਾਇਆ । ਦਸਮ ਦਵਾਰੀ ਪਾਰ ਕਿਨਾਰਾ, ਗੁਰਮੁਖ ਪਾਰ ਕਰਾਇੰਦਾ । ਆਪੇ ਜਾਣੇ ਆਪਣੀ ਧਾਰਾ, ਆਪਣੀ ਧਾਰ ਵਹਾਇੰਦਾ । ਸੋ ਪੁਰਖ ਨਿਰੰਜਣ ਵੇਸ ਅਪਾਰਾ, ਏਕਾ ਏਕ ਰਖਾਇੰਦਾ । ਸੋਹੰ ਸ਼ਬਦ ਹੋਏ ਜੈ ਜੈ ਜੈਕਾਰਾ, ਘਰ ਚੌਥੇ ਵਿਚ ਸਮਾਇੰਦਾ । ਪੰਜ ਤਤ ਨਾ ਦਿਸੇ ਅਕਾਰਾ, ਤ੍ਰੈਗੁਣ ਨਾ ਕੋਇ ਵਖਾਇੰਦਾ । ਸੰਤ ਸੁਹੇਲੇ ਸੋਹਿਣ ਸਚ ਦਵਾਰਾ, ਦਰ ਦਰਬਾਰਾ ਇਕ ਵਖਾਇੰਦਾ । ਪੰਚਮ ਖੋਲ੍ਹੇ ਆਪ ਕਿਵਾੜਾ, ਆਪੇ ਕੁੰਡਾ ਲਾਹਿੰਦਾ । ਜੋਤੀ ਸ਼ਬਦੀ ਇਕ ਅਖਾੜਾ, ਏਕਾ ਰਾਗ ਅਲਾਇੰਦਾ । ਛੇਵੇਂ ਘਰ ਖੇਲ ਨਿਆਰਾ, ਛੱਪਰ ਛੰਨ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਦੀਪਕ ਜੋਤੀ ਕਰ ਉਜਿਆਰਾ, ਅਕਾਸ਼ ਪਰਕਾਸ਼ ਸਮਾਇੰਦਾ । ਸੱਤਵੇਂ ਘਰ ਖੇਲ ਅਗੰਮ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਪਾਰਬ੍ਰਹਮ ਬੇਅੰਤ ਬੇਅੰਤਾ, ਬੇਅੰਤ ਆਪ ਅਖਵਾਇੰਦਾ । ਆਪ ਆਪਣਾ ਧਾਮ ਸੁਹੰਤਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਨਾ ਕੋਈ ਦੀਸੇ ਜੀਵ ਜੰਤਾ, ਲੱਖ ਚੁਰਾਸੀ ਨਾ ਕੋਇ ਬਣਾਇੰਦਾ । ਨਾ ਕੋਈ ਰਸਨਾ ਨਾ ਕੋਈ ਜੇਹਵਾ ਨਾ ਕੋਈ ਮਣੀਆ ਨਾ ਕੋਈ ਮਣਤਾ, ਨਾ ਕੋਈ ਰਾਗ ਨਾਦ ਅਲਾਇੰਦਾ । ਨਾ ਕੋਈ ਨਾਰੀ ਨਾ ਕੋਈ ਕੰਤਾ, ਨਾ ਕੋਈ ਰੁੱਤੀ ਦਿਸੇ ਬਸੰਤਾ, ਫਲ ਫੁਲਵਾੜੀ ਨਾ ਵੇਖ ਵਖਾਇੰਦਾ । ਏਕਾ ਏਕ ਏਕ ਹਰਿ ਭਗਵੰਤਾ, ਹਰਿ ਘਰ ਆਪਣਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਮੇਲ ਮਿਲਾਇੰਦਾ । ਮੇਲਣਹਾਰ ਹਰਿ ਭਗਵਾਨਾ, ਪਰਮ ਪੁਰਖ ਅਖਵਾਇਆ । ਜਨ ਭਗਤਾਂ ਦੇਵੇ ਜੀਆ ਦਾਨਾ, ਆਤਮ ਬ੍ਰਹਮ ਗਿਆਨ ਜਣਾਇਆ । ਚਰਨ ਧੂੜ ਬਖ਼ਸ਼ੇ ਸਚ ਅਸ਼ਨਾਨਾ, ਦੁਰਮਤ ਮੈਲ ਗਵਾਇਆ । ਖੇਲੇ ਖੇਲ ਦੋ ਜਹਾਨਾ, ਆਵਣ ਜਾਵਣ ਬਣਤ ਬਣਾਇਆ । ਸੋਹੰ ਸ਼ਬਦ ਸੁਣਾਏ ਸਾਚਾ ਗਾਣਾ, ਸਤਿ ਪੁਰਖ ਨਿਰੰਜਣ

੧੯੬ ੦੨

ਆਪ ਅਲਾਇਆ । ਚਾਰ ਵਰਨ ਦਰ ਇਕ ਸੁਹਾਨਾ, ਬੰਕ ਦਵਾਰਾ ਵੇਖ ਵਖਾਇਆ । ਗੁਰਮੁਖ ਸਾਚਾ ਚਤੁਰ ਸੁਘੜ ਸਿਆਣਾ, ਦੇ ਮਤ ਆਪ ਸਮਝਾਇਆ । ਚਲੇ ਚਲਾਏ ਜੁਗ ਜੁਗ ਆਪਣਾ ਭਾਣਾ, ਹਰਿ ਭਾਣਾ ਆਪਣੇ ਹੱਥ ਰਖਾਇਆ । ਕੋਈ ਨਾ ਜਾਣੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਭੇਵ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਮਾਣੇ ਗਲੇ ਲਏ ਲਗਾਇਆ ।

* ੫ ਫੱਗਣ ੨੦੧੪ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ *

ਸਰਬ ਭੂਪ ਠਾਕਰ ਅਬਿਨਾਸ਼ੀ, ਪਰਮ ਪੁਰਖ ਸੁਲਤਾਨਾ । ਨਿਰਮਲ ਜੋਤ ਸਤਿ ਪਰਕਾਸ਼ੀ, ਗੁਣਵੰਤਾ ਗੁਣ ਨਿਧਾਨਾ । ਹਰ ਘਟ ਅੰਦਰ ਰੱਖੇ ਵਾਸੀ, ਹਰ ਘਟ ਆਪ ਸਮਾਨਾ । ਜਨ ਭਗਤਾਂ ਕਰੇ ਬੰਦ ਖੁਲਾਸੀ, ਹਰਿ ਦੇਵੇ ਨਾਮ ਨਿਧਾਨਾ । ਵੇਖ ਵਖਾਏ ਪ੍ਰਿਥਮੀ ਆਕਾਸ਼ੀ, ਗਗਨ ਪਾਤਾਲਾਂ ਆਪ ਸਮਾਨਾ । ਜੁਗ ਜੁਗ ਖੇਲ ਖੇਲੇ ਤਮਾਸ਼ੀ, ਕਲਜੁਗ ਖੇਲੇ ਖੇਲ ਮਹਾਨਾ । ਪਰਗਟ ਹੋਏ ਘਨਕਪੁਰ ਵਾਸੀ, ਸ਼ਬਦ ਝੁਲਾਏ ਸਚ ਨਿਸ਼ਾਨਾ । ਤੀਰ ਨਿਰਾਲਾ ਏਕਾ ਲਾਸੀ, ਸੋਹੰ ਹੱਥ ਕਮਾਨਾ । ਲੋਆਂ ਪੁਰੀਆਂ ਆਪ ਹਲਾਸੀ, ਜੇਰਜ ਅੰਡ ਕਰੇ ਵੈਰਾਨਾ । ਲੱਖ ਚੁਰਾਸੀ ਦਾਸਨ ਦਾਸੀ, ਪਰਗਟ ਹੋਏ ਜੋਧਾ ਸੂਰ ਬਲੀ ਬਲਵਾਨਾ । ਕੋਈ ਰਹਿਣ ਨਾ ਦੇਵੇ ਮਦਿਰਾ ਮਾਸੀ, ਸ਼ਬਦ ਸੁਣਾਏ ਸਚ ਤਰਾਨਾ । ਪਕੜ ਉਠਾਏ ਪੰਡਤ ਕਾਸੀ, ਵੇਦ ਕਤੇਬਾਂ ਫੋਲ ਫੋਲਾਨਾ । ਲੇਖੇ ਲਾਏ ਭਗਤ ਸਵਾਸੀ, ਜਿਸ ਹਰਿ ਹਰਿ ਰਸਨਾ ਗਾਣਾ । ਪੂਰ ਕਰਾਏ ਆਤਮ ਆਸੀ, ਮੇਲ ਮਿਲਾਏ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਏ ਵਾਲੀ ਦੋ ਜਹਾਨਾਂ । ਕਰਤਾ ਪੁਰਖ ਸਰਬ ਘਟ ਠਾਕਰ, ਸਰਬ ਜੀਆਂ ਜਗ ਦਾਤਾ । ਹਰਿਜਨ ਨਿਰਮਲ ਕਰਮ ਕਰੇ ਉਜਾਗਰ, ਅੰਮ੍ਰਿਤ ਦੇਵੇ ਬੂੰਦ ਸਵਾਂਤਾ । ਨਾਮ ਵਣਜ ਕਰਾਏ ਸਚ ਸੌਦਾਗਰ, ਮੇਟੇ ਰੈਣ ਅੰਧੇਰੀ ਰਾਤਾ । ਨਿਰਮਲ ਜੋਤ ਜਗਾਏ ਕਾਇਆ ਗਾਗਰ, ਅੱਠੇ ਪਹਿਰ ਰਹੇ ਪਰਭਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਇਕ ਇਕਾਂਤਾ । ਸਰਬ ਗੁਰਦੇਵ ਹਰਿ ਹਰਿ ਕਰਤਾ, ਕਰਣਹਾਰ ਕਰਤਾਰਾ । ਆਪਣਾ ਭਾਣਾ ਆਪੇ ਵਰਤਾ, ਵਰਤੇ ਵਿਚ ਸੰਸਾਰਾ । ਆਪਣਾ ਭੇਖ ਆਪੇ ਧਰਤਾ, ਆਪੇ ਲਏ ਅਵਤਾਰਾ । ਆਪਣਾ ਘਾੜਨ ਆਪੇ ਘੜਤਾ, ਘੜਣ ਭੰਨਣਹਾਰ ਕਰਤਾਰਾ । ਲੋਆਂ ਪੁਰੀਆਂ ਆਪੇ ਚੜ੍ਹਦਾ, ਆਪੇ ਪਾਵੇ ਸਾਰਾ । ਲੋਕਮਾਤ ਜਨ ਭਗਤਾਂ ਹਿਰਦੇ ਅੰਦਰ ਆਪੇ ਵੜਦਾ, ਆਪੇ ਵੇਖੇ ਪਾਰ ਕਿਨਾਰਾ । ਅਗਨੀ ਹਵਨ ਕਦੇ ਨਾ ਸੜਦਾ, ਮੜੀ ਗੌਰ ਨਾ ਕੋਈ ਧਾਰਾ । ਲੱਖ ਚੁਰਾਸੀ ਆਪੇ ਲੜਦਾ, ਆਪੇ ਦੇਵੇ ਨਾਮ ਆਧਾਰਾ । ਲਹਿਣਾ ਦੇਣਾ ਮੂਲ ਚੁਕਾਏ ਸੀਸ ਧੜ ਦਾ, ਕਲਜੁਗ ਤੇਰੀ ਅੰਤਮ ਵਾਰਾ । ਵਹਿਣ ਵਹਾਏ ਕੂੜ ਕੁੜਿਆਰੇ ਹੜ ਦਾ, ਨਾਲ ਰਲਾਏ ਪੰਚ ਵਿਕਾਰਾ । ਆਪਣਾ ਅੱਖਰ ਆਪੇ ਪੜ੍ਹਦਾ, ਸੋਹੰ ਸ਼ਬਦ ਸਚ ਜੈਕਾਰਾ । ਵੇਖੇ ਖੇਲ ਚੋਟੀ ਜੜ ਦਾ, ਆਪ ਬੈਠਾ ਅਧਵਿਚਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਲਏ ਅਵਤਾਰਾ । ਪਾਰਬ੍ਰਹਮ ਬੇਅੰਤ ਸਵਾਮੀ, ਰੂਪ ਅਨੂਪ ਅਨੂਪਾ । ਸਰਬ ਘਟਾ ਹਰਿ ਅੰਤਰਜਾਮੀ, ਹਰਿ ਸਾਜਨ ਸ਼ਾਹੋ ਭੂਪਾ ।

ਆਪੇ ਦੇਵੇ ਨਾਮ ਅਨਾਮੀ, ਵੇਖ ਵਖਾਣੇ ਚਾਰੇ ਕੂਟਾ । ਆਪੇ ਬਖ਼ਸ਼ੇ ਅੰਮ੍ਰਿਤ ਆਤਮ ਪਾਣੀ, ਸਰ ਸਰੋਵਰ ਭਰਾਏ ਕਾਇਆ ਤੂਠਾ । ਆਪ ਸੁਣਾਏ ਦਇਆ ਕਮਾਏ ਕਾਇਆ ਮੰਦਰ ਅਨਹਦ ਸਾਚੀ ਬਾਣੀ, ਗੁਰਮੁਖ ਮਨਾਏ ਰੂਠਾ । ਆਵਣ ਜਾਵਣ ਚੁੱਕੇ ਕਾਣੀ, ਗਰਭ ਵਾਸ ਨਾ ਹੋਏ ਪੁਠਾ । ਮਿਲੇ ਮੇਲ ਗੁਰ ਸ਼ਬਦ ਸਾਚੇ ਹਾਣੀ, ਗੁਰ ਸਤਿਗੁਰ ਪੂਰਾ ਤੁਠਾ । ਦਰ ਦਵਾਰੇ ਦੇਵੇ ਮਾਣੀ, ਅੰਮ੍ਰਿਤ ਦੇਵੇ ਸਾਚੀ ਘੁੱਟਾ । ਕਲਜੁਗ ਅੰਤਮ ਔਧ ਵਿਹਾਨੀ, ਲੱਖ ਚੁਰਾਸੀ ਨੌਂ ਖੰਡ ਪ੍ਰਿਥਮੀ ਮਾਇਆ ਮਮਤਾ ਲੁਟਾ । ਗੁਰਚਰਨ ਨਾ ਕਰੇ ਕੋਇ ਕੁਰਬਾਨੀ, ਕਲਜੁਗ ਜੀਵ ਬੈਠਾ ਰੁੱਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਰੱਖੇ ਏਕਾ ਮੁਠਾ । ਆਦਿ ਪੁਰਖ ਸਰਬ ਘਟ ਵਸਿਆ, ਪਾਰਬ੍ਰਹਮ ਪਰਮੇਸ਼ਵਰ । ਭਗਤ ਜਨਾਂ ਰਾਹ ਸਾਚਾ ਦੱਸਿਆ, ਮਸਤਕ ਟਿੱਕਾ ਸਾਚੇ ਕੇਸਰ । ਧੁਰਦਰਗਾਹੀ ਆਏ ਨੱਸਿਆ, ਕਲਜੁਗ ਖੇਲੇ ਖੇਲ ਵਿਚ ਥਾਨੇਸਰ । ਮੇਟੇ ਰੈਣ ਅੰਧੇਰੀ ਮੱਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜਗਤ ਜਗਤੇਸ਼ਵਰ । ਆਦਿ ਸ਼ਕਤ ਜੋਤ ਨੂਰਾਨੀ, ਕੋਟ ਬ੍ਰਹਿਮੰਡ ਸਮਾਇਆ । ਰੂਪ ਅਗੰਮਾ ਧੁਰ ਨਿਸ਼ਾਨੀ, ਆਪਣੀ ਆਪ ਰਖਾਇਆ । ਆਪੇ ਦਾਤਾ ਜੀਆ ਦਾਨੀ, ਦਾਤਾ ਦਾਨੀ ਆਪ ਹੋ ਆਇਆ । ਆਪੇ ਖੇਲੇ ਖੇਲ ਮਹਾਨੀ, ਸਮਰਥ ਪੁਰਖ ਰਘੁਰਾਇਆ । ਕਲਜੁਗ ਭੁੱਲੇ ਜੀਵ ਨਿਧਾਨੀ, ਨਰ ਨਿਰੰਕਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਸਬਾਇਆ । ਸਤਿ ਸਰੂਪ ਹਰਿ ਰੰਗ ਰਾਤਾ, ਅਕਲ ਕਲਾ ਵਰਤਾਇੰਦਾ । ਸ੍ਰਿਸ਼ਟ ਸਬਾਈ ਆਪ ਭੁਲਾਈ ਜ਼ਾਤਾ ਪਾਤਾ, ਊਚਾਂ ਨੀਚਾਂ ਲੜ ਫੜਾਇੰਦਾ । ਮਨਮਤ ਰਲਾਈ ਨਾਲ ਨਾਰ ਕਮਜਾਤਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਹਰਿ ਹਰਿ ਸ਼ਬਦ ਨਾ ਕੋਈ ਗਾਏ ਸਾਚੀ ਗਾਥਾ, ਜਨ ਗਾ ਗਾ ਵਕਤ ਲੰਘਾਇੰਦਾ । ਨਿਉਂ ਨਿਉਂ ਸਾਰੇ ਟੇਕਣ ਮਾਥਾ, ਨਿਮਸਕਾਰ ਨਾ ਕੋਇ ਕਰਾਇੰਦਾ । ਪੰਜ ਤਤ ਵਿਕਾਰੇ ਚੜ੍ਹੇ ਰਾਥਾ, ਸਾਚਾ ਰਥ ਦਿਸ ਨਾ ਆਇੰਦਾ । ਭੈਣ ਭਾਈ ਪੁੱਤਰ ਧੀਆਂ ਬਣਾਇਆ ਸਗਲਾ ਸਾਥਾ, ਸਗਲਾ ਸੰਗ ਨਾ ਕੋਈ ਰਖਾਇੰਦਾ । ਪਰਗਟ ਹੋ ਹਰਿ ਤ੍ਰਿਲੋਕੀ ਨਾਥਾ, ਤ੍ਰੈਭਵਣ ਬੂਝ ਬੁਝਾਇੰਦਾ । ਲੇਖੇ ਲਾਏ ਤਤ ਆਠਾ, ਨੌਂ ਦਰ ਵੇਖ ਵਖਾਇੰਦਾ । ਇਕ ਜਣਾਏ ਪੂਜਾ ਪਾਠਾ, ਸੋਹੰ ਸ਼ਬਦ ਅਲਾਇੰਦਾ । ਅੰਮ੍ਰਿਤ ਆਤਮ ਮਾਰੇ ਠਾਠਾ, ਗੁਰਮੁਖ ਸਾਚੇ ਆਪ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਡੰਕ ਵਜਾਇੰਦਾ । ਪਾਰਬ੍ਰਹਮ ਸਰਬ ਨਿਰੰਤਰ, ਵਿਸ਼ਨ ਮਹੇਸ਼ ਸਮਾਇਆ । ਆਪਣੀ ਬੁਧ ਪਾਏ ਅੰਤਰ, ਬ੍ਰਹਮਾ ਸੇਵਾ ਲਾਇਆ । ਗਣਪਤ ਗਨੇਸ਼ ਜਣਾਇਆ ਏਕਾ ਮੰਤਰ, ਸ਼ਿਵ ਸ਼ੰਕਰ ਰਸਨ ਅਲਾਇਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਬੁਝਾਏ ਲੱਗੀ ਬਸੰਤਰ, ਆਪ ਆਪਣੀ ਦਇਆ ਕਮਾਇਆ । ਖੇਲੇ ਖੇਲ ਜਗਤ ਮਨਵੰਤਰ, ਜੁਗ ਜੁਗ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਇਆ । ਪਾਰਬ੍ਰਹਮ ਨਿਝ ਘਰ ਵਾਸਾ, ਨਰ ਹਰਿ ਆਪ ਅਖਵਾਇਆ । ਭਗਤਨ ਮੀਤਾ ਦਾਸੀ ਦਾਸਾ, ਦਿਵਸ ਰੈਣ ਸੇਵ ਕਮਾਇਆ । ਲੇਖੇ ਲਾਏ ਸਵਾਸ ਸਵਾਸਾ, ਲੇਖਾ ਆਪਣੇ ਹੱਥ ਰਖਾਇਆ । ਗੁਰਮੁਖ ਗੁਰਸਿਖ ਹਰਿਜਨ ਬਲ ਬਲ ਜਾਸਾ, ਜਿਸ ਹਰਿ ਰਸਨਾ ਨਾਮ ਧਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਲ ਮੂਰਤ ਅਕਾਲ ਸੂਰਤ ਜੋਤੀ ਨੂਰਤ ਨੂਰੋ ਨੂਰ ਨੂਰ ਆਪ ਅਖਵਾਇਆ ।

੧੬੮
੦੭

## * ੫ ਫੱਗਣ ੨੦੧੪ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਘਰ ਪਿੰਡ ਗੱਗੋਬੂਆ *

ਘਰ ਸੇਵਿਆ ਘਰ ਪਾਇਆ, ਘਰ ਪਾਰਬ੍ਰਹਮ ਬੇਅੰਤ । ਘਰ ਸੁੰਨਰਾ ਘਰ ਜੇਹਵਿਆ, ਘਰ ਵਸਿਆ ਸਾਚਾ ਸੰਤ । ਘਰ ਮਸਤਕ ਘਰ ਥੇਵਿਆ, ਘਰ ਮੇਲਾ ਸਾਚੇ ਕੰਤ । ਘਰ ਵਸੇ ਅਲਖ ਅਭੇਵਿਆ, ਘਰ ਸੁਹਾਏ ਰੁੱਤ ਬਸੰਤ । ਘਰ ਦਾਤਾ ਵਡ ਦੇਵੀ ਦੇਵਿਆ, ਘਰ ਵਡਿਆਏ ਜੀਵ ਜੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਜਪਾਏ ਆਪਣਾ ਮੰਤ । ਮੰਤਰ ਨਾਮ ਸਚ ਦ੍ਰਿੜਾ, ਸਾਚਾ ਵਣਜ ਕਰਾਇਆ । ਗੁਰਮਤ ਸਾਚੀ ਇਕ ਸਿਖਾ, ਸਾਜਨ ਮੀਤ ਮਿਲਾਇਆ । ਜਗਤ ਨਿਮਾਣਾ ਗਲੇ ਲਗਾ, ਭਗਤੀ ਮਾਰਗ ਲਾਇਆ । ਸਗਲਾ ਸੰਗ ਆਪ ਵਖਾ, ਸਾਚਾ ਸੰਗ ਰਖਾਇਆ । ਗੁਰਮੁਖ ਸਾਜਨ ਹੋਏ ਸਹਾ, ਚਰਨ ਕਵਲ ਬਖ਼ਸ਼ੇ ਸਚ ਸਰਨਾਇਆ । ਦੋ ਜਹਾਨੀ ਪਕੜੇ ਬਾਂਹ, ਕਰ ਪਿਆਰ ਆਪਣੇ ਅੰਗ ਲਗਾਇਆ । ਸ਼ਬਦ ਦੋ ਅੱਖਰ ਕਰ ਵਿਚਾਰ, ਬੰਕ ਦਵਾਰ ਸੁਹਾਇਆ । ਨੇਤਰ ਅੱਥਰ ਲਏ ਅਧਾਰ, ਪੰਜ ਸੱਥਰ ਦਏ ਵਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਅਵਾਣਾ ਗੋਦ ਉਠਾਇਆ ।

## * ੫ ਫੱਗਣ ੨੦੧੪ ਬਿਕ੍ਰਮੀ ਚੰਨਣ ਸਿੰਘ ਦੇ ਘਰ *

ਘਰ ਡੰਡੌਤ ਘਰ ਬੰਦਨਾ, ਘਰ ਘਰ ਨਿਮਸਕਾਰ । ਘਰ ਘਰ ਗੁਰਮੁਖ ਪਰਮਾਨੰਦਨਾ, ਘਰ ਘਰ ਚਰਨ ਪਿਆਰ । ਘਰ ਘਰ ਗੁਰ ਬਖ਼ਸ਼ੰਦਨਾ, ਘਰ ਘਰ ਦਏ ਅਧਾਰ । ਘਰ ਘਰ ਚੜ੍ਹਿਆ ਸਾਚਾ ਚੰਦਨਾ, ਘਰ ਘਰ ਜੋਤ ਕਰੇ ਉਜਿਆਰ । ਘਰ ਘਰ ਤੋੜੇ ਝੂਠਾ ਫੰਦਨਾ, ਘਰ ਘਰ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਾਏ ਪਾਰ । ਘਰ ਪਾਇਆ ਘਰ ਵਸਿਆ, ਘਰ ਦੀਵਾ ਘਰ ਬਾਤੀ । ਘਰ ਪਰਕਾਸ਼ ਕੋਟਨ ਰਵ ਸੱਸਿਆ, ਘਰ ਮਿਟੇ ਅੰਧੇਰੀ ਰਾਤੀ । ਘਰ ਸਤਿਗੁਰ ਆਵੇ ਨੱਸਿਆ, ਘਰ ਦੇਵੇ ਬੂੰਦ ਸਵਾਂਤੀ । ਘਰ ਮੰਦਰ ਬਹਿ ਬਹਿ ਹੱਸਿਆ, ਘਰ ਮਿਲਿਆ ਕਮਲਾਪਾਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਦੇਵੇ ਲਹਿਣਾ ਬਾਕੀ । ਘਰ ਸੋਹੇ ਘਰ ਸੁਹਾਇਆ, ਘਰ ਚੜ੍ਹਾਇਆ ਸਾਚਾ ਚੰਦ । ਘਰ ਦੋਏ ਦੋਏ ਏਕਾ ਘਰ ਵਖਾਇਆ, ਇਕ ਵਖਾਏ ਨਿਜਾਨੰਦ । ਘਰ ਘਰ ਹੋਏ ਰੁਸ਼ਨਾਇਆ, ਘਰ ਮਿਟਾਈ ਦੂਈ ਕੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਏ ਰਸਨਾ ਗਾਇਆ ਬੱਤੀ ਦੰਦ ।

## * ੫ ਫੱਗਣ ੨੦੧੪ ਬਿਕ੍ਰਮੀ ਆਤਮਾ ਸਿੰਘ ਦੇ ਘਰ *

ਨਾਮ ਖਾਟ ਸਚ ਸਿੰਘਾਸਣ, ਸਤਿਗੁਰ ਪੁਰਖ ਸੁਹਾਇਆ । ਸਚ ਵਖਾਏ ਤੀਰਥ ਤਾਟ, ਸਾਚਾ ਸੰਗਮ ਇਕ ਜਣਾਇਆ । ਗੁਰਸਿਖ ਪੂਰਾ ਉਤਰੇ ਏਕਾ ਘਾਟ, ਬਿਰਧ ਬਾਲ ਜਵਾਨੀ ਲੇਖੇ ਲਾਇਆ । ਅੰਤਮ ਵਿਕਿਆ ਸਾਚੇ ਹਾਟ, ਗੁਰ ਸੰਗਤ ਮੁਲ ਪੁਆਇਆ । ਜਗਦੀ ਰਹੇ ਜੋਤ


Rev-01

ਲਲਾਟ, ਨਾ ਸਕੇ ਕੋਈ ਬੁਝਾਇਆ । ਇਕ ਸਰੋਵਰ ਮਾਰੇ ਠਾਠ, ਲੋਕਮਾਤ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੇਤਰ ਨੀਰ, ਗੁਰਸਿਖ ਕਟੇ ਭੀੜ, ਲੱਖ ਚੁਰਾਸੀ ਰੋਗ ਗਵਾਇਆ । ਸੇਵ ਕਮਾਈ ਸੇਵਾ ਕਰ, ਲੇਖੇ ਲਾਏ ਘਾਲੀ । ਨੀਰ ਵਹਾਏ ਗੁਰਮੁਖਾਂ ਘਰ, ਆਪੇ ਹੋਇਆ ਕੰਗਾਲੀ । ਆਪੇ ਦੇਵਣਹਾਰਾ ਵਰ, ਆਪੇ ਕਰੇ ਸਵਾਲੀ । ਆਪ ਭੰਡਾਰੇ ਰਿਹਾ ਭਰ, ਆਪੇ ਫਲ ਲਗਾਏ ਡਾਲ਼ੀ । ਆਪਣੀ ਸੇਵਾ ਆਪੇ ਕਰ, ਆਪੇ ਕਰੇ ਪ੍ਰਿਤਪਾਲੀ । ਆਪਣਾ ਮੇਵਾ ਆਪਣੇ ਮੁਖ ਧਰ, ਆਪੇ ਲਏ ਸੰਭਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਸਾਚਾ ਲਾਲੀ । ਜਗਤ ਲਾਲੀ ਚੜ੍ਹ ਜਗ, ਜੁਗ ਹੋਏ ਰੁਸ਼ਨਾਈਆ । ਕਿਰਿਆ ਕਰੇ ਸੂਰਾ ਸਰਬੰਗ, ਆਪਣੀ ਦਇਆ ਕਮਾਈਆ । ਹੰਸ ਸਰੋਵਰ ਨੁਹਾਏ ਪਾਰ ਉਤਰਨ ਕੱਗ, ਕਾਗ ਹੰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਜੋਤੀ ਜਗਾਏ ਚਰਾਗ, ਆਪੇ ਲਏ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮਾਂ ਕਰਮ ਕਰਮਾਂ ਧਰਮ ਧਰਮਾਂ ਵਰਨ ਵਰਨਾਂ ਲੇਖੇ ਲਾਈਆ । ਸਤਿਜੁਗ ਤੇਰੀ ਸਾਚੀ ਧਾਰ, ਪ੍ਰਭ ਸਾਚੇ ਨੀਂਹ ਧਰਾਈਆ । ਗੁਰਮੁਖ ਸਾਚੇ ਲਾਏ ਪਾਰ, ਜਨਮ ਮਰਨ ਫੰਦ ਕਟਾਈਆ । ਸ਼ਬਦੀ ਸ਼ਬਦ ਦਏ ਹੁਲਾਰ, ਆਪਣਾ ਮੁਖ ਭਵਾਈਆ । ਲੋਕਮਾਤ ਦਏ ਸਵਾਰ, ਦਰਗਹਿ ਸਾਚੀ ਧਾਮ ਸੁਹਾਈਆ । ਉਲਟਾ ਮੁਖ ਰੱਖੇ ਘਰ ਬਾਰ, ਸੁਖ ਸਾਚਾ ਸਹਿਜ ਸਹਿਜ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਉਚ ਮਹੱਲੇ ਬੈਠਾ ਆਸਣ ਲਾਈਆ ।



* ੫ ਫੱਗਣ ੨੦੧੪ ਬਿਕ੍ਰਮੀ ਜਗੀਰ ਸਿੰਘ ਦੇ ਘਰ *

ਸਰਬ ਜੀਆਂ ਪ੍ਰਭ ਆਪੇ ਦਾਤਾ, ਗੋਬਿੰਦ ਰੂਪ ਗੋਪਾਲ । ਚਰਨ ਕਵਲ ਬੰਧਾਏ ਸਾਚਾ ਨਾਤਾ, ਦੀਨਾ ਬੰਧਪ ਦੀਨ ਦਿਆਲ । ਸਾਚੀ ਦੇਵੇ ਨਾਮ ਦਾਤਾ, ਸੁਹਾਏ ਮੰਦਰ ਸੱਚੀ ਧਰਮਸਾਲ । ਅੰਮ੍ਰਿਤ ਬੂੰਦ ਪਿਆਏ ਸਵਾਂਤਾ, ਭਾਗ ਲਗਾਏ ਕਾਇਆ ਖਾਲ । ਮੇਟ ਮਿਟਾਏ ਅੰਧੇਰੀ ਰਾਤਾ, ਦੀਪਕ ਜੋਤੀ ਸਾਚਾ ਬਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਕੜ ਉਠਾਏ ਸਾਚਾ ਲਾਲ । ਬਾਲ ਅੰਞਾਣਾ ਬਾਲੀ ਬੁਧ, ਹਰਿ ਪੂਰਨ ਬੂਝ ਬੁਝਾਈਆ । ਕਰੇ ਕਰਾਏ ਕਾਰਜ ਸੁਧ, ਕਰਨੀ ਕਰਤਾ ਆਪ ਅਖਵਾਈਆ । ਭੇਵ ਚੁਕਾਏ ਆਪਣਾ ਗੁਝ, ਆਪਣਾ ਰੰਗ ਰੰਗਾਈਆ । ਚਰਨ ਕਵਲ ਜਨ ਜਾਏ ਜੂਝ, ਲੇਖਾ ਲੇਖੇ ਪਾਈਆ । ਆਪ ਆਪਣਾ ਲਿਆ ਬੁਝ, ਭਰਮੀ ਭਰਮ ਮਿਟਾਈਆ । ਸਚ ਦਵਾਰਾ ਗਿਆ ਸੁਝ, ਮਾਨਸ ਜਨਮ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ, ਵੱਡੀ ਵਡਿਆਈਆ । ਜਗਤ ਹੁਲਾਰਾ ਨਾ ਜਾਏ ਡੋਲ, ਚਾਰੋਂ ਕੁੰਟ ਹਿਲਾਇਆ । ਸ਼ਬਦ ਦੋ ਅੱਖਰ ਲੈਣਾ ਬੋਲ, ਸਤਿਗੁਰ ਮੇਲ ਮਿਲਾਇਆ । ਪੂਰਾ ਕਰਨਾ ਕੀਤਾ ਕੌਲ, ਜਨ ਹਰਿ ਵੇਖ ਵਖਾਇਆ । ਮਿਲੇ ਵਡਿਆਈ ਉਪਰ ਧੌਲ, ਧਰਤ ਧਵਲ ਸੁਹਾਇਆ । ਸੋਹੰ ਸ਼ਬਦ ਰਖਾਈ ਸਾਚੀ ਪੌਹਲ, ਅੰਮ੍ਰਿਤ ਆਤਮ ਇਕ ਚਖਾਇਆ । ਜੋਤੀ ਸ਼ਬਦੀ ਜਾਏ ਮੌਲ, ਫਲ ਫੁਲਵਾੜੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਗਲੇ ਲਗਾਇਆ ।



Rev-01

### * ੫ ਫੱਗਣ ੨੦੧੪ ਬਿਕ੍ਰਮੀ ਉਤਮ ਸਿੰਘ ਦੇ ਘਰ *

ਸਤਿਗੁਰ ਪੂਰਾ ਪਾਇਆ, ਸਗਲੀ ਮਿਟੀ ਪਿਆਸ । ਰਸਨਾ ਹਰਿ ਹਰਿ ਗਾਇਆ, ਪੂਰੀ ਕਰੇ ਆਸ । ਸੇਵਕ ਸੇਵਾ ਲੇਖੇ ਲਾਇਆ, ਲੇਖੇ ਲਾਏ ਰਸਨ ਸਵਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਧਰਵਾਸ । ਚਰਨ ਭਰਵਾਸਾ ਸਚ ਦਵਾਰ, ਸਚ ਦਵਾਰ ਗੁਰਮੁਖ ਆਪ ਜਣਾਇੰਦਾ । ਸ਼ਾਹੋ ਸ਼ਬਾਸ਼ਾ ਕਰ ਪਿਆਰ, ਸਾਚਾ ਸੁਖ ਇਕ ਵਖਾਇੰਦਾ । ਹਉਮੇ ਦੁੱਖ ਦਏ ਨਿਵਾਰ, ਤ੍ਰਿਸਨਾ ਭੁੱਖ ਮਿਟਾਇੰਦਾ । ਏਥੇ ਓਥੇ ਪਾਏ ਸਾਰ, ਸਾਜਨ ਮੀਤ ਆਪ ਹੋ ਜਾਇੰਦਾ । ਪਾਰ ਕਰਾਏ ਨਰ ਨਾਰ, ਜਗਤ ਭਗਤ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਿਖ ਗੁਰ ਏਕਾ ਧਾਮ ਸੁਹਾਇੰਦਾ । ਏਕਾ ਧਾਮ ਇਕ ਦਵਾਰਾ, ਏਕਾ ਘਰ ਵਸਾਇਆ । ਇਕ ਸ਼ਬਦ ਇਕ ਪਿਆਰਾ, ਏਕਾ ਰਿਹਾ ਜਪਾਇਆ । ਏਕਾ ਵਰ ਏਕਾ ਨਰ ਏਕਾ ਹਰਿ, ਇਕ ਭੰਡਾਰਾ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਮੁਖ ਆਪਣੇ ਰੰਗ ਰੰਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਦਵਾਰਾ ਅੰਦਰ ਲੰਘ, ਸ਼ਬਦ ਸਿੰਘਾਸਣ ਦਏ ਸੁਹਾਇਆ ।

### * ੫ ਫੱਗਣ ੨੦੧੪ ਬਿਕ੍ਰਮੀ ਕਰਮ ਸਿੰਘ ਦੇ ਘਰ ਪਿੰਡ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ *



ਨਾਮ ਰੰਗਣ ਰੰਗ ਚਲੂਲ, ਰੱਤੀ ਰੰਗ ਰੰਗਾਇਣ । ਆਪੇ ਦੇਵਣਹਾਰਾ ਲਹਿਣਾ ਦੇਣਾ ਮੂਲ, ਆਤਮ ਇਛਿਆ ਪੂਰ ਕਰਾਇਣ । ਗੁਰਮੁਖ ਸਾਜਣ ਸਚ ਪੰਘੂੜਾ ਰਿਹਾ ਝੂਲ, ਦਰ ਘਰ ਸਾਚੇ ਆਪ ਝੁਲਾਇਣ । ਸ਼ਬਦੀ ਸ਼ਬਦ ਸ਼ਬਦ ਗੁਰ ਰੱਖੇ ਫੂਲ, ਆਪੇ ਹੋਏ ਮਾਲਣ ਨਾਇਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੇ ਨੈਣ । ਨੈਣ ਉਘਾੜ ਨੇਤਰ ਖੋਲ੍ਹ, ਨਿਜ ਘਰ ਵੇਖ ਵਖਾਇੰਦਾ । ਆਪਣੇ ਮੰਦਰ ਆਪੇ ਬੋਲ, ਆਪਣਾ ਰਾਗ ਅਲਾਇੰਦਾ । ਆਪਣੇ ਕੰਡੇ ਆਪੇ ਤੋਲ, ਤੋਲਣਹਾਰਾ ਆਪ ਅਖਵਾਇੰਦਾ । ਹਰਿਜਨ ਵਸੇ ਸਦਾ ਕੋਲ, ਦਿਸ ਕਿਸੇ ਨਾ ਆਇੰਦਾ । ਕਲਜੁਗ ਮਾਇਆ ਪਿਆ ਘੋਲ, ਪੰਜ ਤਤ ਅਖਾੜਾ ਇਕ ਵਖਾਇੰਦਾ । ਜੂਠ ਝੂਠ ਵੱਜੇ ਢੋਲ, ਮਨਮਤ ਨਗਾਰਾ ਇਕ ਵਖਾਇੰਦਾ । ਗੁਰਮੁਖ ਵਿਰਲਾ ਚਰਨ ਪ੍ਰੀਤੀ ਸਤਿਗੁਰ ਪੂਰੇ ਰਿਹਾ ਘੋਲ, ਅੱਠੇ ਪਹਿਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰਸ ਦਿਖਾਇੰਦਾ । ਦਰਸ ਦਿਖਾਏ ਮੇਟੇ ਤਾਂਘ, ਹਉਮੇ ਰੋਗ ਜਲਾਇੰਦਾ । ਸਵਾਂਗੀ ਵਰਤੇ ਆਪਣਾ ਸਵਾਂਗ, ਭੇਖੀ ਭੇਖ ਕਰਾਇੰਦਾ । ਨਾਮ ਚੜ੍ਹਾਏ ਸਾਚੀ ਕਾਂਗ, ਗੁਰਮੁਖ ਸਾਜਣ ਆਪ ਤਰਾਇੰਦਾ । ਏਕਾ ਮੰਗਣੀ ਘਰ ਸਾਚੇ ਮਾਂਗ, ਚਰਨ ਕਵਲ ਧਿਆਨ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜੇ ਮੇਲ ਮਿਲਾਇੰਦਾ ।

### * ੫ ਫੱਗਣ ੨੦੧੪ ਬਿਕ੍ਰਮੀ ਸੁਰਜਨ ਸਿੰਘ ਦੇ ਘਰ ਪਿੰਡ ਭੁੱਚਰ ਅੰਮ੍ਰਿਤਸਰ *

ਆਦਿ ਪੁਰਖ ਅਬਿਨਾਸ਼, ਬ੍ਰਹਿਮਾਦ ਸਮਾਇਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਦਿਸ ਕਿਸੇ ਨਾ ਆਇਆ । ਜੁਗ ਜੁਗ ਪਾਏ ਆਪਣੀ ਰਾਸ, ਮੰਡਲ ਮੰਡਪ ਦਏ ਸੁਹਾਇਆ । ਸ੍ਰਿਸ਼ਟ ਸਬਾਈ ਆਪ ਉਪਾਏ ਆਪ ਕਰਾਏ ਨਾਸ, ਕਰਤਾ ਪੁਰਖ ਆਪ ਅਖਵਾਇਆ । ਜਨ ਭਗਤਾਂ ਹੋਏ ਦਾਸੀ ਦਾਸ, ਸੇਵਕ ਸੇਵਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਵਟਾਇਆ । ਆਦਿ ਪੁਰਖ ਹਰਿ ਕਰਤਾਰਾ, ਅਕਲ ਕਲਾ ਅਖਵਾਇੰਦਾ । ਆਪ ਆਪਣੀ ਬੰਨੇ ਧਾਰਾ, ਆਪਣੀ ਬਣਤ ਬਣਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਆਦਿ ਪੁਰਖ ਆਦਿ ਨਿਰੰਜਣ, ਏਕਾ ਏਕ ਅਖਵਾਇਆ । ਆਪ ਆਪਣਾ ਹੋਇਆ ਸੱਜਣ, ਆਪ ਆਪਣੀ ਮੰਗ ਮੰਗਾਇਆ । ਆਪ ਆਪਣਾ ਕਰਿਆ ਮਜਨ, ਆਪ ਆਪਣਾ ਤੀਰਥ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਇਆ । ਭੇਖਾਧਾਰੀ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਜੋਗ ਜੁਗਤ ਆਪਣੇ ਹੱਥ ਰਖਾਇੰਦਾ । ਆਪੇ ਜਾਣੇ ਆਪਣਾ ਗਾਣਾ, ਆਪ ਆਪਣਾ ਨਾਦ ਵਜਾਇੰਦਾ । ਸ਼ਬਦ ਜਣਾਏ ਸਚ ਤਰਾਨਾ, ਧੁਨੀ ਧੁਨ ਸਮਾਇੰਦਾ । ਬੋਧ ਅਗਾਧ ਆਪ ਅਖਵਾਨਾ, ਭੇਵ ਕੋਇ ਨਾ ਪਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਸ਼ਾਹ ਸੁਲਤਾਨ ਆਪ ਹੋ ਜਾਇੰਦਾ । ਆਦਿ ਜੁਗਾਦੀ
੧੭੨ ਸਦ ਮਿਹਰਵਾਨਾ, ਬ੍ਰਹਿਮਾਦੀ ਖੋਜ ਖੋਜਾਇੰਦਾ । ਜਨ ਭਗਤਾਂ ਮੇਲਾ ਦੋ ਜਹਾਨਾਂ, ਦੋ ਜਹਾਨਾਂ ਆਪ ਮਿਲਾਇੰਦਾ । ਸ਼ਬਦ ਮਾਰੇ ਤੀਰ ਨਿਸ਼ਾਨਾ, ੧੭੨
੦੨ ੦੨
ਏਕਾ ਚਿੱਲਾ ਆਪ ਚੜ੍ਹਾਇੰਦਾ । ਆਪੇ ਗੋਪੀ ਆਪੇ ਕਾਹਨਾ, ਸੀਤਾ ਰਾਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਰੰਗ ਰੰਗਾਏ, ਪਾਰਬ੍ਰਹਮ ਬੇਅੰਤਾ । ਆਪ ਆਪਣਾ ਮਰਦੰਗ ਵਜਾਏ, ਉਠਾਏ ਸਾਜਨ ਸਾਚੇ ਸੰਤਾ । ਲੋਆਂ ਪੁਰੀਆਂ ਲੰਘ ਵਖਾਏ, ਖੇਲੇ ਖੇਲ ਜੁਗਾ ਜੁਗੰਤਾ । ਸ਼ਬਦ ਸਿੰਘਾਸਣ ਸਾਚਾ ਪਲੰਘ ਵਿਛਾਏ, ਸਾਚਾ ਧਾਮ ਹਰਿ ਸੁਹੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਭੇਖ ਵਟੰਤਾ । ਭੇਖ ਵਟਾਏ ਭੇਖ ਕਰ, ਭੇਖੀ ਭੇਖ ਅਵੱਲਾ । ਲੋਕਮਾਤੀ ਵੇਸ ਹਰਿ, ਕਰਿਆ ਇਕ ਅਕੱਲਾ । ਭਰਮੇ ਭੁੱਲੇ ਨਰ ਨਰੇਸ਼ ਦਰ, ਦੂਈ ਦਵੈਤੀ ਲੱਗਾ ਸੱਲਾ । ਬ੍ਰਹਮਾ ਵਿਸ਼ਨ ਮਹੇਸ਼ ਰਹੇ ਖੜ, ਗਲ ਪਾਈ ਬੈਠੇ ਪੱਲਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਾ ਕੋਈ ਸੀਸ ਨਾ ਕੋਈ ਧੜ, ਵਸਿਆ ਨਿਹਚਲ ਧਾਮ ਅਟੱਲਾ । ਹਰਿ ਭਗਤ ਦਵਾਰੇ ਅੱਗੇ ਖੜ, ਆਪ ਫੜਾਏ ਆਪਣਾ ਪੱਲਾ । ਲੱਖ ਚੁਰਾਸੀ ਨਾਲ ਰਿਹਾ ਲੜ, ਆਪ ਕਰਾਏ ਆਪਣਾ ਹੱਲਾ । ਤੋੜ ਤੁੜਾਏ ਕਿਲਾ ਹੰਕਾਰੀ ਗੜ੍ਹ, ਫੋਲ ਫਲਾਏ ਜਲ ਥਲਾ । ਤ੍ਰੈਗੁਣ ਮਾਇਆ ਜਾਏ ਸੜ, ਪੰਜ ਤਤ ਵਿਕਾਰਾ ਰਲਾ । ਆਪਣਾ ਅੱਖਰ ਆਪੇ ਪੜ੍ਹ, ਸ਼ਬਦ ਸਨੇਹੁੜਾ ਏਕਾ ਘੱਲਾ । ਚਾਰ ਵਰਨ ਸਰਨ ਜਾਏ ਪੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰਾਏ ਵਲ ਛਲਾ । ਅਛਲ ਅੱਛਲ ਅਛਲ ਅਛੇਦਾ, ਆਦਿ ਪੁਰਖ ਨਿਰੰਕਾਰਾ । ਭੇਵ ਨਾ ਪਾਇਨ ਚਾਰੇ ਵੇਦਾ, ਲੇਖਾ ਲੱਖ ਨਾ ਸਕੇ ਕੋਈ ਵਿਚਾਰਾ । ਆਪੇ ਹੋਇਆ ਅਭੇਦ ਅਭੇਦਾ, ਲਿਖਣ ਪੜ੍ਹਣ

ਤੋਂ ਹੋਇਆ ਬਾਹਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕ ਅਵਤਾਰਾ । ਆਦਿ ਅੰਤ ਇਕ ਅਵਤਾਰਾ, ਸਤਿ ਪੁਰਖ ਕਰਾਇਆ । ਸਤਿਜੁਗ ਤ੍ਰੇਤਾ ਪਾਰ ਕਿਨਾਰਾ, ਦੁਆਪਰ ਵੇਖ ਵਖਾਇਆ । ਕਲਜੁਗ ਮੇਟੇ ਕੂੜ ਪਸਾਰਾ, ਵੇਲਾ ਅੰਤਮ ਆਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਖੰਡਾ ਹੱਥ ਤੇਜ਼ ਕਟਾਰਾ, ਸੰਬਲ ਨਗਰੀ ਡੇਰਾ ਲਾਇਆ । ਉਚ ਮਹੱਲ ਅਟੱਲ ਮੁਨਾਰਾ, ਹਰਿ ਸਾਚਾ ਰਿਹਾ ਸੁਹਾਇਆ । ਬੈਠਾ ਚੜ੍ਹ ਪੁਰਖ ਨਿਰੰਜਣ ਅਲੱਖ ਅਗੰਮ ਅਪਾਰਾ, ਦਿਸ ਕਿਸੇ ਨਾ ਆਇਆ । ਲੋਆਂ ਪੁਰੀਆਂ ਖੰਡ ਬ੍ਰਹਿਮੰਡ ਜੇਰਜ ਅੰਡ ਉਤਭੁਜ ਸੇਤਜ ਇਕ ਸੁਣਾਏ ਸਾਚਾ ਨਾਅਰਾ, ਸੋਹੰ ਸ਼ਬਦ ਲਗਾਇਆ । ਸਤਿਜੁਗ ਤੇਰਾ ਭਰੇ ਭੰਡਾਰਾ, ਪ੍ਰਭ ਪੂਰਾ ਦਇਆ ਕਮਾਇਆ । ਜਨ ਭਗਤ ਦਵਾਰੇ ਹੋਏ ਵਰਤਾਰਾ, ਧੁਰ ਦੀ ਬਾਣ ਰਖਾਇਆ । ਆਵਣ ਜਾਵਣ ਖੇਲ ਨਿਆਰਾ, ਖੇਲਣਹਾਰ ਸ੍ਰਿਸ਼ਟ ਸਬਾਇਆ । ਆਪ ਆਪਣੀ ਬੰਨੇ ਧਾਰਾ, ਆਪ ਆਪਣਾ ਨਾਮ ਜਪਾਇਆ । ਇਕ ਅਕੱਲਾ ਏਕੰਕਾਰਾ, ਅਕਲ ਕਲਾ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਜੋਤ ਜਗਾ, ਲੋਕਮਾਤ ਕਰੇ ਰੁਸ਼ਨਾਈਆ । ਸ਼ਬਦੀ ਡੰਕਾ ਇਕ ਵਜਾ, ਨੌਂ ਖੰਡ ਰਿਹਾ ਉਠਾਈਆ । ਸੱਤਾਂ ਦੀਪਾਂ ਫੇਰਾ ਪਾ, ਬ੍ਰਹਿਮੰਡਾਂ ਰਿਹਾ ਹਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਰਲਾ, ਸੋਇਆ ਕੋਇ ਰਹਿਣ ਨਾ ਪਾਈਆ । ਇਕ ਹੁਲਾਰਾ ਰਿਹਾ ਦਵਾ, ਗਗਨ ਪਤਾਲਾਂ ਰਿਹਾ ਹਿਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਜਣਾ, ਕਲਜੁਗ ਕੂਕੇ ਦਏ ਦੁਹਾਈਆ । ਮਨ ਮਤ ਬੁਧ ਰਹੀ ਕੁਰਲਾ, ਪੰਜ ਤਤ ਕਰੇ ਲੜਾਈਆ । ਵੇਲੇ ਅੰਤਮ ਕੋਈ ਨਾ ਪਕੜੇ ਕਿਸੇ ਬਾਂਹ, ਵਰਨ ਬਰਨ ਨਾ ਕੋਈ ਸਹਾਈਆ । ਨਾਤਾ ਤੁਟੇ ਪੁੱਤਰਾਂ ਮਾਂ, ਭਾਈ ਭੈਣ ਨਾ ਕੋਈ ਦਸਾਈਆ । ਬਿਨ ਗੁਰ ਪੂਰੇ ਕੋਈ ਨਾ ਦੇਵੇ ਠੰਡੀ ਛਾਂ, ਨਾ ਦੀਸੇ ਕੋਈ ਸਹਾਈਆ । ਜੂਠੇ ਝੂਠੇ ਘਰ ਘਰ ਉਡਣੇ ਕਾਂ, ਕਲਜੁਗ ਜੀਵ ਰਹੇ ਕੁਰਲਾਈਆ । ਪਾਰਬ੍ਰਹਮ ਤੇਰਾ ਭੁੱਲਿਆ ਨਾਂ, ਨਾਮ ਨਾਮਾ ਕੋਈ ਨਾ ਪਾਈਆ । ਮਦਿਰਾ ਜਾਮ ਇਕ ਪਿਆ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਵੇਲੇ ਅੰਤਮ ਮਾਰੇ ਧਾਂ, ਨੇਤਰ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਈਆ । ਜੋਤੀ ਜਾਮਾ ਭੇਖ ਨਿਆਰਾ, ਹਰਿ ਸਾਚਾ ਭੇਖ ਵਟਾਇੰਦਾ । ਪਰਗਟ ਹੋ ਹੋ ਵਿਚ ਸੰਸਾਰਾ, ਰਾਓ ਰੰਕਾਂ ਆਪ ਉਠਾਇੰਦਾ । ਵਾਸੀ ਪੁਰੀ ਘਨਕਾ ਮਾਰੇ ਇਕ ਨਗਾਰਾ, ਸੋਹੰ ਡੰਕਾ ਹੱਥ ਉਠਾਇੰਦਾ । ਸਾਧਾਂ ਸੰਤਾਂ ਪਾਵੇ ਸਾਰਾ, ਆਦਿਨ ਅੰਤਾ ਵੇਖ ਵਖਾਇੰਦਾ । ਨਾਰੀ ਕੰਤਾ ਮੇਲ ਭਤਾਰਾ, ਗੁਰਮੁਖ ਸਾਜਨ ਮੇਲ ਮਿਲਾਇੰਦਾ । ਨਿਰਮਲ ਦੀਪਕ ਜੋਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਅਨਾਦੀ ਧੁਨ ਸੁਣਾਏ ਅਪਰ ਅਪਾਰਾ, ਅਨਹਦ ਧੁਨ ਆਤਮਕ ਆਪ ਸੁਣਾਇੰਦਾ । ਪੰਚਮ ਸਖੀਆਂ ਮੇਲ ਮਿਲਾਏ ਗੀਤ ਸੁਹਾਗੀ ਗਾਏ ਵਾਰੋ ਵਾਰਾ, ਹਰਿ ਸਾਚਾ ਸਗਨ ਮਨਾਇੰਦਾ । ਆਤਮ ਸੇਜਾ ਕਰ ਪਿਆਰਾ, ਹਰਿਜਨ ਸਾਚੇ ਵੇਖ ਵਖਾਇੰਦਾ । ਏਕਾ ਦੂਜਾ ਭੌ ਨਿਵਾਰਾ, ਤੀਜਾ ਲੋਇਣ ਆਪ ਖੁਲ੍ਹਾਇੰਦਾ । ਚੌਥਾ ਘਰ ਸੱਚਾ ਦਰਬਾਰਾ, ਚੌਥੇ ਪਦ ਸਮਾਇੰਦਾ । ਪੰਚਮ ਮੇਲਾ ਮੀਤ ਮੁਰਾਰਾ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਅੰਤਮ ਮੇਟੇ ਕੂੜ ਪਸਾਰਾ, ਕੂੜੀ ਕਿਰਿਆ ਰਹਿਣ ਨਾ ਪਾਇੰਦਾ । ਧਰਮ ਕਰਾਏ ਇਕ ਜੈਕਾਰਾ, ਚਾਰ ਵਰਨਾਂ ਆਪ ਜਣਾਇੰਦਾ । ਲਿਖਿਆ ਲੇਖ ਅਪਰ ਅਪਾਰਾ, ਨਾ ਕੋਈ ਮੇਟ ਮਿਟਾਇੰਦਾ । ਪਰਗਟ ਹੋਏ ਨਿਹਕਲੰਕ

ਨਰਾਇਣ ਨਰ ਚਵੀਆਂ ਅਵਤਾਰਾ, ਹਰਿ ਜੋਤੀ ਜੋਤ ਜਗਾਇੰਦਾ । ਬਸਤਰ ਸ਼ਸਤਰ ਤਨ ਸ਼ੰਗਾਰਾ, ਆਸਣ ਸਿੰਘਾਸਣ ਏਕਾ ਲਾਇੰਦਾ । ਚਿੱਟਾ ਅਸਵ ਕਰ ਤਿਆਰਾ, ਸੋਲਾਂ ਕਲੀਆਂ ਆਸਣ ਲਾਇੰਦਾ । ਪੁਰਖ ਅਗੰਮੜਾ ਹੋ ਅਸਵਾਰਾ, ਦਹਿ ਦਿਸ਼ਾ ਫੇਰੀ ਪਾਇੰਦਾ । ਜ਼ਿਮੀ ਅਸਮਾਨਾ ਪਾਰ ਕਿਨਾਰਾ, ਗਗਨ ਪਤਾਲਾ ਫੋਲ ਫੋਲਾਇੰਦਾ । ਲੱਖ ਚੁਰਾਸੀ ਨੌਂ ਖੰਡ ਪ੍ਰਿਥਮੀ ਦਏ ਹੁਲਾਰਾ, ਏਕਾ ਝੂਲਾ ਆਪ ਝੁਲਾਇੰਦਾ । ਕਲਜੁਗ ਤੇਰਾ ਪਾਰ ਕਿਨਾਰਾ, ਬੀਸ ਬੀਸਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਖ ਵਖਾਇੰਦਾ । ਭੇਖਾਧਾਰੀ ਭੇਖ ਬਲ ਬਾਵਨ, ਆਪਣਾ ਆਪ ਕਰਾਇਆ । ਤੋੜੇ ਗੜ੍ਹ ਲੰਕਾ ਜਨ ਰਾਵਣ, ਰਾਮ ਰਾਮਾ ਆਪ ਅਖਵਾਇਆ । ਖੇਲੇ ਖੇਲ ਕ੍ਰਿਸ਼ਨਾ ਸ਼ਾਮਨ, ਦੂਤ ਦੁਸ਼ਟ ਰਹਿਣ ਨਾ ਪਾਇਆ । ਨਾਨਕ ਗੁਰ ਨਾਮ ਸਤਿ ਬਣਾਇਆ ਸਾਚਾ ਜ਼ਾਮਨ, ਗੁਰਮੁਖ ਸਾਚੇ ਲਏ ਤਰਾਇਆ । ਗੁਰ ਗੋਬਿੰਦ ਫੜਾਇਆ ਆਪਣਾ ਦਾਮਨ, ਪੂਤ ਸਪੂਤਾ ਦਇਆ ਕਮਾਇਆ । ਨੇੜ ਨਾ ਆਏ ਕਾਮਨੀ ਕਾਮਨ, ਜਿਸ ਜਨ ਰਸਨਾ ਗਾਇਆ । ਮੇਟ ਮਿਟਾਏ ਅੰਧੇਰੀ ਸ਼ਾਮਨ, ਅਕਾਸ਼ ਪਰਕਾਸ਼ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਗੁਰ ਗੋਬਿੰਦਾ ਲੇਖ ਲਿਖਾ, ਕਲਜੁਗ ਕਰਮ ਵਿਚਾਰਿਆ । ਸਤਿਗੁਰ ਨਾਨਕ ਗਿਆ ਲਿਖਾ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਿਆ । ਵੇਦ ਵਿਆਸਾ ਰਿਹਾ ਜਣਾ, ਪੂਤ ਸਪੂਤਾ ਫੇਰੀ ਪਾ ਰਿਹਾ । ਪੁਰਖ ਅਬਿਨਾਸ਼ੀ ਦਇਆ ਕਮਾ, ਆਪ ਆਪਣਾ ਭੇਖ ਵਟਾ ਲਿਆ । ਆਪਣੀ ਜੋਤ ਆਪ ਗਿਆ ਸਮਾ, ਆਪਣਾ ਆਪ ਆਪ ਉਪਾ ਲਿਆ । ਆਪਣਾ ਸ਼ਬਦ ਆਪ ਜਣਾ, ਆਪ ਆਪਣੀ ਰਸਨਾ ਗਾ ਲਿਆ । ਕਲਜੁਗ ਲੇਖਾ ਆਪ ਲਿਖਾ, ਅੰਤਮ ਮੇਟ ਮਿਟਾ ਲਿਆ । ਲੱਖ ਚਾਰ ਹਜ਼ਾਰ ਬੱਤੀ ਦਏ ਸਜਾ, ਪਿਛਲਾ ਮੂਲ ਚੁਕਾ ਲਿਆ । ਸੰਗ ਮੁਹੰਮਦ ਚਾਰ ਯਾਰ ਫਿਰਨ ਗਰਗਦਾ, ਭਿਖਿਆ ਮੰਗਣ ਮੰਗ ਮੰਗਾ ਲਿਆ । ਐਨਲਹੱਕ ਨਾਅਰਾ ਲਿਆ ਲਾ, ਵੇਲਾ ਅੰਤਮ ਆ ਰਿਹਾ । ਚਾਰ ਵਰਨ ਰਾਹ ਵਖਾਏ ਏਕਾ ਸਿਧਾ, ਸੋਹੰ ਸਾਚਾ ਜਾਪ ਜਪਾ ਲਿਆ । ਦੋ ਜਹਾਨਾਂ ਬ੍ਰਹਮਾ ਸ਼ਿਵ ਵਿਸ਼ਨ ਦੇਵਤ ਸੁਰ ਕਰੋੜ ਤੇਤੀਸਾ ਚਰਨ ਹੇਠ ਦਬਾ, ਮਾਣ ਤਾਣ ਨਾ ਕੋਈ ਰਖਾ ਰਿਹਾ । ਜਨ ਭਗਤਾਂ ਮਿਲਣ ਦੀ ਆਪੇ ਜਾਣੇ ਬਿਧਾ, ਜੁਗ ਜੁਗ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾ ਲਿਆ । ਪੰਜ ਤਤ ਦੇਹ ਤਜ, ਹਰਿ ਸਾਚੇ ਕਰਮ ਕਮਾਇਆ । ਅਗੰਮ ਅਗੰਮੜੇ ਧਾਮ ਚੜ੍ਹਿਆ ਭੱਜ, ਥਿਰ ਘਰ ਇਕ ਸੁਹਾਇਆ । ਆਪਣਾ ਪੜਦਾ ਆਪੇ ਕਜ, ਆਪ ਆਪਣਾ ਲਏ ਛੁਪਾਇਆ । ਆਪਣੀ ਅਗਨੀ ਆਪੇ ਗਿਆ ਦਝ, ਆਪ ਆਪਣੀ ਖ਼ਾਕ ਉਡਾਇਆ । ਆਪਣੇ ਨਗਾਰੇ ਆਪ ਗਿਆ ਵੱਜ, ਆਪਣਾ ਢੋਲਾ ਆਪੇ ਗਾਇਆ । ਆਪਣੀ ਰੱਖੀ ਆਪੇ ਲਜ, ਲਾਜਾਵੰਤ ਆਪ ਹੋ ਜਾਇਆ । ਆਪਣੀ ਜੋਤ ਆਪ ਜਗਾਈ ਦੇਸ ਮਾਝ, ਸੰਬਲ ਨਗਰੀ ਦਏ ਸੁਹਾਇਆ । ਕਲਜੁਗ ਤੇਰਾ ਰਚਿਆ ਕਾਜ, ਵੇਲਾ ਅੰਤਮ ਆਇਆ । ਕਲਜੁਗ ਜੀਵਾਂ ਦੇਵੇ ਦਾਜ, ਪੰਚ ਵਿਕਾਰਾ ਗੰਢ ਬੰਧਾਇਆ । ਭਗਤ ਜਨਾਂ ਹਰਿ ਮਾਰੇ ਵਾਜ, ਸ਼ਬਦੀ ਸ਼ਬਦ ਉਪਾਇਆ । ਮੇਟ ਮਿਟਾਏ ਰਾਜਨ ਰਾਜ, ਸ਼ਾਹ ਸੁਲਤਾਨ ਨਾ ਕੋਈ ਰਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਨਾਮ ਧਰਾ, ਨਿਹਕਲੰਕ ਰਖਾਇਆ । ਪੰਜ ਤਤ ਕੋਈ ਦਿਸੇ ਨਾ, ਨਾ ਕੋਈ ਵੇਖ ਵਖਾਇਆ । ਲੋਕਮਾਤ ਕਰੇ ਕੋਈ ਰੀਸੇ ਨਾ, ਨਾ

੧੭੫

ਕੋਈ ਸੰਗ ਨਿਭਾਇਆ । ਭੇਵ ਪਾਏ ਰਾਗ ਛਤੀਸੇ ਨਾ, ਅੰਜੀਲ ਕੁਰਾਨ ਦਿਸ ਨਾ ਆਇਆ । ਬਸਤਰ ਸ਼ਸਤਰ ਕੋਈ ਦੀਸੇ ਨਾ, ਕਲਗੀ ਤੋੜਾ ਨਾ ਕੋਈ ਵਖਾਇਆ । ਪਰਗਟ ਹੋਏ ਬੀਸ ਬੀਸੇ ਸਾਚੇ ਥਾਂ, ਦਿਲੀ ਦਵਾਰਾ ਦਏ ਸੁਹਾਇਆ । ਰਾਜ ਰਾਜਾਨਾ ਖਾਲੀ ਖੀਸੇ ਸੰਗ ਸਹੇਲਾ ਕੋਈ ਰੱਖੇ ਨਾ, ਚਾਰੋਂ ਕੁੰਟ ਫਿਰੇ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਨਿਹਕਲੰਕ ਹਰਿ ਅਲਖ ਜਗਾ, ਆਪਣਾ ਨਾਅਰਾ ਲਾਇਆ । ਏਕਾ ਸ਼ਬਦ ਰਿਹਾ ਸੁਣਾ, ਸ੍ਰਿਸ਼ਟ ਸਬਾਈ ਆਪ ਜਗਾਇਆ । ਵਰਨ ਬਰਨ ਮੇਟ ਮਿਟਾ, ਊਚਾਂ ਨੀਚਾਂ ਮੇਲ ਮਿਲਾਇਆ । ਰਾਜ ਰਾਜਾਨਾ ਖ਼ਾਕ ਮਿਲਾ, ਸੀਸ ਤਾਜ ਰਹਿਣ ਨਾ ਪਾਇਆ । ਸੰਮਤ ਚੌਦਾਂ ਲੇਖਾ ਰਿਹਾ ਲਿਖਾ, ਭੁੱਲ ਰਹੇ ਨਾ ਰਾਇਆ । ਸੰਮਤ ਪੰਦਰਾਂ ਚੜ੍ਹਨਾ ਚਾਂ, ਸੰਮਤ ਸੌਲਾ ਉਚੇ ਮੰਦਰ ਦੇਵੇ ਢਾਹ, ਆਪ ਆਪਣਾ ਹਲਾ ਕਰਾਇਆ । ਸੰਮਤ ਸਤਾਰਾਂ ਦਏ ਰੁਲਾ, ਨਾ ਦੀਸੇ ਕੋਈ ਸਹਾਇਆ । ਸੰਮਤ ਅਠਾਰਾਂ ਦਏ ਰੁੜ੍ਹਾ, ਜਲ ਧਾਰਾ ਇਕ ਵਹਾਇਆ । ਉਨੀ ਉਨੀਸਾ ਵੇਖ ਵਖਾ, ਮੁਸਲਮ ਸੁੰਨੀ ਦਏ ਮਿਟਾਇਆ । ਬੀਸ ਬੀਸਾ ਹਰਿ ਜੋਤ ਜਗਾ, ਸ੍ਰਿਸ਼ਟ ਸਬਾਈ ਹੋਏ ਸਹਾਇਆ । ਸਤ ਰੰਗ ਨਿਸ਼ਾਨਾ ਦਏ ਝੁਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਅਖਵਾਇਆ । ਏਕਾ ਸ਼ਬਦ ਇਕ ਜੈਕਾਰਾ, ਹਰਿ ਸਾਚੇ ਆਪ ਲਗਾਵਣਾ । ਏਕਾ ਜੋਤ ਇਕ ਪਿਆਰਾ, ਏਕਾ ਗੋਤ ਬਣਾਵਣਾ । ਭਰਮੇ ਭੁੱਲੇ ਕੋਟੀ ਕੋਟ, ਕੋਟੀ ਕੋਟ ਦੇ ਮਤ ਆਪ ਸਮਝਾਵਣਾ । ਤਨ ਨਗਾਰੇ ਲਾਏ ਸਾਚੀ ਚੋਟ, ਏਕਾ ਡੰਕਾ ਹੱਥ ਉਠਾਵਣਾ । ਪੰਜ ਤਤ ਵਿਕਾਰਾ ਕੱਢੇ ਖੋਟ, ਸਚ ਸੁੱਚ ਵਰਤਾਵਣਾ । ਨਾਮ ਭੰਡਾਰਾ ਦਏ ਅਤੋਟ, ਤੋਟ ਕਦੇ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਵਣਾ । ਗੁਰਸਿਖ ਹਰਿਜਨ ਮੀਤੜਾ, ਮੇਲਾ ਹਰਿ ਨਿਰੰਕਾਰ । ਕਾਇਆ ਰੰਗੇ ਸਾਚਾ ਚੀਥੜਾ, ਏਕਾ ਰੰਗ ਅਪਾਰ । ਮਿਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਕਾਇਆ ਮੰਦਰ ਸਚ ਦਵਾਰ । ਆਪੇ ਕਰੇ ਪੱਤਤ ਪੁਨੀਤੜਾ, ਪੱਤਤ ਪਾਵਣ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਲਏ ਉਬਾਰ । ਹਰਿ ਸਾਜਨ ਹਰਿਜਨ ਜਾਣਿਆ, ਹਰਿ ਹਰਿ ਬੂਝ ਬੁਝਾਏ । ਏਕਾ ਦੇਵੇ ਨਾਮ ਨਿਸ਼ਾਨਿਆ, ਏਕਾ ਦਰ ਸੁਹਾਏ । ਇਕ ਸੁਣਾਏ ਅਨਹਦ ਬਾਣੀਆ, ਅਨਹਦ ਰਾਗ ਅਲਾਏ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀਆ, ਤ੍ਰਿਸਨਾ ਭੁੱਖ ਗਵਾਏ । ਏਕਾ ਨਾਮ ਧੁਰ ਫ਼ਰਮਾਨਿਆ, ਏਕਾ ਰਿਹਾ ਜਣਾਏ । ਆਵਣ ਜਾਵਣ ਚੁੱਕੇ ਕਾਣੀਆ, ਰਾਏ ਧਰਮ ਨਾ ਦਏ ਸਜ਼ਾਏ । ਮਿਲੇ ਪਦ ਇਕ ਨਿਰਬਾਣੀਆ, ਸੁਖ ਸਹਿਜੇ ਸਚ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਅੰਦਰ ਆਪ ਸੁਹਾਏ । ਗੁਰਮੁਖ ਸਾਜਨ ਸਾਚਾ ਮੀਤਾ, ਸਤਿਗੁਰ ਪੁਰਖ ਮਨਾਇਆ । ਆਪ ਜਣਾਈ ਆਪਣੀ ਰੀਤਾ, ਆਪਣਾ ਮਾਰਗ ਲਾਇਆ । ਨਾ ਕੋਈ ਦੇਹੁਰਾ ਮੰਦਰ ਮਸੀਤਾ, ਕਾਇਆ ਮੰਦਰ ਇਕ ਸੁਹਾਇਆ । ਆਪੇ ਬੈਠਾ ਸਦਾ ਅਤੀਤਾ, ਨਿਰਮਲ ਜੋਤ ਜਗਾਇਆ । ਸਦਾ ਸੁਹੇਲਾ ਠਾਂਡਾ ਸੀਤਾ, ਸਤਿ ਸਰੂਪ ਅਖਵਾਇਆ । ਏਕਾ ਰਾਗ ਸੁਣਾਏ ਸਾਚੀ ਗੀਤਾ, ਆਪ ਆਪਣਾ ਰਿਹਾ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਜਨ ਲਏ ਤਰਾਇਆ । ਸਾਜਨ ਮੇਲਾ ਹਰਿ ਗੋਬਿੰਦ, ਸਗਲੀ ਚਿੰਤ ਮਿਟਾਈਆ । ਅੰਮ੍ਰਿਤ ਧਾਰ ਦੇਵੇ

ਸਾਗਰ ਸਿੰਧ, ਨਿਝਰ ਮੁਖ ਚਵਾਈਆ । ਪਰਗਟ ਹੋਇਆ ਵਡ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਹਰਿਜਨ ਉਪਜਾਏ ਸਾਚੀ ਬਿੰਦ, ਨਾਦੀ ਸੁਤ ਰਖਾਈਆ । ਮਨਮੁਖ ਲਗਾਏ ਆਪਣੀ ਨਿੰਦ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਉਠਾਈਆ । ਗੁਰਮੁਖ ਸਾਚਾ ਸੱਜਣ, ਸੋਹੇ ਧਾਮ ਸੁਹੰਜਣਾ । ਚਰਨ ਧੂੜ ਕਰਾਏ ਸਾਚਾ ਮਜਨ, ਨੇਤਰ ਪਾਏ ਨਾਮ ਅੰਜਣਾ । ਧੁਰ ਦਰਗਾਹੀ ਬੇਪਰਵਾਹ ਬੇਐਬ ਪਰਵਰਦਿਗਾਰ ਆਇਆ ਪੜਦੇ ਕੱਜਣ, ਵੇਲੇ ਅੰਤਮ ਰੱਖੇ ਲੱਜਣਾ । ਲੱਖ ਚੁਰਾਸੀ ਭਾਂਡੇ ਭੱਜਣ, ਲੋਕਮਾਤ ਸਭ ਨੇ ਤਜਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਏਕਾ ਜਾਮ ਪਿਆਏ ਨਾਮ ਧੁਰ ਧਾਮ, ਹਰਿਜਨ ਸਾਚੇ ਪੀ ਪੀ ਰਜਣਾ । ਅੰਮ੍ਰਿਤ ਨਾਮ ਸਚ ਪਿਆਲਾ, ਗੁਰ ਪੂਰੇ ਹੱਥ ਵਡਿਆਈਆ । ਦੇਵਣਹਾਰਾ ਦੀਨ ਦਿਆਲਾ, ਦਇਆ ਨਿਧ ਅਖਵਾਈਆ । ਜੋਤੀ ਜੋਤ ਜਗਾਏ ਮਿਲਾਏ ਅਕਾਲਾ, ਅਕਲ ਕਲਾ ਅਖਵਾਈਆ । ਕਾਇਆ ਮੰਦਰ ਸੱਚੀ ਧਰਮਸਾਲਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਜੋਤ ਨਿਰੰਜਣ ਦੀਪਕ ਏਕਾ ਬਾਲਾ, ਦੀਵਾ ਬੱਤੀ ਨਾ ਕੋਈ ਰਖਾਈਆ । ਸੋਹੰ ਪਾਈ ਗਲ ਸਾਚੀ ਮਾਲਾ, ਆਪੇ ਰਿਹਾ ਚਲਾਈਆ । ਬਜਰ ਕਪਾਟੀ ਤੋੜੇ ਤਾਲਾ, ਅੰਧ ਅੰਧੇਰ ਮਿਟਾਈਆ । ਅਨਹਦ ਵੱਜੇ ਰਾਗ ਸੁਖਾਲਾ, ਪੰਚਮ ਸਖੀਆਂ ਮੰਗਲ ਗਾਈਆ । ਮਿਲਿਆ ਮੇਲ ਗੁਰ ਗੋਪਾਲਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਦੇਵੇ ਨਾਮ ਸੱਚਾ ਧਨ ਮਾਲਾ, ਆਤਮ ਖ਼ਜ਼ੀਨਾ ਰਿਹਾ ਭਰਾਈਆ । ਫਲ ਲਗਾਏ ਕਾਇਆ ਡਾਲਾ, ਫਲ ਫੁਲਵਾੜੀ ਵੇਖ ਵਖਾਈਆ । ਸੁਰਤੀ ਸ਼ਬਦ ਇਕ ਜਮਾਲਾ, ਨੂਰੋ ਨੂਰ ਦਸਾਈਆ । ਅਕਾਲ ਮੂਰਤੀ ਹੋਏ ਰਖਵਾਲਾ, ਅੱਠੇ ਪਹਿਰ ਸੇਵ ਕਮਾਈਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਕਲਜੁਗ ਅੰਤਮ ਵੇਖ ਵਖਾਈਆ । ਗੁਰਮੁਖ ਸਾਜਨ ਸਾਚਾ ਲਾਲਾ, ਆਪ ਆਪਣੀ ਗੋਦ ਉਠਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਸਚ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚਾ ਨੇਤਰ ਵੇਖ, ਲੋਚਣ ਆਪ ਖੁਲ੍ਹਾਇੰਦਾ । ਆਪੇ ਲਿਖਣਹਾਰਾ ਲੇਖ, ਆਪੇ ਬਣਤ ਬਣਾਇੰਦਾ । ਆਪੇ ਧਰਿਆ ਆਪਣਾ ਭੇਖ, ਆਪੇ ਰੂਪ ਵਟਾਇੰਦਾ । ਆਪੇ ਜਾਣੇ ਧਾਰੀ ਕੇਸ, ਮੂੰਡ ਮੁੰਡਾਏ ਆਪ ਉਠਾਇੰਦਾ । ਆਪੇ ਦਾਤਾ ਦਸ ਦਸਮੇਸ, ਗੋਬਿੰਦ ਨਾਉਂ ਰਖਾਇੰਦਾ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਇੰਦਾ । ਆਪ ਉਪਜਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰਵੇਸ ਸੇਵ ਕਮਾਇੰਦਾ । ਆਪ ਆਪਣੀ ਕਰੇ ਆਦੇਸ, ਆਪ ਆਪਣੀ ਅਲਖ ਜਗਾਇੰਦਾ । ਕਲਜੁਗ ਅੰਤਮ ਜੋਤੀ ਨੂਰ ਕਰ ਪਰਵੇਸ਼, ਗੁਰਮੁਖ ਸਾਚਾ ਆਪ ਉਠਾਇੰਦਾ । ਕੋਈ ਨਾ ਲਿਖੇ ਨਾ ਲਿਖੇ ਲੇਖ, ਲੇਖਾ ਲੇਖ ਵਿਚ ਨਾ ਆਇੰਦਾ । ਗੁਰਮੁਖ ਸਾਚੇ ਮਸਤਕ ਲਾਏ ਕੌਸਤਕ ਮਣੀਆ ਸਾਚੀ ਮੇਖ, ਜੋਤ ਲਲਾਟੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਔਖੀ ਘਾਟੀ ਪਾਰ ਕਰਾਇੰਦਾ । ਔਖਾ ਘਾਟ ਕਾਇਆ ਗੜ੍ਹ, ਗੁਰਮੁਖ ਵਿਰਲਾ ਪਾਇੰਦਾ । ਸ੍ਰਿਸ਼ਟ ਸਬਾਈ ਨੌਂ ਦਵਾਰੇ ਰਹੀ ਸੜ, ਜੋਤ ਨਿਰੰਜਣ ਨਾ ਕੋਇ ਜਗਾਇੰਦਾ । ਸਾਧ ਸੰਤ ਸੁਖਮਨ ਨਾੜੀ ਰਹੇ ਵੜ, ਡੂੰਘੀ ਭਵਰ ਨਾ ਪਾਰ ਕਰਾਇੰਦਾ । ਜਗਤ ਪੀਰ ਅਧਵਿਚਕਾਰੇ ਰਹੇ ਖੜ, ਗੁਰ ਸ਼ਬਦੀ ਦਿਸ ਨਾ ਆਇੰਦਾ । ਜਿਸ ਜਨ ਫੜਾਏ ਆਪਣਾ ਲੜ, ਸਾਚੇ ਮਾਰਗ ਲਾਇੰਦਾ । ਤੋੜ ਤੁੜਾਏ ਹੰਕਾਰੀ ਗੜ੍ਹ, ਏਕਾ ਖੰਡਾ ਵਾਹਿੰਦਾ । ਸਾਚੇ ਮੰਦਰ ਆਪੇ ਚੜ੍ਹ, ਆਪੇ ਕੁੰਡਾ ਲਾਇੰਦਾ । ਦਸਮ ਦਵਾਰੀ

੧੭੬ ੦੨

ਅੱਗੇ ਖੜ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਇਕ ਸੁਹਾਇੰਦਾ । ਸਚ ਮਹੱਲਾ ਏਕੰਕਾਰਾ, ਏਕਾ ਏਕ ਵਖਾਇਆ । ਆਪੇ ਖੋਲ੍ਹ ਦਸਮ ਦਵਾਰਾ, ਨਿਰਮਲ ਜੋਤੀ ਦੀਪ ਜਗਾਇਆ । ਸ਼ਬਦ ਸਿੰਘਾਸਣ ਅਪਰ ਅਪਾਰਾ, ਹਰਿ ਸਾਚੀ ਸੇਜ ਵਿਛਾਇਆ । ਅਗੰਮ ਅਗੰਮੜਾ ਦਏ ਹੁਲਾਰਾ, ਪਾਵਾ ਚੂਲ ਨਾ ਕੋਈ ਰਖਾਇਆ । ਗੁਰਮੁਖ ਨਾਰੀ ਮੇਲਾ ਕੰਤ ਭਤਾਰਾ, ਸਾਚਾ ਮੇਲ ਮਿਲਾਇਆ । ਅੱਠੇ ਪਹਿਰ ਇਕ ਪਿਆਰਾ, ਦਿਵਸ ਰੈਣ ਨਾ ਕੋਈ ਜਣਾਇਆ । ਸਾਚਾ ਆਸਣ ਸਚ ਸ਼ੰਗਾਰਾ, ਏਕਾ ਕੱਜਲ ਏਕਾ ਨੈਣ ਪਾਇਆ । ਏਕਾ ਵੇਖੇ ਵੇਖਣਹਾਰਾ, ਦੂਜਾ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਕਾਇਆ ਮੰਦਰ ਸੁਹਾਏ ਇਕ ਦਵਾਰਾ । ਬੰਕ ਦਵਾਰਾ ਸਾਚਾ ਘਰ, ਘਰ ਜੋਤ ਕਰੇ ਰੁਸ਼ਨਾਈਆ । ਘਰ ਘਰ ਅੰਦਰ ਦੇਵੇ ਵਰ, ਘਰ ਸ਼ਬਦ ਕਰੇ ਜਣਾਈਆ । ਘਰ ਘਰ ਨੁਹਾਏ ਸਾਚੇ ਸਰ, ਘਰ ਘਰ ਤਾਲ ਸੁਹਾਈਆ । ਘਰ ਵਿਚ ਘਰ ਖੋਜੇ ਵਰ, ਮਹੱਲ ਅਟੱਲ ਅਚਲ ਨਿਹਚਲ ਧਾਮ ਇਕ ਵਖਾਈਆ । ਦੀਪਕ ਜੋਤੀ ਰਿਹਾ ਬਲ, ਹਰਿ ਸਾਚੇ ਆਪ ਜਗਾਈਆ । ਆਪਣੀ ਜੋਤੀ ਆਪੇ ਗਿਆ ਰਲ, ਭੇਵ ਅਭੇਦਾ ਆਪ ਅਖਵਾਈਆ । ਸ੍ਰਿਸ਼ਟ ਸਬਾਈ ਕਰਾਏ ਵਲ ਛਲ, ਕਲਜੁਗ ਕੂਕੇ ਦਏ ਦੁਹਾਈਆ । ਸ੍ਰਿਸ਼ਟ ਸਬਾਈ ਜਗਤ ਵਕਾਰੇ ਰਹੀ ਜਲ, ਅਗਨੀ ਤਤ ਇਕ ਰਖਾਈਆ । ਦੂਈ ਦਵੈਤੀ ਲੱਗਾ ਸਲ, ਹਉਮੇ ਹੰਗਤਾ ਨਾਲ ਰਲਾਈਆ । ਮਨਮਤ ਕਰੇ ਬਲ ਬਲ, ਗੁਰਮਤ ਦਿਸ ਨਾ ਆਈਆ । ਕੂੜ ਕੁੜਿਆਰਾ ਚਲਿਆ ਹਲ, ਮੋਹ ਮਮਤਾ ਬੀਜ ਬਿਜਾਈਆ । ਅੰਤਮ ਵੇਲੇ ਲੱਗਿਆ ਫਲ, ਕੌੜਾ ਰੀਠਾ ਸ੍ਰਿਸ਼ਟ ਸਬਾਈਆ । ਪੁਰਖ ਅਬਿਨਾਸ਼ੀ
੧੭੭
ਆਪ ਹਿਲਾਵਣ ਆਇਆ ਡਾਲ੍ਹ, ਫਲ ਫੁਲਵਾੜੀ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਸਚ ਦਵਾਰਾ ਬੈਠਾ ਮੱਲ, ਜਿਸ ਜਨ ਆਪਣੀ ਦਇਆ ਕਮਾਈਆ । ਖੇਲੇ ਖੇਲ ਅੱਜ ਕੇ ਕਲ, ਕਲ ਆਪਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਵੇਖ ਦਰ ਬੰਕ ਦਵਾਰਾ ਇਕ ਸੁਹਾਈਆ । ਬੰਕ ਦਵਾਰਾ ਅਗੰਮ ਅਥਾਹ, ਬੇਪਰਵਾਹ ਸਮਾਇਆ । ਆਪੇ ਜਾਣੇ ਆਪਣਾ ਨਾ, ਆਪੇ ਰਿਹਾ ਉਪਾਇਆ । ਹਰਿਜਨ ਉਠਾਏ ਫੜ ਫੜ ਬਾਂਹ, ਸੋਇਆ ਕੋਈ ਰਹਿਣ ਨਾ ਪਾਇਆ । ਆਪੇ ਪਿਤਾ ਆਪੇ ਮਾਂ, ਆਪੇ ਸਖਾ ਸਖਾਇਆ । ਆਪੇ ਦੇਵੇ ਠੰਡੀ ਛਾਂ, ਕਲਜੁਗ ਅੰਤਮ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਅਖਵਾਇਆ ।

ਸ਼ੇਰ ਸਿੰਘ ਹਰਿ ਸ਼ਬਦ ਦਲੇਰਾ, ਜੋਤੀ ਜੋਤ ਜਗਾਇੰਦਾ । ਪਰਗਟ ਹੋਏ ਦੂਜੀ ਵੇਰਾ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਮੇਟੇ ਜਗਤ ਅੰਧੇਰਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਨੌਂ ਖੰਡ ਪ੍ਰਿਥਮੀ ਢਹਿ ਢਹਿ ਹੋਏ ਢੇਰਾ, ਉਚਾ ਮੰਦਰ ਦਿਸ ਨਾ ਆਇੰਦਾ । ਆਪ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਨਾ ਕੋਈ ਰਖਾਇੰਦਾ । ਸ਼ਬਦ ਸਰੂਪੀ ਪਾਏ ਘੇਰਾ, ਅਗੰਮੜੀ ਧਾਰ ਵਖਾਇੰਦਾ । ਮਨਮੁਖ ਜੀਵਾਂ ਚੁੱਕੇ ਡੇਰਾ, ਗੁਰਮੁਖ ਪਾਰ ਕਰਾਇੰਦਾ । ਸ੍ਰਿਸ਼ਟ ਸਬਾਈ ਆਪ ਭੁਲਾਈ ਕਰ ਕਰ ਹੇਰਾ ਫੇਰਾ, ਪੀ ਪੀ ਸ਼ਰਾਬਾ ਸੰਗ ਰਖਾਇੰਦਾ । ਅੰਤਮ ਵੇਲੇ ਹੱਕ ਨਿਬੇੜਾ,

ਹਰਿਜਨ ਵੇਖੇ ਕਾਇਆ ਖੇੜਾ, ਸਾਚਾ ਨਗਰ ਸਚ ਗਿਰਾਂ ਸਾਚਾ ਧਾਮ ਸੁਹਾਇੰਦਾ । ਸਾਚਾ ਨਗਰ ਸਾਚਾ ਖੇੜਾ, ਸਾਚਾ ਘਰ ਗੁਰਮੁਖ ਆਪ ਵਸਾਇਆ । ਆਪੇ ਬੰਨ੍ਹਣਹਾਰਾ ਬੇੜਾ, ਇਕ ਵਖਾਏ ਸਾਚਾ ਦਰ, ਦੋ ਜਹਾਨਾਂ ਕੁੰਡਾ ਲਾਹਿਆ । ਜਗਤ ਵਿਕਾਰਾ ਮੇਟੇ ਝੇੜਾ ਅੰਮ੍ਰਿਤ ਨੁਹਾਏ ਸਾਚੇ ਸਰ, ਚਰਨ ਧੂੜ ਅਸ਼ਨਾਨ ਕਰਾਇਆ । ਆਵਣ ਜਾਵਣ ਚੁਕੇ ਡਰ, ਨਾ ਜਨਮੇ ਨਾ ਜਾਏ ਮਰ, ਹਰਿ ਜੋਤੀ ਮੇਲ ਮਿਲਾਇਆ । ਆਪਣੀ ਕਰਨੀ ਕਿਰਤ ਕਰਤਾ ਪੁਰਖ ਰਿਹਾ ਕਰ, ਕਰਨਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹੋਏ ਸਹਾਇਆ । ਗੁਰਸਿਖ ਸਾਚਾ ਛੋਟਾ ਬਾਲਾ, ਹਰਿ ਆਪਣੀ ਗੋਦ ਉਠਾਇੰਦਾ । ਦੇਵੇ ਨਾਮ ਸ਼ਬਦ ਦੋਸ਼ਾਲਾ, ਉਪਰ ਪੜਦਾ ਪਾਇੰਦਾ । ਆਪ ਆਪਣਾ ਰੱਖੇ ਨਾਲਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਵਰ ਪਾਇਆ ਹਰਿ ਪੁਰਖ ਅਗੰਮਾ, ਭਰਮ ਭੌ ਵਿਨਾਸਿਆ । ਲੇਖੇ ਲਾਏ ਕਾਇਆ ਚੰਮਾ, ਗਾਇਆ ਸਵਾਸ ਸਵਾਸਿਆ । ਬਿਰਥਾ ਕੋਈ ਨਾ ਜਾਏ ਦਮਾ, ਹਰਿ ਚਰਨ ਕਵਲ ਭਰਵਾਸਿਆ । ਨੇਤਰ ਨੀਰ ਵਹਾਏ ਛੰਮ ਛਮਾ, ਜਗਤ ਤ੍ਰਿਸਨਾ ਬੁਝੀ ਪਿਆਸਿਆ । ਆਪ ਸਵਾਰਿਆ ਆਪਣਾ ਕੰਮਾ, ਆਪੇ ਪਾਈ ਆਪਣੀ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲੇ ਖੇਲ ਤਮਾਸ਼ਿਆ । ਖੇਲਣਹਾਰ ਜਗਤ ਖਲਾਰੀ, ਹਰਿ ਹਰਿ ਹਰਿ ਨਰਾਇਣਾ । ਗੁਰਮੁਖ ਸਾਜਨ ਰਿਹਾ ਉਭਾਰੀ, ਦਰਸ ਦਿਖਾਏ ਸਾਚੇ ਨੈਣਾਂ । ਏਕਾ ਬਖ਼ਸ਼ੇ ਨਾਮ ਖੁਮਾਰੀ, ਏਕਾ ਮਧ ਪੀਆਨਿਆ । ਇਕ ਵਖਾਏ ਮਹੱਲ ਅਟਾਰੀ, ਥਿਰ ਘਰ ਸਾਚੇ ਗੁਰਮੁਖ ਬਹਿਣਾ । ਤੀਜਾ ਨੇਤਰ ਰਿਹਾ ਉਘਾੜੀ, ਬੰਦ ਕਰਾਏ ਦੋਏ ਲੋਇਣਾ । ਸਾਚੇ ਮੰਡਲ ਰਿਹਾ ਚਾੜ੍ਹੀ, ਭੇਵ ਜਾਣੇ ਕੋਇ ਨਾ । ਆਪੇ ਹੋਏ ਪਿਛੇ ਅਗਾੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਹਾਏ ਸਾਚਾ ਥਾਇਨਾ । ਆਪੇ ਹੋਏ ਪਿਛੇ ਅਗਾੜੀ, ਆਪਣਾ ਲੜ ਫੜਾਇੰਦਾ । ਲੇਖੇ ਲਾਏ ਚਰਨ ਛੁਹਾਈ ਦਾੜ੍ਹੀ, ਲਹਿਣਾ ਮੂਲ ਚੁਕਾਇੰਦਾ । ਧਰਮ ਵਖਾਏ ਇਕ ਅਖਾੜੀ, ਸਾਚਾ ਮੰਗਲ ਗਾਇੰਦਾ । ਸ਼ਬਦ ਸਰੂਪੀ ਕਰੇ ਵਾੜੀ, ਚੌਗਿਰਦਾ ਫੇਰਾ ਪਾਇੰਦਾ । ਨੇੜ ਨਾ ਆਏ ਮੌਤ ਲਾੜੀ, ਰਾਏ ਧਰਮ ਨਾ ਵੇਖ ਵਖਾਇੰਦਾ । ਚਿਤਰ ਗੁਪਤ ਲੇਖਾ ਰਿਹਾ ਸਾੜੀ, ਗੁਰ ਪੂਰਾ ਦਇਆ ਕਮਾਇੰਦਾ । ਸ਼ਬਦ ਘੋੜੇ ਰਿਹਾ ਚਾੜ੍ਹੀ, ਵਾਗ ਆਪਣੇ ਹੱਥ ਰਖਾਇੰਦਾ । ਸਾਚੇ ਧਾਮ ਮਿਲੇ ਮੇਲ ਰਮਿਆ ਰਾਮ ਜਗੇ ਜੋਤ ਬਹੱਤਰ ਨਾੜੀ, ਆਕਾਸ਼ ਪਰਕਾਸ਼ ਸਮਾਇੰਦਾ । ਥਿਰ ਘਰ ਸਾਚੇ ਰਿਹਾ ਵਾੜੀ, ਏਕਾ ਦੂਜਾ ਭੌ ਚੁਕਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਵੇਖ ਵਖਾਇੰਦਾ । ਮਨਮੁਖ ਜੀਵਾਂ ਕਿਸਮਤ ਮਾੜੀ, ਹਰਿ ਸਾਚਾ ਦਿਸ ਨਾ ਆਇੰਦਾ । ਮਗਰ ਲੱਗੀ ਪੰਚਮ ਧਾੜੀ, ਨਾ ਕੋਈ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਸੱਜਣ ਸੁਹੇਲੇ ਮੇਲ ਮਿਲਾਏ ਗੁਰੂ ਗੁਰ ਚੇਲੇ, ਗੁਰ ਚੇਲਾ ਆਪ ਅਖਵਾਇੰਦਾ । ਚੇਲਾ ਗੁਰ ਪੁਰਖ ਅਬਿਨਾਸ਼ੀ ਕਰਤਾ ਨਿਹਕਰਮ ਸਵਾਮੀ, ਹਰਿਜਨ ਸਾਚੇ ਆਪੇ ਵਰਦਾ । ਸ਼ਬਦ ਫੜਾਏ ਸਾਚਾ ਦਾਮੀ, ਆਪ ਆਪਣੇ ਜੇਹਾ ਕਰਦਾ । ਹਰ ਘਟ ਅੰਤਰਜਾਮੀ, ਹਰਿਜਨ ਆਸਾ ਜਗਤ ਪਿਆਸਾ ਦਰਸ ਦਿਖਾਏ ਥਿਰ ਘਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਏਕਾ ਦਰ ਦਾ । ਹਰਿ ਸਾਜਨ ਘਰ ਵਸਿਆ, ਪਰਮ ਪੁਰਖ ਕਰਤਾਰ । ਮੇਟੇ ਰੈਣ ਅੰਧੇਰੀ ਮੱਸਿਆ, ਦੇਵੇ ਦਰਸ ਅਗੰਮ ਅਪਾਰ ।


੧੭੮
੦੭

ਕੋਟਨ ਕੋਟ ਕਰੇ ਪਰਕਾਸ਼ ਰਵ ਸੱਸਿਆ, ਜੋਤੀ ਨੂਰ ਕਰੇ ਚਮਤਕਾਰ । ਰਾਹ ਸਾਚਾ ਸਤਿਗੁਰ ਦੱਸਿਆ, ਸਤਿਜੁਗ ਸਾਚੀ ਧਾਰ । ਸਚ ਮੰਦਰ ਹਰਿ ਹਰਿ ਹੱਸਿਆ, ਹਰਿ ਸਾਜਨ ਮੀਤ ਮੁਰਾਰ । ਧੁਰਦਰਗਾਹੀ ਆਇਆ ਨੱਸਿਆ, ਲੋਕਮਾਤ ਲਏ ਅਵਤਾਰ । ਤੀਰ ਨਿਰਾਲਾ ਏਕਾ ਕਸਿਆ, ਸ਼ਬਦ ਖੰਡਾ ਤੇਜ਼ ਕਟਾਰ । ਸ੍ਰਿਸ਼ਟ ਸਬਾਈ ਤ੍ਰੈਗੁਣ ਮਾਇਆ ਡੱਸਿਆ, ਪੰਚ ਤਤ ਹੋਇਆ ਵਿਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਉਜਿਆਰ । ਜੋਤੀ ਨੂਰ ਹਰਿ ਉਜਾਲਾ, ਹਰਿ ਹਰਿ ਕਰੇ ਰੁਸ਼ਨਾਈਆ । ਆਪਣੀ ਚਲੇ ਅਵੱਲੜੀ ਚਾਲਾ, ਆਪਣੀ ਬਣਤ ਬਣਾਈਆ । ਗਗਨ ਮੰਡਲ ਵੇਖੇ ਸਾਚਾ ਥਾਲਾ, ਦੀਪਕ ਦੀਪ ਦਖਾਈਆ । ਜਨ ਭਗਤ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੋਗ ਜੁਗਤ ਆਪਣੇ ਹੱਥ ਰਖਾਈਆ । ਕਲਜੁਗ ਜੋਗ ਜੁਗਤ ਕੁੜਿਆਰਾ, ਕੂੜੇ ਰੂਪ ਸਮਾਇਆ । ਕੂੜਾ ਧੰਦਾ ਕੂੜ ਪਸਾਰਾ, ਕੂੜੋ ਕੂੜ ਕਰੇ ਹਲਕਾਇਆ । ਕੂੜਾ ਮੀਤ ਕੂੜ ਮੁਰਾਰਾ, ਕੂੜਾ ਸੰਗ ਨਿਭਾਇਆ । ਕੂੜ ਕੁੜਿਆਰਾ ਵਸਿਆ ਚੀਤ, ਕੂੜ ਕੂੜਾ ਬੰਧਨ ਪਾਇਆ । ਕੂੜ ਕੂੜੀ ਰੱਖੀ ਪ੍ਰੀਤ, ਕੂੜ ਕੂੜਾ ਮੋਹ ਵਧਾਇਆ । ਕੂੜ ਕੂੜਾ ਗਾਇਆ ਗੀਤ, ਹਰਿ ਗੋਬਿੰਦ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜ ਕੂੜਾ ਦਏ ਮਿਟਾਇਆ । ਕੂੜ ਕੁੜਿਆਰਾ ਮੇਟਣਹਾਰਾ, ਆਦਿ ਪੁਰਖ ਅਖਵਾਇੰਦਾ । ਕਲਜੁਗ ਵੇਖੇ ਅੰਤ ਕਿਨਾਰਾ, ਮੰਜਧਾਰਾ ਫੇਰਾ ਪਾਇੰਦਾ । ਜੀਵ ਜੰਤ ਕਰੇ ਵਿਚਾਰਾ, ਕਿਰਿਆ ਕਰਮ ਨਾ ਕੋਇ ਜਣਾਇੰਦਾ । ਭਰਮੇ ਭੁਲਾ ਸਰਬ ਸੰਸਾਰਾ, ਭਰਮ ਗੜ੍ਹ ਨਾ ਕੋਇ ਤੁੜਾਇੰਦਾ । ਕੂੜਾ ਰੰਗ ਕੂੜ ਖੁਮਾਰਾ, ਕੂੜਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੂਪ ਵਟਾਇੰਦਾ । ਕੂੜ ਕੂੜਾ ਖ਼ਾਕੀ ਖ਼ਾਕ, ਖ਼ਾਕੀ ਖ਼ਾਕ ਸਮਾਇਆ ਨਾ ਕੋਈ ਦੀਸੇ ਪਾਕੀ ਪਾਕ, ਪੱਤਤ ਪਵਿਤ ਨਾ ਕੋਇ ਕਰਾਇਆ । ਸਾਧਾਂ ਸੰਤਾਂ ਬੰਦ ਤਾਕ, ਬਜਰ ਕਪਾਟ ਨਾ ਕੋਇ ਤੁੜਾਇਆ । ਮਾਇਆ ਮਮਤਾ ਰਹੇ ਝਾਕ, ਤ੍ਰਿਸਨਾ ਮੋਹ ਵਧਾਇਆ । ਕੂੜ ਕੂੜਾ ਬੰਧਪ ਸਾਕ, ਕੂੜਾ ਸੰਗ ਰਖਾਇਆ । ਕੋਇ ਨਾ ਜਾਣੇ ਭਵਿਖਤ ਵਾਕ, ਭਰਮ ਭੌ ਨਾ ਕੋਇ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੂੜ ਕੁੜਿਆਰਾ ਦਏ ਮਿਟਾਇਆ । ਕਲਜੁਗ ਕੂੜਾ ਜਾਏ ਉਠ, ਮਿਟੇ ਝੂਠ ਪਸਾਰਾ । ਪੁਰਖ ਅਬਿਨਾਸ਼ੀ ਗਿਆ ਤੁਠ, ਨਿਹਕਲੰਕ ਲਏ ਅਵਤਾਰਾ । ਮਨਮੁਖ ਜੀਵਾਂ ਹੱਥ ਫੜਾਏ ਖਾਲੀ ਠੁੱਠ, ਨੌਂ ਖੰਡ ਪ੍ਰਿਥਮੀ ਪਏ ਲੁੱਟ, ਚਾਰੋਂ ਕੁੰਟ ਹਾਹਾਕਾਰਾ । ਜੂਠੀ ਝੂਠੀ ਜੜ ਦੇਵੇ ਪੁੱਟ, ਮਾਰੇ ਇਕ ਹੁਲਾਰਾ । ਕੂੜੀ ਕਾਇਆ ਭਾਗ ਗਏ ਨਿਖੁੱਟ, ਨਾ ਪਾਵੇ ਕੋਈ ਸਾਰਾ । ਗੁਰਮੁਖ ਵਿਰਲਾ ਲਾਹਾ ਰਿਹਾ ਲੁੱਟ, ਜਿਸ ਮਿਲਿਆ ਕੰਤ ਭਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਉਠਾਏ ਸਾਚਾ ਸੁਤ ਦੁਲਾਰਾ । ਸਤਿਜੁਗ ਸਾਚਾ ਸਾਚਾ ਸੁੱਤ, ਹਰਿ ਸਾਚਾ ਆਪ ਉਠਾਇੰਦਾ । ਆਪ ਸੁਹਾਏ ਸਾਚੀ ਰੁੱਤ, ਸਚ ਸੁੱਚ ਵਰਤਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪਣੀ ਦਇਆ ਕਮਾਇੰਦਾ । ਬਿਨ ਹਰਿ ਨਾਮੇ ਖ਼ਾਲੀ ਦਿਸੇ ਨਾ ਕੋਈ ਬੁੱਤ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਸ਼ਬਦ ਖੰਡਾ ਇਕ ਵਖਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਏਕਾ ਰੰਗ ਰੰਗਾਇੰਦਾ । ਆਵਣ ਜਾਵਣ ਜਾਏ ਛੁੱਟ, ਜੋ ਜਨ ਦਰਸ਼ਨ ਪਾਇੰਦਾ । ਮਾਤ ਗਰਭ ਨਾ ਲਟਕੇ ਪੁੱਠ, ਦਸ ਦਸ ਮਾਸ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ

੧੭੯
੦੭

ਸਾਚਾ ਆਪ ਉਠਾਇੰਦਾ । ਸਤਿਜੁਗ ਸਾਚੇ ਉਠ ਬਲ ਧਾਰ, ਪ੍ਰਭ ਸਾਚਾ ਆਪ ਜਗਾਈਆ । ਸਚ ਸੁੱਚ ਕਰ ਵਰਤਾਰ, ਚਾਰ ਕੁੰਟ ਰਹੀ ਕੁਰਲਾਈਆ । ਬੀਸ ਬੀਸਾ ਹੋਏ ਪਹਿਰੇਦਾਰ, ਏਕਾ ਬਖ਼ਸ਼ੇ ਸੱਚੀ ਸਰਨਾਈਆ । ਨਾਤਾ ਤੁਟੇ ਚਾਰ ਯਾਰ, ਸੰਗ ਮੁਹੰਮਦ ਨਾ ਕੋਈ ਨਿਭਾਈਆ । ਅੱਲਾ ਰਾਣੀ ਕਰੇ ਪੁਕਾਰ, ਨੇਤਰ ਨੈਣਾਂ ਨੀਰ ਰਹੀ ਵਹਾਈਆ । ਰੋ ਰੋ ਕਰੇ ਗਿਰਿਆਜ਼ਾਰ, ਖੁਲੜੇ ਕੇਸ ਰਹੀ ਵਖਾਈਆ । ਹੂ ਹੂ ਨਾਅਰਾ ਕਰੇ ਪੁਕਾਰ, ਅੱਲਾ ਹੂ ਹੂ ਦਏ ਦੁਹਾਈਆ । ਤੂੰ ਬੇਐਬ ਪਰਵਰਦਿਗਾਰ, ਦੋ ਜਹਾਨਾਂ ਸਚ ਮਲਾਹੀਆ । ਚੌਦਾਂ ਤਬਕ ਰਹੇ ਲਲਕਾਰ, ਸੰਮਤ ਚੌਦਾਂ ਦਏ ਦੁਹਾਈਆ । ਈਸਾ ਮੂਸਾ ਰਹਿਣਾ ਖ਼ਬਰਦਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਿਟੇ ਅਸਵ ਹੋ ਅਸਵਾਰ, ਸ਼ਬਦ ਘੋੜਾ ਰਿਹਾ ਦੌੜਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਮੱਕਾ ਮਦੀਨਾ ਵੇਖ ਵਖਾਈਆ । ਰੂਸਾ ਚੀਨਾ ਕਰ ਪਿਆਰ, ਆਪ ਆਪਣਾ ਸੰਗ ਰਖਾਈਆ । ਲੋਕ ਤੀਨਾਂ ਬੰਨ੍ਹੇ ਧਾਰ, ਚੌਦਾਂ ਲੋਕ ਦਏ ਹਲਾਈਆ । ਦਾਨਾ ਬੀਨਾ ਆਪ ਕਰਤਾਰ, ਕਰਤਾ ਪੁਰਖ ਨਾਉਂ ਰਖਾਈਆ । ਜਨ ਭਗਤਾਂ ਦੇਵੇ ਨਾਮ ਰਸ ਭੀਨਾ, ਸਾਂਤਕ ਸਤਿ ਵਰਤਾਈਆ । ਲੱਖ ਚੁਰਾਸੀ ਵਿਚੋਂ ਵਖ ਕੀਨਾ, ਆਪਣੇ ਹੱਥ ਰੱਖੇ ਵਡਿਆਈਆ । ਪਾਏ ਸਾਰ ਗੁਰਸਿਖ ਜਿਉਂ ਜਲ ਮੀਨਾ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਡੇਰਾ ਢਾਹੀਆ । ਕਲਜੁਗ ਉਠੇ ਸਫਾ ਮਲੇਸ਼, ਕੂੜੋ ਕੂੜ ਮਿਟਾਇੰਦਾ । ਨਾ ਕੋਈ ਪੂਜੇ ਸ਼ਿਵ ਸ਼ੰਕਰ ਗਣੇਸ਼, ਨਾ ਕੋਈ ਦੀਸੇ ਬ੍ਰਹਮਾ ਮਹੇਸ਼, ਨਾ ਕੋਈ ਵਿਸ਼ਨੂੰ ਰੂਪ ਵਟਾਇੰਦਾ । ਨਾ ਕੋਈ ਪੂਜਾ ਬਾਸ਼ਕ ਸ਼ੇਸ, ਨਾ ਕੋਈ ਲਛਮੀ ਰੂਪ ਬਣਾਇੰਦਾ । ਆਪ ਕਰਾਏ ਆਪਣੀ ਹਰਿ ਆਦੇਸ, ਆਪਣੀ ਅਲਖ ਜਗਾਇੰਦਾ । ਏਕਾ ਸ਼ਬਦ ਦਰ ਦਰਵੇਸ਼, ਸੋ ੧੮੦
੧੮੦ ਪੁਰਖ ਨਿਰੰਜਣ ਨਾਉਂ ਧਰਾਇੰਦਾ । ਵੇਖ ਵਖਾਣੇ ਧਾਰੀ ਕੇਸ, ਮੂੰਡ ਮੁੰਡਾਏ ਸੰਗ ਰਲਾਇੰਦਾ । ਆਪੇ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਕੂੜਾ ਭੇਖ, ਥਿਰ ਰਹਿਣ ਨਾ ਪਾਇੰਦਾ । ਸਤਿਜੁਗ ਸਾਚਾ ਰਿਹਾ ਵੇਖ, ਨੇਤਰ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਆਪ ਸੁਹਾਇੰਦਾ । ਕਲਜੁਗ ਕਾਲੇ ਸਿਫ਼ਤ ਸਲਾਹ, ਏਕਾ ਏਕ ਰਖਾਈਆ । ਇਕ ਮੁਹੰਮਦ ਨਾਲ ਮਿਲਾ, ਦੂਜਾ ਸੰਗ ਰਲਾਈਆ । ਅੱਲਾ ਰਾਣੀ ਕਰੇ ਨਾਹ, ਮੁਖ ਬੈਠੀ ਘੁੰਗਟ ਪਾਈਆ । ਸੰਮਤ ਪੰਦਰਾਂ ਮਾਰੇ ਧਾ, ਨਾ ਦੀਸੇ ਕੋਈ ਸਹਾਈਆ । ਅਮਾਮ ਮਹਿੰਦੀ ਹਰਿ ਭੇਖ ਵਟਾ, ਜੋਤੀ ਨੂਰ ਕਰੇ ਰੁਸ਼ਨਾਈਆ । ਮੁਖ ਨਕਾਬ ਇਕ ਰਖਾ, ਸੰਮਤ ਸੋਲਾਂ ਦਏ ਸੁਹਾਈਆ । ਪਹਿਲੀ ਚੇਤਰ ਸ਼ਾਹੀ ਕਿਲੇ ਚਰਨ ਟਿਕਾ, ਲਾਹੌਰ ਸ਼ਹਿਰ ਫੇਰਾ ਪਾਈਆ । ਗੜ੍ਹ ਹੰਕਾਰੀ ਦਏ ਤੁੜਾ, ਜਗੇ ਜੋਤੀ ਨੂਰ ਅਲਾਹੀਆ । ਵਾਹਿਦ ਖ਼ੁਦਾ ਇਕ ਅਖਵਾ, ਖ਼ੁਦੀ ਖ਼ੁਦਾਈ ਦਏ ਮਿਟਾਈਆ । ਐਨਲਹੱਕ ਤੇਰਾ ਨਾਅਰਾ ਪੂਰਾ ਦਏ ਕਰਾ, ਹੱਕ ਹਕੀਕਤ ਫੋਲ ਫੋਲਾਈਆ । ਲਾਸ਼ਰੀਕ ਆਪ ਹੋ ਜਾ, ਸ਼ਰੀਕਤ ਹੋਰ ਨਾ ਕੋਇ ਜਣਾਈਆ । ਕਲਜੁਗ ਤੇਰੀ ਤਾਰੀਕ ਏਕਾ ਵਾਰ ਪਵਾ, ਉਮਤ ਨਬੀ ਰਸੂਲ ਦਏ ਖਪਾਈਆ । ਕਲਜੁਗ ਤੇਰੀ ਮੇਟੇ ਲੱਗੀ ਕਾਲੀ ਸ਼ਾਹ, ਦੁਰਮਤ ਮੈਲ ਧਵਾਈਆ । ਗੁਰਮੁਖ ਉਠਾਏ ਥਾਉਂ ਥਾਂ, ਚਾਰ ਵਰਨ ਇਕ ਸਰਨਾਈਆ । ਮੁਸਲਮ ਹਿੰਦੂ ਸਿਖ ਈਸਾਈ ਪਕੜੇ ਬਾਂਹ, ਜੋ ਬੈਠੇ ਧਿਆਨ ਲਗਾਈਆ । ਪੰਡਤ ਕਾਸ਼ੀ ਕੋਈ ਜਾਣੇ ਨਾ, ਮੁੱਲਾ ਮਸਾਇਕ ਸ਼ੇਖ਼ ਪੀਰ ਦਸਤਗੀਰ ਕੁਤਬ ਗੌਂਸ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਖੇ ਸ੍ਰਿਸ਼ਟ ਸਬਾਈਆ ।

ਸ੍ਰਿਸ਼ਟ ਸਬਾਈ ਸਾਚਾ ਨਾਅਰਾ, ਪੁਰਖ ਅਕਾਲ ਲਗਾਇਆ । ਨੌਂ ਖੰਡ ਪ੍ਰਿਥਮੀ ਇਕ ਦਵਾਰਾ, ਏਕਾ ਧਾਰ ਬੰਧਾਇਆ । ਏਕਾ ਮੰਦਰ ਇਕ ਗੁਰਦਵਾਰਾ, ਏਕਾ ਮੰਦਰ ਮਸਜਿਦ ਮੱਠ ਸ਼ਿਵਦਵਾਲਾ ਇਕ ਕਰਾਇਆ । ਏਕਾ ਚਰਨ ਇਕ ਪਿਆਰਾ, ਏਕਾ ਤੀਰਥ ਏਕਾ ਤਟ ਇਕ ਕਿਨਾਰਾ ਰਿਹਾ ਜਣਾਇਆ । ਏਕਾ ਪੂਜਾ ਏਕਾ ਪਾਠ, ਏਕਾ ਹਵਨ ਇਕ ਸਮਗਰੀ ਰਿਹਾ ਵਖਾਇਆ । ਏਕਾ ਅੰਮ੍ਰਿਤ ਮਾਰੇ ਠਾਠ, ਸਰ ਸਰੋਵਰ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਕਰ, ਕਰਨਹਾਰ ਆਪ ਅਖਵਾਇਆ । ਕਰੇ ਕਰਾਏ ਕਰਨੇਹਾਰਾ, ਆਦਿ ਪੁਰਖ ਅਬਿਨਾਸ਼ੀ । ਸ੍ਰਿਸ਼ਟ ਸਬਾਈ ਵਰਨੇਹਾਰਾ, ਸ਼ਾਹੋ ਭੂਪ ਘਨਕ ਪੁਰ ਵਾਸੀ । ਜਨ ਭਗਤਾਂ ਨਾਮ ਭੰਡਾਰੇ ਭਰਨੇਹਾਰਾ, ਖੇਲੇ ਖੇਲ ਪ੍ਰਿਥਮੀ ਆਕਾਸ਼ੀ । ਵਰਨ ਗੋਤ ਊਚ ਨੀਚ ਰਾਓ ਰੰਕ ਏਕਾ ਘਰ ਧਰਨੇਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੀ ਰਾਸੀ । ਹਰਿ ਕਰਤਾ ਸ੍ਰਿਸ਼ਟ ਸਾਜ, ਸਰਬ ਸਮਾਇਆ । ਨਾਮ ਚਲਾਏ ਸਤਿ ਜਹਾਜ਼, ਸਤਿ ਪੁਰਖ ਦਇਆ ਕਮਾਇਆ । ਅਨਹਦ ਮਾਰੇ ਸਾਚੀ ਆਵਾਜ਼, ਸਾਚੀ ਸੇਵਾ ਲਾਇਆ । ਮੇਲ ਮਿਲਾਏ ਗ਼ਰੀਬ ਨਿਵਾਜ, ਗ਼ਰੀਬ ਨਿਮਾਣੇ ਗਲੇ ਲਗਾਇਆ । ਸੀਸ ਵਖਾਏ ਸਾਚਾ ਤਾਜ, ਸਾਚਾ ਨਾਮ ਵਖਾਇਆ । ਚਰਨ ਦਵਾਰੇ ਬਖ਼ਸ਼ੇ ਸਾਚਾ ਰਾਜ, ਰਾਜ ਜੋਗ ਇਕ ਜਣਾਇਆ । ਆਪੇ ਰਚਣਹਾਰਾ ਕਾਜ, ਆਪ ਆਪਣਾ ਕਾਜ ਕਰਾਇਆ । ਕਲਜੁਗ ਅੰਤਮ ਪਰਗਟ ਹੋਏ ਦੇਸ ਮਾਝ, ਸੰਬਲ ਨਗਰੀ ਧਾਮ ਸੁਹਾਇਆ । ਚਾਰ ਵਰਨ ਬੰਧਾਏ ਨਾਤਾ ਸਾਂਝ, ਸਾਚਾ ਦਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕਾ ਨਾਉਂ ਰਖਾਇਆ । ਸ੍ਰਿਸ਼ਟ ਸਬਾਈ ਸਾਜਨ ਮੀਤਾ, ਸਗਲਾ ਸੰਗ ਨਿਭਾਇੰਦਾ । ਆਪੇ ਠਾਂਡਾ ਆਪੇ ਸੀਤਾ, ਆਪੇ ਅਗਨੀ ਤਤ ਰਖਾਇੰਦਾ । ਆਪੇ ਮਾਰੇ ਆਪੇ ਜੀਤਾ, ਆਪੇ ਯੁਧ ਕਰਾਇੰਦਾ । ਆਪੇ ਮੰਦਰ ਆਪ ਮਸੀਤਾ, ਗੁਰਦਵਾਰਾ ਆਪ ਅਖਵਾਇੰਦਾ । ਆਪੇ ਬੈਠਾ ਰਹੇ ਅਤੀਤਾ, ਤ੍ਰੈਗੁਣ ਵਿਚ ਨਾ ਆਇੰਦਾ । ਆਪੇ ਹਸਤ ਆਪੇ ਕੀਟਾ, ਊਚ ਨੀਚ ਆਪ ਅਖਵਾਇੰਦਾ । ਆਪੇ ਕੌੜਾ ਆਪੇ ਫੀਕਾ, ਰਸ ਮੀਠਾ ਆਪ ਅਖਵਾਇੰਦਾ । ਆਪੇ ਭੇਵ ਜਾਣੇ ਜਨ ਜੀਅ ਕਾ, ਜੀ ਦਾਤਾ ਆਪ ਅਖਵਾਇੰਦਾ । ਆਪੇ ਲਹਿਣਾ ਦੇਣਾ ਚੁਕਾਏ ਸਾਢੇ ਤਿੰਨ ਹੱਥ ਸੀਂਅ ਕਾ, ਆਪੇ ਕਲਜੁਗ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੋਤੀ ਜੋਤ ਜਗਾਇੰਦਾ । ਸ੍ਰਿਸ਼ਟ ਸਬਾਈ ਸਗਲਾ ਸੰਗਾ, ਸਤਿਗੁਰ ਦੀਨ ਦਿਆਲਾ । ਆਪ ਵਜਾਏ ਆਪਣਾ ਮਰਦੰਗਾ, ਆਪੇ ਕਾਲ ਹੋਏ ਮਹਾਂਕਾਲਾ । ਆਪਣਾ ਦਰ ਆਪੇ ਮੰਗਾ, ਆਪੇ ਭਰੇ ਆਪਣਾ ਪਿਆਲਾ । ਆਪੇ ਭੁੱਖਾ ਆਪੇ ਨੰਗਾ, ਆਪੇ ਹੋਏ ਦੀਨ ਦਿਆਲਾ । ਆਪ ਆਪਣਾ ਲਾਇਆ ਅੰਗਾ, ਆਪਣਾ ਆਪ ਹੋਏ ਰਖਵਾਲਾ । ਆਪੇ ਧਾਰਾ ਹੋਏ ਗੰਗਾ, ਆਪੇ ਅਗਨੀ ਜੋਤ ਜਵਾਲਾ । ਆਪ ਆਪਣੇ ਘੋੜੇ ਕੱਸਿਆ ਤੰਗਾ, ਆਪੇ ਬੈਠਾ ਗੁਰ ਗੋਪਾਲਾ । ਆਪ ਆਪਣਾ ਕਰਿਆ ਜੰਗਾ, ਆਪ ਆਪਣਾ ਸ਼ਸਤਰ ਸੰਭਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਅਵੱਲੜੀ ਚਾਲਾ । ਸ੍ਰਿਸ਼ਟ ਸਬਾਈ ਨਾਤਾ ਜੋੜ, ਜੋੜਨਹਾਰ ਅਖਵਾਇਆ । ਸ਼ਬਦ ਸਰੂਪੀ ਚੜ੍ਹਿਆ ਘੋੜ, ਲੋਆਂ ਪੁਰੀਆਂ ਫੇਰਾ ਪਾਇਆ । ਲੱਖ ਚੁਰਾਸੀ ਵੇਖੇ ਪਰਖੇ ਮਿਠਾ ਕੌੜ, ਰਸ ਫੀਕਾ ਰਹਿਣ ਨਾ ਪਾਇਆ । ਪੂਤ ਸਪੂਤਾ ਬ੍ਰਹਿਮਣ ਗੌੜਾ, ਉਚਾ ਟਿਲਾ ਸਾਚਾ ਪਰਬਤ ਬਜਰ ਕਪਾਟੀ ਕਿਲਾ ਰਿਹਾ ਤੁੜਾਇਆ । ਕਲਜੁਗ ਅੰਤਮ ਜਾਏ ਬੌਹੜ, ਸੰਬਲ ਨਗਰੀ

੧੮੧ ੦੨

ਵੇਖ ਵਖਾਇਆ । ਗੁਰ ਗੋਬਿੰਦੇ ਲੱਗੀ ਔੜ, ਅੰਮ੍ਰਿਤ ਆਤਮ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕਾ ਨਾਉਂ ਧਰਾਇਆ । ਸ੍ਰਿਸ਼ਟ ਸਬਾਈ ਕੂੜ ਪਸਾਰਾ, ਕੂੜਾ ਡੰਕ ਵਜਾਇਆ । ਪੰਜ ਤਤ ਹੋਏ ਖਵਾਰਾ, ਮਨਮਤ ਰਹੀ ਕੁਰਲਾਇਆ । ਸਾਧ ਸੰਤ ਨਾ ਦੇਵੇ ਕੋਈ ਸਹਾਰਾ, ਧੀਰਜ ਯਤ ਨਾ ਕੋਈ ਧਰਾਇਆ । ਪਰਗਟ ਹੋਏ ਹਰਿ ਨਿਰੰਕਾਰਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸਰਗੁਣ ਬੰਨੇ ਸਾਚੀ ਧਾਰਾ, ਸਤਿ ਸਤਿਵਾਦ ਸਮਾਇਆ । ਅਗੰਮ ਅਗੰਮੜੀ ਕਰੇ ਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਕਾਇਆ ਚੋਲੀ ਅੰਤਮ ਦਏ ਰੰਗਾਇਆ । ਕਾਇਆ ਚੋਲੀ ਕਾਲੀ ਧਾਰ, ਕਲਜੁਗ ਰੰਗ ਰੰਗਾਇੰਦਾ । ਜੂਠਾ ਝੂਠਾ ਤਨ ਸੰਗਾਰ, ਮਾਇਆ ਮਮਤਾ ਬਸਤਰ ਪਾਇੰਦਾ । ਹਉਮੇ ਹੰਗਤਾ ਕਰ ਅਹਾਰ, ਤ੍ਰਿਸਨਾ ਭੁੱਖ ਮਿਟਾਇੰਦਾ । ਮੰਗਤਾ ਫਿਰੇ ਦਰ ਦਵਾਰ, ਦਰ ਦਰ ਅਲਖ ਜਗਾਇੰਦਾ । ਚਾਰੋਂ ਕੁੰਟ ਦਿਸੇ ਹਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਅੰਤਮ ਰੋਵੇ ਨੀਰ ਵਹਾਏ ਧਾਹਾਂ ਮਾਰ, ਦਰ ਸਾਚੇ ਆਪ ਕੁਰਲਾਇੰਦਾ । ਪੁਰਖ ਅਬਿਨਾਸ਼ੀ ਸੁਣ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰ ਆਪ ਅਖਵਾਇੰਦਾ । ਕਲਜੁਗ ਕਾਲੇ ਕਾਲਾ ਚੀਰਾ, ਸਾਜਨ ਸੀਸ ਬੰਧਾਇਆ । ਹਉਮੇ ਲੱਗੀ ਸਾਚੀ ਪੀੜਾ, ਬਿਰਹੋਂ ਰੋਗ ਸਤਾਇਆ । ਟੁੱਟੀ ਜਾਏ ਹੱਡੀ ਰੀੜ੍ਹਾ, ਜੂਠਾ ਝੂਠਾ ਭਾਰ ਉਠਾਇਆ । ਨਾ ਕੋਈ ਉਠਾਏ ਸਾਥੀ ਬੀੜਾ, ਬੈਠੇ ਮੁਖ ਸ਼ਰਮਾਇਆ । ਅੱਲਾ ਰਾਣੀ ਮੰਗਦੀ ਪੀੜ੍ਹਾ, ਹੱਥੀਂ ਮਹਿੰਦੀ ਲਾਲ ਰੰਗਾਇਆ । ਸੂਹੀ ਚੁਨੀ ਸਾਚਾ ਲੀੜਾ, ਮੁਖ ਕਾਲਾ ਘੁੰਗਟ ਪਾਇਆ । ਨਾਲ ਰਲਾਏ ਸੂਰਬੀਰਾ, ਜੋਧੇ ਬੀਰ ਰਿਹਾ ਉਠਾਇਆ । ਰਸਨ ਚਲਾਏ ਸਾਚਾ ਤੀਰਾ, ਏਕਾ ਚਿੱਲਾ ਰਿਹਾ ਵਖਾਇਆ । ਪਕੜ ਉਠਾਏ ਸ਼ਾਹ ਫਕੀਰਾ, ਜਗਤ ਜ਼ੰਜੀਰਾ ਰਿਹਾ ਤੁੜਾਇਆ । ਵੇਖ ਵਖਾਣੇ ਅਠਸਠ ਨੀਰਾ, ਅਠਸਠ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਕਾਲਾ ਮੁਖੜਾ, ਮੁਖ ਕਾਲੀ ਸ਼ਾਹੀ ਲਾਇਆ । ਕਲਜੁਗ ਕੂੜਾ ਰਿਹਾ ਕੁਰਲਾ, ਚੌਦਾਂ ਤਬਕਾਂ ਰਿਹਾ ਸੁਣਾਈਆ । ਗਲ ਵਿਚ ਪੱਲਾ ਬੈਠਾ ਪਾ, ਹਰਿ ਬਖ਼ਸ਼ੀਂ ਬੇਪਰਵਾਹੀਆ । ਚਾਰ ਯਾਰੀ ਸੰਗ ਰਲਾ, ਸਗਲਾ ਸੰਗ ਵਖਾਈਆ । ਮੁਹੰਮਦ ਨਾਅਰਾ ਏਕਾ ਲਾ, ਐਨਲਹੱਕ ਰਿਹਾ ਜਗਾਈਆ । ਪਰਗਟ ਹੋਏ ਬੇਪਰਵਾਹ, ਪਾਰਬ੍ਰਹਮ ਵੱਡੀ ਵਡਿਆਈਆ । ਸਚ ਨਗਾਰਾ ਰਿਹਾ ਵਜਾ, ਡੌਰੂ ਡੰਕਾ ਇਕ ਵਖਾਈਆ । ਨੌਂ ਖੰਡ ਪ੍ਰਿਥਮੀ ਦਏ ਉਠਾ, ਸ਼ਬਦ ਸਰੂਪੀ ਫੇਰਾ ਪਾਈਆ । ਜੋਤੀ ਅਗਨੀ ਦਏ ਲਗਾ, ਘਰ ਘਰ ਲੰਬੂ ਲਾਈਆ । ਸਾਚਾ ਸਗਨ ਲਏ ਮਨਾ, ਸੰਮਤ ਪੰਦਰਾਂ ਵੇਖ ਵਖਾਈਆ । ਤਨ ਸ਼ਸਤਰ ਸਾਚਾ ਲਏ ਸਜਾ, ਨੀਲੇ ਵਾਲਾ ਬੇਪਰਵਾਹੀਆ । ਸੋਲਾਂ ਕਲੀਆਂ ਆਸਣ ਲਏ ਵਛਾ, ਆਪ ਆਪਣਾ ਧਾਮ ਸੁਹਾਈਆ । ਵਲੀਆ ਛਲੀਆ ਆਪ ਅਖਵਾ, ਹਰਿ ਜੋਤੀ ਖੇਲ ਖਿਲਾਈਆ । ਉਚ ਅਟੱਲ ਨਿਹਚਲ ਧਾਮ ਬੈਠਾ ਡੇਰਾ ਲਾ, ਦਿਸ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਤੇਰਾ ਸਚ ਮਲਾਹ, ਹੱਕ ਜਨਾਬ ਆਪ ਅਖਵਾਈਆ । ਉਮਤ ਉਮਤੀ ਦਏ ਸਲਾਹ, ਏਕਾ ਮਤਾ ਪਕਾਈਆ । ਅਗ਼ੈਬ ਅਗ਼ੈਬੀ ਹੋਏ ਹਰਿ ਖ਼ੁਦਾ, ਖ਼ੁਦੀ ਖ਼ੁਦਾਈ ਦਏ ਮਿਟਾਈਆ । ਨੂਰ ਇਲਾਹੀ ਨਾ ਹੋਏ ਜੁਦਾ, ਰਫ਼ੀਕ ਤੌਫ਼ੀਕ ਇਕ ਰਖਾਈਆ । ਹੱਕ ਹਕੀਕਤ ਦਏ ਵਖਾ, ਹੱਕ ਹਲਾਲ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਸਗਲਾ ਸੰਗ ਵੇਖ ਵਖਾਈਆ । ਸਗਲਾ ਸੰਗ ਉਮਤੀ

ਨਾਤਾ, ਚਾਰ ਯਾਰੀ ਵੇਖ ਵਖਾਇਆ । ਵੇਖੇ ਖੇਲ ਹਰਿ ਪੁਰਖ ਬਿਧਾਤਾ, ਵੇਖਣਹਾਰ ਸ੍ਰਿਸ਼ਟ ਸਬਾਇਆ । ਕਲਜੁਗ ਤੇਰਾ ਕੂੜ ਚਲਾਏ ਰਾਥਾ, ਰਥ ਰਥਵਾਹੀ ਆਪੇ ਲਾਇਆ । ਪਰਗਟ ਹੋ ਤ੍ਰਿਲੋਕੀ ਨਾਥਾ, ਤੀਨਾਂ ਲੋਕਾਂ ਵੇਖ ਵਖਾਇਆ । ਮੇਟ ਮਿਟਾਏ ਕੂੜੀ ਸ਼ਾਹੀ ਮਸਤਕ ਮਾਥਾ, ਸਾਚਾ ਤਿਲਕ ਇਕ ਚੜ੍ਹਾਇਆ । ਸਰਬ ਕਲਾ ਆਪੇ ਸਮਰਾਥਾ, ਸਮਰਥ ਪੁਰਖ ਅਖਵਾਇਆ । ਅੰਤਮ ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥਾ, ਰਵਦਾਸ ਚੁਮਾਰੇ ਲੇਖਾ ਲਿਖਾਇਆ । ਰਾਮ ਰਾਮਾ ਹਰਿ ਦਸਰਾਥਾ, ਪੂਤ ਸਪੂਤਾ ਨਾਉਂ ਰਖਾਇਆ । ਵੇਖ ਵਖਾਏ ਨੌਂ ਨੌਂ ਨਾਥਾ, ਸਿਧ ਚੁਰਾਸੀ ਰਹਿਣ ਨਾ ਪਾਇਆ । ਕਲਜੁਗ ਤੇਰੀ ਅੰਤਮ ਵਾਰਾ ਸਗਲ ਵਿਸੂਰਾ ਹਰਿ ਜੀ ਲਾਥਾ, ਨੇਤਰ ਲੋਚਣ ਦਰਸ਼ਨ ਪਾਇਆ । ਮੂਲ ਚੁਕਾਏ ਤਤ ਆਠਾ, ਨੌ ਦਰ ਪਾਰ ਕਰਾਇਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠਾ, ਅਠਸਠ ਨਾ ਵੇਖ ਵਖਾਇਆ । ਆਪੇ ਗੇੜਨਹਾਰਾ ਉਲਟੀ ਲਾਠਾ, ਗੇੜਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਮੰਦਰ ਮਸਜਿਦ ਮਾਠਾ ਸ਼ਿਵਦਵਾਲਾ ਫੇਰੀ ਪਾਇਆ । ਕਲਜੁਗ ਤੇਰਾ ਕਾਲਾ ਰੂਪ, ਏਕਾ ਰੰਗ ਰੰਗਾਇੰਦਾ । ਧੂੰਆਂਧਾਰ ਚਾਰੋਂ ਕੂਟ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਜਗਤ ਪਸਾਰਾ ਜੂਠ ਝੂਠ, ਨਾਤਾ ਬਿਧਾਤਾ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਸ ਵਟਾਇੰਦਾ । ਭੇਖ ਵਟਾਏ ਜੋਤ ਅਕਾਲੀ, ਅਕਲ ਕਲਾ ਕਲਧਾਰੀ । ਗੁਰਮੁਖ ਸਾਜਨ ਸ਼ਬਦ ਸਵਾਮੀ, ਦੇਵੇ ਨਾਮ ਖੁਮਾਰੀ । ਫਲ ਲਗਾਏ ਸਾਚੀ ਡਾਲ੍ਹੀ, ਸਿੰਚੇ ਸਚ ਕਿਆਰੀ । ਜੋਤ ਨਿਰੰਜਣ ਚਾੜ੍ਹੇ ਲਾਲੀ, ਆਤਮਕ ਧੁਨ ਸੁਣਾਏ ਸੱਚੀ ਧੁਨਕਾਰੀ । ਪਰਮ ਪੁਰਖ ਹੋਏ ਪ੍ਰਿਤਪਾਲੀ, ਹਰਿ ਸੇਵਕ ਸੇਵਾਦਾਰੀ । ਜੁਗ ਜੁਗ ਚਲੇ ਅਵੱਲੜੀ ਚਾਲੀ, ਖੇਲੇ ਖੇਲ ਨਿਰਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਦੇਵੇ ਨਾਮ ਦਲਾਲੀ । ਨਾਮ ਦਲਾਲ ਜਗਤ ਵਿਚੋਲਾ, ਹਰਿ ਹਰਿ ਆਪ ਰਖਾਇਆ । ਗੁਰਮੁਖ ਵਿਰਲੇ ਗਾਇਆ ਢੋਲਾ, ਸੋ ਪੁਰਖ ਨਿਰੰਜਣ ਪਾਇਆ । ਕਾਇਆ ਮੰਦਰ ਅੰਦਰ ਆਪੇ ਬੋਲਾ, ਆਪਣਾ ਰਾਗ ਅਲਾਇਆ । ਆਪਣੇ ਕੰਡੇ ਆਪੇ ਤੋਲਾ, ਤੋਲਣਹਾਰ ਆਪ ਅਖਵਾਇਆ । ਆਪਣਾ ਦਰ ਆਪੇ ਖੋਲ੍ਹਾ, ਆਪ ਆਪਣਾ ਮੁਖ ਵਖਾਇਆ । ਗੁਰਮੁਖ ਕਾਇਆ ਅੰਦਰ ਮੌਲਾ, ਮੌਲਾ ਰੂਪ ਸਮਾਇਆ । ਉਲਟੀ ਕਰੇ ਨਾਭ ਕਵਲਾ, ਕਵਲਾ ਮੁਖ ਭਵਾਇਆ । ਦੇਵੇ ਵਡਿਆਈ ਉਪਰ ਧਵਲਾ, ਧਰਨੀ ਧਰਤ ਸੁਹਾਇਆ । ਮੇਲ ਮਿਲਾਏ ਸਾਵਲ ਸਵਲਾ, ਸਾਰੰਗ ਧਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਧਾਰੀ ਕਲ ਆਪ ਅਖਵਾਇਆ ।



### * ੬ ਫੱਗਣ ੨੦੧੪ ਬਿਕ੍ਰਮੀ ਮੰਗਲ ਸਿੰਘ ਦੇ ਘਰ ਪੱਟੀ ਜ਼ਿਲਾ ਅੰਮ੍ਰਿਤਸਰ *

ਹਰਿ ਸ਼ਬਦ ਮਿਹਰਵਾਨ, ਸਤਿਗੁਰ ਵਿਚ ਸਮਾਇਆ । ਸਤਿਗੁਰ ਦਾਤਾ ਦਾਨੀ ਦਾਨ, ਗੁਰਮੁਖ ਵੇਖ ਵਖਾਇਆ । ਗੁਰਮੁਖ ਚਤੁਰ ਸੁਜਾਨ, ਹਰਿ ਨਾਮੇ ਚਿਤ ਲਾਇਆ । ਮਨਮੁਖ ਜੀਵ ਅਞਾਣ, ਮਾਇਆ ਭਰਮ ਭੁਲਾਇਆ । ਪਰਗਟ ਹੋ ਸ੍ਰੀ ਭਗਵਾਨ, ਪੰਚਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਸ਼ਬਦ ਵਜਾਇਆ । ਹਰਿ ਸ਼ਬਦ ਸੁਲਤਾਨ, ਹਰਿ

ਹਰਿ ਆਪ ਉਪਾਇੰਦਾ । ਸਤਿਗੁਰ ਜੋਧਾ ਸੂਰ ਬਲੀ ਬਲਵਾਨ, ਗੁਰ ਪੂਰਾ ਆਪ ਅਖਵਾਇੰਦਾ । ਗੁਰਮੁਖਾਂ ਦੇਵੇ ਨਾਮ ਨਿਧਾਨ, ਅੰਤਰ ਮੰਤਰ ਇਕ ਜਣਾਇੰਦਾ । ਮਨਮੁਖ ਮੂਰਖ ਮੁਗਧ ਅਵਾਣ, ਦਿਸ ਕਿਸੇ ਨਾ ਆਇੰਦਾ । ਪੰਚਮ ਦੇਵੇ ਧੁਰ ਫ਼ਰਮਾਣ, ਸ਼ਬਦ ਅਨਾਦੀ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਰਾਓ ਰੰਕਾਂ ਆਪ ਉਠਾਇੰਦਾ । ਹਰਿ ਸ਼ਬਦ ਸੁਲਤਾਨ, ਹਰਿ ਹਰਿ ਬਣਤ ਬਣਾਈਆ । ਸਤਿਗੁਰ ਦੀਨ ਦਿਆਲ, ਦਇਆ ਨਿਧ ਅਖਵਾਈਆ । ਗੁਰਮੁਖ ਸਾਚੇ ਲਾਲ, ਆਪ ਆਪਣੇ ਗਲੇ ਲਗਾਈਆ । ਮਨਮੁਖ ਗੂੜ੍ਹੀ ਨੀਂਦੇ ਸਵਾਲ, ਮਾਇਆ ਮਮਤਾ ਪੜਦਾ ਪਾਈਆ । ਪੰਚ ਵਸਾਏ ਕਾਇਆ ਸਚ ਸੱਚੀ ਧਰਮਸਾਲ, ਸਾਚਾ ਧਰਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਅੰਕਾ ਰਿਹਾ ਵਖਾਈਆ । ਹਰਿ ਸ਼ਬਦ ਹਰਿ ਭਗਵਾਨਾ, ਹਰਿ ਹਰਿ ਰੂਪ ਸਮਾਇਆ । ਸਤਿਗੁਰ ਸਾਚਾ ਸ਼ਾਹ ਸੁਲਤਾਨਾ, ਏਕਾ ਏਕ ਅਖਵਾਇਆ । ਗੁਰਮੁਖ ਮੇਲਾ ਜਗਤ ਜਹਾਨਾ, ਜੋਗ ਜੁਗਤ ਇਕ ਵਖਾਇਆ । ਮਨਮੁਖ ਜੀਵ ਹੋਏ ਹੈਰਾਨਾ, ਭੇਵ ਅਭੇਦਾ ਕੋਈ ਨਾ ਪਾਇਆ । ਪੰਚਮ ਕਰੇ ਦਰ ਪਰਵਾਨਾ, ਪੰਚਮ ਮੋਹ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦਵਾਰ ਬੰਕਾ ਇਕ ਸੁਹਾਇਆ । ਹਰਿ ਸ਼ਬਦ ਹਰਿ ਸ਼ਾਹੋ ਭੂਪ, ਵਡ ਵੱਡਾ ਸਿਕਦਾਰਾ । ਸਤਿਗੁਰ ਵੇਖੇ ਚਾਰੇ ਕੂਟ, ਦਹਿ ਦਿਸ਼ਾ ਇਕ ਪਿਆਰਾ । ਗੁਰਮੁਖ ਵਿਰਲਾ ਲਾਹਾ ਰਿਹਾ ਲੂਟ, ਆਤਮ ਰਸ ਨਿਝਰ ਧਾਰਾ । ਮਨਮੁਖ ਮਾਇਆ ਫੰਦੇ ਫਸ ਜੂਠ ਝੂਠ, ਨਾ ਦਿਸੇ ਕਿਨਾਰਾ । ਪੰਚਾਂ ਆਪੇ ਰਿਹਾ , ਦੇਵੇ ਸ਼ਬਦ ਅਧਾਰਾ । ਜੋਤੀ ਜੋਤ ਸਰੂਪ ੧੮੪

੧੮੪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਅਪਰ ਅਪਾਰਾ । ਹਰਿ ਸ਼ਬਦ ਹਰਿ ਨਾਮ ਸੌਦਾਗਰ, ਸਾਚਾ ਵਣਜ ਕਰਾਇਆ । ਸਤਿਗੁਰ ਪੂਰਾ ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਆਪਣੀ ਦਇਆ ਕਮਾਇਆ । ਗੁਰਮੁਖਾਂ ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਇਆ । ਮਨਮੁਖ ਭੇਵ ਨਾ ਜਾਣੇ ਕਾਇਆ ਗਾਗਰ, ਡੂੰਘੇ ਹਰਿ ਨੱਯਾ ਸਚ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਸੰਗ ਨਿਭਾਇਆ । ਹਰਿ ਸ਼ਬਦ ਹਰਿ ਤੀਰ ਕਮਾਨਾ, ਏਕਾ ਏਕ ਰਖਾਇੰਦਾ । ਸਤਿਗੁਰ ਸਾਚਾ ਮਾਰੇ ਸਚ ਨਿਸ਼ਾਨਾ, ਦੋ ਜਹਾਨਾ ਪਾਰ ਕਰਾਇੰਦਾ । ਗੁਰਮੁਖਾਂ ਦਰਸ ਦਿਖਾਏ ਗੁਣ ਨਿਧਾਨਾ, ਗੁਣਵੰਤਾ ਏਕਾ ਰੂਪ ਦਰਸਾਇੰਦਾ । ਮਨਮੁਖਾਂ ਦੂਈ ਦਵੈਤੀ ਲੱਗਾ ਕਾਨਾ, ਜਮ ਕੀ ਕਾਨ ਨਾ ਕੋਈ ਚੁਕਾਇੰਦਾ । ਪੰਚਮ ਸੋਹੇ ਦਰ ਰਾਜਾਨਾ, ਪੰਚਮ ਰਾਜ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਾਸੀ ਪੁਰੀ ਘਨਕ ਆਪ ਅਖਵਾਇੰਦਾ । ਹਰਿ ਸ਼ਬਦ ਤਫੰਗ, ਹਰਿ ਹਰਿ ਰਿਹਾ ਚਲਾਈਆ । ਸਤਿਗੁਰ ਪੂਰਾ ਮੰਗੇ ਏਕਾ ਮੰਗ, ਨੌਂ ਖੰਡ ਵੇਖ ਵਖਾਈਆ । ਗੁਰਮੁਖਾਂ ਵੰਡ ਰਿਹਾ ਵੰਡ, ਆਤਮ ਦਰਸ ਬੂਝ ਬੁਝਾਈਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਈਆ । ਪੰਚਮ ਮੇਲਾ ਵਿਚ ਬ੍ਰਹਿਮੰਡ, ਖੋਜਤ ਖੋਜਤ ਹਰਿ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਹਰਿ ਸ਼ਬਦ ਹਰਿ ਦਾਤਾਰ, ਹਰਿ ਹਰਿ ਆਪ ਅਖਵਾਇੰਦਾ । ਸਤਿਗੁਰ ਪੂਰਾ ਪਹਿਰੇਦਾਰ, ਜੁਗ ਜੁਗ ਸੇਵ ਕਮਾਇੰਦਾ । ਗੁਰਮੁਖ ਸਾਜਨ ਲਏ ਉਭਾਰ, ਆਤਮ ਜੋਤੀ ਦੀਪ ਜਗਾਇੰਦਾ ।

ਮਨਮੁਖਾਂ ਮਾਰੇ ਅੰਤਮ ਮਾਰ, ਨਾ ਦੂਸਰ ਕੋਈ ਛੁਡਾਇੰਦਾ । ਪੰਚਮ ਮੇਲਾ ਕੰਤ ਭਤਾਰ, ਨਾਰੀ ਸੇਜਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅਲਖ ਨਿਰਜੰਣ ਏਕਾ ਅਲਖ ਆਪ ਜਗਾਇੰਦਾ । ਸ਼ਬਦ ਖੰਡਾ ਦੋ ਧਾਰਾ, ਹਰਿ ਹਰਿ ਆਪ ਉਠਾਇਆ । ਸਤਿਗੁਰ ਪੂਰਾ ਪਾਵੇ ਸਾਰਾ, ਸਮਰਥ ਪੁਰਖ ਵੇਖ ਵਖਾਇਆ । ਗੁਰਮੁਖ ਸਾਜਨ ਕਰੇ ਪਿਆਰਾ, ਮਹਿਮਾ ਅਕੱਥ ਕਥੀ ਨਾ ਜਾਈਆ । ਮਨਮੁਖਾਂ ਦਿਸੇ ਅੰਧ ਅੰਧਿਅਰਾ, ਕੂੜੀ ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਬੇਪਰਵਾਹੀਆ । ਹਰਿ ਸ਼ਬਦ ਹਰਿ ਕਟਾਰ, ਹਰਿ ਹਰਿ ਵੇਖ ਵਖਾਈਆ । ਸਤਿਗੁਰ ਪੂਰਾ ਮਾਰੇ ਮਾਰ, ਮਾਰਨਹਾਰ ਆਪ ਅਖਵਾਈਆ । ਗੁਰਮੁਖਾਂ ਕਰੇ ਇਕ ਪਿਆਰ, ਚਰਨ ਕਵਲ ਇਕ ਦਰਸਾਈਆ । ਮਨਮੁਖ ਸੁੱਤੇ ਪੈਰ ਪਸਾਰ, ਨਾ ਸੋਏ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿ ਸ਼ਬਦ ਹਰਿ ਬ੍ਰਹਿਮੰਡ, ਹਰਿ ਹਰਿ ਆਪ ਸਮਾਇਆ । ਸਤਿਗੁਰ ਵੇਖੇ ਉਤਭੁਜ ਸੇਤਜ ਜੇਰਜ ਅੰਡ, ਭੇਵ ਰਹੇ ਨਾ ਰਾਇਆ । ਗੁਰਮੁਖ ਭਰਮ ਨਾ ਭੁੱਲੇ ਜਗਤ ਪਖੰਡ, ਝੂਠਾ ਨਾਤਾ ਤੋੜ ਤੁੜਾਇਆ । ਮਨਮੁਖ ਆਤਮ ਹੋਈ ਰੰਡ, ਕੰਤ ਸੁਹਾਗ ਨਾ ਕੋਈ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਆਪ ਲਏ ਉਪਾਇਆ । ਹਰਿ ਸ਼ਬਦ ਹਰਿ ਰੂਪ ਅਗੰਮ, ਹਰਿ ਹਰਿ ਆਪ ਰਖਾਇਆ । ਸਤਿਗੁਰ ਪੂਰਾ ਨਾ ਮਰੇ ਨਾ ਪਏ ਜੰਮ, ਮਾਤ ਗਰਭ ਕਦੇ ਨਾ ਆਇਆ । ਗੁਰਮੁਖ ਬਿਰਥਾ ਜਾਏ ਨਾ ਕੋਈ ਦਮ, ਪਵਣ ਸਵਾਸੀ ਲੇਖੇ ਲਾਇਆ । ਮਨਮੁਖ ਰੋਵਣ ਛੰਮ ਛੰਮ, ਕਲਜੁਗ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਕੰਮ, ਕਰਨ ਕਰਾਵਣਹਾਰ ਆਪ ਅਖਵਾਇਆ । ਹਰਿ ਸ਼ਬਦ ਅਲਖ ਨਿਰੰਜਣ, ਇਕ ਅਲਖ ਜਗਾਈਆ । ਸਤਿਗੁਰ ਪੂਰਾ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਗੁਰਮੁਖ ਨੇਤਰ ਪਾਏ ਨਾਮ ਅੰਜਨ, ਆਪਣਾ ਲੋਚਣ ਆਪ ਖੁਲ੍ਹਾਈਆ । ਮਨਮੁਖ ਜੀਵ ਜਗਤ ਵਿਕਾਰਾ ਪੀ ਪੀ ਰੱਜਣ, ਤ੍ਰਿਸਨਾ ਭੁੱਖ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣੀ ਕਲ ਰਿਹਾ ਵਰਤਾਈਆ । ਹਰਿ ਸ਼ਬਦ ਹਰਿ ਸਚਖੰਡ, ਸਚ ਸਚ ਵਰਤਾਰਾ । ਸਤਿਗੁਰ ਪੂਰਾ ਵੰਡਾਂ ਰਿਹਾ ਵੰਡ, ਕਲਜੁਗ ਤੇਰੀ ਅੰਤਮ ਵਾਰਾ । ਗੁਰਮੁਖਾਂ ਹੱਥ ਫੜਾਏ ਨਾਮ ਖੰਡਾ ਪਰਚੰਡ, ਤਿਖੀ ਰੱਖੇ ਧਾਰਾ । ਮਨਮੁਖ ਜੀਵਾਂ ਦੇਵੇ ਦੰਡ, ਵਹਾਏ ਵਹਿੰਦੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੇਲਾ ਸਾਚੇ ਘਰ ਸੁਹਾਏ ਦਰ ਦਰਬਾਰਾ । ਸਚ ਦਰਬਾਰ ਹਰਿ ਸੁਹੰਜਣਾ, ਹਰਿ ਜੋਤ ਕਰੇ ਰੁਸ਼ਨਾਈਆ । ਇਕ ਨਗਾਰਾ ਲੋਆਂ ਪੁਰੀਆਂ ਬ੍ਰਹਿਮੰਡ ਖੰਡ ਲੋਕਮਾਤ ਅੰਤਮ ਵੱਜਣਾ, ਹਰਿ ਸਾਚਾ ਰਿਹਾ ਵਜਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਘਰ ਘਰ ਛੱਡ ਛੱਡ ਭੱਜਣਾ, ਸੋਇਆ ਕੋਈ ਰਹਿਣ ਨਾ ਪਾਈਆ । ਮੱਕਾ ਕਾਅਬਾ ਸ਼ਾਹ ਨਵਾਬਾ ਅੰਤਮ ਤਜਣਾ, ਨਾ ਦੀਸੇ ਕੋਈ ਸਹਾਈਆ । ਮੰਦਰ ਮਸਜਿਦ ਗੁਰਦਵਾਰੇ ਬਹਿ ਬਹਿ ਕਿਸੇ ਨਾ ਸਜਣਾ, ਰਾਗ ਨਾਦ ਨਾ ਕੋਈ ਗਾਈਆ । ਗੁਰਮੁਖ ਵਿਰਲੇ ਪੜਦਾ ਆਪਣਾ ਕੱਜਣਾ, ਗੁਰ ਗੋਬਿੰਦ ਹੋਏ ਸਹਾਈਆ । ਲੱਖ ਚੁਰਾਸੀ ਤੇਰੀ ਕੋਈ ਨਾ ਰੱਖੇ ਲੱਜਣਾ, ਸੀਸ ਹੱਥ ਨਾ ਕੋਈ ਟਿਕਾਈਆ । ਪਾਰਬ੍ਰਹਮ ਪੁਰਖ ਅਕਾਲਾ ਆਦਿ ਨਿਰੰਜਣ ਏਕਾ ਗੱਜਣਾ, ਅਚਰਜ ਖੇਲ ਰਿਹਾ



੧੯੫
੦੭

ਰਚਾਈਆ । ਪੰਜ ਤਤ ਭੰਡਾਰਾ ਮਾਟੀ ਭਾਂਡਾ ਸਭ ਦਾ ਭੱਜਣਾ, ਤ੍ਰੈਗੁਣ ਨਾਤਾ ਰਹੀ ਤੁੜਾਈਆ । ਕਲਜੁਗ ਅੰਤਮ ਇਕ ਚਲਾਏ ਜਹਾਜਨਾ, ਮਨਮੁਖ ਜੀਵ ਲਏ ਚੜ੍ਹਾਈਆ । ਪਰਗਟ ਹੋਏ ਹਰਿ ਸਾਚਾ ਸ਼ਾਹੋ ਸ਼ਬਾਸ਼ਨਾ, ਚਿੱਟੇ ਅਸਵ ਆਸਣ ਲਾਈਆ । ਆਪੇ ਹੋਏ ਗ਼ਰੀਬ ਨਿਵਾਜਨਾ, ਗਊ ਗ਼ਰੀਬਾਂ ਗਲੇ ਲਗਾਈਆ । ਸ਼ਬਦ ਅਗੰਮੀ ਮਾਰੇ ਵਾਜਣਾ, ਅਗੰਮੀ ਧਾੜ ਇਕ ਰਖਾਈਆ । ਆਪਣਾ ਚਰਨ ਆਪੇ ਦਏ ਰਕਾਬਨਾ, ਸ਼ਾਹ ਅਸਵਾਰ ਆਪ ਅਖਵਾਈਆ । ਨਾ ਕੋਈ ਪਾਪ ਪੁੰਨ ਸਵਾਬਨਾ, ਖ਼ਾਕੀ ਖ਼ਾਕ ਦਏ ਮਿਲਾਈਆ । ਕਿਸੇ ਮਿਲੇ ਨਾ ਕੋਈ ਰਕਾਬਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਵਾਂਗੀ ਆਪਣਾ ਸਵਾਂਗ ਰਿਹਾ ਵਰਤਾਈਆ । ਹਰਿ ਸ਼ਬਦ ਹਰਿ ਜਾਇਆ, ਹਰਿ ਹਰਿ ਗੋਦ ਉਠਾਏ । ਸਤਿਗੁਰ ਪੂਰੇ ਵਿਚ ਟਿਕਾਇਆ, ਲੋਕਮਾਤ ਫੇਰੀ ਪਾਏ । ਹਰਿਜਨ ਸਾਚੇ ਲਏ ਮਿਲਾਇਆ, ਸੁਰਤ ਸਵਾਣੀ ਵੇਖ ਵਖਾਏ । ਰਾਗ ਰਾਗਨੀ ਸੇਵਾ ਲਾਇਆ, ਅਨਹਦ ਤਾਲ ਵਜਾਏ । ਜੋਤ ਨਿਰੰਜਣ ਕਰੇ ਰੁਸ਼ਨਾਇਆ, ਅੰਧ ਅੰਧੇਰ ਮਿਟਾਏ । ਸਰ ਸਰੋਵਰ ਇਕ ਬਣਾਇਆ, ਅੰਮ੍ਰਿਤ ਆਤਮ ਜਲ ਬਰਸਾਏ । ਬਜਰ ਕਪਾਟੀ ਦਏ ਤੁੜਾਇਆ, ਨਾਮ ਖੰਡਾ ਏਕਾ ਵਾਹੇ । ਚੌਦਾਂ ਹਾਟੀ ਦਏ ਵਿਕਾਇਆ, ਤੀਰਥ ਤਾਟੀ ਮੂਲ ਚੁਕਾਏ । ਔਖੀ ਘਾਟੀ ਦਏ ਚੜ੍ਹਾਇਆ, ਗੁਰਮੁਖ ਸਾਚਾ ਪਾਰ ਕਰਾਏ । ਜੋਤ ਲਿਲਾਟੀ ਇਕ ਵਖਾਇਆ, ਅੱਠੇ ਪਹਿਰ ਡਗਮਗਾਏ । ਧੁਨ ਅਨਾਦੀ ਦਏ ਸੁਣਾਇਆ, ਆਤਮਕ ਧੁਨ ਉਪਜਾਏ । ਬ੍ਰਹਿਮਾਦੀ ਖੋਜ ਖੋਜਾਇਆ, ਬ੍ਰਹਮ ਪਾਰਬ੍ਰਹਮ ਮਿਲਾਏ । ਆਤਮ ਸੇਜਾ ਇਕ ਸੁਹਾਇਆ, ਹਰਿਜਨ ਸਾਚੇ ਏਕਾ ਦੂਜਾ ਭੌ ਚੁਕਾਏ । ਤੀਜਾ ਲੋਇਣ ਆਪ ਖੁਲ੍ਹਾਇਆ, ਭੇਵ ਰਹੇ ਨਾ ਰਾਏ । ਚੌਥੇ ਘਰ ਮੇਲ ਸਹਿਜ ਸਭਾਇਆ, ਚੌਥਾ ਪਦ ਇਕ ਸਮਝਾਏ । ਪੰਚਮ ਮਿਲ ਮਿਲ ਹਰਿ ਹਰਿ ਗਾਇਆ, ਹਰਿ ਹਰਿ ਰੂਪ ਅਖਵਾਏ । ਛੇਵੇਂ ਛੱਪਰ ਛੰਨ ਨਾ ਕੋਇ ਸੁਹਾਇਆ, ਸ਼ਬਦ ਗੁਰ ਆਸਣ ਲਾਏ । ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾਇਆ, ਅੱਠੇ ਪਹਿਰ ਡਗਮਗਾਏ । ਅੱਠਾਂ ਤੱਤਾਂ ਵਿਚ ਨਾ ਆਇਆ, ਮਨ ਮਤ ਬੁਧ ਨਾ ਵੇਖ ਵਖਾਏ । ਨੌਂ ਦਰ ਜਗਤ ਖੁਲ੍ਹਾਇਆ, ਸ੍ਰਿਸ਼ਟ ਸਬਾਈ ਰਿਹਾ ਭੁਲਾਏ । ਦਸਵੇਂ ਘਰ ਮਿਲਿਆ ਵਰ, ਗੁਰਮੁਖ ਸਾਜਨ ਜਾਏ ਤਰ, ਏਕਾ ਜੋਤੀ ਏਕਾ ਗੋਤੀ ਨੂਰੋ ਨੂਰ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖੇ ਵਾਸਨਾ ਖੋਟੀ, ਵਰਨ ਬਰਨ ਕੋਈ ਰਹਿਣ ਨਾ ਪਾਏ । ਹਰਿ ਸ਼ਬਦ ਵਾਸਦੇਵ, ਏਕਾ ਵਸਤ ਰਖਾਈਆ । ਸਤਿਗੁਰ ਸ਼ਬਦ ਸਦਾ ਨਿਹਕੇਵ, ਨਿਹਚਲ ਧਾਮ ਸੁਹਾਈਆ । ਗੁਰਮੁਖ ਤੇਰੀ ਸਾਚੀ ਸੇਵ, ਪੂਰਨ ਘਾਲ ਪਾਈਆ । ਅੰਮ੍ਰਿਤ ਆਤਮ ਦੇਵੇ ਸਾਚਾ ਮੇਵ, ਏਕਾ ਫਲ ਖਵਾਈਆ । ਪਰਗਟ ਹੋਇਆ ਅਲਖ ਅਭੇਵ, ਆਦਿ ਸ਼ਕਤ ਰੂਪ ਵਟਾਈਆ । ਕੋਈ ਨਾ ਗਾਏ ਰਸਨਾ ਜੇਹਵ, ਵੇਦ ਕਤੇਬ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਵਰ, ਜਿਉਂ ਜਨ ਜਨਕ ਲਏ ਤਰਾਈਆ । ਹਰਿ ਸ਼ਬਦ ਹਰਿ ਆਪ ਜਗਾ, ਆਪਣੀ ਲਏ ਅੰਗੜਾਈਆ । ਸਤਿਗੁਰ ਸਾਚੇ ਵਿਚ ਗਿਆ ਸਮਾ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਲੋਕਮਾਤ ਰਿਹਾ ਸਮਝਾ, ਬਿਨ ਗੁਰ ਪੂਰੇ ਕੋਇ ਨਾ ਪਾਰ ਕਰਾਈਆ । ਮਨਮੁਖ ਜੀਵ ਰਿਹਾ ਰੁਲਾ, ਕੂੜੇ ਧੰਦੇ ਲਾਈਆ । ਪੰਚਮ ਮੇਲਾ ਸਹਿਜ ਸਭਾ, ਸਤਿ ਪੁਰਖਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

੧੮੬
੦੭

ਤੇਰੀ ਅੰਤਮ ਵਰ, ਲੱਖ ਚੁਰਾਸੀ ਕਰੇ ਕੁੜਮਾਈਆ । ਹਰਿ ਸ਼ਬਦ ਉਠਿਆ ਜਾਗ, ਹਰਿ ਸਾਚੇ ਆਪ ਜਗਾਇਆ । ਲੋਕਮਾਤ ਲੱਗਾ ਭਾਗ, ਗੁਰ ਗੋਬਿੰਦ ਰੂਪ ਵਟਾਇਆ । ਜਨ ਭਗਤਾਂ ਬੁਝਾਏ ਤ੍ਰਿਸਨਾ ਆਗ, ਹਉਮੇ ਆਗ ਬੁਝਾਇਆ । ਮਨਮੁਖ ਜੀਵ ਹੋਏ ਕਾਗ, ਦਿਵਸ ਰੈਣ ਰਹੇ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਖੇਲ ਕਰ, ਜੋਤੀ ਸ਼ਬਦੀ ਮੇਲ ਮਿਲਾਇਆ । ਨਿਰਗੁਣ ਸਰਗੁਣ ਖੇਲ ਖਲਾ, ਖੇਲਣਹਾਰ ਕਰਤਾਰਾ । ਆਪੇ ਗੁਰੂ ਗੁਰੂ ਗੁਰ ਚੇਲਾ, ਆਪੇ ਕਰੇ ਆਪਣੀ ਨਿਮਸਕਾਰਾ । ਆਪ ਆਪਣਾ ਬਣੇ ਸੱਜਣ ਸੁਹੇਲਾ, ਆਪੇ ਸੋਹੇ ਆਪਣਾ ਇਕ ਦਵਾਰਾ । ਆਪੇ ਵਸਿਆ ਇਕ ਅਕੇਲਾ, ਇਕ ਅਕੱਲਾ ਏਕੰਕਾਰਾ । ਆਪੇ ਹੋਇਆ ਰੰਗ ਨਵੇਲਾ, ਆਪੇ ਹਰ ਘਟ ਕਰੇ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਚਵੀਆਂ ਅਵਤਾਰਾ । ਨਿਹਕਲੰਕ ਹਰਿ ਸ਼ਬਦ ਜਣਾਈ, ਸਾਚਾ ਡੰਕ ਵਜਾਇਆ । ਲੋਆਂ ਪੁਰੀਆਂ ਰਿਹਾ ਉਠਾਈ, ਗਗਨ ਪਤਾਲਾ ਫੇਰਾ ਪਾਇਆ । ਲੱਖ ਚੁਰਾਸੀ ਰਿਹਾ ਹਿਲਾਈ, ਨੌ ਸਤ ਵੇਖ ਵਖਾਇਆ । ਜੂਠ ਝੂਠ ਦਏ ਦੁਹਾਈ, ਸੰਗ ਮੁਹੰਮਦ ਨਾਲ ਰਲਾਇਆ । ਅੱਲਾ ਰਾਣੀ ਰੋ ਰੋ ਨੇਤਰ ਨੀਰ ਰਹੀ ਵਹਾਈ, ਮੁਖ ਕਾਲਾ ਘੁੰਗਟ ਪਾਇਆ । ਪਰਗਟ ਹੋਇਆ ਬੇਐਬ ਪਰਵਰਦਿਗਾਰ ਨੂਰ ਅਲਾਹੀ, ਏਕਾ ਨੂਰ ਰਿਹਾ ਚਮਕਾਇਆ । ਚੌਦਾਂ ਲੋਕਾਂ ਬਣ ਮਲਾਹੀ, ਚੌਦਾਂ ਤਬਕਾਂ ਰਿਹਾ ਉਠਾਇਆ । ਪਕੜ ਉਠਾਏ ਥਾਉਂ ਥਾਈਂ, ਸ਼ੇਖ਼ ਮੁਸਾਇਕ ਪੀਰ ਗੌਂਸ ਕੁਤਬ ਦਸਤਗੀਰ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਸ੍ਰਿਸ਼ਟ ਸਬਾਇਆ । ਖੇਲਣਹਾਰ ਹਰਿ ਖਿਲੰਤਾ, ਹਰਿ ਹਰਿ ਖੇਲ ਖਿਲਾਇਆ । ਪਰਗਟ ਜੋਤ ਸ੍ਰੀ ਭਗਵੰਤਾ, ਲੱਖ ਚੁਰਾਸੀ ਵੇਖ ਵਖਾਇਆ । ਕਲਜੁਗ ਤੋੜੇ ਗੜ੍ਹ ਹਉਮੇ ਹੰਗਤਾ, ਏਕਾ ਖੰਡਾ ਨਾਮ ਵਖਾਇਆ । ਸੰਗ ਮੁਹੰਮਦ ਚਾਰ ਯਾਰ ਹੋਏ ਮੰਗਤਾ, ਚਾਰੋਂ ਕੁੰਟ ਰਿਹਾ ਫੇਰੀਆਂ ਪਾਇਆ । ਈਸਾ ਮੂਸਾ ਆਪਣਾ ਦਰ ਆਪੇ ਲੰਘਦਾ, ਕਾਲਾ ਸੂਸਾ ਤਨ ਛੁਹਾਇਆ । ਪਾਰਬ੍ਰਹਮ ਦਰ ਦਵਾਰੇ ਨਾ ਆਏ ਸੰਗਦਾ, ਕੂੜੀ ਕਿਰਿਆ ਨਾ ਸੰਗ ਨਿਭਾਇਆ । ਕਾਇਆ ਚੋਲੀ ਏਕਾ ਰੰਗਦਾ, ਮਾਇਆ ਮਮਤਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਫੇਰਾ ਪਾਇਆ । ਸ੍ਰਿਸ਼ਟ ਸਬਾਈ ਪ੍ਰਭ ਆਪ ਜਗੌਣੀ, ਜੋਤੀ ਨੂਰ ਕਰੇ ਰੁਸ਼ਨਾਈਆ । ਸੱਤਾਂ ਦੀਪਾਂ ਫੇਰੀ ਪੌਣੀ, ਆਪਣੇ ਹੱਥ ਰੱਖੀ ਵਡਿਆਈਆ । ਲੱਖ ਚੁਰਾਸੀ ਦੇਵੇ ਜਮ ਕੀ ਫਾਸੀ ਲਾੜੀ ਮੌਤ ਨਾਲ ਰਲੌਣੀ, ਰਾਏ ਧਰਮ ਦਏ ਸਜਾਈਆ । ਹਾੜ ਸਤਾਰਾਂ ਖ਼ੁਸ਼ੀ ਮਨੌਣੀ, ਹਰਿ ਸਾਚੀ ਖ਼ੁਸ਼ੀ ਮਨਾਈਆ । ਚੌਦਾਂ ਲੋਕ ਚੌਦਾਂ ਹੱਟ ਚੌਦਾਂ ਤਬਕਾਂ ਏ ਸਨੌਣੀ, ਹਰਿ ਸਾਚਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੰਮਤ ਵੀਹ ਸੌ ਚੌਦਾਂ ਬਿਕ੍ਰਮੀ ਨਾਲ ਰਲਾਈਆ । ਸੰਮਤ ਪੰਦਰਾਂ ਰਿਹਾ ਲਲਕਾਰ, ਆਪਣੀ ਚੋਟ ਲਗਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਗੜ੍ਹ ਕੋਟ ਰਹਿਣ ਨਾ ਪਾਇੰਦਾ । ਹਰਿ ਹਰਿ ਸ਼ਬਦ ਮਾਰੇ ਮਾਰ, ਸੀਸ ਧੜ ਵੇਖ ਵਖਾਇੰਦਾ । ਦਰ ਦਰ ਘਰ ਘਰ ਰੋਵੇ ਨਰ ਨਾਰ, ਨਾਰੀ ਕੰਤ ਨਾ ਕੋਈ ਮਿਲਾਇੰਦਾ । ਮਾਨਸ ਜਨਮ ਮਨਮੁਖ ਜੀਵ ਗਏ ਹਾਰ, ਵੇਲਾ ਅੰਤਮ ਆਇੰਦਾ । ਗੁਰ ਗੋਬਿੰਦਾ ਜੋਧਾ ਸੂਰਬੀਰ ਬਲੀ ਬਲਕਾਰ,

੧੮੭
੦੭

ਸ਼ਬਦ ਖੰਡਾ ਹੱਥ ਉਠਾਇੰਦਾ । ਨੀਲਾ ਨੀਲੀ ਧਾਰੋਂ ਕਰੇ ਪਾਰ, ਨਾਮ ਕਲਗੀ ਤੋੜਾ ਸੀਸ ਟਿਕਾਇੰਦਾ । ਜੋਤੀ ਜੋੜਾ ਇਕ ਪਿਆਰ, ਲੋਕਮਾਤ ਫੇਰਾ ਪਾਇੰਦਾ । ਮਿਠਾ ਕੌੜਾ ਪਰਖੇ ਪਰਖਣਹਾਰ, ਆਪ ਪ੍ਰੀਖਿਆ ਵਿਚ ਨਾ ਆਇੰਦਾ । ਧੁਰਦਰਗਾਹੀ ਆਇਆ ਦੌੜਾ ਹਰਿ ਨਿਰੰਕਾਰ, ਸੰਬਲ ਨਗਰੀ ਧਾਮ ਸੁਹਾਇੰਦਾ । ਸੰਬਲ ਨਗਰ ਸਾਢੇ ਤਿੰਨ ਹੱਥ ਲੰਮਾ ਚੌੜਾ, ਹਰਿ ਸਾਚੀ ਬਣਤ ਬਣਾਇੰਦਾ । ਵੇਦ ਵਿਆਸਾ ਲੇਖ ਲਿਖਾਰਾ ਪਰਗਟ ਹੋਏ ਪੂਤ ਸਪੂਤਾ ਬ੍ਰਹਿਮਣ ਗੌੜਾ, ਉਚ ਟਿੱਲਾ ਪਰਬਤ ਬਜਰ ਕਪਾਟੀ ਸਿਲਾ ਤੁੜਾਇੰਦਾ । ਦੋ ਜਹਾਨੀ ਲਾਏ ਏਕਾ ਪੌੜਾ, ਰੰਗ ਮਹੱਲ ਉਚ ਅਟੱਲ ਨਿਹਚਲ ਧਾਮ ਇਕ ਵਖਾਇੰਦਾ । ਸ੍ਰਿਸ਼ਟ ਸਬਾਈ ਕਰਾਏ ਵਲ ਛਲ, ਅਛਲ ਅਛੱਲ ਆਪ ਕਰਾਇੰਦਾ । ਗੁਰਮੁਖ ਸਾਜਨ ਜਾਏ ਬਲ ਬਲ, ਬਲਹਾਰੀ ਗੁਰ ਸਾਚਾ ਪਾਇੰਦਾ । ਸੁਰਤੀ ਸ਼ਬਦੀ ਗਿਆ ਰਲ, ਇਕ ਗਿਆਨ ਦ੍ਰਿੜਾਇੰਦਾ । ਦੀਪਕ ਜੋਤੀ ਜਾਏ ਬਲ, ਅੰਧ ਅੰਧੇਰ ਮਿਟਾਇੰਦਾ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਜਲ ਥਲ, ਉਚੇ ਟਿੱਲੇ ਫੇਰੀ ਪਾਇੰਦਾ । ਕਲਜੁਗ ਮਿਟੇ ਦੂਈ ਦਵੈਤੀ ਲੱਗਾ ਸਲ, ਏਕਾ ਤੀਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਕਾਲਾ ਚੀਰ, ਵੇਖਣ ਆਇਆ ਅੰਤ ਅਖ਼ੀਰ, ਆਪਣੀ ਹੱਥੀਂ ਪੜਦਾ ਲਾਹਿੰਦਾ । ਸੰਮਤ ਸੋਲਾਂ ਹੋ ਤਿਆਰ, ਹਰਿ ਸਾਚੇ ਸਗਨ ਮਨਾਇਆ । ਘਰ ਘਰ ਮੰਦਰ ਅੰਦਰ ਹਾਹਾਕਾਰ, ਧੀਰਜ ਧੀਰ ਨਾ ਕੋਈ ਧਰਾਇਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਅੱਠੇ ਪਹਿਰ ਨੇਤਰ ਨੀਰ ਵਹਾਇਆ । ਸ਼ਿਵ ਸ਼ੰਕਰ ਕਰੇ ਗਿਰਿਆਜ਼ਾਰ, ਬਾਸ਼ਕ ਤਸ਼ਕਾ ਗਲੋਂ ਹਟਾਇਆ । ਇੰਦ ਇੰਦਰਾਸਨ ਕਰੇ ਪੁਕਾਰ, ਕਰੋੜ ਤੇਤੀਸਾ ਸੰਗ ਰਲਾਇਆ । ਵਿਸ਼ਨੂੰ ਵੰਸੀ ਕਰੇ ਵਿਚਾਰ, ਸਚ ਸਰਬੰਸ ਦਿਸ ਨਾ ਆਇਆ । ਲੱਖ ਚੁਰਾਸੀ ਕੋਇ ਨਾ ਪਾਏ ਸਾਰ, ਲੋਕਮਾਤ ਰਹੀ ਕੁਰਲਾਇਆ । ਰਵ ਸਸ ਰਹੇ ਹਾਰ, ਦਿਵਸ ਰੈਣ ਸੇਵ ਕਮਾਇਆ । ਤਾਰਾ ਮੰਡਲ ਨਾ ਬੰਨੇ ਧਾਰ, ਊਚੋ ਊਚ ਦਿਸ ਨਾ ਆਇਆ । ਜ਼ਿਮੀ ਅਸਮਾਨਾ ਪਾੜਾ ਜਾਏ ਪਾੜ, ਗਗਨ ਪਤਾਲ ਰਹਿਣ ਨਾ ਪਾਇਆ । ਹਰਿ ਘੜਨੇਹਾਰਾ ਆਪੇ ਘਾੜ, ਘੜਨ ਭੰਨਣਹਾਰ ਆਪ ਅਖਵਾਇਆ । ਆਪੇ ਡੋਬੇ ਆਪੇ ਲਾਏ ਪਾਰ, ਆਪਣਾ ਬੇੜਾ ਰਿਹਾ ਚਲਾਇਆ । ਗੁਰਮੁਖ ਸਾਜਨ ਮੀਤ ਮੁਰਾਰ, ਸ਼ਬਦੀ ਸ਼ਬਦ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੋਲਾ ਦੇਵੇ ਵਰ, ਕੋਈ ਨਾ ਦਿਸੇ ਖੁਲ੍ਹਾ ਦਰ, ਦਰ ਦਰਵਾਜ਼ਾ ਬੰਦ ਕਰਾਇਆ । ਸੰਮਤ ਸਤਾਰਾਂ ਵਿਛੇ ਸਥ, ਹਰਿ ਸਾਚੇ ਆਪ ਵਿਛਾਵਣਾ । ਧਰਮ ਰਾਏ ਦਾ ਚਲੇ ਰਥ, ਨੌਂ ਖੰਡ ਆਪ ਫਿਰਾਵਣਾ । ਨਾ ਕੋਈ ਦੀਸੇ ਮੰਦਰ ਮਸਜਿਦ ਦਿਉਰਾ ਮੱਠ, ਉਚ ਅਟੱਲ ਨਾ ਕੋਈ ਸੁਹਾਵਣਾ । ਨਗਰ ਖੇੜੇ ਜਾਣੇ ਢੱਠ, ਸ਼ਹਿਰ ਗਿਰਾਂ ਨਾ ਕੋਈ ਵਸਾਵਣਾ । ਘਰ ਘਰ ਅਗਨੀ ਦਿਸੇ ਮੱਠ, ਹਰਿ ਸਾਚੇ ਲੰਬੂ ਲਾਵਣਾ । ਗੁਰ ਗੋਬਿੰਦਾ ਗੁਰਮੁਖ ਵਿਰਲੇ ਰੱਖੇ ਹੱਥ, ਜਿਸ ਜਨ ਆਪਣਾ ਦਰਸ ਦਿਖਾਵਣਾ । ਚਰਨ ਕਵਲ ਜੋ ਜਾਏ ਢੱਠ, ਫੜ ਬਾਂਹੋਂ ਪਾਰ ਕਰਾਵਣਾ । ਲਹਿਣਾ ਦੇਣ ਚੁੱਕੇ ਤੀਰਥ ਅਠਸਠ, ਗੰਗਾ ਗੋਦਾਵਰੀ ਕੋਈ ਨਾ ਜਾਵਣਾ । ਹਰਿ ਚਰਨ ਦਵਾਰੇ ਇਕ ਅਕੱਠ, ਬਗਲ ਕੁਰਾਨ ਨਾ ਕੋਈ ਉਠਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਰਬ ਕਲਾ ਸਮਰਥ ਆਪ ਅਖਵਾਵਣਾ । ਸੰਮਤ ਅਠਾਰਾਂ ਅਠਸਠ ਧਾਰ, ਆਪੇ ਰਿਹਾ ਵਹਾਈਆ । ਜਲ ਜਲ ਰੂਪ ਸਰਬ ਸੰਸਾਰ, ਧਰਤੀ ਜਲ ਸਮਾਈਆ । ਖੇਲੇ ਖੇਲ ਏਕੰਕਾਰ, ਇਕ ਅਕੱਲਾ ਵੇਖ ਵਖਾਈਆ । ਜੁਗ

੧੮੮ ੦੨

ਜੁਗ ਪਾਵਣਹਾਰਾ ਸਾਰ, ਜੁਗ ਜੁਗ ਭੇਖ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਲਾਇਆ ਪਾਰ, ਕਲਜੁਗ ਅੰਤਮ ਵੱਜੇ ਵਧਾਈਆ । ਮਾਨਸ ਮਾਨੁਖ ਗਏ ਹਾਰ, ਮਾਇਆ ਮਮਤਾ ਗਲ ਵਿਚ ਫਾਹੀਆ । ਗੁਰਮੁਖ ਵਿਰਲਾ ਸੋਹੇ ਬੰਕ ਦਵਾਰ, ਬੰਕ ਦਵਾਰਾ ਇਕ ਰਘੁਰਾਈਆ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਈਆ । ਬ੍ਰਹਿਮੰਡਾਂ ਦੇਵੇ ਇਕ ਹੁਲਾਰ, ਏਕਾ ਪਵਣ ਝੁਲਾਈਆ । ਸ਼ਬਦ ਡੰਡਾ ਹੱਥ ਕਰਤਾਰ, ਨਾਮ ਖੰਡਾ ਰਿਹਾ ਸਜਾਈਆ । ਜੇਰਜ ਅੰਡਾ ਆਪ ਵਿਚਾਰ, ਖਾਣੀ ਬਾਣੀ ਆਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਲਹਿਣਾ ਜਗ ਝੋਲੀ ਰਿਹਾ ਪਾਈਆ । ਜਗਤ ਲਹਿਣਾ ਜਗ ਚੁਕਿਆ, ਜੀਵ ਜੰਤ ਨਾਦਾਨ । ਕਲਜੁਗ ਕੂੜਾ ਪੈਂਡਾ ਮੁਕਿਆ, ਪੰਧ ਮੁਕਾਏ ਹਰਿ ਭਗਵਾਨ । ਜੂਠਾ ਝੂਠਾ ਬੂਟਾ ਸੁਕਿਆ, ਨਾ ਦਿਸੇ ਪੱਤ ਡਾਨ੍ਹ । ਹਰਿ ਭਾਣਾ ਕਦੇ ਨਾ ਰੁਕਿਆ, ਵਰਤੇ ਦੋ ਜਹਾਨ । ਉਤਰੇ ਪਾਰ ਜੋ ਜਨ ਚਰਨ ਦਵਾਰੇ ਝੁਕਿਆ, ਦੇਵੇ ਨਾਮ ਸ਼ਬਦ ਸੱਚੀ ਕ੍ਰਿਪਾਨ । ਉਜਲ ਕਰੇ ਮੁਖਿਆ, ਅੰਮ੍ਰਿਤ ਬਖ਼ਸ਼ੇ ਪੀਣ ਖਾਣ । ਗੁਰਸਿਖ ਕੋਈ ਰਹਿਣ ਨਾ ਦੇਵੇ ਲੁਕਿਆ, ਜੋ ਜਨ ਰਸਨਾ ਹਰਿ ਹਰਿ ਗਾਣ । ਸੁਫਲ ਕਰਾਏ ਮਾਤ ਕੁੱਖਿਆ, ਇਕ ਵਖਾਏ ਪਦ ਨਿਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣੀ ਜਾਣੇ ਆਪੇ ਆਣ । ਉਨੀ ਉਨੀਸਾ ਕਰ ਪਿਆਰਾ, ਇਕ ਹਦੀਸਾ ਚਲਾਈਆ । ਮੁਸਲਮ ਸੁਨੀ ਪਾਰ ਕਿਨਾਰਾ, ਐਨਲਹੱਕ ਨਾ ਕੋਈ ਜਣਾਈਆ । ਮੁਕਾਮੇ ਹੱਕ ਇਕ ਦਵਾਰਾ, ਚਰਨ ਕਵਲ ਰਿਹਾ ਵਖਾਈਆ । ਚਾਰ ਯਾਰ ਸੰਗ ਮੁਹੰਮਦ ਭਰ ਭੰਡਾਰਾ, ਅੱਲਾ ਰਾਣੀ ਸੰਗ ਰਲਾਈਆ । ਲੋਕਮਾਤ ਦਏ ਹੁਲਾਰਾ, ਪਾਰ ਕਿਨਾਰਾ ਰਿਹਾ ਜਣਾਈਆ । ਹੂ ਹੂ ਕੋਇ ਨਾ ਲਾਏ ਨਾਅਰਾ, ਅੰਨਾ ਹੂ ਨਾ ਕੋਈ ਜਣਾਈਆ । ਤੀਸ ਬਤੀਸ ਨਾ ਕਰੇ ਪਿਆਰਾ, ਨਾ ਕੋਈ ਮੁਖ ਰਖਾਈਆ । ਏਕਾ ਰਾਗ ਸੁਣਾਏ ਹਰਿ ਸੁਣਾਵਣਹਾਰਾ, ਹਰਿ ਸ਼ਬਦ ਵੱਡੀ ਵਡਿਆਈਆ । ਚਾਰ ਵਰਨਾ ਕਰਾਏ ਇਕ ਪਿਆਰਾ, ਮੁਸਲਮ ਹਿੰਦੂ ਸਿਖ ਨਾ ਕੋਈ ਜਣਾਈਆ । ਬੀਸ ਬੀਸਾ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਜਗਤ ਜਗਦੀਸਾ ਆਪ ਅਖਵਾਈਆ । ਛਤਰ ਸੀਸ ਝੁੱਲੇ ਅਪਰ ਅਪਾਰਾ, ਪੰਚਮ ਮੁਖ ਤਾਜ ਸੁਹਾਈਆ । ਨਿਰਮਲ ਜੋਤ ਕਰੇ ਉਜਿਆਰਾ, ਨੌਂ ਖੰਡ ਕਰੇ ਰੁਸ਼ਨਾਈਆ । ਹਰਿ ਸ਼ਬਦ ਹੋਏ ਸੱਚੀ ਸਿਕਦਾਰਾ, ਤਖ਼ਤ ਤਾਜ ਇਕ ਸੁਹਾਈਆ । ਉਪਰ ਬੈਠ ਬੇਐਬ ਪਰਵਰਦਿਗਾਰਾ, ਹੱਕ ਹਕੀਕਤ ਵੇਖ ਵਖਾਈਆ । ਏਕਾ ਨਾਮ ਇਕ ਜੈਕਾਰਾ, ਏਕਾ ਸਿਖਿਆ ਰਿਹਾ ਸਿਖਾਈਆ । ਏਕਾ ਗੁਰ ਇਕ ਭੰਡਾਰਾ, ਏਕਾ ਰਿਹਾ ਵਰਤਾਈਆ । ਏਕਾ ਚਰਨ ਇਕ ਪਿਆਰਾ, ਏਕਾ ਕਵਲ ਮੁਖ ਖੁਲ੍ਹਾਈਆ । ਏਕਾ ਦਰ ਬੰਕ ਦਵਾਰਾ, ਦਰ ਦਰਬਾਨ ਇਕ ਵਖਾਈਆ । ਏਕਾ ਸ਼ਾਹ ਸੁਲਤਾਨ ਨਿਆਰਾ, ਸਤਿ ਸਰੂਪ ਆਪ ਅਖਵਾਈਆ । ਆਪਣੀ ਬੰਨੇ ਆਪੇ ਧਾਰਾ, ਸਤਿਜੁਗ ਸਾਚੀ ਨੀਂਹ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਹਰਿ ਜਗਦੀਸਾ ਵੇਖ ਵਖਾਏ ਇਕ ਇਕੀਸਾ, ਇਕ ਅਕਾਲਾ ਇਕੀ ਪਾਈਆ । ਏਕਾ ਇਕੀ ਆਪੇ ਪਾ, ਆਪੇ ਤੋਲ ਤੁਲਾਇੰਦਾ । ਨੌਂ ਖੰਡ ਪ੍ਰਿਥਮੀ ਸਾਚੀ ਸਿਖੀ ਲਏ ਬਣਾ, ਸਾਚੀ ਸਿਖਿਆ ਆਪ ਸਮਝਾਇੰਦਾ । ਧਾਰੋਂ ਤਿਖੀ ਦਏ ਵਖਾ, ਤਿਖੀ ਧਾਰ ਇਕ ਰਖਾਇੰਦਾ । ਵਾਲੋਂ ਨਿੱਕੀ ਆਪ ਸਮਝਾ, ਨੀਕਨ ਨੀਕਾ ਵਿਚ ਸਮਾਇੰਦਾ । ਮਦਿਰਾ ਮਾਸੀ ਕੋਈ ਦੀਸੇ ਨਾ, ਭੁੰਨ ਕਬਾਬ ਨਾ ਕੋਈ ਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਜੋਤ ਧਰ, ਆਦਿ ਨਿਰੰਜਣ

੧੮੯ ੦੨

ਦਏ ਸਰਬ ਭੰਡਾਰੇ ਆਪੇ ਭਰ, ਸਰਬ ਕਲਾ ਭਰਪੂਰ ਆਪ ਅਖਵਾਇੰਦਾ । ਇਕ ਇਕੀਸਾ ਹਰਿ ਨਿਰੰਕਾਰਾ, ਆਪਣਾ ਕਰਮ ਕਮਾਇੰਦਾ । ਇਕ ਹਦੀਸਾ ਵਿਚ ਸੰਸਾਰਾ, ਏਕਾ ਮਾਰਗ ਲਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖਾਲੀ ਖੀਸਾ, ਸਿਰ ਤਾਜ ਨਾ ਕੋਈ ਰਖਾਇੰਦਾ । ਪਰਗਟ ਹੋਏ ਹਰਿ ਸਾਜਨ ਸਾਚਾ ਸ਼ਾਹੋ ਸ਼ਬੀਸਾ, ਹਰਿਜਨ ਸਾਚੇ ਵੇਖ ਵਖਾਇੰਦਾ । ਕਲਜੁਗ ਮਾਇਆ ਕੂੜਾ ਪੀਸਨ ਪੀਸਾ, ਲੱਖ ਚੁਰਾਸੀ ਝੋਲੀ ਪਾਇੰਦਾ । ਲਹਿਣਾ ਦੇਣਾ ਚੁਕਾਏ ਮੂਸਾ ਈਸਾ, ਅੰਜੀਲ ਕੁਰਾਨਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪ ਅਖਵਾਇੰਦਾ । ਸਤਿਗੁਰ ਪੂਰਾ ਸ਼ਬਦ ਮਲਾਹ, ਪਾਰਬ੍ਰਹਮ ਬੇਅੰਤਾ । ਗੁਰਮੁਖਾਂ ਦੇਵੇ ਨਾਮ ਸਲਾਹ, ਸਾਜਨ ਸਾਚੇ ਸੰਤਾ । ਅਗੰਮ ਅਗੰਮੜਾ ਪਾਏ ਰਾਹ, ਏਕਾ ਧਾਮ ਸੁਹੰਤਾ । ਹੱਡ ਮਾਸ ਨਾੜੀ ਚਮੜਾ ਲੇਖੇ ਦਏ ਲਾ, ਗੜ੍ਹ ਤੋੜੇ ਹਉਮੇ ਹੰਗਤਾ । ਆਦਿ ਜੁਗਾਦੀ ਜੁਗ ਜੁਗ ਦੇਵੇ ਠੰਡੀ ਛਾਂ, ਜਗਤ ਜਗਦੀਸ ਸਾਚੀ ਸੰਗਤਾ । ਸਖਾ ਸਹਾਈ ਆਪੇ ਹੋਏ ਪਿਤਾ ਮਾਂ, ਗੁਰਮੁਖ ਬਾਲ ਅੰਞਾਣੇ ਗੋਦ ਉਠੰਤਾ । ਨਿਥਾਵਿਆਂ ਦੇਵੇ ਸਾਚੀ ਥਾਂ, ਜੋ ਜਨ ਦਰ ਦਵਾਰੇ ਆਏ ਮੰਗਤਾ । ਫੜ ਫੜ ਹੰਸ ਬਣਾਏ ਕਾਂ, ਸਾਚੀ ਚੋਗ ਨਾਮ ਚੁਗੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵੰਤਾ । ਹਰਿ ਜੋਬਨ ਹਰਿ ਰੰਗਿਆ, ਗੁਰਮੁਖ ਸਾਜਨ ਮੀਤ । ਗੁਰਮੁਖ ਵਰ ਘਰ ਮੰਗਿਆ, ਹਰਿ ਮੇਲਾ ਸ਼ਾਹੋ ਅਤੀਤ । ਘਰ ਮੰਦਰ ਆਪੇ ਲੰਘਿਆ, ਹਰਿ ਬੈਠਾ ਰਹੇ ਅਤੀਤ । ਜਨ ਭਗਤਾਂ ਕੱਟਣਹਾਰਾ ਭੁੱਖ ਨੰਗਿਆ, ਸਦਾ ਸੁਹੇਲਾ ਬੀਠਲਾ ਬੀਠ । ਅੰਮ੍ਰਿਤ ਧਾਰ ਨੁਹਾਏ ਸਾਚੀ ਗੰਗਿਆ, ਮਿਠਾ ਕਰੇ ਕੌੜਾ ਰੀਠ । ਅਨਹਦ ਢੋਲ ਵਜਾਏ ਕਾਇਆ ਮੰਦਰ ਮਰਦੰਗਿਆ, ਵਜਾਵਣਹਾਰਾ ਆਪ ਅਨਡੀਠ । ਪੰਜਮ ਸਖੀਆਂ ਬਹਿ ਬਹਿ ਮੰਗਲ ਏਕਾ ਮੰਗਿਆ, ਸਦਾ ਗਾਇਣ ਸੁਹਾਗੀ ਗੀਤ । ਸਤਿਗੁਰ ਪੂਰੇ ਸਾਚੇ ਘੋੜੇ ਕਸੇ ਤੰਗਿਆ, ਗੁਰਮੁਖ ਵੇਖੇ ਸਚ ਪ੍ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਰੰਗ ਮਜੀਠ । ਊਚ ਨੀਚ ਹਸਤ ਕੀਟ ਊਚ ਅਪਾਰ ਅਗੰਮ ਅਥਾਹ, ਬੇਪਰਵਾਹ ਅਖਵਾਇਆ । ਚਾਰ ਵਰਨ ਵਖਾਏ ਏਕਾ ਨਾਂ, ਏਕਾ ਦੂਜਾ ਭੌ ਚੁਕਾਇਆ । ਤੀਜੇ ਨੇਤਰ ਦਏ ਖੁਲ੍ਹਾ, ਨੇਤਰ ਨੈਣਾਂ ਦਰਸ ਦਿਖਾਇਆ । ਚੌਥੇ ਪਦ ਰਿਹਾ ਸਮਾ, ਗੁਰਮੁਖ ਸਾਜਨ ਮੇਲ ਮਿਲਾਇਆ । ਪੰਚਮ ਦੇਵੇ ਸਾਚਾ ਥਾਂ, ਥਿਰ ਘਰ ਵਾਸੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਗੁਣ ਸਰਗੁਣ ਸੰਗ ਨਿਭਾਇਆ । ਨਿਰਗੁਣ ਹਰਿ ਨਿਰੰਕਾਰ, ਸਰਗੁਣ ਸੰਗ ਰਖਾਇੰਦਾ । ਸਰਗੁਣ ਸ਼ਬਦ ਅਧਾਰ, ਨਿਰਗੁਣ ਜੋਤ ਜਗਾਇੰਦਾ । ਨਿਰਗੁਣ ਖੇਲ ਅਪਾਰ, ਸਰਗੁਣ ਮੇਲ ਮਿਲਾਇੰਦਾ । ਸਰਗੁਣ ਦੀਸੇ ਜਗਤ ਅਕਾਰ, ਨਿਰਗੁਣ ਦਿਸ ਨਾ ਆਇੰਦਾ । ਦੋਹਾਂ ਮੇਲਾ ਇਕ ਪਿਆਰ, ਆਪਣੀ ਬਣਤ ਬਣਾਇੰਦਾ । ਚੇਲਾ ਗੁਰ ਸੋਹੇ ਬੰਕ ਦਵਾਰ, ਬੰਕ ਦਵਾਰੀ ਆਪ ਅਖਵਾਇੰਦਾ । ਹਰਿਜਨ ਬਖ਼ਸ਼ੇ ਚਰਨ ਪਿਆਰ, ਨਾਤਾ ਬਿਧਾਤਾ ਆਪ ਬੰਨ੍ਹਾਇੰਦਾ । ਦੋ ਜਹਾਨੀ ਫੜ ਫੜ ਬਾਂਹੋਂ ਕਰੇ ਪਾਰ, ਨਾਮ ਸੁਗਾਤਾ ਝੋਲੀ ਪਾਇੰਦਾ । ਹਰਿ ਸੱਜਣ ਸ਼ਾਹੋ ਮੀਤ ਸ਼ਾਹ ਸ਼ਹਾਨਾ, ਮਿਹਰਵਾਨ ਗੁਣ ਨਿਧਾਨਾ ਦਇਆ ਕਮਾਇੰਦਾ । ਆਤਮ ਤੀਰ ਬ੍ਰਹਮ ਗਿਆਨਾ, ਭੇਵ ਨਾ ਪਾਏ ਕੋਈ ਵਿਦਵਾਨਾ, ਗਿਆਨ ਧਿਆਨ ਦਿਸ ਨਾ ਆਇੰਦਾ । ਜਿਸ ਜਨ ਕਰਾਏ ਚਰਨ ਧੂੜ ਮਜਨ ਅਸ਼ਨਾਨਾ, ਮਜਨ ਮਾਘ ਕਰਾਇੰਦਾ ।

ਲੱਖ ਚੁਰਾਸੀ ਚੁੱਕੇ ਕਾਨਾ, ਪੱਤਤ ਪਾਵਨ ਭੇਖ ਬਾਵਨ ਪਕੜੇ ਦਾਮਨ, ਪੰਚ ਦੁਸ਼ਟ ਸੰਘਾਰੇ ਰਾਮਾ ਰਾਵਨ, ਸੀਤਾ ਸੁਰਤੀ ਆਪ ਪਰਨਾਇੰਦਾ । ਮਿਟੇ ਰੈਣ ਅੰਧੇਰੀ ਸ਼ਾਮਨ, ਕ੍ਰਿਸ਼ਨਾ ਕਾਨਨ ਰੂਪ ਭਗਵਾਨਨ, ਮੁਕੰਦ ਮਨੋਹਰ ਲੱਖਮੀ ਨਰਾਇਣ ਸੁੰਦਰ ਕੁੰਡਲ ਮੁਕਟ ਬੈਨ, ਆਪ ਆਪਣਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਬਰਨ ਅਠਾਰਾਂ ਦੇਵੇ ਏਕਾ ਵਰ, ਇਕ ਮਹੱਲਾ ਏਕਾ ਘਰ, ਏਕਾ ਧਾਮ ਸੁਹਾਇੰਦਾ । ਭਗਤ ਵਛਲ ਹਰਿ ਗਿਰਧਾਰੀ, ਗਿਰਵਰ ਰੂਪ ਸਮਾਇਆ । ਨਿਰਗੁਣ ਜੋਤ ਕਰ ਉਜਿਆਰੀ, ਸਰਗੁਣ ਲੇਖੇ ਲਾਇਆ । ਪਾਰਬ੍ਰਹਮ ਕਲ ਖੇਲ ਨਿਆਰੀ, ਪਰਮ ਪੁਰਖ ਅਖਵਾਇਆ । ਜੁਗਾਂ ਜੁਗ ਜੁਗੰਤਾ ਜਗਤ ਭਰੇ ਭੰਡਾਰੀ, ਜਗਤ ਜਗਦੀਸਾ ਆਪ ਅਖਵਾਇਆ । ਮੋਨ ਮੁਨੀਸ਼ਰ ਮੁਖ ਤਾਬਿਆਦਾਰੀ, ਸੇਵਕ ਸੇਵਾ ਰਿਹਾ ਕਰਾਇਆ । ਸਿੰਘ ਮੰਗਲ ਸੋਹੇ ਬੰਕ ਦਵਾਰੀ, ਹਰਿ ਸਾਜਨ ਘਰ ਸਾਚੇ ਪਾਇਆ । ਚਰਨ ਕਵਲ ਕਰੇ ਨਿਮਸਕਾਰੀ, ਨਿਮੁਖ ਅੱਖਰ ਏਕਾ ਪਾਇਆ । ਹਉਮੇ ਕੱਟੀ ਜਗਤ ਬਿਮਾਰੀ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇਆ । ਸੋ ਪੁਰਖ ਨਿਰੰਜਣ ਦੇਵੇ ਨਾਮ ਖੁਮਾਰੀ, ਅੱਠੇ ਪਹਿਰ ਰੰਗ ਰੰਗਾਇਆ । ਮਾਨਸ ਜਨਮ ਨਾ ਆਏ ਦੂਜੀ ਵਾਰੀ, ਆਵਣ ਜਾਵਣ ਗੇੜ ਕਟਾਇਆ । ਧਰਮ ਰਾਏ ਦੋਏ ਜੋੜ ਕਰੇ ਨਿਮਸਕਾਰੀ, ਨੇਤਰ ਨੈਣ ਰਹੇ ਸ਼ਰਮਾਇਆ । ਗੁਰ ਸ਼ਬਦ ਸਤਿਗੁਰ ਸਾਚਾ ਵੇਲੇ ਅੰਤਮ ਪਾਏ ਸਾਰੀ, ਸਵੱਛ ਸਰੂਪੀ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਭੰਡਾਰ ਸਦਾ ਭਰਪੂਰ ਰਖਾਇਆ ।



੧੯੧

੦੭

ਨਾਮ ਭੰਡਾਰਾ ਸਦਾ ਅਤੁਟ, ਹਰਿ ਸਾਚੇ ਹੱਥ ਵਡਿਆਈਆ । ਆਦਿ ਜੁਗਾਦਿ ਨਾ ਜਾਏ ਨਿਖੁਟ, ਦੇਵਣਹਾਰ ਸ੍ਰਿਸ਼ਟ ਸਬਾਈਆ । ਗੁਰਮੁਖ ਵਿਰਲੇ ਲਾਹਾ ਰਹੇ ਲੁੱਟ, ਕਲਜੁਗ ਸੁੱਤੀ ਸਰਬ ਲੋਕਾਈਆ । ਪੰਚ ਵਿਕਾਰਾ ਰਿਹਾ ਕੁਟ, ਅੱਠੇ ਪਹਿਰ ਰਹੇ ਲੜਾਈਆ । ਜਨ ਭਗਤਾਂ ਹਿਰਦੇ ਅੰਦਰ ਪ੍ਰਭ ਪੂਰਾ ਗਿਆ ਤੁਠ, ਨਿਰਮਲ ਬਾਤੀ ਜੋਤ ਜਗਾਈਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠ, ਜੋ ਜਨ ਸਰਸੇ ਗਿਆ ਸੇਵ ਕਮਾਈਆ । ਮਨਮੁਖਾਂ ਹੱਥ ਫੜਾਏ ਖਾਲੀ ਠੁੱਠ, ਦਰ ਦਰ ਮੰਗਣ ਨਾਮ ਭਿਛਿਆ ਕੋਈ ਨਾ ਪਾਈਆ । ਵੇਲੇ ਅੰਤਮ ਜੜ ਦੇਵੇ ਪੁੱਟ, ਪੱਤ ਡਾਲ੍ਹੀ ਰਹਿਣ ਨਾ ਪਾਈਆ । ਜਨ ਭਗਤਾਂ ਅੰਮ੍ਰਿਤ ਆਤਮ ਪਿਆਏ ਨਾਮ ਘੁੱਟ, ਕਾਇਆ ਮੰਦਰ ਅੰਦਰ ਤਾਲ ਸੁਹਾਈਆ । ਆਵਣ ਜਾਵਣ ਗਿਆ ਛੁੱਟ, ਜਿਸ ਜਨ ਹਰਿ ਗੁਰ ਹਰਿ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਦੇਵੇ ਵਰ, ਸਚ ਘਰ ਮਿਲੇ ਵਡਿਆਈਆ ।

* ੭ ਫੱਗਣ ੨੦੧੪ ਬਿਕ੍ਰਮੀ ਨਰਾਇਣ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ *

ਸਤਿਗੁਰ ਸਾਚਾ ਸਚ ਘਰ, ਪਾਰਬ੍ਰਹਮ ਬੇਅੰਤਾ । ਸਤਿਗੁਰ ਸਾਚਾ ਦਰ, ਮੇਲ ਮਿਲਾਏ ਸਾਚੇ ਸੰਤਾ । ਸਤਿਗੁਰ ਸਾਚਾ ਸਚ ਹਰਿ, ਸਾਚਾ



Rev-01

ਖੇਲ ਖਿਲੰਤਾ । ਸਤਿਗੁਰ ਸਾਚਾ ਸਚ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਜਨ ਧਾਮ ਸੁਹੰਤਾ । ਸਤਿਗੁਰ ਸਾਜਨ ਮੀਤੜਾ, ਆਦਿ ਪੁਰਖ ਅਪਾਰ । ਹਰਿਜਨ ਰੰਗੇ ਕਾਇਆ ਚੀਥੜਾ, ਰੰਗਣ ਰੰਗ ਅਪਾਰ । ਧੁਰਦਰਗਾਹੀ ਸਾਚਾ ਮੀਤੜਾ, ਦਾਤਾ ਦਾਨੀ ਸਿਰਜਣਹਾਰ । ਜੁਗ ਜੁਗ ਚਲੇ ਆਪਣੀ ਰੀਤੜਾ, ਚਲੇ ਚਲਾਏ ਵਿਚ ਸੰਸਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਪੂਰਬ ਲਹਿਣਾ ਕਰਮ ਵਿਚਾਰ । ਹਰਿ ਹਰਿ ਭਾਣਾ ਲੱਗੇ ਮੀਠੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਅਧਾਰ । ਸਚ ਵਿਚੋਲਾ, ਸਾਚਾ ਗੁਰ ਏਕਾ ਏਕ ਅਖਵਾਇਆ । ਹਰਿ ਨਾਮ ਸੁਣਾਏ ਸਾਚਾ ਢੋਲਾ, ਏਕਾ ਰਾਗ ਅਲਾਇਆ । ਏਕਾ ਮੰਦਰ ਏਕਾ ਅੰਦਰ ਏਕਾ ਪੁਰਖ ਅਬਿਨਾਸ਼ੀ ਬੋਲਾ, ਏਕਾ ਰਿਹਾ ਸੁਣਾਇਆ । ਏਕਾ ਰੂਪ ਏਕਾ ਚੋਲਾ, ਏਕਾ ਬਣਿਆ ਸਾਚਾ ਤੋਲਾ, ਤੋਲਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਇਆ । ਸਚ ਵਰਤੰਤਾ ਹਰਿ ਭਗਵੰਤਾ, ਸਾਚੇ ਸਾਚ ਜਣਾਈਆ । ਗੁਰਮੁਖ ਉਠਾਏ ਸਾਚੇ ਸੰਤਾ, ਗੁਰਮੁਖਾਂ ਮੇਲ ਮਿਲਾਈਆ । ਸਾਚਾ ਧਾਮ ਹਰਿ ਸੁਹੰਤਾ, ਸਾਚੇ ਘਰ ਵੱਜੇ ਵਧਾਈਆ । ਖੇਲੇ ਖੇਲ ਆਦਿਨ ਅੰਤਾ, ਜੁਗ ਜੁਗ ਵੱਡੀ ਵਡਿਆਈਆ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤਾ, ਹਰਿਜਨ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਬਦ ਕਰੇ ਜਣਾਈਆ । ਸਾਚਾ ਸ਼ਬਦ ਹਰਿ ਤਰਾਨਾ, ਆਪਣਾ ਆਪ ਅਲ੍ਹਾਇਆ । ਗੁਰਮੁਖ ਮੇਲਾ ਦੋ ਜਹਾਨਾ, ਵਿਛੜ ਕਦੇ ਨਾ ਜਾਇਆ । ਜੋਤੀ ਸ਼ਬਦੀ ਗੁਰੂ ਗੁਰ ਚੇਲਾ, ਗੁਰ ਚੇਲਾ ਆਪ ਅਖਵਾਇਆ । ਸਦਾ ਸਖਾਈ ਸਦਾ ਸੁਹੇਲਾ, ਸਾਜਨ ਮੀਤ ਆਪ ਹੋ ਜਾਇਆ । ਆਪੇ ਵਸੇ ਸਦਾ ਅਕੇਲਾ, ਹਰ ਘਟ ਆਪੇ ਆਸਣ ਲਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਕਲਜੁਗ ਜੀਆਂ ਭੇਦ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਨੂਰ ਕਰੇ ਰੁਸ਼ਨਾਇਆ । ਸਾਚਾ ਘਰ ਸਾਚਾ ਨੂਰ, ਹਰਿ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਵੱਜੇ ਤੂਰ, ਅਨਹਦ ਧੁਨ ਉਪਜਾਈਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਰਿਹਾ ਮਿਟਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਏਕਾ ਬਖ਼ਸ਼ੇ ਚਰਨ ਧੂੜ, ਚਰਨ ਦਵਾਰਾ ਇਕ ਵਖਾਈਆ । ਚਤੁਰ ਸੁਘੜ ਬਣਾਏ ਫੜ ਫੜ ਮੂੜ੍ਹ, ਹਉਮੇ ਹੰਗਤਾ ਗੜ੍ਹ ਤੁੜਾਈਆ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਸਾਚੇ ਵੇਖ ਵਖਾਈਆ । ਸਾਜਨ ਸਾਚਾ ਹਰਿ ਹਰਿ ਮੀਤਾ, ਏਕਾ ਏਕ ਅਖਵਾਇਆ । ਜੁਗ ਜੁਗ ਚਲੇ ਆਪਣੀ ਰੀਤਾ, ਜੁਗ ਜੁਗ ਵੇਸ ਵਟਾਇਆ । ਆਪੇ ਜਾਣੇ ਦੇਹੁਰਾ ਮੰਦਰ ਮਸੀਤਾ, ਗੁਰਦਵਾਰਾ ਆਪ ਸੁਹਾਇਆ । ਬੈਠਾ ਰਹੇ ਸਦਾ ਅਤੀਤਾ, ਦਿਸ ਕਿਸੇ ਨਾ ਆਇਆ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤਾ, ਅੰਮ੍ਰਿਤ ਆਤਮ ਸਾਚਾ ਰਸ ਚੁਆਇਆ । ਇਕ ਸੁਣਾਏ ਅਨਾਦੀ ਗੀਤਾ, ਅਨਾਦ ਅਨਾਦੀ ਆਪ ਵਜਾਇਆ । ਜਿਸ ਜਨ ਵਸਿਆ ਹਰਿ ਹਰਿ ਚੀਤਾ, ਹਰਿਜਨ ਸਾਚੇ ਵਿਚ ਸਮਾਇਆ । ਤ੍ਰੈਗੁਣ ਤਪੇ ਨਾ ਤਨ ਅੰਗੀਠਾ, ਪੰਜ ਤਤ ਨਾ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਵੇਖੇ ਦਰ, ਸਚ ਸੁੱਚ ਕਰੇ ਕੁੜਮਾਇਆ । ਸਚ ਵਸਤ ਹਰਿ ਸਾਚੇ ਪਾਸ, ਸਾਚੋ ਸਚ ਵਰਤਾਈਆ । ਹਰਿਜਨ ਮੇਟੇ ਜਗਤ ਪਿਆਸ, ਸਵੱਛ ਸਰੂਪੀ ਦਰਸ ਦਿਖਾਈਆ ।



੧੯੨ ੦੨

ਹਰਿ ਹਰਿ ਸਾਜਨ ਸ਼ਾਹੋ ਸ਼ਬਾਸ, ਨੇਤਰ ਨੈਣਾਂ ਇਕ ਖੁਲ੍ਹਾਈਆ । ਵੇਖ ਵਖਾਏ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਫੋਲ ਫੋਲਾਈਆ । ਹਰਿਜਨ ਹਿਰਦੇ ਰੱਖੇ ਵਾਸ, ਅੱਠੇ ਪਹਿਰ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਥਾਉਂ ਥਾਈਆ । ਵਸਿਆ ਧਾਮ ਹਰਿ ਅਗੰਮੜਾ, ਅਗੰਮੜੀ ਕਾਰ ਕਰਾਇੰਦਾ । ਹੱਡ ਮਾਸ ਨਾੜੀ ਨਾ ਦੀਸੇ ਚਮੜਾ, ਪੰਜ ਤਤ ਨਾ ਕੋਈ ਰਖਾਇੰਦਾ । ਨਾ ਕੋਈ ਰੱਖੇ ਪੱਲੇ ਦਮੜਾ, ਰੱਤੀ ਰਤ ਨਾ ਕੋਈ ਸਮਾਇੰਦਾ । ਨਾ ਮਰੇ ਨਾ ਕਦੇ ਜੰਮੜਾ, ਮਾਤ ਗਰਭ ਨਾ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਆਪੇ ਬਣਿਆ ਅੰਮੀ ਅੰਮੜਾ, ਆਪ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪ ਸਮਾਏ ਆਪੇ ਮੇਟ ਮਿਟਾਇੰਦਾ । ਆਪਣੇ ਭਾਣੇ ਹਰਿ ਸਮਰਥ, ਆਪੇ ਆਪ ਸਮਾਇਆ । ਆਪ ਚਲਾਏ ਆਪਣਾ ਰਥ, ਆਪ ਆਪਣਾ ਭੇਖ ਵਟਾਇਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਦੇਵੇ ਮਥ, ਲੱਖ ਚੁਰਾਸੀ ਦਏ ਸਜਾਇਆ । ਮਨਮਤ ਵਿਕਾਰਾ ਪਾਏ ਨੱਥ, ਸ੍ਰਿਸ਼ਟ ਸਬਾਈ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਨ ਮੇਲਾ ਸਚ ਘਰ, ਘਰ ਸੁਹੰਜਣਾ ਜਗੇ ਜੋਤ ਨਿਰੰਜਣਾ, ਅਲਖ ਨਿਰੰਜਣ ਵੇਖ ਵਖਾਇਆ । ਅਗੰਮ ਅਲੱਖ ਬੇਪਰਵਾਹ, ਬੇਪਰਵਾਹ ਅਖਵਾਇਆ । ਸਤਿਗੁਰ ਸ਼ਬਦ ਬਣ ਮਲਾਹ, ਲੋਕਮਾਤੀ ਫੇਰਾ ਪਾਇਆ । ਚਾਰ ਵਰਨਾਂ ਰਿਹਾ ਜਣਾ, ਜ਼ਾਤੀ ਪਾਤੀ ਮੇਟ ਮਿਟਾਇਆ । ਏਕੰਕਾਰਾ ਏਕਾ ਨਾਂ, ਇਕ ਅਕੱਲਾ ਰਿਹਾ ਸਮਾਇਆ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਜੁਗ ਜੁਗ ਖੇਲ ਖਿਲਾਇਆ । ਕਲਜੁਗ ਅੰਤਮ ਪਕੜੇ ਬਾਂਹ, ਸੰਬਲ ਨਗਰੀ ਡੇਰਾ ਲਾਇਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਇਆ । ਨਰ ਨਰਾਇਣ ਦਰ ਦਰਸ਼ਨ ਪਾ, ਹਰਿ ਸਿੰਘ ਸਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਿਰਿਆ ਰਿਹਾ ਕਰ, ਸੇਵਕ ਸੇਵਾ ਸਾਚੀ ਲਾਇਆ । ਧੰਨ ਜਣੇਦੀ ਮਾਂ ਸੁਫਲ ਕੁੱਖ, ਜੰਮਿਆ ਸੁਤ ਦੁਲਾਰ । ਦਰਸ਼ਨ ਕਰ ਉਤਰੇ ਭੁੱਖ, ਨਿਰਮਲ ਜੋਤੀ ਨੂਰ ਕਰੇ ਉਜਿਆਰ । ਉਜਲ ਹੋਏ ਮਾਤ ਮੁੱਖ, ਮਿਲਿਆ ਮੇਲ ਅਗੰਮ ਅਪਾਰ । ਮਾਤ ਗਰਭ ਨਾ ਆਏ ਉਲਟਾ ਰੁੱਖ, ਲੱਖ ਚੁਰਾਸੀ ਜਾਏ ਗੇੜ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਘਰ ਘਰ ਹਰਿ ਦੇਵੇ ਵਰ, ਨਾਮ ਦਾਨ ਧੁਰ ਫ਼ਰਮਾਣ ਭਰੇ ਰਹਿਣ ਭੰਡਾਰ । ਨਾਮ ਭੰਡਾਰਾ ਸਚਖੰਡ, ਗੁਰਮੁਖ ਸਾਚੇ ਆਪ ਭਰਾਇਆ । ਸਤਿਗੁਰ ਪੂਰੇ ਵੰਡੀ ਵੰਡ, ਨਾ ਕੋਈ ਮੇਟ ਮਿਟਾਇਆ । ਖੇਲੇ ਖੇਲ ਵਿਚ ਬ੍ਰਹਿਮੰਡ, ਜੇਰਜ ਅੰਡ ਉਤਭੁਜ ਸੇਤਜ ਆਪ ਸਮਾਇਆ । ਗੁਰਸਿਖ ਕਦੇ ਨਾ ਆਵੇ ਕੰਡ, ਜਿਸ ਸਿਰ ਆਪਣਾ ਹੱਥ ਟਿਕਾਇਆ । ਮਨਮੁਖ ਜੀਵ ਨਾਰ ਦੁਹਾਗਣ ਹੋਈ ਰੰਡ, ਸਾਚਾ ਕੰਤ ਨਾ ਕੋਈ ਹੰਢਾਇਆ । ਅੱਠੇ ਪਹਿਰ ਮਨ ਮਤ ਵਿਕਾਰਾ ਪਾਏ ਡੰਡ, ਹਰਿ ਕਾ ਸ਼ਬਦ ਹਰਿ ਦਰ ਨਜ਼ਰ ਨਾ ਆਇਆ । ਜਗਤ ਜੁਗਿਆਸੂ ਸਦ ਭਰਿਆ ਇਕ ਘਮੰਡ, ਘੜਨ ਭੰਨਣਹਾਰ ਦਿਸ ਨਾ ਆਇਆ । ਗੁਰਮੁਖ ਸਾਜਨ ਸਾਚੇ ਮੀਤ ਆਤਮ ਅੰਤਰ ਰੱਖੇ ਠੰਡ, ਨਿਝਰ ਧਾਰਾ ਮੁਖ ਚੁਆਇਆ । ਸ੍ਰਿਸ਼ਟ ਸਬਾਈ ਮੇਟ ਮਿਟਾਏ ਕੂੜੀ ਕਿਰਿਆ ਜਗਤ ਪਖੰਡ, ਸ਼ਬਦ ਡੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਏ ਬੰਕ ਦਵਾਰ ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਜੁਗ ਜੁਗ ਰੱਖਣਹਾਰਾ ਲਾਜਾ, ਦਰ ਦਰਵੇਸ਼ਾ ਆਇਆ ਫੇਰੀ ਪਾਇਆ । ਦਰ ਦਰਵੇਸ਼ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਇੰਦਾ । ਜਨ ਭਗਤਾਂ ਦਰ ਹੋਏ ਪਹਿਰੇਦਾਰ, ਆਪ ਆਪਣੀ


੧੯੩
੦੭

ਸੇਵ ਕਮਾਇੰਦਾ । ਆਪੇ ਬਖ਼ਸ਼ੇ ਆਪਣਾ ਚਰਨ ਪਿਆਰ, ਚਰਨ ਕਵਲ ਚਿਤ ਆਪ ਲਗਾਇੰਦਾ । ਮਾਨਸ ਜਨਮ ਦਏ ਸਵਾਰ, ਜਨ ਜਨਨੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰਾਇਣ ਨੈਣ ਇਕ ਦਰਸਾਇੰਦਾ ।

## * ੭ ਫੱਗਣ ੨੦੧੪ ਬਿਕ੍ਰਮੀ ਧਰਮਬੀਰ ਦੇ ਘਰ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ *

ਨਿਰਗੁਣ ਜੋਤ ਨਿਰੰਕਾਰ, ਨਿਰਵੈਰ ਸਮਾਇਆ । ਖੇਲੇ ਖੇਲ ਅਪਰ ਅਪਾਰ, ਆਪ ਆਪਣਾ ਭੇਖ ਵਟਾਇਆ । ਅਗੰਮ ਅਗੰਮੜੀ ਜਾਣੇ ਧਾਰ, ਧਾਰ ਆਪਣੀ ਰਿਹਾ ਚਲਾਇਆ । ਆਪ ਆਪਣਾ ਕਰ ਪਸਾਰ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਜਾਣੇ ਕਾਰ, ਕਰਤਾ ਪੁਰਖ ਆਪ ਅਖਵਾਇਆ । ਲੋਆਂ ਪੁਰੀਆਂ ਪਸਰ ਪਸਾਰ, ਗਗਨ ਮੰਡਲ ਬਣਤ ਬਣਾਇਆ । ਧਰਤ ਧਵਲ ਦਏ ਸਵਾਰ, ਅਕਾਸ਼ ਪਰਕਾਸ਼ ਟਿਕਾਇਆ । ਲੱਖ ਚੁਰਾਸੀ ਲਏ ਉਭਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਖੇਲੇ ਖੇਲ ਅਪਰ ਅਪਾਰ, ਖੇਲਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇਆ । ਨਿਰਗੁਣ ਜੋਤ ਹਰਿ ਭਗਵੰਤਾ, ਪਾਰਬ੍ਰਹਮ ਅਖਵਾਇੰਦਾ । ਖੇਲੇ ਖੇਲ ਆਦਿਨ ਅੰਤਾ, ਆਦਿ ਜੁਗਾਦਿ ਰਹਾਇੰਦਾ । ਆਪ ਬਣਾਏ ਆਪਣੀ ਬਣਤਾ ਆਪੇ ਵੇਖ ਵਖਾਇੰਦਾ । ਆਪੇ ਨਾਰੀ ਆਪੇ ਕੰਤਾ, ਆਪੇ ਸੇਜ ਹੰਢਾਇੰਦਾ । ਆਪੇ ਚਾੜ੍ਹੇ ਰੰਗ ਬਸੰਤਾ, ਫਲ ਫੁਲਵਾੜੀ ਆਪ ਲਗਾਇੰਦਾ । ਆਪ ਉਧਾਰੇ ਲੱਖ ਚੁਰਾਸੀ ਜੀਵ ਜੰਤਾ, ਆਪੇ ਮੇਟ ਮਿਟਾਇੰਦਾ । ਆਪ ਸੁਹਾਏ ਗੜ੍ਹ ਹੰਕਾਰੀ ਹਉਮੇ ਹੰਗਤਾ, ਆਪੇ ਤੋੜ ਤੁੜਾਇੰਦਾ । ਆਪੇ ਦਰ ਦਵਾਰੇ ਹੋਏ ਮੰਗਤਾ, ਦਰ ਦਰਬਾਨ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਨੂਰ ਜਗਤ ਉਜਾਲਾ, ਹਰਿ ਸਾਚੇ ਆਪ ਕਰਾਇਆ । ਪਰਗਟ ਹੋਏ ਦੀਨ ਦਿਆਲਾ, ਦੀਨਾ ਬੰਧਪ ਨਾਮ ਧਰਾਇਆ । ਖੇਲੇ ਖੇਲ ਕਾਲ ਅਕਾਲਾ, ਕਲਧਾਰੀ ਆਪ ਹੋ ਜਾਇਆ । ਸੰਗ ਰਖਾਏ ਕਾਲ ਮਹਾਂਕਾਲਾ, ਸੇਵਕ ਸੇਵਾ ਸਾਚੀ ਲਾਇਆ । ਸ੍ਰਿਸ਼ਟ ਸਬਾਈ ਬਣ ਦਲਾਲਾ, ਸ਼ਬਦੀ ਰੂਪ ਵਟਾਇਆ । ਆਪੇ ਚਲੇ ਆਪਣੀ ਚਾਲਾ, ਜੁਗ ਜੁਗ ਚਲਦਾ ਆਇਆ । ਕਲਜੁਗ ਅੰਤਮ ਖੇਲੇ ਖੇਲ ਨਿਰਾਲਾ, ਨਿਹਕਲੰਕਾ ਨਾਉਂ ਧਰਾਇਆ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਤ੍ਰੈਗੁਣ ਮਾਇਆ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਮਲ ਜੋਤੀ ਨੂਰ ਕਰੇ ਰੁਸ਼ਨਾਇਆ । ਨਿਰਮਲ ਜੋਤੀ ਹਰਿ ਨੂਰਾਨੀ, ਨੂਰੋ ਨੂਰ ਧਰਾਇੰਦਾ । ਆਪੇ ਜਾਣੇ ਆਪਣੀ ਬਾਣੀ, ਆਪਣਾ ਰਾਗ ਆਪ ਅਲਾਇੰਦਾ । ਆਪੇ ਹੋਇਆ ਜਾਣ ਜਾਣੀ, ਜਾਨਣਹਾਰ ਆਪ ਅਖਵਾਇੰਦਾ । ਜੁਗ ਜੁਗ ਦੇਵੇ ਜਗਤ ਨਿਸ਼ਾਨੀ, ਬੋਧ ਅਗਾਧਾ ਸ਼ਬਦ ਜਣਾਇੰਦਾ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਨਿਝਰ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਰਖਾਇੰਦਾ । ਹਰਿ ਜੋਤ ਹਰਿ ਰੰਗ, ਹਰਿ ਹਰਿ ਆਪ ਰੰਗਾਇੰਦਾ । ਨਾਮ ਵਜਾਏ ਇਕ ਮਰਦੰਗ, ਡੌਰੂ ਡੰਕਾ ਇਕ ਵਜਾਇੰਦਾ । ਸਾਚੇ ਘੋੜੇ ਕਸਿਆ ਤੰਗ, ਸੋਲਾਂ ਕਲੀਆਂ ਆਸਣ ਲਾਇੰਦਾ । ਸ਼ਬਦ ਸਰੂਪੀ ਬੈਠ ਪਲੰਘ, ਆਪ ਆਪਣਾ ਹੁਕਮ ਜਣਾਇੰਦਾ । ਕਲਜੁਗ ਜੀਵ ਲੱਖ ਚੁਰਾਸੀ ਹੋਈ ਨੰਗ, ਨਾਮ ਧਨ ਨਾ ਕੋਈ ਰਖਾਇੰਦਾ । ਪੰਚ ਵਿਕਾਰਾ

ਲੱਗਾ ਜੰਗ, ਮਨਮਤ ਸੰਗ ਰਖਾਇੰਦਾ । ਮਾਨਸ ਦੇਹੀ ਹੋਈ ਭੰਗ, ਮੂਰਖ ਝੂਠੇ ਧੰਦੇ ਲਾਇੰਦਾ । ਗੁਰਮੁਖ ਵਿਰਲਾ ਮੰਗੇ ਮੰਗ, ਆਤਮ ਅੰਧੇ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕਾ ਡੰਕ ਵਜਾਇੰਦਾ । ਹਰਿ ਜੋਤ ਆਦਿ ਨਿਰੰਜਣ, ਆਦਿ ਪੁਰਖ ਅਬਿਨਾਸ਼ਾ । ਭਗਤ ਜਨਾਂ ਹਰਿ ਸਾਚਾ ਸੱਜਣ, ਜੁਗ ਜੁਗ ਵੇਖੇ ਜਗਤ ਤਮਾਸ਼ਾ । ਸਦਾ ਸੁਹੇਲਾ ਇਕ ਅਕੇਲਾ ਆਪੇ ਹੋਇਆ ਪੜਦੇ ਕੱਜਣ, ਸਾਚੇ ਮੰਡਲ ਪਾਵੇ ਰਾਸਾ । ਮਨਮੁਖ ਜੀਵ ਮਾਇਆ ਅਗਨੀ ਦਝਣ, ਨਾ ਦੀਸੇ ਕੋਈ ਸਹਾਇਆ । ਵੇਲੇ ਅੰਤ ਨਾ ਰੱਖੇ ਕੋਈ ਲੱਜਨ, ਰਾਏ ਧਰਮ ਦਏ ਸਜਾਇਆ । ਗੁਰਮੁਖ ਸਾਜਨ ਦਰ ਦਵਾਰੇ ਬਹਿ ਬਹਿ ਸਜਣ, ਹਰਿ ਸਾਚੇ ਮੇਲ ਮਿਲਾਇਆ । ਅਨਹਦ ਤਾਲ ਨਗਾਰੇ ਵੱਜਣ, ਧੁਨ ਅਨਾਦੀ ਰਿਹਾ ਸੁਣਾਇਆ । ਇਕ ਚੜ੍ਹਾਏ ਸਚ ਜਹਾਜ਼ਨ, ਸੋ ਪੁਰਖ ਨਿਰੰਜਣ ਆਪ ਚਲਾਇਆ । ਪਰਗਟ ਹੋਇਆ ਦੇਸ ਮਾਝਨ, ਜੋਤੀ ਜਾਮਾ ਭੇਖ ਵਟਾਇਆ । ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇਆ । ਕਲਜੁਗ ਅੰਤਮ ਰਚਿਆ ਕਾਜਨ, ਨੌਂ ਖੰਡ ਸ੍ਰਿਸ਼ਟੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਇਸ਼ਟ ਰਿਹਾ ਬੁਝਾਇਆ । ਏਕਾ ਇਸ਼ਟ ਆਦਿ ਗੁਰ ਮੰਤਰ, ਹਰਿ ਨਾਮੇ ਵਡ ਵਡਿਆਈਆ । ਦੇਵੇ ਦਰਸ ਹਰਿ ਆਤਮ ਅੰਤਰ, ਹਰਿਜਨ ਸਾਚੇ ਮੇਲ ਮਿਲਾਈਆ । ਮਨਮੁਖਾਂ ਲੱਗੇ ਤਨ ਬਸੰਤਰ, ਨਾ ਸਕੇ ਕੋਈ ਬੁਝਾਈਆ । ਖੇਲੇ ਖੇਲ ਗਗਨ ਗਗਨੰਤਰ, ਗਗਨ ਪਤਾਲਾ ਫੇਰੀ ਪਾਈਆ । ਕਲਜੁਗ ਤੇਰੀ ਆਪੇ ਵੇਖੇ ਆਤਮ ਅੰਤਰ, ਵੇਖਣਹਾਰ ਆਪ ਬਿਗਸਾਈਆ । ਬ੍ਰਹਮੇ ਲਹਿਣਾ ਚੁਕੇ ਮਨਵੰਤਰ, ਮਨਮਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕਾ ਨਾਉਂ ਰਖਾਈਆ । ਹਰਿ ਜੋਤ ਹਰ ਘਟ ਵਾਸਾ, ਹਰਿ ਹਰਿ ਆਪ ਜਗਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਪਾਤਾਲਾ ਆਪ ਸਮਾਈਆ । ਮੰਡਲ ਮੰਡਪ ਪਾਵੇ ਰਾਸਾ, ਅਚਰਜ ਰਚਨ ਰਚਾਈਆ । ਜਨ ਭਗਤਾਂ ਹੋਏ ਦਾਸੀ ਦਾਸਾ, ਜੁਗ ਜੁਗ ਵੱਡੀ ਵਡਿਆਈਆ । ਮਨਮੁਖ ਜੀਵਾਂ ਮੁਖ ਰਖਾਇਆ ਮਦਿਰਾ ਮਾਸਾ, ਦੇਵੇ ਅੰਤ ਸਜਾਈਆ । ਭੰਨ ਵਖਾਏ ਕਾਇਆ ਕਾਸਾ, ਥਿਰ ਰਹਿਣ ਨਾ ਪਾਈਆ । ਜੋ ਉਪਜੇ ਸੋ ਸਦਾ ਵਿਨਾਸਾ, ਪੰਜ ਤਤ ਨਾ ਕੋਈ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਡੰਕ ਵਜਾਈਆ । ਹਰਿ ਜੋਤੀ ਹਰਿ ਜੈਕਾਰ, ਏਕਾ ਏਕ ਕਰਾਇਆ । ਸ਼ਬਦ ਸ਼ਬਦੀ ਕਰ ਪਿਆਰ, ਹਰਿ ਸ਼ਬਦੀ ਮੇਲ ਮਿਲਾਇਆ । ਸ਼ਬਦ ਗਹਿਣਾ ਤਨ ਸ਼ੰਗਾਰ, ਨਾਮ ਨੈਣਾ ਕੱਜਲ ਪਾਇਆ । ਵਰ ਘਰ ਸਾਚੇ ਬਹਿਣਾ ਕਰ ਪਿਆਰ, ਸਾਚਾ ਸੱਜਣ ਇਕ ਅਖਵਾਇਆ । ਊਚ ਨੀਚ ਨਾ ਕੋਈ ਵਿਚਾਰ, ਜ਼ਾਤ ਪਾਤ ਨਾ ਕੋਈ ਰਖਾਇਆ । ਭਰਮੇ ਭੁੱਲੇ ਸਰਬ ਸੰਸਾਰ, ਕਲਜੁਗ ਵੇਲਾ ਅੰਤਮ ਆਇਆ । ਪਰਗਟ ਹੋਏ ਕਲਕੀ ਅਵਤਾਰ, ਨਿਹਕਲੰਕਾ ਨਾਉਂ ਧਰਾਇਆ । ਨਾਮ ਖੰਡਾ ਤੇਜ਼ ਕਟਾਰ, ਹੱਥ ਆਪਣੇ ਰਿਹਾ ਉਠਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਸ਼ਿਵ ਦੇਵਤ ਸੁਰ ਸੋਇਆ ਕੋਈ ਰਹਿਣ ਨਾ ਪਾਇਆ । ਨੌਂ ਖੰਡ ਪ੍ਰਿਥਮੀ ਦਏ ਹੁਲਾਰ, ਲੱਖ ਚੁਰਾਸੀ ਦਏ ਹਿਲਾਇਆ । ਮਾਰਨਹਾਰ ਆਪੇ ਮਾਰ, ਜਗਤ ਜਗਦੀਸਾ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਆਈ ਹਾਰ, ਨਾ ਦੀਸੇ ਕੋਈ ਸਹਾਇਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਣ ਖਵਾਰ, ਧੀਰਜ ਧੀਰ ਨਾ ਕੋਈ ਧਰਾਇਆ । ਬਿਨ ਗੁਰ ਪੂਰੇ ਕੋਈ ਨਾ ਵਖਾਏ ਸਚ ਨਿਸ਼ਾਨ, ਧਰਮ ਨਿਸ਼ਾਨ ਨਾ ਕੋਈ ਝੁਲਾਇਆ । ਪੜ੍ਹ

ਪੜ੍ਹ ਥੱਕੇ ਵੇਦ ਪੁਰਾਨ, ਗੀਤਾ ਗਿਆਨ ਹੱਥ ਕਿਸੇ ਨਾ ਆਇਆ । ਬਗਲੀਂ ਰੱਖ ਅੰਜੀਲ ਕੁਰਾਨ, ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਰਹੇ ਅਲਾਇਆ । ਅਠਸਠ ਤੀਰਥ ਫਿਰ ਫਿਰ ਸਾਰੇ ਗਾਣ, ਹਰਿ ਸਾਚਾ ਨਜ਼ਰ ਨਾ ਆਇਆ । ਕਲਜੁਗ ਜੀਵ ਅੰਤ ਸਰਬ ਪਛਤਾਨ, ਵੇਲਾ ਅੰਤਮ ਆਇਆ । ਹਰਿ ਪਰਗਟ ਹੋਏ ਵਾਲੀ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਅਖਵਾਇਆ । ਸਾਧਨ ਸੰਤਾਂ ਕਰੇ ਪਛਾਣ, ਨਾਮ ਨਿਧਾਨਾ ਝੋਲੀ ਪਾਇਆ । ਏਕਾ ਰਾਗ ਸੁਣਾਏ ਸਾਚਾ ਕਾਨ, ਏਕਾ ਨਾਦ ਰਿਹਾ ਵਜਾਇਆ । ਏਕਾ ਧੁਨ ਸੱਚੀ ਧੁਨਕਾਨ, ਆਤਮਕ ਧੁਨ ਰਿਹਾ ਵਜਾਇਆ । ਜੀਵ ਜੰਤ ਪੁਣ ਛਾਣ, ਵੇਲੇ ਅੰਤਮ ਰਿਹਾ ਕਰਾਇਆ । ਜੂਠ ਝੂਠ ਪੀਣ ਖਾਣ, ਅੰਮ੍ਰਿਤ ਪਿਆਲਾ ਨਾ ਕੋਈ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖਣ ਆਇਆ । ਹਰਿ ਜੋਤੀ ਹਰਿ ਸ਼ਬਦ ਨਿਸ਼ਾਨਾ, ਏਕਾ ਏਕ ਕਰਾਇਆ । ਏਕਾ ਚਿੱਲਾ ਤੀਰ ਕਮਾਨਾ, ਏਕਾ ਰਿਹਾ ਉਠਾਇਆ । ਖੇਲੇ ਖੇਲ ਦੋ ਜਹਾਨਾਂ, ਦਿਸ ਕਿਸੇ ਨਾ ਆਇਆ । ਨਿਰਮਲ ਨੂਰ ਹਰਿ ਜੋਤ ਸ੍ਰੀ ਭਗਵਾਨਾ, ਭਗਤਨ ਮੇਲ ਮਿਲਾਇਆ । ਸਤਿ ਪੁਰਖ ਨਿਰੰਜਣ ਏਕਾ ਬੰਨੇ ਗਾਨਾ, ਸਾਚਾ ਸਗਨ ਮਨਾਇਆ । ਸ਼ਬਦ ਜਣਾਈ ਧੁਰ ਫ਼ਰਮਾਣਾ, ਵੇਦ ਕਤੇਬ ਕੁਰਾਨ ਅੰਜੀਲ ਨਾ ਕੋਈ ਲੇਖ ਲਿਖਾਇਆ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਵਿਚ ਸਮਾਇਆ । ਧੁਰਦਰਗਾਹੀ ਸਾਚਾ ਰਾਣਾ, ਸ਼ਾਹ ਸੁਲਤਾਨਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਇਆ । ਹਰਿ ਜੋਤੀ ਪਰਕਾਸ਼, ਹਰਿ ਆਪਣਾ ਆਪ ਕਰਾਇੰਦਾ । ਹਰ ਘਟ ਅੰਦਰ ਰੱਖਿਆ ਵਾਸ, ਹਰ ਘਟ ਆਪ ਸਮਾਇੰਦਾ । ਭਗਤ ਜਨਾਂ ਹਰਿ ਹੋਇਆ ਦਾਸ, ਮਨਮੁਖਾਂ ਦਿਸ ਨਾ ਆਇੰਦਾ । ਸ਼ਬਦ ਚਲਾਏ ਸਵਾਸ ਸਵਾਸ, ਰਸਨਾ ਜਿਹਵਾ ਆਪ ਹਿਲਾਇੰਦਾ । ਲੇਖੇ ਲਾਏ ਦਸ ਦਸ ਮਾਸ, ਜੋ ਜਨ ਚਰਨ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਸਚ ਦਰਗਹਿ, ਗੁਰ ਪੂਰਾ ਆਪ ਕਰਾਇੰਦਾ । ਚੇਲਾ ਗੁਰ ਏਕਾ ਧਾਮ ਸੁਹਾ, ਸਾਚਾ ਧਾਮ ਸੁਹਾਇੰਦਾ । ਚਾਰ ਵਰਨ ਜਪਾਏ ਏਕਾ ਨਾਂ, ਏਕਾ ਮਾਰਗ ਲਾਇੰਦਾ । ਸ਼ਬਦ ਸਰੂਪੀ ਸਚ ਮਲਾਹ, ਸਚ ਬੇੜਾ ਪਾਰ ਕਰਾਇੰਦਾ । ਹੋਏ ਸਹਾਈ ਥਾਉਂ ਥਾਂ, ਗੁਰਮੁਖ ਸਾਚੇ ਆਪ ਉਠਾਇੰਦਾ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਅਖਵਾਇੰਦਾ । ਨਿਰਗੁਣ ਰੂਪ ਹਰਿ ਕਰਤਾਰਾ, ਕਰਤਾ ਪੁਰਖ ਅਖਵਾਇਆ । ਜੁਗ ਜੁਗ ਮਾਤ ਲਏ ਅਵਤਾਰਾ, ਆਪਣਾ ਰੂਪ ਵਟਾਇਆ । ਸਤਿਜੁਗ ਤ੍ਰੇਤਾ ਪਾਰ ਕਿਨਾਰਾ, ਦੁਆਪਰ ਵੇਖ ਵਖਾਇਆ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚੀ ਰਚਨ ਰਚਾਇਆ । ਨਾਨਕ ਗੋਬਿੰਦ ਬਣ ਭਿਖਾਰਾ, ਵੇਦ ਵਿਆਸਾ ਸੰਗ ਰਲਾਇਆ । ਪਰਗਟ ਹੋਏ ਚਵੀਆਂ ਅਵਤਾਰਾ, ਨਿਹਕਲੰਕਾ ਨਾਉਂ ਰਖਾਇਆ । ਸ਼ਬਦ ਖੰਡਾ ਤੇਜ਼ ਕਟਾਰਾ, ਆਪ ਆਪਣੇ ਹੱਥ ਉਠਾਇਆ । ਮਨਮੁਖ ਜੀਵਾਂ ਮਾਰੇ ਮਾਰਾ, ਦਹਿ ਦਿਸ਼ਾ ਫੇਰੀਆਂ ਪਾਇਆ । ਗੁਰਮੁਖ ਸੁਹਾਏ ਇਕ ਦਵਾਰਾ, ਬੰਕ ਦਵਾਰਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਜੋਤੀ ਆਦਿ ਪੁਰਖ, ਕਰਨਹਾਰ ਕਰਤਾਰਾ । ਨਾ ਕੋਈ ਸੋਗ ਨਾ ਕੋਈ ਹਰਖ਼, ਖੇਲੇ ਖੇਲ ਵਿਚ ਸੰਸਾਰਾ । ਲੱਖ ਚੁਰਾਸੀ ਰਿਹਾ ਪਰਖ, ਜੀਵ

੧੯੬ ੦੨

ਜੰਤ ਵੇਖ ਵਿਚਾਰਾ । ਅੰਮ੍ਰਿਤ ਆਤਮ ਰਿਹਾ ਬਰਖ, ਗੁਰਮੁਖ ਸਾਜਨ ਮੀਤ ਮੁਰਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਰਗਟ ਹੋ ਵਿਚ ਸੰਸਾਰਾ । ਜੋਤ ਅਬਿਨਾਸ਼ ਹਰ ਘਟ ਵਾਸਾ, ਨਰ ਨਰਾਇਣ ਅਖਵਾਇੰਦਾ । ਪਾਰਬ੍ਰਹਮ ਸਰਬ ਗੁਣਤਾਸਾ, ਸਮਰਥ ਕਲ ਅਖਵਾਇੰਦਾ । ਆਦਿ ਅੰਤ ਨਾ ਕਦੇ ਵਿਨਾਸਾ, ਰੂਪ ਅਨੂਪ ਵਟਾਇੰਦਾ । ਜੁਗ ਜੁਗ ਵੇਖੇ ਜਗਤ ਤਮਾਸ਼ਾ, ਰਾਮਾ ਕ੍ਰਿਸ਼ਨਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੂਪ ਵਟਾਇੰਦਾ । ਕਲਜੁਗ ਰੂਪ ਹਰਿ ਹਰਿ ਵੇਖ, ਆਪਣੀ ਜੋਤ ਜਗਾਈਆ । ਜੂਠ ਝੂਠ ਪਸਾਰਾ ਨੇਤਰ ਪੇਖ, ਪੰਚ ਵਿਕਾਰਾ ਦਏ ਵਹਾਈਆ । ਸੰਗ ਮੁਹੰਮਦ ਚਾਰ ਯਾਰਾ ਲਿਖਣਹਾਰਾ ਲੇਖ, ਅੱਲਾ ਰਾਣੀ ਸੰਗ ਰਲਾਈਆ । ਮੂੰਡ ਮੁੰਡਾਏ ਨਰ ਨਰੇਸ਼, ਨਰ ਨਰਾਇਣ ਜੋਤ ਜਗਾਈਆ । ਆਪੇ ਜਾਣੇ ਧਾਰੀ ਕੇਸ, ਸੋਇਆ ਕੋਈ ਰਹਿਣ ਨਾ ਪਾਈਆ । ਸਤਿਗੁਰ ਦਾਤਾ ਦਾਨੀ ਦਸ ਦਸਮੇਸ਼, ਦਹਿ ਦਿਸ਼ਾ ਫੇਰੀਆਂ ਪਾਈਆ । ਆਪੇ ਜਾਣੇ ਗਣਪਤ ਗਣੇਸ਼, ਸ਼ਿਵ ਸ਼ੰਕਰ ਸੇਵ ਕਮਾਈਆ । ਵਿਸ਼ਨੂੰ ਵੰਸੀ ਕਰੇ ਅਦੇਸ਼, ਬ੍ਰਹਮ ਬ੍ਰਹਮ ਸਮਾਈਆ । ਆਦਿ ਪੁਰਖ ਪ੍ਰਭ ਸਦਾ ਅਦੇਸ਼, ਭੇਵ ਕੋਇ ਨਾ ਪਾਈਆ । ਆਪੇ ਸੁੱਤਾ ਬਾਸ਼ਕ ਸੇਜ਼, ਸਾਂਗੋ ਪਾਂਗ ਹੰਢਾਈਆ । ਆਪਣਾ ਸ਼ਬਦ ਸਨੇਹੜਾ ਆਪੇ ਭੇਜ, ਚਤੁਰਭੁਜ ਆਪ ਅਖਵਾਈਆ । ਲਛਮੀ ਰੱਖੇ ਦਰ ਦਰਵੇਸ਼, ਸੇਵਕ ਸੇਵ ਕਮਾਈਆ । ਆਦਿ ਸ਼ਕਤ ਆਦਿ ਭਵਾਨੀ ਜੋਤ ਜਗਦੀ ਰਹੇ ਹਮੇਸ਼, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤਮ ਹੋਇਆ ਦਰ ਦਰਵੇਸ਼, ਹਰਿਜਨ ਦਵਾਰੇ ਫੇਰਾ ਪਾਈਆ । ਆਪੇ ਵੇਖੇ ਰਿਖੀ ਕੇਸ, ਗਵਰਧਨ ਧਾਰ ਆਪ ਉਠਾਈਆ । ਆਪੇ ਜੋਧਾ ਨਰ ਨਰੇਸ਼, ਨਿਰਗੁਣ ਰੂਪ ਬੇਪਰਵਾਹੀਆ । ਆਪੇ ਫੜੇ ਖੂੰਡੀ ਮੋਡੇ ਧਰਿਆ ਖੇਸ, ਨਾਨਕ ਦਰ ਵੱਜੇ ਵਧਾਈਆ । ਗੁਰ ਗੋਬਿੰਦ ਧਾਰੀ ਕੇਸ, ਸਾਚੀ ਬਣਤ ਬਣਾਈਆ । ਕਲਜੁਗ ਅੰਤਮ ਲਏ ਵੇਖ, ਨਿਹਕਲੰਕਾ ਜਾਮਾ ਪਾਈਆ । ਕੂੜੀ ਕਿਰਿਆ ਮਿਟੇ ਰੇਖ, ਸਚ ਸੁੱਚ ਰਿਹਾ ਵਰਤਾਈਆ । ਕਿਸੇ ਨਾ ਚਲਣੀ ਕੋਈ ਪੇਸ਼, ਨਾ ਦੀਸੇ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਅਗੰਮ ਅਥਾਹ, ਭੇਵ ਕੋਈ ਨਾ ਪਾਇੰਦਾ । ਆਪੇ ਹੋਇਆ ਬੇਪਰਵਾਹ, ਬੇਐਬ ਆਪ ਅਖਵਾਇੰਦਾ । ਆਪੇ ਐਨਲਹੱਕ ਅਖਵਾ ਖ਼ੁਦਾ, ਖ਼ੁਦੀ ਖ਼ੁਦਾਈ ਮੇਟ ਮਿਟਾਇੰਦਾ । ਆਪਣੇ ਦਰ ਆਪੇ ਕਰੇ ਸਦਾ, ਆਪਣੀ ਅਲਖ ਆਪ ਜਗਾਇੰਦਾ । ਆਪੇ ਫਿਰੇ ਹੋਏ ਗਦਾ, ਭੀਖਕ ਭਿਖਿਆ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਾਇੰਦਾ । ਆਪ ਆਪਣਾ ਨਾਉਂ ਧਰਾ, ਆਪਣੀ ਕਲ ਵਰਤਾਈਆ । ਨੂਰ ਅਲਾਹੀ ਗਿਆ ਸਮਾ, ਦਿਸ ਕਿਸੇ ਨਾ ਆਈਆ । ਅੱਲਾ ਰਾਣੀ ਲਏ ਜਗਾ, ਸੰਗ ਮੁਹੰਮਦ ਨਾਲ ਰਖਾਈਆ । ਹੱਕ ਹਕੀਕਤ ਫੋਲ ਫੋਲਾ, ਸ਼ਰਅ ਸ਼ਰੀਅਤ ਦਏ ਜਣਾਈਆ । ਲਾਸ਼ਰੀਕ ਆਪ ਅਖਵਾ, ਏਕਾ ਕਲਮਾ ਦਏ ਪੜ੍ਹਾਈਆ । ਕਲਮਾ ਅਮਾਮ ਕਾਇਨਾਤ ਬਣਾ, ਏਕਾ ਨਾਅਰਾ ਲਾਈਆ । ਸਚ ਜਮਾਇਤ ਦਏ ਵਖਾ, ਏਕਾ ਵਜ਼ੂ ਕਰਾਈਆ । ਇਕ ਦਵਾਰੇ ਸਜਦਾ ਦਏ ਕਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਅਮਾਮ ਮਹਿੰਦੀ ਪ੍ਰਭ ਆਪ ਅਖਵਾ, ਦਿਸ਼ਾ ਲਹਿੰਦੀ ਫੇਰੀ ਪਾਈਆ । ਮੁਖ ਨਕਾਬ ਲਏ ਟਿਕਾ, ਕਾਲਾ ਸੂਸਾ ਤਨ ਛੁਹਾਈਆ । ਸਾਚੇ ਘੋੜੇ ਚਰਨ ਆਪ ਟਿਕਾ, ਸੋਲਾਂ ਕਲੀਆਂ ਆਸਣ ਲਾਈਆ । ਆਪਣੀਆਂ ਵਾਗਾਂ ਆਪੇ ਰਿਹਾ ਉਠਾ, ਨਾ ਕੋਈ

੧੯੭
੦੭

ਦੂਸਰ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਮੇਟੇ ਕੂੜੀ ਛਾਹੀਆ । ਕੂੜਾ ਡੰਕ ਕੂੜ ਪਸਾਰਾ, ਕੂੜੇ ਕੂੜ ਪਰਧਾਨਿਆ । ਕੂੜੇ ਕੂੜਾ, ਖੇਲੇ ਖੇਲ ਅਪਾਰਾ, ਕੂੜਾ ਦੀਸੇ ਜਗਤ ਨਿਸ਼ਾਨਿਆ । ਕੂੜਾ ਧੰਦਾ ਕੂੜੀ ਕਾਰਾ, ਕੂੜਾ ਬੱਧਾ ਹੱਥੀਂ ਗਾਨਿਆ । ਕੂੜੀ ਕਾਇਆ ਕੂੜਾ ਮੰਦਰ ਮੁਨਾਰਾ, ਕੂੜਾ ਪੀਣਾ ਖਾਣਿਆ । ਵੇਲੇ ਅੰਤਮ ਹੋਏ ਖ਼ਵਾਰਾ, ਕਲਜੁਗ ਵੇਖੇ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਧਾਮ ਆਪ ਸੁਹਾਨਿਆ । ਕਲਜੁਗ ਕੂੜਾ ਕੂੜੀ ਰਾਸ, ਕੂੜਾ ਨਾਚ ਨਚਾਇੰਦਾ । ਦਰ ਦਰ ਘਰ ਘਰ ਮਦਿਰਾ ਮਾਸ, ਤਨ ਮਾਸ ਨਾ ਕੋਈ ਸੁਕਾਇੰਦਾ । ਬਿਨ ਹਰਿ ਨਾਮੇ ਬਿਰਥਾ ਸਵਾਸ, ਲੇਖਾ ਲਿਖਤ ਵਿਚ ਨਾ ਆਇੰਦਾ । ਜੋ ਉਪਜੇ ਸੋ ਹੋਏ ਨਾਸ, ਦਿਸ ਕੋਇ ਨਾ ਆਇੰਦਾ । ਆਪੇ ਹੋਏ ਦੇਵ ਵਾਸ, ਵਾਸਦੇਵ ਆਪ ਅਖਵਾਇੰਦਾ । ਆਪੇ ਜਾਣੇ ਆਪਣਾ ਜਾਪ, ਆਪੇ ਜਾਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਜੂਠਾ ਝੂਠਾ ਡੇਰਾ ਢਾਹਿੰਦਾ । ਜੂਠਾ ਝੂਠਾ ਵੱਜਿਆ ਡੰਕ, ਧਰਤ ਮਾਤ ਰਹੀ ਕੁਰਲਾਈਆ । ਭਰਮੇ ਭੁੱਲੇ ਰਾਓ ਰੰਕ, ਮਾਇਆ ਮਮਤਾ ਮੋਹ ਵਧਾਈਆ । ਪਰਗਟ ਹੋਏ ਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਨਾਉਂ ਧਰਾਈਆ । ਗੁਰਮੁਖ ਉਧਾਰੇ ਜਿਉਂ ਜਨ ਜਨਕ, ਹਰਿਜਨ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦਏ ਵਡਿਆਈਆ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਰਖਾਇਆ । ਦੀਪਕ ਜੋਤੀ ਜਗੇ ਨਿਰੰਜਣਾ, ਅੱਠੇ ਪਹਿਰ ਡਗਮਗਾਇਆ । ਸ਼ਬਦ ਅਨਾਦੀ ਏਕਾ ਵੱਜਣਾ, ਗੁਰ ਪੂਰਾ ਰਿਹਾ ਵਜਾਇਆ । ਝੂਠਾ ਘਰ ਲੋਕਮਾਤ ਸਭ ਨੇ ਤਜਣਾ, ਥਿਰ ਘਰ ਸਾਚਾ ਇਕ ਸੁਹਾਇਆ । ਅੰਮ੍ਰਿਤ ਪੀ ਪੀ ਹਰਿਜਨ ਸਾਚੇ ਰੱਜਣਾ, ਸਰ ਸਰੋਵਰ ਇਕ ਵਖਾਇਆ । ਨਾਮ ਚੜ੍ਹਾਏ ਸਚ ਜਹਾਜਨਾ, ਸੋਹੰ ਚੱਪੂ ਰਿਹਾ ਲਾਇਆ । ਸਤਿਜੁਗ ਸਾਚਾ ਰਚਿਆ ਕਾਜਨਾ, ਲੋਕਮਾਤ ਜਨਮ ਦਵਾਇਆ । ਸਚ ਵਸਤ ਦੇਵੇ ਦਾਜਨਾ, ਪੱਲੇ ਗੰਢ ਬੰਧਾਇਆ । ਖੇਲੇ ਖੇਲ ਦੇਸ ਮਾਝਨਾ, ਨੌਂ ਸਤ ਕਰੇ ਰੁਸ਼ਨਾਇਆ । ਚਿੱਟੇ ਅਸਵ ਚੜ੍ਹਿਆ ਤਾਜਨਾ, ਸ਼ਾਹ ਸੁਲਤਾਨ ਆਪ ਹੋ ਜਾਇਆ । ਅਗੰਮ ਅਗੰਮੜੀ ਮਾਰੇ ਵਾਜਨਾ, ਨਿਹਚਲ ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਨੇਤਰ ਪੇਖ, ਨਿਝ ਘਰ ਜੋਤ ਜਗਾਈਆ । ਆਪੇ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼, ਮੁੱਲਾਂ ਕਾਜ਼ੀ ਪੀਰ ਦਸਤਗੀਰ ਕੁਤਬ ਗੌਂਸ ਰਹੇ ਕੁਰਲਾਈਆ । ਪੰਡਤ ਪਾਂਧੇ ਤਿਲਕ ਲਿਲਾਟੀ ਲਾ ਲਾ ਰਹੇ ਵੇਖ, ਤ੍ਰਿਬੈਣੀ ਨੈਣੀ ਦਿਸ ਨਾ ਆਈਆ । ਪੜ੍ਹ ਪੜ੍ਹ ਥੱਕੇ ਧਾਰੀ ਕੇਸ, ਗੁਰ ਗੋਬਿੰਦ ਨਾ ਦਰਸ਼ਨ ਪਾਈਆ । ਬ੍ਰਹਮਾ ਲਿਖ ਲਿਖ ਥੱਕਿਆ ਚਾਰੇ ਵੇਦ, ਪਾਰਬ੍ਰਹਮ ਭੇਵ ਨਾ ਰਾਈਆ । ਪੁਰਾਨ ਅਠਾਰਾਂ ਵੇਖੇ ਵਿਆਸ ਵੇਦ, ਨਾਰਦ ਮੁਨ ਸੰਗ ਰਲਾਈਆ । ਗੀਤਾ ਗਿਆਨ ਇਕ ਆਦੇਸ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਹਰਿ ਗੋਬਿੰਦਾ, ਹਰਿ ਹਰਿ ਰੰਗ ਰੰਗਾਇੰਦਾ । ਮੇਟ ਮਿਟਾਏ ਸਗਲੀ ਚਿੰਦਾ, ਸਾਂਤਕ ਸਤਿ ਵਰਤਾਇੰਦਾ । ਮਨਮੁਖ ਜੀਵ ਲਗਾਏ ਨਿੰਦਾ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਗੁਰਮੁਖ ਅੰਮ੍ਰਿਤ ਆਤਮ ਧਾਰ ਵਹਾਏ


੧੯੮
੦੨

ਸਾਗਰ ਸਿੰਧਾ, ਸਾਚੀ ਧਾਰ ਆਪ ਰਖਾਇੰਦਾ । ਆਪ ਉਪਜਾਏ ਸਾਚੀ ਬਿੰਦਾ, ਪਿਤਾ ਪੂਤ ਆਪ ਹੋ ਜਾਇੰਦਾ । ਦਾਤਾ ਦਾਨੀ ਗਹਿਰ ਗੰਭੀਰ ਹਰਿ ਗੁਣੀ ਗਹਿੰਦਾ, ਹਰਿਜਨ ਸਾਚੇ ਵੇਖ ਵਖਾਇੰਦਾ । ਆਦਿ ਜੁਗਾਦਿ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰ ਆਪ ਆਪਣਾ ਨਾਉਂ ਧਰਾਇੰਦਾ । ਨਾਮ ਵਸਤ ਅਨਮੋਲ ਧੁਰ ਦਰਗਾਹੀ ਏਕਾ ਦੇਂਦਾ, ਜਗਤ ਕੰਡੇ ਨਾ ਤੋਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਸਾਚਾ ਮੀਤ, ਸਾਚੇ ਘਰ ਸੁਹਾਇੰਦਾ । ਮਿਲਿਆ ਮੇਲ ਹਰਿ ਅਤੀਤ, ਹਉਮੇ ਰੋਗ ਜਲਾਇੰਦਾ । ਕਾਇਆ ਮੰਦਰ ਵਖਾਏ ਸਾਚਾ ਦੇਹੁਰਾ ਗੁਰੂਦਵਾਰਾ ਮੰਦਰ ਮਸੀਤ, ਦੀਪਕ ਜੋਤੀ ਇਕ ਜਗਾਇੰਦਾ । ਪੰਚਮ ਸ਼ਬਦ ਗਾਏ ਸੁਹਾਗੀ ਗੀਤ, ਸਾਚੀ ਸਈਆ ਸੰਗ ਰਲਾਇੰਦਾ । ਜੁਗ ਜੁਗ ਚਲੇ ਅਵੱਲੜੀ ਰੀਤ, ਭੇਵ ਕੋਈ ਨਾ ਪਾਇੰਦਾ । ਆਪੇ ਵਸਿਆ ਹਸਤ ਕੀਟ, ਊਚਾ ਨੀਚਾਂ ਆਪ ਸਮਾਇੰਦਾ । ਆਪੇ ਸੁੱਤਾ ਦੇ ਕਰ ਪੀਠ, ਆਪੇ ਮੁਖ ਵਖਾਇੰਦਾ । ਆਪੇ ਕਰੇ ਕਾਇਆ ਕੌੜਾ ਰੀਠ, ਅੰਮ੍ਰਿਤ ਫਲ ਆਪ ਖਵਾਇੰਦਾ । ਹਰਿ ਕਾ ਸ਼ਬਦ ਸਦਾ ਅਨਡੀਠ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਪਾਰਬ੍ਰਹਮ ਹਰਿ ਬੀਠਲੋ ਬੀਠ, ਹਰਿਜਨ ਸਾਚੇ ਵੇਖ ਵਖਾਇੰਦਾ । ਸਦਾ ਸੁਹੇਲਾ ਵਸਿਆ ਚੀਤ, ਨਿਤ ਨਵਿਤ ਖੇਲ ਖਿਲਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਚਾਤ੍ਰਿਕ ਸਦਾ ਬਿਲਲਾਇੰਦਾ । ਆਪੇ ਕਰੇ ਕਾਇਆ ਠੰਡੀ ਸੀਤ, ਅੰਮ੍ਰਿਤ ਨਿਝਰ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਕਾਇਆ ਮੰਦਰ ਸਾਚਾ ਘਰ, ਘਰ ਘਰ ਵਿਚ ਆਪ ਟਿਕਾਇੰਦਾ । ਘਰ ਵਿਚ ਘਰ ਘਰ ਵਿਚ ਜੋਤੀ, ਘਰ ਵਿਚ ਹਵਨ ਕਰਾਇਆ । ਘਰ ਵਿਚ ਦੀਵਾ ਘਰ ਵਿਚ ਬਾਤੀ, ਘਰ ਮੰਦਰ ਰਿਹਾ ਟਿਕਾਇਆ । ਘਰ ਮੰਦਰ ਘਰ ਬੂੰਦ ਸਵਾਂਤੀ, ਘਰ ਸਰੋਵਰ ਘਰ ਸੁਹਾਇਆ । ਘਰ ਅੰਧੇਰਾ ਦਿਸੇ ਰਾਤੀ, ਘਰ ਜੋਤੀ ਨੂਰ ਕਰੇ ਰੁਸ਼ਨਾਇਆ । ਘਰ ਮੇਲਾ ਜਨ ਕਮਲਾਪਾਤੀ, ਘਰ ਸਾਚੀ ਸੇਜ ਵਿਛਾਇਆ । ਘਰ ਮੇਲਾ ਘਰ ਸਾਚੇ ਸਾਥੀ, ਘਰ ਸਗਲਾ ਸੰਗ ਨਿਭਾਇਆ । ਘਰ ਸੰਗਾ ਘਰ ਮੰਗਾ ਘਰ ਰੰਗਾ ਤ੍ਰਿਲੋਕੀ ਨਾਥੀ, ਘਰ ਚੌਥਾ ਪਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਆਪ ਅਖਵਾਇਆ । ਨਿਰਗੁਣ ਸਾਚੀ ਧਾਰ, ਸਰਗੁਣ ਵਿਚ ਸਮਾਈਆ । ਸਰਗੁਣ ਲਏ ਉਭਾਰ, ਸਚ ਸਚ ਕਰੇ ਜਣਾਈਆ । ਦੋਹਾਂ ਮੇਲਾ ਵਿਚ ਸੰਸਾਰ, ਭੇਦ ਅਭੇਦਾ ਰਿਹਾ ਛੁਪਾਈਆ । ਚੇਲਾ ਗੁਰ ਇਕ ਦਵਾਰ, ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਅਖਵਾਈਆ ।

ਕਲਜੁਗ ਗੜ੍ਹ, ਹੰਕਾਰ ਸ੍ਰਿਸ਼ਟ ਸਬਾਇਆ । ਪੰਜ ਤਤ ਵਿਕਾਰਾ ਰਿਹਾ ਲੜ, ਚਾਰੋਂ ਕੁੰਟ ਅੰਧੇਰਾ ਛਾਇਆ । ਤ੍ਰੈਗੁਣ ਮਾਇਆ ਰਹੀ ਸੜ, ਮੂਰਖ ਧੰਦੇ ਲਾਇਆ । ਗੁਰਮੁਖ ਵਿਰਲਾ ਏਕਾ ਅੱਖਰ ਰਿਹਾ ਪੜ੍ਹ, ਹਰਿ ਹਿਰਦੇ ਵਿਚ ਵਸਾਇਆ । ਸਤਿਗੁਰ ਪੂਰਾ ਵੇਖੇ ਅੰਦਰ ਵੜ, ਆਸਣ ਸਿੰਘਾਸਣ ਏਕਾ ਲਾਇਆ । ਸੁਰਤ ਸਵਾਣੀ ਲਏ ਫੜ, ਸ਼ਬਦੀ ਮੇਲ ਮਿਲਾਇਆ । ਜੋਤ ਜਗਾਏ ਬਹੱਤਰ ਨਾੜ, ਦਿਵਸ ਰੈਣ ਕਰੇ

ਰੁਸ਼ਨਾਇਆ । ਆਪ ਬੰਧਾਏ ਆਪਣੇ ਲੜ, ਗੁਰ ਪੂਰਾ ਦਇਆ ਕਮਾਇਆ । ਦਰਸ ਦਿਖਾਏ ਅੱਗੇ ਖੜ, ਅੰਦਰ ਮੰਦਰ ਖੋਜ ਖੋਜਾਇਆ । ਮਨਮੁਖ ਵਹਾਏ ਵਹਿੰਦੇ ਹੜ, ਮਾਇਆ ਮਮਤਾ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਖਿਲਾਇਆ । ਮਨਮਤ ਰਹੀ ਕੁਰਲਾ, ਚਾਰ ਕੁੰਟ ਜੈਕਾਰਿਆ । ਧਰਤ ਮਾਤ ਮਾਰੇ ਧਾਹ, ਨੇਤਰ ਰੋਵੇ ਜ਼ਾਰੋ ਜ਼ਾਰਿਆ । ਸਾਧ ਸੰਤ ਰਹੇ ਸੁਣਾ, ਦੋਏ ਜੋੜ ਕਰਨ ਨਿਮਸਕਾਰਿਆ । ਬਿਨ ਹਰਿ ਤੇਰੇ ਕੋਈ ਨਾ ਦੀਸੇ ਹੋਰ ਸਹਾ, ਚਾਰੋਂ ਕੁੰਟ ਅੰਧੇਰਾ ਛਾ ਰਿਹਾ । ਜੂਠੇ ਝੂਠੇ ਘਰ ਘਰ ਉਡਦੇ ਕਾਂ, ਕਾਗੀ ਕਾਗ ਰਲਾ ਰਿਹਾ । ਏਕਾ ਭੁਲਿਆ ਤੇਰਾ ਨਾਂ, ਦੀਪਕ ਜੋਤ ਨਾ ਕੋਈ ਜਗਾ ਰਿਹਾ । ਥਾਂ ਥਾਂ ਧੂਣੀਆਂ ਬੈਠੇ ਲਾ, ਸਾਚਾ ਹਵਨ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਮੂਲ ਚੁਕਾ ਰਿਹਾ । ਮਨ ਪੰਖੀ ਦਹਿ ਦਿਸ਼ਾ ਉਡਾਰੀ, ਆਪਣੀ ਆਪ ਲਗਾਇੰਦਾ । ਕਲਜੁਗ ਜੀਵਾਂ ਕਰੇ ਖਵਾਰੀ, ਗੁਰਮਤ ਭਰਮ ਭੁਲਾਇੰਦਾ । ਭਰਮੇ ਭੁੱਲੇ ਨਰ ਨਾਰੀ, ਨਰ ਨਰਾਇਣ ਦਿਸ ਨਾ ਆਇੰਦਾ । ਮਾਨਸ ਬਾਜ਼ੀ ਜੂਏ ਹਾਰੀ, ਜਨਮ ਅਜਨਮਾ ਲੇਖੇ ਨਾ ਲਾਇੰਦਾ । ਗੁਰਮੁਖ ਵਿਰਲਾ ਵੇਖੇ ਨੇਤਰ ਨੈਣ ਉਘਾੜੀ, ਏਕਾ ਲੋਚਣ ਆਪ ਖੁਲ੍ਹਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਮੇਲ ਮਿਲਾਇੰਦਾ । ਧਰਮ ਦਿਖਾਏ ਸਚ ਅਖਾੜੀ, ਸਚ ਜੈਕਾਰਾ ਏਕਾ ਲਾਇੰਦਾ । ਰੁੱਤ ਸੁਹਾਏ ਸਤਾਰਾਂ ਹਾੜੀ, ਸਤਿਜੁਗ ਸਾਚਾ ਆਪ ਵਖਾਇੰਦਾ । ਮਨਮੁਖ ਜੀਵਾਂ ਮਗਰ ਲਗਾਏ ਮੌਤ ਲਾੜੀ, ਚਾਰੋਂ ਕੁੰਟ ਫੇਰਾ ਫਿਰਾਇੰਦਾ । ਆਪ ਉਠਾਏ ਅਗੰਮੜੀ ਧਾੜੀ, ਲਿਖਿਆ ਲੇਖ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਡੰਕਾ ਨਾਮ ਵਜਾਇੰਦਾ । ਨਾਮ ਡੰਕਾ ਰਿਹਾ ਵੱਜ, ਵਜਾਵਣਹਾਰ ਨਿਰੰਕਾਰਾ । ਸ੍ਰਿਸ਼ਟ ਸਬਾਈ ਘਰ ਬਾਰ ਜਾਣਾ ਤਜ, ਨਾ ਕੋਈ ਦੀਸੇ ਮਹੱਲ ਮੁਨਾਰਾ । ਜੋ ਘੜਿਆ ਸੋ ਜਾਏ ਭੱਜ, ਕਲਜੁਗ ਤੇਰੀ ਅੰਤਮ ਵਾਰਾ । ਗੁਰਮੁਖ ਵਿਰਲਾ ਅੰਮ੍ਰਿਤ ਆਤਮ ਪੀਏ ਰੱਜ, ਜਿਸ ਮਿਲਿਆ ਪਾਰਬ੍ਰਹਮ ਪੁਰਖ ਅਪਾਰਾ । ਰੱਖਣਹਾਰਾ ਜੁਗ ਜੁਗ ਲੱਜ, ਸਤਿਗੁਰ ਪੂਰਾ ਗੁਰ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਅਵਤਾਰ, ਜੋਤੀ ਜੋਤ ਜਗਾਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਜੋਧਾ ਸੂਰਬਲੀ ਬਲਕਾਰ, ਸੂਰਬੀਰ ਆਪ ਅਖਵਾਈਆ । ਖੇਲੇ ਖੇਲ ਅਪਰ ਅਪਾਰ, ਨੀਲੀ ਧਾਰੀ ਪਾਰ ਕਰਾਈਆ । ਪੀਲਾ ਬਸਤਰ ਤਨ ਸ਼ੰਗਾਰ, ਏਕਾ ਸ਼ਸਤਰ ਰਿਹਾ ਉਠਾਈਆ । ਸਾਚਾ ਮਾਹੀ ਹੋ ਅਸਵਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਨੂਰ ਅਲਾਹੀ ਕਰੇ ਖ਼ਬਰਦਾਰ, ਕਾਲਾ ਘੁੰਗਟ ਮੁਖ ਤੋਂ ਲਾਹੀਆ । ਆਵੇ ਜਾਵੇ ਵਾਰੋ ਵਾਰ, ਆਦਿ ਪੁਰਖ ਵੱਡੀ ਵਡਿਆਈਆ । ਖੇਵਟ ਖੇਟ ਹਰਿ ਨਿਰੰਕਾਰ, ਸਾਚਾ ਬੇੜਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਚੜ੍ਹਾਈਆ । ਹਰਿਜਨ ਸਾਚਾ ਆਪ ਚੜ੍ਹੌਣਾ, ਹਰਿ ਸਾਚੇ ਮਾਰਗ ਲਾਇਆ । ਏਕਾ ਦਰ ਹਰਿ ਸੁਹੌਣਾ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਏਕਾ ਅੱਖਰ ਨਾਮ ਜਪੌਣਾ, ਜਗਤ ਵੱਖਰ ਇਕ ਸੁਹਾਇਆ । ਰੋੜੀ ਸੱਖਰ ਚਰਨ ਛੁਹੌਣਾ, ਸੰਗ ਮੁਹੰਮਦ ਵੇਖ ਵਖਾਇਆ । ਏਕਾ ਨਾਅਰਾ ਆਪਣਾ ਲੌਣਾ, ਮੌਲਾ ਰੂਪ ਸਮਾਇਆ । ਵੇਖ ਵਖਾਣੇ ਅਵਣਾ ਗਵਣਾ, ਅਵਣ ਗਵਣ ਪਾਰ ਕਰਾਇਆ । ਜੋਤ ਜਗਾਏ ਤ੍ਰੈਭਵਨਾ, ਚੌਦਾਂ ਹੱਟਾਂ ਵੇਖ ਵਖਾਇਆ । ਚੌਦਾਂ ਲੋਕ ਵਜਾਏ

ਏਕਾ ਪਵਣਾ, ਚੌਦਾਂ ਤਬਕਾਂ ਰਿਹਾ ਹਿਲਾਇਆ । ਹਰਿ ਕਾ ਭੇਵ ਜਾਣੇ ਕਵਣ, ਵੇਦ ਕਤੇਬ ਨਾ ਕੋਈ ਜਣਾਇਆ । ਭੇਖਾ ਧਾਰੀ ਭੇਖ ਧਾਰੇ ਜਿਉਂ ਬਲ ਬਵਨ, ਰੂਪ ਅਨੂਪ ਦਰਸਾਇਆ । ਕਲਜੁਗ ਦੁਸ਼ਟ ਸੰਘਾਰੇ ਜਿਉਂ ਰਾਮਾ ਰਵਣ, ਤੀਰ ਨਿਸ਼ਾਨਾ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਤੀਰ ਨਿਸ਼ਾਨਾ ਮਾਰੇ ਤੀਰ ਦੋ ਜਹਾਨਾ ਵਾਲੀ । ਲੱਖ ਚੁਰਾਸੀ ਰਿਹਾ ਚੀਰ, ਕੋਈ ਤਨ ਨਾ ਦਿਸੇ ਖਾਲੀ । ਹਉਮੇ ਹੰਗਤਾ ਕੱਢੇ ਪੀੜ, ਪਤ ਰਹਿਣ ਨਾ ਦੇਵੇ ਕਿਸੇ ਡਾਲ੍ਹੀ । ਕਲਜੁਗ ਕਾਇਆ ਵੇਖ ਅਖ਼ੀਰ, ਹੋਇਆ ਹਾਲ ਬੇਹਾਲੀ । ਨਾਲ ਰਲਾਏ ਪੀਰ ਫਕੀਰ, ਨਾ ਕੋਈ ਕਰੇ ਸਚ ਦਲਾਲੀ । ਵੇਲੇ ਅੰਤਮ ਲੱਥੇ ਚੀਰ, ਖਾਲੀ ਹੱਥ ਇਕ ਵਖਾਲੀ । ਅਠਸਠ ਤੇਰਾ ਮੁੱਕੇ ਨੀਰ, ਅੰਮ੍ਰਿਤ ਧਾਰ ਨਾ ਮੁਖ ਚਵਾ ਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਸੂਰਬੀਰ, ਆਪਣੀ ਸਿਖਿਆ ਆਪ ਸਿਖਾਲੀ । ਸੂਰਬੀਰ ਹਰਿ ਸੁਲਤਾਨਾ, ਜੋਧਨ ਜੋਧ ਅਖਵਾਇਆ । ਏਕਾ ਚਿੱਲਾ ਤੀਰ ਕਮਾਨਾ, ਬੋਧ ਅਗਾਧ ਸ਼ਬਦ ਲਿਖਾਇਆ । ਖੇਲੇ ਖੇਲ ਦੋ ਜਹਾਨਾ, ਆਦਿ ਜੁਗਾਦਿ ਸਮਾਇਆ । ਏਕਾ ਰਾਗ ਇਕ ਤਰਾਨਾ, ਹਰ ਘਟ ਬ੍ਰਹਿਮਾਦਿ ਅਲਾਇਆ । ਆਪੇ ਦੇਵੇ ਧੁਰ ਫ਼ਰਮਾਨਾ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਜਨ ਭਗਤਾਂ ਬੰਨ੍ਹੇ ਸਾਚਾ ਗਾਨਾ, ਨਾਮ ਤੰਦਨ ਹੱਥ ਉਠਾਇਆ । ਚਰਨ ਧੂੜ ਬਖ਼ਸ਼ੇ ਸਚ ਅਸ਼ਨਾਨਾ, ਬੰਧਨ ਬੰਧ ਕਟਾਇਆ । ਇਕ ਵਖਾਏ ਪਦ ਨਿਰਬਾਨਾ, ਪਰਮਾਨੰਦ ਸਮਾਇਆ । ਗੁਰਮੁਖ ਮੇਲਾ ਵਿਚ ਜਹਾਨਾ, ਹਰਿਜਨ ਸਾਚਾ ਆਪ ਮਿਲਾਇਆ । ਕਰੇ ਪਰਕਾਸ਼ ਕੋਟਨ ਭਾਨਾ, ਅੰਧ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੀਵਣ ਦਾਤਾ ਆਪ ਅਖਵਾਇਆ ।


੨੦੧

੦੨

## * ੮ ਫੱਗਣ ੨੦੧੪ ਬਿਕ੍ਰਮੀ ਊਧਮ ਸਿੰਘ ਦੇ ਘਰ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ *

ਜਗਤ ਪਸਾਰਾ ਕੂੜ, ਕੂੜ ਕੁੜਮਾਈਆ । ਗੁਰਮੁਖ ਮਾਂਗੇ ਚਰਨ ਧੂੜ, ਹਰਿ ਦਰਸ ਸੱਚੀ ਸਰਨਾਈਆ । ਕਾਇਆ ਚੋਲੀ ਚਾੜ੍ਹੇ ਰੰਗਣ ਗੂੜ੍ਹ, ਰੰਗਣਹਾਰ ਬੇਪਰਵਾਹੀਆ । ਮਨਮੁਖ ਭੁੱਲੇ ਮੂਰਖ ਮੂੜ੍ਹ, ਭੇਵ ਅਭੇਦਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਕੂੜ ਨਾਤਾ ਕੂੜ ਪਸਾਰਾ, ਕੂੜਾ ਰੈਣ ਅੰਧੇਰਾ । ਹਰਿ ਹਰਿ ਸ਼ਬਦ ਇਕ ਘਨੇਰਾ, ਚੁਕਾਏ ਮੇਰਾ ਤੇਰਾ । ਭਰਮਾ ਢਾਹੇ ਹਰਿਜਨ ਡੇਰਾ, ਇਕ ਵਖਾਏ ਸੰਝ ਸਵੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖਣਹਾਰ ਦਲੇਰਾ । ਕਾਇਆ ਦੇਹੁਰਾ ਸਚ ਦਵਾਰਾ, ਹਰਿ ਸਾਚੀ ਜੋਤ ਜਗਾਈਆ । ਸ਼ਬਦ ਅਨਾਦੀ ਧੁਨ ਅਪਾਰਾ, ਅਨਹਦ ਰਿਹਾ ਵਜਾਈਆ । ਗਾਵੇ ਗੀਤ ਹਰਿ ਦਵਾਰਾ, ਗਾਵਣਹਾਰਾ ਸਹਿਜ ਸੁਖਦਾਈਆ । ਖੇਲੇ ਖੇਲ ਅਪਰ ਅਪਾਰਾ, ਘਰ ਮੰਦਰ ਇਕ ਸੁਹਾਈਆ । ਦਸਮ ਦਵਾਰੀ ਉਚ ਮੁਨਾਰਾ, ਬੈਠਾ ਆਸਣ ਲਾਈਆ । ਨਾ ਕੋਈ ਦੀਸੇ ਚਾਰ ਦਿਵਾਰਾ, ਛੱਪਰ ਛੰਨ ਨਾ ਕੋਈ ਛੁਹਾਈਆ । ਇਕ ਅਕੱਲਾ ਏਕੰਕਾਰਾ, ਏਕਾ ਰੰਗ ਸਮਾਈਆ । ਭਗਤਨ ਮੇਲਾ ਸਚ ਦਵਾਰਾ, ਹਰਿ ਪੂਰਨ ਬੂਝ ਬੁਝਾਈਆ । ਏਕਾ ਹਰਿ ਏਕਾ ਘਰ ਏਕਾ ਦਰ ਦਰਬਾਰਾ, ਏਕਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਸਾਚਾ ਮੰਦਰ ਘਰ ਟਿਕਾਨਾ, ਹਰਿ ਸਾਚੇ ਆਪ ਉਸਾਰਿਆ ।

ਸ਼ਬਦ ਸਰੂਪੀ ਦਏ ਬਿਬਾਨਾ, ਗੁਰਮੁਖ ਵਿਰਲਾ ਉਪਰ ਚਾੜ੍ਹਿਆ । ਭਰਮੇ ਭੁੱਲਾ ਰਾਜਾ ਰਾਣਾ, ਮਗਰ ਲੱਗੀ ਪੰਚਮ ਧਾੜਿਆ । ਨਾ ਕੋਈ ਜਾਣੇ ਸੁਘੜ ਸਿਆਣਾ, ਅਗਨੀ ਤਤ ਬਹੱਤਰ ਨਾੜਿਆ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਬਜਰ ਕਪਾਟੀ ਪੜਦਾ ਪਾੜਿਆ । ਸ਼ਬਦ ਜਣਾਈ ਦੇਵੇ ਧੁਰ ਫ਼ਰਮਾਣਾ, ਏਕਾ ਰਾਗ ਸੁਣਾ ਰਿਹਾ । ਆਤਮ ਅੰਤਰ ਬੰਨੇ ਗਾਨਾ, ਹਰਿ ਸਾਚਾ ਸਗਨ ਮਨਾ ਰਿਹਾ । ਪਰਗਟ ਹੋਏ ਗੁਣ ਨਿਧਾਨਾ, ਗੁਣਵੰਤਾ ਦਇਆ ਕਮਾ ਰਿਹਾ । ਇਕ ਝੁਲਾਏ ਸਚ ਨਿਸ਼ਾਨਾ, ਸਾਚੇ ਧਾਮ ਸੁਹਾ ਰਿਹਾ । ਏਕਾ ਰਾਗ ਇਕ ਤਰਾਨਾ, ਏਕਾ ਤਾਲ ਵਜਾ ਰਿਹਾ । ਏਕਾ ਹਰਿ ਵਖਾਏ ਹਰਿ ਨਿਰਮਾਣਾ, ਹਰਿ ਹਰਿ ਰੂਪ ਵਟਾ ਰਿਹਾ । ਜਨ ਭਗਤਾਂ ਦੇਵੇ ਦੋ ਜਹਾਨੀ ਮਾਣਾ, ਦਰਗਹਿ ਸਾਚੀ ਵੇਖ ਵਖਾ ਰਿਹਾ । ਜੀਆਂ ਜੰਤਾਂ ਦਾਨਾ ਬੀਨਾ, ਬੀਨਾ ਦਾਨਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖੇ ਲਾ ਰਿਹਾ । ਉਚ ਮਹੱਲਾ ਹਰਿ ਅਟਾਰੀ, ਸਾਚੇ ਸ਼ਬਦ ਸੁਹਾਇਆ । ਜੋਤ ਜਗਾਏ ਅਗੰਮ ਅਪਾਰੀ, ਨਿਰਗੁਣ ਰੂਪ ਅਖਵਾਇਆ । ਅਕਲ ਕਲਾ ਕਲ ਆਪੇ ਧਾਰੀ, ਕਲਜੁਗ ਅੰਤਮ ਆਇਆ । ਜਨ ਭਗਤਾਂ ਪੈਜ ਰਿਹਾ ਸਵਾਰੀ, ਫੜ ਬਾਹੋਂ ਗਲੇ ਲਗਾਇਆ । ਏਕਾ ਬਖ਼ਸ਼ੇ ਨਾਮ ਖੁਮਾਰੀ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਚਰਨ ਪਨਹਾਰ ਬਖ਼ਸ਼ੀ ਸੱਚੀ ਸਿਕਦਾਰੀ, ਸਾਚਾ ਮਾਰਗ ਇਕ ਰਖਾਇਆ । ਕਲਜੁਗ ਮੇਟੇ ਕੂੜੀ ਧਾਰੀ, ਕੂੜ ਕੁੜਿਆਰਾ ਰਹਿਣ ਨਾ ਪਾਇਆ । ਸਤਿਜੁਗ ਬੰਨੇ ਸਾਚੀ ਧਾਰ ਜਨ ਭਗਤਾਂ ਪੈਜ ਰਿਹਾ ਸਵਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਨਿਰੰਕਾਰੀ । ਸਾਚਾ ਘਰ ਉਚ ਅਟੱਲਾ, ਹਰਿ ਹਰਿ ਆਸਣ ਲਾਇੰਦਾ । ਆਪੇ ਵਸਿਆ ਇਕ ਅਕੱਲਾ, ਨਾ ਕੋਈ ਸੰਗ ਰਖਾਇੰਦਾ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜਾ ਡੂੰਘੀ ਡੱਲਾ, ਹਰ ਘਟ ਵੇਖ ਵਖਾਇੰਦਾ । ਮਨਮੁਖ ਲਗਾਏ ਦੂਈ ਦਵੈਤੀ ਸੱਲਾ, ਬਿਰਹੋਂ ਰੋਗ ਜਲਾਇੰਦਾ । ਹਰਿਜਨ ਫੜਾਏ ਆਪਣਾ ਪੱਲਾ, ਆਪਣੇ ਲੜ ਬੰਧਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਆਤਮ ਸੇਜਾ ਵੇਖ ਵਖਾਇੰਦਾ । ਜੋਤੀ ਸ਼ਬਦੀ ਹਰਿ ਹਰਿ ਰੱਲਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਵੇਖ ਵਖਾਇੰਦਾ । ਸਚ ਮਹੱਲਾ ਸਚ ਮੁਨਾਰਾ, ਸਾਚੇ ਸਚ ਵਸਾਇਆ । ਖੇਲੇ ਖੇਲ ਅਗੰਮ ਅਪਾਰਾ, ਅਗਾਧ ਬੋਧ ਅਖਵਾਇਆ । ਨਿਰਮਲ ਜੋਤੀ ਕਰ ਉਜਿਆਰਾ, ਆਕਾਸ਼ ਪਰਕਾਸ਼ ਸਮਾਇਆ । ਬੇਅੰਤ ਬੇਐਬ ਹੋਏ ਪਰਵਰਦਿਗਾਰਾ, ਭੇਵ ਕੋਇ ਨਾ ਰਾਇਆ । ਖੇਲੇ ਖੇਲ ਖੇਲਣਹਾਰਾ, ਜੁਗ ਜੁਗ ਖੇਲ ਖਿਲਾਇਆ । ਕਲਜੁਗ ਵੇਖੇ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਮਨਮਤ ਹੋਏ ਖ਼ਵਾਰਾ, ਜੀਵ ਜੰਤ ਰਹੇ ਕੁਰਲਾਇਆ । ਵਰਨ ਬਰਨੀ ਲੱਗਾ ਨਾਅਰਾ, ਦੂਈ ਦਵੈਤੀ ਹੱਲਾ ਰਿਹਾ ਕਰਾਇਆ । ਸੰਤ ਸਾਜਨ ਧਰਤ ਮਾਤ ਕਰੇ ਪੁਕਾਰਾ, ਨਾ ਪੱਲਾ ਕੋਈ ਫੜਾਇਆ । ਪੁਰਖ ਅਬਿਨਾਸ਼ੀ ਲੈ ਅਵਤਾਰਾ, ਨੇਤਰ ਰੋ ਰੋ ਨੀਰ ਵਹਾਇਆ । ਇਕ ਅਕੱਲਾ ਏਕੰਕਾਰਾ, ਅਕਲ ਕਲਾ ਅਖਵਾਇਆ । ਜੋਤੀ ਜੋਤ ਕਰ ਉਜਿਆਰਾ, ਜੋਤੀ ਜੋਤ ਜਗਾਇਆ । ਸ਼ਬਦ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਵੇਖ ਵਖਾਇਆ । ਉਤਭੁਜ ਸੇਤਜ ਪਾਵੇ ਸਾਰਾ, ਜੇਰਜ ਅੰਡ ਫੋਲ ਫੋਲਾਇਆ । ਵੇਖ ਵਖਾਏ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਪੜਦਾ ਲਾਹਿਆ । ਵੇਦ ਪੁਰਾਨਾ ਕਰੇ ਵਿਚਾਰਾ, ਪੰਡਤ ਪਾਂਧੇ ਲਏ ਬੁਲਾਇਆ । ਗ੍ਰੰਥੀ ਪੰਥੀ ਦਏ ਹੁਲਾਰਾ, ਆਪ ਰਖਾਇਆ । ਆਪੇ ਵਸਿਆ ਸਭ ਤੋਂ ਬਾਹਰਾ, ਆਪੇ ਹਰ ਘਟ ਆਸਣ ਲਾਇਆ । ਖੇਲੇ ਖੇਲ ਅਗੰਮ



Rev-01

ਅਪਾਰਾ, ਅਗੰਮੜੀ ਧਾਰ ਚਲਾਇਆ । ਰੂਪ ਅਨੂਪਾ ਸ਼ਾਹੋ ਭੂਪਾ ਸੱਚੀ ਸਰਕਾਰਾ, ਸਿਰਜਣਹਾਰ ਆਪ ਅਖਵਾਇਆ । ਚਾਰੋਂ ਕੁੰਟ ਦਹਿ ਦਿਸ਼ਾ ਵੇਖ ਵਖਾਏ ਆਪਣਾ ਆਪ ਪਸਾਰਾ, ਵੇਖਣਹਾਰ ਦਿਸ ਨਾ ਆਇਆ । ਕਲਜੁਗ ਅੰਤਮ ਭੇਖੀ ਭੇਖ ਕਰੇ ਨਿਆਰਾ, ਲੇਖਾ ਲੇਖ ਨਾ ਕੋਈ ਲਿਖਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਇਆ । ਸਾਚਾ ਘਰ ਸਚ ਸਿੰਘਾਸਣ ਹਰਿ ਸਾਚਾ ਆਸਣ ਲਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਆਪ ਅਖਵਾਇੰਦਾ । ਵੇਖ ਵਖਾਏ ਪ੍ਰਿਥਮੀ ਅਕਾਸ਼ਨ, ਗਗਨ ਪਤਾਲਾਂ ਫੇਰਾ ਪਾਇੰਦਾ । ਭਗਤ ਜਨਾਂ ਹਰਿ ਦਾਸੀ ਦਾਸਨ, ਸੇਵਕ ਸੇਵਾ ਕਮਾਇੰਦਾ । ਨਾਮ ਜਪਾਏ ਰਸਨ ਸਵਾਸ ਸਵਾਸਨ, ਹਰਿ ਜਿਹਵਾ ਵੇਖ ਵਖਾਇੰਦਾ । ਸਾਚੇ ਮੰਡਲ ਪਾਵੇ ਰਾਸਨ, ਬੰਕ ਦਵਾਰਾ ਆਪ ਸੁਹਾਇੰਦਾ । ਹਰਿਜਨ ਤਜਾਏ ਮਦਿਰਾ ਮਾਸਨ, ਮੋਹ ਮਾਇਆ ਜਗਤ ਚੁਕਾਇੰਦਾ । ਨਿਝ ਆਤਮ ਰੱਖੇ ਆਪਣਾ ਵਾਸਨ, ਪਰਮਾਨੰਦ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਜਨ ਵੇਖ ਵਖਾਇੰਦਾ । ਉਚ ਮਹੱਲ ਅਥਾਹ, ਏਕਾ ਏਕ ਸੁਹਾਇਆ । ਪਾਰਬ੍ਰਹਮ ਬੈਠਾ ਬੇਪਰਵਾਹ, ਆਪ ਆਪਣਾ ਵੇਖ ਵਖਾਇਆ । ਨਾ ਕੋਈ ਦੀਸੇ ਦੂਸਰ ਨਾਂ, ਨਾ ਕੋਈ ਲੇਖ ਲਿਖਾਇਆ । ਨਾ ਕੋਈ ਪਿਤਾ ਨਾ ਕੋਈ ਮਾਂ, ਪੂਤ ਸਪੂਤ ਨਾ ਕੋਈ ਉਠਾਇਆ । ਨਾ ਕੋਈ ਸਖਾ ਸੁਹੇਲਾ ਪਕੜੇ ਬਾਂਹ, ਸਗਲਾ ਸੰਗ ਨਾ ਕੋਈ ਨਿਭਾਇਆ । ਇਕ ਅਕੇਲਾ ਵਸਿਆ ਆਪਣੇ ਥਾਂ, ਥਿਰ ਘਰ ਸਾਚਾ ਰਿਹਾ ਸੁਹਾਇਆ । ਜਨ ਭਗਤਾਂ ਜੁਗ ਜੁਗ ਦੇਵੇ ਠੰਡੀ ਛਾਂ, ਸਾਂਤਕ ਸਤਿ ਵਰਤਾਇਆ । ਇਕ ਜਪਾਏ ਆਪਣਾ ਨਾਂ, ਨਾਮ ਨਾਮਾ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਮੇਲ ਮਿਲਾਇਆ । ਸਚ ਘਰ ਹਰਿ ਆਪ ਸੁਹਾਇਆ, ਦਇਆ ਨਿਧ ਗੁਣਵਾਨਾ । ਗੁਰਮੁਖ ਸਾਜਨ ਮੇਲ ਮਿਲਾਇਆ, ਲਹਿਣਾ ਦੇਣਾ ਮੂਲ ਚੁਕਾਨਾ । ਆਤਮ ਦਰਸੀ ਦਰਸ ਦਿਖਾਇਆ, ਦੇਵੇ ਦਰਸ ਮਹਾਨਾ । ਜਗਤ ਤ੍ਰਿਸਨਾ ਰਿਹਾ ਮਿਟਾਇਆ, ਮਿਲੇ ਮੇਲ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦੇਵਣਹਾਰ ਜੀਆ ਦਾਨਾ ।



### * ੮ ਫੱਗਣ ੨੦੧੪ ਬਿਕ੍ਰਮੀ ਸੋਹਣ ਸਿੰਘ ਦੇ ਘਰ ਪਿੰਡ ਰਾਮ ਪੁਰ ਜ਼ਿਲਾ ਅੰਮ੍ਰਿਤਸਰ *

ਪਾਰਬ੍ਰਹਮ ਪੁਰਖ ਸੁਲਤਾਨਾ, ਹਰਿ ਸਾਜਨ ਮੀਤ ਮੁਰਾਰਾ । ਪਰਗਟ ਹੋਏ ਵਾਲੀ ਦੋ ਜਹਾਨਾ, ਜੋਤੀ ਨੂਰ ਕਰੇ ਉਜਿਆਰਾ । ਸ਼ਬਦ ਜਣਾਈ ਇਕ ਤਰਾਨਾ, ਲੋਆਂ ਪੁਰੀਆਂ ਕਰ ਪਸਾਰਾ । ਰਾਗ ਅਨਾਦੀ ਏਕਾ ਗਾਣਾ, ਆਪੇ ਗਾਏ ਗਾਵਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰਾ । ਆਪ ਆਪਣੀ ਜਾਣੇ ਧਾਰ, ਹਰਿ ਆਪਣੀ ਜੋਤ ਜਗਾਈਆ । ਖੇਲੇ ਖੇਲ ਵਿਚ ਸੰਸਾਰ, ਜੁਗ ਜੁਗ ਵੱਡੀ ਵਡਿਆਈਆ । ਹਰਿਜਨ ਸਾਚੇ ਲਏ ਉਭਾਰ, ਆਤਮ ਦਰਸੀ ਦਰਸ ਦਿਖਾਈਆ । ਇਕ ਸੁਹਾਏ ਬੰਕ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਅੰਦਰ ਮੰਦਰ ਖੇਲ ਅਪਾਰ, ਗ਼ਰੀਬ ਨਿਵਾਜ਼ਾ ਦਇਆ ਕਮਾਈਆ । ਅਨਹਦ ਵਾਜਾ ਵਾਜਾਂ ਰਿਹਾ ਮਾਰ, ਪੰਚਮ ਸਖੀਆਂ ਸੰਗ

੨੦੪
੦੭

ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਸਹਿਜ ਸੁਖਦਾਈਆ । ਨਿਰਗੁਣ ਰੂਪ ਹਰਿ ਭਗਵੰਤਾ, ਆਦਿ ਪੁਰਖ ਅਖਵਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਭੇਖ ਵਟਾਇਆ । ਪਕੜ ਉਠਾਏ ਸਾਚੇ ਸੰਤਾ, ਸਤਿਗੁਰ ਪੁਰਖ ਮਨਾਇਆ । ਮੇਲ ਮਿਲਾਏ ਨਾਰੀ ਕੰਤਾ, ਆਤਮ ਸੇਜਾ ਇਕ ਸੁਹਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇਆ । ਪਾਰਬ੍ਰਹਮ ਸਰਬ ਸੁਖ ਦਾਤਾ, ਹਰ ਘਟ ਆਪ ਸਮਾਇੰਦਾ । ਜਨ ਭਗਤਾਂ ਮੇਟ ਮਿਟਾਏ ਅੰਧੇਰੀ ਰਾਤਾ, ਦੀਪਕ ਦੀਪ ਇਕ ਜਗਾਇੰਦਾ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤਾ, ਨਿਝਰ ਧਾਰ ਵਹਾਇੰਦਾ । ਦਰਸ ਦਿਖਾਏ ਇਕ ਅਕਾਂਤਾ, ਮਹੱਲ ਅਟੱਲ ਅਚੱਲ ਡੇਰਾ ਲਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਵਿਛੜ ਕਦੇ ਨਾ ਜਾਇੰਦਾ । ਲਹਿਣਾ ਦੇਣਾ ਚੁਕਾਏ ਜਾਤਾ ਪਾਤਾ, ਊਚਾਂ ਨੀਚਾਂ ਆਪ ਮਿਲਾਇੰਦਾ । ਪਰਗਟ ਹੋ ਕਮਲਾਪਾਤਾ, ਪੁਰਖ ਬਿਧਾਤਾ ਆਪ ਅਖਵਾਇੰਦਾ । ਵੇਖ ਵਖਾਏ ਦੀਪਾਂ ਸਾਤਾਂ, ਨਵ ਖੰਡ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇੰਦਾ । ਹਰਿ ਹਰਿ ਨਾਉਂ ਆਦਿ ਨਿਰੰਜਣ, ਆਦਿ ਪੁਰਖ ਅਖਵਾਇਆ । ਜਨ ਭਗਤਾਂ ਨੇਤਰ ਪਾਏ ਅੰਜਨ, ਏਕਾ ਮੰਤਰ ਨਾਮ ਦ੍ਰਿੜਾਇਆ । ਦੋ ਜਹਾਨਾ ਸਾਚਾ ਸੱਜਣ, ਏਕਾ ਏਕ ਅਖਵਾਇਆ । ਕਲਜੁਗ ਅੰਤਮ ਆਇਆ ਪੜਦੇ ਕੱਜਣ, ਜੋਤੀ ਜਾਮਾ ਭੇਖ ਵਟਾਇਆ । ਕਾਲ ਨਗਾਰੇ ਲੱਖ ਚੁਰਾਸੀ ਸਿਰ ਤੇ ਵੱਜਣ, ਨਾ ਦੀਸੇ ਕੋਈ ਸਹਾਇਆ । ਜੀਵ ਜੰਤ ਲੋਕਮਾਤ ਘਰ ਬਾਰ ਸਰਬ ਤਜਨ, ਥਿਰ ਕੋਈ ਰਹਿਣ ਨਾ ਪਾਇਆ । ਜੋ ਘੜਿਆ ਸੋ ਅੰਤਮ ਭੱਜਣ, ਘੜਣ ਭੰਨਣਹਾਰ ਆਪ ਅਖਵਾਇਆ । ਕਲਜੁਗ ਕੂੜ ਕੁੜਿਆਰਾ ਚਲਿਆ ਜਹਾਜਨ, ਮਨਮੁਖ ਜੀਵਾਂ ਰਿਹਾ ਚੜ੍ਹਾਇਆ । ਪਰਗਟ ਹੋਇਆ ਹਰਿ ਸ਼ਾਹੋ ਸ਼ਬਾਸ਼ਨ, ਰਾਜ ਰਾਜਾਨ ਸ਼ਾਹ ਸੁਲਤਾਨ ਆਪ ਅਖਵਾਇਆ । ਜੋਤ ਜਗਾਏ ਦੇਸ ਮਾਝਨ, ਸੰਬਲ ਨਗਰੀ ਧਾਮ ਸੁਹਾਇਆ । ਲੋਆਂ ਪੁਰੀਆਂ ਰਚਿਆ ਕਾਜਨ, ਬ੍ਰਹਿਮੰਡ ਖੰਡ ਡੇਰਾ ਲਾਇਆ । ਪੁਰਖ ਅਗੰਮੜਾ ਅਗੰਮੜੀ ਮਾਰੇ ਵਾਜਨ, ਅਨਹਦ ਸਾਚੀ ਸੇਵਾ ਲਾਇਆ । ਚਿੱਟੇ ਅਸਵ ਚੜ੍ਹਿਆ ਸਾਚੇ ਤਾਜਨ, ਦਿਸ ਕਿਸੇ ਨਾ ਆਇਆ । ਦਾਨਾ ਬੀਨਾ ਹਰਿ ਗ਼ਰੀਬ ਨਿਵਾਜਨ, ਗੁਰਮੁਖ ਗ਼ਰੀਬ ਨਿਮਾਣੇ ਗਲੇ ਲਗਾਇਆ । ਇਕ ਕਰਾਏ ਹਾਜੀ ਹਾਜਨ, ਸਾਚਾ ਕਾਅਬਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ਾ, ਕਲਜੁਗ ਜੋਤ ਜਗਾਇੰਦਾ । ਲੱਖ ਚੁਰਾਸੀ ਤੇਰਾ ਵੇਖਣ ਆਏ ਮਾਤ ਤਮਾਸ਼ਾ, ਗੁਰ ਗੋਬਿੰਦ ਲੇਖ ਲਿਖਾਇੰਦਾ । ਸਾਚੇ ਮੰਡਲ ਪਾਵੇ ਰਾਸਾ, ਰਵ ਸਸ ਆਪ ਨਚਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸਾ, ਮੰਡਲ ਮੰਡਪ ਆਪ ਸੁਹਾਇੰਦਾ । ਜਨ ਭਗਤਾਂ ਪੂਰਨ ਕਰੇ ਆਸਾ, ਆਤਮ ਬ੍ਰਹਮ ਗਿਆਨ ਜਣਾਇੰਦਾ । ਨਿਝ ਘਰ ਆਤਮ ਰੱਖੇ ਵਾਸਾ, ਪਰਮਾਨੰਦ ਸਮਾਇੰਦਾ । ਲੇਖੇ ਲਾਏ ਸਵਾਸ ਸਵਾਸਾ, ਜੋ ਜਨ ਰਸਨਾ ਗਾਇੰਦਾ । ਮਨਮੁਖ ਜੀਵ ਮੁਖ ਰਖਾਇਆ ਮਦਿਰਾ ਮਾਸਾ, ਹਰਿ ਸਾਜਨ ਦਿਸ ਨਾ ਆਇੰਦਾ । ਜੂਠਾ ਝੂਠਾ ਕਾਇਆ ਕਾਸਾ, ਨਾਮ ਪਿਆਲਾ ਭਰ ਜਾਮ ਨਾ ਕੋਈ ਪਿਆਇੰਦਾ । ਕਲਜੁਗ ਕੂੜਾ ਕੂੜ ਭਰਵਾਸਾ, ਕੂੜੀ ਕਿਰਿਆ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਇੰਦਾ । ਪਾਰਬ੍ਰਹਮ ਸਰਬ ਕਲ ਭਰਪੂਰਾ, ਅਲਖ ਅਗੰਮ ਸਮਾਇਆ ।

ਆਪੇ ਜਾਣੇ ਆਪਣੀ ਨਾਦੀ ਤੂਰਾ, ਭੇਵ ਕਿਸੇ ਨਾ ਪਾਇਆ । ਸ਼ਬਦ ਗੁਰ ਦਾਤਾ ਜੋਧਾ ਸੂਰਾ, ਸਤਿਗੁਰ ਨਾਮ ਧਰਾਇਆ । ਜਨ ਭਗਤ ਦਵਾਰੇ ਹਾਜ਼ਰ ਹਜ਼ੂਰਾ, ਮਨਮੁਖ ਜੀਵਾਂ ਦਿਸ ਨਾ ਆਇਆ । ਪੰਚ ਵਿਕਾਰਾ ਕਰੇ ਚੂਰਾ, ਪੰਚਮ ਨਾਤਾ ਜੋੜ ਜੁੜਾਇਆ । ਪੰਚਮ ਦਿਸੇ ਦੂਰਨ ਦੂਰਾ, ਪੰਚਮ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਆਦਿ ਪੁਰਖ ਹਰ ਘਟ ਵਸਿਆ, ਪਾਰਬ੍ਰਹਮ ਬੇਅੰਤਾ । ਜੁਗ ਜੁਗ ਜਨ ਭਗਤਾਂ ਰਾਹ ਆਪਣਾ ਦਸਿਆ, ਮੇਲ ਮਿਲਾਏ ਸਾਜਨ ਸੰਤਾ । ਮਨਮੁਖ ਦਰ ਤੋਂ ਜਾਏ ਨੱਸਿਆ, ਮਾਇਆ ਪਾਏ ਬੇਅੰਤਾ । ਤੀਰ ਨਿਰਾਲਾ ਏਕਾ ਕਸਿਆ, ਵੇਖ ਵਖਾਏ ਜੀਆਂ ਜੰਤਾਂ । ਸਾਚੇ ਮੰਦਰ ਆਪੇ ਬਹਿ ਬਹਿ ਹੱਸਿਆ, ਮਹਿਮਾ ਗਣਤ ਅਗਣਤਾ । ਕੋਟਨ ਕੋਟ ਕਰੇ ਪਰਕਾਸ਼ ਰਵ ਸੱਸਿਆ, ਗੁਰਮੁਖ ਸਾਜਨ ਸਾਚਾ ਧਾਮ ਵਿਖੰਤਾ । ਮੇਟ ਮਿਟਾਏ ਰੈਣ ਅੰਧੇਰੀ ਮੱਸਿਆ, ਏਕਾ ਅੰਮ੍ਰਿਤ ਜਾਮ ਪਿਅੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੇ ਅੰਦਰ ਸੁਹੰਤਾ । ਆਪਣੇ ਅੰਦਰ ਹਰਿ ਜਗਾ, ਆਪੇ ਵੇਖ ਵਖਾਇੰਦਾ । ਨਿਰਮਲ ਬਾਤੀ ਇਕ ਵਖਾ, ਸਾਂਤਕ ਸਤ ਵਰਤਾਇੰਦਾ । ਇਕ ਅਕਾਂਤੀ ਰਹੀ ਡਗਮਗਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਮਹੱਲ ਅਟੱਲ ਆਪਣਾ ਆਪ ਸੁਹਾ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਛੱਪਰ ਛੰਨ ਨਾ ਲਿਆ ਸੁਹਾ, ਨਾ ਕੋਈ ਬਾਢੀ ਬਣਤ ਬਣਾਇੰਦਾ । ਜ਼ਿਮੀ ਅਸਮਾਨ ਕੋਈ ਦੀਸੇ ਨਾ, ਧਰਤ ਧਵਲ ਨਾ ਕੋਈ ਸੁਹਾਇੰਦਾ । ਰਵ ਸਸ ਕੋਈ ਜਾਣੇ ਨਾ, ਮੰਡਲ ਮੰਡਪ ਨਾ ਕੋਈ ਬਣਾਇੰਦਾ । ਰਾਗ ਨਾਦ ਤਾਲ ਕੋਈ ਵਖਾਣੇ ਨਾ, ਖਾਣੀ ਬਾਣੀ ਨਾ ਕੋਈ ਅਲਾਇੰਦਾ । ਆਪਣੇ ਭਾਣੇ ਹਰਿ ਆਪੇ ਰਿਹਾ ਸਮਾ, ਲੇਖਾ ਲਿਖਤ ਵਿਚ ਨਾ ਆਇੰਦਾ । ਥਿਰ ਘਰ ਬੈਠਾ ਬੇਪਰਵਾਹ, ਬੇਐਬ ਪਰਵਰਦਿਗਾਰ ਨਾਮ ਧਰਾਇੰਦਾ । ਆਪ ਆਪਣਾ ਨਾਅਰਾ ਲਾ, ਆਪਣਾ ਆਪ ਸੁਣਾਇੰਦਾ । ਆਪਣਾ ਜੈਕਾਰਾ ਆਪੇ ਲਏ ਬੁਲਾ, ਆਪੇ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਅਵੱਲਾ, ਕਰੇ ਕਰਾਏ ਹਰਿ ਨਿਰੰਕਾਰਾ । ਖੇਲੇ ਖੇਲ ਇਕ ਅਕੱਲਾ, ਆਦਿ ਜੁਗਾਦੀ ਲਏ ਅਵਤਾਰਾ । ਸ਼ਬਦ ਰਖਾਏ ਸਾਚਾ ਭੱਲਾ, ਲੋਆਂ ਪੁਰੀਆਂ ਪਾਵੇ ਸਾਰਾ । ਆਪਣੀ ਜੋਤੀ ਆਪੇ ਰੱਲਾ, ਆਪੇ ਦਏ ਹੁਲਾਰਾ । ਵੇਖ ਵਖਾਏ ਡੂੰਘੇ ਸਾਗਰ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰਾ । ਅਪਰ ਅਪਾਰਾ ਹਰਿ ਹਰਿ ਖੇਲ, ਜੋਤੀ ਬਣਤ ਬਣਾਈਆ । ਕਲਜੁਗ ਵੇਖੇ ਅੰਤਮ ਵੇਲ, ਜੋਤੀ ਨੂਰ ਕਰੇ ਰੁਸ਼ਨਾਈਆ । ਸਤਿਗੁਰ ਸੱਜਣ ਸੁਹੇਲ, ਹਰਿਜਨ ਦਏ ਵਡਿਆਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਪੰਚਮ ਸਖੀਆਂ ਮੰਗਲ ਗਾਈਆ । ਮੇਲ ਮਿਲਾਏ ਗੁਰੂ ਗੁਰ ਚੇਲ, ਹਰਿ ਗੋਬਿੰਦ ਰੂਪ ਸਮਾਈਆ । ਆਪੇ ਵਸਿਆ ਰੰਗ ਨਵੇਲ, ਹਰ ਘਟ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ਨ ਦਇਆ ਕਮਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ, ਆਪਣਾ ਕਰਮ ਕਮਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਰਚਾਇਆ । ਜੁਗ ਜੁਗ ਜਾਣੇ ਆਪਣਾ ਕੰਮ, ਆਪੇ ਕਰਦਾ ਆਇਆ । ਆਪੇ ਜਨਨੀ ਹੋਇਆ ਆਪੇ ਜਨ, ਆਪ ਆਪਣੀ ਗੋਦ ਉਠਾਇਆ । ਆਪੇ ਘੜਿਆ ਆਪੇ ਲਏ ਭੰਨ, ਘੜਨ ਭੰਨਣਹਾਰ ਸਮਰਥ ਪੁਰਖ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ

ਵਖਾਇਆ । ਘੜਨ ਭੰਨਣਹਾਰ ਸਮਰਥਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਚਲਾਏ ਆਪਣਾ ਰਥਾ, ਰਥ ਰਥਵਾਹੀ ਆਪ ਅਖਵਾਇੰਦਾ । ਲੱਖ ਚੁਰਾਸੀ ਪਾਏ ਨੱਥਾ, ਦਹਿ ਦਿਸ਼ਾ ਆਪ ਭਵਾਇੰਦਾ । ਗੁਰਮੁਖਾਂ ਰੱਖੇ ਦੇ ਕਰ ਹੱਥਾ, ਸਿਰ ਆਪਣਾ ਹੱਥ ਟਿਕਾਇੰਦਾ । ਧੁਰਦਰਗਾਹੀ ਦੇਵੇ ਸਾਚੀ ਵਥਾ, ਨਾਮ ਨਿਧਾਨਾ ਝੋਲੀ ਪਾਇੰਦਾ । ਨੇਤਰ ਲੋਚਨ ਜਨ ਦਰਸ ਕਰ ਸਗਲ ਵਿਸੂਰਾ ਲੱਥਾ, ਆਤਮ ਬ੍ਰਹਮ ਗਿਆਨ ਜਣਾਇੰਦਾ । ਬੋਧ ਅਗਾਧੀ ਸ਼ਬਦ ਅਕੱਥਾ, ਆਤਮ ਧੁਨ ਉਪਜਾਇੰਦਾ । ਆਪ ਨਿਭਾਏ ਆਪਣਾ ਸਾਥਾ, ਸਗਲਾ ਸੰਗ ਨਿਭਾਇੰਦਾ । ਆਪੇ ਹੋਏ ਤ੍ਰਿਲੋਕੀ ਨਾਥਾ, ਤਿੰਨਾ ਲੋਕਾਂ ਵੇਖ ਵਖਾਇੰਦਾ । ਚੌਦਾਂ ਲੋਕਾਂ ਵੇਖੇ ਖੇਲ ਤਮਾਸ਼ਾ, ਚੌਦਾਂ ਹੱਟਾਂ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਆਪਣੇ ਰੰਗ ਹਰਿ ਰੰਗ ਰਾਤਾ, ਆਪਣੇ ਰੰਗ ਰੰਗਾਈਆ । ਆਪੇ ਪਿਤਾ ਆਪੇ ਮਾਤਾ, ਪਿਤਾ ਪੂਤ ਆਪ ਅਖਵਾਈਆ । ਆਪੇ ਦਿਵਸ ਆਪੇ ਰਾਤਾ, ਰਵ ਸਸ ਆਪ ਹੋ ਜਾਈਆ । ਆਪੇ ਸ਼ਬਦ ਆਪੇ ਗਾਥਾ, ਆਪੇ ਨਾਮ ਜਪਾਈਆ । ਆਪ ਰਥਵਾਹੀ ਆਪੇ ਰਾਥਾ, ਆਪੇ ਰਿਹਾ ਚਲਾਈਆ । ਆਪੇ ਮਸਤਕ ਆਪੇ ਮਾਥਾ, ਜੋਤ ਲਿਲਾਟੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਡੰਕ ਵਜਾਈਆ । ਨਿਹਕਲੰਕਾ ਹਰਿ ਨਿਰੰਕਾਰਾ, ਏਕਾ ਏਕ ਅਖਵਾਇਆ । ਸ਼ਬਦ ਡੰਕ ਵਜਾਏ ਅਪਰ ਅਪਾਰਾ, ਲੋਆਂ ਪੁਰੀਆਂ ਰਿਹਾ ਸੁਣਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਕਲਜੁਗ ਵੇਲਾ ਅੰਤਮ ਆਇਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਰਿਹਾ ਜਗਾਇਆ । ਲੱਖ ਚੁਰਾਸੀ ਤੇਰਾ ਪਾਰ ਕਿਨਾਰਾ, ਕੂੜ ਕੁੜਿਆਰਾ, ਰਹਿਣ ਨਾ ਪਾਇਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇਆ । ਮੇਟ ਮਿਟਾਏ ਅੰਧ ਅੰਧਿਆਰਾ, ਗਿਆਨ ਪਰਕਾਸ਼ ਅਕਾਸ਼ ਵਖਾਇਆ । ਮੇਲ ਮਿਲਾਏ ਅਗੰਮ ਅਪਾਰਾ, ਅਗੰਮੜਾ ਧਾਮ ਸੁਹਾਇਆ । ਹੱਡ ਮਾਸ ਨਾੜੀ ਚਮੜਾ ਨਾ ਕੋਈ ਵਿਚਾਰਾ, ਬ੍ਰਹਮ ਧਾਰ ਹਰਿ ਹਰਿ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਧਰਾਇਆ । ਨਿਹਕਲੰਕਾ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਏਕਾ ਸ਼ਬਦ ਤੀਰ ਕਮਾਨਾ, ਏਕਾ ਚਿੱਲੇ ਆਪ ਚੜ੍ਹਾਇੰਦਾ । ਏਕਾ ਜੋਧਾ ਸੂਰਬੀਰ ਬਲੀ ਬਲਵਾਨਾ, ਏਕਾ ਵਾਰ ਕਰਾਇੰਦਾ । ਏਕਾ ਖੇਲ ਦੋ ਜਹਾਨਾ, ਲੋਕਮਾਤ ਫੇਰਾ ਪਾਇੰਦਾ । ਕਲਜੁਗ ਕੂੜਾ ਹੋਏ ਹੈਰਾਨਾ, ਨੇਤਰ ਨੀਰ ਵਹਾਇੰਦਾ । ਜੂਠ ਝੂਠ ਮੁਖ ਸ਼ਰਮਾਣਾ, ਪੰਜ ਤਤ ਨਾ ਸੰਗ ਨਿਭਾਇੰਦਾ । ਹਉਮੇ ਹੰਗਤਾ ਹੋਏ ਵੈਰਾਨਾ, ਭੁੱਖਾ ਨੰਗਤਾ ਦਰ ਕੁਰਲਾਇੰਦਾ । ਪੁਰਖ ਅਬਿਨਾਸ਼ੀ ਖੇਲੇ ਖੇਲ ਮਹਾਨਾ, ਹਰਿਜਨ ਸਾਚੇ ਵੇਖ ਵਖਾਇੰਦਾ । ਏਕਾ ਦੇਵੇ ਧੁਰ ਫ਼ਰਮਾਣਾ, ਸੋਇਆ ਪੂਤ ਉਠਾਇੰਦਾ । ਸ਼ਬਦੀ ਬੰਨੇ ਸਾਚਾ ਗਾਨਾ, ਸਾਚਾ ਦਰ ਸੁਹਾਇੰਦਾ । ਸਰਬ ਜੀਆਂ ਹਰਿ ਜਾਣੀ ਜਾਣਾ, ਜਾਣਨਹਾਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕ ਵਜਾਇੰਦਾ । ਏਕਾ ਡੰਕ ਹਰਿ ਵਜਾਇਆ, ਚਾਰ ਕੁੰਟ ਜਣਾਈਆ । ਰਾਓ ਰੰਕਾਂ ਰਿਹਾ ਉਠਾਇਆ, ਸਾਧ ਸੰਤ ਰਿਹਾ ਹਿਲਾਈਆ । ਵਾਸੀ ਪੁਰੀ ਘਨਕਾ ਬਣਕੇ ਆਇਆ, ਸੰਬਲ ਨਗਰੀ ਡੇਰਾ ਲਾਈਆ । ਜਨ ਜਨਕਾ ਸਾਜਨ ਲਏ ਤਰਾਇਆ, ਸਚ ਮਹੱਲਾ ਇਕ ਰਖਾਈਆ । ਆਤਮ ਜੋਤੀ ਤਨਕਾ ਲਾਇਆ, ਦੀਪਕ ਜੋਤ ਕਰੇ ਰੁਸ਼ਨਾਈਆ । ਮਨ ਕਾ

੨੦੬
੦੭

ਮਨਕਾ ਫੇਰ ਵਖਾਇਆ, ਸੋ ਪੁਰਖ ਵੱਡੀ ਵਡਿਆਈਆ । ਹੰ ਹੰਗਤਾ ਮੇਟ ਮਿਟਾਇਆ, ਗੁਰ ਸ਼ਬਦ ਕਰੇ ਕੁੜਮਾਈਆ । ਸਾਚੀ ਸੰਗਤਾ ਮੇਲ ਮਿਲਾਇਆ, ਬੰਕ ਦਵਾਰਾ ਇਕ ਸੁਹਾਈਆ । ਜਿਉਂ ਨਾਨਕ ਅੰਗਦ ਅੰਗ ਲਗਾਇਆ, ਨਿਰਮਲ ਜੋਤ ਕਰੇ ਰੁਸ਼ਨਾਈਆ । ਸਚ ਦਵਾਰਾ ਪਾਰਬ੍ਰਹਮ ਤੇਰਾ ਮੰਗਦਾ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਆਪਣੀ ਚੋਲੀ ਆਪੇ ਰੰਗਦਾ ਆਇਆ, ਰੰਗਣਹਾਰ ਆਪ ਅਖਵਾਈਆ । ਸਾਚੇ ਮੰਦਰ ਆਪੇ ਲੰਘਦਾ ਆਇਆ, ਦਸਮ ਦਵਾਰੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸੇਜਾ ਰਿਹਾ ਸੁਹਾਈਆ । ਆਤਮ ਸੇਜਾ ਹਰਿ ਸੁਹਾ, ਗੁਰਮੁਖ ਮੇਲ ਮਿਲਾਇਆ । ਜੋਤ ਨਿਰੰਜਣ ਇਕ ਜਗਾ, ਅਗਿਆਨ ਅੰਧੇਰ ਮਿਟਾਇਆ । ਅਨਹਦ ਸਾਚਾ ਤਾਲ ਵਜਾ, ਰਾਗ ਰਾਗਨੀ ਸੇਵਾ ਲਾਇਆ । ਅੰਮ੍ਰਿਤ ਆਤਮ ਸਰ ਸਰੋਵਰ ਦਏ ਨੁਹਾ, ਦੁਰਮਤ ਮੈਲ ਗਵਾਇਆ । ਕਾਗੋ ਹੰਸ ਦਏ ਬਣਾ, ਗੁਰ ਪੂਰੇ ਹੱਥ ਵਡਿਆਇਆ । ਨਾਰੀ ਕੰਤਾ ਮੇਲ ਮਿਲਾ, ਨਿਝ ਘਰ ਸਾਚਾ ਦਏ ਸੁਹਾਇਆ । ਏਕਾ ਦੂਜਾ ਭੌ ਚੁਕਾ, ਤੀਜਾ ਲੋਚਣ ਦਏ ਖੁਲ੍ਹਾਇਆ । ਚੌਥੇ ਪਦ ਰਿਹਾ ਸਮਾ, ਹਰਿਜਨ ਸਾਚੇ ਵੇਖ ਵਖਾਇਆ । ਪੰਚਮ ਮੇਲ ਸਹਿਜ ਸੁਭਾ, ਘਰ ਸਾਜਨ ਸਾਚਾ ਪਾਇਆ । ਪਾਇਆ ਪੁਰਖ ਬੇਪਰਵਾਹ, ਸਹਿੰਸਾ ਰੋਗ ਗਵਾਇਆ । ਦੋ ਜਹਾਨੀ ਸਚ ਮਲਾਹ, ਕਲਜੁਗ ਅੰਤਮ ਹੱਥ ਕਿਸੇ ਨਾ ਆਇਆ । ਚਾਰ ਵਰਨ ਵਖਾਏ ਏਕਾ ਰਾਹ, ਏਕਾ ਧਾਮ ਸੁਹਾਇਆ । ਇਕ ਜਪਾਏ ਸਾਚਾ ਨਾਂ, ਹਰਿ ਨਿਰੰਕਾਰਾ ਆਪ ਅਖਵਾਇਆ । ਬਰਨ ਅਠਾਰਾਂ ਦੇਵੇ ਠੰਡੀ ਛਾਂ, ਸਖਾ ਸੁਹੇਲਾ ਆਪ ਹੋ ਜਾਇਆ । ਆਪੇ ਪਿਤਾ ਆਪੇ ਮਾਂ, ਮਾਤ ਪਿਤ ਆਪ ਅਖਵਾਇਆ । ਗੁਰਮੁਖ ਪਾਰ ਕਰਾਏ ਫੜ ਫੜ ਬਾਂਹ, ਸਾਚਾ ਬੇੜਾ ਰਿਹਾ ਤਰਾਇਆ । ਮਨਮੁਖ ਜੀਵ ਕੋਈ ਰਹੇ ਨਾ, ਰਾਏ ਧਰਮ ਦਏ ਸਜ਼ਾਇਆ । ਲਾੜੀ ਮੌਤ ਵੇਖੇ ਥਾਂ, ਚਾਰੋਂ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਆਪਣਾ ਆਪ ਬਣਾਇਆ । ਏਕਾ ਏਕ ਏਕੰਕਾਰਾ, ਓਅੰਕਾਰਾ ਰੂਪ ਸਮਾਇਆ । ਸ੍ਰਿਸ਼ਟ ਸਬਾਈ ਬੰਨੇ ਧਾਰਾ, ਸਤਿ ਸਰੂਪਾ ਆਪ ਹੋ ਆਇਆ । ਏਕਾ ਜੋਤ ਏਕਾ ਸ਼ਬਦ ਇਕ ਵਿਚਾਰਾ, ਏਕਾ ਗਿਆਨ ਰਿਹਾ ਦ੍ਰਿੜਾਇਆ । ਕਲਜੁਗ ਕੂੜਾ ਮੇਟ ਪਸਾਰਾ, ਸਚ ਸੁੱਚ ਰਿਹਾ ਵਰਤਾਇਆ । ਜੋਤੀ ਜੋੜਾ ਸਿਰਜਣਹਾਰਾ, ਸਾਚਾ ਘੋੜਾ ਰਿਹਾ ਦੌੜਾਇਆ । ਆਵਣ ਜਾਵਣ ਪੱਤਤ ਪਾਵਨ ਦੋ ਜਹਾਨੀ ਲਾਇਆ ਏਕਾ ਪੌੜਾ, ਏਕਾ ਵੇਖ ਵਖਾਇਆ । ਆਪੇ ਜਾਣੇ ਪੂਤ ਸਪੂਤਾ ਬ੍ਰਹਿਮਣ ਗੌੜਾ, ਗੌੜ ਬ੍ਰਹਮ ਆਪ ਅਖਵਾਇਆ । ਸੰਬਲ ਨਗਰੀ ਆਇਆ ਦੌੜਾ, ਗੁਰ ਗੋਬਿੰਦ ਵੇਖ ਵਖਾਇਆ । ਆਪੇ ਜਾਣੇ ਸਾਢੇ ਤਿੰਨ ਹੱਥ ਲੰਮਾ ਚੌੜਾ, ਦੂਸਰ ਭੇਵ ਕੋਈ ਨਾ ਰਾਇਆ । ਜਨ ਭਗਤਾਂ ਆਤਮ ਅੰਤਰ ਲੱਗੀ ਔੜਾ, ਆਪੇ ਦਏ ਬੁਝਾਇਆ । ਵੇਖੇ ਫਲ ਲੱਖ ਚੁਰਾਸੀ ਮਿਠਾ ਕੌੜਾ, ਵੇਖਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕਾ ਹਰਿ ਨਰਾਇਣ, ਏਕਾ ਏਕ ਅਖਵਾਇੰਦਾ । ਆਪੇ ਵੇਖੇ ਆਪਣੇ ਨੈਣ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਸਾਚੇ ਸਾਕ ਸੱਜਣ ਸੈਣ, ਸਾਚਾ ਸੰਗ ਨਿਭਾਇੰਦਾ । ਲੋਕਮਾਤ ਆਇਆ ਲਹਿਣਾ ਦੇਣਾ ਦੇਣ, ਜੁਗ ਜੁਗ ਭੇਖ ਵਟਾਇੰਦਾ । ਰਸਨਾ ਕਿਸੇ ਨਾ ਸਕੇ ਕਹਿਣ, ਗੋਬਿੰਦ ਭੇਵ ਕੋਈ ਨਾ ਪਾਇੰਦਾ । ਮਾਇਆ ਮਮਤਾ ਮੋਹ ਵਿਕਾਰੇ ਕਲਜੁਗ ਜੀਵ ਝੂਠੇ ਵਹਿਣ, ਏਕਾ ਹੜ ਵਹਾਇੰਦਾ । ਲਾੜੀ ਮੌਤ ਮਗਰ ਲੱਗੀ ਡੈਣ,

੨੦੭ ੦੭

੨੦੮
੦੭

ਰਾਏ ਧਰਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰ ਘਟ ਆਪੇ ਵੇਖ ਵਖਾਇੰਦਾ । ਨਿਹਕਲੰਕ ਜੋਤ ਨੁਰਾਨੀ, ਜੋਤੀ ਜੋਤ ਜਗਾਇਆ । ਖੇਲੇ ਖੇਲ ਦੋ ਜਹਾਨੀ, ਖੇਲਣਹਾਰ ਆਪ ਅਖਵਾਇਆ । ਕਲਜੁਗ ਮੇਟੇ ਕੂੜ ਨਿਸ਼ਾਨੀ, ਕਾਲਾ ਸੂਸਾ ਤਨ ਛੁਹਾਇਆ । ਨਾ ਕੋਈ ਦੀਸੇ ਈਸਾ ਮੂਸਾ ਸ਼ਾਹ ਦੁਰਾਨੀ, ਸ਼ਾਹ ਅਫਗਾਨ ਰਹਿਣ ਨਾ ਪਾਇਆ । ਵੇਖ ਵਖਾਏ ਹਰਿ ਇਰਾਨੀ, ਲਿਬਨਾਨੀ ਸੰਗ ਰਲਾਇਆ । ਨੇਤਰ ਦਰ ਦਰ ਨੀਰ ਵਹਾਏ ਅੱਲਾ ਰਾਣੀ, ਮੁਖ ਕਾਲਾ ਘੁੰਗਟ ਪਾਇਆ । ਸੰਗ ਮੁਹੰਮਦ ਚਾਰ ਯਾਰ ਕਰਨ ਕੁਰਬਾਨੀ, ਸੀਸ ਆਪਣਾ ਭੇਟ ਚੜ੍ਹਾਇਆ । ਖ਼ੁਦਾਵੰਦ ਮੰਗੇ ਮੰਗ ਸਾਚਾ ਦਾਨੀ, ਅੱਗੇ ਆਪਣੀ ਝੋਲੀ ਡਾਹਿਆ । ਸਾਚਾ ਕਲਮਾ ਹੋਏ ਜਾਨੀ, ਦਿਲਦਾਰ ਆਪ ਅਖਵਾਇਆ । ਐਨਲਹੱਕ ਤੇਰੀ ਮੰਜ਼ਲ ਵੇਖੇ ਇਕ ਰੂਹਾਨੀ, ਐਨਲਹੱਕ ਨਾਅਰਾ ਲਾਇਆ । ਪਰਗਟ ਹੋਏ ਗੁਣ ਨਿਧਾਨੀ, ਭੇਖਾਧਾਰੀ ਭੇਖ ਵਟਾਇਆ । ਸ਼ਬਦ ਚਿੱਲਾ ਮਾਰੇ ਰਸਨਾ ਤੀਰ ਕਮਾਨੀ, ਆਪੇ ਰਿਹਾ ਖਿਚਾਇਆ । ਦੋ ਜਹਾਨਾਂ ਸਾਚਾ ਬਾਨੀ, ਚੌਦਾਂ ਤਬਕਾਂ ਰਿਹਾ ਹਿਲਾਇਆ । ਵੇਖ ਵਖਾਏ ਅੰਜੀਲ ਕੁਰਾਨੀ, ਭੇਵ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਧਰਾਇਆ । ਨਿਹਕਲੰਕਾ ਨਾਉਂ ਰੱਖ, ਆਪਣੀ ਜੋਤ ਜਗਾਇੰਦਾ । ਸ਼ਬਦ ਗੁਰ ਕਰ ਪਰਤੱਖ, ਲੋਕਮਾਤ ਵੇਖ ਵਖਾਇੰਦਾ । ਸੰਤ ਸੁਹੇਲੇ ਕਰੇ ਵੱਖ, ਦੋ ਅੱਖਰ ਜਾਪ ਜਪਾਇੰਦਾ । ਲੱਖ ਚੁਰਾਸੀ ਉਡਨੇ ਕੱਖ, ਪੰਡਤ ਪਾਂਧਾ ਨਾ ਕੋਈ ਧੀਰ ਧਰਾਇੰਦਾ । ਵੇਖ ਵਖਾਏ ਉਤਰ ਪੂਰਬ ਪੱਛਮ ਦੱਖ, ਦਹਿ ਦਿਸ਼ਾ ਫੋਲ ਫੋਲਾਇੰਦਾ । ਤ੍ਰੈਗੁਣ ਮਾਇਆ ਪੰਚ ਵਿਕਾਰਾ ਪੰਜ ਤਤ ਅੰਗਿਆਰਾ ਰਿਹਾ ਮੱਚ, ਨਾ ਕੋਈ ਮਾਤ ਬੁਝਾਇੰਦਾ । ਮਨ ਕਲੰਦਰ ਰਿਹਾ ਨੱਚ, ਸ੍ਰਿਸ਼ਟ ਸਬਾਈ ਆਪ ਨਚਾਇੰਦਾ । ਮਤ ਬੁਧ ਨਾ ਜਾਣੇ ਹਰਿ ਹਰਿ ਸੱਚ, ਮਾਇਆ ਪੜਦਾ ਪਾਇੰਦਾ । ਝੂਠਾ ਨਾਤਾ ਮਾਟੀ ਕੱਚ, ਕਾਇਆ ਕੂੜਾ ਕੱਪੜ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਆਪ ਸੁਣਾਏ, ਰਾਓ ਰੰਕਾਂ ਆਪ ਜਣਾਇੰਦਾ । ਨਿਹਕਲੰਕ ਜੋਤ ਜਗਾ, ਏਕਾ ਅਲਖ ਜਗਾਇੰਦਾ । ਪੰਡਤ ਪਾਂਧੇ ਰਿਹਾ ਉਠਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਮਸਤਕ ਤਿਲਕ ਲਗਾਇਆ ਵੇਖੇ ਥਾਂ ਥਾਂ, ਤ੍ਰਿਬੈਣੀ ਨੈਣੀ ਕਵਣ ਨੁਹਾਇੰਦਾ । ਵੇਦ ਪੁਰਾਨ ਕਤੇਬਾਂ ਲਏ ਫੁਲਾ, ਬ੍ਰਹਮ ਵਿਦਿਆ ਕਵਣ ਪੜ੍ਹਾਇੰਦਾ । ਚਾਰੇ ਜੁਗ ਲੇਖਾ ਰਿਹਾ ਲਿਖਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰ ਕਰਾਇੰਦਾ । ਭਰਮ ਭੁਲੇਖਾ ਰਿਹਾ ਪਾ, ਜੋਤੀ ਜਾਮਾ ਭੇਖ ਵਟਾਇੰਦਾ । ਕੇਸਾ ਧਾਰੀ ਲਏ ਸਮਝਾ, ਗੁਰ ਗੋਬਿੰਦ ਸੰਗ ਰਲਾਇੰਦਾ । ਮੂੰਡ ਮੁੰਡਾਏ ਲਏ ਉਪਾ, ਏਕਾ ਰੰਗ ਰੰਗਾਇੰਦਾ । ਮੁਸਲਮ ਸੁੰਨੀ ਕੋਈ ਦੀਸੇ ਨਾ, ਈਸਾ ਮੂਸਾ ਪਾਰ ਕਰਾਇੰਦਾ । ਕਾਲਾ ਸੂਸਾ ਤਨ ਛੁਹਾ, ਮੁਖ ਨਕਾਬ ਟਿਕਾਇੰਦਾ । ਮੱਕਾ ਮਦੀਨਾ ਫੇਰਾ ਪਾ, ਅਮਾਮ ਮਹਿੰਦੀ ਆਪ ਹੋ ਜਾਇੰਦਾ । ਭਾਰਤ ਖੰਡ ਖੇਲ ਖਿਲਾ, ਬ੍ਰਹਿਮੰਡ ਵੇਖ ਵਖਾਇੰਦਾ । ਭੇਖ ਪਖੰਡਾ ਦਏ ਮਿਟਾ, ਏਕਾ ਡੰਡਾ ਹੱਥ ਉਠਾਇੰਦਾ । ਮਨਮੁਖ ਜੀਵ ਆਤਮ ਰੰਡਾ ਦਏ ਖਪਾ, ਗੁਰਮੁਖ ਸਾਚੇ ਸੰਗ ਨਿਭਾਇੰਦਾ । ਚੰਡ ਪਰਚੰਡਾ ਇਕ ਚਮਕਾ, ਤਿਖੀ ਧਾਰ ਵਖਾਇੰਦਾ । ਕੂੜ ਕੁੜਿਆਰੇ ਕੰਡਾ ਦਏ ਵਢਾ, ਕਾਲੀ ਧਾਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਇਕ ਦਵਾਰਾ, ਨਾਮ ਭਰੇ ਸਚ ਭੰਡਾਰਾ,

ਦੇਵਣਹਾਰ ਆਪ ਕਰਤਾਰਾ, ਆਪਣੀ ਹੱਥੀ ਆਪ ਵਰਤਾਇੰਦਾ । ਨਿਹਕਲੰਕ ਹਰਿ ਹਰਿ ਰੂਪ, ਏਕਾ ਏਕ ਅਖਵਾਇਆ । ਆਪੇ ਰਾਜਾ ਸ਼ਾਹੋ ਭੂਪ, ਤਖ਼ਤ ਸੁਲਤਾਨ ਆਪ ਅਖਵਾਇਆ । ਆਪੇ ਵੇਖੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਆਪੇ ਜੁਗ ਜੁਗ ਬੈਠਾ ਰੂਠ, ਆਪੇ ਜੁਗ ਜੁਗ ਲਏ ਮਨਾਇਆ । ਆਪੇ ਜੁਗ ਜੁਗ ਜਾਏ ਤੂਠ, ਜਨ ਭਗਤਾਂ ਦਇਆ ਕਮਾਇਆ । ਆਪੇ ਮਨਮੁਖ ਹੱਥ ਫੜਾਏ ਖਾਲੀ ਠੂਠ, ਆਪੇ ਦਰ ਦਰ ਰਿਹਾ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜਾਮਾ ਹਰਿ ਭਗਵਾਨਾ, ਨਿਹਕਲੰਕ ਨਰਾਇਣਾ । ਜਨ ਭਗਤਾਂ ਦੇਵੇ ਜੀਆ ਦਾਨਾ, ਆਤਮ ਦਰਸ ਦਿਖਾਏ ਸਾਚੇ ਨੈਣਾਂ । ਆਪੇ ਗੋਪੀ ਆਪੇ ਕਾਹਨਾ, ਆਪੇ ਮੰਡਲ ਰਾਸ ਰਚਾਇਣਾ । ਆਪੇ ਸੀਤਾ ਸੁਰਤੀ ਬੰਨੇ ਗਾਨਾ, ਆਪੇ ਹੋਏ ਰਾਮ ਰਮਾਇਣਾ । ਆਪੇ ਅਕਾਲ ਮੂਰਤੀ ਗੁਣ ਨਿਧਾਨਾ, ਦਿਸ ਕਿਸੇ ਨਾ ਆਇਣਾ । ਆਪ ਉਪਜਾਏ ਨਾਦ ਤੂਰਤੀ, ਆਪ ਆਪਣਾ ਰਾਗ ਅਲਾਇਣਾ । ਮੇਟ ਮਿਟਾਏ ਨਾਤਾ ਕੂੜੇ ਕੂੜਤੀ, ਕਲਜੁਗ ਝੂਠਾ ਮੇਟ ਮਿਟਾਇਣਾ । ਜਨ ਭਗਤਾਂ ਆਸਾ ਮਨਸਾ ਪੂਰਤੀ, ਪੂਰਨ ਪੁਰਖ ਆਪ ਅਖਵਾਇਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਸ੍ਰਿਸ਼ਟ ਸਬਾਇਣਾ । ਸ੍ਰਿਸ਼ਟ ਸਬਾਈ ਅੰਧ ਘੋਰ, ਚਾਰ ਕੁੰਟ ਅੰਧੇਰਾ ਛਾਇਆ । ਘਰ ਘਰ ਲੜਾਈ ਪੰਜ ਚੋਰ, ਪੰਚਾਂ ਮੋਹ ਵਧਾਇਆ । ਮਨਮਤ ਹੱਥ ਪਕੜੀ ਡੋਰ, ਨਾ ਕੋਈ ਕਿਸੇ ਛੁਡਾਇਆ । ਕਲਜੁਗ ਕੂੜਾ ਰਥ ਰਿਹਾ ਤੋਰ, ਪ੍ਰਭ ਸਾਚਾ ਰਿਹਾ ਤੁਰਾਇਆ । ਹਉਮੇ ਹੰਗਤਾ ਕਰਿਆ ਚੂਰ, ਜਗਤ ਵਿਕਾਰਾ ਸੰਗ ਰਲਾਇਆ । ਗੁਰਮੁਖ ਵਿਰਲਾ ਮੰਗਤਾ ਦੋਵੇਂ ਹੱਥ ਰਿਹਾ ਜੋੜ, ਪ੍ਰਭ ਚਰਨੀ ਸੀਸ ਨਿਵਾਇਆ । ਪੁਰਖ ਅਬਿਨਾਸ਼ੀ ਜਾਏ ਬੌਹੜ, ਜੋਤੀ ਜਾਮਾ ਭੇਖ ਵਟਾਇਆ । ਪਾਰ ਕਰਾਏ ਘਾਟੀ ਸੌੜ, ਡੂੰਘੀ ਕੰਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚਾ ਆਪ ਉਠਾਏ, ਦਇਆਵਾਨ ਦਇਆਵਾਨਾ । ਏਕਾ ਸ਼ਬਦ ਨਾਮ ਜਣਾਏ ਧੁਰਦਰਗਾਹੀ ਇਕ ਫ਼ਰਮਾਨਾ । ਸੰਮਤ ਚੌਦਾਂ ਵੇਖ ਵਖਾਏ, ਵੀਹ ਸਦ ਬਿਕ੍ਰਮੀ ਖੇਲ ਮਹਾਨਾ । ਪਾਰਬ੍ਰਹਮ ਬ੍ਰਹਮ ਇਕ ਨਦ ਵਜਾਏ, ਏਕਾ ਨਾਮ ਤਰਾਨਾ । ਅੰਮ੍ਰਿਤ ਆਤਮ ਸਾਚੀ ਮਦਿ ਪਿਆਏ, ਇਕ ਖੁਮਾਰ ਰਖਾਨਾ । ਨੌਂ ਦਵਾਰੇ ਪਾਰ ਹੱਦ ਕਰਾਏ, ਕਿਰਪਾ ਕਰ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ ।

ਸਤਿਗੁਰ ਪੁਰਖ ਦਿਆਲ, ਸੁਖ ਸਹਿਜ ਸਮਾਇਆ । ਗੁਰਮੁਖ ਵੇਖੇ ਸਾਚੇ ਲਾਲ, ਲਾਲ ਅਨਮੁਲੜਾ ਵੇਖ ਵਖਾਇਆ । ਫਲ ਲਗਾਏ ਕਾਇਆ ਡਾਲ੍ਹ, ਫੁਲ ਫੁਲਵਾੜੀ ਦਏ ਖਿੜਾਇਆ । ਜੁਗ ਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇਆ । ਕਾਇਆ ਵੇਖ ਸੱਚੀ ਧਰਮਸਾਲ, ਸਾਚਾ ਮੰਦਰ ਦਏ ਸੁਹਾਇਆ । ਦੀਪਕ ਜੋਤੀ ਏਕਾ ਬਾਲ, ਗਗਨ ਗਗਨੰਤਰ ਵੇਖ ਵਖਾਇਆ । ਦੇਵੇ ਨਾਮ ਸੱਚਾ ਧਨ ਮਾਲ, ਨਾਮ ਭੰਡਾਰਾ ਇਕ ਵਰਤਾਇਆ । ਸਦਾ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇਆ । ਨੇੜ ਨਾ ਆਏ ਕਾਲ ਮਹਾਂਕਾਲ, ਦਰ ਦਵਾਰ

ਵੇਖ ਵਖਾਇਆ । ਅੰਮ੍ਰਿਤ ਸਰ ਸਰੋਵਰ ਮਾਰੇ ਇਕ ਉਛਾਲ, ਸੋਹੰ ਹੰਸਾ ਰੂਪ ਵਟਾਇਆ । ਧੁਰਦਰਗਾਹੀ ਭਗਤ ਦਲਾਲ, ਬੰਸ ਸਰਬੰਸਾ ਵੇਖ ਵਖਾਇਆ । ਤੋੜ ਤੁੜਾਏ ਜਗਤ ਜੰਜਾਲ, ਤ੍ਰੈਗੁਣ ਮਾਇਆ ਵਿਚ ਨਾ ਆਇਆ । ਆਪ ਆਪਣੇ ਆਪੇ ਭਾਲ, ਆਪੇ ਰਿਹਾ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕਾ ਨਾਉਂ ਧਰਾਇਆ । ਗੁਰਮੁਖ ਸਾਜਣ ਸਚ ਘਰ ਵਸਿਆ, ਪਾਇਆ ਪੁਰਖ ਅਪਾਰਾ । ਪਾਰਬ੍ਰਹਮ ਰਾਹ ਏਕਾ ਦੱਸਿਆ, ਨਿਰਗੁਣ ਜੋਤ ਉਜਿਆਰਾ । ਕਲਜੁਗ ਮੇਟੇ ਰੈਣ ਅੰਧੇਰੀ ਮੱਸਿਆ, ਸਤਿਜੁਗ ਸਾਚਾ ਕਰੇ ਪਸਾਰਾ । ਤੀਰ ਨਿਰਾਲਾ ਏਕਾ ਕਸਿਆ, ਸ਼ਬਦ ਖੰਡਾ ਦੋ ਧਾਰਾ । ਲੋਆਂ ਪੁਰੀਆਂ ਫਿਰੇ ਨੱਸਿਆ, ਅਗੰਮ ਅਗੰਮੜੀ ਕਰੇ ਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਇਣ ਨਰ ਅਵਤਾਰਾ । ਨਰ ਅਵਤਾਰ ਹਰਿ ਗੋਬਿੰਦ, ਗੋਬਿੰਦ ਰੂਪ ਸਮਾਇਆ । ਖੇਲੇ ਖੇਲ ਅਪਰ ਅਪਾਰਾ ਜਨ ਭਗਤਾਂ ਮੇਟੇ ਸਗਲੀ ਚਿੰਦ, ਹਉਮੇ ਰੋਗ ਜਲਾਇਆ । ਅੱਠੇ ਪਹਿਰ ਸੇਵਾਦਾਰਾ ਸਦਾ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਇਆ । ਏਕਾ ਬਖ਼ਸ਼ੇ ਚਰਨ ਪਿਆਰਾ ਹਰਿ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇਆ । ਜੁਗ ਜੁਗ ਬੰਨੇ ਸਾਚੀ ਧਾਰ ਜੋਧਾ ਸੂਰ ਵਡ ਮਰਗਿੰਦ, ਕਲਜੁਗ ਅੰਤ ਅਖ਼ੀਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਚੁਕਾਇਆ । ਕਲਜੁਗ ਤੇਰਾ ਅੰਤਮ ਲਹਿਣਾ, ਹਰਿ ਸਾਚੇ ਆਪ ਚੁਕਾਵਣਾ । ਤਨ ਸ਼ੰਗਾਰ ਕਰਾਏ ਜੂਠ ਝੂਠ ਤਨ ਪਾਏ ਗਹਿਣਾ, ਮਾਇਆ ਮਮਤਾ ਸੰਗ ਰਖਾਵਣਾ । ਹਉਮੇ ਹੰਗਤਾ ਕੱਜਲ ਪਾਏ ਨੈਣਾ, ਧਰਮ ਰਾਏ ਦਰ ਸੁਹਾਵਣਾ । ਲੱਖ ਚੁਰਾਸੀ ਜੀਵ ਜੰਤ ਸਗਲਾ ਸੰਗ ਤੇਰੇ ਸਾਥ ਰਹਿਣਾ, ਵੇਲੇ ਅੰਤ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਮੂਲ ਚੁਕਾਵਣਾ । ਕਲਜੁਗ ਮੂਲ ਜਾਏ ਚੁੱਕ, ਹਰਿ ਸਾਚਾ ਆਪ ਚੁਕਾਇੰਦਾ । ਵੇਲਾ ਅੰਤਮ ਰਿਹਾ ਢੁਕ, ਨਾ ਕੋਈ ਮੇਟ ਮਿਟਾਇੰਦਾ । ਕਾਇਆ ਬੂਟਾ ਜਾਣਾ ਸੁੱਕ, ਅੰਮ੍ਰਿਤ ਸਿੰਚ ਨਾ ਹਰਿਆ ਕੋਈ ਕਰਾਇੰਦਾ । ਸਤਿਜੁਗ ਸਾਚਾ ਧਰਤ ਮਾਤ ਦੀ ਧਰੇ ਕੁੱਖ, ਪੂਤ ਸਪੂਤਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਤਿਜੁਗ ਵੇਖ ਵਖਾਇੰਦਾ । ਕਲਜੁਗ ਅੰਤਮ ਰਿਹਾ ਵਿਚਾਰ, ਵੇਲਾ ਅੰਤਮ ਆਇਆ । ਸਤਿਜੁਗ ਸਾਚਾ ਹੋ ਤਿਆਰ, ਲੋਕਮਾਤ ਲਏ ਅੰਗੜਾਇਆ । ਖੇਲੇ ਖੇਲ ਹਰਿ ਕਰਤਾਰ, ਆਪ ਆਪਣੀ ਖੇਲ ਖਿਲਾਇਆ । ਕਲਜੁਗ ਰੋਵੇ ਧਾਹਾਂ ਮਾਰ, ਸੰਗ ਮੁਹੰਮਦ ਨਾਲ ਰਲਾਇਆ । ਸਤਿਜੁਗ ਸਾਚਾ ਬਲ ਰਿਹਾ ਧਾਰ, ਆਪਣੀ ਭੁਜਾ ਵੇਖ ਵਖਾਇਆ । ਕਰੇ ਕਰਾਏ ਕਰਣਹਾਰ, ਕਰਤਾ ਪੁਰਖ ਰਿਹਾ ਕਰਾਇਆ । ਕਲਜੁਗ ਜੂਠਾ ਝੂਠਾ ਬੰਨ੍ਹਿਆ ਭਾਰ, ਸਿਰ ਆਪਣੇ ਰਿਹਾ ਉਠਾਇਆ । ਸਤਿਜੁਗ ਤੁਠਾ ਵਿਚ ਸੰਸਾਰ, ਲੋਕਮਾਤ ਰਾਹ ਤਕਾਇਆ । ਪਾਰਬ੍ਰਹਮ ਪ੍ਰਭ ਏਕਾ ਰੁਠਾ, ਲੱਖ ਚੁਰਾਸੀ ਦਏ ਸਜਾਇਆ । ਕਲਜੁਗ ਖਾਲੀ ਦਿਸੇ ਠੂਠਾ, ਨਾਮ ਵਸਤ ਨਾ ਕੋਈ ਵਖਾਇਆ । ਰਾਏ ਧਰਮ ਫੜ ਫੜ ਟੰਗੇ ਪੁਠਾ, ਵੇਲੇ ਅੰਤਮ ਦਏ ਸਜਾਇਆ । ਲੁਕਿਆ ਕੋਈ ਨਾ ਰਹੇ ਗੁਠਾ, ਨਾ ਕੋਈ ਧੀਰ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਿਚੋਲਾ ਆਪਣਾ ਆਪ ਉਠਾਇਆ । ਸਤਿਜੁਗ ਸਾਚੇ ਸਚ ਸਲਾਹ, ਹਰਿ ਸ਼ਬਦੀ ਆਪ ਜਣਾਈਆ । ਲੋਕਮਾਤ ਬਣ ਮਲਾਹ, ਜਨ ਭਗਤਾਂ ਮੇਲ ਮਿਲਾਈਆ । ਏਕਾ ਦੇਵੇ ਸਾਚਾ ਨਾਂ, ਸੋਹੰ ਸ਼ਬਦ ਵੱਡੀ ਵਡਿਆਈਆ । ਧਰਤ ਮਾਤ ਸੁਹਾਏ ਤੇਰਾ ਸਾਚਾ

੨੧੦ ੦੭

ਥਾਂ, ਸਚ ਸੁੱਚ ਦਏ ਵਡਿਆਈਆ । ਗ਼ਰੀਬ ਨਿਮਾਣਿਆਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਰਾਜਿਆਂ ਰਾਣਿਆ ਦਏ ਖਪਾ, ਸੀਸ ਤਾਜ ਨਾ ਕੋਈ ਰਖਾਈਆ । ਖਾਣੀਆਂ ਬਾਣੀਆਂ ਦਏ ਮਿਟਾ, ਚਾਰ ਵਰਨ ਨਾ ਕੋਈ ਪੜ੍ਹਾਈਆ । ਜਾਣੀ ਜਾਣ ਆਪ ਅਖਵਾ, ਧੁਰ ਦੀ ਬਾਣ ਇਕ ਚਲਾਈਆ । ਨਿਹਕਲੰਕਾ ਜਾਮਾ ਪਾ, ਜੋਤੀ ਨੂਰ ਕਰੇ ਰੁਸ਼ਨਾਈਆ । ਗੁਰ ਗੋਬਿੰਦਾ ਸੰਗ ਰਲਾ, ਸਵਾਂਗੀ ਸਵਾਂਗ ਵਰਤਾਈਆ । ਅੰਗੀਕਾਰ ਆਪ ਕਰਾ, ਆਪਣੇ ਅੰਗ ਲਗਾਈਆ । ਨੰਗੀ ਕਟਾਰ ਰਿਹਾ ਚਮਕਾ, ਸ਼ਸਤਰ ਬਸਤਰ ਤਨ ਸਜਾਈਆ । ਚਿੱਟੇ ਅਸਵ ਆਸਣ ਪਾ, ਸੋਲਾਂ ਕਲੀਆਂ ਵੇਖ ਵਖਾਈਆ । ਚਰਨ ਰਕਾਬੇ ਦਏ ਟਿਕਾ, ਹਰਿ ਦਾਤਾ ਬੇਪਰਵਾਹੀਆ । ਮੁਖ ਨਕ਼ਾਬੀ ਪੜਦਾ ਦੇਵੇ ਲਾਹ, ਨੂਰੋ ਨੂਰ ਸਮਾਈਆ । ਦੋ ਦੋ ਆਬੀ ਵੇਖ ਵਖਾ, ਸ਼ਾਹ ਨਵਾਬਾ ਦਏ ਹਿਲਾਈਆ । ਹੱਕ ਨਵਾਬਾ ਏਕਾ ਡੰਕ ਵਜਾ, ਮੱਕਾ ਕਾਅਬਾ ਵੇਖ ਵਖਾਈਆ । ਅਗੈਬ ਅਗੈਬਾ ਆਪ ਅਖਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਸੰਗ ਨਿਭਾਈਆ । ਕਲਜੁਗ ਕੂੜਾ ਕੂੜ ਪਸਾਰਾ, ਹਰਿ ਸਾਚਾ ਮੇਟ ਮਿਟਾਇੰਦਾ । ਸੰਮਤ ਪੰਦਰਾਂ ਕਰ ਪਿਆਰਾ, ਨੌਂ ਖੰਡ ਵੇਖ ਵਖਾਇੰਦਾ । ਖੇਲੇ ਖੇਲ ਹਰਿ ਨਿਰੰਕਾਰਾ, ਦੂਈ ਦਵੈਤੀ ਕੰਧ ਹਟਾਇੰਦਾ । ਸ੍ਰਿਸ਼ਟ ਸਬਾਈ ਦੋ ਦੋ ਫਾੜਾ, ਆਪੇ ਆਪ ਕਰਾਇੰਦਾ । ਖੇਲੇ ਖੇਲ ਸਤਾਰਾਂ ਹਾੜਾ, ਲੇਖਾ ਲੇਖ ਨਾ ਕੋਈ ਜਣਾਇੰਦਾ । ਜਾ ਜਾ ਵੇਖੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਮਨਮੁਖ ਜੀਵਾਂ ਅੱਗ ਲਗਾਏ ਬਹੱਤਰ ਨਾੜਾ, ਹਾਡੀ ਤਨ ਜਲਾਇੰਦਾ । ਸ੍ਰਿਸ਼ਟ ਸਬਾਈ ਤੇਰਾ ਇਕ ਅਖਾੜਾ, ਪ੍ਰਭ ਸਾਚਾ ਆਪ ਲਗਾਇੰਦਾ । ਸ਼ਬਦ ਅਗੰਮੀ ਉਠੇ ਧਾੜਾ, ਹਰਿ ਧਾੜਵੀ ਆਪ ਹੋ ਜਾਇੰਦਾ । ਸਾਚੇ ਘੋੜੇ ਚੜ੍ਹੇ ਧੁਰਦਰਗਾਹੀ ਏਕਾ ਲਾੜਾ, ਨੌਂ ਖੰਡ ਸਤ ਦੀਪ ਲੱਖ ਚੁਰਾਸੀ ਪੁਰੀਆਂ ਲੋਆਂ ਆਪ ਪਰਨਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਹਰਿ ਕੂੜੋ ਕੂੜ ਦਿਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚੋਲਾ ਏਕਾ ਏਕ ਰਖਾਇੰਦਾ । ਸ਼ਬਦ ਵਿਚੋਲਾ ਮਾਰੇ ਫੇਰੇ, ਕਲਜੁਗ ਆਪ ਉਠਾਇੰਦਾ । ਸਤਿਜੁਗ ਕਰੇ ਸਾਚੀ ਮਿਹਰੇ, ਮਿਹਰਵਾਨ ਦਇਆ ਕਮਾਇੰਦਾ । ਕਲਜੁਗ ਕੂੜਾ ਆਇਆ ਘੇਰੇ, ਸੰਗੀ ਸਾਥੀ ਨਾ ਕੋਈ ਛੁਡਾਇੰਦਾ । ਸਤਿਜੁਗ ਕਰੇ ਹੱਕ ਨਿਬੇੜੇ, ਹੱਕ ਹਕੀਕਤ ਵੇਖ ਵਖਾਇੰਦਾ । ਕਲਜੁਗ ਢਹਿ ਢਹਿ ਢੇਰੀ ਹੋਵਨ ਨਗਰ ਖੇੜੇ, ਮਹੱਲ ਅਟੱਲ ਨਾ ਕੋਈ ਵਖਾਇੰਦਾ । ਸਤਿਜੁਗ ਆਪਣੀ ਲੱਠ ਆਪੇ ਗੇੜੇ, ਗੇੜਾ ਆਪਣੇ ਹੱਥ ਰਖਾਇੰਦਾ । ਕਲਜੁਗ ਧਰਤ ਮਾਤ ਤੇਰੇ ਕਰਾਏ ਖੁਲ੍ਹੇ ਵੇਹੜੇ, ਚਾਰੋਂ ਕੁੰਟ ਵੇਖ ਵਖਾਇੰਦਾ । ਸਤਿਜੁਗ ਮੁਕਾਏ ਝੂਠੇ ਝੇੜੇ, ਸਚ ਸੁੱਚ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੰਮਤ ਪੰਦਰਾਂ ਵੀਹ ਸਦ ਸੰਗ ਰਖਾਇੰਦਾ । ਵੀਹ ਸਦ ਪੰਦਰਾਂ ਹੋ ਤਿਆਰ, ਹਰਿ ਸਾਚੀ ਬਣਤ ਬਣਾਇੰਦਾ । ਕਲਜੁਗ ਵੇਖੇ ਕੂੜ ਪਸਾਰ, ਵੇਖਣਹਾਰ ਦਿਸ ਨਾ ਆਇੰਦਾ । ਸਤਿਜੁਗ ਸਾਚੇ ਉਠ ਬਲਧਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਧਰਤ ਮਾਤ ਕਰੇ ਪੁਕਾਰ, ਧੀਰਨ ਧੀਰ ਨਾ ਕੋਈ ਧਰਾਇੰਦਾ । ਰਾਏ ਧਰਮ ਰਿਹਾ ਲਲਕਾਰ, ਅੰਤਮ ਵੇਖ ਵਖਾਇੰਦਾ । ਚਿਤਰ ਗੁਪਤ ਲੇਖ ਲਿਖਾਰ, ਆਪਣਾ ਖਾਤਾ ਫੋਲ ਫੁਲਾਇੰਦਾ । ਲਾੜੀ ਮੌਤ ਕਰ ਸ਼ਿੰਗਾਰ, ਹੱਥੀ ਮਹਿੰਦੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰਾ, ਸਤਿਜੁਗ ਸਾਚਾ ਲੋਕਮਾਤ ਦਏ ਧਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਕਲਜੁਗ ਤੇਰਾ

ਪਾਰ ਕਿਨਾਰਾ, ਸਤਿਜੁਗ ਜੋਤ ਜਗਾਈਆ । ਖੇਲੇ ਖੇਲ ਹਰਿ ਨਿਰੰਕਾਰਾ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਰੋਵੇ ਜ਼ਾਰੋ ਜ਼ਾਰਾ, ਸਤਿਜੁਗ ਖ਼ੁਸ਼ੀ ਮਨਾਈਆ । ਕਰਨੇਹਾਰ ਆਪ ਕਰਤਾਰਾ, ਆਪਣੇ ਹੱਥ ਰੱਖੀ ਵਡਿਆਈਆ । ਧਰਤ ਮਾਤ ਤੇਰਾ ਏਕਾ ਨਾਅਰਾ, ਦਰ ਸਾਚੇ ਕਰੇ ਜਣਾਈਆ । ਸਾਧਾਂ ਸੰਤਾਂ ਸੁਣ ਪੁਕਾਰਾ, ਹਰਿ ਸਾਚਾ ਵੇਖ ਵਖਾਈਆ । ਚਾਰੋਂ ਕੁੰਟ ਧੂੰਆਂਧਾਰਾ, ਰੈਣ ਅੰਧੇਰੀ ਛਾਈਆ । ਰਵ ਸਸ ਸੂਰਜ ਚੰਨ ਨਾ ਦੀਸੇ ਕੋਈ ਸਤਾਰਾ, ਸਚ ਸੁੱਚ ਨਾ ਕੋਈ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਵੀਹ ਸਦ ਪੰਦਰਾਂ, ਫੇਰਾ ਪਾਏ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰਾ, ਰਾਜ ਰਾਜਾਨ ਸ਼ਾਹ ਸੁਲਤਾਨ ਦਏ ਉਠਾਈਆ । ਸ੍ਰਿਸ਼ਟ ਸਬਾਈ ਆਪ ਜਗੌਣਾ, ਦੇਵੇ ਇਕ ਹੁਲਾਰਾ । ਨੌਂ ਖੰਡ ਪ੍ਰਿਥਮੀ ਏਕਾ ਦਰ ਸੁਹੌਣਾ, ਸੱਤਾਂ ਦੀਪਾਂ ਇਕ ਪਿਆਰਾ । ਜੀਵ ਜੰਤ ਸਰਬ ਕਰਲੌਣਾ, ਛੱਡਣਾ ਪਏ ਘਰ ਬਾਰਾ । ਗੁਰਮੁਖ ਵਿਰਲਾ ਪ੍ਰਭ ਗਲੇ ਲਗੌਣਾ, ਜਿਸ ਬਖ਼ਸ਼ੇ ਚਰਨ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕਰਮ ਕਮੌਣਾ, ਕਰਮ ਕਮਾਏ ਹਰਿ ਗੋਬਿੰਦ, ਹਰਿਜਨ ਲਏ ਤਰਾਈਆ । ਸ਼ਬਦੀ ਸ਼ਬਦ ਉਪਜਾਏ ਸਾਚੀ ਬਿੰਦਾ, ਸ਼ਬਦ ਸ਼ਬਦੀ ਜਨਮ ਦਵਾਈਆ । ਮਨਮੁਖ ਜੀਵ ਲਗਾਏ ਨਿੰਦਾ, ਭੇਵ ਅਭੇਦਾ ਕੋਈ ਨਾ ਪਾਈਆ । ਗੁਰ ਕਾ ਸ਼ਬਦ ਡੂੰਘਾ ਸਾਗਰ ਗਹਿਰ ਗੰਭੀਰ ਗੁਣੀ ਗਹਿੰਦਾ, ਨਾ ਕੋਈ ਵੇਖੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਦੇਵੇ ਨਾਮ ਵੱਡੀ ਵਡਿਆਈਆ ।



ਹਰਿ ਸਤਿਗੁਰ ਏਕਾ ਸੇਵੀਏ, ਪਾਰਬ੍ਰਹਮ ਕਰਤਾਰ । ਹਰਿ ਸਤਿਗੁਰ ਏਕਾ ਸੇਵੀਏ, ਆਦਿ ਪੁਰਖ ਅਪਾਰ । ਹਰਿ ਸਤਿਗੁਰ ਏਕਾ ਸੇਵੀਏ, ਨਿਰਗੁਣ ਜੋਤ ਅਕਾਰ । ਹਰਿ ਸਤਿਗੁਰ ਏਕਾ ਸੇਵੀਏ, ਅੰਤ ਨਾ ਪਾਰਾਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਸਾਰ । ਸਤਿਗੁਰ ਏਕਾ ਸੇਵੀਏ, ਦੇਵੇ ਸਾਚੀ ਵੱਥ । ਸਤਿਗੁਰ ਏਕਾ ਸੇਵੀਏ, ਜਗਤ ਵਿਕਾਰਾ ਦੇਵੇ ਮਥ । ਸਤਿਗੁਰ ਏਕਾ ਸੇਵੀਏ, ਪੰਚਮ ਪਾਏ ਨੱਥ । ਸਤਿਗੁਰ ਏਕਾ ਸੇਵੀਏ, ਕਰ ਦਰਸ ਸਗਲ ਵਿਸੂਰੇ ਜਾਇਣ ਲੱਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸ਼ਬਦ ਜਣਾਏ ਅਕਥ । ਸਤਿਗੁਰ ਪੂਰਾ ਜਾਣੀਏ, ਵਡ ਦਾਤਾ ਬੇਪਰਵਾਹ । ਸਤਿਗੁਰ ਪੂਰਾ ਜਾਣੀਏ, ਏਕਾ ਏਕ ਜਪਾਏ ਨਾਂ । ਸਤਿਗੁਰ ਪੂਰਾ ਜਾਣੀਏ, ਸਚ ਦਲਾਲਾ ਦੇਵੇ ਥਾਂ । ਸਤਿਗੁਰ ਪੂਰਾ ਜਾਣੀਏ, ਫੜ ਹੰਸ ਬਣਾਏ ਕਾਂ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਖਾਈ ਪਿਤਾ ਮਾਂ । ਸਤਿਗੁਰ ਪੂਰਾ ਜਾਣੀਏ, ਦੀਨਾ ਬੰਧਪ ਦੀਨ ਦਿਆਲਾ । ਸਤਿਗੁਰ ਪੂਰਾ ਜਾਣੀਏ, ਘਰ ਮੰਦਰ ਵਖਾਏ ਸੱਚੀ ਧਰਮਸਾਲਾ । ਸਤਿਗੁਰ ਪੂਰਾ ਜਾਣੀਏ, ਇਕ ਵਖਾਏ ਬੇਹੰਗਮ ਚਾਲਾ । ਸਤਿਗੁਰ ਪੂਰਾ ਸੇਵੀਏ, ਸਦਾ ਸਦਾ ਹੋਏ ਰਖਵਾਲਾ । ਸਤਿਗੁਰ ਪੂਰਾ ਸੇਵੀਏ, ਦੇਵੇ ਨਾਮ ਸੱਚਾ ਧਨ ਮਾਲਾ । ਸਤਿਗੁਰ ਪੂਰਾ ਸੇਵੀਏ, ਏਕਾ ਦੱਸੇ ਰਾਹ ਸੁਖਾਲਾ । ਸਤਿਗੁਰ ਪੂਰਾ ਸੇਵੀਏ, ਤੋੜਨਹਾਰ ਜਗਤ ਜੰਜਾਲਾ । ਸਤਿਗੁਰ ਪੂਰਾ ਸੇਵੀਏ, ਨੇੜ ਨਾ ਆਏ ਕਾਲ ਮਹਾਂਕਾਲਾ । ਸਤਿਗੁਰ ਪੂਰਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਦੋਸ਼ਾਲਾ । ਸਤਿਗੁਰ ਪੂਰਾ ਸੇਵੀਏ, ਸਰਬ ਕਲਾ ਭਰਪੂਰ । ਸਤਿਗੁਰ ਪੂਰਾ ਜਾਣੀਏ,

ਅੱਠੇ ਪਹਿਰ ਹਾਜ਼ਰ ਹਜ਼ੂਰ । ਸਤਿਗੁਰ ਪੂਰਾ ਜਾਣੀਏ, ਨਾ ਨੇੜੇ ਨਾ ਦੂਰ । ਸਤਿਗੁਰ ਪੂਰਾ ਜਾਣੀਏ, ਨਾਤਾ ਤੋੜੇ ਕੂੜੋ ਕੂੜ । ਸਤਿਗੁਰ ਪੂਰਾ ਜਾਣੀਏ, ਬਖ਼ਸ਼ੇ ਚਰਨ ਸਾਚੀ ਧੂੜ । ਸਤਿਗੁਰ ਪੂਰਾ ਜਾਣੀਏ, ਚਤੁਰ ਸੁਘੜ ਬਣਾਏ ਮੂਰਖ ਮੂੜ੍ਹ । ਸਤਿਗੁਰ ਪੂਰਾ ਜਾਣੀਏ, ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਸੂਰ । ਸਤਿਗੁਰ ਪੂਰਾ ਜਾਣੀਏ, ਸਾਚੀ ਸਿਫ਼ਤ ਸਲਾਹ । ਸਤਿਗੁਰ ਪੂਰਾ ਜਾਣੀਏ, ਆਪਣੇ ਧੰਦੇ ਦੇਵੇ ਲਾ । ਸਤਿਗੁਰ ਪੂਰਾ ਜਾਣੀਏ, ਪਾਪੀ ਗੰਦੇ ਲਏ ਤਰਾ । ਸਤਿਗੁਰ ਪੂਰਾ ਜਾਣੀਏ, ਹਉਮੇ ਹੰਗਤਾ ਦਏ ਮਿਟਾ । ਸਤਿਗੁਰ ਪੂਰਾ ਜਾਣੀਏ, ਸਾਚੀ ਸੰਗਤਾ ਲਏ ਮਿਲਾ । ਸਤਿਗੁਰ ਪੂਰਾ ਜਾਣੀਏ, ਖਾਲੀ ਮੰਗਤਾ ਕੋਈ ਜਾਏ ਨਾ । ਸਤਿਗੁਰ ਪੂਰਾ ਜਾਣੀਏ, ਗੁਰਸਿਖ ਅੰਗਦਾ ਲਏ ਲਗਾ । ਸਤਿਗੁਰ ਪੂਰਾ ਜਾਣੀਏ, ਮਾਨਸ ਜਨਮ ਨਾ ਹੋਏ ਭੰਗਤਾ ਭਰਮਾਂ ਗੜ੍ਹ ਦਏ ਤੁੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾ । ਸਤਿਗੁਰ ਪੂਰਾ ਜਾਣੀਏ, ਸਾਜਨ ਹਰਿ ਗੋਬਿੰਦ । ਸਤਿਗੁਰ ਪੂਰਾ ਜਾਣੀਏ, ਵਡ ਦਾਤਾ ਗੁਣੀ ਗਹਿੰਦ । ਸਤਿਗੁਰ ਪੂਰਾ ਜਾਣੀਏ, ਸਦਾ ਸਦਾ ਬਖ਼ਸ਼ਿੰਦ । ਸਤਿਗੁਰ ਪੂਰਾ ਜਾਣੀਏ, ਮਿਟਾਏ ਸਗਲੀ ਚਿੰਦ । ਸਤਿਗੁਰ ਪੂਰਾ ਜਾਣੀਏ, ਮਾਣ ਗਵਾਏ ਕਰੋੜ ਤੇਤੀਸਾ ਇੰਦ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਉਪਜਾਏ ਸਾਚੀ ਬਿੰਦ । ਸਤਿਗੁਰ ਪੂਰਾ ਜਾਣੀਏ, ਦੋ ਜਹਾਨਾਂ ਵਾਲੀ । ਸਤਿਗੁਰ ਪੂਰਾ ਜਾਣੀਏ, ਧੁਰਦਰਗਾਹੀ ਸਾਚਾ ਮਾਲੀ । ਸਤਿਗੁਰ ਪੂਰਾ ਜਾਣੀਏ, ਫਲ ਲਗਾਏ ਕਾਇਆ ਡਾਲ੍ਹੀ । ਸਤਿਗੁਰ ਸਾਚਾ ਜਾਣੀਏ, ਦੋ ਜਹਾਨ ਕਰੇ ਰਖਵਾਲੀ । ਸਤਿਗੁਰ ਸਾਚਾ ਸੇਵੀਏ, ਦੇਵੇ ਨਾਮ ਸਚ ਦਲਾਲੀ । ਸਤਿਗੁਰ ਸਾਚਾ ਸੇਵੀਏ, ਆਦਿ ਅੰਤ ਨਾ ਹੋਇਆ ਖਾਲੀ । ਸਤਿਗੁਰ ਸਾਚਾ ਸੇਵੀਏ, ਜੁਗ ਜੁਗ ਚਲੇ ਅਵੱਲੜੀ ਚਾਲੀ । ਸਤਿਗੁਰ ਸਾਚਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਜੋਤ ਧਰ ਕਰ, ਜੋਤ ਜਗਾਏ ਇਕ ਅਕਾਲੀ । ਸਤਿਗੁਰ ਸਾਚਾ ਸੇਵੀਏ, ਪਰਮ ਪੁਰਖ ਅਕਾਲ । ਸਤਿਗੁਰ ਸਾਚਾ ਸੇਵੀਏ, ਦੀਨਾਂ ਨਾਥ ਦੀਨ ਦਿਆਲ । ਸਤਿਗੁਰ ਸਾਚਾ ਸੇਵੀਏ, ਸਾਚਾ ਘਰ ਘਰ ਵਿਚ ਦਏ ਵਖਾਲ । ਸਤਿਗੁਰ ਸਾਚਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਉਪਜਾਏ ਸਾਚੇ ਲਾਲ । ਸਤਿਗੁਰ ਸਾਚਾ ਸੇਵੀਏ, ਬਣੇ ਧੁਰ ਸੰਜੋਗ । ਸਤਿਗੁਰ ਸਾਚਾ ਸੇਵੀਏ, ਆਤਮ ਰਸ ਚੁਗਾਏ ਸਾਚੀ ਚੋਗ । ਸਤਿਗੁਰ ਸਾਚਾ ਸੇਵੀਏ, ਇਕ ਕਰਾਏ ਨਿਰਮਲ ਭੋਗ । ਸਤਿਗੁਰ ਸਾਚਾ ਸੇਵੀਏ, ਸੋ ਪੁਰਖ ਨਿਰੰਜਣ ਚਰਨ ਪ੍ਰੀਤੀ ਦੇਵੇ ਸਾਚਾ ਜੋਗ । ਸਤਿਗੁਰ ਸਾਚਾ ਸੇਵੀਏ, ਹਉਮੇ ਹੰਗਤਾ ਦੂਈ ਦਵੈਤੀ ਕੱਢੇ ਰੋਗ । ਸਤਿਗੁਰ ਸਾਚਾ ਸੇਵੀਏ, ਦੇਵੇ ਦਰਸ ਅਮੋਘ । ਸਤਿਗੁਰ ਸਾਚਾ ਸੇਵੀਏ, ਆਤਮ ਰਸ ਜੁਗਾਏ ਸਾਚੀ ਚੋਗ । ਸਤਿਗੁਰ ਸਾਚਾ ਸੇਵੀਏ, ਪਾਰ ਕਰਾਏ ਤੀਨਾ ਲੋਕ । ਸਤਿਗੁਰ ਸਾਚਾ ਸੇਵੀਏ, ਏਕਾ ਬਖ਼ਸ਼ੇ ਸਾਚੀ ਮੋਖ । ਸਤਿਗੁਰ ਸਾਚਾ ਸੇਵੀਏ, ਅੱਠੇ ਪਹਿਰ ਨਾ ਵਿਆਪੇ ਹਰਖ਼ ਸੋਗ । ਸਤਿਗੁਰ ਸਾਚਾ ਸੇਵੀਏ, ਇਕ ਸੁਣਾਏ ਸੁਹਾਗੀ ਸਾਚਾ ਸਚ ਸਲੋਕ । ਸਤਿਗੁਰ ਸਾਚਾ ਸੇਵੀਏ, ਪਾਰ ਕਰਾਏ ਕੋਟੀ ਕੋਟ । ਸਤਿਗੁਰ ਸਾਚਾ ਸੇਵੀਏ, ਤਨ ਨਗਾਰੇ ਲਾਏ ਸ਼ਬਦ ਚੋਟ । ਸਤਿਗੁਰ ਸਾਚਾ ਸੇਵੀਏ, ਮਾਇਆ ਮਮਤਾ ਕੱਢੇ ਖੋਟ । ਸਤਿਗੁਰ ਸਾਚਾ ਸੇਵੀਏ, ਗੁਰਮੁਖ ਉਠਾਏ ਆਲਣਿਉਂ ਡਿਗੇ ਬੋਟ । ਸਤਿਗੁਰ ਸਾਚਾ ਸੇਵੀਏ, ਦੇਵੇ ਨਾਮ ਭੰਡਾਰਾ ਅਤੋਟ । ਸਤਿਗੁਰ ਸਾਚਾ ਸੇਵੀਏ, ਕਰ ਦਰਸ ਲੱਖ ਚੁਰਾਸੀ ਜਾਏ ਛੂਟ । ਸਤਿਗੁਰ ਸਾਚਾ ਸੇਵੀਏ,

ਪੰਚਾਂ ਚੋਰਾਂ ਕੱਢੇ ਕੁਟ । ਸਤਿਗੁਰ ਸਾਚਾ ਸੇਵੀਏ, ਠੱਗ ਚੋਰ ਯਾਰ ਕੋਇ ਨਾ ਸਕੇ ਲੁਟ । ਸਤਿਗੁਰ ਸਾਚਾ ਸੇਵੀਏ, ਫੜ ਬਾਂਹੋਂ ਆਪ ਮਨਾਏ ਜੋ ਜੁਗ ਜੁਗ ਬੈਠੇ ਰੁਠ । ਸਤਿਗੁਰ ਸਾਚਾ ਸੇਵੀਏ, ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਆਪੇ ਜਾਏ ਤੁਠ । ਸਤਿਗੁਰ ਸਾਚਾ ਸੇਵੀਏ, ਨਾਤਾ ਤੋੜੇ ਜੂਠ ਝੂਠ । ਸਤਿਗੁਰ ਸਾਚਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਾਹਾ ਲੁੱਟ । ਸਤਿਗੁਰ ਸਾਚਾ ਸੇਵੀਏ, ਪਾਰਬ੍ਰਹਮ ਅਚੁੱਤ । ਸਤਿਗੁਰ ਪੂਰਾ ਸੇਵੀਏ, ਇਕ ਸੁਹਾਈ ਸਾਚੀ ਰੁੱਤ । ਸਤਿਗੁਰ ਸਾਚਾ ਸੇਵੀਏ, ਕਰੇ ਪਰਕਾਸ਼ ਮਾਟੀ ਬੁੱਤ । ਸਤਿਗੁਰ ਸਾਚਾ ਸੇਵੀਏ, ਗੁਰਸਿਖ ਬਣਾਏ ਸਾਚੇ ਸੁਤ । ਸਤਿਗੁਰ ਸਾਚਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਇਕ ਲਗਾਏ ਸਾਚੀ ਚੋਟ । ਸਤਿਗੁਰ ਪੂਰਾ ਸੇਵੀਏ, ਪਾਰਬ੍ਰਹਮ ਬੇਅੰਤ । ਸਤਿਗੁਰ ਪੂਰਾ ਸੇਵੀਏ, ਮੇਲ ਮਿਲਾਏ ਸਾਚੇ ਕੰਤ । ਸਤਿਗੁਰ ਸਾਚਾ ਸੇਵੀਏ, ਸਾਚੀ ਸੇਜ ਸੁਹਾਏ ਨਾਰੀ ਕੰਤ । ਸਤਿਗੁਰ ਸਾਚਾ ਸੇਵੀਏ, ਨਾਮ ਜਪਾਏ ਮਣੀਆ ਮੰਤ । ਸਤਿਗੁਰ ਸਾਚਾ ਸੇਵੀਏ, ਜੁਗ ਜੁਗ ਮਹਿਮਾ ਗਣਤ ਅਗਣਤ । ਸਤਿਗੁਰ ਸਾਚਾ ਸੇਵੀਏ, ਇਕ ਵਖਾਏ ਰੁੱਤ ਬਸੰਤ । ਸਤਿਗੁਰ ਸਾਚਾ ਸੇਵੀਏ, ਲੱਖ ਚੁਰਾਸੀ ਪਾਰ ਕਰਾਏ ਜੀਵ ਜੰਤ । ਸਤਿਗੁਰ ਸਾਚਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਦਿ ਅੰਤ । ਸਤਿਗੁਰ ਸਾਚਾ ਸੇਵੀਏ, ਵਡ ਵਡ ਸਾਗਰ ਸਿੰਧ । ਸਤਿਗੁਰ ਸਾਚਾ ਸੇਵੀਏ, ਵਡ ਦਾਤਾ ਗੁਣੀ ਗਹਿੰਦ । ਸਤਿਗੁਰ ਸਾਚਾ ਸੇਵੀਏ, ਸ਼ਬਦੀ ਸ਼ਬਦ ਮਰਗਿੰਦ । ਸਤਿਗੁਰ ਸਾਚਾ ਸੇਵੀਏ, ਸੇਵਕ ਵੇਖੇ ਬ੍ਰਹਮਾ ਵਿਸ਼ਨ ਸ਼ਿਵ ਸੁਰਪਤ ਰਾਜਾ ਇੰਦ । ਸਤਿਗੁਰ ਪੂਰਾ ਸੇਵੀਏ, ਨਾ ਮਰੇ ਨਾ ਜਨਮੇ ਹਰਖ਼ ਸੋਗ ਨਾ ਵਿਆਪੇ ਚਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਆਪ ਬਖ਼ਸ਼ਿੰਦ । ਸਤਿਗੁਰ ਪੂਰਾ ਸੇਵੀਏ, ਹਰਿ ਸਾਚਾ ਸ਼ਾਹੋ ਸ਼ਾਬਾਸ਼ । ਸਤਿਗੁਰ ਸਾਚਾ ਸੇਵੀਏ, ਪਾਰਬ੍ਰਹਮ ਪੁਰਖ ਅਬਿਨਾਸ਼ । ਸਤਿਗੁਰ ਪੂਰਾ ਸੇਵੀਏ, ਖੇਲੇ ਖੇਲ ਪ੍ਰਿਥਮੀ ਆਕਾਸ਼ । ਸਤਿਗੁਰ ਪੂਰਾ ਸੇਵੀਏ, ਹਰ ਘਟ ਅੰਦਰ ਰੱਖਿਆ ਵਾਸ । ਸਤਿਗੁਰ ਪੂਰਾ ਸੇਵੀਏ, ਲੇਖੇ ਲਾਏ ਸਵਾਸ ਸਵਾਸ । ਸਤਿਗੁਰ ਪੂਰਾ ਸੇਵੀਏ, ਸਰਬ ਗੁਣਾ ਗੁਣ ਤਾਸ । ਸਤਿਗੁਰ ਪੂਰਾ ਸੇਵੀਏ, ਲੇਖੇ ਲਾਏ ਨਾੜੀ ਹੱਡ ਤਨ ਰੱਤ ਮਾਸ । ਸਤਿਗੁਰ ਪੂਰਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਮੰਡਲ ਰਾਸ । ਸਤਿਗੁਰ ਪੂਰਾ ਸੇਵੀਏ, ਸ਼ਾਹੋ ਭੂਪ ਸੁਲਤਾਨਾ । ਸਤਿਗੁਰ ਪੂਰਾ ਸੇਵੀਏ, ਸਦਾ ਸਦ ਮਿਹਰਵਾਨਾ । ਸਤਿਗੁਰ ਪੂਰਾ ਸੇਵੀਏ, ਹਰਿਜਨ ਦੇਵੇ ਜੀਆ ਦਾਨਾ । ਸਤਿਗੁਰ ਪੂਰਾ ਸੇਵੀਏ, ਖੇਲੇ ਖੇਲ ਦੋ ਜਹਾਨਾ । ਸਤਿਗੁਰ ਪੂਰਾ ਸੇਵੀਏ, ਏਕਾ ਦੇਵੇ ਧੁਰ ਫ਼ਰਮਾਨਾ । ਸਤਿਗੁਰ ਪੂਰਾ ਸੇਵੀਏ, ਇਕ ਵਖਾਏ ਪਦ ਨਿਰਬਾਨਾ । ਸਤਿਗੁਰ ਪੂਰਾ ਸੇਵੀਏ, ਇਕ ਸੁਣਾਏ ਅਨਾਦੀ ਗਾਣਾ । ਸਤਿਗੁਰ ਪੂਰਾ ਸੇਵੀਏ, ਇਕ ਉਪਜਾਏ ਸਚ ਤਰਾਨਾ । ਸਤਿਗੁਰ ਪੂਰਾ ਸੇਵੀਏ, ਇਕ ਵਖਾਏ ਸਚ ਟਿਕਾਣਾ । ਸਤਿਗੁਰ ਪੂਰਾ ਸੇਵੀਏ, ਹਰਿਜਨ ਦੇਵੇ ਨਾਮ ਬਿਬਾਨਾ । ਸਤਿਗੁਰ ਪੂਰਾ ਸੇਵੀਏ, ਚੁੱਕੇ ਆਵਣ ਜਾਣਾ । ਸਤਿਗੁਰ ਪੂਰਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਨਿਸ਼ਾਨਾ । ਸਤਿਗੁਰ ਪੂਰਾ ਸੇਵੀਏ, ਹਰ ਘਟ ਜੋਤ ਜਗਾਏ । ਸਤਿਗੁਰ ਪੂਰਾ ਸੇਵੀਏ, ਹਰਿਜਨ ਸਾਚੇ ਵੇਖ ਵਖਾਏ । ਸਤਿਗੁਰ ਪੂਰਾ ਸੇਵੀਏ, ਮਨ ਤਨ ਹਰਿਆ ਦਏ ਕਰਾਏ । ਸਤਿਗੁਰ ਪੂਰਾ ਸੇਵੀਏ, ਡੰਕਾ ਡੌਰੂ ਇਕ ਵਜਾਏ । ਸਤਿਗੁਰ ਪੂਰਾ ਸੇਵੀਏ, ਰਾਓ

ਰੰਕਾਂ ਏਕਾ ਧਾਮ ਸੁਹਾਏ । ਸਤਿਗੁਰ ਪੂਰਾ ਸੇਵੀਏ, ਬਾਰ ਅੰਕਾ ਅੰਕ ਬਾਰ ਜੋਤ ਜਗਾਏ । ਸਤਿਗੁਰ ਪੂਰਾ ਸੇਵੀਏ, ਵਾਸੀ ਪੁਰੀ ਘਨਕਾ ਨਾਊਂ ਰਖਾਏ । ਸਤਿਗੁਰ ਪੂਰਾ ਸੇਵੀਏ, ਗੁਰਮੁਖ ਜਨ ਜਨਕਾ ਲਏ ਤਰਾਏ । ਸਤਿਗੁਰ ਪੂਰਾ ਸੇਵੀਏ, ਮਨ ਮਨਕਾ ਦਏ ਫਿਰਾਏ । ਸਤਿਗੁਰ ਪੂਰਾ ਸੇਵੀਏ, ਜੋਤੀ ਤਨਕਾ ਦਏ ਲਗਾਏ । ਸਤਿਗੁਰ ਪੂਰਾ ਸੇਵੀਏ, ਦੇ ਦਰਸ ਮਨ ਸ਼ੰਕਾ ਦਏ ਗਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਵੇਖ ਵਖਾਏ । ਸਤਿਗੁਰ ਪੂਰਾ ਸੇਵੀਏ, ਸਦਾ ਸਦਾ ਅਡੋਲ । ਸਤਿਗੁਰ ਪੂਰਾ ਸੇਵੀਏ, ਜੁਗ ਜੁਗ ਤੋਲਣਹਾਰਾ ਤੋਲ । ਸਤਿਗੁਰ ਪੂਰਾ ਸੇਵੀਏ, ਬਜਰ ਕਪਾਟੀ ਦੇਵੇ ਖੋਲ੍ਹ । ਸਤਿਗੁਰ ਪੂਰਾ ਸੇਵੀਏ, ਅਨਹਦ ਵਜਾਏ ਸਾਚਾ ਢੋਲ । ਸਤਿਗੁਰ ਪੂਰਾ ਸੇਵੀਏ, ਸੁਰਤ ਸਵਾਣੀ ਕਰੇ ਚੋਹਲ । ਸਤਿਗੁਰ ਪੂਰਾ ਸੇਵੀਏ, ਗੁਰਮੁਖ ਕਾਇਆ ਅੰਦਰ ਜਾਏ ਮੌਲ । ਸਤਿਗੁਰ ਪੂਰਾ ਸੇਵੀਏ, ਦੇਵੇ ਵਡਿਆਈ ਉਪਰ ਧੌਲ । ਸਤਿਗੁਰ ਪੂਰਾ ਸੇਵੀਏ, ਅੰਮ੍ਰਿਤ ਚੁਆਏ ਨਾਭ ਕਵਲ । ਸਤਿਗੁਰ ਪੂਰਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤੋਲ । ਸਤਿਗੁਰ ਪੂਰਾ ਜਾਣੀਏ, ਸਾਜਣ ਹਰਿ ਹਰਿ ਮੀਤ । ਸਤਿਗੁਰ ਪੂਰਾ ਜਾਣੀਏ, ਕਾਇਆ ਮੰਦਰ ਵਖਾਏ ਸਚ ਗੁਰੂਦਵਾਰਾ ਜਗਤ ਮਸੀਤ । ਸਤਿਗੁਰ ਪੂਰਾ ਜਾਣੀਏ, ਜੁਗ ਜੁਗ ਚਲੇ ਅਵੱਲੜੀ ਰੀਤ । ਸਤਿਗੁਰ ਪੂਰਾ ਜਾਣੀਏ, ਸਦ ਬੈਠਾ ਰਹੇ ਅਤੀਤ । ਸਤਿਗੁਰ ਪੂਰਾ ਜਾਣੀਏ, ਸ੍ਰਿਸ਼ਟ ਸਬਾਈ ਰਿਹਾ ਜੀਤ । ਸਤਿਗੁਰ ਪੂਰਾ ਜਾਣੀਏ, ਪੱਤਤ ਕਰੇ ਪੁਨੀਤ । ਸਤਿਗੁਰ ਪੂਰਾ ਜਾਣੀਏ, ਮਿਠਾ ਕਰੇ ਕੌੜਾ ਰੀਠ । ਸਤਿਗੁਰ ਪੂਰਾ ਜਾਣੀਏ, ਚਾੜ੍ਹੇ ਰੰਗ ਮਜੀਠ । ਸਤਿਗੁਰ ਪੂਰਾ ਜਾਣੀਏ, ਦੇਵੇ ਨਾਮ ਜਗਤ ਅਨਡੀਠ । ਸਤਿਗੁਰ ਪੂਰਾ ਜਾਣੀਏ, ਏਕਾ ਰੰਗ ਰੰਗਾਏ ਹਸਤ ਕੀਟ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਬਖ਼ਸ਼ੇ ਚਰਨ ਪ੍ਰੀਤ । ਸਤਿਗੁਰ ਸਾਚਾ ਸੇਵੀਏ, ਸਾਚਾ ਸਿਰਜਣਹਾਰ । ਸਤਿਗੁਰ ਸਾਚਾ ਸੇਵੀਏ, ਅੰਤ ਨਾ ਪਾਰਾਵਾਰ । ਸਤਿਗੁਰ ਸਾਚਾ ਸੇਵੀਏ, ਖੋਲ੍ਹੇ ਬੰਦ ਕਿਵਾੜ । ਸਤਿਗੁਰ ਸਾਚਾ ਸੇਵੀਏ, ਮੇਟ ਮਿਟਾਏ ਪੰਚਮ ਧਾੜ । ਸਤਿਗੁਰ ਸਾਚਾ ਸੇਵੀਏ, ਜੋਤ ਜਗਾਏ ਨਾੜ ਨਾੜ । ਸਤਿਗੁਰ ਸਾਚਾ ਸੇਵੀਏ, ਗੁਰ ਸ਼ਬਦ ਘੋੜੇ ਦੇਵੇ ਚਾੜ੍ਹ । ਸਤਿਗੁਰ ਸਾਚਾ ਸੇਵੀਏ, ਘਰ ਸਾਚੇ ਦੇਵੇ ਵਾੜ । ਸਤਿਗੁਰ ਸਾਚਾ ਸੇਵੀਏ, ਵਾ ਲੱਗੇ ਨਾ ਤੱਤੀ ਹਾੜ । ਸਤਿਗੁਰ ਸਾਚਾ ਸੇਵੀਏ, ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ । ਸਤਿਗੁਰ ਸਾਚਾ ਸੇਵੀਏ, ਇਕ ਵਖਾਏ ਧਰਮ ਅਖਾੜ । ਸਤਿਗੁਰ ਸਾਚਾ ਸੇਵੀਏ, ਕਰਮਾਂ ਰੋਗ ਦਏ ਨਿਵਾਰ । ਸਤਿਗੁਰ ਸਾਚਾ ਸੇਵੀਏ, ਸਾਚਾ ਸ਼ਾਹੋ ਬੇਐਬ ਪਰਵਰਦਿਗਾਰ । ਸਤਿਗੁਰ ਸਾਚਾ ਸੇਵੀਏ, ਦੇਵੇ ਦਰਸ ਅਗੰਮ ਅਪਾਰ । ਸਤਿਗੁਰ ਸਾਚਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਮੇਲਾ ਮੇਲ ਮਿਲਾਏ ਵਿਚ ਸੰਸਾਰ । ਸਤਿਗੁਰ ਪੂਰਾ ਸੇਵੀਏ, ਨਿਰਗੁਣ ਰੂਪ ਨਿਰੰਜਣ । ਸਤਿਗੁਰ ਪੂਰਾ ਸੇਵੀਏ, ਸਦਾ ਸਦਾ ਦਰਦ ਦੁੱਖ ਭੈ ਭੰਜਨ । ਸਤਿਗੁਰ ਪੂਰਾ ਸੇਵੀਏ, ਨੇਤਰ ਪਾਏ ਗਿਆਨ ਅੰਜਨ । ਸਤਿਗੁਰ ਪੂਰਾ ਸੇਵੀਏ, ਚਰਨ ਧੂੜ ਕਰਾਏ ਸਾਚਾ ਮਜਨ । ਸਤਿਗੁਰ ਪੂਰਾ ਸੇਵੀਏ, ਦੋ ਜਹਾਨੀ ਪੜਦੇ ਕੱਜਣ । ਸਤਿਗੁਰ ਪੂਰਾ ਸੇਵੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਸਾਚੇ ਸੱਜਣ ।

* ੧੫ ਫੱਗਣ ੨੦੧੪ ਬਿਕ੍ਰਮੀ ਦਰਸ਼ਨ ਸਿੰਘ ਦੇ ਘਰ ਮਕਾਨ ਨੰ੦ ੯੭੮੯ ਗਲੀ ਨੰ੦ ੭ ਪਹਾੜ ਗੰਜ ਦਿਲੀ ਦਰਬਾਰ ਵਿਚ *

ਕਰਨਹਾਰ ਸਮਰਥ, ਪੂਰਨ ਭਗਵੰਤਿਆ । ਜੁਗ ਜੁਗ ਚਲਾਏ ਆਪਣਾ ਰਥ, ਹਰਿਜਨ ਤਰਾਏ ਸਾਜਨ ਸੰਤਿਆ । ਸ਼ਬਦ ਜਣਾਈ ਨਾਮ ਅਕੱਥ, ਸੁਣੇ ਸੁਣਾਏ ਆਪ ਸੁਣੰਤਿਆ । ਜਗਤ ਵਿਕਾਰਾ ਦੇਵੇ ਮਥ, ਸਚ ਸੇਜ ਬਣਾਏ ਸਾਚੀ ਬਣਤਿਆ । ਹਰਿਜਨ ਰਾਖੇ ਦੇ ਕਰ ਹੱਥ, ਆਦਿ ਅੰਤ ਗੁਣਾ ਗੁਣਵੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲੰਤਿਆ । ਖੇਲਣਹਾਰ ਹਰਿ ਭਗਵਾਨਾ, ਅਕਲ ਕਲ ਅਖਵਾਇੰਦਾ । ਆਪੇ ਜਾਣੇ ਧੁਰ ਫ਼ਰਮਾਣਾ, ਆਪਣਾ ਆਪ ਸੁਣਾਇੰਦਾ । ਆਪੇ ਜਾਣੇ ਨਾਮ ਨਿਧਾਨਾ, ਆਪੇ ਵੇਖ ਵਖਾਇੰਦਾ । ਆਪ ਆਪਣੀ ਕਰੇ ਪਛਾਨਾ, ਆਪ ਆਪਣਾ ਵੇਖ ਵਖਾਇੰਦਾ । ਆਪ ਵਜਾਏ ਸ਼ਬਦ ਧੁਨ ਤਰਾਨਾ, ਆਪਣਾ ਆਪ ਸੁਣਾਇੰਦਾ । ਆਤਮ ਅੰਤਰ ਦੇਵੇ ਪੀਣਾ ਖਾਣਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਸਤਿ ਸੰਤੋਖੀ ਬੰਨੇ ਗਾਨਾ, ਧੀਰਜ ਧੀਰ ਧਰਾਇੰਦਾ । ਧਰਮ ਝੁਲਾਏ ਇਕ ਨਿਸ਼ਾਨਾ, ਸਤਿ ਪੁਰਖ ਆਪ ਝੁਲਾਇੰਦਾ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿ ਮੂਰਤ ਅਕਾਲ, ਹਰਿ ਹਰਿ ਸਮਾਇਆ । ਜੁਗ ਜੁਗ ਚਲੇ ਅਵੱਲੜੀ ਚਾਲ, ਜੁਗ ਜੁਗ ਆਪਣੇ ਹੱਥ ਰਖਾਇਆ । ਆਪ ਵਜਾਏ ਆਪਣਾ ਤਾਲ, ਅਨਾਦੀ ਧਾਰਾ ਇਕ ਵਖਾਇਆ । ਦੋ ਜਹਾਨੀ ਬਣ ਦਲਾਲ, ਧੁਰਦਰਗਾਹੀ ਵੇਸ ਵਟਾਇਆ । ਨਾਤਾ ਤੋੜ ਜਗਤ ਜੰਜਾਲ, ਜੋਤੀ ਜੋਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਰਾਮਾ ਨਾਮਾ ਭੇਖ ਵਟਾਇਆ । ਨਿਹਕਲੰਕ ਆਦਿ ਅਬਿਨਾਸ਼ਾ, ਪਰਮ ਪੁਰਖ ਸੁਲਤਾਨਾ । ਨਿਰਮਲ ਜੋਤੀ ਨੂਰ ਕਰੇ ਪਰਕਾਸ਼ਾ, ਖੇਲੇ ਖੇਲ ਦੋ ਜਹਾਨਾ । ਹਰ ਘਟ ਅੰਦਰ ਰੱਖੇ ਵਾਸਾ, ਭੇਵ ਅਭੇਦਾ ਭੇਵ ਛੁਪਾਨਾ । ਭਗਤ ਜਨਾਂ ਜਨ ਦਾਸੀ ਦਾਸਾ, ਸੇਵਕ ਸੇਵ ਕਮਾਨਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਲੋਆਂ ਪੁਰੀਆਂ ਵੇਖ ਵਖਾਨਾ । ਸਾਚੇ ਮੰਡਲ ਪਾਵੇ ਰਾਸਾ, ਸਤਿ ਸਰੂਪ ਸ੍ਰੀ ਭਗਵਾਨਾ । ਆਦਿ ਅੰਤ ਨਾ ਕਦੇ ਵਿਨਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣਾ ਭਾਣਾ । ਹਰਿ ਭਾਣਾ ਹਰਿ ਜਾਣਿਆ, ਹਰਿ ਹਰਿ ਰੂਪ ਸਮਾਏ । ਸ਼ਾਹੋ ਭੂਪ ਵਡ ਸੁਲਤਾਨਿਆ, ਰਾਜ ਰਾਜਾਨਾ ਆਪ ਅਖਵਾਏ । ਹੋਏ ਸਹਾਈ ਜਨ ਨਿਮਾਣਿਆ, ਗੜ੍ਹ ਹੰਕਾਰੀ ਦਏ ਤੁੜਾਏ । ਧਰਮ ਰਖਾਏ ਇਕ ਨਿਸ਼ਾਨਿਆ, ਸਤਿਜੁਗ ਸਾਚਾ ਰੰਗ ਚੜ੍ਹਾਏ । ਏਕਾ ਸ਼ਬਦ ਧੁਰ ਫ਼ਰਮਾਣਿਆ, ਰਾਗ ਰਾਗਨੀ ਰਹੇ ਗਾਏ । ਗੁਰਮੁਖ ਵੇਖੇ ਚਤੁਰ ਸੁਜਾਨਿਆ, ਆਤਮ ਅੰਤਰ ਖੋਜ ਖੁਜਾਏ । ਆਪੇ ਬਖ਼ਸ਼ਣਹਾਰ ਚਰਨ ਧਿਆਨਿਆ, ਹਉਮੇ ਹੰਗਤਾ ਰੋਗ ਜਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਸ਼ਬਦ ਵਜਾਏ । ਏਕਾ ਡੰਕਾ ਹਰਿ ਨਿਰੰਕਾਰ, ਹਰਿ ਆਪਣਾ ਆਪ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਮਾਤ ਪਤਾਲ ਅਕਾਸ਼ ਹਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰ, ਕਰੋੜ ਤੇਤੀਸਾ ਸੰਗ ਰਲਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਲੋਕਮਾਤ ਵੇਖ

੨੧੭ ੦੭

ਵਖਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਲਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਧਰਾਇੰਦਾ । ਨਿਹਕਲੰਕਾ ਹਰਿ ਬਨਵਾਰੀ, ਏਕਾ ਏਕ ਅਖਵਾਇੰਦਾ । ਨਿਰਮਲ ਜੋਤ ਕਰ ਉਜਿਆਰੀ, ਅੰਧ ਅੰਧੇਰ ਮਿਟਾਇੰਦਾ । ਸ਼ਬਦ ਖੰਡਾ ਤੇਜ਼ ਕਟਾਰੀ, ਆਪ ਆਪਣੇ ਹੱਥ ਉਠਾਇੰਦਾ । ਬਸਤਰ ਸ਼ਸਤਰ ਇਕ ਅਪਾਰੀ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਸਾਚੇ ਅਸਵ ਕਰ ਅਸਵਾਰੀ, ਸ਼ਬਦ ਸਿੰਘਾਸਣ ਆਸਣ ਲਾਇੰਦਾ । ਖੇਲੇ ਖੇਲ ਅਪਰ ਅਪਾਰੀ, ਖੇਲਣਹਾਰ ਦਿਸ ਨਾ ਆਇੰਦਾ । ਦਾਤਾ ਜੋਧਾ ਸੂਰ ਬਲੀ ਬਲਕਾਰੀ, ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਅਖਵਾਇੰਦਾ । ਨਿਹਕਲੰਕ ਨਰ ਨਰਾਇਣ ਦਰਦ ਦੁੱਖ ਭੈ ਭੰਜਨ, ਏਕਾ ਏਕੰਕਾਰਿਆ । ਜਨ ਭਗਤਾਂ ਮੇਲਾ ਸਾਚੇ ਸੱਜਣ, ਮਿਲੇ ਮੇਲ ਪੁਰਖ ਅਗੰਮ ਅਪਾਰਿਆ । ਇਕ ਚੜ੍ਹਾਏ ਨਾਮ ਜਹਾਜਨ, ਖੇਵਟ ਖੇਟ ਆਪ ਅਖਵਾ ਰਿਹਾ । ਜਨ ਹਰਿ ਰੱਖਣਹਾਰਾ ਲਾਜਨ, ਲਾਜਾਵੰਤ ਆਪ ਅਖਵਾ ਰਿਹਾ । ਕਲਜੁਗ ਅੰਤਮ ਰਚਿਆ ਕਾਜਨ, ਅਕਾਲ ਪੁਰਖ ਭੇਖ ਵਟਾ ਰਿਹਾ । ਪਰਗਟ ਜੋਤ ਦੇਸ ਮਾਝਨ, ਸੰਬਲ ਨਗਰੀ ਧਾਮ ਸੁਹਾ ਰਿਹਾ । ਸ਼ਬਦ ਅਗੰਮੀ ਮਾਰੇ ਵਾਜਨ, ਸੰਤ ਸੁਹੇਲੇ ਆਪ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਅਕਾਰ ਵਖਾ ਰਿਹਾ । ਇਕ ਅਕਾਰ ਏਕੰਕਾਰਾ, ਏਕਾ ਕਲ ਵਰਤਾਇੰਦਾ । ਏਕਾ ਰੂਪ ਅਗੰਮ ਅਪਾਰਾ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਵਰਨ ਗੋਤ ਹਰਿ ਵਸੇ ਬਾਹਰਾ, ਜ਼ਾਤ ਅਜ਼ਾਤ ਨਾ ਕੋਈ ਧਰਾਇੰਦਾ । ਬਸਤਰ ਸ਼ਸਤਰ ਨਾ ਤਨ ਸ਼ੰਗਾਰਾ, ਸੀਸ ਧੜ ਨਾ ਕੋਈ ਵਖਾਇੰਦਾ । ਚਤੁਰਭੁਜ ਖੇਲ ਅਪਾਰਾ, ਆਦਿ ਸ਼ਕਤ ਰੂਪ ਵਟਾਇੰਦਾ । ਵਿਸ਼ਨੂੰ ਵੰਸੀ ਕਰ ਪਿਆਰਾ, ਵਾਸ ਦੇਵ ਸਮਾਇੰਦਾ । ਓਅੰ ਸੋਹੰ ਮੇਲ ਅਪਾਰਾ, ਏਕਾ ਦੂਜਾ ਭੇਵ ਚੁਕਾਇੰਦਾ । ਤੀਜਾ ਲੋਇਣ ਇਕ ਉਘਾੜਾ, ਆਤਮ ਦਰਸੀ ਦਰਸ ਦਿਖਾਇੰਦਾ । ਧਰਮ ਵਖਾਏ ਸਚ ਅਖਾੜਾ, ਸਾਚੀ ਦਰਗਹਿ ਧਾਮ ਸੁਹਾਇੰਦਾ । ਜੋਤ ਜਗਾਏ ਬਹੱਤਰ ਨਾੜਾ, ਹਰਿਜਨ ਸਾਚੇ ਵੇਖ ਵਖਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਕੂੜੀ ਕਿਰਿਆ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗਾਏ ਹਰਿ ਅਕੇਲਾ, ਆਪਣੀ ਕਲ ਵਰਤਾਈਆ । ਆਪੇ ਗੁਰੂ ਆਪੇ ਚੇਲਾ, ਜੋਤੀ ਸ਼ਬਦੀ ਮੇਲ ਮਿਲਾਈਆ । ਭਗਤ ਜਨਾਂ ਹਰਿ ਸੱਜਣ ਸੁਹੇਲਾ, ਜੁਗ ਜੁਗ ਵੱਡੀ ਵਡਿਆਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਪੰਚਮ ਸਖੀਆਂ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਮੀਤ, ਆਪ ਆਪਣੇ ਅੰਗ ਲਗਾਈਆ । ਆਪ ਆਪਣੇ ਅੰਗ ਲਗਾ, ਹਰਿਜਨ ਭੇਵ ਖੁਲ੍ਹਾਇੰਦਾ । ਅਨਹਦ ਸਚ ਮਰਦੰਗ ਵਜਾ, ਤਾਲ ਤਲਵਾੜਾ ਇਕ ਵਖਾਇੰਦਾ । ਬਜਰ ਕਪਾਟੀ ਸਿਲਾ ਤੁੜਾ, ਦੂਈ ਦਵੈਤੀ ਕੁੰਡਾ ਲਾਹਿੰਦਾ । ਗੜ੍ਹ ਹੰਕਾਰੀ ਦਏ ਮਿਟਾ, ਨਾਮ ਖੰਡਾ ਇਕ ਵਖਾਇੰਦਾ । ਸਾਚੇ ਪੌੜੇ ਦਏ ਚੜ੍ਹਾ, ਹਰਿ ਭਗਤਾਂ ਖੋਜ ਖੋਜਾਇੰਦਾ । ਬ੍ਰਹਿਮਣ ਗੌੜੇ ਰੂਪ ਸਮਾ, ਪੂਤ ਸਪੂਤਾ ਆਪ ਅਖਵਾਇੰਦਾ । ਮਿਠਾ ਕੌੜਾ ਵੇਖ ਵਖਾ, ਹਰਿਜਨ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ,

ਨਿਰਗੁਣ ਖੇਲ ਖਿਲਾਇੰਦਾ । ਨਿਰਗੁਣ ਰੂਪ ਹਰਿ ਨਿਰੰਕਾਰਾ, ਸਰਗੁਣ ਮੇਲ ਮਿਲਾਇੰਦਾ । ਸਰਗੁਣ ਖੇਲ ਅਪਰ ਅਪਾਰਾ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਬੰਨੇ ਸਾਚੀ ਧਾਰਾ, ਸਰਗੁਣ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਨਿਰਗੁਣ ਰੂਪ ਹਰਿ ਅਬਿਨਾਸ਼, ਜੋਤੀ ਜੋਤ ਸਮਾਇੰਦਾ । ਸਰਗੁਣ ਵੇਖੇ ਖੇਲ ਤਮਾਸ਼, ਆਪ ਆਪਣੀ ਦਇਆ ਕਮਾਇੰਦਾ । ਨਿਰਗੁਣ ਥਿਰ ਘਰ ਪਾਏ ਰਾਸ, ਮੰਡਲ ਮੰਡਪ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਆਪ ਸੁਹਾਏ ਸਾਚਾ ਦਰ, ਦਰ ਦਵਾਰਾ ਆਪ ਅਖਵਾਇੰਦਾ । ਹਰਿਜਨ ਸੋਹੇ ਬੰਕ ਦਵਾਰ, ਹਰਿ ਸਾਚੇ ਆਪ ਸੁਹਾਇਆ । ਮਨਮੁਖ ਭੁੱਲੇ ਜੀਵ ਗਵਾਰ, ਮਾਇਆ ਮਮਤਾ ਪੜਦਾ ਪਾਇਆ । ਕਲਜੁਗ ਕੂੜਾ ਕੂੜ ਪਸਾਰਾ, ਕੂੜਾ ਡੰਕਾ ਰਿਹਾ ਵਜਾਇਆ । ਚਾਰੋਂ ਕੁੰਟ ਅੰਧ ਅੰਧਿਆਰਾ, ਦੀਪਕ ਗਿਆਨ ਨਾ ਕੋਇ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਮੂਰਖ ਮੂੜੇ ਮਨਮੁਖ ਜੀਵ ਮਾਇਆ ਧੰਦੇ ਆਪੇ ਲਾਇਆ । ਮੂਰਖ ਮੂੜ ਮੁਗਧ ਅੰਵਾਣਾ, ਹਰਿ ਹਰਿ ਭੇਵ ਨਾ ਜਾਣਿਆ । ਭਰਮੇ ਭੁੱਲੇ ਜੀਵ ਨਿਧਾਨਾ, ਹਉਮੇ ਹੰਗਤਾ ਰੋਗ ਵਧਾਣਿਆ । ਜੂਠ ਝੂਠ ਲੜ ਬੱਧਾ ਗਾਨਾ, ਸੰਗ ਰਖਾਏ ਪੰਜ ਸ਼ੈਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਹਰ ਘਟ ਆਪੇ ਜਾਣੀ ਜਾਣੀਆ । ਕਲਜੁਗ ਕੂੜਾ ਕੁੜਿਆਰਾ ਡੰਕ, ਚਾਰੋਂ ਕੁੰਟ ਵਜਾਇਆ । ਭਰਮ ਭੁਲਾਏ ਰਾਓ ਰੰਕ, ਰਾਜ ਰਾਜਾਨਾ ਭੇਵ ਨਾ ਰਾਇਆ । ਗੁਰਮੁਖ ਵਿਰਲਾ ਹਰਿਜਨ ਜਨਨੀ ਜਣਿਆ ਜਨਕ, ਹਰਿਜਨ ਸਾਚਾ ਵੇਖ ਵਖਾਇਆ । ਆਤਮ ਜੋਤੀ ਲਾਏ ਤਨਕ, ਆਪ ਆਪਣਾ ਮੇਲ ਮਿਲਾਇਆ । ਖੇਲੇ ਖੇਲ ਵਾਸੀ ਪੁਰੀ ਘਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਨਿਧਾਨ ਜੀਵ ਅਜਾਣ ਮਨਮਤ ਵੇਖ ਵਖਾਇਆ । ਮਨਮਤ ਜਗਤ ਜੁਗ ਰੀਤੀ, ਹਰਿ ਸਾਚੇ ਵੇਖ ਵਖਾਈਆ । ਵੇਖ ਵਖਾਏ ਦੇਹੁਰਾ ਮੰਦਰ ਮਸੀਤੀ, ਗੁਰਦਵਾਰਾ ਫੋਲ ਫੋਲਾਈਆ । ਗੁਰਮੁਖ ਵਿਰਲੇ ਮਾਨਸ ਦੇਹੀ ਜੀਤੀ, ਸਤਿ ਸੰਤੋਖ ਸਮਾਈਆ । ਸੁਰਤ ਸਵਾਣੀ ਰਹੇ ਅਤੀਤੀ, ਸ਼ਬਦ ਸੁਹਾਗੀ ਕੰਤ ਹੰਢਾਈਆ । ਅੰਮ੍ਰਿਤ ਆਤਮ ਮਦਿ ਸਾਚੀ ਪੀਤੀ, ਉਤਰ ਕਦੇ ਨਾ ਜਾਈਆ । ਏਕਾ ਰੰਗ ਰੰਗਾਏ ਹਸਤ ਕੀਟੀ, ਊਚ ਨੀਚ ਭੇਵ ਚੁਕਾਈਆ । ਕਾਇਆ ਚੋਲੀ ਰੰਗ ਚਾੜ੍ਹੇ ਮਜੀਠੀ, ਰੰਗਣਹਾਰ ਆਪ ਅਖਵਾਈਆ । ਕੂੜ ਕੁੜਿਆਰੀ ਕਾਇਆ ਕੌੜੀ ਰੀਠੀ, ਮਨਮੁਖ ਜੀਵਾਂ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਵੇਖੇ ਥਾਉਂ ਥਾਈਆ । ਹਰਿਜਨ ਵਸਿਆ ਸਚ ਦਵਾਰਾ, ਹਰਿ ਹਰਿ ਸਾਚਾ ਪਾਇਆ । ਭਰਮ ਭੁੱਲੇ ਜੀਵ ਗਵਾਰ, ਸਾਚਾ ਸੰਗ ਨਾ ਕੋਈ ਰਖਾਇਆ । ਦੋਹਾਂ ਮੇਲਾ ਅੰਤਮ ਵਾਰ, ਹਰਿ ਸਾਚਾ ਰਿਹਾ ਕਰਾਇਆ । ਮਨਮੁਖ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇਆ । ਸ੍ਰਿਸ਼ਟ ਸਬਾਈ ਗਈ ਹਾਰ, ਕਲਜੁਗ ਵੇਲਾ ਅੰਤਮ ਆਇਆ । ਸੰਮਤ ਸੰਮਤੀ ਹੋਏ ਖਵਾਰ, ਸਾਧ ਸੰਤ ਹੋਏ ਹਲਕਾਇਆ । ਦਰੋਹੀ ਖ਼ੁਦਾਏ ਚਾਰ ਯਾਰ, ਪੀਰ ਦਸਤਗੀਰ ਨਾ ਕੋਈ ਸੁਹਾਇਆ । ਪੰਡਤ ਪਾਂਧੇ ਰਹੇ ਵਿਚਾਰ, ਗਿਆਨ

ਧਿਆਨ ਨਾ ਕੋਈ ਜਣਾਇਆ । ਗ੍ਰੰਥੀ ਪੰਥੀ ਵੇਖ ਵਿਚਾਰ, ਵੇਖਣਹਾਰ ਦਿਸ ਨਾ ਆਇਆ । ਅੰਤਮ ਕਲ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਵੇਦ ਵਿਆਸਾ ਵੇਖ ਵਖਾਇਆ । ਨਾਨਕ ਗੋਬਿੰਦ ਕਰ ਪਿਆਰ, ਸੰਬਲ ਨਗਰੀ ਰਾਹ ਤਕਾਇਆ । ਉਚ ਮਹੱਲ ਅਟੱਲ ਮਿਨਾਰ, ਅਗੰਮ ਅਥਾਹ ਬੇਪਰਵਾਹ ਆਪਣਾ ਧਾਮ ਸੁਹਾਇਆ । ਨਿਰਮਲ ਜੋਤੀ ਕਰ ਉਜਿਆਰ, ਜੋਤੀ ਜੋਤ ਡਗਮਗਾਇਆ । ਸ਼ਬਦੀ ਸ਼ਬਦ ਕਰ ਜੈਕਾਰ, ਏਕਾ ਨਾਅਰਾ ਲਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਸ੍ਰਿਸ਼ਟ ਸਬਾਈ ਰਿਹਾ ਜਗਾਇਆ । ਵੰਡੇ ਵੰਡ ਹਰਿ ਨਿਰੰਕਾਰ, ਆਪ ਆਪਣੀ ਵੰਡ ਵੰਡਾਇਆ । ਸੰਮਤ ਚੌਦਾਂ ਹਰਿਜਨ ਸਾਚੇ ਲਏ ਉਭਾਰ, ਨਾਤਾ ਬਿਧਾਤਾ ਇਕ ਬੰਧਾਇਆ । ਸੰਮਤ ਪੰਦਰਾਂ ਕਰੇ ਖਵਾਰ, ਮਨਮੁਖ ਜੀਵ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਇਆ ।

ਸਤਿਗੁਰ ਸਾਜਨ ਮੀਤ, ਏਕਾ ਏਕ ਅਖਵਾਇੰਦਾ । ਹਰਿ ਸ਼ਬਦ ਸੁਣਾਏ ਸੁਹਾਗੀ ਗੀਤ, ਏਕ ਨਾਮ ਦ੍ਰਿੜਾਇੰਦਾ । ਚਰਨ ਕਵਲ ਬਖ਼ਸ਼ੇ ਸਚ ਪ੍ਰੀਤ, ਵਿਛੜ ਕਦੇ ਨਾ ਜਾਇੰਦਾ । ਕਾਇਆ ਮੰਦਰ ਅੰਦਰ ਵਖਾਏ ਦੇਹੁਰਾ ਸਚ ਮਸੀਤ, ਅੱਠੇ ਪਹਿਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੂਝ ਬੁਝਾਇੰਦਾ । ਹਰਿਜਨ ਸਾਚਾ ਮੀਤੜਾ, ਏਕਾ ਏਕੰਕਾਰ । ਕਾਇਆ ਚੋਲੀ ਰੰਗੇ ਚੀਥੜਾ, ਚਾੜ੍ਹੇ ਰੰਗ ਅਪਾਰ । ਮਿਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਧਾਰ । ਕਰੇ ਕਰਾਏ ਪੱਤਤ ਪੁਨੀਤੜਾ, ਦੇਵੇ ਨਾਮ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਸਤਿਗੁਰ ਪੂਰਾ ਸਚ ਘਰ, ਏਕਾ ਏਕ ਵਖਾਇੰਦਾ । ਆਪੇ ਖੋਲ੍ਹਣਹਾਰਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਆਪ ਚੁਕਾਏ ਪੰਚਮ ਡਰ, ਪੰਚਮ ਮੋਹ ਚੁਕਾਇੰਦਾ । ਗੁਰਮੁਖ ਸਾਚੇ ਲਏ ਵਰ, ਦਰ ਸਾਚੇ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਾਜਨ ਮੀਤਾ ਹਰਿ ਭਗਵਾਨ, ਪਾਰਬ੍ਰਹਮ ਅਖਵਾਇਆ । ਜਨ ਭਗਤਾਂ ਦੇਵੇ ਫ਼ਰਮਾਨ, ਆਪ ਆਪਣੀ ਸੇਵ ਕਮਾਇਆ । ਏਕਾ ਸ਼ਬਦ ਇਕ ਗਿਆਨ, ਇਕ ਧਿਆਨ ਰਖਾਇਆ । ਏਕਾ ਸ਼ਬਦ ਇਕ ਬਿਬਾਨ, ਏਕਾ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਸ਼ਬਦ ਸਲਾਹ, ਗੁਰ ਪੂਰੇ ਇਕ ਜਣਾਈਆ । ਸਤਿਗੁਰ ਪੂਰਾ ਬਣ ਮਲਾਹ, ਜਗ ਬੇੜਾ ਰਿਹਾ ਤਰਾਈਆ । ਏਕਾ ਵਸਤ ਝੋਲੀ ਪਾ, ਲਹਿਣਾ ਦੇਣਾ ਮੂਲ ਚੁਕਾਈਆ । ਨਾਮ ਗਹਿਣਾ ਤਨ ਸੁਹਾ, ਸੋਲਾਂ ਕਲੀਆਂ ਵੇਖ ਵਖਾਈਆ । ਸ਼ਬਦ ਸਿੰਘਾਸਣ ਸੇਜ ਵਿਛਾ, ਆਤਮ ਅੰਤਰ ਵੇਖ ਵਖਾਈਆ । ਨਿਰਮਲ ਜੋਤੀ ਜੋਤ ਜਗਾ, ਅੱਠੇ ਪਹਿਰ ਡਗਮਗਾਈਆ । ਧੁਨ ਅਨਾਦੀ ਇਕ ਸੁਣਾ, ਅਨਹਦ ਤਾਲ ਵਜਾਈਆ । ਅੰਮ੍ਰਿਤ ਆਤਮ ਜਾਮ ਪਿਆ, ਤ੍ਰਿਸਨਾ ਭੁੱਖ ਮਿਟਾਈਆ । ਸਾਂਤਕ ਸਤਿ ਦਏ ਵਰਤਾ, ਧੀਰਜ ਧੀਰ ਰਖਾਈਆ । ਕਾਗੋ ਹੰਸ ਦਏ ਬਣਾ, ਸੋਹੰ ਹੰਸਾ ਸਾਚੀ ਚੋਗ ਚੁਗਾਈਆ । ਏਕਾ ਧਾਮ ਰਿਹਾ ਸੁਹਾ, ਘਰ ਸਾਚਾ ਇਕ ਵਖਾਈਆ । ਥਿਰ ਘਰ ਬੈਠਾ ਬੇਪਰਵਾਹ, ਆਪ ਆਪਣੀ ਅਲਖ

ਜਗਾਈਆ । ਗੁਰਮੁਖ ਸਾਜਨ ਮੇਲ ਮਿਲਾ, ਏਕਾ ਦੂਜਾ ਭੇਵ ਚੁਕਾਈਆ । ਤੀਜਾ ਲੋਇਣ ਦਏ ਖੁਲ੍ਹਾ, ਚੌਥੇ ਪਦ ਸਮਾਈਆ । ਪੰਚਮ ਮੇਲਾ ਸਹਿਜ ਸੁਭਾ, ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੁਗ ਜੁਗ ਜੁਗ ਵਿਛੜੇ ਜਗ ਮੇਲ ਮਿਲਾਈਆ । ਹਰਿ ਸੱਜਣ ਹਰਿ ਮੇਲਿਆ, ਕਿਰਪਾ ਕਰ ਨਿਰੰਕਾਰ । ਆਪੇ ਹੋਏ ਸੱਜਣ ਸੁਹੇਲਿਆ, ਕਲਜੁਗ ਅੰਤਮ ਵਾਰ । ਗੁਰ ਗੋਬਿੰਦ ਗੁਰੂ ਗੁਰ ਚੇਲਿਆ, ਗੁਰ ਸ਼ਬਦੀ ਲਏ ਅਵਤਾਰ । ਅਚਰਜ ਖੇਲ ਆਪੇ ਖੇਲਿਆ, ਖੇਲਣਹਾਰ ਵਿਚ ਸੰਸਾਰ । ਆਪ ਵਸੇ ਰੰਗ ਨਵੇਲਿਆ, ਰੇਖ ਭੇਖ ਨਾ ਕੋਈ ਵਿਚਾਰ । ਜਨ ਭਗਤਾਂ ਲੱਖ ਚੁਰਾਸੀ ਧਰਮ ਰਾਏ ਦੀ ਕਟੇ ਜੇਲਿਆ, ਆਵਣ ਜਾਵਣ ਗੇੜ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਪਾਵੇ ਸਾਰ । ਹਰਿਜਨ ਸਾਚੀ ਸਾਰ, ਹਰਿ ਹਰਿ ਪਾਈਆ । ਕਲਜੁਗ ਅੰਤਮ ਲਏ ਅਵਤਾਰ, ਆਪਣੀ ਬੂਝ ਬੁਝਾਈਆ । ਲਹਿਣਾ ਦੇਣਾ ਪੂਰਬ ਦਏ ਨਿਵਾਰ, ਮਾਨਸ ਜਨਮ ਝੋਲੀ ਪਾਈਆ । ਨੇਤਰ ਨੈਣਾਂ ਦਰਸ ਅਪਾਰ, ਜੋਗ ਤਪ ਹਠ ਅਭਿਆਸ ਪੂਜਾ ਪਾਠ ਨਾ ਕੋਈ ਰਖਾਈਆ । ਫੜ ਫੜ ਬਾਂਹੋਂ ਲਾਏ ਪਾਰ, ਅਧਵਿਚਕਾਰ ਨਾ ਕੋਈ ਰਖਾਈਆ । ਹਰਿਸੰਗਤ ਮੇਲਾ ਹਰਿ ਦਵਾਰ, ਹਰਿ ਏਕਾ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਅਲਾਇਆ ਆਪੇ ਗਾਇਆ, ਸੁਣਨਹਾਰ ਆਪ ਅਖਵਾਈਆ । ਗਾਵਤ ਗਾਏ ਗੁਰ ਗੋਬਿੰਦਾ, ਗਹਿਰ ਗੰਭੀਰ ਸਮਾਇੰਦਾ । ਆਪੇ ਹੋਏ ਸਦਾ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰ ਆਪ ਅਖਵਾਇੰਦਾ । ਹਰਿਜਨ ਉਪਜਾਏ ਸਾਚੀ ਬਿੰਦਾ, ਪੂਤ ਸਪੂਤਾ ਆਪ ਅਖਵਾਇੰਦਾ । ਦਾਤਾ ਦਾਨੀ ਵਡ ਗੁਣੀ ਗਹਿੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਜਨ ਜਨਨੀ ਵੇਖ ਵਖਾਇੰਦਾ ।



## * ੧੬ ਫੱਗਣ ੨੦੧੪ ਬਿਕ੍ਰਮੀ ਕਰਤਾਰ ਸਿੰਘ ਦੇ ਘਰ ਦਿਲੀ ਸ਼ਹਿਰ *

ਪਾਰਬ੍ਰਹਮ ਹਰਿ ਬੇਅੰਤ, ਬੇਪਰਵਾਹ ਅਖਵਾਇਆ । ਜੁਗ ਜੁਗ ਉਧਾਰੇ ਸਾਚੇ ਸੰਤ, ਸ਼ਬਦ ਮਲਾਹ ਬਣਾਇਆ । ਮੇਲ ਮਿਲਾਏ ਨਾਰੀ ਕੰਤ, ਆਤਮ ਸੇਜਾ ਡੇਰਾ ਲਾਇਆ । ਇਕ ਸੁਹਾਏ ਰੁੱਤ ਬਸੰਤ, ਫਲ ਫੁਲਵਾੜੀ ਵੇਖ ਵਖਾਇਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇਆ । ਸਤਿ ਪੁਰਖ ਨਿਰੰਜਣ ਆਦਿ ਅੰਤ, ਆਪ ਆਪਣੀ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਪਾਰਬ੍ਰਹਮ ਪੁਰਖ ਅਬਿਨਾਸ਼, ਸ਼ਾਹ ਭੂਪ ਸੁਲਤਾਨਾ । ਖੇਲੇ ਖੇਲ ਪ੍ਰਿਥਮੀ ਅਕਾਸ਼, ਵੇਖ ਵਖਾਏ ਦੋ ਜਹਾਨਾ । ਸਾਚੇ ਮੰਡਲ ਸਾਚੀ ਰਾਸ, ਮੇਲ ਮਿਲਾਏ ਸ੍ਰੀ ਭਗਵਾਨਾ । ਹਰ ਘਟ ਰੱਖੇ ਆਪੇ ਵਾਸ, ਭੇਵ ਅਭੇਦਾ ਮੁਖ ਛੁਪਾਨਾ । ਜਨ ਭਗਤਾਂ ਜੁਗ ਜੁਗ ਹੋਏ ਦਾਸ, ਜੋਗ ਜੁਗਤ ਵੇਖ ਵਖਾਨਾ । ਆਦਿ ਅੰਤ ਨਾ ਹੋਏ ਵਿਨਾਸ, ਸਚ ਘਰ ਵਸੇ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਗੁਣ ਨਿਧਾਨਾ । ਪਾਰਬ੍ਰਹਮ ਪੁਰਖ ਅਗੰਮਾ, ਏਕਾ ਏਕ ਅਖਵਾਇਆ । ਨਾ ਮਰੇ ਨਾ ਕਦੇ ਜੰਮਾ, ਆਵਣ ਜਾਵਣ ਖੇਲ ਰਚਾਇਆ । ਪਵਣ ਸਵਾਸੀ ਨਾ ਕੋਈ ਦਮਾ, ਨੇਤਰ ਨੈਣ ਨਾ ਵੇਖ ਵਖਾਇਆ । ਹੱਡ ਮਾਸ ਨਾੜੀ ਨਾ ਕੋਈ ਚੰਮਾ, ਪੰਜ ਤਤ ਨਾ ਮੇਲ ਮਿਲਾਇਆ ।

ਆਦਿ ਸ਼ਕਤ ਜੋਤ ਨਿਰੰਜਣ ਆਪੇ ਜਾਣੇ ਆਪਣਾ ਕੰਮਾ, ਭੇਖਾਧਾਰੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਰਮੀ ਕਰਮ ਕਮਾਇਆ । ਪਾਰਬ੍ਰਹਮ ਹਰਿ ਸੁਲਤਾਨ, ਸਾਚਾ ਧਾਮ ਸੁਹਾਇੰਦਾ । ਪਰਮ ਪੁਰਖ ਹਰਿ ਮਿਹਰਵਾਨ, ਏਕਾ ਨਾਮ ਜਣਾਇੰਦਾ । ਸ਼ਬਦ ਸ਼ਬਦੀ ਧੁਰ ਨਿਸ਼ਾਨ, ਏਕਾ ਏਕ ਝੁਲਾਇੰਦਾ । ਖੇਲੇ ਖੇਲ ਜੁਗ ਮਹਾਨ, ਜਗਤ ਵੇਸ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰਸਨਾ ਗਾਨ, ਸੇਵਕ ਸੇਵਾ ਲਾਇੰਦਾ । ਸੁਰ ਨਰ ਮੁਨ ਰਿਖ ਸਰਬ ਧਿਆਇਣ, ਮਾਰਗ ਇਕ ਵਖਾਇੰਦਾ । ਸਾਧ ਸੰਤ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੰਕ ਜਣਾਇੰਦਾ । ਪਾਰਬ੍ਰਹਮ ਪ੍ਰਭ ਸ਼ਾਹ ਸੁਲਤਾਨ, ਆਪਣਾ ਆਪ ਜਣਾਇਆ । ਸ਼ਬਦ ਵਜਾਏ ਸਾਚਾ ਡੰਕ, ਵਰਨ ਬਰਨਾਂ ਰਿਹਾ ਸੁਣਾਇਆ । ਗੁਰਮੁਖ ਉਧਾਰੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇਆ । ਪਰਗਟ ਹੋ ਵਾਸੀ ਪੁਰੀ ਘਨਕ, ਅਗੰਮ ਅਗੰਮੜਾ ਧਾਮ ਸੁਹਾਇਆ । ਖੇਲੇ ਖੇਲ ਬਾਰ ਅਨਕ, ਅਨਕ ਕਲ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਪਾਰਬ੍ਰਹਮ ਹਰਿ ਜੋਤ ਉਜਾਲਾ, ਜੋਤੀ ਜੋਤ ਸਮਾਇੰਦਾ । ਸ਼ਬਦ ਗੁਰ ਗੁਰ ਗੋਪਾਲਾ, ਵਰਨ ਗੋਤ ਨਾ ਕੋਈ ਰਖਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਪਾਰਬ੍ਰਹਮ ਹਰਿ ਨਾਂ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਖੇਲੇ ਖੇਲ ਅਪਰ ਅਪਾਰ, ਸਰਗੁਣ ਭੇਵ ਨਾ ਰਾਇਆ । ਸਤਿਜੁਗ ਤ੍ਰੇਤਾ ਬੰਨੇ ਧਾਰ, ਦੁਆਪਰ ਫੇਰਾ ਪਾਇਆ । ਸਾਧਾਂ ਸੰਤਾਂ ਲਏ ਉਭਾਰ, ਜੀਆਂ ਜੰਤਾਂ ਵੇਖ ਵਖਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਨਾਤਾ ਬਿਧਾਤਾ ਆਪ ਅਖਵਾਇਆ । ਹਰਿਜਨ ਮੇਲਾ ਕੰਤ ਭਤਾਰ, ਸੁਰਤ ਸਵਾਣੀ ਵੇਖ ਵਖਾਇਆ । ਤੋੜਨਹਾਰਾ ਗੜ੍ਹ ਹੰਕਾਰ, ਘੜਨ ਭੰਨਣਹਾਰ ਆਪ ਅਖਵਾਇਆ । ਇਕ ਸੁਹਾਏ ਬੰਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਕਾਇਆ ਮੰਦਰ ਅੰਦਰ ਮਹੱਲ ਅਟੱਲ ਉਚ ਮਿਨਾਰ, ਦਸਮ ਦਵਾਰੀ ਰਿਹਾ ਸੁਹਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਪੰਚਮ ਧਾੜ ਦਏ ਮਿਟਾਇਆ । ਜੋਤ ਜਗਾਏ ਬਹੱਤਰ ਨਾੜ, ਅਕਾਸ਼ ਅਕਾਸ਼ ਸਮਾਇਆ । ਆਪੇ ਹੋਇਆ ਪਿਛੇ ਅਗਾੜ, ਹਰਿਜਨ ਸਾਚੇ ਲਏ ਤਰਾਇਆ । ਗੁਰਮੁਖ ਸਾਜਨ ਸਾਚੇ ਲਾੜ, ਸਾਚੇ ਘੋੜੇ ਦਏ ਚੜ੍ਹਾਇਆ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹ, ਕਲਜੁਗ ਵੇਲਾ ਅੰਤਮ ਆਇਆ । ਨੌਂ ਖੰਡ ਪ੍ਰਿਥਮੀ ਇਕ ਅਖਾੜ, ਸੱਤਾਂ ਦੀਪਾਂ ਰਿਹਾ ਹਿਲਾਇਆ । ਮਨਮੁਖ ਜੀਵ ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੋਲ ਫੋਲਾਇਆ । ਤ੍ਰੈਗੁਣ ਮਾਇਆ ਰਹੀ ਸਾੜ, ਪੰਜ ਤਤ ਹੋਇਆ ਹਲਕਾਇਆ । ਮਨਮਤ ਵੇਖੇ ਇਕ ਅਖਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਪਾਰਬ੍ਰਹਮ ਪ੍ਰਭ ਸਾਜਨ ਮੀਤਾ, ਹਰਿ ਹਰਿ ਆਪ ਅਖਵਾਇੰਦਾ । ਆਪੇ ਰਾਮਾ ਆਪੇ ਸੀਤਾ, ਆਪੇ ਰਾਵਣ ਗੜ੍ਹ ਤੁੜਾਇੰਦਾ । ਆਪੇ ਅਰਜਨ ਆਪੇ ਗੀਤਾ, ਆਪੇ ਕ੍ਰਿਸ਼ਨਾ ਰੂਪ ਵਟਾਇੰਦਾ । ਆਪੇ ਦੇਹੁਰਾ ਮੰਦਰ ਮਸੀਤਾ, ਗੁਰੂਦਵਾਰਾ ਆਪ ਅਖਵਾਇੰਦਾ । ਆਪੇ ਬੈਠਾ ਰਹੇ ਅਤੀਤਾ, ਨਿਰਗੁਣ ਵੇਸ ਵਟਾਇੰਦਾ । ਆਪੇ ਠਾਂਡਾ ਆਪੇ ਸੀਤਾ, ਆਪੇ ਸਾਂਤਕ ਸਤਿ ਵਰਤਾਇੰਦਾ । ਆਪੇ ਪੱਤਤ ਆਪ ਪੁਨੀਤਾ, ਪੱਤਤ ਪੁਨੀਤ ਆਪ ਕਰਾਇੰਦਾ । ਆਪੇ ਹਸਤ ਆਪੇ ਕੀਟਾ, ਊਚ ਨੀਚ ਆਪ ਅਖਵਾਇੰਦਾ । ਆਪੇ ਹੋਇਆ ਕੌੜਾ ਰੀਠਾ, ਰਸ ਮਿਠਾ ਆਪ ਹੋ ਜਾਇੰਦਾ । ਆਪੇ ਚਾੜ੍ਹੇ ਰੰਗ ਮਜੀਠਾ, ਰੰਗਣਹਾਰ

ਆਪ ਰੰਗਾਇੰਦਾ । ਕਲਜੁਗ ਜੂਠਾ ਝੂਠਾ ਪੀਸਣ ਪੀਸਾ, ਮਾਇਆ ਮਮਤਾ ਚੱਕੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇੰਦਾ । ਪਾਰਬ੍ਰਹਮ ਸਹਿਜ ਸੁਖ ਦੇਵਾ, ਏਕਾ ਏਕ ਅਖਵਾਇੰਦਾ । ਪੁਰਖ ਅਬਿਨਾਸ਼ੀ ਅਲਖ ਅਭੇਵਾ, ਭੇਵ ਕੋਈ ਨਾ ਪਾਇੰਦਾ । ਗੁਰਮੁਖ ਸਾਜਨ ਲਾਏ ਸੇਵਾ, ਸੇਵਕ ਸੇਵਾ ਇਕ ਵਖਾਇੰਦਾ । ਰਸਨਾ ਜਾਪ ਜਪਾਏ ਜਿਹਵਾ, ਏਕਾ ਨਾਮ ਵਖਾਇੰਦਾ । ਕੌਸਤਕ ਮਣੀਆ ਲਾਏ ਥੇਵਾ, ਤਿਲਕ ਲਿਲਾਟੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਔਖੀ ਘਾਟੀ ਪਾਰ ਕਰਾਇੰਦਾ । ਪਾਰਬ੍ਰਹਮ ਹਰ ਘਟ ਵਾਸਾ, ਆਪਣਾ ਆਪ ਰਖਾਇਆ । ਜੁਗ ਜੁਗ ਖੇਲੇ ਜਗਤ ਤਮਾਸ਼ਾ, ਖੇਲਣਹਾਰ ਦਿਸ ਨਾ ਆਇਆ । ਹਰਿਜਨ ਜਪਾਏ ਰਸਨ ਸਵਾਸਾ, ਨਾਮ ਨਾਮਾ ਝੋਲੀ ਪਾਇਆ । ਮਨਮੁਖ ਮੁਖ ਰਖਾਏ ਮਦਿਰਾ ਮਾਸਾ, ਸਾਜਨ ਮੀਤ ਨਾ ਕੋਈ ਦਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਨੂਰ ਹਰਿ ਅਨੂਪ, ਹਰਿ ਹਰਿ ਵੇਖ ਵਖਾਇੰਦਾ । ਹਰਿ ਵੇਖ ਵਖਾਏ ਚਾਰੋਂ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਤੀਰ ਨਿਰਾਲਾ ਰਿਹਾ ਛੂਟ, ਏਕਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਪਾਰਬ੍ਰਹਮ ਪ੍ਰਭ ਏਕ ਹੈ, ਏਕਾ ਰੰਗ ਸਮਾਇਆ । ਆਪੇ ਜਾਣੇ ਆਪਣੀ ਟੇਕ ਹੈ, ਨਾ ਕੋਈ ਦੂਸਰ ਸੰਗ ਰਖਾਇਆ । ਸ੍ਰਿਸ਼ਟ ਸਬਾਈ ਰਿਹਾ ਵੇਖ ਹੈ, ਦਿਸ ਕਿਸੇ ਨਾ ਆਇਆ । ਜੁਗ ਜੁਗ ਲਿਖਣਹਾਰਾ ਲੇਖ ਹੈ, ਲੇਖਾ ਆਪਣੇ ਹੱਥ ਰਖਾਇਆ । ਆਪੇ ਜਾਣੇ ਧਾਰੀ ਕੇਸ ਹੈ, ਮੂੰਡ ਮੁੰਡਾਏ ਸੰਗ ਰਖਾਇਆ । ਜਿਸ ਜਨ ਕਰੇ ਬੁਧ ਬਿਬੇਕ ਹੈ, ਨਾਮ ਰਤਨ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਕਲਜੁਗ ਤੇਰੀ ਅੰਤਮ ਰੈਣ, ਚਾਰੋਂ ਕੁੰਟ ਅੰਧੇਰਾ ਛਾਇਆ । ਨਾ ਕੋਈ ਦਿਸੇ ਸਾਕ ਸੱਜਣ ਸੈਣ, ਮਾਤ ਪਿਤ ਭਾਈ ਭੈਣ, ਨਾ ਕੋਈ ਦਿਸਾਇਆ । ਜੂਠ ਝੂਠ ਚੁਕਾਏ ਲਹਿਣ ਦੇਣ, ਪੰਚ ਵਿਕਾਰਾ ਝੋਲੀ ਪਾਇਆ । ਮਨਮਤ ਰਸਨਾ ਰੋ ਰੋ ਕਹਿਣ, ਮੰਝ ਧਾਰ ਦਏ ਰੁੜ੍ਹਾਇਆ । ਲਾੜੀ ਮੌਤ ਖਾਏ ਡੈਣ, ਲੱਖ ਚੁਰਾਸੀ ਰਹੀ ਕੁਰਲਾਇਆ । ਗੁਰਮੁਖ ਵਿਰਲਾ ਪਾਰਬ੍ਰਹਮ ਪ੍ਰਭ ਰਸਨਾ ਪੇਖੇ ਨੇਤਰ ਲੋਚਣ ਨੈਣ, ਆਤਮ ਤ੍ਰਿਸਨਾ ਭੁੱਖ ਮਿਟਾਇਆ । ਸ਼ਬਦ ਬਸਤਰ ਤਨ ਸਾਚਾ ਗਹਿਣ, ਤਨ ਸ਼ੰਗਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਕਲਜੁਗ ਵੇਸ ਹਰਿ ਨਿਰੰਕਾਰ, ਆਪਣਾ ਆਪ ਕਰਾਇੰਦਾ । ਜੋਤੀ ਜਾਮਾ ਭੇਖ ਅਪਾਰ, ਭੇਵ ਕੋਈ ਨਾ ਪਾਇੰਦਾ । ਇਕ ਅਕੱਲਾ ਏਕੰਕਾਰ, ਅਕਲ ਕਲਾ ਸਮਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਨਿਹਕਲੰਕਾ ਲਏ ਅਵਤਾਰ, ਸੰਬਲ ਨਗਰੀ ਧਾਮ ਸੁਹਾਇੰਦਾ । ਵੇਦ ਵਿਆਸਾ ਬਣ ਲਿਖਾਰ, ਸੇਵਕ ਸੇਵਾ ਆਪ ਕਮਾਇੰਦਾ । ਗੁਰ ਗੋਬਿੰਦਾ ਕਰ ਵਿਚਾਰ, ਗੁਣੀ ਗਹਿੰਦਾ ਮੇਲ ਮਿਲਾਇੰਦਾ । ਸਾਗਰ ਸਿੰਧਾ ਪਾਵੇ ਸਾਰ, ਵਡ ਬਖ਼ਸ਼ਿੰਦਾ ਆਪ ਅਖਵਾਇੰਦਾ । ਮਨਮੁਖ ਜੀਵ ਲਗਾਏ ਨਿੰਦਾ ਦੁਸ਼ਟ ਦੁਰਾਚਾਰ, ਦਰ ਦਵਾਰ ਨਾ ਕੋਈ ਸੁਹਾਇੰਦਾ । ਹਰਿਜਨ ਫੜ ਫੜ ਬਾਂਹੋਂ ਲਾਏ ਪਾਰ, ਸਾਚੇ ਪੌੜੇ ਆਪ ਚੜ੍ਹਾਇੰਦਾ । ਏਕਾ ਦੇਵੇ ਨਾਮ ਅਧਾਰ, ਗੁਣ ਨਿਧਾਨਾ ਝੋਲੀ ਪਾਇੰਦਾ । ਚਾਰ ਵਰਨਾਂ ਚਾਰ ਕੁੰਟ ਦਹਿ


੨੨੨ ੦੨

ਦਿਸ਼ਾ ਜੈ ਜੈ ਜੈਕਾਰ, ਆਪ ਕਰਾਇੰਦਾ । ਬਰਨ ਅਠਾਰਾਂ ਇਕ ਦਵਾਰ, ਊਚਾਂ ਨੀਚਾਂ ਮੇਲ ਮਿਲਾਇੰਦਾ । ਅੰਮ੍ਰਿਤ ਬਖ਼ਸ਼ੇ ਸਾਚੀ ਧਾਰ, ਨਿਝਰ ਰਸ ਚੁਆਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਆਪੇ ਜਾਣੇ ਆਪਣੀ ਕਾਰ, ਕਰਨਹਾਰ ਆਪ ਅਖਵਾਇੰਦਾ । ਕਲਜੁਗ ਮਿਟੇ ਕੂੜ ਕੁੜਿਆਰ, ਕੂੜ ਪਸਾਰਾ ਦਿਸ ਨਾ ਆਇੰਦਾ । ਸਤਿਜੁਗ ਬੰਨੇ ਸਾਚੀ ਧਾਰ, ਸਚ ਸੁੱਚ ਵਰਤਾਇੰਦਾ । ਚਾਰ ਵਰਨਾਂ ਸੁਹਾਏ ਇਕ ਦਵਾਰ, ਏਕਾ ਮਾਰਗ ਲਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਕਰੇ ਖ਼ਬਰਦਾਰ, ਸੀਸ ਤਾਜ ਨਾ ਕੋਈ ਰਖਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰ, ਚਰਨ ਕਵਲ ਇਕ ਦਰਸਾਇੰਦਾ । ਧਰਤ ਧਵਲ ਪਾਵੇ ਸਾਰ, ਕਵਲ ਕਵਲਾ ਮੁਖ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ਼ ਘਰ ਆਤਮ ਵੇਖ ਵਖਾਇੰਦਾ । ਨਿਜ਼ ਘਰ ਆਤਮ ਹਰਿ ਹਰਿ ਵਾਸਾ, ਹਰ ਘਟ ਆਪ ਸਮਾਇੰਦਾ । ਨਿਰਮਲ ਜੋਤੀ ਕਰ ਪਰਕਾਸ਼ਾ, ਅੰਧ ਅੰਧੇਰ ਮਿਟਾਇੰਦਾ । ਕਾਇਆ ਮੰਦਰ ਡੂੰਘੀ ਕੰਦਰ ਰੱਖੇ ਵਾਸਾ, ਨੂਰ ਨੂਰਾਨਾ ਡਗਮਗਾਇੰਦਾ । ਰਸਨਾ ਜਿਹਵਾ ਜਾਪ ਜਪਾਏ ਸਵਾਸ ਸਵਾਸਾ, ਮਨ ਮਨੂਆ ਬੰਧ ਬੰਧਾਇੰਦਾ । ਅੰਮ੍ਰਿਤ ਆਤਮ ਇਕ ਵਸਾਏ ਕਾਇਆ ਕਾਸਾ, ਸਰ ਸਰੋਵਰ ਇਕ ਸੁਹਾਇੰਦਾ । ਗਗਨ ਮੰਡਲ ਸਾਚੀ ਰਾਸਾ, ਪਤਾਲ ਅਕਾਸ਼ ਸੁਹਾਇੰਦਾ । ਮਿਲੇ ਮੇਲ ਸਰਬ ਗੁਣ ਤਾਸਾ, ਗੁਣਵੰਤਾ ਮੇਲ ਮਿਲਾਇੰਦਾ । ਗੁਰਮੁਖ ਸਾਜਨ ਬਲ ਬਲ ਜਾਸਾ, ਬਲਹਾਰੀ ਗੁਰ ਲਿਖਿਆ ਧੁਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਕਾਲ ਮਹਾਂਕਾਲ ਦਰ ਬੰਧਾਇੰਦਾ । ਪਾਰਬ੍ਰਹਮ ਪ੍ਰਭ ਸਾਚਾ ਸੱਜਣ, ਸਦਾ ਸਦਾ ਅਖਵਾਇੰਦਾ । ਜਨ ਭਗਤਾਂ ਆਇਆ ਪੜਦੇ ਕੱਜਣ, ਭੇਖਾਧਾਰੀ ਭੇਖ ਵਟਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਸਰ ਸਰੋਵਰ ਇਕ ਵਖਾਇੰਦਾ । ਮਦਿਰਾ ਮਾਸ ਜੋ ਜਨ ਤਜਨ, ਬੰਕ ਦਵਾਰਾ ਇਕ ਸੁਹਾਇੰਦਾ । ਜਗਤ ਤਾਲ ਝੂਠੇ ਵੱਜਣ, ਅਨਹਦ ਤਾਲ ਨਾ ਕੋਈ ਵਜਾਇੰਦਾ । ਜੋ ਘੜੇ ਸੋ ਅੰਤਮ ਭੱਜਣ, ਥਿਰ ਕੋਈ ਰਹਿਣ ਨਾ ਪਾਇੰਦਾ । ਗੁਰਮੁਖ ਵਿਰਲਾ ਚੜ੍ਹੇ ਨਾਮ ਜਹਾਜਨ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਕਰੇ ਖੇਲ ਗ਼ਰੀਬ ਨਿਵਾਜਨ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਪਰਗਟ ਹੋਇਆ ਦੇਸ ਮਾਝਨ, ਕਲਜੁਗ ਅੰਤਮ ਵੇਖ ਵਖਾਇੰਦਾ । ਲੱਖ ਚੁਰਾਸੀ ਰਚਿਆ ਕਾਜਨ, ਕਲਜੁਗ ਅੰਤਮ ਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਚਿੱਟਾ ਅਸਵ ਇਕ ਦੌੜਾਇੰਦਾ । ਚਿੱਟਾ ਅਸਵ ਸਾਚਾ ਘੋੜਾ, ਹਰਿ ਹਰਿ ਆਪ ਦੌੜਾਇਆ । ਜੋਤੀ ਸ਼ਬਦੀ ਜੁੜਿਆ ਜੋੜਾ, ਸਚ ਸਿੰਘਾਸਣ ਆਸਣ ਲਾਇਆ । ਅਗੰਮ ਅਗੰਮੜਾ ਆਪੇ ਬੌਹੜਾ, ਅਗੰਮ ਅਗੰਮੜੀ ਧਾਰ ਚਲਾਇਆ । ਵੇਖ ਵਖਾਏ ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਕਾਇਆ ਮਾਟੀ ਚਮੜਾ, ਮਨਮਤ ਬੁਧ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਨੂਰ ਕਰੇ ਰੁਸ਼ਨਾਇਆ ।

## * ੧੬ ਫੱਗਣ ੨੦੧੪ ਬਿਕ੍ਰਮੀ ਦਿਲੀ ਦਰਬਾਰ ਵਿਚ *

ਹਰਿ ਜੋਤੀ ਨੂਰ ਅਕਾਰ, ਹਰਿ ਹਰਿ ਕਰਾਇਆ । ਹਰਿ ਜੋਤੀ ਨੂਰ ਅਧਾਰ, ਹਰਿ ਹਰਿ ਰਖਾਇਆ । ਹਰਿ ਜੋਤੀ ਨੂਰ ਅਪਾਰ, ਹਰਿ

ਹਰਿ ਸਮਾਇਆ । ਹਰਿ ਜੋਤੀ ਨੂਰ ਭਤਾਰ, ਕੰਤ ਕੰਤੂਹਲ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਇਆ । ਹਰਿ ਜੋਤੀ ਨੂਰ ਉਜਾਲਾ, ਜੋਤੀ ਜੋਤ ਸਮਾਇੰਦਾ । ਹਰਿ ਜੋਤੀ ਗੁਰ ਗੋਪਾਲਾ, ਵਰਨ ਗੋਤ ਨਾ ਕੋਈ ਰਖਾਇੰਦਾ । ਹਰਿ ਜੋਤੀ ਦੀਨ ਦਿਆਲਾ, ਦੀਨਾਂ ਬੰਧਪ ਆਪ ਅਖਵਾਇੰਦਾ । ਹਰਿ ਜੋਤੀ ਖੇਲ ਨਿਰਾਲਾ, ਖੇਲਣਹਾਰ ਦਿਸ ਨਾ ਆਇੰਦਾ । ਹਰਿ ਜੋਤੀ ਨੂਰ ਅਕਾਲਾ, ਅਕਾਲ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਜੋਤ ਜਗਾਇੰਦਾ । ਹਰਿ ਜੋਤੀ ਜੋਤ ਜੋਤ ਜਗਾ, ਜੋਤੀ ਡਗਮਗਾਈਆ । ਹਰਿ ਜੋਤੀ ਨੂਰ ਨੂਰ ਉਪਾ, ਨੂਰੋ ਨੂਰ ਰਖਾਈਆ । ਹਰਿ ਜੋਤੀ ਜੋਤ ਬਣਤ ਬਣਾ, ਜੋਤੀ ਜੋਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪ ਅਖਵਾਈਆ । ਜੋਤੀ ਨੂਰ ਹਰਿ ਗੋਬਿੰਦ, ਆਦਿ ਅੰਤ ਅਖਵਾਇਆ । ਆਪੇ ਜਾਣੇ ਆਪਣੀ ਚਿੰਦ, ਹਰਖ਼ ਸੋਗ ਵਿਚ ਨਾ ਆਇਆ । ਆਪ ਆਪਣੀ ਉਪਾਏ ਬਿੰਦ, ਆਪ ਆਪਣੇ ਵਿਚ ਸਮਾਇਆ । ਆਪ ਆਪਣੀ ਧਾਰ ਰਖਾਏ ਸਾਗਰ ਸਿੰਧ, ਸਿਰ ਆਪਣਾ ਹੱਥ ਰਖਾਇਆ । ਆਪ ਆਪਣਾ ਹੋਏ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਹੋ ਜਾਇਆ । ਆਪੇ ਦਾਤਾ ਗੁਣੀ ਗਹਿੰਦ, ਗੁਣਵੰਤਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਇਆ । ਆਪੇ ਜੋਤੀ ਨੂਰ ਕਰਤਾਰ, ਆਪਣਾ ਆਪ ਉਪਾਇੰਦਾ । ਆਪ ਆਪਣੀ ਬੰਨੇ ਧਾਰ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਕਰ ਵਿਚਾਰ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣਾ ਕਰ ਪਸਾਰ, ਵੇਖਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਨੂਰ ਰੂਪ ਵਟਾ, ਅਕਲ ਕਲਾ ਅਖਵਾਇਆ । ਭੇਖਾਧਾਰੀ ਭੇਖ ਧਰਾ, ਦਿਸ ਕਿਸੇ ਨਾ ਆਇਆ । ਵੇਸ ਅਨੇਕਾ ਰਿਹਾ ਕਰਾ, ਅਭੇਵ ਅਭੇਦਾ ਭੇਵ ਨਾ ਰਾਇਆ । ਨਿਹਕਲੰਕਾ ਆਪਣਾ ਆਪ ਰਿਹਾ ਬਣਾ, ਦੂਸਰ ਕੋਈ ਨਾ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤ ਨੂਰ ਕਰ ਰੁਸ਼ਨਾਈ, ਆਪਣਾ ਆਪ ਉਪਾਇੰਦਾ । ਆਪ ਆਪਣੀ ਕਰੇ ਵਡਿਆਈ, ਆਪ ਆਪਣਾ ਵਿਚ ਟਿਕਾਇੰਦਾ । ਆਪ ਆਪਣੀ ਰਚਨ ਰਚਾਈ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਵੇਖੇ ਸਾਚਾ ਥਾਈਂ, ਥਿਰ ਘਰ ਨਾਉਂ ਰਖਾਇੰਦਾ । ਅਗੰਮ ਅਥਾਹ ਬੇਪਰਵਾਹੀ, ਬੇਅੰਤ ਬੇਅੰਤ ਆਪ ਹੋ ਜਾਇੰਦਾ । ਆਪੇ ਜਾਣੇ ਆਪਣਾ ਨਾਈਂ, ਨਾਮ ਨਿਧਾਨਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰ ਅਕਾਰ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਕਰ ਪਸਾਰਾ, ਆਪਣੀ ਕਲ ਵਰਤਾਈਆ । ਰੂਪ ਅਗੰਮ ਅਥਾਹ ਬੇਪਰਵਾਹ ਹਰਿ ਕਰਤਾਰਾ, ਲੇਖਾ ਲੇਖ ਨਾ ਕੋਈ ਲਿਖਾਈਆ । ਆਪ ਸੁਹਾਏ ਮਹੱਲ ਅਟੱਲ ਅਚੱਲ ਉਚ ਮੁਨਾਰਾ, ਥਿਰ ਘਰ ਨਾਉਂ ਰਖਾਈਆ । ਨਾ ਕੋਈ ਦੀਸੇ ਚਾਰ ਦਵਾਰਾ, ਛੱਪਰ ਛੰਨ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਵਸਿਆ ਘਰ, ਘਰ ਸਾਚਾ ਇਕ ਸੁਹਾਈਆ । ਘਰ ਸਾਚਾ ਸਚ ਮਹੱਲਾ, ਹਰਿ ਆਪਣਾ ਆਪ ਉਪਾਇੰਦਾ । ਹਰਿ ਆਪੇ ਬੈਠਾ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਲਾਇੰਦਾ । ਆਪਣੀ ਜੋਤੀ ਆਪੇ ਬਲਾ, ਪਰਕਾਸ਼ ਅਕਾਸ਼ ਸਮਾਇੰਦਾ । ਆਪਣੇ ਨੂਰ ਆਪੇ ਰਲਾ, ਨੂਰ ਨੁਰਾਨੀ ਇਕ ਕਰਾਇੰਦਾ । ਆਪੇ ਵਸਿਆ ਨਿਹਚਲ ਧਾਮ


Rev-01

ਅਟੱਲਾ, ਉਚ ਮਹੱਲਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਸਾਚਾ ਘਰ, ਘਰ ਸਾਚਾ ਆਪ ਸੁਹਾਇੰਦਾ । ਸਾਚਾ ਘਰ ਹਰਿ ਸੁਹੰਦੜਾ, ਪਾਰਬ੍ਰਹਮ ਬੇਅੰਤਾ । ਜੋਤੀ ਦੀਪਕ ਇਕ ਜਗੰਦੜਾ, ਆਪੇ ਜਾਣੇ ਆਦਿ ਅੰਤਾ । ਆਕਾਸ਼ ਪਰਕਾਸ਼ ਇਕ ਰਖੰਦੜਾ, ਏਕਾ ਰੁੱਤ ਸੁਹੰਤਾ । ਸੂਰਜ ਚੰਨ ਰਵ ਸਸ ਨਾ ਕੋਇ ਵਖੰਦੜਾ, ਨਾ ਕੋਈ ਮਹਿਮਾ ਗਣਤ ਅਗਣਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖਣਹਾਰਾ ਦਰ ਘਰ ਸੁਹੰਜਣਾ ਇਕ ਸੁਹੰਤਾ । ਥਿਰ ਘਰ ਸਾਚਾ ਆਦਿ ਨਿਰੰਜਣ, ਆਪਣਾ ਆਪ ਉਪਾਇਆ । ਆਪੇ ਹੋਇਆ ਦਰਦ ਦੁੱਖ ਭੈ ਭੰਜਨ, ਪਾਰਬ੍ਰਹਮ ਅਖਵਾਇਆ । ਆਪਣੇ ਨੇਤਰ ਆਪਣਾ ਪਾਇਆ ਅੰਜਨ, ਵੇਖਣਹਾਰ ਆਪ ਹੋ ਆਇਆ । ਆਪਣੀ ਧੂੜੀ ਆਪੇ ਕਰਿਆ ਮਜਨ, ਆਪ ਆਪਣੀ ਮੈਲ ਗਵਾਇਆ । ਆਪ ਆਪਣਾ ਹੋਇਆ ਸੱਜਣ, ਨਾ ਕੋਈ ਦੂਸਰ ਸੰਗ ਰਖਾਇਆ । ਆਪ ਆਪਣਾ ਪੜਦਾ ਆਇਆ ਕੱਜਣ, ਆਪੇ ਪੜਦਾ ਉਪਰ ਪਾਇਆ । ਆਪ ਆਪਣੀ ਰੱਖੇ ਲਾਜਨ, ਲਾਜਵੰਤ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਆਪ ਸੁਹਾਇਆ । ਸਾਚਾ ਘਰ ਸ਼ਬਦ ਅਟਾਰੀ, ਹਰਿ ਸਾਚਾ ਆਪ ਸੁਹਾਇੰਦਾ । ਨਿਰਮਲ ਜੋਤੀ ਕਰ ਉਜਿਆਰੀ, ਦੀਪਕ ਦੀਪ ਜਗਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰੀ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਸਿਆ ਘਰ, ਆਪ ਆਪਣੀ ਰਚਨ ਰਚਾਇੰਦਾ । ਥਿਰ ਘਰ ਸਾਚੇ ਆਸਣ ਲਾ, ਹਰਿ ਸਾਚੀ ਬਣਤ ਬਣਾਇੰਦਾ । ਪੁਰਖ ਅਬਿਨਾਸ਼ੀ ਖੇਲ ਖਿਲਾ, ਖੇਲਣਹਾਰ ਆਪ ਹੋ ਜਾਇੰਦਾ । ਆਪ ਆਪਣੀ ਰਚਨ ਰਚਾ, ਆਪਣੀ ਰਚਨਾ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਸਾਚਾ ਘਰ, ਆਪਣੀ ਇਛਿਆ ਪਾਏ ਭਿਛਿਆ, ਆਪਣੀ ਝੋਲੀ ਆਪ ਭਰਾਇੰਦਾ । ਹਰਿ ਜੋਤੀ ਨੂਰ ਅਗੰਮ, ਅਗੰਮ ਸਮਾਇਆ । ਨਾ ਮਰਿਆ ਨਾ ਪਿਆ ਜੰਮ, ਮਾਤ ਪਿਤ ਨਾ ਕੋਈ ਅਖਵਾਇਆ । ਨਾ ਕੋਈ ਪਵਣ ਸਵਾਸੀ ਦਿਸੇ ਦਮ, ਨੇਤਰ ਨੀਰ ਨਾ ਕੋਈ ਰਖਾਇਆ । ਆਦਿ ਜੁਗਾਦੀ ਆਪੇ ਜਾਣੇ ਆਪਣਾ ਕੰਮ, ਆਪ ਆਪਣਾ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਪੁਰਖ ਅਬਿਨਾਸ਼ਾ, ਏਕ ਏਕ ਸੁਹਾਇੰਦਾ । ਆਪ ਆਪਣਾ ਵੇਖ ਤਮਾਸ਼ਾ, ਆਪ ਆਪਣੀ ਰਾਸ ਰਚਾਇੰਦਾ । ਆਪ ਆਪਣੇ ਘਰ ਕਰਿਆ ਵਾਸਾ, ਆਪ ਆਪਣਾ ਆਸਣ ਲਾਇੰਦਾ । ਆਪ ਆਪਣਾ ਹੋਇਆ ਦਾਸੀ ਦਾਸਾ, ਦਾਸੀ ਦਾਸ ਆਪ ਅਖਵਾਇੰਦਾ । ਆਪ ਉਪਾਏ ਪ੍ਰਿਥਮੀ ਅਕਾਸ਼ਾ, ਅਕਾਸ਼ ਪਰਕਾਸ਼ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸਾਚਾ ਘਰ ਥਿਰ ਘਰ ਨਾਉਂ ਰਖਾਇੰਦਾ । ਥਿਰ ਘਰ ਸਾਚਾ ਹਰਿ ਘਰ ਉਪਾਇਆ, ਵਸੇ ਇਕ ਅਕੇਲਾ । ਏਕਾ ਦੂਜਾ ਨਾ ਕੋਈ ਰਖਾਇਆ, ਨਾ ਕੋਈ ਤੀਜਾ ਸੱਜਣ ਸੁਹੇਲਾ । ਚੌਥਾ ਪਦ ਨਾ ਕੋਈ ਰਖਾਇਆ, ਪੰਚਮ ਸਖੀਆ ਨਾ ਕੋਈ ਮੇਲਾ । ਛੇਵੇਂ ਛੱਪਰ ਛੰਨ ਨਾ ਕੋਈ ਰਖਾਇਆ, ਸੱਤਵੇਂ ਸਤਿ ਪੁਰਖ ਨਿਰੰਜਣ ਸੱਜਣ ਸੁਹੇਲਾ । ਅੱਠਵੇਂ ਅੱਠਾਂ ਤੱਤਾਂ ਨਾ ਕੋਈ ਬਣਤ ਬਣਾਇਆ, ਨੌਂ ਦਰ ਨਾ ਚਾੜ੍ਹੇ ਕੋਈ ਤੇਲਾ । ਦਸਵਾਂ ਦਰ ਨਾ ਕੋਈ ਸੁਹਾਇਆ, ਦਿਵਸ ਰੈਣ ਪਰਭਾਤ ਨਾ ਜਾਣੇ ਕੋਈ ਵੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਖੇਲਾ । ਥਿਰ ਘਰ ਸਾਚਾ ਹਰਿ

ਸੁਹੰਜਣਾ, ਹਰਿ ਰੂਪ ਅਪਾਰ । ਜੋਤ ਜਗਾਏ ਇਕ ਨਿਰੰਜਣਾ, ਖੇਲੇ ਖੇਲ ਖੇਲਣਹਾਰ । ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ ਸਮਰਥ
ਪੁਰਖ ਕਰਤਾਰ । ਨਾ ਜਨਨੀ ਜਨ ਕੋਈ ਜਣਿਆ, ਮਾਤ ਪਿਤ ਨਾ ਕੋਈ ਪਸਾਰ । ਨਾ ਧਨੀ ਧਨ ਕੋਈ ਧਨਿਆ, ਮਾਇਆ ਮਮਤਾ ਮੋਹ ਨਾ
ਕੋਈ ਵਿਕਾਰ । ਨਾ ਕੋਈ ਰਾਗ ਨਾ ਕੋਈ ਕੰਨਨਾ, ਨਾਦ ਧੁਨ ਨਾ ਕੋਈ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ
ਵਸਿਆ ਸਚ ਘਰ, ਆਪ ਸੁਹਾਏ ਬੰਕ ਦਵਾਰ । ਬੰਕ ਦਵਾਰ ਹਰਿ ਭਗਵਾਨਾ, ਏਕਾ ਏਕ ਸੁਹਾਇਆ । ਆਪ ਆਪਣੀ ਰੱਖੇ ਆਣਾ, ਆਪ
ਆਪਣੇ ਭਾਣੇ ਆਪ ਸਮਾਇਆ । ਆਪ ਆਪਣਾ ਦੇਵੇ ਦਾਨਾ, ਦਾਤਾ ਦਾਨੀ ਆਪ ਅਖਵਾਇਆ । ਆਪ ਆਪਣਾ ਹੋਇਆ ਜਾਣੀ ਜਾਣਾ, ਜਾਨਣਹਾਰ
ਆਪ ਸੁਖਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖ ਸਾਚਾ ਘਰ, ਪੁਰਖ ਅਬਿਨਾਸ਼ੀ ਦੇਵੇ ਵਰ, ਏਕਾ
ਧਾਮ ਸੁਹਾਇਆ । ਪੁਰਖ ਅਬਿਨਾਸ਼ੀ ਦਰ ਉਪਾ, ਏਕਾ ਧਾਮ ਸੁਹਾਇੰਦਾ । ਸਚ ਸਿੰਘਾਸਣ ਦਏ ਵਿਛਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ ।
ਆਪ ਆਪਣੀ ਇਛਿਆ ਆਪੇ ਪੂਰੀ ਲਏ ਕਰਾ, ਏਕਾ ਭਿਛਿਆ ਝੋਲੀ ਪਾਇੰਦਾ । ਜੋਤੀ ਨਾਰੀ ਲਏ ਵਿਆਹ, ਕੰਤ ਕੰਤੂਹਲਾ ਆਪ ਅਖਵਾਇੰਦਾ ।
ਆਪਣੀ ਸੇਜ ਆਪ ਹੰਢਾ, ਨਾਰੀ ਕੰਤ ਆਪ ਅਖਵਾਇੰਦਾ । ਪੂਤ ਸਪੂਤਾ ਲਏ ਉਪਾ, ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਜੋਤੀ ਜੋਤ ਜਗਾਇੰਦਾ । ਸ਼ਬਦ ਸੁਤ ਕਰ ਤਿਆਰ, ਹਰਿ ਸਾਚੇ ਸੰਤ ਜਗਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਏਕਾ
ਬੂਝ ਬੁਝਾਈਆ । ਏਕਾ ਮੇਲਾ ਹਰਿ ਕਰਤਾਰ, ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ
 ਦੇਵੇ ਵਰ, ਥਿਰ ਘਰ ਬੈਠਾ ਆਸਣ ਲਾਈਆ । ਸਾਚਾ ਸੁਤ ਵਡ ਬਲਵਾਨਾ, ਦੋਏ ਜੋੜ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਵਡ ਮਿਹਰਬਾਨਾ, ੨੨੬
 ਬਖ਼ਸ਼ੇ ਚਰਨ ਪਿਆਰਿਆ । ਏਕਾ ਦੇਵੇ ਦਾਨੀ ਦਾਨਾ, ਨਾਉਂ ਨਿਰੰਕਾਰ ਅਪਾਰਿਆ । ਲੋਆਂ ਪੁਰੀਆਂ ਬਣਤ ਬਣਾਨਾ, ਸੇਵਕ ਸੇਵਾ ਲਾਏ ਭਾਰਿਆ । ੦੭
ਬ੍ਰਹਿਮੰਡ ਖੰਡ ਖੇਲ ਖਿਲਾਣਾ, ਆਪ ਆਪਣੀ ਜਾਣੇ ਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਿਤਾ ਵਰ,
ਥਿਰ ਘਰ ਬੈਠ ਉਚ ਮਹੱਲ ਮੁਨਾਰਿਆ । ਸਾਚਾ ਸੁਤ ਵਰ ਘਰ ਪਾ, ਸਾਚੀ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਤੇਰਾ ਨਾਂ, ਮੇਰਾ ਰੂਪ ਸਮਾਇੰਦਾ ।
ਲੋਆਂ ਪੁਰੀਆਂ ਬਣਤ ਬਣਾ, ਅਕਾਸ਼ ਪਰਕਾਸ਼ ਟਿਕਾਇੰਦਾ । ਰਵ ਸਸ ਸੇਵਾ ਲਾ, ਮੰਡਲ ਮੰਡਪ ਆਪ ਸੁਹਾਇੰਦਾ । ਤ੍ਰੈਗੁਣ ਮਾਇਆ ਭੇਖ
ਵਟਾ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਕਰ, ਸਚ ਮਹੱਲਾ ਆਪ
ਵਖਾਇੰਦਾ । ਸਚ ਮਹੱਲਾ ਸਚ ਸ਼ਾਹ, ਏਕਾ ਏਕ ਵਸਾਇਆ । ਪੁਰਖ ਅਬਿਨਾਸ਼ੀ ਬੇਪਰਵਾਹ, ਅਗੰਮ ਅਥਾਹ ਭੇਵ ਕੋਈ ਨਾ ਰਾਇਆ । ਆਪ
ਉਪਾਏ ਆਪਣਾ ਨਾਂ, ਨਾਮ ਨਾਮਾ ਨਾਉਂ ਧਰਾਇਆ । ਆਪ ਆਪਣੀ ਰੱਖੇ ਸਦਾ ਛਾਂ, ਆਪ ਆਪਣਾ ਸਿਰ ਹੱਥ ਟਿਕਾਇਆ । ਆਪ ਆਪਣਾ
ਬਣਿਆ ਪਿਤਾ ਮਾਂ, ਆਪ ਆਪਣੀ ਗੋਦ ਉਠਾਇਆ । ਆਪ ਆਪਣੀ ਪਕੜੇ ਬਾਂਹ, ਆਪ ਆਪਣਾ ਸੰਗ ਨਿਭਾਇਆ । ਆਪ ਆਪਣਾ ਹੋਏ
ਸਹਾਈ ਸਭਨੀ ਥਾਂ, ਆਪ ਆਪਣਾ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਸ਼ਬਦ
ਸ਼ਬਦੀ ਨਾਉਂ ਧਰਾਇਆ । ਸ਼ਬਦ ਗੁਰ ਵਡ ਬਲਕਾਰ, ਏਕਾ ਏਕ ਅਖਵਾਇੰਦਾ । ਲੋਆਂ ਪੁਰੀਆਂ ਬੰਨੇ ਧਾਰ, ਆਪਣੀ ਰਚਨ ਰਚਾਇੰਦਾ ।

ਲਿਖਿਆ ਲੇਖ ਨਾ ਮੇਟੇ ਕੋਈ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਤ੍ਰੈਗੁਣ ਮਾਇਆ ਕਰ ਤਿਆਰ, ਆਪ ਆਪਣੇ ਵਿਚ ਟਿਕਾਇੰਦਾ । ਆਪ ਆਪਣਾ ਕਰ ਉਜਿਆਰ, ਆਪ ਆਪਣੀ ਬਿੰਦ ਅਖਵਾਇੰਦਾ । ਡੂੰਘਾ ਸਾਗਰ ਨਾ ਕੋਇ ਪਾਵੇ ਸਾਰ, ਕਵਲ ਕਵਲਾ ਵਿਚ ਸਮਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਸੇ ਘਰ, ਆਪ ਆਪਣਾ ਲਏ ਵਰ, ਸੱਜਣ ਸੁਹੇਲਾ ਇਕ ਅਖਵਾਇੰਦਾ । ਅਗੰਮ ਅਗੰਮੜਾ ਹੱਡ ਮਾਸ ਨਾੜੀ ਨਾ ਕੋਈ ਦਿਸੇ ਚਮੜਾ, ਦਰ ਸਾਚਾ ਇਕ ਸੁਹਾਇੰਦਾ । ਸਤਿ ਪੁਰਖ ਨਿਰੰਜਣ ਆਪ, ਜੋਤ ਅਕਾਲਿਆ । ਆਪੇ ਜਾਣੇ ਆਪਣਾ ਵਡ ਪਰਤਾਪ, ਆਪੇ ਖੇਲੇ ਖੇਲ ਨਿਰਾਲਿਆ । ਆਪ ਆਪਣਾ ਜਾਣੇ ਜਾਪ, ਆਪਣੀ ਜਿਹਵਾ ਆਪ ਹਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾ ਲਿਆ । ਸੋ ਪੁਰਖ ਨਿਰੰਜਣ ਪੁਰਖ ਅਬਿਨਾਸ਼ਾ, ਆਦਿ ਅੰਤ ਅਖਵਾਇਆ । ਆਪੇ ਆਪਣਾ ਵੇਖੇ ਖੇਲ ਤਮਾਸ਼ਾ, ਵੇਖਣਹਾਰ ਦਿਸ ਨਾ ਆਇਆ । ਆਪ ਆਪਣੀ ਪਾਏ ਰਾਸਾ, ਆਪ ਆਪਣਾ ਮੰਡਲ ਦਏ ਸੁਹਾਇਆ । ਆਪੇ ਵਸਿਆ ਪ੍ਰਿਥਮੀ ਆਕਾਸ਼ਾ, ਆਪ ਆਪਣਾ ਰੂਪ ਵਟਾਇਆ । ਆਪ ਆਪਣਾ ਕਰੇ ਬੰਦ ਖੁਲਾਸਾ, ਬੰਦੀ ਤੋੜ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਕਰਤਾ ਪੁਰਖ ਆਪ ਅਖਵਾਇਆ । ਸੋ ਪੁਰਖ ਨਿਰੰਜਣ ਸਤਿਗੁਰ ਪੂਰਾ, ਨਿਰਗੁਣ ਸਰਗੁਣ ਖੇਲ ਖਿਲਾਰੀ । ਸਰਬ ਗੁਣਾ ਆਪੇ ਭਰਪੂਰਾ, ਜੋਤੀ ਨੂਰ ਨੂਰ ਉਜਿਆਰੀ । ਆਪੇ ਸ਼ਬਦ ਅਨਾਦੀ ਹੋਏ ਤੂਰਾ, ਆਪ ਵਜਾਏ ਡੰਕਾ ਏਕੰਕਾਰੀ । ਆਪੇ ਜੋਧਾ ਸੂਰਾ, ਆਪੇ ਹੋਏ ਸ਼ਾਹ ਸਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦੇਵੇ ਵਰ, ਸੋ ਪੁਰਖ ਨਿਰੰਜਣ ਵਡ ਸਿਕਦਾਰੀ । ਸੋ ਪੁਰਖ ਨਿਰੰਜਣ ਹਰਿ ਭਗਵੰਤਾ, ਏਕਾ ਰੰਗ ਸਮਾਇੰਦਾ । ਖੇਲੇ ਖੇਲ ਆਦਿਨ ਅੰਤਾ, ਆਦਿ ਅੰਤ ਨਾ ਕੋਈ ਜਣਾਇੰਦਾ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਆਪ ਆਪਣਾ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਭੇਵ ਨਾ ਪਾਏ ਕੋਈ ਜੀਵ ਜੰਤਾ, ਸਾਧ ਸੰਤ ਵੇਖ ਵਖਾਇੰਦਾ । ਆਪਣੀ ਮਾਇਆ ਆਪੇ ਪਾਏ ਬੇਅੰਤਾ, ਮਾਇਆ ਪੜਦਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰਜੰਣ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਦਇਆ ਕਮਾ, ਆਪਣਾ ਆਪ ਉਪਾਇਆ । ਆਪਣੀ ਬਿੰਦ ਆਪ ਟਿਕਾ, ਮੁਖ ਕਵਲ ਕਵਲਾ ਦਏ ਪਾ, ਧਰਤ ਧਵਲ ਆਪ ਦਏ ਵਖਾਇਆ । ਪਾਰਬ੍ਰਹਮ ਬ੍ਰਹਮ ਬ੍ਰਹਮਾ ਲਏ ਉਪਾ, ਆਪ ਆਪਣਾ ਅੰਗ ਕਟਾਇਆ । ਏਕਾ ਅੰਗ ਸੂਰਾ ਸਰਬੰਗ ਹੰ ਰੂਪ ਗਿਆ ਸਮਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸੋ ਆਪ ਹੋ ਜਾਇਆ । ਸੋ ਪੁਰਖ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਹੰ ਅੰਗ ਜੀਵ ਜੰਤ ਲੱਖ ਚੁਰਾਸੀ ਪਸਰ ਪਸਾਰ, ਆਪ ਆਪਣਾ ਵਿਚ ਟਿਕਾਇੰਦਾ । ਦੋਹਾਂ ਵੇਖੇ ਇਕ ਦਵਾਰ, ਏਕਾ ਧਾਮ ਸੁਹਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰ, ਤੀਜੇ ਪਿਆਰ ਨਾ ਕੋਈ ਜਣਾਇੰਦਾ । ਦਸਮ ਦਵਾਰੀ ਵਸਿਆ ਬਾਹਰ, ਦਿਸ ਕਿਸੇ ਨਾ ਆਇੰਦਾ । ਸੋਹੰ ਘਰ ਹਰਿ ਨਿਰੰਕਾਰ, ਨਾਨਕ ਇਕ ਵਖਾਇੰਦਾ । ਨਾਨਕ ਪਾਇਆ ਪਦ ਨਿਰਬਾਨ, ਪਰਮ ਪੁਰਖ ਸਮਾਇੰਦਾ । ਏਕਾ ਵੇਖੇ ਕਰ ਧਿਆਨ, ਨੇਤਰ ਨੈਣ ਉਠਾਇੰਦਾ । ਨਿਰਮਲ ਜੋਤ ਸ੍ਰੀ ਭਗਵਾਨ, ਸਤਿ ਸਰੂਪ ਸਮਾਇੰਦਾ । ਨਾਨਕ ਗਾਇਆ ਗੁਣ ਨਿਧਾਨ, ਸੋਹੰ ਸੋ

ਰਸਨਾ ਚਲਾਇੰਦਾ । ਜੀਵ ਜੰਤ ਨਾ ਕਰਨ ਪਛਾਨ, ਲੇਖਾ ਲਿਖਤ ਵਿਚ ਨਾ ਆਇੰਦਾ । ਧਰਮ ਰਾਏ ਬੈਠੇ ਮੁਖ ਸ਼ਰਮਾਣ, ਜੋ ਜਨ ਸੋਹੰ ਸੋ ਰਸਨਾ ਗਾਇੰਦਾ । ਮਿਲੇ ਮੇਲ ਹਰਿ ਗੁਣ ਨਿਧਾਨ, ਲੱਖ ਚੁਰਾਸੀ ਫੰਦ ਕਟਾਇੰਦਾ । ਅੰਤ ਕੰਤ ਸੰਤ ਭਗਵੰਤ ਜੋਤੀ ਜੋਤ ਮਿਲ ਜਾਣ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਰੂਪ ਹੰ ਮੇਟ ਮਿਟਾਇੰਦਾ । ਹੰ ਹੰਗਤਾ ਦੇਵੇ ਮਾਰ, ਸਤਿਗੁਰ ਪੂਰੇ ਵਿਚ ਵਡਿਆਈਆ । ਨਾਮ ਚੋਲੀ ਰੰਗਦਾ ਆਇਆ ਵਿਚ ਸੰਸਾਰ, ਜੁਗ ਜੁਗ ਵੱਡੀ ਵਡਿਆਈਆ । ਧੁਰ ਦਰਗਾਹੀ ਪਾਵੇ ਸਾਰ, ਆਪ ਆਪਣੀ ਦਇਆ ਕਮਾਈਆ । ਪ੍ਰਭ ਅਬਿਨਾਸ਼ੀ ਖੇਲ ਅਪਾਰ, ਖੇਲਣਹਾਰ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪ ਅਖਵਾਈਆ । ਆਦਿ ਅੰਤ ਏਕੰਕਾਰਾ, ਏਕਾ ਏਕ ਅਖਵਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਹਰ ਘਟ ਵੇਸ ਵਟਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰ ਆਪ ਹੋ ਜਾਇੰਦਾ । ਆਪੇ ਨਾਰੀ ਆਪੇ ਨਾਰਾ, ਨਰ ਨਰਾਇਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਲੱਖ ਚੁਰਾਸੀ ਹਰਿ ਸਮਾ, ਆਪਣਾ ਆਪ ਛੁਪਾਇੰਦਾ । ਗੁਰਮੁਖ ਵਿਰਲੇ ਲਏ ਜਗਾ, ਮਾਇਆ ਪੜਦਾ ਲਾਹਿੰਦਾ । ਸਵੱਛ ਸਰੂਪੀ ਦਰਸ ਦਿਖਾ, ਹਉਮੇ ਗੜ੍ਹ ਤੁੜਾਇੰਦਾ । ਏਕਾ ਦੂਜਾ ਭੇਵ ਚੁਕਾ, ਤੀਜਾ ਨੈਣ ਖੁਲ੍ਹਾਇੰਦਾ । ਚੌਥੇ ਘਰ ਲਏ ਬਹਾ, ਸਾਚਾ ਥਾਨ ਸੁਹਾਇੰਦਾ । ਪੰਚਮ ਰਾਗ ਦਏ ਅਲ੍ਹਾ, ਅਨਾਦੀ ਧੁਨ ਵਜਾਇੰਦਾ । ਮੇਲ ਮਿਲਾਏ ਸਹਿਜ ਸੁਭਾ, ਸਾਚਾ ਘਰ ਸੁਹਾਇੰਦਾ । ਪਿਤਾ ਮਾਤ ਆਪ ਹੋ ਜਾ, ਆਪ ਆਪਣੀ ਗੋਦ ਉਠਾਇੰਦਾ । ਆਪ ਆਪਣੇ ਅੰਗ ਲਗਾ, ਆਪਣੀ ਭੁਜਾ ਵਿਛਾਇੰਦਾ । ਆਪ ਆਪਣੇ ਸੰਗ ਰਲਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਵੇਸ ਅਨੇਕ ਕਰ, ਆਪਣਾ ਨਾਉਂ ਧਰਾਇੰਦਾ । ਆਦਿ ਅੰਤ ਏਕਾ ਅਵਤਾਰ, ਗੁਰ ਗੋਬਿੰਦ ਰੂਪ ਵਟਾਇੰਦਾ । ਜੋਤੀ ਨੂਰ ਕਰੇ ਪਸਾਰ, ਪੰਚਮ ਤਤ ਆਸਣ ਲਾਇੰਦਾ । ਪੰਚਮ ਤਤ ਵਸੇ ਕੂੜ ਕੁੜਿਆਰ, ਥਿਰ ਰਹਿਣ ਨਾ ਪਾਇੰਦਾ । ਸਤਿਗੁਰ ਵਡ ਬਲਕਾਰ, ਨਾ ਮਰੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਆਪ ਅਖਵਾਇੰਦਾ । ਪੁਰਖ ਅਕਾਲ ਕਿਰਪਾ ਕਰ, ਆਪਣੀ ਜੋਤ ਜਗਾਈਆ । ਸਾਚੇ ਸੁਤ ਦਿਤਾ ਵਰ, ਅਬਿਨਾਸ਼ੀ ਅਚੁੱਤ ਆਪ ਅਖਵਾਈਆ । ਮਾਤ ਪਿਤ ਵੇਸ ਕਰ, ਇਕ ਗਿਆਨ ਦ੍ਰਿੜਾਈਆ । ਅਕਾਲ ਮੂਰਤੀ ਨਜ਼ਰੀ ਹਰਿ, ਹਰਿ ਹਰਿ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਿਤਾ ਸਾਚਾ ਵਰ, ਏਕਾ ਬੂਝ ਬੁਝਾਈਆ । ਪੁਰਖ ਅਬਿਨਾਸ਼ੀ ਬੂਝ ਬੁਝਾ, ਸ਼ਬਦ ਸੁਤ ਜਗਾਇਆ । ਅਕਾਲ ਮੂਰਤ ਦਰਸ ਦਿਖਾ, ਨੈਨਨ ਨੈਨ ਦਰਸਾਇਆ । ਏਕਾ ਲੇਖਾ ਰਿਹਾ ਲਿਖਾ, ਲਿਖਣ ਵਿਚ ਨਾ ਆਇਆ । ਹਰਿ ਕੰਤ ਨਾ ਸਕੇ ਕੋਈ ਗਾ, ਭੇਵ ਅਭੇਦਾ ਭੇਵ ਛੁਪਾਇਆ । ਗੁਰ ਗੋਬਿੰਦ ਮਿਲਿਆ ਸਚ ਮਲਾਹ, ਜੁਗ ਜੁਗ ਬੇੜਾ ਰਿਹਾ ਚਲਾਇਆ । ਅਚਲ ਮੂਰਤ ਆਪ ਅਖਵਾ, ਅਨਭਵ ਪਰਕਾਸ਼ ਕਰਾਇਆ । ਕੂੜ ਕੂੜਾ ਵਖਾਏ ਏਕਾ ਥਾਂ, ਏਕਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਏਕਾ ਗੁਰ ਇਕ ਅਵਤਾਰਾ, ਏਕਾ ਜੋਤ ਜਗਾਈਆ । ਏਕਾ ਘਰ ਇਕ ਦਵਾਰਾ, ਏਕਾ ਭੇਖ ਵਖਾਈਆ । ਏਕਾ ਸ਼ਾਹੋ ਭੂਪ ਵਡ ਸਿਕਦਾਰਾ, ਏਕਾ ਰਾਜ ਕਮਾਈਆ । ਏਕਾ ਮੰਗੇ ਮੰਗ ਭਿਖਾਰਾ,

ਦਰ ਦਰਵੇਸ ਇਕ ਅਖਵਾਈਆ । ਏਕਾ ਜਾਣੇ ਆਪਣੀ ਕਾਰਾ, ਪ੍ਰਭ ਏਕਾ ਕਾਰ ਕਮਾਈਆ । ਏਕਾ ਆਪਣਾ ਕਰ ਪਸਾਰਾ, ਜੁਗ ਜੁਗ ਖੇਲੇ ਖੇਲ ਸ੍ਰਿਸ਼ਟ ਸਬਾਈਆ । ਸਾਧਾਂ ਸੰਤਾਂ ਗੁਰੂਆਂ ਪੀਰਾਂ ਦੇਵੇ ਜੋਤੀ ਸ਼ਬਦ ਸਹਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰ ਗੋਬਿੰਦੇ ਦੱਸਿਆ ਇਕ ਪਿਆਰਾ, ਏਕਾ ਬੂਝ ਬੁਝਾਈਆ । ਭਗਤ ਭਗਤੀ ਲੇਖੇ ਲਾਏ ਗਿਰਧਾਰਾ, ਗਿਰਵਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਈਆ । ਗੁਰ ਗੋਬਿੰਦੇ ਨੇਤਰ ਖੋਲ੍ਹ, ਹਰਿ ਹਰਿ ਦਰਸ਼ਨ ਪਾਇਆ । ਸ਼ਬਦ ਸ਼ਬਦੀ ਗਿਆ ਬੋਲ, ਬਿਨ ਹਰਿ ਦੂਸਰ ਕੋਇ ਨਾ ਮਾਤ ਉਪਾਇਆ । ਜੁਗ ਜੁਗ ਆਪਣੇ ਕੰਡੇ ਰਿਹਾ ਤੋਲ, ਵੇਖ ਵਖਾਏ ਸ੍ਰਿਸ਼ਟ ਸਬਾਇਆ । ਆਦਿ ਜੁਗਾਦੀ ਸ਼ਬਦ ਅਨਾਦੀ ਵਜਾਏ ਏਕਾ ਢੋਲ, ਲੋਆਂ ਪੁਰੀਆਂ ਰਿਹਾ ਸੁਣਾਇਆ । ਬ੍ਰਹਮਾ ਵਿਸ਼ਨੂੰ ਸ਼ਿਵ ਦੇਵਤ ਸੁਰ ਰਿਹਾ ਡੋਲ, ਪ੍ਰਭ ਸਾਚਾ ਰਿਹਾ ਡੁਲਾਇਆ । ਪੂਤ ਸਪੂਤਾ ਆਪ ਉਠਾਇਆ ਅਨਭੋਲ, ਏਕਾ ਮਾਰਗ ਲਾਇਆ । ਧੁਰਦਰਗਾਹੀ ਕੀਤਾ ਕੌਲ, ਲੋਕਮਾਤ ਪੂਰ ਕਰਾਇਆ । ਮਿਲੇ ਵਡਿਆਈ ਉਪਰ ਧੌਲ, ਧਰਨੀ ਧਰਤ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਦਰ ਦਰਵੇਸ ਸ੍ਰੀ ਦਸਮੇਸ ਆਪ ਵਟਾਇਆ । ਨਿਹਕਲੰਕ ਹਰਿ ਰੂਪ ਹੈ, ਨਿਰਮਲ ਜੋਤ ਅਕਾਰ । ਹਰਿ ਜੋਤੀ ਸ਼ਾਹੋ ਭੂਪ ਹੈ, ਸਚ ਸੱਚੀ ਸਰਕਾਰ । ਸ਼ਬਦ ਡੰਕਾ ਚਾਰੇ ਕੂਟ ਹੈ, ਵਜਾਵਣਹਾਰਾ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਏ ਆਪਣੀ ਸਾਰ । ਨਿਹਕਲੰਕ ਹਰਿ ਕਰਤਾਰ, ਏਕਾ ਏਕ ਅਖਵਾਇੰਦਾ । ਪੰਜ ਤਤ ਨਾ ਕੋਈ ਪਿਆਰ, ਹੱਡ ਮਾਸ ਨਾੜੀ ਰੱਤ ਨਾ ਕੋਈ ਵਖਾਇੰਦਾ । ਮਨ ਮਤ ਬੁਧ ਨਾ ਕੋਈ ਸ਼ੰਗਾਰ, ਨਾ ਕੋਈ ਵੇਸ ਵਟਾਇੰਦਾ । ਏਕਾ ਸ਼ਬਦ ਕਰ ਪਿਆਰ, ਬ੍ਰਹਿਮੰਡਾਂ ਵੇਖ ਵਖਾਇੰਦਾ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਫੋਲ ਫੋਲਾਇੰਦਾ । ਲੱਖ ਚੁਰਾਸੀ ਦਏ ਹੁਲਾਰ, ਇਕ ਹੁਲਾਰ ਰਖਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਗਗਨ ਪਾਤਾਲਾਂ ਫੇਰਾ ਪਾਇੰਦਾ । ਰਵ ਸਸ ਕਰਨ ਪੁਕਾਰ, ਹਰਿ ਹਰਿ ਭੇਵ ਕੋਈ ਨਾ ਪਾਇੰਦਾ । ਸ਼ਬਦੀ ਜੋਤੀ ਰੂਪ ਕਰਤਾਰ, ਨਿਹਕਲੰਕ ਅਖਵਾਇੰਦਾ । ਵੇਦ ਵਿਆਸਾ ਬਣ ਲਿਖਾਰ, ਏਕਾ ਲੇਖਾ ਲੇਖ ਲਿਖਾਇੰਦਾ । ਨਾਨਕ ਕਰੀ ਅੰਤਮ ਵਿਚਾਰ, ਨਿਰਗੁਣ ਆਸ ਕਰਾਇੰਦਾ । ਗੁਰ ਗੋਬਿੰਦਾ ਕਰ ਪਿਆਰ, ਆਪ ਆਪਣੀ ਦਇਆ ਕਮਾਇੰਦਾ । ਪਰਗਟ ਹੋ ਵਿਚ ਸੰਸਾਰ, ਕਲਜੁਗ ਕੂੜਾ ਮੇਟ ਮਿਟਾਇੰਦਾ । ਸ਼ਬਦ ਡੰਕ ਵਜਾਏ ਅਪਰ ਅਪਾਰ, ਰਾਓ ਰੰਕ ਆਪ ਉਠਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਊਚਾਂ ਨੀਚਾਂ ਗਊ ਗ਼ਰੀਬਾਂ ਪਾਵੇ ਸਾਰ, ਏਕਾ ਧਾਮ ਸੁਹਾਇੰਦਾ । ਚਾਰ ਵਰਨ ਕਰੇ ਇਕ ਪਿਆਰ, ਅਠਾਰਾਂ ਬਰਨਾਂ ਮੂਲ ਚੁਕਾਇੰਦਾ । ਪਾਰਬ੍ਰਹਮ ਪ੍ਰਭ ਫੇਰਾ ਪਾ, ਭੇਵ ਅਭੇਦਾ ਅਛਲ ਅਛੇਦਾ ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ, ਕਲਜੁਗ ਅੰਤਮ ਵੇਸ ਵਟਾਇੰਦਾ । ਸੰਬਲ ਨਗਰੀ ਹੋ ਉਜਿਆਰ, ਸਾਚਾ ਧਾਮ ਸੁਹਾਇੰਦਾ । ਗੁਰਮੁਖ ਵੇਖੇ ਸਾਜਨ ਮੀਤ ਮੁਰਾਰ, ਜੁਗ ਵਿਛੜੇ ਜਗ ਮੇਲ ਮਿਲਾਇੰਦਾ । ਆਤਮ ਅੰਤਰ ਬਖ਼ਸ਼ੇ ਇਕ ਪਿਆਰ, ਇਕ ਗਿਆਨ ਦ੍ਰਿੜਾਇੰਦਾ । ਅੰਮ੍ਰਿਤ ਦੇਵੇ ਠੰਡੀ ਧਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਕਾਇਆ ਗਾਤਰੇ ਆਪ ਲਟਕਾਇੰਦਾ । ਕੂੜ ਕੁੜਿਆਰਾ ਮੇਟੇ ਵਿਚ ਸੰਸਾਰ, ਜੂਠ ਝੂਠ ਰਹਿਣ ਨਾ ਪਾਇੰਦਾ । ਸਚ ਸੁੱਚ ਕਲ ਬੰਨੇ ਧਾਰ, ਸਾਚਾ ਮਾਰਗ ਲਾਇੰਦਾ । ਸੰਮਤ ਸੰਮਤੀ

੨੨੯
੦੭

ਮਾਰੇ ਮਾਰ, ਨੌਂ ਸੱਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਆਪ ਅਖਵਾਇੰਦਾ । ਨਿਹਕਲੰਕ ਹਰਿ ਭਗਵੰਤਾ, ਏਕਾ ਏਕ ਅਖਵਾਇਆ । ਗੁਰਮੁਖ ਵਿਰਲਾ ਜਾਣੇ ਸੰਤਾ, ਜਿਸ ਜਨ ਬੂਝ ਬੁਝਾਇਆ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤਾ, ਏਕਾ ਪੜਦਾ ਰਿਹਾ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਹਕਲੰਕ ਆਪ ਅਖਵਾਇਆ । ਲੱਖ ਚੁਰਾਸੀ ਵੰਡ ਵੰਡਾ, ਹਰਿ ਅਚਰਜ ਰਚਨ ਰਚਾਈਆ । ਉਤਭੁਜ ਸੇਤਜ ਜੇਰਜ ਅੰਡ ਰਿਹਾ ਸਮਾ, ਲੇਪ ਰਹੇ ਨਾ ਰਾਈਆ । ਆਪੇ ਖੰਡਨ ਖੰਡ ਖੰਡਾ ਰਿਹਾ ਕਰਾ, ਆਪੇ ਸੰਗ ਨਿਭਾਈਆ । ਆਪੇ ਵੰਡਾਂ ਰਿਹਾ ਵੰਡਾ, ਵੰਡਣਹਾਰ ਆਪ ਅਖਵਾਈਆ । ਆਪੇ ਜੇਰਜ ਖਾਣੀ ਲਏ ਭੁਲਾ, ਮਾਨਸ ਮਾਨੁਖ ਲਏ ਉਪਾਈਆ । ਕਰਮ ਜਰਮ ਹਰਿ ਝੋਲੀ ਪਾ, ਧਰਮੀ ਧਰਮ ਜਣਾਈਆ । ਗੁਰ ਮੰਤਰ ਨਾਮ ਇਕ ਸਖਾ, ਸਾਚੀ ਸਿਖਿਆ ਦਏ ਸਮਝਾਈਆ । ਜੋ ਜਨ ਰਸਨਾ ਰਹੇ ਗਾ, ਲੱਖ ਚੁਰਾਸੀ ਪਾਰ ਕਰਾਈਆ । ਗੁਰ ਕਾ ਸ਼ਬਦ ਜੋ ਜਨ ਜਾਏ ਭੁਲਾ, ਵੇਲੇ ਅੰਤ ਨਾ ਕੋਈ ਸਹਾਈਆ । ਅਨਾਦੀ ਬ੍ਰਹਮ ਬ੍ਰਹਿਮਾਦੀ ਰਿਹਾ ਸਮਾ, ਹਰਿ ਖੋਜਣਹਾਰਾ ਖੋਜ ਖੁਜਾਈਆ । ਲਹਿਣਾ ਦੇਣਾ ਝੋਲੀ ਦੇਵੇ ਪਾ, ਕਰਮ ਕੁਕਰਮਾਂ ਦਏ ਵਡਿਆਈਆ । ਵਿਸ਼ਟਾ ਕੀਟ ਦਏ ਬਣਾ, ਮਨਮੁਖਾਂ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਸ ਗਿਆਰਾਂ ਬੀਸ ਤੀਸ ਲੱਖ ਚਾਰ ਰਿਹਾ ਫਿਰਾਈਆ । ਹਰਿ ਹਰਿ ਆਪਣਾ ਵੇਸ ਵਟਾ, ਆਪਣੀ ਬਣਤ ਬਣਾਇੰਦਾ । ਚਾਰੇ ਵੇਦਾਂ ਰਿਹਾ ਲਿਖਾ, ਬ੍ਰਹਮਾ ਸੇਵਾ ਲਾਇੰਦਾ । ਸਤਿਜੁਗ ਤ੍ਰੇਤਾ ਸੰਗ ਰਲਾ, ਦੁਆਪਰ ਖੇਲ ਖਿਲਾਇੰਦਾ । ਕਲਜੁਗ ਅੰਤਮ ਫੇਰਾ ਪਾ, ਹਰ ਘਟ ਵੇਖ ਵਖਾਇੰਦਾ । ਜੋਤੀ ਜੋਤ ਰਿਹਾ ਜਗਾ, ਆਪਣਾ ਨੂਰ ਉਪਾਇੰਦਾ । ਸ਼ਬਦ ਸ਼ਬਦੀ ਨਾਂ ਰਖਾ, ਸਾਚੀ ਖੇਲ ਖਿਲਾਇੰਦਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰ ਨਾਮ ਰਖਾ, ਸਾਚੀ ਖੇਲ ਖਿਲਾਇੰਦਾ । ਬਰਾਹ ਰੂਪ ਆਪ ਹੋ ਜਾ, ਭੇਵ ਕੋਈ ਨਾ ਪਾਇੰਦਾ । ਯਗੈ ਪੁਰਸ਼ ਨਾਮ ਧਰਾ, ਹਾਵ ਗ਼ਰੀਵ ਸਮਾਇੰਦਾ । ਨਰਾਇਣ ਨਰ ਡੰਕ ਵਜਾ, ਏਕਾ ਲੇਖ ਲਿਖਾਇੰਦਾ । ਕਪਲ ਮੁਨ ਵੇਖ ਵਖਾ, ਆਪਣਾ ਵੇਸ ਵਟਾਇੰਦਾ । ਦੱਤਾ ਤ੍ਰੈ ਲੇਖ ਨਾ ਰਾ, ਭੇਖੀ ਭੇਖ ਕਰਾਇੰਦਾ । ਰਿਖਵ ਦੇਵ ਫੇਰੀ ਪਾ, ਸਾਚਾ ਕਾਜ ਰਚਾਇੰਦਾ । ਪ੍ਰਿਥੁ ਆਪਣਾ ਵੇਸ ਵਟਾ, ਅਗੰਮੜੀ ਕਾਰ ਕਰਾਇੰਦਾ । ਮਤਸਯ ਭੇਵ ਦਏ ਖੁਲ੍ਹਾ, ਮਛ ਰੂਪ ਹੋ ਆਇੰਦਾ । ਕਛ ਡੇਰਾ ਆਪੇ ਲਾ, ਮਿੰਦਰਾ ਚਲ ਪਿਠ ਉਠਾਇੰਦਾ । ਮੋਹਣੀ ਰੂਪ ਲਏ ਵਟਾ, ਆਪ ਆਪਣਾ ਖੇਲ ਖਿਲਾਇੰਦਾ । ਬਾਵਨ ਭੇਖ ਰਿਹਾ ਵਟਾ, ਬਲ ਰਾਜਾ ਛਲ ਛਲਾਇੰਦਾ । ਹੰਸ ਹੰਸਾ ਜੋਤ ਜਗਾ, ਮਾਣੀ ਮਾਣ ਮਿਟਾਇੰਦਾ । ਵੈਦ ਧਨੰਤਰ ਆਪ ਅਖਵਾ, ਆਪਣੀ ਕਰਨੀ ਕਰਾਇੰਦਾ । ਨਰ ਸਿੰਘ ਤੇਰਾ ਲੇਖਾ ਕੋਈ ਜਾਣੇ ਨਾ, ਆਪ ਆਪਣਾ ਵੇਖ ਵਖਾਇੰਦਾ । ਨਰ ਨਰਾਇਣ ਆਪ ਅਖਵਾ, ਧਰੂ ਬਾਲਕ ਪਾਰ ਕਰਾਇੰਦਾ । ਹਰੀ ਹਰਿ ਨਾਉਂ ਧਰਾ, ਗਜ ਸੇਵਾ ਆਪ ਕਮਾਇੰਦਾ । ਅਠਾਰਾਂ ਵਾਰ ਜੋਤੀ ਜੋਤ ਜਗਾ, ਸਤਿਜੁਗ ਪਾਰ ਕਰਾਇੰਦਾ । ਤ੍ਰੇਤਾ ਤੇਰਾ ਵੇਖੇ ਰਾਹ, ਧਰਤ ਧਵਲ ਸੁਹਾਇੰਦਾ । ਆਪ ਆਪਣਾ ਵੇਸ ਵਟਾ, ਪਰਸਾ ਰੂਪ ਸਮਾਇੰਦਾ । ਪਰਸਾ ਧੰਦੇ ਦੇਵੇ ਲਾ, ਕੌਰੂ ਕੁਸ਼ੇਤਰ ਧਾਮ ਸੁਹਾਇੰਦਾ । ਰਾਮ ਨਾਮਾ ਨਾਮ ਉਪਾ, ਦਸਰਥ ਦਰ ਸੁਹਾਇੰਦਾ । ਜਨਕ ਸਪੁਤਰੀ ਲਏ ਪਰਨਾ, ਸੀਤਾ ਸੰਗ ਰਖਾਇੰਦਾ । ਆਪ ਆਪਣਾ ਵੇਖ ਵਖਾ, ਆਪਣਾ ਖੇਲ ਵਰਤਾਇੰਦਾ । ਆਪ ਆਪਣਾ ਸੰਗ ਰਖਾ, ਸਗਲਾ ਸੰਗ ਰਖਾਇੰਦਾ । ਹਨਵੰਤਾ ਹਰਿ ਇਕ ਜਣਾ, ਏਕਾ ਬੂਝ ਬੁਝਾਇੰਦਾ ।

ਰਾਵਣ ਗੜ੍ਹ ਦਏ ਤੁੜਾ, ਹੰਕਾਰੀਆਂ ਹੰਕਾਰ ਮਿਟਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾ, ਭੀਲਨੀ ਮੁਖ ਸਗਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਤ੍ਰੇਤਾ ਤੇਰਾ ਪਾਰ ਕਿਨਾਰਾ, ਤ੍ਰਿਆ ਵੇਸ ਵਟਾਇਆ । ਪੁਰਖ ਅਬਿਨਾਸ਼ੀ ਲੈ ਅਵਤਾਰਾ, ਆਪਣਾ ਖੇਲ ਖਿਲਾਇਆ । ਦੁਆਪਰ ਤੇਰੀ ਬੰਨੇ ਧਾਰ, ਤੇਰਾ ਰੰਗ ਰੰਗਾਇਆ । ਵੇਦ ਵਿਆਸਾ ਪਰਗਟ ਹੋ ਵਿਚ ਸੰਸਾਰ, ਕੁਆਰ ਕੰਨਿਆ ਸੇਵਾ ਲਾਇਆ । ਨਾਰਦ ਮੁੰਨ ਕਰ ਪਿਆਰਾ, ਸਾਚਾ ਸੰਗ ਨਿਭਾਇਆ । ਲਿਖੇ ਸਲੋਕ ਲੱਖ ਚਾਰ ਹਜ਼ਾਰ ਸਤਾਰਾਂ, ਲਹਿਣਾ ਦੇਣ ਮੂਲ ਚੁਕਾਇਆ । ਦੁਆਪਰ ਤੇਰਾ ਵੇਖ ਕਿਨਾਰਾ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਗੋਕਲ ਮਥਰਾ ਪਾਵੇ ਸਾਰਾ, ਬਿੰਦਰਾਬਨ ਸੁਹਾਇਆ । ਮੁਕੰਦ ਮਨੋਹਰ ਲਖਮੀ ਨਰਾਇਣ, ਹਰਿ ਕਰਤਾਰਾ । ਸੁੰਦਰ ਕੁੰਡਲ ਮੁਕਟ ਬੈਨ ਨੈਣ ਕੱਜਲ ਧਾਰਾ । ਸਾਚਾ ਸਖੀਆਂ ਬਣਿਆ ਸਾਚਾ ਸੈਣ, ਮੀਤ ਮੁਰਾਰਾ । ਦਰੋਪਦ ਰੱਖੀ ਲੱਜਿਆ ਆਪ ਰਖਾਇਣ, ਪੜਦਾ ਪਾਏ ਅਪਰ ਅਪਾਰਾ । ਬਿਦਰ ਸੁਦਾਮਾ ਮੇਲ ਮਿਲਾਏ ਹਰਿ ਨਰਾਇਣ, ਲੇਖਾ ਚੁਕੇ ਵਿਚ ਸੰਸਾਰਾ । ਪੰਚਮ ਮੇਲਾ ਰਸਨਾ ਕਿਸੇ ਨਾ ਸਕੇ ਕਹਿਣ, ਪੰਚਮ ਸੁਹਾਏ ਬੰਕ ਦਵਾਰਾ । ਦਰਯੋਧਨ ਹੰਕਾਰੀ ਖਾਏ ਲਾੜ੍ਹੀ ਮੌਤ ਡੈਣ, ਅੰਤਮ ਢਹਿ ਢਹਿ ਹੋਏ ਖੁਆਰਾ । ਅਰਜਨ ਗੀਤਾ ਗਿਆਨ ਇਕ ਦ੍ਰਿੜਾਇਣ, ਖੋਲ੍ਹੇ ਬੰਦ ਕਿਵਾੜਾ । ਭਗਤ ਭਗਤੀ ਵਿਦਿਆ ਇਕ ਜਨਾਇਣ, ਆਪ ਆਪਣਾ ਸ਼ਬਦ ਉਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਵੇਖਣਹਾਰਾ । ਕਲਜੁਗ ਸਾਚਾ ਮਾਤ ਧਰਾ, ਆਪਣੀ ਕਲ ਵਰਤਾਇੰਦਾ । ਪੰਚਮ ਤਤ ਵਿਕਾਰਾ ਝੋਲੀ ਭਰਾ, ਜੂਠ ਝੂਠ ਗੜ੍ਹ ਸੁਹਾਇੰਦਾ । ਬੋਧ ਬੋਧ ਗਿਆ ਜਣਾ, ਆਤਮ ਬੋਧ ਰਖਾਇੰਦਾ । ਅਗਾਧ ਬੋਧ ਨਾ ਸਕੇ ਕੋਈ ਜਣਾ, ਨਾ ਕੋਈ ਲੇਖਾ ਲੇਖ ਲਿਖਾਇੰਦਾ । ਈਸਾ ਮੂਸਾ ਲਏ ਉਪਾ, ਅੱਲਾ ਰਾਣੀ ਨਾਲ ਪਰਨਾਇੰਦਾ । ਸੰਗ ਮੁਹੰਮਦ ਚਾਰ ਯਾਰ ਨਾਲ ਲਏ ਰਲਾ, ਏਕਾ ਘਰ ਸੁਹਾਇੰਦਾ । ਏਕਾ ਨਾਅਰਾ ਰਿਹਾ ਸਿਖਾ, ਅੱਲਾ ਹੂ ਅਵਾਜ਼ ਰਖਾਇੰਦਾ । ਐਨਲ ਹੱਕ ਸਾਚੇ ਧਾਮ ਸੁਹਾ, ਹੱਕ ਹਕੀਕਤ ਫੋਲ ਫੋਲਾਇੰਦਾ । ਨੂਰ ਅਲਾਹੀ ਬੇਐਬ ਪਰਵਰਦਿਗਾਰ ਆਪ ਅਖਵਾ, ਮੁਕਾਮੇ ਹੱਕ ਇਕ ਜਣਾਇੰਦਾ । ਰਫੀਕ ਅਹਿਬਾਬ ਰਬਾਬ ਇਕ ਵਜਾ, ਆਪਣਾ ਤਾਲ ਸੁਣਾਇੰਦਾ । ਮੱਕਾ ਕਾਅਬਾ ਹੱਜ ਦਏ ਕਰਾ, ਕੁਰਾਨ ਅੰਜੀਲ ਵੇਖ ਵਖਾਇੰਦਾ । ਤੀਸ ਬਤੀਸ ਦਏ ਸੁਣਾ, ਏਕਾ ਧੁਰ ਫ਼ਰਮਾਣ ਜਣਾਇੰਦਾ । ਚਾਰੋਂ ਕੁੰਟ ਡੰਕ ਵਜਾ, ਆਪ ਆਪਣੀ ਰਚਨ ਰਚਾਇੰਦਾ । ਨਾਨਕ ਗੁਰ ਲਏ ਉਪਾ, ਨਿਰਗੁਣ ਸੰਗ ਨਿਭਾਇੰਦਾ । ਆਪ ਆਪਣੇ ਦਰ ਬੁਲਾ, ਆਪਣਾ ਦਰਸ ਦਿਖਾਇੰਦਾ । ਸਤਿ ਨਾਮ ਝੋਲੀ ਪਾ, ਲੋਕਮਾਤੀ ਰਾਹ ਤਕਾਇੰਦਾ । ਚਾਰ ਵਰਨਾਂ ਦਏ ਸਮਝਾ, ਇਕ ਗਿਆਨ ਦ੍ਰਿੜਾਇੰਦਾ । ਚਾਰੋਂ ਕੁੰਟ ਫੇਰੀ ਪਾ, ਦਹਿ ਦਿਸ਼ਾ ਵੇਖ ਵਖਾਇੰਦਾ । ਹੰਕਾਰੀਆਂ ਗੜ੍ਹ ਗਿਆ ਤੁੜਾ, ਸ਼ਬਦ ਖੰਡਾ ਇਕ ਵਖਾਇੰਦਾ । ਗ਼ਰੀਬ ਨਿਮਾਣਿਆਂ ਗਲੇ ਲਗਾ, ਏਕਾ ਮਾਰਗ ਲਾਇੰਦਾ । ਅੰਤਮ ਪੰਚਮ ਤਤ ਨਾਤਾ ਗਿਆ ਛੁਡਾ, ਆਪ ਆਪਣਾ ਵਕ਼ਤ ਸੁਹਾਇੰਦਾ । ਅੰਗਦ ਅੰਗ ਲਿਆ ਲਗਾ, ਅੰਗੀਕਾਰ ਕਰਾਇੰਦਾ । ਜੋਤੀ ਜੋਤ ਲਏ ਜਗਾ, ਸ਼ਬਦੀ ਸ਼ਬਦ ਸਮਾਇੰਦਾ । ਏਕਾ ਦੂਜਾ ਰੂਪ ਵਟਾ, ਏਕਾ ਦਵਾਰ ਬੰਧਾਇੰਦਾ । ਤੀਜੇ ਵੇਸ ਆਪ ਕਰਾ, ਅਮਰੂ ਅਮਰ ਕਰਾਇੰਦਾ । ਚੌਥਾ ਘਰ ਦਏ ਸੁਹਾ, ਰਾਮਦਾਸ ਸੇਵਾ ਲਾਇੰਦਾ । ਸਰ ਸਰੋਵਰ ਇਕ ਬਣਾ, ਸਾਚਾ ਤਾਲ ਸੁਹਾਇੰਦਾ । ਅਰਜਨ ਅਰਜਨ ਵੇਖ ਵਖਾ, ਸ਼ਬਦ ਗਿਆਨ ਇਕ ਸਿਖਾਇੰਦਾ । ਅਗਾਧ ਬੋਧ ਲੇਖ

ਲਿਖਾ, ਆਪਣਾ ਆਪ ਬੰਦ ਕਰਾਇੰਦਾ । ਅੰਤਮ ਲਹਿਣਾ ਦੇਣਾ ਦਏ ਚੁਕਾ, ਕਲਜੁਗ ਕੂੜਾ ਕੂੜ ਪਸਾਰਾ ਆਪਣੇ ਤਨ ਉਠਾਇੰਦਾ । ਛੇਵੇਂ ਗੁਰ ਜੋਤ ਜਗਾ, ਸਾਚਾ ਘੋੜਾ ਹੇਠ ਰਖਾਇੰਦਾ । ਹਰਿਰਾਏ ਹਰਿ ਮੇਲ ਮਿਲਾ, ਆਪਣੀ ਬੂਝ ਬੁਝਾਇੰਦਾ । ਹਰਿਕ੍ਰਿਸ਼ਨਾ ਗਿਆ ਸਮਾ, ਬਾਲ ਅਵਸਥਾ ਲੇਖੇ ਲਾਇੰਦਾ । ਗੁਰ ਤੇਗ ਬਹਾਦਰ ਪਕੜੀ ਬਾਂਹ, ਨਿਥਾਵਿਆਂ ਥਾਂ ਦਵਾਇੰਦਾ । ਗੁਰ ਗੋਬਿੰਦਾ ਕਰੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਮੰਗੇ ਪ੍ਰਭ ਸਾਚੇ ਤੇਰਾ ਨਾਂ, ਏਕਾ ਓਟ ਰਖਾਇੰਦਾ । ਚਾਰ ਜੁਗ ਹਰਿ ਫੇਰੀ ਪਾ, ਆਪਣਾ ਵੇਸ ਵਟਾਇੰਦਾ । ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਸ਼ਬਦੀ ਸ਼ਬਦ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਸ ਨਿਰੰਕਾਰ, ਆਪਣਾ ਰੂਪ ਵਟਾਇਆ । ਰਾਮ ਰਾਮਾ ਹੋ ਅਵਤਾਰ, ਸੀਤਾ ਸੁਰਤੀ ਲਏ ਵਿਹਾਇਆ । ਕਾਹਨਾ ਕ੍ਰਿਸ਼ਨਾ ਪਾਵੇ ਸਾਰ, ਨਾਮ ਬੰਸਰੀ ਇਕ ਵਜਾਇਆ । ਨਾਨਕ ਗੁਰ ਇਕ ਪਿਆਰ, ਗੁਰਮੁਖ ਸਾਚੇ ਲਏ ਜਗਾਇਆ । ਗੁਰ ਗੋਬਿੰਦ ਪਹਿਰੇਦਾਰ, ਸੇਵਕ ਸੇਵਾ ਰਿਹਾ ਕਮਾਇਆ । ਨਿਰਮਲ ਜੋਤੀ ਕਰ ਅਕਾਰ, ਲੋਕਮਾਤ ਫੇਰਾ ਪਾਇਆ । ਏਕਾ ਰੂਪ ਹਰਿ ਕਰਤਾਰ, ਆਪ ਆਪਣਾ ਵੇਸ ਵਟਾਇਆ । ਨਿਹਕਲੰਕਾ ਲਏ ਅਵਤਾਰ, ਰਾਮਾ ਕ੍ਰਿਸ਼ਨਾ ਰੂਪ ਅਖਵਾਇਆ । ਸ਼ਬਦ ਡੰਕਾ ਅਪਰ ਅਪਾਰ, ਗੁਰ ਗੋਬਿੰਦ ਰਿਹਾ ਵਜਾਇਆ । ਨਾਨਕ ਬੋਲੇ ਤੇਰਾ ਧਾਰ, ਮੋਦੀਖਾਨਾ ਜਗਤ ਇਕ ਚਲਾਇਆ । ਜੁਗ ਜੁਗ ਵਿਛੜੇ ਸੰਤ ਸੁਹੇਲੇ ਗੁਰੂ ਗੁਰ ਚੇਲੇ ਪ੍ਰਭ ਭਗਤ ਲਏ ਅਧਾਰ, ਆਪ ਆਪਣਾ ਮੇਲ ਮਿਲਾਇਆ । ਅੰਦਰ ਮੰਦਰ ਦੇਵੇ ਦਰਸ ਅਗੰਮ ਅਪਾਰ, ਬਜਰ ਕਪਾਟੀ ਕੁੰਡਾ ਲਾਹਿਆ । ਨਿਰਮਲ ਜੋਤੀ ਕਰੇ ਉਜਿਆਰ, ਦਸਮ ਦਵਾਰੀ ਡੇਰਾ ਲਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਹਰਿ ਬੈਠਾ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਆਪ ਅਖਵਾਇਆ । ਕਲਜੁਗ ਜੀਵ ਨਾਰ ਦੁਹਾਗਣ, ਸਾਚਾ ਕੰਤ ਨਾ ਕੋਈ ਹੰਢਾਈਆ । ਗੁਰਮੁਖ ਵਿਰਲੇ ਸੋਏ ਜਾਗਣ, ਹਰਿ ਹਰਿ ਰਸਨਾ ਰਾਗ ਅਲਾਈਆ । ਵੱਜੇ ਧੁੰਨ ਅਨਾਦ ਅਨਾਦਨ, ਅਨਾਦੀ ਧੁਨ ਵਜਾਈਆ । ਧੁਰ ਦਰਗਾਹੀ ਦੇਵੇ ਸਾਚੀ ਦਾਮਨ, ਨਾਮ ਦਾਨ ਝੋਲੀ ਪਾਈਆ । ਮਿਲੇ ਮੇਲ ਹਰਿ ਮਾਧੋ ਮਾਧਨ, ਮੋਹਣ ਮਾਧਵ ਦਰਸ ਦਿਖਾਈਆ । ਜੋਤੀ ਸ਼ਬਦੀ ਜੋੜਾ ਕ੍ਰਿਸ਼ਨਾ ਰਾਧਨ, ਸੁਰਤੀ ਰਾਧਾ ਰੂਪ ਸਮਾਈਆ । ਖੇਲੇ ਖੇਲ ਆਦਿ ਜੁਗਾਦਿਨ, ਜੁਗ ਜੁਗ ਭੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਧਰਾਈਆ । ਮਨਮੁਖ ਸੋਇਆ ਨੀਂਦ ਗੂੜ੍ਹ, ਮਾਇਆ ਪੜਦਾ ਪਾਇਆ । ਗੁਰਮੁਖ ਵਿਰਲਾ ਮਾਂਗੇ ਚਰਨ ਧੂੜ, ਦਰ ਦਵਾਰਾ ਵੇਖ ਵਖਾਇਆ । ਨਾਤਾ ਤੋੜੇ ਕੂੜੇ ਕੂੜ, ਸਚ ਸੁੱਚ ਲਏ ਪਰਨਾਇਆ । ਕਰ ਕਿਰਪਾ ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਧਰਾਇਆ । ਕਲਜੁਗ ਜੀਵ ਜਗਤ ਨਿਧਾਨ, ਮਾਇਆ ਭਰਮ ਭੁਲਾਇੰਦਾ । ਗੁਰਮੁਖ ਸਾਜਨ ਨੌਜਵਾਨ, ਸੋਏ ਪੂਤ ਉਠਾਇੰਦਾ । ਦੇਵੇ ਨਾਮ ਧੁਰ ਫ਼ਰਮਾਣ, ਗਿਆਨ ਧਿਆਨ ਇਕ ਵਖਾਇੰਦਾ । ਕਾਇਆ ਮੰਦਰ ਸਚ ਮਕਾਨ, ਦੀਪਕ ਜੋਤ ਜਗਾਇੰਦਾ । ਅਨਾਦੀ ਧੁਨ ਸੁਣਾਏ ਕਾਨ, ਅਨਹਦ ਤਾਲ ਵਜਾਇੰਦਾ । ਪੰਚਮ ਰਾਗ ਇਕ ਅਲਾਇਣ, ਸਾਚੀ ਸਖੀਆਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰ ਘਟ ਮੰਦਰ ਵੇਖ ਵਖਾਇੰਦਾ । ਮਨਮੁਖ ਜੀਵ ਬਾਲ ਅਵਾਣਾ, ਹਰਿ ਹਰਿ ਭੇਵ ਨਾ ਰਾਇਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨਾ, ਆਪ ਆਪਣੀ ਸੇਵਾ ਲਾਇਆ । ਏਕਾ ਰਾਗ ਇਕ ਤਰਾਨਾ, ਏਕਾ ਧੁਨ ਉਪਜਾਇਆ । ਏਕਾ ਜੋਤ ਸ੍ਰੀ ਭਗਵਾਨਾ, ਗੁਣ ਅਵਗੁਣ ਨਾ ਵੇਖ ਵਖਾਇਆ । ਦਰ ਦਵਾਰ ਕਰੇ ਪਰਵਾਨਾ, ਜੋ ਜਨ ਰਸਨਾ ਰਹੇ ਗਾਇਆ । ਮੇਲ ਮਿਲਾਏ ਕ੍ਰਿਸ਼ਨਾ ਕਾਹਨਾ, ਲਖਮੀ ਨਰਾਇਣ ਵੇਸ ਵਟਾਇਆ । ਏਕਾ ਦਰ ਹਰਿ ਸੁਹਾਨਾ, ਸਾਚੀ ਸਈਆ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਪਾਇਆ ਹਰਿ ਗੋਬਿੰਦ, ਸਗਲਾ ਭੌ ਨਿਵਾਰਿਆ । ਆਪ ਮਿਟਾਏ ਜਗਤ ਚਿੰਦ, ਦੇਵੇ ਨਾਮ ਸਹਾਰਿਆ । ਅੰਮ੍ਰਿਤ ਆਤਮ ਧਾਰ ਵਹਾਏ ਸਾਗਰ ਸਿੰਧ, ਭਵ ਜਲ ਪਾਰ ਕਿਨਾਰਿਆ । ਪਾਰਬ੍ਰਹਮ ਪ੍ਰਭ ਸਦਾ ਬਖ਼ਸ਼ਿੰਦ, ਪਰਮ ਪੁਰਖ ਅਖਵਾ ਰਿਹਾ । ਜੋਧਾ ਸੂਰਾ ਵਡ ਮਰਗਿੰਦ, ਏਕਾ ਖੰਡਾ ਵਿਚ ਬ੍ਰਹਿਮੰਡਾਂ ਆਪ ਚਮਕਾ ਰਿਹਾ । ਮਨਮੁਖ ਜੀਵ ਲਗਾਏ ਨਿੰਦ, ਨਿੰਦਕ ਨਿੰਦਿਆ ਮੁਖ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ ਮੇਲ ਮਿਲਾ ਰਿਹਾ । ਗੁਰ ਗੋਬਿੰਦ ਪਾਇਆ ਹਰਿ ਨਿਰੰਕਾਰ, ਹਰ ਘਰ ਵੱਜੀ ਵਧਾਈਆ । ਅੰਤਮ ਮੇਲਾ ਵਿਚ ਸੰਸਾਰ, ਕਰੇ ਕਰਾਏ ਬੇਪਰਵਾਹੀਆ । ਸ਼ਬਦ ਘੋੜੇ ਹੋ ਅਸਵਾਰ, ਨੀਲਾ ਨੀਲੋ ਧਾਰ ਪਾਰ ਕਰਾਈਆ । ਜੋਤ ਸਰੂਪੀ ਸ਼ਾਹ ਅਸਵਾਰ, ਲੋਆਂ ਪੁਰੀਆਂ ਰਿਹਾ ਹਿਲਾਈਆ । ਚੌਦਾਂ ਤਬਕਾਂ ਮਾਰੇ ਮਾਰ, ਚੌਦਾਂ ਲੋਕਾਂ ਰਿਹਾ ਉਠਾਈਆ । ਚੌਦਾਂ ਹੱਟਾਂ ਵੇਖ ਪਸਾਰ, ਤੀਰਥ ਤਟਾਂ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਗੋਬਿੰਦ ਵਿਚ ਸਮਾਈਆ । ਗੋਬਿੰਦ ਮੇਲਾ ਹਰਿ ਦਵਾਰ, ਹਰਿ ਸਾਚੇ ਆਪ ਕਰਾਇਆ । ਆਪ ਸੁਹਾਏ ਬੰਕ ਦਵਾਰ, ਬੰਕ ਦਵਾਰੀ ਡੇਰਾ ਲਾਇਆ । ਜੋਤੀ ਨੂਰ ਕਰ ਉਜਿਆਰ, ਸ਼ਬਦੀ ਸ਼ਬਦ ਅਲ੍ਹਾਇਆ । ਸ਼ਬਦ ਗੁਰ ਵਡ ਸਿਕਦਾਰ, ਜੁਗ ਜੁਗ ਆਪ ਅਖਵਾਇਆ । ਜਨ ਭਗਤਾਂ ਲਹਿਣਾ ਦੇਣਾ ਦਏ ਕਰਜ਼ ਉਤਾਰ, ਪੂਰਬ ਝੋਲੀ ਪਾਇਆ । ਨੇਤਰ ਨੈਣਾਂ ਦਰਸ ਅਪਾਰ, ਭਾਣਾ ਸਹਿਣਾ ਇਹ ਸਮਝਾਇਆ । ਗੁਰ ਗੋਬਿੰਦਾ ਕਰ ਪਿਆਰ, ਕਲਜੁਗ ਵੇਖੇ ਖੇਲ ਸਬਾਇਆ । ਨਾਮ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਰਖਾਇਆ । ਆਪੇ ਹੋਏ ਪਹਿਰੇਦਾਰ, ਸੇਵਕ ਸੇਵਾ ਰਿਹਾ ਕਰਾਇਆ । ਸੰਮਤ ਚੌਦਾਂ ਕਰੇ ਖ਼ਬਰਦਾਰ, ਵੀਹ ਸਦ ਬਿਕ੍ਰਮੀ ਨਾਲ ਰਲਾਇਆ । ਸੰਮਤ ਪੰਦਰਾਂ ਹੋ ਤਿਆਰ, ਦੇਸ ਪਰਦੇਸਾ ਵੇਖ ਵਖਾਇਆ । ਲੰਕਾ ਗੜ੍ਹ ਤੋੜੇ ਹੰਕਾਰ, ਖ਼ਾਕੀ ਖ਼ਾਕ ਮਿਲਾਇਆ । ਈਸਾ ਮੂਸਾ ਦਏ ਹੁਲਾਰ, ਸੰਗ ਮੁਹੰਮਦ ਚਾਰ ਯਾਰ ਰਹੇ ਕੁਰਲਾਇਆ । ਅੱਲਾ ਰਾਣੀ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਇਆ । ਚਾਰੋਂ ਕੁੰਟ ਹਾਹਾਕਾਰ, ਵਡ ਕਰਤੇ ਖੇਲ ਰਚਾਇਆ । ਪ੍ਰਭ ਵੇਖ ਵਖਾਏ ਸਰਬ ਸੰਸਾਰ, ਨੌਂ ਖੰਡ ਪ੍ਰਿਥਮੀ ਵੇਖ ਵਖਾਇਆ । ਸੱਤਾਂ ਦੀਪਾਂ ਮਾਰੇ ਮਾਰ, ਕੂੜ ਕੁੜਿਆਰਾ ਮੇਟ ਮਿਟਾਇਆ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਇਆ । ਸਾਧ ਸੰਤ ਜੀਵ ਗਏ ਹਾਰ, ਹਰਿ ਹਰਿ ਰੂਪ ਦਿਸ ਕਿਸੇ ਨਾ ਆਇਆ । ਪੜ੍ਹ ਪੜ੍ਹ ਪੁਸਤਕ ਵੇਦ ਕਤੇਬਾ ਗਏ ਹਾਰ, ਗੀਤਾ ਗਿਆਨ ਜਗਤ ਦ੍ਰਿੜਾਇਆ । ਪੁਰਾਨ ਅਠਾਰਾਂ ਕਰ ਪੁਕਾਰ, ਦਿਵਸ ਰੈਣ ਰਹੇ ਸੁਣਾਇਆ । ਅੰਜੀਲ ਕੁਰਾਨਾ ਸੁਣੇ ਪੁਕਾਰ, ਆਪ ਆਪਣਾ ਵੇਸ ਵਟਾਇਆ । ਮੁਸਲਮ ਸੁੰਨੀ ਲਏ ਸੁਧਾਰ, ਪੰਡਤ ਪਾਂਧੇ ਲਏ ਸਮਝਾਇਆ । ਗ੍ਰੰਥੀ ਪੰਥੀ ਪਾਵੇ ਸਾਰ, ਸੰਮਤ

ਸੋਲਾਂ ਦਏ ਦੁਹਾਇਆ । ਵੇਖ ਵਖਾਏ ਉਚੇ ਮੰਦਰ ਮਹੱਲ ਅਟਾਰ, ਗੁਰ ਦਰ ਮੰਦਰ ਮਸਜਿਦ ਫੇਰਾ ਪਾਇਆ । ਤੀਰਥ ਤੱਟਾਂ ਆਈ ਹਾਰ, ਗੰਗਾ ਗੋਦਾਵਰੀ ਰਹੀ ਸ਼ਰਮਾਇਆ । ਜਟਾ ਜੂਟ ਨਾ ਕੋਈ ਬੰਨੇ ਧਾਰ, ਮੁਨ ਸੁਨ ਬੈਠੇ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਜੋਤ ਜਗਾ, ਹਰਿ ਆਪਣੀ ਬਣਤ ਬਣਾਈਆ । ਚਾਰ ਵਰਨ ਬਹਾਏ ਏਕਾ ਥਾਂ, ਊਚ ਨੀਚ ਰਹਿਣ ਨਾ ਪਾਈਆ । ਏਕਾ ਮੰਤਰ ਨਾਮ ਦਏ ਦ੍ਰਿੜਾ, ਏਕਾ ਬ੍ਰਹਮ ਜਣਾਈਆ । ਪਾਰਬ੍ਰਹਮ ਪ੍ਰਭ ਦਏ ਮਿਲਾ, ਨੇਤਰ ਨੈਣ ਇਕ ਖੁਲ੍ਹਾਈਆ । ਏਕਾ ਕੰਡੇ ਦਏ ਤੁਲਾ, ਤੋਲਣਹਾਰ ਆਪ ਹੋ ਜਾਈਆ । ਏਕਾ ਬੋਲ ਜੈਕਾਰਾ ਦਏ ਬੁਲਾ, ਆਪਣੇ ਹੱਥ ਰੱਖੇ ਵਡਿਆਈਆ । ਸ੍ਰਿਸ਼ਟ ਸਬਾਈ ਏਕਾ ਧਾਮ ਬਹਾ, ਏਕਾ ਧਰਮ ਕਮਾਈਆ । ਏਕਾ ਰਾਜ ਜੋਗ ਦਏ ਸਿਖਾ, ਏਕਾ ਸਿਖਿਆ ਜਗ ਸਿਖਾਈਆ । ਏਕਾ ਭੋਗ ਦਏ ਕਰਾ, ਆਤਮ ਭੋਗ ਰਸ ਮਿਠਾ ਇਕ ਵਖਾਈਆ । ਧੁਰ ਸੰਜੋਗ ਦਏ ਮਿਲਾ, ਗੁਰ ਸ਼ਬਦ ਅਨਡਿਠਾ ਨਾਲ ਪਰਨਾਈਆ । ਨਾਮ ਚੋਗ ਦਏ ਚੁਗਾ, ਸੋਹੰ ਹੰਸਾ ਮੁਖ ਰਖਾਈਆ । ਦਰਸ ਅਮੋਘ ਦਏ ਵਖਾ, ਰਾਮ ਕ੍ਰਿਸ਼ਨ ਨਾਨਕ ਗੋਬਿੰਦ ਰੂਪ ਵਟਾਈਆ । ਅਮਾਮ ਮਹਿੰਦੀ ਵੇਸ ਵਟਾ, ਮੱਕਾ ਮਦੀਨਾ ਫੇਰੀ ਪਾਈਆ । ਮੁਖ ਨਕ਼ਾਬ ਇਕ ਰਖਾ, ਕਾਲਾ ਸੂਸਾ ਤਨ ਛੁਹਾਈਆ । ਏਕਾ ਨਾਅਰਾ ਦੇਵੇ ਲਾ, ਆਪ ਆਪਣੀ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਏਕਾ ਡੰਕ ਵਜਾਵਣਹਾਰਾ, ਏਕਾ ਏਕੰਕਾਰਿਆ । ਏਕਾ ਰਾਗ ਸੁਣਾਵਣਹਾਰਾ, ਪਾਰਬ੍ਰਹਮ ਗੁਰ ਅਵਤਾਰਿਆ । ਏਕਾ ਨਾਮ ਜਪਾਵਣਹਾਰਾ, ਨਿਰਗੁਣ ਰੂਪ ਅਗੰਮ ਅਪਾਰਿਆ । ਏਕਾ ਜਾਪ ਜਪਾਵਣਹਾਰਾ, ਸੋ ਪੁਰਖ ਨਿਰੰਜਣ ਆਪ ਅਖਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਮਲ ਜੋਤ ਕਰੇ ਉਜਿਆਰਿਆ । ਏਕਾ ਰਾਗ ਧੁਨ ਅਨਾਦ, ਏਕਾ ਰਿਹਾ ਵਜਾਈਆ । ਏਕਾ ਸ਼ਬਦ ਜਣਾਈ ਹਰਿ ਬ੍ਰਹਿਮਾਦਿ, ਏਕਾ ਏਕ ਵੱਡੀ ਵਡਿਆਈਆ । ਏਕਾ ਖੇਲੇ ਖੇਲ ਆਦਿ ਜੁਗਾਦਿ, ਏਕਾ ਏਕ ਜੁਗ ਜੁਗ ਵੱਡੀ ਵਡਿਆਈਆ । ਏਕਾ ਏਕ ਰਸਨਾ ਰਸ ਰਿਹਾ ਅਰਾਧ, ਏਕਾ ਏਕ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੋਆਂ ਪੁਰੀਆਂ ਕਰੇ ਕੁੜਮਾਈਆ । ਲੋਆਂ ਪੁਰੀਆਂ ਨਾਤਾ ਜੋੜ, ਹਰਿ ਸਾਚੇ ਕਰਮ ਕਮਾਇਆ । ਪਰਗਟ ਹੋਇਆ ਪੂਤ ਸਪੂਤਾ ਬ੍ਰਹਿਮਣ ਗੌੜ, ਕਲਜੁਗ ਵੇਲਾ ਅੰਤਮ ਆਇਆ । ਧੁਰਦਰਗਾਹੀ ਆਇਆ ਦੌੜ, ਜੋਤੀ ਜਾਮਾ ਭੇਖ ਵਟਾਇਆ । ਵੇਖੇ ਪਰਖੇ ਮਿਠਾ ਕੌੜ, ਲੱਖ ਚੁਰਾਸੀ ਫੋਲ ਫੋਲਾਇਆ । ਲੋਕਮਾਤ ਲਾਇਆ ਪਹਿਲਾ ਪੌੜ, ਆਪ ਆਪਣਾ ਚਰਨ ਛੁਹਾਇਆ । ਸੰਬਲ ਨਗਰੀ ਸਾਢੇ ਤਿੰਨ ਹੱਥ ਵੇਖੇ ਲੰਮਾ ਚੌੜ, ਗੁਰ ਗੋਬਿੰਦ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਨਾਉਂ ਉਪਾਇਆ । ਆਪ ਆਪਣਾ ਨਾਉਂ ਧਰਾ, ਧੁਰ ਦੀ ਬਾਣ ਰਖਾਈਆ । ਸੰਤ ਸੁਹੇਲੇ ਲਏ ਮਿਲਾ, ਜੁਗ ਜੁਗ ਵੱਡੀ ਵਡਿਆਈਆ । ਇਕ ਅਕੇਲੇ ਪਕੜੇ ਬਾਂਹ, ਵੇਖ ਵਖਾਏ ਥਾਉਂ ਥਾਈਆ । ਕਲਜੁਗ ਅੰਤਮ ਕਰੇ ਸਚ ਨਿਆਂ, ਜੂਠ ਝੂਠ ਰਹੀ ਸ਼ਰਮਾਈਆ । ਦਰ ਦਰ ਘਰ ਘਰ ਉਡਨੇ ਕਾਂ, ਕਲਜੁਗ ਕੂਕੇ ਦਏ ਦੁਹਾਈਆ । ਬੀਸ ਬੀਸਾ ਹਰਿ ਜਗਦੀਸਾ ਏਕਾ ਧਾਮ ਦਏ ਸੁਹਾ, ਹਰਿ ਚਰਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ


੨੩੪
੦੨

ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਸਮਾਈਆ । ਨਿਰਗੁਣ ਸਰਗੁਣ ਸਾਚਾ ਮੇਲਾ, ਸੋਹੇ ਬੰਕ ਦਵਾਰਾ । ਆਪੇ ਗੁਰੂ ਗੁਰ ਚੇਲਾ, ਆਪੇ ਕਰੇ ਵਣਜ ਵਪਾਰਾ । ਆਪੇ ਸੱਜਣ ਹਰਿ ਸੁਹੇਲਾ, ਆਪ ਆਪਣੇ ਕਰੇ ਪਿਆਰਾ । ਆਪੇ ਵਸਿਆ ਸਦਾ ਅਕੇਲਾ, ਆਪੇ ਹਰ ਘਟ ਕਰੇ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਵਿਚ ਸੰਸਾਰਾ ।

੨੩੫ ੦੨

## * ੧੯ ਫੱਗਣ ੨੦੧੪ ਸ੍ਰੀ ਸੁਸ਼ੀਲ ਕੁਮਾਰ ਜੈਨੀ ਦੇ ਸਾਥ ਜੈਨ ਮੰਦਰ ਵਿਚ ਬਚਨ ਹੋਏ ਗੁੜਗਾਉਂ *

ਸਾਚਾ ਧਰਮ ਧਰਮ ਪਿਆਰ, ਪਾਰਬ੍ਰਹਮ ਸਰਨਾਈਆ । ਸਾਚਾ ਕਰਮ ਕਰਮ ਵਿਚਾਰ, ਆਪ ਆਪਣੀ ਬੂਝ ਬੁਝਾਈਆ । ਸਾਚਾ ਨਾਦਿ ਧੁਨ ਅਪਾਰ, ਆਤਮਕ ਧੁਨ ਉਪਜਾਈਆ । ਸਾਚਾ ਧਰਮ ਕਰ ਪਰਵਾਨ, ਤਨ ਮੰਦਰ ਅੰਦਰ ਵੱਜੇ ਵਧਾਈਆ । ਸਾਚਾ ਧਰਮ ਏਕਾ ਬਾਣ, ਏਕਾ ਏਕ ਹਰਿ ਲਿਵ ਲਾਈਆ । ਸਾਚਾ ਧਰਮ ਕਰ ਪਛਾਣ, ਨਿਰਗੁਣ ਜੋਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਦੇਵੇ ਇਕ ਵਰ, ਸਚ ਧਰਮ ਕਰੇ ਕੁੜਮਾਈਆ । ਸਚ ਧਰਮ ਨਾਮ ਜੈਕਾਰਾ, ਏਕਾ ਏਕ ਰਖਾਇਆ । ਸਾਧਾਂ ਸੰਤਾਂ ਕਰ ਪਿਆਰਾ, ਅੰਦਰ ਮੰਦਰ ਵੇਖ ਵਖਾਇਆ । ਆਪੇ ਖੋਲ੍ਹੇ ਬੰਦ ਕਿਵਾੜਾ, ਪੰਚਮ ਧਾੜਾ ਮੇਟ ਮਿਟਾਇਆ । ਧਰਮ ਵਖਾਏ ਇਕ ਅਖਾੜਾ, ਅਨਹਦ ਸਾਚਾ ਰਾਗ ਅਲਾਇਆ । ਇਕ ਅਕੇਲਾ ਆਦਿ ਪੁਰਖ ਏਕੰਕਾਰਾ, ਸਚ ਮਹੱਲਾ ਡੇਰਾ ਲਾਇਆ । ਜੀਵ ਜੰਤ ਜੁਗਾ ਜੁਗੰਤ ਪਾਵੇ ਸਾਰਾ, ਸੰਤ ਸਾਜਨ ਮੇਲ ਮਿਲਾਇਆ । ਏਕਾ ਦੇਵੇ ਦੇਵਣਹਾਰਾ ਨਾਮ ਅਧਾਰਾ, ਨਿਰਗੁਣ ਸਰਗੁਣ ਵੇਖ ਵਖਾਇਆ । ਸਰਗੁਣ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮਸਤਕ ਤਿਲਕ ਲਿਲਾਟ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਔਖੀ ਘਾਟੀ ਪਾਰ ਕਰਾਇਆ । ਔਖੀ ਘਾਟੀ ਕਾਇਆ ਘਾਟ, ਹਰਿਜਨ ਵਿਰਲਾ ਚੜ੍ਹਿਆ । ਕੋਟਨ ਕੋਟ ਫਿਰਦੇ ਤੀਰਥ ਤਾਟ, ਤਟ ਕਿਨਾਰਾ ਪਾਰ ਨਾ ਕਰਿਆ । ਕੋਟਨ ਕੋਟ ਛੱਡੀ ਬੈਠੇ ਖਾਟ, ਸਚ ਖਟੋਲੇ ਉਪਰ ਚਰਨ ਕਿਸੇ ਨਾ ਧਰਿਆ । ਕੋਟਨ ਕੋਟ ਬੈਠੇ ਅਧਵਿਚਕਾਰੀ ਵਾਟ, ਸੁਖਮਨ ਨਾੜੀ ਕੋਈ ਨਾ ਚੜ੍ਹਿਆ । ਗੁਰਮੁਖ ਵਿਰਲੇ ਹਰਿਜਨ ਸੰਤ ਸੁਹੇਲੇ ਬਜਰ ਕਪਾਟੀ ਗਈ ਪਾਟ, ਸ਼ਬਦ ਸ਼ਬਦੀ ਲੜ ਫੜਿਆ । ਨਿਰਮਲ ਜੋਤੀ ਜਗੇ ਲਿਲਾਟ, ਅੰਮ੍ਰਿਤ ਆਤਮ ਵੇਖੇ ਠਾਂਡਾ ਸਰਿਆ । ਕਾਇਆ ਵਖਾਏ ਚੌਦਾਂ ਲੋਕ ਚੌਦਾਂ ਹਾਟ, ਬ੍ਰਹਿਮੰਡ ਖੰਡ ਘਾੜਨ ਘੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਦੇਵੇ ਨਾਮ ਵਰ, ਏਕਾ ਅੱਖਰ ਜਗਤ ਵਿਦਿਆ ਆਪੇ ਪੜ੍ਹਿਆ । ਨਾਮ ਅੱਖਰ ਹਰਿ ਅਨਮੋਲ, ਹਰਿ ਸੰਤਨ ਝੋਲੀ ਪਾਇੰਦਾ । ਜੁਗ ਜੁਗ ਤੋਲਣਹਾਰਾ ਤੋਲ, ਸਾਚੇ ਕੰਡੇ ਆਪ ਤੁਲਾਇੰਦਾ । ਸ਼ਬਦ ਅਨਾਦੀ ਆਪੇ ਬੋਲ, ਧੁਨ ਆਤਮਕ ਆਪ ਸੁਣਾਇੰਦਾ । ਦੂਈ ਦਵੈਤੀ ਪੜਦਾ ਖੋਲ੍ਹ, ਏਕਾ ਰੰਗ ਰੰਗਾਇੰਦਾ । ਸਚ ਵਜਾਏ ਮਰਦੰਗਾ ਢੋਲ, ਪੰਚਮ ਵੇਖ ਵਖਾਇੰਦਾ । ਸੰਤ ਸੁਹੇਲਾ ਇਕ ਅਕੱਲਾ, ਹਰਿਜਨ ਹਰਿ ਵਸਿਆ ਕੋਲ, ਦਿਸ ਕਿਸੇ ਨਾ ਆਇੰਦਾ । ਕਾਇਆ ਗੜ੍ਹੀ ਰਿਹਾ ਮੌਲ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖੇ ਘਰ, ਘਰ ਸਾਚੇ ਜਗੇ ਜੋਤ ਨਿਰੰਜਣਾ, ਅਬਿਨਾਸ਼ੀ ਕਰਤਾ ਕਰਤਾ ਪੁਰਖ ਆਪ ਅਖਵਾਇੰਦਾ । ਕਰਤਾ ਪੁਰਖ ਕਰਨੇਹਾਰਾ, ਆਦਿ ਅੰਤ ਅਖਵਾਇਆ । ਜਨ ਸੰਤਨ ਕਰਿਆ ਸਚ ਪਿਆਰਾ, ਏਕਾ ਮੰਤਰ ਨਾਮ ਦ੍ਰਿੜਾਇਆ । ਇਕ ਉਪਜਾਏ ਨਿਰਮਲ ਧਾਰਾ, ਜੋਤੀ ਨੂਰ ਕਰੇ ਰੁਸ਼ਨਾਇਆ । ਮੇਟ ਮਿਟਾਏ ਅੰਧ ਅੰਧਿਆਰਾ, ਕੂੜੀ ਕਿਰਿਆ ਰਹਿਣ ਨਾ ਪਾਇਆ । ਧਰਮ ਜਰਮ ਕਰਮ ਵਖਾਏ ਸਚ ਦਵਾਰਾ, ਸਾਚੀ ਸਿਖਿਆ ਇਕ ਸਿਖਾਇਆ । ਪਾਰਬ੍ਰਹਮ ਪ੍ਰਭ ਮੇਲ ਅਪਾਰਾ, ਏਕਾ ਦੂਜਾ ਭੌ ਚੁਕਾਇਆ । ਤੀਜਾ ਨੇਤਰ ਇਕ ਉਘਾੜਾ, ਚੌਥੇ ਪਦ ਸਮਾਇਆ । ਪੰਚਮ ਵੇਖੇ ਸਚ ਅਖਾੜਾ, ਧਰਮ ਧਰਮੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਸਾਚੇ ਘਰ ਘਰ ਸਾਚਾ ਇਕ ਸੁਹਾਇਆ । ਸੰਤਨ ਸਾਜਨ ਸਾਚਾ ਮੀਤ, ਹਰਿ ਹਰਿ ਆਪ ਅਖਵਾਇੰਦਾ । ਇਕ ਸੁਣਾਏ ਸੁਹਾਗੀ ਗੀਤ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਬੈਠਾ ਰਹੇ ਸਦਾ ਅਤੀਤ, ਅਨਭਵ ਪਰਕਾਸ਼ ਕਰਾਇੰਦਾ । ਨਾ ਕੋਈ ਦੇਹੁਰਾ ਨਾ ਕੋਈ ਮੰਦਰ ਨਾ ਗੁਰਦਵਾਰਾ ਦਿਸੇ ਮਸੀਤ, ਕਾਇਆ ਮੰਦਰ ਅੰਦਰ ਸਚ ਸਿੰਘਾਸਣ ਆਸਣ ਲਾਇੰਦਾ । ਜੁਗ ਜੁਗ ਚਲੇ ਅਵੱਲੜੀ ਰੀਤ, ਜਨ ਭਗਤਾਂ ਕਰੇ ਕਾਇਆ ਠੰਡੀ ਸੀਤ, ਅੰਮ੍ਰਿਤ ਧਾਰਾ ਨਿਝਰ ਰਸ ਕਵਲ ਕਵਲ ਮੁਖ ਚੁਆਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਇੰਦਾ । ਏਕਾ ਨਾਮ ਰਸ ਵਖਾਏ ਮੀਠ, ਰਸ ਮਿਠਾ ਇਕ ਜਣਾਇੰਦਾ । ਕਾਇਆ ਕੂੜ ਕੁੜਿਆਰਾ ਕੌੜਾ ਰੀਠ, ਮਨਮਤ ਮੂਲ ਚੁਕਾਇੰਦਾ । ਮਨਮੁਖ ਜੀਵ ਸੁੱਤਾ ਦੇ ਕਰ ਪੀਠ, ਦਿਸ ਕਿਸੇ ਨਾ ਆਇੰਦਾ । ਹਰਿ ਸੰਤਨ ਮੇਲਾ ਸ਼ਾਹੋ ਬਸੀਠ, ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਵਖਾਏ ਇਕ ਦਰ, ਧਰਮ ਦਵਾਰਾ ਇਕ ਸੁਹਾਇੰਦਾ । ਚਾਰ ਵਰਨ ਇਕ ਦਵਾਰਾ, ਏਕਾ ਸ਼ਬਦ ਜਣਾਈਆ । ਇਕ ਜੋਤ ਹਰਿ ਨਿਰੰਕਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਰਾਮਾ ਕ੍ਰਿਸ਼ਨਾ ਲਏ ਅਵਤਾਰਾ, ਨਾਨਕ ਗੋਬਿੰਦ ਰੂਪ ਸਮਾਈਆ । ਆਪੇ ਜਾਣੇ ਆਪਣਾ ਨਾਅਰਾ, ਐਨਲਹੱਕ ਮਿਲੇ ਵਡਿਆਈਆ । ਮੁਕਾਮੇ ਹੱਕ ਖੇਲ ਨਿਆਰਾ, ਖੇਲਣਹਾਰ ਸ੍ਰਿਸ਼ਟ ਸਬਾਈਆ । ਸਾਧਾਂ ਸੰਤਾਂ ਕਰੇ ਇਕ ਪਿਆਰਾ, ਏਕਾ ਬੂਝ ਬੁਝਾਈਆ । ਪੀਰ ਫ਼ਕੀਰਾਂ ਪਾਵੇ ਸਾਰਾ, ਪੰਡਤ ਪਾਂਧੇ ਲਏ ਤਰਾਈਆ । ਗਿਆਨੀ ਧਿਆਨੀ ਵਡ ਵਿਦਵਾਨੀ ਕਰਨ ਵਿਚਾਰਾ, ਜਗਤ ਵਿਦਿਆ ਭੇਵ ਨਾ ਪਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਿਰਪਾ ਧਾਰਾ, ਏਕਾ ਦਰ ਸੁਹਾਈਆ । ਹਰਿ ਅਗੰਮ ਅਗੰਮੜੀ ਕਾਰਾ, ਅਗੰਮੜੇ ਥਾਂ ਬੈਠਾ ਆਸਣ ਲਾਈਆ । ਸ਼ਬਦੀ ਸ਼ਬਦ ਕਰ ਜੈਕਾਰਾ, ਜਨ ਭਗਤਾਂ ਦਏ ਜਣਾਈਆ । ਸੰਤਨ ਮੇਲਾ ਕੰਤ ਭਤਾਰਾ, ਨਾਰੀ ਕੰਤਾ ਰੂਪ ਅਖਵਾਈਆ । ਆਤਮ ਸੇਜਾ ਕਰ ਪਿਆਰਾ, ਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਾਚੇ ਸੰਤਨ ਹਰਿ ਉਪਦੇਸ, ਏਕ ਮੰਤਰ ਨਾਮ ਗਿਆਨ ਦ੍ਰਿੜਾਇਆ । ਆਪੇ ਪੂਜ ਪੁਜਾਏ ਸ਼ਿਵ ਸ਼ੰਕਰ ਗਣੇਸ਼, ਆਪ ਆਪਣਾ ਵੇਖ ਵਖਾਇਆ । ਆਪੇ ਕਰੇ ਕਰਾਏ ਸਦਾ ਆਦੇਸ, ਆਪ ਆਪਣਾ ਸੀਸ ਝੁਕਾਇਆ । ਆਪੇ ਜੁਗ ਜੁਗ ਧਰੇ ਆਪਣਾ ਵੇਸ, ਵੇਸ ਅਨੇਕਾ ਆਪ ਕਰਾਇਆ । ਸੰਤ ਸੁਹੇਲੇ ਸੱਚੇ ਵੇਖ, ਸਾਚੀ ਸਿਖਿਆ ਦਏ ਸਮਝਾਇਆ । ਭਗਤ ਦੁਲਾਰਾ ਦਰ ਦਰਵੇਸ, ਦਰ ਦਰਬਾਨਾ ਆਪ ਅਖਵਾਇਆ । ਆਪੇ ਵੇਖੇ ਰਿਖੀ ਕੇਸ, ਗਵਰਧਨ

ਧਾਰੀ ਆਪ ਹੋ ਆਇਆ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਦੇਵੇ ਸਾਚਾ ਵਰ, ਚਾਰ ਵਰਨਾਂ ਏਕਾ ਸਰਨਾਂ ਏਕਾ ਦਰ ਸੁਹਾਇਆ । ਚਾਰ ਵਰਨਾਂ ਇਕ ਪਿਆਰ, ਏਕਾ ਬੂਝ ਬੁਝਾਈਆ । ਊਚ ਨੀਚ ਭੇਵ ਨਿਵਾਰ, ਰਾਓ ਰੰਕਾਂ ਰਿਹਾ ਸਮਝਾਈਆ । ਹਉਮੇ ਹੰਗਤਾ ਤੋੜ ਗੜ੍ਹ ਹੰਕਾਰ, ਸਾਂਤਕ ਸਤਿ ਵਰਤਾਈਆ । ਆਤਮ ਤ੍ਰਿਸ਼ਨਾ ਦੇਵੇ ਮਾਰ, ਏਕਾ ਅੱਖਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਵਸਿਆ ਸਾਚੇ ਘਰ, ਘਰ ਘਰ ਮੇਲਾ, ਹਰਿ ਹਰਿ ਇਕ ਅਕੇਲਾ, ਦਰ ਸਾਚੇ ਆਪ ਕਰਾਈਆ । ਘਰ ਦੀਵਾ ਘਰ ਬਾਤੀ, ਘਰ ਘਰ ਹਵਨ ਕਰਾਈਆ । ਘਰ ਸੱਜਣ ਸੁਹੇਲਾ ਪਾਵੇ ਸਾਰ, ਘਰ ਨਾਰੀ ਘਰ ਕੰਤ ਭਤਾਰ, ਘਰ ਬੈਠਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਦਰ, ਦਰ ਦਵਾਰਾ ਇਕ ਸੁਹਾਈਆ । ਹਰਿਜਨ ਹਰਿ ਹਰਿ ਜਾਣਿਆ, ਹਉਮੇ ਰੋਗ ਗਵਾਏ । ਚਲੇ ਹਰਿ ਹਰਿ ਹਰਿ ਭਾਣਿਆ, ਚਿੰਤਾ ਸੋਗ ਵਿਚ ਨਾ ਆਏ । ਸੁਣੇ ਸੁਣਾਏ ਧੁਰ ਫ਼ਰਮਾਣਿਆ, ਨਾਦ ਅਨਾਦਾ ਰਾਗ ਵਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਧਰਮ ਜਣਾਏ । ਸਾਚਾ ਧਰਮ ਜਨ ਪਿਆਰ, ਏਕਾ ਏਕ ਲਿਵ ਲਾਈਆ । ਏਕਾ ਦੂਜਾ ਭੌ ਨਿਵਾਰ, ਦਰ ਤੀਜਾ ਖੋਲ੍ਹ ਖੁਲ੍ਹਾਈਆ । ਚੌਥੇ ਵੇਖੇ ਮੀਤ ਮੁਰਾਰ, ਹਰਿ ਮੇਲਾ ਸਹਿਜ ਸੁਭਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਮੋਹ ਚੁਕਾਈਆ । ਸਾਚੀ ਰੀਤਾ ਵਿਚ ਸੰਸਾਰ, ਨਿਰਗੁਣ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਾਚਾ ਵੇਖ ਵਖਾਈਆ । ਸਾਚਾ ਧਰਮ ਸਾਚੀ ਜੜ੍ਹ, ਹਰਿ ਸਾਚੀ ਆਪ ਲਗਾਈਆ । ਜੁਗ ਜੁਗ ਆਪੇ ਵੇਖੇ ਖੜ, ਵੇਖਣਹਾਰ ਆਪ ਹੋ ਜਾਈਆ । ਮਨ ਮਤ ਜੀਵ ਰਹੇ ਲੜ, ਧਰਮ ਧੜਾ ਧੜ ਬਣਾਈਆ । ਜਿਸ ਜਨ ਸਤਿਗੁਰ ਪੂਰੇ ਫੜ੍ਹਿਆ ਲੜ, ਪੂਰਨ ਬੂਝ ਬੁਝਾਈਆ । ਜੀਵ ਜੰਤ ਏਕਾ ਰੰਗ ਏਕਾ ਰੂਪ ਏਕਾ ਹਰਿ ਏਕਾ ਨਰ ਏਕਾ ਘਰ ਰਿਹਾ ਵਰ, ਹਰਿਜਨ ਵੱਡੀ ਵਡਿਆਈਆ । ਪਰਮ ਰੂਪ ਹਰਿ ਸ਼ਾਹੋ ਭੂਪ, ਦਹਿ ਦਿਸ਼ਾ ਚਾਰ ਕੁੰਟ ਏਕਾ ਏਕ ਵਖਾਈਆ । ਜੀਵ ਜੰਤ ਨਾ ਕੋਈ ਸਕੇ ਲੂਟ, ਚੋਰ ਯਾਰ ਠੱਗ ਲੁੱਟ ਕੋਈ ਨਾ ਜਾਈਆ । ਨੇੜ ਨਾ ਆਏ ਜੂਠ ਝੂਠ, ਸਚ ਸੁੱਚ ਵੱਡੀ ਵਡਿਆਈਆ । ਜਿਸ ਜਨ ਉਪਰ ਪ੍ਰਭ ਸਾਚਾ ਜਾਏ ਤੁਠ, ਬਖ਼ਸ਼ੇ ਸਚ ਸੱਚੀ ਸਰਨਾਈਆ । ਪੰਚ ਵਿਕਾਰੇ ਜਾਏ ਰੁਠ, ਦਇਆ ਧਰਮ ਸਤਿ ਸੰਤੋਖ ਸਾਚਾ ਧਰਮ ਜਣਾਈਆ । ਸਚ ਧਰਮ ਜੀਵ ਕਲਿਆਨ, ਹਰਿ ਧਰਮੀ ਧਰਮ ਕਮਾਇਆ । ਹਰਿ ਕਾ ਸ਼ਬਦ ਧੁਰ ਫ਼ਰਮਾਨ, ਕਰਮੀ ਕਰਮ ਵਖਾਇਆ । ਨੇਤਰ ਪੇਖ ਹਰਿ ਭਗਵਾਨ, ਆਪਣਾ ਮੂਲ ਚੁਕਾਇਆ । ਆਪ ਆਪਣੀ ਕਰ ਪਛਾਨ, ਆਪ ਆਪਣਾ ਵੇਖ ਵਖਾਇਆ । ਸਾਚਾ ਵੇਖੇ ਇਕ ਨਿਸ਼ਾਨ, ਨਾਮ ਨਿਸ਼ਾਨਾ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਮੀ ਧਰਮ ਵਰਨੀ ਵਰਨ ਆਪ ਰਖਾਇਆ ।

*** ੧੯ ਫੱਗਣ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ ***

ਭਗਤਨ ਹਰਿ ਰੰਗ ਰਤੜਾ, ਸਦਾ ਸੁਹੇਲਾ ਮੀਤ । ਦੇਵੇ ਨਾਮ ਜਗਤ ਜੁਗ ਵੱਖਰਾ, ਬਖ਼ਸ਼ੇ ਚਰਨ ਪ੍ਰੀਤ । ਬਜਰ ਕਪਾਟੀ ਤੋੜੇ ਪੱਥਰਾ,

ਕਾਇਆ ਠਾਂਡੀ ਸੀਤ । ਪੰਚ ਵਿਕਾਰਾ ਲੱਥੇ ਸਬਰਾ, ਨਾਦੀ ਸ਼ਬਦ ਸੁਣਾਏ ਸੁਹਾਗੀ ਗੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰੀਤ । ਹਰਿਜਨ ਹਰਿ ਹਰਿ ਪੇਖਿਆ, ਪਾਇਆ ਪਾਰਬ੍ਰਹਮ ਬੇਅੰਤ । ਲੇਖਾ ਲਿਖਤ ਕਿਸੇ ਨਾ ਲੇਖਿਆ, ਗਾ ਗਾ ਥੱਕੇ ਸਾਧ ਸੰਤ । ਜੁਗ ਜੁਗ ਧਾਰੇ ਆਪਣਾ ਭੇਖਿਆ, ਖੇਲੇ ਖੇਲ ਆਦਿ ਅੰਤ । ਆਪਣੀ ਆਪੇ ਜਾਣੇ ਪਰੀਖਿਆ, ਜਗ ਮਾਇਆ ਪਾਏ ਬੇਅੰਤ । ਜਨ ਭਗਤਾਂ ਜਣਾਈ ਸਾਚੀ ਸੀਖਿਆ, ਮੇਲ ਮਿਲਾਵਾ ਨਾਰੀ ਕੰਤ । ਦਰ ਦਵਾਰੇ ਦੇਵੇ ਸਾਚੀ ਭੀਖਿਆ, ਨਾਮ ਚੋਲੀ ਚਾੜ੍ਹੇ ਰੰਗ ਬਸੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਆਦਿ ਅੰਤ । ਆਦਿ ਅੰਤ ਹਰਿ ਭਗਵਾਨਾ, ਘਟ ਘਟ ਆਪ ਸਮਾਇਆ । ਜੁਗ ਜੁਗ ਖੇਲੇ ਖੇਲ ਮਹਾਨਾ, ਤੀਰਥ ਤਟ ਵੇਖ ਵਖਾਇਆ । ਸ਼ਬਦ ਉਡਾਏ ਇਕ ਬਿਬਾਨਾ, ਲੋਆਂ ਪੁਰੀਆਂ ਫੇਰਾ ਪਾਇਆ । ਧੁਰਦਰਗਾਹੀ ਸਾਚਾ ਰਾਣਾ, ਸਾਚੀ ਕਰਨੀ ਰਿਹਾ ਕਮਾਇਆ । ਸਾਚੇ ਤਖ਼ਤ ਬੈਠ ਸ਼ਾਹ ਸੁਲਤਾਨਾ, ਸਾਚਾ ਧਰਮ ਰਿਹਾ ਧਰਾਇਆ । ਸ਼ਬਦ ਸਰੂਪੀ ਧੁਰ ਫ਼ਰਮਾਣਾ, ਦੋ ਜਹਾਨਾ ਰਿਹਾ ਸੁਣਾਇਆ । ਲੱਖ ਚੁਰਾਸੀ ਆਪ ਪਾਏ ਆਪਣੀ ਆਣਾ, ਆਪਣੇ ਭਾਣੇ ਵਿਚ ਰਖਾਇਆ । ਜਨ ਭਗਤਾਂ ਦੇਵੇ ਸਾਚਾ ਮਾਣਾ, ਮਾਇਆ ਮਮਤਾ ਮੋਹ ਚੁਕਾਇਆ । ਨੇਤਰ ਨੈਣ ਨਾਮ ਕੱਜਲ ਏਕਾ ਪਾਣਾ, ਦੁਰਮਤ ਮੈਲ ਦਏ ਗਵਾਇਆ । ਸਤਿ ਸਰੂਪੀ ਤਨ ਪਹਿਨਾਏ ਸਾਚਾ ਬਾਣਾ, ਉਤਰ ਕਦੇ ਨਾ ਜਾਇਆ । ਮੂਰਖ ਮੂੜ ਬਣਾਏ ਚਤੁਰ ਸੁਘੜ ਸਿਆਣਾ, ਆਪ ਆਪਣਾ ਤਰਸ ਕਮਾਇਆ । ਧੁਨ ਅਨਾਦੀ ਸ਼ਬਦ ਬ੍ਰਹਿਮਾਦੀ ਆਪ ਸੁਣਾਏ ਸਾਚਾ ਗਾਣਾ, ਏਕਾ ਰਾਗ ਅਲਾਇਆ । ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਹਰਿਜਨ ਮੇਲਾ ਹਰਿ ਗੋਬਿੰਦਾ, ਹਰਿ ਹਰਿ ਰੂਪ ਸਮਾਇਆ । ਮੇਟ ਮਿਟਾਏ ਸਗਲੀ ਚਿੰਦਾ, ਚਿੰਤਾ ਚਿਖਾ ਰਹਿਣ ਨਾ ਪਾਇਆ । ਦਾਤਾ ਦਾਨੀ ਵਡ ਬਖ਼ਸ਼ਿੰਦਾ, ਹਰਿਜਨ ਸਾਚੇ ਲਏ ਤਰਾਇਆ । ਸਾਚਾ ਧਾਮ ਇਕ ਵਖੰਦਾ, ਥਿਰ ਘਰ ਨਾਉਂ ਧਰਾਇਆ । ਸ਼ਬਦ ਅਨਾਦੀ ਆਪੇ ਕਹਿੰਦਾ, ਰਸਨਾ ਜੇਹਵਾ ਨਾ ਕੋਈ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਲਏ ਮਿਲਾਇਆ । ਹਰਿਜਨ ਮੇਲਾ ਹਰਿ ਕਰਤਾਰ, ਹਰਿ ਹਰਿ ਰੂਪ ਮਿਲਾਇਆ । ਆਪ ਆਪਣੀ ਕਿਰਪਾ ਧਾਰ, ਆਤਮ ਦੇਵੇ ਬ੍ਰਹਮ ਜਣਾਇਆ । ਏਕਾ ਬਖ਼ਸ਼ੇ ਸਚ ਪਿਆਰ, ਏਕਾ ਕਰਮ ਕਮਾਇਆ । ਏਕਾ ਧਰਮੀ ਧਰਮ ਬੰਨੇ ਧਾਰ, ਧਰਤ ਧਵਲ ਸੁਹਾਇਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਖੇਲ ਰਚਾਇਆ । ਜੀਵਾਂ ਜੰਤਾਂ ਸਾਧਾਂ ਸੰਤਾਂ ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਮੰਦਰ ਅੰਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਹੋਏ ਸੁਹਾਇਆ । ਹਰਿਜਨ ਸਾਚੇ ਸਾਜਨ ਪਾਇਆ, ਹਰਿ ਸਤਿਗੁਰ ਗਹਿਰ ਗੰਭੀਰ । ਨਾਦ ਅਨਾਦੀ ਇਕ ਵਜਾਇਆ, ਕਟੇ ਹਉਮੇ ਪੀੜ । ਬ੍ਰਹਮ ਬ੍ਰਹਿਮਾਦੀ ਖੋਜ ਖੋਜਾਇਆ, ਵੇਖੇ ਚੋਟੀ ਚੜ੍ਹ ਅਖ਼ੀਰ । ਬੋਧ ਅਗਾਧੀ ਸ਼ਬਦ ਜਣਾਇਆ, ਸਤਿ ਸੰਤੋਖੀ ਦੇਵੇ ਧੀਰ । ਮੋਹਣ ਮਾਧਵ ਮਾਧੀ ਮੇਲ ਮਿਲਾਇਆ, ਅੰਮ੍ਰਿਤ ਬਖ਼ਸ਼ੇ ਸਾਚਾ ਸੀਰ । ਆਦਿ ਜੁਗਾਦੀ ਭੇਖ ਵਟਾਇਆ, ਆਪੇ ਸ਼ਾਹ ਆਪੇ ਫ਼ਕੀਰ । ਜੁਗ ਜੁਗ ਲੇਖਾ ਆਪਣੇ ਹੱਥ ਰਖਾਇਆ, ਵੇਖ ਵਖਾਏ ਸੰਤ ਫ਼ਕੀਰ । ਕੇਸਾਧਾਰੀ ਭਰਮ ਨਾ ਰਾਇਆ, ਮੂੰਡ ਮੁੰਡਾਏ ਲਾਏ ਤੀਰ । ਵਰਨ ਗੋਤ ਨਾ ਕੋਈ ਰਖਾਇਆ, ਪੰਜ ਤਤ ਨਾ ਦਿਸੇ ਕੋਈ ਸਰੀਰ । ਤ੍ਰੈਗੁਣ ਮਾਇਆ ਨਾ ਸੰਗ ਰਲਾਇਆ,

ਮਨ ਮਤ ਬੁਧ ਨਾ ਬੰਨੇ ਧੀਰ । ਰਕਤ ਬੂੰਦ ਨਾ ਕੋਇ ਰਖਾਇਆ, ਹੱਡ ਮਾਸ ਨਾੜੀ ਚੰਮ ਨਾ ਬੰਨੇ ਬੀੜ । ਆਪ ਆਪਣੇ ਧਾਮ ਸੁਹਾਇਆ, ਹਰਿ ਦਾਤਾ ਦਸਤਗੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਗੁਰਮੁਖ ਸਾਜਨ ਹਰਿ ਹਰਿ ਪਾਇਆ । ਜਗਤ ਅੰਧੇਰ ਵਿਨਾਸਿਆ, ਸਾਚਾ ਮੰਗਲ ਏਕਾ ਗਾਇਆ । ਹਰਿ ਮਿਲਿਆ ਸ਼ਾਹੋ ਸ਼ਬਾਸਿਆ, ਦੂਈ ਦਵੈਤੀ ਤੰਦਨ ਤੋੜ ਤੁੜਾਇਆ । ਗਲ ਛੁਟਕੀ ਜਮ ਕੀ ਫਾਸਿਆ, ਪਰਮਾਨੰਦ ਵਿਚ ਸਮਾਇਆ । ਰਸ ਰਸਨਾ ਇਕ ਵਖਾਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮਿਲਾਏ ਦਇਆ ਕਮਾਏ ਵੇਖ ਵਖਾਏ ਪ੍ਰਿਥਮੀ ਅਕਾਸਿਆ । ਹਰਿਜਨ ਹਰ ਘਟ ਵੇਖਿਆ, ਆਪਣਾ ਮੂਲ ਚੁਕਾਇਆ । ਸ੍ਰਿਸ਼ਟ ਸਬਾਈ ਨਰ ਨਰੇਸਿਆ, ਕੰਤ ਕੰਤੂਹਲ ਇਕ ਅਖਵਾਇਆ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਸੇਵਕ ਸੇਵਾ ਰਿਹਾ ਕਮਾਇਆ । ਆਪੇ ਜਾਣੇ ਆਪਣਾ ਵੇਸਿਆ, ਭੇਖਧਾਰੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਲਏ ਤਰਾਇਆ । ਹਰਿਜਨ ਸਾਚਾ ਸੱਜਣਾ, ਹਰਿ ਹਰਿ ਸੰਗ ਰਖਾਇਆ । ਚਰਨ ਧੂੜ ਕਰਾਏ ਸਾਚਾ ਮਜਨਾ, ਤੀਰਥ ਤਟ ਇਕ ਵਖਾਇਆ । ਰਾਗ ਅਨਾਦੀ ਏਕਾ ਵੱਜਣਾ, ਹਰਿ ਸਾਚਾ ਰਿਹਾ ਵਜਾਇਆ । ਪੰਚ ਤਤ ਵਿਕਾਰਾ ਅੰਤਮ ਭੱਜਣਾ, ਥਿਰ ਕੋਈ ਰਹਿਣ ਨਾ ਪਾਇਆ । ਗੁਰਮੁਖ ਵਿਰਲੇ ਹਰਿ ਹਰਿ ਦਵਾਰੇ ਬਹਿ ਬਹਿ ਸਜਣਾ, ਨੇਤਰ ਲੋਚਨ ਨੈਣ ਦਰਸ਼ਨ ਪਾਇਆ । ਮਨਮੁਖ ਪੜਦਾ ਕਿਸੇ ਨਾ ਕੱਜਨਾ, ਰਾਏ ਧਰਮ ਦਏ ਸਜਾਇਆ । ਸਤਿਗੁਰ ਪੂਰਾ ਜੁਗ ਜੁਗ ਚਲਾਏ ਨਾਮ ਜਹਾਜਨਾ, ਰਥ ਰਥਵਾਹੀ ਆਪ ਅਖਵਾਇਆ । ਆਪ ਸਵਾਰੇ ਆਪਣਾ ਕਾਜਨਾ, ਕਰਨੀ ਕਰਤਾ ਰਿਹਾ ਕਮਾਇਆ । ਅਗੰਮ ਅਗੰਮਾ ਅਗੰਮੜੀ ਮਾਰੇ ਵਾਜਨਾ, ਦਿਸ ਕਿਸੇ ਨਾ ਆਇਆ । ਆਪੇ ਰੱਖਣਹਾਰਾ ਲਾਜਨਾ, ਨਿਰਗੁਣ ਸਰਗੁਣ ਹੋਏ ਸਹਾਇਆ । ਸਾਚੇ ਅਸਵ ਚੜ੍ਹੇ ਤਾਜਨਾ, ਸ਼ਬਦ ਘੋੜਾ ਰਿਹਾ ਦੌੜਾਇਆ । ਖੇਲੇ ਖੇਲ ਦੇਸ ਮਾਝਨਾ, ਕਲਜੁਗ ਵੇਲਾ ਅੰਤਮ ਆਇਆ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜਨਾ, ਗਊ ਗ਼ਰੀਬਾਂ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿ ਸਾਜਨ ਜਗ ਮੇਲਿਆ, ਮੇਲਣਹਾਰ ਕਰਤਾਰਾ । ਆਪੇ ਗੁਰੂ ਗੁਰੂ ਗੁਰ ਚੇਲਿਆ, ਆਪੇ ਪਾਵਣਹਾਰਾ ਸਾਰਾ । ਆਪੇ ਹੋਏ ਸੱਜਣ ਸੁਹੇਲਿਆ, ਇਕ ਅਕੱਲਾ ਏਕੰਕਾਰਾ । ਆਪਣਾ ਖੇਲ ਆਪੇ ਖੇਲਿਆ, ਹਰਿ ਅੰਤ ਨਾ ਪਾਰਾਵਾਰਾ । ਗੁਰਮੁਖ ਸਾਚੇ ਜੋਤ ਨਿਰੰਜਣ ਚਾੜ੍ਹੇ ਤੇਲਿਆ, ਨਿਰਮਲ ਦੀਪ ਕਰੇ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੁਹਾਏ ਬੰਕ ਦਵਾਰਾ । ਬੰਕ ਦਵਾਰ ਹਰਿਜਨ ਪਾਇਆ, ਖੋਲ੍ਹੇ ਬੰਦ ਕਿਵਾੜਾ । ਆਤਮ ਦਰਸੀ ਦਰਸ ਦਿਖਾਇਆ, ਪਰਕਾਸ਼ ਕਰਾਏ ਬਹੱਤਰ ਨਾੜਾ । ਅੰਧ ਵਿਸ਼ਵਾਸ਼ ਕੋਈ ਰਹਿਣ ਨਾ ਪਾਇਆ, ਨੇੜ ਨਾ ਆਏ ਪੰਚਮ ਧਾੜਾ । ਮੰਡਲ ਰਾਸ ਇਕ ਵਖਾਏ, ਚਰਨ ਹੇਠ ਦਬਾਏ ਰਵ ਸਸ ਸੂਰਜ ਚੰਨ ਸਤਾਰਾ । ਅਕਾਸ਼ ਪਰਕਾਸ਼ ਪਾਰ ਕਰਾਏ, ਖੇਲੇ ਖੇਲ ਅਪਰ ਅਪਾਰਾ । ਸਵਾਸ ਸਵਾਸ ਜੋ ਜਨ ਰਹੇ ਧਿਆਏ, ਮੇਲ ਮਿਲਾਏ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲਾਏ ਪਾਰ ਕਿਨਾਰਾ । ਪਾਰ ਕਿਨਾਰਾ ਜਗਤ ਸਾਗਰ, ਗੁਰ ਪੂਰਾ ਪਾਰ ਕਰਾਇੰਦਾ । ਜੀਵਾਂ ਜੰਤਾਂ ਬੇੜਾ ਡੁੱਬਾ ਕਾਇਆ ਗਾਗਰ, ਜੂਠ ਝੂਠ ਧਾਰ ਵਹਾਇੰਦਾ । ਗੁਰਮੁਖ ਵਿਰਲੇ ਨਿਰਮਲ ਕਰਮ ਹੋਏ ਉਜਾਗਰ, ਜੋ ਜਨ ਰਸਨਾ ਗਾਇੰਦਾ । ਬਣੇ ਨਾਮ ਸ਼ਬਦ ਸੌਦਾਗਰ, ਵਣਜ

ਵਣਜਾਰਾ ਇਕ ਕਰਾਇੰਦਾ । ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਵਰ ਘਰ ਦਰ ਹਰਿ ਏਕਾ ਏਕ ਸੁਹਾਇੰਦਾ । ਸ਼ਬਦ ਗੁਰ ਜਗਤ ਗੁਰ ਸੂਰਾ, ਏਕਾ ਏਕ ਅਖਵਾਇਆ । ਸਰਬ ਕਲਾ ਆਪੇ ਭਰਪੂਰਾ, ਆਪ ਆਪਣਾ ਲਏ ਉਪਾਇਆ । ਆਪੇ ਜਾਣੇ ਆਪਣੀ ਨਾਦੀ ਤੂਰਾ, ਆਪੇ ਰਿਹਾ ਵਜਾਇਆ । ਪੰਚਮ ਤਤ ਤਨ ਨਾਤਾ ਕੂੜਾ, ਗੁਰ ਪੀਰ ਕੋਈ ਰਹਿਣ ਨਾ ਪਾਇਆ । ਮੂਰਖ ਮੁਗਧ ਨਾ ਜਾਣੇ ਮੂੜਾ, ਹਰਿ ਸ਼ਬਦੀ ਸ਼ਬਦ ਸਮਾਇਆ । ਜਿਸ ਜਨ ਕਾਇਆ ਚੋਲੀ ਚਾੜ੍ਹੇ ਰੰਗਣ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਆਪ ਆਪਣਾ ਵੇਸ ਵਟਾ, ਹਰਿ ਜੋਤੀ ਜੋਤ ਜਗਾਈਆ । ਸ਼ਬਦ ਗੁਰ ਗੁਰ ਨਾਮ ਧਰਾ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਖੇਲ ਰਿਹਾ ਖਿਲਾ, ਸਰਗੁਣ ਸੰਗ ਨਿਭਾਈਆ । ਦੋ ਜਹਾਨੀ ਬਣ ਮਲਾਹ, ਲੋਕਮਾਤ ਫੇਰਾ ਪਾਈਆ । ਗੋਬਿੰਦ ਗੁਰ ਦਏ ਸਲਾਹ, ਅਕਾਲ ਪੁਰਖ ਵੱਡੀ ਵਡਿਆਈਆ । ਅਕਾਲ ਮੂਰਤ ਭੇਵ ਨਾ ਰਾ, ਹਰਿ ਸੂਰਤ ਦਿਸ ਨਾ ਆਈਆ । ਜਿਸ ਜਨ ਆਪੇ ਲਏ ਜਗਾ, ਸੋ ਜਨ ਬੂਝ ਬੁਝਾਈਆ । ਦੁਰਮਤ ਦਾਗ਼ ਦਏ ਗਵਾ, ਨਿਰਮਲ ਨੀਰ ਵਖਾਈਆ । ਦੀਪਕ ਜੋਤ ਚਿਰਾਗ ਦਏ ਜਗਾ, ਅੰਧ ਅੰਧੇਰ ਮਿਟਾਈਆ । ਕਾਗੋਂ ਹੰਸ ਦਏ ਬਣਾ, ਸਤਿਗੁਰ ਪੂਰੇ ਹੱਥ ਵਡਿਆਈਆ । ਗੁਰ ਸ਼ਬਦੀ ਸ਼ਬਦ ਗੁਰ ਆਪ ਅਖਵਾ, ਆਪ ਆਪਣੀ ਰਚਨ ਰਚਾਈਆ । ਪੰਜ ਤਤ ਤਨ ਮੇਲ ਮਿਲਾ, ਜਗਤ ਨਾਤਾ ਰਿਹਾ ਬੰਧਾਈਆ । ਆਪੇ ਜਾਣੇ ਆਪਣੀ ਸਿਫ਼ਤ ਸਲਾਹ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਜਨ ਮੀਤ ਜੁਗ ਜੁਗ ਆਪ ਅਖਵਾਈਆ । ਸ਼ਬਦ ਗੁਰ ਵਡ ਬਲਕਾਰ, ਗੋਬਿੰਦ ਗੁਰ ਜਣਾਈਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਇਕ ਲਟਕਾਈਆ । ਸਾਚੇ ਅਸਵ ਹੋ ਅਸਵਾਰ, ਚਾਰੋਂ ਕੁੰਟ ਫੇਰੀ ਪਾਈਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਵੇਖ ਹਰ ਘਟ ਥਾਈਂਆ । ਪਾਵਣਹਾਰਾ ਸਾਚੀ ਸਾਰਾ, ਹਰ ਘਟ ਬੈਠਾ ਆਸਣ ਲਾਈਆ । ਆਦਿ ਅੰਤ ਇਕ ਅਵਤਾਰਾ, ਹਰਿ ਪੁਰਖ ਆਪ ਅਖਵਾਈਆ । ਸ਼ਬਦ ਡੰਕ ਵਜਾਏ ਵਾਰੋ ਵਾਰਾ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਅੰਤਮ ਪਾਵੇ ਸਾਰਾ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਏਕਾ ਸੀਸ ਭੇਟ ਜਗਦੀਸ, ਦੂਸਰ ਨਾ ਕੋਈ ਸੀਸ ਝੁਕਾਈਆ । ਜਗਤ ਸੀਸ ਗੁਰਚਰਨ ਭੇਟਿਆ, ਗੁਰਮੁਖ ਆਪ ਕਰਾਇੰਦਾ । ਸਤਿਗੁਰ ਪੂਰਾ ਹੋਏ ਖੇਵਟ ਖੇਟਿਆ, ਬੇੜਾ ਬੰਨੇ ਲਾਇੰਦਾ । ਪਿਤਾ ਪੂਤ ਮਾਤ ਪਿਤ ਮਾਂ ਪਿਓ ਬੇਟਿਆ, ਤਾਣਾ ਪੇਟਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਣੇ ਸਾਚਾ ਘਰ, ਸਚ ਦਵਾਰਾ ਇਕ ਸੁਹਾਇੰਦਾ ।

ਹਰਿਜਨ ਆਤਮ ਰਹੀ ਕੁਰਲਾ, ਦਿਵਸ ਰੈਣ ਬਿਲਲਾਏ । ਹਰਿ ਹਰਿ ਕੰਤ ਦਏ ਮਿਲਾ, ਜਗਤ ਵਿਚੋਲਾ ਕੋਈ ਆਏ । ਸਾਚੇ ਸੰਤ ਦਏ ਸਲਾਹ, ਅੱਖਰ ਵੱਖਰ ਨਾਮ ਦ੍ਰਿੜਾਏ । ਸਤਿਗੁਰ ਸਾਚਾ ਸਚ ਮਲਾਹ, ਬੇੜਾ ਬੰਨੇ ਲਾਏ । ਸੋਹੰ ਚੱਪੂ ਦੇਵੇ ਲਾ, ਪਾਰ ਕਿਨਾਰਾ ਇਕ

ਵਖਾਏ । ਰਸਨਾ ਜਿਹਵਾ ਹਰਿਜਨ ਲਏ ਗਾ, ਸਗਲਾ ਸੰਗ ਨਿਭਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਏ । ਸੁਰਤੀ ਸ਼ਬਦ ਗਿਆਨ, ਆਤਮ ਬ੍ਰਹਮ ਜਣਾਈਆ । ਸੋਹੰ ਸੋ ਸਚ ਵਖਾਨ, ਸਹਿਜ ਧੁਨ ਉਪਜਾਈਆ । ਹਰਿਜਨ ਮੰਗੇ ਸਾਚਾ ਦਾਨ, ਦਾਤਾ ਦਾਨੀ ਝੋਲੀ ਪਾਈਆ । ਰਸਨਾ ਗਾਇਆ ਗੁਣ ਨਿਧਾਨ, ਗੁਣਵੰਤਾ ਵੇਖ ਵਖਾਈਆ । ਕਲਜੁਗ ਅੰਤਮ ਧੁਰ ਫ਼ਰਮਾਣ, ਸੋਹੰ ਸ਼ਬਦ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਹੰ ਹੰਗਤਾ ਦਏ ਮਿਟਾਈਆ । ਜੋਤੀ ਜੋਤ ਮਿਲੇ ਸ੍ਰੀ ਭਗਵਾਨ, ਭਗਤ ਭਗਵਾਨ ਭਗਵਨ ਭਗਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਰ ਆਪਣਾ ਹੱਥ ਟਿਕਾਈਆ ।

## * ੨੦ ਫੱਗਣ ੨੦੧੪ ਬਿਕ੍ਰਮੀ ਰੇਛਮ ਸਿੰਘ ਦੇ ਘਰ ਮੇਰਠ ਛਾਉਣੀ ਸ਼ਰਨ ਲਾਇਨ *

ਗੁਰ ਪੂਰਾ ਹਰਿ ਗੋਬਿੰਦ, ਹਰਿ ਹਰਿ ਆਪ ਅਖਵਾਇਆ । ਮੇਟ ਮਿਟਾਏ ਸਗਲੀ ਚਿੰਦ, ਚਿੰਤਾ ਰੋਗ ਰਹਿਣ ਨਾ ਪਾਇਆ । ਦਾਤਾ ਦਾਨੀ ਗੁਣੀ ਗਹਿੰਦ, ਜੁਗ ਜੁਗ ਆਪ ਅਖਵਾਇਆ । ਸਰਬ ਜੀਆਂ ਆਪੇ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਰਘੁਰਾਇਆ । ਮਨਮੁਖ ਜੀਵ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਮੁਖ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਇਆ । ਸਤਿਗੁਰ ਪੂਰਾ ਦੀਨ ਦਿਆਲ, ਮਿਹਰਵਾਨ ਮਿਹਰਵਾਨਾ । ਜੋਤੀ ਨੂਰ ਇਕ ਮਹਾਨ, ਖੇਲੇ ਖੇਲ ਇਕ ਮਹਾਨਾ । ਸਤਿਗੁਰ ਪੂਰਾ ਮਿਹਰਵਾਨ, ਗੁਰਮੁਖ ਸਾਜਨ ਸੰਤ ਸੁਹੇਲੇ ਜੁਗ ਜੁਗ ਭਾਲ, ਆਤਮ ਅੰਤਰ ਦੇਵੇ ਬ੍ਰਹਮ ਗਿਆਨਾ । ਸਦਾ ਸੁਹੇਲਾ ਕਰੇ ਪ੍ਰਿਤਪਾਲ, ਬਖ਼ਸ਼ੇ ਚਰਨ ਸਰਨ ਸਚ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਰੂਪ ਵਟਾਨਾ । ਸਤਿਗੁਰ ਪੂਰਾ ਭੇਟਿਆ, ਪਾਰਬ੍ਰਹਮ ਨਿਰੰਕਾਰ । ਸਖਾ ਸੁਹੇਲਾ ਖੇਵਟ ਖੇਟਿਆ, ਹਰਿਜਨ ਫੜ ਫੜ ਲਾਏ ਪਾਰ । ਸ਼ਬਦ ਦੋਸ਼ਾਲਾ ਇਕ ਲਪੇਟਿਆ, ਪੰਜ ਤਤ ਪਿਆਰ । ਆਪਣੇ ਨੇਤਰ ਆਪੇ ਵੇਖਿਆ, ਆਪੇ ਖੋਲ੍ਹੇ ਬੰਦ ਕਿਵਾੜ । ਆਪੇ ਲਿਖਣਹਾਰਾ ਲੇਖਿਆ, ਲੱਖ ਨਾ ਸਕੇ ਕੋਈ ਵਿਚ ਸੰਸਾਰ । ਨਾ ਕੋਈ ਰੂਪ ਨਾ ਕੋਈ ਰੇਖਿਆ, ਨਿਰਗੁਣ ਨੂਰੋ ਨੂਰ ਅਪਾਰ । ਸਰਗੁਣ ਭੁੱਲੇ ਭਰਮ ਭੁਲੇਖਿਆ, ਆਤਮ ਬਿਰਹੋਂ ਨਾ ਕੋਈ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ । ਸਤਿਗੁਰ ਪੂਰਾ ਇਸ਼ਟ ਦੇਵ, ਆਦਿ ਪੁਰਖ ਅਬਿਨਾਸ਼ਾ । ਆਪੇ ਜਾਣੇ ਆਪਣੀ ਸੇਵ, ਖੇਲੇ ਖੇਲ ਜਗਤ ਤਮਾਸ਼ਾ । ਅਗੰਮ ਅਗੰਮੜਾ ਅਲਖ ਅਭੇਵ, ਵੇਖ ਵਖਾਣੇ ਪ੍ਰਿਥਮੀ ਅਕਾਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰਾਸਾ । ਸਤਿਗੁਰ ਪੂਰਾ ਪਾਰਬ੍ਰਹਮ, ਏਕਾ ਏਕ ਅਖਵਾਇੰਦਾ । ਜੁਗ ਜੁਗ ਜਾਣੇ ਆਪਣਾ ਕਰਮ, ਨਿਹਕਰਮੀ ਕਰਮ ਕਮਾਇੰਦਾ । ਆਪ ਧਰਾਏ ਸਾਚਾ ਧਰਮ, ਧਰ ਧਰਨੀ ਵਿਚ ਸਮਾਇੰਦਾ । ਵੇਖਣਹਾਰਾ ਵਰਨ ਬਰਨ, ਜ਼ਾਤ ਗੋਤ ਫੋਲ ਫੋਲਾਇੰਦਾ । ਸਚ ਜਣਾਈ ਏਕਾ ਸਰਨ, ਹਰਿ ਚਰਨ ਧਿਆਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਨਾਮ ਸ਼ਬਦ ਗਿਆਨ ਦ੍ਰਿੜਾਇੰਦਾ । ਸਤਿਗੁਰ ਪੂਰਾ ਸ਼ਬਦ ਗਿਆਨ, ਆਤਮ ਅੰਤਰ ਵਸਿਆ । ਗੁਰਮੁਖ ਸਾਜਨ ਕਰ ਪਛਾਣ, ਲੋਕਮਾਤੀ ਰਾਹ ਦੱਸਿਆ । ਇਕ ਬਿਠਾਏ ਨਾਮ ਬਿਬਾਣ, ਧੁਰਦਰਗਾਹੀ

ਆਵੇ ਨੱਸਿਆ । ਚਰਨ ਧੂੜ ਬਖ਼ਸ਼ੇ ਸਚ ਅਸ਼ਨਾਨ, ਮੇਟੇ ਕਲਜੁਗ ਰੈਣ ਅੰਧੇਰੀ ਮੱਸਿਆ । ਸਾਚਾ ਮੇਲਾ ਗੋਪੀ ਕਾਹਨ, ਕੋਟਨ ਪਰਕਾਸ਼ ਕਰੇ ਰਵ ਸੱਸਿਆ । ਅੰਮ੍ਰਿਤ ਆਤਮ ਪੀਣ ਖਾਣ, ਹਉਮੇ ਰੋਗ ਵਿਕਾਰਾ ਨੱਸਿਆ । ਏਕਾ ਦੇਵੇ ਧੁਰ ਫ਼ਰਮਾਣ, ਸ਼ਬਦ ਦੋ ਅੱਖਰ ਆਪੇ ਵਸਿਆ । ਸੁਰ ਨਰ ਮੁਨ ਜਨ ਦੇਵਤ ਸੁਰ ਸਾਰੇ ਗਾਣ, ਬਾਸ਼ਕ ਅਲਾਏ ਮੁਖ ਸੁਹੰਸਿਆ । ਧੁਨ ਅਨਾਦੀ ਏਕਾ ਗਾਣ, ਰਾਗ ਅਨਾਦੀ ਇਕ ਵਿਗਸਿਆ । ਬ੍ਰਹਿਮਾਦੀ ਖੋਜ ਸ੍ਰੀ ਭਗਵਾਨ, ਹਰ ਘਟ ਅੰਦਰ ਆਪੇ ਵਸਿਆ । ਆਪੇ ਹੋਇਆ ਜਾਣੀ ਜਾਣ, ਆਪਣਾ ਭੇਵ ਕਿਸੇ ਨਾ ਦੱਸਿਆ । ਜੁਗ ਜੁਗ ਖੇਲੇ ਖੇਲ ਮਹਾਨ, ਕਲਜੁਗ ਅੰਤਮ ਤੀਰ ਨਿਰਾਲਾ ਏਕ ਕਸਿਆ । ਦਾਤਾ ਜੋਧਾ ਸੂਰਬੀਰ ਬਲੀ ਬਲਵਾਨ, ਚਿੱਟੇ ਅਸਵ ਸਾਚੇ ਘੋੜੇ ਏਕਾ ਤੰਗ ਕਸਿਆ । ਏਕਾ ਚਿੱਲਾ ਤੀਰ ਕਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਹ ਬੇਪਰਵਾਹ ਘਰ ਸਾਚੇ ਆਪੇ ਦੱਸਿਆ । ਸਤਿਗੁਰ ਪੂਰਾ ਸਚ ਨਿਸ਼ਾਨ, ਸਾਚੇ ਘਰ ਸਮਾਇੰਦਾ । ਬੋਧ ਅਗਾਧੀ ਇਕ ਗਿਆਨ, ਏਕਾ ਮੰਤਰ ਦ੍ਰਿੜਾਇੰਦਾ । ਚਾਰ ਵਰਨ ਦੇਵੇ ਮਾਣ, ਊਚ ਨੀਚ ਨਾ ਕੋਈ ਵਖਾਇੰਦਾ । ਏਕਾ ਧਾਮ ਬਹਾਏ ਰਾਓ ਰੰਕ ਰਾਜ ਰਾਜਾਨ, ਸ਼ਾਹ ਸੁਲਤਾਨ ਭੇਵ ਮੁਕਾਇੰਦਾ । ਏਕਾ ਦੇਵੇ ਦਾਨੀ ਦਾਨ, ਦਾਤਾ ਦਾਨੀ ਆਪ ਅਖਵਾਇੰਦਾ । ਮੂਰਖ ਮੁਗਧ ਜੀਵ ਜੰਤ ਜਗਤ ਪਛਾਣ, ਹਉਮੇ ਹੰਗਤਾ ਸੰਗ ਰਖਾਇੰਦਾ । ਗੁਰਮੁਖ ਸਾਜਨ ਚਤੁਰ ਸੁਜਾਨ, ਕਾਇਆ ਚੋਲੀ ਨਾਮ ਰੰਗਦਾ, ਏਕਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਦਰ, ਗੁਰ ਸਾਚਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਸਾਚਾ ਸੱਜਣ, ਨਿਰਮਲ ਜੋਤ ਅਕਾਲਿਆ । ਜਨ ਭਗਤਾਂ ਕਰਾਏ ਏਕਾ ਮਜਨ, ਆਤਮ ਅੰਤਰ ਸਰ ਸਰੋਵਰ ਇਕ ਵਖਾ ਲਿਆ । ਸ਼ਬਦ ਚੜ੍ਹਾਏ ਸਚ ਜਹਾਜਨ, ਸੋਹੰ ਚੱਪੂ ਏਕਾ ਲਾ ਲਿਆ । ਕਲਜੁਗ ਅੰਤਮ ਰਚਿਆ ਕਾਜਨ, ਲੱਖ ਚੁਰਾਸੀ ਵੇਖ ਵਖਾ ਲਿਆ । ਅਗੰਮ ਅਗੰਮੜੀ ਮਾਰੇ ਵਾਜਨ, ਅਗੰਮ ਅਗੰਮੜਾ ਧਾਮ ਸੁਹਾ ਲਿਆ । ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾ ਲਿਆ । ਲੋਆਂ ਪੁਰੀਆਂ ਇਕ ਸਾਜਨ, ਸੇਵਕ ਸੇਵ ਕਮਾ ਰਿਹਾ । ਆਪੇ ਰੱਖਣਹਾਰਾ ਲਾਜਨ, ਸ੍ਰਿਸ਼ਟ ਸਬਾਈ ਆਪ ਸੁਣਾ ਰਿਹਾ । ਕਲਜੁਗ ਅੰਤਮ ਪਰਗਟ ਜੋਤ ਦੇਸ ਮਾਝਨ, ਸੰਬਲ ਨਗਰੀ ਧਾਮ ਸੁਹਾ ਲਿਆ । ਸਾਚੇ ਘੋੜੇ ਚੜ੍ਹਿਆ ਤਾਜਨ, ਦੋ ਜਹਾਨਾਂ ਫੇਰਾ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਵਿਚ ਸਮਾ ਰਿਹਾ । ਸਤਿਗੁਰ ਪੂਰਾ ਸਚ ਸਮਾ, ਸਹਿਜ ਧੁਨ ਅਲਾਇੰਦਾ । ਆਪ ਆਪਣਾ ਭੇਵ ਖੁਲ੍ਹਾ, ਆਪ ਆਪਣਾ ਮੂਲ ਚੁਕਾਇੰਦਾ । ਆਪ ਆਪਣਾ ਇਸ਼ਟ ਮਨਾ, ਆਪ ਆਪਣਾ ਸੀਸ ਝੁਕਾਇੰਦਾ । ਆਪ ਆਪਣੀ ਦ੍ਰਿਸ਼ਟ ਖੁਲ੍ਹਾ, ਏਕਾ ਰਾਹ ਵਖਾਇੰਦਾ । ਆਪ ਆਪਣੀ ਸ੍ਰਿਸ਼ਟ ਉਪਾ, ਆਪ ਆਪੇ ਮੇਟ ਮਿਟਾਇੰਦਾ । ਆਪ ਆਪਣਾ ਲਹਿਣਾ ਦੇਣਾ ਦਏ ਚੁਕਾ, ਆਪ ਆਪਣੀ ਝੋਲੀ ਪਾਇੰਦਾ । ਆਪ ਆਪਣਾ ਭਾਣਾ ਸਹਿਣਾ ਦਏ ਸਿਖਾ, ਗੁਰਮੁਖ ਸਾਚੀ ਬੂਝ ਬੁਝਾਇੰਦਾ । ਨੇਤਰ ਨੈਣਾਂ ਕੱਜਲ ਰਿਹਾ ਪਾ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ ਗੁਰ ਸਤਿਗੁਰ ਵੇਖ ਵਖਾਇੰਦਾ । ਸਤਿਗੁਰ ਸਾਚਾ ਮੀਤੜਾ, ਏਕਾ ਏਕੰਕਾਰ । ਕਾਇਆ ਚੋਲੀ ਰੰਗੇ ਚੀਥੜਾ, ਗੁਰਮੁਖ ਸਾਜਨ ਲਏ ਉਭਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ । ਜੁਗ ਜੁਗ ਆਪੇ ਜਾਣੇ ਆਪਣੀ ਰੀਤੜਾ, ਲੋਕਮਾਤੀ ਲਏ ਅਵਤਾਰ । ਆਪੇ ਪਤਤ ਆਪ ਪੁਨੀਤੜਾ, ਪਤਤ

ਪਾਵਨ ਹਰਿ ਗਿਰਧਾਰ । ਆਪੇ ਠੰਡਾ ਆਪੇ ਸੀਤੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਦਰ, ਗੁਰ ਸਤਿਗੁਰ ਪਾਵੇ ਸਾਰੇ । ਸਤਿਗੁਰ ਸਾਚਾ ਜਾਣਿਆ, ਹਰਿਜਨ ਭਏ ਅਨੰਦ । ਪਰਮਾਨੰਦ ਇਕ ਵਖਾਣਿਆ, ਰਸਨਾ ਪਾਇਆ ਨਿਜਾ ਨੰਦ । ਏਕਾ ਦੂਜਾ ਭੌ ਚੁਕਾਨਿਆ, ਮਿਲਿਆ ਮੇਲ ਗੁਣੀ ਗਹਿੰਦ । ਘਰ ਸਾਚਾ ਇਕ ਵਖਾਨਿਆ, ਰਸ ਪਾਇਆ ਨਿਜਾਨੰਦ । ਘਰ ਸਾਚਾ ਇਕ ਵਖਾਨਿਆ, ਮਿਟੀ ਸਗਲੀ ਚਿੰਦ । ਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਪ੍ਰਭ ਜਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਏ ਵਰ, ਗੁਰ ਸਤਿਗੁਰ ਸਾਗਰ ਸਿੰਧ । ਸਤਿਗੁਰ ਸਾਗਰ ਸਿੰਧ ਗਹਿਰ ਗੰਭੀਰ, ਭੇਵ ਕਿਸੇ ਨਾ ਪਾਇਆ । ਹਰਿਜਨ ਕਾਇਆ ਕਰੇ ਸਾਂਤਕ ਸਤਿ ਸਰੀਰ, ਸਤਿ ਸੰਤੋਖ ਦਵਾਇਆ । ਸ਼ਬਦ ਨਿਰਾਲਾ ਮਾਰੇ ਤੀਰ, ਰੱਤੀ ਰੱਤ ਰਹਿਣ ਨਾ ਪਾਇਆ । ਬਜਰ ਕਪਾਟੀ ਦੇਵੇ ਚੀਰ, ਸਾਚੀ ਹਾਟੀ ਇਕ ਵਖਾਇਆ । ਹਉਮੇ ਹੰਗਤਾ ਕੱਢੇ ਪੀੜ, ਦੂਈ ਦਵੈਤੀ ਪੜਦਾ ਲਾਹਿਆ । ਏਕਾ ਚੋਟੀ ਚਾੜ੍ਹੇ ਅਖ਼ੀਰ, ਬ੍ਰਹਿਮੰਡਾਂ ਖੋਜ ਖੋਜਾਇਆ । ਅੰਮ੍ਰਿਤ ਆਤਮ ਬਖ਼ਸ਼ੇ ਸਾਚਾ ਸੀਰ, ਨਿਝਰ ਧਾਰਾ ਰਸ ਚੁਆਇਆ । ਕਾਇਆ ਨਾਤਾ ਤੋੜੇ ਜੂਠਾ ਝੂਠਾ ਬਸਤਰ ਚੀਰ, ਸੁਰਤੀ ਸ਼ਬਦ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਲਏ ਵਰ, ਗੁਰ ਸਤਿਗੁਰ ਆਪ ਅਖਵਾਇਆ । ਸਤਿਗੁਰ ਸਤਿਗੁਰ ਸਤਿਗੁਰ ਸਾਗਰ ਸਿੰਧੜਾ, ਭੇਵ ਅਭੇਦ ਅਖਵਾਇੰਦਾ । ਆਪ ਆਪਣੇ ਘਰ ਵਸੰਦੜਾ, ਦਿਸ ਕਿਸੇ ਨਾ ਆਇੰਦਾ । ਥਿਰ ਘਰ ਏਕਾ ਧਾਮ ਰਖੰਦੜਾ, ਛੱਪਰ ਛੰਨ ਨਾ ਕੋਈ ਰਖਾਇੰਦਾ । ਚਾਰ ਦਿਵਾਰ ਨਾ ਕੋਈ ਬਣੰਦੜਾ, ਮਹੱਲ ਅਟੱਲ ਨਾ ਕੋਈ ਸੁਹਾਇੰਦਾ । ਜੋਤੀ ਦੀਪਕ ਆਪ ਜਗੰਦੜਾ, ਅਕਾਸ਼ ਪਰਕਾਸ਼ ਸਮਾਇੰਦਾ । ਆਪਣਾ ਨੂਰ ਆਪ ਵਖੰਦੜਾ, ਹਰਿ ਨੂਰੋ ਨੂਰ ਉਪਾਇੰਦਾ । ਗੁਰ ਸ਼ਬਦੀ ਸ਼ਬਦ ਬਖ਼ਸ਼ਿੰਦੜਾ, ਸਤਿਗੁਰ ਪੂਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੁਰ ਸਤਿਗੁਰ ਸਾਚਾ ਕੰਤ ਕੰਤੂਹਲ, ਨਾਰੀ ਕੰਤਾ ਮੀਤ । ਜਨ ਭਗਤਾਂ ਚੁਕਾਏ ਜੁਗ ਜੁਗ ਲਹਿਣਾ ਦੇਣ ਮੂਲ, ਆਪੇ ਜਾਣੇ ਆਪਣੀ ਰੀਤ । ਕਾਇਆ ਮੰਦਰ ਅੰਦਰ ਸੇਜਾ ਸਚ ਚੜ੍ਹਾਏ ਫੂਲ, ਨਾ ਕੋਈ ਦਿਸੇ ਗੁਰੂਦਵਾਰ ਮੰਦਰ ਮਸੀਤ । ਸ਼ਬਦ ਪੰਘੂੜਾ ਹਰਿਜਨ ਸਾਚਾ ਰਿਹਾ ਝੂਲ, ਬੈਠਾ ਰਹੇ ਸਦਾ ਅਤੀਤ । ਸਾਚੇ ਤਖ਼ਤ ਆਪ ਬਰਾਜੇ ਨਾ ਕੋਈ ਪਾਵਾ ਚੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਗੁਰ ਸਤਿਗੁਰ ਰੱਖੇ ਲਾਜ । ਸਤਿਗੁਰ ਪੂਰਾ ਲਾਜਾਵੰਤ, ਹਰਿਜਨ ਆਪ ਤਰਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਜੁਗ ਜੁਗ ਮਹਿਮਾ ਗਣਤ ਅਗਣਤ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਆਪ ਆਪਣੇ ਉਪਾਏ ਸਾਜਨ ਸੰਤ, ਸੰਤ ਸੁਹੇਲਾ ਆਪ ਅਖਵਾਇੰਦਾ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤ, ਭਰਮੀ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ ਵੇਖ ਵਖਾਇੰਦਾ । ਆਪ ਆਪਣੀ ਜੋਤ ਜਗਾ, ਨਿਰਗੁਣ ਵੇਸ ਨਿਰਗੁਣ ਸਾਜਨ ਗਿਆ ਸਮਾ, ਦਿਸ ਕਿਸੇ ਨਾ ਆਇਆ । ਸ਼ਬਦੀ ਸ਼ਬਦ ਡੰਕ ਰਿਹਾ ਵਜਾ, ਅਨਹਦ ਰਾਗ ਅਲਾਇਆ । ਸਾਚਾ ਲੇਖਾ ਰਿਹਾ ਲਿਖਾ, ਭੇਵ ਕੋਈ ਨਾ ਪਾਇਆ । ਕਲਜੁਗ ਲਹਿਣਾ ਦੇਣਾ ਰਿਹਾ ਚੁਕਾ, ਤਨ ਗਹਿਣਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਆਪ ਆਪਣੀ ਹਰਿ ਕਲ

ਧਾਰ, ਅਚਰਜ ਬਣਤ ਬਣਾਈਆ । ਜੋਤੀ ਜਾਮਾ ਲਏ ਅਵਤਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਏਕਾ ਸ਼ਬਦ ਇਕ ਜੈਕਾਰ, ਚਾਰ ਵਰਨਾਂ ਰਿਹਾ ਜਣਾਈਆ । ਰਾਜ ਰਾਜਾਨਿਆਂ ਕਰੇ ਖ਼ਬਰਦਾਰ, ਸਾਧਾ ਸੰਤਾਂ ਰਿਹਾ ਜਗਾਈਆ । ਸ਼ਬਦ ਡੰਕ ਅਪਰ ਅਪਾਰ, ਲੋਆਂ ਪੁਰੀਆਂ ਰਿਹਾ ਸੁਣਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਨੇਤਰ ਨੈਣ ਰਿਹਾ ਉਘਾੜ, ਨੈਣ ਮੁੰਧਾਰਾ ਵੇਖ ਵਖਾਈਆ । ਤ੍ਰੈਗੁਣ ਮਾਇਆ ਰਹੀ ਸਾੜ, ਪੰਜ ਤਤ ਜਗਤ ਲੜਾਈਆ । ਮਨ ਮਤ ਬੁਧ ਰਹੀ ਲਲਕਾਰ, ਧੀਰਜ ਧੀਰ ਨਾ ਕੋਈ ਧਰਾਈਆ । ਕਰਮ ਕੁਕਰਮਾਂ ਪਾਵੇ ਸਾਰ, ਕਲਜੁਗ ਅੰਤਮ ਤੋਲ ਤੁਲਾਈਆ । ਵੇਦ ਵਿਆਸਾ ਬਣ ਲਿਖਾਰ, ਹਰਿ ਲੇਖਾ ਗਿਆ ਲਿਖਾਈਆ । ਨਾਨਕ ਗੁਰ ਪਾਏ ਸਾਰ, ਪ੍ਰਭ ਚਰਨ ਧਿਆਨ ਲਗਾਈਆ । ਗੁਰ ਗੋਬਿੰਦ ਢਹਿ ਪਿਆ ਦਵਾਰ, ਅਕਾਲ ਮੂਰਤ ਇਕ ਮਨਾਈਆ । ਪੁਰਖ ਅਬਿਨਾਸ਼ੀ ਕਰ ਵਿਚਾਰ, ਦੇ ਮਤ ਗਿਆ ਸਮਝਾਈਆ । ਕਲਜੁਗ ਅੰਤਮ ਕੂੜ ਕੁੜਿਆਰਾ ਹੋਏ ਗਵਾਰ, ਸ੍ਰਿਸ਼ਟ ਸਬਾਈ ਦਏ ਭੁਲਾਈਆ । ਮੇਲ ਮਿਲਾਏ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਵੇਖ ਵਖਾਈਆ । ਚਾਰੋਂ ਕੁੰਟ ਹਾਹਾਕਾਰ, ਅਗਨੀ ਅੱਗ ਰਹੀ ਜਲਾਈਆ । ਸਾਧਾਂ ਸੰਤਾਂ ਨਾ ਕੋਈ ਪਾਵੇ ਸਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਤੀਰਥ ਤਟ ਗਏ ਹਾਰ, ਮਾਨਸ ਮਾਨੁਖ ਨਾ ਕੋਈ ਤਰਾਈਆ । ਬਿਨ ਹਰਿ ਸਤਿਜੁਗ ਸਤਿ ਨਾ ਪਾਵੇ ਸਾਰ, ਆਤਮ ਬ੍ਰਹਮ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਮਲ ਜੋਤ ਕਰੇ ਰੁਸ਼ਨਾਈਆ । ਨਿਰਮਲ ਜੋਤੀ ਹਰਿ ਜਗਾ, ਇਕ ਪਰਕਾਸ਼ ਕਰਾਇੰਦਾ । ਸ੍ਰਿਸ਼ਟ ਸਬਾਈ ਲਏ ਉਠਾ, ਸਾਚਾ ਮਾਰਗ ਲਾਇੰਦਾ । ਮਨਮੁਖ ਜੀਵ ਦਏ ਖਪਾ, ਥਿਰ ਕੋਈ ਰਹਿਣ ਨਾ ਪਾਇੰਦਾ । ਰਾਗ ਅਨਾਦੀ ਇਕ ਅਲ੍ਹਾ, ਏਕਾ ਧੁਨ ਰਖਾਇੰਦਾ । ਸੁਨ ਸਮਾਧੀ ਵੇਖ ਵਖਾ, ਅਗਾਧ ਬੋਧੀ ਸ਼ਬਦ ਜਣਾਇੰਦਾ । ਜਟਾ ਜੂਟ ਰਹੇ ਪਾ, ਮੂੰਡ ਮੁੰਡਾਏ ਸੰਗ ਰਲਾਇੰਦਾ । ਖ਼ਾਕੀ ਖ਼ਾਕ ਜੋ ਰਹੇ ਸਮਾ, ਚਰਨ ਖ਼ਾਕ ਇਕ ਵਖਾਇੰਦਾ । ਉਚੇ ਟਿੱਲੇ ਜੋ ਬੈਠੇ ਡੇਰੇ ਲਾ, ਸ਼ਬਦ ਗਿਆਨ ਇਕ ਦ੍ਰਿੜਾਇੰਦਾ । ਡੂੰਘੀ ਕੰਦਰ ਜੋ ਬੈਠੇ ਧੂਣੀਆਂ ਤਾ, ਫੜ ਬਾਂਹੋਂ ਆਪ ਉਠਾਇੰਦਾ । ਤਟ ਕਿਨਾਰੇ ਜੋ ਜਲ ਧਾਰਾ ਰਹੇ ਸਮਾ, ਆਪ ਆਪਣੀ ਬੂਝ ਬੁਝਾਇੰਦਾ । ਨੰਗਨ ਫਿਰਤ ਵਣਜ ਵਣਜਾਰਾ ਜੋ ਨਾਮ ਰਹੇ ਕਰਾ, ਇਕ ਦਵਾਰ ਸੁਹਾਇੰਦਾ । ਇਕ ਸ਼ਬਦ ਏਕਾ ਨਾਅਰਾ ਦਏ ਲਗਾ, ਭਰਮ ਗੜ੍ਹ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਧਰਾਇੰਦਾ । ਨਿਹਕਲੰਕ ਹਰਿ ਬਲਵਾਨਾ, ਨਿਰਗੁਣ ਰੂਪ ਸਮਾਇਆ । ਸ਼ਬਦ ਖੰਡਾ ਤੀਰ ਕਮਾਨਾ, ਹਰਿ ਆਪਣੇ ਹੱਥ ਉਠਾਇਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਮਾਰ ਧਿਆਨਾ, ਗਗਨ ਪਤਾਲਾਂ ਫੇਰਾ ਪਾਇਆ । ਆਪੇ ਵੇਖੇ ਜ਼ਿਮੀ ਅਸਮਾਨਾਂ, ਲੋਆਂ ਪੁਰੀਆਂ ਦਏ ਹਿਲਾਇਆ । ਵੇਖ ਵਖਾਏ ਨੌਂ ਖੰਡ ਸੱਤ ਦੀਪ ਦੋ ਜਹਾਨਾ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਸੁਣਾਏ ਏਕਾ ਗਾਣਾ, ਅਲੱਖ ਨਿਰੰਜਣ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਆਇਆ । ਨਰਾਇਣ ਨਰ ਅਕਾਲ ਮੂਰਤ, ਦਰਦ ਦੁੱਖ ਭੈ ਭੰਜਨਾ । ਪਾਰਬ੍ਰਹਮ ਨਾ ਜਾਣੇ ਕੋਈ ਸੂਰਤ, ਜਗੀ ਜੋਤ ਆਦਿ ਨਿਰੰਜਣਾ । ਕਲਜੁਗ ਨਾਤਾ ਤੋੜੇ ਕੂੜੋ ਕੂੜਤ, ਜਨ ਭਗਤਾਂ ਮੇਲ ਮਿਲਾਏ ਹਰਿ ਸਾਚੇ ਸੱਜਣਾ । ਫੜ ਫੜ ਚਤੁਰ ਸੁਘੜ ਬਣਾਏ ਮੂਰਖ ਮੂੜ੍ਹਤ, ਦਰਸ ਦਿਖਾਏ ਦਰਦ ਦੁੱਖ ਭੈ ਭੰਜਨਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਪੜਦਾ ਤੇਰਾ ਕੱਜਣਾ । ਸ੍ਰਿਸ਼ਟ ਸਬਾਈ ਤੇਰਾ ਨਾਤਾ, ਹਰਿ ਏਕਾ ਏਕ ਰਖਾਇਆ । ਪਾਰਬ੍ਰਹਮ ਪੁਰਖ ਬਿਧਾਤਾ, ਜੁਗ ਜੁਗ ਵੇਸ ਵਟਾਇਆ । ਆਪੇ ਬੈਠਾ ਰਹੇ ਸਦਾ ਅਕਾਂਤਾ, ਇਕ ਅਕੱਲਾ ਆਪ ਹੋ ਜਾਇਆ । ਕਲਜੁਗ ਅੰਤਮ ਮੇਟੇ ਅੰਧੇਰੀ ਰਾਤਾ, ਵੇਲਾ ਅੰਤਮ ਆਇਆ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤਾ, ਨਿਝਰ ਝਿਰਨਾ ਰਿਹਾ ਝਿਰਾਇਆ । ਆਪੇ ਪਿਤਾ ਆਪੇ ਮਾਤਾ, ਆਪ ਆਪਣੀ ਗੋਦ ਉਠਾਇਆ । ਧੁਰਦਰਗਾਹੀ ਦੇਵੇ ਸਾਚੀ ਦਾਤਾ, ਏਕਾ ਨਾਮ ਝੋਲੀ ਪਾਇਆ । ਲਹਿਣਾ ਦੇਣਾ ਚੁਕਾਏ ਜਾਤਾ ਪਾਤਾ, ਚਾਰ ਵਰਨਾਂ ਅਠਾਰਾਂ ਬਰਨ ਏਕਾ ਸਰਨ ਸਰਨਾਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਆਪਣਾ ਆਪ ਵੇਖ ਵਖਾਇਆ । ਨਿਜ ਘਰ ਆਪਣਾ ਹਰਿ ਨਿਰੰਕਾਰਾ, ਏਕਾ ਏਕ ਰਖਾਇਆ । ਨਿਰਮਲ ਜੋਤੀ ਕਰ ਉਜਿਆਰਾ, ਦਿਵਸ ਰੈਣ ਕਰੇ ਰੁਸ਼ਨਾਇਆ । ਨਾ ਕੋਈ ਦੂਸਰ ਮੀਤ ਮੁਰਾਰਾ, ਸਗਲਾ ਸੰਗ ਨਾ ਕੋਈ ਰਖਾਇਆ । ਜੁਗ ਜੁਗ ਜਾਣੇ ਆਪਣੀ ਕਾਰ, ਜੁਗ ਜੁਗ ਕਰਦਾ ਆਇਆ । ਸਤਿਜੁਗ ਤ੍ਰੇਤਾ ਲਾਇਆ ਪਾਰ, ਦੁਆਪਰ ਵੇਖ ਵਖਾਇਆ । ਕਲਜੁਗ ਕੂੜ ਕੁੜਿਆਰਾ ਗਿਆ ਹਾਰ, ਕੂੜਾ ਨਾਤਾ ਜਗਤ ਬੰਧਾਇਆ । ਕਾਮ ਕਰੋਧ ਲੋਭ ਮੋਹ ਹੰਕਾਰ, ਪੰਚ ਵਿਕਾਰ ਜੀਵਾਂ ਜੰਤਾਂ ਇਕ ਪਰਨਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰ ਘਟ ਰਿਹਾ ਵਿਚਾਰ, ਕਰਮ ਕੁਕਰਮਾਂ ਲੇਖ ਲਿਖਾਇਆ । ਅੰਤਮ ਕਲਜੁਗ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਲੋਕਮਾਤੀ ਫੇਰਾ ਪਾਇਆ । ਸ਼ਬਦ ਕਲਗੀ ਤੋੜਾ ਨਾਮ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾਇਆ । ਪੂਤ ਸਪੂਤਾ ਬ੍ਰਹਿਮਣ ਗੌੜਾ, ਉਚੇ ਟਿੱਲੇ ਸਾਚੇ ਪਰਬਤ ਅੰਦਰ ਮੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਵੇਸ ਵਟਾਇਆ । ਨਿਰਗੁਣ ਵੇਸ ਹਰਿ ਅਵੱਲਾ, ਜੁਗ ਜੁਗ ਆਪ ਕਰਾਇੰਦਾ । ਆਪੇ ਬੈਠਾ ਇਕ ਅਕੱਲਾ, ਅਕਲ ਕਲਾ ਸਮਾਇੰਦਾ । ਆਪ ਸਮਾਏ ਜਲਾਂ ਥਲਾਂ, ਡੂੰਘੀ ਕੰਦਰ ਉਚੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇੰਦਾ । ਆਪ ਆਪਣਾ ਮੇਟੇ ਸਲਾ, ਆਪ ਆਪਣੀ ਵੰਡ ਵੰਡਾਇੰਦਾ । ਆਪ ਆਪਣਾ ਕਰਨਹਾਰਾ ਹੱਲਾ, ਆਪਣਾ ਨਾਅਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਇਕ ਦਵਾਰ ਵੇਖ ਵਖਾਇੰਦਾ । ਇਕ ਦਵਾਰ ਹਰਿ ਨਿਰੰਕਾਰ, ਆਪਣਾ ਆਪ ਰਖਾਇਆ । ਚਾਰ ਵਰਨਾਂ ਕਰੇ ਇਕ ਪਿਆਰ, ਏਕਾ ਧਾਮ ਸੁਹਾਇਆ । ਏਕਾ ਸ਼ਬਦ ਏਕਾ ਧੁਨਕਾਰ, ਏਕਾ ਰਾਗ ਅਲ੍ਹਾਇਆ । ਏਕਾ ਅੰਮ੍ਰਿਤ ਠੰਡੀ ਠਾਰ, ਨਿਝਰ ਝਿਰਨਾ ਦਏ ਝਿਰਾਇਆ । ਏਕਾ ਸੱਜਣ ਮੀਤ ਮੁਰਾਰ, ਸ਼ਬਦੀ ਸ਼ਬਦ ਗੁਰ ਅਖਵਾਇਆ । ਜੁਗ ਜੁਗ ਰੀਤ ਅਵੱਲੜੀ ਵਿਚ ਸੰਸਾਰ, ਹਰਿ ਸਾਚਾ ਕਰਦਾ ਆਇਆ । ਜਨ ਭਗਤਾਂ ਕਰੇ ਮਾਤ ਪਿਆਰ, ਆਪ ਬੇੜਾ ਬੰਨਦਾ ਆਇਆ । ਵੇਲੇ ਅੰਤਮ ਪਾਵੇ ਸਾਰ, ਭੇਖਾਧਾਰੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਅਖਵਾਇਆ ।

ਹਰਿਜਨ ਹਰਿ ਹਰਿ ਪਾਇਆ, ਪਾਰਬ੍ਰਹਮ ਕਰਤਾਰ । ਹਉਮੇ ਰੋਗ ਗਵਾਇਆ, ਚਿੰਤਾ ਚਿਖਾ ਨਿਵਾਰ । ਮਾਇਆ ਮਮਤਾ ਮੋਹ ਚੁਕਾਇਆ, ਤਾਮਸ ਤ੍ਰਿਸ਼ਨਾ ਨਿਵਾਰ । ਰਸਨਾ ਭੋਗ ਗੁਰ ਪਾਇਆ, ਆਤਮ ਰਸ ਪਿਆਰ । ਧੁਰ ਸੰਜੋਗ ਵਖਾਇਆ, ਹਰਿ ਸ਼ਬਦ ਅਧਾਰ । ਏਕਾ ਜੋਗ ਕਮਾਇਆ, ਕੂੜੀ ਕਿਰਿਆ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਵੇਖ ਵਖਾਇਆ । ਹਰਿਜਨ ਹਰਿ ਹਰਿ ਰੰਗ ਹੈ, ਰੂਪ ਰੰਗ ਅਪਾਰ । ਦਾਤਾ ਦਾਨੀ ਵਡ ਸੂਰਾ ਸਰਬੰਗ ਹੈ, ਦੇਵਣਹਾਰਾ ਸਰਬ ਸੰਸਾਰ । ਲੱਖ ਚੁਰਾਸੀ ਰਹੀ ਮੰਗ ਹੈ, ਭਰਨਹਾਰ ਜਗਤ ਭੰਡਾਰ । ਸਾਚੇ ਮੰਦਰ ਅੰਦਰ ਵੇਖੇ ਲੰਘ ਹੈ, ਲਹਿਣਾ ਦੇਣਾ ਚੁਕਾਏ ਨੌਂ ਦਵਾਰ । ਸ਼ਬਦ ਰੰਗੀਲਾ ਨਾਮ ਪਲੰਘ ਹੈ, ਸਚ ਸਿੰਘਾਸਣ ਅਪਰ ਅਪਾਰ । ਗੁਰਮੁਖ ਸਾਜਨ ਲਾਏ ਆਪਣੇ ਅੰਗ ਹੈ, ਅੰਗੀਕਾਰ ਕਰੇ ਕਰਤਾਰ । ਅਨਹਦ ਢੋਲ ਵਜਾਏ ਸੱਚਾ ਮਰਦੰਗ ਹੈ, ਆਤਮਕ ਧੁਨ ਸੁਣੇ ਸੁਣਨੇਹਾਰ । ਅੰਮ੍ਰਿਤ ਦੇਵੇ ਸਾਚੀ ਗੰਗ ਹੈ, ਨਿਝਰ ਰਸ ਇਕ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬਖ਼ਸ਼ੇ ਚਰਨ ਪਿਆਰ । ਚਰਨ ਪ੍ਰੀਤੀ ਸਾਚਾ ਨਾਤਾ, ਹਰਿਜਨ ਆਪ ਕਰਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਜਿਸ ਜਨ ਦਇਆ ਕਮਾਇੰਦਾ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤਾ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਦਰਸ ਦਿਖਾਏ ਇਕ ਅਕਾਂਤਾ, ਏਕੰਕਾਰਾ ਰੂਪ ਵਟਾਇੰਦਾ । ਆਪੇ ਹੋਏ ਪਿਤਾ ਮਾਤਾ, ਬਾਲ ਅਵਾਣੇ ਗੋਦ ਉਠਾਇੰਦਾ । ਨਾਮ ਦੇਵੇ ਧੁਰ ਸੁਗਾਤਾ, ਆਤਮ ਅੰਤਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਖਾਇੰਦਾ । ਹਰਿ ਸੱਜਣ ਹਰਿ ਜਾਨਿਆ, ਆਤਮ ਬ੍ਰਹਮ ਵਿਚਾਰ । ਇਕ ਸੁਣਾਏ ਧੁਰ ਫ਼ਰਮਾਨਿਆ, ਏਕਾ ਦੂਜਾ ਭੌ ਨਿਵਾਰ । ਤੀਜੇ ਨੇਤਰ ਦਰਸ ਮਹਾਨਿਆ, ਖੋਲ੍ਹੇ ਬੰਦ ਕਿਵਾੜ । ਚੌਥਾ ਪਦ ਇਕ ਪਛਾਨਿਆ, ਘਰ ਮੇਲਾ ਇਕ ਭਤਾਰ । ਸਾਚੀ ਸਖੀਆਂ ਮੰਗਲ ਗਾਨਿਆ, ਅਨਹਦ ਧੁਨ ਵੱਜੇ ਧੁਨਕਾਰ । ਆਤਮ ਸੇਜਾ ਸਚ ਸੁਹਾਨਿਆ, ਪਰਮ ਪੁਰਖ ਅਗੰਮ ਅਪਾਰ । ਇਕ ਸੁਣਾਏ ਸਾਚੀ ਬਾਣੀਆ, ਵੇਦ ਕਤੇਬ ਨਾ ਪਾਇਣ ਸਾਰ । ਮੇਲ ਮਿਲਾਏ ਸ਼ਬਦੀ ਸ਼ਬਦ ਗੁਰ ਸਾਚੇ ਹਾਣੀਆਂ, ਏਕਾ ਦੂਜਾ ਭੌ ਨਿਵਾਰ । ਅੰਮ੍ਰਿਤ ਦੇਵੇ ਠੰਡਾ ਪਾਣੀਆ, ਸਾਂਤਕ ਸਤਿ ਕਰੇ ਵਰਤਾਰ । ਬੋਧ ਅਗਾਧ ਜਣਾਈ ਸ਼ਬਦ ਕਹਾਣੀਆ, ਗਾਵਤ ਗਾਵਤ ਰਹੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਲੋਕਮਾਤ ਲਏ ਅਵਤਾਰ । ਲੋਕਮਾਤ ਹਰਿ ਲਏ ਅਵਤਾਰਾ, ਆਪਣੀ ਬਣਤ ਬਣਾਇੰਦਾ । ਖੇਲੇ ਖੇਲ ਖੇਲਣਹਾਰ ਨਿਆਰਾ, ਭੇਖਾਧਾਰੀ ਭੇਖ ਵਟਾਇੰਦਾ । ਆਪ ਆਪਣੀ ਬੰਨੇ ਧਾਰਾ, ਬੰਨਣਹਾਰ ਆਪ ਅਖਵਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਪੁਰੀਆਂ ਲੋਆਂ ਫੇਰੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਆਪ ਆਪਣੀ ਰਚਨ ਰਚਾਇੰਦਾ । ਨਿਰਮਲ ਜੋਤੀ ਕਰ ਉਜਿਆਰਾ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਇੰਦਾ । ਇਕ ਅਕੱਲਾ ਅਗੰਮ ਅਗੰਮ ਅਗੰਮ ਅਪਾਰਾ, ਆਦਿ ਪੁਰਖ ਨਿਰੰਜਣ ਭੇਦ ਅਭੇਦ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਆਪ ਆਪਣਾ ਡੰਕ ਵਜਾਇੰਦਾ । ਜੁਗ ਜੁਗ ਆਪਣਾ ਵੇਸ ਵਟਾ, ਆਪਣੀ ਕਲ ਵਰਤਾਇੰਦਾ । ਸੰਤ ਸੁਹੇਲੇ ਲਏ ਜਗਾ, ਏਕਾ ਬੂਝ ਬੁਝਾਇੰਦਾ । ਆਤਮ ਅੰਤਰ ਬ੍ਰਹਮ ਗਿਆਨ ਦਵਾ, ਪਾਰਬ੍ਰਹਮ ਸਮਾਇੰਦਾ । ਏਕਾ ਨੇਤਰ ਦਏ ਖੁਲ੍ਹਾ, ਦੂਈ ਦਵੈਤੀ ਪੜਦਾ ਲਾਹਿੰਦਾ । ਸਚ ਮਹੱਲਾ ਦਏ ਵਸਾ,

ਸਚ ਸਿੰਘਾਸਣ ਆਸਣ ਲਾਇੰਦਾ । ਉਚਾ ਟਿੱਲਾ ਦਏ ਚੜ੍ਹਾ, ਦਸਮ ਦਵਾਰੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਸਾਚਾ ਮੇਵਾ, ਆਤਮ ਦਰਸ ਅਪਾਰਾ । ਆਪੇ ਗੁਰ ਗੁਰੂ ਗੁਰ ਚੇਲਾ, ਆਪੇ ਖੇਲੇ ਖੇਲ ਨਿਆਰਾ । ਆਪੇ ਸਾਜਣ ਸੱਜਣ ਸੁਹੇਲਾ, ਆਪੇ ਬਖ਼ਸ਼ੇ ਚਰਨ ਪਿਆਰਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਚ ਦਵਾਰਾ । ਸਚ ਦਵਾਰ ਪੁਰਖ ਅਬਿਨਾਸ਼, ਏਕਾ ਏਕ ਰਖਾਇਆ । ਜੋਤੀ ਨੂਰ ਕਰ ਪਰਕਾਸ਼, ਸ੍ਰਿਸ਼ਟ ਸਬਾਈ ਵੇਖ ਵਖਾਇਆ । ਜਨ ਭਗਤ ਧਰਾਏ ਵੇਸੀ ਵੇਸ, ਦਰ ਦਰਵੇਸ਼ਾ ਫੇਰਾ ਪਾਇਆ । ਵੇਖ ਵਖਾਏ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਰਿਹਾ ਹਿਲਾਇਆ । ਆਪੇ ਰੱਖੇ ਘਟ ਘਟ ਵਾਸ, ਹਰ ਘਟ ਆਪੇ ਡੇਰਾ ਲਾਇਆ । ਆਦਿ ਅੰਤ ਨਾ ਜਾਏ ਵਿਨਾਸ਼, ਆਵਣ ਜਾਵਣ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਦਾ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਹਰਿਜਨ ਸਾਜਨ ਸਾਚਾ ਮੀਤਾ, ਆਦਿ ਅੰਤ ਅਖਵਾਇਆ । ਜੁਗ ਜੁਗ ਪਰਖਣਹਾਰਾ ਨੀਤਾ, ਨਿਤ ਨਵਿਤਾ ਖੇਲ ਖਿਲਾਇਆ । ਗੁਰਸਿਖ ਕਾਇਆ ਕਰੇ ਠੰਡੀ ਸੀਤਾ, ਪੰਜ ਤਤ ਵਿਕਾਰ ਰਹਿਣ ਨਾ ਪਾਇਆ । ਦਰਸ ਦਿਖਾਏ ਇਕ ਅਤੀਤਾ, ਨਿਰਗੁਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਜੋਤ ਕਰੇ ਰੁਸ਼ਨਾਈਆ । ਨਿਰਗੁਣ ਰੂਪ ਅਗੰਮ ਅਪਾਰ, ਭੇਵ ਕੋਈ ਨਾ ਪਾਈਆ । ਗੋਬਿੰਦ ਲੇਖਾ ਅਪਰ ਅਪਾਰ, ਲਿਖਣਹਾਰ ਦਿਸ ਨਾ ਆਈਆ । ਖੇਲੇ ਖੇਲ ਸਰਬ ਸੰਸਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾ ਰਿਹਾ ਉਠਾਈਆ । ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡ ਖੰਡ ਰਿਹਾ ਜਗਾਈਆ । ਸਾਚੇ ਅਸਵ ਹੋ ਅਸਵਾਰ, ਸ਼ਬਦ ਡੰਕਾ ਰਿਹਾ ਵਜਾਈਆ । ਵਾਸੀ ਪੁਰੀ ਘਨਕਾ ਹਰਿ ਨਿਰੰਕਾਰ, ਸੰਬਲ ਨਗਰੀ ਡੇਰਾ ਲਾਈਆ । ਵੇਦ ਵਿਆਸਾ ਕਰ ਪਿਆਰ, ਪੂਤ ਸਪੂਤਾ ਆਪ ਹੋ ਜਾਈਆ । ਬ੍ਰਹਿਮਣ ਗੌੜਾ ਰਿਹਾ ਵਿਚਾਰ, ਏਕਾ ਪੌੜਾ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਘਰ ਘਰ ਸਾਚੇ ਇਕ ਸੁਹਾਈਆ । ਸਾਚਾ ਘਰ ਹਰਿ ਸੁਹਾਇਆ, ਜਗੇ ਜੋਤ ਅਕਾਲੀ । ਅੱਠੇ ਪਹਿਰ ਡਗਮਗਾਇਆ, ਦੋ ਜਹਾਨਾਂ ਵਾਲੀ । ਹਰਿਜਨ ਸਾਚੇ ਲਏ ਜਗਾਇਆ, ਦੀਪਕ ਜੋਤੀ ਏਕਾ ਬਾਲੀ । ਏਕਾ ਬ੍ਰਹਮ ਗਿਆਨ ਵਖਾਇਆ, ਦੇਵੇ ਨਾਮ ਸੱਚਾ ਧੰਨ ਮਾਲੀ । ਏਕਾ ਚਰਨ ਧਿਆਨ ਟਿਕਾਇਆ, ਤੋੜਨਹਾਰਾ ਜਗਤ ਜੰਜਾਲੀ । ਵਰਨ ਗੋਤ ਨਾ ਕੋਈ ਜਣਾਇਆ, ਸ੍ਰਿਸ਼ਟ ਸਬਾਈ ਸਾਚਾ ਮਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਚਲੇ ਅਵੱਲੜੀ ਚਾਲੀ । ਜੁਗ ਜੁਗ ਭੇਖ ਹਰਿ ਅਵੱਲਾ, ਜੁਗ ਜੁਗ ਕਰਦਾ ਆਇਆ । ਸਤਿ ਪੁਰਖ ਨਿਰੰਜਣ ਇਕ ਅਕੱਲਾ, ਥਿਰ ਘਰ ਬੈਠਾ ਆਸਣ ਲਾਇਆ । ਜਨ ਭਗਤਾਂ ਫੜਾਏ ਆਪਣਾ ਪੱਲਾ, ਨਾਮ ਹਲੂਣਾ ਏਕਾ ਲਾਇਆ । ਸਚ ਦਵਾਰਾ ਜਿਸ ਜਨ ਮੱਲਾ, ਧੁਰਦਰਗਾਹੀ ਮੇਲ ਮਿਲਾਇਆ । ਮੇਲ ਮਿਲਾਏ ਪੁਰਖ ਅਗੰਮਾ, ਦਿਸ ਕਿਸੇ ਨਾ ਆਇਆ । ਨਾ ਕੋਈ ਹੱਡ ਮਾਸ ਨਾੜੀ ਚੰਮਾ, ਪੰਚ ਤਤ ਨਾ ਵੇਸ ਵਟਾਇਆ । ਹਰਿਜਨ ਦਵਾਰੇ ਅੰਤਮ ਖਲਾ, ਦਿਵਸ ਰੈਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇਆ ।

ਸਾਚਾ ਘਰ ਹਰਿ ਬਨਵਾਰੀ, ਏਕਾ ਏਕ ਰਖਾਇੰਦਾ । ਨਿਰਮਲ ਜੋਤੀ ਕਰ ਉਜਿਆਰੀ, ਅਕਾਸ਼ ਪਰਕਾਸ਼ ਵਖਾਇੰਦਾ । ਨਾ ਕੋਈ ਦੀਸੇ ਚਾਰ ਦਿਵਾਰੀ, ਮਹੱਲ ਅਟੱਲ ਨਾ ਕੋਈ ਰਖਾਇੰਦਾ । ਇਕ ਅਕੱਲਾ ਏਕੰਕਾਰੀ, ਓਅੰਕਾਰਾ ਰੂਪ ਵਟਾਇੰਦਾ । ਆਪ ਆਪਣਾ ਕਰ ਵਿਚਾਰੀ, ਆਪ ਆਪਣੀ ਬੂਝ ਬੁਝਾਇੰਦਾ । ਆਪ ਆਪਣਾ ਮੀਤ ਮੁਰਾਰੀ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣੀ ਬੰਨੇ ਧਾਰੀ, ਆਪ ਆਪਣਾ ਰੂਪ ਵਟਾਇੰਦਾ । ਜੁਗ ਜੁਗ ਖੇਲੇ ਖੇਲ ਅਪਾਰੀ, ਖੇਲਣਹਾਰ ਦਿਸ ਨਾ ਆਇੰਦਾ । ਲੱਖ ਚੁਰਾਸੀ ਸੁੱਤੀ ਪੈਰ ਪਸਾਰੀ, ਕਲਜੁਗ ਕੂੜਾ ਪੜਦਾ ਪਾਇੰਦਾ । ਪੰਚ ਵਿਕਾਰਾ ਮੋਹ ਵਿਕਾਰੀ, ਮਾਇਆ ਮਮਤਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਜੋਧਾ ਸੂਰਾ ਬਲਕਾਰੀ ਬਲਵਾਨਾ, ਹਰਿ ਸਾਜਨ ਮੇਲ ਮਿਲਾਇੰਦਾ । ਏਕਾ ਬਖ਼ਸ਼ੇ ਚਰਨ ਧਿਆਨਾ, ਵਡ ਰਾਜਨ ਰਾਜ ਦਇਆ ਕਮਾਇੰਦਾ । ਨਾਮ ਬਖ਼ਸ਼ੇ ਤੀਰ ਕਮਾਨਾ, ਰਸਨਾ ਚਿਲੇ ਇਕ ਚੜ੍ਹਾਇੰਦਾ । ਧੁਰਦਰਗਾਹੀ ਬੰਨ੍ਹੇ ਸਾਚਾ ਗਾਨਾ, ਨਾ ਕੋਈ ਤੋੜ ਤੁੜਾਇੰਦਾ । ਸ੍ਰਿਸ਼ਟ ਸਬਾਈ ਸ਼ਬਦ ਸੁਣਾਏ ਅਨਾਦੀ ਗਾਣਾ, ਧੁਨ ਆਤਮਕ ਆਪ ਉਪਜਾਇੰਦਾ । ਪੰਚਮ ਸਖੀਆਂ ਵਕਤ ਸੁਹਾਨਾ, ਕਾਇਆ ਮੰਦਰ ਵੇਖ ਵਖਾਇੰਦਾ । ਧਰਮ ਰਾਏ ਕਰ ਪਰਵਾਨਾ, ਕਰਮੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਘਰ, ਘਰ ਸਾਜਨ ਮੇਲ ਮਿਲਾਇੰਦਾ । ਹਰਿਜਨ ਮੇਲਾ ਅਲੱਖ ਅਭੇਵਾ, ਪਾਰਬ੍ਰਹਮ ਬੇਅੰਤਾ । ਬਿਰਥਾ ਜਾਏ ਨਾ ਜੁਗ ਜੁਗ ਸੇਵਾ, ਸਦਾ ਸਹਾਈ ਸਾਚੇ ਸੰਤਾ । ਰਸਨਾ ਗਾਏ ਸਾਚੀ ਜਿਹਵਾ, ਏਕਾ ਰਾਗ ਸੁਣਾਏ ਕੰਨ, ਹਰਿਜਨ ਆਤਮ ਜਾਏ ਮਨ, ੨੪੮
ਦੇਵੇ ਨਾਮ ਧਨ ਧਨੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵਣਹਾਰਾ ਡੰਨ, ਜਨ ਭਗਤ ਉਧਾਰੇ ਜੁਗਾ ਜੁਗੰਤਾ । ਜਨ ਭਗਤ ਹਰਿ ਮੀਤੜਾ, ਆਦਿ ਅੰਤ ਅਖਵਾਇਆ । ਆਪੇ ਜਾਣੇ ਆਪਣੀ ਰੀਤੜਾ, ਜੁਗ ਜੁਗ ਕਰਦਾ ਆਇਆ । ਇਕ ਸੁਹਾਏ ਸੁਹਾਗੀ ਗੀਤੜਾ, ਧੁਰਦਰਗਾਹੀ ਲੈ ਕੇ ਆਇਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠੜਾ, ਉਤਰ ਕਦੇ ਨਾ ਜਾਇਆ । ਹਰਿ ਕਾ ਸ਼ਬਦ ਸਦਾ ਅਨਡੀਠੜਾ, ਲਿਖਣ ਪੜ੍ਹਣ ਵਿਚ ਨਾ ਆਇਆ । ਕਲਜੁਗ ਕਾਇਆ ਮਿਠਾ ਕੌੜਾ ਕਰੇ ਰੀਠੜਾ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਚ ਘਰ, ਸਰਗੁਣ ਵੇਖ ਵਖਾਇਆ । ਸਰਗੁਣ ਸੱਚਾ ਸੱਜਣ ਸ਼ਾਹ, ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਬਣ ਜਗਤ ਮਲਾਹ, ਸਰਗੁਣ ਪਾਰ ਕਰਾਇੰਦਾ । ਸਰਗੁਣ ਵੇਖੇ ਸਾਚਾ ਥਾਂ, ਨਿਰਗੁਣ ਦਿਸ ਨਾ ਆਇੰਦਾ । ਨਿਰਗੁਣ ਦਾਤਾ ਬੇਪਰਵਾਹ, ਸਰਗੁਣ ਬੰਨੇ ਲਾਇੰਦਾ । ਦੋਹਾਂ ਵਿਚੋਲਾ ਨਾਮ ਰਖਾ, ਆਪ ਆਪਣੀ ਬਣਤ ਬਣਾਇੰਦਾ । ਜੁਗ ਜੁਗ ਆਪਣਾ ਢੋਲਾ ਆਪੇ ਗਾ, ਆਪ ਆਪਣਾ ਨਾ ਧਰਾਇੰਦਾ । ਨਾਨਕ ਗੋਲਾ ਦਰ ਬਹਾ, ਸੇਵਕ ਸੇਵਾ ਲਾਇੰਦਾ । ਗੁਰ ਗੋਬਿੰਦ ਰਿਹਾ ਧਿਆ, ਅੱਠੇ ਪਹਿਰ ਧਿਆਨ ਟਿਕਾਇੰਦਾ । ਏਕਾ ਸ਼ਬਦ ਰਿਹਾ ਜਣਾ, ਧੁਰ ਫ਼ਰਮਾਨਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖੇ ਸਾਚੇ ਲਾ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਇਕ ਸੁਲਤਾਨ, ਏਕਾ ਹਰਿ ਬਿਰਾਜਿਆ । ਧਰਮ ਵਖਾਏ ਇਕ ਨਿਸ਼ਾਨ, ਸ਼ਾਹੋ ਭੂਪ ਵਡ ਰਾਜਨ ਰਾਜਿਆ । ਖੇਲੇ ਖੇਲ ਦੋ ਜਹਾਨ, ਲੱਖ ਚੁਰਾਸੀ ਰਚਿਆ ਕਾਜਿਆ । ਕਲਜੁਗ ਵੇਖੇ ਮਾਰ ਧਿਆਨ, ਪਾਰਬ੍ਰਹਮ ਗ਼ਰੀਬ ਨਿਵਾਜਿਆ । ਜੂਠ ਝੂਠ ਸਰਬ

ਸ਼ਰਮਾਨ ਪੰਚ ਵਿਕਾਰਾ ਫਿਰੇ ਭਾਜਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਹਰਿ ਮਾਰੇ ਅਨਹਦ ਸਾਚੀ ਵਾਜਿਆ । ਏਕਾ ਬਖ਼ਸ਼ੇ ਸਚ ਧਿਆਨ, ਰਾਜ ਰਾਜਾਨ ਗ਼ਰੀਬ ਨਿਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਇਕ ਅਕੱਲਾ ਫਿਰੇ ਭਾਜਿਆ । ਇਕ ਅਕੱਲਾ ਏਕੰਕਾਰ, ਏਕਾ ਘਰ ਸੁਹਾਇੰਦਾ । ਜੁਗ ਜੁਗ ਲਏ ਮਾਤ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ । ਕਲਜੁਗ ਵੇਖੇ ਕੂੜ ਕੁੜਿਆਰ, ਸੰਗ ਮੁਹੰਮਦ ਸੰਗ ਰਖਾਇੰਦਾ । ਅੱਲਾ ਰਾਣੀ ਹਾਹਾਕਾਰ, ਨੇਤਰ ਨੀਰ ਵਹਾਇੰਦਾ । ਨਾਨਕ ਲੇਖਾ ਅਪਰ ਅਪਾਰ, ਲਿਖਣਹਾਰ ਆਪ ਲਿਖਾਇੰਦਾ । ਗੋਬਿੰਦ ਗੁਰ ਕਰ ਪੁਕਾਰ, ਏਕਾ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਕਰਿਆ ਖ਼ਬਰਦਾਰ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਜੋਤੀ ਜਾਮਾ ਭੇਖ ਵਟਾਇੰਦਾ । ਨਿਹਕਲੰਕਾ ਲਏ ਅਵਤਾਰ, ਨਾਮ ਡੰਕਾ ਇਕ ਵਜਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਸ੍ਰਿਸ਼ਟ ਸਬਾਈ ਆਪ ਚਲਾਇੰਦਾ । ਗੁਰਮੁਖ ਸਾਜਨ ਸਾਚੇ ਕਰ ਪਿਆਰ, ਆਤਮ ਦਰਸੀ ਦਰਸ ਦਿਖਾਇੰਦਾ । ਏਕਾ ਦੂਜਾ ਭੌ ਨਿਵਾਰ, ਤੀਜਾ ਲੋਚਣ ਆਪ ਖੁਲ੍ਹਾਇੰਦਾ । ਚੌਥੇ ਘਰ ਦੇਵੇ ਵਾੜ, ਪਰਮਾਨੰਦ ਸਮਾਇੰਦਾ । ਪੰਚਮ ਪੰਚਮ ਮੇਟੇ ਝੂਠੀ ਧਾੜ, ਪੰਚਮ ਸੰਗ ਰਖਾਇੰਦਾ । ਧੁਰਦਰਗਾਹੀ ਸਾਚਾ ਲਾੜ, ਗੁਰ ਸ਼ਬਦੀ ਆਪ ਅਖਵਾਇੰਦਾ । ਗੁਰਮੁਖ ਸਾਜਨ ਸੰਤ ਸੁਹੇਲੇ ਕਰ ਕਰ ਮੇਲੇ ਸ਼ਬਦ ਘੋੜੇ ਦੇਵੇ ਚਾੜ੍ਹ, ਵਾਗ ਆਪਣੇ ਹੱਥ ਉਠਾਇੰਦਾ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਮਿਟਾਇੰਦਾ । ਤ੍ਰੈਗੁਣ ਮਾਇਆ ਦੇਵੇ ਸਾੜ, ਪੰਜ ਤਤ ਦਿਸ ਨਾ ਆਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਮੇਲ ਮਿਲਾਇੰਦਾ । ਆਪੇ ਹੋਏ ਪਿਛੇ ਅਗਾੜ, ਅੰਦਰ ਬਾਹਰ ਗੁਪਤ ਜ਼ਾਹਰ ਸੇਵ ਕਮਾਇੰਦਾ । ਇਕ ਵਖਾਏ ਸੱਚਾ ਘਰ ਬਾਰ, ਦਸਮ ਦਵਾਰੀ ਕੁੰਡਾ ਲਾਹਿੰਦਾ । ਨਿਰਮਲ ਜੋਤੀ ਕਰ ਉਜਿਆਰ, ਸਾਚਾ ਦੀਪਕ ਦੀਪ ਜਗਾਇੰਦਾ । ਅਨਹਦ ਧੁੰਨ ਸੁਣੇ ਸੁਣਾਏ ਸੱਚੀ ਸਰਕਾਰ, ਪੰਚਮ ਸੇਵਾ ਲਾਇੰਦਾ । ਸ਼ਬਦ ਸਿੰਘਾਸਣ ਅਪਰ ਅਪਾਰ, ਹਰਿ ਜੋਤੀ ਆਸਣ ਲਾਇੰਦਾ । ਗੁਰਮੁਖ ਸਾਜਨ ਕਰ ਵਿਚਾਰ, ਸੁਰਤ ਸਵਾਣੀ ਮੇਲ ਮਿਲਾਇੰਦਾ । ਆਪੇ ਨਾਰੀ ਹੋਏ ਕੰਤ ਭਤਾਰ, ਆਪ ਆਪਣੀ ਸੇਜ ਹੰਢਾਇੰਦਾ । ਆਪ ਆਪਣੀ ਪਾਵੇ ਸਾਰ, ਹਰਿਜਨ ਸਾਚੇ ਵਿਚ ਸਮਾਇੰਦਾ । ਦਸਮ ਦਵਾਰੀ ਹੋਇਆ ਬਾਹਰ, ਆਪ ਆਪਣਾ ਮਾਰਗ ਲਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਕਰਤਾ ਪੁਰਖ ਭੇਵ ਨਾ ਪਾਇੰਦਾ । ਆਪ ਆਪਣੀ ਵਸਿਆ ਧਾਰ, ਏਕਾ ਸ਼ਬਦ ਧਾਰ ਚਲਾਇੰਦਾ । ਹੰ ਹੰਗਤਾ ਦੇਵੇ ਮਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਸੋਹੰ ਸ਼ਬਦ ਤੇਜ਼ ਕਟਾਰ, ਦੋਏ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਸੋ ਪੁਰਖ ਨਿਰੰਜਣ ਆਦਿ ਅਬਿਨਾਸ਼ਾ, ਜੁਗ ਜੁਗ ਵੇਸ ਵਟਾਇੰਦਾ । ਖੇਲੇ ਖੇਲ ਸਰਬ ਗੁਣ ਤਾਸਾ, ਆਪ ਆਪਣਾ ਭੇਖ ਕਰਾਇੰਦਾ । ਵੇਖਣ ਆਇਆ ਜਗਤ ਤਮਾਸ਼ਾ, ਜੋਤੀ ਜਾਮਾ ਪਾਇੰਦਾ । ਲੋਆਂ ਪੁਰੀਆਂ ਮੰਡਲ ਮੰਡਪ ਪਾਵੇ ਰਾਸਾ, ਨਾਮ ਬੰਸਰੀ ਇਕ ਵਜਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਪਤਾਲਾ ਆਪ ਸਮਾਇੰਦਾ । ਜਨ ਭਗਤਾਂ ਦੇਵੇ ਚਰਨ ਕਵਲ ਸੱਚਾ ਧਰਵਾਸਾ, ਫੜ ਫੜ ਬਾਹੋਂ ਮੇਲ ਮਿਲਾਇੰਦਾ । ਆਦਿ ਅੰਤ ਨਾ ਕਦੇ ਵਿਨਾਸਾ, ਮਾਤ ਗਰਭ ਨਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਇਆ ਕਮਾਇੰਦਾ । ਸੋ ਸਾਜਨ ਹਰਿ ਵਸਿਆ,

੨੪੯
੦੭

ਸਾਗਰ ਗਹਿਰ ਗੰਭੀਰ । ਪੰਚ ਵਿਕਾਰਾ ਦਰ ਤੋਂ ਨੱਸਿਆ, ਸਾਂਤਕ ਸਤਿ ਕਰੇ ਸਰੀਰ । ਘਰ ਮੰਦਰ ਅੰਦਰ ਬਹਿ ਬਹਿ ਹੱਸਿਆ, ਏਕਾ ਚੋਟੀ ਚੜ੍ਹ ਅਖ਼ੀਰ । ਕਰੇ ਪਰਕਾਸ਼ ਕੋਟਨ ਕੋਟ ਰਵ ਸਸਿਆ, ਅੰਮ੍ਰਿਤ ਬਖ਼ਸ਼ੇ ਸਾਚਾ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਏਕਾ ਦੇਵੇ ਸ਼ਬਦ ਧੀਰ ।

## * ੨੧ ਫੱਗਣ ੨੦੧੪ ਬਿਕ੍ਰਮੀ ਮੇਜਰ ਕਰਮ ਸਿੰਘ ਦੇ ਘਰ ਮੇਰਠ ਛਾਉਣੀ *

ਹਰਿ ਮੰਦਰ ਘਰ ਪਾਇਆ, ਘਰ ਦੀਪ ਪਰਕਾਸ਼ । ਹਰਿ ਜੰਦਰ ਆਪ ਤੁੜਾਇਆ, ਅਗਿਆਨ ਅੰਧੇਰ ਵਿਨਾਸ । ਡੂੰਘੀ ਕੰਦਰ ਵੇਖ ਵਖਾਇਆ, ਗੁਣਵੰਤਾ ਸਰਬ ਗੁਣਤਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰਾਸ । ਹਰਿ ਮੰਦਰ ਹਰਿ ਮੇਲਿਆ, ਕਿਰਪਾ ਕਰ ਅਪਾਰ । ਧੰਨ ਗੁਰੂ ਧੰਨ ਚੇਲਿਆ, ਧੰਨ ਸੋਹੇ ਬੰਕ ਦਵਾਰ । ਧੰਨ ਸਾਜਨ ਸਚ ਸੁਹੇਲਿਆ, ਧੰਨ ਧਰਨੀ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਭੰਡਾਰ । ਨਾਮ ਭੰਡਾਰਾ ਵਸਤ ਅਨਮੁਲ, ਸਤਿਗੁਰ ਹੱਥ ਵਡਿਆਈਆ । ਦੇਵਣਹਾਰ ਜਗਤ ਅਡੋਲ, ਆਦਿ ਅੰਤ ਨਾ ਕੋਈ ਡੁਲਾਈਆ । ਹਰਿਜਨ ਉਧਾਰੇ ਸਾਚੀ ਕੁਲ, ਕੁਲ ਕੁਲਵੰਤਾ ਵੇਖ ਵਖਾਈਆ । ਤੋਲਣਹਾਰਾ ਸਾਚੇ ਤੋਲ, ਨਾਮ ਕੰਡੇ ਆਪ ਤੁਲਾਈਆ । ਬਜਰ ਕਿਵਾੜਾ ਦੇਵੇ ਖੋਲ੍ਹ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਕਰਮਾ ਜਨਮ ਜਨਮਾ ਜੀਵ ਕਰਮਾ ਜਨ ਲਹਿਣਾ ਝੋਲੀ ਪਾਈਆ । ਪੂਰਬ ਕਰਮਾਂ ਸ਼ਬਦ ਸ਼ੰਗਾਰ, ਜਨ ਮੇਲਾ ਹਰਿ ਗੋਬਿੰਦ । ਮਾਨਸ ਜਨਮ ਉਧਰੇ ਪਾਰ, ਮਿਟੇ ਸਗਲੀ ਚਿੰਦ । ਜਗਤ ਕਰਮਾ ਪਾਵੇ ਸਾਰ, ਹਰਿਜਨ ਬਣਾਏ ਸਾਚੀ ਬਿੰਦ । ਏਕਾ ਬਖ਼ਸ਼ੇ ਚਰਨ ਪਿਆਰ, ਵਡ ਦਾਤਾ ਗੁਣੀ ਗਹਿੰਦ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਨਿਝਰ ਧਾਰਾ ਸਾਗਰ ਸਿੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਸਦਾ ਬਖ਼ਸ਼ਿੰਦ । ਜਨ ਜਨਨੀ ਜਨ ਜਾਇਆ, ਘਰ ਮੰਦਰ ਵਧਾਈ । ਰਾਗ ਅਨਾਦੀ ਏਕਾ ਗਾਇਆ, ਉਪਜੀ ਧੁਨ ਰਘੁਰਾਈ । ਢੋਲ ਮਰਦੰਗ ਇਕ ਸੁਣਾਇਆ, ਅਨਹਦ ਸੇਵਾ ਲਾਈ । ਦੀਪਕ ਜੋਤੀ ਇਕ ਜਗਾਇਆ, ਦਿਵਸ ਰੈਣ ਰਹੇ ਰੁਸ਼ਨਾਈ । ਮਿਲ ਸਖੀਆਂ ਮੰਗਲ ਗਾਇਆ, ਪੰਚਮ ਮੇਲਾ ਚਾਈਂ ਚਾਈਂ । ਘਰ ਸਾਜਨ ਸਚ ਸੁਹਾਇਆ, ਮਿਲਿਆ ਮੇਲ ਸਾਚੇ ਮਾਹੀ । ਭਾਂਡਾ ਭਰਮ ਭੌ ਭੰਨਾਇਆ, ਏਕਾ ਦੂਜਾ ਭੇਵ ਚੁਕਾਈ । ਧਰਮ ਦਵਾਰਾ ਇਕ ਵਖਾਇਆ, ਸਤਿ ਸੰਤੋਖੀ ਡੇਰਾ ਲਾਈ । ਵਰਨ ਬਰਨ ਨਾ ਕੋਈ ਜਣਾਇਆ, ਰੂਪ ਅਨੂਪਾ ਹਰਿ ਰਘੁਰਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਰਮਾ ਵੇਖ ਵਖਾਈ । ਕੱਕਾ ਕਰਮ ਵਿਚਾਰ, ਦਇਆ ਕਮਾਇੰਦਾ । ਪੰਜ ਤਤ ਵਿਕਾਰਾ ਦੇਵੇ ਮਾਰ, ਧੀਰਜ ਧੀਰ ਧਰਾਇੰਦਾ । ਏਕਾ ਬਖ਼ਸ਼ੇ ਸਾਚੀ ਧਾਰ, ਬਸਤਰ ਚੀਰ ਤਨ ਪਹਿਨਾਇੰਦਾ । ਸਾਚੇ ਸ਼ਬਦ ਤਨ ਸ਼ੰਗਾਰ, ਸਚ ਕਟਾਰ ਇਕ ਵਖਾਇੰਦਾ । ਨੇਤਰ ਨੈਣਾਂ ਇਕ ਪਿਆਰ, ਨਿਜਾ ਨੰਦ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਸਾਚਾ ਵੇਖ ਵਖਾਇੰਦਾ । ਰਾਰਾ ਰੇਖ ਵੇਖ, ਵੇਖੇ ਜਗਤ ਤਕਦੀਰਿਆ । ਨੇਤਰ ਆਪਣੇ ਆਪੇ ਪੇਖ, ਆਪੇ ਜਾਣੇ

ਖੇਲ ਅਖੀਰਿਆ । ਆਪੇ ਦੇਵਣਹਾਰਾ ਸਚ ਸੰਦੇਸ਼, ਸ਼ਬਦ ਸ਼ਬਦੀ ਧੁੰਨ ਉਪਜਾ ਰਿਹਾ । ਆਪੇ ਹੋਏ ਰਿਖੀ ਕੇਸ਼, ਗਵਰਧਨ ਭਾਰ ਆਪ ਉਠਾ ਰਿਹਾ । ਆਪੇ ਦਾਤਾ ਦਾਨੀ ਦਸ ਦਸਮੇਸ਼, ਅਕਾਲ ਪੁਰਖ ਇਕ ਮਨਾ ਰਿਹਾ । ਅਕਾਲ ਮੂਰਤ ਨਰ ਨਰੇਸ਼, ਨਿਰਗੁਣ ਰੂਪ ਵਟਾ ਰਿਹਾ । ਵੇਖ ਵਖਾਣੇ ਧਾਰੀ ਕੇਸ, ਏਕਾ ਧਰਮ ਆਪ ਕਮਾ ਰਿਹਾ । ਆਪੇ ਧਰਿਆ ਆਪਣਾ ਵੇਸ, ਵੇਸ ਅਨੇਕਾ ਆਪ ਵਟਾ ਰਿਹਾ । ਜਨ ਭਗਤਾਂ ਮਸਤਕ ਲਾਏ ਸਾਚੀ ਮੇਖ, ਨਾ ਕੋਈ ਮੇਟੇ ਮੇਟ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਜੋਗ ਸ਼ਾਹ ਸੁਲਤਾਨ ਜਗਤ ਜਹਾਨ ਹਰਿ ਭਗਵਾਨ ਜਨ ਹਰਿ ਹਰਿਜਨ ਵੇਖ ਵਖਾ ਰਿਹਾ । ਮੰਮਾ ਮੋਹ ਚੁਕਾ, ਭਰਮ ਗਵਾਇੰਦਾ । ਏਕਾ ਮਦਿ ਨਾਮ ਪਿਆ, ਸਤਿ ਸਰੂਰ ਸਮਾਇੰਦਾ । ਏਕਾ ਅੱਖਰ ਨਾਮ ਵਖਾ, ਜਾਗਰਤ ਜੋਤ ਜਗਾਇੰਦਾ । ਏਕਾ ਸੱਥਰ ਦਏ ਵਿਛਾ, ਪੰਚ ਵਿਕਾਰਾ ਮੋਹ ਮਿਟਾਇੰਦਾ । ਏਕਾ ਅੱਖਰ ਦਏ ਪੜ੍ਹਾ, ਦੋ ਜਹਾਨਾਂ ਬੂਝ ਬੁਝਾਇੰਦਾ । ਬਜਰ ਕਪਾਟੀ ਪੱਥਰ ਦਏ ਤੁੜਾ, ਜਿਸ ਜਨ ਆਪਣੇ ਸੰਗ ਰਖਾਇੰਦਾ । ਨੇਤਰ ਅੱਥਰ ਦਏ ਵਗਾ, ਨਾਮ ਵੈਰਾਗ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈ ਤ੍ਰੈ ਅੱਖਰ ਤ੍ਰੈਗੁਣ ਵੇਖ ਪੰਚਮ ਸੰਗ ਨਿਭਾਇੰਦਾ । ਕੱਕਾ ਕਾਲੀ ਧਾਰ, ਕਲਜੁਗ ਸ਼ਾਹੀਆ । ਰਾਰਾ ਰਾਮ ਰਹੀਮ ਕਰਤਾਰ, ਕਰਤਾ ਪੁਰਖ ਅਖਵਾਈਆ । ਮੰਮਾ ਮੇਲਾ ਵਿਚ ਸੰਸਾਰ, ਜਗ ਵਿਛੜੇ ਮੇਲ ਮਿਲਾਈਆ । ਕਰਮ ਕਰਮਾਂ ਪਾਵੇ ਸਾਰ, ਕਰਮੀ ਕਰਮ ਵੱਡੀ ਵਡਿਆਈਆ । ਸਾਚਾ ਧਰਮ ਅਪਰ ਅਪਾਰ, ਆਪ ਆਪਣੀ ਬੂਝ ਬੁਝਾਈਆ । ਲੇਖੇ ਲਾਏ ਹੱਡ ਮਾਸ ਨਾੜੀ ਚਰਮ, ਰੱਤ ਤਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਤੇਰਾ ਰੰਗ ਅਪਾਰ, ਲੱਖ ਚੁਰਾਸੀ ਕਰ ਪਸਾਰ, ਪੰਜ ਤਤ ਦੇਹ ਅਧਾਰ, ਨਿਰਗੁਣ ਸਰਗੁਣ ਜੋੜ ਜੁੜਾਈਆ । ਸੱਸਾ ਸਤਿਗੁਰ ਮੀਤ, ਸੰਗ ਨਿਭਾਇਆ । ਆਪ ਜਣਾਏ ਅਚਰਜ ਰੀਤ, ਲੇਖਾ ਲਿਖਤ ਵਿਚ ਨਾ ਆਇਆ । ਇਕ ਸੁਣਾਏ ਸੁਹਾਗੀ ਗੀਤ, ਜਗਤ ਅਤੀਤ ਸਦਾ ਰਖਾਇਆ । ਪੱਤਤ ਪਾਵਨ ਸਾਚਾ ਮੀਤ, ਪਤਿ ਪਰਮੇਸ਼ਵਰ ਆਪ ਅਖਵਾਇਆ । ਜਨ ਭਗਤਾਂ ਆਤਮ ਰਿਹਾ ਜੀਤ, ਆਪ ਆਪਣਾ ਡੌਰੂ ਵਾਹਿਆ । ਏਕਾ ਰੰਗ ਰੰਗਾਏ ਹਸਤ ਕੀਟ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਘਰ, ਸੱਸਾ ਸਿਖਿਆ ਇਕ ਸਿਖਾਇਆ । ਘੱਘਾ ਘੋੜਾ ਕਰ ਤਿਆਰ, ਸ਼ਬਦੀ ਰੰਗ ਰੰਗਾਇੰਦਾ । ਗੁਰਮੁਖ ਸਾਚੇ ਵੇਖ ਵਿਚਾਰ, ਕਰਮੀ ਕਰਮ ਕਮਾਇੰਦਾ । ਫੜ ਫੜ ਬਾਂਹੋਂ ਲਾਏ ਪਾਰ, ਚਰਨ ਪ੍ਰੀਤੀ ਸੇਵ ਕਮਾਇੰਦਾ । ਆਪੇ ਬੈਠਾ ਅਧਵਿਚਕਾਰ, ਦਸਮ ਦਵਾਰੀ ਡੇਰਾ ਲਾਇੰਦਾ । ਸੁਰਤ ਸਵਾਣੀ ਪਾਵੇ ਸਾਰ, ਅੱਠੇ ਪਹਿਰ ਰਾਹ ਤਕਾਇੰਦਾ । ਸ਼ਬਦ ਗੁਰ ਲਏ ਅਵਤਾਰ, ਜਨ ਜਨਨੀ ਵੇਖ ਵਖਾਇੰਦਾ । ਰੂਪ ਰੰਗ ਅਗੰਮ ਅਪਰ ਅਪਾਰ, ਹੱਡ ਮਾਸ ਨਾੜੀ ਚੰਮ ਨਾ ਕੋਈ ਰਖਾਇੰਦਾ । ਲੇਖੇ ਲਾਏ ਰਸਨਾ ਗਾਇਆ ਦਮ ਦਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਏਕਾ ਏਕ ਸੁਹਾਇੰਦਾ । ਪੰਚਮ ਘਰ ਪੰਚਮ ਪਿਆਰ, ਪੰਚਮ ਸੰਗ ਰਖਾਇਆ । ਪੰਚਮ ਨਾਤਾ ਮੋਹ ਪਿਆਰ, ਪੰਚਮ ਜੋੜ ਜੁੜਾਇਆ । ਪੰਚਮ ਮੇਟੇ ਅੰਧੇਰੀ ਰਾਤਾ ਵਿਚ ਸੰਸਾਰ, ਪੰਚਮ ਰਾਹ ਵਖਾਇਆ । ਪੰਚਮ ਦੇਵੇ ਦਾਤਾ ਹਰਿ ਨਾਮ ਸੱਚੀ ਸਰਕਾਰ, ਪੰਚਮ ਸੋ ਮਨਾਇਆ । ਹੰ ਹੰਗਤਾ ਕਰੇ ਖਵਾਰ, ਪੰਚਮ ਮੇਲਾ ਸਹਿਜ ਸੁਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ


੨੫੧ ੦੭

ਸਾਜਣ ਲਏ ਮਿਲਾਇਆ । ਪੰਚਮ ਮੀਤਾ ਪੰਚਮ ਪਿਆਰਾ, ਪੰਚਮ ਧਿਆਨ ਲਗਾਇੰਦਾ । ਪੰਚਮ ਲਗਾਏ ਏਕਾ ਨਾਅਰਾ, ਪੰਚਮ ਆਪ ਸੁਣਾਇੰਦਾ । ਪੰਚਮ ਦੇਵੇ ਸ਼ਬਦ ਸਹਾਰਾ, ਪੰਚਮ ਮੋਹ ਚੁਕਾਇੰਦਾ । ਪੰਚਮ ਬੰਨੇ ਏਕਾ ਧਾਰਾ, ਪੰਚਮ ਧਾਰ ਵਹਾਇੰਦਾ । ਪੰਚਮ ਤੋੜੇ ਗੜ੍ਹ ਹੰਕਾਰਾ, ਪੰਚਮ ਜੜ੍ਹ ਉਖੜਾਇੰਦਾ । ਪੰਚਮ ਚੜ੍ਹ ਚੜ੍ਹ ਵੇਖੇ ਉਚ ਮਹੱਲ ਅਟੱਲ ਮੁਨਾਰਾ, ਪੰਚਮ ਰਾਗ ਅਨਾਦੀ ਧੁਨ ਆਤਮਕ ਇਕ ਸੁਣਾਇੰਦਾ । ਪੰਚਮ ਕਰਾਏ ਹਾਹਾਕਾਰਾ, ਪੰਚਮ ਨੇਤਰ ਰੋ ਰੋ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਮੰਤਰ ਗਿਆਨ ਇਕ ਦ੍ਰਿੜਾਇੰਦਾ । ਸਿੰਘ ਕਰਮ ਕਰਮ ਜਨ ਜਾਗ, ਜੋਗ ਜੁਗਤ ਰਘੁਰਾਇਆ । ਆਪੇ ਧੋਵਣਹਾਰਾ ਦਾਗ਼, ਦੁਰਮਤ ਮੈਲ ਗਵਾਇਆ । ਆਤਮ ਅੰਤਰ ਉਪਜਾਏ ਸਾਚਾ ਰਾਗ, ਅਨਹਦ ਆਪ ਸੁਣਾਇਆ । ਫੜ ਫੜ ਹੰਸ ਬਣਾਏ ਕਾਗ, ਚਰਨ ਚਰਨੋਦਕ ਮੁਖ ਚੁਆਇਆ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇਆ । ਮੇਲ ਮਿਲਾਏ ਕੰਤ ਸੁਹਾਗ, ਨਾਰੀ ਕੰਤਾ ਵੇਖ ਵਖਾਇਆ । ਪੰਜ ਤਤ ਵਿਕਾਰਾ ਬੁਝੇ ਆਗ, ਤ੍ਰੈਗੁਣ ਮਾਇਆ ਨੇੜ ਨਾ ਆਇਆ । ਆਪਣੇ ਨੇਤਰ ਆਪੇ ਰਿਹਾ ਜਾਗ, ਆਲਸ ਨਿੰਦਰਾ ਵਿਚ ਨਾ ਆਇਆ । ਗੁਰਮੁਖ ਵਿਰਲਾ ਕਲਜੁਗ ਅੰਤਮ ਜਾਏ ਜਾਗ, ਜਨ ਜਨਨੀ ਲੇਖੇ ਲਾਇਆ । ਦੋ ਜਹਾਨਾਂ ਪਕੜੇ ਵਾਗ, ਲੋਕਮਾਤੀ ਫੇਰਾ ਪਾਇਆ । ਚਰਨ ਧੂੜ ਬਖ਼ਸ਼ੇ ਮਜਨ ਮਾਘ, ਸਾਚੀ ਹਾਟੀ ਇਕ ਵਖਾਇਆ । ਧੰਨ ਧੰਨ ਧੰਨ ਗੁਰਮੁਖ ਗੁਰਸਿਖ ਗਏ ਜਾਗ, ਗੁਰ ਆਪਣਾ ਘਰ ਆਪਣੇ ਪਾਇਆ । ਘਰ ਆਪਣਾ ਗੁਰ ਵਸਿਆ, ਹਰਿ ਮੰਦਰ ਅਪਾਰ । ਸਚ ਮਹੱਲੇ ਬਹਿ ਬਹਿ ਹੱਸਿਆ, ਜੋਤੀ ਸ਼ਬਦੀ ਕਰ ਪਿਆਰ । ਦੋ ਜਹਾਨੀ ਫਿਰੇ ਨੱਸਿਆ, ਲੋਕਮਾਤ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲਹਿਣਾ ਅੱਗੇ ਧਰ, ਅਪਣਾ ਕਰਜ਼ ਰਿਹਾ ਉਤਾਰ ।


੨੫੨ ੦੭

## * ੨੧ ਫੱਗਣ ੨੦੧੪ ਬਿਕ੍ਰਮੀ ਰੇਸ਼ਮ ਸਿੰਘ ਦੇ ਘਰ ਮੇਰਠ ਛਾਉਣੀ *

ਪਾਰ ਉਤਾਰਨਹਾਰ, ਆਦਿ ਪੁਰਖ ਅਬਿਨਾਸ਼ਿਆ । ਹਰਿਜਨ ਸਾਚੇ ਲਏ ਉਧਾਰ, ਹਰਿ ਸਾਜਨ ਸ਼ਾਹੋ ਸ਼ਬਾਸ਼ਿਆ । ਸਾਚਾ ਸਚ ਵਖਾਏ ਇਕ ਦਰਬਾਰ, ਪਾਰ ਕਿਨਾਰਾ ਪ੍ਰਿਥਮੀ ਅਕਾਸ਼ਿਆ । ਆਪ ਬੈਠ ਸੱਚੀ ਸਰਕਾਰ, ਆਪੇ ਵੇਖੇ ਰੰਗ ਤਮਾਸ਼ਿਆ । ਲੱਖ ਚੁਰਾਸੀ ਆਪ ਉਭਾਰ, ਆਪੇ ਕਰਣਹਾਰ ਨਾਸਿਆ । ਆਪੇ ਖੰਡਾ ਤੇਜ਼ ਕਟਾਰ, ਸ਼ਸਤਰ ਬਸਤਰ ਆਪ ਉਠਾਸਿਆ । ਆਪੇ ਚਿੱਲਾ ਤੀਰ ਕਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦਰ ਕਰੇ ਪਰਵਾਨ । ਹਰਿਜਨ ਦਰ ਪਰਵਾਨਿਆ, ਆਦਿ ਜੁਗਾਦਿ ਬ੍ਰਹਿਮਾਦਿ । ਜਨ ਮੇਲਾ ਗੁਣ ਨਿਧਾਨਿਆ, ਦੇਵੇ ਨਾਮ ਸਾਚੀ ਦਾਦ । ਏਕਾ ਦਰ ਸੁਹਾਏ ਹਰਿ ਭਗਵਾਨਿਆ, ਸ਼ਬਦ ਅਨਾਦੀ ਵੱਜੇ ਨਾਦ । ਨਿਰਮਲ ਜੋਤੀ ਨੂਰ ਕਰੇ ਮਹਾਨਿਆ, ਹਰਿ ਮੋਹਣ ਮਾਧਵ ਮਾਧ । ਘਰ ਸੁਹੰਜਣਾ ਇਕ ਸੁਹਾਨਿਆ, ਸ਼ਬਦ ਜਣਾਈ ਬੋਧ ਅਗਾਧ । ਆਪ ਆਪਣਾ ਮੂਲ ਪਛਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਲਾਧ । ਹਰਿ ਸਾਜਨ ਹਰਿ ਲਾਧਿਆ, ਪਾਇਆ ਪੁਰਖ ਅਗੰਮ । ਮਨਮਤ ਮਨੂਆ ਲਾਧਿਆ, ਲੇਖੇ ਲਾਏ ਸਵਾਸੀ ਦਮ । ਅੰਮ੍ਰਿਤ ਆਤਮ ਪੀਵੇ ਸਾਚੀ ਮਧਿਆ, ਏਕਾ ਖਾਏ ਨਾਮ ਤਾਮ । ਸਤਿਗੁਰ ਪੂਰੇ ਹਰਿ ਸਾਜਨ ਘਰ ਸਾਚੇ ਲੱਧਿਆ,

ਨਾ ਮਰੇ ਨਾ ਪਏ ਜੰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਕੰਮ । ਹਰਿ ਜੋਬਨ ਹਰਿ ਰਤਿਆ, ਰਾਮ ਰੂਪ ਅਪਾਰ । ਆਪੇ ਵੇਖਣਹਾਰਾ ਚੇਤਨ ਸਤਿਆ, ਸਤਿ ਪੁਰਖ ਕਰਤਾਰ । ਆਪੇ ਹੋਏ ਕਮਲਾਪਤਿਆ, ਕੰਤ ਕੰਤੂਹਲਾ ਮੀਤ ਮੁਰਾਰ । ਆਪੇ ਦੇਵੇ ਧੀਰਜ ਜਤਿਆ, ਸਤਿ ਸੰਤੋਖ ਕਰਮ ਵਿਚਾਰ । ਆਪੇ ਵੇਖੇ ਤੀਰਥ ਤਟਿਆ, ਸਰ ਸਰੋਵਰ ਪਾਵੇ ਸਾਰ । ਆਪੇ ਖੇਲੇ ਖੇਲ ਬਾਜ਼ੀਗਰ ਨਟਿਆ, ਨਟ ਨਟੂਆ ਖੇਲ ਅਪਾਰ । ਆਪ ਆਪਣੀ ਕਾਇਆ ਪਲਟਿਆ, ਪਾਰਬ੍ਰਹਮ ਸੱਚੀ ਸਰਕਾਰ । ਜੁਗ ਜੁਗ ਖੋਲ੍ਹੇ ਸਾਚੀ ਹੱਟੀਆ, ਕਰਾਏ ਨਾਮ ਵਣਜ ਵਪਾਰ । ਜਨ ਭਗਤਾਂ ਪੜ੍ਹਾਏ ਏਕਾ ਪੱਟੀਆ, ਘਰ ਸ਼ਬਦ ਨਿਰਗੁਣ ਧਾਰ । ਦੀਪ ਜੋਤ ਜਗਾਏ ਲਟ ਲਟਿਆ, ਅੰਧ ਅੰਧੇਰ ਮਿਟਾਏ ਕੂੜ ਕੁੜਿਆਰ । ਹਰਿਜਨ ਲਾਹਾ ਘਰ ਸਾਚੇ ਏਕਾ ਖੱਟਿਆ, ਮਿਲਿਆ ਮੇਲ ਹਰਿ ਨਿਰੰਕਾਰ । ਨਾ ਕੋਈ ਦੀਵਾ ਨਾ ਕੋਈ ਬੱਤੀਆ, ਨਾ ਕੋਈ ਕਿਰਤ ਨਾ ਕੋਈ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਨੇਤਰ ਪੇਖੇ ਆਤਮ ਦਰਸੀ ਦਰਸ ਅਪਾਰ । ਹਰਿਜਨ ਹਰਿ ਹਰਿ ਬੌਹੜਿਆ, ਦਿਵਸ ਰੈਣ ਪਰਭਾਤ । ਗੁਰ ਸਤਿਗੁਰ ਪੂਰਾ ਆਪੇ ਬੌਹੜਿਆ, ਮੇਟ ਮਿਟਾਏ ਅੰਧੇਰੀ ਰਾਤ । ਫਲ ਮਿਠਾ ਕਰੇ ਕੌੜਿਆ, ਅੰਮ੍ਰਿਤ ਦੇਵੇ ਬੂੰਦ ਸਵਾਂਤ । ਧੁਰਦਰਗਾਹੀ ਆਇਆ ਦੌੜਿਆ, ਚਰਨ ਕਵਲ ਬੰਧਾਏ ਸਾਚਾ ਨਾਤ । ਪੂਤ ਸਪੂਤਾ ਬ੍ਰਹਿਮਣ ਗੌੜਿਆ, ਜਨ ਪੁੱਛਣਹਾਰਾ ਵਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਕਮਲਾਪਾਤ । ਹਰਿਜਨ ਹਰਿ ਹਰਿ ਸਾਥ ਹੈ, ਸਗਲਾ ਸੰਗ ਨਿਭਾਏ । ਪਰਗਟ ਹੋਏ ਤ੍ਰਿਲੋਕੀ ਨਾਥ ਹੈ, ਦੀਨਾਂ ਬੰਧਪ ਦਇਆ ਕਮਾਏ । ਇਕ ਸੁਣਾਏ ਕਹਾਣੀ ਅਕਥਨਾ ਅਕੱਥ ਹੈ, ਕਥਨੀ ਕਥ ਨਾ ਸਕੇ ਰਾਏ । ਜੁਗ ਜੁਗ ਚਲਾਏ ਆਪਣਾ ਰਥ ਹੈ, ਰਥ ਰਥਵਾਹੀ ਹਰਿ ਰਘੁਰਾਏ । ਲੱਖ ਚੁਰਾਸੀ ਪਾਏ ਨੱਥ ਹੈ, ਸ੍ਰਿਸ਼ਟ ਸਬਾਈ ਵੇਖ ਵਖਾਏ । ਮਨਮੁਖ ਜੀਵਾਂ ਦੇਵੇ ਮਥ ਹੈ, ਵੇਲੇ ਅੰਤਮ ਦਏ ਸਜਾਏ । ਗੁਰ ਪੂਰਾ ਜਿਉਂ ਰਾਮਾ ਘਰ ਦਸਰਥ ਹੈ, ਕਾਹਨਾ ਕ੍ਰਿਸ਼ਨਾ ਰੂਪ ਵਟਾਏ । ਸਗਲ ਵਿਸੂਰਾ ਜਾਏ ਲਥ ਹੈ, ਨਾਨਕ ਗੋਬਿੰਦ ਦਰਸ਼ਨ ਪਾਏ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਹੱਥ ਹੈ, ਰਾਮਦਾਸਾ ਵੇਖ ਵਖਾਏ । ਕਾਇਆ ਮੰਦਰ ਜਾਏ ਢੱਠ ਹੈ, ਥਿਰ ਕੋਈ ਰਹਿਣ ਨਾ ਪਾਏ । ਹਰਿ ਗੇੜਨਹਾਰਾ ਉਲਟੀ ਲੱਠ ਹੈ, ਆਦਿ ਜੁਗਾਦੀ ਆਪ ਅਖਵਾਏ । ਚਰਨ ਦਵਾਰੇ ਸਚ ਅਕੱਠ ਹੈ, ਹਰਿਜਨ ਸਾਚੇ ਮੇਲ ਮਿਲਾਏ । ਕਲਜੁਗ ਅਗਨੀ ਜਲੇ ਮੱਠ ਹੈ, ਤ੍ਰੈਗੁਣ ਮਾਇਆ ਰਹੀ ਤਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਵੇਖ ਵਖਾਏ । ਹਰਿ ਸਾਜਨ ਗਲ ਪਲੜਾ, ਰੋ ਰੋ ਨੇਤਰ ਨੀਰ ਵਹਾਏ । ਪੁਰਖ ਅਬਿਨਾਸ਼ੀ ਇਕ ਅਕੱਲੜਾ, ਲੱਖ ਚੁਰਾਸੀ ਵੇਖ ਵਖਾਏ । ਕਲਜੁਗ ਅੰਤਮ ਭਾਰਾ ਪੱਲੜਾ, ਕੂੜ ਕੁੜਿਆਰਾ ਸੰਗ ਰਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਬੁਝ ਬੁਝਾਏ । ਹਰਿ ਸਾਜਨ ਹਰਿਜਨ ਵੇਖ ਵਖਾਣਿਆ, ਦੇਵੇ ਨਾਮ ਅਧਾਰ । ਜੁਗ ਜੁਗ ਚਲੇ ਆਪਣੇ ਭਾਣਿਆ, ਰਾਮ ਰਾਮ ਆਪ ਕਰਤਾਰ । ਆਪੇ ਵੇਖੇ ਸੁਘੜ ਸਿਆਣਿਆ, ਗ਼ਰੀਬ ਨਿਮਾਣੇ ਪਾਵੇ ਸਾਰ । ਆਪੇ ਜਾਣੇ ਰਾਜ ਰਾਜਾਣਿਆ, ਸ਼ਾਹ ਸੁਲਤਾਨਾ ਵਡ ਸਿਕਦਾਰ । ਆਪੇ ਖੇਲੇ ਖੇਲ ਦੋ ਜਹਾਨਿਆ, ਆਵਣ ਜਾਵਣ ਖੇਲ ਅਪਾਰ । ਕਲਜੁਗ ਅੰਤਮ ਜੋਤੀ ਨੂਰ ਕਰੇ ਉਜਿਆਰ ਮਹਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਬੰਨੇ ਧਾਰ । ਹਰਿਜਨ ਹਰਿ ਹਰਿ ਪਾਵਨਾ, ਪਾਰਬ੍ਰਹਮ ਬੇਅੰਤ । ਰਸਨਾ ਜਿਹਵਾ

੨੫੩
੦੭

ਏਕਾ ਗਾਵਣਾ, ਪੂਰਨ ਗੁਰ ਹਰਿ ਭਗਵੰਤ । ਏਕਾ ਨਾਮ ਫੜਾਏ ਦਾਮਨਾ, ਦੇਵੇ ਵਡਿਆਈ ਸਾਚੇ ਸੰਤ । ਧੁਰਦਰਗਾਹੀ ਸਾਚਾ ਜ਼ਾਮਨਾ, ਆਦਿ ਨਿਰੰਜਣ ਸਾਚਾ ਕੰਤ । ਮੇਟ ਮਿਟਾਏ ਕਾਮਨੀ ਕਾਮਨਾ, ਨੇੜ ਨਾ ਆਏ ਚਿਖਾ ਚਿੰਤ । ਏਕਾ ਰੂਪ ਵਟਾਏ ਰਾਮਾ ਰਾਮਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਦਾ ਅਚਿੰਤ । ਚਿੰਤਾ ਰੋਗ ਹਰਿਜਨ ਜਾਏ, ਰਸਨਾ ਗਾਇਆ ਹਰਿ ਗੋਬਿੰਦ । ਆਤਮ ਤ੍ਰਿਸਨਾ ਭੁੱਖ ਮਿਟਾਏ, ਹਰਿ ਦਾਤਾ ਗੁਣੀ ਗਹਿੰਦ । ਸਹਿਜੇ ਸਹਿਜ ਸੁੱਖ ਉਪਜਾਏ, ਆਤਮ ਅੰਤਰ ਪਰਮਾਨੰਦ । ਹਉਮੇ ਹੰਗਤਾ ਰੋਗ ਮਿਟਾਏ, ਬਜਰ ਕਪਾਟੀ ਤੋੜੇ ਜਿੰਦ । ਦਾਤਾ ਦਾਨੀ ਦਰਸ ਅਮੋਘ ਵਖਾਏ, ਅੰਮ੍ਰਿਤ ਬੂੰਦ ਵਹਾਏ ਸਾਗਰ ਸਿੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਮਨਮੁਖ ਲਗਾਏ ਆਪਣੀ ਨਿੰਦ । ਮਨਮੁਖ ਮੂੜ ਗਵਾਰ, ਭੇਵ ਨਾ ਰਾਇਆ । ਭਰਮ ਭੁੱਲੇ ਜੀਵ ਗਵਾਰ, ਕਲਜੁਗ ਮਾਇਆ ਪੜਦਾ ਪਾਇਆ । ਪੰਜ ਤਤ ਤਨ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਮ ਸਤਾਇਆ । ਮਨਮਤ ਕਰ ਰਹੀ ਵਿਚਾਰ, ਵਿਚਾਰ ਗੁਰਮਤ ਭੇਵ ਨਾ ਰਾਇਆ । ਜੂਠਾ ਝੂਠਾ ਕਰ ਪਿਆਰ, ਜਗਤ ਨਾਤਾ ਬੰਧ ਬੰਧਾਇਆ । ਹਉਮੇ ਹੰਗਤਾ ਰਹੀ ਸਾੜ, ਸਾਚੀ ਸੰਗਤਾ ਮੂਲ ਨਾ ਭਾਇਆ । ਭੁੱਖਾ ਨੰਗਤਾ ਫਿਰੇ ਦਰ ਦਵਾਰ, ਨਾਮ ਵਸਤ ਨਾ ਕੋਈ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਨਮੁਖਾਂ ਦਏ ਸਜਾਇਆ । ਮਨਮੁਖ ਕੂੜਾ ਕੂੜ ਕੂੜਿਆਰ, ਕੂੜੇ ਧੰਦੇ ਲਾਇਆ । ਅੱਠੇ ਪਹਿਰ ਰੋਵੇ ਜ਼ਾਰੋ ਜ਼ਾਰ, ਸਤਿ ਸੰਤੋਖ ਨਾ ਕੋਈ ਰਖਾਇਆ । ਪੰਚ ਵਿਕਾਰਾ ਮਾਰੇ ਮਾਰ, ਦਿਵਸ ਰੈਣ ਰਿਹਾ ਹਲਕਾਇਆ । ਮਿਲਿਆ ਮੇਲ ਨਾ ਹਰਿ ਕਰਤਾਰ, ਕਾਇਆ ਕੂੜ ਕੱਪੜ ਹੰਢਾਇਆ । ਮਰੇ ਮਰ ਜੰਮੇ ਵਾਰੋ ਵਾਰ, ਲੱਖ ਚੁਰਾਸੀ ਨਾ ਕੋਈ ਕਟਾਇਆ । ਧਰਮ ਰਾਏ ਦੇ ਦਰ ਦਰਬਾਰ, ਲੇਖਾ ਲੇਖ ਨਾ ਕੋਈ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖਾਂ ਵੇਖ ਵਖਾਇਆ । ਮਨਮੁਖ ਮੂਰਖ ਮੂੜ੍ਹ ਅੰਧ, ਭਰਮੇ ਭਰਮ ਭੁਲਾਇਆ । ਰਸਨਾ ਲਗਾਇਆ ਮਦਿਰਾ ਮਾਸ ਗੰਦ, ਹਰਿ ਕਾ ਸ਼ਬਦ ਦਿਸ ਨਾ ਆਇਆ । ਜੋਤ ਨਿਰੰਜਣ ਨਾ ਚੜ੍ਹਿਆ ਸਾਚਾ ਚੰਦ, ਅਗਿਆਨ ਅੰਧੇਰ ਨਾ ਕੋਈ ਮਿਟਾਇਆ । ਏਕਾ ਏਕ ਨਾ ਮਿਲਿਆ ਪਰਮਾਨੰਦ, ਪਰਮ ਪੁਰਖ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖ ਜੀਵਾਂ ਦਏ ਸਜਾਇਆ । ਮਨਮੁਖ ਮੂੜ, ਜਗਤ ਮਾਇਆ ਮੋਹ ਬੰਧਾਇਆ । ਕਲਜੁਗ ਨਾਤਾ ਕੂੜੋ ਕੂੜ, ਘਰ ਸਾਚਾ ਦਿਸ ਨਾ ਆਇਆ । ਮਸਤਕ ਨਾ ਲੱਗੇ ਗੁਰਚਰਨ ਧੂੜ, ਤਿਲਕ ਲਿਲਾਟ ਨਾ ਕੋਈ ਵਖਾਇਆ । ਕਾਇਆ ਚੋਲੀ ਰੰਗ ਨਾ ਚੜ੍ਹੇ ਗੂੜ੍ਹ, ਨਾ ਕੋਈ ਰੰਗਨ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖਣ ਆਇਆ । ਲੱਖ ਚੁਰਾਸੀ ਤੇਰੀ ਰਾਸ, ਹਰਿ ਸਾਚਾ ਮੋਖ ਰਖਾਇੰਦਾ । ਧਰਤ ਧਵਲ ਧਰਨੀ ਵੇਖ ਅਕਾਸ, ਪਰਕਾਸ਼ ਰੂਪ ਵਟਾਇੰਦਾ । ਹਰਿਜਨ ਵੇਖੇ ਜੋ ਗਾਇਣ ਸਵਾਸ ਸਵਾਸ, ਸਵਾਸ ਸਵਾਸਾ ਲੇਖੇ ਲਾਇੰਦਾ । ਮਨਮੁਖ ਜੀਵ ਮੁਖ ਰਖਾਏ ਮਦਿਰਾ ਮਾਸ, ਮਾਇਆ ਮਮਤਾ ਮੋਹ ਬੰਧਾਇੰਦਾ । ਵੇਲੇ ਅੰਤਮ ਹੋਣਾ ਨਾਸ, ਗੁਰ ਪੀਰ ਨਾ ਕੋਈ ਸੰਗ ਰਖਾਇੰਦਾ । ਗੁਰਚਰਨ ਦਵਾਰੇ ਦਾਸੀ ਦਾਸ ਦੋਏ ਜੋੜ ਸੀਸ ਨਿਵਾਇੰਦਾ । ਭਗਤ ਜਨਾਂ ਸਦ ਵਸਿਆ ਪਾਸ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ ।

# ✻ ਪਹਿਲੀ ਚੇਤ ੨੦੧੫ ਬਿਕਰਮੀ ਦਰਬਾਰ ਵਿਚ ਜੇਠੂਵਾਲ ✻

੨੫੫ ੦੭ ਹਰਿ ਸ਼ਬਦ ਬਲਵਾਨ, ਜੁਗ ਜੁਗ ਅਖਵਾਇਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਧਰਤ ਧਵਲ ਸੁਹਾਇਆ । ਲੱਖ ਚੁਰਾਸੀ ਨਿਗਹਬਾਨ, ਹਰ ਘਟ ਮੰਦਰ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਸ ਵਟਾਇਆ । ਹਰਿ ਸ਼ਬਦ ਹਰਿ ਰੰਗ, ਹਰਿ ਹਰਿ ਉਪਾਇਆ । ਆਪ ਆਪਣਾ ਰੱਖਿਆ ਸੰਗ, ਆਪ ਆਪਣਾ ਸੰਗ ਨਿਭਾਇਆ । ਆਪ ਆਪਣੀ ਭਿਛਿਆ ਆਪੇ ਮੰਗ, ਆਪ ਆਪਣੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਅਖਵਾਇਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਜੋਤੀ ਨੂਰ ਕਰ ਅਕਾਰ, ਏਕਾ ਏਕ ਅਖਵਾਇਆ । ਇਕ ਅਕੱਲਾ ਕਰ ਪਸਾਰ, ਏਕਾ ਏਕੰਕਾਰਾ ਰੂਪ ਅਖਵਾਇਆ । ਆਪ ਆਪਣਾ ਕਰ ਪਿਆਰ, ਏਕਾ ਆਪਣੀ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਕਰਤਾ ਆਦਿ ਨਿਰੰਜਣ ਆਪ ਅਖਵਾਇਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣ, ਏਕਾ ਏਕ ਅਖਵਾਇਆ । ਆਪ ਆਪਣਾ ਕਰੇ ਮਜਨ, ਆਪ ਆਪਣੀ ਮੈਲ ਗਵਾਇਆ । ਆਪ ਆਪਣਾ ਹੋਇਆ ਪੜਦੇ ਕੱਜਣ, ਏਕਾ ਪੜਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਖੇਲੇ ਖੇਲ ਅਪਰ ਅਪਾਰ, ਦਿਸ ਕਿਸੇ ਨਾ ਆਇਆ । ਅਕਲ ਕਲਾ ਕਲ ਆਪੇ ਧਾਰ, ਅਕਲ ਕਲਾ ਅਖਵਾਇਆ । ਸਤਿਜੁਗ ਤ੍ਰੇਤਾ ਦੁਆਪਰ ਲਾਏ ਪਾਰ, ਕਲਜੁਗ ਵੇਖ ਵਖਾਇਆ । ਨਾਨਕ ਗੋਬਿੰਦ ਬਣ ਲਿਖਾਰ, ਆਪਣਾ ਵੇਸ ਵਟਾਇਆ । ਸੰਬਲ ਨਗਰੀ ਅਪਰ ਅਪਾਰ, ਸਾਚਾ ਆਸਣ ਲਾਇਆ । ਰਾਓ ਰੰਕਾਂ ਇਕ ਪਿਆਰ, ਏਕਾ ਦਰ ਸੁਹਾਇਆ । ਇਕ ਸੁਹਾਏ ਬੰਕ ਦਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਨਿਰੰਜਣ ਆਪ ਅਖਵਾਇਆ । ਕਰਨਹਾਰ ਕਰਤਾਰ, ਏਕਾ ਏਕ ਅਖਵਾਇੰਦਾ । ਜੁਗ ਜੁਗ ਪਾਵਣਹਾਰਾ ਸਾਰ, ਜੁਗ ਜੁਗ ਬਣਤ ਬਣਾਇੰਦਾ । ਜੂਠ ਝੂਠ ਜਗਤ ਪਸਾਰ, ਕੂੜ ਕੁੜਿਆਰਾ ਡੰਕ ਵਜਾਇੰਦਾ । ਸਾਧਾਂ ਸੰਤਾਂ ਆਈ ਹਾਰ, ਸੇਵਕ ਸੇਵਾ ਨਾ ਕੋਈ ਕਮਾਇੰਦਾ । ਪੁਰਖ ਅਬਿਨਾਸ਼ੀ ਕਰ ਵਿਚਾਰ, ਆਪ ਆਪਣਾ ਭੇਖ ਵਟਾਇੰਦਾ । ਕਲਜੁਗ ਅੰਤਮ ਵੇਲਾ ਪਾਏ ਸਾਰ, ਆਪ ਆਪਣੀ ਜੋਤ ਜਗਾਇੰਦਾ । ਨਿਹਕਲੰਕਾ ਲਏ ਅਵਤਾਰ, ਆਪਣਾ ਕਰਮ ਕਮਾਇੰਦਾ । ਚਾਰੋਂ ਕੁੰਟ ਧੁੰਆਂਧਾਰ, ਕਲਜੁਗ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਇੰਦਾ । ਗੁਰ ਗੋਬਿੰਦ ਗਿਆ ਸਮਝਾ, ਏਕਾ ਏਕ ਜਣਾਈਆ । ਆਪ ਆਪਣਾ ਲਿਆ ਸਮਾ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਦੂਜਾ ਭੌ ਚੁਕਾ, ਏਕਾ ਰੰਗ ਸਮਾਈਆ । ਦੋਏ ਜੋੜ ਕਰੇ ਸਰਨਾ, ਸਰਨਗਤ ਵੱਡੀ ਵਡਿਆਈਆ । ਤੇਰਾ ਭਾਣਾ ਲਿਆ ਜਣਾ, ਹਰਿ ਭਾਣੇ ਖ਼ੁਸ਼ੀ ਮਨਾਈਆ । ਪੰਥ ਖਾਲਸਾ ਲਿਆ ਰਚਾ, ਸੀਸ ਦਸਤਾਰ ਬੰਧਾਈਆ । ਪੰਚਮ ਸ਼ਸਤਰ ਤਨ ਸਜਾ, ਅੰਮ੍ਰਿਤ ਜਾਮ ਪਿਆਈਆ । ਸਾਚਾ ਖੰਡਾ ਤਨ ਲਟਕਾ, ਏਕਾ ਬੂਝ ਬੁਝਾਈਆ । ਅਕਾਲ ਪੁਰਖ ਗੁਰ ਲਏ ਮਨਾਂ, ਨਾ ਕੋਈ ਦੂਸਰ ਸੀਸ ਨਿਵਾਈਆ । ਰੰਗ ਰੂਪ ਲੇਖ ਨਾ ਸਕੇ ਕੋਈ ਲਿਖਾ, ਅਨਭਵ ਪਰਕਾਸ਼ ਸਮਾਈਆ । ਪੰਚਮ ਮੀਤਾ ਸਹਿਜ ਸੁਭਾ, ਆਪ ਆਪਣਾ ਵੇਸ ਵਟਾਈਆ । ਗੁਰਮੁਖ ਸਾਚੇ ਮਾਤ ਉਪਾ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ੨੫੫ ੦੭

ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਵੇਖ ਵਖਾਈਆ । ਗੋਬਿੰਦ ਹਰਿ ਮਲਾਹ, ਪਾਰਬ੍ਰਹਮ ਸਰਨਾਇਆ । ਪੁਰਖ ਅਬਿਨਾਸ਼ੀ ਤੇਰਾ ਨਾਂ, ਤੇਰਾ ਮੇਰਾ ਰੂਪ ਸਮਾਇਆ । ਆਪੇ ਪਕੜਨਹਾਰਾ ਬਾਂਹ, ਆਪ ਆਪਣਾ ਹੱਥ ਸੀਸ ਟਿਕਾਇਆ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਏਕਾ ਓਟ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਬੂਝ ਬੁਝਾਇਆ । ਗੁਰ ਗੋਬਿੰਦ ਸ਼ਬਦ ਧੁਨ ਅਨਾਦਾ, ਹਰਿ ਹਰਿ ਆਪ ਸੁਣਾਇੰਦਾ । ਸ਼ਬਦ ਜਣਾਈ ਬੋਧ ਅਗਾਧਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਏਕਾ ਮਾਲਿਕ ਸਾਚਾ ਲਾਧਾ, ਸਤਿ ਪੁਰਖਾਂ ਰੂਪ ਸਮਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦਾ, ਗੁਰ ਸਤਿਗੁਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖ ਵਖਾਇੰਦਾ । ਗੋਬਿੰਦ ਮੇਲਾ ਹਰਿ ਕਰਤਾਰ, ਹਰਿ ਹਰਿ ਰੰਗ ਸਮਾਇਆ । ਏਕਾ ਰੂਪ ਅਗੰਮ ਅਪਾਰ, ਏਕਾ ਦਰ ਸੁਹਾਇਆ । ਇਕ ਅਕੱਲਾ ਇਕ ਏਕੰਕਾਰ, ਏਕਾ ਦਰ ਵਖਾਇਆ । ਅਛਲ ਅਛੱਲਾ ਅਪਰ ਅਪਾਰ, ਵਲ ਛਲ ਧਾਰੀ ਆਪ ਅਖਵਾਇਆ । ਮੰਗੇ ਮੰਗ ਦਰ ਭਿਖਾਰ, ਅੱਗੇ ਪੱਲੂ ਡਾਹਿਆ । ਦੇਵਣਹਾਰਾ ਹਰਿ ਦਾਤਾਰ, ਸਮਰਥ ਪੁਰਖ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਚੁਕਾਇਆ । ਗੁਰ ਗੋਬਿੰਦ ਹਰਿ ਸਾਚਾ ਪਾਇਆ, ਪਾਰਬ੍ਰਹਮ ਸਰਨਾਈਆ । ਦੁਸ਼ਟ ਦਮਨ ਲੇਖੇ ਲਾਇਆ, ਲੋਕਮਾਤ ਵੱਜੀ ਵਧਾਈਆ । ਮਾਤ ਪਿਤ ਪੂਤ ਲੇਖੇ ਲਾਇਆ, ਅਨਾਥਾਂ ਹੋਏ ਸਹਾਈਆ । ਖਾਲਸ ਖਾਲਸਾ ਇਕ ਰਚਾਇਆ, ਖੇਲੇ ਖੇਲ ਹਰਿ ਰਘੁਰਾਈਆ । ਏਕਾ ਧੁਰ ਫ਼ਰਮਾਣ ਜਣਾਇਆ, ਅਕਾਲ ਪੁਰਖ ਸੱਚੀ ਸਰਨਾਈਆ । ਹਉਂ ਸੇਵਕ ਸੇਵਾ ਕਰਨੇ ਆਇਆ, ਗੁਰਮੁਖਾਂ ਰਿਹਾ ਸੇਵ ਕਮਾਈਆ । ਦੇਵੀ ਦੇਵਾ ਨਾ ਕੋਈ ਇਸ਼ਟ ਮਨਾਇਆ, ਬ੍ਰਹਮਾ ਵਿਸ਼ਨ ਸ਼ਿਵ ਰਹੇ ਸ਼ਰਮਾਈਆ । ਅਕਾਲ ਮੂਰਤ ਹਰਿ ਨਜ਼ਰੀ ਆਇਆ, ਏਕਾ ਨੇਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਸੰਗ ਨਿਭਾਈਆ । ਗੁਰ ਗੋਬਿੰਦ ਸਗਲਾ ਸਾਥਾ, ਹਰਿ ਹਰਿ ਇਕ ਅਖਵਾਇੰਦਾ । ਆਪੇ ਰਾਖੇ ਦੇ ਕਰ ਹਾਥਾ, ਏਕਾ ਬੂਝ ਬੁਝਾਇੰਦਾ । ਸ਼ਬਦ ਗੁਰ ਸਾਚਾ ਸਾਥਾ, ਸਗਲਾ ਸੰਗ ਨਿਭਾਇੰਦਾ । ਕਲਜੁਗ ਅੰਤਮ ਚਲਾਏ ਏਕਾ ਰਾਥਾ, ਰਥ ਰਥਵਾਹੀ ਆਪ ਅਖਵਾਇੰਦਾ । ਲੱਖ ਚੁਰਾਸੀ ਵੰਡ ਵੰਡਾਏ ਸੀਆਂ ਸਾਢੇ ਤਿੰਨ ਤਿੰਨ ਹਾਥਾ, ਲਹਿਣਾ ਦੇਣਾ ਮੂਲ ਚੁਕਾਇੰਦਾ । ਇਕ ਜਣਾਈ ਪੂਜਾ ਪਾਠਾ, ਏਕਾ ਬ੍ਰਹਮ ਗਿਆਨ ਦ੍ਰਿੜਾਇੰਦਾ । ਏਕਾ ਤੀਰਥ ਏਕਾ ਤਾਟਾ, ਏਕਾ ਘਾਟ ਵਖਾਇੰਦਾ । ਏਕਾ ਜੋਤੀ ਜਗੇ ਲਿਲਾਟਾ, ਗੁਰਮੁਖ ਸਾਜਣ ਸੋ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਮੇਲਾ ਸਾਚੇ ਘਰ, ਰਾਜਨ ਰਾਜ ਆਪ ਅਖਵਾਇੰਦਾ । ਰਾਜਨ ਰਾਜ ਸ਼ਾਹੋ ਭੂਪਾ, ਆਦਿ ਪੁਰਖ ਅਪਾਰਾ । ਵੇਖ ਵਖਾਣੇ ਚਾਰੇ ਕੂਟਾ, ਦਹਿ ਦਿਸ਼ ਪਾਵੇ ਸਾਰਾ । ਆਪਣਾ ਦਰ ਆਪੇ ਲੂਟਾ, ਆਪੇ ਵੇਖਣਹਾਰਾ ਘਰ ਬਾਰਾ । ਆਪੇ ਕਰੇ ਆਪਣਾ ਮੂਧਾ ਠੂਠਾ, ਆਪੇ ਭਰੇ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦਏ ਧੁਨਕਾਰਾ । ਹਰਿ ਜੋਤ ਨਿਰੰਕਾਰ, ਹਰਿ ਰੰਗ ਸਮਾਇਆ । ਆਦਿਨ ਅੰਤਾ ਗੁਰ ਅਵਤਾਰ, ਏਕਾ ਏਕ ਅਖਵਾਇਆ । ਅਗੰਮ ਅਗੰਮੜਾ ਅਗੰਮੜੀ ਜਾਣੇ ਆਪੇ ਕਾਰ, ਦਿਸ ਕਿਸੇ ਨਾ ਆਇਆ । ਏਕਾ ਏਕ ਕਰੇ ਉਜਿਆਰ, ਏਕਾ ਰੂਪ ਦਰਸਾਇਆ । ਆਪ ਆਪਣਾ ਵੇਖ ਵਿਚਾਰ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਆਪ ਆਪਣਾ ਦਰ ਸੁਹਾਏ,

ਆਦਿ ਪੁਰਖ ਨਿਰੰਜਣਾ । ਆਪ ਆਪਣੀ ਜੋਤ ਜਗਾਏ, ਆਪ ਆਪਣਾ ਦਰਦ ਦੁੱਖ ਭੈ ਭੰਜਨਾ । ਆਪ ਆਪਣਾ ਵੇਖ ਵਖਾਏ, ਆਪ ਆਪਣਾ ਪਾਏ ਨੇਤਰ ਅੰਜਣਾ । ਆਪ ਆਪਣਾ ਸੰਗ ਨਿਭਾਏ, ਆਪ ਆਪਣਾ ਹੋਏ ਸੱਜਣਾ । ਆਪ ਆਪਣਾ ਲਏ ਉਪਾਏ, ਨਾ ਘੜਿਆ ਨਾ ਭੱਜਣਾ । ਆਪ ਆਪਣਾ ਥਾਨ ਸੁਹਾਏ, ਥਿਰ ਘਰ ਸਾਚੇ ਬਹਿ ਬਹਿ ਸਜਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧੁਨ ਅਨਾਦੀ ਆਪੇ ਗੱਜਣਾ । ਆਪ ਆਪਣਾ ਕਰ ਅਕਾਰਾ, ਆਪਣੀ ਕਲ ਵਰਤਾਈਆ । ਆਪ ਆਪਣਾ ਕਰ ਪਸਾਰਾ, ਵੇਖਣਹਾਰ ਆਪ ਹੋ ਜਾਈਆ । ਆਪ ਆਪਣੀ ਪਾਵੇ ਸਾਰਾ, ਆਪ ਆਪਣੀ ਬੂਝ ਬੁਝਾਈਆ । ਆਪ ਆਪਣਾ ਕਰੇ ਪਿਆਰਾ, ਆਪ ਆਪਣਾ ਵੇਖ ਵਖਾਈਆ । ਆਪੇ ਨਾਰੀ ਕੰਤ ਭਤਾਰਾ, ਆਪ ਆਪਣੀ ਸੇਜ ਹੰਢਾਈਆ । ਜੋਤੀ ਸੁਤ ਦਏ ਹੁਲਾਰਾ, ਸ਼ਬਦੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਚੀ ਖੇਲ ਖਿਲਾਈਆ । ਨਿਰਗੁਣ ਰੂਪ ਹਰਿ ਅਥਾਹ, ਏਕਾ ਏਕ ਅਖਵਾਇੰਦਾ । ਆਪੇ ਦਾਤਾ ਬੇਪਰਵਾਹ, ਬੇਅੰਤ ਆਪ ਹੋ ਜਾਇੰਦਾ । ਆਪੇ ਜਾਣੇ ਆਪਣਾ ਨਾਂ, ਸਾਧ ਸੰਤ ਨਾ ਕੋਇ ਰਖਾਇੰਦਾ । ਆਪ ਸੁਹਾਏ ਆਪਣਾ ਥਾਂ, ਥਾਨ ਥਨੰਤਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਗਗਨ ਗਗਨੰਤਰ ਆਪ ਸੁਹਾਇੰਦਾ । ਸ਼ਬਦ ਸੁਤ ਕਰ ਤਿਆਰ, ਹਰਿ ਆਪਣਾ ਆਪ ਉਪਾਇਆ । ਪਿਤਾ ਪੁਰਖ ਅਗੰਮ ਅਪਾਰ, ਪੰਜ ਤਤ ਨਾ ਕੋਈ ਰਖਾਇਆ । ਪੰਜ ਤਤ ਨਾ ਕੋਈ ਪਿਆਰ, ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸਾਇਆ । ਆਪ ਆਪਣੀ ਬੰਨੇ ਧਾਰ, ਆਪ ਆਪਣਾ ਬੀਜ ਬਿਜਾਇਆ । ਆਪ ਆਪਣਾ ਧਾਮ ਨਿਆਰ, ਏਕਾ ਏਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪ ਅਖਵਾਇਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਆਪੇ ਖੇਲੇ ਖੇਲ ਅਪਾਰ, ਆਪ ਆਪਣੀ ਬਣਤ ਬਣਾਇੰਦਾ । ਗਗਨ ਪਤਾਲਾਂ ਅਕਾਸ਼ ਪਰਕਾਸ਼, ਬ੍ਰਹਿਮੰਡ ਖੰਡ ਸਾਚੀ ਰਚਨ ਰਚਾਇੰਦਾ । ਸ਼ਬਦ ਸੁਤ ਸਚ ਦੁਲਾਰ, ਵੰਡੇ ਵੰਡ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਅਗੰਮ ਅਗੰਮੜੇ ਧਾਮ ਸੁਹਾ, ਆਪਣੀ ਰਚਨ ਰਚਾਇੰਦਾ । ਆਪ ਆਪਣਾ ਵੇਸ ਵਟਾ, ਵੇਸ ਅਨੇਕਾ ਆਪ ਅਖਵਾਇੰਦਾ । ਅਲਖ ਦੇਸ ਹਰਿ ਫੇਰਾ ਪਾ, ਅਲਖ ਨਿਰੰਜਣ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਰੂਪ ਸਮਾਇੰਦਾ । ਸਤਿ ਪੁਰਖ ਹਰਿ ਕਰਤਾਰਾ, ਸਤਿ ਸਤਿ ਸਮਾਇਆ । ਇਕ ਅਕੱਲਾ ਏਕੰਕਾਰਾ, ਏਕਾ ਰੰਗ ਵਖਾਇਆ । ਏਕਾ ਜੋਤੀ ਇਕ ਉਜਿਆਰਾ, ਇਕ ਪਰਕਾਸ਼ ਕਰਾਇਆ । ਏਕਾ ਗੋਤੀ ਇਕ ਪਿਆਰਾ, ਨਾ ਕੋਈ ਵਰਨ ਰਖਾਇਆ , । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਸਾਚਾ ਦਰ ਹਰਿ ਸੁਹੰਜਣਾ, ਆਦਿ ਪੁਰਖ ਅਬਿਨਾਸ਼ਾ । ਜਗੇ ਜੋਤ ਇਕ ਆਦਿ ਨਿਰੰਜਣਾ, ਆਪੇ ਵੇਖਣਹਾਰ ਤਮਾਸ਼ਾ । ਆਪਣਾ ਦਰ ਆਪਣਾ ਦਵਾਰ ਆਪੇ ਤਜਨਾ, ਆਪੇ ਪਾਏ ਮੰਡਲ ਹਾਸਾ । ਆਪਣੇ ਨਗਾਰੇ ਆਪੇ ਵੱਜਣਾ, ਆਪ ਸੁਣਾਏ ਪ੍ਰਿਥਮੀ ਅਕਾਸ਼ਾ । ਆਪਣਾ ਪੜਦਾ ਆਪੇ ਕੱਜਣਾ, ਕੱਜਣਹਾਰ ਸ਼ਾਹੋ ਸ਼ਬਾਸ਼ਾ । ਆਪੇ ਘਰ ਆਪੇ ਸਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰ ਸਾਚਾ ਦਰ, ਆਦਿ ਅੰਤ ਨਾ ਕਦੇ ਵਿਨਾਸਾ । ਸਚਖੰਡ ਹਰਿ ਏਕਾ ਜੋਤ, ਸਚ ਸੁੱਚ ਵਰਤਾਇਆ । ਆਪੇ ਵੇਖਣਹਾਰਾ ਕੋਟੀ ਕੋਟ, ਕੋਟ ਬ੍ਰਹਿਮੰਡ

ਵੇਖ ਵਖਾਇਆ । ਆਪ ਚੜ੍ਹਾਇਆ ਸਾਚੀ ਚੋਟੀ ਚੋਟ, ਅਨਭਵ ਪਰਕਾਸ਼ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਸੁਹਾਇਆ । ਸਚ ਮਹੱਲਾ ਹਰਿ ਦਵਾਰਾ, ਏਕਾ ਏਕ ਸੁਹਾਇੰਦਾ । ਆਪੇ ਬੈਠਾ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਵੇਖ ਵਖਾਣੇ ਜਲ ਥਲਾਂ, ਉਚੇ ਪਰਬਤ ਫੋਲ ਫੋਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪਾਵਾ ਚੂਲ ਨਾ ਕੋਈ ਰਖਾਇੰਦਾ । ਸ਼ਬਦੀ ਸ਼ਬਦ ਜਗ ਕਰੇ ਹੱਲਾ, ਹਰਿ ਸ਼ਬਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਆਪ ਆਪਣਾ ਨਾਮ ਰੱਖ, ਆਪਣੀ ਦਇਆ ਕਮਾਈਆ । ਆਪ ਆਪਣਾ ਕਰ ਪਰਤੱਖ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਮੁੱਲ ਪਾਏ ਲੱਖ, ਆਪ ਲੱਖੋਂ ਕੱਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਕਰੇ ਵਡਿਆਈਆ । ਸ਼ਬਦ ਸੁਤ ਸਚ ਦੁਲਾਰਾ, ਨਿਰਗੁਣ ਜੋਤੀ ਨੂਰ ਆਪ ਉਪਾਇਆ । ਏਕਾ ਬਖ਼ਸ਼ੇ ਧੁਰ ਦਰਬਾਰਾ, ਆਦਿ ਜੁਗਾਦੀ ਵੇਖ ਵਖਾਇਆ । ਸ੍ਰਿਸ਼ਟ ਸਬਾਈ ਕਰ ਪਸਾਰਾ, ਲੋਆਂ ਪੁਰੀਆਂ ਬਣਤ ਬਣਾਇਆ । ਤ੍ਰੈਗਣ ਮਾਇਆ ਕਰ ਤਿਆਰਾ, ਸਾਚਾ ਵੇਸ ਵਟਾਇਆ । ਕਵਲ ਕਵਲਾ ਕਰ ਉਜਿਆਰਾ, ਪਾਰਬ੍ਰਹਮ ਬ੍ਰਹਮ ਅਖਵਾਇਆ । ਸੋ ਪੁਰਖ ਨਿਰੰਜਣ ਖੇਲ ਅਪਰ ਅਪਾਰਾ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਕਰ ਦੋ ਫਾੜਾ, ਆਪ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸ਼ਬਦ ਦਏ ਉਪਾਇਆ । ਸਾਚਾ ਸ਼ਬਦ ਹਰਿ ਨਿਰੰਕਾਰਾ, ਏਕਾ ਏਕ ਉਪਾਇੰਦਾ । ਏਕਾ ਧੁਨ ਇਕ ਜੈਕਾਰਾ, ਏਕਾ ਏਕ ਲਾਇੰਦਾ । ਏਕਾ ਬ੍ਰਹਮ ਪਾਏ ਸਾਰਾ, ਪਾਰਬ੍ਰਹਮ ਸਮਝਾਇੰਦਾ । ਰੂਪ ਅਨੂਪ ਹਰਿ ਕਰਤਾਰਾ, ਮਨਮਤ ਨਾ ਕੋਈ ਰਖਾਇੰਦਾ । ਬੁੱਧੀ ਭੇਵ ਨਾ ਪਾਏ ਸਾਰਾ, ਗਿਆਨ ਧਿਆਨ ਨਾ ਕੋਈ ਦ੍ਰਿੜਾਇੰਦਾ । ਵੇਦ ਕਤੇਬ ਨਾ ਕੋਈ ਲਿਖਾਰਾ, ਵੇਦ ਸ਼ਾਸਤਰ ਨਾ ਕੋਈ ਰਖਾਇੰਦਾ । ਖਾਣੀ ਬਾਣੀ ਨਾ ਕੋਈ ਕਰੇ ਵਿਚਾਰਾ, ਅੰਜੀਲ ਕੁਰਾਨ ਨਾ ਕੋਈ ਸੁਣਾਇੰਦਾ । ਸ਼ਬਦੀ ਸ਼ਬਦ ਕਰ ਉਜਿਆਰਾ, ਹਰਿ ਨਿਰਗੁਣ ਖੇਲ ਖਿਲਾਇੰਦਾ । ਸਾਚਾ ਸੁਤ ਕਰ ਪਿਆਰਾ, ਦੇ ਮਤ ਆਪ ਸਮਝਾਇੰਦਾ । ਬ੍ਰਹਮਾ ਦੇਵੇ ਇਕ ਹੁਲਾਰਾ, ਤ੍ਰੈਗੁਣ ਝੋਲੀ ਪਾਇੰਦਾ । ਪੰਜ ਤਤ ਕਰ ਪਿਆਰਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਸੁਹਾਇੰਦਾ । ਮਨ ਮਤ ਬੁਧ ਦਏ ਸਹਾਰਾ, ਹਰਿ ਲੇਖ ਲਿਖਤ ਨਾ ਕੋਈ ਲਿਖਾਇੰਦਾ । ਬਹੱਤਰ ਨਾੜੀ ਕਰ ਤਿਆਰਾ, ਤਿੰਨ ਸੌ ਸੱਠ ਹਾਡੀ ਜੋੜ ਜੁੜਾਇੰਦਾ । ਇਕ ਵਖਾਏ ਨੌਂ ਦਵਾਰਾ, ਤਨ ਸ਼ੰਗਾਰਾ ਕਰਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਘਰ ਸਾਚਾ ਆਪ ਸੁਹਾਇੰਦਾ । ਦਸਮ ਦਵਾਰੀ ਖੇਲ ਅਪਾਰਾ, ਹਰਿ ਆਪਣਾ ਆਪ ਛੁਪਾਇੰਦਾ । ਬਜਰ ਕਪਾਟੀ ਲਾਏ ਤਾਲਾ, ਨਾ ਕੋਈ ਤੋੜ ਤੁੜਾਇੰਦਾ । ਸੁਖਮਨ ਵੇਖੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਵੇਖ ਵਖਾਇੰਦਾ । ਮਗਰ ਲਗਾਏ ਪੰਚਮ ਧਾੜਾ, ਪੰਜ ਪੰਜੀ ਮੇਲ ਮਿਲਾਇੰਦਾ । ਘਰ ਸਾਚੇ ਵਸਿਆ ਪੁਰਖ ਅਗੰਮੀ ਸਾਚਾ ਲਾੜਾ, ਸ਼ਬਦੀ ਨਾਉਂ ਧਰਾਇੰਦਾ । ਅਨਹਦ ਵੱਜੇ ਏਕਾ ਤਾੜਾ, ਆਪਣਾ ਰਾਗ ਆਪ ਅਲਾਇੰਦਾ । ਸਾਚੀ ਸਖੀਆਂ ਸਾਚਾ ਮੇਲਾ ਇਕ ਅਖਾੜਾ, ਸਾਚਾ ਧਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਸੇਵਾ ਲਾਇੰਦਾ । ਆਪ ਆਪਣੀ ਸੇਵਾ ਲਾ, ਆਪਣਾ ਵੇਸ ਵਟਾਇਆ । ਵਿਸ਼ਨੂੰ ਵੰਸੀ ਆਪ ਅਖਵਾ, ਲਛਮੀ ਮੇਲ ਮਿਲਾਇਆ । ਸ਼ਿਵ ਸ਼ਕਤ ਆਪ ਟਿਕਾ, ਧੂੰਆਂਧਾਰ ਵਖਾਇਆ । ਬਾਸ਼ਕ ਤਸ਼ਕਾ ਗਲ ਲਟਕਾ, ਇਕ ਸ਼ੰਗਾਰ ਕਰਾਇਆ । ਆਪਣੀ ਦਇਆ


੨੫੮
੦੨

ਆਪ ਕਮਾ, ਤ੍ਰੈਗੁਣ ਤੇਰਾ ਸੰਗ ਨਿਭਾਇਆ । ਆਪ ਆਪਣਾ ਰਿਹਾ ਛੁਪਾ, ਦਿਸ ਕਿਸੇ ਨਾ ਆਇਆ । ਪਾਰਬ੍ਰਹਮ ਦਾਤਾ ਵਡ ਬੇਪਰਵਾਹ, ਆਪਣੀ ਰਚਨ ਰਚਾਇਆ । ਸਾਚੇ ਸੁਤ ਸਿਖਿਆ ਇਕ ਸਿਖਾ, ਬ੍ਰਹਮੇ ਬ੍ਰਹਮ ਗਿਆਨ ਜਣਾਇਆ । ਸ਼ਬਦ ਸੁਤ ਰਿਹਾ ਉਪਾ, ਏਕਾ ਮੰਤਰ ਏਕਾ ਗੁਣ ਵਖਾਇਆ । ਚਾਰੇ ਵੇਦਾਂ ਲਿਆ ਲਿਖਾ, ਹਰਿ ਹਰਿ ਭੇਵ ਨਾ ਕੋਈ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਲੱਖ ਚੁਰਾਸੀ ਲਏ ਉਪਾਇਆ । ਲੱਖ ਚੁਰਾਸੀ ਆਪ ਉਪਾ, ਆਪਣੀ ਜੋਤ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾ, ਸਾਚੀ ਸੇਵ ਕਮਾਇੰਦਾ । ਵਡ ਦੇਵੀ ਦੇਵਾ ਆਪ ਅਖਵਾ, ਘਰ ਸਾਚੇ ਆਪ ਸੁਹਾਇੰਦਾ । ਅਲਖ ਅਭੇਵ ਭੇਵ ਨਾ ਰਾ, ਅਭੇਵ ਅਭੇਦਾ ਕੋਈ ਨਾ ਪਾਇੰਦਾ । ਆਪ ਆਪਣੀ ਜੋਤ ਜਗਾ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਮਾਣੇ ਠਾਂਡੀ ਛਾਂ, ਦੁਆਪਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਆਪ ਆਪਣਾ ਰੂਪ ਵਟਾਏ, ਪਾਰਬ੍ਰਹਮ ਅਬਿਨਾਸ਼ਾ । ਜੋਤੀ ਸ਼ਬਦੀ ਖੇਲ ਖਿਲਾਏ, ਖੇਲੇ ਖੇਲ ਪ੍ਰਿਥਮੀ ਅਕਾਸ਼ਾ । ਗਗਨ ਪਾਤਾਲਾ ਫੇਰੀ ਪਾਏ, ਮੰਡਲ ਮੰਡਪ ਸਾਚੀ ਰਾਸਾ । ਜੀਆਂ ਜੰਤਾਂ ਆਪ ਜਗਾਏ, ਏਕਾ ਦੇਵੇ ਧੁਰ ਭਰਵਾਸਾ । ਸਾਚੇ ਸੰਤਾਂ ਮੇਲ ਮਿਲਾਏ, ਲੇਖ ਚੁਕਾਏ ਦਸ ਦਸ ਮਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਜਗਤ ਤਮਾਸ਼ਾ । ਕਲਜੁਗ ਕੂੜਾ ਕੂੜ ਪਸਾਰਾ, ਕੂੜਾ ਡੰਕ ਵਜਾਈਆ । ਮਿਲਿਆ ਮੇਲ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਨਾਲ ਪਰਨਾਈਆ । ਐਨਲਹੱਕ ਏਕਾ ਨਾਅਰਾ, ਮੁਕਾਮੇ ਹੱਕ ਪੁਜਾਈਆ । ਖੇਲੇ ਖੇਲ ਹਰਿ ਨਿਰੰਕਾਰਾ, ਭੇਵ ਕੋਈ ਨਾ ਪਾਈਆ । ਚੌਦਾਂ ਤਬਕਾ ਦਏ ਹੁਲਾਰਾ, ਚੌਦਾਂ ਲੋਕਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਰਘੁਰਾਈਆ । ਕਲਜੁਗ ਕੂੜਾ ਕੂੜੀ ਧਾਰ, ਚਾਰੋਂ ਕੁੰਟ ਪਸਾਰਿਆ । ਵੇਖ ਵਖਾਣੇ ਮੁਹੰਮਦੀ ਯਾਰ, ਅਮਾਮ ਮਹਿੰਦੀ ਰੂਪ ਵਟਾ ਰਿਹਾ । ਕਾਲਾ ਸੂਸਾ ਤਨ ਸ਼ੰਗਾਰਾ, ਮੁਖ ਨਕ਼ਾਬ ਇਕ ਰਖਾ ਰਿਹਾ । ਮੱਕਾ ਮਦੀਨਾ ਪਾਵੇ ਸਾਰ, ਆਪ ਆਪਣਾ ਚਰਨ ਛੁਹਾ ਰਿਹਾ । ਚੀਨਾ ਰੂਸਾ ਲਏ ਉਭਾਰ, ਸ਼ਾਹ ਅਬਨੂਸਾ ਸੰਗ ਰਲਾ ਰਿਹਾ । ਈਸਾ ਮੂਸਾ ਰਹਿਣਾ ਖ਼ਬਰਦਾਰ, ਹਰਿ ਸਾਚਾ ਆਪ ਜਗਾ ਰਿਹਾ । ਸੰਮਤ ਸੰਮਤੀ ਪੈਣੀ ਮਾਰ, ਨਾ ਦੂਸਰ ਕੋਈ ਬਚਾ ਰਿਹਾ । ਮੰਗੀ ਮੰਗ ਮੁਹੰਮਦ ਯਾਰ, ਆਪਣਾ ਲਹਿਣਾ ਝੋਲੀ ਪਾ ਰਿਹਾ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾ ਰਿਹਾ । ਆਬ ਹਯਾਤ ਨਾ ਮਿਲੇ ਠੰਡਾ ਪਾਣੀ ਵਿਚ ਸੰਸਾਰ, ਸਦੀ ਚੌਧਵੀ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾ ਰਿਹਾ । ਕਲਜੁਗ ਕੂੜਾ ਕੂੜਾ ਰਾਗ, ਚਾਰੋਂ ਕੁੰਟ ਅਲਾਈਆ । ਅੱਲਾ ਰਾਣੀ ਧੋਵੇ ਦਾਗ, ਨੇਤਰ ਨੈਣ ਉਠਾਈਆ । ਚਾਰ ਯਾਰੀ ਨਾ ਕੋਈ ਪਕੜੇ ਤੇਰੀ ਵਾਗ, ਨਬੀ ਰਸੂਲਾਂ ਪਈ ਦੁਹਾਈਆ । ਮਾਨਸ ਮਾਨੁਖ ਹੋਏ ਕਾਗ, ਉਮਤ ਉਮਤੀ ਰਹੀ ਰੁੜ੍ਹਾਈਆ । ਦੀਪਕ ਜੋਤ ਨਾ ਜਗੇ ਚਿਰਾਗ, ਨਾ ਦੀਸੇ ਕੋਈ ਰੁਸ਼ਨਾਈਆ । ਚਾਰੋਂ ਕੁੰਟ ਲੱਗੀ ਆਗ, ਪੰਜ ਤਤ ਰਹੇ ਲੜਾਈਆ । ਹਰਿ ਪੂਰ ਕਰਾਏ ਲਿਖਿਆ ਵਾਕ, ਨਾ ਸਕੇ ਕੋਈ ਮਿਟਾਈਆ । ਏਕਾ ਅਸਵ ਚੜ੍ਹੇ ਰਾਕ, ਸ਼ਾਹ ਸੁਲਤਾਨਾਂ ਲਏ ਉਠਾਈਆ । ਸ਼ਬਦ ਨਕੇਲ ਪਾਏ ਨਾਕ, ਕਲਜੁਗ ਵੇਲਾ ਅੰਤਮ ਆਈਆ । ਅੰਤਮ ਮੇਟੇ ਖ਼ਾਕੀ ਖ਼ਾਕ, ਖ਼ਾਕੀ ਖ਼ਾਕ ਸਮਾਈਆ । ਏਕਾ ਅੱਲਾ ਅਲਾਹੀ ਨੂਰ ਪਾਕੀ ਪਾਕ, ਬੇਐਬ ਪਰਵਰਦਿਗਾਰ ਆਪ

ਅਖਵਾਈਆ । ਕਲਜੁਗ ਨਾਤਾ ਤੋੜੇ ਝੂਠੇ ਸਾਕ, ਮੜ੍ਹੀ ਗੋਰ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਕੂੜ ਕੂੜਿਆਰਾ ਕਾਲਾ, ਚਾਰੋਂ ਕੁੰਟ ਪਸਾਰਿਆ । ਮੁੱਲਾਂ ਸ਼ੇਖ਼ ਮਸਾਇਕ ਪੀਰ ਗਲ ਤਸਬੀ ਪਾਇਣ ਮਾਲਾ, ਹੱਕ ਹਕੀਕਤ ਨਾ ਕੋਈ ਵਿਚਾਰਿਆ । ਹੱਥ ਮਸਲਾ ਬਗਲ ਕੁਰਾਨਾ, ਦੀਨ ਈਮਾਨਾ ਭੇਵ ਨਾ ਪਾ ਰਿਹਾ । ਪਰਗਟ ਹੋਏ ਹਰਿ ਮਿਹਰਵਾਨਾ, ਇਕ ਨਿਸ਼ਾਨਾ ਤੀਰ ਚਲਾ ਰਿਹਾ । ਜੋਧਾ ਸੂਰ ਬਲੀ ਬਲਵਾਨਾ, ਹਰਿ ਸ਼ਬਦੀ ਇਕ ਅਖਵਾ ਰਿਹਾ । ਪੀਰ ਫ਼ਕੀਰ ਸ਼ਾਹ ਹਕੀਰ ਮਾਰੇ ਜਗਤ ਅਫਗਾਨਾ, ਸਦੀ ਚੌਧਵੀਂ ਫੇਰਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਰੂਪ ਵਟਾ ਰਿਹਾ । ਕਲਜੁਗ ਤੇਰਾ ਤੇਰਾ ਰੰਗ, ਹਰਿ ਹਰਿ ਆਪ ਵਖਾਨਿਆ । ਨਾਨਕ ਗੁਰ ਵਜਾਏ ਸਚ ਮਰਦੰਗ, ਮੇਲ ਮਿਲਾਏ ਇਕ ਮਰਦਾਨਿਆ । ਸ਼ਬਦ ਘੋੜੇ ਕੱਸਿਆ ਤੰਗ, ਫੇਰੀ ਪਾਏ ਦੋ ਜਹਾਨਿਆ । ਗਊ ਗ਼ਰੀਬਾਂ ਕਟੇ ਭੁੱਖ ਨੰਗ, ਦੇਵੇ ਨਾਮ ਸਤਿ ਇਕ ਤਰਾਨਿਆ । ਏਕਾ ਮੰਗਣ ਧੁਰਦਰਗਾਹੀ ਦਾਤਾ ਰਿਹਾ ਮੰਗ, ਹਰਿ ਸ਼ਬਦ ਸੱਚਾ ਤਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਕਰੇ ਪਰਵਾਨਿਆ । ਨਾਨਕ ਗੁਰ ਹਰਿ ਉਪਾ, ਆਪਣਾ ਭੇਵ ਖੁਲ੍ਹਾਇਆ । ਆਪ ਆਪਣਾ ਦਰ ਬੁਲਾ, ਆਪ ਆਪਣਾ ਸੰਗ ਨਿਭਾਇਆ । ਅਕਾਲ ਮੂਰਤ ਆਪ ਅਖਵਾ, ਆਪ ਆਪਣਾ ਵੇਸ ਵਟਾਇਆ । ਸਚ ਪਰਕਾਸ਼ ਹਰਿ ਕਰਾ, ਇਕ ਗਿਆਨ ਦ੍ਰਿੜਾਇਆ । ਸਾਚਾ ਨਾਮ ਝੋਲੀ ਪਾ, ਗੁਰ ਮੰਤਰ ਇਹ ਸਮਝਾਇਆ । ਨਾਮ ਸਤਿ ਸ੍ਰਿਸ਼ਟ ਦਾਤਾ, ਚਾਰ ਵਰਨਾਂ ਵੇਖ ਵਖਾਇਆ । ਨਾਨਕ ਗੁਰ ਬੈਠਾ ਸੀਸ ਝੁਕਾ, ਪਾਰਬ੍ਰਹਮ ਤੇਰੀ ਸਚ ਸੱਚੀ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਚਨ ਅਲਾਇਆ । ਸੋ ਪੁਰਖ ਹੋ ਮਿਹਰਵਾਨ, ਨਾਨਕ ਗੁਰ ਜਣਾਇੰਦਾ । ਸੋ ਪੁਰਖ ਹਰਿ ਭਗਵਾਨ, ਸਤਿ ਸਰੂਪ ਸਮਾਇੰਦਾ । ਹੰ ਜੀਵ ਜਗਤ ਸ਼ੈਤਾਨ, ਆਪਣਾ ਅੰਗ ਕਟਾਇੰਦਾ । ਸੋਹੰ ਸ਼ਬਦ ਕਰ ਪਰਵਾਨ, ਤੇਰਾ ਮੇਰਾ ਭੇਵ ਚੁਕਾਇੰਦਾ । ਏਕਾ ਰੂਪ ਏਕਾ ਨੂਰ ਏਕਾ ਜੋਤ ਇਕ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨਿਰਗੁਣ ਵੇਖ ਵਖਾਇੰਦਾ । ਨਾਨਕ ਨਿਰਗੁਣ ਮੇਲ ਮਿਲਾ, ਸਰਗੁਣ ਜੋਤ ਜਗਾਈਆ । ਸਰਗੁਣ ਵੇਖੇ ਸਾਚੇ ਥਾਂ, ਲੋਕਮਾਤ ਫੇਰਾ ਪਾਈਆ । ਹਰਿਜਨ ਸਾਚੇ ਲਏ ਜਗਾ, ਆਪ ਆਪਣੀ ਦਇਆ ਕਮਾਈਆ । ਮੂਰਖ ਮੂੜ੍ਹ ਲਏ ਸਮਝਾ, ਏਕਾ ਸ਼ਬਦ ਜਣਾਈਆ । ਸਚ ਸਤਾਰ ਰਿਹਾ ਵਜਾ, ਅਹਿਬਾਬ ਰਬਾਬ ਇਕ ਫੜਾਈਆ । ਏਕਾ ਰਾਗ ਰਿਹਾ ਅਲ੍ਹਾ, ਧੁਨ ਆਤਮਕ ਇਕ ਜਣਾਈਆ । ਏਕਾ ਮਾਰਗ ਰਿਹਾ ਵਖਾ, ਚਾਰ ਵਰਨ ਵੱਡੀ ਵਡਿਆਈਆ । ਜ਼ਾਤ ਪਾਤ ਕੋਈ ਦਿਸੇ ਨਾ, ਵਰਨ ਗੋਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਈਆ । ਨਾਨਕ ਗੁਰ ਜਗਤ ਸਮਝਾ, ਚਾਰੋਂ ਕੁੰਟ ਫੇਰਾ ਪਾਇਆ । ਮੂਰਖ ਮੁਗਧ ਕੋਈ ਜਾਣੇ ਨਾ, ਗੁਰਮੁਖ ਸਾਚੇ ਲਏ ਤਰਾਇਆ । ਸਤਿਗੁਰ ਪੂਰੇ ਰੰਗ ਸਾਚਾ ਕੋਈ ਮਾਣੇ ਨਾ, ਨਿੰਦਕ ਨਿੰਦਿਆ ਮੁਖ ਲਗਾਇਆ । ਚਲੇ ਚਲਾਏ ਕੋਈ ਸਾਚੇ ਭਾਣੇ ਨਾ, ਹਰਿ ਭਾਣਾ ਮੂਲ ਨਾ ਭਾਇਆ । ਰਾਜਾ ਰਾਣਾ ਕੋਈ ਪਛਾਣੇ ਨਾ, ਬੰਦੀਖਾਨੇ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਮੇਲ ਕਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਾਚੇ ਅੰਦਰ ਮੰਦਰ ਮੇਲ ਮਿਲਾਇਆ । ਨਾਨਕ ਗੁਰ ਸਾਚਾ ਮੇਲਾ, ਹਰਿ ਆਪਣਾ

੨੬੦ ੦੨

ਆਪ ਕਰਾਇੰਦਾ । ਆਪੇ ਹੋਇਆ ਸੱਜਣ ਸੁਹੇਲਾ, ਸਾਚਾ ਸੰਗ ਨਿਭਾਇੰਦਾ । ਆਪੇ ਵਸਿਆ ਸਦਾ ਅਕੇਲਾ, ਸਗਲਾ ਸੰਗ ਰਖਾਇੰਦਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਅਭੇਵ ਭੇਦ ਨਾ ਕੋਈ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਇਹ ਸਮਝਾਇੰਦਾ । ਨਾਨਕ ਗੁਰ ਚਾਰ ਕੁੰਟ ਦਹਿ ਦਿਸ਼ਾ, ਏਕਾ ਨਾਮ ਦ੍ਰਿੜ੍ਹਾਇੰਦਾ । ਗੁਰਮੁਖ ਸਾਚੇ ਪਾਇਆ ਹਿੱਸਾ, ਰਿਖ ਮੁਨ ਮੁਖ ਛੁਪਾਇੰਦਾ । ਦਰ ਦਰਬਾਰ ਸਚ ਘਰ ਬਾਰ ਕਿਸੇ ਨਾ ਦਿਸਾ, ਮੂਰਖ ਮੂੜ੍ਹੇ ਮਾਇਆ ਧੰਦੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਸਾਚਾ ਮੇਲ ਹਰਿ, ਹਰਿ ਸਾਚਾ ਮੇਲ ਮਿਲਾਇੰਦਾ । ਸਤਿਗੁਰ ਨਾਨਕ ਸਤਿ ਸਮਾ, ਸਤਿਗੁਰ ਰੂਪ ਵਟਾਇਆ । ਪੁਰਖ ਅਬਿਨਾਸ਼ੀ ਰਿਹਾ ਜਣਾ, ਤੇਰਾ ਮੇਰਾ ਭੇਵ ਨਾ ਰਾਇਆ । ਵੇਖ ਵਖਾਣੇ ਸਭਨੀ ਥਾਂ, ਗਗਨ ਪਤਾਲਾਂ ਫੇਰਾ ਪਾਇਆ । ਤ੍ਰੈਗੁਣ ਅਗਨੀ ਦਿਆਂ ਬੁਝਾ, ਪੰਜ ਤਤ ਸਾਂਤਕ ਸਤਿ ਵਖਾਇਆ । ਆਦਿ ਨਿਰੰਜਣ ਜੋਤ ਜਗਾ, ਜੁਗ ਜੁਗ ਮੇਲ ਮਿਲਾਇਆ । ਸਾਚੀ ਮੰਗੀ ਮੰਗ ਹਰਿ ਦਵਾਰ, ਹਰਿ ਦੇਵੇ ਝੋਲੀ ਪਾਇਆ । ਸਤਿਗੁਰ ਨਾਨਕ ਏਕਾ ਸ਼ਬਦ ਰਿਹਾ ਜਣਾ, ਪ੍ਰਭ ਸਾਚੇ ਹੋਏ ਸਹਾਇਆ । ਕਲਜੁਗ ਕੂੜ ਕੁੜਿਆਰਾ ਰਿਹਾ ਛਾ, ਸਚ ਸੁੱਚ ਦਿਸ ਨਾ ਆਇਆ, ਪੁਰਖ ਅਬਿਨਾਸ਼ੀ ਰਿਹਾ ਜਣਾ । ਆਪਣਾ ਲੇਖਾ ਆਪਣੇ ਹੱਥ ਰਖਾਇਆ, ਤੇਰੀ ਜੋਤੀ ਜੋਤ ਦਏ ਜਗਾ, ਜਾਗਰਤ ਜੋਤ ਇਕ ਵਖਾਇਆ । ਗੁਰ ਗੋਬਿੰਦੇ ਲੜ ਦਏ ਫੜਾ, ਏਕਾ ਮਾਰਗ ਦਏ ਵਖਾਇਆ । ਗੁਣੀ ਗਹਿੰਦੇ ਖੇਲ ਰਚਾ, ਆਪ ਆਪਣਾ ਮੂਲ ਚੁਕਾਇਆ । ਮਾਛੂਵਾੜੇ ਸੱਥਰ ਵਿਛਾ, ਇਕ ਸੁਨੇਹੜਾ ਰਿਹਾ ਘਲਾਇਆ । ਮਿੱਤਰ ਪਿਆਰੇ ਤੇਰਾ ਥਾਂ, ਸੂਲਾਂ ਸੇਜ ਹੰਢਾਇਆ । ਨਾਨਕ ਜੋਤੀ ਲਈ ਜਗਾ, ਗੋਬਿੰਦ ਵੇਖ ਵਖਾਇਆ । ਗੋਬਿੰਦ ਮੇਲਾ ਬੇਪਰਵਾਹ, ਭੇਵ ਕੋਈ ਨਾ ਪਾਇਆ । ਤੇਰਾ ਲਹਿਣਾ ਤੇਰੀ ਝੋਲੀ ਪਾ, ਤੇਰਾ ਸੰਗ ਰਖਾਇਆ । ਬਸਤਰ ਗਹਿਣਾ ਤਨ ਛੁਹਾ, ਸਚ ਸ਼ੰਗਾਰ ਵਖਾਇਆ । ਨੇਤਰ ਨੈਣਾਂ ਦਰਸ ਦਿਖਾ, ਅਕਾਲ ਮੂਰਤ ਰਘੁਰਾਇਆ । ਨਾ ਕੋਈ ਦੂਸਰ ਇਸ਼ਟ ਲਿਆ ਧਿਆ, ਬ੍ਰਹਮਾ ਵਿਸ਼ਨ ਸ਼ਿਵ ਗਣੇਸ਼ ਨਾ ਕੋਈ ਮਨਾਇਆ । ਸਾਰੀ ਸ੍ਰਿਸ਼ਟ ਵੇਖ ਵਖਾ, ਤੇਰਾ ਲੜ ਬੰਧਾਇਆ । ਕੂੜ ਕੁੜਿਆਰਾ ਪਕੜਨਹਾਰਾ ਬਾਂਹ, ਚਾਰੋਂ ਕੁੰਟਾਂ ਹੋਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਨਾਨਕ ਗੁਰ ਮੇਲ ਮਿਲਾਇਆ । ਪਾਰਬ੍ਰਹਮ ਪ੍ਰਭ ਕਰਨੇਹਾਰਾ, ਨਾਨਕ ਗੁਰ ਸਮਝਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਤੇਰਾ ਮੇਰਾ ਰੂਪ ਵਟਾਇੰਦਾ । ਇਕ ਅਕੱਲਾ ਏਕੰਕਾਰਾ, ਅਕਲ ਕਲਾ ਸਮਾਇੰਦਾ । ਕਲਜੁਗ ਅੰਤਮ ਹੋਏ ਧੁੰਧੂਕਾਰਾ, ਸੰਗ ਮੁਹੰਮਦ ਵੇਖ ਵਖਾਇੰਦਾ । ਸਦੀ ਚੌਧਵੀ ਮਾਰੇ ਮਾਰਾ, ਨਾਮ ਖੰਡਾ ਇਕ ਰਖਾਇੰਦਾ । ਪਰਗਟੇ ਜੋਤ ਨਿਹਕਲੰਕ ਨਰਾਇਣ ਨਰ ਅਵਤਾਰਾ, ਵਰਨ ਗੋਤ ਨਾ ਕੋਈ ਰਖਾਇੰਦਾ । ਗੁਰ ਗੋਬਿੰਦ ਮਿਲਿਆ ਸਚ ਦੁਲਾਰਾ, ਘਰ ਸਾਚੇ ਆਪ ਸੁਹਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਉਚ ਮਹੱਲੇ ਚੜ੍ਹੇ ਅਟੱਲ ਮੁਨਾਰਾ, ਨਿਰਗੁਣ ਵੇਖ ਵਖਾਇੰਦਾ । ਵੀਹ ਸੌ ਬਿਕ੍ਰਮੀ ਆਪ ਕਰਾਏ ਆਪਣੀ ਕਾਰਾ, ਲੇਖਾ ਆਪਣਾ ਹੱਥ ਰਖਾਇੰਦਾ । ਸੰਮਤ ਚੌਦਾਂ ਦਏ ਹੁਲਾਰਾ, ਚੌਦਸ ਚੌਦਾਂ ਫੇਰਾ ਪਾਇੰਦਾ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾ ਕਰੇ ਖ਼ਬਰਦਾਰਾ, ਸੋਏ ਕੋਇ ਰਹਿਣ ਨਾ ਪਾਇੰਦਾ । ਸਾਧਾ ਸੰਤਾਂ ਦਏ ਹੁਲਾਰਾ, ਗੁਰੂਆਂ ਪੀਰਾਂ ਆਪ ਉਠਾਇੰਦਾ । ਵੇਦ ਪੁਰਾਨਾ ਕਰੇ ਵਿਚਾਰਾ, ਵੇਦ ਪੁਰਾਨੀ ਆਪ ਅਖਵਾਇੰਦਾ । ਅੰਜੀਲ ਕੁਰਾਨਾ ਕਰੇ ਕਿਨਾਰਾ, ਕਲਜੁਗ ਵੇਲਾ ਅੰਤਮ ਆਇੰਦਾ ।

੨੬੧
੦੭

ਖਾਣੀ ਬਾਣੀ ਜਗਤ ਸਹਾਰਾ, ਹਰਿ ਸਾਚੀ ਸੇਵਾ ਲਾਇੰਦਾ। ਚਾਰ ਵਰਨ ਸੁਹਾਏ ਇਕ ਦਵਾਰਾ, ਏਕਾ ਧਾਮ ਰਖਾਇੰਦਾ। ਜ਼ਾਤ ਪਾਤ ਨਾ ਕੋਈ ਵਿਚਾਰਾ, ਊਚ ਨੀਚ ਨਾ ਵੇਖ ਵਖਾਇੰਦਾ। ਵੀਹ ਸੌ ਪੰਦਰਾਂ ਬਿਕ੍ਰਮੀ ਸ੍ਰਿਸ਼ਟ ਸਬਾਈ ਦਏ ਹੁਲਾਰਾ, ਆਪ ਆਪਣੀ ਕਲ ਵਰਤਾਇੰਦਾ। ਸ਼ਬਦ ਗੁਰ ਲੈ ਅਵਤਾਰਾ, ਗੋਬਿੰਦ ਨਾਉਂ ਧਰਾਇੰਦਾ। ਪੰਜ ਤਤ ਨਾ ਕੋਈ ਅਕਾਰਾ, ਹੱਡ ਮਾਸ ਨਾੜੀ ਰੱਤ ਨਾ ਕੋਈ ਵਖਾਇੰਦਾ। ਸ਼ਬਦ ਖੰਡਾ ਤੇਜ਼ ਕਟਾਰਾ, ਆਪਣੇ ਹੱਥ ਉਠਾਇੰਦਾ। ਸਚਖੰਡ ਹਰਿ ਪਾਵੇ ਸਾਰਾ, ਪਹਿਲੀ ਚੇਤਰ ਜੋਤ ਜਗਾਇੰਦਾ। ਦੂਜਾ ਤੀਜਾ ਇਕ ਦਵਾਰਾ, ਚੌਥੇ ਪਦ ਸਮਾਇੰਦਾ। ਪੰਚਮ ਮੇਲਾ ਹਰਿ ਨਿਰੰਕਾਰਾ, ਨਿਰਗੁਣ ਵੇਖ ਵਖਾਇੰਦਾ। ਛੇਵੇਂ ਛੱਪਰ ਛੰਨ ਨਾ ਕੋਈ ਪਸਾਰਾ, ਚਾਰ ਦਿਵਾਰ ਨਾ ਕੋਈ ਰਖਾਇੰਦਾ। ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਾ ਗੁਰੂਦਵਾਰਾ, ਨਿਰਮਲ ਜੋਤੀ ਜੋਤ ਪਰਕਾਸ਼ ਕਰਾਇੰਦਾ। ਸੱਤਵੇਂ ਸਤਿ ਪੁਰਖ ਨਿਰੰਜਣ ਖੇਲ ਅਪਰ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਇੰਦਾ। ਅੱਠਾਂ ਤੱਤਾਂ ਵਸੇ ਬਾਹਰਾ, ਆਪ ਆਪਣਾ ਮੁਖ ਛੁਪਾਇੰਦਾ। ਨੌਂ ਦਵਾਰੇ ਜਗਤ ਗਵਾਰਾ, ਤਨ ਕੁਹਾੜਾ ਆਪ ਲਗਾਇੰਦਾ। ਗੁਰਮੁਖ ਮੇਲਾ ਦਸਮ ਦਵਾਰਾ, ਆਤਮ ਸੇਜਾ ਇਕ ਸੁਹਾਇੰਦਾ। ਸਾਚਾ ਮੇਲਾ ਕੰਤ ਭਤਾਰਾ, ਕੰਤ ਸੁਹਾਗ ਇਕ ਹੰਢਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ। ਨਾਨਕ ਗੁਰ ਲੇਖ ਲਿਖਾ, ਏਕਾ ਅਲਖ ਜਗਾਈਆ। ਪੁਰਖ ਅਬਿਨਾਸ਼ੀ ਫੇਰਾ ਦੇਵੇ ਪਾ, ਲੋਕਮਾਤ ਵੇਖ ਵਖਾਈਆ। ਏਕਾ ਡੰਕਾ ਦਏ ਵਜਾ, ਸੋਹੰ ਸਾਚਾ ਜਾਪ ਜਪਾਈਆ। ਰਾਓ ਰੰਕਾਂ ਰਿਹਾ ਸਮਝਾ, ਭੁੱਲ ਰਹੇ ਨਾ ਰਾਈਆ। ਲੰਕਾ ਗੜ੍ਹ ਹੰਕਾਰੀ ਦਏ ਤੁੜਾ, ਪੰਦਰਾਂ ਕੱਤਕ ਚਰਨ ਛੁਹਾਈਆ। ਰਾਸ਼ਟਰਪਤ ਲੜ ਦਏ ਫੜਾ, ਸੁਰਤ ਸਵਾਣੀ ਲਏ ਉਠਾਈਆ। ਧਾਮ ਸੁਹੰਜਣਾ ਵੇਖ ਵਖਾ, ਪਟਨੇ ਜੋਤ ਕਰੇ ਰੁਸ਼ਨਾਈਆ। ਪਹਿਲੀ ਕੱਤਕ ਲੇਖਾ ਦਏ ਲਿਖਾ, ਵੀਹ ਸੌ ਪੰਦਰਾਂ ਬਿਕ੍ਰਮੀ ਰਹੀ ਕੁਰਲਾਈਆ। ਪੰਥ ਖਾਲਸਾ ਭੁੱਲ ਰਹੇ ਨਾ ਰਾ, ਨਿਹਕਲੰਕ ਜੋਤ ਕਰੇ ਰੁਸ਼ਨਾਈਆ। ਘਰ ਘਰ ਡੰਕਾ ਦਏ ਵਜਾ, ਪੰਜ ਤਤ ਦਏ ਉਠਾਈਆ। ਵਾਸੀ ਪੁਰੀ ਘਨਕਾ ਆਪ ਅਖਵਾ, ਕਾਹਨਾ ਕ੍ਰਿਸ਼ਨਾ ਰੂਪ ਅਖਵਾਈਆ। ਗੁਰਮੁਖ ਸਾਚੇ ਜਨਕਾ ਲਏ ਜਗਾ, ਜੁਗ ਜੁਗ ਵੱਡੀ ਵਡਿਆਈਆ। ਮਨ ਕਾ ਮਨਕਾ ਦਏ ਫਿਰਾ, ਮਾਣ ਅਭਮਾਣ ਤੋੜ ਤੁੜਾਈਆ। ਸੰਮਤ ਸੋਲਾਂ ਲੇਖਾ ਦਏ ਮੁੱਕਾ, ਹਾੜ ਸਤਾਰਾਂ ਵੱਜੇ ਵਧਾਈਆ। ਸ੍ਰਿਸ਼ਟ ਸਬਾਈ ਚਰਨ ਦਵਾਰਾ ਤੱਕਣਾ ਰਾਹ, ਨਿਰਗੁਣ ਜੋਤ ਕਰੇ ਰੁਸ਼ਨਾਈਆ। ਸਾਧਾਂ ਸੰਤਾਂ ਆਤਮ ਹੋਏ ਸੱਖਣਾ ਚਾਰੋਂ ਕੁੰਟ ਰੋਵਣ ਮਾਰਨ ਧਾ, ਜਮਨ ਕਿਨਾਰਾ ਦਏ ਵਖਾਈਆ। ਗੁਰ ਸਤਿਗੁਰ ਪੂਰਾ ਗੁਰਮੁਖਾਂ ਪਕੜੇ ਆਪੇ ਬਾਂਹ, ਅੰਦਰ ਮੰਦਰ ਮੇਲ ਮਿਲਾਈਆ। ਸਦਾ ਸੁਹੇਲਾ ਦੇਵੇ ਠੰਡੀ ਛਾਂ, ਜੁਗ ਜੁਗ ਵੱਡੀ ਵਡਿਆਈਆ। ਫੜ ਫੜ ਹੰਸ ਬਣਾਏ ਕਾਂ, ਜੋ ਜਨ ਰਹੇ ਸਰਨਾਈਆ। ਆਪੇ ਪਿਤਾ ਆਪੇ ਮਾਂ, ਗੁਰਮੁਖ ਬਾਲ ਅਵਾਣੇ ਗੋਦ ਉਠਾਈਆ। ਮਨਮੁਖ ਜੀਵ ਕੋਈ ਜਾਣੇ ਨਾ, ਮਾਇਆ ਪੜਦਾ ਏਕਾ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੇਵਕ ਸੇਵਾ ਰਿਹਾ ਕਮਾਈਆ। ਹਰਿ ਸੇਵਕ ਸੇਵਾਦਾਰ, ਜੁਗ ਜੁਗ ਆਪ ਅਖਵਾਇਆ। ਜਨ ਭਗਤਾਂ ਪਹਿਰੇਦਾਰ, ਦਿਵਸ ਰੈਣ ਵੇਖ ਵਖਾਇਆ। ਕਲਜੁਗ ਤੇਰੀ ਅੰਤਮ ਵਾਰ, ਸਾਕ ਸੈਣ ਸਰਬ ਤਜਾਇਆ। ਜੋਤੀ ਜਾਮਾ ਭੇਖ ਨਿਆਰ, ਆਪ ਆਪਣਾ ਵੇਸ ਵਟਾਇਆ। ਗੁਰਮੁਖ ਸਾਜਣ ਮੀਤ ਮੁਰਾਰ, ਮੀਤ ਮੁਰਾਰਾ ਲਏ ਮਿਲਾਇਆ। ਗੀਤ ਸੁਹਾਗੀ ਗਾਏ ਸਭਾਗੀ ਨਾਰ, ਜਿਸ

ਹਰਿ ਕੰਤ ਕੰਤੂਹਲਾ ਪਾਇਆ । ਆਤਮ ਸੋਈ ਜਾਗੀ ਵਿਚ ਸੰਸਾਰ, ਜਿਸ ਜਨ ਆਪਣੀ ਦਇਆ ਕਮਾਇਆ । ਇਕ ਵੈਰਾਗੀ ਗੁਰਚਰਨ ਪਿਆਰ, ਦੂਜਾ ਥਾਨ ਨਾ ਕੋਈ ਵਖਾਇਆ । ਮਜਨ ਮਾਘੀ ਅਪਰ ਅਪਾਰ, ਦੁਰਮਤ ਮੈਲ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ ਕਰਤਾਰਾ, ਆਪਣਾ ਆਪ ਕਰਾਇੰਦਾ । ਨੂਰੋ ਨੂਰ ਨੂਰ ਕਰ ਉਜਿਆਰਾ, ਨੂਰੋ ਨੂਰ ਦਰਸਾਇੰਦਾ । ਕੂੜ ਕੂੜਾ ਮੇਟੇ ਪਸਰ ਪਸਾਰਾ, ਕੂੜੀ ਕਿਰਿਆ ਰਹਿਣ ਨਾ ਪਾਇੰਦਾ । ਬੀਸ ਬੀਸਾ ਖੇਲੇ ਖੇਲ ਅਪਰ ਅਪਾਰਾ, ਜਗਤ ਜਗਦੀਸਾ ਆਪ ਅਖਵਾਇੰਦਾ । ਨੌਂ ਖੰਡ ਪ੍ਰਿਥਮੀ ਬੰਨੇ ਏਕਾ ਧਾਰਾ, ਸੱਤਾਂ ਦੀਪਾਂ ਏਕਾ ਰੰਗ ਰੰਗਾਇੰਦਾ । ਇਕ ਸ਼ਬਦ ਇਕ ਜੈਕਾਰਾ, ਏਕਾ ਨਾਉਂ ਅਲਾਇੰਦਾ । ਏਕਾ ਵਣਜ ਇਕ ਵਪਾਰਾ, ਏਕਾ ਵਸਤ ਝੋਲੀ ਪਾਇੰਦਾ । ਏਕਾ ਹੱਟ ਇਕ ਵਣਜਾਰਾ, ਏਕਾ ਨਾਮ ਵਖਾਇੰਦਾ । ਏਕਾ ਤਟ ਇਕ ਕਿਨਾਰਾ, ਸਰ ਸਰੋਵਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵਣਹਾਰਾ ਵਰ, ਜੁਗ ਜੁਗ ਆਪ ਅਖਵਾਇੰਦਾ । ਹਰਿਜਨ ਸਾਚੇ ਸਾਚਾ ਲਹਿਣਾ, ਜੁਗ ਜੁਗ ਝੋਲੀ ਪਾਇਆ । ਨੇਤਰ ਲੋਚਣ ਦਰਸ਼ਨ ਨੈਣਾਂ, ਆਤਮ ਤ੍ਰਿਸ਼ਨ ਮਿਟਾਇਆ । ਸ਼ਬਦ ਬਸਤਰ ਤਨ ਪਾਏ ਗਹਿਣਾ, ਸੋਲਾਂ ਸ਼ੰਗਾਰ ਕਰਾਇਆ । ਸਾਧ ਸੰਗਤ ਸਚ ਸਾਚੀ ਬਹਿਣਾ, ਏਕਾ ਨਾਮ ਦ੍ਰਿੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਨਾਮ ਧਰਾਇਆ । ਨਿਹਕਲੰਕ ਹਰਿ ਕਰਤਾਰਾ, ਕਰਤਾ ਪੁਰਖ ਅਖਵਾਈਆ । ਕਲਜੁਗ ਅੰਤਮ ਲਏ ਅਵਤਾਰਾ, ਗੁਰਮੁਖਾਂ ਰਿਹਾ ਉਠਾਈਆ । ਸ਼ਬਦੀ ਸ਼ਬਦ ਕਰੇ ਜੈਕਾਰਾ, ਸ਼ਬਦੀ ਨਾਦ ਵਜਾਈਆ । ਜੋਤੀ ਜੋਤ ਜੋਤ ਉਜਿਆਰਾ, ਜੋਤ ਨੂਰ ਕਰੇ ਰੁਸ਼ਨਾਈਆ । ਸਾਚਾ ਅਸਵ ਕਰ ਤਿਆਰਾ, ਸੋਲਾਂ ਕਲੀਆਂ ਆਸਣ ਪਾਈਆ । ਸ਼ਸਤਰ ਬਸਤਰ ਅਪਰ ਅਪਾਰਾ, ਆਪ ਆਪਣਾ ਰਿਹਾ ਉਠਾਈਆ । ਕਲਗੀ ਤੋੜਾ ਸੀਸ ਦਸਤਾਰਾ, ਜੋਤੀ ਜੋੜਾ ਜੋੜ ਜੁੜਾਈਆ । ਗੁਰ ਸ਼ਬਦ ਸ਼ਬਦ ਗੁਰ ਜੁਗ ਜੁਗ ਅਵਤਾਰਾ, ਨਾ ਮਰੇ ਨਾ ਜਾਈਆ । ਆਦਿ ਪੁਰਖ ਅਕਾਲ ਮੂਰਤ ਪੀਆ ਪਿਆਰਾ, ਸ਼ਬਦ ਗੋਬਿੰਦ ਨਾਮ ਧਰਾਈਆ । ਸੰਬਲ ਨਗਰੀ ਧਾਮ ਨਿਆਰਾ, ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਈਆ ।

ਚਰਨ ਕਵਲ ਜਨ ਨਾਤਾ ਜੋੜ, ਗੁਰਮੁਖ ਮੇਲ ਮਿਲਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਚਾ ਧਾਮ ਸੁਹਾਇੰਦਾ । ਧੁਰਦਰਗਾਹੀ ਆਇਆ ਦੌੜ, ਲੋਕਮਾਤ ਵੇਖ ਵਖਾਇੰਦਾ । ਵੇਖੇ ਪਰਖੇ ਮਿਠਾ ਕੌੜ, ਸ਼ਬਦ ਹਥੌੜਾ ਹੱਥ ਉਠਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜ, ਵਰਨ ਅਵਰਨਾ ਵੇਖ ਵਖਾਇੰਦਾ । ਦੋ ਜਹਾਨਾਂ ਲਾਏ ਏਕਾ ਪੌੜ, ਏਕਾ ਡੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਮੇਲਾ ਸਚ ਦਰਗਾਹ, ਗੁਰ ਸਤਿਗੁਰ ਆਪ ਕਰਾਇਆ । ਗੁਰ ਸ਼ਬਦੀ ਬਣਿਆ ਜਗਤ ਮਲਾਹ, ਜਨ ਬੇੜਾ ਬੰਨੇ ਲਾਇਆ । ਏਕਾ ਨਾਮ ਰਿਹਾ ਜਪਾ, ਅਕਾਲ ਮੂਰਤ ਦਰਸਾਇਆ । ਪੰਜ ਤਤ ਨਾ ਕੋਈ ਵਖਾ, ਮੜ੍ਹੀ ਗੋਰ ਨਾ ਕੋਈ ਮਨਾਇਆ । ਸਾਚਾ

ਇਸ਼ਟ ਲਿਆ ਉਪਾ, ਸਚ ਸੱਚੀ ਬਖ਼ਸ਼ੇ ਸਰਨਾਇਆ । ਨਿਰਮਲ ਦੀਪਕ ਜੋਤ ਜਗਾ, ਘਰ ਘਰ ਕਰੇ ਰੁਸ਼ਨਾਇਆ । ਘਰ ਮੰਦਰ ਘਰ ਡੇਰਾ ਲਾ, ਘਰ ਖੇਲੇ ਸਹਿਜ ਸਭਾਇਆ । ਧੁਨ ਅਨਾਦੀ ਇਕ ਸੁਣਾ, ਬ੍ਰਹਿਮਾਦੀ ਖੋਜ ਖੁਜਾਇਆ । ਆਦਿ ਜੁਗਾਦੀ ਮੇਲ ਮਿਲਾ, ਜੁਗ ਵਿਛੜੇ ਜਗ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਵੇਖ ਵਖਾਇਆ । ਹਰਿ ਸਾਜਨ ਹਰਿ ਮੀਤੜਾ, ਪਾਰਬ੍ਰਹਮ ਕਰਤਾਰ । ਗੁਰਸਿਖ ਰੰਗੇ ਕਾਇਆ ਚੀਥੜਾ, ਨਾਮ ਮਜੀਠੀ ਅਪਰ ਅਪਾਰ । ਕਾਇਆ ਕਰੇ ਠੰਡੀ ਸੀਤੜਾ, ਅੰਮ੍ਰਿਤ ਦੇਵੇ ਠੰਡੀ ਠਾਰ । ਮਿਠਾ ਕਰੇ ਕੌੜਾ ਰੀਠੜਾ, ਆਪ ਆਪਣੀ ਕਿਰਪਾ ਧਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਦਿਸ ਆਏ ਨਾ ਵਿਚ ਸੰਸਾਰ । ਆਪ ਆਪਣੇ ਜੇਹਾ ਗੁਰਮੁਖ ਸਾਜਨ ਹਰਿ ਹਰਿ ਕੀਤੜਾ, ਏਕਾ ਦੂਜਾ ਭੌ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਕੰਤ ਭਤਾਰ । ਹਰਿਜਨ ਮੇਲਾ ਕੰਤ ਭਤਾਰਾ, ਆਤਮ ਸੇਜ ਵਿਛਾਈਆ । ਸ਼ਬਦ ਸਿੰਘਾਸਣ ਕਰ ਤਿਆਰਾ, ਬੈਠਾ ਆਸਣ ਲਾਈਆ । ਆਪ ਆਪਣਾ ਕਰੇ ਪਿਆਰਾ, ਗੁਰਮੁਖਾਂ ਰਾਹ ਤਕਾਈਆ । ਆਪੇ ਖੋਲ੍ਹੇ ਬੰਦ ਕਿਵਾੜਾ, ਅੰਦਰ ਮੰਦਰ ਕੁੰਡਾ ਲਾਹੀਆ । ਮੇਟ ਮਿਟਾਏ ਪੰਚਮ ਧਾੜਾ, ਪੰਚਮ ਮੁਖ ਭਵਾਈਆ । ਬਹੱਤਰ ਨਾੜੀ ਵੱਜੇ ਤਾੜਾ, ਅਨਹਦ ਰਾਗ ਅਲਾਈਆ । ਸਾਚੀ ਸਖੀਆਂ ਮੇਲਾ ਧਰਮ ਅਖਾੜਾ, ਕਰਮ ਖੰਡ ਜਣਾਈਆ । ਗੁਰਮੁਖ ਸਾਜਨ ਸੋਹੇ ਬੰਕ ਦਵਾਰਾ, ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਵੇਖ ਵਖਾਈਆ । ਗੁਰਮੁਖ ਸਾਜਣ ਵਰ ਘਰ ਪਾਇਆ, ਆਤਮ ਵੱਜੀ ਵਧਾਈਆ । ਗੁਰ ਸ਼ਬਦੀ ਸਾਚਾ ਸਗਨ ਮਨਾਇਆ, ਰਸਨਾ ਜਿਹਵਾ ਹਰਿ ਹਰਿ ਗਾਈਆ । ਕੌਸਤਕ ਮਣੀਆ ਮਸਤਕ ਥੇਵਾ ਇਕ ਲਗਾਇਆ, ਜੋਤ ਲਿਲਾਟੀ ਰਿਹਾ ਜਗਾਈਆ । ਸਾਚੀ ਸੇਵਾ ਆਪ ਕਮਾਇਆ, ਸੇਵਕ ਸੇਵਾਦਾਰ ਅਖਵਾਈਆ । ਕਲਜੁਗ ਅੰਤਮ ਫੇਰਾ ਪਾਇਆ, ਹਰਿ ਗੋਬਿੰਦ ਰੂਪ ਵਟਾਈਆ । ਆਦਿ ਨਿਰੰਜਣ ਅਲਖ ਅਭੇਵਾ ਦਿਸ ਨਾ ਆਇਆ, ਨਿਰਗੁਣ ਸਰਗੁਣ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਮੇਲਾ ਬੇਪਰਵਾਹੀਆ । ਦਰ ਮੇਲਾ ਘਰ ਮੇਲਿਆ, ਧੰਨ ਸਬਾਈ ਰੈਣ । ਆਪੇ ਗੁਰੂ ਗੁਰੂ ਗੁਰ ਚੇਲਿਆ, ਆਪੇ ਵੇਖੇ ਆਪਣੇ ਨੈਣ । ਆਪੇ ਹੋਇਆ ਸੱਜਣ ਸੁਹੇਲਿਆ, ਆਪ ਚੁਕਾਏ ਲਹਿਣ ਦੇਣ । ਆਪਣਾ ਖੇਲ ਆਪੇ ਖੇਲਿਆ, ਆਪ ਵਹਾਏ ਆਪਣਾ ਵਹਿਣ । ਜਨ ਭਗਤਾਂ ਕੱਟਣ ਆਇਆ ਧਰਮ ਰਾਏ ਦੀ ਜੇਲਿਆ, ਲਾੜੀ ਮੌਤ ਨਾ ਖਾਏ ਡੈਣ । ਜੋਤ ਨਿਰੰਜਣ ਚਾੜ੍ਹੇ ਤੇਲਿਆ, ਸੁਰਤ ਸ਼ਬਦ ਏਕਾ ਧਾਮ ਅਕੱਠੇ ਰਹਿਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪੇ ਜਾਣੇ ਆਪਣਾ ਵੇਲਿਆ । ਹਰਿਜਨ ਮੇਲਾ ਸਾਚੇ ਸ਼ਾਹ, ਮਿਲੇ ਮੇਲ ਬਨਵਾਰਿਆ । ਏਕਾ ਮਾਰਗ ਰਿਹਾ ਪਾ, ਇਕ ਅਕੱਲਾ ਏਕੰਕਾਰਿਆ । ਬ੍ਰਹਮਾ ਵਿਸ਼ਨ ਸ਼ਿਵ ਰਿਹਾ ਜਗਾ, ਕਰੋੜ ਤੇਤੀਸਾ ਆਪ ਉਠਾ ਰਿਹਾ । ਲੋਕਮਾਤੀ ਫੇਰਾ ਪਾ, ਜੀਵ ਜੰਤ ਜਗਾ ਰਿਹਾ । ਸਾਧਾਂ ਸੰਤਾਂ ਦਏ ਹਿਲਾ, ਆਤਮ ਬੂਝ ਬੁਝਾ ਰਿਹਾ । ਰਾਜ ਰਾਜਾਨਾ ਦਏ ਮਿਟਾ, ਸੀਸ ਤਾਜ ਨਾ ਕੋਈ ਟਿਕਾ ਰਿਹਾ । ਸ਼ਬਦ ਡੰਕਾ ਇਕ ਵਜਾ, ਗੁਰ ਗੋਬਿੰਦ ਸੇਵਾ ਲਾ ਰਿਹਾ । ਸ਼ਬਦ ਗੋਬਿੰਦ ਆਪ ਅਖਵਾ, ਹਰਿ ਜੋਤੀ ਪੁਰਖ ਅਕਾਲ ਆਪ ਮਨਾ ਰਿਹਾ । ਵਰਨ ਗੋਤ ਨਾ ਲਈ ਕੋਈ ਬਣਤ ਬਣਾ, ਊਚ ਨੀਚ ਨਾ ਕੋਈ ਵਖਾ ਲਿਆ । ਸਾਧ ਸੰਤ ਸੋਏ ਲਏ ਜਗਾ, ਜਿਸ ਤੇਰਾ ਭਾਣਾ ਸੀਸ ਮਸਤਕ ਆਪ ਟਿਕਾ ਲਿਆ । ਵੇਖ ਵਖਾਣੇ ਥਾਉਂ

ਥਾਂ, ਹਰ ਘਟ ਆਸਣ ਲਾ ਲਿਆ । ਜੁਗ ਵਿਛੜੇ ਜਗ ਪਕੜ ਉਠਾਏ ਬਾਂਹ, ਆਪ ਆਪਣਾ ਮੂਲ ਪਛਾਨਿਆ । ਸਦਾ ਸੁਹੇਲਾ ਦੇਵਣਹਾਰਾ ਠੰਡੀ ਛਾਂ, ਹਰਿਜਨ ਬਖ਼ਸ਼ੇ ਚਰਨ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਮੇਲਾ ਸਾਚੇ ਘਰ, ਘਰ ਸੁਹੰਜਣਾ ਇਕ ਵਖਾ ਲਿਆ । ਘਰ ਸੁਹੰਜਣਾ ਜੋਤ ਨਿਰੰਜਣਾ, ਏਕਾ ਬਾਤੀ ਰਿਹਾ ਵਖਾਈਆ । ਸਰ ਸਰੋਵਰ ਸਾਚਾ ਮਜਨਾ, ਲਹਿਣਾ ਦੇਣਾ ਬਾਕੀ ਰਿਹਾ ਚੁਕਾਈਆ । ਆਵਣ ਜਾਵਣ ਲੱਖ ਚੁਰਾਸੀ ਗੁਰਮੁਖ ਸਾਚੇ ਤਜਣਾ, ਪੱਤਤ ਪਾਵਣ ਵਿਚ ਸਮਾਈਆ । ਜੋ ਘੜਿਆ ਸੋ ਭੱਜਣਾ, ਥਿਰ ਰਹਿਣ ਨਾ ਪਾਈਆ । ਹਰਿਜਨ ਹਰਿ ਹਰਿ ਆਦਿ ਜੁਗਾਦਿ ਜੁਗ ਜੁਗ ਰੱਖੇ ਲਜਣਾ, ਲਾਜਾਵੰਤ ਆਪ ਅਖਵਾਈਆ । ਕਲਜੁਗ ਅੰਤਮ ਪੜਦਾ ਕੱਜਣਾ, ਨਾਮ ਦੋਸ਼ਾਲਾ ਉਪਰ ਪਾਈਆ । ਕਾਲ ਨਗਾਰਾ ਸ੍ਰਿਸ਼ਟ ਸਬਾਈ ਵੱਜਣਾ, ਕਾਲ ਮਹਾਂਕਾਲ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਚਾਈਂ ਚਾਈਆ । ਹਰਿਜਨ ਹਰਿ ਹਰਿ ਪਾਇਆ, ਪਾਇਆ ਹਰਿ ਗੋਬਿੰਦ । ਸਹਿੰਸਾ ਰੋਗ ਮਿਟਾਇਆ, ਉਤਰੀ ਸਗਲੀ ਚਿੰਦ । ਹਉਮੇ ਰੋਗ ਜਲਾਇਆ, ਹਰਿ ਪਾਇਆ ਸਦ ਬਖ਼ਸ਼ਿੰਦ । ਤਾਮਸ ਤ੍ਰਿਸਨ ਗਵਾਇਆ, ਮਿਲਿਆ ਮੇਲ ਗੁਣੀ ਗਹਿੰਦ । ਏਕਾ ਰੰਗ ਰੰਗਾਇਆ, ਗੁਰਮੁਖ ਉਪਜਾਏ ਆਪ ਆਪਣੀ ਸਾਚੀ ਬਿੰਦ । ਜੋਤੀ ਜਾਮਾ ਭੇਖ ਵਟਾਇਆ, ਭਾਗ ਲਗਾਇਆ ਭਾਰਤ ਹਿੰਦ । ਸੰਬਲ ਨਗਰੀ ਧਾਮ ਸੁਹਾਇਆ, ਮਨਮੁਖ ਲਗਾਏ ਆਪਣੀ ਨਿੰਦ । ਗੁਰਮੁਖ ਨਿਰਮਲ ਜੋਤ ਕਰੇ ਰੁਸ਼ਨਾਇਆ, ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ । ਹਉਮੇ ਹੰਗਤਾ ਦੇਵੇ ਗੜ੍ਹ ਤੁੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਨੈਣ ਉਘਾੜਾ, ਨੇਤਰ ਨੀਰ ਵਹਾਇੰਦਾ । ਚਾਰੋਂ ਕੁੰਟ ਜੂਠੀ ਝੂਠੀ ਧਾੜਾ, ਨਾ ਕੋਈ ਸੰਗ ਨਿਭਾਇੰਦਾ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਏਕਾ ਨਾਅਰਾ ਲਾਇੰਦਾ । ਖ਼ੁਦੀ ਖ਼ੁਦਾਈ ਵੇਖ ਵਿਚਾਰਾ, ਭੇਖਾਧਾਰੀ ਭੇਖ ਵਟਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਗਏ ਹਾਰਾ, ਨਾ ਕੋਈ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਵਰ, ਦਰ ਸਾਚਾ ਇਕ ਸੁਹਾਇੰਦਾ । ਘਰ ਪਾਇਆ ਪੁਰਖ ਅਗੰਮ, ਸਗਲੀ ਚਿੰਤ ਮਿਟਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰੀ ਪਾਈਆ । ਪਵਣ ਸਵਾਸੀ ਲਏ ਨਾ ਦਮ, ਨਾ ਨੇਤਰ ਨੀਰ ਵਹਾਈਆ । ਜੁਗ ਜੁਗ ਆਪੇ ਜਾਣੇ ਆਪਣਾ ਕੰਮ, ਕਰਤਾ ਕਰਨਹਾਰ ਆਪ ਅਖਵਾਈਆ । ਜਨ ਭਗਤਾਂ ਦੇਵੇ ਸ਼ਬਦ ਸਰੂਪੀ ਸਾਚਾ ਤਮ, ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਗੋਬਿੰਦ ਰੂਪ ਸਮਾਈਆ । ਹਰਿ ਸ਼ਬਦ ਅਪਾਰ, ਗੋਬਿੰਦ ਨਾਮ ਧਰਾਇਆ । ਪਰਗਟ ਹੋ ਵਿਚ ਸੰਸਾਰ, ਸਾਚਾ ਡੰਕ ਵਜਾਇਆ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਇਆ । ਆਪੇ ਤੋੜੇ ਗੜ੍ਹ ਹੰਕਾਰ, ਸਾਚਾ ਖੰਡਾ ਹੱਥ ਉਠਾਇਆ । ਜੇਰਜ ਅੰਡਾ ਪਾਵੇ ਸਾਰ, ਉਤਭੁਜ ਸੇਤਜ ਵੇਖ ਵਖਾਇਆ । ਬ੍ਰਹਿਮੰਡਾਂ ਖੋਜੇ ਹਰਿ ਨਿਰੰਕਾਰ, ਆਪ ਆਪਣੀ ਕਲ ਵਰਤਾਇਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਵਿਸ਼ਨੂੰ ਵੰਸੀ ਕਰੇ ਹਾਹਾਕਾਰ, ਭਗਵਨ ਜੋਤੀ ਵੇਸ ਵਟਾਇਆ । ਸ਼ਿਵ ਸ਼ੰਕਰ ਕਰ ਰਿਹਾ ਪੁਕਾਰ, ਭੋਲੇ ਨਾਥ ਸੁਧ ਨਾ ਰਾਇਆ । ਕਰੋੜ ਤੇਤੀਸਾ ਰੋਵੇ ਧਾਹਾਂ ਮਾਰ, ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ । ਰਵ ਸਸ ਕਰਨ ਪੁਕਾਰ, ਤਾਰਾ ਮੰਡਲ ਰਿਹਾ ਸ਼ਰਮਾਇਆ । ਗਗਨ

੨੬੫
੦੨

੨੬੬
੦੭

ਪਤਾਲਾਂ ਆਈ ਹਾਰ, ਗਗਨ ਗਗਨੰਤਰ ਵੇਖ ਵਖਾਇਆ । ਲੱਗੀ ਬਸੰਤਰ ਵਿਚ ਸੰਸਾਰ, ਤ੍ਰੈਗੁਣ ਮਾਇਆ ਜਾਲ ਵਿਛਾਇਆ । ਪੰਚਮ ਤਤ ਹਾਹਾਕਾਰ, ਕਾਮ ਕਰੋਧ ਲੋਭ ਮੋਹ ਹੰਕਾਰ ਸੁਣਾਇਆ । ਮਨਮਤ ਮਨਮੁਖ ਜੀਵਾਂ ਕਰ ਪਿਆਰ, ਝੂਠੇ ਧੰਦੇ ਲਾਇਆ । ਗੁਰਮਤ ਭੁੱਲੇ ਜੀਵ ਗਵਾਰ, ਗੁਰ ਪੂਰਾ ਦਿਸ ਨਾ ਆਇਆ । ਨਾਨਕ ਗੋਬਿੰਦ ਹਰਿ ਅਵਤਾਰ, ਜੋਤੀ ਸ਼ਬਦੀ ਵੇਸ ਵਟਾਇਆ । ਅੰਗਦ ਅੰਗੀ ਕਰਿਆ ਕਾਰ, ਅਮਰਦਾਸੇ ਸੇਵਾ ਲਾਇਆ । ਰਾਮਦਾਸ ਹਰਿ ਕਰ ਪਿਆਰ, ਸਰ ਸਰੋਵਰ ਵੇਖ ਵਖਾਇਆ । ਅੰਮ੍ਰਿਤ ਬਖ਼ਸ਼ੀ ਸਾਚੀ ਧਾਰ, ਸੇਵਕ ਸੇਵਾ ਰਿਹਾ ਕਮਾਇਆ । ਗੁਰ ਅਰਜਨ ਮਿਲਿਆ ਮੀਤ ਮੁਰਾਰ, ਮੀਤ ਮੁਰਾਰਾ ਆਪ ਅਖਵਾਇਆ । ਅਗਾਧ ਬੋਧ ਸ਼ਬਦ ਉਚਾਰ, ਬੋਧ ਅਗਾਧਾ ਗਿਆਨ ਦ੍ਰਿੜਾਇਆ । ਗੁਰੂ ਗ੍ਰੰਥ ਗ੍ਰੰਥ ਗੁਰ ਕਰ ਤਿਆਰ, ਗੁਰ ਸਾਚਾ ਹੱਟ ਵਖਾਇਆ । ਤੀਰਥ ਤੱਟਾਂ ਪਾਰ ਕਿਨਾਰ, ਦੇਵੀ ਦੇਵ ਨਾ ਕੋਈ ਮਨਾਇਆ । ਸਾਚਾ ਲਾਹਾ ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਗੁਰ ਕਾ ਸ਼ਬਦ ਹਿਰਦੇ ਹਰਿ ਵਸਾਇਆ । ਦੀਪਕ ਜੋਤ ਜਗਾਏ ਲਟ ਲਟਾ, ਅਗਿਆਨ ਅੰਧੇਰ ਮਿਟਾਇਆ । ਆਪਣੀ ਵਸਤ ਵੇਖੇ ਆਪਣੇ ਚੌਦਾਂ ਹੱਟਾਂ, ਕਾਇਆ ਮੰਦਰ ਸਚ ਦਵਾਰਾ ਹਰਿ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦ ਦਏ ਵਡਿਆਇਆ । ਗੁਰ ਸ਼ਬਦ ਸਤਿਗੁਰ ਪੂਰਾ, ਆਦਿ ਅੰਤ ਅਖਵਾਇਆ । ਆਪ ਵਜਾਏ ਆਪਣੀ ਤੂਰਾ, ਆਪੇ ਰਾਗ ਅਲਾਇਆ । ਆਪੇ ਹੋਏ ਸਰਬ ਕਲ ਭਰਪੂਰਾ, ਸਮਰਥ ਪੁਰਖ ਅਖਵਾਇਆ । ਆਪੇ ਵਸੇ ਨੇੜੇ ਦੂਰਾ, ਹਾਜ਼ਰ ਹਜ਼ੂਰ ਆਪ ਹੋ ਆਇਆ । ਆਪੇ ਜੋਤੀ ਜੋਤ ਜਗਾਏ ਸ਼ਬਦ ਕੋਹਤੂਰਾ, ਨੂਰੋ ਨੂਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਦਿਤਾ ਇਕ ਵਰ, ਇਕ ਗਿਆਨ ਦ੍ਰਿੜਾਇਆ । ਇਕ ਗਿਆਨਾ ਇਕ ਧਿਆਨਾ, ਏਕਾ ਸ਼ਬਦ ਜਣਾਈਆ । ਏਕਾ ਹਰਿ ਏਕਾ ਵਰ ਧੁਰ ਫ਼ਰਮਾਣਾ, ਏਕਾ ਬੂਝ ਬੁਝਾਈਆ । ਏਕਾ ਰਸਨਾ ਏਕਾ ਚਿਲਾ ਤੀਰ ਕਮਾਨਾ, ਗੁਰ ਸ਼ਬਦੀ ਆਪ ਚਲਾਈਆ । ਸ੍ਰਿਸ਼ਟ ਸਬਾਈ ਬੱਧਾ ਗਾਨਾ, ਆਤਮ ਤੰਦ ਬੰਧਾਈਆ । ਅਨਹਦ ਰਾਗ ਸੁਣਾਏ ਸਾਚਾ ਗਾਨਾ, ਜਿਸ ਜਨ ਆਤਮ ਅੰਤਰ ਲਿਵ ਲਾਈਆ । ਇਕ ਉਪਜਾਏ ਸਚ ਤਰਾਨਾ, ਸਹਿਜ ਧੁੰਨ ਸਮਾਈਆ । ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ, ਗੁਰ ਪੂਰੇ ਹੱਥ ਵਡਿਆਈਆ । ਗੁਰੂ ਗ੍ਰੰਥ ਇਹ ਭੇਵ ਖੁਲ੍ਹਾਣਾ, ਏਕਾ ਗੁਰ ਅਖਵਾਈਆ । ਏਕਾ ਇਸ਼ਟ ਦੇਵ ਸ੍ਰੀ ਭਗਵਾਨਾ, ਦੂਸਰ ਕੋਈ ਦਿਸ ਨਾ ਆਈਆ । ਜਲ ਥਲ ਮਹੀਅਲ ਆਪ ਸਮਾਣਾ, ਹਰ ਘਟ ਬੈਠਾ ਆਸਣ ਲਾਈਆ । ਗੁਰਮੁਖ ਸਾਜਨ ਕਰ ਪਰਵਾਨਾ, ਆਪ ਆਪਣੀ ਬੂਝ ਬੁਝਾਈਆ । ਇਕ ਵਖਾਏ ਧਰਮ ਨਿਸ਼ਾਨਾ, ਦੋ ਜਹਾਨਾ ਰਿਹਾ ਝੁਲਾਈਆ । ਜੋਤੀ ਨੂਰ ਹਰਿ ਮਿਹਰਵਾਨਾ, ਵੇਸ ਅਨੇਕਾ ਆਪ ਕਰਾਈਆ । ਆਪੇ ਹੋਇਆ ਜਾਣੀ ਜਾਣਾ, ਜਾਣਨਹਾਰ ਸ੍ਰਿਸ਼ਟ ਸਬਾਈਆ । ਕਲਜੁਗ ਖੇਲੇ ਖੇਲ ਮਹਾਨਾ, ਆਪਣੀ ਇਛਿਆ ਆਪੇ ਪੂਰ ਕਰਾਈਆ । ਗੁਰ ਗੋਬਿੰਦ ਕਰਿਆ ਦਰ ਪਰਵਾਨਾ, ਸਾਚੀ ਭਿਛਿਆ ਝੋਲੀ ਪਾਈਆ । ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਨੌਂ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਕਰੇ ਲੜਾਈਆ । ਸ਼ਬਦ ਖੰਡਾ ਤੇਜ਼ ਕਟਾਰ ਤੀਰ ਤਫੰਗ ਨਾ ਕੋਈ ਹੱਥ ਉਠਾਨਾ, ਨਾਮ ਖੰਡਾ ਇਕ ਚਲਾਈਆ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ, ਸਾਚਾ ਯੁੱਧ ਇਕ ਕਰਾਈਆ । ਆਪਣੀ ਖਿਚੇ ਆਪ ਕਿਰਪਾਨਾ, ਆਪੇ ਰਿਹਾ ਚਲਾਈਆ । ਸੀਸ ਧੜ ਵੱਖ ਵੱਖ ਕਰਾਨਾ, ਅਪਣੇ ਹੱਥ ਰੱਖੇ ਵਡਿਆਈਆ । ਸਿਖ ਸਿੰਘ ਨਾ ਕੋਈ ਲੜਾਨਾ, ਪਿਛਲਾ ਲੇਖਾ ਪੂਰਾ ਰਿਹਾ ਕਰਾਈਆ । ਪਰਗਟ

੨੬੬
੦੭



Rev-01

ਹੋਏ ਜੋਧਾ ਸੂਰ ਬਲੀ ਬਲਵਾਨਾ, ਸ਼ਾਹ ਸੁਲਤਾਨਾ ਆਪ ਅਖਵਾਈਆ । ਆਪੇ ਆਏ ਵਿਚ ਮੈਦਾਨਾ, ਸ੍ਰਿਸ਼ਟ ਸਬਾਈ ਲਏ ਉਠਾਈਆ । ਦੋ ਧੜ ਹਰਿ ਵੇਖ ਵਖਾਨਾ, ਈਸਾ ਮੂਸਾ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਸੇਵਾ ਰਿਹਾ ਕਮਾਈਆ । ਭਗਤ ਜਨਾਂ ਹਰਿ ਸਾਚਾ ਮੀਤਾ, ਸਾਚੀ ਸੇਵ ਕਮਾਇੰਦਾ । ਜੁਗ ਜੁਗ ਜਾਣੇ ਆਪਣੀ ਰੀਤਾ, ਆਪਣੀ ਕਾਰ ਕਮਾਇੰਦਾ । ਆਪੇ ਰਾਮਾ ਆਪੇ ਸੀਤਾ, ਆਪੇ ਦੁਸ਼ਟ ਹੰਕਾਰੀ ਰਾਵਣ ਮਾਰ ਮੁਕਾਇੰਦਾ । ਆਪ ਸੁਣਾਏ ਅਰਜਨ ਅਠਾਰਾਂ ਧਿਆਏ ਗੀਤਾ, ਰਥ ਰਥਵਾਹੀ ਆਪ ਅਖਵਾਇੰਦਾ । ਆਪੇ ਨਾਨਕ ਨਾਮ ਪਿਆਲਾ ਪੀਤਾ, ਆਪ ਆਪਣਾ ਰਸ ਵਖਾਇੰਦਾ । ਆਪੇ ਗੋਬਿੰਦ ਹੋਏ ਪੂਤ ਸਪੂਤਾ, ਆਪ ਆਪਣਾ ਸੰਗ ਰਖਾਇੰਦਾ । ਆਪੇ ਵੇਖਣਹਾਰਾ ਚਾਰੇ ਕੂਟਾਂ, ਦਹਿ ਦਿਸ਼ਾ ਫੇਰੀ ਪਾਇੰਦਾ । ਆਪੇ ਮੇਟਣਹਾਰਾ ਭੇਖ ਪਖੰਡਾ ਜੂਠਾ ਝੂਠਾ, ਆਪੇ ਰਚਨ ਰਚਾਇੰਦਾ । ਆਪੇ ਰਾਜ ਰਾਜਨ ਸ਼ਾਹ ਸੁਲਤਾਨ ਹੱਥ ਫੜਾਏ ਖਾਲੀ ਠੂਠਾ, ਵੇਲਾ ਅੰਤਮ ਆਇੰਦਾ । ਗੁਰਸਿਖ ਮਨਾਏ ਦਇਆ ਕਮਾਏ ਜੋ ਪੁਰੀ ਅਨੰਦ ਗਿਆ ਰੁਠਾ, ਲਿਖਿਆ ਲੇਖ ਆਪ ਮਿਟਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਗੁਰ ਗੋਬਿੰਦੇ ਆਪੇ ਤੁਠਾ, ਆਪੇ ਵੇਖ ਵਖਾਇੰਦਾ । ਸਾਚੀ ਸਿਖੀ ਕਰੇ ਏਕਾ ਮੁੱਠਾ, ਦੂਜਾ ਦਰ ਰਹਿਣ ਨਾ ਪਾਇੰਦਾ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠਾ, ਗੁਰ ਪੀਰ ਨਾ ਕੋਈ ਅਖਵਾਇੰਦਾ । ਗੁਰ ਨਾਨਕ ਤੇਰਾ ਸਾਚਾ ਘਰ ਲੋਕਮਾਤ ਜਾਣੇ ਨਾ ਝੂਠਾ, ਹਰਿ ਸਾਚਾ ਭਾਗ ਲਗਾਇੰਦਾ । ਗੁਰ ਗੋਬਿੰਦ ਲਾਇਆ ਬੂਟਾ, ਪੰਥ ਖਾਲਸਾ ਵੇਖ ਵਖਾਇੰਦਾ । ਆਪੇ ਦੇਵਣ ਆਇਆ ਹੂਟਾ, ਸ਼ਬਦ ਹੁਲਾਰੇ ਆਪ ਚੜ੍ਹਾਇੰਦਾ । ਆਪੇ ਸੁੱਤਾ ਦੇ ਕਰ ਪਿੱਠਾ, ਆਪੇ ਮੁਖ ਭਵਾਇੰਦਾ । ਗੁਰ ਕਾ ਸ਼ਬਦ ਹਰਿ ਕਾ ਨਾਉਂ ਧੁਰਦਰਗਾਹੀ ਚਿਠਾ, ਹਰਿ ਸੇਵਕ ਸੇਵ ਕਮਾਇੰਦਾ । ਪੰਚ ਵਿਕਾਰਾ ਰਹਿਣ ਨਾ ਦੇਵੇ ਕੌੜਾ ਰੀਠਾ, ਇਕ ਪਿਆਲਾ ਨਾਮ ਪਿਆਇੰਦਾ । ਗੁਰਮੁਖ ਸਾਜਣ ਰਸ ਸਾਚਾ ਮਿਠਾ, ਘਰ ਸਾਚੇ ਆਪ ਵਖਾਇੰਦਾ । ਕਲਜੁਗ ਮਾਇਆ ਜੂਠਾ ਝੂਠਾ ਪੀਸਣ ਪੀਠਾ, ਮਾਇਆ ਮਮਤਾ ਚੱਕੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖ ਸਾਚੀ ਸਿਖੀ, ਸਾਚੇ ਮੰਡਲ ਰਾਸ ਰਚਾਇੰਦਾ । ਸਾਚੀ ਸਿਖੀ ਸਾਚਾ ਕਾਹਨ, ਹਰਿ ਸ਼ਬਦ ਅਪਾਰਾ । ਖੇਲੇ ਖੇਲ ਦੋ ਜਹਾਨ, ਆਵਣ ਜਾਵਣ ਖੇਲ ਨਿਆਰਾ । ਏਕਾ ਸਈਆ ਮੰਗਲ ਗਾਨ, ਏਕਾ ਰਾਗ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦਰ ਦਰ ਹੋਏ ਆਪ ਭਿਖਾਰਾ । ਗੁਰਮੁਖ ਵਡਿਆਈ ਧੰਨ, ਗੁਰ ਸਤਿਗੁਰ ਪੂਰਾ ਪਾਇਆ । ਗੁਰਮੁਖ ਵਡਿਆਈ ਧੰਨ, ਹਰਿ ਹਰਿ ਰਸਨਾ ਗਾਇਆ । ਗੁਰਮੁਖ ਵਡਿਆਈ ਧੰਨ, ਰਵ ਸਸ ਸੂਰਜ ਚੰਨ, ਰਹੇ ਸ਼ਰਮਾਇਆ । ਗੁਰਮੁਖ ਵਡਿਆਈ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਰਿ ਹਰਿ ਰੂਪ ਸਮਾਇਆ ।



੨੬੭ ੦੭

### * ੧੮ ਚੇਤ ੨੦੧੫ ਬਿਕ੍ਰਮੀ ਦੀਦਾਰ ਸਿੰਘ ਦੇ ਘਰ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ਨਿਰਗੁਣ ਜੋਤ ਅਨਕ ਰੂਪ ਵਿਚ *

ਹਰਿ ਕਿਰਪਾ ਹਰਿ ਜਾਣਿਆ, ਹਰਿਜਨ ਮੇਲ ਮਿਲਾਏ । ਪੂਰਨ ਬ੍ਰਹਮ ਪਛਾਣਿਆ, ਹਉਮੇ ਰੋਗ ਜਲਾਏ । ਏਕਾ ਬਖ਼ਸ਼ੇ ਚਰਨ ਧਿਆਨਿਆ, ਅੰਤਰ ਨਾਮ ਵਰ ਕਰਾਏ । ਏਕਾ ਰਾਗ ਸੁਣਾਏ ਕਾਨਿਆ, ਅਨਹਦ ਤਾਲ ਵਜਾਏ । ਸ਼ਬਦ ਜਣਾਈ ਧੁਰ ਫ਼ਰਮਾਨਿਆ, ਜਨ ਸਾਚੇ ਲਏ ਜਗਾਏ ।

ਜੁਗ ਜੁਗ ਵਰਤੇ ਆਪਣਾ ਭਾਣਿਆ, ਸਦ ਭਾਣੇ ਵਿਚ ਸਮਾਏ । ਕਲਜੁਗ ਅੰਤਮ ਵੇਖ ਵਖਾਣਿਆ, ਜੋਤੀ ਜਾਮਾ ਭੇਖ ਵਟਾਏ । ਪਕੜ ਉਠਾਏ ਸੁਘੜ ਸਿਆਣਿਆ, ਰਾਜ ਰਾਜਾਨਾ ਦਏ ਹਿਲਾਏ । ਇਕ ਝੁਲਾਏ ਧਰਮ ਨਿਸ਼ਾਨਿਆ, ਦੋ ਜਹਾਨਾਂ ਵੇਖ ਵਖਾਏ । ਪਰਗਟ ਹੋਏ ਸ੍ਰੀ ਭਗਵਾਨਿਆ, ਸਤਿਜੁਗ ਸਾਚਾ ਮਾਰਗ ਲਾਏ । ਚਾਰ ਵਰਨ ਦੇਵੇ ਮਾਣਿਆ, ਏਕਾ ਦੂਜਾ ਭੌ ਚੁਕਾਏ । ਏਕਾ ਨਾਮ ਗੁਣ ਨਿਧਾਨਿਆ, ਗੁਣਵੰਤਾ ਆਪ ਰਖਾਏ । ਗੁਰਮੁਖ ਸਾਜਣ ਵੇਖ ਵਖਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜਗਾਏ । ਹਰਿ ਰੰਗ ਹਰਿ ਹਰਿ ਵੇਖਿਆ, ਪੂਰਨ ਬ੍ਰਹਮ ਵਿਚਾਰ । ਹਰਿ ਸਤਿਗੁਰ ਸਾਚਾ ਪੇਖਿਆ, ਦਰਸ ਅਗੰਮ ਅਪਾਰ । ਜੁਗ ਜੁਗ ਲਿਖਣਹਾਰਾ ਲੇਖਿਆ, ਆਦਿ ਅੰਤਾ ਏਕੰਕਾਰ । ਆਪੇ ਜਾਣੇ ਆਪਣਾ ਵੇਸਿਆ, ਆਪ ਆਪਣੀ ਪਾਏ ਸਾਰ । ਆਪਣੀ ਜੋਤੀ ਆਪ ਪਰਵੇਸ਼ਿਆ, ਆਪੇ ਸ਼ਬਦ ਹੋਏ ਜੈਕਾਰ । ਆਪੇ ਹੋਏ ਦਰ ਦਰਵੇਸਿਆ, ਆਪੇ ਮੰਗਣਹਾਰ ਭਿਖਾਰ । ਆਪੇ ਲਾਵਣਹਾਰਾ ਮੇਖਿਆ, ਗੁਰਮੁਖ ਸਾਜਣ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਉਜਿਆਰ । ਹਰਿ ਸਾਜਣ ਹਰਿ ਮੀਤੜਾ, ਹਰਿ ਹਰਿ ਰੰਗ ਸਮਾਏ । ਹਰਿ ਚਲਾਏ ਜਗਤ ਅਨਡੀਠੜਾ, ਦਿਸ ਕਿਸੇ ਨਾ ਆਏ । ਆਪਣਾ ਭਾਣਾ ਜਾਣੇ ਮੀਠੜਾ, ਜੁਗ ਜੁਗ ਰਿਹਾ ਵਰਤਾਏ । ਕਲਜੁਗ ਕਾਇਆ ਕੌੜਾ ਰੀਠੜਾ, ਅੰਤਮ ਭੰਨ ਵਖਾਏ । ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਮਜੀਠੜਾ, ਉਤਰ ਕਦੇ ਨਾ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਏ । ਹਰਿ ਸਾਜਣ ਹਰਿ ਰੰਗ ਰਤਿਆ, ਹਰਿ ਹਰਿ ਮੂਲ ਪਛਾਨ । ਆਪੇ ਦੇਵਣਹਾਰਾ ਮਤਿਆ, ਆਪੇ ਦੇਵੇ ਜੀਆ ਦਾਨ । ਸਤਿ ਸੰਤੋਖ ਧੀਰਜ ਸਤਿਆ, ਚਰਨ ਧੂੜ ਸੱਚਾ ਅਸ਼ਨਾਨ । ਲਹਿਣਾ ਦੇਣਾ ਚੁਕਾਏ ਤੀਰਥ ਅਠਸਠਿਆ, ਨੇਤਰ ਨੈਣ ਲੋਚਣ ਜੋ ਜਨ ਦਰਸ਼ਨ ਪਾਣ । ਜੋਤੀ ਕਰੇ ਰੁਸ਼ਨਾਈ ਲਟ ਲਟਿਆ, ਸੁਣੇ ਸੁਣਾਏ ਸ਼ਬਦ ਸੱਚੀ ਧੁਨਕਾਨ । ਭਾਗ ਲਗਾਏ ਕਾਇਆ ਮਟਿਆ, ਹਰਿ ਸ਼ਬਦ ਗੁਰ ਮਿਹਰਵਾਨ । ਹਰਿਜਨ ਆਵਣ ਜਾਵਣ ਕੱਟਿਆ, ਜਿਸ ਮਿਲਿਆ ਨਾਮ ਨਿਸ਼ਾਨ । ਕੂੜ ਮੁਨਾਰਾ ਕਲਜੁਗ ਢੱਠਿਆ, ਸਤਿਜੁਗ ਵੇਖੇ ਮਾਰ ਧਿਆਨ । ਪ੍ਰਭ ਗੇੜਨਹਾਰਾ ਉਲਟੀ ਲੱਠਿਆ, ਨਾ ਕੋਈ ਜਾਣੇ ਵੇਦ ਪੁਰਾਨ । ਪੰਜ ਤਤ ਘਰ ਘਰ ਅਗਨੀ ਲੱਗੀ ਮੱਠਿਆ, ਨਾ ਕੋਈ ਸਹਾਈ ਅੰਜੀਲ ਕੁਰਾਨ । ਖੇਲੇ ਖੇਲ ਹਰ ਘਟ ਘਟਿਆ, ਹਰ ਘਟ ਵੇਖੇ ਮਾਰ ਧਿਆਨ । ਗੁਰਮੁਖ ਵਿਰਲੇ ਲਾਹਾ ਖੱਟਿਆ, ਜਿਸ ਜਨ ਬਖ਼ਸ਼ੇ ਚਰਨ ਧਿਆਨ । ਕਲਜੁਗ ਖੇਲ ਬਾਜ਼ੀਗਰ ਨਟਿਆ, ਸਵਾਂਗੀ ਸਵਾਂਗ ਕਰੇ ਭਗਵਾਨ । ਲੋਕਮਾਤ ਆਇਆ ਨੱਠਿਆ, ਜੋਤੀ ਜੋਤ ਜਗੇ ਮਹਾਨ । ਅੰਮ੍ਰਿਤ ਆਤਮ ਹਰਿਜਨ ਝੱਟਿਆ, ਦਾਤਾ ਦਾਨੀ ਵਡ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਝੁਲਾਏ ਸਚ ਨਿਸ਼ਾਨ । ਸਚ ਨਿਸ਼ਾਨਾ ਸਚ ਘਰ, ਹਰਿ ਸਾਚਾ ਆਪ ਝੁਲਾਇੰਦਾ । ਆਪੇ ਦੇਵਣਹਾਰਾ ਵਰ, ਆਪਣੀ ਝੋਲੀ ਪਾਇੰਦਾ । ਆਪੇ ਨਾਰੀ ਆਪੇ ਨਰ, ਨਰ ਨਰਾਇਣ ਆਪ ਹੋ ਜਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਆਪ ਅਖਵਾਇੰਦਾ । ਆਪ ਆਪਣਾ ਜਾਣੇ ਡਰ, ਨਿਰਭੌ ਅਪਣਾ ਰੂਪ ਵਟਾਇੰਦਾ । ਆਪ ਆਪਣਾ ਵੇਖੇ ਸਰ, ਸਰ ਸਰੋਵਰ ਇਕ ਸੁਹਾਇੰਦਾ । ਜੁਗ ਜੁਗ ਸਾਚਾ ਘਾੜਨ ਘੜ, ਸਤਿਗੁਰ ਭੇਖ ਵਟਾਇੰਦਾ । ਹਰ ਘਟ ਅੰਦਰ ਆਪੇ ਵੜ, ਹਰਿਜਨ ਵੇਖ ਵਖਾਇੰਦਾ । ਲੱਖ ਚੁਰਾਸੀ ਆਪੇ ਲੜ, ਆਪੇ ਮੇਟ ਮਿਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਫੜਾਏ ਆਪਣਾ ਲੜ, ਬੰਧਨ ਬੰਧ ਬੰਧਾਇੰਦਾ । ਤ੍ਰੈਲੋਕ

ਉਪਾਏ ਕਿਲਾ ਗੜ੍ਹ, ਦਿਸ ਕਿਸੇ ਨਾ ਆਇੰਦਾ । ਚੌਦਾਂ ਲੋਕਾਂ ਅੱਗੇ ਖੜ, ਆਪ ਆਪਣਾ ਹੁਕਮ ਚਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਰਖਾਇੰਦਾ । ਸਾਚੇ ਮੰਦਰ ਆਪੇ ਚੜ੍ਹ, ਨਾਮ ਸਿੰਘਾਸਣ ਆਸਣ ਲਾਇੰਦਾ । ਜਨ ਭਗਤਾਂ ਜੋਤ ਜਗਾਏ ਬਹੱਤਰ ਨਾੜ, ਅਗਿਆਨ ਅੰਧੇਰ ਮਿਟਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਆਪ ਆਪਣੀ ਲਾਏ ਜੜ, ਆਪਣੀ ਆਪ ਆਪ ਉਖੜਾਇੰਦਾ । ਆਪਣਾ ਅੱਖਰ ਆਪੇ ਪੜ੍ਹ, ਜੁਗ ਜੁਗ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟਾਇੰਦਾ । ਜੋਤੀ ਜਾਮਾ ਆਦਿ ਨਿਰੰਜਣ, ਪਾਰਬ੍ਰਹਮ ਅਬਿਨਾਸ਼ਾ । ਭਗਤ ਸੁਹੇਲਾ ਸਾਚਾ ਸੱਜਣ, ਆਦਿ ਅੰਤ ਨਾ ਕਦੇ ਵਿਨਾਸਾ । ਕਲਜੁਗ ਅੰਤਮ ਆਇਆ ਪੜਦੇ ਕੱਜਣ, ਵੇਖ ਵਖਾਣੇ ਪ੍ਰਿਥਮੀ ਅਕਾਸ਼ਾ । ਨੌਂ ਖੰਡ ਪ੍ਰਿਥਮੀ ਸਤਿ ਦੀਪ ਖੰਡ ਬ੍ਰਹਿਮੰਡ ਜੇਰਜ ਅੰਡ ਉਤਭੁਜ ਸੇਤਜ ਕਾਲ ਨਗਾਰੇ ਵੱਜਣ, ਹਰਿ ਖੇਲੇ ਖੇਲ ਤਮਾਸ਼ਾ । ਲੱਖ ਚੁਰਾਸੀ ਭਾਂਡੇ ਭੱਜਣ, ਲਹਿਣਾ ਦੇਣ ਚੁਕਾਏ ਦਸ ਦਸ ਮਾਸਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਚਰਨ ਦਵਾਰੇ ਬਹਿ ਬਹਿ ਸੱਜਣ, ਸਚ ਮੰਡਲ ਪਾਵੇ ਰਾਸਾ । ਰਾਜ ਰਾਜਾਨ ਸ਼ਾਹ ਸੁਲਤਾਨ ਦਰ ਦਵਾਰ ਘਰ ਘਰ ਤਜਣ, ਕਿਸੇ ਹੱਥ ਨਾ ਆਏ ਮਾਟੀ ਕਾਸਾ । ਕਲਜੁਗ ਕੂੜ ਚਲਾਏ ਆਪਣਾ ਜਹਾਜਨ, ਮਨਮੁਖ ਜੀਵਾਂ ਅੰਦਰ ਕਰੇ ਵਾਸਾ । ਜੂਠਾ ਝੂਠਾ ਮਿਲਿਆ ਤਾਜਨ, ਮਾਇਆ ਮਮਤਾ ਪਾਈ ਰਾਸਾ । ਸਤਿਗੁਰ ਪੂਰਾ ਪਾਰਬ੍ਰਹਮ ਅਬਿਨਾਸ਼ੀ ਕਰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰਾਸਾ । ਆਪ ਆਪਣੀ ਜੋਤ ਜਗਾ, ਆਪਣੀ ਕਲ ਵਰਤਾਈਆ । ਨਿਰਗੁਣ ਸਰਗੁਣ ਖੇਲ ਖਿਲਾ, ਗੁਰ ਚੇਲਾ ਰੂਪ ਅਖਵਾਈਆ । ਪੰਜ ਤਤ ਗਿਆ ਸਮਾ, ਦਿਸ ਕਿਸੇ ਨਾ ਆਈਆ । ਗੁਰ ਗੋਬਿੰਦ ਮੇਲਾ ਸਹਿਜ ਸੁਭਾ, ਹਰਿ ਸਾਚਾ ਰਿਹਾ ਕਰਾਈਆ । ਕਲਗੀ ਤੋੜਾ ਨਾਮ ਲਗਾ, ਜੋਤੀ ਜੋੜਾ ਵੇਖ ਵਖਾਈਆ । ਸਾਚੇ ਘੋੜੇ ਰਿਹਾ ਚੜ੍ਹਾ, ਨੀਲੇ ਵਾਲਾ ਬੇਪਰਵਾਹੀਆ । ਦੋ ਜਹਾਨੀ ਪੌੜਾ ਏਕਾ ਲਾ, ਲੋਕਮਾਤ ਫੇਰਾ ਪਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਵੇਖ ਵਖਾ, ਵੇਦ ਵਿਆਸਾ ਲਏ ਜਗਾਈਆ । ਸੰਬਲ ਨਗਰੀ ਡੇਰਾ ਲਾ, ਸਾਢੇ ਤਿੰਨ ਹੱਥ ਦਏ ਸੁਹਾਈਆ । ਮਿੱਠਾ ਕੌੜਾ ਵੇਖ ਵਖਾ, ਲੱਖ ਚੁਰਾਸੀ ਫੋਲ ਫੋਲਾਈਆ । ਜਨ ਭਗਤਾਂ ਆਤਮ ਅੰਤਰ ਲੱਗੀ ਔੜਾ ਦਏ ਬੁਝਾ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਰਿਹਾ ਸਮਾਈਆ । ਜੋਤੀ ਨੂਰ ਕਰ ਪਰਕਾਸ਼, ਖੇਲੇ ਖੇਲ ਖੇਲਣਹਾਰਾ । ਸਰਬ ਜੀਆਂ ਹਰਿ ਕਰਿਆ ਵਾਸ, ਅੰਦਰ ਬਾਹਰ ਗੁਪਤ ਜ਼ਾਹਰਾ । ਜੁਗ ਜੁਗ ਜਨ ਭਗਤਾਂ ਪੂਰੀ ਕਰਦਾ ਆਇਆ ਆਸ, ਆਦਿ ਅੰਤ ਇਕ ਅਵਤਾਰਾ । ਲੇਖੇ ਲਾਏ ਸਵਾਸ ਸਵਾਸ, ਨਿਰਗੁਣ ਰੂਪ ਨਾਨਕ ਨਿਰੰਕਾਰਾ । ਸਾਚੇ ਮੰਡਲ ਪਾਵੇ ਰਾਸ, ਏਕਾ ਨੂਰ ਕਰੇ ਉਜਿਆਰਾ । ਪਰਗਟ ਹੋਇਆ ਸ਼ਾਹੋ ਸ਼ਬਾਸ, ਨਿਹਕਲੰਕ ਨਰਾਇਣ ਨਰ ਅਵਤਾਰਾ । ਆਪੇ ਜਾਣੇ ਰੁੱਤ ਮਾਹ ਦਿਵਸ ਮਾਸ, ਆਪੇ ਵੇਖ ਵਖਾਣੇ ਜਗਤ ਪਸਾਰਾ । ਆਪੇ ਕਰਨੇਹਾਰਾ ਨਾਸ, ਦੇਵਣਹਾਰਾ ਸਰਬ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰਾ । ਅਪਰ ਅਪਾਰਾ ਹਰਿ ਹਰਿ ਖੇਲ, ਜੁਗ ਜੁਗ ਆਪ ਖਿਲਾਇਆ । ਕਲਜੁਗ ਮੇਲਾ ਗੁਰੂ ਗੁਰ ਚੇਲ, ਗੁਰ ਚੇਲਾ ਰੂਪ ਸਮਾਇਆ । ਸਖਾ ਸਹਾਈ ਸੱਜਣ ਸੁਹੇਲ, ਏਕਾ ਏਕ ਅਖਵਾਇਆ । ਆਪੇ ਵਸਿਆ ਰੰਗ ਨਵੇਲ, ਰੰਗ ਰਾਤਾ ਹਰਿ ਰਘੁਰਾਇਆ । ਜਨ ਭਗਤਾਂ ਧਰਮ ਰਾਏ ਦੀ ਕਟੇ ਜੇਲ, ਆਵਣ ਜਾਵਣ ਫੰਦ ਕਟਾਇਆ । ਸ਼ਬਦ

ਦਵਾਰੇ ਸਾਚਾ ਮੇਲ, ਸੁਰਤੀ ਸੁਰਤ ਸਮਾਇਆ । ਜੋਤ ਨਿਰੰਜਣ ਚਾੜ੍ਹੇ ਤੇਲ, ਪੰਚਮ ਸਖੀਆਂ ਮੰਗਲ ਗਾਇਆ । ਅਨਹਦ ਮੇਲਾ ਆਪੇ ਮੇਲ, ਧੁਨ ਅਨਾਦੀ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪਣਾ ਵੇਖਣਹਾਰ ਸਮਰਥਾ, ਹਰਿ ਹਰਿ ਆਪ ਅਖਵਾਇੰਦਾ । ਜੁਗ ਜੁਗ ਚਲਾਏ ਆਪਣਾ ਰਥਾ, ਰਥ ਰਥਵਾਹੀ ਆਪ ਹੋ ਜਾਇੰਦਾ । ਲੱਖ ਚੁਰਾਸੀ ਪਾਏ ਨੱਥਾ, ਸ਼ਬਦ ਡੋਰੀ ਤੰਦ ਬੰਧਾਇੰਦਾ । ਆਪ ਚਲਾਏ ਆਪਣੀ ਕਥਾ, ਅਕਥ ਕਥਾ ਨਾ ਕੋਈ ਲੇਖ ਲਿਖਾਇੰਦਾ । ਹਰਿਜਨ ਰਾਖੇ ਦੇ ਕਰ ਹੱਥਾ, ਸੀਸ ਆਪਣਾ ਹੱਥ ਟਿਕਾਇੰਦਾ । ਧੁਰਦਰਗਾਹੀ ਨਾਮ ਵੱਥਾ, ਸ੍ਰਿਸ਼ਟ ਸਬਾਈ ਲੇਖ ਲਿਖਾਏ ਮਸਤਕ ਮੱਥਾ, ਲਹਿਣਾ ਦੇਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੰਗਾਏ ਹਰਿ ਚਲੂਲ, ਏਕਾ ਏਕੰਕਾਰਿਆ । ਪਰਗਟ ਹੋਏ ਕੰਤ ਕੰਤੂਹਲ, ਜਨ ਸਾਜਨ ਮੀਤ ਮੁਰਾਰਿਆ । ਸਚ ਪੰਘੂੜਾ ਜਾਏ ਝੂਲ, ਗੁਰਮੁਖ ਦੇਵੇ ਇਕ ਹੁਲਾਰਿਆ । ਨਾਮ ਫੜਾਏ ਸਚ ਤ੍ਰਿਸੂਲ, ਪੰਚ ਵਿਕਾਰਾ ਕਰੇ ਖ਼ਵਾਰਿਆ । ਲਹਿਣਾ ਦੇਣਾ ਆਪ ਚੁਕਾਏ ਮੂਲ, ਕਲਜੁਗ ਅੰਤਮ ਲਏ ਅਵਤਾਰਿਆ । ਗੁਰ ਗੋਬਿੰਦ ਤੇਰੀ ਫੁਲਵਾੜੀ ਜਾਏ ਫੂਲ, ਹਰਿ ਵੇਖੇ ਸਿਰਜਣਹਾਰਿਆ । ਤੇਰਾ ਤੇਰੇ ਗਏ ਭੂਲ, ਤੇਰਾ ਅੰਤ ਨਾ ਪਾਰਾਵਾਰਿਆ । ਸਚ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਅਕਾਲ ਤਖ਼ਤ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਲਗਾ ਲਿਆ । ਅੰਗੀਕਾਰ ਆਪਣਾ ਕਰ, ਏਕਾ ਸੰਗ ਨਿਭਾਇੰਦਾ । ਸਾਚਾ ਸੰਗੀ ਸਾਚਾ ਹਰਿ, ਸਾਚਾ ਧਾਮ ਸੁਹਾਇੰਦਾ । ਨਾਮ ਕਟਾਰ ਕਰ ਨੰਗੀ ਵੇਖੇ ਦਰ ਦਰ, ਕਲਜੁਗ ਅੰਤਮ ਫੇਰਾ ਪਾਇੰਦਾ । ਇਕ ਵਜਾਏ ਮਰਦੰਗੀ ਉਪਰ ਚੜ੍ਹ, ਲੋਆਂ ਪੁਰੀਆਂ ਆਪ ਉਠਾਇੰਦਾ । ਬ੍ਰਹਮਾ ਨੇਤਰ ਨੀਰ ਵਰੋਲੇ ਜ਼ਾਰੋ ਜ਼ਾਰ, ਲੋਕਮਾਤ ਰਾਹ ਤਕਾਇੰਦਾ । ਸ਼ਿਵ ਸ਼ੰਕਰ ਅੱਠੇ ਪਹਿਰ ਰਿਹਾ ਖੜ੍ਹ, ਬਾਸ਼ਕ ਤਸ਼ਕਾ ਮੁਖ ਭਵਾਇੰਦਾ । ਕਰੋੜ ਤੇਤੀਸਾ ਰਿਹਾ ਲੜ, ਅੰਮ੍ਰਿਤ ਜਾਮ ਨਾ ਕੋਈ ਪਿਆਇੰਦਾ । ਸੁਰਪਤ ਰਾਜਾ ਇੰਦ ਹਰਿ ਸ਼ਬਦ ਸਰੂਪੀ ਆਪੇ ਫੜ, ਵੇਲਾ ਅੰਤ ਵਖਾਇੰਦਾ । ਤ੍ਰੈਲੋਕ ਵੇਖੇ ਆਪੇ ਖੜ, ਵੇਖਣਹਾਰ ਦਿਸ ਨਾ ਆਇੰਦਾ । ਲੋਕਮਾਤ ਨੌਂ ਖੰਡ ਸ੍ਰਿਸ਼ਟ ਸਬਾਈ ਹੋਇਆ ਹੰਕਾਰੀ ਗੜ੍ਹ, ਲੱਖ ਚੁਰਾਸੀ ਵਿਚ ਵਸਾਇੰਦਾ । ਕਲਜੁਗ ਅੰਤਮ ਲਏ ਫੜ, ਨਾ ਕੋਈ ਕਿਸੇ ਬਚਾਇੰਦਾ । ਰਾਜ ਰਾਜਾਨ ਵਹੇ ਹੜ, ਧੀਰਜ ਧੀਰ ਨਾ ਕੋਈ ਧਰਾਇੰਦਾ । ਗੁਰੂਦਵਾਰੇ ਮੰਦਰ ਮਸਜਿਦ ਅੰਦਰ ਮੁੱਲਾਂ ਸ਼ੇਖ਼ ਪੰਡਤ ਪਾਂਧੇ ਗ੍ਰੰਥੀ ਪੰਥੀ ਰਹੇ ਪੜ੍ਹ, ਹਰਿ ਸਚ ਦਿਸ ਨਾ ਆਇੰਦਾ । ਗੁਰ ਗੋਬਿੰਦ ਫੜਿਆ ਸਾਚਾ ਲੜ, ਹਰਿ ਸਾਚਾ ਮੇਲ ਮਿਲਾਇੰਦਾ । ਵਾਹਿਗੁਰੂ ਅੱਖਰ ਏਕਾ ਪੜ੍ਹ, ਏਕੰਕਾਰ ਰੂਪ ਸਮਾਇੰਦਾ । ਦੋ ਜਹਾਨੀ ਆਪੇ ਰਿਹਾ ਲੜ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਫੇਰਾ ਪਾਇੰਦਾ । ਸੱਚਾ ਸਤਿਗੁਰ ਮਿਹਰਵਾਨ, ਸ਼ਬਦ ਗੁਰ ਅਨਾਦੀਆ । ਹਰਿ ਹਰਿ ਦੇਵੇ ਜੀਆ ਦਾਨ, ਵੇਖ ਵਖਾਏ ਬ੍ਰਹਮ ਬ੍ਰਹਿਮਾਦੀਆ । ਜੁਗ ਜੁਗ ਖੇਲੇ ਖੇਲ ਮਹਾਨ, ਧੁਰ ਦੀ ਬਾਣ ਆਦਿ ਜੁਗਾਦੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣੀ ਵਸਤ ਆਪੇ ਲਾਧੀਆ । ਹਰਿ ਸ਼ਬਦ ਹਰਿ ਰੂਪ, ਹਰਿ ਸਮਾਇਆ । ਸਤਿਗੁਰ ਸ਼ਾਹੋ ਭੂਪ, ਗੁਰਮੁਖ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇਆ । ਮਨਮੁਖ ਨਾਤਾ ਜੂਠ ਝੂਠ, ਨਿੰਦਕ ਨਿੰਦਿਆ ਮੁਖ ਰਖਾਇਆ । ਕਲਜੁਗ ਅੰਤਮ

ਗਿਆ ਤੁਠ, ਹਰਿ ਗੋਬਿੰਦ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵਿਚ ਸਮਾਇਆ । ਹਰਿ ਸ਼ਬਦ ਹਰਿ ਧਾਰ, ਹਰਿ ਹਰਿ ਆਪ ਚਲਾਈਆ । ਸਤਿਗੁਰ ਪੂਰਾ ਪਾਵੇ ਸਾਰ, ਵਡ ਵੱਡੀ ਵਡਿਆਈਆ । ਗੁਰਮੁਖ ਸਾਜਨ ਲਏ ਉਭਾਰ, ਬਖ਼ਸ਼ੇ ਚਰਨ ਸੱਚੀ ਸਰਨਾਈਆ । ਮਨਮੁਖ ਡੋਬੇ ਵਿਚ ਮੰਝਧਾਰ, ਕਲਜੁਗ ਕੂਕੇ ਦਏ ਦੁਹਾਈਆ । ਪਰਗਟ ਹੋ ਵਿਚ ਸੰਸਾਰ, ਏਕਾ ਡੰਕਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਹਰਿ ਸ਼ਬਦ ਹਰਿ ਸੰਗ, ਹਰਿ ਉਪਾਇਆ । ਸਤਿਗੁਰ ਪੂਰਾ ਨਾਮ ਵਜਾਏ ਮਰਦੰਗ, ਲੋਆਂ ਪੁਰੀਆਂ ਰਿਹਾ ਸੁਣਾਇਆ । ਗੁਰਮੁਖ ਮੰਗੇ ਸਾਚੀ ਮੰਗ, ਏਕਾ ਝੋਲੀ ਨਾਮ ਭਰਾਇਆ । ਮਨਮੁਖ ਜੀਵ ਹੋਏ ਨੰਗ, ਸ਼ਬਦ ਬਸਤਰ ਨਾ ਤਨ ਹੰਢਾਇਆ । ਸਤਿਗੁਰ ਪੂਰਾ ਚਾੜ੍ਹੇ ਰੰਗ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇਆ । ਹਰਿ ਸ਼ਬਦ ਹਰਿ ਮੀਤ, ਹਰਿ ਹਰਿ ਮੇਲ ਮਿਲਾਇਆ । ਸਤਿਗੁਰ ਗਾਏ ਸੁਹਾਗੀ ਗੀਤ, ਏਕਾ ਰਾਗ ਅਲਾਇਆ । ਹਰਿਜਨ ਬੈਠਾ ਰਹੇ ਅਤੀਤ, ਇਕ ਧਿਆਨ ਲਗਾਇਆ । ਮਨਮੁਖਾਂ ਵੇਲਾ ਰਿਹਾ ਬੀਤ, ਵੇਲਾ ਗਿਆ ਹੱਥ ਨਾ ਆਇਆ । ਸਤਿਗੁਰ ਪੂਰਾ ਕਾਇਆ ਕਰੇ ਠੰਡੀ ਸੀਤ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੋਜ ਖੁਜਾਇਆ । ਹਰਿ ਹਰਿ ਸ਼ਬਦ ਮਲਾਹ, ਹਰਿ ਹਰਿ ਆਪ ਉਪਾਇਆ । ਗੁਰ ਪੂਰਾ ਦਏ ਨਾਮ ਸਲਾਹ, ਏਕਾ ਮੰਤਰ ਨਾਮ ਦ੍ਰਿੜਾਇਆ । ਗੁਰਮੁਖ ਸਾਜਨ ਪਕੜੇ ਬਾਂਹ, ਕਲ ਬੇੜਾ ਪਾਰ ਕਰਾਇਆ । ਮਨਮੁਖ ਜੀਵ ਕਰ ਬੈਠੇ ਨਾਂਹ, ਰਾਏ ਧਰਮ ਦਏ ਸਜਾਇਆ । ਸਤਿਗੁਰ ਪੂਰਾ ਦੇਵੇ ਸਾਚਾ ਥਾਂ, ਥਿਰ ਘਰ ਸਾਚਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਹੋਏ ਸਹਾਇਆ । ਹਰਿ ਹਰਿ ਸ਼ਬਦ ਅਤੁੱਟ, ਹਰਿ ਹਰਿ ਆਪ ਵਰਤਾਇੰਦਾ । ਸਤਿਗੁਰ ਪੂਰਾ ਲਾਹਾ ਲੁੱਟ, ਏਕਾ ਰੂਪ ਸਮਾਇੰਦਾ । ਗੁਰਮੁਖਾਂ ਦੇਵੇ ਨਾਮ ਘੁੱਟ, ਏਕਾ ਜਾਮ ਪਿਲਾਇੰਦਾ । ਮਨਮੁਖ ਦਰ ਦਵਾਰਿਉਂ ਕੱਢੇ ਕੁੱਟ, ਸਾਚੀ ਵਸਤ ਨਾ ਕੋਈ ਵਖਾਇੰਦਾ । ਸਤਿਗੁਰ ਪੂਰਾ ਜਾਏ ਤੁਠ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਹਰਿ ਸ਼ਬਦ ਹਰਿ ਭੰਡਾਰ, ਹਰਿ ਹਰਿ ਆਪ ਵਰਤਾਇਆ । ਸਤਿਗੁਰ ਪੂਰਾ ਲੈ ਅਵਤਾਰ, ਜੁਗ ਜੁਗ ਵੇਸ ਵਟਾਇਆ । ਗੁਰਮੁਖ ਸਾਜਨ ਲਾਏ ਪਾਰ, ਸਾਚਾ ਬੇੜਾ ਲਏ ਚਲਾਇਆ । ਮਨਮੁਖ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਈ ਧਰਾਇਆ । ਸਤਿਗੁਰ ਪੂਰਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸੰਗ ਨਿਭਾਇਆ । ਹਰਿ ਸ਼ਬਦ ਹਰਿ ਧਾਰ, ਹਰਿ ਹਰਿ ਆਪ ਚਲਾਈਆ । ਸਤਿਗੁਰ ਪੂਰਾ ਪਾਵੇ ਸਾਰ, ਸਚ ਸੁੱਚ ਵੱਡੀ ਵਡਿਆਈਆ । ਗੁਰਮੁਖ ਸਾਜਨ ਢਹਿ ਪਏ ਦਵਾਰ, ਮੇਲ ਮਿਲਾਏ ਬੇਪਰਵਾਹੀਆ । ਮਨਮੁਖ ਜੀਵ ਹੋਏ ਖ਼ਵਾਰ, ਥਾਇਨ ਨਾ ਕੋਈ ਪਾਈਆ । ਸਤਿਗੁਰ ਪੂਰਾ ਸਿਰਜਣਹਾਰ, ਸਭਨਾ ਦੇਵੇ ਰਿਜਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਏਕਾ ਧਾਮ ਸੁਹਾਈਆ । ਨਿਰਗੁਣ ਧਾਮ ਹਰਿ ਨਿਰੰਕਾਰ, ਏਕਾ ਏਕ ਸੁਹਾਇਆ । ਜੋਤੀ ਜੋਤ ਅਗੰਮ ਅਪਾਰ, ਨਾ ਕੋਈ ਲੇਖਾ ਲੇਖ ਲਿਖਾਇਆ । ਨਾ ਕੋਈ ਮੰਦਰ ਚਾਰ ਦਿਵਾਰ, ਗਗਨ ਪਤਾਲ ਨਾ

ਕੋਈ ਸੁਹਾਇਆ । ਮੰਡਲ ਮੰਡਪ ਨਾ ਕੋਈ ਪਸਾਰ, ਅਕਾਸ਼ ਪਰਕਾਸ਼ ਨਾ ਕੋਈ ਦਸਾਇਆ । ਧਰਤ ਧਵਲ ਨਾ ਕੋਈ ਅਕਾਰ, ਰਵ ਸਸ ਨਾ ਕੋਈ ਰੁਸ਼ਨਾਇਆ । ਬ੍ਰਹਿਮੰਡ ਖੰਡ ਨਾ ਕੋਈ ਵਿਚਾਰ, ਜੇਰਜ ਅੰਡ ਨਾ ਕੋਈ ਬਣਾਇਆ । ਸਾਚੇ ਘਰ ਸੱਚੀ ਸਰਕਾਰ, ਆਪ ਆਪਣਾ ਆਸਣ ਲਾਇਆ । ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਕਰਦਾ ਆਇਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਇਆ । ਆਪੇ ਲੇਖਾ ਲੇਖ ਲਿਖਾਰ, ਬ੍ਰਹਮਾ ਬ੍ਰਹਮ ਜਣਾਇਆ । ਪਾਰਬ੍ਰਹਮ ਪੂਰਨ ਗੁਰ ਅਵਤਾਰ, ਆਦਿ ਜੁਗਾਦੀ ਆਪ ਅਖਵਾਇਆ । ਆਪੇ ਖੰਡਾ ਤੇਜ਼ ਕਟਾਰ, ਆਪ ਆਪਣੇ ਤਨ ਲਟਕਾਇਆ । ਆਪੇ ਮਾਰਨਹਾਰਾ ਮਾਰ, ਬ੍ਰਹਿਮੰਡਾਂ ਖੋਜ ਖੋਜਾਇਆ । ਰੂਪ ਅਨੂਪਾ ਹਰਿ ਕਰਤਾਰ, ਨਿਰਗੁਣ ਵੇਸ ਵਟਾਇਆ । ਸਤਿਜੁਗ ਤ੍ਰੇਤਾ ਕਰਿਆ ਪਾਰ, ਦੁਆਪਰ ਮੂਲ ਚੁਕਾਇਆ । ਕਲਜੁਗ ਅੰਤਮ ਵੇਖ ਵਿਚਾਰ, ਜੋਤੀ ਜਾਮਾ ਭੇਖ ਵਟਾਇਆ । ਬਿਪਰ ਸੁਦਾਮਾ ਲਾਏ ਪਾਰ, ਆਪ ਆਪਣੇ ਅੰਗ ਲਗਾਇਆ । ਨਾਮ ਨਾਮਾ ਇਕ ਅਧਾਰ, ਨਿਰਮਲ ਜੋਤੀ ਦੀਪ ਜਗਾਇਆ । ਕ੍ਰਿਸ਼ਨਾ ਸ਼ਾਮਾ ਹਰਿ ਕਰਤਾਰ, ਰਘਵੰਸਾ ਵੇਖ ਵਖਾਇਆ । ਵੇਖ ਵਖਾਏ ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਸੰਗ ਰਲਾਇਆ । ਅੱਲਾ ਰਾਣੀ ਸੁਣ ਪੁਕਾਰ, ਪਰਵਰਦਿਗਾਰ ਵੇਸ ਵਟਾਇਆ । ਐਨਲਹੱਕ ਰਹੀ ਪੁਕਾਰ, ਏਕਾ ਨਾਅਰਾ ਲਾਇਆ । ਮੁਕਾਮੇ ਹੱਕ ਖ਼ਬਰਦਾਰ, ਆਪੇ ਆਪ ਹੋ ਆਇਆ । ਅੰਤ ਨਬੀ ਰਸੂਲਾਂ ਨਕੇਲ ਪਾਏ ਨੱਕ, ਏਕਾ ਡੋਰੀ ਰਿਹਾ ਉਠਾਇਆ । ਮੱਕਾ ਮਦੀਨਾ ਵੇਖੇ ਢਕ, ਉਨੀ ਉਨੀਸਾ ਫੇਰੀ ਪਾਇਆ । ਅਮਾਮ ਮਹਿੰਦੀ ਰਹੇ ਰਾਹ ਤੱਕ, ਅਗੈਬ ਅਗੈਬੀ ਹੋਏ ਸੁਹਾਇਆ । ਮੁਖ ਨਕਾਬ ਏਕਾ ਰੱਖ, ਦੂਈ ਦਵੈਤੀ ਪੜਦਾ ਦੇਵੇ ਲਾਹਿਆ । ਵੇਖ ਵਖਾਏ ਹਕੀਕਤ ਹੱਕ, ਲਾਸ਼ਰੀਕ ਆਪ ਖ਼ੁਦਾਇਆ । ਕਲਜੁਗ ਅੰਤਮ ਫਲ ਗਿਆ ਪੱਕ, ਸਦੀ ਚੌਧਵੀਂ ਦਏ ਖਵਾਇਆ । ਹਰਿਜਨ ਸਾਚੇ ਲਏ ਰੱਖ, ਆਪ ਆਪਣਾ ਦਰਸ ਦਿਖਾਇਆ । ਪਰਗਟ ਹੋ ਹਰਿ ਪਰਤੱਖ, ਜੋਤੀ ਜੋਤ ਕਰੇ ਰੁਸ਼ਨਾਇਆ । ਸਰਬ ਕਲਾ ਆਪੇ ਸਮਰਥ, ਨਿਹਕਲੰਕ ਅਖਵਾਇਆ । ਸੀਤਾ ਸੁਰਤੀ ਸਵਾਣੀ ਚੜ੍ਹਾਏ ਸੋਹੰ ਸਾਚੇ ਰਥ, ਰਾਮ ਰਾਮਾ ਫੇਰਾ ਪਾਇਆ । ਮੋਹਣ ਮਾਧਵ ਲਖਮੀ ਨਰਾਇਣ ਖੇਲ ਕਰੇ ਅਕਥਨਾ ਅਕੱਥ, ਰਥ ਰਥਵਾਹੀ ਇਕ ਅਖਵਾਇਆ । ਨਾਨਕ ਅੰਗਦ ਲਾਏ ਗੁਰਮੁਖ ਸਾਚੇ ਲਏ ਤਰਾਇਆ । ਅਮਰਦਾਸ ਜਗ ਕਰਿਆ ਵੱਖ, ਏਕਾ ਧਾਮ ਸੁਹਾਇਆ । ਰਾਮ ਦਾਸ ਭੰਡਾਰੇ ਭਰੇ ਸਖ, ਅੰਮ੍ਰਿਤ ਤਾਲ ਸੁਹਾਇਆ । ਗੁਰ ਅਰਜਨ ਪੱਤ ਲਈ ਰੱਖ, ਗੋਝ ਗਿਆਨ ਬੋਧ ਅਗਾਧ ਜਣਾਇਆ । ਗੁਰ ਗੋਬਿੰਦੇ ਹੋ ਪਰਤੱਖ, ਹਰਿ ਗੋਬਿੰਦ ਰੂਪ ਵਟਾਇਆ । ਹਰਿਰਾਏ ਅਲਖਨਾ ਅਲੱਖ, ਲੇਖਾ ਲੇਖ ਲਿਖਾਇਆ । ਹਰਿਕ੍ਰਿਸ਼ਨ ਬਾਲ ਅਵਸਥਾ ਗਿਆ ਨੱਠ, ਹਰਿਕ੍ਰਿਸ਼ਨਾ ਹਰਿ ਸਮਾਇਆ । ਗੁਰ ਤੇਗ ਬਹਾਦਰ ਜਗਤ ਮੁਨਾਰਾ ਗਿਆ ਢੱਠ, ਧਰਮ ਮੁਨਾਰਾ ਦਏ ਉਪਾਇਆ । ਬੀਸ ਬੀਸਾ ਹਰਿ ਜਗਦੀਸਾ ਨੌਂ ਖੰਡ ਪ੍ਰਿਥਮੀ ਗੇੜੇ ਆਪੇ ਲੱਠ, ਦਰ ਦਿੱਲੀ ਫੇਰਾ ਪਾਇਆ । ਗੁਰ ਗੋਬਿੰਦੇ ਕਰਿਆ ਅਕੱਠ, ਸਾਚਾ ਧਾਮ ਸੁਹਾਇਆ । ਤ੍ਰੈਗੁਣ ਮਾਇਆ ਅਗਨੀ ਮੱਠ, ਪੰਚਮ ਝੋਲੀ ਪਾਇਆ । ਲਹਿਣਾ ਦੇਣਾ ਚੁਕਾਏ ਤੀਰਥ ਅਠਸਠ, ਜਿਸ ਜਨ ਸਤਿਗੁਰ ਪੂਰੇ ਦਰਸ਼ਨ ਪਾਇਆ । ਕਲਜੁਗ ਕੂੜ ਕੁੜਿਆਰਾ ਪਾਏ ਭੱਠ, ਏਕਾ ਅਗਨ ਹਵਨ ਨੈਣਾਂ ਨੈਣ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਸਰਗੁਣ ਮੇਲਾ ਸਾਚੇ ਘਰ, ਹਰਿ ਸਾਚਾ ਆਪ ਕਰਾਇੰਦਾ । ਆਪੇ ਕਰੇ ਬੰਦ ਦਰ, ਆਪੇ ਖੋਲ੍ਹ ਖੁਲ੍ਹਾਇੰਦਾ ।

ਆਪੇ ਬੈਠਾ ਅੰਦਰ ਵੜ੍ਹ, ਆਪੇ ਮੁਖ ਛੁਪਾਇੰਦਾ । ਆਪ ਫੜਾਏ ਆਪਣਾ ਲੜ, ਆਪੇ ਸੰਗ ਤੁੜਾਇੰਦਾ । ਆਪੇ ਉਪਾਏ ਕਿਲੇ ਗੜ੍ਹ, ਆਪੇ ਮੇਟ ਮਿਟਾਇੰਦਾ । ਆਪੇ ਬੈਠਾ ਅਨੰਦ ਪੁਰੀ ਚੜ੍ਹ, ਆਪੇ ਮੁਖ ਭਵਾਇੰਦਾ । ਏਕਾ ਅੱਖਰ ਸਾਚਾ ਪੜ੍ਹ, ਜਗਤ ਵਿਦਿਆ ਮੂਲ ਚੁਕਾਇੰਦਾ । ਏਕਾ ਜੋਤੀ ਸਾਚੇ ਹਰਿ, ਏਕਾ ਹਰਿ ਗੁਣ ਗਾਇੰਦਾ । ਵਰਨ ਗੋਤੀ ਚੁੱਕਿਆ ਡਰ, ਚਾਰ ਵਰਨਾਂ ਮੇਟ ਮਿਟਾਇੰਦਾ । ਪੰਚਮ ਪੰਚਮ ਆਪਣਾ ਆਪੇ ਧਰ, ਪੰਚਮ ਜੋਤ ਜਗਾਇੰਦਾ । ਪੰਚਮ ਨੁਹਾਏ ਸਾਚੇ ਸਰ, ਪੰਚਮ ਅੰਮ੍ਰਿਤ ਜਾਮ ਪਿਆਇੰਦਾ । ਪੰਚਮ ਲੇਖੇ ਲਾਏ ਸੀਸ ਧੜ, ਖੰਡਾ ਖੜਗ ਇਕ ਚਮਕਾਇੰਦਾ । ਪੰਚਮ ਆਪੇ ਲਏ ਫੜ, ਗੁਰ ਸੰਗਤ ਮੁਖ ਰਖਾਇੰਦਾ । ਪੰਚਮ ਚਰਨੀ ਆਪੇ ਗਿਆ ਪੜ, ਆਪਣੀ ਝੋਲੀ ਅੱਗੇ ਡਾਹਿੰਦਾ । ਇਕ ਅਕੱਲਾ ਸ੍ਰਿਸ਼ਟ ਸਬਾਈ ਵੇਖੇ ਖੜ, ਸਚ ਮਹੱਲਾ ਇਕ ਵਸਾਇੰਦਾ । ਅਕਾਲ ਮੂਰਤ ਨਾ ਕੋਈ ਹਾਡੀ ਮਾਸ ਨੜ, ਸੀਸ ਧੜ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਸਾਚਾ ਦਰ, ਸਚ ਦਰਵਾਜਾ ਗਰੀਬ ਨਿਵਾਜਾ ਏਕਾ ਏਕ ਸੁਹਾਇੰਦਾ । ਏਕਾ ਅਸਵ ਘੋੜਾ ਤਾਜਾ, ਏਕਾ ਗੁਰ ਚੜ੍ਹਾਇਆ । ਏਕਾ ਰੱਖਣਹਾਰਾ ਲਾਜਾ, ਜੁਗ ਜੁਗ ਆਪ ਅਖਵਾਇਆ । ਅੰਤਮ ਪਰਗਟ ਹੋਏ ਦੇਸ ਮਾਝਾ, ਜੋਤੀ ਜਾਮਾ ਭੇਖ ਵਟਾਇਆ । ਸੰਬਲ ਨਗਰ ਸਾਚੋ ਸਾਚਾ, ਭੇਵ ਕੋਈ ਨਾ ਪਾਇਆ । ਜਨ ਭਗਤਾਂ ਰੱਖਣ ਆਇਆ ਲਾਜਾ, ਜੁਗ ਜੁਗ ਆਪ ਅਖਵਾਇਆ । ਲੱਖ ਚੁਰਾਸੀ ਰਚਿਆ ਕਾਜਾ, ਸਾਚਾ ਸਗਨ ਮਨਾਇਆ । ਜੂਠ ਝੂਠ ਦੇਵੇ ਦਾਜਾ, ਮਨਮੁਖ ਜੀਵਾਂ ਦੇਵੇ ਗੰਢ ਬੰਧਾਇਆ । ਲਾੜੀ ਮੌਤ ਦਿਵਸ ਰੈਣ ਮਾਰੇ ਵਾਜਾ, ਕਾਲ ਦਵਾਰੇ ਫੇਰਾ ਰਿਹਾ ਪਾਇਆ । ਜੂਠ ਝੂਠ ਚਲਿਆ ਇਕ ਜਹਾਜ਼ਾ, ਕਲਜੁਗ ਕੂੜਾ ਲਏ ਚਲਾਇਆ । ਸਤਿਜੁਗ ਲੋਕਮਾਤ ਆਏ ਭਾਜਾ, ਬੀਸ ਬੀਸਾ ਰਾਹ ਤਕਾਇਆ । ਕਿਸੇ ਸੀਸ ਨਾ ਦਿਸੇ ਕੋਈ ਤਾਜਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇਆ । ਚਾਰ ਵਰਨ ਏਕਾ ਸਰਨ ਏਕਾ ਏਕ ਹੋਏ ਗਰੀਬ ਨਿਵਾਜਾ, ਗਰੀਬ ਨਿਮਾਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਹੋਏ ਸਹਾਇਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਸਰਗੁਣ ਦੇਵੇ ਸ਼ਬਦ ਧਾਰ, ਸ਼ਬਦੀ ਸ਼ਬਦ ਉਪਾਇਆ । ਆਪੇ ਆਪਣਾ ਕਰ ਪਿਆਰ, ਆਪਣੀ ਕਾਰਾ ਰਿਹਾ ਕਮਾਇਆ । ਭਰਮ ਭੁੱਲਾ ਸਰਬ ਸੰਸਾਰ, ਭਰਮ ਗੜ੍ਹ ਨਾ ਕੋਈ ਤੁੜਾਇਆ । ਉਚੀ ਕੂਕ ਰਹੇ ਵਿਚਾਰ, ਨੇਤਰ ਨੈਣ ਉਠਾਇਆ । ਗੁਰ ਗੋਬਿੰਦ ਤੇਰਾ ਦਰਸ ਅਪਾਰ, ਜਪ ਤਪ ਸੰਜਮ ਸਚ ਇਕ ਵਖਾਇਆ । ਏਕਾ ਖੰਡਾ ਇਕ ਕਟਾਰ, ਤਨ ਗਾਤਰੇ ਆਪ ਲਟਕਾਇਆ । ਪੰਚਮ ਮੀਤਾ ਸੁਹਾਏ ਬੰਕ ਦਵਾਰ, ਆਤਮ ਦਰਸੀ ਦਰਸ ਦਿਖਾਇਆ । ਹਸਤ ਕੀਟ ਰਿਹਾ ਵਿਚਾਰ, ਊਚਾਂ ਨੀਚਾਂ ਲਏ ਮਿਲਾਇਆ । ਚਾਰ ਵਰਨ ਅਠਾਰਾਂ ਬਰਨ ਕਰੇ ਖ਼ਬਰਦਾਰ, ਪੰਡਤ ਪਾਂਧਾ ਸੋਇਆ ਕੋਈ ਰਹਿਣ ਨਾ ਪਾਇਆ । ਇਕ ਅਕੱਲਾ ਸ਼ਬਦ ਮਹੱਲਾ ਰਿਹਾ ਉਸਾਰ, ਲੱਖ ਚੁਰਾਸੀ ਦਏ ਵਸਾਇਆ । ਜਲਾਂ ਥਲਾਂ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਹੋਏ ਸਹਾਇਆ । ਸਾਧ ਸੰਤ ਲਏ ਉਭਾਰ, ਆਪ ਆਪਣਾ ਕਰਮ ਕਮਾਇਆ । ਏਕਾ ਲਿਵ ਇਕ ਜੋਤ, ਏਕਾ ਵਰਨ ਏਕਾ ਗੋਤ, ਸ੍ਰਿਸ਼ਟ ਸਬਾਈ ਹਰਿ ਸ਼ਬਦ ਲਾਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਕੁੜਮਾਈਆ । ਚਾਰ ਵਰਨ ਇਕ ਦਵਾਰਾ, ਇਕ ਭੰਡਾਰਾ ਵਰਤਾਇਆ । ਇਕ ਸ਼ਬਦ ਇਕ ਪਿਆਰਾ, ਏਕਾ ਰਾਹ ਵਖਾਇਆ ।

੨੭੩
੦੨

ਏਕਾ ਮੀਤ ਇਕ ਮੁਰਾਰਾ, ਏਕਾ ਮਾਰਗ ਲਾਇਆ । ਏਕਾ ਗੀਤ ਇਕ ਸੁਨਾਰਾ, ਏਕਾ ਤਾਲ ਵਜਾਇਆ । ਏਕਾ ਰੀਤ ਵਿਚ ਸੰਸਾਰਾ, ਸਤਿਗੁਰ ਪੂਰਾ ਦਏ ਚਲਾਇਆ । ਨੌਂ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਬੰਨੇ ਸੀਸ ਦਸਤਾਰਾ, ਨਾ ਕੋਈ ਮੁੰਡ ਮੁੰਡਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਚਵੀਆਂ ਅਵਤਾਰਾ, ਗੁਰ ਗੋਬਿੰਦ ਲਿਖਿਆ ਲੇਖ ਬੀਸ ਬੀਸਾ ਕਰੇ ਕਰਾਏ ਖ਼ਬਰਦਾਰਾ, ਆਪ ਆਪਣਾ ਡੰਕ ਵਜਾਇਆ । ਇਕ ਸੁਣਾਏ ਸਚ ਜੈਕਾਰਾ, ਦੋ ਜਹਾਨਾਂ ਆਪ ਅਲਾਇਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰਾ, ਆਦਿ ਅੰਤ ਨਾ ਕਿਸੇ ਪਾਇਆ । ਜੁਗ ਜੁਗ ਆਪਣਾ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇਆ । ਕਲਜੁਗ ਸਾਚਾ ਵੇਖੇ ਇਕ ਦਵਾਰਾ, ਵੇਲਾ ਅੰਤਮ ਆਇਆ । ਕਵਣ ਕੂਟੇ ਹਰਿ ਲਏ ਅਵਤਾਰਾ, ਕਵਣ ਰੂਪ ਹੋਏ ਰੁਸ਼ਨਾਇਆ । ਕਵਣ ਝੂਟਾ ਦਏ ਸੰਸਾਰਾ, ਕਵਣ ਬੇੜਾ ਪਾਰ ਕਰਾਇਆ । ਜੂਠਾ ਝੂਠਾ ਬੂਟਾ ਹੋਇਆ ਤਿਆਰਾ, ਫਲ ਫੁਲਵਾੜੀ ਵੇਖ ਵਖਾਇਆ । ਸੰਮਤ ਸੋਲਾਂ ਕਰੇ ਪਿਆਰਾ, ਪਰਵਰਦਿਗਾਰ ਆਪ ਅਖਵਾਇਆ । ਨੂਰ ਅਲਾਹੀ ਏਕਾ ਨਾਅਰਾ, ਨਰ ਨਰਾਇਣ ਨਰ ਦਏ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਨਿਰਗੁਣ ਸਰਗੁਣ ਇਕ ਕਰ, ਏਕਾ ਘਰ ਵਸਾਇਆ । ਗੁਰਮੁਖ ਵਡਿਆਈ ਧੰਨ, ਹਰਿ ਨਾਮਾ ਧਨ ਪਾਇਆ । ਗੁਰਸਿਖ ਵਡਿਆਈ ਧੰਨ, ਹਰਿਜਨ ਮੇਲ ਮਿਲਾਇਆ । ਗੁਰਸਿਖ ਵਡਿਆਈ ਧੰਨ, ਹਰਿ ਹਰਿ ਵੇਖ ਵਖਾਇਆ । ਗੁਰਸਿਖ ਵਡਿਆਈ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਝੋਲੀ ਪਾਇਆ । ਗੁਰਸਿਖ ਵਡਿਆਈ ਧੰਨ, ਪੂਰਨ ਆਸ ਕਰਾਇਆ । ਗੁਰਸਿਖ ਵਡਿਆਈ ਧੰਨ, ਪ੍ਰਿਥਮੀ ਆਕਾਸ਼ ਹਰਿ ਸੁਹਾਇਆ । ਗੁਰਸਿਖ ਵਡਿਆਈ ਧੰਨ, ਸਾਚਾ ਮੰਦਰ ਇਕ ਸੁਹਾਇਆ । ਗੁਰਸਿਖ ਵਡਿਆਈ ਧੰਨ, ਸਵਾਸ ਸਵਾਸ ਲੇਖੇ ਲਾਇਆ । ਗੁਰਸਿਖ ਵਡਿਆਈ ਧੰਨ, ਦਸ ਦਸ ਮਾਸ ਨਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਰ ਦਵਾਰ ਦਰਸ ਦੀਦਾਰ ਸਿੰਘ ਦਿਦਾਰ ਇਕ ਵਖਾਇਆ ।



* ੧੮ ਚੇਤ ੨੦੧੫ ਬਿਕ੍ਰਮੀ ਜਰਨੈਲ ਸਿੰਘ ਦੇ ਘਰ ਪਿੰਡ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ਨਿਰਗੁਣ ਜੋਤ ਅਨਕ ਰੂਪ ਵਿਚ *

ਨਿਰਗੁਣ ਹਰਿ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਕਰ ਪਸਾਰਾ, ਅਭੇਵ ਅਭੇਦ ਰਖਾਇੰਦਾ । ਸ਼ਬਦ ਅਨਾਦੀ ਹਰਿ ਜੈਕਾਰਾ, ਏਕਾ ਏਕ ਅਲਾਇੰਦਾ । ਆਪ ਆਪਣੀ ਪਾਵੇ ਸਾਰਾ, ਆਪ ਆਪਣੀ ਬੂਝ ਬੁਝਾਇੰਦਾ । ਆਪ ਆਪਣਾ ਕਰ ਪਸਾਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਕਰ ਵਣਜਾਰਾ, ਆਪ ਆਪਣੀ ਮੰਗ ਮੰਗਾਇੰਦਾ । ਆਪ ਆਪਣਾ ਬਣ ਭਿਖਾਰਾ, ਆਪ ਆਪਣੀ ਝੋਲੀ ਡਾਹਿੰਦਾ । ਆਪ ਆਪਣਾ ਬਣ ਵਰਤਾਰਾ, ਆਪ ਆਪਣੀ ਭਿਛਿਆ ਪਾਇੰਦਾ । ਆਪ ਆਪਣਾ ਸੁਹਾਏ ਦਵਾਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਖੇਲੇ ਖੇਲ ਨਿਆਰਾ, ਖੇਲਣਹਾਰ ਆਪ ਅਖਵਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਵੇਸ ਵਟਾਇੰਦਾ । ਆਪ ਆਪਣਾ ਸਾਜਣ ਸਾਜਣਹਾਰਾ, ਸਾਜਣਹਾਰ ਆਪ ਅਖਵਾਇੰਦਾ । ਆਪ

ਆਪਣਾ ਕਰੇ ਨਾਮ ਅਪਾਰਾ, ਆਪ ਆਪਣਾ ਆਧਾਰ ਰਖਾਇੰਦਾ । ਆਪ ਆਪਣਾ ਲਾਏ ਨਾਅਰਾ, ਆਪ ਆਪਣਾ ਰਾਗ ਸੁਣਾਇੰਦਾ । ਆਪ ਆਪਣੀ ਕਰੇ ਪੁਕਾਰਾ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਆਪ ਉਪਾਇੰਦਾ । ਆਪਣਾ ਆਪ ਹਰਿ ਉਪਾ, ਆਪਣੀ ਕਲ ਵਰਤਾਈਆ । ਨਾ ਕੋਈ ਦੂਸਰ ਲਿਆ ਸੰਗ ਰਲਾ, ਨਾ ਕੋਈ ਵੇਖ ਵਖਾਈਆ । ਆਪ ਆਪਣੀ ਮੰਗ ਮੰਗਾ, ਆਪ ਆਪਣਾ ਸੰਗ ਨਿਭਾਈਆ । ਆਪ ਆਪਣਾ ਅੰਗ ਲਗਾ, ਆਪ ਆਪਣੀ ਸੇਜ ਹੰਢਾਈਆ । ਆਪ ਆਪਣਾ ਪਲੰਘ ਵਿਛਾ, ਥਿਰ ਘਰ ਬੈਠਾ ਆਸਣ ਲਾਈਆ । ਆਪ ਆਪਣੇ ਰੰਗ ਰੰਗਾ, ਰੰਗਣਹਾਰ ਆਪ ਹੋ ਜਾਈਆ । ਆਪ ਆਪਣਾ ਦਰ ਦਏ ਸੁਹਾ, ਸੋਭਾਵੰਤ ਆਪ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪ ਆਪਣਾ ਹਰਿ ਉਪਾਇਆ, ਆਪਣਾ ਜੋਗ ਕਮਾਇੰਦਾ । ਸਚ ਮਹੱਲਾ ਰਿਹਾ ਵਖਾਇਆ, ਸਾਚੀ ਬਣਤ ਬਣਾਇੰਦਾ । ਚਾਰ ਦਿਵਾਰਾ ਨਾ ਕੋਈ ਰਖਾਇਆ, ਛੱਪਰ ਛੰਨ ਨਾ ਕੋਈ ਵਖਾਇੰਦਾ । ਨਾ ਕੋਈ ਬਾਢੀ ਸੰਗ ਰਲਾਇਆ, ਨਾ ਕੋਈ ਲੇਖਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਸੁਹਾਇੰਦਾ । ਆਪ ਆਪਣਾ ਦਰ ਸੁਹਾਏ, ਆਦਿ ਪੁਰਖ ਅਬਿਨਾਸ਼ਾ । ਮਹੱਲ ਅਟੱਲ ਇਕ ਬਣਾਏ, ਆਪੇ ਵੇਖੇ ਖੇਲ ਤਮਾਸ਼ਾ । ਵਲ ਛਲ ਆਪਣਾ ਆਪ ਕਰਾਏ, ਆਪ ਆਪਣੇ ਅੰਦਰ ਕਰੇ ਵਾਸਾ । ਆਪਣਾ ਦੀਪਕ ਜੋਤੀ ਆਪ ਜਗਾਏ, ਨਾ ਕੋਈ ਉਪਾਏ ਪ੍ਰਿਥਮੀ ਅਕਾਸ਼ਾ । ਜਲ ਥਲ ਨਾ ਕੋਈ ਦਿਸਾਏ, ਨਾ ਕੋਈ ਮੰਡਲ ਰਾਸਾ । ਸੂਰਜ ਚੰਨ ਨਾ ਕੋਈ ਉਪਾਏ, ਸਾਲ ਬਰਸ ਦਿਵਸ ਰੈਣ ਨਾ ਕੋਈ ਰੱਖੇ ਆਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰੇ ਭਰਵਾਸਾ । ਆਪ ਆਪਣਾ ਨੂਰ ਉਪਾ, ਆਪੇ ਵੇਖ ਵਖਾਈਆ । ਆਪ ਆਪਣੀ ਤੂਰ ਵਜਾ, ਆਪ ਆਪਣਾ ਰਾਗ ਅਲਾਈਆ । ਆਪੇ ਹਾਜ਼ਰ ਹਜ਼ੂਰ ਅਖਵਾ, ਕਰਤਾ ਪੁਰਖ ਨਾਉਂ ਧਰਾਈਆ । ਪਾਰਬ੍ਰਹਮ ਵੇਸ ਵਟਾ, ਪਰਮ ਪੁਰਖ ਅਖਵਾਈਆ । ਅਗੰਮ ਅਗੰਮੜੇ ਧਾਮ ਸੁਹਾ, ਬੈਠਾ ਆਸਣ ਲਾਈਆ । ਅਲਖਣਾ ਅਲਖ ਏਕਾ ਅਲਖ ਰਿਹਾ ਜਗਾ, ਦਰ ਦਰਵੇਸ਼ ਆਪ ਅਖਵਾਈਆ । ਆਪਣੀ ਜੋਤ ਪਰਤੱਖ ਆਪ ਪਰਗਟਾ, ਰੂਪ ਅਨੂਪ ਸਤਿ ਸਰੂਪ ਸ਼ਾਹੋ ਭੂਪ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੋਏ ਸਹਾਈਆ । ਆਪ ਆਪਣਾ ਹੋਏ ਸਹਾਇਆ, ਏਕਾ ਏਕ ਏਕੰਕਾਰਾ । ਆਪ ਆਪਣਾ ਵੇਖ ਵਖਾਇਆ, ਆਪੇ ਜਾਣੇ ਆਪਣੀ ਕਾਰਾ । ਲੇਖਾ ਲਿਖਤ ਲੇਖ ਨਾ ਕੋਈ ਲਿਖਾਇਆ, ਨਾ ਕੋਈ ਲੇਖ ਲਿਖਣਹਾਰਾ । ਅਭੇਵ ਅਭੇਦਾ ਭੇਵ ਛੁਪਾਇਆ, ਰੂਪ ਰੰਗ ਹਰਿ ਨਿਆਰਾ । ਅਛਲ ਅਛੇਦਾ ਆਪ ਅਖਵਾਇਆ, ਆਪ ਆਪਣਾ ਲਏ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੁਹਾਏ ਬੰਕ ਦਵਾਰਾ । ਬੰਕ ਦਵਾਰਾ ਹਰਿ ਨਿਰੰਕਾਰਾ, ਏਕਾ ਏਕ ਸੁਹਾਇੰਦਾ । ਨਿਰਮਲ ਜੋਤੀ ਕਰ ਉਜਿਆਰਾ, ਇਕ ਪਰਕਾਸ਼ ਵਖਾਇੰਦਾ । ਸਤਿ ਸਰੂਪ ਹਰਿ ਸਿਰਜਣਹਾਰਾ, ਸਤਿ ਪੁਰਖ ਆਪ ਅਖਵਾਇੰਦਾ । ਆਪ ਆਪਣਾ ਕਰਮ ਰਿਹਾ ਵਿਚਾਰਾ, ਆਪ ਆਪਣਾ ਜਨਮ ਦਵਾਇੰਦਾ । ਆਪ ਆਪਣਾ ਭਰਮ ਨਿਵਾਰਾ, ਆਪ ਆਪਣਾ ਧਰਮ ਧਰਾਇੰਦਾ । ਆਪ ਆਪਣਾ ਵਰਨ ਲਿਆ ਵਿਚਾਰਾ, ਆਪ ਆਪਣੀ ਗੋਤ ਉਪਾਇੰਦਾ । ਆਪ ਆਪਣੀ ਸਰਨ ਹੋਏ ਕਰਤਾਰਾ, ਸਰਨਗਤ ਆਪ ਅਖਵਾਇੰਦਾ । ਆਪੇ ਹੋਇਆ ਕਰਨੀ ਕਰਨਹਾਰਾ, ਨਿਰੰਕਾਰ ਕਰਨਹਾਰ

੨੭੫
੦੨

ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲਾਇੰਦਾ । ਆਪਣੀ ਧਾਰ ਆਪ ਚਲਾਏ, ਪਾਰਬ੍ਰਹਮ ਬੇਅੰਤਾ । ਨਿਰਗੁਣ ਨਿਰਗੁਣ ਰੂਪ ਵਟਾਏ, ਹਰਿ ਸਾਜਨ ਨਾਰੀ ਕੰਤਾ । ਆਪ ਆਪਣਾ ਲੇਖ ਲਿਖਾਏ, ਆਪ ਆਪਣਾ ਹੋਏ ਮੰਗਤਾ । ਆਪ ਆਪਣੀ ਅਲਖ ਜਗਾਏ, ਆਪਣੇ ਦਰ ਹੋਏ ਭੁੱਖਾ ਨੰਗਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਚੋਲੀ ਆਪੇ ਰੰਗਤਾ । ਨਿਰਗੁਣ ਹਰਿ ਉਪਾਇਆ, ਆਪਣੀ ਕਲ ਧਾਰੀਆ । ਨਾ ਕੋਈ ਦੂਸਰ ਵੇਖ ਵਖਾਇਆ, ਨਾ ਕੋਈ ਮਿਲਿਆ ਮੀਤ ਮੁਰਾਰੀਆ । ਨਾ ਕੋਈ ਚੇਲਾ ਗੁਰ ਬਣਾਇਆ, ਨਾ ਕੋਈ ਕਰੇ ਨਿਮਸਕਾਰੀਆ । ਸੱਜਣ ਸੁਹੇਲਾ ਨਾ ਕੋਈ ਅਖਵਾਇਆ, ਨਾ ਕੋਈ ਦੀਸੇ ਦਰ ਦਰਬਾਰੀਆ । ਇਕ ਅਕੇਲਾ ਡੇਰਾ ਲਾਇਆ, ਰੂਪ ਅਨੂਪ ਸੱਚੀ ਸਰਕਾਰੀਆ । ਸ਼ਾਹੋ ਭੂਪ ਆਪ ਅਖਵਾਇਆ, ਜੋਧਾ ਸੂਰ ਬਲੀ ਬਲਕਾਰੀਆ । ਆਪਣਾ ਸ਼ਸਤਰ ਆਪੇ ਰਿਹਾ ਉਪਾਇਆ, ਨਾਮ ਖੰਡਾ ਤੇਜ਼ ਕਟਾਰੀਆ । ਆਪਣਾ ਬਸਤਰ ਆਪਣੇ ਤਨ ਰਿਹਾ ਛੁਹਾਇਆ, ਆਪੇ ਸਚ ਸ਼ੰਗਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਹੋਏ ਉਜਿਆਰੀਆ । ਜੋਤੀ ਨੂਰ ਹਰਿ ਉਜਾਲਾ, ਹਰਿ ਘਰ ਆਪ ਸਮਾਇਆ । ਦੀਨਾ ਬੰਧਪ ਦੀਨ ਦਿਆਲਾ, ਦਇਆ ਨਿਧ ਅਖਵਾਇਆ । ਸ਼ਬਦ ਉਪਾਏ ਪੂਤ ਸਪੂਤਾ ਸਾਚਾ ਲਾਲਾ, ਜੋਤੀ ਮਾਤਾ ਝੋਲੀ ਪਾਇਆ । ਆਪੇ ਹੋਏ ਸਦਾ ਰਖਵਾਲਾ, ਆਪੇ ਵੇਖ ਵਖਾਇਆ । ਆਪਣਾ ਆਪ ਬਣਾਏ ਹਰਿ ਦਲਾਲਾ, ਆਪ ਆਪਣੀ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਖ ਵਖਾਇਆ । ਨਿਰਗੁਣ ਰੂਪ ਹਰਿ ਅਗੰਮ, ਆਪਣਾ ਆਪ ਉਪਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਨਾ ਵੇਖ ਵਖਾਇਆ । ਨਾ ਕੋਈ ਪਵਣ ਸਵਾਸੀ ਲਏ ਦਮ, ਹੱਡ ਮਾਸ ਨਾੜੀ ਨਾ ਕੋਈ ਰਖਾਇਆ । ਰਕਤ ਬੂੰਦ ਨਾ ਕੋਈ ਚੰਮ, ਨਾ ਕੋਈ ਅਕਾਸ਼ ਪਰਕਾਸ਼ ਸਮਾਇਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਹਰਿ ਅਨਾਦੀ ਆਪੇ ਜਾਣੇ ਆਪਣਾ ਕੰਮ, ਆਪਣੀ ਰਾਸ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖ ਹਰਿ ਆਪ ਆਪਣੀ ਖ਼ੁਸ਼ੀ ਮਨਾਇਆ । ਨਿਰਗੁਣ ਰੂਪ ਹਰਿ ਸਲਾਹ, ਆਪਣਾ ਮਤਾ ਪਕਾਇਆ । ਆਪ ਆਪਣਾ ਬਣ ਮਲਾਹ, ਆਪਣਾ ਬੇੜਾ ਰਿਹਾ ਚਲਾਇਆ । ਆਪ ਆਪਣਾ ਨਾਉਂ ਧਰਾ, ਨਰ ਨਿਰੰਕਾਰ ਅਖਵਾਇਆ । ਆਪਣੀ ਪਕੜੇ ਆਪੇ ਬਾਂਹ, ਸਮਰਥ ਪੁਰਖ ਹਰਿ ਰਘੁਰਾਇਆ । ਆਪ ਆਪਣੀ ਰੱਖੇ ਛਾਂ, ਸਿਰ ਆਪਣਾ ਛਤਰ ਝੁਲਾਇਆ । ਆਪ ਆਪਣੀ ਬਣਿਆ ਪਿਤਾ ਮਾਂ, ਆਪ ਆਪਣਾ ਗੋਦ ਉਠਾਇਆ । ਆਪ ਆਪਣਾ ਵੇਖੇ ਥਾਂ, ਥਿਰ ਘਰ ਸਾਚਾ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਥਾਹ ਸਾਚਾ ਰਾਹ ਵੇਖ ਵਖਾਇਆ । ਨਿਰਗੁਣ ਰੂਪ ਅਗੰਮ ਅਥਾਹ, ਬੇਪਰਵਾਹ ਅਖਵਾਇੰਦਾ । ਆਪ ਸੁਹਾਏ ਆਪਣਾ ਥਾਂ, ਥਾਨ ਥਨੰਤਰ ਵੇਖ ਵਖਾਇੰਦਾ । ਆਪ ਜਪਾਏ ਆਪਣਾ ਨਾਂ, ਗਗਨ ਗਗਨੰਤਰ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦੇਵੇ ਵਰ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਸ਼ਬਦ ਸੁਤ ਹਰਿ ਬਲਵਾਨਾ, ਏਕਾ ਏਕ ਉਪਾਇਆ । ਏਕਾ ਦੇਵੇ ਗੁਣ ਗੁਣ ਨਿਧਾਨਾ, ਗੁਣਵੰਤਾ ਝੋਲੀ ਪਾਇਆ । ਏਕਾ ਹੁਕਮ ਧੁਰ ਫ਼ਰਮਾਣਾ, ਸਚ ਸੰਦੇਸ਼ ਸੁਣਾਇਆ । ਏਕਾ ਰਾਗ ਇਕ ਤਰਾਨਾ, ਪੁਰਖ ਅਨਾਦੀ ਏਕਾ ਗਾਇਆ । ਏਕਾ ਘਰ ਇਕ ਮਕਾਨਾ, ਏਕਾ ਦਰ ਸੁਹਾਇਆ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ

ਆਪ ਹਰਿ ਆਇਆ । ਆਪੇ ਦੇਵਣਹਾਰਾ ਮਾਣਾ, ਆਪ ਆਪਣੇ ਗਲੇ ਲਗਾਇਆ । ਆਪ ਆਪਣਾ ਵਰਤੇ ਭਾਣਾ, ਹਰਿ ਭਾਣੇ ਵਿਚ ਸਮਾਇਆ । ਸ਼ਬਦ ਸੁਤ ਦਰ ਕਰੇ ਪਰਵਾਨਾ, ਦੋਏ ਜੋੜ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਸਚ ਵਰ, ਵਰ ਦਾਤਾ ਆਪ ਅਖਵਾਇਆ । ਸਾਚਾ ਵਰ ਦੇਵਣਹਾਰਾ, ਆਦਿ ਪੁਰਖ ਅਬਿਨਾਸ਼ਾ । ਸ਼ਬਦ ਸੁਤ ਸੋਹੇ ਦਰ, ਰੱਖੇ ਚਰਨ ਕਵਲ ਭਰਵਾਸਾ । ਮੇਲ ਮਿਲਾਇਆ ਨਾਰੀ ਨਰ, ਆਪੇ ਰੱਖਿਆ ਅੰਦਰ ਵਾਸਾ । ਚਰਨ ਚਰਨੋਦਕ ਨੁਹਾਇਆ ਸਾਚੇ ਸਰ, ਦੇਵੇ ਨਾਮ ਦਲਾਸਾ । ਆਪਣਾ ਭੰਡਾਰਾ ਆਪੇ ਭਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਏ ਵਰ, ਏਕਾ ਮੰਡਲ ਏਕਾ ਰਾਸਾ । ਏਕਾ ਮੰਡਲ ਹਰਿ ਦਵਾਰਾ, ਆਪਣਾ ਆਪ ਸੁਹਾਇਆ । ਏਕਾ ਜੋਤੀ ਕਰ ਉਜਿਆਰਾ, ਏਕਾ ਦੀਪ ਜਗਾਇਆ । ਨਾ ਕੋਈ ਰਵ ਸਸ ਚੰਦ ਸਤਾਰਾ, ਮੰਡਲ ਮੰਡਪ ਨਾ ਕੋਈ ਰਖਾਇਆ । ਇਕ ਅਕੱਲਾ ਏਕੰਕਾਰਾ, ਏਕੰਕਾਰਾ ਰੂਪ ਵਟਾਇਆ । ਸਚ ਸਿੰਘਾਸਣ ਬੈਠਾ ਕਰੇ ਵਿਚਾਰਾ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਵਰ ਘਰ ਸਾਚਾ ਏਕਾ ਪਾਇਆ । ਵਰ ਘਰ ਸਾਚਾ ਹਰਿ ਹਰਿ ਪਾ, ਸ਼ਬਦ ਵੱਜੀ ਵਧਾਈਆ । ਧੁਰਦਰਗਾਹੀ ਲਹਿਣਾ ਰਿਹਾ ਦਵਾ, ਲਹਿਣੇਦਾਰ ਇਕ ਅਖਵਾਈਆ । ਲੋਆਂ ਪੁਰੀਆਂ ਗਗਨ ਪਤਾਲ ਅਕਾਸ਼ ਪਰਕਾਸ਼ ਗਿਆ ਸਮਾ, ਬ੍ਰਹਿਮੰਡ ਖੰਡ ਗਿਆ ਸਮਾਈਆ । ਪਾਰਬ੍ਰਹਮ ਪ੍ਰਭ ਵੰਡ ਵੰਡਾ, ਬੈਠਾ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਆਪਣਾ ਆਪ ਲਿਆ ਮਨਾ, ਆਪ ਆਪਣੀ ਕਰੇ ਵਡਿਆਈਆ । ਆਪ ਆਪਣੀ ਸੇਜਾ ਰਿਹਾ ਹੰਢਾ, ਆਪ ਆਪਣਾ ਬਲਾਸ ਕਰਾਈਆ । ਕਵਲ ਕਵਲਾ ਲਏ ਉਪਾ, ਕਵਲ ਮੁਖ ਹਰਿ ਰਘੁਰਾਈਆ । ਪਾਰਬ੍ਰਹਮ ਬ੍ਰਹਮ ਲਏ ਕਟਾ, ਆਪ ਆਪਣਾ ਵੱਖ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਆਪਣੀ ਰਚਨਾ ਰਿਹਾ ਰਚਾਈਆ । ਸ਼ਬਦ ਸੁਤ ਰਚਨਹਾਰਾ, ਆਪਣੀ ਰਚਨ ਰਚਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਨਿਆਰਾ, ਭੇਵ ਕੋਈ ਨਾ ਪਾਇੰਦਾ । ਆਪਣੀ ਜੋਤੀ ਆਪੇ ਪਏ ਜੰਮ, ਮਾਤ ਪਿਤ ਨਾ ਕੋਈ ਅਖਵਾਇੰਦਾ । ਆਪ ਸਵਾਰਨਹਾਰਾ ਆਪਣਾ ਕੰਮ, ਆਪੇ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਸ ਅਨੇਕ ਏਕ ਕਰਾਇੰਦਾ ।

ਨਿਰਪਖ ਨਿਰਲਜ, ਹਰਿ ਨਿਰੰਕਾਰਿਆ । ਜਨ ਭਗਤਾਂ ਪੜਦੇ ਲਏ ਕੱਜ, ਜੁਗ ਜੁਗ ਖੇਲ ਅਪਾਰਿਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਦੇਵੇ ਤਜ, ਹਰਿਜਨ ਸੁਹਾਏ ਬੰਕ ਦਵਾਰਿਆ । ਆਤਮ ਸੇਜਾ ਚੜ੍ਹੇ ਭਜ, ਮੇਲ ਮਿਲਾਏ ਦਸਮ ਦਵਾਰਿਆ । ਅਨਹਦ ਤਾਲ ਧੁਨ ਆਤਮਕ ਅਨਾਦੀ ਰਿਹਾ ਵੱਜ, ਵਜਾਵਣਹਾਰ ਸਿਰਜਣਹਾਰਿਆ । ਹਰਿਸੰਗਤ ਹਰਿ ਦਵਾਰ ਰਹੀ ਸਜ, ਜਿਨ ਮਿਲਿਆ ਹਰਿ ਮੀਤ ਮੁਰਾਰਿਆ । ਕਲਜੁਗ ਕਾਲ ਨਗਾਰਾ ਰਿਹਾ ਵੱਜ, ਚਾਰੋਂ ਕੁੰਟ ਅੰਧ ਅੰਧਿਆਰਿਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਈ ਰਹਿਣ ਨਾ ਪਾ ਰਿਹਾ । ਕਾਲ ਮਹਾਂਕਾਲ ਦੋਵੇਂ ਰਹੇ ਗੱਜ, ਗੁਰ ਗੋਬਿੰਦ ਵੇਖ ਵਖਾ ਰਿਹਾ । ਪਰਗਟ ਜੋਤ ਦੇਸ ਮਾਝ, ਸੰਬਲ ਨਗਰੀ ਧਾਮ ਸੁਹਾ ਰਿਹਾ । ਦੋ ਜਹਾਨੀ ਰਚਿਆ ਕਾਜ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾ ਰਿਹਾ । ਜੀਵ ਜੰਤ ਸਾਧ ਸੰਤ ਨਾਰ ਦੋਹਾਗਣ ਹੋਈ ਰੰਡ, ਸਾਚਾ ਕੰਤ ਨਾ ਕੋਈ ਹੰਢਾ ਰਿਹਾ । ਪੰਚ ਵਿਕਾਰਾ ਚਾਰ ਕੁੰਟ ਦਹਿ ਦਿਸ਼ਾ ਪਾਏ ਡੰਡ, ਜੂਠ ਝੂਠ ਡੰਕ ਵਜਾ ਰਿਹਾ । ਮਾਇਆ ਮਮਤਾ ਭੇਖ ਪਖੰਡ, ਹਉਮੇ ਹੰਗਤਾ ਰੋਗ ਵਧਾ ਲਿਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਘਰ ਸੁਹੰਜਣਾ, ਜਗੇ ਜੋਤ ਨਿਰੰਜਣਾ, ਅਲਖ ਅਲਖਣਾ ਮੇਲ ਮਿਲਾ ਲਿਆ । ਅਲਖ ਅਲਖਣਾ ਹਰਿ ਪਰਤੱਖ, ਏਕਾ ਏਕ ਅਖਵਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਰੱਖ, ਆਦਿ ਜੁਗਾਦੀ ਭੇਖ ਵਟਾਇੰਦਾ । ਮਨਮੁਖ ਜੀਵ ਕਾਇਆ ਭਾਂਡੇ ਹੋਏ ਸਖ, ਨਾਮ ਵਸਤ ਨਾ ਕੋਈ ਟਿਕਾਇੰਦਾ । ਜਗਤ ਵਿਦਿਆ ਕਰੋੜੀ ਲੱਖ, ਨਾਮ ਧਨ ਨਾ ਕੋਈ ਜਣਾਇੰਦਾ । ਭਗਤ ਸੁਹੇਲੇ ਕਰੇ ਵਖ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਚ ਘਰ, ਦਰ ਦਵਾਰਾ ਇਕ ਸੁਹਾਇੰਦਾ । ਹਰਿਜਨ ਮੇਲਾ ਹਰਿ ਦਵਾਰ, ਹਰਿ ਹਰਿ ਆਪ ਕਰਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਅੰਦਰ ਮੰਦਰ ਕੁੰਡਾ ਲਾਹਿਆ । ਮੇਟ ਮਿਟਾਏ ਪੰਚਮ ਧਾੜ, ਪੰਚ ਵਿਕਾਰਾ ਨੇੜ ਨਾ ਆਇਆ । ਤ੍ਰੈਗੁਣ ਮਾਇਆ ਦੇਵੇ ਸਾੜ, ਸਤਿ ਸੰਤੋਖ ਸਮਾਇਆ । ਗੁਰਮੁਖ ਵੇਖੇ ਸਾਚੇ ਲਾੜ, ਵੇਖਣਹਾਰ ਦਿਸ ਨਾ ਆਇਆ । ਆਪੇ ਹੋਏ ਪਿੱਛੇ ਅਗਾੜ, ਸੁਖਮਨ ਬੰਕਾ ਪਾਰ ਕਰਾਇਆ । ਅਨਹਦ ਵੱਜੇ ਸਾਚਾ ਤਾੜ, ਤਾਲ ਤਲਵਾੜਾ ਇਕ ਵਖਾਇਆ । ਦੂਈ ਦਵੈਤੀ ਪੜਦਾ ਪਾੜ, ਏਕਾ ਧਾਮ ਸੁਹਾਇਆ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਮਿਟਾਇਆ । ਸਾਚੇ ਮੰਦਰ ਦੇਵੇ ਵਾੜ, ਨਿਰਮਲ ਜੋਤ ਕਰੇ ਰੁਸ਼ਨਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਆਤਮ ਸੇਜਾ ਦਏ ਸੁਹਾਇਆ । ਸਾਚੀ ਬਰਖਾ ਨਾਮ ਗੁਲਜ਼ਾਰ, ਫਲ ਫੁਲਵਾੜੀ ਵੇਖ ਵਖਾਇਆ । ਗੁਰਮੁਖ ਆਤਮ ਸੁਹਾਗਣ ਨਾਰ, ਘਰ ਸਾਚੇ ਮੇਲ ਮਿਲਾਇਆ । ਪੰਚਮ ਸਖੀਆਂ ਵੇਖਣ ਵਾਰੋ ਵਾਰ, ਸਾਚਾ ਮੰਗਲ ਏਕਾ ਗਾਇਆ । ਸਾਚੀ ਸੇਜਾ ਹਰਿ ਕੰਤ ਭਤਾਰ, ਆਪ ਆਪਣੀ ਰਿਹਾ ਸੁਹਾਇਆ । ਏਕਾ ਮੇਲਾ ਇਕ ਦਵਾਰ, ਏਕਾ ਰੂਪ ਵਟਾਇਆ । ਏਕਾ ਰੰਗ ਰੰਗੇ ਕਰਤਾਰ, ਰੰਗਣਹਾਰ ਸਰਬ ਸੁਖਦਾਇਆ । ਦਸਮ ਦਵਾਰੀ ਕਰ ਪਿਆਰ, ਹਰਿਜਨ ਹਰਿ ਮੰਦਰ ਦਏ ਸੁਹਾਇਆ । ਹਰਿ ਮੰਦਰ ਖੋਲ੍ਹੇ ਆਪ ਕਿਵਾੜ, ਸੁੰਨ ਅਗੰਮੋਂ ਪਾਰ ਕਰਾਇਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਹੰ ਹੰਗਤਾ ਮੇਟ ਮਿਟਾਇਆ । ਆਪ ਆਪਣਾ ਕਰ ਪਿਆਰ, ਹਰਿਜਨ ਸਾਚੇ ਲਏ ਤਰਾਇਆ । ਸੋਹੰ ਦੇਸ਼ ਹਰਿ ਨਿਰੰਕਾਰ, ਏਕਾ ਦੂਜਾ ਭੌ ਚੁਕਾਇਆ । ਤੀਜੇ ਦਰ ਪਾਵੇ ਸਾਰ, ਸਰ ਸਰੋਵਰ ਇਕ ਨੁਹਾਇਆ । ਚੌਥਾ ਪਦ ਨਰ ਨਿਰਬਾਨ, ਸਾਚਾ ਧਾਮ ਸੁਹਾਇਆ । ਪੰਚਮ ਮੇਲਾ ਹਰਿ ਭਗਵਾਨ, ਸਚ ਸੁੱਚ ਗੁਣ ਗਾਇਆ । ਛੇਵੇਂ ਛੱਪਰ ਛੰਨ ਨਾ ਕੋਈ ਮਕਾਨ, ਨਿਰਮਲ ਜੋਤ ਕਰੇ ਰੁਸ਼ਨਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਵੇਖੇ ਮਾਰ ਧਿਆਨ, ਅਗੰਮ ਅਗੰਮੜੇ ਧਾਮ ਸੁਹਾਇਆ । ਅੱਠਵੇਂ ਅੱਠਾਂ ਤੱਤਾਂ ਕਰ ਪਰਵਾਨ, ਮਨ ਮਤ ਬੁਧ ਮੇਟ ਮਿਟਾਇਆ । ਨੌਂ ਦਰ ਵਖਾਏ ਜਗਤ ਮਕਾਨ, ਮਿਹਰਵਾਨ ਦਿਸ ਨਾ ਆਇਆ । ਦਸਵੇਂ ਮੇਲਾ ਦਰ ਦਰਬਾਨ, ਦਰ ਦਰਵੇਸਾ ਰਿਹਾ ਫੇਰੀ ਪਾਇਆ । ਇਕ ਅਕੱਲਾ ਖੇਲੇ ਖੇਲ ਮਹਾਨ, ਖੇਲਣਹਾਰ ਸ੍ਰਿਸ਼ਟ ਸਬਾਇਆ । ਲੱਖ ਚੁਰਾਸੀ ਜਾਣੀ ਜਾਣ, ਜਾਨਣਹਾਰ ਭੇਵ ਨਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸੁਰਪਤ ਰਾਜਾ ਇੰਦ ਸਰਬ ਕੁਰਲਾਣ, ਨੇਤਰ ਲੋਚਣ ਨੈਣ ਦਰਸ ਦਰਸ ਤਰਸਾਇਆ । ਕਲਜੁਗ ਅੰਤਮ ਭਗਤ ਵਛਲ ਜਨ ਭਗਤ ਕਰ ਪਰਵਾਨ, ਦਰ ਦਵਾਰੇ ਆਇਆ ਫੇਰਾ ਪਾਇਆ । ਦੇਵੇ ਵਡਿਆਈ ਦੋ ਜਹਾਨ, ਸਿਰ ਆਪਣਾ ਹੱਥ ਟਿਕਾਇਆ । ਆਵਣ ਜਾਵਣ ਚੁੱਕੇ ਕਾਨ, ਜਿਸ ਜਨ ਦਰ ਆਏ ਦਰਸ਼ਨ ਪਾਇਆ । ਲੱਖ ਚੁਰਾਸੀ ਫੰਦ ਕਟਾਨ, ਰਾਏ ਧਰਮ ਨਾ ਦਏ ਸਜ਼ਾਇਆ । ਲਾੜੀ ਮੌਤ ਨੇਤਰ ਨੈਣ ਦੋਏ ਸ਼ਰਮਾਣ, ਰੋ ਰੋ ਰਹੀ ਨੀਰ

੨੭੮
੦੭

ਵਹਾਇਆ । ਚਿਤਰ ਗੁਪਤ ਨਾ ਲੇਖ ਲਿਖਾਨ, ਬੈਠਾ ਮੁਖ ਭਵਾਇਆ । ਜਿਸ ਜਨ ਮਿਲਿਆ ਨਿਰਗੁਣ ਰੂਪ ਨਰ ਨਰਾਇਣ ਸ੍ਰੀ ਭਗਵਾਨ, ਮਹਾਰਾਜ ਸ਼ੇਰ ਸਿੰਘ ਵੇਖ ਵਖਾਇਆ । ਰਸਨਾ ਗੁਣ ਸਕੇ ਨਾ ਕਿਸੇ ਕਹਿਣ, ਨਾਨਕ ਗੋਬਿੰਦ ਵੇਖ ਵਖਾਇਆ । ਆਪੇ ਆਇਆ ਲਹਿਣ ਦੇਣ ਚੁਕੌਣ, ਮੂਲ ਸਿਰ ਆਪਣਾ ਹੱਥ ਟਿਕਾਇਆ । ਰਾਜ ਰਾਜਾਨ ਸ਼ਾਹ ਸੁਲਤਾਨ ਕਿਸੇ ਨਾ ਦੇਵੇ ਸਚ ਸਿੰਘਾਸਣ ਸੌਣ, ਸ਼ਬਦ ਖੰਡਾ ਰਿਹਾ ਉਠਾਇਆ । ਵੇਖ ਵਖਾਏ ਤ੍ਰੈਭਵਨ ਧਨੀ ਤ੍ਰਿਭੌਣ, ਬ੍ਰਹਿਮੰਡਾਂ ਖੋਜ ਖੋਜਾਇਆ । ਹਰਿ ਕਾ ਭੇਵ ਜਾਣੇ ਕੌਣ, ਵੇਦ ਪੁਰਾਨ ਕਤੇਬ ਅੰਜੀਲ ਕੁਰਾਨ ਰਸਨਾ ਰਹੇ ਗਾਇਆ । ਗੁਰ ਗੋਬਿੰਦੇ ਸ਼ਬਦ ਸੁਨੇਹੜਾ ਦਿਤਾ ਪਵਣ, ਧੁਰਦਰਗਾਹੀ ਆਪ ਪੁਚਾਇਆ । ਆਪ ਸੰਘਾਰੇ ਦੁਸ਼ਟ ਰਵਣ, ਰਾਮਾ ਰੂਪ ਵਟਾਇਆ । ਆਪੇ ਭੰਨੇ ਦਰਯੋਧਨ ਹੰਕਾਰੀ ਧੌਣ, ਮੁਕੰਦ ਮਨੋਹਰ ਲਖਮੀ ਨਰਾਇਣ ਰਥ ਰਥਵਾਹੀ ਹੋਏ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਿੰਘ ਜਰਨੈਲ ਕਾਇਆ ਅੰਦਰ ਕਰੇ ਸੈਲ, ਸਿੰਘ ਗੁਰਦਾਸ ਸੰਗ ਰਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆ ਦਾਨ, ਹਰਿਸੰਗਤ ਅੰਗ ਲਗਾਏ ਜਿਉਂ ਨਾਨਕ ਅੰਗਦ ਪੂਰਨ ਇਛਿਆ ਪਾਏ ਭਿਛਿਆ, ਰਸਨ ਸਵਾਸ ਲੇਖੇ ਲਾਇਆ ।

* ੧੯ ਚੇਤ ੨੦੧੫ ਬਿਕ੍ਰਮੀ ਸੂਬੇਦਾਰ ਰਾਮ ਸਿੰਘ ਦੇ ਘਰ ਮਕਾਨ ਨੰ੦ ੩੮੬ ਗਵਾਲ ਟੋਲੀ ਫਿਰੋਜ਼ਪੁਰ ਛਾਉਣੀ
ਨਿਰਗੁਣ ਜੋਤ ਅਨੇਕ ਸਰੂਪ ਵਿਚ *

ਹਰਿ ਸ਼ਬਦ ਵਡ ਬਲਕਾਰੀ, ਪਾਰਬ੍ਰਹਮ ਰਘੁਰਾਇਆ । ਆਪ ਆਪਣੀ ਜਾਣੇ ਧਾਰੀ, ਨਿਰਗੁਣ ਵੇਖ ਵਖਾਇਆ । ਆਪ ਆਪਣੀ ਰਿਹਾ ਪੈਜ ਸਵਾਰੀ, ਨਾ ਕੋਈ ਦੂਸਰ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਉਪਾਇਆ । ਸ਼ਬਦੀ ਸੁਤ ਵਡ ਬਲਵਾਨਾ, ਏਕਾ ਏਕ ਰਖਾਇੰਦਾ । ਪਰਗਟ ਹੋ ਸ੍ਰੀ ਭਗਵਾਨਾ, ਆਪਣਾ ਆਪ ਵੇਖ ਵਖਾਇੰਦਾ । ਏਕਾ ਚਿਲਾ ਤੀਰ ਕਮਾਨਾ, ਏਕਾ ਖੰਡਾ ਹੱਥ ਉਠਾਇੰਦਾ । ਖੇਲੇ ਖੇਲ ਦੋ ਜਹਾਨਾ, ਬ੍ਰਹਿਮੰਡਾਂ ਖੋਜ ਖੋਜਾਇੰਦਾ । ਮਾਰਨਹਾਰਾ ਇਕ ਨਿਸ਼ਾਨਾ, ਲੋਆਂ ਪੁਰੀਆਂ ਪਾਰ ਕਰਾਇੰਦਾ । ਵੇਖ ਵਖਾਏ ਜ਼ਿਮੀ ਅਸਮਾਨਾ, ਗਗਨ ਪਾਤਾਲਾਂ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਸਗਲਾ ਸਾਥ, ਹਰਿ ਹਰਿ ਆਪ ਰਖਾਇਆ । ਆਪੇ ਹੋ ਤ੍ਰਿਲੋਕੀ ਨਾਥ, ਤੀਨਾਂ ਲੋਕਾਂ ਵੇਖ ਵਖਾਇਆ । ਆਪ ਜਣਾਏ ਆਪਣੀ ਗਾਥ, ਅਕਥਨਾ ਅਕੱਥ ਆਪ ਅਖਵਾਇਆ । ਆਪ ਚਲਾਏ ਆਪਣਾ ਰਾਥ, ਜੁਗ ਜੁਗ ਰਥਵਾਹੀ ਆਪ ਹੋ ਆਇਆ । ਆਪੇ ਲਹਿਣਾ ਦੇਣ ਲਿਖਾਏ ਮਸਤਕ ਮਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਦੇਵੇ ਸਾਚਾ ਵਰ, ਹਰਿ ਸਾਜਨ ਵੇਖ ਵਖਾਇਆ । ਹਰਿ ਸ਼ਬਦ ਹਰਿ ਸਾਚਾ ਸੂਰਾ, ਏਕਾ ਏਕ ਉਪਾਇੰਦਾ । ਧੁਨ ਅਨਾਦੀ ਦੇਵੇ ਸਾਚੀ ਤੂਰਾ, ਏਕਾ ਰਾਗ ਅਲਾਇੰਦਾ । ਸਰਬ ਕਲਾ ਆਪੇ ਭਰਪੂਰਾ, ਪੁਰਖ ਅਬਿਨਾਸ਼ੀ ਅਖਵਾਇੰਦਾ । ਆਪੇ ਨੇੜੇ ਆਪੇ ਦੂਰਾ, ਹਾਜ਼ਰ ਹਜ਼ੂਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਵੇਖਣਹਾਰਾ, ਆਦਿ ਪੁਰਖ ਅਬਿਨਾਸ਼ਾ । ਨਿਰਮਲ ਜੋਤੀ ਕਰ ਉਜਿਆਰਾ, ਖੇਲੇ ਖੇਲ

ਤਮਾਸ਼ਾ । ਸ਼ਬਦ ਸਰੂਪੀ ਸ਼ਬਦ ਜੈਕਾਰਾ, ਲੋਆਂ ਪੁਰੀਆਂ ਪਾਵੇ ਰਾਸਾ । ਇਕ ਅਕੱਲਾ ਏਕੰਕਾਰਾ, ਵੇਖ ਵਖਾਏ ਪ੍ਰਿਥਮੀ ਅਕਾਸ਼ਾ । ਜਲ ਥਲ ਜੰਗਲ ਜੂਹ ਉਜਾੜ ਪਹਾੜ ਪਾਏ ਸਾਰਾ, ਲੱਖ ਚੁਰਾਸੀ ਰੱਖੇ ਵਾਸਾ । ਆਪੇ ਜਾਣੇ ਜਾਨਣਹਾਰ ਆਰ ਪਾਰ ਕਿਨਾਰਾ, ਆਦਿ ਅੰਤ ਨਾ ਕਦੇ ਵਿਨਾਸਾ । ਜੁਗ ਜੁਗ ਲੋਕਮਾਤ ਲਏ ਅਵਤਾਰਾ, ਜਨ ਭਗਤਾਂ ਹੋਏ ਦਾਸੀ ਦਾਸਾ । ਖੇਲੇ ਖੇਲ ਅਪਰ ਅਪਾਰਾ, ਹਰਿ ਸਾਜਨ ਸ਼ਾਹੋ ਸ਼ਾਬਾਸਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣੇ ਰੱਖਿਆ ਵਾਸਾ । ਨਿਰਗੁਣ ਵਾਸ ਸਾਚੇ ਘਰ, ਥਿਰ ਘਰ ਆਪ ਸੁਹਾਇਆ । ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਰਿਹਾ ਵਸਾਇਆ । ਆਪ ਆਪਣੇ ਪੌੜੇ ਚੜ੍ਹ, ਉਚੇ ਟਿੱਲੇ ਰਿਹਾ ਵਸਾਇਆ । ਪੂਤ ਸਪੂਤੇ ਬ੍ਰਹਿਮਣ ਗੌੜੇ ਆਪੇ ਫੜ, ਜੋਤੀ ਜੋੜੇ ਜੋੜ ਜੁੜਾਇਆ । ਸ਼ਬਦ ਸਰੂਪੀ ਫੜਿਆ ਲੜ, ਆਪ ਆਪਣੇ ਅੰਗ ਬੰਧਾਇਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਰਖਾਇਆ । ਹੱਡ ਮਾਸ ਨਾ ਦੀਸੇ ਨੜ, ਰਕਤ ਬੂੰਦ ਨਾ ਕੋਇ ਉਪਾਇਆ । ਨਾ ਕੋਈ ਕਿਲਾ ਕੋਟ ਦੀਸੇ ਗੜ੍ਹ, ਮੰਦਰ ਮਸਜਿਦ ਗੁਰ ਦਵਾਰਾ ਨਾ ਕੋਈ ਸੁਹਾਇਆ । ਜਨ ਭਗਤਾਂ ਦਵਾਰੇ ਆਪੇ ਖੜ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੋਏ ਸਹਾਇਆ । ਆਪ ਆਪਣਾ ਹੋਏ ਸਹਾਇਕ, ਅਕਲ ਕਲਾ ਬਨਵਾਰੀ । ਸ੍ਰਿਸ਼ਟ ਸਬਾਈ ਏਕਾ ਨਾਇਕ, ਪਰਗਟ ਹੋਏ ਵਡ ਸੰਸਾਰੀ । ਜਨ ਭਗਤਾਂ ਭਗਵਨ ਸਦਾ ਸੁਖਦਾਇਕ, ਨਿਰਮਲ ਜੋਤੀ ਨੂਰ ਕਰੇ ਉਜਿਆਰੀ । ਏਕਾ ਸ਼ਬਦ ਬੋਧ ਅਗਾਧ ਸੁਣਾਏ ਸਾਚਾ ਗਾਇਕ, ਅਗੰਮ ਅਗੰਮੜੇ ਧਾਮ ਰਿਹਾ ਵਿਚਾਰੀ । ਪਰਵਰਦਿਗਾਰਾ ਪਾਕੀ ਪਾਇਕ, ਨੂਰ ਅਲਾਹੀ ਹਰਿ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰੀ । ਸਾਚੀ ਖੇਲ ਖੇਲਣਹਾਰਾ, ਏਕਾ ਏਕ ਏਕੰਕਾਰਿਆ । ਹਰਿਜਨ ਮੇਲਾ ਮੇਲਣਹਾਰਾ, ਜੁਗ ਜੁਗ ਲਏ ਅਵਤਾਰਿਆ । ਕਲਜੁਗ ਤੇਰੀ ਅੰਤਮ ਵਾਰਾ, ਚਾਰੋਂ ਕੁੰਟਾਂ ਵੇਖ ਵਖਾ ਰਿਹਾ । ਦਹਿ ਦਿਸ਼ਾ ਦਿਸੇ ਕੂੜ ਪਸਾਰਾ, ਮਾਇਆ ਮਮਤਾ ਮੋਹ ਵਧਾ ਰਿਹਾ । ਨੌਂ ਖੰਡ ਪ੍ਰਿਥਮੀ ਅੰਧ ਅੰਧਿਆਰਾ, ਸੱਤਾਂ ਦੀਪਾਂ ਮੁਖ ਛੁਪਾ ਰਿਹਾ । ਰਵ ਸਸ ਨਾ ਕੋਈ ਸਤਾਰਾ, ਮੰਡਲ ਮੰਡਪ ਨਾ ਕੋਈ ਸੁਹਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਮਾਰਨ ਨਾਅਰਾ, ਸੁਰਪਤ ਰਾਜਾ ਇੰਦ ਕੁਰਲਾ ਰਿਹਾ । ਧਰਤ ਮਾਤ ਕਰੇ ਪੁਕਾਰਾ, ਨੇਤਰ ਰੋ ਰੋ ਨੀਰ ਵਹਾ ਰਿਹਾ । ਕਲਜੁਗ ਵੇਖੇ ਇਕ ਦਵਾਰਾ, ਸੰਗ ਮੁਹੰਮਦ ਨਾਲ ਰਲਾ ਰਿਹਾ । ਚਾਰ ਯਾਰੀ ਮਾਰੇ ਧਾੜਾ, ਅੱਲਾ ਰਾਣੀ ਮੁਖ ਛੁਪਾ ਰਿਹਾ । ਲੱਖ ਚੁਰਾਸੀ ਅਗਨ ਲਗਾਈ ਬਹੱਤਰ ਨਾੜਾ, ਧੀਰਜ ਧੀਰ ਨਾ ਕੋਈ ਧਰਾ ਰਿਹਾ । ਰਾਏ ਧਰਮ ਵੇਖੇ ਇਕ ਅਖਾੜਾ, ਸਚ ਦਵਾਰਾ ਆਪ ਸੁਹਾ ਲਿਆ । ਮੌਤ ਲਾੜੀ ਜੀਵ ਜੰਤ ਮੰਗੇ ਇਕ ਲਾੜਾ, ਨੇਤਰ ਨੈਣ ਇਕ ਉਠਾ ਲਿਆ । ਪੁਰਖ ਅਗੰਮਾ ਆਪ ਉਠਾਏ ਅਗੰਮੀ ਧਾੜਾ, ਦਿਸ ਕਿਸੇ ਨਾ ਆ ਰਿਹਾ । ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਡੂੰਘੀ ਕੰਦਰ ਫੇਰਾ ਪਾ ਰਿਹਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾ ਰਿਹਾ । ਨਾਨਕ ਗੋਬਿੰਦ ਬਣ ਲਿਖਾਰਾ, ਵੇਦ ਵਿਆਸਾ ਸੰਗ ਰਲਾ ਰਿਹਾ । ਪੂਤ ਸਪੂਤਾ ਪਰਗਟ ਹੋਏ ਉਚੇ ਟਿੱਲੇ ਪਰਬਤ ਹੋਏ ਉਜਿਆਰਾ, ਨਾਮ ਡੰਕਾ ਇਕ ਵਜਾ ਰਿਹਾ । ਸਾਚਾ ਖੰਡਾ ਹੱਥ ਦੋ ਧਾਰਾ, ਨਿਰੰਕਾਰਾ ਆਪ ਉਠਾ ਰਿਹਾ । ਲੋਆਂ ਪੁਰੀਆਂ ਦਏ ਹੁਲਾਰਾ, ਕਲਜੁਗ ਅੰਤਮ ਰਾਹ ਤਕਾ ਰਿਹਾ । ਨੇਤਰ ਰੋਵੇ ਜ਼ਾਰੋ ਜ਼ਾਰਾ,

ਧੀਰਜ ਧੀਰ ਨਾ ਕੋਈ ਧਰਾ ਰਿਹਾ । ਸਤਿਜੁਗ ਸਾਚਾ ਕਰੇ ਵਿਚਾਰਾ, ਪ੍ਰਭ ਸਾਚਾ ਆਪ ਉਠਾ ਰਿਹਾ । ਇਕ ਵਖਾਏ ਧਰਮ ਦਵਾਰਾ, ਧਰਮ ਖੰਡ ਆਪ ਜਣਾ ਰਿਹਾ । ਚਾਰ ਵਰਨਾਂ ਪਾਏ ਸਾਰਾ, ਊਚਾਂ ਨੀਚਾਂ ਗਲੇ ਲਗਾ ਰਿਹਾ । ਵਰਨ ਬਰਨ ਹੋਏ ਪਾਰ ਕਿਨਾਰਾ, ਸ਼ੱਤਰੀ ਬ੍ਰਹਿਮਣ ਵੈਸ਼ ਸ਼ੂਦਰ ਨਾ ਕੋਈ ਜਣਾ ਰਿਹਾ । ਏਕਾ ਹੱਟ ਏਕਾ ਤੀਰਥ ਏਕਾ ਤਟ ਕਿਨਾਰਾ, ਏਕਾ ਮਾਰਗ ਲਾ ਰਿਹਾ । ਏਕਾ ਨਾਮ ਜਗਤ ਵਣਜਾਰਾ, ਹਰਿ ਸਾਚਾ ਆਪ ਕਰਾ ਰਿਹਾ । ਸੋਹੰ ਸ਼ਬਦ ਭਰੇ ਭੰਡਾਰਾ, ਲੱਖ ਚੁਰਾਸੀ ਝੋਲੀ ਪਾ ਰਿਹਾ । ਬ੍ਰਹਮਾ ਵੇਖੇ ਹਰਿ ਦਵਾਰਾ, ਅੱਠੇ ਨੇਤਰ ਖੋਲ੍ਹ ਖੁਲ੍ਹਾ ਰਿਹਾ । ਬਾਸ਼ਕ ਤਸ਼ਕਾ ਗਲ ਵਿਚ ਹਾਰਾ, ਸ਼ਿਵ ਸ਼ੰਕਰ ਮੁਖ ਭਵਾ ਰਿਹਾ । ਕਰੋੜ ਤੇਤੀਸਾ ਕਰੇ ਪੁਕਾਰਾ, ਨੇਤਰ ਨੀਰ ਵਹਾ ਰਿਹਾ । ਲੋਆਂ ਪੁਰੀਆਂ ਹਾਹਾਕਾਰਾ, ਕਲਜੁਗ ਵੇਲਾ ਅੰਤਮ ਆ ਰਿਹਾ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰਾ, ਕਲਜੁਗ ਕੂੜ ਕੁੜਿਆਰਾ ਜਗਤ ਡੁਲਾ ਰਿਹਾ । ਸਾਚਾ ਨਾਮ ਨਾ ਕਰੇ ਕੋਈ ਪਿਆਰਾ, ਅੰਤਰ ਮੰਤਰ ਨਾ ਜਣਾ ਰਿਹਾ । ਰਸਨਾ ਗਾ ਗਾ ਥੱਕੇ ਜੀਵ ਗਵਾਰਾ, ਜੀਵਤ ਮਰਨ ਨਾ ਕੋਈ ਸਿਖਾ ਰਿਹਾ । ਭਰਮੇ ਭੁੱਲੇ ਨਾਰੀ ਨਾਰਾ, ਨਰ ਨਰਾਇਣ ਦਿਸ ਨਾ ਆ ਰਿਹਾ । ਪਰਗਟ ਹੋਵੇ ਵਿਚ ਸੰਸਾਰਾ, ਆਪ ਆਪਣਾ ਵੇਸ ਵਟਾ ਰਿਹਾ । ਇਕ ਅਕੱਲਾ ਏਕੰਕਾਰਾ, ਅਲਖ ਨਿਰੰਜਣ ਆਪ ਅਖਵਾ ਰਿਹਾ । ਆਦਿ ਪੁਰਖ ਅਬਿਨਾਸ਼ੀ ਕਰਤਾ ਕਰੇ ਖੇਲ ਅਪਰ ਅਪਾਰਾ, ਅਗੰਮ ਅਗੋਚਰ ਭੇਵ ਨਾ ਪਾ ਰਿਹਾ । ਜਨ ਭਗਤ ਸੁਹਾਏ ਇਕ ਦਵਾਰਾ, ਦਰ ਦਰਵੇਸ਼ਾ ਫੇਰੀ ਪਾ ਰਿਹਾ । ਭੇਵ ਨਾ ਪਾਏ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਗਣੇਸ਼ ਨਾ ਕੋਈ ਮਨਾ ਰਿਹਾ । ਵੇਖ ਵਖਾਣੇ ਧਾਰੀ ਕੇਸਾ, ਮੂੰਡ ਮੂੰਡਾਏ ਆਪ ਉਠਾ ਰਿਹਾ । ਆਪੇ ਹੋਏ ਦਸ ਦਸਮੇਸਾ, ਕਾਹਨਾ ਕ੍ਰਿਸ਼ਨਾ ਰੂਪ ਵਟਾ ਰਿਹਾ । ਆਪੇ ਹੋਏ ਰਿਖੀ ਕੇਸ਼ਾ, ਗਵਰਧਨ ਹੱਥ ਉਠਾ ਲਿਆ । ਆਪੇ ਹੋਏ ਨਰ ਨਰੇਸ਼ਾ, ਥਿਰ ਘਰ ਆਸਣ ਲਾ ਲਿਆ । ਆਦਿ ਅੰਤ ਹਰਿ ਰਹੇ ਹਮੇਸ਼ਾ, ਆਵਣ ਜਾਵਣ ਖੇਲ ਖਿਲਾ ਲਿਆ । ਆਪ ਆਪਣੀ ਕਰੇ ਆਦੇਸ਼ਾ, ਆਪ ਆਪਣਾ ਸੀਸ ਝੁਕਾ ਲਿਆ । ਕਲਜੁਗ ਅੰਤਮ ਕਰਿਆ ਵੇਸਾ, ਜੋਤੀ ਜਾਮਾ ਭੇਖ ਵਟਾ ਲਿਆ । ਵੇਖ ਵਖਾਏ ਹਰਿ ਜਰਵਾਣੇ ਦੇਸ ਪਰਦੇਸ਼ਾ, ਦੇਸ ਦਸੰਤਰ ਫੇਰਾ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾ ਲਿਆ । ਰੰਗ ਰੰਗਾਏ ਹਰਿ ਗੋਬਿੰਦਾ, ਹਰਿ ਹਰਿ ਵੇਖ ਵਖਾਇਆ । ਸ੍ਰਿਸ਼ਟ ਸਬਾਈ ਮਿਟੇ ਚਿੰਦਾ, ਲੋਕਮਾਤੀ ਫੇਰਾ ਪਾਇਆ । ਹਰਿਜਨ ਉਪਜਾਏ ਸਾਚੀ ਬਿੰਦਾ, ਤਿਲਕ ਲਿਲਾਟੀ ਇਕ ਲਗਾਇਆ । ਮਨਮੁਖ ਜੀਵ ਲਗਾਏ ਨਿੰਦਾ, ਨਿੰਦਕ ਨਿੰਦਿਆ ਮੁਖ ਰਖਾਇਆ । ਹਰਿਜਨ ਦੇਵੇ ਅੰਮ੍ਰਿਤ ਆਤਮ ਧਾਰ ਸਾਗਰ ਸਿੰਧਾ, ਸਰ ਸਰੋਵਰ ਇਕ ਨੁਹਾਇਆ । ਸ਼ਾਹੋ ਭੂਪ ਵਡ ਗੁਣੀ ਗਹਿੰਦਾ, ਗਹਿਰ ਗੰਭੀਰ ਸਮਾਇਆ । ਸੰਤ ਸੁਹੇਲਾ ਸਦਾ ਬਖ਼ਸ਼ਿੰਦਾ, ਸਤਿਗੁਰ ਪੁਰਖ ਅਖਵਾਇਆ । ਆਪਣਾ ਦਾਨ ਹਰਿ ਭਗਵਾਨ ਜੀਵ ਜੰਤ ਸਾਧ ਸੰਤ ਆਪੇ ਦੇਂਦਾ, ਦੇਵਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਰਿਹਾ ਵਜਾਇਆ । ਏਕਾ ਡੰਕਾ ਆਦਿ ਨਿਰੰਜਣ, ਆਪਣਾ ਆਪ ਵਜਾਇਆ । ਪਰਗਟ ਹੋਇਆ ਦਰਦ ਦੁੱਖ ਭੈ ਭੰਜਣ, ਸਾਧਾਂ ਸੰਤਾਂ ਰਿਹਾ ਜਗਾਇਆ । ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇਆ । ਚਰਨ ਧੂੜ ਕਰਾਏ ਸਾਚਾ ਮਜਨ, ਅਠਸਠ ਮੂਲ ਚੁਕਾਇਆ । ਦੋ ਜਹਾਨੀ ਆਇਆ ਪੜਦੇ ਕੱਜਣ, ਸ਼ਬਦ ਦੋਸ਼ਾਲਾ ਪਟ ਪਹਿਨਾਇਆ । ਗੁਰਮੁਖ ਵਿਰਲੇ ਹਰੀ ਦਰਬਾਰੇ ਬਹਿ ਬਹਿ

ਸਜਣ, ਮਨਮੁਖ ਕੋਈ ਦਿਸ ਨਾ ਆਇਆ । ਜਨ ਭਗਤਾਂ ਰੱਖੇ ਜੁਗ ਜੁਗ ਲੱਜਣ, ਲਾਜਾਵੰਤ ਆਪ ਰਘੁਰਾਇਆ । ਮਦਿਰਾ ਮਾਸ ਜੋ ਜਨ ਤਜਣ, ਘਰ ਸਾਚੇ ਮੇਲ ਮਿਲਾਇਆ । ਘਰ ਸਾਚੇ ਬੈਠਾ ਹਰਿ ਹਰਿ ਸੱਜਣ, ਦਸਮ ਦਵਾਰੀ ਡੇਰਾ ਲਾਇਆ । ਅਨਹਦ ਤਾਲ ਤਲਵਾੜੇ ਵੱਜਣ, ਰਾਗ ਅਨਾਦੀ ਇਕ ਅਲਾਇਆ । ਆਤਮ ਸੇਜਾ ਬਹਿ ਬਹਿ ਸਜਣ, ਬੰਕ ਦਵਾਰਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਵੇਖਣਹਾਰਾ, ਪਾਰਬ੍ਰਹਮ ਅਬਿਨਾਸ਼ਾ । ਸ੍ਰਿਸ਼ਟ ਸਬਾਈ ਲੇਖਾ ਲਿਖਣਹਾਰਾ, ਖੇਲੇ ਖੇਲ ਪ੍ਰਿਥਮੀ ਅਕਾਸ਼ਾ । ਲੱਖ ਚੁਰਾਸੀ ਵੇਖੇ ਵੇਖਣਹਾਰਾ, ਅੰਤਮ ਆਇਆ ਹਾਰਾ ਪਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਪੂਰਨ ਕਰੇ ਆਸਾ । ਭਗਤ ਵਛਲ ਹਰਿ ਗਿਰਧਾਰਾ, ਆਦਿ ਅੰਤ ਅਖਵਾਇਆ । ਜੁਗ ਜੁਗ ਲਏ ਮਾਤ ਅਵਤਾਰਾ, ਮਨਮੁਖ ਦਏ ਖਪਾਇਆ । ਆਪੇ ਤੋੜੇ ਗੜ੍ਹ ਹੰਕਾਰਾ, ਗੜ੍ਹ ਹੰਕਾਰੀ ਰਹਿਣ ਨਾ ਪਾਇਆ । ਚਾੜ੍ਹੇ ਚਿਲਾ ਤੀਰ ਅਪਾਰਾ, ਇਕ ਨਿਸ਼ਾਨ ਵਖਾਇਆ । ਰਾਮ ਰਾਮਾ ਲਏ ਅਵਤਾਰਾ, ਰਾਵਣ ਰਾਮ ਖਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਸਗਲਾ ਸਾਥੀ, ਹਰਿ ਹਰਿ ਆਪ ਅਖਵਾਇੰਦਾ । ਆਪ ਆਪਣੀ ਦੇਵੇ ਬਾਕੀ, ਆਪਣਾ ਲਹਿਣਾ ਆਪ ਚੁਕਾਇੰਦਾ । ਆਪੇ ਹੋਏ ਬੰਦਾ ਖਾਕੀ, ਆਪੇ ਮੇਟ ਮਿਟਾਇੰਦਾ । ਆਪੇ ਬਣ ਬਣ ਸਾਚਾ ਸਾਕੀ, ਅੰਮ੍ਰਿਤ ਜਾਮ ਪਿਆਇੰਦਾ । ਆਪੇ ਖੇਲਣਹਾਰਾ ਤਾਕੀ, ਆਪੇ ਬ੍ਰਹਮ ਗਿਆਨ ਦ੍ਰਿੜਾਇੰਦਾ । ਆਪੇ ਮਾਰਨਹਾਰਾ ਝਾਕੀ, ਅੰਦਰ ਮੰਦਰ ਵੇਖ ਵਖਾਇੰਦਾ । ਆਪੇ ਚੜ੍ਹਿਆ ਸਾਚੇ ਰਾਕੀ, ਚਿੱਟਾ ਅਸਵ ਆਪ ਦੌੜਾਇੰਦਾ । ਆਪੇ ਹੋਏ ਪਾਕਨ ਪਾਕੀ, ਬੇਐਬ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹੱਕ ਦਵਾਰਾ ਵੇਖ ਵਖਾਇੰਦਾ । ਹੱਕ ਦਵਾਰਾ ਹੱਕ ਹਕੀਕਤ, ਹਰਿ ਸਾਚਾ ਵੇਖ ਵਖਾਈਆ । ਨਾ ਕੋਈ ਦੂਸਰ ਕਰੇ ਸ਼ਰੀਕਤ, ਸ਼ਰਅ ਸ਼ਰਾਇਤ ਨਾ ਕੋਈ ਜਣਾਈਆ । ਇਕ ਵਖਾਏ ਨਾਮ ਅਕੀਦਤ, ਸਚ ਦਵਾਰਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੱਡੀ ਵਡਿਆਈਆ । ਜੁਗ ਜੁਗ ਜੋਤੀ ਭੇਖ ਵਟਾ, ਹਰਿ ਆਪਣੀ ਕਲ ਧਾਰੀਆ । ਦੁਆਪਰ ਲੇਖਾ ਗਿਆ ਮਿਟਾ, ਕਾਹਨਾ ਕ੍ਰਿਸ਼ਨਾ ਰੂਪ ਮੁਰਾਰੀਆ । ਗੀਤਾ ਗਿਆਨ ਇਕ ਜਣਾ, ਅਰਜਨ ਦੇਵੇ ਨਾਮ ਖੁਮਾਰੀਆ । ਰਥ ਰਥਵਾਹੀ ਆਪ ਅਖਵਾ, ਮਾਰੇ ਦੁਸ਼ਟ ਹੰਕਾਰੀਆ । ਲਹਿਣਾ ਦੇਣਾ ਮੂਲ ਚੁਕਾ, ਵੇਖ ਵਖਾਏ ਸਰਬ ਸੰਸਾਰੀਆ । ਆਪ ਆਪਣਾ ਲਿਆ ਛੁਪਾ, ਪੰਜ ਤਤ ਨਾ ਕੋਈ ਪਿਆਰੀਆ । ਸਾਚੀ ਖੇਲ ਹਰਿ ਖਿਲੰਤਾ, ਖੇਲਣਹਾਰ ਨਿਹਕਾਮੀ । ਜੁਗ ਜੁਗ ਆਪਣਾ ਭੇਖ ਵਟੰਤਾ, ਪਾਰਬ੍ਰਹਮ ਸਵਾਮੀ । ਭਗਤ ਜਨਾਂ ਦਰ ਮੇਲ ਵਖੰਤਾ, ਦੇਵੇ ਸ਼ਬਦ ਅਨਾਮੀ । ਏਕਾ ਰਾਗ ਤਾਲ ਵਜੰਤਾ, ਸੁਣੇ ਸੁਣਾਏ ਸਾਚੀ ਕਾਨੀ । ਏਕਾ ਰਾਗ ਆਪ ਸੁਣੰਤਾ, ਮੇਟ ਮਿਟਾਏ ਅੰਧੇਰੀ ਸ਼ਾਮੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਇਆ ਜਾਣ ਜਾਣੀ । ਜਾਨਣਹਾਰ ਹਰਿ ਕਰਤਾਰਾ, ਅਕਲ ਕਲਾ ਅਖਵਾਇਆ । ਆਪ ਆਪਣਾ ਲੈ ਅਵਤਾਰਾ, ਆਪ ਆਪਣਾ ਵੇਸ ਵਟਾਇਆ । ਕਲਜੁਗ ਮੇਟੇ ਕੂੜ ਪਸਾਰਾ, ਜੂਠ ਝੂਠ ਰਹਿਣ ਨਾ ਪਾਇਆ । ਚਾਰੋਂ ਕੁੰਟ ਧੁੰਧੂਕਾਰਾ, ਅਕਾਸ਼ ਪਰਕਾਸ਼ ਨਾ ਕੋਈ ਸਹਾਇਆ । ਸ੍ਰਿਸ਼ਟ ਸਬਾਈ ਕਰੇ ਪੁਕਾਰਾ, ਹਾ ਹਾ ਕਰ ਰਹੀ ਕੁਰਲਾਇਆ । ਪੁਰਖ ਅਬਿਨਾਸ਼ੀ ਕਰੇ ਵਿਚਾਰਾ, ਦੂਰ ਦੁਰਾਡਾ ਵੇਖ ਵਖਾਇਆ ।

੨੮੨
੦੭

ਜਨ ਭਗਤਾਂ ਦੇਵੇ ਨਾਮ ਸਹਾਰਾ, ਏਕਾ ਮੰਤਰ ਨਾਮ ਦ੍ਰਿੜਾਇਆ । ਜੀਵ ਜੰਤ ਹੋਏ ਗਵਾਰਾ, ਜੂਠੀ ਝੂਠੀ ਵੰਡ ਵੰਡਾਇਆ । ਏਕਾ ਭੁੱਲਿਆ ਸਚ ਦਵਾਰਾ, ਦਰ ਦਰਵਾਜ਼ਾ ਦਿਸ ਨਾ ਆਇਆ । ਹਰਿ ਹਰਿ ਹਰਿ ਪ੍ਰਭ ਲਏ ਅਵਤਾਰਾ, ਆਪ ਆਪਣਾ ਕਰਮ ਕਮਾਇਆ । ਸ਼ਬਦ ਡੰਕ ਵਜਾਏ ਏਕੰਕਾਰਾ, ਇਕ ਜੈਕਾਰਾ ਲਾਇਆ । ਸੋ ਪੁਰਖ ਨਿਰੰਜਣ ਖੇਲ ਨਿਆਰਾ, ਹੰ ਹੰਗਤਾ ਮੇਟ ਮਿਟਾਇਆ । ਇਕ ਵਸਾਏ ਸਚ ਸੱਚਾ ਘਰ ਬਾਰਾ, ਦੂਸਰ ਕੋਇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਨਾਉਂ ਧਰ, ਆਪਣੀ ਜੋਤ ਜਗਾਈਆ । ਆਪ ਆਪਣਾ ਖੋਲ੍ਹ ਦਰ, ਵਰਨ ਗੋਤ ਮੇਟ ਮਿਟਾਈਆ । ਆਪ ਆਪਣਾ ਨੁਹਾਏ ਸਰ, ਦੁਰਮਤ ਮੈਲ ਰਹਿਣ ਨਾ ਪਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਚੁੱਕੇ ਡਰ, ਸੀਸ ਤਾਜ ਨਾ ਕੋਈ ਟਿਕਾਈਆ । ਵਰਨ ਬਰਨ ਅਵਰਨ ਅਬਰਨਾ ਏਕਾ ਹਰਿ, ਬਖ਼ਸ਼ੇ ਸਚ ਸੱਚੀ ਸਰਨਾਈਆ । ਧਰਨੀ ਧਰਨਾ ਧਰਤ ਧਵਲ ਦਏ ਵਰ, ਨੌਂ ਖੰਡ ਇਕ ਪੜ੍ਹਾਈਆ । ਸੱਤਾਂ ਦੀਪਾਂ ਲਾਏ ਜੜ੍ਹ, ਵੇਖਣਹਾਰਾ ਦਿਸ ਨਾ ਆਈਆ । ਹਰ ਘਟ ਅੰਦਰ ਚੁੱਕੇ ਡਰ, ਵਡ ਵੱਡੀ ਵਡਿਆਈਆ । ਜਿਸ ਜਨ ਫੜਾਏ ਆਪਣਾ ਲੜ, ਆਪਣੀ ਬੂਝ ਬੁਝਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਈ ਦਬਾਈਆ । ਏਕਾ ਪੌੜੇ ਜਾਏ ਚੜ੍ਹ, ਉਚ ਮਹੱਲਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਉਂ ਵੱਡੀ ਵਡਿਆਈਆ । ਹਰਿ ਹਰਿ ਨਾਉਂ ਨਿਹਕਲੰਕ, ਆਦਿ ਜੁਗਾਦਿ ਅਖਵਾਇਆ । ਸ਼ਬਦ ਵਜਾਏ ਸਾਚਾ ਡੰਕ, ਬ੍ਰਹਮ ਬ੍ਰਹਿਮਾਦਿ ਜਗਾਇਆ । ਪਕੜ ਉਠਾਏ ਰਾਓ ਰੰਕ, ਰਾਜ ਰਾਜਾਨਾ ਆਪ ਹਿਲਾਇਆ । ਲੱਖ ਚੁਰਾਸੀ ਮਿਟੇ ਸ਼ੰਕ, ਸਾਧ ਸੰਤ ਭੁੱਲ ਨਾ ਰਾਇਆ । ਆਪ ਸੁਹਾਏ ਆਪਣਾ ਬੰਕ, ਬੰਕ ਦਵਾਰੀ ਆਪ ਅਖਵਾਇਆ । ਗੁਰਮੁਖ ਤਰਾਏ ਜਿਉਂ ਜਨਕ, ਜਨ ਜਨਨੀ ਲੇਖੇ ਲਾਇਆ । ਪਰਗਟ ਹੋਏ ਵਾਸੀ ਪੁਰੀ ਘਨਕ, ਸੰਬਲ ਨਗਰੀ ਡੇਰਾ ਲਾਇਆ । ਖੇਲੇ ਖੇਲ ਬਾਰ ਅਨਕ, ਅੰਕ ਕਲ ਅਖਵਾਇਆ । ਹਰਿਜਨ ਮੇਲਾ ਜੋਤੀ ਤਨਕ, ਸ਼ਬਦ ਡੋਰੀ ਤੰਦ ਬੰਧਾਇਆ । ਵੇਖ ਵਖਾਏ ਪੂਤ ਸਪੂਤਾ ਭਗਤ ਸੰਤ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਨਾਉਂ ਉਪਾਏ, ਨਿਰਗੁਣ ਰੂਪ ਅਥਾਹ । ਵੇਦ ਕਤੇਬ ਨਾ ਕੋਈ ਲੇਖ ਲਿਖਾਏ, ਹਰਿ ਦਾਤਾ ਬੇਪਰਵਾਹ । ਬ੍ਰਹਮਾ ਵੇਤਾ ਮੁਖ ਸ਼ਰਮਾਏ, ਅੱਠੇ ਪਹਿਰ ਰੋਵੇ ਉਭੇ ਸਾਹ । ਤੇਰਾ ਲੇਖਾ ਨਾ ਕੋਈ ਸਕੇ ਗਣਾਏ, ਲੇਖਾ ਲਿਖਤ ਵਿਚ ਨਾ ਸਕੇ ਆ । ਤੇਰਾ ਦਰ ਨਾ ਕੋਈ ਵੇਖਣ ਪਾਏ, ਕੋਟੀ ਕੋਟ ਰਹੇ ਰਾਹ ਤਕਾ । ਨਾਨਕ ਮੇਲਾ ਸਹਿਜ ਸੁਭਾਏ, ਜਨ ਕਬੀਰਾ ਸੀਸ ਰਿਹਾ ਝੁਕਾ । ਦੂਸਰ ਕੋਈ ਥਾਂ ਨਾ ਪਾਏ ਨਾ ਮੇਲਾ ਲਏ ਮਿਲਾ । ਧਾਮ ਸੁਹੰਜਣਾ ਆਦਿ ਨਿਰੰਜਣਾ ਦਰਦ ਦੁੱਖ ਭੈ ਭੰਜਨਾ ਭਗਤ ਸੁਹੇਲਾ ਸਾਚਾ ਸੱਜਣਾ ਹਰਿਜਨ ਸਾਚੇ ਪਕੜੇ ਬਾਂਹ, ਦਿਸ ਕਿਸੇ ਨਾ ਆਏ । ਨਾ ਘੜਿਆ ਨਾ ਭੱਜਣਾ, ਨਾ ਕਾਲ ਨਗਾਰਾ ਵੱਜਣਾ, ਥਿਰ ਘਰ ਕਦੇ ਨਾ ਤਜਨਾ, ਹਰਿ ਬੈਠਾ ਡੇਰਾ ਲਾਏ । ਲੋਕਮਾਤ ਮਾਰ ਝਾਤ ਜੁਗ ਜੁਗ ਜਨ ਭਗਤਾਂ ਪੜਦਾ ਕੱਜਣਾ, ਜੋਤੀ ਜਾਮਾ ਭੇਖ ਵਟਾਏ । ਕਲਜੁਗ ਅੰਤ ਨਗਾਰਾ ਏਕਾ ਵੱਜਣਾ, ਲੱਖ ਚੁਰਾਸੀ ਰਿਹਾ ਸੁਣਾਏ । ਸਤਿਜੁਗ ਸਾਚੇ ਧਰਤ ਮਾਤ ਤੇਰੀ ਗੋਦ ਬਹਿ ਬਹਿ ਸਜਣਾ, ਬਾਲ ਨਿਧਾਨਾ ਆਪ ਅਖਵਾਏ । ਕਲਜੁਗ ਕੂੜਾ ਮਾਤ ਭੱਜਣਾ, ਮੁਖ ਕਾਲਾ ਮਸਤਕ ਛਾਹੇ । ਲਾੜੀ

ਮੌਤ ਬੰਕ ਦਵਾਰਾ ਗੜ੍ਹ ਹੰਕਾਰੀ ਕੋਈ ਨਾ ਛੱਡਣਾ, ਘਰ ਘਰ ਫੇਰੀ ਪਾਏ । ਲੌਣ ਦੇਵੇ ਨਾ ਕੋਈ ਅਜ ਪਜਨਾ, ਸੰਮਤ ਸੰਮਤੀ ਰਾਹ ਤਕਾਏ । ਵੀਹ ਸਦ ਸੋਲਾਂ ਕਲਜੁਗ ਤੇਰਾ ਕੂੜ ਕੁੜਿਆਰਾ ਭਰਾਏ ਜਹਾਜ਼ਨਾ, ਮਨਮੁਖ ਜੀਵਾਂ ਦਏ ਚੜ੍ਹਾਏ । ਪਾਰਬ੍ਰਹਮ ਅਬਿਨਾਸ਼ੀ ਆਪੇ ਚੜ੍ਹੇ ਸਾਚੇ ਤਾਜਨਾ, ਸ਼ਬਦ ਘੋੜਾ ਇਕ ਦੌੜਾਏ । ਚਰਨ ਛੁਹਾਏ ਦੇਸ ਮਾਝਨਾ, ਆਪ ਆਪਣੀ ਵਾਗ ਉਠਾਏ । ਆਪੇ ਰਚਿਆ ਆਪਣਾ ਕਾਜਨਾ, ਸਾਚਾ ਕਾਜ ਰਿਹਾ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਏ । ਨਿਰਗੁਣ ਰੂਪ ਨਾਉਂ ਧਰਾ, ਨਿਹਕਲੰਕ ਅਖਵਾਇਆ । ਗੜ੍ਹ ਹੰਕਾਰੀ ਦਏ ਤੁੜਾ, ਜਗਤ ਵਿਦਿਆ ਮਾਣ ਗਵਾਇਆ । ਚਤੁਰ ਸੁਜਾਨ ਦਏ ਭੁਲਾ, ਵਡ ਵਿਦਵਾਨੀ ਭੇਵ ਨਾ ਰਾਇਆ । ਜਗਤ ਗਿਆਨੀ ਝੂਠੇ ਗਿਆਨ ਲਗਾ, ਰਸਨ ਵਿਵਾਦ ਵਧਾਇਆ । ਗੁਰਮੁਖਾਂ ਨਿਸ਼ਾਨੀ ਏਕਾ ਦਏ ਜਣਾ, ਆਤਮ ਬ੍ਰਹਮ ਗਿਆਨ ਦ੍ਰਿੜਾਇਆ । ਬੋਧ ਅਗਾਧਾ ਸ਼ਬਦ ਸੁਣਾ, ਧੁਨ ਆਤਮਕ ਦਏ ਵਜਾਇਆ । ਸਾਚੇ ਮੰਦਰ ਕੁੰਡਾ ਲਾਹ, ਸਾਚੇ ਪੌੜੇ ਦਏ ਚੜ੍ਹਾਇਆ । ਟੇਡੀ ਬੰਕਾ ਪਾਰ ਕਰਾ, ਸੁਖਮਨ ਵੇਖ ਵਖਾਇਆ । ਜੋਤ ਨਿਰਜੰਣ ਇਕ ਜਗਾ, ਦੀਪਕ ਲਿਲਾਟ ਦਏ ਵਖਾਇਆ । ਪੰਚਮ ਸਖੀਆਂ ਮੰਗਲ ਗਾ, ਸਚ ਸੁਹਾਗ ਦਏ ਮਿਲਾਇਆ । ਆਤਮ ਸੇਜਾ ਦਏ ਸੁਹਾ, ਫੂਲਨ ਬਰਖਾ ਲਾਇਆ । ਨਾਰੀ ਕੰਤਾ ਮੇਲ ਦਏ ਮਿਲਾ, ਏਕਾ ਰੰਗ ਰੰਗਾਇਆ । ਰੰਗ ਬਸੰਤੀ ਦਏ ਚੜ੍ਹਾ, ਉਤਰ ਕਦੇ ਨਾ ਜਾਇਆ । ਧਰਮ ਸੁਗੰਧਤੀ ਇਕ ਵਖਾ, ਏਕਾ ਰੂਪ ਸਮਾਇਆ । ਆਪਣੇ ਅੰਗ ਆਪ ਲਗਾ, ਅੰਗੀਕਾਰ ਆਪ ਹੋ ਜਾਇਆ । ਸੁਰਤ ਸਵਾਣੀ ਮੰਗਤੀ ਦਰ ਦੇਵੇ ਭਿਛਿਆ ਪਾ, ਸ਼ਬਦੀ ਸ਼ਬਦ ਭੰਡਾਰ ਭਰਾਇਆ । ਆਪ ਆਪਣੇ ਵਿਚ ਲਏ ਸਮਾ, ਏਕਾ ਦੂਜਾ ਭੌ ਮਿਟਾਇਆ । ਤੀਜਾ ਨੇਤਰ ਦਏ ਖੁਲ੍ਹਾ, ਚੌਥੇ ਪਦ ਸਮਾਇਆ । ਪੰਚਮ ਮੇਲਾ ਦਏ ਮਿਲਾ, ਵਿਛੜ ਕਦੇ ਨਾ ਜਾਇਆ । ਛੇਵੇਂ ਛੱਪਰ ਛੰਨ ਦਏ ਛੁਹਾ, ਆਪ ਆਪਣਾ ਕਰ ਰੁਸ਼ਨਾਇਆ । ਸਤਿ ਸਤਿਵਾਦੀ ਫੇਰਾ ਪਾ, ਆਦਿ ਜੁਗਾਦੀ ਵੇਖ ਵਖਾਇਆ । ਮਨ ਮਤ ਬੁਧ ਲਏ ਸਮਝਾ, ਪੰਜਾਂ ਤੱਤਾਂ ਮੂਲ ਚੁਕਾਇਆ । ਨੌਂ ਦਵਾਰੇ ਪਾਰ ਕਰਾ, ਏਕਾ ਰਾਹ ਵਖਾਇਆ । ਦਸਮ ਦਵਾਰੀ ਦਏ ਬਹਾ, ਹਰਿ ਸਾਜਨ ਸਹਿਜ ਸੁਭਾਇਆ । ਕਲਜੁਗ ਅੰਤਮ ਫੇਰੀ ਪਾ, ਆਪਣੇ ਹੱਥ ਰੱਖੇ ਵਡਿਆਈਆ । ਦੋ ਅੱਖਰ ਵੱਖਰ ਜਾਪ ਜਪਾ, ਜਾਗਰਤ ਜੋਤ ਵਖਾਈਆ । ਸੁਫਨ ਸਖੋਪਤ ਦਏ ਸੁਹਾ, ਤੁਰੀਆ ਪਦ ਸਮਾਈਆ । ਤੁਰੀਆ ਰੂਪ ਆਪ ਵਟਾ, ਅਨਭਵ ਪਰਕਾਸ਼ ਕਰਾਈਆ । ਅਨਭਵ ਭੇਵ ਨਾ ਸਕੇ ਕੋਈ ਪਾ, ਹਰਿ ਗੋਬਿੰਦ ਵੇਖ ਵਖਾਈਆ । ਹਰਿ ਗੋਬਿੰਦ ਗੋਬਿੰਦ ਗਿਆ ਸਮਾ, ਗੋਬਿੰਦ ਡੇਰਾ ਲਾਈਆ । ਰਾਮ ਰਾਮਾ ਰਾਮ ਅਖਵਾ, ਰਾਮ ਰਾਮਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਉਂ ਅਗੰਮ ਅਥਾਹੋ ਬੇਪਰਵਾਹੋ ਲੇਖਾ ਰਿਹਾ ਲਿਖਾਈਆ । ਬੇਪਰਵਾਹੋ ਨਾਉਂ ਨਿਰੰਕਾਰ, ਥਿਰ ਘਰ ਹਰਿ ਵਸੇਰਾ । ਆਦਿ ਜੁਗਾਦੀ ਏਕਾ ਕਾਰ, ਏਕਾ ਹੱਕ ਨਿਬੇੜਾ । ਇਕ ਅਕੇਲਾ ਬੰਨੇ ਧਾਰ, ਇਕ ਵਸਾਏ ਆਪਣਾ ਖੇੜਾ । ਏਕਾ ਸ਼ਬਦ ਇਕ ਜੈਕਾਰ, ਇਕ ਚਲਾਏ ਬੇੜਾ । ਕਲਜੁਗ ਕੂੜਾ ਡੋਬੇ ਵਿਚ ਮੰਝਧਾਰ, ਕਰੇ ਹੱਕ ਨਿਬੇੜਾ । ਸਤਿਜੁਗ ਸਾਚੀ ਪੈਜ ਦਏ ਸਵਾਰ, ਮਨਮਤ ਚੁਕਾਏ ਝੇੜਾ । ਗੁਰਮਤ ਜਗਤ ਕਰ ਉਜਿਆਰ, ਧਰਤ ਮਾਤ ਵੇਖ ਵਖਾਏ ਤੇਰਾ ਖੁਲ੍ਹਾ ਵੇਹੜਾ । ਏਕਾ ਸ਼ਬਦ ਗੁਰ ਸੱਚੀ ਸਰਕਾਰ, ਲੱਖ ਚੁਰਾਸੀ ਪਾਏ ਜੇੜਾ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਬੈਠਾ ਕੇਹੜਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਗੇੜਾ । ਗੇੜਾ ਦੇਵਣਹਾਰ ਰਘੁਨਾਥ, ਰਘੁਪਤ ਆਪ ਅਖਵਾਇਆ । ਆਪੇ ਹੋਇਆ ਸਗਲਾ ਸਾਥ, ਸਗਲਾ ਸੰਗ ਆਪ ਡੁਬਾਇਆ । ਆਪੇ ਲੇਖਾ ਲਿਖਣਹਾਰਾ ਮਸਤਕ ਮਾਥ, ਆਪੇ ਦੇਣਾ ਮੂਲ ਚੁਕਾਇਆ । ਆਪੇ ਹੋ ਤ੍ਰਿਲੋਕੀ ਨਾਥ, ਆਪੇ ਭਗਤ ਦਵਾਰੀ ਭਿਛਿਆ ਮੰਗਣ ਆਇਆ । ਆਪੇ ਜਾਣੇ ਅਪਣੀ ਕਥਾ ਅਕਥਨੀ ਅਕਾਥ, ਕਥਨੀ ਕਥ ਨਾ ਸਕੇ ਰਾਇਆ । ਆਪੇ ਰਾਮ ਰਾਮਾ ਪੂਤ ਸਪੂਤਾ ਦਸ ਦਸਰਾਥ, ਗੋਕਲ ਨੰਦਨ ਆਪ ਹੋ ਜਾਇਆ । ਆਪੇ ਖੇਲੇ ਖੇਲ ਤਤ ਆਠ, ਪੰਜ ਪੰਜੀ ਮੇਲ ਮੇਲ ਮਿਲਾਇਆ । ਆਪ ਉਪਾਏ ਤੀਰਥ ਅੱਠ ਸਾਠ, ਗੰਗਾ ਗੋਦਾਵਰੀ ਨਹਾਵਣ ਨੁਹਾਇਆ । ਆਪ ਜਣਾਏ ਪੂਜਾ ਪਾਠ, ਗੁਰੂਦਵਾਰਾ ਮੰਦਰ ਮਸਜਿਦ ਸ਼ਿਵਦਵਾਲਾ ਆਪ ਸੁਹਾਇਆ । ਆਪੇ ਮਾਰਨਹਾਰਾ ਸਰ ਸਰੋਵਰ ਠਾਠ, ਤਟ ਕਿਨਾਰਾ ਆਪ ਅਖਵਾਇਆ । ਆਪੇ ਗੇੜਨਹਾਰਾ ਉਲਟੀ ਲਾਠ, ਕਲਜੁਗ ਵੇਲਾ ਅੰਤਮ ਆਇਆ । ਤ੍ਰੈਗੁਣ ਮਾਇਆ ਪਾਏ ਭੱਠ, ਪੰਜ ਤਤ ਵਿਕਾਰਾ ਲੰਬੂ ਲਾਇਆ । ਲੋਆਂ ਪੁਰੀਆਂ ਵੇਖੇ ਨੱਠ ਨੱਠ, ਦਿਵਸ ਰੈਣ ਸੇਵ ਕਮਾਇਆ । ਰਹਿਣ ਨਾ ਦੇਵੇ ਕਿਸੇ ਦਾ ਹੱਠ, ਮਾਣ ਅਭਿਮਾਣ ਸਰਬ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪ ਅਖਵਾਇਆ । ਨਿਹਕਲੰਕ ਹਰਿ ਸ਼ਬਦ ਨਿਸ਼ਾਨ, ਏਕਾ ਏਕ ਜਣਾਈਆ । ਵੇਖ ਵਖਾਏ ਵੇਦ ਪੁਰਾਨ, ਬ੍ਰਹਮਾ ਵੇਦ ਵਿਆਸਾ ਸੰਗ ਰਲਾਈਆ । ਨਾਰਦ ਮੁਨ ਰੱਖੀ ਆਸ, ਬੈਠਾ ਰਾਹ ਤਕਾਈਆ । ਮਨੂ ਤੇਰੀ ਬੁਝਾਏ ਪਿਆਸ, ਮਨ ਮਮਤਾ ਦਏ ਚੁਕਾਈਆ । ਰਿਖੀ ਰਿਖੇਸ਼ਰ ਪੂਰੀ ਕਰੇ ਆਸ, ਜੋ ਜਨ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਬ੍ਰਹਮ ਪਾਰਬ੍ਰਹਮ ਕਰੇ ਸ਼ਬਦ ਜਣਾਈਆ । ਸ਼ਬਦ ਗਿਆਨ ਗੁਰ ਸਾਚਾ ਮੰਤਰ, ਏਕਾ ਏਕ ਰਖਾਇਆ । ਲੱਖ ਚੁਰਾਸੀ ਕਾਇਆ ਖੇਤਰ, ਪ੍ਰਭ ਸਾਚਾ ਵੇਖਣ ਆਇਆ । ਸੰਮਤ ਪੰਦਰਾਂ ਮਹੀਨਾ ਚੇਤਰ, ਭੁੱਲ ਰਹੇ ਨਾ ਰਾਇਆ । ਮਨਮੁਖਾਂ ਦਰਸ ਨਾ ਹੋਏ ਮਹੀਨਾ ਆਇਆ ਛੇਕੜ, ਗੁਰਮੁਖ ਸਾਚੇ ਲਏ ਤਰਾਇਆ । ਧਨ ਧਨਾਡ ਜੋਰੂ ਜ਼ਰ ਕਿਸੇ ਹੱਥ ਨਾ ਆਏ ਏਕੜ, ਸਾਢੇ ਤਿੰਨ ਹੱਥ ਵੰਡ ਵੰਡਾਇਆ । ਆਪਣੇ ਹੱਥ ਰੱਖਿਆ ਲੇਖ ਲੇਖਣ, ਬਿਧਨਾ ਵੇਖ ਵੇਖ ਰਹੀ ਸ਼ਰਮਾਇਆ । ਨਾ ਕੋਈ ਸਹਾਈ ਔਲੀਆ ਪੀਰ ਸ਼ੇਖ਼ਨ, ਦਸਤਗੀਰ ਨਾ ਵੇਖ ਵਖਾਇਆ । ਪੰਡਤ ਪਾਧਾਂ ਨਾ ਕੋਈ ਲਾਏ ਰੇਖਨ, ਮਸਤਕ ਰੇਖ ਨਾ ਕੋਈ ਬਣਾਇਆ । ਗ੍ਰੰਥੀ ਪੰਥੀ ਦਿਸ ਨਾ ਆਏ ਦਸ ਦਸਮੇਸ਼ਨ, ਜੋਤੀ ਜਾਮਾ ਭੇਸ ਵਟਾਇਆ । ਅੱਠੇ ਪਹਿਰ ਪੂਜਾ ਗਣਪਤ ਗਣੇਸ਼ਨ, ਸ਼ਬਦ ਤ੍ਰਿਸੂਲ ਨਾ ਕੋਈ ਫੜਾਇਆ । ਬ੍ਰਹਮਾ ਬ੍ਰਹਮ ਬ੍ਰਹਮ ਮਹੇਸ਼ਨ, ਬ੍ਰਹਮ ਨਾ ਕੋਈ ਜਣਾਇਆ । ਪਾਰਬ੍ਰਹਮ ਪ੍ਰਭ ਸਦਾ ਅਦੇਸਨ, ਗੁਰਮੁਖਾਂ ਲਏ ਮਿਲਾਇਆ । ਕਲਜੁਗ ਅੰਤਮ ਪਰਗਟਿਆ ਕਰ ਕਰ ਆਪਣਾ ਵੇਸਨ, ਜੋਤੀ ਜਾਮਾ ਭੇਖ ਵਟਾਇਆ । ਆਪੇ ਸ਼ਾਹੋ ਭੂਪ ਹਰਿ ਨਰ ਨਰੇਸ਼ਨ, ਸਚ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਹੋ ਆਇਆ । ਨਿਹਕਲੰਕਾ ਹਰਿ ਭਗਵਾਨਾ, ਅਕਲ ਕਲਾ ਅਖਵਾਇੰਦਾ । ਆਪ ਉਠਾਏ ਸਾਚੇ ਸੰਤਾਂ, ਜੁਗ ਵਿਛੜੇ ਜਗ ਮੇਲ ਮਿਲਾਇੰਦਾ । ਆਦਿ ਜੁਗਾਦਿ ਬਣਾਏ ਸਾਚੀ ਬਣਤਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਆਪੇ ਨਾਰੀ ਆਪੇ ਕੰਤਾ, ਕੰਤ ਕੰਤੂਹਲ ਆਪ ਹੋ ਜਾਇੰਦਾ । ਗੁਰਮੁਖ ਵਡਿਆਈ ਦੇਵੇ ਜੀਵ ਜੰਤਾ, ਜਾਨਣਹਾਰ ਭੇਵ ਕੋਈ ਨਾ ਪਾਇੰਦਾ । ਜੁਗ ਜੁਗ ਮਹਿਮਾ ਅਗਣਤ ਅਗਣਤਾ, ਲੇਖਾ

ਗਣਤ ਨਾ ਕੋਈ ਗਣਾਇੰਦਾ । ਕਲਜੁਗ ਮਾਇਆ ਪਾਏ ਬੇਅੰਤਾ, ਮੂਰਖ ਮੂੜ੍ਹੇ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਅਖਵਾਇੰਦਾ । ਨਿਰਗੁਣ ਰੂਪ ਹਰਿ ਸੁਲਤਾਨਾ, ਸਾਚੇ ਤਖ਼ਤ ਬਿਰਾਜੇ । ਪਰਗਟ ਜੋਤ ਸ੍ਰੀ ਭਗਵਾਨਾ, ਰਚਿਆ ਕਾਜ ਦੇਸ ਮਾਝੇ । ਏਕਾ ਸ਼ਬਦ ਏਕਾ ਤੀਰ ਇਕ ਨਿਸ਼ਾਨਾ, ਪਕੜ ਉਠਾਏ ਰਾਜਨ ਰਾਜੇ । ਏਕਾ ਖੰਡਾ ਆਪ ਚਮਕਾਨਾ, ਚਾਰੋਂ ਕੁੰਟ ਕਰਾਏ ਭਾਜੇ । ਆਪੇ ਆਏ ਵਿਚ ਮੈਦਾਨਾ, ਚਿੱਟੇ ਅਸਵ ਚੜ੍ਹਿਆ ਤਾਜੇ । ਧਰਮ ਝੁਲਾਏ ਇਕ ਨਿਸ਼ਾਨਾ, ਨਾਲ ਵਜਾਏ ਅਨਹਦ ਵਾਜੇ । ਏਕਾ ਰੂਪ ਪਾਰਬ੍ਰਹਮ ਮਿਹਰਵਾਨਾ, ਜੁਗ ਜੁਗ ਰਚਿਆ ਕਾਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਉਂ ਧਰਾਏ ਗ਼ਰੀਬ ਨਿਵਾਜੇ । ਗ਼ਰੀਬ ਨਿਵਾਜ ਦਇਆ ਨਿਧ ਦਾਤਾ, ਦਇਆਵਾਨ ਅਖਵਾਇਆ । ਦਰ ਦਰਵੇਸਾ ਪੁਰਖ ਬਿਧਾਤਾ, ਪਰਮ ਪੁਰਖ ਅਖਵਾਇਆ । ਜਨ ਭਗਤਾਂ ਦੇਵੇ ਨਾਮ ਸੁਗਾਤਾ, ਆਤਮ ਝੋਲੀ ਤਨ ਭਰਾਇਆ । ਨਾ ਕੋਈ ਵੇਖੇ ਪਰਖੇ ਜਾਤਾ ਪਾਤਾ, ਊਚਾਂ ਨੀਚਾਂ ਵਿਚ ਨਾ ਆਇਆ । ਮੇਟ ਮਿਟਾਏ ਅੰਧੇਰੀ ਰਾਤਾ, ਏਕਾ ਸਾਚਾ ਚੰਦ ਚੜ੍ਹਾਇਆ । ਮਨਮਤ ਨਾ ਰਹੇ ਨਾਰ ਕਮਜਾਤਾ, ਦਰ ਦਵਾਰ ਦਏ ਦੁਰਕਾਇਆ । ਏਕਾ ਸ਼ਬਦ ਚੜ੍ਹਾਏ ਸਚ ਬਰਾਤਾ, ਸੋ ਪੁਰਖ ਨਿਰੰਜਣ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜਨ ਜਨ ਹਰਿ ਲਏ ਵਰ, ਸੁਰਤੀ ਸ਼ਬਦੀ ਮੇਲ ਮਿਲਾਇਆ ।



੨੮੬
੦੨

ਹਰਿ ਕਿਰਪਾ ਹਰਿ ਜਾਣਿਆ, ਮੂਰਖ ਮੁਗਧ ਅੰਜਾਨ । ਦੇਵੇ ਨਾਮ ਧੁਰ ਫ਼ਰਮਾਨਿਆ, ਆਤਮ ਬ੍ਰਹਮ ਗਿਆਨ । ਇਕ ਵਖਾਏ ਸਚ ਨਿਸ਼ਾਨਿਆ, ਸ਼ਬਦੀ ਸ਼ਬਦ ਬਿਬਾਨ । ਮਾਰੇ ਤੀਰ ਹਰਿ ਭਗਵਾਨਿਆ, ਏਕਾ ਦੂਜਾ ਮੇਟ ਮਿਟਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਖ਼ਸ਼ੇ ਚਰਨ ਧਿਆਨ । ਪੰਜ ਤਤ ਪੰਚ ਪਿਆਰਾ, ਪੰਚਮ ਮੋਹ ਰਖਾਇਆ । ਹੱਡ ਮਾਸ ਨਾੜੀ ਰੱਤ ਅਪਾਰਾ, ਜਗਤ ਦਵਾਰਾ ਇਕ ਸੁਹਾਇਆ । ਮਨ ਮਤ ਬੁਧ ਕਰ ਤਿਆਰਾ, ਤ੍ਰੈਗੁਣ ਵੇਖ ਵਖਾਇਆ । ਚੇਤਨ ਸਤਾ ਵੇਖ ਧਾਰਾ, ਖੇਲੇ ਖੇਲ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਨਸ ਮਾਨੁਖ ਦਏ ਅਧਾਰਾ । ਪੰਜ ਤਤ ਹਰਿ ਬਣਤ ਬਣਾ, ਜਗਤ ਜੁਗਤ ਜਣਾਈਆ । ਆਪ ਆਪਣਾ ਮਾਰਗ ਲਾ, ਆਪੇ ਦਏ ਜਣਾਈਆ । ਆਪ ਆਪਣਾ ਨਾਮ ਉਪਾ, ਆਪੇ ਰਿਹਾ ਚਲਾਈਆ । ਆਪ ਆਪਣਾ ਦਏ ਸੁਣਾ, ਆਪ ਆਪਣਾ ਆਪੇ ਗਾਈਆ । ਆਪ ਆਪਣਾ ਭੇਵ ਖੁਲ੍ਹਾ, ਹਰਿਜਨ ਸਾਚੇ ਲਏ ਤਰਾਈਆ । ਏਕਾ ਅੱਖਰ ਦਏ ਪੜ੍ਹਾ, ਜਗਤ ਵਿਦਿਆ ਮੂਲ ਚੁਕਾਈਆ । ਸਾਚੀ ਸਿਖਿਆ ਦਏ ਸਿਖਾ, ਸਚ ਸੁੱਚ ਵੱਡੀ ਵਡਿਆਈਆ ਆਤਮ ਭਿਛਿਆ ਦੇਵੇ ਪਾ, ਆਤਮ ਅੰਤਰ ਇਕ ਲਿਵ ਲਾਈਆ । ਧੁਰ ਦਾ ਲਿਖਿਆ ਦਏ ਵਖਾ, ਲੇਖਾ ਲਿਖਣਹਾਰ ਆਪ ਅਖਵਾਈਆ । ਸ੍ਰਿਸ਼ਟ ਸਬਾਈ ਮਿਥਿਆ ਦਏ ਸਮਝਾ, ਥਿਰ ਕੋਈ ਰਹਿਣ ਨਾ ਪਾਈਆ । ਅਨਡਿਠਾ ਰੂਪ ਦਏ ਵਖਾ, ਅਨਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾਈਆ । ਪੰਜ ਤਤ ਤਨ ਕਰ ਪਿਆਰਾ, ਆਤਮ ਬੂਝ ਬੁਝਾਈਆ । ਏਕਾ ਦੇਵੇ ਸਚ ਹੁਲਾਰਾ, ਵਡ ਵੱਡੀ ਵਡਿਆਈਆ । ਇਕ ਵਖਾਏ ਹੱਟ ਪਸਾਰਾ, ਚੌਦਾਂ ਹੱਟਾਂ

ਵੇਖ ਵਖਾਈਆ । ਤੀਰਥ ਤਟ ਪਾਰ ਕਿਨਾਰਾ, ਸਰ ਸਰੋਵਰ ਦਏ ਕਰਾਈਆ । ਨਿਰਗੁਣ ਨੂਰ ਕਰ ਉਜਿਆਰਾ, ਸਰਗੁਣ ਬੂਝ ਬੁਝਾਈਆ । ਕਾਇਆ ਮੰਦਰ ਅੰਦਰ ਮਹੱਲ ਅਟੱਲ ਉਚ ਮੁਨਾਰਾ, ਹਰਿ ਬੈਠਾ ਆਸਣ ਲਾਈਆ । ਹਰਿਜਨ ਵੇਖੇ ਵਾਰੋ ਵਾਰਾ, ਵੇਖਣਹਾਰ ਦਿਸ ਨਾ ਆਈਆ । ਜੋਤ ਨਿਰੰਜਣ ਕਰ ਉਜਿਆਰਾ, ਦੀਪਕ ਦੀਪ ਜਗਾਈਆ । ਡੂੰਘੀ ਕਵਰੀ ਪਾਰ ਕਿਨਾਰਾ, ਸੁਖਮਨ ਵੇਖ ਵਖਾਈਆ । ਅਨਹਦ ਤਾਲ ਵੱਜੇ ਤਲਵਾੜਾ, ਬੰਸ ਸਰਬੰਸਾ ਆਪ ਅਖਵਾਈਆ । ਇਕ ਵਖਾਏ ਸਚ ਅਖਾੜਾ, ਪੰਚਮ ਸਖੀਆਂ ਮੰਗਲ ਗਾਈਆ । ਹੋਏ ਪਰਕਾਸ਼ ਬਹੱਤਰ ਨਾੜਾ, ਅਗਿਆਨ ਅੰਧੇਰ ਮਿਟਾਈਆ । ਮੇਟ ਮਿਟਾਏ ਪੰਚਮ ਧਾੜਾ, ਸੋ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਹਰਿ ਵਸਿਆ ਘਰ, ਜਨ ਏਕਾ ਰੰਗ ਰੰਗਾਈਆ । ਹਰਿ ਸੰਤਨ ਹਰਿ ਹਰਿ ਪਾਇਆ, ਹਰਿ ਹਰਿ ਰੂਪ ਅਪਾਰ । ਏਕਾ ਦੂਜਾ ਭੌ ਚੁਕਾਇਆ, ਹਉਮੇ ਰੋਗ ਨਿਵਾਰ । ਮਾਇਆ ਮਮਤਾ ਮੋਹ ਕਟਾਇਆ, ਏਕਾ ਬਖ਼ਸ਼ੇ ਸਚ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਨਸ ਮਾਨੁਖ ਲਾਏ ਪਾਰ । ਮਾਨਸ ਜਨਮ ਬੂਝ ਬੁਝਾ, ਆਤਮ ਭੇਵ ਚੁਕਾਇਆ । ਆਪ ਆਪਣਾ ਦਏ ਸਮਝਾ, ਦੇਵੀ ਦੇਵ ਆਪ ਅਖਵਾਇਆ । ਸਾਚਾ ਇਸ਼ਟ ਇਕ ਜਣਾ, ਜਗਤ ਵਾਸਨਾ ਦਏ ਮਿਟਾਇਆ । ਜੀਵਨ ਦ੍ਰਿਸ਼ਟ ਦਏ ਖੁਲ੍ਹਾ, ਜੋਗ ਜੁਗਤ ਇਕ ਬਣਾਇਆ । ਰਾਮਾ ਵਸ਼ਿਸ਼ਟ ਗੁਰ ਦਏ ਮਿਲਾ, ਸ਼ਬਦ ਸ਼ਬਦੀ ਸੁਰਤ ਬੰਧਾਇਆ । ਸ੍ਰਿਸ਼ਟ ਸਬਾਈ ਆਪਣੇ ਮਾਰਗ ਦਏ ਲਾ, ਆਪੇ ਭਰਮ ਭੁਲਾਇਆ । ਗੁਰਮੁਖ ਸਾਜਨ ਸਾਚੇ ਸੰਤ ਲਏ ਜਗਾ, ਏਕਾ ਮੰਤਰ ਨਾਮ ਦ੍ਰਿੜਾਇਆ । ਅੱਖਰ ਵੱਖਰ ਦਏ ਵਖਾ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਹੰ ਹੰਗਤਾ ਰਹਿਣ ਨਾ ਪਾ, ਹਉਮੇ ਰੋਗ ਜਲਾਇਆ । ਸਾਚੀ ਸੰਗਤਾ ਲਏ ਮਿਲਾ, ਸਤਿ ਸੰਗਤ ਸਤਿ ਸਰੂਪ ਸਮਾਇਆ । ਏਕਾ ਏਕ ਏਕ ਦਏ ਵਖਾ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖਣਹਾਰਾ ਦਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਸੰਤਨ ਪਾਇਆ । ਸੰਤਨ ਦੇਵੇ ਧੁਰ ਫ਼ਰਮਾਨਾ, ਆਤਮ ਬ੍ਰਹਮ ਜਣਾਈਆ । ਏਕਾ ਸ਼ਬਦ ਇਕ ਗਿਆਨਾ, ਏਕਾ ਬੂਝ ਬੁਝਾਈਆ । ਏਕਾ ਨਾਮ ਇਕ ਬਿਬਾਨਾ, ਏਕਾ ਰਿਹਾ ਚੜ੍ਹਾਈਆ । ਏਕਾ ਰਾਗ ਇਕ ਤਰਾਨਾ, ਏਕਾ ਰਿਹਾ ਸੁਣਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਬੈਠਾ ਹਰਿ ਲਿਵ ਲਾਈਆ । ਏਕਾ ਜੋਤੀ ਨੂਰ ਮਹਾਨਾ, ਜੋਤੀ ਜੋਤ ਕਰੇ ਰੁਸ਼ਨਾਈਆ । ਹਰ ਘਟ ਬੈਠ ਸ੍ਰੀ ਭਗਵਾਨਾ, ਆਪ ਆਪਣਾ ਖੇਲ ਖਿਲਾਈਆ । ਗੁਰਮੁਖ ਵੇਖੇ ਚਤੁਰ ਸੁਜਾਨਾ, ਚਤੁਰਭੁਜ ਦਇਆ ਕਮਾਈਆ । ਜਨ ਵਖਾਏ ਪਦ ਨਿਰਬਾਣਾ, ਪਰਮ ਪੁਰਖ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਾਧਨ ਏਕਾ ਏਕ ਸੱਚੀ ਸਰਨਾਈਆ । ਹਰਿ ਭਗਤੀ ਵਰ ਮੰਗਿਆ, ਢਹਿ ਢਹਿ ਚਰਨ ਦਵਾਰ । ਗੁਰਮੁਖ ਆਤਮ ਰੰਗਿਆ, ਰੰਗੇ ਰੰਗ ਅਪਾਰ । ਸਚ ਦਵਾਰਾ ਆਪੇ ਮੰਗਿਆ, ਵੇਖੇ ਸਿਰਜਣਹਾਰ । ਜੀਵ ਜੰਤ ਭੁੱਖਾ ਨੰਗਿਆ, ਨਾ ਕੋਈ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਇਕ ਅਧਾਰ । ਭਗਤੀ ਹਰਿਜਨ ਮੂਲ ਹੈ, ਆਤਮ ਮੂਲ ਪਛਾਨ । ਸਾਚਾ ਮੇਲਾ ਕੰਤ ਕੰਤੂਹਲ ਹੈ, ਏਕਾ ਰੂਪ ਧਿਆਨ । ਨਾਮ ਵਾਸ਼ਨਾ ਸਾਚਾ ਫੂਲ ਹੈ, ਫਲ ਫੁਲਵਾੜੀ ਸਚ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਦਾਨ । ਭਗਤੀ ਰੂਪ ਹਰਿ ਅਨਡਿਠਾ, ਏਕਾ ਰੂਪ ਉਪਾਇਆ । ਹਰਿ ਭਾਣੇ ਰੰਗ ਲਾਗਾ ਮੀਠਾ, ਨਾ

੨੮੭
੦੭

ਕੋਈ ਦੂਸਰ ਵੇਖ ਵਖਾਇਆ । ਏਕਾ ਚੜ੍ਹਿਆ ਰੰਗ ਮਜੀਠਾ, ਉਤਰ ਕਦੇ ਨਾ ਜਾਇਆ । ਤ੍ਰੈਗੁਣ ਤਪੇ ਨਾ ਕੋਈ ਅੰਗੀਠਾ, ਪੰਜ ਤਤ ਨਾ ਕੋਈ ਸਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰੀਤਾ ਇਕ ਜਣਾਇਆ । ਭਗਤ ਰੂਪ ਸਾਂਤਕ ਸੀਤਾ, ਸਤਿ ਸਤਿ ਵਰਤਾਇਆ । ਆਪ ਚਲਾਏ ਆਪਣੀ ਰੀਤਾ, ਹਰਿਜਨ ਝੋਲੀ ਪਾਇਆ । ਕਿਸੇ ਹੱਥ ਨਾ ਆਏ ਮੰਦਰ ਗੁਰੂਦਵਾਰੇ ਜਗਤ ਮਸੀਤਾ, ਮਠ ਸ਼ਿਵਦਵਾਲਾ ਕੋਈ ਨਾ ਡੇਰਾ ਲਾਇਆ । ਕੂੜਾ ਕਰੇ ਕਰਾਏ ਰੀਠਾ ਮੀਠਾ, ਜਿਸ ਜਨ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤੀ ਦਿਤਾ ਏਕਾ ਵਰ, ਏਕਾ ਰੂਪ ਸੁਹਾਇਆ । ਹਰਿ ਭਗਤੀ ਹਰਿ ਰੂਪ ਹਰਿ, ਹਰਿ ਆਪ ਰੰਗਾਇਆ । ਜਨ ਭਗਤਾਂ ਚਾਰੋਂ ਕੂਟ ਫਿਰੇ ਦਰ, ਦਿਵਸ ਰੈਣ ਸੇਵ ਕਮਾਇਆ । ਆਪ ਆਪਣਾ ਰਹੀ ਵਰ, ਆਪ ਆਪਣਾ ਕੰਤ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤੀ ਵੇਖੇ ਸਚ ਦਵਾਰਾ, ਸੰਤ ਦਵਾਰਾ ਥਾਨ ਸੁਹਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ਾ । ਹਰ ਘਟ ਆਪੇ ਵਸਿਆ, ਲੱਖ ਚੁਰਾਸੀ ਦਾਸੀ ਦਾਸਾ । ਮੰਦਰ ਅੰਦਰ ਬਹਿ ਬਹਿ ਹੱਸਿਆ, ਨਿਜ ਘਰ ਆਤਮ ਰੱਖੇ ਵਾਸਾ । ਮੇਟ ਮਿਟਾਏ ਰੈਣ ਅੰਧੇਰੀ ਮੱਸਿਆ, ਜੋ ਜਨ ਗਾਏ ਸਵਾਸ ਸਵਾਸਾ । ਦਰ ਦਵਾਰੇ ਆਵੇ ਨੱਸਿਆ, ਵੇਖ ਵਖਾਏ ਕਾਇਆ ਕਾਸਾ । ਅੰਮ੍ਰਿਤ ਮੇਘ ਏਕਾ ਵਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਵਾਸਾ । ਪਾਰਬ੍ਰਹਮ ਬੇਅੰਤ ਬੇਅੰਤਾ, ਲੱਖ ਚੁਰਾਸੀ ਵਿਚ ਸਮਾਇਆ । ਬੂਝ ਬੁਝਾਏ ਸਾਚੇ ਸੰਤਾ, ਦੂਸਰ ਦਿਸ ਕਿਸੇ ਨਾ ਆਇਆ । ਜੁਗ ਜੁਗ ਮਾਇਆ ਪਾਏ ਬੇਅੰਤਾ, ਬੇਅੰਤ ਆਪ ਅਖਵਾਇਆ । ਹਰਿਜਨ ਮੇਲਾ ਨਾਰੀ ਕੰਤਾ, ਕੰਤ ਸੁਹਾਗ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਵੇਖਣਹਾਰਾ, ਦਰ ਦੀਪਕ ਕਰੇ ਉਜਿਆਰਾ, ਜੋਤੀ ਨੂਰ ਹੋਏ ਰੁਸ਼ਨਾਇਆ । ਹਰਿਜਨ ਹਰਿ ਹਰਿ ਰੰਗਿਆ, ਹਰਿ ਹਰਿ ਰੂਪ ਅਪਾਰ । ਸਚ ਦਵਾਰਾ ਜਿਸ ਜਨ ਮੰਗਿਆ, ਭਰੇ ਨਾਮ ਭੰਡਾਰ । ਦੇਵੇ ਦਾਨ ਦਾਤਾ ਦਾਨੀ ਸੂਰਾ ਸਰਬੰਗਿਆ, ਅੱਠੇ ਪਹਿਰ ਰਹੇ ਵਰਤਾਰ । ਅੰਮ੍ਰਿਤ ਆਤਮ ਧਾਰ ਵਹਾਏ ਸਾਚੀ ਗੰਗਿਆ, ਅਠਸਠ ਤੀਰਥ ਪਾਰ ਕਿਨਾਰ । ਇਕ ਵਜਾਏ ਸ਼ਬਦ ਮਰਦੰਗਿਆ, ਧੁਨ ਅਨਾਦੀ ਸਿਰਜਣਹਾਰ । ਨੌਂ ਦਵਾਰੇ ਜੋ ਜਨ ਲੰਘਿਆ, ਹਰਿ ਮੇਲਾ ਦਸਮ ਦਵਾਰ । ਆਤਮ ਸੇਜਾ ਸਚ ਪਲੰਘਿਆ, ਉਪਰ ਬੈਠਾ ਮੀਤ ਮੁਰਾਰ । ਸੁਰਤ ਸਵਾਣੀ ਲਾਏ ਆਪਣੇ ਅੰਗਿਆ, ਅੰਗੀਕਾਰ ਕਰੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਹਰ ਘਰ ਵੇਖਣਹਾਰ ਨਿਰਗੁਣ ਰੂਪ ਅਪਰ ਅਪਾਰ ।

੨੮੮
੦੭

* ੨੦ ਚੇਤ ੨੦੧੫ ਕਰਮ ਸਿੰਘ ਦੇ ਘਰ ਪਿੰਡ ਪਿਪਲੀ ਜ਼ਿਲਾ ਬਠਿੰਡਾ ਨਿਰਗੁਣ ਜੋਤ ਅਨਕ ਰੂਪ ਵਿਚ *

ਹਰਿ ਜੋਤੀ ਨੂਰ ਅਪਾਰ, ਹਰਿ ਨਿਰੰਕਾਰਿਆ । ਆਪ ਆਪਣੀ ਕਿਰਪਾ ਧਾਰ, ਆਪਣਾ ਆਪ ਕਰੇ ਉਜਿਆਰਿਆ । ਆਪ ਆਪਣੀ ਪਾਵੇ ਸਾਰ, ਆਪ ਆਪਣਾ ਲੈ ਅਵਤਾਰਿਆ । ਆਪ ਆਪਣਾ ਵੇਖਣਹਾਰ, ਆਪ ਆਪਣਾ ਖੇਲ ਖਿਲਾ ਰਿਹਾ । ਨਿਰਗੁਣ ਅਪਰ ਅਪਾਰ, ਆਪ ਆਪਣਾ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਲਗਾ ਲਿਆ । ਆਪ ਆਪਣਾ ਅੰਗ

ਲਗਾ, ਆਪਣੀ ਕਲ ਵਰਤਾਈਆ । ਆਪ ਆਪਣਾ ਸੰਗ ਰਖਾ, ਆਪਣੇ ਹੱਥ ਰੱਖੀ ਵਡਿਆਈਆ । ਆਪ ਆਪਣਾ ਮਰਦੰਗ ਵਜਾ, ਆਪ ਆਪਣਾ ਲਿਆ ਉਠਾਈਆ । ਆਪ ਆਪਣਾ ਪਲੰਘ ਵਿਛਾ, ਆਪੇ ਬੈਠਾ ਆਸਣ ਲਾਈਆ । ਆਪ ਆਪਣੀ ਮੰਗ ਮੰਗਾ, ਆਪਣੀ ਝੋਲੀ ਆਪ ਭਰਾਈਆ । ਆਪ ਆਪਣਾ ਦਰ ਸੁਹਾ, ਦਾਤਾ ਦਾਨੀ ਆਪ ਹੋ ਜਾਈਆ । ਆਪ ਆਪਣਾ ਘਰ ਵਸਾ, ਨਾਰੀ ਕੰਤਾ ਰੂਪ ਅਖਵਾਈਆ । ਆਪ ਆਪਣਾ ਬੰਸ ਚਲਾ, ਪੂਤ ਸਪੂਤਾ ਏਕਾ ਜਾਈਆ । ਸ਼ਬਦ ਸੁਤ ਨਾਉਂ ਧਰਾ, ਦੇਵੇ ਵਡ ਵਡਿਆਈਆ । ਭੇਵ ਅਭੇਦਾ ਭੇਵ ਛੁਪਾ, ਲੇਖਾ ਲੇਖ ਨਾ ਕੋਈ ਜਣਾਈਆ । ਅਗੰਮ ਅਗੰਮੜੇ ਧਾਮ ਟਿਕਾ, ਦਿਸ ਕਿਸੇ ਨਾ ਆਈਆ । ਅਲਖ ਅਲਖਨਾ ਆਪ ਅਖਵਾ, ਏਕਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੋਏ ਸਹਾਈਆ । ਜੋਤੀ ਨੂਰ ਹਰਿ ਉਜਾਲਾ, ਆਪਣਾ ਆਪ ਕਰਾਇਆ । ਪਰਗਟ ਹੋ ਹਰਿ ਗੋਪਾਲਾ, ਏਕਾ ਬਾਲਾ ਗੋਦ ਉਠਾਇਆ । ਆਪ ਬਣਾਏ ਸਚ ਦਲਾਲਾ, ਨਾ ਕੋਈ ਦੂਸਰ ਸੰਗ ਰਖਾਇਆ । ਆਪੇ ਚਲੇ ਆਪਣੀ ਚਾਲਾ, ਚੱਲਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੋਏ ਸਹਾਇਆ । ਆਪ ਆਪਣੀ ਦਇਆ ਕਮਾ, ਆਪਣੀ ਬਣਤ ਬਣਾਈਆ । ਆਪ ਆਪਣਾ ਲਏ ਉਪਾ, ਆਪ ਆਪਣਾ ਨਾਉਂ ਧਰਾਈਆ । ਆਪ ਆਪਣਾ ਨਾਅਰਾ ਲਾ, ਆਪ ਆਪਣਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਰੇ ਵਡਿਆਈਆ । ਆਪ ਆਪਣਾ ਕਰ ਅਕਾਰਾ, ਆਪਣਾ ਕਰਮ ਕਮਾਇਆ । ਆਪ ਆਪਣਾ ਦਏ ਸਹਾਰਾ, ਆਪ ਆਪਣਾ ਧਰਮ ਧਰਾਇਆ । ਆਪ ਆਪਣਾ ਪਾਰਾਵਾਰਾ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖ ਕਿਨਾਰਾ, ਆਪ ਆਪਣਾ ਬੰਨੇ ਲਾਇਆ । ਆਪ ਆਪਣੀ ਬੰਨੇ ਧਾਰਾ, ਆਪ ਆਪਣਾ ਮਾਰਗ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦੇਵੇ ਵਰ, ਸੇਵਕ ਸੇਵਾ ਰਿਹਾ ਕਮਾਇਆ । ਸਾਚੇ ਸੁਤ ਕਰ ਤਿਆਰ, ਹਰਿ ਆਪਣੀ ਕਲ ਵਰਤਾਈਆ । ਕਰੇ ਕਰਾਏ ਖ਼ਬਰਦਾਰ, ਨਿਰਗੁਣ ਇਕ ਜਣਾਈਆ । ਖੇਲੇ ਖੇਲ ਖੇਲਣਹਾਰ, ਕਰਤਾ ਪੁਰਖ ਖੇਲ ਖਿਲਾਈਆ । ਪੁਰਖ ਅਗੰਮਾ ਕਰੇ ਅਗੰਮੜੀ ਕਾਰ, ਅਗੰਮ ਅਗੰਮੜਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਸ਼ਬਦ ਸੁਤ ਹਰਿ ਬਲਵਾਨਾ, ਏਕਾ ਏਕ ਉਪਾਇਆ । ਧੁਰ ਦਰਬਾਰ ਧੁਰ ਫ਼ਰਮਾਨਾ, ਏਕਾ ਏਕ ਸੁਣਾਇਆ । ਏਕਾ ਬੰਨੇ ਸਾਚਾ ਗਾਨਾ, ਨਾ ਕੋਈ ਦੂਸਰ ਤੰਦ ਬੰਧਾਇਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨਾ, ਖੇਲੇ ਖੇਲ ਆਪ ਮਹਾਨਾ, ਖੇਲਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਏਕਾ ਵਰ, ਏਕਾ ਝੋਲੀ ਪਾਇਆ । ਏਕਾ ਵਰ ਝੋਲੀ ਪਾ, ਹਰਿ ਸਾਚੇ ਸਚ ਜਣਾਈਆ । ਲੋਆਂ ਪੁਰੀਆਂ ਬਣਤ ਬਣਾ, ਗਗਨ ਪਤਾਲਾ ਲਏ ਉਪਾਈਆ । ਅਕਾਸ਼ ਪਰਕਾਸ਼ ਇਕ ਵਖਾ, ਧਰਤ ਧਵਲ ਸੁਹਾਈਆ । ਬ੍ਰਹਿਮੰਡ ਖੰਡ ਵੰਡ ਵੰਡਾ, ਵੰਡਣਹਾਰ ਆਪ ਹੋ ਜਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾ, ਆਪ ਆਪਣਾ ਕਰਮ ਕਮਾਈਆ । ਤ੍ਰੈਗੁਣ ਮਾਇਆ ਤਤ ਜਣਾ, ਏਕਾ ਝੋਲੀ ਪਾਈਆ । ਪੰਜ ਪੰਜ ਮੇਲ ਮਿਲਾ, ਪੰਜ ਪੰਜੀ ਹੋਏ ਸਹਾਈਆ । ਲੋਕ ਪਰਲੋਕ ਦਏ ਵਸਾ, ਆਪ ਆਪਣਾ ਥਾਨ ਸੁਹਾਈਆ । ਸਰਬ ਨਿਰੰਤਰ ਆਪ ਅਖਵਾ, ਗਗਨ ਗਗਨੰਤਰ ਫੇਰਾ ਪਾਈਆ । ਥਿਰ ਘਰ ਸਾਚੇ ਡੇਰਾ ਲਾ, ਅਚਲ ਅਟੱਲ ਮਹੱਲ ਇਕ ਸੁਹਾਈਆ । ਨਿਹਚਲ

ਧਾਮ ਦਏ ਵਖਾ, ਨਿਰਗੁਣ ਵੱਡੀ ਵਡਿਆਈਆ । ਪੂਤ ਸਪੂਤਾ ਆਪ ਉਪਾ, ਆਪਣੀ ਕਾਰ ਕਰਾਈਆ । ਏਕਾ ਬਸਤਰ ਤਨ ਛੁਹਾ, ਸਾਚਾ ਦਰ ਸੁਹਾਈਆ । ਏਕਾ ਮਾਰਗ ਰਿਹਾ ਪਾ, ਦੂਜਾ ਭੇਵ ਨਾ ਕੋਈ ਜਣਾਈਆ । ਏਕਾ ਰੰਗਣ ਰਿਹਾ ਰੰਗਾ, ਰੰਗ ਰੰਗੀਲਾ ਆਪ ਅਖਵਾਈਆ । ਸਰਬ ਵਸੀਲਾ ਰਿਹਾ ਬਣਾ, ਹਰਿ ਸ਼ਬਦ ਗੁਰ ਉਪਾਈਆ । ਆਪਣਾ ਕਬੀਲਾ ਰਿਹਾ ਬਣਾ, ਲੋਕਮਾਤ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਦਇਆ ਕਮਾ, ਆਪਣੀ ਰਕਤ ਆਪੇ ਰਿਹਾ ਟਿਕਾਈਆ । ਕਵਲ ਕਵਲਾ ਲਿਆ ਸਮਾ, ਆਪਣੀ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਵੱਖ ਕਰਾ, ਬ੍ਰਹਮ ਬ੍ਰਹਮ ਜਣਾਈਆ । ਬ੍ਰਹਮ ਬ੍ਰਹਮ ਪਏ ਸਰਨਾ, ਸਤਿ ਪੁਰਖ ਵੱਡੀ ਵਡਿਆਈਆ । ਆਦਿ ਨਿਰੰਜਣ ਦਇਆ ਕਮਾ, ਆਪ ਆਪਣੀ ਕਰੇ ਕੁੜਮਾਈਆ । ਏਕਾ ਭੂਸ਼ਨ ਬਸਤਰ ਪਾ, ਨਿਰਾਕਾਰ ਅਕਾਰ ਵਖਾਈਆ । ਨਿਰਗੁਣ ਵੇਸ ਲਏ ਵਟਾ, ਸਰਗੁਣ ਕਰ ਰੁਸ਼ਨਾਈਆ । ਸਰਗੁਣ ਸਹਿਜੇ ਗਿਆ ਸਮਾ, ਆਪ ਆਪਣਾ ਮੁਖ ਛੁਪਾਈਆ । ਪੰਚਮ ਮੇਲਾ ਸਹਿਜ ਸੁਭਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਵਖਾਈਆ । ਤ੍ਰੈਗੁਣ ਮਾਇਆ ਤੇਰਾ ਰੰਗ ਰੰਗਾ, ਤ੍ਰੈਧਾਤੀ ਬਣਤ ਬਣਾਈਆ । ਮਨ ਮਤ ਬੁਧ ਦਏ ਟਿਕਾ, ਧਾਮ ਅਵੱਲੜਾ ਇਕ ਸੁਹਾਈਆ । ਨੌਂ ਦਵਾਰੇ ਜਗਤ ਵਖਾ, ਜਾਗਰਤ ਜੋਤ ਟਿਕਾਈਆ । ਦਸਮ ਦਵਾਰੀ ਡੇਰਾ ਲਾ, ਆਪ ਆਪਣਾ ਧਾਮ ਸੁਹਾਈਆ । ਜੋਤ ਨਿਰੰਜਣ ਸੇਵਾ ਲਾ, ਸਾਚੀ ਵੰਡ ਵੰਡਾਈਆ । ਭੈ ਭੰਜਨ ਹਰਿ ਆਪ ਅਖਵਾ, ਭਵ ਸਾਗਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਆਪ ਆਪਣੀ ਰਚਨ ਰਚਾਈਆ । ਸ਼ਬਦ ਸੁਤ ਕਰ ਉਜਾਗਰ, ਹਰਿ ਆਪਣਾ ਕਰਮ ਕਮਾਇਆ । ਪੰਜ ਤਤ ਵਸਿਆ ਕਾਇਆ ਗਾਗਰ, ਦਿਸ ਕਿਸੇ ਨਾ ਆਇਆ । ਬ੍ਰਹਮਾ ਬਣਿਆ ਹਰਿ ਸੌਦਾਗਰ, ਹਰਿ ਸਾਚਾ ਝੋਲੀ ਪਾਇਆ । ਦੇਵੇ ਨਾਮ ਰੱਤੀ ਰਤਨਾਗਰ, ਏਕਾ ਨੇਤਰ ਗਿਆਨ ਦ੍ਰਿੜਾਇਆ । ਨਿਰਮਲ ਕਰਮ ਕਰੇ ਉਜਾਗਰ, ਆਪ ਆਪਣੀ ਬੂਝ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਦਰ ਦਵਾਰਾ ਇਕ ਸੁਹਾਇਆ । ਸਾਚੇ ਸੁਤ ਸਚ ਦਵਾਰ, ਏਕਾ ਅਲਖ ਜਗਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਭਿਛਿਆ ਪਾਈਆ । ਪਾਰਬ੍ਰਹਮ ਗੁਰ ਲੈ ਅਵਤਾਰ, ਬ੍ਰਹਮ ਕਰੇ ਜਣਾਈਆ । ਆਦਿ ਨਿਰੰਜਣ ਇਕ ਏਕੰਕਾਰ, ਸਮਰਥ ਪੁਰਖ ਅਖਵਾਈਆ । ਅਲਖ ਅਲਖਨਾ ਪਾਵੇ ਸਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਹੱਡ ਮਾਸ ਨਾੜੀ ਚਮੜੇ ਵਸਿਆ ਬਾਹਰ, ਰਕਤ ਬੂੰਦ ਨਾ ਕੋਈ ਰਖਾਈਆ । ਮਾਤ ਪਿਤ ਨਾ ਕੋਈ ਪਿਆਰ, ਨਾ ਕੋਈ ਬਾਲਕ ਗੋਦ ਜਣਾਈਆ । ਭੈਣ ਭਰਾਤਾ ਨਾ ਕੋਈ ਸੰਸਾਰ, ਨਾ ਕੋਈ ਕੁਟੰਬ ਰਖਾਈਆ । ਨਾਰੀ ਕੰਤਾ ਨਾ ਕਰ ਪਿਆਰ, ਨਾ ਕੋਈ ਸੇਜ ਹੰਢਾਈਆ । ਸਾਧ ਸੰਤ ਨਾ ਕੋਈ ਦਵਾਰ, ਇਕ ਅਕੱਲਾ ਵਸਿਆ ਸਚ ਮਹੱਲਾ, ਨਾ ਕੋਈ ਦੂਸਰ ਸੰਗ ਰਖਾਈਆ । ਆਪੇ ਵਸਿਆ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਗੀ ਕੰਦਰ ਡੇਰਾ ਲਾਈਆ । ਰਵ ਸਸ ਦੀਪਕ ਜੋਤੀ ਆਪੇ ਬਲਾ, ਮੰਡਲ ਮੰਡਪ ਦਏ ਸੁਹਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਆਪੇ ਰਲਾ, ਆਪ ਆਪਣਾ ਰੂਪ ਵਟਾਈਆ । ਲੱਖ ਚੁਰਾਸੀ ਹਰ ਘਟ ਦੀਪਕ ਆਪੇ ਬਲਾ, ਨਿਰਗੁਣ ਰੂਪ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਆਪ ਆਪਣਾ ਨਾਉਂ ਧਰਾਈਆ । ਆਪ ਆਪਣਾ ਨਾਉਂ ਧਰਾ, ਆਪਣੀ ਖੇਲ ਖਿਲਾਇਆ । ਆਪ ਆਪਣੀ ਰਚਨ ਰਚਾ, ਰਚਨਹਾਰ ਆਪ ਅਖਵਾਇਆ । ਆਪ

ਆਪਣਾ ਬਚਨ ਅਲ੍ਹਾ, ਆਪ ਆਪਣਾ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਏਕਾ ਦਰ, ਇਕ ਗਿਆਨ ਦ੍ਰਿੜਾਇਆ । ਸ਼ਬਦ ਸੁਤ ਵਡ ਮਿਹਰਵਾਨਾ, ਹਰਿ ਹਰਿ ਆਪ ਉਪਾਇਆ । ਆਪੇ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਰਾਹ ਤਕਾਇਆ । ਲੋਕਮਾਤ ਪਹਿਰੇ ਬਾਣਾ, ਸ਼ਬਦ ਸਰੂਪੀ ਇਕ ਨਿਸ਼ਾਨਾ, ਜੋਧਾ ਸੂਰਬੀਰ ਬਲੀ ਬਲਵਾਨਾ, ਗੁਣ ਨਿਧਾਨਾ ਆਪ ਅਖਵਾਇਆ । ਆਪ ਚੁਕਾਏ ਆਪਣੀ ਕਾਨਾ, ਆਪ ਆਪਣੀ ਵੰਡ ਵੰਡਾਇਆ । ਲਿਖਿਆ ਲੇਖ ਸ੍ਰਿਸ਼ਟ ਮਹਾਨਾ, ਬ੍ਰਹਮਾ ਵੇਤਾ ਸੇਵਾ ਲਾਇਆ । ਲਿਖਿਆ ਲੇਖ ਅੰਤਰ ਧਿਆਨਾ, ਆਤਮ ਬ੍ਰਹਮ ਜਣਾਇਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਵੇਖੇ ਖੇਲ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇਆ । ਆਪ ਆਪਣਾ ਭੇਵ ਖੁਲਾਏ, ਦੇਵੇ ਧੁਰ ਫ਼ਰਮਾਣ । ਸ਼ਬਦ ਸੁਤ ਆਪ ਜਗਾਏ, ਬ੍ਰਹਮੇ ਬ੍ਰਹਮ ਗਿਆਨ । ਆਦਿ ਅਨਾਦੀ ਇਕ ਅਖਵਾਏ, ਨਾਦੀ ਧੁਨ ਮਹਾਨ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਏ, ਏਕਾ ਦਰ ਪਰਵਾਨ । ਬੋਧ ਅਗਾਧੀ ਸ਼ਬਦ ਜਣਾਏ, ਆਪੇ ਜਾਣੀ ਜਾਣ । ਵਿਸਮਾਦੀ ਵਿਸਮਾਦ ਸਮਾਏ, ਆਦਿ ਜੁਗਾਦੀ ਨਾ ਕੋਈ ਕਰੇ ਪਛਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪੇ ਕਰੇ ਦਰ ਪਰਵਾਨ । ਦੇਵਣਹਾਰਾ ਹਰਿ ਭੰਡਾਰਾ, ਏਕ ਏਕ ਅਖਵਾਇਆ । ਸ਼ਬਦ ਸੁਤ ਕਰ ਵਰਤਾਰਾ, ਬ੍ਰਹਮਾ ਝੋਲੀ ਪਾਇਆ । ਬ੍ਰਹਮਾ ਸੇਵਕ ਸੇਵਾਦਾਰਾ, ਵੇਦ ਕਤੇਬਾ ਰਿਹਾ ਲਿਖਾਇਆ । ਪਾਇਆ ਭੇਵ ਨਾ ਅਗੰਮ ਅਪਾਰਾ, ਗਿਆਨ ਧਿਆਨ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਮਾਰ ਝਾਤ, ਲੱਖ ਚੁਰਾਸੀ ਜਗਤ ਵੰਡ ਵੰਡਾਇਆ । ਲੋਕਮਾਤੀ ਵੰਡ ਵੰਡਾ, ਆਪਣੀ ਰਚਨ ਰਚਾਈਆ । ਬ੍ਰਹਿਮੰਡ ਖੰਡ ਹਰਿ ਡੇਰਾ ਲਾ, ਜੇਰਜ ਅੰਡ ਸਮਾਈਆ । ਉਤਭੁਜ ਸੇਤਜ ਲਏ ਉਪਾ, ਪੰਚਮ ਮੋਹ ਬੰਧਾਈਆ । ਆਪ ਆਪਣਾ ਸੰਗ ਰਖਾ, ਸਗਲਾ ਸੰਗ ਵੇਖ ਵਖਾਈਆ । ਆਪ ਆਪਣੀ ਜੋਤ ਟਿਕਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਲਿਖਾਈਆ । ਆਪੇ ਲੇਖਾ ਲੇਖ ਲਿਖਾਰਾ, ਲਿਖਣਹਾਰ ਅਖਵਾਇਆ । ਆਪੇ ਬਣੇ ਜਗਤ ਵਣਜਾਰਾ, ਏਕਾ ਵਣਜ ਕਰਾਇਆ । ਆਪੇ ਭਰੇ ਨਾਮ ਭੰਡਾਰਾ, ਹਰਿਜਨ ਭਗਤੀ ਝੋਲੀ ਪਾਇਆ । ਆਪ ਸੁਹਾਏ ਬੰਕ ਦਵਾਰਾ, ਬੰਕ ਦਵਾਰੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਿਹਾ ਉਪਾਇਆ । ਲੋਕਮਾਤ ਹਰਿ ਆਪਣਾ ਆਪ, ਏਕਾ ਏਕ ਉਪਾਇੰਦਾ । ਏਕਾ ਜਾਪ ਜਪਾਏ ਜਾਪ, ਆਪਣੀ ਬਣਤ ਬਣਾਇੰਦਾ । ਆਪੇ ਪੁੰਨ ਆਪੇ ਪਾਪ, ਵਡ ਪਰਤਾਪ ਆਪ ਕਰਾਇੰਦਾ । ਆਪ ਉਪਾਏ ਦਇਆ ਕਮਾਏ ਸੰਤ ਸਾਧ, ਸਾਚੀ ਸਿਖਿਆ ਆਪ ਜਣਾਇੰਦਾ । ਆਪ ਆਪਣਾ ਲਏ ਅਰਾਧ, ਆਪ ਆਪਣਾ ਧਿਆਨ ਲਗਾਇੰਦਾ । ਆਪ ਆਪਣਾ ਵਜਾਏ ਨਾਦ, ਧੁਨ ਆਤਮਕ ਆਪ ਸੁਣਾਇੰਦਾ । ਆਪ ਆਪਣਾ ਵਜਾਏ ਸਾਜ, ਤਾਲ ਤਲਵਾੜਾ ਇਕ ਰਖਾਇੰਦਾ । ਆਪ ਆਪਣੀ ਮਾਰੇ ਠਾਠ, ਸਰ ਸਰੋਵਰ ਇਕ ਭਰਾਇੰਦਾ । ਆਪ ਆਪਣੀ ਗੇੜੇ ਲਾਠ, ਗੇੜਾ ਆਪਣੇ ਹੱਥ ਰਖਾਇੰਦਾ । ਆਪ ਆਪਣਾ ਜਾਣੇ ਪੂਜਾ ਪਾਠ, ਆਪ ਆਪਣਾ ਨਾਉਂ ਧਿਆਇੰਦਾ । ਆਪ ਆਪਣੀ ਜਾਣੇ ਵਾਟ, ਆਪ ਆਪਣਾ ਪੰਧ ਮੁਕਾਇੰਦਾ । ਆਪ ਆਪਣੇ ਚੜ੍ਹਿਆ ਘਾਟ, ਆਪ ਆਪਣਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਏਕਾ ਕਰ, ਸਰਗੁਣ ਦਰ ਸੁਹਾਇੰਦਾ । ਨਿਰਗੁਣ ਮੇਲਾ ਸਰਗੁਣ ਧਾਰ, ਹਰਿ ਸਾਚੀ ਬਣਤ


Rev-01

ਬਣਾਈਆ । ਖੇਲੇ ਖੇਲ ਵਿਚ ਸੰਸਾਰ, ਲੱਖ ਚੁਰਾਸੀ ਡੇਰਾ ਲਾਈਆ । ਜੋਤੀ ਦੀਪਕ ਕਰ ਉਜਿਆਰ, ਵੇਖਣਹਾਰ ਆਪ ਹੋ ਜਾਈਆ । ਕਰਤਾ ਪੁਰਖ ਕਰਨੇਹਾਰਾ ਕਰੇ ਖੇਲ ਅਪਰ ਅਪਾਰ, ਨਿਰਵੈਰ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੁਗਤੀ ਆਪਣੀ ਆਪ ਜਣਾਈਆ । ਜਗ ਜੁਗਤੀ ਜਗ ਜੋਗ ਬਣਾ, ਆਪਣਾ ਕਰਮ ਕਮਾਇਆ । ਆਪੇ ਰਸੀਆ ਭੋਗ ਅਖਵਾ, ਆਪੇ ਰਸਨਾ ਜਿਹਵਾ ਲਾਇਆ । ਆਪੇ ਦਰਸ ਅਮੋਘ ਕਰਾ, ਏਕਾ ਦੂਜਾ ਭੌ ਚੁਕਾਇਆ । ਆਪੇ ਆਤਮ ਸਾਚੀ ਚੋਗ ਚੁਗਾ, ਤ੍ਰਿਸਨਾ ਭੁੱਖ ਮਿਟਾਇਆ । ਆਪੇ ਹਉਮੇ ਰੋਗ ਗਵਾ, ਹੰ ਹੰਗਤਾ ਰਹਿਣ ਨਾ ਪਾਇਆ । ਸੋ ਪੁਰਖ ਨਿਰੰਜਣ ਆਪ ਅਖਵਾ, ਸੋਹੰ ਮੰਤਰ ਦ੍ਰਿੜਾਇਆ । ਸੋਹੰ ਸ਼ਬਦ ਜਾਪ ਜਪਾ, ਨਿਰਗੁਣ ਸਰਗੁਣ ਵਿਚ ਸਮਾਇਆ । ਨਿਰਗੁਣ ਸਰਗੁਣ ਏਕਾ ਥਾਂ, ਮਹੱਲ ਅਟੱਲ ਇਕ ਉਪਾਇਆ । ਪੰਜ ਤਤ ਰਚਨ ਰਚਾ, ਆਪ ਆਪਣਾ ਮੁਖ ਛੁਪਾਇਆ । ਕੰਚਨ ਗੜ੍ਹ ਦਏ ਸੁਹਾ, ਥਿਰ ਘਰ ਵਾਸੀ ਡੇਰਾ ਲਾਇਆ । ਸੀਸ ਧੜ ਕੋਈ ਦੀਸੇ ਨਾ, ਚੋਟੀ ਜੜ੍ਹ ਨਾ ਕੋਈ ਦਿਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਲਿਆ ਘੜ, ਘੜਨਹਾਰ ਸਮਰਥ ਪੁਰਖ ਇਕ ਅਖਵਾਇਆ । ਸ੍ਰਿਸ਼ਟ ਸਬਾਈ ਘਾੜਨ ਘੜ, ਪੰਜ ਤਤ ਸਮਾਇਆ । ਨਿਰਗੁਣ ਰੂਪ ਅੰਦਰ ਵੜ, ਸਰਗੁਣ ਲਏ ਜਗਾਇਆ । ਉਚ ਮਹੱਲੇ ਆਪੇ ਚੜ੍ਹ, ਸਚ ਸਿੰਘਾਸਣ ਡੇਰਾ ਲਾਇਆ । ਆਪ ਬਣਾਇਆ ਸਾਚਾ ਗੜ੍ਹ, ਕਿਲਾ ਕੋਟ ਦਏ ਸੁਹਾਇਆ । ਵੇਖ ਵਖਾਏ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਜੋੜ ਜੁੜਾਇਆ । ਮੜੀ ਗੋਰ ਨਾ ਜਾਏ ਸੜ, ਅਗਨ ਹਵਨ ਨਾ ਕੋਈ ਕਰਾਇਆ । ਆਪਣਾ ਅੱਖਰ ਆਪੇ ਪੜ੍ਹ, ਆਪ ਆਪਣਾ ਨਾਮ ਅਲਾਇਆ । ਸੋ ਪੁਰਖ ਨਿਰੰਜਣ ਦਇਆ ਕਰ, ਹੰ ਹੰਗਤਾ ਵਿਚ ਸਮਾਇਆ । ਆਪੇ ਦੇਵਣਹਾਰਾ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਦਰ, ਦਰ ਦਰਵਾਜਾ ਇਕ ਖੁਲ੍ਹਾਇਆ । ਦਰ ਦਰਵਾਜ਼ਾ ਖੋਲ੍ਹ ਨਿਰੰਜਣ, ਆਪਣੀ ਦਇਆ ਕਮਾਈਆ । ਆਪਣੇ ਨੇਤਰ ਆਪੇ ਪਾਇਆ ਅੰਜਨ, ਆਪੇ ਵੇਖ ਵਖਾਈਆ । ਆਪਣਾ ਆਪ ਕਰਾਇਆ ਮਜਨ, ਦੁਰਮਤ ਮੈਲ ਗਵਾਈਆ । ਆਪਣਾ ਬਣਿਆ ਆਪੇ ਸੱਜਣ, ਆਪਣਾ ਦਰ ਸੁਹਾਈਆ । ਆਪ ਆਪਣਾ ਆਏ ਪੜਦਾ ਕੱਜਣ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਏਕਾ ਘਰ, ਏਕਾ ਘਰ ਵੱਜੇ ਵਧਾਈਆ । ਨਿਰਗੁਣ ਸਰਗੁਣ ਸਾਚਾ ਮੇਲਾ, ਹਰਿ ਸਾਚੇ ਆਪ ਕਰਾਇਆ । ਵੇਖ ਵਖਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਇਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਸਾਚਾ ਸਗਨ ਮਨਾਇਆ । ਪੰਚਮ ਸਖੀਆਂ ਪਾਇਣ ਵੇਲਾ, ਅਨਹਦ ਮੰਗਲ ਗਾਇਆ । ਪੁਰਖ ਅਬਿਨਾਸ਼ੀ ਇਕ ਅਕੇਲਾ, ਲੱਖ ਚੁਰਾਸੀ ਲੋਕਮਾਤ ਪਰਨਾਵਣ ਆਇਆ । ਆਪੇ ਜਾਣੇ ਆਪਣਾ ਵੇਲਾ, ਵੇਦ ਕਤੇਬ ਨਾ ਕੋਇ ਜਣਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਖੇਲਣਹਾਰ ਸ੍ਰਿਸ਼ਟ ਸਬਾਇਆ । ਜੋਤੀ ਸ਼ਬਦੀ ਵਸਿਆ ਰੰਗ ਨਵੇਲਾ, ਨਿਰਗੁਣ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਦਰ, ਲੋਕਮਾਤ ਵੇਖ ਵਖਾਇਆ । ਲੋਕਮਾਤ ਜੋਤ ਜਗਾ, ਜੀਵ ਜੰਤ ਉਪਾਇਆ । ਆਪਣੇ ਮਾਰਗ ਆਪੇ ਲਾ, ਆਪਣਾ ਧੰਦਾ ਰਿਹਾ ਕਰਾਇਆ । ਆਪ ਆਪਣੇ ਭਰਮ ਭੁਲਾ, ਮੂਰਖ ਮੂੜ੍ਹੇ ਗੰਦੇ ਰਹੇ ਕੁਰਲਾਇਆ । ਆਪ ਆਪਣਾ ਛੰਦ ਸੁਣਾ, ਨਾਦ ਅਨਾਦੀ ਧੁਨ ਉਪਜਾਇਆ । ਆਪ ਆਪਣੇ ਅੰਗ ਲਗਾ, ਸੰਤ ਸੁਹੇਲੇ ਲਏ ਤਰਾਇਆ ।

੨੯੨
੦੨

ਢੋਲ ਮਰਦੰਗ ਇਕ ਵਜਾ, ਏਕਾ ਥਾਨ ਸੁਹਾਇਆ । ਬਜਰ ਕਿਵਾੜਾ ਦਏ ਤੁੜਾ, ਨਾਮ ਖੰਡਾ ਏਕਾ ਵਾਹਿਆ । ਪੂਤ ਸਪੂਤਾ ਲਏ ਮਿਲਾ, ਆਪ ਆਪਣੀ ਝੋਲੀ ਡਾਹਿਆ । ਸਾਚਾ ਦਰ ਦਏ ਦਿਖਾ, ਸਚ ਸਿੰਘਾਸਣ ਆਸਣ ਲਾਇਆ । ਪਾਰਬ੍ਰਹਮ ਬ੍ਰਹਮ ਲਏ ਮਿਲਾ, ਆਪਣੇ ਹੱਥ ਰੱਖੇ ਵਡਿਆਇਆ । ਸਾਚਾ ਮੰਦਰ ਦਏ ਸੁਹਾ, ਸਚ ਸਮਗਰੀ ਇਕ ਵਖਾਇਆ । ਕਾਗੋ ਹੰਸ ਦਏ ਬਣਾ, ਸਰ ਸਰੋਵਰ ਇਕ ਨੁਹਾਇਆ । ਦਰਸ ਅਮੋਘ ਦਏ ਕਰਾ, ਹਉਮੇ ਰੋਗ ਜਲਾਇਆ । ਧੁਰ ਸੰਜੋਗੀ ਮੇਲਾ ਦਏ ਮਿਲਾ, ਵਿਛੜ ਕਦੇ ਨਾ ਜਾਇਆ । ਸਾਚਾ ਜੋਗੀ ਏਕਾ ਜੋਗ ਰਿਹਾ ਕਮਾ, ਨਿਰਗੁਣ ਸਹਿਜ ਸਮਾਇਆ । ਰਸਨਾ ਭੋਗੀ ਆਤਮ ਰਸ ਰਿਹਾ ਭੁਗਾ, ਤ੍ਰਿਸਨਾ ਭੁੱਖ ਮਿਟਾਇਆ । ਜਗਤ ਵਿਜੋਗੀ ਜਗਤ ਵਿਛੋੜਾ ਰਿਹਾ ਕਟਾ ਆਪ ਆਪਣਾ ਰਾਹ ਵਖਾਇਆ । ਸਾਚੇ ਪੌੜੇ ਰਿਹਾ ਚੜ੍ਹਾ, ਜੁਗ ਜੁਗ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਦਰ, ਦਰ ਦਰਵੇਸ਼ ਆਪ ਅਖਵਾਇਆ । ਦਰ ਦਰਵੇਸ਼ ਆਦਿ ਨਿਰੰਜਣ ਪਾਰਬ੍ਰਹਮ ਅਬਿਨਾਸ਼ਾ । ਪਰਗਟ ਹੋਏ ਸਾਚਾ ਸੱਜਣ, ਵੇਖੇ ਖੇਲ ਜਗਤ ਤਮਾਸ਼ਾ । ਆਦਿ ਜੁਗਾਦੀ ਆਏ ਪੜਦੇ ਕੱਜਣ, ਮੰਡਲ ਮੰਡਪ ਪਾਏ ਰਾਸਾ । ਜੋ ਘੜੇ ਸੋ ਅੰਤਮ ਭਜਨ, ਲੇਖੇ ਲਾਏ ਸਵਾਸ ਸਵਾਸਾ । ਬ੍ਰਹਮਾ ਸ਼ਿਵ ਦੇਵਤ ਸੁਰ ਆਪਣਾ ਆਪ ਅੰਤਮ ਤਜਣ, ਨਾ ਦੇਵੇ ਕੋਈ ਭਰਵਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਾਚੇ ਘਰ, ਸਰਗੁਣ ਸ਼ਬਦ ਧਰਵਾਸਾ । ਸਰਗੁਣ ਸ਼ਬਦ ਧੁਰ ਧਰਵਾਸ, ਏਕਾ ਏਕ ਰਖਾਇੰਦਾ । ਕਰਨਹਾਰਾ ਪ੍ਰਭ ਪੂਰਨ ਆਸ, ਪੂਰਬ ਭਿਛਿਆ ਪਾਇੰਦਾ । ਵੇਖ ਵਖਾਏ ਪ੍ਰਿਥਮੀ ਅਕਾਸ਼, ਪਰਮ ਪੁਰਖ ਦਇਆ ਕਮਾਇੰਦਾ । ਹਰਿਜਨ ਵਸੇ ਸਦਾ ਪਾਸ, ਸਗਲਾ ਸੰਗ ਨਿਭਾਇੰਦਾ । ਜੁਗ ਜੁਗ ਜਗਤ ਬੁਝਾਏ ਪਿਆਸ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲਹਿਣਾ ਸਰਗੁਣ ਗਹਿਣਾ ਦਰਸ਼ਨ ਨੇਤਰ ਲੋਚਣ ਆਪ ਵਖਾਇੰਦਾ । ਜੁਗ ਜੁਗ ਲਹਿਣਾ ਲਹਿਣੇਹਾਰਾ, ਏਕਾ ਏਕ ਅਖਵਾਇਆ । ਆਪਣਾ ਭਾਣਾ ਆਪੇ ਸਹਿਣੇਹਾਰਾ, ਦਰ ਦਰਵੇਸ਼ਾ ਫੇਰੀ ਪਾਇਆ । ਆਪਣੇ ਧਾਮ ਆਪੇ ਬਹਿਣੇਹਾਰਾ, ਘਰ ਘਰ ਵੇਖ ਵਖਾਇਆ । ਆਪਣਾ ਸ਼ਬਦ ਆਪੇ ਕਹਿਣੇਹਾਰਾ, ਜਗਤ ਜੈਕਾਰਾ ਨਾਅਰਾ ਏਕਾ ਲਾਇਆ । ਲੱਖ ਚੁਰਾਸੀ ਬੁਰਜ ਢਹਿਣੇਹਾਰਾ, ਖ਼ਾਕੀ ਖ਼ਾਕ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਾਚੀ ਵੰਡ ਵੰਡਾਇਆ । ਵੰਡੇ ਵੰਡ ਹਰਿ ਨਿਰੰਕਾਰ, ਚਾਰੇ ਜੁਗ ਵੰਡਾਈਆ । ਸਤਿਜੁਗ ਤੇਰਾ ਸਤਿ ਵਰਤਾਰ, ਵਾਰ ਅਠਾਰਾਂ ਰੂਪ ਵਟਾਈਆ । ਤ੍ਰੇਤਾ ਤੇਰੀ ਪਾਵੇ ਸਾਰਾ, ਦਾਤੇ ਧਾਰਾ ਆਪ ਚਲਾਈਆ । ਦੁਆਪਰ ਤੇਰਾ ਪਾਰ ਕਿਨਾਰਾ, ਕ੍ਰਿਸ਼ਨ ਮੁਰਾਰਾ ਲਏ ਕਰਾਈਆ । ਵੇਦ ਵਿਆਸਾ ਬਣ ਲਿਖਾਰਾ, ਇਕ ਲੱਖ ਹਜ਼ਾਰ ਸਤਾਰਾਂ ਸਲੋਕ ਪੁਰਾਨ ਅਠਾਰਾਂ ਗਿਆ ਲਿਖਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਵੇਖੇ ਜਗਤ ਪਸਾਰਾ, ਬੋਧ ਗਿਆਨ ਜਣਾਈਆ । ਈਸਾ ਮੂਸਾ ਕਰ ਤਿਆਰਾ, ਏਕਾ ਨਾਅਰਾ ਲਾਈਆ । ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਪਰਨਾਈਆ । ਹੱਕ ਹਕੀਕਤ ਵੇਖ ਪਸਾਰਾ, ਲਾਸ਼ਰੀਕ ਆਪ ਹੋ ਜਾਈਆ । ਐਨਲਹੱਕ ਦਏ ਹੁਲਾਰਾ, ਮੁਕਾਮੇ ਹੱਕ ਖ਼ੁਦਾਈਆ । ਬੇਐਬ ਹੋਏ ਪਰਵਰਦਿਗਾਰਾ, ਨੂਰੋ ਨੂਰ ਅਲਾਹੀਆ । ਖੇਲੇ ਖੇਲ ਵਿਚ ਸੰਸਾਰਾ, ਉਮਤ ਉਮਤੀ ਦਏ ਸੁਹਾਈਆ । ਚੌਦਾਂ ਲੋਕਾਂ ਪਾਵੇ ਸਾਰਾਂ, ਚੌਦਾਂ ਤਬਕਾਂ ਵੇਖ ਵਖਾਈਆ । ਮੰਗੇ ਮੰਗ ਮੁਹੰਮਦ ਦਵਾਰਾ, ਦੋਏ ਜੋੜ ਸੀਸ ਝੁਕਾਈਆ ।

੨੯੩ ੦੭

ਆਪੇ ਬੈਠਾ ਅਧਵਿਚਕਾਰਾ, ਨੇਤਰ ਨੈਣ ਉਠਾਈਆ । ਪੁਰਖ ਅਬਿਨਾਸ਼ੀ ਕਰ ਪਿਆਰਾ, ਦੇਵੇ ਮਾਣ ਵਡਿਆਈਆ । ਚੌਦਾਂ ਸਦ ਤੇਰਾ ਦਵਾਰਾ, ਲੋਕਮਾਤ ਦਏ ਸੁਹਾਈਆ । ਅੰਤਮ ਕਰੇ ਪਾਰ ਕਿਨਾਰਾ, ਨਬੀ ਰਸੂਲਾਂ ਖ਼ਾਕ ਮਿਲਾਈਆ । ਮੁੱਲਾ ਸ਼ੇਖ਼ ਮੁਸਾਇਕ ਕਾਜ਼ੀ ਹਕੀਰ, ਫਕੀਰ ਸ਼ਾਹ ਨਾ ਲਾਏ ਕੋਈ ਨਾਅਰਾ, ਪੀਰ ਦਸਤਗੀਰ ਨਾ ਕੋਈ ਸਹਾਈਆ । ਪਰਗਟ ਹੋਏ ਅਮਾਮ ਮਹਿੰਦੀ ਨੂਰ ਅਲਾਹੀ ਕਰ ਉਜਿਆਰਾ, ਮੁਖ ਨਕਾਬ ਇਕ ਟਿਕਾਈਆ । ਚੌਦਾਂ ਤਬਕਾਂ ਮਾਰੇ ਮਾਰਾਂ, ਉਨੀ ਉਨੀਸਾ ਦਏ ਸਜ਼ਾਈਆ । ਈਸਾ ਮੂਸਾ ਕਰ ਖਵਾਰਾ, ਏਕਾ ਧੱਕਾ ਲਾਈਆ । ਅੰਜੀਲ ਕੁਰਾਨਾ ਹਾਹਾਕਾਰਾ, ਘਰ ਘਰ ਪਈ ਦੁਹਾਈਆ । ਕਲਜੁਗ ਮਿਟੇ ਕੂੜ ਪਸਾਰਾ, ਜੂਠ ਝੂਠ ਰਹਿਣ ਨਾ ਪਾਈਆ । ਮਾਇਆ ਮਮਤਾ ਮੋਹ ਵਿਕਾਰਾ, ਦੁਸ਼ਟ ਦੁਰਾਚਾਰਾਂ ਦਏ ਖਪਾਈਆ । ਨਾ ਕੋਈ ਦੀਸੇ ਜੀਵ ਹੰਕਾਰਾ, ਗੜ੍ਹ ਹੰਕਾਰੀ ਤੋੜ ਤੁੜਾਈਆ । ਅੱਲਾ ਹੂ ਅੰਨਾ ਹੂ ਨਾ ਲਾਏ ਕੋਈ ਨਾਅਰਾ, ਬਗਲ ਕੁਰਾਨ ਨਾ ਕੋਈ ਉਠਾਈਆ । ਗਲ ਤਸਬੀ ਨਾ ਦਿਸੇ ਕੋਈ ਸਪਾਰਾ, ਤੀਸ ਬਤੀਸ ਨਾ ਕੋਈ ਗਣਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰਾ, ਗੁਰ ਸ਼ਬਦ ਕਰੇ ਜਣਾਈਆ । ਸ਼ਬਦ ਖੰਡਾ ਫੜ ਦੋ ਧਾਰਾ, ਲੋਕਮਾਤ ਆਵੇ ਵਾਹੋ ਦਾਹੀਆ । ਮੱਕਾ ਮਦੀਨਾ ਪਾਵੇ ਸਾਰਾ, ਜਲ ਥਲ ਵੇਖ ਵਖਾਈਆ । ਫੋਲ ਫੋਲਾਏ ਡੂੰਘੀ ਗਾਰਾ, ਉਚੇ ਟਿੱਲੇ ਪਰਬਤ ਲਏ ਹਿਲਾਈਆ । ਇਕ ਵਖਾਏ ਸਚ ਦਵਾਰਾ, ਨਾ ਕੋਈ ਦੂਸਰ ਦਰ ਸੁਹਾਈਆ । ਇਕ ਅਕੱਲਾ ਏਕੰਕਾਰਾ, ਅਕਲ ਕਲਾ ਵਰਤਾਈਆ । ਜੋਤੀ ਸ਼ਬਦੀ ਖੇਲ ਅਪਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਧਾ ਸੂਰਬਲੀ ਬਲਕਾਰਾ, ਸੂਰਬੀਰ ਆਪ ਹੋ ਜਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਲਾਏ ਸਾਚਾ ਨਾਅਰਾ, ਸੋ ਪੁਰਖ ਵੱਡੀ ਵਡਿਆਈਆ । ਹੰ ਹੰਗਤਾ ਕਰ ਖਵਾਰਾ, ਏਕਾ ਰੰਗਣ ਰੰਗ ਰੰਗਾਈਆ । ਦਰ ਦਰ ਮੰਗਣ ਬਣ ਭਿਖਾਰਾ, ਅਲਖ ਨਿਰੰਜਣ ਅਲਖ ਜਗਾਈਆ । ਰੂਪ ਅਨੂਪ ਸ਼ਾਹੋ ਭੂਪ ਵਡ ਸਿਕਦਾਰਾ, ਸ਼ਾਹ ਸੁਲਤਾਨ ਆਪ ਹੋ ਜਾਈਆ । ਨਾ ਕੋਈ ਦੀਸੇ ਰਾਜ ਰਾਜਾਨ ਜਗਤ ਵਣਜਾਰਾ, ਸੀਸ ਤਾਜ ਨਾ ਕੋਈ ਟਿਕਾਈਆ । ਪਾਕੀ ਪਾਕ ਬੇਐਬ ਪਰਵਰਦਿਗਾਰਾ, ਪਾਰਬ੍ਰਹਮ ਆਪ ਅਖਵਾਈਆ । ਨਿਰਗੁਣ ਰੂਪ ਸ੍ਰਿਸ਼ਟ ਸਬਾਈ ਕਰੇ ਨਿਮਸਕਾਰਾ, ਪੰਜ ਤਤ ਨਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪੇ ਮੇਟ ਮਿਟਾਈਆ । ਜਗ ਮੁਹੰਮਦ ਚੜ੍ਹਿਆ ਚਾ, ਮਿਲਿਆ ਧੁਰ ਫ਼ਰਮਾਨਾ । ਮਿਲੇ ਮੇਲ ਸਚ ਖ਼ੁਦਾ, ਸੁਣਾਏ ਸਚ ਤਰਾਨਾ । ਵੇਲੇ ਅੰਤ ਨਾ ਹੋਏ ਜੁਦਾ, ਸਦੀ ਚੌਧਵੀਂ ਖੇਲ ਮਹਾਨਾ । ਉੱਚੀ ਕੂਕ ਦਏ ਸੁਣਾ, ਬਾਂਗ ਸਦਾ ਇਕ ਵਖਾਨਾ । ਅੱਲਾ ਰਾਣੀ ਲਏ ਪਰਨਾ, ਉਮਤ ਨਬੀ ਰਸੂਲ ਬੰਨੇ ਗਾਨਾ । ਸੰਮਤ ਸੰਮਤੀ ਵੇਖ ਵਖਾ, ਖੇਲੇ ਖੇਲ ਦੋ ਜਹਾਨਾ । ਸੰਮਤ ਵੀਹ ਸਦ ਪੰਦਰਾਂ ਲੇਖ ਲਿਖਾ, ਕਿਰਪਾ ਕਰੇ ਸ੍ਰੀ ਭਗਵਾਨਾ । ਸੰਮਤ ਸੋਲਾਂ ਦਏ ਹਿਲਾ, ਘਰ ਦਰ ਹੋਏ ਵੈਰਾਨਾ । ਸੰਮਤ ਸਤਰਾਂ ਖ਼ਾਕ ਮਿਲਾ, ਖ਼ਾਕੀ ਖ਼ਾਕ ਕਰੇ ਕੁਰਬਾਨਾ । ਦਸ ਅਠ ਅਠਾਰਾਂ ਦਏ ਰੁੜਾ, ਜਲ ਧਾਰਾ ਇਕ ਵਖਾਨਾ । ਉਨੀ ਉਨੀਸਾ ਦਏ ਮਿਟਾ, ਮੁਸਲਮ ਸੁੰਨੀ ਨਾ ਕੋਈ ਟਿਕਾਨਾ । ਬੀਸ ਬੀਸਾ ਹਰਿ ਜੋਤ ਜਗਾ, ਜਗਤ ਜਗਦੀਸਾ ਆਪ ਅਖਵਾਨਾ । ਆਪੇ ਜਾਣੇ ਆਪਣਾ ਭਾਣਾ ਨੌਂ ਖੰਡ ਪ੍ਰਿਥਮੀ ਦਏ ਸਮਝਾ, ਸੱਤਾਂ ਦੀਪਾਂ ਏਕਾ ਗਾਣਾ । ਸੱਤ ਰੰਗ ਨਿਸ਼ਾਨਾ ਦਏ ਚੜ੍ਹਾ, ਲੱਖਣ ਦੀਪ ਖੇਲ ਮਹਾਨਾ । ਪੁਸ਼ਕਰ ਆਏ ਫੇਰੀ ਪਾ, ਸਲਮਲ ਮੇਲ ਮਿਲਾਨਾ । ਜੰਬੂ ਤੇਰਾ ਰੰਗ ਰੰਗਾ, ਕਰੋਚ ਜੋਗ ਕਮਾਨਾ । ਸਾਨ ਤੇਰੀ ਧੀਰ ਧਰਾ, ਕੁਸ਼ਾ ਕਰੇ ਪਰਵਾਨਾ । ਆਦਿ ਸ਼ਕਤ ਰੂਪ ਵਟਾ,


੨੯੪ ੦੨

ਭੂਸ਼ਨ ਲਾਲ ਟਿਕਾਨਾ । ਕੰਚਨ ਕਾਇਆ ਵੇਖ ਵਖਾ, ਅਗੰਮ ਅਗੰਮੜੇ ਧਾਮ ਸੁਹਾਨਾ । ਸੂਹਾ ਵੇਸ ਵੇਸ ਵਟਾ, ਸਚਖੰਡ ਕਰੇ ਪਰਵਾਨਾ । ਚਿੱਟੀ ਧਾਰ ਧਾਰ ਬੰਧਾ, ਗੁਰਮੁਖ ਸਾਜਨ ਦਸਮ ਦਵਾਰੀ ਮੇਲ ਮਿਲਾਨਾ । ਪੀਲਾ ਬਸਤਰ ਤਨ ਛੁਹਾ, ਤ੍ਰੈਦੇਸ਼ਾ ਹੋਏ ਸੁਹਾਨਾ । ਨੀਲਾ ਨੀਲੀ ਧਾਰੋਂ ਪਾਰ ਕਰਾ, ਪਰਗਟ ਹੋਏ ਵਿਚ ਮੈਦਾਨਾ । ਕਾਲਾ ਸੂਸਾ ਈਸਾ ਮੂਸਾ ਤਨ ਦਏ ਪੁਆ, ਵੇਖ ਵਖਾਏ ਸ਼ਾਹ ਸੁਲਤਾਨਾ । ਚੀਨਾ ਰੂਸਾ ਸੰਗ ਰਲਾ, ਰਸਨਾ ਚਿਲਾ ਚਾੜ੍ਹੇ ਤੀਰ ਕਮਾਨਾ । ਸ਼ਬਦ ਖੰਡਾ ਹੱਥ ਉਠਾ, ਮੇਟ ਮਿਟਾਏ ਬਲੀ ਬਲਵਾਨਾ । ਮਨਮੁਖ ਆਤਮ ਰੰਡਾ ਦਏ ਕਰਾ, ਨਾ ਦੀਸੇ ਕੋਈ ਟਿਕਾਨਾ । ਭੇਖ ਪਖੰਡਾ ਦਏ ਮੁਕਾ ਮਾਰੇ ਇਕ ਨਿਸ਼ਾਨਾ । ਸਾਚੀ ਵੰਡਾ ਦਏ ਵੰਡਾ, ਸਤਿ ਸਤਿ ਕਰੇ ਪਰਵਾਨਾ । ਸਚ ਸੁੱਚ ਜਗ ਝੋਲੀ ਪਾ, ਜੋਗ ਜੁਗਤ ਇਕ ਵਖਾਨਾ । ਆਤਮ ਸ਼ਕਤੀ ਇਕ ਟਿਕਾ, ਪੂਰਨ ਭਗਤੀ ਬ੍ਰਹਮ ਗਿਆਨਾ । ਬੂੰਦ ਰਕਤੀ ਲੇਖੇ ਦਏ ਲਗਾ, ਆਵਣ ਜਾਵਣ ਫੰਦ ਕਟਾਨਾ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਤੇਰੀ ਗਿਣਤੀ ਲਏ ਗਿਣਾ, ਲੋਆਂ ਪੁਰੀਆਂ ਫੋਲ ਫੁਲਾਨਾ । ਹਰਿਜਨ ਰੋਵੇ ਨੇਤਰ ਰੱਖੇ ਮਾਰੇ ਧਾਹ, ਆਇਆ ਧੁਰ ਫ਼ਰਮਾਣਾ । ਪਰਗਟ ਹੋਇਆ ਬੇਪਰਵਾਹ, ਨਾ ਦਿਸੇ ਕੋਈ ਨਿਸ਼ਾਨਾ । ਕਲਜੁਗ ਸਤਿਜੁਗ ਬਣ ਮਲਾਹ, ਦੋਹਾਂ ਦੇਵੇ ਇਕ ਪਰਵਾਨਾ । ਕਲਜੁਗ ਝੂਠਾ ਛੱਡਣਾ ਥਾਂ, ਧਰਤ ਮਾਤ ਵੇਖ ਵਖਾਨਾ । ਸਤਿਜੁਗ ਸਾਚੇ ਚੜ੍ਹਨੇ ਚਾ, ਜਨ ਭਗਤਾਂ ਮੇਲ ਮਿਲਾਨਾ । ਧਰਤ ਮਾਤ ਬਣਾਏ ਸਾਚੀ ਮਾਂ, ਵੀਹ ਸੌ ਇਕੀ ਬਿਕ੍ਰਮੀ ਰੁੱਤ ਸੁਹਾਨਾ । ਪੰਦਰਾਂ ਕੱਤਕ ਲੇਖ ਦਏ ਲਿਖਾ, ਆਪ ਵਰਤਾਏ ਆਪਣਾ ਭਾਣਾ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਚਰਨ ਲਏ ਲਗਾ, ਇਕ ਜਣਾਈ ਧੁਰ ਫ਼ਰਮਾਨਾ । ਸ਼ਬਦ ਡੰਕਾ ਦਏ ਵਜਾ, ਊਚਾਂ ਨੀਚਾਂ ਇਕ ਕਰਾਨਾ । ਜ਼ਾਤ ਪਾਤ ਕੋਈ ਦੀਸੇ ਨਾ, ਵਰਨ ਗੋਤ ਨਾ ਕੋਈ ਰਖਾਨਾ । ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਦਏ ਬਹਾ, ਏਕਾ ਦਰ ਸੁਹਾਨਾ । ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗਵਾ, ਧੀਰਜ ਧਰੇ ਧਰਮ ਧਿਆਨਾ । ਮੋਖ ਮੁਕਤ ਏਕਾ ਰਿਹਾ ਵਖਾ, ਸਰਨਗਤ ਆਪ ਭਗਵਾਨਾ । ਘਟ ਘਟ ਵੇਖਣਹਾਰਾ ਵੇਖ ਰਿਹਾ ਵਖਾ, ਆਪੇ ਹੋਇਆ ਜਾਣੀ ਜਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰੇ ਪਰਵਾਨਾ । ਆਪ ਆਪਣਾ ਕਰ ਪਰਵਾਨ, ਆਪਣੀ ਜੋਤ ਜਗਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਚਾਰੋਂ ਕੁੰਟ ਰਹੀ ਕੁਰਲਾਈਆ । ਨਾਨਕ ਮੇਲਾ ਹਰਿ ਮਿਹਰਵਾਨ, ਹਰਿ ਸਾਚੀ ਕਰੇ ਰੁਸ਼ਨਾਈਆ । ਸਚ ਦਵਾਰੇ ਦੇਵੇ ਧੁਰ ਫ਼ਰਮਾਣ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਨੇਤਰ ਨੈਣ ਦਰਸ਼ਨ ਕਰ ਹਰਿ ਭਗਵਾਨ, ਨਾਨਕ ਨਿਰਗੁਣ ਰੂਪ ਸਮਾਈਆ । ਪਾਰਬ੍ਰਹਮ ਹਰਿ ਗੁਣ ਨਿਧਾਨ, ਦੇਵੇ ਵੱਡ ਵੱਡੀ ਵਡਿਆਈਆ । ਨਾਮ ਸਤਿ ਜਗਤ ਨਿਸ਼ਾਨ, ਕਲਜੁਗ ਜੀਵਾਂ ਲਏ ਤਰਾਈਆ । ਤੇਰਾ ਮੇਰਾ ਇਕ ਮਕਾਨ, ਏਕਾ ਦਰ ਸੁਹਾਈਆ । ਹਉਂ ਸੇਵਕ ਤੂੰ ਸ਼ਾਹ ਸੁਲਤਾਨ, ਸ਼ਾਹੋ ਭੂਪ ਅਖਵਾਈਆ । ਹਰਿ ਦਾਤਾ ਦੇਵੇ ਦਾਨੀ ਦਾਨ, ਨਾਨਕ ਭੰਡਾਰ ਭਰਾਈਆ । ਸਤਿਗੁਰ ਨਾਨਕ ਕਰ ਪਰਵਾਨ, ਦੋਏ ਜੋੜ ਸੀਸ ਝੁਕਾਈਆ । ਹਉਂ ਹਉਂ ਗਈ ਜਗਤ ਜਹਾਨ, ਤੂੰ ਤੂੰ ਦਿਸ ਆਈਆ । ਮੇਰਾ ਤੇਰਾ ਤੇਰਾ ਮੇਰਾ ਰੂਪ ਭਗਵਾਨ, ਤੇਰੀ ਭਗਤੀ ਮੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦੇਵੇ ਸਾਚਾ ਵਰ, ਏਕਾ ਵਰ ਏਕਾ ਦਰ ਵੱਡੀ ਵਡਿਆਈਆ । ਨਾਨਕ ਵਰ ਘਰ ਸਾਚਾ ਪੌਣਾ, ਨਿਰਗੁਣ ਆਪ ਅਲਾਇਆ । ਏਕਾ ਇਸ਼ਟ ਏਕ ਰਖੌਣਾ, ਏਕਾ ਮੰਤਰ ਗਿਆਨ ਦ੍ਰਿੜਾਇਆ । ਸੋਹੰ ਸ਼ਬਦ ਰਸਨਾ ਗੌਣਾ, ਤੇਰਾ ਮੇਰਾ

ਭੇਵ ਨਾ ਰਾਇਆ । ਸ੍ਰਿਸ਼ਟ ਸਬਾਈ ਜੀਵ ਜੰਤ ਸਾਧ ਸੰਤ ਸਤਿ ਨਾਮ ਜਪੌਣਾ, ਸਾਚਾ ਮਾਰਗ ਲਾਇਆ । ਜੂਠਾ ਝੂਠਾ ਪੰਧ ਮਕੌਣਾ, ਵਰਨ ਗੋਤ ਇਕ ਕਰਾਇਆ । ਨਾਨਕ ਗੁਰ ਕਹੇ ਸੁਨੌਣਾ, ਪੁਰਖ ਅਬਿਨਾਸ਼ੀ ਤੇਰਾ ਭਾਣਾ ਮੇਰੇ ਸੀਸ ਸੁਹਾਇਆ । ਕਰੇ ਕਰਾਏ ਜੋ ਤੁਧ ਭੌਣਾ, ਤੇਰਾ ਤੇਰੀ ਝੋਲੀ ਪਾਇਆ । ਕਵਣ ਦਵਾਰੇ ਪੁਰਖ ਅਬਿਨਾਸ਼ੀ ਤੂੰ ਲੋਕਮਾਤ ਔਣਾ, ਆਪ ਆਪਣਾ ਦਏ ਸਮਝਾਇਆ । ਪੁਰਖ ਅਬਿਨਾਸ਼ੀ ਕਰਮ ਕਮੌਣਾ, ਦਸ ਜਾਮੇ ਵੇਖ ਵਖਾਇਆ । ਗੁਰ ਗੋਬਿੰਦੇ ਲੇਖ ਲਿਖੌਣਾ, ਮਾਛੂਵਾੜੇ ਧਿਆਨ ਲਗਾਇਆ । ਸੂਲਾ ਸਥਰ ਇਕ ਵਿਛੋਣਾ ਜਗਤ ਨਾਤਾ ਤੋੜ ਤੁੜਾਇਆ । ਸ਼ਬਦ ਸੁਨੇਹੜਾ ਇਕ ਘਲੌਣਾ, ਤੇਰਾ ਤੇਰੇ ਲੇਖੇ ਲਾਇਆ । ਅਕਾਲ ਮੂਰਤ ਤੇਰਾ ਰੂਪ ਸਜੌਣਾ, ਏਕਾ ਪੰਥ ਸਜਾਇਆ । ਪੰਚਮ ਜੋਤੀ ਜੋਤ ਜਗੌਣਾ, ਏਕਾ ਜੋਤ ਜਗਾਇਆ । ਸਾਚਾ ਖੰਡਾ ਤਨ ਪਹਿਨੌਣਾ, ਏਕਾ ਗਾਤਰੇ ਰਿਹਾ ਲਟਕਾਇਆ । ਅੰਮ੍ਰਿਤ ਆਤਮ ਜਾਮ ਪਿਔਣਾ, ਅੱਠੇ ਪਹਿਰ ਖੁਮਾਰ ਰਖਾਇਆ । ਊਚਾਂ ਨੀਚਾਂ ਏਕਾ ਧਾਮ ਬਹੌਣਾ, ਏਕਾ ਦਰ ਸੁਹਾਇਆ । ਕਲਜੁਗ ਕੂੜਾ ਜਗਤ ਕੁਰਲੌਣਾ, ਰੋ ਰੋ ਦਏ ਦੁਹਾਇਆ । ਗੁਰ ਗੋਬਿੰਦ ਲੇਖਾ ਇਕ ਲਿਖੌਣਾ, ਪਾਰਬ੍ਰਹਮ ਇਹ ਸਮਝਾਇਆ । ਮੇਰਾ ਤੇਰਾ ਰੂਪ ਸਮੌਣਾ, ਤੇਰਾ ਮੇਰਾ ਰੰਗ ਰੰਗਾਇਆ । ਪੂਤ ਸਪੂਤਾ ਲੇਖੇ ਲੌਣਾ, ਦੁਸ਼ਟ ਦਮਨ ਆਪ ਅਖਵਾਇਆ । ਜਮਨ ਕਿਨਾਰਾ ਅੰਤ ਸੁਹੌਣਾ, ਸ਼ਾਹ ਬਹਾਦਰ ਵੇਖ ਵਖਾਇਆ । ਕਿਲਾ ਸ਼ਾਹੀ ਚਰਨ ਟਿਕੌਣਾ, ਆਪ ਆਪਣਾ ਕਰੇ ਰੁਸ਼ਨਾਇਆ । ਸਚਖੰਡ ਹਰਿ ਜੋਤ ਮਲੌਣਾ, ਇਕ ਨਦੇੜ ਸੁਹਾਇਆ । ਗੁਰਮੁਖ ਸਾਚੇ ਇਹ ਸਮਝੌਣਾ, ਗੁਰ ਪੂਰਾ ਨਾ ਮਰੇ ਨਾ ਜਾਇਆ । ਜਗਤ ਅੰਗੀਠਾ ਨਾ ਫੋਲ ਫਲੌਣਾ, ਏਕਾ ਕਿਰਿਆ ਕਿਰਤ ਕਮਾਇਆ । ਗੁਰੂ ਗ੍ਰੰਥ ਗੁਰ ਇਕ ਮਨੌਣਾ, ਸਾਚਾ ਪੰਥ ਮਨਾਇਆ । ਕਲਜੁਗ ਵੇਲਾ ਅੰਤਮ ਔਣਾ, ਵੇਦ ਪੁਰਾਨ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਦਏ ਵਹਾਇਆ । ਸਾਧ ਸੰਤ ਨਾ ਕਿਸੇ ਬਚੌਣਾ, ਔਲੀਆ ਪੀਰ ਸ਼ੇਖ਼ ਕੋਈ ਕੰਮ ਨਾ ਔਣਾ, ਪੰਡਤ ਪਾਧਾਂ ਨਾ ਕੋਈ ਸੰਗ ਰਲੌਣਾ, ਨਾ ਕੋਈ ਧੀਰ ਧਰੌਣਾ, ਵੇਦ ਵਿਆਸਾ ਵੇਖ ਵਖੌਣਾ, ਪੂਤ ਸਪੂਤਾ ਜੋਤ ਜਗੌਣਾ, ਗੌੜ ਬ੍ਰਿਹਮਣ ਨਾਉਂ ਧਰੌਣਾ, ਬਜਰ ਕਪਾਟੀ ਉਚੇ ਟਿੱਲੇ ਡੇਰਾ ਲੌਣਾ, ਜਗਤ ਪਹਾੜ ਦਿਸ ਨਾ ਆਈਆ । ਗੋਬਿੰਦ ਪੂਰੀ ਆਸ ਕਰੌਣਾ, ਸੰਬਲ ਨਗਰੀ ਧਾਮ ਸੁਹੌਣਾ, ਸਾਢੇ ਤਿੰਨ ਹੱਥ ਏਕਾ ਬੁਰਜ ਬਣੌਣਾ, ਦਰ ਦਰਵਾਜ਼ਾ ਨਾ ਕੋਈ ਵਖੌਣਾ, ਜੀਵਾਂ ਜੰਤਾਂ ਦਿਸ ਨਾ ਔਣਾ, ਹਰਿ ਸਾਚਾ ਕਰਮ ਕਮਾਈਆ । ਗੁਰ ਗੋਬਿੰਦ ਬਲੀ ਬਲਵਾਨਾ ਮੇਲ ਮਿਲੌਣਾ, ਜਗਤ ਚਿੰਦ ਰਹਿਣ ਨਾ ਪੌਣਾ, ਸਰਬ ਬਖ਼ਸ਼ਿੰਦ ਆਪ ਅਖਵੌਣਾ, ਗੁਣੀ ਗਹਿੰਦ ਦਇਆ ਕਮੌਣਾ, ਸਾਗਰ ਸਿੰਧ ਧਾਰ ਵਹੌਣਾ, ਮਨਮੁਖ ਜੀਵ ਕਰਨ ਜੋ ਨਿੰਦ ਏਕਾ ਬੇੜੇ ਅੰਤਮ ਚੜ੍ਹੌਣਾ, ਏਕਾ ਚੱਪੂ ਲਾਈਆ । ਨਿਹਕਲੰਕ ਕਲ ਜਾਮਾ ਪੌਣਾ, ਜੋਤੀ ਜੋਤ ਜੋਤ ਜਗੌਣਾ, ਵਰਨ ਗੋਤ ਨਾ ਕੋਈ ਰਖੌਣਾ, ਆਲਸ ਨਿੰਦਰਾ ਵਿਚ ਨਾ ਔਣਾ, ਪੀਣ ਖਾਣ ਜਗਤ ਤਜੌਣਾ, ਮਾਤ ਪਿਤ ਨਾ ਕੋਈ ਬਣੌਣਾ, ਭਾਈ ਭੈਣ ਸਾਕ ਸੈਣ ਨਾ ਕੋਈ ਸਦੌਣਾ, ਜਗਤ ਕੁਟੰਬ ਨਾ ਕੋਈ ਰਖਾਈਆ । ਗੁਰਮੁਖਾਂ ਨਾਤਾ ਜੋੜ ਜੁੜੌਣਾ, ਪੁਰਖ ਬਿਧਾਤਾ ਮੇਲ ਮਿਲੌਣਾ, ਤਤ ਅਠ ਲੇਖੇ ਲੌਣਾ, ਨੌਂ ਦਵਾਰੇ ਪਾਰ ਕਰੌਣਾ, ਦਸਮ ਦਵਾਰੀ ਮੇਲ ਮਿਲੌਣਾ, ਸੁਰਤੀ ਸ਼ਬਦੀ ਘਰ ਸੁਹੌਣਾ, ਨਾਰੀ ਕੰਤਾ ਖੇਲ ਖਿਲੌਣਾ, ਆਤਮ ਸੇਜਾ ਦਏ ਸੁਹਾਈਆ । ਸ੍ਰਿਸ਼ਟ ਸਬਾਈ ਆਪ ਉਠੌਣਾ, ਰਾਜ ਰਾਜਾਨਾਂ ਹੁਕਮ ਜਣੌਣਾ, ਸਾਧਾਂ ਸੰਤਾਂ ਫੜ ਹਲੌਣਾ, ਮਨਮੁਖ ਜੀਵਾਂ ਖਾਕ ਰਲੌਣਾ, ਗੁਰਮੁਖ ਸਾਚੇ ਮਾਰਗ ਲੌਣਾ, ਮੇਟ ਮਿਟਾਏ ਅਵਣ ਗਵਣਾ, ਅੰਮ੍ਰਿਤ ਮੇਘ ਬਰਸੇ ਸਵਣਾ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵੇਖੇ ਖੇਲ ਘਰ ਘਰ ਵਿਚ ਵੇਖ ਵਖਾਈਆ ।

* ੨੧ ਚੇਤ ੨੦੧੫ ਬਿਕ੍ਰਮੀ ਮਾਲਾ ਸਿੰਘ ਦੇ ਘਰ ਪਿੰਡ ਸਮਾਲ ਸਰ ਜ਼ਿਲਾ ਫੀਰੋਜ਼ਪੁਰ ਨਿਰਗੁਣ ਜੋਤ ਅਨਕ ਰੂਪ ਵਿਚ *

ਹਰਿ ਨਿਰਗੁਣ ਰੂਪ ਅਗੰਮ, ਪਰਮ ਪੁਰਖ ਸੁਲਤਾਨਿਆ । ਅਲਖ ਨਿਰਜੰਣ ਜਾਣੇ ਆਪਣਾ ਕੰਮ, ਆਪ ਆਪਣਾ ਵੇਖੇ ਭਾਣਿਆ । ਨਿਰਮਲ ਜੋਤੀ ਪਾਰਬ੍ਰਹਮ, ਨੂਰੋ ਨੂਰ ਮਹਾਨਿਆ । ਏਕਾ ਦਰ ਸੁਹਾਏ ਨਾ ਕੋਈ ਛੱਪਰ ਨਾ ਕੋਈ ਛੰਨ, ਆਪ ਆਪਣਾ ਖੇਲ ਖਿਲਾਨਿਆ । ਮਾਤ ਪਿਤ ਨਾ ਲਏ ਕੋਈ ਜੰਮ, ਨਾ ਕੋਈ ਗੋਦ ਉਠਾਨਿਆ । ਖਾਣ ਪੀਣ ਨਾ ਕੋਈ ਤਮ, ਤ੍ਰਿਸਨਾ ਭੁੱਖ ਨਾ ਕੋਈ ਵਖਾਨਿਆ । ਨੇਤਰ ਨੀਰ ਨਾ ਕੋਈ ਛੰਮ ਛੰਮ, ਪੰਜ ਤਤ ਨਾ ਕੋਈ ਵਖਾਨਿਆ । ਆਪ ਆਪਣਾ ਜਾਣੇ ਨਾਮ, ਨਾਉਂ ਨਿਰੰਕਾਰ ਆਪ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਸ੍ਰੀ ਭਗਵਾਨਿਆ । ਪਰਗਟ ਹੋ ਹਰਿ ਭਗਵਾਨਾ, ਆਪਣੀ ਜੋਤ ਜਗਾਇੰਦਾ । ਨਿਰਮਲ ਜੋਤੀ ਕਰ ਮਹਾਨਾ, ਪਰਕਾਸ਼ ਪਰਕਾਸ਼ ਸਮਾਇੰਦਾ । ਆਪ ਆਪਣਾ ਹੋਏ ਜਾਣੀ ਜਾਣਾ, ਆਪਣੀ ਸਿਖਿਆ ਆਪ ਪੜ੍ਹਾਇੰਦਾ । ਆਪ ਆਪਣਾ ਬਣ ਵਿਦਵਾਨਾ, ਆਪ ਆਪਣੀ ਬੂਝ ਬੁਝਾਇੰਦਾ । ਆਪ ਆਪਣਾ ਕਰੇ ਮਾਣਾ, ਆਪ ਆਪਣਾ ਮਾਣ ਧਰਾਇੰਦਾ । ਆਪ ਆਪਣਾ ਵੇਖ ਨਿਸ਼ਾਨਾ, ਆਪ ਆਪਣਾ ਛਤਰ ਝੁਲਾਇੰਦਾ । ਆਪ ਆਪਣਾ ਬਣ ਸ਼ਾਹ ਸੁਲਤਾਨਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪ ਆਪਣਾ ਬਣ ਮਿਹਰਵਾਨਾ, ਆਪ ਆਪਣੀ ਦਇਆ ਕਮਾਇੰਦਾ । ਆਪ ਆਪਣਾ ਵਡ ਸਿਕਦਾਰ ਅਖਵਾਨਾ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣਾ ਬਣ ਮਰਦਾਨਾ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣਾ ਬੰਨ ਗਾਨਾ, ਆਪ ਆਪਣਾ ਸਗਨ ਮਨਾਇੰਦਾ । ਆਪ ਆਪਣਾ ਕਰ ਪਰਵਾਨਾ, ਆਪ ਆਪਣਾ ਅੰਗ ਲਗਾਇੰਦਾ । ਆਪ ਆਪਣਾ ਮੇਲ ਕਰ ਗੁਣ ਨਿਧਾਨਾ, ਗੁਣ ਆਪਣੀ ਝੋਲੀ ਪਾਇੰਦਾ । ਆਪ ਆਪਣਾ ਥਾਨ ਸੁਹਾਨਾ, ਥਿਰ ਘਰ ਵੇਖ ਵਖਾਇੰਦਾ । ਆਪ ਆਪਣਾ ਮੇਲ ਮਿਲਾਨਾ, ਆਪ ਆਪਣਾ ਆਪ ਉਪਾਇੰਦਾ । ਪਰਗਟ ਹੋਏ ਵਾਲੀ ਦੋ ਜਹਾਨਾਂ, ਨਿਰਗੁਣ ਨਿਰਗੁਣ ਧਾਰ ਚਲਾਇੰਦਾ । ਖੇਲੇ ਖੇਲਣਹਾਰ ਖੇਲ ਮਹਾਨਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਥਾਨ ਸੁਹਾਇੰਦਾ । ਆਪ ਆਪਣਾ ਥਾਨ ਸੁਹਾਏ, ਪਾਰਬ੍ਰਹਮ ਬੇਅੰਤਾ । ਚਾਰ ਦਿਵਾਰ ਨਾ ਕੋਈ ਦਿਸਾਏ, ਮਹਿਮਾ ਅਗਣਤ ਅਗਣਤਾ । ਬ੍ਰਹਿਮੰਡ ਖੰਡ ਨਾ ਕੋਈ ਵਖਾਏ, ਨਾ ਕੋਈ ਜੀਵ ਜੰਤਾ । ਜੇਰਜ ਅੰਡ ਨਾ ਬਣਤ ਬਣਾਏ, ਨਾ ਕੋਈ ਸਾਧਨ ਸੰਤਾ । ਗਗਨ ਪਤਾਲ ਨਾ ਕੋਈ ਰਖਾਏ, ਆਪ ਆਪਣਾ ਵੇਖ ਵਖੰਤਾ । ਮੰਡਲ ਮੰਡਪ ਨਾ ਕੋਈ ਦਿਸਾਏ, ਨਾ ਕੋਈ ਜੋਗੀ ਜੋਗ ਕਮੰਤਾ । ਰਵ ਸਸ ਨਾ ਕੋਈ ਟਿਕਾਏ, ਦਿਵਸ ਰੈਣ ਨਾ ਕੋਈ ਬਣੰਤਾ । ਧਰਤ ਧਵਲ ਨਾ ਕੋਈ ਜਣਾਏ, ਅਕਾਸ਼ ਪਰਕਾਸ਼ ਨਾ ਵੇਖ ਵਖੰਤਾ । ਜੰਗਲ ਜੂਹ ਉਜਾੜ ਪਹਾੜ ਨਾ ਕੋਈ ਡੇਰਾ ਲਾਏ, ਜਲ ਥਲ ਨਾ ਕੋਈ ਰਹੰਤਾ । ਸਾਗਰ ਸਿੰਧ ਨਾ ਕੋਈ ਨੀਰ ਵਹਾਏ, ਨਾ ਕੋਈ ਗਾਗਰ ਤਾਲ ਸੁਹੰਤਾ । ਨਾਮ ਰੱਤੀ ਰਤਨਾਗਰ ਨਾ ਕੋਈ ਰਸਨਾ ਗਾਏ, ਨਾ ਕੋਈ


Rev-01

ਜਿਹਵਾ ਮੂਲ ਚੁਕੰਤਾ । ਪੰਜ ਤਤ ਨਾ ਕੋਈ ਵਖਾਏ, ਤ੍ਰੈਗੁਣ ਨਾ ਵੇਖ ਵਖੰਤਾ । ਅੱਠ ਤਤ ਨਾ ਰੂਪ ਵਟਾਏ, ਨੌਂ ਦਰ ਨਾ ਕੋਈ ਖਿਲੰਤਾ । ਦਸਮ ਦਵਾਰੀ ਨਾ ਡੇਰਾ ਲਾਏ, ਨਾ ਕੋਈ ਤਾਲ ਵਜੰਤਾ । ਸ਼ਬਦ ਧੁਨ ਨਾ ਕੋਈ ਉਪਜਾਏ, ਰਾਗ ਨਾਦ ਨਾ ਕੋਈ ਸੁਣੰਤਾ । ਰਾਗ ਰਾਗਨੀ ਨਾ ਕੋਈ ਗਾਏ, ਤਾਲ ਤਲਵਾੜਾ ਨਾ ਕੋਈ ਵਜੰਤਾ । ਬ੍ਰਹਮਾ ਵਿਸ਼ਨ ਸ਼ਿਵ ਕੋਈ ਦਿਸ ਨਾ ਆਏ, ਨਾ ਕੋਈ ਵੇਸ ਵਟੰਤਾ । ਖਾਣੀ ਬਾਣੀ ਨਾ ਕੋਈ ਅਲਾਏ, ਨਾ ਕੋਈ ਧਾਮ ਸੁਹੰਤਾ । ਮੰਦਰ ਮਸਜਿਦ ਗੁਰੂਦਵਾਰਾ ਕੋਈ ਦਿਸ ਨਾ ਆਏ, ਨਾ ਕੋਈ ਵੇਖ ਵਖੰਤਾ । ਸਰ ਸਰੋਵਰ ਨਾ ਕੋਈ ਵਖਾਏ, ਤੀਰਥ ਤਟ ਨਾ ਕੋਈ ਰਖੰਤਾ । ਵਰਨ ਗੋਤ ਨਾ ਕੋਈ ਉਪਾਏ, ਨਾ ਕੋਈ ਵੰਡ ਵਡੰਤਾ । ਭੇਖ ਪਖੰਡ ਨਾ ਕੋਈ ਰਚਾਏ, ਨਾਰ ਸੁਹਾਗਣ ਨਾ ਦੀਸੇ ਕੋਈ ਕੰਤਾ । ਰੰਗ ਮਜੀਠ ਨਾ ਕੋਈ ਚੜ੍ਹਾਏ, ਨਾ ਕੋਈ ਚੋਲੀ ਰੰਗੀ ਵੇਖ ਬਸੰਤਾ । ਆਦਿ ਅੰਤ ਨਾ ਕੋਈ ਵਖਾਏ, ਆਪ ਬਣਾਏ ਆਪਣੀ ਬਣਤਾ । ਏਕੰਕਾਰਾ ਇਕ ਅਕੱਲਾ ਆਪ ਹੋ ਜਾਏ, ਜੋਗ ਜੁਗਤ ਜਗਤ ਨਾ ਕੋਈ ਵਖੰਤਾ । ਨਿਰਗੁਣ ਸਾਚੀ ਧਾਰ ਚਲਾਏ, ਥਿਰ ਘਰ ਮੇਲਾ ਸ੍ਰੀ ਭਗਵੰਤਾ । ਅਗੰਮ ਅਗੰਮੜੀ ਕਾਰ ਕਮਾਏ, ਆਪ ਆਪਣਾ ਮਾਣ ਰਖੰਤਾ । ਅਲਖ ਅਲਖਣਾ ਅਲਖ ਜਗਾਏ, ਆਪ ਆਪਣਾ ਦਰ ਸੁਹੰਤਾ । ਪਾਰਬ੍ਰਹਮ ਪ੍ਰਭ ਦਇਆ ਕਮਾਏ, ਆਪ ਆਪਣਾ ਮੇਲ ਮਿਲੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਏਕਾ ਘਰ, ਥਿਰ ਘਰ ਧਾਮ ਵਖੰਤਾ । ਥਿਰ ਘਰ ਸਾਚਾ ਹਰਿ ਟਿਕਾਣਾ, ਏਕਾ ਏਕ ਰਖਾਇਆ । ਆਪੇ ਬੈਠ ਸ੍ਰੀ ਭਗਵਾਨਾ, ਆਪਣਾ ਥਾਨ ਸੁਹਾਇਆ । ਇਕ ਵਖਾਏ ਸਚ ਨਿਸ਼ਾਨਾ, ਧਰਮੀ ਧਰਮ ਚਲਾਇਆ । ਇਕ ਜਣਾਏ ਹਰਿ ਬਿਬਾਨਾ, ਨਿਹਕਰਮੀ ਕਰਮ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਥਿਰ ਘਰ ਸਾਚਾ ਹਰਿ ਦਰਬਾਰਾ, ਆਪ ਆਪਣਾ ਸੁਹਾਇੰਦਾ । ਉਪਰ ਬੈਠ ਸੱਚੀ ਸਰਕਾਰਾ, ਸ਼ਬਦ ਸਿੰਘਾਸਣ ਆਸਣ ਲਾਇੰਦਾ । ਨਿਰਗੁਣ ਰੂਪ ਹਰਿ ਨਿਰੰਕਾਰਾ, ਆਦਿ ਨਿਰੰਜਣ ਵੇਖ ਵਖਾਇੰਦਾ । ਆਪ ਆਪਣੀ ਜਾਣੇ ਕਾਰਾ, ਆਪ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਚਾਲ ਚਲਾਇੰਦਾ । ਸਾਚਾ ਘਰ ਥਿਰ ਦਰਬਾਰੀ, ਏਕਾ ਏਕ ਸੁਹਾਇਆ । ਪਰਗਟ ਜੋਤ ਹਰਿ ਨਿਰੰਕਾਰੀ, ਨਿਰਗੁਣ ਵੇਖ ਵਖਾਇਆ । ਆਪੇ ਹੋਇਆ ਬੰਕ ਦਵਾਰੀ, ਆਪ ਆਪਣਾ ਆਸਣ ਲਾਇਆ । ਆਪੇ ਹੋਇਆ ਛਤਰ ਝੁਲਾਰੀ, ਸੀਸ ਤਾਜ ਇਕ ਟਿਕਾਇਆ । ਨਿਰਮਲ ਜੋਤੀ ਕਰ ਉਜਿਆਰੀ, ਆਪ ਆਪਣਾ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਸੁਹਾਵਣਾ, ਪਾਰਬ੍ਰਹਮ ਕਰਤਾਰ । ਦੀਪਕ ਜੋਤੀ ਇਕ ਜਗਾਵਣਾ, ਆਦਿ ਜੁਗਾਦਿ ਅਕਾਰ । ਸ਼ਾਹੋ ਸੁਲਤਾਨ ਭੂਪ ਅਖਵਾਵਣਾ, ਹਰਿ ਸਚ ਸੱਚੀ ਸਰਕਾਰ । ਆਪ ਆਪਣਾ ਪਕੜੇ ਦਾਮਨਾ, ਆਪ ਆਪਣਾ ਮੀਤ ਮੁਰਾਰ । ਆਪ ਆਪਣਾ ਹੋਏ ਜਾਮਨਾ, ਆਪ ਆਪਣਾ ਕਰ ਤਕਰਾਰ । ਆਪ ਆਪਣਾ ਉਚਾਰੇ ਨਾਮਨਾ, ਰੱਖੇ ਨਾਉਂ ਹਰਿ ਨਿਰੰਕਾਰ । ਆਪ ਆਪਣੀ ਪੂਰੀ ਕਰੇ ਕਾਮਨਾ, ਮਾਣੇ ਸੇਜ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਭਾਰ । ਥਿਰ ਘਰ ਸਾਚਾ ਹਰਿ ਭਰਵਾਸਾ, ਆਪਣਾ ਆਪ ਰਖਾਇਆ । ਪਰਗਟ ਹੋ ਪੁਰਖ ਅਬਿਨਾਸ਼ਾ, ਪਾਰਬ੍ਰਹਮ ਅਖਵਾਇਆ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਆਦਿ ਅੰਤ ਸਮਾਇਆ । ਏਕਾ ਮੰਡਲ ਪਾਏ ਰਾਸਾ, ਏਕਾ ਵੇਖ ਵਖਾਇਆ ।

੨੯੮
੦੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਥਿਰ ਘਰ ਵੇਖ ਸਚ ਮਹੱਲਾ, ਹਰਿ ਆਪਣੀ ਬਣਤ ਬਣਾਈਆ । ਆਪੇ ਵਸਿਆ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਖਾਈਆ । ਨਿਹਚਲ ਧਾਮ ਉਚ ਅਟੱਲਾ, ਅਨਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਈਆ । ਥਿਰ ਘਰ ਬੈਠ ਆਦਿ ਨਿਰੰਜਣ, ਆਪਣੀ ਵੰਡ ਵੰਡਾਇੰਦਾ । ਆਪ ਆਪਣਾ ਬਣਿਆ ਸੱਜਣ, ਆਪ ਆਪਣੀ ਗੰਢ ਕਟਾਇੰਦਾ । ਆਪ ਆਪਣਾ ਕਰਿਆ ਮਜਨ, ਆਪ ਆਪਣਾ ਰੰਙ ਵਖਾਇੰਦਾ । ਆਪ ਆਪਣੇ ਚੜ੍ਹਿਆ ਤਾਜਨ, ਆਪ ਆਪਣਾ ਬ੍ਰਹਿਮੰਡ ਰਚਾਇੰਦਾ । ਆਪ ਆਪਣਾ ਚਲਾਏ ਜਹਾਜਨ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਰਚਿਆ ਕਾਜਨ, ਮੰਗਲਾਚਾਰ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਆਪ ਉਪਾਇੰਦਾ । ਆਪ ਆਪਣਾ ਹਰਿ ਉਪਾ, ਆਪਣਾ ਨਾਉਂ ਧਰਾਇਆ । ਜੋਤੀ ਮਾਤਾ ਇਕ ਬਣਾ, ਸ਼ਬਦੀ ਸੁਤ ਉਠਾਇਆ । ਸ਼ਬਦੀ ਸੁਤ ਝੋਲੀ ਪਾ, ਆਪਣੀ ਰੁੱਤ ਸੁਹਾਇਆ । ਆਪਣੀ ਰੁੱਤ ਆਪ ਸੁਹਾ, ਅਬਿਨਾਸ਼ੀ ਅਚੁੱਤ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਕਟਾਇਆ । ਆਪ ਆਪਣਾ ਅੰਗ ਕਟਾਏ, ਆਪਣੀ ਕਲ ਵਰਤਾਈਆ । ਸ਼ਬਦ ਸੁਤ ਨਾਉਂ ਧਰਾਏ, ਪੁਰੀਆਂ ਲੋਆਂ ਫੇਰਾ ਪਾਈਆ । ਗਗਨ ਪਤਾਲਾਂ ਰਚਨ ਰਚਾਏ, ਮਾਤ ਪਤਾਲ ਅਕਾਸ਼ ਸੁਹਾਈਆ । ਤ੍ਰੈ ਤ੍ਰੈ ਤ੍ਰੈ ਤੇਰੀ ਸੇਵਾ ਲਾਏ, ਤ੍ਰੈ ਲੋਆਂ ਧਾਰ ਬੰਧਾਈਆ । ਪੰਚਮ ਪੰਚਮ ਪ੍ਰਭ ਵੇਖ ਵਖਾਏ, ਪੰਚਮ ਮੇਲ ਮਿਲਾਈਆ । ਲੱਖ ਚੁਰਾਸੀ ਤਤ ਸਮਾਏ, ਨਿਰਗੁਣ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਈਆ । ਬਣਤ ਬਣਾ ਹਰਿ ਭਗਵਾਨਾ, ਆਪਣਾ ਰੰਗ ਰੰਗਾਇਆ । ਲੱਖ ਚੁਰਾਸੀ ਕਰ ਪਰਧਾਨਾ, ਲੋਕਮਾਤ ਵੇਖ ਵਖਾਇਆ । ਖੇਲੇ ਖੇਲ ਗੁਣ ਨਿਧਾਨਾ, ਗੁਣਵੰਤਾ ਭੇਖ ਵਟਾਇਆ । ਪਰਗਟ ਹੋਏ ਵਾਲੀ ਦੋ ਜਹਾਨਾਂ, ਜੀਵ ਜੰਤਾਂ ਵਿਚ ਸਮਾਇਆ । ਆਪੇ ਪਾਏ ਆਪਣੀ ਆਣਾ, ਆਪਣੇ ਭਾਣੇ ਵਿਚ ਸਮਾਇਆ । ਆਪੇ ਆਤਮ ਬ੍ਰਹਮ ਪਛਾਣਾ, ਪਾਰਬ੍ਰਹਮ ਅਖਵਾਇਆ । ਆਪੇ ਰਸਨਾ ਦਮੋ ਦਮ ਚਲਾਣਾ, ਸਵਾਸ ਸਵਾਸ ਆਪੇ ਗਾਇਆ । ਆਪ ਆਪਣਾ ਕਰ ਪਰਵਾਨਾ, ਆਪ ਆਪਣਾ ਪਦ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਸੁਹਾਏ ਦਰ, ਅੰਦਰ ਮੰਦਰ ਸਾਚੇ ਘਰ ਏਕਾ ਤਾਲ ਵਜਾਇਆ । ਏਕਾ ਤਾਲ ਹਰਿ ਵਜਾਏ, ਆਪਣੀ ਦਇਆ ਕਮਾਈਆ । ਅਨਹਦ ਸਾਚਾ ਰਾਗ ਸੁਣਾਏ, ਨਾਦ ਸਤਾਰੀ ਆਪ ਹਿਲਾਇਆ । ਜੋਤ ਨਿਰੰਜਣ ਸੇਵਾ ਲਾਏ, ਅੱਠੇ ਪਹਿਰ ਡਗਮਗਾਈਆ । ਧੂੰਆਂਧਾਰੀ ਪਰੇ ਹਟਾਏ, ਅੰਧ ਅੰਧੇਰ ਨਾ ਕੋਈ ਰਖਾਈਆ । ਪੰਚਮ ਧਾੜੀ ਡੇਰਾ ਢਾਹੇ, ਪੰਚਮ ਲਏ ਜਗਾਈਆ । ਪੰਚਮ ਮੇਲਾ ਸਹਿਜ ਸੁਭਾਏ, ਪੰਚਮ ਸਖੀਆਂ ਮੰਗਲ ਗਾਈਆ । ਬੰਕ ਦਵਾਰਾ ਇਕ ਸੁਹਾਏ, ਦਰ ਦਰਵੇਸਾ ਵੇਖ ਵਖਾਏ । ਇਕ ਅਕੱਲਾ ਏਕੰਕਾਰਾ ਨਿਰਗੁਣ ਰੂਪ ਆਪ ਵਟਾਏ, ਸਰਗੁਣ ਬੂਝ ਬੁਝਾਈਆ । ਸਰਗੁਣ ਏਕਾ ਦੂਜਾ ਭੌ ਚੁਕਾਏ, ਤੀਜੇ ਨੇਤਰ ਦਰਸ ਦਿਖਾਈਆ । ਚੌਥੇ ਪਦ ਆਪ ਸਮਾਏ, ਪਰਮ ਪੁਰਖ ਅਖਵਾਈਆ । ਪਰਮਾਨੰਦ ਡੇਰਾ ਲਾਏ, ਨਿਜਾਨੰਦ ਨਿਝ ਘਰ ਵੇਖ ਵਖਾਈਆ । ਸਾਚੇ ਮੰਦਰ ਕੁੰਡਾ ਲਾਹੇ, ਗੁਰ ਗੋਪਾਲਾ ਦਏ ਮਿਲਾਈਆ । ਦੀਨ ਦਿਆਲਾ ਦਇਆ ਕਮਾਏ, ਆਤਮ ਸੇਜਾ ਇਕ ਸੁਹਾਈਆ । ਸ਼ਬਦ ਦੋਸ਼ਾਲਾ ਤਨ ਪਹਿਨਾਏ, ਨਾਰ ਸਵਾਣੀ ਵੇਖ ਵਖਾਈਆ । ਸੁਰਤ ਸਵਾਣੀ ਗਲੇ ਲਗਾਏ, ਆਪ


੨੯੯
੦੨

ਆਪਣੇ ਅੰਕ ਸਮਾਈਆ । ਸਾਚੀ ਸੇਜਾ ਹਰਿ ਸ਼ਬਦ ਹਰਿ ਸ਼ਬਦ ਹੰਢਾਏ, ਆਪ ਆਪਣੀ ਦਇਆ ਕਮਾਈਆ । ਅੰਮ੍ਰਿਤ ਮੇਘ ਇਕ ਬਰਸਾਏ, ਸੀਤਲ ਧਾਰ ਚਲਾਈਆ । ਸੋ ਪੁਰਖ ਨਿਰੰਜਣ ਆਪ ਆਪਣਾ ਵੇਖ ਵਖਾਏ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਹਰਿ, ਹਰਿ ਸਾਚਾ ਖੇਲ ਖਿਲਾਈਆ । ਸਾਚਾ ਖੇਲ ਕਰਾਵਣਹਾਰਾ, ਆਦਿ ਪੁਰਖ ਅਬਿਨਾਸ਼ਾ । ਲੋਕਮਾਤ ਜੋਤ ਜਗਾਵਣਹਾਰਾ, ਜੀਵਾਂ ਜੰਤਾਂ ਦਏ ਭਰਵਾਸਾ । ਜੁਗ ਜੁਗ ਵੇਸ ਵਟਾਵਣਹਾਰਾ, ਵੇਖਣਹਾਰਾ ਜਗਤ ਤਮਾਸ਼ਾ । ਸਤਿਜੁਗ ਸਾਚੇ ਦਏ ਸੁਹਾ, ਆਪੇ ਪਾਏ ਆਪਣੀ ਰਾਸਾ । ਤ੍ਰੇਤਾ ਤੇਰਾ ਪਾਰ ਕਿਨਾਰਾ, ਰਾਮ ਰਮਈਆ ਬਲ ਬਲ ਜਾਸਾ । ਦੁਆਪਰ ਮੰਗਿਆ ਇਕ ਦਵਾਰਾ, ਭਗਤ ਵਛਲ ਜਗਤ ਭਰਵਾਸਾ । ਕਲਜੁਗ ਤੇਰੀ ਅੰਤਮ ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣਾ ਵਾਸਾ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚਾ ਵੇਖ ਵਖਾਈਆ । ਅਕਾਲ ਮੂਰਤ ਏਕੰਕਾਰ, ਅਕਲ ਕਲਾ ਅਖਵਾਈਆ । ਨਾਦ ਤੂਰਤ ਅਪਰ ਅਪਾਰ, ਅਨਾਦੀ ਧੁਨ ਵਜਾਈਆ । ਸਾਚੀ ਸੂਰਤ ਸਿਰਜਣਹਾਰ, ਦਿਸ ਕਿਸੇ ਨਾ ਆਈਆ । ਨਾਤਾ ਤੋੜੇ ਕੂੜੇ ਕੂੜਤ, ਕੂੜੀ ਕਿਰਿਆ ਰਹਿਣ ਨਾ ਪਾਈਆ । ਜੂਠ ਝੂਠ ਮੂਰਖ ਮੂੜ੍ਹਤ, ਮਾਇਆ ਮੋਹ ਵਧਾਈਆ । ਗੁਰਮੁਖ ਵਿਰਲਾ ਮੰਗੇ ਪ੍ਰਭ ਚਰਨ ਧੂੜਤ, ਨੇਤਰ ਲੋਚਣ ਨੈਣ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਤੇਰੀ ਕਾਲੀ ਧਾਰ, ਚਾਰੋਂ ਕੁੰਟ ਅੰਧੇਰਾ । ਨਾ ਕੋਈ ਸਾਜਨ ਮੀਤ ਮੁਰਾਰ, ਨਾ ਕੋਈ ਤੇਰਾ ਮੇਰਾ । ਏਕਾ ਭੁੱਲਿਆ ਹਰਿ ਕਰਤਾਰ, ਹਉਮੇ ਹੰਗਤਾ ਪਾਇਆ ਘੇਰਾ । ਨੇਤਰ ਦਿਸੇ ਨਾ ਸਚ ਦਵਾਰਾ, ਮਾਇਆ ਮਮਤਾ ਭਰਮਾ ਡੇਰਾ । ਆਤਮ ਖੁਲ੍ਹੇ ਨਾ ਬੰਦ ਕਿਵਾੜਾ, ਆਵਣ ਜਾਵਣ ਨਾ ਚੁੱਕੇ ਗੇੜਾ । ਲੱਗੇ ਵਾ ਨਾ ਤੱਤੀ ਹਾੜ, ਨਾ ਕੋਈ ਦੀਸੇ ਸੰਝ ਸਵੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਹੱਕ ਨਿਬੇੜਾ । ਕਲਜੁਗ ਤੇਰਾ ਕਾਲਾ ਰੰਗ, ਲੱਖ ਚੁਰਾਸੀ ਰੰਗ ਰੰਗਾਈਆ । ਨਾ ਕੋਈ ਦੂਸਰ ਦਿਸੇ ਸੰਗ, ਨਾ ਕੋਈ ਸੰਗ ਨਿਭਾਈਆ । ਚਾਰ ਯਾਰੀ ਹੋਈ ਨੰਗ, ਸੰਗ ਮੁਹੰਮਦ ਇਕ ਕੁਰਲਾਈਆ । ਅੱਲਾ ਰਾਣੀ ਮੰਗਾਂ ਰਹੀ ਮੰਗ, ਦਰ ਭਿਛਿਆ ਕੋਈ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਰੰਗੀਲੇ ਬੈਠ ਪਲੰਘ, ਥਿਰ ਘਰ ਦੋ ਜਹਾਨਾਂ ਵੇਖ ਵਖਾਈਆ । ਚਿੱਟੇ ਅਸਵ ਕਸਿਆ ਤੰਗ, ਲੋਆਂ ਪੁਰੀਆਂ ਫੇਰਾ ਪਾਈਆ । ਨਾਮ ਵਜਾਏ ਇਕ ਮਰਦੰਗ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਜਗਾਈਆ । ਲੋਕਮਾਤ ਦਵਾਰਾ ਆਏ ਲੰਘ, ਗੁਰ ਗੋਬਿੰਦ ਸੰਗ ਨਿਭਾਈਆ । ਕੂੜ ਕੁੜਿਆਰਾ ਚੜ੍ਹੀ ਕੰਗ, ਮਾਇਆ ਮਮਤਾ ਦਏ ਦੁਹਾਈਆ । ਪੰਜ ਤਤ ਵਿਕਾਰਾ ਲਗਾ ਜੰਗ, ਤ੍ਰੈ ਦੇਸ਼ਾ ਭੇੜ ਭਿੜਾਈਆ । ਕਾਇਆ ਮਾਟੀ ਕਾਚੀ ਵੰਗ, ਅੰਤਮ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਮੁਖ ਵਖਾਈਆ । ਕਲਜੁਗ ਤੇਰਾ ਕਾਲਾ ਮੁੱਖ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਘਰ ਘਰ ਧੂੰਏ ਰਹੇ ਧੁਖ, ਪੰਖੀ ਪੰਛੀ ਤਰਵਰ ਸਰਵਰ ਰਹੇ ਕੁਰਲਾਈਆ । ਮਾਨੁਖ ਮਾਨਸ ਰੋਵਣ ਮਾਤ ਕੁੱਖ, ਸਾਚਾ ਸੁਖ ਨਾ ਕੋਈ ਦਿਸਾਈਆ । ਜੂਠ ਝੂਠ ਪਿਆ ਥੁੱਕ, ਮੁਖ ਕਾਲੀ ਸ਼ਾਹੀ ਲਾਈਆ । ਹਰਿਆ ਬੂਟਾ ਰਿਹਾ ਸੁੱਕ, ਅੰਮ੍ਰਿਤ ਧਾਰ ਨਾ ਕੋਈ ਚਵਾਈਆ । ਅੰਤਮ ਵੇਲਾ ਰਿਹਾ ਢੁਕ, ਹਰਿ ਗੋਬਿੰਦ ਲੇਖ ਲਿਖਾਈਆ । ਕੂੜਾ ਪੈਂਡਾ ਰਿਹਾ ਮੁੱਕ, ਕੂੜ ਕੁੜਿਆਰਾ ਦਏ ਖਪਾਈਆ ।

ਮਨਮੁਖ ਜੀਵ ਲੁਕਿਆ ਰਹੇ ਨਾ ਕੋਈ ਗੁਠ, ਚਾਰੋਂ ਕੁੰਟ ਦਹਿ ਦਿਸ਼ਾ ਫੋਲ ਫੋਲਾਈਆ । ਪੁਰਖ ਅਬਿਨਾਸ਼ੀ ਆਪੇ ਤੁਠ, ਗੁਰਮੁਖ ਸਾਚੇ ਲਏ ਤਰਾਈਆ । ਤੀਰ ਨਿਰਾਲਾ ਜਾਏ ਛੁੱਟ, ਰਸਨਾ ਚਿਲਾ ਇਕ ਚਲਾਈਆ । ਨੌਂ ਖੰਡ ਪ੍ਰਿਥਮੀ ਲਏ ਲੁੱਟ, ਸੱਤਾਂ ਦੀਪਾਂ ਇਕ ਲੜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਖਾਲੀ ਹੱਥ ਫੜਾਏ ਠੁੱਠ, ਦਰ ਦਰ ਮੰਗਣ ਭਿਛਿਆ ਕੋਈ ਨਾ ਪਾਈਆ । ਸਚ ਦਵਾਰਿਉਂ ਗਏ ਰੁੱਠ, ਰਾਏ ਧਰਮ ਦਏ ਸਜਾਈਆ । ਸਚ ਦਵਾਰਿਉਂ ਕੱਢੇ ਕੁੱਟ, ਕਰਮਖੰਡ ਨਾ ਕੋਈ ਵਡਿਆਈਆ । ਧਰਮ ਖੰਡ ਜੜ ਦੇਵੇ ਪੁੱਟ, ਨਾ ਕੋਈ ਦੂਸਰ ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਕਾਲੀ ਸ਼ਾਹੀਆ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਪਸਾਰਿਆ । ਜੂਠਾ ਝੂਠਾ ਮੀਤ ਮੁਰਾਰਾ, ਨਾ ਕੋਈ ਦੀਸੇ ਮੀਤ ਮੁਰਾਰਿਆ । ਏਕਾ ਭੁੱਲਿਆ ਹਰਿ ਨਿਰੰਕਾਰਾ, ਨਿਰਗੁਣ ਮੇਲ ਨਾ ਕੋਈ ਕਰਾ ਰਿਹਾ । ਮਨ ਮਤ ਕਰੇ ਖਵਾਰਾ, ਗੁਰਮਤ ਨਾ ਕੋਈ ਜਣਾ ਰਿਹਾ । ਜਗਤ ਤਤ ਕਰ ਪਿਆਰਾ, ਨਾੜੀ ਰੱਤ ਤਪਾ ਰਿਹਾ । ਧੀਰਜ ਸਤਿ ਨਾ ਕੋਈ ਸਹਾਰਾ, ਸਤਿ ਸੰਤੋਖ ਨਾ ਕੋਈ ਵਖਾ ਰਿਹਾ । ਅਠ ਸਠ ਨਾ ਕੋਈ ਕਿਨਾਰਾ, ਤੀਰਥ ਤਟ ਨਾ ਕੋਈ ਬਚਾ ਰਿਹਾ । ਸਾਧ ਸੰਤ ਨਾ ਪਾਵੇ ਸਾਰਾ, ਜੀਵ ਜੰਤ ਕੁਰਲਾ ਰਿਹਾ । ਮੰਦਰ ਮਸਜਿਦ ਮਠ ਸ਼ਿਵਦਵਾਲਾ, ਗੁਰਦਵਾਰਾ ਨਾ ਕੋਈ ਸੁਹਾ ਰਿਹਾ । ਮਾਇਆ ਮਮਤਾ ਕਰ ਪਿਆਰਾ, ਮੁਲਾ ਸ਼ੇਖ਼ ਮਸਾਇਕ ਪੰਡਤ ਪਾਂਧਾ ਆਪ ਆਪਣਾ ਕਰਮ ਕਮਾ ਰਿਹਾ । ਕਲਜੁਗ ਕੂੜਾ ਥੱਕਾ ਮਾਂਦਾ, ਨੇਤਰ ਨੀਰ ਰੋ ਰੋ ਵਹਾ ਰਿਹਾ । ਕੀਤੀ ਕਰਨੀ ਅੰਤ ਪਛਤਾਂਦਾ, ਕਰਮਾਂ ਗੇੜ ਨਾ ਕੋਈ ਕਟਾ ਰਿਹਾ । ਜੂਠ ਝੂਠ ਰਸਨਾ ਗਾਂਦਾ, ਈਸਾ ਮੂਸਾ ਵੇਖ ਵਖਾ ਰਿਹਾ । ਸਦੀ ਚੌਧਵੀ ਵੇਖੇ ਚੌਧਵਾਂ ਚੰਦ, ਅਕਾਸ਼ ਅਕਾਸ਼ਾ ਰਾਹ ਤਕਾ ਰਿਹਾ । ਸੰਗ ਮੁਹੰਮਦ ਚਾਰ ਯਾਰੀ ਬੈਠਾ ਬੰਦ, ਬੰਦੀ ਛੋੜ ਬੰਧਨ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌਂ ਦਵਾਰੇ ਵੇਖ ਵਖਾ ਰਿਹਾ । ਨੌਂ ਦਰ ਜਗਤ ਦਵਾਰਾ, ਹਰਿ ਹਰਿ ਬਣਤ ਬਣਾਈਆ । ਕਲਜੁਗ ਭੁੱਲੇ ਜੀਵ ਗਵਾਰਾ, ਪੂਰਨ ਬ੍ਰਹਮ ਨਾ ਕੋਈ ਜਣਾਈਆ । ਆਤਮ ਬ੍ਰਹਮ ਨਾ ਪਾਇਣ ਸਾਰਾ, ਪਾਰਬ੍ਰਹਮ ਨਾ ਮੇਲ ਮਿਲਾਈਆ । ਵਰਨ ਬਰਨ ਨਾ ਦਏ ਅਧਾਰਾ, ਜੂਠੀ ਝੂਠੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੂਪ ਸ਼ਾਹੋ ਭੂਪ, ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ ।

## * ਪਹਿਲੀ ਵਿਸਾਖ ੨੦੧੫ ਬਿਕ੍ਰਮੀ ਦਰਬਾਰ ਵਿਚ ਲਿਖਤ ਹੋਈ ਜੇਠੂਵਾਲ ਜ਼ਿਲਾ ਅੰਮ੍ਰਿਤਸਰ *

ਪਾਰਬ੍ਰਹਮ ਪ੍ਰਭ ਨਿਹਕਲੰਕ, ਲੋਕਮਾਤ ਵੱਜੀ ਵਧਾਈਆ । ਸ਼ਬਦ ਵਜਾਏ ਸਾਚਾ ਡੰਕ, ਰਾਜ ਰਾਜਾਨਾ ਰਿਹਾ ਉਠਾਈਆ । ਪਰਗਟ ਹੋਇਆ ਵਾਸੀ ਪੁਰ ਘਨਕ, ਭੁੱਲ ਰਹੇ ਨਾ ਰਾਈਆ । ਖੇਲੇ ਖੇਲ ਬਾਰ ਅਨਕ, ਕਲਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਮਲ ਜੋਤ ਕਰੇ ਰੁਸ਼ਨਾਈਆ । ਵਾਲੀ ਹਿੰਦ ਉਠ ਨਿਧਾਨ, ਹਰਿ ਸਾਚੇ ਜੋਤ ਜਗਾਈਆ । ਮੇਟ ਮਿਟਾਏ ਜੀਵ ਸ਼ੈਤਾਨ, ਲੋਕਮਾਤ ਰਹਿਣ ਨਾ ਪਾਈਆ । ਸੰਗ ਰਲਾਏ ਮੰਤਰੀ ਪ੍ਰਧਾਨ, ਏਕਾ ਰਾਗ ਸੁਣਾਈਆ । ਪੰਥ ਖਾਲਸਾ ਹੋਏ ਹੈਰਾਨ, ਪੰਚਮ ਜੇਠਾ ਦਏ ਦੁਹਾਈਆ ।

ਮੁਸਲਮ ਸੁੰਨੀ ਵੇਖ ਅੰਜੀਲ ਕੁਰਾਨ, ਨੇਤਰ ਰੋ ਰੋ ਨੀਰ ਵਹਾਈਆ । ਪੰਡਤ ਪਾਂਧੇ ਕਰਨ ਧਿਆਨ, ਕੂੜ ਕੁੜਿਆਰਾ ਸੰਗ ਰਖਾਈਆ । ਮੁੱਲਾ ਸ਼ੇਖ਼ ਸਰਬ ਕੁਰਲਾਣ, ਨੇਤਰ ਨੈਣ ਰਹੇ ਉਠਾਈਆ । ਗ੍ਰੰਥੀ ਪੰਥੀ ਜੀਵ ਜਹਾਨ, ਪਾਰਬ੍ਰਹਮ ਭੇਵ ਨਾ ਰਾਈਆ । ਲਿਖੇ ਲੇਖ ਹਰਿ ਸ਼ਾਹ ਸੁਲਤਾਨ, ਭਾਰਤ ਖੰਡ ਖ਼ੁਸ਼ੀ ਮਨਾਈਆ । ਧਰਮ ਝੁਲਾਏ ਇਕ ਨਿਸ਼ਾਨ, ਊਚਾਂ ਨੀਚਾਂ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਹਰਿ ਪਰਕਾਸ਼, ਆਪਣੀ ਕਲ ਵਰਤਾਇੰਦਾ । ਪਰਗਟ ਹੋਇਆ ਸ਼ਾਹੋ ਸ਼ਾਬਾਸ਼, ਪੰਥ ਖਾਲਸਾ ਆਪ ਉਠਾਇੰਦਾ । ਗਿਆਨੀ ਧਿਆਨੀ ਵਡ ਵਿਦਵਾਨੀ ਹੋਣ ਨਿਰਾਸ, ਹਰਿ ਗੋਬਿੰਦ ਦਿਸ ਨਾ ਆਇੰਦਾ । ਨਾਮ ਵਸਤ ਨਾ ਕਿਸੇ ਪਾਸ, ਢੋਲਕ ਛੈਣੇ ਜਗਤ ਵਜਾਇੰਦਾ । ਲੇਖੇ ਲੱਗੇ ਨਾ ਕੋਈ ਸਵਾਸ, ਨੇਤਰ ਨੈਣਾਂ ਦਰਸ ਕੋਈ ਨਾ ਪਾਇੰਦਾ । ਹਰਿ ਵੇਖ ਵਖਾਏ ਪ੍ਰਿਥਮੀ ਆਕਾਸ਼, ਵੇਖਣਹਾਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਡੰਕ ਵਜਾਇੰਦਾ । ਡੰਕ ਵਜਾਏ ਹਰਿ ਨਿਰੰਕਾਰਾ, ਆਪਣੀ ਕਲ ਵਰਤਾਈਆ । ਸ੍ਰਿਸ਼ਟ ਸਬਾਈ ਕਰੇ ਖਵਾਰਾ, ਕਲਜੁਗ ਵੇਲਾ ਅੰਤਮ ਆਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਹੁਲਾਰਾ, ਨੌਂ ਖੰਡ ਪ੍ਰਿਥਮੀ ਆਪ ਹਿਲਾਈਆ । ਸੱਤਾਂ ਦੀਪਾਂ ਪਾਰ ਕਿਨਾਰਾ, ਉਚੇ ਟਿੱਲੇ ਵੇਖ ਵਖਾਈਆ । ਅਗੰਮ ਅਗੰਮੜੀ ਕਰੇ ਕਾਰਾ, ਅਗੰਮੜੀ ਧਾਰ ਚਲਾਈਆ । ਹੱਡ ਮਾਸ ਚਮੜਾ ਨਾ ਕੋਈ ਪਸਾਰਾ, ਪੰਜ ਤਤ ਨਾ ਕੋਈ ਦਿਸਾਈਆ । ਇਕ ਅਕੱਲਾ ਏਕੰਕਾਰਾ, ਜੋਤੀ ਜਾਮਾ ਭੇਖ ਵਟਾਈਆ । ਸ਼ਬਦ ਖੰਡਾ ਤੇਜ਼ ਕਟਾਰਾ, ਨਿਰਗੁਣ ਹੱਥ ਉਠਾਈਆ । ਸਰਗੁਣ ਪਾਵੇ ਸਾਚੀ ਸਾਰਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਹਰਿ ਨਿਰੰਕਾਰਾ, ਹਰਿ ਹਰਿ ਰੂਪ ਸਮਾਇਆ । ਪਰਗਟ ਹੋਏ ਵਿਚ ਸੰਸਾਰਾ, ਆਪ ਆਪਣਾ ਭੇਖ ਵਟਾਇਆ । ਨਾਨਕ ਗੋਬਿੰਦ ਕਰ ਪਿਆਰਾ, ਏਕਾ ਧਾਰ ਵਹਾਇਆ । ਜੀਵ ਜੰਤ ਨਾ ਪਾਏ ਸਾਰਾ, ਸਾਧ ਸੰਤ ਹੋਏ ਹਲਕਾਇਆ । ਭਰਮੇ ਭੁੱਲੇ ਭਰਮ ਗਵਾਰਾ, ਮਾਇਆ ਪੜਦਾ ਕੋਈ ਨਾ ਲਾਹਿਆ । ਅਗਨੀ ਤਤ ਇਕ ਪਸਾਰਾ, ਪੰਜ ਤਤ ਚਲਾਇਆ । ਤ੍ਰੈਗੁਣ ਮਾਇਆ ਵੇਖੇ ਭੇਖ ਨਿਆਰਾ, ਭੇਖਾਧਾਰੀ ਭੇਖ ਨਾ ਰਾਇਆ । ਆਦਿਨ ਅੰਤਾ ਜੁਗਾ ਜੁਗੰਤਾ ਹਰਿ ਭਗਵੰਤਾ ਆਪੇ ਜਾਣੇ ਆਪਣੀ ਕਾਰਾ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਰੂਪ ਹਰਿ ਨਿਰੰਕਾਰਾ, ਆਪਣਾ ਆਪ ਉਪਾਇੰਦਾ । ਆਪ ਆਪਣਾ ਕਰ ਪਸਾਰ, ਵੇਖਣਹਾਰ ਆਪ ਹੋ ਜਾਇੰਦਾ । ਪਰਗਟ ਹੋ ਚਵੀਆਂ ਅਵਤਾਰ, ਚੌਦਾਂ ਲੋਕਾਂ ਵੇਖ ਵਖਾਇੰਦਾ । ਚੌਦਾਂ ਹੱਟਾਂ ਜਗਤ ਪਸਾਰ, ਚੌਦਾਂ ਚੌਦਾਂ ਧਾਰ ਚਲਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਰਵ ਸਸ ਆਪ ਉਠਾਇੰਦਾ । ਜੀਵਾਂ ਜੰਤਾਂ ਮਾਰੇ ਮਾਰ, ਸਾਧਾਂ ਸੰਤਾਂ ਵੇਖ ਵਖਾਇੰਦਾ । ਗੁਰਮੁਖ ਨਾਰੀ ਕੰਤਾ ਇਕ ਭਤਾਰ, ਸਚ ਸੁਹੰਜਣੀ ਸੇਜ ਹੰਢਾਇੰਦਾ । ਮੇਲ ਮਿਲਾਏ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤ ਨਿਰੰਜਣ ਕਰ ਪਿਆਰ, ਆਦਿ ਨਿਰੰਜਣ ਦਇਆ ਕਮਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਪਰਮ ਪੁਰਖ ਅਖਵਾਇੰਦਾ । ਅਲਖ ਅਲਖਣਾ ਅਲਖ ਅਲਖ ਰਿਹਾ ਉਚਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ

ਵੇਸ ਹਰਿ ਅਵੱਲਾ, ਆਪਣਾ ਆਪ ਕਰਾਇਆ । ਆਪ ਵਸਾਇਆ ਸਚ ਮਹੱਲਾ, ਸਚ ਸਿੰਘਾਸਣ ਆਸਣ ਲਾਇਆ । ਆਪੇ ਵਸਿਆ ਜਲਾ ਥਲਾ, ਪੁਰਖ ਅਬਿਨਾਸ਼ੀ ਦਇਆ ਕਮਾਇਆ । ਆਪੇ ਹੋਇਆ ਵਲਾ ਛਲਾ, ਅਛਲ ਅਛੱਲ ਕਰਾਇਆ । ਆਪੇ ਜਾਣੇ ਨਿਹਚਲ ਧਾਮ ਅਟੱਲਾ, ਲੋਕਮਾਤੀ ਵੇਖ ਵਖਾਇਆ । ਆਪੇ ਜੋਤੀ ਸ਼ਬਦੀ ਰਲਾ, ਸ਼ਬਦ ਅਨਾਦੀ ਡੰਕ ਵਜਾਇਆ । ਆਪੇ ਕਰੇ ਕਰਾਏ ਹੱਲਾ, ਨਾਮ ਜੈਕਾਰਾ ਆਪ ਬੁਲਾਇਆ । ਆਪੇ ਵਸਿਆ ਡੂੰਘੀ ਡੱਲਾ, ਉਚ ਮਹੱਲਾ ਆਪੇ ਡੇਰਾ ਲਾਇਆ । ਆਪੇ ਮੇਟੇ ਦੂਈ ਦਵੈਤੀ ਸੱਲਾ, ਆਪੇ ਵੰਡਨ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਆਦਿ ਅਬਿਨਾਸ਼ਾ, ਭੇਵ ਕੋਇ ਨਾ ਰਾਇਆ । ਵੇਖਣ ਆਇਆ ਜਗਤ ਤਮਾਸ਼ਾ, ਜੁਗ ਜੁਗ ਵੇਸ ਵਟਾਇਆ । ਜੋਤ ਸਰੂਪੀ ਪਾਵੇ ਰਾਸਾ, ਸ਼ਬਦ ਸਰੂਪੀ ਡੰਕ ਵਜਾਇਆ । ਮਾਤ ਗਰਭ ਨਾ ਕਰਿਆ ਵਾਸਾ, ਪਿਤਾ ਪੂਤ ਨਾ ਕੋਈ ਰਖਾਇਆ । ਨਾਮ ਨਾ ਜਪਿਆ ਸਵਾਸ ਸਵਾਸਾ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਨਾ ਕੋਈ ਰਖਾਇਆ ਸਗਲਾ ਸਾਥਾ, ਸਗਲਾ ਸੰਗ ਨਾ ਕੋਈ ਨਿਭਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਹਵਨ ਕਰਾਇਆ । ਨਾ ਕੋਈ ਤੀਰਥ ਅਠ ਸਾਠਾ, ਗੁਰ ਦਰ ਮੰਦਰ ਅੰਦਰ ਮਸਜਿਦ ਨਾ ਡੇਰਾ ਲਾਇਆ । ਧਾਮ ਅਗੰਮੜੇ ਪਾਰਬ੍ਰਹਮ ਪ੍ਰਭ ਆਇਆ ਨਾਠਾ, ਆਪ ਆਪਣਾ ਰੂਪ ਵਟਾਇਆ । ਆਪੇ ਗੇੜਨਹਾਰਾ ਉਲਟੀ ਲਾਠਾ, ਗੇੜਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਵਟਾਇਆ । ਨਿਰਗੁਣ ਰੂਪ ਅਕਲ ਕਲਧਾਰਾ, ਨਿਰਗੁਣ ਵੇਖ ਵਖਾਇੰਦਾ । ਜੋਤ ਸਰੂਪੀ ਕਰ ਅਕਾਰਾ, ਜੋਤੀ ਜੋਤ ਸਮਾਇੰਦਾ । ਜੋਤ ਸਰੂਪੀ ਕਰ ਪਸਾਰਾ, ਜੋਤੀ ਜੋਤ ਵੇਖ ਵਖਾਇੰਦਾ । ਜੋਤੀ ਨੂਰ ਕਰ ਉਜਿਆਰਾ, ਜੋਤ ਪਰਕਾਸ਼ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਧਰਾਇੰਦਾ । ਨਿਹਕਲੰਕਾ ਹਰਿ ਬਲਵਾਨਾ, ਪਾਰਬ੍ਰਹਮ ਅਖਵਾਇਆ । ਪਰਗਟ ਵਾਲੀ ਦੋ ਜਹਾਨਾਂ, ਆਪਣਾ ਨਾਉਂ ਧਰਾਇਆ । ਖੇਲੇ ਖੇਲ ਸ੍ਰਿਸ਼ਟ ਮਹਾਨਾ, ਆਦਿ ਜੁਗਾਦਿ ਭੇਵ ਨਾ ਰਾਇਆ । ਜੋਧਾ ਸੂਰ ਬਲੀ ਬਲਵਾਨਾ, ਤੀਰ ਨਿਸ਼ਾਨਾ ਇਕ ਰਖਾਇਆ । ਏਕਾ ਚਿਲਾ ਇਕ ਕਮਾਨਾ, ਏਕਾ ਰਿਹਾ ਉਠਾਇਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਏਕਾ ਨੈਣ ਖੁਲ੍ਹਾਇਆ । ਨੌਂ ਖੰਡ ਪ੍ਰਿਥਮੀ ਕਰ ਕੁਰਬਾਨਾ, ਸੱਤਾਂ ਦੀਪਾਂ ਭੇਟ ਮੰਗਾਇਆ । ਲੱਖ ਚੁਰਾਸੀ ਬੱਧਾ ਗਾਨਾ, ਸਾਚਾ ਸਗਨ ਮਨਾਇਆ । ਪੰਚਮ ਜੇਠੀ ਕਰ ਅਸ਼ਨਾਨਾ, ਆਪ ਆਪਣਾ ਰੂਪ ਵਟਾਇਆ । ਸ਼ਬਦ ਘੋੜਾ ਕਰ ਪਰਵਾਨਾ, ਸੋਲਾਂ ਕਲੀਆਂ ਆਸਣ ਲਾਇਆ । ਭੇਵ ਨਾ ਪਾਇਨ ਵੇਦ ਪੁਰਾਨਾ, ਖਾਣੀ ਬਾਣੀ ਦਿਸ ਨਾ ਆਇਆ । ਖੇਲੇ ਖੇਲ ਗੁਣ ਨਿਧਾਨਾ, ਅੰਜੀਲ ਕੁਰਾਨਾ ਵੇਖ ਵਖਾਇਆ । ਬਸਤਰ ਸ਼ਸਤਰ ਇਕ ਸਜਾਨਾ, ਤਨ ਸ਼ੰਗਾਰ ਕਰਾਇਆ । ਏਕਾ ਖੰਡਾ ਪਹਿਨ ਕਿਰਪਾਨਾ, ਭਗਵਤ ਰੂਪ ਵਟਾਇਆ । ਚੰਡੀ ਚਮਕੇ ਨਾਮ ਮੈਦਾਨਾ, ਚੰਡ ਪਰਚੰਡ ਵਖਾਇਆ । ਮੇਟ ਮਿਟਾਏ ਝੂਠ ਨਿਸ਼ਾਨਾ, ਭੇਖ ਪਖੰਡਾ ਰਹਿਣ ਨਾ ਪਾਇਆ । ਜੇਰਜ ਅੰਡਾ ਵੰਡ ਵੰਡਾਨਾ, ਉਤਭੁਜ ਸੇਤਜ ਵੇਖ ਵਖਾਇਆ । ਕਾਇਆ ਵੇਖੇ ਸਚ ਮਕਾਨਾ, ਪੰਜ ਤਤ ਬਣਤ ਬਣਾਇਆ । ਮਨ ਮਤ ਬੁਧ ਹੋਏ ਹੈਰਾਨਾ, ਤ੍ਰੈਗੁਣ ਵੇਸ ਵਟਾਇਆ । ਤ੍ਰੈਗੁਣ ਅੰਤਮ ਹੋਏ ਹੈਰਾਨਾ, ਬ੍ਰਹਮਾ ਵੇਤਾ ਸੰਗ ਰਲਾਇਆ । ਬ੍ਰਹਮਾ ਰੋ ਰੋ ਕਰੇ ਧਿਆਨਾ, ਵੇਲਾ ਅੰਤਮ ਆਇਆ । ਵੇਦ ਕਤੇਬ ਨਾ ਕਰੇ ਪਛਾਨਾ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਿਵ ਸ਼ੰਕਰ ਮਾਰੇ ਇਕ ਤਰਾਨਾ,

ਤ੍ਰਿਸੂਲਾ ਹੱਥ ਉਠਾਈਆ । ਬਾਸ਼ਕ ਤਸ਼ਕਾ ਗਲ ਲਟਕਾਨਾ, ਮਾਲਾ ਕੰਠ ਸੁਹਾਈਆ । ਨਾ ਕੋਈ ਦੀਸੇ ਸੰਗ ਨੌਜਵਾਨਾ, ਸਗਲਾ ਸੰਗ ਨਾ ਕੋਈ ਵਖਾਈਆ । ਬਿਨ ਹਰਿ ਕੋਈ ਨਾ ਦੀਸੇ ਦੋ ਜਹਾਨਾ, ਬੇੜਾ ਪਾਰ ਕਰਾਈਆ । ਨੇਤਰ ਰੋ ਰੋ ਨੀਰ ਵਹਾਨਾ, ਨੈਣ ਨੈਣ ਰਹੀ ਬਿਗਸਾਈਆ । ਪੁਰਖ ਅਬਿਨਾਸ਼ੀ ਏਕਾ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਮੇਟਣਹਾਰ ਨਿਸ਼ਾਨਾ, ਆਪੇ ਲਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨਾ, ਲੋਆਂ ਪੁਰੀਆਂ ਖੰਡ ਬ੍ਰਹਿਮੰਡ ਜੇਰਜ ਅੰਡ ਉਤਭੁਜ ਸੇਤਜ ਦਏ ਮਿਟਾਈਆ । ਪਾਰਬ੍ਰਹਮ ਹਰਿ ਜੋਤ ਨਿਰਾਲਾ, ਜੋਤੀ ਜੋਤ ਅਖਵਾਇੰਦਾ । ਪਰਗਟ ਹੋਇਆ ਅਕਾਲ ਅਕਾਲਾ, ਅਕਲ ਕਲਾ ਅਖਵਾਇੰਦਾ । ਸਰਬ ਜੀਆਂ ਹਰਿ ਦੀਨ ਦਿਆਲਾ, ਦਇਆ ਨਿਧ ਅਖਵਾਇੰਦਾ । ਚਰਨ ਭਿਖਾਰ ਰਖਾਏ ਕਾਲ ਮਹਾਂਕਾਲਾ, ਆਪ ਆਪਣਾ ਵੇਖ ਵਖਾਇੰਦਾ । ਆਪੇ ਫਲ ਲਗਾਏ ਸ੍ਰਿਸ਼ਟ ਸਬਾਈ ਡਾਲ੍ਹਾ, ਆਪੇ ਤੋੜ ਤੁੜਾਇੰਦਾ । ਆਪੇ ਤ੍ਰੈਗੁਣ ਮਾਇਆ ਪਾਏ ਜੰਜਾਲਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ । ਆਪੇ ਗੁਰ ਪੀਰ ਸਾਧ ਸੰਤ ਉਪਜਾਏ ਸਾਚਾ ਲਾਲਾ, ਆਪ ਆਪਣੇ ਵਿਚ ਸਮਾਇੰਦਾ । ਆਪ ਬਣਾਏ ਮੰਦਰ ਮਸੀਤ ਗੁਰ ਦਵਾਰੇ ਅਗਨੀ ਜੋਤ ਜਵਾਲਾ, ਆਪੇ ਮੇਟ ਮਿਟਾਇੰਦਾ । ਆਪੇ ਸ੍ਰਿਸ਼ਟ ਸਬਾਈ ਹੋਏ ਰਖਵਾਲਾ, ਆਪੇ ਖ਼ਾਕ ਮਿਲਾਇੰਦਾ । ਆਪ ਵਜਾਏ ਜੁਗ ਜੁਗ ਆਪਣਾ ਤਾਲਾ, ਤਾਲ ਤਲਵਾੜਾ ਇਕ ਰਖਾਇੰਦਾ । ਆਪੇ ਵੇਖ ਵਖਾਏ ਲੱਖ ਚੁਰਾਸੀ ਕਾਇਆ ਘਾਲਾ, ਆਤਮ ਅੰਤਰ ਡੇਰਾ ਲਾਇੰਦਾ । ਆਪੇ ਦੀਪਕ ਜੋਤੀ ਨਿਰਗੁਣ ਹਰਿਜਨ ਬਾਲਾ, ਆਪੇ ਅਗਿਆਨ ਅੰਧੇਰ ਵਖਾਇੰਦਾ । ਆਪੇ ਤੋੜੇ ਬਜਰ ਕਪਾਟੀ ਲੱਗਾ ਤਾਲਾ, ਆਪੇ ਮੁਖ ਭਵਾਇੰਦਾ । ਆਪੇ ਅੰਮ੍ਰਿਤ ਆਤਮ ਮਾਰੇ ਇਕ ਉਛਾਲਾ, ਸਰ ਸਰੋਵਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਵੇਸ ਨਰ ਨਰੇਸ਼ ਆਪਣਾ ਆਪ ਵਟਾਇੰਦਾ । ਨਰ ਨਰੇਸ਼ ਹਰਿ ਭਗਵਾਨਾ, ਹਰਿ ਹਰਿ ਆਪ ਅਖਵਾਇਆ । ਜੋਤ ਸਰੂਪੀ ਪਹਿਰਿਆ ਬਾਨਾ, ਵਿਸ਼ਨੂੰ ਰੂਪ ਵਟਾਇਆ । ਵਿਸ਼ਨੂੰ ਹੋਇਆ ਜਾਣੀ ਜਾਣਾ, ਸੇਵਕ ਸੇਵਾ ਰਿਹਾ ਕਮਾਇਆ । ਆਪੇ ਵਰਤੇ ਆਪਣੇ ਭਾਣਾ, ਦੂਸਰ ਭੇਵ ਕੋਇ ਨਾ ਰਾਇਆ । ਧੁਰਦਰਗਾਹੀ ਸਾਚਾ ਰਾਣਾ, ਅਕਾਲ ਪੁਰਖ ਆਪ ਹੋ ਆਇਆ । ਜਨ ਭਗਤਾਂ ਦੇਵੇ ਦਰ ਦਵਾਰੇ ਮਾਣਾ, ਸੁਰਤ ਨੂਰਤ ਇਕ ਦਰਸਾਇਆ । ਵੇਖ ਵਖਾਏ ਦੋ ਜਹਾਨਾਂ, ਮੰਡਲ ਮੰਡਪ ਫੇਰਾ ਪਾਇਆ । ਸੋਹੰ ਸ਼ਬਦ ਰਖਾਇਆ ਇਕ ਬਿਬਾਨਾ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਆਦਿ ਜੁਗਾਦੀ ਖੇਲ ਮਹਾਨਾ, ਖੇਲਣਹਾਰ ਆਪ ਰਘੁਰਾਇਆ । ਭਗਤ ਜਗ ਕਰੇ ਪਛਾਨਾ, ਆਪ ਆਪਣੀ ਬਣਤ ਬਣਾਇਆ । ਆਤਮ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਸਰਨਾਇਆ । ਏਕਾ ਮਾਰੇ ਤੀਰ ਨਿਸ਼ਾਨਾ, ਸੋਏ ਰਿਹਾ ਉਠਾਇਆ । ਦਰਸ ਦਿਖਾਏ ਦਇਆ ਕਮਾਏ ਚਤੁਰਭੁਜ ਹਰਿ ਬਿਧਨਾਨਾ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਡੰਕ ਵਜਾਇਆ । ਨਿਹਕਲੰਕਾ ਹਰਿ ਭਗਵੰਤਾ, ਏਕਾ ਏਕ ਅਖਵਾਈਆ । ਪਕੜ ਉਠਾਏ ਸਾਧਨ ਸੰਤਾ, ਸੰਤ ਕੰਤ ਆਪ ਹੋ ਜਾਈਆ । ਜੁਗਤ ਜਗਤ ਬਣਾਏ ਸਾਚੀ ਬਣਤਾ, ਜੋਗ ਜੁਗਤ ਆਪਣੇ ਹੱਥ ਰਖਾਈਆ । ਸ੍ਰਿਸ਼ਟ ਸਬਾਈ ਤੇਰੀ ਕਲਜੁਗ ਝੂਠੀ ਮਿਟੇ ਜਗਤ ਰੁੱਤ ਬਸੰਤਾ, ਰੈਣ ਅੰਧੇਰੀ ਰਹਿਣ ਨਾ ਪਾਈਆ । ਧਾਮ ਅਵਲਾ ਪਾਰਬ੍ਰਹਮ ਅਕੱਲਾ ਇਕ ਸੁਹੰਤਾ, ਚਾਰ ਵਰਨ

ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਗੁਣ ਰੂਪ ਵਟਾਈਆ । ਨਿਰਗੁਣ ਰੂਪ ਹਰਿ ਉਜਾਲਾ, ਏਕਾ ਏਕ ਕਰਾਇਆ । ਪਰਗਟ ਹੋਇਆ ਗੁਰ ਗੋਪਾਲਾ, ਹਰਿ ਗੋਬਿੰਦ ਵੇਸ ਵਟਾਇਆ । ਤੋੜਣਹਾਰਾ ਜਗਤ ਜੰਜਾਲਾ, ਜਾਗਰਤ ਜੋਤ ਜਗਾਇਆ । ਦਰਸ ਦਿਖਾਏ ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਵੇਸ ਅਨੇਕ ਆਪਣਾ ਆਪ ਵਟਾਇਆ । ਨਿਰਗੁਣ ਰੂਪ ਹਰਿ ਕਰਤਾਰ, ਕਰਤਾ ਪੁਰਖ ਅਖਵਾਇਆ । ਸਰਗੁਣ ਮੇਲਾ ਵਿਚ ਸੰਸਾਰ, ਜੁਗ ਜੁਗ ਆਣ ਕਰਾਇਆ । ਚੇਲਾ ਗੁਰ ਇਕ ਦਵਾਰ, ਏਕਾ ਦਰ ਸੁਹਾਇਆ । ਨਾਮ ਭਰਿਆ ਸੱਚ ਭੰਡਾਰ, ਭਰਨਹਾਰ ਆਪ ਅਖਵਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇਆ । ਮਰਨ ਜਨਮ ਦਏ ਸਵਾਰ, ਗੇੜਾ ਆਪਣੇ ਹੱਥ ਰਖਾਇਆ । ਕਰਮ ਨਿਹਕਰਮੀ ਪਾਵੇ ਸਾਰ, ਧਰਮੀ ਧਰਮ ਧਰਾਇਆ । ਵਰਨ ਅਵਰਨੀ ਵਸਿਆ ਬਾਹਰ, ਜ਼ਾਤ ਪਾਤ ਨਾ ਕੋਈ ਰਖਾਇਆ । ਇਕ ਅਕੱਲਾ ਏਕਾ ਏਕੰਕਾਰ, ਏਕਾ ਕਾਰ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਪਰਗਟ ਹੋ ਅੰਤਮ ਨਿਹਕਲੰਕ ਅਵਤਾਰ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜਾਮਾ ਹਰਿ ਸ਼ਾਹੋ ਭੂਪ, ਹਰ ਘਟ ਆਪ ਸਮਾਇੰਦਾ । ਵੇਖ ਵਖਾਏ ਚਾਰੋਂ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਮੇਟ ਮਿਟਾਏ ਜੂਠ ਝੂਠ, ਮਾਇਆ ਮਮਤਾ ਵੰਡ ਵੰਡਾਇੰਦਾ । ਸੰਤ ਸੁਹੇਲੇ ਜੋ ਜਨ ਜੁਗ ਜੁਗ ਗਏ ਰੂਠ, ਕਰ ਕਿਰਪਾ ਮੇਲ ਮਿਲਾਇੰਦਾ । ਦਸ ਪੰਜ ਗਿਆ ਤੁਠ, ਬੀਸ ਬੀਸ ਨਾਲ ਰਲਾਇੰਦਾ । ਆਪ ਬੰਧਾਏ ਏਕਾ ਮੁਠ, ਏਕਾ ਤੋਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਦੋਏ ਧਾਰ, ਦੋਏ ਜੋੜ ਜੁੜਾਇਆ । ਜੋਤੀ ਸ਼ਬਦੀ ਕਰ ਪਿਆਰ, ਸ਼ਬਦੀ ਜੋਤੀ ਮੇਲ ਮਿਲਾਇਆ । ਨਿਰਗੁਣ ਨਿਰਗੁਣ ਬਣੇ ਨਾਰ, ਨਿਰਗੁਣ ਨਿਰਗੁਣ ਕੰਤ ਹੰਢਾਇਆ । ਨਿਰਗੁਣ ਨਿਰਗੁਣ ਦਏ ਅਧਾਰ, ਨਿਰਗੁਣ ਨਿਰਗੁਣ ਧੀਰ ਧਰਾਇਆ । ਨਿਰਗੁਣ ਨਿਰਗੁਣ ਕਰੇ ਕਾਰ, ਨਿਰਗੁਣ ਨਿਰਗੁਣ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਏ ਦੋਏ ਮੇਲ ਮਿਲਾਇਆ । ਦੋਏ ਮੇਲਾ ਨਰ ਨਿਰੰਕਾਰਾ, ਆਪਣਾ ਆਪ ਕਰਾਇੰਦਾ । ਆਪ ਸੁਹਾਏ ਸਚ ਦਵਾਰਾ, ਆਪੇ ਵੇਖ ਵਖਾਇੰਦਾ । ਆਪੇ ਭਰ ਹਰਿ ਭੰਡਾਰਾ, ਆਪੇ ਆਪ ਵਰਤਾਇੰਦਾ । ਆਪੇ ਬਣੇ ਦਰ ਭਿਖਾਰਾ, ਆਪੇ ਭਿਛਿਆ ਪਾਇੰਦਾ । ਆਪੇ ਬਣ ਘਰ ਵਰਤਾਰਾ, ਆਪਣੀ ਝੋਲੀ ਆਪ ਭਰਾਇੰਦਾ । ਆਪੇ ਬਣਿਆ ਮੀਤ ਮੁਰਾਰਾ, ਸਖਾ ਸੁਹੇਲਾ ਆਪ ਅਖਵਾਇੰਦਾ । ਸਾਚਾ ਮੇਲਾ ਸਚ ਦਵਾਰਾ, ਸਾਚਾ ਹਰਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਏਕਾ ਰੂਪ ਗਿਆ ਸਮਾ, ਦੂਜੇ ਜੋਤ ਜਗਾਈਆ । ਦੂਜੀ ਜੋਤੀ ਆਪ ਜਗਾ, ਏਕਾ ਰੰਗ ਵਟਾਈਆ । ਏਕਾ ਰੰਗ ਆਪ ਵਖਾ, ਦੂਜਾ ਵੇਸ ਕਰਾਈਆ । ਦੂਜਾ ਵੇਸ ਆਪ ਕਰਾ, ਏਕੰਕਾਰਾ ਸਮਾਈਆ । ਏਕੰਕਾਰਾ ਨਾਮ ਧਰਾ, ਦੂਜਾ ਬੋਲ ਬੁਝਾਈਆ । ਦੂਜਾ ਬੋਲਾ ਆਪ ਜਣਾ, ਏਕਾ ਸ਼ਬਦ ਸਮਾਈਆ । ਏਕਾ ਸ਼ਬਦ ਆਪ ਅਲ੍ਹਾ, ਦੂਜਾ ਢੋਲ ਵਜਾਈਆ । ਦੂਜਾ ਢੋਲਾ ਆਪੇ ਗਾ, ਏਕਾ ਬੂਝ ਬੁਝਾਈਆ । ਏਕਾ ਦੂਜਾ ਭੌ ਮਿਟਾ, ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੱਡੀ ਵਡਿਆਈਆ । ਆਪੇ ਏਕ

੩੦੫
੦੨

ਏਕ ਅਕਾਰਾ, ਏਕਾ ਏਕ ਕਰਾਇੰਦਾ । ਆਪੇ ਦੂਜਾ ਪਸਰ ਪਸਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਆਪੇ ਏਕਾ ਬੰਨੇ ਧਾਰਾ, ਏਕਾ ਧਾਰ ਚਲਾਇੰਦਾ । ਆਪੇ ਖੇਲੇ ਦੋ ਜਹਾਨਾਂ ਖੇਲ ਨਿਆਰਾ, ਖੇਲਣਹਾਰ ਆਪ ਅਖਵਾਇੰਦਾ । ਆਪੇ ਏਕਾ ਏਕ ਕਰ ਅਕਾਰਾ, ਏਕਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਆ ਦੂਆ ਏਕਾ ਏਕਾ ਗੁਣ ਵਖਾਇੰਦਾ । ਏਕਾ ਗੁਣ ਜੋਤੀ ਨੂਰ, ਹਰਿ ਹਰਿ ਆਪ ਵਖਾਇਆ । ਦੂਜਾ ਸ਼ਬਦ ਸਾਚੀ ਤੂਰ, ਏਕਾ ਨਾਦ ਅਲਾਇਆ । ਏਕਾ ਹਰਿ ਸਰਬ ਭਰਪੂਰ, ਸਰਬ ਕਲ ਅਖਵਾਇਆ । ਸ਼ਬਦੀ ਰੰਗ ਚਾੜ੍ਹੇ ਗੂੜ੍ਹ, ਏਕਾ ਦੂਜਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਉਪਾਇਆ । ਨਿਰਗੁਣ ਨਿਰਗੁਣ ਆਪ ਉਪਾ, ਚਲੇ ਚਾਲ ਨਿਰਾਲਾ । ਜੋਤੀ ਦੀਪਕ ਆਪ ਜਗਾ, ਹਰ ਘਟ ਹੋਏ ਸ਼ਬਦ ਗੋਪਾਲਾ । ਆਪਣਾ ਖੇਲ ਆਪ ਖਿਲਾ, ਚਲੇ ਚਾਲ ਨਿਰਾਲਾ । ਦੀਪਕ ਜੋਤੀ ਆਪ ਜਗਾ, ਹਰ ਘਟ ਹੋਏ ਸ਼ਬਦ ਗੋਪਾਲਾ । ਪੰਚਮ ਮੇਲਾ ਸਹਿਜ ਸੁਭਾ, ਧੁਨ ਅਨਾਦੀ ਏਕਾ ਤਾਲਾ । ਬ੍ਰਹਿਮਾਦੀ ਹਰਿ ਖੋਜ ਖੁਜਾ, ਦੱਸੇ ਰਾਹ ਸੁਖਾਲਾ । ਆਦਿ ਜੁਗਾਦੀ ਆਪੇ ਚਲੇ ਆਪਣੀ ਚਾਲਾ, ਵੇਖੇ ਧਰਮ ਸੱਚੀ ਧਰਮਸਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਆਪਣੀ ਚਾਲਾ । ਪੰਚਮ ਮੇਲਾ ਪੰਚਮ ਚੇਲਾ, ਪੰਚਮ ਰੂਪ ਵਟਾਇਆ । ਪੰਚਮ ਖੇਲ ਆਪਣਾ ਖੇਲਾ, ਖੇਲਣਹਾਰ ਅਖਵਾਇਆ । ਪੰਚਮ ਹੋਇਆ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇਆ । ਪੰਚਮ ਜਾਣੇ ਆਪਣਾ ਵੇਲਾ, ਵੇਲਾ ਵਕ਼ਤ ਸੁਹਾਇਆ । ਪੰਚਮ ਵਸੇ ਰੰਗ ਨਵੇਲਾ, ਧਾਮ ਅਵੱਲੜੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦਰ ਇਕ ਸੁਹਾਇਆ । ਪੰਚਮ ਦਰ ਪੰਚਮ ਘਰ, ਪੰਚਮ ਹਰਿ ਹਰਿ ਪਾਇਆ । ਪੰਚਮ ਚੁਕੇ ਦੂਜਾ ਡਰ, ਪੰਚਮ ਭੌ ਮਿਟਾਇਆ । ਪੰਚਮ ਨਹਾਤਾ ਏਕਾ ਸਰ, ਪੰਚਮ ਮੈਲ ਗਵਾਇਆ । ਪੰਚਮ ਪੌੜੇ ਸਾਚੇ ਚੜ੍ਹ, ਪੰਚਮ ਦਰ ਸੁਹਾਇਆ । ਪੰਚਮ ਤੋੜ ਹੰਕਾਰੀ ਗੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਪੰਚਮ ਵੇਖ ਵਖਾਇਆ । ਪੰਚਮ ਪਾਇਆ ਆਦਿ ਨਿਰੰਜਣ, ਪੰਚਮ ਮੇਲ ਮਿਲਾਇੰਦਾ । ਪੰਚਮ ਮੇਲਾ ਦਰਦ ਦੁੱਖ ਭੈ ਭੰਜਨ, ਪੰਚਮ ਸੰਗ ਨਿਭਾਇੰਦਾ । ਪੰਚਮ ਚਰਨ ਧੂੜ ਕਰਾਏ ਸਾਚਾ ਮਜਨ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਪੰਚਮ ਆਇਆ ਪੜਦੇ ਕੱਜਣ, ਪੰਚਮ ਪੜਦਾ ਪਾਇੰਦਾ । ਪੰਚਮ ਨਗਾਰੇ ਘਰ ਪੰਚਮ ਵੱਜਣ, ਪੰਚਮ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਵੇਖੇ ਦਰ, ਪੰਚਮ ਦਰ ਸੁਹਾਇੰਦਾ । ਪੰਚਮ ਦਰ ਹਰਿ ਸੁਹੰਜਣਾ, ਵਡ ਵੱਡੀ ਵਡਿਆਈਆ । ਜਗੇ ਜੋਤ ਆਦਿ ਨਿਰੰਜਣਾ, ਆਠ ਪਹਿਰ ਰੁਸ਼ਨਾਈਆ । ਨਾ ਕੋਈ ਦੂਸਰ ਦਿਸੇ ਹੋਰ ਸੱਜਣਾ, ਨਾ ਕੋ ਬਣਤ ਬਣਾਈਆ । ਨਾ ਘੜਿਆ ਨਾ ਭੱਜਣਾ, ਨਾ ਕੋਈ ਮੇਟ ਮਿਟਾਈਆ । ਨਾ ਕੋਈ ਨਗਾਰਾ ਵੱਜਣਾ, ਸੁਰ ਤਾਲ ਨਾ ਕੋਈ ਰਖਾਈਆ । ਆਪ ਆਪਣੇ ਦਵਾਰੇ ਬਹਿ ਬਹਿ ਹਰਿ ਆਪੇ ਸਜਣਾ, ਹਰਿ ਵਡ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਥਾਉਂ ਥਾਈਂਆ । ਪੰਚਮ ਮੇਲਾ ਅਗੰਮ ਅਥਾਹ, ਬੇਪਰਵਾਹ ਸਮਾਇਆ । ਪੰਚਮ ਮੇਲਾ ਸਹਿਜ ਸੁਭਾ, ਪੰਚਮ ਲਏ ਜਗਾਇਆ । ਪੰਚਮ ਉਠਾਏ ਫੜ ਫੜ ਬਾਂਹ, ਪੰਚਮ ਨਾਮ ਧਿਆਇਆ । ਪੰਚਮ ਪਿਤਾ ਆਪੇ ਮਾਂ, ਪਿਤਾ ਪੂਤ ਆਪ ਅਖਵਾਇਆ । ਪੰਚਮ ਦੇਵੇ ਠੰਡੀ ਛਾਂ, ਸਿਰ ਪੰਚਮ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਮੇਲ ਮਿਲਾਇਆ । ਪੰਚਮ ਮੇਲਾ ਸਚ ਦਰਗਾਹ,

੩੦੬ ੦੭

ਸਾਚਾ ਆਪ ਕਰਾਇੰਦਾ । ਏਕੰਕਾਰਾ ਬਣ ਮਲਾਹ, ਬੇੜਾ ਪਾਰ ਕਰਾਇੰਦਾ । ਦੂਜੀ ਦੇਵੇ ਸ਼ਬਦ ਸਲਾਹ, ਸਤਿਗੁਰ ਪੂਰਾ ਦਇਆ ਕਮਾਇੰਦਾ । ਪੰਚਮ ਜਪਾਏ ਏਕਾ ਨਾਂ, ਅੱਖਰ ਵੱਖਰ ਆਪ ਪੜ੍ਹਾਇੰਦਾ । ਨਿਰਗੁਣ ਦਇਆ ਰਿਹਾ ਕਮਾ, ਦਇਆਨਿਧ ਆਪ ਅਖਵਾਇੰਦਾ । ਵੇਦ ਕਤੇਬ ਕੋਈ ਜਾਣੇ ਨਾ, ਲੇਖਾ ਲਿਖਤ ਵਿਚ ਨਾ ਆਇੰਦਾ । ਸਾਧ ਸੰਤ ਕੋਈ ਪਛਾਣੇ ਨਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਆਦਿ ਅੰਤ ਕੋਈ ਜਾਣੇ ਨਾ, ਜਾਨਣਹਾਰ ਨਾ ਕੋਈ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਮੇਲ ਦਰ, ਪੰਚਮ ਵੇਖ ਵਖਾਇੰਦਾ । ਪੰਚਮ ਮੁਖ ਪੰਚਮ ਤਾਜਾ, ਪੰਚਮ ਜੋਤ ਜਗਾਈਆ । ਪੰਚਮ ਹਰਿ ਗਰੀਬ ਨਿਵਾਜ਼ਾ, ਪੰਜਮ ਵੇਖ ਵਖਾਈਆ । ਪੰਚਮ ਰੱਖਣਹਾਰਾ ਲਾਜਾ, ਪੰਚਮ ਮੋਹ ਚੁਕਾਈਆ । ਪੰਚਮ ਦੇਵੇ ਅਸਵ ਤਾਜਾ, ਸ਼ਬਦ ਘੋੜਾ ਜੋੜ ਜੁੜਾਈਆ । ਪੰਚਮ ਮਾਰੇ ਏਕਾ ਵਾਜਾ, ਪੰਚਮ ਧੁਨ ਅਲਾਹੀਆ । ਪੰਚਮ ਵਜਾਏ ਸਚ ਰਬਾਬਾ, ਨਾਨਕ ਨਿਰਗੁਣ ਗਾਈਆ । ਪੰਚਮ ਬੌਹੜੇ ਮੱਕਾ ਕਾਅਬਾ, ਪੰਚਮ ਵਡ ਵਡਿਆਈਆ । ਪੰਚਮ ਮੇਲ ਮਿਲਾਏ ਦੋ ਦੋ ਆਬਾ, ਪੰਚਮ ਬੇਪਰਵਾਹੀਆ । ਪੰਚਮ ਦੇਵੇ ਚਰਨ ਰਕਾਬਾ, ਦੋ ਜਹਾਨਾਂ ਫੇਰਾ ਪਾਈਆ । ਪੰਚਮ ਮੁਖ ਰਖਾਏ ਨਕਾਬਾ, ਨਾ ਕੋਈ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਮੇਲ ਕਰ, ਪੰਚਮ ਵੇਖ ਵਖਾਈਆ । ਪੰਚਮ ਹਰਿ ਰਾਜਨ ਰਾਜਾ, ਰਾਜ ਜੋਗ ਅਖਵਾਇੰਦਾ । ਪੰਚਮ ਪੰਚਮ ਸਾਜਨ ਸਾਜਾ, ਪੰਚਮ ਭੋਗ ਭੁਗਾਇੰਦਾ । ਪੰਚਮ ਦੇਵੇ ਸਾਚਾ ਦਾਜਾ, ਪੰਚਮ ਮੂਲ ਚੁਕਾਇੰਦਾ । ਪੰਚਮ ਸਵਾਰੇ ਆਪੇ ਕਾਜਾ, ਪੰਚਮ ਪੂਰ ਕਰਾਇੰਦਾ । ਪੰਚਮ ਵੇਖੇ ਦੇਸ ਮਾਝਾ, ਕਲਜੁਗ ਅੰਤਮ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵਣਹਾਰਾ ਵਰ, ਦਰ ਦੂਜਾ ਵੇਖੇ ਸਾਚਾ ਘਰ, ਪੰਚਮ ਚੁੱਕੇ ਜਗਤ ਡਰ, ਏਕਾ ਘਰ ਸੁਹਾਇੰਦਾ । ਏਕਾ ਦਰ ਏਕਾ ਦਾਤਾ, ਜੁਗ ਜੁਗ ਆਪ ਅਖਵਾਇਆ । ਦੂਜੀ ਦੇਵੇ ਭਗਤ ਸੁਗਾਤਾ, ਰਾਮ ਨਾਮਾ ਝੋਲੀ ਪਾਇਆ । ਮੇਟ ਮਿਟਾਏ ਜ਼ਾਤਾ ਪਾਤਾ, ਊਚ ਨੀਚ ਨਾ ਕੋਈ ਰਖਾਇਆ । ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਗੁਰ ਗੋਬਿੰਦ ਸੇਵਾ ਲਾਇਆ । ਅੰਦਰ ਮੰਦਰ ਬਹਿ ਬਹਿ ਮਾਰੇ ਝਾਤਾ, ਦਿਸ ਕਿਸੇ ਨਾ ਆਇਆ । ਅੱਠੇ ਪਹਿਰ ਇਕ ਅਕਾਂਤਾ, ਅਕਲ ਕਲਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਇਕ ਅਕਾਲ ਇਕ ਦਿਆਲ, ਏਕਾ ਰੂਪ ਸਮਾਇਆ । ਦੂਜਾ ਵੱਜੇ ਸਾਚਾ ਤਾਲ, ਸ਼ਬਦੀ ਨਾਦ ਰਖਾਇਆ । ਪੰਚਮ ਘਾਲ ਰਹੇ ਘਾਲ, ਸੇਵਕ ਸੇਵ ਕਮਾਇਆ । ਫਲ ਲਗਾਏ ਆਤਮ ਡਾਲ੍ਹ, ਵੇਖਣਹਾਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਹੋਏ ਸਹਾਇਆ । ਜੋਤੀ ਨੂਰ ਹਰਿ ਨਿਰੰਕਾਰ, ਆਪਣੀ ਧਾਰ ਬੰਧਾਈਆ । ਗੋਬਿੰਦ ਵੇਸ ਕਰ ਅਪਾਰ, ਪੂਤ ਸਪੂਤਾ ਨਾਉਂ ਧਰਾਈਆ । ਆਪੇ ਬੈਠਾ ਅਧਵਿਚਕਾਰ, ਦੋ ਜਹਾਨਾਂ ਵੇਖ ਵਖਾਈਆ । ਕਰਤਾ ਪੁਰਖ ਕਰਨੇਹਾਰ, ਅਗੰਮ ਅਗੰਮੜੀ ਕਾਰ ਕਰਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਖੇਲ ਰਚਾਈਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਅੰਤਮ ਪਾਵੇ ਸਾਰ, ਜਨ ਭਗਤਾਂ ਲਏ ਤਰਾਈਆ । ਏਕਾ ਦੂਜਾ ਭੌ ਨਿਵਾਰ, ਏਕਾ ਰੰਗ ਰੰਗਾਈਆ । ਪੰਚਮ ਸੋਹੇ ਦਰ ਦਰਬਾਰ, ਪੰਚਮ ਵੇਖ ਵਖਾਈਆ । ਪੰਚਮ ਵਖਾਏ ਸਚ ਨਿਸ਼ਾਨ, ਪੰਚਮ ਰਿਹਾ ਉਠਾਈਆ । ਪੰਚਮ ਜੋਧਾ ਸੂਰਬੀਰ ਬਲੀ ਬਲਵਾਨ, ਪੰਚਮ ਖੰਡਾ ਰਿਹਾ ਚਮਕਾਈਆ । ਪੰਚਮ ਪਾਏ ਏਕਾ ਆਣ, ਬ੍ਰਹਿਮੰਡਾਂ

੩੦੭
੦੭

ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖ ਵਖਾਈਆ । ਪੰਚਮ ਘਰ ਦਰ ਪਰਵਾਨਾ, ਗੋਬਿੰਦ ਖ਼ੁਸ਼ੀ ਮਨਾਈਆ । ਤੇਰਾ ਰੂਪ ਸ੍ਰੀ ਭਗਵਾਨਾ, ਤੇਰੇ ਵਿਚ ਸਮਾਈਆ । ਤੇਰਾ ਨਾਮ ਧੁਰ ਫ਼ਰਮਾਣਾ, ਜੁਗ ਜੁਗ ਵੱਡੀ ਵਡਿਆਈਆ । ਅਕਾਲ ਮੂਰਤ ਨਾ ਕਰੇ ਕੋਈ ਪਛਾਨਾ, ਰੂਪ ਰੇਖ ਨਾ ਕੋਈ ਵਖਾਈਆ । ਤੇਰਾ ਨਾਦ ਧੁਨ ਤਰਾਨਾ, ਅਨਾਦੀ ਰਾਗ ਅਲ੍ਹਾਈਆ । ਆਪ ਆਪਣਾ ਕਰ ਕੁਰਬਾਨਾ, ਤੇਰਾ ਤੇਰੀ ਝੋਲੀ ਪਾਈਆ । ਤੇਰਾ ਲੇਖਾ ਧੁਰ ਫ਼ਰਮਾਣਾ, ਸੇਵਕ ਸੇਵ ਕਮਾਈਆ । ਪਾਰਬ੍ਰਹਮ ਪ੍ਰਭ ਬੱਧਾ ਗਾਨਾ, ਸਾਚਾ ਸਗਨ ਮਨਾਈਆ । ਏਕਾ ਖੰਡਾ ਨਾਮ ਖਿਚ ਮਿਆਨਾ, ਗਾਤਰੇ ਤਨ ਆਪ ਪਹਿਨਾਈਆ । ਦਿਸ ਨਾ ਆਏ ਦੋ ਜਹਾਨਾਂ, ਲੋਆਂ ਪੁਰੀਆਂ ਨਾ ਵੇਖ ਵਖਾਈਆ । ਨਾ ਕੋਈ ਜਾਣੇ ਜੀਵ ਨਿਧਾਨਾ, ਲੱਖ ਚੁਰਾਸੀ ਭੇਵ ਨਾ ਰਾਈਆ । ਨਾ ਕੋਈ ਲਿਖੇ ਲੇਖ ਕਤੇਬ ਪੁਰਾਨਾ, ਰਸਨਾ ਜਿਹਵਾ ਨਾ ਗੁਣ ਗਾਈਆ । ਆਪਣਾ ਲੇਖਾ ਆਪ ਪਛਾਨਾ, ਗੁਰ ਗੋਬਿੰਦ ਵਡ ਵਡਿਆਈਆ । ਪੁਰਖ ਅਬਿਨਾਸ਼ੀ ਤੇਰਾ ਭਾਣਾ, ਤੇਰੇ ਭਾਣੇ ਸਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਆਪ ਆਪਣੀ ਦਇਆ ਕਮਾ, ਹਰਿ ਸਾਚੇ ਬੂਝ ਬੁਝਾਈਆ । ਏਕਾ ਰੂਪ ਆਪ ਅਖਵਾ, ਦੂਜੇ ਗਿਆ ਸਮਾਈਆ । ਪੰਚਮ ਜੋਤੀ ਲਏ ਜਗਾ, ਪੰਚਮ ਭੇਟ ਚੜ੍ਹਾਈਆ । ਪੰਚਮ ਮੇਲਾ ਲਏ ਮਿਲਾ, ਪੰਚਮ ਕਰੇ ਜੁਦਾਈਆ । ਪੰਚਮ ਸਖੀਆਂ ਮੰਗਲ ਗਾ, ਪੰਚਮ ਰਾਗ ਅਲਾਈਆ । ਪੰਚਮ ਧੁਨ ਅਨਾਦੀ ਰਿਹਾ ਵਜਾ, ਆਤਮਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵਣਹਾਰਾ ਵਰ, ਦੂਜੇ ਚੁੱਕੇ ਜਗਤ ਡਰ, ਪੰਚਮ ਵੇਖੇ ਹਰਿ ਰਘੁਰਾਈਆ । ਪੰਚਮ ਵੇਖੇ ਪਦ ਨਿਰਬਾਨਾ, ਪੰਚਮ ਮੇਲ ਮਿਲਾਇਆ । ਪੰਚਮ ਚਲੇ ਹਰਿ ਹਰਿ ਭਾਣਾ, ਪੰਚਮ ਤੇਲ ਚੜ੍ਹਾਇਆ । ਪੰਚਮ ਹੋਇਆ ਜਾਣੀ ਜਾਣਾ, ਪੰਚਮ ਸੱਜਣ ਸੁਹੇਲ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਏਕਾ ਦੂਜਾ ਵੇਖ ਵਖਾਇਆ । ਏਕਾ ਜੋਤੀ ਨੂਰ ਜਗਾ, ਦੂਜਾ ਵੇਸ ਵਟਾਇੰਦਾ । ਗੁਰ ਗੋਬਿੰਦ ਗਿਆ ਸਮਾ, ਸਤਿਗੁਰ ਪੁਰਖ ਅਖਵਾਇੰਦਾ । ਪੰਚਮ ਰੂਪ ਇਕ ਦਰਸਾ, ਏਕਾ ਵੇਖ ਵਖਾਇੰਦਾ । ਬਸਤਰ ਸ਼ਸਤਰ ਗਹਿਣਾ ਪਾ, ਤਨ ਸ਼ੰਗਾਰ ਕਰਾਇੰਦਾ । ਪੰਚਮ ਭਾਣਾ ਸਹਿਣਾ ਰਿਹਾ ਜਣਾ, ਪੰਚਮ ਭੇਵ ਚੁਕਾਇੰਦਾ । ਪੰਚਮ ਲਹਿਣਾ ਦੇਣਾ ਰਿਹਾ ਮੁਕਾ, ਪੰਚਮ ਮੋਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਵੇਖ ਘਰ, ਪੰਚਮ ਸੰਗ ਨਿਭਾਇੰਦਾ । ਪੰਚਮ ਸਾਥ ਸਗਲਾ ਪਾਇਆ, ਗੁਰ ਗੋਬਿੰਦ ਵੱਜੀ ਵਧਾਈਆ । ਆਪ ਆਪਣਾ ਸੀਸ ਝੁਕਾਇਆ, ਹਰਿ ਵਡ ਵੱਡੀ ਵਡਿਆਈਆ । ਤੇਰਾ ਰੂਪ ਤੇਰੀ ਕੁਦਰਤ ਤੇਰੇ ਅੰਦਰ ਨਜ਼ਰੀ ਆਇਆ, ਨਾ ਕੋਈ ਦੂਸਰ ਵੇਖ ਵਖਾਈਆ । ਆਸਾ ਪੂਰਤ ਮੇਲ ਮਿਲਾਇਆ, ਮਮਤਾ ਮੋਹ ਚੁਕਾਈਆ । ਸਗਲਾ ਸੰਗ ਦਏ ਨਿਭਾਇਆ, ਸੀਸ ਤਾਜ ਟਿਕਾਈਆ । ਅੰਗੀ ਕਾਰ ਅੰਗ ਲਗਾਇਆ, ਵਡ ਵੱਡੀ ਵਡਿਆਈਆ । ਧਰਤ ਮਾਤ ਪਲੰਘ ਵਿਛਾਇਆ, ਕੇਸ ਗੜ੍ਹ ਰੁੱਤ ਸੁਹਾਈਆ । ਆਪ ਆਪਣਾ ਮੰਗ ਮੰਗਾਇਆ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਾਚੇ ਦਰ, ਏਕਾ ਜੋਤੀ ਮਿਲੇ ਹਰਿ, ਦੂਜੇ ਸ਼ਬਦ ਵੱਜੇ ਵਧਾਈਆ । ਏਕਾ ਜੋਤੀ ਸਗਨ ਮਨਾਏ, ਦੂਜਾ ਸ਼ਬਦ ਗਾਏ ਗੀਤ ਅਨਾਦਾ । ਪੰਚਮ ਮੇਲਾ ਮੇਲ ਮਿਲਾਏ, ਖੇਲੇ ਖੇਲ ਵਿਚ ਬ੍ਰਹਿਮਾਦਾ । ਏਕ ਭਿਛਿਆ ਝੋਲੀ ਪਾਏ, ਪਾਰਬ੍ਰਹਮ ਆਦਿ ਜੁਗਾਦਾ । ਜਗਤ ਰਿਛਿਆ

ਲੋਕਮਾਤ ਕਰਾਏ, ਧੁਰਦਰਗਾਹੀ ਦੇਵੇ ਸਾਚੀ ਦਾਦਾ । ਨਾਮ ਖੰਡਾ ਇਕ ਵਖਾਏ, ਜਗਤ ਨੇਤਰ ਦਿਸ ਨਾ ਆਏ, ਗੁਰਮੁਖ ਵਿਰਲੇ ਲਾਧਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਦਿਤਾ ਏਕਾ ਵਰ, ਪੂਤ ਸਪੂਤਾ ਸੋਹਿਆ ਦਰ, ਮੇਲ ਮਿਲਾਇਆ ਮਾਧਵ ਮਾਧਾ । ਏਕਾ ਵਸਤ ਝੋਲੀ ਪਾ, ਏਕਾ ਰਾਗ ਸੁਣਾਇਆ । ਦੂਜਾ ਸ਼ਬਦ ਰਿਹਾ ਜਣਾ, ਸ਼ਬਦੀ ਸ਼ਬਦ ਉਪਾਇਆ । ਪੰਚਮ ਬਸਤਰ ਤਨ ਛੁਹਾ, ਏਕਾ ਰੰਗ ਰੰਗਾਇਆ । ਏਕਾ ਅੰਮ੍ਰਿਤ ਜਾਮ ਪਿਆ, ਏਕਾ ਧਾਰ ਵਹਾਇਆ । ਏਕਾ ਸਰ ਸਰੋਵਰ ਦਏ ਨੁਹਾ, ਅਠਸਠ ਤੀਰਥ ਮੂਲ ਚੁਕਾਇਆ । ਜਗਤ ਦਵਾਰੀ ਘੇਰਾ ਪਾ, ਗੁਰ ਗੋਬਿੰਦ ਪੜਦਾ ਪਾਇਆ । ਹੇਰਾ ਫੇਰੀ ਕਰ ਕਰ ਗਿਆ ਭੁਲਾ, ਭੇਵ ਕਿਸੇ ਨਾ ਆਇਆ । ਪੰਚਮ ਲੇਖਾ ਆਪਣੀ ਹੱਥੀ ਆਪ ਲਿਖਾ, ਦੋ ਅੱਖਰ ਮੁਖ ਰਖਾਇਆ । ਸੋ ਪੁਰਖ ਨਿਰੰਜਣ ਅੰਤਮ ਹੋਏ ਸਹਾ, ਸਤਿਗੁਰ ਰੂਪ ਵਟਾਇਆ । ਹੰ ਹੰਗਤਾ ਦਏ ਮਿਟਾ, ਹਾ ਹਾ ਹਰਿ ਹਰਿ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੂਲ ਚੁਕਾਇਆ । ਗੁਰ ਗੋਬਿੰਦਾ ਅੰਦਰ ਵੜ, ਵੇਖੇ ਹਰਿ ਹਰਿ ਭਾਣਾ । ਸਚ ਮਹੱਲੇ ਉਪਰ ਚੜ੍ਹ, ਮਿਲਿਆ ਮੇਲ ਸ਼ਾਹ ਸੁਲਤਾਨਾ । ਨਾ ਕੋਈ ਸੀਸ ਨਾ ਕੋਈ ਧੜ, ਸਾਚੇ ਤਖ਼ਤ ਆਪ ਸੁਹਾਨਾ । ਦੂਸਰ ਦਰ ਨਾ ਕੋਈ ਰਿਹਾ ਖੜ, ਇਕ ਅਕੱਲਾ ਸ੍ਰੀ ਭਗਵਾਨਾ । ਨਾ ਕੋਈ ਅੱਖਰ ਰਿਹਾ ਪੜ੍ਹ, ਨਾ ਕੋਈ ਹੋਏ ਕੁਰਬਾਨਾ । ਗੁਰ ਗੋਬਿੰਦ ਸਰਨੀ ਗਿਆ ਪੜ, ਪਾਰਬ੍ਰਹਮ ਹੋਏ ਮਿਹਰਵਾਨਾ । ਲੋਕਮਾਤ ਲਗਾਈ ਤੇਰੀ ਜੜ੍ਹ, ਤੇਰਾ ਮੇਰਾ ਰੂਪ ਵਟਾਨਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਨਾ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ ਮਾਸ ਨਾ ਮੁਖ ਲਗਾਨਾ । ਅੰਮ੍ਰਿਤ ਆਤਮ ਹੰਕਾਰੀ ਤੋੜੇ ਗੜ੍ਹ, ਸ਼ਬਦ ਸ਼ਬਦੀ ਬਖ਼ਸ਼ੇ ਸਚ ਕ੍ਰਿਪਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਵੇਖ ਘਰ, ਪੰਚਮ ਦੇਵੇ ਸਾਚਾ ਦਾਨਾ । ਪੰਚਮ ਦਾਨਾ ਹਰਿ ਘਰ ਪਾਇਆ, ਗੋਬਿੰਦ ਵਡ ਵਡਿਆਈਆ । ਪੱਪਾ ਪੁਰਖ ਸੁਲਤਾਨਾ ਇਕ ਧਿਆਇਆ, ਅਕਾਲ ਪੁਰਖ ਮਨਾਈਆ । ਓਤੇ ਟਿੱਪੀ ਇਕ ਬੰਧਾਇਆ, ਹੰਗਤਾ ਬੰਦ ਕਰਾਈਆ । ਥੱਥਾ ਥਿਤ ਵਾਰ ਇਕ ਰਖਾਇਆ, ਸਾਚੀ ਰੁੱਤ ਸੁਹਾਈਆ । ਵਾਵਾ ਵਿਸ਼ਨੂੰ ਰੂਪ ਵਟਾਇਆ, ਸਿਹਾਰੀ ਕਰੇ ਕੁੜਮਾਈਆ । ਸ਼ੱਸਾ ਸ਼ੰਕਰ ਗਲੋ ਲਾਹਿਆ, ਭੋਲੇ ਨਾਥ ਨਾ ਕੋਈ ਸਹਾਈਆ । ਨੱਨਾ ਨਿਰਗੁਣ ਖੇਲ ਕਰਾਇਆ, ਦੋਏ ਔਂਕੜ ਵੇਖ ਵਖਾਈਆ । ਦੋ ਜਹਾਨੀ ਫੇਰਾ ਪਾਇਆ, ਹਰਿ ਵਡ ਵੱਡੀ ਵਡਿਆਈਆ । ਵਾਵਾ ਵੇਲਾ ਅੰਤਮ ਆਇਆ, ਹਰਿ ਸਾਚੀ ਜੋਤ ਕਰੇ ਰੁਸ਼ਨਾਈਆ । ਸੱਸਾ ਸਤਿਗੁਰ ਪੂਰਾ ਪਾਇਆ, ਪੂਰਨ ਬ੍ਰਹਮ ਜਣਾਈਆ । ਐੜਾ ਕੰਨਾ ਇਕ ਵਖਾਇਆ, ਖਾਲਸਾ ਖਾਲਸ ਭੇਵ ਨਾ ਰਾਈਆ । ਖੱਖਾ ਖੇਲ ਰਿਹਾ ਕਰਾਇਆ, ਕਲਜੁਗ ਵੱਡੀ ਵਡਿਆਈਆ । ਵਿਸਾਖ ਦਿਹਾੜਾ ਇਕ ਮਨਾਇਆ, ਗੁਰ ਗੋਬਿੰਦ ਢਹਿ ਪਿਆ ਸਰਨਾਈਆ । ਪਹਿਲਾ ਪੌੜਾ ਮਾਤ ਲਗਾਇਆ, ਨਾ ਕੋਈ ਵੇਖ ਵਖਾਈਆ । ਧੁਰਦਰਗਾਹੀ ਆਇਆ ਦੌੜਾ, ਜੋਤੀ ਜੋਤ ਕਰੇ ਰੁਸ਼ਨਾਈਆ । ਵੇਖੇ ਪਰਖੇ ਮਿਠਾ ਕੌੜਾ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸਿਖਿਆ ਪਾਈ ਭਿਛਿਆ ਗੁਰ ਗੋਬਿੰਦੇ ਲੇਖਾ ਲਿਖਿਆ ਨਾ ਕੋਈ ਮੇਟ ਮਿਟਾਈਆ । ਲਿਖਿਆ ਲੇਖ ਹਰਿ ਗੋਬਿੰਦ, ਹਰਿ ਹਰਿ ਧੁਰ ਫ਼ਰਮਾਣਾ । ਸ੍ਰਿਸ਼ਟ ਸਬਾਈ ਮੇਟੇ ਚਿੰਦ, ਭੇਵ ਚੁਕਾਏ ਰਾਜਾ ਰਾਣਾ । ਗਹਿਰ ਗੰਭੀਰ ਗਵਰ ਸਾਗਰ ਸਿੰਧ, ਜਲ ਨੀਰ ਨਾ ਕੋਈ ਬੁਝਾਨਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਪ ਉਪਜਾਏ ਆਪਣੀ ਬਿੰਦ, ਆਪ ਆਪਣਾ ਨਾਉਂ ਧਰਾਨਾ । ਆਪਣਾ ਲੇਖ ਆਪ ਲਿਖਾ, ਆਪਣੀ ਕਲ ਵਰਤਾਈਆ । ਮੂੰਡ ਮੁੰਡਾਏ ਵੇਸ ਵਟਾ, ਰੂਪ ਅਨੂਪ ਸਮਾਈਆ । ਕੇਸਾਧਾਰੀ ਬਣਤ ਬਣਾ, ਕੇਸ ਗੜ੍ਹ ਸੁਹਾਈਆ । ਗਰੀਬ ਨਿਮਾਣੇ ਗਲੇ ਲਗਾ, ਚਾਰ ਵਰਨ ਸਰਨਾਈਆ । ਏਕਾ ਅੱਖਰ ਰਿਹਾ ਜਣਾ, ਦੂਜਾ ਭੌ ਚੁਕਾਈਆ । ਗ਼ਰੀਬ ਨਿਮਾਣੇ ਗਲੇ ਲਗਾ, ਚਾਰ ਵਰਨ ਸਰਨਾਈਆ । ਅਕਾਲ ਪੁਰਖ ਪ੍ਰਭ ਲੈਣਾ ਮਨਾ, ਨਾ ਦੂਸਰ ਸਿਰ ਝੁਕਾਈਆ । ਵੇਲੇ ਅੰਤਮ ਹੋਏ ਸਹਾ, ਹਰਿ ਵਡ ਵੱਡੀ ਵਡਿਆਈਆ । ਆਵੇ ਜਾਵੇ ਵੇਸ ਵਟਾ, ਵੇਸ ਅਨੇਕਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਾਚੇ ਘਰ, ਘਰ ਸਚ ਵੱਜੀ ਵਧਾਈਆ । ਪੰਚਮ ਮੰਗਲ ਸਾਚਾ ਗਾਇਆ, ਏਕਾ ਹਰਿ ਲਿਵ ਲਾਈਆ । ਦੂਜਾ ਗੁਰ ਮੇਲ ਮਿਲਾਇਆ, ਕੁਦਰਤ ਰੂਪ ਵਟਾਈਆ । ਏਕਾ ਅੱਖਰ ਜਾਪ ਜਪਾਇਆ, ਨਿਰਗੁਣ ਸੱਚੀ ਸਰਨਾਈਆ । ਸਤਿਗੁਰ ਪੂਰਾ ਹੋਏ ਸਹਾਇਆ, ਆਵੇ ਜਾਵੇ ਨਾ ਮਰੇ ਨਾ ਜਾਈਆ । ਰਸਨਾ ਜਿਹਵਾ ਜੋ ਜਨ ਧਿਆਵੇ, ਦਿਵਸ ਰੈਣ ਵੇਖ ਵਖਾਈਆ । ਪਰਮਾਨੰਦ ਗੁਰਸਿਖ ਸਮਾਵੇ, ਨਿਜਾਨੰਦ ਦਰਸਾਈਆ । ਜੋਤੀ ਜੋਤ ਜੋਤ ਉਪਾਵੇ, ਜਾਗਰਤ ਜੋਤ ਵਖਾਈਆ । ਸਾਚਾ ਸਿਖ ਸਿਖ ਮੋਹੇ ਭਾਵੇ, ਸਿਖੀ ਸਿਖਿਆ ਇਕ ਸਿਖਾਈਆ । ਲੇਖਾ ਲਿਖਿਆ ਨਾ ਕੋਈ ਮਿਟਾਵੇ, ਲਿਖਣਹਾਰ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਸਾਚਾ ਵਰ, ਸ਼ਬਦ ਸ਼ਬਦੀ ਕਰੇ ਜਣਾਈਆ । ਗੁਰ ਗੋਬਿੰਦ ਤੇਰਾ ਮੇਲਾ, ਏਕਾ ਏਕੰਕਾਰਿਆ । ਦੂਜੀ ਵੇਰਾ ਬਣੇ ਚੇਲਾ, ਸੋਹੇ ਬੰਕ ਦਵਾਰਿਆ । ਪੰਚਮ ਹੋਏ ਸਖਾ ਸੁਹੇਲਾ, ਅੰਮ੍ਰਿਤ ਆਤਮ ਦੇਵੇ ਠੰਡੀ ਠਾਰਿਆ । ਆਪਣਾ ਖੇਲ ਪਾਰਬ੍ਰਹਮ ਪ੍ਰਭ ਆਪੇ ਖੇਲਾ, ਬਾਹਰ ਵਸੇ ਨੌਂ ਦਵਾਰਿਆ । ਗੁਰਮੁਖਾਂ ਹੋਏ ਸੱਜਣ ਸੁਹੇਲਾ, ਸ਼ਬਦੀ ਸ਼ਬਦ ਕਰੇ ਪਿਆਰਿਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਸਾਚੀ ਸੇਵਾ ਆਪ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਨਿਸ਼ਾਨਾ ਧੁਰ ਫ਼ਰਮਾਣਾ, ਗੁਰ ਗੋਬਿੰਦ ਆਪ ਜਣਾ ਰਿਹਾ । ਗੁਰ ਗੋਬਿੰਦ ਸੁਣ ਧੁਰ ਫ਼ਰਮਾਣਾ, ਦੋਏ ਜੋੜ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤੇਰਾ ਰੂਪ ਮਹਾਨਾ, ਲੇਖਾ ਲੇਖ ਨਾ ਕੋਈ ਲਿਖਾਇਆ । ਆਦਿ ਜੁਗਾਦੀ ਤੇਰਾ ਭਾਣਾ, ਮੋਹੇ ਮਸਤਕ ਮੰਗ ਲਗਾਇਆ । ਸਤਿ ਸਰੂਪੀ ਬੱਧਾ ਗਾਨਾ, ਸਤਿ ਸੰਤੋਖ ਸਮਾਇਆ । ਆਵਣ ਜਾਵਣ ਤੇਰੇ ਨਾਲਾ, ਤੇਰਾ ਸੰਗ ਰਖਾਇਆ । ਨੇੜ ਨਾ ਆਏ ਕਾਲ ਮਹਾਂਕਾਲਾ, ਕਿਸ਼ਨ ਬਿਸ਼ਨ ਨਾ ਕੋਈ ਧਿਆਇਆ । ਨਾ ਕੋਈ ਹਵਨ ਜੋਤ ਜਵਾਲਾ, ਆਦਿ ਸ਼ਕਤ ਇਕ ਮਨਾਇਆ । ਵਰਨ ਗੋਤ ਨਾ ਕੋਈ ਰਖਵਾਲਾ, ਬਿਨ ਹਰਿ ਤੇਰੇ ਨਾ ਕੋਈ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਲਹਿਣਾ ਲਹਿਣਾ ਝੋਲੀ ਪਾਇਆ । ਅੰਤਮ ਵੇਲਾ ਹਰਿ ਨਿਰੰਕਾਰ, ਆਪਣਾ ਵੇਸ ਵਟਾਏ । ਨਿਹਕਲੰਕਾ ਜਾਮਾ ਧਾਰ, ਜੋਤੀ ਜੋਤ ਜਗਾਏ । ਸ਼ਬਦੀ ਡੰਕਾ ਅਪਰ ਅਪਾਰ, ਆਦਿ ਪੁਰਖ ਵਜਾਏ । ਰਾਓ ਰੰਕਾਂ ਕਰੇ ਖ਼ਬਰਦਾਰ, ਸਾਧ ਸੰਤ ਉਠਾਏ । ਮਾਇਆ ਮਮਤਾ ਮਲੇਸ਼ ਦਰ ਦਏ ਦੁਰਕਾਰ, ਜੂਠ ਝੂਠ ਰਹਿਣ ਨਾ ਪਾਏ । ਗੁਰਮੁਖ ਸਾਚੇ ਕਰ ਪਿਆਰ, ਧਾਰੀ ਕੇਸ ਵੇਖੇ ਮੂੰਡ ਮੁੰਡਾਏ । ਚਾਰ ਵਰਨਾਂ ਇਕ ਪਿਆਰਾ, ਏਕਾ ਦੂਜਾ ਭੌ ਚੁਕਾਏ । ਪੰਚਮ ਮੇਲਾ ਸਚ ਦਰਬਾਰ, ਦਰ ਦਵਾਰਾ ਇਕ ਸੁਹਾਏ । ਆਪ ਆਪਣੀ ਕਿਰਪਾ ਧਾਰ, ਆਪਣੀ ਬਣਤ ਬਣਾਏ । ਨਾਰੀ ਕੰਤ ਇਕ ਪਿਆਰ, ਸਤਿ ਸਰੂਪ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਆਪ ਆਪਣਾ ਵੇਸ ਵਟਾਏ । ਗੁਰ ਗੋਬਿੰਦ ਸੁਣ ਤਰਾਨਾ, ਨੇਤਰ ਰੋ ਰੋ ਨੀਰ ਵਹਾਇਆ । ਪੁਰਖ ਅਬਿਨਾਸ਼ੀ ਤੇਰਾ ਭਾਣਾ, ਤੇਰੇ ਦਰ ਸੁਹਾਇਆ । ਤੇਰਾ ਮੇਰਾ ਆਵਣ ਜਾਣਾ, ਵਿਛੋੜਾ ਘੋੜਾ ਜੋੜਾ ਨਾ ਵੇਖ ਵਖਾਇਆ । ਪੁਰਖ ਅਬਿਨਾਸ਼ੀ ਕਰ ਪਰਵਾਨਾ, ਦੇਵੇ ਮਾਣ ਸਵਾਇਆ । ਤੇਰਾ ਮੰਦਰ ਸਚ ਟਿਕਾਨਾ, ਹਰਿ ਸਾਚਾ ਆਸਣ ਲਾਇਆ । ਸ਼ਬਦ ਸਰੂਪੀ ਬਣੇ ਬਿਬਾਣਾ, ਹਰਿ ਭਗਵਾਨਾ, ਡੇਰਾ ਲਾਇਆ । ਰਾਗ ਅਨਾਦੀ ਇਕ ਤਰਾਨਾ, ਪਾਰਬ੍ਰਹਮ ਸੁਣਾਇਆ । ਆਦਿ ਜੁਗਾਦੀ ਖੇਲੇ ਖੇਲ ਮਹਾਨਾ, ਆਪ ਆਪਣੀ ਕਲ ਵਰਤਾਇਆ । ਕਲਜੁਗ ਜੀਵ ਹੋਏ ਨਿਧਾਨਾ, ਪੰਚ ਤਤ ਹਲਕਾਇਆ । ਮਨ ਮਤ ਕਰੇ ਵੈਰਾਨਾ, ਪੰਜ ਸ਼ੈਤਾਨਾ ਸੰਗ ਰਲਾਇਆ । ਗੁਰ ਦਰ ਮੰਦਰ ਨਾ ਕੋਈ ਵੇਖੇ ਹਰਿ ਭਗਵਾਨਾ, ਬੇਈਮਾਨਾਂ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਵੇਖੇ ਸਾਚਾ ਦਰ ਹਰਿ ਮੰਦਰ ਇਕ ਸੁਹਾਇਆ । ਹਰਿ ਮੰਦਰ ਹਰਿ ਸਚ ਦਵਾਰਾ, ਏਕਾ ਏਕ ਉਪਾਇਆ । ਨੌਂ ਦਵਾਰੇ ਵਸਿਆ ਬਾਹਰਾ, ਪੰਜ ਤਤ ਨਾ ਬਣਤ ਬਣਾਇਆ । ਹੱਡ ਮਾਸ ਨਾੜੀ ਰਤ ਨਾ ਲਾਇਆ ਕੋਈ ਗਾਰਾ, ਰਕਤ ਬੂੰਦ ਨਾ ਕੋਇ ਉਪਾਇਆ । ਮਹੱਲ ਅਟੱਲ ਅਚੱਲ ਉਚ ਮੁਨਾਰਾ, ਪ੍ਰਭ ਸਾਚੇ ਆਪ ਸੁਹਾਇਆ । ਆਪੇ ਬੈਠ ਪਰਵਰਦਿਗਾਰਾ, ਨੂਰ ਅਲਾਹੀ ਵੇਖ ਵਖਾਇਆ । ਮੁਕਾਮੇ ਹੱਕ ਪਾਏ ਸਾਰਾ, ਹੱਕ ਹਕੀਕਤ ਦਏ ਦੁਹਾਇਆ । ਲਾਸ਼ਰੀਕ ਇਕ ਖ਼ੁਦਾਇਆ, ਸ਼ਰਅ ਸ਼ਰਾਇਤ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਸਾਚਾ ਵਰ, ਦਰ ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਸੁਹੌਣਾ, ਹਰਿ ਵੱਡੀ ਵਡਿਆਈਆ । ਜੋਤੀ ਜਾਮਾ ਭੇਖ ਵਟੌਣਾ, ਨਿਹਕਲੰਕਾ ਨਾਉਂ ਰਖਾਈਆ । ਗੁਰ ਗੋਬਿੰਦ ਆਪ ਉਪਜੌਣਾ, ਸ਼ਬਦੀ ਸ਼ਬਦ ਨਾਉਂ ਧਰਾਈਆ । ਕਲਗੀ ਤੋੜਾ ਸੀਸ ਲਗੌਣਾ, ਜੋਤੀ ਜੋੜਾ ਮੇਲ ਮਿਲਾਈਆ । ਚਿੱਟਾ ਅਸਵ ਇਕ ਦੜੌਣਾ, ਨੀਲਾ ਨੀਲੀ ਧਾਰ ਪਾਰ ਕਰਾਈਆ । ਪਾਰਬ੍ਰਹਮ ਪ੍ਰਭ ਫੇਰਾ ਪੌਣਾ, ਲੋਕਮਾਤ ਵੱਜੇ ਵਧਾਈਆ । ਬ੍ਰਹਮਾ ਵੇਤਾ ਆਪ ਉਠੌਣਾ, ਅੱਠੇ ਨੇਤਰ ਦਏ ਖੁਲ੍ਹਾਈਆ । ਸ਼ਿਵ ਸ਼ੰਕਰ ਜਾਗ ਆਪ ਖੁਲ੍ਹੌਣਾ, ਭੋਲੇ ਨਾਥ ਭਰਮ ਗਵਾਈਆ । ਕਰੋੜ ਤੇਤੀਸਾ ਫੜ ਹਿਲੌਣਾ, ਸੁਰਪਤ ਰਾਜਾ ਇੰਦ ਆਪ ਉਠਾਈਆ । ਲੱਖ ਚੁਰਾਸੀ ਆਪ ਜਗੌਣਾ, ਏਕਾ ਡੰਕ ਵਜਾਈਆ । ਰਾਜਾ ਰਾਣਾ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਈ ਰਖਾਈਆ । ਮਾਵਾਂ ਪੁੱਤਰਾਂ ਨਾਤਾ ਜਗਤ ਤੜੌਣਾ, ਕਲਜੁਗ ਵੱਡੀ ਵਡਿਆਈਆ । ਭਾਈਆਂ ਭੈਣਾਂ ਸੰਗ ਰਖੌਣਾ, ਮਸਤਕ ਟਿੱਕਾ ਕਾਲੀ ਸ਼ਾਹੀਆ । ਸਾਚੀ ਸਿਖਿਆ ਨਾ ਕੋਈ ਸਖੌਣਾ, ਮਨਮਤ ਜਗਤ ਪੜ੍ਹਾਈਆ । ਗੁਰਮਤ ਵਿਦਿਆ ਹੱਥ ਨਾ ਔਣਾ, ਸਾਚਾ ਧਰਮ ਨਾ ਕੋਈ ਧਰਾਈਆ । ਗੁਰੂ ਗ੍ਰੰਥ ਘਰ ਘਰ ਵਕੌਣਾ, ਜਗਤ ਹੱਟ ਇਕ ਚਲਾਈਆ । ਸ਼ਬਦ ਖੋਜ ਗੁਰੂ ਕਿਸੇ ਨਾ ਪੌਣਾ, ਗ੍ਰੰਥੀ ਪੰਥੀ ਰਸਨ ਹਲਕਾਈਆ । ਅਕਾਲ ਤਖ਼ਤ ਅਕਾਲ ਪੁਰਖ ਨਾ ਕਿਸੇ ਮਨੌਣਾ, ਅਕਾਲ ਮੂਰਤ ਨਾ ਨਜ਼ਰੀ ਆਈਆ । ਰਾਮਦਾਸ ਸਰ ਸਰੋਵਰ ਕਿਸੇ ਨਾ ਨਹੌਣਾ, ਦੁਰਮਤ ਮੈਲ ਨਾ ਕੋਈ ਗਵਾਈਆ । ਕਲਜੁਗ ਜੀਵਾਂ ਵੇਸਵਾ ਘਰ ਬਣੌਣਾ, ਧੀਆਂ ਭੈਣਾਂ ਪਤ ਗਵਾਈਆ । ਆਪਣਾ ਕੀਤਾ ਅੰਤਮ ਆਪੇ ਪੌਣਾ, ਵੇਖਣਹਾਰ ਸ੍ਰਿਸ਼ਟ ਸਬਾਈਆ । ਲਿਖਿਆ ਲੇਖ ਨਾ ਕਿਸੇ ਮਿਟੌਣਾ, ਗੁਰ ਗੋਬਿੰਦ ਹੁਕਮ ਚਲਾਈਆ । ਆਪਣਾ ਲੇਖਾ ਆਪ ਛੁਪੌਣਾ, ਆਪਣੇ ਹੱਥ ਰੱਖੀ ਵਡਿਆਈਆ । ਅੰਤਮ ਸਰਸੇ ਭੇਟ ਚੜ੍ਹੌਣਾ, ਕਲਜੁਗ ਜੀਵ ਨੇਤਰ ਦਰਸ ਨਾ ਸਕੇ ਪਾਈਆ । ਨਿਹਕਲੰਕ ਪਰਗਟ ਹੋ ਫੇਰ ਲਿਖੌਣਾ, ਗੁਰ ਗੋਬਿੰਦ ਸੇਵਾ ਲਾਈਆ । ਸਾਚਾ ਨਗਰ ਇਕ ਵਸੌਣਾ, ਸੰਬਲ

ਨਾਉਂ ਧਰਾਈਆ । ਸੱਸਾ ਸਤਿਗੁਰ ਇਕ ਰਖੌਣਾ, ਨਾ ਕੋਈ ਦੂਸਰ ਵੇਖ ਵਖਾਈਆ । ਬੱਬਾ ਬੋਧ ਗਿਆਨ ਇਕ ਕਰੌਣਾ, ਅਕਾਲ ਮੂਰਤ ਸੱਚੀ ਸਰਨਾਈਆ । ਲੱਲਾ ਲੇਖ ਫਿਰ ਲਿਖੌਣਾ, ਸਤਿਜੁਗ ਸਾਚੀ ਬਣਤ ਬਣਾਈਆ । ਪੰਚਮ ਮੀਤਾ ਪੰਚਮ ਦਰ ਸੁਹੌਣਾ, ਪੰਚਮ ਰਾਗ ਅਲਾਈਆ । ਏਕਾ ਰੂਪਾ ਦੂਜਾ ਵੇਸ ਵਟੌਣਾ, ਜੋਤੀ ਸ਼ਬਦੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਆਪ ਰਚਾਈਆ । ਅਪਣੀ ਰਚਨ ਆਪ ਰਚਾ, ਆਪਣਾ ਕਰਮ ਕਮਾਇਆ । ਆਪਣਾ ਲੇਖਾ ਆਪ ਲਿਖਾ, ਆਪੇ ਰਿਹਾ ਪੂਰ ਕਰਾਇਆ । ਭਰਮ ਭੁਲੇਖੇ ਜਗਤ ਭੁੱਲਾ, ਭਰਮੀ ਭਰਮ ਭੁਲਾਇਆ । ਧਾਰੀ ਕੇਸਾ ਕੋਈ ਜਾਣੇ ਨਾ, ਗੁਰ ਗੋਬਿੰਦ ਫੇਰਾ ਪਾਇਆ । ਦਸ ਦਸਮੇਸਾ ਆਇਆ ਰੂਪ ਵਟਾ, ਸ਼ਬਦੀ ਸ਼ਬਦ ਸਮਾਇਆ । ਇਕ ਅਦੇਸਾ ਰਿਹਾ ਕਰਾ, ਪਾਰਬ੍ਰਹਮ ਸਰਨਾਇਆ । ਗਣਪਤ ਗਣੇਸ਼ ਨਾ ਕੋਈ ਲਏ ਮਨਾ, ਨਾ ਕੋਈ ਦੂਸਰ ਸੀਸ ਝੁਕਾਇਆ । ਧੁਰ ਸੰਦੇਸਾ ਰਿਹਾ ਸੁਣਾ, ਏਕਾ ਜਾਪ ਜਪਾਇਆ । ਬ੍ਰਹਮਾ ਵਿਸ਼ਨ ਮਹੇਸ਼ਾ ਦਏ ਮਿਟਾ, ਆਪ ਆਪਣਾ ਲੇਖਾ ਪੂਰ ਕਰਾਇਆ । ਦਰ ਦਰਵੇਸ਼ਾ ਏਕਾ ਅਲਖ ਰਿਹਾ ਜਗਾ, ਅਲਖ ਨਿਰੰਜਣ ਆਪ ਅਖਵਾਇਆ । ਏਕਾ ਭਿਛਿਆ ਰਿਹਾ ਪਾ, ਏਕਾ ਬ੍ਰਹਮ ਜਣਾਇਆ । ਸਚ ਦਵਾਰਾ ਰਿਹਾ ਸੁਹਾ, ਹਰਿ ਸਾਚੇ ਡੇਰਾ ਲਾਇਆ । ਅਗੰਮ ਅਗੰਮੜਾ ਖੇਲ ਕਰਾ, ਅਗੰਮੜੀ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਵੇਸ ਕਰ, ਹਰਿ ਪੰਚਮ ਰੰਗ ਰੰਗਾਇਆ । ਪੰਚਮ ਰੰਗ ਹਰਿ ਹਰਿ ਰੱਤਾ, ਰਾਗ ਰਤਨ ਉਪਾਇਆ । ਏਕਾ ਸਿਖਿਆ ਏਕਾ ਮਤਾ, ਏਕਾ ਬੂਝ ਬੁਝਾਇਆ । ਏਕਾ ਸਰੂਪ ਏਕਾ ਸਤਾ, ਏਕਾ ਚੇਤਨ ਰਿਹਾ ਕਰਾਇਆ । ਏਕਾ ਜੋਗ ਏਕਾ ਜਤਾ, ਏਕਾ ਧੀਰਜ ਰਿਹਾ ਧਰਾਇਆ । ਏਕਾ ਸਾਧਨ ਏਕਾ ਹੱਠਾ, ਏਕਾ ਤਟ ਰਿਹਾ ਵਖਾਇਆ । ਏਕਾ ਪੂਜਾ ਏਕਾ ਪਾਠਾ, ਏਕਾ ਇਸ਼ਟ ਦੇਵ ਮਨਾਇਆ । ਏਕਾ ਤੀਰਥ ਅਠ ਸਾਠਾ, ਇਕ ਅਸ਼ਨਾਨ ਕਰਾਇਆ । ਏਕਾ ਨਾਮ ਪੱਲੇ ਬੰਨੇ ਗਾਠਾ, ਦੋ ਜਹਾਨਾਂ ਸੰਗ ਰਖਾਇਆ । ਨਾ ਕੋਈ ਫੇਰੇ ਮਾਲਾ ਇਕ ਸੌ ਆਠਾ, ਅੱਠ ਅਠੋਤਰੀ ਨਾ ਕੋਇ ਬਣਾਇਆ । ਸਤਿਗੁਰ ਪੂਰਾ ਪੁਰਖ ਅਕਾਲਾ ਆਪੇ ਤੁਠਾ, ਦੇ ਦਰਸ਼ਨ ਪਾਰ ਕਰਾਇਆ । ਗੁਰਸਿਖ ਗੁਰਮੁਖ ਅੰਤਮ ਕਰੇ ਏਕਾ ਮੁੱਠਾ, ਲੁਕਿਆ ਕੋਈ ਰਹਿਣ ਨਾ ਪਾਇਆ । ਨਾ ਕੋਈ ਦੀਸੇ ਜੂਠਾ ਝੂਠਾ, ਕਲਜੁਗ ਅੰਤਮ ਦਏ ਰੁੜ੍ਹਾਇਆ । ਮਾਇਆ ਰਾਣੀ ਵਖਾਏ ਖਾਲੀ ਠੂਠਾ, ਦਰ ਦਰ ਫਿਰੇ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪ ਵਸਾਇਆ ਸਾਚਾ ਘਰ, ਆਪੇ ਵੇਖਣ ਆਇਆ । ਸਾਚਾ ਘਰ ਹਰਿ ਵਸਾਏ, ਕਲਜੁਗ ਅੰਤ ਨਿਸ਼ਾਨੀ । ਕਲਜੁਗ ਤੇਰੀ ਵੰਡ ਵਡਾਏ, ਸਾਢੇ ਤਿੰਨ ਹੱਥ ਕੁਰਬਾਨੀ । ਭੇਖ ਪਖੰਡਾ ਦਏ ਮਿਟਾਏ, ਮਾਰੇ ਤੀਰ ਨਿਸ਼ਾਨੀ । ਨਾਰ ਦੁਹਾਗਣ ਰੰਡਾ ਨਾ ਕੋਈ ਦਿਸਾਏ, ਨਾ ਕੋਈ ਦੀਸੇ ਜੀਵ ਅਭਿਮਾਨੀ । ਕਲਜੁਗ ਕੰਢਾ ਪਾਰ ਕਰਾਏ, ਹਰਿ ਸ਼ਾਹੋ ਭੂਪ ਸੁਲਤਾਨੀ । ਜੇਰਜ ਅੰਡਾ ਵੇਖ ਵਖਾਏ, ਉਤਭੁਜ ਸੇਤਜ ਕਰੇ ਪਛਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਬਾਣੀ । ਆਪਣਾ ਦਰ ਆਪ ਸੁਹੌਣਾ, ਆਪਣੀ ਬਣਤ ਬਣਾਇੰਦਾ । ਨੌਂ ਦਵਾਰ ਜਗਤ ਵਖੌਣਾ, ਨੌਂ ਦਰ ਵੇਖ ਵਖਾਇੰਦਾ । ਸ਼ਬਦ ਸਿੰਘਾਸਣ ਇਕ ਵਿਛੌਣਾ, ਗੁਰ ਗੋਬਿੰਦ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਸੰਗ ਰਲੌਣਾ, ਨਾ ਕੋਈ ਤੋੜ ਤੁੜਾਇੰਦਾ । ਨੌਂ ਖੰਡ ਪ੍ਰਿਥਮੀ ਆਪ ਹਲੌਣਾ, ਇਕ ਹੁਲਾਰ ਦਵਾਇੰਦਾ । ਮਨਮੁਖ ਜੀਵਾਂ ਆਪ ਭੁਲੌਣਾ, ਮਨਮਤ ਪੜਦਾ ਪਾਇੰਦਾ । ਮਲੇਛ

੩੧੨
੦੨

ਦਰਵੇਸ਼ ਆਪ ਕਰੌਣਾ, ਕਰਨੀ ਕਿਰਤ ਨਾ ਕੋਇ ਕਰਾਇੰਦਾ । ਕਰ ਖਵਾਰ ਫੇਰ ਮਿਲੌਣਾ, ਵੀਹ ਸੌ ਵੀਹ ਬਿਕ੍ਰਮੀ ਰਾਹ ਤਕਾਇੰਦਾ । ਉਨੀ ਉਨੀਸਾ ਖੇਲ ਖਿਲੌਣਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਅੱਠ ਅਠਾਰਾਂ ਧਾਰ ਚਲੌਣਾ, ਧਰਨੀ ਧਰਨ ਧਰਾਇੰਦਾ । ਸਤਿ ਸਤਾਰਾਂ ਹੁਕਮ ਚਲੌਣਾ, ਰਾਜ ਰਾਜਾਨਾਂ ਵੇਖ ਵਖਾਇੰਦਾ । ਸੰਮਤ ਸੋਲਾਂ ਹਰਿ ਸਤਿ ਕਰੌਣਾ, ਭੇਵ ਕੋਈ ਨਾ ਪਾਇੰਦਾ । ਪੰਥ ਖਾਲਸਾ ਦਰ ਦਰ ਰਲੌਣਾ, ਨਾ ਕੋਈ ਕਿਸੇ ਬਚਾਇੰਦਾ । ਸੰਮਤ ਪੰਦਰਾਂ ਲੇਖ ਲਿਖੌਣਾ, ਨਾ ਕੋਈ ਮੇਟ ਮਿਟਾਇੰਦਾ । ਨੌਂ ਦਵਾਰੇ ਧਾਮ ਸੁਹੌਣਾ, ਹਰਿਸੰਗਤ ਮੇਲ ਮਿਲਾਇੰਦਾ । ਦਸਵੇਂ ਜੋਤੀ ਜੋਤ ਜਗੌਣਾ, ਸ਼ਬਦੀ ਸ਼ਬਦ ਗੁਰ ਅਖਵਾਇੰਦਾ । ਦੋ ਪੰਜ ਇਕ ਧਾਮ ਬਹੌਣਾ, ਨੌਂ ਨੌਂ ਲੇਖ ਲਿਖਾਇੰਦਾ । ਨੌਂ ਪੰਜ ਕਰਮ ਕਰੌਣਾ, ਦੋਏ ਧਾਰ ਮਿਟਾਇੰਦਾ । ਦੋਏ ਧਾਰ ਵਕਤ ਸੁਹੌਣਾ, ਪੰਜ ਨੌਂ ਉਠਾਇੰਦਾ । ਪੰਚ ਨੌਂ ਰਚਨ ਰਚੌਣਾ, ਦੋ ਦੋ ਵੇਖ ਵਖਾਇੰਦਾ । ਦੋ ਪੰਜ ਨੌਂ ਸਾਚਾ ਸਗਨ ਮਨੌਣਾ, ਥਿਤ ਵਾਰ ਆਪ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਉਪਾਏ ਹੋਏ ਸਹਾਏ, ਆਪੇ ਵੇਖ ਵਖਾਇੰਦਾ । ਦੋ ਸੌ ਉਨਾਠ ਬਰਸ, ਬਰਸੀ ਬਰਸ ਕਮਾਇਆ । ਪੁਰਖ ਅਬਿਨਾਸ਼ੀ ਕਰ ਤਰਸ, ਜੋਤੀ ਜਾਮਾ ਭੇਖ ਵਟਾਇਆ । ਗੁਰ ਗੋਬਿੰਦ ਮੇਟੀ ਹਰਸ, ਕਲਜੁਗ ਵੇਲਾ ਅੰਤਮ ਆਇਆ । ਪਹਿਲੀ ਵਿਸਾਖ ਵੀਹ ਸੌ ਪੰਦਰਾਂ ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਬਰਸ, ਨਿਝਰ ਧਾਰ ਵਹਾਇਆ । ਵੇਖਣਹਾਰਾ ਅਰਸ ਕੁਰਸ਼, ਨੂਰੋ ਨੂਰ ਸਮਾਇਆ । ਸੁਭਾਗ ਦਿਹਾੜਾ ਹਰਿਸੰਗਤ ਹਰਿ ਪਾਇਆ ਦਰਸ, ਗੁਰ ਗੋਬਿੰਦ ਬੂਟਾ ਲਾਇਆ । ਨਿਰਗੁਣ ਜੋਤ ਲੋਕਮਾਤ ਧਰਤ ਓਤੇ ਆਈ ਫਰਸ਼, ਗੁਰਸਿਖਾਂ ਧੂੜ ਮਸਤਕ ਲਾਇਆ । ਲੌਹਣ ਆਇਆ ਪਿਛਲਾ ਕਰਜ਼, ਦਸ ਦਸਮੇਸ ਵੇਸ ਵਟਾਇਆ । ਹਰਿਸੰਗਤ ਹਰਿ ਕਰੇ ਅਰਜ਼, ਮਨ ਮਤ ਮਰਜ਼ ਰਹਿਣ ਨਾ ਪਾਇਆ । ਏਕਾ ਗੁਰ ਸ਼ਬਦ ਆਦਿ ਜੁਗਾਦੀ ਦੇਵੇ ਧੁਰ ਦੀ ਤਰਜ਼, ਅਨਹਦ ਸੇਵਾ ਲਾਇਆ । ਕਲਜੁਗ ਅੰਤਮ ਆਪਣਾ ਪੂਰਾ ਕਰਨ ਆਇਆ ਫਰਜ਼, ਸੇਵਕ ਸੇਵਾ ਰਿਹਾ ਕਮਾਇਆ । ਸਤਿਗੁਰ ਪੂਰੇ ਰਹੀ ਸਦਾ ਸਦਾ ਇਕ ਗਰਜ਼, ਗੁਰਸਿਖ ਪ੍ਰੇਮ ਭਿਛਿਆ ਦੇਵੇ ਝੋਲੀ ਪਾਇਆ । ਕਲਜੁਗ ਮਾਇਆ ਜੀਵਾਂ ਜੰਤਾਂ ਰਹੀ ਵਰਜ, ਨੌਂ ਦਵਾਰੇ ਕੋਈ ਨਾ ਪਾਰ ਕਰਾਇਆ । ਸਾਧਾਂ ਸੰਤਾਂ ਹੋਏ ਹਰਜ, ਨੇਤਰ ਨੈਣ ਪਾਰਬ੍ਰਹਮ ਨਾ ਦਰਸ਼ਨ ਪਾਇਆ । ਸਤਿਗੁਰ ਪੂਰਾ ਸਦਾ ਸਦਾ ਸ਼ਬਦ ਸਰੂਪੀ ਰਿਹਾ ਗਰਜ਼, ਗੜ੍ਹ ਹੰਕਾਰੀ ਦਏ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਜੋਤੀ ਨੂਰ ਧਰ, ਦੂਜਾ ਸ਼ਬਦ ਲਿਆ ਵਰ, ਪੰਚਮ ਮੇਲਾ ਆਪੇ ਕਰ, ਵੇਖਣਹਾਰਾ ਨੌਂ ਦਵਾਰ, ਦਰ ਦਸਵਾਂ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਮੇਲ ਮਿਲਾਇਆ ।

ਹਰਿ ਸੰਗਤ ਹਰਿ ਪਾਇਆ, ਹਰਿ ਦਰ ਵੱਜੀ ਵਧਾਈਆ । ਹਰਿਸੰਗਤ ਮੰਗਲ ਗਾਇਆ, ਹਰਿ ਹਰਿ ਰੂਪ ਸਮਾਈਆ । ਹਰਿਸੰਗਤ ਹਰਿ ਵੇਖ ਵਖਾਇਆ, ਭਿਨੰਝੀ ਰੈਣ ਸੰਗ ਰਲਾਈਆ । ਹਰਿਸੰਗਤ ਹਰਿ ਰੰਗ ਚੜ੍ਹਾਇਆ, ਨੇਤਰ ਨੈਣ ਵੇਖ ਵਖਾਈਆ । ਹਰਿਸੰਗਤ ਹਰਿ ਮੰਗਣ ਆਇਆ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਵੱਡੀ ਵਡਿਆਈਆ । ਭਿਨਞੀ

ਰੈਨੜੀਏ ਤੇਰਾ ਸਚ ਦਵਾਰ, ਹਰਿਸੰਗਤ ਮੇਲ ਮਿਲਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਆਪਣੀ ਕਲ ਵਰਤਾਇਆ । ਸਖਾ ਸੁਹੇਲਾ ਮੀਤ ਮੁਰਾਰ, ਲੋਕਮਾਤ ਵੇਖ ਵਖਾਇਆ । ਗੁਰ ਚੇਲਾ ਸੋਹੇ ਇਕ ਦਵਾਰ, ਏਕਾ ਘਰ ਸੁਹਾਇਆ । ਇਕ ਅਕੇਲਾ ਪਾਵੇ ਸਾਰ, ਏਕੰਕਾਰਾ ਰੂਪ ਵਟਾਇਆ । ਪਾਰਬ੍ਰਹਮ ਗੁਰ ਲੈ ਅਵਤਾਰ, ਸ਼ਬਦੀ ਸ਼ਬਦ ਸਮਾਇਆ । ਸ਼ਬਦ ਗੁਰ ਪਰਉਪਕਾਰ, ਪਰਉਪਕਾਰੀ ਆਪ ਅਖਵਾਇਆ । ਚਾਰ ਵਰਨ ਸੁਹਾਏ ਇਕ ਦਵਾਰ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਊਚਾਂ ਨੀਚਾਂ ਭੇਵ ਨਿਵਾਰ, ਰਾਓ ਰੰਕਾਂ ਰੰਗ ਰੰਗਾਇਆ । ਸਾਧਾਂ ਸੰਤਾਂ ਦਏ ਸਹਾਰ, ਜੀਵਾਂ ਜੰਤਾਂ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮਤ ਦੇਵੇ ਸਾਚਾ ਵਰ, ਆਤਮ ਝੋਲੀ ਆਪ ਭਰਾਇਆ । ਗੁਰਮਤ ਸਾਚੀ ਆਤਮ ਧਰ, ਸ਼ਬਦ ਕਰੇ ਕੁੜਮਾਈਆ । ਇਕ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਈਆ । ਆਪ ਖੁਲ੍ਹਾਏ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਮੇਟ ਮਿਟਾਏ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਜੂਠ ਝੂਠ ਉਖੇੜੇ ਜੜ, ਮਾਇਆ ਮਮਤਾ ਮੋਹ ਚੁਕਾਈਆ । ਹਉਮੇ ਹੰਗਤਾ ਜਾਏ ਸੜ, ਏਕਾ ਅਗਨੀ ਅੱਗ ਲਗਾਈਆ । ਦਰਸ ਦਿਖਾਵੇ ਅੱਗੇ ਖੜ, ਆਪ ਆਪਣਾ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਸਚ ਮਹੱਲਾ ਫੇਰੀ ਪਾਈਆ । ਹਰ ਘਟ ਅੰਦਰ ਬੈਠਾ ਵੜ, ਆਪ ਆਪਣਾ ਅੰਗ ਕਟਾਈਆ । ਜੋਤ ਨਿਰੰਜਣ ਨਾਮ ਧਰ, ਆਦਿ ਨਿਰੰਜਣ ਵਡ ਵਡਿਆਈਆ । ਸਾਧ ਸੰਤ ਲਏ ਫੜ, ਸ਼ਬਦ ਵਿਚੋਲਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਵਰ, ਏਕਾ ਢੋਲਾ ਗੀਤ ਸੁਣਾਈਆ । ਨਾਮ ਵੈਰਾਗੀ ਸਾਚਾ ਢੋਲਾ ਹਰਿ ਹਰਿ ਆਪ ਅਲਾਇਆ । ਚਾਰ ਵਰਨ ਜੈਕਾਰਾ ਏਕਾ ਬੋਲਾ, ਏਕਾ ਗੋਬਿੰਦ ਪਾਇਆ । ਪੰਜ ਤਤ ਵਿਕਾਰਾ ਜਗਤ ਤੋਲਾ, ਤੋਲਣਹਾਰ ਆਪ ਅਖਵਾਇਆ । ਲੱਖ ਚੁਰਾਸੀ ਆਪੇ ਮਵਲਾ, ਮੌਲਾ ਰੂਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਸਾਚਾ ਵਰ, ਵਰ ਦਾਤਾ ਆਪ ਅਖਵਾਇਆ । ਵਡ ਦਾਤਾ ਹਰਿ ਹਰਿ ਨਿਰੰਕਾਰਾ, ਹਰਿ ਹਰਿ ਆਪ ਅਖਵਾਇੰਦਾ । ਆਪੇ ਦੇਵਣਹਾਰਾ ਜਗਤ ਭੰਡਾਰਾ, ਆਪੇ ਭਿਛਿਆ ਪਾਇੰਦਾ । ਆਪੇ ਕਰੇ ਕਰਾਏ ਨਾਮ ਵਣਜਾਰਾ, ਏਕਾ ਵਣਜ ਕਰਾਇੰਦਾ । ਆਪ ਉਪਜਾਏ ਧੁਨ ਧੁਨਕਾਰਾ, ਧੁਨ ਅਨਾਦੀ ਆਪ ਸੁਣਾਇੰਦਾ । ਆਪੇ ਦੀਪਕ ਜੋਤੀ ਕਰ ਉਜਿਆਰਾ, ਨਿਰਮਲ ਨੂਰ ਦਰਸਾਇੰਦਾ । ਆਪੇ ਬੋਲੇ ਸ਼ਬਦ ਜੈਕਾਰਾ, ਅਨਹਦ ਰਾਗ ਅਲਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਹਰ ਘਟ ਆਪ ਸਮਾਇੰਦਾ । ਆਪੇ ਵੇਖੇ ਕਾਇਆ ਮੰਦਰ ਡੂੰਘੀ ਕੰਦਰ ਬਜਰ ਕਪਾਟੀ ਉਚੇ ਟਿੱਲੇ ਪਰਬਤ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਨਾਮ ਵਰ, ਏਕਾ ਮੰਤਰ ਨਾਮ ਗਿਆਨ ਦ੍ਰਿੜਾਇੰਦਾ । ਨਾਮ ਮੰਤਰ ਸਰਬ ਗੁਰ ਦੇਵਾ, ਆਦਿ ਸ਼ਕਤ ਸਮਾਇਆ । ਅਲਖ ਨਿਰੰਜਣ ਅਲਖ ਅਭੇਵਾ, ਆਦਿ ਜੁਗਾਦਿ ਅਖਵਾਇਆ । ਆਦਿ ਨਿਰੰਜਣ ਸਾਚੀ ਸੇਵਾ, ਜੁਗ ਜੁਗ ਕਰਦਾ ਆਇਆ । ਆਪੇ ਵਸਿਆ ਰਸਨਾ ਜੇਹਵਾ, ਆਪ ਆਪਣਾ ਨਾਮ ਜਪਾਇਆ । ਜਨ ਭਗਤਾਂ ਕੌਸਤਕ ਮਣੀਆ ਲਾਏ ਥੇਵਾ, ਤਿਲਕ ਲਿਲਾਟੀ ਵੇਖ ਵਖਾਇਆ । ਨਮੋ ਦੇਵ ਸਰਬ ਗੁਰ ਦੇਵਾ, ਨਿਰਗੁਣ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਏਕਾ ਵਰ, ਏਕਾ ਮਾਰਗ ਲਾਇਆ । ਏਕਾ ਸ਼ਬਦ ਨਾਮ ਗਿਆਨਨ, ਗਿਆਨ ਬੋਧ ਪਰਚੰਡਾ । ਚਰਨ

੩੧੪
੦੭

ਕਵਲ ਬਖ਼ਸ਼ੇ ਧਿਆਨਨ, ਖੋਜ ਖੋਜਾਏ ਬ੍ਰਹਿਮੰਡਾ । ਏਕਾ ਦੇਵੇ ਸ਼ਬਦ ਨਿਸ਼ਾਨਨ, ਲੇਖ ਚੁਕਾਏ ਜੇਰਜ ਅੰਡਾ । ਏਕਾ ਮਾਰੇ ਤੀਰ ਨਿਸ਼ਾਨਨ, ਪਾਰ ਕਰਾਏ ਸਾਚਾ ਕੰਢਾ । ਦਰ ਦਵਾਰੇ ਦੇਵੇ ਮਾਨਨ, ਗੁਰਮੁਖ ਵੰਡਾਈ ਸਾਚੀ ਵੰਡਾ । ਏਕਾ ਰਾਗ ਸੁਣਾਏ ਕਾਨਨ, ਮੇਟ ਮਿਟਾਏ ਭੇਖ ਪਖੰਡਾ । ਗੁਰ ਮੂਰਤ ਗੁਰ ਨੇਤਰ ਗੁਰ ਨੈਨਣ ਬਖ਼ਸ਼ੇ ਚਾਨਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਨਾਮ ਵਰ, ਤਨ ਪਹਿਨਾਏ ਦਇਆ ਕਮਾਏ ਏਕਾ ਨਾਮ ਖੰਡਾ । ਨਾਮ ਵਸਤ ਸਚ ਭਿਬੂਤੀ, ਤਨ ਸ਼ੰਗਾਰ ਕਰਾਇਆ । ਚਰਨ ਪ੍ਰੀਤੀ ਇਕ ਅਹੂਤੀ, ਏਕਾ ਹਵਨ ਸਿਖਾਇਆ । ਵੇਖ ਵਖਾਏ ਦਹਿ ਦਿਸ਼ਾ ਚਾਰੇ ਕੂਟੀ, ਹਰਿ ਪਵਣੀ ਪਵਣ ਸਮਾਇਆ । ਸ਼ਬਦ ਉਠਾਏ ਸਾਚਾ ਦੂਤੀ, ਦੂਰ ਦੁਰਾਡਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਮੇਲ ਮਿਲਾਇਆ । ਸ਼ਬਦ ਗੁਰ ਆਤਮ ਬ੍ਰਹਮ, ਪਾਰਬ੍ਰਹਮ ਜਣਾਈਆ । ਇਕ ਸਿਖਾਏ ਸਾਚਾ ਧਰਮ, ਧਰਮੀ ਧਰਮ ਧਰਾਈਆ । ਨਾ ਕੋਈ ਗੋਤ ਨਾ ਕੋਈ ਵਰਨ ਜ਼ਾਤ ਪਾਤ ਨਾ ਕੋਈ ਰਖਾਈਆ । ਅਬਿਨਾਸ਼ੀ ਕਰਤਾ ਏਕਾ ਸਰਨ, ਸਰਨਗਤ ਆਪ ਹੋ ਜਾਈਆ । ਆਪ ਚੁਕਾਏ ਮਰਨ ਡਰਨ, ਜਿਸ ਜਨ ਦਇਆ ਕਮਾਈਆ । ਕਾਦਰ ਕਰਤਾ ਤਰਨੀ ਤਰਨ, ਤਾਰਨਹਾਰ ਸ੍ਰਿਸ਼ਟ ਸਬਾਈਆ । ਜਨ ਭਗਤਾਂ ਖੋਲ੍ਹੇ ਨੇਤਰ ਹਰਨ ਫਰਨ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਨਾਮ ਵਰ, ਹਰਿ ਨਾਮ ਵੱਡੀ ਵਡਿਆਈਆ । ਹਰਿ ਨਾਮ ਹਰਿ ਹਰਿ ਰੂਪ, ਹਰਿ ਹਰਿ ਉਪਾਇਆ । ਹਰਿ ਨਾਮ ਸ਼ਾਹੋ ਭੂਪ, ਸ਼ਾਹ ਸੁਲਤਾਨ ਅਖਵਾਇਆ । ਹਰਿ ਨਾਮ ਸਤਿ ਸਰੂਪ, ਸਤਿ ਸਰੂਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਏਕਾ ਤਤ ਜਣਾਇਆ । ਏਕਾ ਨਾਮ ਏਕਾ ਤੱਤ, ਏਕਾ ਬੂਝ ਬੁਝਾਈਆ । ਏਕਾ ਸ਼ਬਦ ਏਕਾ ਰਥ, ਏਕਾ ਰਿਹਾ ਚਲਾਈਆ । ਏਕਾ ਭਗਤ ਏਕਾ ਵਥ, ਏਕਾ ਝੋਲੀ ਪਾਈਆ । ਏਕਾ ਜਗਤ ਏਕਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲ ਆਪੇ ਸਮਰਥ, ਅਕਲ ਕਲਾ ਅਖਵਾਈਆ । ਭਿੰਨੜੀ ਰੈਣ ਮਿਲੇ ਵਧਾਈ, ਹਰਿਸੰਗਤ ਹਰਿ ਹਰਿ ਪਾਇਆ । ਨੇਤਰ ਲੋਚਣ ਨੈਣ ਖ਼ੁਸ਼ੀ ਮਨਾਈ, ਦਰਸੀ ਦਰਸ ਦਿਖਾਇਆ । ਉਠ ਉਠ ਵੇਖੇ ਚਾਈਂ ਚਾਈਂ, ਗੁਰਮੁਖ ਸਾਜਣ ਮੇਲ ਮਿਲਾਇਆ । ਗੁਰ ਸਤਿਗੁਰ ਪਕੜਨਹਾਰਾ ਬਾਂਹੀਂ, ਜਗਤ ਵਿਛੋੜਾ ਦਏ ਕਟਾਇਆ । ਸਦਾ ਸੁਹੇਲਾ ਦੇਵੇ ਠੰਡੀਆ ਛਾਈਂ, ਜੋਤੀ ਸ਼ਬਦੀ ਜੋੜਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਜਗਤ ਵੱਖਰ ਨਾਮ ਜੋਗ, ਜੁਗਤ ਜਗ ਸਿਖਾਇਆ ।



੩੧੫
੦੭

## * ਪਹਿਲੀ ਜੇਠ ੨੦੧੫ ਬਿਕ੍ਰਮੀ ਦਰਬਾਰ ਵਿਚ ਬਚਨ ਹੋਏ ਜੇਠੂਵਾਲ *

ਆਦਿ ਪੁਰਖ ਅਨਾਦਿ, ਨਿਰਗੁਣ ਨਿਰੰਕਾਰਿਆ । ਖੇਲੇ ਖੇਲ ਸਰਬ ਬ੍ਰਹਿਮਾਦਿ, ਨਿਰਗੁਣ ਪਸਾਰਿਆ । ਆਪੇ ਜਾਣੇ ਆਦਿ ਜੁਗਾਦਿ, ਜੁਗ ਜੁਗ ਖੇਲ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਕਰੇ ਅਕਾਰਿਆ । ਏਕਾ ਨੂਰ ਹਰਿ ਨਿਰੰਕਾਰਾ, ਆਦਿ ਪੁਰਖ ਅਖਵਾਇਆ । ਜੋਤ ਸਰੂਪੀ ਲੈ ਅਵਤਾਰਾ, ਲੋਕਮਾਤ ਉਠ ਧਾਇਆ । ਲੋਆਂ ਪੁਰੀਆਂ ਬੰਨੇ ਧਾਰਾ, ਬ੍ਰਹਿਮੰਡ ਖੰਡ ਵੇਖ ਵਖਾਇਆ ।



Rev-01

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੇਰਜ ਅੰਡ ਪਾਵੇ ਸਾਰ, ਉਤਭੁਜ ਸੇਤਜ ਲਏ ਤਰਾਇਆ । ਨਾਰ ਦੁਹਾਗਣ ਵੇਖੇ ਰੰਡ, ਮਨਮੁਖ ਦਏ ਸਜਾਇਆ । ਗੁਰਮੁਖਾਂ ਬੰਨੇ ਪੱਲੇ ਨਾਮ ਗੰਢ, ਧੁਰਦਰਗਾਹੀ ਲੈ ਕੇ ਆਇਆ । ਪੁਰਖ ਅਗੰਮਾ ਆਪੇ ਰਿਹਾ ਵੰਡ, ਨਾ ਕੋਈ ਦੂਸਰ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਆਦਿ ਪੁਰਖ ਏਕੰਕਾਰਾ, ਅਕਲ ਕਲਾ ਕਲ ਧਾਰੀਆ । ਜੋਤ ਸਰੂਪੀ ਜੋਤ ਉਜਿਆਰਾ, ਜੋਤੀ ਜੋਤ ਅਪਾਰੀਆ । ਨਿਰਗੁਣ ਖੇਲੇ ਖੇਲ ਅਪਾਰਾ, ਵਡ ਵਡ ਸੰਸਾਰੀਆ । ਆਦਿਨ ਅੰਤਾ ਇਕ ਅਵਤਾਰਾ, ਸਤਿਗੁਰ ਪੁਰਖ ਕਰਤਾਰੀਆ । ਨਾ ਕੋਈ ਨਾਰੀ ਨਾ ਕੋਈ ਨਾਰਾ, ਨਿਰਗੁਣ ਵੇਸ ਅਪਰ ਅਪਾਰੀਆ । ਮਾਤ ਪਿਤ ਨਾ ਕਰੇ ਪਿਆਰਾ, ਪਿਤਾ ਗੋਦ ਨਾ ਕੋਈ ਉਠਾ ਰਿਹਾ । ਭਾਈ ਭੈਣ ਨਾ ਕੋਈ ਵਿਚਾਰਾ, ਸਾਕ ਸੈਣ ਨਾ ਕੋਈ ਬਣਾ ਰਿਹਾ । ਆਪੇ ਜਾਣੇ ਆਪਣੀ ਕਾਰਾ, ਜੁਗ ਜੁਗ ਆਪ ਕਰਾ ਰਿਹਾ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰਾ, ਤ੍ਰੈਗੁਣ ਵੇਸ ਵਟਾ ਰਿਹਾ । ਪੰਜ ਤਤ ਕਰੇ ਪਿਆਰਾ, ਪੰਚਮ ਮੋਹ ਚੁਕਾ ਰਿਹਾ । ਪੰਚਮ ਕਰੇ ਤਨ ਸ਼ਿੰਗਾਰਾ, ਪੰਜ ਪੰਜੀ ਮੇਲ ਮਿਲਾ ਰਿਹਾ । ਅੱਠ ਤਤ ਵਸੇ ਬਾਹਰਾ, ਫੁਲ ਫੁਲਵਾੜੀ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾ ਰਿਹਾ । ਆਪਣੀ ਕਲ ਹਰਿ ਵਰਤੰਤਾ, ਆਦਿ ਪੁਰਖ ਅਬਿਨਾਸ਼ਾ । ਹਰਿਜਨ ਮੇਲੇ ਸਾਚੇ ਸੰਤਾ, ਦੇਵੇ ਚਰਨ ਭਰਵਾਸਾ । ਮੇਲ ਮਿਲਾਏ ਸਾਚੇ ਕੰਤਾ, ਹੋਏ ਦਾਸੀ ਦਾਸਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਦੇਵੇ ਸ਼ਬਦ ਸੱਚਾ ਭਰਵਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਪ੍ਰਿਥਮੀ ਅਕਾਸ਼ਾ । ਪ੍ਰਿਥਮੀ ਆਕਾਸ਼ ਹਰਿ ਹਰਿ ਡੇਰਾ, ਆਪਣੀ ਕਲ ਵਰਤਾਈਆ । ਪਰਗਟ ਹੋਏ ਕਲਜੁਗ ਤੇਰੀ ਅੰਤਮ ਵੇਰਾ, ਜੋਤੀ ਜਾਮਾ ਭੇਖ ਵਟਾਈਆ । ਲੋਆਂ ਪੁਰੀਆਂ ਪਾਵੇ ਘੇਰਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਉਠਾਈਆ । ਲੱਖ ਚੁਰਾਸੀ ਕਰੇ ਨਿਬੇੜਾ, ਹੱਕ ਹਕੀਕਤ ਫੋਲ ਫੋਲਾਈਆ । ਜਨ ਭਗਤਾਂ ਬੰਨਣਹਾਰਾ ਬੇੜਾ, ਜੁਗ ਜੁਗ ਵੱਡੀ ਵਡਿਆਈਆ । ਆਪੇ ਵੇਖੇ ਕਾਇਆ ਖੇੜਾ, ਅੰਦਰ ਮੰਦਰ ਖੋਜ ਖੋਜਾਈਆ । ਕਾਇਆ ਮੰਦਰ ਖੁਲ੍ਹਾ ਵੇਹੜਾ, ਹਰਿ ਬੈਠਾ ਆਸਣ ਲਾਈਆ । ਪੰਜਾਂ ਚੋਰਾਂ ਮੁੱਕੇ ਝੇੜਾ, ਜਿਸ ਜਨ ਆਪਣੀ ਦਇਆ ਕਮਾਈਆ । ਜੂਠ ਝੂਠ ਦਏ ਉਖੇੜਾ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਖੇਲ ਖਿਲਾਈਆ । ਆਦਿ ਪੁਰਖ ਹਰਿ ਅਗੰਮੜਾ, ਏਕਾ ਕਲ ਵਰਤਾਇੰਦਾ । ਆਪਣਾ ਖਾਲੀ ਰੱਖੇ ਪਲੜਾ, ਦੋ ਜਹਾਨੀ ਫੇਰੀ ਪਾਇੰਦਾ । ਜਨ ਭਗਤਾਂ ਰਾਹ ਦੱਸੇ ਸੁਖਲੜਾ, ਨਿਝ ਘਰ ਆਤਮ ਵੇਖ ਵਖਾਇੰਦਾ । ਸਚ ਦਵਾਰਾ ਆਪੇ ਮਲੜਾ, ਆਸਣ ਸਿੰਘਾਸਣ ਇਕ ਵਿਛਾਇੰਦਾ । ਜੋਤੀ ਸ਼ਬਦੀ ਆਪੇ ਰਲੜਾ, ਪਵਣ ਸਵਾਸ ਚਲਾਇੰਦਾ । ਗਿਆਨ ਦੀਪਕ ਆਪੇ ਬਲੜਾ, ਅਗਿਆਨ ਅੰਧੇਰ ਮਿਟਾਇੰਦਾ । ਦੂਈ ਦਵੈਤੀ ਮੇਟੇ ਸਲੜਾ, ਹਉਮੇ ਰੋਗ ਗਵਾਇੰਦਾ । ਆਦਿ ਪੁਰਖ ਇਕ ਅਕਲੜਾ, ਹਰ ਘਟ ਡੇਰਾ ਲਾਇੰਦਾ । ਪਾਵੇ ਸਾਰ ਜਲ ਥਲੜਾ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਹਰਿ ਕਰਤਾਰਾ, ਆਪਣਾ ਆਪ ਕਰਾਇੰਦਾ । ਪਾਰਬ੍ਰਹਮ ਗੁਰ ਲਏ ਅਵਤਾਰਾ, ਏਕਾ ਨਾਉਂ ਧਰਾਇੰਦਾ । ਅਕਾਲ ਅਕਾਲਾ ਦੀਨ ਦਿਆਲਾ ਖੇਲ ਨਿਰਾਲਾ, ਖੇਲਣਹਾਰ

ਆਪ ਅਖਵਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਜੁਗ ਜੁਗ ਆਪ ਚਲਾਇੰਦਾ । ਕਾਲ ਮਹਾਂਕਾਲ ਹੋਏ ਰਖਵਾਲਾ, ਜਨ ਭਗਤਾਂ ਬੇੜਾ ਬੰਨੇ
ਲਾਇੰਦਾ । ਦਰਸ ਦਿਖਾਏ ਕਾਇਆ ਧਰਮ ਸੱਚੀ ਧਰਮਸਾਲਾ, ਉਚੇ ਟਿੱਲੇ ਮੰਦਰ ਵੇਖ ਵਖਾਇੰਦਾ । ਗੁਰਮੁਖ ਸਾਜਨ ਸਾਚੇ ਲਾਲਾ, ਲਾਲ ਅਨਮੁਲੜੇ
ਆਪ ਤਰਾਇੰਦਾ । ਮੇਲ ਮਿਲਾਏ ਗੁਰ ਗੋਪਾਲਾ, ਗੋਬਿੰਦ ਵੇਸ ਵਟਾਇੰਦਾ । ਦਰਸ ਦਿਖਾਏ ਆਦਿ ਸ਼ਕਤ ਜੋਤ ਜਵਾਲਾ, ਰੈਣ ਦਿਵਸ ਸੇਵਾ
ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੰਗਾਏ ਹਰਿ ਅਵੱਲਾ, ਏਕਾ ਰੰਗ
ਰੰਗਾਈਆ । ਥਿਰ ਘਰ ਬੈਠ ਇਕ ਅਕੱਲਾ, ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਆਪਣਾ ਘਰ ਆਪੇ ਮੱਲਾ, ਦਿਸ ਕਿਸੇ ਨਾ ਆਈਆ ।
ਆਪੇ ਕਰਦਾ ਆਪਣਾ ਹੱਲਾ, ਆਪੇ ਰਿਹਾ ਉਠਾਈਆ । ਆਪੇ ਹੋਏ ਸਹਾਈ ਜਲਾ ਥਲਾ, ਡੂੰਘੀ ਕੰਦਰ ਪਾਰ ਕਰਾਈਆ । ਆਪੇ ਫੜੇ ਹੱਥ
ਵਿਚ ਭੱਲਾ, ਆਪੇ ਤੀਰ ਚਲਾਈਆ । ਆਪੇ ਮੇਟੇ ਦੂਈ ਦਵੈਤੀ ਸਲਾ, ਆਪੇ ਹੋਏ ਰਥ ਰਥਵਾਰੀਆ । ਆਪੇ ਵਸਿਆ ਨਿਹਚਲ ਧਾਮ ਅਟੱਲਾ,
ਸਮਰਥ ਪੁਰਖ ਅਖਵਾਈਆ । ਆਪੇ ਲੋਕਮਾਤ ਹੋ ਜਾਏ ਝੱਲਾ, ਖ਼ਾਕ ਆਪਣੀ ਆਪ ਉਡਾਈਆ । ਆਪੇ ਖੇਲੇ ਖੇਲ ਘੜੀ ਘੜੀ ਪਲ ਪੱਲਾ,
ਖੇਲਣਹਾਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਲਏ ਅੰਗੜਾਈਆ । ਕਲਜੁਗ ਅੰਤਮ
ਉਠ ਬਲ ਧਾਰ, ਪ੍ਰਭ ਸਾਚਾ ਆਪ ਜਗਾਇੰਦਾ । ਪਰਗਟ ਹੋਇਆ ਹਰਿ ਨਿਰੰਕਾਰ, ਨਿਰਗੁਣ ਵੇਸ ਵਟਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ,
ਆਪਣੇ ਹੱਥ ਉਠਾਇੰਦਾ । ਚਤੁਰਭੁਜ ਭੁਜਾਂ ਰਿਹਾ ਸਵਾਰ, ਅਸ਼ਟਮ ਸੇਵਾ ਲਾਇੰਦਾ । ਭੇਵ ਗੁਝ ਨਾ ਜਾਣੇ ਜੀਵ ਗਵਾਰ, ਲੇਖਾ ਲਿਖਤ ਵਿਚ
ਨਾ ਆਇੰਦਾ । ਪੜ੍ਹ ਪੜ੍ਹ ਵੇਦ ਰਹੇ ਵਿਚਾਰ, ਪੁਰਾਨ ਅਠਾਰਾਂ ਲੇਖ ਲਿਖਾਇੰਦਾ । ਕਾਦਰ ਕਰਤੇ ਤੇਰੀ ਕਾਰ, ਤੇਰਾ ਕਰਮ ਨਾ ਕੋਈ ਜਣਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲਹਿਣਾ ਆਪਣੀ ਝੋਲੀ ਆਪੇ ਪਾਇੰਦਾ । ਆਪਣਾ ਲਹਿਣਾ ਹਰਿ ਨਿਰੰਕਾਰ, ਆਪਣੀ
ਝੋਲੀ ਪਾਈਆ । ਜਨ ਭਗਤਾਂ ਦੇਵਾਂ ਵਿਚ ਸੰਸਾਰ, ਵੱਡੀ ਵਡ ਵਡਿਆਈਆ । ਜੋਤ ਸਰੂਪੀ ਜਾਮਾ ਧਾਰ, ਆਪਣਾ ਕਰਜ਼ਾ ਲਾਹੀਆ । ਸੰਮਤ
ਵੀਹ ਸੌ ਚੌਦਾਂ ਨਾ ਕੀਆ ਉਧਾਰ, ਪਿਛਲਾ ਮੂਲ ਚੁਕਾਈਆ । ਸੰਮਤ ਪੰਦਰਾਂ ਹੋ ਖ਼ਬਰਦਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ
ਦਏ ਹੁਲਾਰ, ਸੱਤਾਂ ਦੀਪਾਂ ਲਏ ਜਗਾਈਆ । ਸਾਧਾਂ ਸੰਤਾਂ ਮਾਰੇ ਮਾਰ, ਸ਼ਬਦ ਡੰਡਾਂ ਹੱਥ ਉਠਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਰੋਵਣ
ਜ਼ਾਰੋ ਜ਼ਾਰ, ਸੀਸ ਤਾਜ ਨਾ ਕੋਈ ਰਖਾਈਆ । ਗਊ ਗ਼ਰੀਬਾਂ ਪਾਵੇ ਸਾਰ, ਹਰਿ ਗੋਬਿੰਦ ਜੋਤ ਜਗਾਈਆ । ਚਾਰ ਵਰਨਾਂ ਬਖ਼ਸ਼ੇ ਇਕ ਪਿਆਰ,
ਊਚਾਂ ਨੀਚਾਂ ਭੇਵ ਮਿਟਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਘਰ ਵਖਾਈਆ । ਏਕਾ ਰੂਪ ਆਪ ਕਰਤਾਰ, ਕਰਤਾ ਪੁਰਖ ਅਖਵਾਈਆ ।
ਰਾਮ ਕ੍ਰਿਸ਼ਨ ਕਰ ਪਿਆਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਰਾਣੀ ਅੱਲਾ ਵੇਖ ਵਿਚਾਰ, ਐਨਲਹੱਕ ਇਕ ਖ਼ੁਦਾਈਆ । ਬੇਐਬ ਪਰਵਰਦਿਗਾਰ,
ਏਕਾ ਏਕ ਨੂਰ ਅਲਾਹੀਆ । ਗੁਰੂ ਗੁਰ ਗੁਰੂ ਕਰਤਾਰ, ਕਰਨੇਹਾਰ ਇਕ ਅਖਵਾਈਆ । ਸਤਿ ਪੁਰਖ ਸਤਿ ਸਿਰਜਣਹਾਰ, ਸਾਖਯਾਤ ਜੋਤ
ਜਗਾਈਆ । ਅਲਖ ਨਿਰੰਜਣ ਅਲਖਣਾ ਅਲਖ ਰਿਹਾ ਵਿਚਾਰ, ਆਪ ਆਪਣੀ ਬਣਤ ਬਣਾਈਆ । ਅਗੰਮ ਅਗੰਮੜੇ ਬੰਨੇ ਅਗੰਮੜੀ ਧਾਰ,
ਭੇਵ ਕੋਇ ਨਾ ਪਾਈਆ । ਹੱਡ ਮਾਸ ਨਾੜੀ ਚਮੜੇ ਵਸਿਆ ਬਾਹਰ, ਪੰਜ ਤਤ ਨਾ ਕੋਇ ਰਖਾਈਆ । ਏਕਾ ਇਕ ਸੱਚਾ ਦਰਬਾਰ, ਥਿਰ ਘਰ

ਬੈਠਾ ਆਸਣ ਲਾਈਆ । ਇਕ ਅਕੱਲਾ ਕਰ ਪਸਾਰ, ਆਪ ਆਪਣਾ ਵੇਖ ਵਖਾਈਆ । ਨਿਰਮਲ ਜੋਤ ਹੋਏ ਉਜਿਆਰ, ਪਰਕਾਸ਼ ਪਰਕਾਸ਼ ਸਮਾਈਆ । ਆਪੇ ਜਾਣੇ ਆਪਣੀ ਕਾਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਾਮਾ ਭੇਖ ਵਟਾਈਆ । ਵੇਦ ਵਿਆਸਾ ਬਣ ਲਿਖਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਲੇਖ ਲਿਖਾਈਆ । ਪਰਗਟ ਹੋ ਵਿਚ ਸੰਸਾਰ, ਉਚੇ ਟਿਲੇ ਪਰਬਤ ਆਸਣ ਲਾਈਆ । ਕਿਸੇ ਦਿਸ ਨਾ ਆਏ ਮੀਤ ਮੁਰਾਰ, ਪੰਡਤ ਪਾਂਧੇ ਰਹੇ ਰਾਹ ਤਕਾਈਆ । ਨਾਨਕ ਗੋਬਿੰਦ ਬਣ ਲਿਖਾਰ, ਲੇਖਾ ਗਿਆ ਲਿਖਾਈਆ । ਪਰਗਟ ਹੋਵੇ ਹਰਿ ਕਰਤਾਰ, ਆਪ ਆਪਣਾ ਵੇਸ ਵਟਾਈਆ । ਚਾਰ ਵਰਨ ਰਖਾਏ ਏਕਾ ਧਾਰ, ਏਕਾ ਸ਼ਬਦ ਕਰੇ ਕੁੜਮਾਈਆ । ਅੱਲਾ ਵਾਹਿਗੁਰੂ ਰਾਮ ਪਿਆਰ, ਕ੍ਰਿਸ਼ਨਾ ਕ੍ਰਿਸਨਾ ਵਿਚ ਸਮਾਈਆ । ਖਾਣੀ ਬਾਣੀ ਮੀਤ ਮੁਰਾਰ, ਅੰਜੀਲ ਕੁਰਾਨਾ ਰਿਹਾ ਜਗਾਈਆ । ਵੇਦ ਪੁਰਾਨਾ ਕਰੇ ਅਧਾਰ, ਕਲਜੁਗ ਅੰਤਮ ਮੂਲ ਚੁਕਾਈਆ । ਬ੍ਰਹਮਾ ਅੱਠੇ ਨੇਤਰ ਉਘਾੜ, ਚਾਰੋਂ ਕੁੰਟ ਵੇਖ ਵਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਿਹੜੀ ਕਰੇ ਮਾਤ ਕਾਰ, ਭੇਵ ਅਭੇਦਾ ਭੇਵ ਨਾ ਰਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲ ਲਾਹੇ ਹਾਰ, ਇਕ ਤ੍ਰਿਸੂਲਾ ਹੱਥ ਉਠਾਈਆ । ਨਿਰਗੁਣ ਤੇਰਾ ਰੂਪ ਅਪਾਰ, ਭੋਲੇ ਨਾਥ ਭੁਲਾਈਆ । ਕਰੋੜ ਤੇਤੀਸਾ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਗਣ ਗੰਧਰਬ ਹੋਏ ਖਵਾਰ, ਵੇਲੇ ਅੰਤ ਨਾ ਕੋਇ ਸਹਾਈਆ । ਲੱਖ ਚੁਰਾਸੀ ਰਹੀ ਪੁਕਾਰ, ਕਲਜੁਗ ਕੂਕੇ ਦਏ ਦੁਹਾਈਆ । ਧਰਮ ਰਾਏ ਰਿਹਾ ਲਲਕਾਰ, ਆਪ ਆਪਣਾ ਵੇਖ ਵਖਾਈਆ । ਲਾੜੀ ਮੌਤ ਕਰ ਸ਼ੰਗਾਰ, ਧਰਮ ਸਪੁਤਰੀ ਦਰ ਬਹਾਈਆ । ਲੱਖ ਚੁਰਾਸੀ ਵੇਖ ਨਾਰ ਭਤਾਰ, ਕੰਤ ਕੰਤਹੂਲਾ ਕਵਣ ਸਜਾਈਆ । ਨਾਲ ਰਲਾ ਮੁਹੰਮਦੀ ਯਾਰ, ਅੱਲਾ ਰਾਣੀ ਕਰ ਕੁੜਮਾਈਆ । ਹੱਥੀਂ ਮਹਿੰਦੀ ਇਕ ਪਿਆਰ, ਦਿਸ਼ਾ ਲਹਿੰਦੀ ਵੇਖ ਵਖਾਈਆ । ਈਸਾ ਮੂਸਾ ਹੋ ਤਿਆਰ, ਹਰਿ ਸਾਚਾ ਰਿਹਾ ਜਗਾਈਆ । ਸੰਮਤ ਚੌਦਾਂ ਲੇਖ ਲਿਖਾਇਆ ਅਪਰ ਅਪਾਰ, ਗੁਰਮੁਖਾਂ ਲਹਿਣਾ ਲਹਿਣੇ ਝੋਲੀ ਪਾਈਆ । ਸੰਮਤ ਪੰਦਰਾਂ ਪਾਏ ਧਰਤ ਮਾਤ ਉਤੇ ਭਾਰ, ਨਾ ਸਕੇ ਕੋਈ ਉਠਾਈਆ । ਧਰਤ ਮਾਤ ਕਰੇ ਗਿਰਿਆਜ਼ਾਰ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਖੁਲੜੇ ਕੇਸ ਰਹੀ ਕੁਰਲਾਈਆ । ਪੁਰਖ ਅਗੰਮੜੇ ਕਰ ਵਿਹਾਰ, ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਮਾਤ ਉਪਜਾਈਆ । ਸੰਮਤ ਪੰਦਰਾਂ ਪੰਚਮ ਜੇਠ, ਹਰਿ ਜੋਤੀ ਜੋਤ ਜਗਾਇੰਦਾ । ਜਨ ਭਗਤਾਂ ਰੱਖੇ ਸਾਇਆ ਹੇਠ, ਮਨਮੁਖਾਂ ਅਗਨੀ ਅਗਨ ਲਗਾਇੰਦਾ । ਨਾ ਕੋਈ ਦੀਸੇ ਵਡ ਵਡ ਸੇਠ, ਸ਼ਾਹ ਸੁਲਤਾਨਾ ਖ਼ਾਕ ਮਿਲਾਇੰਦਾ । ਕਲਜੁਗ ਭੰਨੇ ਕੌੜੇ ਰੇਠ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭਾਣਾ ਸਾਚਾ ਰਾਣਾ ਧੁਰ ਫ਼ਰਮਾਣਾ ਏਕਾ ਏਕ ਸੁਣਾਇੰਦਾ । ਧੁਰ ਫ਼ਰਮਾਣਾ ਬੇਪਰਵਾਹ, ਆਪਣਾ ਆਪ ਸੁਣਾਇਆ । ਬਿਨ ਗੁਰ ਪੂਰੇ ਦੀਸੇ ਨਾ ਕੋਈ ਮਲਾਹ, ਨਾ ਬੇੜਾ ਬੰਨੇ ਲਾਇਆ । ਕਲਜੁਗ ਰੋਵੇ ਮਾਰੇ ਧਾ, ਨਾ ਹੋਵੇ ਕੋਈ ਸਹਾਇਆ । ਕੂੜ ਕੁੜਿਆਰਾ ਗਲ ਪਿਆ ਫਾਹ, ਨਾ ਕੋਈ ਤੋੜੇ ਤੋੜ ਤੁੜਾਇਆ । ਜੂਠ ਝੂਠ ਮੁਖ ਕਾਲਾ ਸ਼ਾਹ, ਨਾ ਸਕੇ ਕੋਈ ਧਵਾਇਆ । ਮਨਮੁਖ ਰੋਵਣ ਨਾ ਦੇਵੇ ਕੋਈ ਠੰਡੀ ਛਾਂ, ਚਾਰੋਂ ਕੁੰਟ ਫਿਰੇ ਹਲਕਾਇਆ । ਜਿਨ੍ਹਾਂ ਦੁਖਾਈ ਧਰਤ ਮਾਂ, ਲੋਕਮਾਤ ਰਹਿਣ ਨਾ ਪਾਇਆ । ਜਿਨ੍ਹਾਂ ਖਾਧੀ ਵੱਢ ਵੱਢ ਗਾਂ, ਵੇਲੇ ਅੰਤਮ ਦਏ ਸਜਾਇਆ ।

ਮੱਕਾ ਮਦੀਨਾ ਸ਼ਾਹ ਪਰਬੀਨਾ ਦੇਵੇ ਢਾਹ, ਆਪ ਆਪਣਾ ਫੇਰਾ ਪਾਇਆ । ਚਾਰ ਯਾਰੀ ਸੰਗ ਮੁਹੰਮਦ ਵੇਖ ਵਖਾ, ਹੂ ਹੂ ਨਾਅਰਾ ਏਕਾ ਲਾਇਆ । ਆਦਿ ਪੁਰਖ ਤੇਰਾ ਭੁੱਲਿਆ ਨਾਂ, ਤੇਰਾ ਮੇਰਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਕਲਜੁਗ ਤੇਰੀ ਕਾਲੀ ਧਾਰ, ਹਰਿ ਜੋਤ ਜੋਤ ਜਗਾਇੰਦਾ । ਵੇਖ ਵਖਾਏ ਸਰਬ ਸੰਸਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਇਕ ਅਕੱਲਾ ਇਕ ਅਕਾਰ, ਏਕਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲਾਇੰਦਾ । ਪੰਚਮ ਧਾਰ ਚਲਾਏ ਜੇਠਾ ਸੁੱਤ, ਪੰਚਮ ਜੇਠ ਵੱਡੀ ਵਡਿਆਈਆ । ਪਰਗਟ ਹੋ ਅਬਿਨਾਸ਼ੀ ਅਚੁੱਤ, ਆਪਣੀ ਕਰਨੀ ਕਿਰਤ ਕਮਾਈਆ । ਆਪ ਸੁਹਾਏ ਆਪਣੀ ਰੁੱਤ, ਆਪੇ ਵੇਖ ਵਖਾਈਆ । ਮਨਮੁਖਾਂ ਮੁਖ ਪਾਏ ਥੁੱਕ, ਜੁਗ ਜੁਗ ਵੱਡੀ ਵਡਿਆਈਆ । ਜਨ ਭਗਤਾਂ ਸੰਤਾਂ ਆਪਣੀ ਗੋਦੀ ਲਏ ਚੁੱਕ, ਬਖ਼ਸ਼ੇ ਸਚ ਸੱਚੀ ਸਰਨਾਈਆ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟ ਮਿਟਾਈਆ । ਸਿੰਘ ਸ਼ੇਰ ਦਲੇਰ ਰਿਹਾ ਬੁੱਕ, ਕਲਜੁਗ ਵੇਖ ਵਖਾਈਆ । ਸੰਮਤ ਸੋਲਾਂ ਰਿਹਾ ਢੁੱਕ, ਲਾੜੀ ਮੌਤ ਕਰੇ ਕੁੜਮਾਈਆ । ਆਪ ਆਪਣੀ ਲਾਹੇ ਭੁੱਖ ਚੌਥੇ ਜੁਗ ਖ਼ੁਸ਼ੀ ਮਨਾਈਆ । ਚਾਰ ਜੁਗ ਚੌਕੜੀ ਪਾਏ ਆਪਣੀ ਕੁੱਖ, ਆਪੇ ਲਏ ਉਪਜਾਈਆ । ਜੜ ਉਖੇੜੇ ਉਲਟੇ ਰੁੱਖ, ਮਾਤ ਗਰਭ ਦਏ ਹਲਾਈਆ । ਹਰੇ ਬੂਟੇ ਜਾਣ ਸੁੱਕ, ਨਾ ਸਕੇ ਕੋਈ ਬਚਾਈਆ । ਵੇਦ ਪੁਰਾਨੀ ਅੰਜੀਲ ਕੁਰਾਨੀ ਖਾਣੀ ਬਾਣੀ ਤੇਰਾ ਪੜਦਾ ਨਾ ਸਕੇ ਕੋਈ ਚੁੱਕ, ਜਗਤ ਵਿਦਿਆ ਨਾ ਕੋਈ ਚਤੁਰਾਈਆ । ਚਰਨ ਦਵਾਰੇ ਪਾਰਬ੍ਰਹਮ ਅਕਾਲ ਪੁਰਖ ਨਿਹਕਲੰਕ ਤੇਰੀ ਮੇਰੀ ਜਾਏ ਮੁੱਕ, ਤੱਤੀ ਵਾ ਨਾ ਲੱਗੇ ਰਾਈਆ । ਸ਼ਬਦ ਨਿਸ਼ਾਨਾ ਤੀਰ ਚਲਿਆ ਨਾ ਜਾਏ ਰੁਕ, ਲੋਆਂ ਪੁਰੀਆਂ ਦਏ ਹਿਲਾਈਆ । ਜਨ ਭਗਤਾਂ ਪੈਂਡਾ ਰਿਹਾ ਮੁੱਕ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਸਾਚਾ ਜਾਪ ਜਪਾਈਆ । ਏਕਾ ਜਾਪ ਸੋਹੰ ਸੋ, ਬਿਨ ਹਰਿ ਅਵਰ ਨਾ ਦੀਸੇ ਕੋ । ਜਨ ਭਗਤ ਸੰਤ ਦੁਲਾਰਾ, ਕਾਇਆ ਮੰਦਰ ਅੰਦਰ ਦੁਰਮਤ ਮੈਲ ਲਏ ਧੋ । ਏਕਾ ਬਖ਼ਸ਼ੇ ਚਰਨ ਪਿਆਰਾ, ਜੋਤ ਨਿਰੰਜਣ ਕਰੇ ਲੋ । ਕਰੇ ਖੇਲ ਅਗੰਮ ਅਪਾਰਾ, ਦਰਸ ਦਿਖਾਏ ਅੱਗੇ ਹੋ । ਡੂੰਘੀ ਭਵਰੀ ਕਰੇ ਪਾਰਾ, ਹੱਡ ਮਾਸ ਨਾੜੀ ਚਮੜੇ ਨਾ ਜਾਏ ਛੋ । ਸੁਖਮਨ ਤੇਰਾ ਪਾਰ ਕਿਨਾਰਾ, ਪੰਚ ਵਿਕਾਰਾ ਰਿਹਾ ਰੋ । ਪੰਚਮ ਸ਼ਬਦ ਸੱਚੀ ਧੁੰਨਕਾਰਾ, ਗੁਰਮੁਖ ਵਿਰਲਾ ਸੁਣੇ ਕੋ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਏਕਾ ਵਰ, ਵੇਲੇ ਅੰਤ ਸ੍ਰਿਸ਼ਟ ਸਬਾਈ ਨੇਤਰ ਦੋਵੇਂ ਰਹੀ ਰੋ । ਨੇਤਰ ਦੋਵੇਂ ਨੀਰ, ਕਲਜੁਗ ਵਹਾਇਆ । ਨਾ ਕੋਈ ਸਹਾਈ ਪੀਰ ਫਕੀਰ, ਦਸਤਗੀਰ ਨਾ ਕੋਈ ਬਚਾਇਆ । ਨਾ ਕੋਈ ਚੋਟੀ ਚੜ੍ਹੇ ਅਖ਼ੀਰ, ਨਾ ਕੋਈ ਸਾਚੇ ਮੇਲ ਮਿਲਾਇਆ । ਨਾ ਕੋਈ ਬਜਰ ਕਪਾਟੀ ਦੇਵੇ ਚੀਰ, ਦੂਈ ਦਵੈਤੀ ਪੜਦਾ ਦਏ ਮਿਟਾਇਆ । ਨਾ ਕੋਈ ਸ਼ਬਦ ਨਿਰਾਲਾ ਮਾਰੇ ਤੀਰ, ਅੰਮ੍ਰਿਤ ਸੀਰ ਨਾ ਕੋਈ ਪਿਆਇਆ । ਏਕਾ ਗੁਰ ਵਡ ਦਾਤਾ ਸੂਰਬੀਰ, ਗੁਰਮੁਖ ਸਾਚੇ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖਣ ਆਇਆ, ਆਪ ਆਪਣਾ ਵੇਸ ਵਟਾਇਆ । ਪੰਚਮ ਜੇਠ ਪੰਚਮ ਪੂਤਾ ਪਾਰਬ੍ਰਹਮ ਵਡਿਆਈਆ । ਆਪ ਆਪਣਾ ਮੋਹ ਚੁਕੌਣਾ, ਹਰਿ ਚਰਨ ਏਕਾ ਲਿਵ ਲਾਈਆ । ਏਕਾ ਦੂਜਾ ਭੇਵ ਗਵੌਣਾ, ਤੀਜਾ ਨੇਤਰ ਵੇਖ ਵਖਾਈਆ । ਚੌਥੇ ਪਦ ਇਕ ਸਮੌਣਾ, ਘਰ ਸਾਚੇ ਮਿਲੇ ਵਡਿਆਈਆ ।

੩੧੯
੦੨

ਪੰਚਮ ਮੇਲਾ ਆਪ ਕਰੌਣਾ, ਪੰਚਮ ਵਾਲਾ ਸਾਚਾ ਮਾਹੀਆ । ਛੇਵਾਂ ਮੰਦਰ ਇਕ ਵਸੌਣਾ, ਛੱਪਰ ਛੰਨ ਨਾ ਕੋਈ ਰਖਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਦਰਸ ਦਿਖੌਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਅੱਠਾਂ ਤੱਤਾਂ ਭਾਗ ਲਗੌਣਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸਾਥ ਰਲਾਈਆ । ਨੌਂ ਦਵਾਰੇ ਬਾਹਰ ਕਢੌਣਾ, ਗੁਰਮੁਖ ਦੇਵੇ ਸਚ ਸਲਾਹੀਆ । ਦਸਵੇਂ ਦਰ ਆਪ ਬਹੌਣਾ, ਆਪਣੇ ਹੱਥ ਰੱਖੇ ਵਡਿਆਈਆ । ਧੁਨ ਅਨਾਦੀ ਰਾਗ ਸੁਣੌਣਾ, ਏਕਾ ਤਾਲ ਵਜਾਈਆ । ਆਤਮ ਸਰ ਸਰੋਵਰ ਗੁਰਮੁਖ ਸਾਚੇ ਆਪ ਨਹੌਣਾ, ਹੰਸ ਕਾਗ ਬਣਾਈਆ । ਨਾਰੀ ਕੰਤ ਮੇਲ ਮਿਲੌਣਾ, ਏਕਾ ਸੇਜ ਵਿਛਾਈਆ । ਸੁਹੰਜਣੀ ਰੈਣ ਭਿੰਨੜੀ ਭੈਣ ਤਨ ਸ਼ੰਗਾਰ ਕਰੌਣਾ, ਏਕਾ ਬਸਤਰ ਵੇਖ ਵਖਾਈਆ । ਨੈਣਾਂ ਕਜਲਾ ਨਿਰਗੁਣ ਆਪ ਵਖੌਣਾ, ਜਗਤ ਨੇਤਰ ਦਿਸ ਨਾ ਆਈਆ । ਧਾਮ ਅਗੰਮੜੇ ਆਪ ਬਹੌਣਾ, ਸ਼ਬਦ ਰੰਗੀਲਾ ਪਲੰਘ ਵਛਾਈਆ । ਪਾਵਾ ਚੂਲ ਨਾ ਕੋਈ ਰਖੌਣਾ, ਉਤਰ ਪੂਰਬ ਪੱਛਮ ਦੱਖਣ ਨਾ ਦਿਸ਼ਾ ਕੋਈ ਜਣਾਈਆ । ਆਪ ਆਪਣੇ ਰੰਗ ਰੰਗੌਣਾ, ਏਕਾ ਰੰਗ ਹਰਿ ਰਘੁਰਾਈਆ । ਦਸਮ ਦਵਾਰੀ ਬਾਹਰ ਕਢੌਣਾ, ਆਪ ਆਪਣਾ ਲੜ ਫੜਾਈਆ । ਸੁੰਨ ਸਮਾਧੀ ਵਿਚ ਨਾ ਸੌਣਾ, ਸੁਨ ਅਗੰਮੀ ਵੇਖ ਵਖਾਈਆ । ਏਕਾ ਘਰ ਆਪ ਰਖੌਣਾ, ਗੁਰਮੁਖ ਸਾਚੇ ਸੰਗ ਰਖਾਈਆ । ਸੋ ਪੁਰਖ ਨਿਰੰਜਣ ਨਜ਼ਰੀ ਔਣਾ, ਸਤਿਗੁਰ ਵੱਡੀ ਵਡਿਆਈਆ । ਹੰ ਹੰਗਤਾ ਮੇਟ ਮਿਟੌਣਾ, ਹਰਿ ਕਾ ਰੂਪ ਦਰਸਾਈਆ । ਹਰੀ ਹਰਿ ਹਰਿ ਆਪ ਅਖਵੌਣਾ, ਆਪ ਆਪਣਾ ਤਤ ਹੰਢਾਈਆ । ਸੋਹੰ ਦੇਸ ਪ੍ਰਭ ਇਕ ਸਮਝੌਣਾ, ਗੁਰਮੁਖ ਪੂਰੇ ਭੁੱਲ ਨਾ ਰਾਈਆ । ਪੰਜ ਤਤ ਚੋਲਾ ਕਿਸੇ ਕੰਮ ਨਾ ਔਣਾ, ਸੁਰਤ ਸ਼ਬਦੀ ਸ਼ਬਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੇਵੇ ਵਡਿਆਈਆ । ਸਚਖੰਡ ਨਿਰਗੁਣ ਧਾਰ, ਸੰਤਨ ਵਰ ਘਰ ਪਾਇਆ । ਪੁਰਖ ਅਬਿਨਾਸ਼ੀ ਮਿਲਿਆ ਮੀਤ ਮੁਰਾਰ, ਸਾਚੀ ਨਾਰੀ ਵੇਸ ਵਟਾਇਆ । ਨਾਰੀ ਕੰਤਾ ਇਕ ਪਿਆਰ, ਏਕਾ ਸੇਜ ਹੰਢਾਇਆ । ਏਕਾ ਘਰ ਏਕਾ ਘਰ ਬਾਰ, ਏਕਾ ਰੰਗ ਰੰਗਾਇਆ । ਏਕਾ ਮਹੱਲ ਉਚ ਮੁਨਾਰ, ਨਾ ਕੋਈ ਦੂਸਰ ਵੇਖ ਵਖਾਇਆ । ਸੰਤ ਜਨਾ ਹਰਿ ਕਰ ਪਿਆਰ, ਆਪ ਆਪਣੇ ਮਾਰਗ ਲਾਇਆ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਚਰਨ ਉਠਾਇਆ । ਜਿਸ ਜਨ ਬਖ਼ਸ਼ੇ ਸਚ ਪਿਆਰ, ਅਲਖ ਅਲਖਣਾ ਏਕਾ ਅਲਖ ਜਗਾਇਆ । ਹੋਏ ਪਰਤੱਖ ਸਾਚੇ ਘਰ ਵਸਣਾ, ਆਪ ਆਪਣਾ ਰੂਪ ਦਰਸਾਇਆ । ਆਪੇ ਰੋਣਾ ਆਪੇ ਹੱਸਣਾ, ਆਪ ਆਪਣਾ ਰਿਹਾ ਚੁੱਪ ਕਰਾਇਆ । ਆਪਣਾ ਤੀਰ ਨਿਰਾਲਾ ਆਪੇ ਕਸਣਾ, ਆਪੇ ਰਿਹਾ ਲਗਾਇਆ । ਆਪਣੇ ਦਵਾਰਾ ਆਪੇ ਵਸਣਾ, ਆਪੇ ਰਿਹਾ ਵਖਾਇਆ । ਆਪਣੇ ਘਰ ਵਿਚੋਂ ਆਪੇ ਨੱਸਣਾ, ਆਪੇ ਪਾਰ ਕਰਾਇਆ । ਪੁਰਖ ਅਗੰਮੜਾ ਘਰ ਅਗੰਮੜੇ ਵਸਣਾ, ਵੇਦ ਕਤੇਬ ਲੇਖ ਭੇਵ ਨਾ ਕਿਸੇ ਲਿਖਾਇਆ । ਬ੍ਰਹਮਾ ਦੇਵੇ ਨਾ ਕੋਈ ਦੱਛਣਾ, ਚਾਰ ਵੇਦ ਨਾ ਕੋਈ ਜਣਾਇਆ । ਪੁਰਾਨ ਅਠਾਰਾਂ ਲੇਖਾ ਲੇਖ ਨਾ ਕਿਸੇ ਲਿਖਣਾ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਿਣਾਇਆ । ਆਪਣਾ ਮੰਗਲ ਆਪੇ ਪਾ, ਆਪੇ ਰਿਹਾ ਸੁਣਾਈਆ । ਆਪਣੀ ਸਤਾਰ ਆਪ ਵਜਾ, ਆਪੇ ਰਾਗ ਅਲਾਈਆ । ਆਪਣੀ ਧਾਰ ਆਪ ਚਲਾ, ਆਪੇ ਵੇਖ ਵਖਾਈਆ । ਆਪਣੀ ਕਾਰ ਆਪ ਕਰਾ, ਆਪੇ ਰਿਹਾ ਕਰਾਈਆ । ਕਰਤਾ ਪੁਰਖ ਕਰਨੇਹਾਰਾ ਆਪ ਅਖਵਾ, ਅਬਿਨਾਸ਼ੀ ਪੁਰਖ ਨਾਉਂ ਧਰਾਈਆ । ਅਗੰਮ ਅਗੋਚਰ ਭੇਵ ਨਾ ਰਾ, ਆਦਿ ਅੰਤ ਇਕ ਵਡਿਆਈਆ । ਅਕਾਲ ਮੂਰਤ ਵੇਖ ਵਖਾ, ਅਨਭਵ ਪਰਕਾਸ਼ ਕਰਾਈਆ ।

ਆਦਿ ਸ਼ਕਤ ਨਾਮ ਧਰਾ, ਲਾਲ ਵੇਸ ਵੇਸ ਵਟਾਈਆ । ਸਚ ਸਿੰਘਾਸਣ ਆਸਣ ਲਾ, ਆਪਣਾ ਆਪ ਉਪਾਈਆ । ਚਤੁਰਭੁਜ ਭੁਜ ਦਇਆ ਕਮਾ, ਆਪਣੇ ਵਿਚ ਸਮਾਈਆ । ਆਪਣੀ ਸੇਵਾ ਆਪ ਕਮਾ, ਆਪਣੀ ਭਿਛਿਆ ਆਪਣੀ ਝੋਲੀ ਪਾਈਆ । ਆਪਣਾ ਇਸ਼ਟ ਆਪਣੀ ਦੇਵੀ ਆਪ ਮਨਾ, ਆਪਣਾ ਰੂਪ ਵਟਾਈਆ । ਆਪਣੀ ਸ੍ਰਿਸ਼ਟ ਆਪ ਉਪਾ, ਆਪੇ ਵੇਖ ਵਖਾਈਆ । ਕਲਜੁਗ ਅੰਤਮ ਦਏ ਖਪਾ, ਨਾ ਦੇਵੇ ਕੋਈ ਸਲਾਹੀਆ । ਕਲਜੁਗ ਕੂੜਾ ਭੁੱਲਿਆ ਰਾਹ, ਕੂੜੇ ਧੰਦੇ ਲਾਈਆ । ਨੌਂ ਖੰਡ ਨੌਂ ਦਰ ਨੌਂ ਨੌਂ ਨਾਥ ਨੌਂ ਨੌਂ ਵਾਰ ਧਿਆਈਆ । ਸਤਿ ਪੁਰਖ ਸਤਿ ਉਪਦੇਸ਼ ਸਤਿ ਸਤਿਵਾਦ ਨਾ ਕੋਈ ਸਕੇ ਗਾ, ਸਾਂਤਕ ਸਤਿ ਨਾ ਕੋਈ ਕਰਾਈਆ । ਚਾਰੇ ਜੁਗ ਚਾਰੇ ਵੇਦ ਚਾਰੇ ਖਾਣੀ ਨਾ ਕੋਈ ਸਕੇ ਪੜ੍ਹਾ, ਨਾ ਕੋਈ ਬੂਝ ਬੁਝਾਈਆ । ਸਿਮਰਤ ਸ਼ਾਸਤਰ ਮਾਣ ਅਭਿਮਾਨ ਰਹੇ ਵਧਾ, ਮਨ ਕਾ ਮਣਕਾ ਨਾ ਕੋਈ ਫੇਰ ਫਿਰਾਈਆ । ਪੁਰਾਨ ਅਠਾਰਾਂ ਘਰ ਘਰ ਦਰ ਦਰ ਮੰਦਰ ਅੰਦਰ ਬੈਠੇ ਰਹੇ ਗਾ, ਪਾਰਬ੍ਰਹਮ ਨਾ ਮੇਲ ਮਿਲਾਈਆ । ਗੀਤਾ ਗਿਆਨ ਨਾ ਕੋਈ ਜਣਾ, ਮਿਲੇ ਮੇਲ ਨਾ ਬੇਪਰਵਾਹੀਆ । ਮੁਕੰਦ ਮਨੋਹਰ ਲਖਮੀ ਨਰਾਇਣ, ਤੀਜੇ ਨੈਣ ਨਾ ਕੋਈ ਦਰਸਾਈਆ । ਅੰਜੀਲ ਕੁਰਾਨਾ ਰਹੇ ਗਾ, ਅੱਲਾ ਹੂ ਨਾਅਰਾ ਰਹੇ ਲਾ, ਐਨਲਹੱਕ ਨਾ ਕੋਈ ਮਲਾਈਆ । ਨੂਰ ਅਲਾਹੀ ਇਕ ਖ਼ੁਦਾ, ਆਦਿ ਅੰਤ ਨਾ ਹੋਏ ਜੁਦਾ, ਇਕ ਲਗਾਏ ਸਚ ਸਦਾ, ਏਕਾ ਰੂਪ ਦਰਸਾਈਆ । ਕਲਮਾ ਕਲਮੀ ਰਿਹਾ ਪੜ੍ਹਾ, ਸਾਚੇ ਪੌੜੇ ਰਿਹਾ ਚੜ੍ਹਾ, ਏਕਾ ਲੜ ਰਿਹਾ ਫੜਾ, ਖ਼ੁਦੀ ਖ਼ੁਦਾਈ ਰਹਿਣ ਨਾ ਪਾਈਆ । ਕਲਮਾ ਅਮਾਮ ਇਕ ਸੁਣਾ, ਕਾਇਨਾਤ ਦਏ ਜਣਾ, ਸ਼ਰਅ ਸ਼ਰਾਇਤ ਇਕ ਵਖਾ, ਇਕ ਹਦੀਸ ਰਿਹਾ ਪੜ੍ਹਾਈਆ । ਦੰਦ ਬਤੀਸਾ ਰਹੇ ਅਲ੍ਹਾ, ਕਵਣ ਜਾਣੇ ਪ੍ਰਭ ਤੇਰਾ ਰਾਹ, ਕਲਜੁਗ ਕਰਿਆ ਪਾਪਾ ਫਾਹ, ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਹਰਿ ਰਘੁਰਾਈਆ । ਖੇਲੇ ਖੇਲ ਖੇਲਣਹਾਰਾ, ਆਦਿ ਪੁਰਖ ਅਕਾਲਾ । ਵੇਦ ਪੁਰਾਨਾ ਪਾਵੇ ਸਾਰਾ, ਨਾਲ ਰਲਾਏ ਰਾਣੀ ਅੱਲਾ । ਖਾਣੀ ਬਾਣੀ ਕਰ ਵਿਚਾਰਾ, ਵੇਖੇ ਗਾਰ ਡੂੰਘੀ ਡੱਲਾ । ਅਰਜਨ ਤੇਰਾ ਲੇਖ ਅਪਾਰਾ, ਮਨਮੁਖ ਭੁੱਲੇ ਹੋਏ ਝੱਲਾ । ਨਿਹਕਲੰਕ ਲਏ ਅਵਤਾਰਾ, ਵਸਿਆ ਸਚ ਮਹੱਲਾ । ਗੁਰ ਗੋਬਿੰਦ ਤੇਰਾ ਭਰੇ ਭੰਡਾਰਾ, ਨਾ ਕਰਿਆ ਵਲਾ ਛਲਾ । ਵੇਦ ਵਿਆਸਾ ਦਏ ਸਹਾਰਾ, ਜੋਤੀ ਸ਼ਬਦੀ ਆਪੇ ਰਲਾ । ਸੰਬਲ ਨਗਰੀ ਧਾਮ ਅਪਾਰਾ, ਦਸਮ ਦਵਾਰੀ ਉਚਾ ਪਰਬਤ ਵਡ ਟਿੱਲਾ । ਆਪ ਆਪਣਾ ਕਰ ਉਜਿਆਰਾ, ਆਪਣੀ ਰਸਨਾ ਚਾੜ੍ਹੇ ਆਪਣਾ ਚਿਲਾ । ਫੜੇ ਸ਼ਬਦ ਹੱਥ ਤੀਰ ਕਟਾਰਾ, ਪਾਵੇ ਸਾਰ ਜਲਾਂ ਥਲਾਂ । ਲੱਖ ਚੁਰਾਸੀ ਵੇਖੇ ਮੀਤ ਮੁਰਾਰਾ, ਦਰਸ ਦਿਖਾਏ ਘੜੀ ਘੜੀ ਪਲ ਪਲਾ । ਜੂਠਾ ਝੂਠਾ ਤੋੜੇ ਗੜ੍ਹ ਹੰਕਾਰਾ, ਉਚਾ ਰਹਿਣ ਨਾ ਦੇਵੇ ਕੋਈ ਕਿਲਾ । ਚਰਨ ਛੁਹਾਏ ਵਿਚ ਦਰਬਾਰਾ, ਰਾਮ ਦਾਸ ਗੁਰ ਸਾਚੀ ਤੇਰੀ ਸਿਲਾ । ਪੰਚਮ ਜੇਠ ਕਰੇ ਵਿਹਾਰਾ, ਪਰਗਟ ਹੋਏ ਛੈਲ ਛਬੀਲਾ, ਨੌਂ ਖੰਡ ਪ੍ਰਿਥਮੀ ਮਗਰ ਲਗਾਏ ਝੂਠੀ ਧਾੜਾ, ਜੋਤੀ ਅਗਨੀ ਲਾਏ ਤੀਲਾ । ਚਾਰੋਂ ਕੁੰਟ ਲੱਗੇ ਵਾ ਤੱਤੀ ਹਾੜਾ, ਨਾ ਦਿਸੇ ਕੋਈ ਵਸੀਲਾ । ਕਲਜੁਗ ਅੰਤਮ ਜ਼ਿਮੀ ਅਸਮਾਨਾ ਤੁਟੇ ਪਾੜਾ, ਧੁਰਦਰਗਾਹੀ ਨਾ ਮਿਲੇ ਕੋਈ ਵਕੀਲਾ । ਕਲਜੁਗ ਅੰਤਮ ਕੱਢੇ ਹਾੜਾ, ਰਾਣੀ ਅਲ੍ਹਾ ਦਏ ਦਲੀਲਾਂ । ਨੌਂ ਖੰਡ ਪ੍ਰਿਥਮੀ ਇਕ ਅਖਾੜਾ, ਆਪ ਕਰਾਏ ਚੜ੍ਹਕੇ ਘੋੜੇ ਨੀਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣਾ ਵੇਸ ਜਨ ਭਗਤ ਦਵਾਰੇ ।

ਦਰ ਦਵਾਰੇ ਦਰ ਦਰਵੇਸ਼ ਬਣ ਭਿਖਾਰਾ, ਲੋਕਮਾਤ ਉਠ ਧਾਇਆ । ਗੁਰਮੁਖ ਸਾਚੇ ਮਲ ਦਵਾਰਾ, ਆਪਣਾ ਆਪ ਛੁਪਾਇਆ । ਜੋਤ ਸਰੂਪੀ ਕਰੇ ਉਜਿਆਰਾ, ਤੀਨ ਲੋਕ ਕਰੇ ਰੁਸ਼ਨਾਇਆ । ਏਕਾ ਸਾਚਾ ਡੰਕ ਵਜਾਇਆ, ਅਨਾਦੀ ਸ਼ਬਦ ਵੱਜੇ ਧੁਨਕਾਰਾ । ਅਨਾਦ ਅਨਾਦੀ ਇਕ ਅਲਾਇਆ, ਛੱਤੀ ਰਾਗ ਨਾ ਪਾਇਣ ਸਾਰਾ । ਨਾਰਦ ਮੁਨ ਆਪ ਉਠਾਇਆ, ਬ੍ਰਹਮਾ ਸੁਤ ਦਏ ਹੁਲਾਰਾ । ਵਿਸ਼ਨੂੰ ਵੰਸੀ ਵੇਸ ਵਟਾਇਆ, ਕੀਆ ਖੇਲ ਅਪਾਰਾ । ਭਗਵਨ ਜੋਤੀ ਜੋਤ ਜਗਾਇਆ, ਜੋਤ ਜਗਾਏ ਵਿਚ ਸੰਸਾਰਾ । ਵਰਨ ਗੋਤੀ ਨਾ ਕੋਈ ਰਖਾਇਆ, ਨਾ ਵਸਿਆ ਕਿਸੇ ਮੰਦਰ ਮਸਜਿਦ ਗੁਰਦਵਾਰਾ । ਗੁਰਮੁਖ ਸਾਚੇ ਵੇਖ ਵਖਾਇਆ, ਪ੍ਰਭ ਅਬਿਨਾਸ਼ੀ ਡੇਰਾ ਲਾਇਆ, ਘਰ ਸੁਹਾਇਆ ਦਸਮ ਦਵਾਰਾ । ਆਪ ਆਪਣਾ ਪੜਦਾ ਲਾਹਿਆ । ਬਜਰ ਕਪਾਟੀ ਤੋੜ ਤੁੜਾਇਆ । ਜੋਤ ਨਿਰੰਜਣ ਜੋਤ ਜਗਾਇਆ । ਆਦਿ ਸ਼ਕਤ ਹੋਏ ਸਹਾਇਆ । ਅਕਾਲ ਪੁਰਖ ਦਏ ਵਡਿਆਇਆ । ਮਹਾਂਕਾਲ ਨਾ ਨੇੜੇ ਆਇਆ । ਦੀਨ ਦਿਆਲਾ ਦਰਸ਼ਨ ਪਾਇਆ । ਗੁਰ ਗੋਪਾਲਾ ਭੇਵ ਚੁਕਾਇਆ । ਜਗਤ ਜੰਜਾਲਾ ਤੋੜ ਵਖਾਇਆ । ਕਾਇਆ ਮੰਦਰ ਅੰਦਰ, ਸੱਚੀ ਧਰਮਸਾਲਾ ਹਰਿ ਮੰਦਰ ਨਾਉਂ ਰਖਾਇਆ । ਦੀਪਕ ਜੋਤੀ ਜਗੇ ਅੰਦਰੇ ਅੰਦਰ, ਦਿਸ ਕਿਸੇ ਨਾ ਆਇਆ । ਮਨਮੁਖ ਭੌਂਦੇ ਬਾਹਰ ਬੰਦਰ, ਗੁਰਮੁਖ ਵਿਰਲੇ ਆਤਮ ਘਰ ਵਸਾਇਆ । ਸਤਿਗੁਰ ਪੂਰਾ ਤੋੜਣਹਾਰਾ ਜੰਦਰ, ਸ਼ਬਦ ਹਥੌੜਾ ਦਏ ਲਗਾਇਆ । ਭਾਗ ਲਗਾਏ ਡੂੰਘੀ ਕੰਦਰ, ਕੰਤ ਕੰਤੂਹਲ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਵਿਹਾਰਾ ਹਰਿ ਨਿਰੰਕਾਰਾ ਨਿਰਗੁਣ ਨਿਰਗੁਣ ਆਪ ਕਰਾਇਆ । ਨਿਰਗੁਣ ਕਾਰੀ ਨਿਰਗੁਣ ਧਾਰੀ, ਨਿਰਗੁਣ ਆਪ ਕਰਾਇੰਦਾ । ਨਿਰਗੁਣ ਮੀਤ ਨਿਰਗੁਣ ਮੁਰਾਰੀ, ਨਿਰਗੁਣ ਰੂਪ ਵਟਾਇੰਦਾ । ਨਿਰਗੁਣ ਪੁਰਖ ਨਿਰਗੁਣ ਨਾਰੀ, ਨਿਰਗੁਣ ਪੂਤ ਸਪੂਤਾ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਕਰ ਅਨੇਕਾ ਆਪਣੇ ਨੇਤਰ ਆਪੇ ਪੇਖਾ, ਨਾ ਕੋਈ ਰੂਪ ਨਾ ਕੋਈ ਰੇਖਾ, ਜੋਤ ਸਰੂਪੀ ਧਾਰਿਆ ਭੇਖਾ, ਲੱਖ ਚੁਰਾਸੀ ਲਿਖੇ ਲੇਖਾ, ਪਰਗਟ ਹੋ ਦਸ ਦਸਮੇਸਾ, ਪਾਰਬ੍ਰਹਮ ਪ੍ਰਭ ਨਰ ਨਰੇਸ਼ਾ, ਏਕਾ ਧਾਮ ਹਰਿ ਅਵੱਲਾ ਉਚ ਅਟੱਲਾ ਆਪਣਾ ਆਪ ਸੁਹਾਇੰਦਾ । ਸੁਹਾਇਆ ਥਾਨ ਹਰਿ ਬਨਵਾਰੀ, ਆਪਣੀ ਜੋਤ ਜਗਾਈਆ । ਅਗੰਮ ਅਗੰਮੜਾ ਅਗੰਮੜੀ ਕਾਰੀ, ਭੇਵ ਅਭੇਦਾ ਬੈਠਾ ਭੇਵ ਛੁਪਾਈਆ । ਰਾਮ ਰਹੀਮ ਕਰੀਮ ਬੇਐਬ ਪਰਵਰਦਿਗਾਰੀ, ਨਿਰੰਕਾਰੀ ਜੋਤੀ ਨੂਰ ਕਰੇ ਰੁਸ਼ਨਾਈਆ । ਰਾਮਾ ਕ੍ਰਿਸ਼ਨਾ ਮੀਤ ਮੁਰਾਰੀ, ਸੰਗ ਮੁਹੰਮਦ ਵੇਖੇ ਯਾਰੀ, ਨਾਨਕ ਮੇਲਾ ਸਹਿਜ ਸੁਭਾਈਆ । ਨਾਨਕ ਢਹਿ ਪਿਆ ਦਵਾਰੀ, ਪਾਰਬ੍ਰਹਮ ਪ੍ਰਭ ਖੇਲ ਨਿਆਰੀ, ਏਕਾ ਦੇਵੇ ਸ਼ਬਦ ਭੰਡਾਰੀ, ਲੋਕਮਾਤ ਮਾਰ ਝਾਤ ਚਾਰ ਵਰਨ ਇਕ ਜਮਾਤ ਏਕਾ ਰੂਪ ਦਰਸਾਇੰਦਾ । ਸ਼ਬਦ ਸਰੂਪੀ ਦੇਵੇ ਦਾਤ, ਪੁਰਖ ਅਬਿਨਾਸ਼ੀ ਵਡ ਕਰਾਮਾਤ, ਚਰਨ ਪ੍ਰੀਤੀ ਬੰਨੇ ਨਾਤ, ਲਹਿਣਾ ਦੇਣਾ ਹਾਥੋ ਹਾਥ, ਮੇਲ ਮਿਲਾਏ ਹਰਿ ਸਮਰਾਥ, ਸਮਰਥ ਪੁਰਖ ਆਪ ਅਖਵਾਇੰਦਾ । ਮੰਤਰ ਨਾਮ ਸਚ ਗੌਣਾ, ਪੁਰਖ ਅਬਿਨਾਸ਼ੀ ਘਰ ਮੇਂ ਪੌਣਾ, ਹਉਮੇ ਹੰਗਤਾ ਰੋਗ ਗਵੌਣਾ, ਸਾਚੀ ਸੰਗਤਾ ਸੰਗ ਰਖੌਣਾ, ਭੁੱਖਾ ਨੰਗਤਾ ਕਲ ਮਿਟੌਣਾ, ਏਕਾ ਮਾਰਗ ਪਾਇੰਦਾ । ਚਾਰ ਵਰਨਾਂ ਇਕ ਪਿਆਰਾ, ਊਚਾਂ ਨੀਚਾਂ ਦਏ ਸਹਾਰਾ, ਏਕਾ ਨੂਰ ਹਰਿ ਅਵਤਾਰਾ, ਸਤਿਗੁਰ ਪੂਰਾ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵਣਹਾਰਾ ਵਰ, ਦਰ ਦਰਵਾਜ਼ੇ ਗ਼ਰੀਬ ਨਿਵਾਜ਼ੇ ਜੋ ਜਨ ਆਏ ਭਿਛਿਆ ਪਾਇੰਦਾ । ਆਪੇ ਸੱਦਣਹਾਰਾ ਦਰ,

੩੨੨ ੦੭

ਆਪੇ ਮੰਗ ਮੰਗਾਇੰਦਾ । ਆਪੇ ਦੇਵਣਹਾਰਾ ਵਰ, ਆਪੇ ਝੋਲੀ ਭਰਾਇੰਦਾ । ਆਪ ਚੁਕਾਏ ਆਪਣਾ ਡਰ, ਆਪਣੀ ਬੂਝ ਬੁਝਾਇੰਦਾ । ਆਪ ਵਖਾਏ ਆਪਣਾ ਘਰ, ਜਿਸ ਜਨ ਦਇਆ ਕਮਾਇੰਦਾ । ਏਕਾ ਪੁਰਖ ਹਰੀ ਹਰਿ, ਆਪ ਹਰਿ ਅਖਵਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਨਾਉਂ ਧਰਾਇੰਦਾ । ਸਾਧ ਸੰਤ ਗੁਰ ਪੀਰ ਲਏ ਵਰ, ਵਰ ਦਾਤਾ ਆਪ ਹੋ ਜਾਇੰਦਾ । ਸ਼ਬਦ ਭੰਡਾਰਾ ਦੇਵੇ ਭਰ, ਇਕ ਗਿਆਨ ਜਣਾਇੰਦਾ । ਇਕ ਵਰਤਾਰਾ ਏਕਾ ਵਰ, ਏਕਾ ਵਸਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਹਾਜ਼ਰ ਹਜ਼ੂਰ ਸਰਬ ਕਲ ਭਰਪੂਰ, ਨਿਰਗੁਣ ਸਰਗੁਣ ਵੇਸ ਰਖਾਇੰਦਾ । ਨਿਰਗੁਣ ਮੇਲਾ ਹਰਿ ਕਰਤਾਰ, ਆਪਣਾ ਆਪ ਕਰਾਇਆ । ਆਪੇ ਹੋਇਆ ਸੱਜਣ ਸੁਹੇਲਾ, ਸਖਾ ਸਹਾਈ ਆਪ ਹੋ ਆਇਆ । ਆਪੇ ਗੁਰ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਸ ਵਟਾਇਆ । ਆਪੇ ਵਸਿਆ ਰੰਗ ਨਵੇਲਾ, ਦਿਸ ਕਿਸੇ ਨਾ ਆਇਆ । ਅਚਰਜ ਖੇਲ ਪਾਰਬ੍ਰਹਮ ਜਗ ਖੇਲਾ, ਜੁਗ ਜੁਗ ਵੇਸ ਵਟਾਇਆ । ਕਲਜੁਗ ਤੇਰੀ ਅੰਤਮ ਵਾਰੀ ਲੱਖ ਚੁਰਾਸੀ ਚਾੜ੍ਹੇ ਤੇਲਾ, ਪੰਚਮ ਜੇਠੀ ਸਗਨ ਮਨਾਇਆ । ਮਨਮੁਖ ਸਖੀਆਂ ਮਿਲ ਮਿਲ ਪਾਵਣ ਵੇਲਾਂ, ਝੂਠੀ ਝੋਲੀ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਆਪੇ ਹੋਏ ਸਹਾਇਆ । ਸਰਗੁਣ ਨਾਮ ਸਹਾਰਾ, ਹਰਿ ਜੋਤ ਜਗਾਈਆ । ਦੇਵੇ ਸ਼ਬਦ ਸੱਚੀ ਧੁਨਕਾਰਾ, ਰਾਗ ਅਨਾਦੀ ਤਾਲ ਵਜਾਈਆ । ਮਿਲਿਆ ਮੇਲ ਕੰਤ ਭਤਾਰਾ, ਭਿੰਨੜੀ ਰੈਣ ਸੁਹਾਈਆ । ਆਤਮ ਸੇਜਾ ਕਰ ਪਿਆਰਾ, ਸਾਚੀ ਖ਼ੁਸ਼ੀ ਕਰਾਈਆ । ਦੇਵੇ ਨਾਮ ਧੁਰ ਕਰਤਾਰਾ, ਧੁਰ ਵਸਤ ਝੋਲੀ ਪਾਈਆ । ਪੂਰਨ ਭਰਿਆ ਹਰਿ ਭੰਡਾਰਾ, ਤੋਟ ਰਹੇ ਨਾ ਰਾਈਆ । ਸੰਮਤ ਵੀਹ ਸੌ ਚੌਦਾਂ ਪਾਰ ਕਿਨਾਰਾ, ਪੰਦਰਾਂ ਵੇਲ ਵਧਾਈਆ । ਪੰਚਮ ਜੇਠ ਮੀਤ ਮੁਰਾਰਾ, ਜਨ ਭਗਤਾਂ ਹੋਏ ਸਹਾਈਆ । ਦਰਸ ਦਿਖਾਵੇ ਦਇਆ ਕਮਾਵੇ ਪਾਰ ਕਰਾਏ ਨੌਂ ਦਵਾਰਾ, ਨਿਝ ਸਰੂਪ ਸਤਿ ਸਰੂਪ ਸ਼ਾਹੋ ਭੂਪ ਆਪਣਾ ਆਪ ਦਰਸਾਈਆ । ਮਿਲ ਮਿਲ ਸਖੀਆਂ ਗਾਓ ਵਾਰਾ, ਪਾਇਆ ਪੁਰਖ ਇਕ ਅਪਾਰਾ, ਵਿਛੜ ਨਾ ਜਾਏ ਵਿਚ ਸੰਸਾਰਾ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਵੇਖ ਵਖਾਈਆ । ਸਰਗੁਣ ਤੇਰੀ ਸਚ ਅਟਾਰੀ, ਨਿਰਗੁਣ ਜੋਤ ਜਗਾਈਆ । ਜਨ ਭਗਤਾਂ ਕਰੇ ਨਾਮ ਪਿਆਰੀ, ਨਾਮ ਨਾਮਾਂ ਝੋਲੀ ਪਾਈਆ । ਆਓ ਸੰਤੋ ਕਰੋ ਵਣਜ ਵਪਾਰੀ, ਹਰਿ ਏਕਾ ਵਣਜ ਕਰਾਈਆ । ਕਲਜੁਗ ਅੰਤਮ ਹੋਣਾ ਪਏ ਖਵਾਰੀ, ਦਸਮ ਦਵਾਰੀ ਨਾ ਕੋਈ ਦਰਸਾਈਆ । ਸਾਰੇ ਬੈਠੇ ਅਧਵਿਚਕਾਰੀ, ਉਚੇ ਡੰਡੇ ਰਾਹ ਤਕਾਈਆ । ਪਾਰ ਕੰਢੇ ਨਾ ਕੋਈ ਉਤਾਰੀ, ਸਾਚੀ ਵੰਡ ਨਾ ਕੋਈ ਵੰਡਾਈਆ । ਦੁਹਾਗਣ ਨਾਰ ਰੰਡ ਜੀਵ ਜੰਤ ਨਿਧਾਨ ਸੰਸਾਰੀ, ਸਾਚਾ ਕੰਤ ਨਾ ਕੋਈ ਹੰਢਾਈਆ । ਨੇਤਰ ਪੇਖ ਜੋਤ ਨਿਰੰਕਾਰੀ, ਮਸਤਕ ਰੇਖ ਦਏ ਮਿਟਾਈਆ । ਪੂਰੇ ਗੁਰ ਸਦਾ ਬਲਹਾਰੀ, ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਰਿਹਾ ਜਗਾਈਆ । ਕਲਜੁਗ ਅੰਤਮ ਕਾਲੀ ਰੈਣ, ਚਾਰੋਂ ਕੁੰਟ ਅੰਧੇਰਾ ਛਾਇਆ । ਨਾ ਕੋਈ ਦਿਸੇ ਸਾਕ ਸੱਜਣ ਮਾਤ ਪਿਤ ਭਾਈ ਭੈਣ, ਝੂਠਾ ਨਾਤਾ ਜਗਤ ਬੰਧਾਇਆ । ਹਰਿ ਦਰਸ ਨਾ ਪੇਖੇ ਕੋਈ ਨੈਣ, ਮਾਇਆ ਮਮਤਾ ਮੋਹ ਵਧਾਇਆ । ਸੰਤ ਸੰਤ ਸਤਿਗੁਰ ਸਾਰੇ ਕਹਿਣ, ਸਤਿਗੁਰ ਪਦ ਕਿਸੇ ਨਾ ਪਾਇਆ । ਜਗਤ ਸਿੰਘਾਸਣ ਸਾਰੇ ਬਹਿਣ, ਸ਼ਬਦ ਸਿੰਘਾਸਣ ਦਿਸ

੩੨੩
੦੭

ਨਾ ਆਇਆ । ਸਿਖੀ ਸਿਖੀ ਸਾਰੇ ਵੇਖਣ ਨੈਣ, ਸਾਚਾ ਸਿਦਕ ਨਾ ਕੋਈ ਨਿਭਾਇਆ । ਲੇਖੀ ਲਿਖੀ ਸਾਰੇ ਦੇਣ, ਲੇਖਾ ਦਏ ਨਾ ਕੋਈ ਮਿਟਾਇਆ । ਮਨਮਤ ਲੈਣ ਨਾ ਦੇਵੇ ਕਿਸੇ ਚੈਨ, ਗੁਰ ਦਰ ਮੰਦਰ ਮਸਜਿਦ ਪੰਡਤ ਪਾਂਧੇ ਮੁਲਾਂ ਸ਼ੇਖ਼ ਪੰਥੀ ਗ੍ਰੰਥੀ ਹੋਏ ਹਲਕਾਇਆ । ਕਿਸੇ ਨਾ ਮਿਲਿਆ ਸੱਜਣ ਸੈਣ, ਨੂਰ ਅਲਾਹੀ ਬੇਪਰਵਾਹੀ ਰਾਮਾ ਕ੍ਰਿਸ਼ਨਾ ਨਾਨਕ ਗੋਬਿੰਦ ਮੇਟੇ ਚਿੰਦ ਗੁਣੀ ਗਹਿੰਦ, ਦਰ ਦਵਾਰ ਨਾ ਫੇਰਾ ਪਾਇਆ । ਸਾਰੇ ਬਣ ਬਣ ਬਹਿੰਦੇ ਨਾਦੀ ਬਿੰਦ, ਨਾਦੀ ਸੁਤ ਨਾ ਕਿਸੇ ਜਾਇਆ । ਘਰ ਘਰ ਵਗਾਇਣ ਸਾਗਰ ਧਾਰ ਸਿੰਧ, ਅੰਮ੍ਰਿਤ ਧਾਰ ਨਾ ਕੋਈ ਮੁਖ ਚਵਾਇਆ । ਨੌਂ ਖੰਡ ਪ੍ਰਿਥਮੀ ਨੌਂ ਦਵਾਰੇ ਪੁਰਖ ਅਬਿਨਾਸ਼ੀ ਬਖ਼ਸ਼ੀ ਨਿੰਦ, ਜੀਵ ਜੰਤ ਹੋਏ ਹਲਕਾਇਆ । ਮਨਮੁਖ ਜੀਵਾਂ ਕਲਜੁਗ ਮਾਇਆ ਨਾਲ ਰਲਾਈ ਇਕ ਰਖਾਈ ਸਾਚੀ ਬਿੰਦ, ਨਾਮ ਹੱਠ ਨਾ ਕੋਈ ਰਖਾਇਆ । ਸਾਰੇ ਮੰਗਦੇ ਨੌਂ ਨਿਧ ਅਠਾਰਾਂ ਸਿਧ, ਨੌਂ ਨਾਥ ਨਾ ਕੋਈ ਸਹਾਇਆ । ਦੋ ਦੋ ਤਾਲ ਪੌਂਦੇ ਗਿਧ, ਤਾਲ ਤਲਵਾੜਾ ਨਾ ਕੋਈ ਵਜਾਇਆ । ਜਗਤ ਵਿਦਿਆ ਪ੍ਰਭ ਮਿਲਣ ਦੀ ਦੱਸਣ ਬਿਧ, ਆਤਮ ਬ੍ਰਹਮ ਗਿਆਨ ਨਾ ਕੋਈ ਜਣਾਇਆ । ਕਿਸੇ ਹੱਥ ਨਾ ਆਇਆ ਮਾਰਗ ਸਿਧ, ਨਿਰਗੁਣ ਰੂਪ ਭੁਲਾਇਆ । ਪੰਚ ਵਿਕਾਰਾ ਜੀਵਾਂ ਜੰਤਾਂ ਰਿਹਾ ਬਿੱਧ, ਜੂਠੇ ਝੂਠੇ ਸੰਤਾਂ ਨਾਲ ਰਲਾਇਆ । ਪਾਰਬ੍ਰਹਮ ਪ੍ਰਭ ਪਰਗਟ ਹੋਇਆ ਵਿਚ ਹਿੰਦ, ਭਾਰਤ ਖੰਡੀ ਭਾਗ ਲਗਾਇਆ । ਗੁਰਮੁਖ ਉਪਜਾਏ ਸਾਚੀ ਬਿੰਦ, ਲੱਖ ਚੁਰਾਸੀ ਵੰਡ ਵੰਡਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇਆ । ਪਕੜ ਉਠਾਏ ਸੁਰਪਤ ਰਾਜਾ ਇੰਦ, ਵੇਲਾ ਅੰਤਮ ਆਇਆ । ਸ਼ਿਵ ਸ਼ੰਕਰ ਹੋਏ ਆਪ ਬਖ਼ਸ਼ਿੰਦ, ਆਪਣੀ ਜੋਤੀ ਲਏ ਮਿਲਾਇਆ । ਬ੍ਰਹਮਾ ਬਣਾਈ ਆਪਣੀ ਬਿੰਦ, ਕਵਲੀ ਕਵਲ ਉਪਾਇਆ । ਤ੍ਰੈਗੁਣ ਮਾਇਆ ਕਿਤੂੰ ਕਿੰਦ, ਕਿੰਗਰਾ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੰਦਰ ਆਪ ਉਪਾਏ, ਆਪਣੀ ਇਛਿਆ ਆਪੇ ਢਾਹੇ, ਨਾ ਕੋਈ ਦੂਸਰ ਸੰਗ ਰਖਾਇਆ । ਨਾ ਕੋਈ ਦੂਸਰ ਸੰਗੀ ਸਾਥੀ, ਨਾ ਕੋਈ ਬਣਤ ਬਣਾਈਆ । ਇਕ ਅਕੱਲਾ ਹਰਿ ਰਘੁਨਾਥੀ, ਆਪਣਾ ਰਥ ਚਲਾਈਆ । ਸਰਬ ਕਲਾ ਆਪੇ ਸਮਰਾਥੀ, ਆਪਣੀ ਸਮਰੱਥਿਆ ਵਿਚ ਸਮਾਈਆ । ਕਲਜੁਗ ਅੰਤਮ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥੀ, ਕਲਜੁਗ ਵੰਡ ਵੰਡਾਈਆ । ਚਿੱਟੇ ਅਸਵ ਪੰਚਮ ਜੇਠਾ ਪਾਏ ਕਾਠੀ, ਸੋਲਾਂ ਕਲੀਆਂ ਆਸਣ ਲਾਈਆ । ਵੇਖ ਵਖਾਣੇ ਤੀਰਥ ਤਾਟੀ, ਗੰਗਾ ਗੋਦਾਵਰੀ ਫੇਰਾ ਪਾਈਆ । ਅੰਦਰ ਮੰਦਰ ਵੇਖੇ ਪੂਜਾ ਪਾਠੀ, ਸਾਚਾ ਹਵਨ ਕਵਣ ਕਰਾਈਆ । ਕਵਣ ਦਵਾਰੇ ਅੱਠ ਸਾਠੀ, ਕਵਣ ਨਿਰਮਲ ਨਿਰਾਧਾਰ ਵਹਾਈਆ । ਸਰ ਸਰੋਵਰ ਮਾਰੇ ਕਵਣ ਠਾਠੀ, ਇਕ ਉਛਾਲ ਰਖਾਈਆ । ਬਿਨ ਗੁਰ ਪੂਰੇ ਕੋਇ ਨਾ ਦੇਵੇ ਅੰਮ੍ਰਿਤ ਆਤਮ ਸਾਚੀ ਬਾਟੀ, ਭਰ ਪਿਆਲਾ ਮੁਖ ਨਾ ਕੋਈ ਲਗਾਈਆ । ਚੌਦਾਂ ਲੋਕ ਵੇਖੇ ਜੀਵ ਜੰਤ ਹਾਟੀ, ਪ੍ਰਭ ਸਾਚਾ ਹੱਟ ਖੁਲਾਈਆ । ਬਜਰ ਕਪਾਟੀ ਜਿਸ ਜਨ ਪਾਟੀ, ਨੇੜੇ ਵਾਟੀ ਨਜ਼ਰੀ ਆਈਆ । ਲਹਿਣਾ ਦੇਣਾ ਚੁੱਕੇ ਆਨ ਬਾਟੀ, ਮਾਤ ਗਰਭ ਨਾ ਕੋਇ ਲਟਕਾਈਆ । ਏਕਾ ਏਕ ਏਕ ਦਿਸਾਏ ਸਚ ਪਰਭਾਤੀ, ਏਕਾ ਰਾਗ ਅਲਾਈਆ । ਸਾਚੇ ਸੰਤੋ ਅੰਦਰ ਵੇਖੋ ਮਾਰ ਝਾਤੀ, ਪ੍ਰਭ ਬੈਠਾ ਭੁਜਾਂ ਉਠਾਈਆ । ਬੰਦ ਕਿਵਾੜਾ ਖੋਲ੍ਹੇ ਤਾਕੀ, ਵੇਲਾ ਅੰਤਮ ਦਏ ਦੁਹਾਈਆ । ਚਲ ਕੇ ਆਇਆ ਧੁਰਦਰਗਾਹੀ ਸਾਚਾ ਸਾਥੀ, ਨਾਮ ਸੁਰਾਹੀ ਹੱਥ ਉਠਾਈਆ । ਗਿਆਨੀ ਧਿਆਨੀ ਵਿਦਵਾਨੀ ਨਾ ਕਰਨ ਦੇਵੇ ਕੋਈ ਚਲਾਕੀ, ਅਛਲ ਅਛੱਲ ਆਪ ਅਖਵਾਈਆ । ਅੰਤਮ ਨਾਤਾ ਤੁਟਨਾ ਪੰਜ ਤਤ ਖਾਕੀ, ਖਾਕੀ ਖਾਕ ਮਿਲਾਈਆ ।

ਪ੍ਰਭ ਲੈ ਕੇ ਆਇਆ ਏਕਾ ਸ਼ਬਦ ਰਾਕੀ, ਗੁਰਮੁਖ ਸਾਚੇ ਲਏ ਚੜ੍ਹਾਈਆ । ਚਾਲ ਰਖਾਏ ਸਾਚੀ ਬਾਂਕੀ, ਨਿਰਗੁਣ ਵਾਗਾਂ ਆਪਣੇ ਹੱਥ ਉਠਾਈਆ । ਪਰਗਟ ਹੋਇਆ ਪਾਕਨ ਪਾਕੀ, ਬੇਐਬ ਬੇਗੁਨਾਹੀਆ । ਲੇਖ ਲਿਖਾਏ ਭਵਿਖਤ ਵਾਕੀ, ਦੇਵੇ ਸਚ ਸਲਾਹੀਆ । ਪੰਚਮ ਰੱਖੇ ਜਨ ਜਨ ਕੀ ਜਾ ਕੀ, ਜਾਨਣਹਾਰ ਸ੍ਰਿਸ਼ਟ ਸਬਾਈਆ । ਆਪੇ ਤੋਲੇ ਸਾਚੇ ਟਾਂਕੀ, ਸਾਚੇ ਭਾਰ ਆਪ ਤੁਲਾਈਆ । ਏਕਾ ਨੱਯਾ ਚਲਾਏ ਨਾਮ ਨਾਂ ਕੀ, ਏਕਾ ਪਾਰ ਕਰਾਈਆ । ਕਲਜੁਗ ਅੰਤਮ ਰਹਿਣ ਨਾ ਦੇਵੇ ਕੋਈ ਆਕੀ, ਸ਼ਬਦ ਖੰਡਾਂ ਹੱਥ ਉਠਾਈਆ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਚੜ੍ਹੇ ਮਾਰ ਪਲਾਕੀ, ਚਰਨ ਆਪਣਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਹਰਨ ਫਰਨ ਦਏ ਖੁਲ੍ਹਾਈਆ । ਚੜ੍ਹਿਆ ਲਾੜਾ ਹਰਿ ਬਲਵਾਨ, ਨਿਹਕਲੰਕ ਅਖਵਾਇਆ । ਸੋਹੰ ਖੰਡਾ ਤੀਰ ਕਮਾਨ, ਰਸਨਾ ਚਿੱਲੇ ਆਪ ਉਠਾਇਆ । ਪਰਗਟ ਹੋਇਆ ਵਡ ਬਲੀ ਬਲਵਾਨ, ਮਹਾਂ ਬੀਰ ਸਦਵਾਇਆ । ਇਕ ਮਾਰੇ ਸਚ ਨਿਸ਼ਾਨ, ਦੋ ਜਹਾਨਾਂ ਵੇਖ ਵਖਾਇਆ । ਤਿੰਨਾਂ ਲੋਕਾਂ ਖੇਲ ਮਹਾਨ, ਤ੍ਰਿਲੋਕੀ ਨਾਥ ਅਖਵਾਇਆ । ਲੋਕਮਾਤ ਵੇਖੇ ਮਾਰ ਧਿਆਨ, ਲੱਖ ਚੁਰਾਸੀ ਜੀਵ ਹਲਕਾਇਆ । ਜੀਵ ਜੰਤ ਸਰਬ ਕੁਰਲਾਨ, ਕਲਜੁਗ ਕੂੜਾ ਜਾਲ ਵਿਛਾਇਆ । ਕੂੜੀ ਕਿਰਿਆ ਸਰਬ ਮਿਟ ਜਾਣ, ਕੂੜੀ ਕੂੜੇ ਧੰਦੇ ਲਾਇਆ । ਝੁਲਦਾ ਜਾਏ ਧਰਮ ਨਿਸ਼ਾਨ, ਹਰਿ ਸਾਚੇ ਆਪ ਝੁਲਾਇਆ । ਉਪਰ ਲਿਖਿਆ ਲੇਖ ਮਹਾਨ, ਸੋ ਪੁਰਖ ਨਿਰੰਜਣ ਸੇਵਾ ਲਾਇਆ । ਸਤਿ ਸਤਿਵਾਦੀ ਇਕ ਗਿਆਨ, ਜੀਵਾਂ ਜੰਤਾਂ ਦਏ ਸਮਝਾਇਆ । ਬੀਸ ਬੀਸਾ ਕਰ ਪਰਵਾਨ, ਜਗਤ ਜਗਦੀਸਾ ਹੋਏ ਸਹਾਇਆ । ਜਾਗਰਤ ਜੋਤ ਜਗੇ ਜਹਾਨ, ਗੁਰਮੁਖ ਸਾਚੇ ਲਏ ਜਗਾਇਆ । ਦੇਵੇ ਨਾਮ ਧੁਰ ਫ਼ਰਮਾਣ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਵੇਖੇ ਜੰਗਲ ਜੂਹ ਉਜਾੜ ਕੰਦਰ ਤੀਰਥ ਤੱਟਾਂ ਫੇਰਾ ਪਾਇਆ । ਤੀਰਥ ਤਟ ਵੇਖ ਕਿਨਾਰਾ, ਸੰਤਨ ਦਏ ਹਿਲਾਇਆ । ਭਾਰਤ ਖੰਡ ਖੇਲ ਅਪਾਰਾ, ਪ੍ਰਭ ਸਾਚੇ ਆਪ ਰਚਾਇਆ । ਅਯੁਧਿਆ ਪਰਾਗ ਪਾਵੇ ਸਾਰਾ, ਸੋਇਆ ਕੋਈ ਰਹੇ ਨਾ ਰਾਇਆ । ਕਾਸ਼ੀ ਪੰਡਤ ਦਏ ਹਿਲਾਇਆ, ਏਕਾ ਸ਼ਬਦ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਏਕਾ ਰਾਹ, ਆਪਣਾ ਰਿਹਾ ਸਿਖਾਇਆ । ਏਕਾ ਮਾਰਗ ਹਰਿ ਹਰਿ ਲੌਣਾ, ਆਪਣੇ ਹੱਥ ਰੱਖੀ ਵਡਿਆਈਆ । ਬ੍ਰਹਮਾ ਵੇਤਾ ਸ਼ਬਦ ਜਣੌਣਾ, ਸੋਹੰ ਨਾਮ ਧਰਾਈਆ । ਸ਼ਿਵ ਸ਼ੰਕਰ ਕੰਠ ਮਾਲਾ ਗਲ ਰਖੌਣਾ, ਨੀਲ ਕੰਠ ਸਮਝਾਈਆ । ਸੁਰਪਤ ਰਾਜਾ ਇੰਦ ਉਠੌਣਾ, ਇਕ ਸੰਦੇਸ਼ ਪੁਜਾਈਆ । ਕਰੋੜ ਤੇਤੀਸਾ ਸੰਗ ਰਲੌਣਾ, ਦਿਵਸ ਰੈਣ ਧਿਆਨ ਲਗਾਈਆ । ਲੱਖ ਚੁਰਾਸੀ ਵੇਖ ਵਖੌਣਾ, ਲੋਕਮਾਤ ਵੱਡੀ ਵਡਿਆਈਆ । ਮਨਮੁਖ ਜੀਵ ਮੇਟ ਮਿਟੌਣਾ, ਧਰਤ ਮਾਤ ਗੋਦ ਸੁਹਾਈਆ । ਧਰਮ ਰਾਏ ਦਾ ਦਰ ਸੁਹੌਣਾ, ਖਾਲੀ ਕੁੰਡਾਂ ਦਏ ਭਰਾਈਆ । ਚਿਤਰ ਗੁਪਤ ਦਾ ਲੇਖ ਲਿਖੌਣਾ, ਖਾਤਾ ਵਹੀ ਪੂਰ ਕਰਾਈਆ । ਲਾੜੀ ਮੌਤ ਦਾ ਮਨ ਪਰਚੌਣਾ, ਲੱਖ ਚੁਰਾਸੀ ਏਕਾ ਕੰਤ ਬਣਾਈਆ । ਸਚ ਸਪੁਤਰੀ ਪੱਲੇ ਦਾਜ ਆਪ ਬੰਨੌਣਾ, ਜੂਠੀ ਝੂਠੀ ਨਾਲ ਕੁੜਮਾਈਆ । ਚਾਰ ਯਾਰੀ ਮੇਟ ਮਿਟੌਣਾ, ਸਦੀ ਚੌਧਵੀਂ ਵੇਖ ਵਖਾਈਆ । ਅਲ੍ਹਾ ਰਾਣੀ ਨੇਤਰ ਰੋ ਰੋ ਨੀਰ ਵਹੌਣਾ, ਸੰਗ ਮੁਹੰਮਦ ਰਹੀ ਸੁਣਾਈਆ । ਕਵਣ ਦਵਾਰੇ ਪੁਰਖ ਅਗੰਮ ਅਪਾਰੇ ਤੇਰਾ ਦਰਸ਼ਨ ਪੌਣਾ, ਕਵਣ ਦਰਸਾਈਆ । ਪਾਰਬ੍ਰਹਮ ਪ੍ਰਭ ਇਹ ਜਣੌਣਾ । ਮੇਰਾ ਰੂਪ ਮੇਰਾ ਸਿਖ ਬਣੌਣਾ । ਪੂਰਨ

ਜੋਤੀ ਪੂਰਨ ਵਿਚ ਰਖੌਣਾ । ਵਰਨ ਗੋਤੀ ਨਾ ਕੋਈ ਉਪਜੌਣਾ । ਪੰਜ ਤਤ ਦਰ ਲੇਖ ਮਿਟੌਣਾ । ਨਾੜ ਨਬਜ਼ ਸਭ ਬੰਦ ਕਰੌਣਾ । ਆਪਣਾ ਨਾਚ ਆਪ ਵਖੌਣਾ । ਵਡ ਕਰਾਮਾਤ ਸ਼ਬਦ ਚਲੌਣਾ । ਜਨ ਭਗਤਾਂ ਦੇਵੇ ਦਾਤ, ਦੂਸਰ ਕਿਸੇ ਹੱਥ ਨਾ ਔਣਾ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹੌਣਾ । ਗੁਰ ਸੰਗਤ ਬਣਾਏ ਇਕ ਬਰਾਤ, ਸਾਚੇ ਲਾੜੇ ਸਗਨ ਮਨੌਣਾ । ਪੰਦਰਾਂ ਕੱਤਕ ਪਾਰ ਕਰਾਏ ਘਾਟ, ਲੰਕਾ ਗੜ੍ਹ ਚਰਨ ਛੁਹੌਣਾ । ਰਾਮ ਰਾਮਾ ਤੇਰੀ ਵੇਖੇ ਵਾਟ, ਭੇਖ ਭਬੀਖਣ ਲੇਖ ਲਿਖੌਣਾ । ਦੁਰਮਤ ਮੈਲ ਦੇਵੇ ਕਾਟ, ਸ਼ਬਦ ਗਿਆਨ ਇਕ ਕਰੌਣਾ । ਕਲਜੁਗ ਝੂਠੇ ਲੁਟੇ ਜਾਣ ਹਾਟ, ਸਾਚਾ ਹਾਟ ਇਕ ਖਲ੍ਹੌਣਾ । ਇਕ ਜਣਾਏ ਪੂਜਾ ਪਾਠ, ਏਕਾ ਇਸ਼ਟ ਦੇਵ ਗੁਰ ਬਣੌਣਾ । ਇਕ ਵਖਾਏ ਤੀਰਥ ਤਾਟ, ਗੁਰਚਰਨ ਸਾਚੇ ਨਹੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਪੜਦਾ ਆਪੇ ਲੌਹਣਾ । ਆਪਣਾ ਪੜਦਾ ਆਪੇ ਲਾਹ, ਆਪਣੀ ਜੋਤ ਕਰੇ ਰੁਸ਼ਨਾਈਆ । ਆਪਣਾ ਸ਼ਬਦ ਆਪ ਜਣਾ, ਤੂਰਤ ਨਾਦ ਇਕ ਵਜਾਈਆ । ਆਪਣਾ ਰਾਗ ਆਪ ਸੁਣਾ, ਧੁਨ ਆਤਮਕ ਰਿਹਾ ਸੁਣਾਈਆ । ਆਪਣੀ ਵਾਗ ਆਪ ਉਠਾ, ਆਪ ਆਪਣਾ ਲਏ ਦੌੜਾਈਆ । ਗੁਰਸਿਖ ਤੇਰੀ ਕਾਇਆ ਕੰਦਰ ਡੂੰਘੀ ਭਵਰੀ ਪਾਰ ਲਏ ਕਰਾ, ਕਿਲਾ ਕੋਟ ਨਾ ਕੋਈ ਦਿਸਾਈਆ । ਤਨ ਚੋਟ ਨਗਾਰੇ ਦਏ ਲਗਾ, ਅਨਹਦ ਸ਼ਬਦ ਤਾਲ ਵਜਾਈਆ । ਹਉਮੇ ਰੋਗ ਦਏ ਮਿਟਾ, ਸੋਹੰ ਚੋਗ ਚੁਗਾਈਆ । ਜਗਤ ਵਿਜੋਗ ਦਏ ਗਵਾ, ਧੁਰ ਸੰਜੋਗ ਮਿਲਾਈਆ । ਦਰਸ ਅਮੋਘ ਦਏ ਵਖਾ, ਜੋਤ ਸਰੂਪੀ ਦਰ ਦਵਾਰੇ ਫੇਰਾ ਪਾਈਆ । ਏਕਾ ਜੋਗ ਦਏ ਸਿਖਾ, ਏਕਾ ਲਿਵ ਹਰਿ ਸਰਨਾਈਆ । ਏਕਾ ਭੋਗ ਦਏ ਕਰਾ, ਆਤਮ ਸੇਜਾ ਆਪ ਸਹਿਜ ਸੁਖਦਾਈਆ । ਜਗਤ ਤ੍ਰਿਸਨਾ ਦਏ ਮਿਟਾ, ਭਗਤ ਭਗਤੀ ਝੋਲੀ ਪਾਈਆ । ਕਾਹਨਾ ਕ੍ਰਿਸ਼ਨਾ ਰੂਪ ਵਟਾ, ਮੋਹਣ ਮਾਧਵ ਆਪ ਅਖਵਾਈਆ । ਰਾਮ ਰਾਮਾ ਰੰਗ ਰੰਗਾ, ਸੀਤਾ ਸੁਰਤੀ ਲਏ ਪਰਨਾਈਆ । ਸ਼ਬਦ ਮਰਦੰਗ ਇਕ ਵਜਾ, ਸੰਤ ਸੁਹੇਲੇ ਲਏ ਜਗਾਈਆ । ਆਤਮ ਗੰਗ ਦਏ ਨੁਹਾ, ਆਪ ਆਪਣੀ ਦਇਆ ਕਮਾਈਆ । ਕਾਇਆ ਰੰਗ ਮਜੀਠੀ ਦਏ ਚੜ੍ਹਾ, ਉਤਰ ਕਦੇ ਨਾ ਜਾਈਆ । ਵਸਤ ਅਨਡੀਠੀ ਝੋਲੀ ਦੇਵੇ ਪਾ, ਚੋਰ ਯਾਰ ਠੱਗ ਲੁੱਟ ਕੋਈ ਨਾ ਜਾਈਆ । ਫੜ ਫੜ ਏਕਾ ਰਾਹ ਦਏ ਵਖਾ, ਨੌਂ ਦਵਾਰੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਰਿਹਾ ਕਮਾਈਆ । ਕਰਣਹਾਰ ਹਰਿ ਭਗਵੰਤਾ, ਜੁਗ ਜੁਗ ਕਰਦਾ ਆਇਆ । ਦੇਵੇ ਮਾਣ ਸਾਚੇ ਸੰਤਾ, ਸਤਿਗੁਰ ਪੁਰਖ ਅਖਵਾਇਆ । ਆਪ ਬਣਾਏ ਸਾਚੀ ਬਣਤਾ, ਬੇੜਾ ਬੰਨੇ ਲਾਇਆ । ਕਲਜੁਗ ਵੇਖੇ ਜੀਵਾਂ ਜੰਤਾਂ, ਜੀਵਾਂ ਜੰਤਾਂ ਵਿਚ ਸਮਾਇਆ । ਆਪੇ ਪਾਈ ਹਉਮੇ ਹੰਗਤਾ, ਮਾਇਆ ਮਮਤਾ ਨਾਲ ਰਲਾਇਆ । ਗੁਰਮੁਖ ਵਿਰਲੇ ਮੇਲ ਮਿਲਾਏ ਸਾਚੀ ਸੰਗਤਾ, ਸਾਚੀ ਸੰਗਤਾ ਆਪ ਸਮਾਇਆ । ਗੁਰਸਿਖਾਂ ਦਰ ਦਵਾਰੇ ਹੋਇਆ ਮੰਗਤਾ, ਧੁਰਦਰਗਾਹੀ ਮੰਗਣ ਆਇਆ । ਆਪੇ ਹੋਇਆ ਭੁੱਖਾ ਨੰਗਤਾ, ਖਾਲੀ ਹੱਥ ਰਖਾਇਆ । ਗੁਰਸਿਖ ਤੇਰੇ ਦਰ ਨਾ ਜਾਏ ਸੰਗਦਾ, ਲੋਕ ਲਾਜ ਦਏ ਤਜਾਇਆ । ਗੁਰਸਿਖ ਲਗਾਏ ਅੰਗ ਜਿਉਂ ਨਾਨਕ ਅੰਗਦਾ, ਅੰਗੀ ਕਾਰ ਅਖਵਾਇਆ । ਕਲਜੁਗ ਅੰਤਮ ਚੋਲੀ ਰੰਗਦਾ, ਰੰਗਣਹਾਰ ਦਿਸ ਨਾ ਆਇਆ । ਕਲਜੁਗ ਮਾਇਆ ਮੂਲ ਨਾ ਮੰਗਦਾ, ਪ੍ਰੇਮ ਭਿਛਿਆ ਮੰਗੇ ਅੱਗੇ ਝੋਲੀ ਡਾਹਿਆ । ਵੇਖੋ ਵੇਲਾ ਆਇਆ ਕਲਜੁਗ ਕਰੌਣੀ ਜੰਗ ਦਾ, ਚਾਰੋਂ ਕੁੰਟ ਡੌਰੂ ਵਾਹਿਆ । ਕਰਿਆ ਖੇਲ ਪ੍ਰਭ ਸਾਚੇ ਆਪਣੇ ਢੰਗ ਦਾ, ਜਗਤ ਸਿਆਸਤ ਭੇਵ

੩੨੬
੦੨

ਨਾ ਰਾਇਆ । ਹੋਣਾ ਮੇਲ ਹੀਰ ਰਾਂਝ ਦਾ, ਕਲਜੁਗ ਕੈਦੋ ਲੰਙਾ ਵਿਚ ਰਖਾਇਆ । ਕਲਜੁਗ ਜੀਵ ਮਨਮੁਖ ਦਾ, ਭਰਮ ਭੁਲੇਖਾ ਏਕਾ ਪਾਇਆ । ਆਪਣਾ ਦਰ ਸਾਚਾ ਘਰ ਜੀਵ ਜੰਤ ਕੋਈ ਨਾ ਲੰਘਦਾ, ਦੂਜਾ ਦਰ ਰਾਹ ਤਕਾਇਆ । ਪਾਰਬ੍ਰਹਮ ਗੁਰ ਪੂਰਾ ਕੋਈ ਨਾ ਮੰਗਦਾ, ਦੋਏ ਜੋੜ ਨਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਘੋੜੇ ਤੰਗ ਆਪੇ ਕਸਦਾ, ਚਰਨ ਰਕਾਬ ਆਪ ਟਿਕਾਇਆ । ਆਪੇ ਦੇਵੇ ਚਰਨ ਰਕਾਬੇ ਆਪੇ ਚਰਨ ਉਠਾਈਆ । ਵੇਖ ਵਖਾਏ ਦੋ ਦੋ ਆਬੇ, ਦੋ ਦੋ ਆਬਾ ਵੇਖ ਵਖਾਈਆ । ਪਕੜ ਉਠਾਏ ਮੱਕੇ ਕਾਅਬੇ, ਪੀਰ ਗੌਂਸ ਕੁਤਬ ਸ਼ੇਖ਼ ਮੁਸਾਇਕ ਮੁੱਲਾਂ ਏਕਾ ਦਏ ਹਿਲਾਈਆ । ਕੂੜ ਕੁੜਿਆਰਾ ਬਣਿਆ ਤੁਲਾ, ਥਲ ਥਲਾ ਦਏ ਰੁਲਾਈਆ । ਅੰਤਮ ਫਲ ਨੌਂ ਖੰਡ ਤੇਰਾ ਹੁੱਲਾ, ਸ਼ਬਦ ਹਲੂਣਾ ਇਕ ਲਗਾਈਆ । ਸੰਮਤ ਪੰਦਰਾਂ ਜੋ ਜਨ ਦਰ ਆਏ ਭੁੱਲਾ, ਬਖ਼ਸ਼ੇ ਸਰਨ ਸੱਚੀ ਸਰਨਾਈਆ । ਸੰਮਤ ਸੋਲਾਂ ਦਰ ਕਿਸੇ ਨਾ ਮਿਲਾ ਖੁੱਲ੍ਹਾ, ਰਾਜ ਰਾਜਾਨ ਸ਼ਾਹ ਸੁਲਤਾਨ ਰੋਵਣ ਮਾਰਨ ਧਾਹੀਆ । ਕਿਸੇ ਸੀਸ ਨਾ ਦਿਸੇ ਪਗੜੀ ਕੁੱਲਾ, ਨਾ ਕੋਈ ਧੀਰ ਧਰਾਈਆ । ਘਰ ਘਰ ਅਗਨੀ ਬੁਝੀ ਚੁੱਲਾ, ਪ੍ਰਭ ਸਾਚੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਅਨਮੁਲਾ, ਅਨਮੁਲੜੀ ਦਾਤ ਝੋਲੀ ਪਾਈਆ । ਹਰਿ ਕਾ ਨਾਮ ਸਦਾ ਅਨਮੁਲ, ਗੁਰਮੁਖ ਹੱਟ ਵਿਕਾਇਆ । ਕੋਈ ਨਾ ਦੂਸਰ ਹੋਰ ਤੁਲ, ਨਾ ਕੋਈ ਤੋਲ ਤੁਲਾਇਆ । ਚਰਨ ਪ੍ਰੀਤੀ ਜੋ ਜਨ ਗਏ ਘੁਲ, ਪ੍ਰਭ ਸਚਾ ਝੋਲੀ ਪਾਇਆ । ਮਾਇਆ ਮਮਤਾ ਜੀਵ ਜੰਤ ਗਏ ਰੁਲ, ਨੇਤਰ ਦਰਸ ਕਿਸੇ ਨਾ ਪਾਇਆ । ਸਿਮਲ ਫਲ ਗਏ ਹੁੱਲ, ਫਲ ਹੱਥ ਕਿਸੇ ਨਾ ਆਇਆ । ਅੰਮ੍ਰਿਤ ਆਤਮ ਗਿਆ ਡੁੱਲ, ਭਰ ਭੰਡਾਰ ਨਾ ਕੋਈ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੰਮਤੀ ਦੇਵੇ ਭੇਵ ਖੁਲਾਇਆ । ਸੰਮਤ ਪੰਦਰਾਂ ਸਤਿ ਕਰਤਾਰ, ਸਤਿ ਸਤਿ ਸਤਿ ਵਰਤਾਇੰਦਾ । ਰਾਮ ਰਾਮਾ ਹਰਿ ਅਵਤਾਰਾ, ਕ੍ਰਿਸ਼ਨਾ ਕ੍ਰਿਸ਼ਨ ਸਮਾਇੰਦਾ । ਨਾਨਕ ਨਿਰਗੁਣ ਇਕ ਪਿਆਰਾ, ਏਕਾ ਰਾਹ ਤਕਾਇੰਦਾ । ਪੂਤ ਸਪੂਤਾ ਸੁਤ ਦੁਲਾਰਾ, ਗੋਬਿੰਦ ਨਾਉਂ ਧਰਾਇੰਦਾ । ਚਾਰੇ ਕੂਟਾਂ ਪਾਵੇ ਸਾਰਾ, ਦਹਿ ਦਿਸ਼ਾ ਵੇਖ ਵਖਾਇੰਦਾ । ਜੁਗ ਜੁਗ ਵਿਛੜਿਆ ਹਰਿਜਨ ਰੂਠਾ ਲਏ ਮੇਲ ਕਰ ਪਿਆਰ, ਆਪ ਆਪਣਾ ਮਾਰਗ ਲਾਇੰਦਾ । ਸੋਹੰ ਦੇਵੇ ਸ਼ਬਦ ਅਧਾਰ, ਸੋ ਪੁਰਖ ਨਿਰੰਜਨ ਦਇਆ ਕਮਾਇੰਦਾ । ਹੰਗਤਾ ਤੋੜੇ ਗੜ੍ਹ ਹੰਕਾਰ, ਹੰ ਜੀਵ ਸਮਾਇੰਦਾ । ਏਕਾ ਦੂਜਾ ਕਰ ਪਿਆਰ, ਤੀਜੇ ਦਰਸ਼ਨ ਪਾਇੰਦਾ । ਚੌਥੇ ਘਰ ਸੱਚੀ ਸਰਕਾਰ, ਪੰਚਮ ਡੇਰਾ ਲਾਇੰਦਾ । ਛੇਵੇਂ ਸਾਜਨ ਮੀਤ ਮੁਰਾਰ, ਸਤਿ ਸਤਿਵਾਦ ਅਖਵਾਇੰਦਾ । ਅਠ ਤਤ ਕਰ ਪਿਆਰ, ਨੌਂ ਦਰ ਵੇਖ ਵਖਾਇੰਦਾ । ਦਰ ਘਰ ਸਾਚਾ ਮੀਤ ਮੁਰਾਰ, ਦਰ ਦਸਵਾਂ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਸਾਚਾ ਦਰ, ਦਰ ਸੁਹੰਜਣਾ ਜਗੇ ਜੋਤ ਨਿਰੰਜਣਾ, ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਕਾਇਆ ਗਾਗਰ ਗੁਰ ਸਤਿਗੁਰ ਪਾਰ ਕਰਾਈਆ ।

### * ਪਹਿਲੀ ਜੇਠ ੨੦੧੫ ਬਿਕ੍ਰਮੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸ਼ਬਦ ਭੇਜਿਆ ਦਰਬਾਰ ਵਿਚੋਂ ਪੰਜ ਜੇਠ ਨੂੰ ਜਾਣ ਵਾਸਤੇ *

ਹਰਿ ਮੰਦਰ ਹਰਿ ਵਸਿਆ, ਹਰਿ ਰੂਪ ਅਗੰਮ ਅਪਾਰ । ਹਰਿ ਮੰਦਰ ਹਰਿ ਵਸਿਆ, ਨਿਰਗੁਣ ਜੋਤ ਅਕਾਰ । ਹਰਿ ਮੰਦਰ ਹਰਿ

ਹੱਸਿਆ, ਹਰਿ ਬੈਠ ਸੱਚੀ ਸਰਕਾਰ । ਹਰਿ ਮੰਦਰ ਹਰਿ ਆਵੇ ਨੱਸਿਆ, ਆਦਿ ਜੁਗਾਦੀ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਲਏ ਅਵਤਾਰ । ਨਿਹਕਲੰਕ ਹਰਿ ਅਵਤਾਰਾ, ਨਿਰਗੁਣ ਜੋਤ ਜਗਾਈਆ । ਪਰਗਟ ਹੋ ਵਿਚ ਸੰਸਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਲੇਖਾ ਲਿਖੇ ਅਪਰ ਅਪਾਰਾ, ਭੇਵ ਅਭੇਦਾ ਭੇਵ ਜਣਾਈਆ । ਨਾ ਕੋਈ ਜਾਣੇ ਜੀਵ ਗਵਾਰਾ, ਲੇਖਾ ਲਿਖਤ ਵਿਚ ਨਾ ਆਈਆ । ਕਰੇ ਖੇਲ ਹਰਿ ਨਿਰੰਕਾਰਾ, ਖੇਲਣਹਾਰ ਸ੍ਰਿਸ਼ਟ ਸਬਾਈਆ । ਇਕ ਅਕੱਲਾ ਏਕੰਕਾਰਾ, ਅਕਲ ਕਲ ਵਰਤਾਈਆ । ਆਦਿ ਪੁਰਖ ਅੰਤ ਆਦਿ ਗੁਰ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਪਾਵੇ ਸਾਰਾ, ਨਿਰਗੁਣ ਨਿਰਮਲ ਜੋਤੀ ਨੂਰ ਕਰੇ ਰੁਸ਼ਨਾਈਆ । ਨਿਰਮਲ ਜੋਤੀ ਜੋਤ ਅਕਾਲਾ, ਅਕਲ ਕਲ ਅਖਵਾਇੰਦਾ । ਪਰਗਟ ਹੋਏ ਦੀਨ ਦਿਆਲਾ, ਦੀਨਾਂ ਬੰਧਪ ਦਇਆ ਕਮਾਇੰਦਾ । ਹਰਿ ਮੰਦਰ ਵੇਖੇ ਧਰਮ ਸੱਚੀ ਧਰਮਸਾਲਾ, ਧਰਨੀ ਧਰਤ ਸੁਹਾਇੰਦਾ । ਅੰਮ੍ਰਿਤ ਵੇਖੇ ਸਰ ਸਰੋਵਰ ਇਕ ਉਛਾਲਾ, ਸਰ ਸਰੋਵਰ ਵੇਖ ਵਖਾਇੰਦਾ । ਗੁਰਮੁਖ ਵੇਖੇ ਸਾਚੇ ਲਾਲਾ, ਜੋਤੀ ਜੋਤ ਕਵਣ ਜਗਾਇੰਦਾ । ਕਵਣ ਦਵਾਰ ਫਲ ਲੱਗੇ ਡਾਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਵੈਰ ਆਪ ਅਖਵਾਇੰਦਾ । ਹਰਿ ਮੰਦਰ ਹਰਿ ਆਦਿ ਨਿਰੰਜਣ, ਆਦਿ ਪੁਰਖ ਅਖਵਾਇਆ । ਸਰਬ ਜੀਆਂ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇਆ । ਚਰਨ ਧੂੜੀ ਬਖ਼ਸ਼ੇ ਸਾਚਾ ਮਜਨ, ਚਰਨ ਚਰਨੋਦਕ ਮੁਖ ਚੁਆਇਆ । ਸਦਾ ਸੁਹੇਲਾ ਇਕ ਅਕੇਲਾ ਆਪੇ ਹੋਇਆ ਪੜਦੇ ਕੱਜਣ, ਗੁਰ ਚੇਲਾ ਰੂਪ ਵਟਾਇਆ । ਵੇਖਣ ਆਏ ਠੱਗ ਸੱਜਣ, ਠੱਗ ਠਗੌਰੀ ਕਲਜੁਗ ਕਲਜੁਗ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਹਰਿ ਕੀ ਪੌੜੀ ਚਰਨ ਛੁਹਾਇਆ । ਹਰਿ ਕੀ ਪੌੜੀ ਹਰਿ ਹਰਿ ਭਾਏ, ਹਰਿ ਹਰਿ ਵੇਖ ਵਖਾਇੰਦਾ । ਦੂਸਰ ਕਿਸੇ ਦਿਸ ਨਾ ਆਏ, ਮਨਮੁਖ ਮੁਗਧ ਭੁਲਾਇੰਦਾ । ਗੁਰਮੁਖ ਵਿਰਲੇ ਦਇਆ ਕਮਾਏ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਮਨਮੁਖ ਝੂਠੇ ਧੰਦੇ ਲਾਏ, ਮਾਇਆ ਮਮਤਾ ਮੋਹ ਵਧਾਇੰਦਾ । ਪਾਪੀ ਗੰਦੇ ਦਰ ਦੁਰਕਾਏ, ਨਿੰਦਕ ਨਿੰਦਿਆ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤੀ ਨੂਰ ਦਰਸਾਇੰਦਾ । ਹਰਿ ਕਾ ਮੰਦਰ ਹਰਿ ਦਵਾਰਾ, ਹਰਿ ਹਰਿ ਆਪ ਬਰਾਜੇ । ਆਵੇ ਜਾਵੇ ਵਾਰੋ ਵਾਰਾ, ਸਵਾਰੇ ਆਪਣਾ ਕਾਜੇ । ਸਤਿਗੁਰ ਪੂਰਾ ਬਣ ਲਿਖਾਰਾ, ਸ਼ਬਦ ਸਰੂਪੀ ਮਾਰੇ ਵਾਜੇ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਉਂ ਧਰਾਏ ਗ਼ਰੀਬ ਨਿਵਾਜੇ । ਸ੍ਰਿਸ਼ਟ ਸਬਾਈ ਪਾਰ ਕਿਨਾਰਾ, ਖੇਲ ਕਰਾਏ ਦੇਸ ਮਾਝੇ । ਸੰਬਲ ਨਗਰੀ ਧਾਮ ਨਿਆਰਾ, ਉਚ ਮੁਨਾਰੇ ਆਪੇ ਗਾਜੇ । ਹਰਿ ਮੰਦਰ ਹਰਿ ਪਾਏ ਸਾਰਾ, ਜੁਗ ਜੁਗ ਰੱਖਣਹਾਰਾ ਲਾਜੇ । ਮਨਮੁਖ ਜੀਵ ਹੋਏ ਗਵਾਰਾ, ਭੇਵ ਨਾ ਪਾਇਣ ਵਡ ਰਾਜਨ ਰਾਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਹਰਿ ਜੀ ਆਏ ਹਰਿ ਹਰਿ ਘਰ, ਪੰਚਮ ਜੇਠ ਸਾਚੇ ਤਾਜੇ । ਪੰਚਮ ਜੇਠ ਪੰਚ ਪਰਧਾਨਾ, ਪੰਚਮ ਰੂਪ ਸਮਾਇਆ । ਪੰਚਮ ਖੇਲੇ ਖੇਲ ਮਹਾਨਾ, ਸ਼ਾਹੋ ਭੂਪ ਅਖਵਾਇਆ । ਪੰਚਮ ਹੋਏ ਗੁਣ ਨਿਧਾਨਾ, ਰੰਗ ਰੂਪ ਨਾ ਕੋਈ ਰਖਾਇਆ । ਪੰਚਮ ਹੋਏ ਬਲੀ ਬਲਵਾਨਾ, ਅੰਧ ਕੂਪ ਹੋਏ ਸੁਹਾਇਆ । ਪੰਚਮ ਮੇਲਾ ਦੋ ਜਹਾਨਾਂ, ਆਪ ਆਪਣਾ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ

ਰੂਪ ਵੇਸ ਕਰ, ਹਰਿ ਮੰਦਰ ਅੰਦਰ ਵੇਖ ਵਖਾਇਆ । ਪੰਚਮ ਜੇਠ ਪੰਚਮ ਧੁਨ ਨਾਦਾ, ਸ਼ਬਦੀ ਸ਼ਬਦ ਜੈਕਾਰਾ । ਪਰਮ ਪੁਰਖ ਘਰ ਸਾਚਾ ਲਾਧਾ, ਧਰਮੀ ਧਰਮ ਅਖਾੜਾ । ਮਨਮੁਖ ਜੀਵ ਜਾਏ ਭਾਜਾ, ਸੰਮਤ ਸੋਲਾਂ ਸਤਾਰਾਂ ਹਾੜਾ । ਜਨ ਭਗਤਾਂ ਰੱਖਣਹਾਰਾ ਲਾਜਾ, ਜੋਤ ਜਗਾਏ ਬਹੱਤਰ ਨਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖੇ ਸਾਚਾ ਸਰ, ਪੰਚਮ ਜੇਠ ਦਿਨ ਦਿਹਾੜਾ । ਪੰਚਮ ਜੇਠ ਸਾਢੇ ਦਸ, ਸਾਚਾ ਵਕ਼ਤ ਸੁਹਾਈਆ । ਜਨ ਭਗਤਾਂ ਹਿਰਦੇ ਜਾਏ ਵਸ, ਮਨਮੁਖਾਂ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖ ਅਵੱਲਾ ਇਕ ਅਕੱਲਾ ਆਵੇ ਜਾਵੇ ਫੇਰਾ ਪਾਈਆ । ਲਿਖਿਆ ਲੇਖ ਧੁਰ ਫ਼ਰਮਾਣਾ ਦਰ ਆਏ ਤਖ਼ਤ ਅਕਾਲ । ਮਿਲੇ ਮੇਲ ਗੁਣ ਨਿਧਾਨਾ, ਲੋਕਮਾਤ ਦੀਨ ਦਿਆਲ । ਸ਼ਬਦੀ ਸ਼ਬਦ ਸਚ ਨਿਸ਼ਾਨਾ, ਚਲੇ ਅਵੱਲੜੀ ਚਾਲ । ਨਾਨਕ ਗੋਬਿੰਦ ਕਰ ਪਰਵਾਨਾ, ਖੇਲੇ ਖੇਲ ਮਹਾਨ । ਲੱਖ ਚੁਰਾਸੀ ਇਕ ਨਿਸ਼ਾਨਾ, ਏਕਾ ਸ਼ਬਦ ਤੀਰ ਕਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਆਂ ਪੁਰੀਆਂ ਰਿਹਾ ਲੜ, ਖੇਲੇ ਖੇਲ ਵਾਲੀ ਦੋ ਜਹਾਨ । ਆਏ ਦਰ ਦਰ ਦਰਵੇਸਾ, ਪਰਮ ਪੁਰਖ ਸੁਲਤਾਨਾ । ਵੇਖ ਵਖਾਣੇ ਧਾਰੀ ਕੇਸਾ, ਮਿਹਰਵਾਨ ਮਿਹਰਵਾਨਾ । ਮੇਲ ਮਿਲਾਏ ਦਸ ਦਸਮੇਸਾ, ਚਤੁਰ ਸੁਘੜ ਸਿਆਣਾ । ਨਾ ਕੋਈ ਰੂਪ ਨਾ ਕੋਈ ਰੇਖਾ, ਸ਼ਬਦੀ ਸ਼ਬਦ ਤਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਦੇਵੇ ਧੁਰ ਫ਼ਰਮਾਨਾ ।



੩੨੯ ੦੭

ਪੰਚਮ ਜੇਠ ਸਾਢੇ ਦਸ ਵਜੇ ਹਰਿਮੰਦਰ ਸਾਹਿਬ ਗਏ, ਪਰੰਤੂ ਕਿਸੇ ਨੇ ਕੋਈ ਅੱਗੋਂ ਬਚਨ ਨਾ ਕੀਤਾ ਪਹਿਰੇ ਲਾ ਦਿਤੇ ਕੇ ਸ਼ਬਦ ਨਾ ਬੋਲਣ । ਗਿਆਰਾਂ ਮਿੰਟ ਰਹਿ ਕੇ ਵਾਪਸ ਆ ਗਏ ।

* ੫ ਜੇਠ ੨੦੧੫ ਬਿਕ੍ਰਮੀ ਕਲਸੀ ਲਿਖਤ ਹੋਈ ਜਗਤ ਸਿੰਘਾਸਣ ਦੇ ਨਵਿਤ ਜੋ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਸਰੀਰ ਕਰਕੇ ਰਿਹਾ ਸੀ ਛਿਆਠ ਸਾਲ ਤੋਂ ਬਾਅਦ ਮਾਤਲੋਕ ਵਿਚ ਚੁੱਕਿਆ ਗਿਆ *

ਸ਼ਬਦ ਸਿੰਘਾਸਣ ਹਰਿ ਲੋਕਮਾਤ ਉਪਾਇਆ । ਸਾਲ ਬਵੰਜਾ ਖੇਲ ਅਪਾਰ, ਖੇਲਣਹਾਰ ਸ੍ਰਿਸ਼ਟ ਸਬਾਇਆ । ਪੰਜ ਤਤ ਵੇਸ ਨਿਰੰਕਾਰ, ਨਿਰਗੁਣ ਸਰਗੁਣ ਵਿਚ ਸਮਾਇਆ । ਲੋਆਂ ਪੁਰੀਆਂ ਵੇਖ ਵਿਚਾਰ, ਧਰਤ ਮਾਤ ਡੇਰਾ ਲਾਇਆ । ਅਚਰਜ ਖੇਲ ਹਰਿ ਨਿਰੰਕਾਰ, ਆਪਣਾ ਆਪ ਕਰਾਇਆ । ਵੇਖ ਵਖਾਣੇ ਆਪਣੀ ਧਾਰ, ਜੁਗ ਜੁਗ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਟਿਕਾਇਆ । ਸ਼ਬਦ ਸਿੰਘਾਸਣ ਹਰਿ ਰੰਗ ਰਾਤਾ, ਲੋਕਮਾਤ ਵਛਾਇਆ । ਆਪੇ ਬੈਠਾ ਇਕ ਅਕਾਤਾ, ਅੰਦਰੇ ਅੰਦਰ ਰਖਾਇਆ । ਵੇਖੇ ਖੇਲ ਦਿਵਸ ਰਾਤਾ, ਦਿਵਸ ਰੈਣ ਸੁਹਾਇਆ । ਸ੍ਰਿਸ਼ਟ ਸਬਾਈ ਜਗਤ ਪਿਤ ਮਾਤਾ, ਦਾਤਾ ਦਾਨੀ ਆਪ ਅਖਵਾਇਆ । ਜਨ ਭਗਤਾਂ ਦੇਵੇ ਇਕ ਸੁਗਾਤਾ, ਦੇਵਣਹਾਰ ਆਪ ਅਖਵਾਇਆ । ਚਰਨ ਕਵਲ ਬੰਧਾਏ ਸਾਚਾ ਨਾਤਾ, ਘਰ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਜਨ ਸੱਜਣ ਵੇਖ ਵਖਾਇਆ । ਸ਼ਬਦ ਸਿੰਘਾਸਣ ਅਪਰ ਅਪਾਰਾ, ਪੰਜ ਤਤ ਕਰੇ ਪਿਆਰਿਆ । ਲੋਕਮਾਤ ਕਰ ਵਿਚਾਰਾ, ਉਪਰ ਆਸਣ ਲਾ ਰਿਹਾ । ਕਰੇ ਖੇਲ ਸਿਰਜਣਹਾਰਾ, ਸਾਚੀ ਕਲ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾ ਰਿਹਾ । ਰੰਗੇ ਰੰਗ ਹਰਿ ਭਗਵੰਤਾ, ਆਪਣੀ ਧਾਰ ਚਲਾਈਆ । ਖੇਲੇ ਖੇਲ ਆਦਿਨ ਅੰਤਾ, ਜੁਗ ਜੁਗ ਵੱਡੀ ਵਡਿਆਈਆ । ਸੇਵ ਲਗਾਏ ਮਨੀ ਸਿੰਘ ਸੰਤਾ, ਸਤਿਗੁਰ ਪੁਰਖ ਮਨਾਈਆ । ਰਸਨਾ ਜਿਹਵਾ ਗਾਇਆ ਗੁਣੀ ਗਣੰਤਾ, ਹਰਿ ਗੋਬਿੰਦ ਵੇਖ ਵਖਾਈਆ । ਸਾਚੀ ਨਾਰੀ ਪਾਇਆ ਏਕਾ ਕੰਤਾ, ਕੰਤ ਸੁਹਾਗ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੀਵਣ ਦਾਤਾ ਆਪ ਅਖਵਾਈਆ । ਸ਼ਬਦ ਸਿੰਘਾਸਣ ਹਰਿ ਬਿਰਾਜੇ, ਪੰਜ ਤਤ ਡੇਰਾ ਲਾਇਆ । ਆਪ ਕਰਾਇਆ ਆਪਣਾ ਕਾਜੇ, ਗਤ ਮਿਤ ਨਾ ਕੋਇ ਜਣਾਇਆ । ਖੇਲਿਆ ਖੇਲ ਦੇਸ ਮਾਝੇ, ਘਨਕਪੁਰ ਵਾਸੀ ਨਾਉਂ ਧਰਾਇਆ । ਦੋ ਜਹਾਨੀ ਸਾਜਨ ਸਾਜੇ, ਸਤਿਗੁਰ ਪੂਰਾ ਭੇਵ ਨਾ ਪਾਇਆ । ਲੱਖ ਚੁਰਾਸੀ ਦੇਵਣਹਾਰਾ ਵਾਜੇ, ਕਲਜੁਗ ਪੱਲੇ ਗੰਢ ਬੰਧਾਇਆ । ਜਨ ਭਗਤਾਂ ਰੱਖਣਹਾਰਾ ਲਾਜੇ, ਆਪ ਆਪਣੀ ਦਇਆ ਕਮਾਇਆ । ਚਰਨ ਪ੍ਰੀਤੀ ਰੱਖੇ ਸਾਂਝੇ, ਸਾਚਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠਾ ਦਿਵਸ ਸੁਹਾਇਆ । ਪੰਚਮ ਜੇਠਾ ਲੋਕਮਾਤ, ਕਾਇਆ ਤਨ ਉਪਾਇੰਦਾ । ਆਪੇ ਵੇਖੇ ਮਾਰ ਝਾਤ, ਆਪਣਾ ਰਾਗ ਸੁਣਾਇੰਦਾ । ਆਪੇ ਦੇਵੇ ਆਪਣੀ ਦਾਤ, ਆਪਣੀ ਝੋਲੀ ਆਪ ਭਰਾਇੰਦਾ । ਉਤਮ ਕਰੀ ਆਪਣੀ ਜ਼ਾਤ, ਜਾਗਰਤ ਜੋਤ ਜਗਾਇੰਦਾ । ਗੁਰਮੁਖ ਸਾਜਣ ਲੈ ਬਰਾਤ, ਘਰ ਸਾਚੇ ਮੰਗਲ ਗਾਇੰਦਾ । ਦੂਰ ਦੁਰਾਡੀ ਵੇਖੇ ਵਾਟ, ਨੇਰਨ ਨੇਰਾ ਫੇਰੀ ਪਾਇੰਦਾ । ਆਪ ਚੜ੍ਹਾਵਣਹਾਰਾ ਔਖੇ ਘਾਟ, ਪਾਰ ਕਿਨਾਰਾ ਇਕ ਦਿਸਾਇੰਦਾ । ਕਲਜੁਗ ਚੋਲੀ ਜਾਏ ਪਾਟ, ਨਾ ਕੋਈ ਧੀਰ ਧਰਾਇੰਦਾ । ਸਚ ਵਸਤ ਨਾ ਦਿਸੇ ਕਿਸੇ ਹਾਟ, ਵਣਜ ਵਣਜਾਰਾ ਨਾ ਕੋਈ ਅਖਵਾਇੰਦਾ । ਚਾਰੋਂ ਕੁੰਟ ਖੇਲ ਬਾਜੀਗਰ ਨਾਟ, ਨਟ ਨਟੂਆ ਸਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠਾ ਦਿਵਸ ਸੁਹਾਇੰਦਾ । ਪੰਚਮ ਜੇਠਾ ਹਰਿ ਵਡ ਪਾਇਆ, ਗੋਬਿੰਦ ਬਣਤ ਬਣਾਈਆ । ਸੰਤ ਮਨੀ ਸਿੰਘ ਸੇਵਾ ਲਾਇਆ, ਸਾਚਾ ਲੇਖ ਲਿਖਾਈਆ । ਦੇਵੀ ਦੇਵਾ ਭੇਵ ਨਾ ਰਾਇਆ, ਭਰਮੇ ਭੁੱਲੀ ਲੋਕਾਈਆ । ਗੁਰਮੁਖਾਂ ਆਤਮ ਮੇਵਾ ਇਕ ਖਵਾਇਆ, ਹਰਿ ਸੋਹੰ ਚੋਗ ਚੁਗਾਈਆ । ਰਸਨਾ ਜਿਹਵਾ ਜਿਸ ਜਨ ਗਾਇਆ, ਸਾਚਾ ਜੋਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਧਾਰ ਚਲਾਈਆ । ਏਕਾ ਧਾਰ ਹਰਿ ਨਿਰੰਕਾਰ, ਪੰਜ ਤਤ ਰਖਾਇੰਦਾ । ਦੂਜਾ ਕਰ ਸ਼ਬਦ ਪਿਆਰ, ਤੀਜੇ ਦਰ ਸੁਹਾਇੰਦਾ । ਚੌਥੇ ਮੇਲ ਆਪੇ ਕਰ, ਪੰਚਮ ਸੰਗ ਰਲਾਇੰਦਾ । ਛੇਵੇਂ ਚੁੱਕੇ ਜਗਤ ਡਰ, ਪ੍ਰਭ ਸਾਚਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਏਕਾ ਖੇਲ ਹਰਿ ਕਰਤਾਰ, ਆਪਣੀ ਆਪ ਕਰਾਈਆ । ਦੂਜੀ ਵਾਰੀ ਵਿਚ ਸੰਸਾਰ, ਜੋਤੀ ਧਾਰ ਬੰਧਾਈਆ । ਤੀਜਾ ਸ਼ਬਦੀ ਪਹਿਰੇਦਾਰ, ਗੁਰਮੁਖਾਂ ਸੇਵ ਕਮਾਈਆ । ਚੌਥੇ ਮਿਲਿਆ ਮੀਤ ਮੁਰਾਰ, ਘਰ ਮੰਦਰ ਇਕ ਸੁਹਾਈਆ । ਪੰਚਮ ਮੇਲਾ ਹਰਿ ਕਰਤਾਰ, ਕਰਨਹਾਰ ਸ੍ਰਿਸ਼ਟ ਸਬਾਈਆ । ਛੇਵੇਂ ਕਰ ਇਕ ਵਿਚਾਰ, ਨਿਰਗੁਣ ਰੂਪ ਸਮਾਈਆ । ਛੇ ਛੇ ਸਾਚਾ ਕਰ ਪਿਆਰ, ਛੇ ਛੇ (੬੬) ਜੋੜ ਜੁੜਾਈਆ । ਬਾਵਨ

ਬਵੰਜਾ ਏਕਾ ਕਾਰ, ਚੌਦਸ ਸੰਗ ਰਲਾਈਆ । ਏਕਾ ਚੌਕਾ (੧੪) ਹਰਿ ਨਿਰੰਕਾਰ, ਏਕਾ ਪਦ ਰਖਾਈਆ । ਪੰਜ ਦੋ (੫੨) ਕਰ ਪਿਆਰ, ਪੰਜ ਤਤ ਹੰਢਾਈਆ । ਦੋਹਾਂ ਵਿਚੋਲਾ ਸਿਰਜਣਹਾਰ, ਸਾਚੀ ਕਾਰ ਕਮਾਈਆ । ਬਦਲਿਆ ਚੋਲਾ ਖੇਲ ਅਪਾਰ, ਜੋਤੀ ਜਾਮਾ ਭੇਖ ਵਟਾਈਆ । ਸੋਹੰ ਢੋਲਾ ਸ਼ਬਦ ਜੈਕਾਰ, ਚਾਰੋਂ ਕੁੰਟਾ ਰਿਹਾ ਸੁਣਾਈਆ । ਸੰਮਤ ਪੰਦਰਾਂ ਕਰ ਵਿਚਾਰ, ਬੀਸ ਸਦ ਬਿਕ੍ਰਮੀ ਨਾਲ ਰਲਾਈਆ । ਭਗਤ ਸਿੰਘਾਸਣ ਪਾਵੇ ਸਾਰ, ਵਿਸ਼ਨੂੰ ਵੰਸੀ ਨਾਉਂ ਧਰਾਈਆ । ਲੱਖ ਚੁਰਾਸੀ ਦੁਸ਼ਟ ਸੰਘਾਰੇ ਕਾਹਨਾ ਕੰਸੀ, ਦਿਸ ਕਿਸੇ ਨਾ ਆਈਆ । ਗੁਰਮੁਖ ਸਾਜਣ ਇਕ ਵਖਾਏ ਸਾਚੀ ਬੰਸੀ, ਬ੍ਰਹਮ ਗਿਆਨ ਜਣਾਈਆ । ਏਕਾ ਧਾਰ ਚਲਾਏ ਤਰਵਰ ਸਰਵਰ ਪੰਖੀ ਪੰਛੀ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਰਿਹਾ ਹਿਲਾਈਆ । ਸ੍ਰਿਸ਼ਟ ਸਬਾਈ ਇਕ ਹੁਲਾਰਾ, ਦੇਵਣਹਾਰ ਭਗਵਾਨਾ । ਸ਼ਬਦ ਸਿੰਘਾਸਣ ਅਪਰ ਅਪਾਰਾ, ਹਰਿ ਰੱਖੇ ਦੋ ਜਹਾਨਾਂ । ਬਵੰਜਾ ਤੇਰਾ ਕਰੇ ਵਿਚਾਰਾ, ਪਰਮ ਪੁਰਖ ਸੁਲਤਾਨਾ । ਚੌਦਾਂ ਲੋਕਾਂ ਵਸੇ ਬਾਹਰਾ, ਨਾ ਦਿਸੇ ਕੋਈ ਟਿਕਾਨਾ । ਕਲਜੁਗ ਅੰਤਮ ਲਏ ਅਵਤਾਰਾ, ਖੇਲੇ ਖੇਲ ਮਹਾਨਾ । ਕਲਜੁਗ ਸਿੰਘਾਸਣ ਆਰ ਪਾਰਾ, ਕਰੇ ਕਰਾਏ ਆਪ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਸ਼ਬਦ ਸਿੰਘਾਸਣ ਵੇਖੇ ਹਰਿ, ਜਗਤ ਸਿੰਘਾਸਣ ਅੱਗੇ ਧਰ, ਲੱਖ ਚੁਰਾਸੀ ਬੰਨੇ ਗਾਨਾ । ਜਗਤ ਸਿੰਘਾਸਣ ਜਾਏ ਉਠ, ਪੰਜ ਤਤ ਨਾ ਕੋਈ ਬਰਾਜੇ । ਸਾਧ ਸੰਤ ਲੁਕਿਆ ਰਹੇ ਨਾ ਕਿਸੇ ਗੁਠ, ਨਾ ਕੋਈ ਸੀਸ ਰਖਾਏ ਤਾਜੇ । ਪ੍ਰਭ ਲਹਿਣਾ ਦੇਣ ਮੁਕਾਏ ਜੂਠ ਝੂਠ, ਪਰਗਟ ਜੋਤ ਦੇਸ ਮਾਝੇ । ਜਨ ਭਗਤ ਸੁਹੇਲਾ ਆਪੇ ਜਾਏ ਤੁਠ, ਆਪ ਰਚਾਏ ਅਪਣਾ ਕਾਜੇ । ਕਲਜੁਗ ਤੇਰਾ ਝੂਠਾ ਦਾਵਾ, ਹਰਿ ਸਾਚੇ ਵੇਖ ਵਖਾਨਿਆ । ਜਗਤ ਸਿੰਘਾਸਣ ਚਾਰ ਪਾਵਾ, ਨੀਚੇ ਮੁਖ ਧਿਆਨਿਆ । ਦਰ ਦਰ ਘਰ ਘਰ ਰੋਵਣ ਪੁਤਰਾਂ ਮਾਵਾਂ, ਪ੍ਰਭ ਸਾਚਾ ਵਰਤੇ ਭਾਣਿਆ । ਕਿਸੇ ਨਾ ਮਾਣੀ ਠੰਡੀ ਛਾਵਾਂ, ਨਾ ਕੋਈ ਦੇਵੇ ਠੰਡਾ ਪਾਣੀਆ । ਗੁਰਮੁਖ ਸਾਜਨ ਤੇਰੇ ਦਰ ਤੇ ਬਲ ਬਲ ਜਾਵਾਂ, ਜਿਸ ਮਿਲਿਆ ਸਤਿਗੁਰ ਪੂਰਾ ਹਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਦੇਵੇ ਵਰ, ਲੇਖਾ ਚੁੱਕੇ ਚਾਰੇ ਖਾਣੀਆ । ਚਾਰੇ ਖਾਣੀ ਚਾਰੋਂ ਚੂਲ, ਚਾਰੋਂ ਕੁੰਟ ਬੰਧਾਈਆ । ਗੁਰਮੁਖ ਸਾਜਨ ਨਾ ਜਾਣਾ ਭੂਲ, ਲਹਿਣਾ ਦੇਣਾ ਰਿਹਾ ਮੁਕਾਈਆ । ਕਰੇ ਖੇਲ ਵਡ ਦੂਲੋ ਦੂਲ, ਦੋ ਜਹਾਨਾਂ ਵੇਖ ਵਖਾਈਆ । ਜਨ ਭਗਤਾਂ ਕਰੇ ਸੂਲੀਉਂ ਸੂਲ, ਸਿਰ ਆਪਣਾ ਹੱਥ ਟਿਕਾਈਆ । ਵੇਲਾ ਵਕਤ ਨਾ ਜਾਣਾ ਭੂਲ, ਹਰਿ ਪੂਰਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਰੁੱਤ ਸੁਹਾਈਆ । ਜਗਤ ਸਿੰਘਾਸਣ ਮਾਰ ਉਡਾਰੀ, ਏਕ ਰੰਗ ਸਮਾਇਆ । ਤਿੰਨਾਂ ਲੋਕਾਂ ਵਸਿਆ ਬਾਹਰੀ, ਦਿਸ ਕਿਸੇ ਨਾ ਆਇਆ । ਘਰ ਘਰ ਪੌਂਦਾ ਜਾਏ ਖੁਆਰੀ, ਪ੍ਰਭ ਸਾਚੇ ਹੁਕਮ ਜਣਾਇਆ । ਵੀਹ ਸਦ ਪੰਦਰਾਂ ਤੇਰੀ ਵਾਰੀ, ਨਿਹਕਲੰਕਾ ਫੇਰਾ ਪਾਇਆ । ਚਾਰੋਂ ਕੁੰਟ ਫਿਰੇ ਬਹਾਰੀ, ਧੂੜ ਚਰਨ ਰਹਿਣ ਨਾ ਪਾਇਆ । ਦੇਵਤ ਸੁਰ ਬ੍ਰਹਮਾ ਵਿਸ਼ਨ ਸ਼ੰਕਰ ਸ਼ਿਵ ਰਾਹ ਤੱਕ ਤੱਕ ਰਹੇ ਹਾਰੀ, ਔਦਾਂ ਜਾਂਦਾ ਦਿਸ ਨਾ ਆਇਆ । ਗੁਰ ਸੰਗਤ ਤੇਰੀ ਆਈ ਵਾਰੀ, ਹਰਿ ਸਾਚੇ ਖੇਲ ਰਚਾਇਆ । ਜਗਤ ਸਿੰਘਾਸਣ ਪਾਰ ਕਿਨਾਰੀ, ਪ੍ਰਭ ਆਪਣੇ ਕੰਧ ਉਠਾਇਆ । ਨਿਰਗੁਣ ਜਾਏ ਉਚ ਮਹੱਲ ਅਟਾਰੀ, ਭੇਵ ਕੋਇ ਨਾ ਰਾਇਆ । ਜਨ ਭਗਤਾਂ ਪੈਜ ਜਾਏ ਸੁਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਪਣਾ ਲਹਿਣਾ ਆਪੇ ਪੂਰ ਕਰਾਇਆ । ਸਾਲ ਬਵੰਜਾ ਮਾਣੀ ਸੇਜ, ਜਗਤ ਸਿੰਘਾਸਣ ਤੇਰੀ ਨਿਮਸਕਾਰਿਆ । ਸ਼ਬਦ ਸੁਨੇਹੜਾ ਪੁਰਖ ਅਕਾਲਾ ਰਿਹਾ ਭੇਜ, ਕਲਜੁਗ ਅੰਤਮ ਵਾਰਿਆ । ਸ੍ਰਿਸ਼ਟ ਸਬਾਈ ਨੌਂ ਖੰਡ ਜਲ ਧਾਰਾ ਵਹੇ ਨੌਂ ਨੌਂ ਨੇਜ, ਜਗਤ ਪਲੰਘ ਨਾ ਕੋਇ ਵਛਾ ਰਿਹਾ । ਹਰਿ ਜੋਤੀ ਨੂਰ ਚਮਕੇ ਤੇਜ਼, ਦਮਕ ਦਾਮਨੀ ਆਪ ਵਖਾ ਰਿਹਾ । ਸਾਧ ਸੰਗਤ ਬਣੀ ਸ਼ਮਸ ਤਬਰੇਜ਼, ਗੁਰ ਪੂਰਾ ਚਰਨ ਧੂੜ ਸੂਲੀ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸਿੰਘਾਸਣ ਪੁਰਖ ਅਬਿਨਾਸ਼ਨ, ਲੋਕਮਾਤ ਆਪ ਮਿਟਾ ਰਿਹਾ । ਪੰਜ ਤਤ ਤੇਰਾ ਸਹਾਰਾ, ਲੋਕਮਾਤ ਤਜਾਇਆ । ਪੁੱਤਰ ਧੀਆਂ ਨਾ ਕੀਆ ਪਿਆਰਾ, ਸਾਕ ਸਨਬੰਧ ਨਾ ਕੋਈ ਰਖਾਇਆ । ਏਕਾ ਦਾਨ ਸਾਧ ਸੰਗਤ ਦੀਆ, ਦੂਸਰ ਹੱਥ ਕਿਸੇ ਨਾ ਆਇਆ । ਆਪੇ ਕਰਿਆ ਨਿਰਮਲ ਜੀਆ, ਚਰਨ ਚਰਨੋਦਕ ਮੁਖ ਪਿਆਇਆ । ਪੰਚਮ ਜੇਠ ਕਰ ਕਰ ਹੀਆ, ਆਪ ਆਪਣਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਿੰਘਾਸਣ ਤੇਰਾ ਦਰ, ਤੇਰੇ ਦਰ ਬਹਾਇਆ । ਜਗਤ ਸਿੰਘਾਸਣ ਰਿਹਾ ਪੁਕਾਰ, ਨੇਤਰ ਰੋ ਰੋ ਨੀਰ ਵਹਾਇੰਦਾ । ਤੇਰਾ ਕੀਆ ਸਚ ਪਿਆਰ, ਆਪਣੀ ਛਾਤੀ ਉਤੇ ਲਿਟਾਇੰਦਾ । ਕਰਵਟ ਲੈ ਕਿਉਂ ਮਾਰੇ ਮਾਰ, ਜਿਧਰ ਚਾਹੇਂ ਉਧਰ ਸੀਸ ਨਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਚਨ ਆਪ ਸੁਣਾਇੰਦਾ । ਜਗਤ ਸਿੰਘਾਸਣ ਤੇਰਾ ਦੁੱਖ, ਦਿਵਸ ਰੈਣ ਮੋਹੇ ਭਾਇਆ । ਤੇਰੀ ਸੇਜਾ ਲਿਆ ਸੁਖ, ਬਵੰਜਾ ਸਾਲ ਹੰਢਾਇਆ । ਪਹਿਲੋ ਛੁਪਾਇਆ ਆਪਣਾ ਮੁਖ, ਫਿਰ ਤੈਨੂੰ ਲੈ ਜਾਵਣ ਆਇਆ । ਲੱਖ ਚੁਰਾਸੀ ਪੌਣੀ ਆਪਣੇ ਮੁਖ, ਤੇਰਾ ਵੱਡਾ ਮੁਖ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਦੇ ਮਤ ਆਪ ਸਮਝਾਇਆ । ਜਗਤ ਸਿੰਘਾਸਣ ਗਿਆ ਮੰਨ, ਦੋਏ ਜੋੜ ਕਰੇ ਨਿਮਸਕਾਰਾ । ਪ੍ਰਭ ਅਬਿਨਾਸ਼ੀ ਤੇਰਾ ਭਾਣਾ ਧੰਨ, ਲੋਕਮਾਤ ਕਰੇ ਪਿਆਰਾ । ਪੰਚਮ ਜੇਠ ਨਿਕਲਿਆ ਜਨ ਵੀਹ ਸਦ ਪੰਦਰਾਂ ਲੇਖ ਲਿਖਾਰਾ । ਸ੍ਰਿਸ਼ਟ ਸਬਾਈ ਸੁਣ ਲਓ ਕੰਨ, ਚਾਰੋਂ ਕੁੰਟ ਹੋਏ ਹੁਲਾਰਾ । ਗੁਰਮੁਖਾਂ ਸਾਂਤਕ ਸਤਿ ਵਰਤਾਏ ਸਾਚੇ ਤਨ, ਦੇਵੇ ਸ਼ਬਦ ਪਿਆਰਾ । ਜੂਠਾ ਝੂਠਾ ਭਾਂਡਾ ਦੇਵੇ ਭੰਨ, ਆਪੇ ਵੇਖਣਹਾਰ ਠਠਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਨੀ ਸਿੰਘ ਤੇਰਾ ਲਹਿਣਾ ਦੇਣਾ ਰਿਹਾ ਉਤਾਰਾ । ਸੰਤ ਮਨੀ ਸਿੰਘ ਚਾੜ੍ਹੀ ਭਾਜੀ, ਆਪਣਾ ਲੇਖ ਲਿਖਾਇਆ । ਕਲਜੁਗ ਅੰਤਮ ਪਰਗਟ ਹੋਵੇ ਸ਼ਾਹੋ ਸੁਲਤਾਨ ਚੜ੍ਹਕੇ ਆਵੇ ਸ਼ਬਦ ਘੋੜੇ ਸਾਚੇ ਤਾਜੀ, ਗੁਰ ਸੰਗਤ ਸੰਗ ਰਖਾਇਆ । ਗੁਰਮੁਖਾਂ ਰੱਖਣਹਾਰਾ ਲਾਜੀ, ਲਾਜਾਵੰਤ ਆਪ ਹੋ ਜਾਇਆ । ਜਗਤ ਸਿੰਘਾਸਣ ਤੇਰੀ ਇਕੋ ਲੱਗੀ ਪੁਠੀ ਬਾਜੀ, ਨੌਂ ਖੰਡ ਦਏ ਉਠਾਇਆ । ਮੇਟ ਮਿਟਾਏ ਮੁਲਾ ਸ਼ੇਖ਼ ਮੁਸਾਇਕ ਕਾਜੀ, ਹਜ਼ਰਤ ਪੀਰ ਦਸਤਗੀਰ ਸ਼ਾਹ ਹਕੀਰ ਕੋਇ ਰਹਿਣ ਨਾ ਪਾਇਆ । ਨਾ ਕੋਈ ਦੀਸੇ ਜਗਤ ਨਿਮਾਜ਼ੀ, ਰੋਜ਼ਾ ਬਾਂਗ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਦੇਵੇ ਵਰ, ਤੇਰਾ ਵਸਿਆ ਏਕਾ ਘਰ, ਪ੍ਰਭ ਸਾਚੇ ਆਪ ਵਸਾਇਆ । ਜਗਤ ਸਿੰਘਾਸਣ ਮਾਰ ਉਡਾਰ, ਏਕਾ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰ, ਮੈਂ ਤੇਰਾ ਰਾਹ ਤਕਾਇੰਦਾ । ਕਰੇ ਕਰਾਏ ਕਰਣਹਾਰ, ਆਪਣੀ ਕਿਰਿਆ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਕਿਨਾਰਾ ਦਏ ਹੁਲਾਰਾ, ਅੰਤਮ ਪਾਰ ਕਰਾਇੰਦਾ । ਜਗਤ ਹੁਲਾਰਾ ਦੇਵਣਹਾਰਾ, ਏਕਾ ਏਕ ਅਖਵਾਇਆ । ਜਗਤ ਸਿੰਘਾਸਣ ਸ਼ਬਦ ਸਿੰਘਾਸਣ ਮੇਲ ਮਿਲਾਏ ਅਧਵਿਚਕਾਰਾ,

ਆਪ ਆਪਣਾ ਸੰਗ ਰਖਾਇਆ । ਸ਼ਬਦ ਸਿੰਘਾਸਣ ਕਰੇ ਪਿਆਰਾ, ਲੋਕਮਾਤ ਉਠ ਧਾਇਆ । ਜਗਤ ਸਿੰਘਾਸਣ ਹਾਹਾਕਾਰ, ਲੱਖ ਚੁਰਾਸੀ ਰਿਹਾ ਸੁਣਾਇਆ । ਪਾਰਬ੍ਰਹਮ ਤੇਰਾ ਖੇਲ ਨਿਆਰਾ, ਭੇਵ ਕਿਸੇ ਨਾ ਪਾਇਆ । ਨੀਚੇ ਉਪਰ ਦਏ ਹੁਲਾਰਾ, ਆਵਣ ਜਾਵਣ ਦਿਸ ਨਾ ਆਇਆ । ਪੰਚਮ ਜੇਠ ਵੀਹ ਸਦ ਪੰਦਰਾਂ ਪਾਰ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਪਾਰ ਕਰਾਇਆ ।

ਆਦਿ ਪੁਰਖ ਹਰਿ ਭਗਵੰਤਾ, ਪਾਰਬ੍ਰਹਮ ਅਖਵਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇਆ । ਇਕ ਅਕੱਲਾ ਆਦਿਨ ਅੰਤਾ, ਏਕੰਕਾਰਾ ਰੂਪ ਸਮਾਇਆ । ਮੇਲ ਮਿਲਾਏ ਸਾਚੇ ਸੰਤਾ, ਸਤਿਗੁਰ ਪੁਰਖ ਅਖਵਾਇਆ । ਵੇਖ ਵਖਾਏ ਜੀਵਾਂ ਜੰਤਾਂ, ਲੱਖ ਚੁਰਾਸੀ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਕਰੇ ਰਘੁਰਾਇਆ । ਆਦਿ ਪੁਰਖ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਦੋ ਜਹਾਨਾਂ, ਆਪ ਆਪਣੀ ਧਾਰ ਬੰਧਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨਾ, ਆਪ ਆਪਣਾ ਮੇਲ ਮਿਲਾਇੰਦਾ । ਆਤਮ ਦੇਵੇ ਬ੍ਰਹਮ ਗਿਆਨਾ, ਏਕਾ ਬੂਝ ਬੁਝਾਇੰਦਾ । ਏਕਾ ਰੰਗ ਸ੍ਰੀ ਭਗਵਾਨਾ, ਨਾ ਕੋਈ ਦੂਸਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੀਤ ਮੁਰਾਰ ਆਪ ਹੋ ਜਾਇੰਦਾ । ਆਦਿ ਪੁਰਖ ਪ੍ਰਭ ਬੇਅੰਤ, ਭੇਵ ਕਿਸੇ ਨਾ ਪਾਇਆ । ਮੇਲ ਮਿਲਾਵਾ ਸਾਚੇ ਸੰਤ, ਜੁਗ ਜੁਗ ਮੇਲ ਮਿਲਾਇਆ । ਆਪੇ ਨਾਰੀ ਆਪੇ ਕੰਤ, ਸਾਚੀ ਸੇਜ ਹੰਢਾਇਆ । ਦੇਵੇ ਨਾਮ ਖਜਾਨਾ ਵਡ ਧਨੀ ਧਨਵੰਤ, ਏਕਾ ਪੱਲੂ ਨਾਮ ਫੜਾਇਆ । ਦੇ ਵਡਿਆਈ ਜੀਵ ਜੰਤ, ਜਾਗਰਤ ਜੋਤ ਦਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਵਿਚ ਰਹਾਇਆ । ਆਦਿ ਪੁਰਖ ਪਾਰਬ੍ਰਹਮ ਪਤਿਪਰਮੇਸ਼ਵਰ, ਜੋਤ ਨਿਰਾਲੀ ਅਕਾਲੀਆ । ਖੇਲੇ ਖੇਲ ਜਗਤ ਜਗਤੇਸ਼ਵਰ, ਆਪਣੀ ਚਲੇ ਅਵੱਲੜੀ ਚਾਲੀਆ । ਵੇਖ ਵਖਾਏ ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ਵਰ, ਸਾਹ ਸ਼ਹਾਨਾ ਵਾਲੀ ਦੋ ਜਹਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਦਰ ਹੋਏ ਸਵਾਲੀਆ । ਆਪਣਾ ਦਰ ਮੰਗਣਹਾਰਾ, ਪਰਮ ਪੁਰਖ ਅਖਵਾਇਆ । ਆਪਣੀ ਝੋਲੀ ਭਰਨਹਾਰਾ, ਆਪਣਾ ਭੰਡਾਰ ਰਿਹਾ ਵਰਤਾਇਆ । ਆਪਣੀ ਕਿਰਪਾ ਕਰਨਹਾਰਾ, ਕਰਨੀ ਕਰਤਾ ਨਾਉਂ ਧਰਾਇਆ । ਆਪਣਾ ਕਾਰਜ ਕਰਨਹਾਰਾ, ਜੁਗ ਜੁਗ ਕਰਦਾ ਆਇਆ । ਮਰੇ ਜਨਮੇ ਜਨਮੇ ਮਰੇ, ਜੁਗ ਜੁਗ ਆਪਣਾ ਖੇਲ ਰਚਾਇਆ । ਜੋਤ ਸਰੂਪ ਵਸੇ ਤਨ ਤਨ ਮੇਂ, ਪੰਜ ਤਤ ਰੂਪ ਬਣਾਇਆ । ਮਾਤ ਕੁੱਖ ਜਨਨੀ ਜਨਮੇ, ਜਨ ਜਣੇਦੀ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਵਟਾਇਆ । ਆਪਣਾ ਵੇਸ ਆਦਿ ਨਿਰੰਜਣ, ਜੁਗ ਜੁਗ ਆਪ ਵਟਾਇੰਦਾ । ਸਰਬ ਜੀਆਂ ਦਰਦ ਦੁੱਖ ਭੈ ਭੰਜਨ, ਭੈ ਭੰਜਨ ਨਾਮ ਰਖਾਇੰਦਾ । ਜਨ ਭਗਤਾਂ ਨੇਤਰ ਪਾਏ ਅੰਜਨ, ਇਕ ਗਿਆਨ ਦ੍ਰਿੜਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਗਵਾਇੰਦਾ । ਭਗਤ ਸੁਹੇਲਾ ਆਏ ਪੜਦੇ ਕੱਜਣ, ਲੋਕਮਾਤੀ ਵੇਸ ਵਟਾਇੰਦਾ । ਗੜ੍ਹ ਹੰਕਾਰੀ ਝੂਠੇ ਭੱਜਣ, ਕਲਜੁਗ ਤੇਰਾ ਰੂਪ ਤੇਰੀ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤੀ ਜੋਤ ਜਗਾਇੰਦਾ । ਲੋਕਮਾਤ ਹਰਿ ਅਵਤਾਰਾ, ਜੁਗ ਜੁਗ ਆਪ ਕਰਾਇਆ । ਬ੍ਰਹਮਾ ਵੇਤਾ ਲਿਖੇ ਲਿਖਾਰਾ, ਵੇਦ ਵਿਦਾਂਤਾ ਨਾਲ

ਰਲਾਇਆ । ਸ਼ਿਵ ਸ਼ੰਕਰ ਲਾਏ ਏਕਾ ਨਾਅਰਾ, ਹੱਥ ਤ੍ਰਿਸੂਲ ਉਠਾਇਆ । ਕਰੋੜ ਤੇਤੀਸਾ ਮੰਗੇ ਸਚ ਵਪਾਰਾ, ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ । ਪੁਰਖ ਅਬਿਨਾਸ਼ੀ ਦੇਵਣਹਾਰਾ, ਜੁਗ ਜੁਗ ਭੰਡਾਰ ਭਰਾਇਆ । ਲੋਕਮਾਤ ਪਾਵੇ ਸਾਰਾ, ਆਪਣਾ ਰੂਪ ਵਟਾਇਆ । ਤ੍ਰੈਗੁਣ ਤੇਰਾ ਇਕ ਪਿਆਰਾ, ਪੰਚਾਂ ਨਾਲ ਬੰਧਾਇਆ । ਪੰਜ ਪੰਜੀ ਵੇਖ ਵਿਚਾਰਾ, ਚੌਬੀਸਾ ਨਾਉਂ ਰਖਾਇਆ । ਹੱਡ ਮਾਸ ਨਾੜੀ ਰੱਤ ਤਨ ਲਾਏ ਗਾਰਾ, ਮਹੱਲ ਅਟੱਲ ਸੁਹਾਇਆ । ਮਨ ਮਤ ਬੁਧ ਦਏ ਸਹਾਰਾ, ਹਰਿ ਸਾਚੇ ਸੰਗ ਰਲਾਇਆ । ਨੌਂ ਦਵਾਰੇ ਲਾਏ ਤਨ, ਮਾਨੁਸ ਮਾਨੁਖ ਆਪ ਉਪਾਇਆ । ਪੰਚ ਵਿਕਾਰਾ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇਆ । ਆਪੇ ਵਸਿਆ ਬਿਨ ਛੱਪਰੀ ਛੰਨ, ਮਹੱਲ ਅਟੱਲ ਨਾ ਕੋਈ ਰਖਾਇਆ । ਜਨ ਭਗਤਾਂ ਪੁਕਾਰ ਸੁਣੇ ਆਪਣੇ ਕੰਨ, ਦਿਵਸ ਰੈਣ ਵੇਖ ਵਖਾਇਆ । ਸੇਵਾ ਲਾਏ ਸੂਰਜ ਚੰਨ, ਰਵ ਸਸ ਲਏ ਤਰਾਇਆ । ਤਾਰਾ ਮੰਡਲ ਬੇੜਾ ਬੰਨ, ਗਗਨ ਗਗਨੰਤਰ ਵੇਖ ਵਖਾਇਆ । ਅਕਾਸ਼ ਪਰਕਾਸ਼ ਕਹੇ ਧੰਨ ਧੰਨ, ਧੰਨ ਧੰਨ ਤੇਰੀ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਅਪਣਾ ਵੇਸ ਆਪ ਵਟਾਏ, ਜੁਗ ਜੁਗ ਕਰਦਾ ਆਇਆ । ਸਤਿਜੁਗ ਤ੍ਰੇਤਾ ਪਾਰ ਕਰਾਏ, ਦੁਆਪਰ ਲੇਖ ਲਿਖਾਇਆ । ਕਲਜੁਗ ਤੇਰੀ ਧਾਰ ਬੰਧਾਏ, ਆਪ ਆਪਣਾ ਵੇਖ ਵਖਾਇਆ । ਲੱਖ ਚੁਰਾਸੀ ਭੇਵ ਨਾ ਰਾਏ, ਭੇਵ ਅਭੇਦਾ ਅਛਲ ਅਛੇਦਾ ਬੈਠਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਇਆ । ਆਪਣਾ ਰੰਗ ਵਟਾਵਣ ਆਇਆ, ਪਾਰਬ੍ਰਹਮ ਬੇਅੰਤਾ । ਗੁਰਮੁਖ ਸਾਜਨ ਸਾਚੇ ਸੰਤਾ ਮੇਲ ਮਿਲਾਵਣ ਆਇਆ, ਦੇਵੇ ਨਾਮ ਸਚ ਸੁਗਾਤਾ । ਕਾਇਆ ਚੋਲੀ ਰੰਗ ਚੜ੍ਹਾਵਣ ਆਇਆ, ਵਡ ਦਾਤਾ ਗੁਣੀ ਗੁਣੰਤਾ । ਸ੍ਰਿਸ਼ਟ ਸਬਾਈ ਏਕਾ ਮਾਰਗ ਲਾਵਣ ਆਇਆ, ਏਕਾ ਜਾਪ ਜਪਾਏ ਜੀਵ ਜੰਤਾ । ਏਕਾ ਰਾਗ ਸੁਣਾਵਣ ਆਇਆ, ਧੁੰਨ ਅਨਾਦੀ ਇਕ ਵਜੰਤਾ । ਏਕਾ ਚੋਗ ਚੁਗਾਵਣ ਆਇਆ, ਤ੍ਰਿਸ਼ਨਾ ਭੁੱਖ ਮਿਟੰਤਾ । ਏਕਾ ਭੋਗ ਭੋਗਾਵਣ ਆਇਆ, ਆਤਮ ਸੇਜਾ ਇਕ ਸੁਹੰਤਾ । ਏਕਾ ਦਰਸ ਅਮੋਘ ਦਿਖਾਵਣ ਆਇਆ, ਨਾਲ ਰਖਾਏ ਸਾਚੀ ਸੰਗਤਾ । ਕਰਮ ਵਿਜੋਗ ਮਿਟਾਵਣ ਆਇਆ, ਬੰਕ ਦਵਾਰੇ ਏਕਾ ਮੰਗਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਨ ਸਾਚੇ ਲਏ ਵਰ, ਆਪ ਆਪਣਾ ਰੰਗ ਰਗੰਤਾ । ਅਪਣਾ ਰੰਗ ਰੰਗ ਕਰਤਾਰ, ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਵੇਖ ਵਿਚਾਰ, ਆਪਣੀ ਬਣਤ ਬਣਾਈਆ । ਪੰਜ ਤਤ ਕਰ ਪਿਆਰ, ਹੱਡ ਮਾਸ ਨਾੜੀ ਰੱਤ ਚੋਲਾ ਇਕ ਬਣਾਈਆ । ਘਨਕਪੁਰੀ ਹਰਿ ਪਾਵੇ ਸਾਰ, ਆਪ ਆਪਣਾ ਵੇਸ ਵਟਾਈਆ । ਮਾਤ ਪਿਤਾ ਘਰ ਹੋ ਉਜਿਆਰ, ਪੰਚਮ ਜੇਠਾ ਰੁੱਤ ਸੁਹਾਈਆ । ਸਾਚਾ ਮੰਗਲ ਗਾਏ ਹਰਿ ਨਿਰੰਕਾਰ, ਏਕਾ ਧੁਨ ਸੁਣਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਕਰਨ ਵਿਚਾਰ, ਨੇਤਰ ਨੈਣ ਰਹੇ ਉਠਾਈਆ । ਲੋਕਮਾਤ ਹੋਈ ਉਜਿਆਰ, ਆਦਿ ਸ਼ਕਤ ਰੂਪ ਵਟਾਈਆ । ਭਗਤੀ ਭਗਤ ਕਰੇ ਪਿਆਰ, ਭਗਵੰਤ ਨਾਉਂ ਧਰਾਈਆ । ਸਾਚੀ ਸ਼ਕਤੀ ਆਪ ਨਿਰੰਕਾਰ, ਸਾਖਯਾਤ ਵੇਖ ਵਖਾਈਆ । ਬੂੰਦ ਰਕਤੀ ਲਏ ਅਧਾਰ, ਪੂਰਬ ਲਹਿਣਾ ਵੇਖ ਵਖਾਈਆ । ਵੇਲਾ ਵਕਤੀ ਕਰ ਵਿਚਾਰ, ਆਪ ਆਪਣੀ ਰੁੱਤ ਸੁਹਾਈਆ । ਧਰਨੀ ਧਰਤ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਕਲਜੁਗ ਕੂੜਾ ਚਾਰੋਂ ਕੁੰਟ ਫਿਰੇ ਕੁੜਿਆਰ, ਅੱਠੇ ਪਹਿਰ ਵਾਹੋ ਦਾਹੀਆ । ਜੂਠ ਝੂਠ ਕਰੇ ਪਿਆਰ, ਪੰਜਾਂ ਤੱਤਾਂ ਨਾਲ ਲੜਾਈਆ । ਮਨ ਮਤ ਭਰੇ ਭੰਡਾਰ,

ਗੁਰਮਤ ਸਰਬ ਭੁਲਾਈਆ । ਭਰਮੇ ਭੁੱਲੇ ਜੀਵ ਗਵਾਰ, ਜੀਵ ਆਤਮ ਨਾ ਕੋਈ ਵਖਾਈਆ । ਦਰ ਦਰ ਮੰਗਣ ਬਣ ਭਿਖਾਰ, ਨਾਮ ਭਿਛਿਆ ਕੋਈ ਨਾ ਝੋਲੀ ਪਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਪੁਰੀ ਘਨਕ ਭਾਗ ਲਗਾਈਆ । ਸਾਚੇ ਸੰਤ ਲਏ ਉਠਾਲ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਵਖਾਈਆ । ਲੋਕਮਾਤ ਵੇਖਣ ਆਇਆ, ਧੁਰਦਰਗਾਹੀ ਦਾਤਾ । ਮਾਨਸ ਜਨਮ ਜਗਤ ਧਰਾਇਆ, ਬਾਲ ਸੁਹਾਇਆ ਪਿਤਾ ਮਾਤਾ । ਸ਼ੇਰ ਸਿੰਘ ਸ਼ੇਰ ਨਾਉਂ ਧਰਾਇਆ, ਜਨ ਭਗਤਾਂ ਦੇਵੇ ਸਾਚੀਆ ਦਾਤਾ । ਸੰਤ ਮਨੀ ਸਿੰਘ ਆਪ ਉਠਾਇਆ, ਮਿਟੇ ਰੈਣ ਅੰਧੇਰੀ ਰਾਤਾ । ਕਲਜੁਗ ਕੂੜਾ ਰਹਿਣ ਨਾ ਪਾਇਆ, ਦੇਵੇ ਨਾਮ ਸਚ ਸੁਗਾਤਾ । ਸਾਚਾ ਸੰਤ ਸੇਵਾ ਲਾਇਆ, ਵੇਖੀ ਉਤਮ ਜਾਤਾ । ਏਕਾ ਸ਼ਬਦ ਗਿਆਨ ਦ੍ਰਿੜਾਇਆ, ਦੂਜਾ ਅੱਖਰ ਨਾ ਕੋਈ ਪਛਾਤਾ । ਆਪ ਆਪਣੇ ਮਾਰਗ ਲਾਇਆ, ਏਕਾ ਬੂਝ ਬੁਝਾਤਾ । ਕਲਜੁਗ ਤੇਰਾ ਲੇਖ ਲਿਖਾਇਆ, ਬੈਠਾ ਰਹੇ ਇਕ ਅਕਾਂਤਾ । ਬਾਲ ਅਵਸਥਾ ਖੇਲ ਗਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਗਾਥਾ । ਆਪਣੀ ਗਾਥਾ ਆਪ ਜਣਾਈ, ਆਪੇ ਬੂਝ ਬੁਝਾਇੰਦਾ । ਆਪਣੇ ਰਥ ਆਪ ਚੜ੍ਹਾਈ, ਰਥ ਰਥਵਾਹੀ ਆਪ ਅਖਵਾਇੰਦਾ । ਸਗਲਾ ਸੰਗ ਰਿਹਾ ਨਿਭਾਈ, ਸਗਲਾ ਸਾਥ ਆਪ ਰਖਾਇੰਦਾ । ਪਰਗਟ ਹੋਇਆ ਬੇਪਰਵਾਹੀ, ਬੇਐਬ ਪਰਵਰਦਿਗਾਰ ਨਾਉਂ ਧਰਾਇੰਦਾ । ਨੂਰੋ ਨੂਰ ਉਜਾਲਾ ਨੂਰ ਅਲਾਹੀ, ਨੂਰੋ ਨੂਰ ਸਮਾਇੰਦਾ । ਕਲਮਾ ਨਬੀ ਰਸੂਲ ਵੇਖੇ ਇਕ ਥਾਂ ਖ਼ੁਦਾਈ, ਖ਼ੁਦਾਵੰਦ ਖ਼ੁਦ ਵੇਸ ਵਟਾਇੰਦਾ । ਲੋਕਮਾਤ ਕਰੇ ਜੁਦਾਈ, ਜੋਧਾ ਸੂਰ ਆਪ ਹੋ ਜਾਇੰਦਾ । ਹਰਿਜਨ ਸਾਚੇ ਕਰੇ ਕੁੜਮਾਈ, ਏਕਾ ਸ਼ਬਦ ਮੁਖ ਲਗਾਇੰਦਾ ।


੩੩੫
੦੭

ਆਤਮ ਅੰਦਰ ਕਾਇਆ ਮੰਦਰ ਵੱਜਦੀ ਰਹੇ ਵਧਾਈ, ਸਾਚਾ ਤਾਲ ਆਪ ਵਜਾਇੰਦਾ । ਪੰਚਮ ਸਖੀਆਂ ਗਾਇਣ ਚਾਈਂ ਚਾਈਂ, ਏਕਾ ਰਾਗ ਅਲਾਇੰਦਾ । ਵੇਖ ਵਖਾਏ ਥਾਉਂ ਥਾਈਂ, ਲੇਖਾ ਕੋਈ ਰਹਿਣ ਨਾ ਪਾਇੰਦਾ । ਆਪ ਉਠਾਏ ਫੜ ਫੜ ਬਾਹੀਂ, ਜਗਤ ਸੁਹੇਲਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਜਾਮਾ ਪਾ, ਆਪਣੀ ਬਣਤ ਬਣਾਈਆ । ਗੋਦ ਸੁਹਾ ਪਿਤਾ ਮਾਂ, ਸੀਰ ਮੁਖ ਰਖਾਈਆ । ਮਾਤਾ ਸੀਰ ਦਏ ਤਜਾ, ਸਾਚੇ ਸਿਖ ਸਮਾਈਆ । ਜਗਤ ਸਿੰਘਾਸਣ ਲਏ ਵਿਛਾ, ਉਪਰ ਆਸਣ ਲਾਈਆ । ਰੈਣ ਦਿਵਸ ਡੇਰਾ ਲਾ, ਅੱਠੇ ਪਹਿਰ ਵੇਖ ਵਖਾਈਆ । ਸ੍ਰਿਸ਼ਟ ਸਬਾਈ ਘੇਰਾ ਪਾ, ਭਰਮੇ ਭਰਮ ਭੁਲਾਈਆ । ਸੰਝ ਸਵੇਰਾ ਕੋਈ ਜਾਣੇ ਨਾ, ਸਚ ਪਰਭਾਤ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਕਰਾਈਆ । ਵੇਸ ਕਰਾਇਆ ਹਰਿ ਅਵੱਲਾ, ਏਕਾ ਰੰਗ ਕਰਤਾਰਿਆ । ਪੁਰੀ ਘਨਕ ਵਸਿਆ ਸਚ ਮਹੱਲਾ, ਹਰਿ ਸਾਚਾ ਡੇਰਾ ਲਾ ਰਿਹਾ । ਬੇਮੁਖ ਭੁਲਾਏ ਕਰ ਕਰ ਵਲ ਛਲਾ, ਕੂਕਰ ਸੂਕਰ ਵੇਖ ਵਖਾ ਰਿਹਾ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਗੁਰਮੁਖ ਸੋਏ ਆਪ ਉਠਾ ਰਿਹਾ । ਜਗਤ ਜਗਦੀਸ਼ ਦੀਪਕ ਏਕਾ ਬਲਾ, ਅਗਿਆਨ ਅੰਧੇਰ ਗਵਾ ਰਿਹਾ । ਆਪੇ ਹੋਇਆ ਰਿਹਾ ਝੱਲਾ, ਜਗਤ ਹਲੂਣਾ ਆਪ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਆਸਣ ਲਾ ਰਿਹਾ । ਜਗਤ ਸਿੰਘਾਸਣ ਹਰਿ ਬਿਰਾਜੇ, ਪੰਜ ਤਤ ਹੰਢਾਇਆ । ਵੇਸ ਵਟਾਇਆ ਦੇਸ ਮਾਝੇ, ਮਾਝਾ ਭਰਮ ਭੁਲਾਇਆ । ਲੋਆਂ ਪੁਰੀਆਂ ਰਚਿਆ ਕਾਜੇ । ਬ੍ਰਹਿਮੰਡ ਖੰਡ ਵੇਖ ਵਖਾਇਆ । ਆਪੇ ਚੜ੍ਹਿਆ ਆਪਣੇ ਤਾਜੇ, ਏਕਾ


Rev-01

ਅਸਵ ਰਿਹਾ ਦੌੜਾਇਆ । ਸੰਤ ਸੁਹੇਲਾ ਜੁਗ ਜੁਗ ਰੱਖਣ ਆਏ ਲਾਜੇ, ਰਾਮ ਕ੍ਰਿਸ਼ਨਾ ਰੂਪ ਵਟਾਇਆ । ਸੁੰਨ ਅਗੰਮੀ ਅਨਹਦ ਬਾਣੀ ਮਾਰੇ ਅਵਾਜ਼ੇ, ਏਕਾ ਸ਼ਬਦ ਤਾਲ ਰਖਾਇਆ । ਨਾਮ ਚੜ੍ਹਾਏ ਸਚ ਜਹਾਜ਼ੇ, ਏਕਾ ਚੱਪੂ ਆਪਣਾ ਰਖਾਇਆ । ਪਕੜ ਉਠਾਏ ਰਾਜਨ ਰਾਜੇ, ਸ਼ਾਹ ਸੁਲਤਾਨਾ ਦਏ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਇਕ ਸੁਹਾਇਆ । ਸ਼ਬਦ ਸਿੰਘਾਸਣ ਜਗਤ ਦੂਰ, ਜਗਤ ਸਿੰਘਾਸਣ ਆਪ ਹੰਢਾਇਆ । ਆਪੇ ਬਣਿਆ ਕਲਜੁਗ ਚੋਰ, ਦਿਸ ਕਿਸੇ ਨਾ ਆਇਆ । ਲੁਕਿਆ ਰਿਹਾ ਅੰਧ ਘੋਰ, ਪੰਜ ਤਤ ਦਿਵਾਰ ਬਣਾਇਆ । ਕਿਸੇ ਭੇਤ ਨਾ ਪਾਇਆ ਗਹਿਰ ਗੌਰ, ਗਹਿਰ ਗੰਭੀਰ ਸਮਾਇਆ । ਮਨਮੁਖ ਜੀਵ ਆਪਣੇ ਨਾਲ ਰਿਹਾ ਤੋਰ, ਦਿਵਸ ਰੈਣ ਸੰਗ ਰਖਾਇਆ । ਗੁਰਮੁਖਾਂ ਦੇਵੇ ਏਕਾ ਨਾਮ ਸ਼ਬਦ ਸਾਚੀ ਤੂਰ, ਰਾਗ ਨਾਦ ਕੰਨ ਸੁਣਾਇਆ । ਸਰਬ ਕਲਾ ਆਪੇ ਭਰਪੂਰ, ਭੇਵ ਕਿਸੇ ਨਾ ਪਾਇਆ । ਸੰਤ ਮਨੀ ਸਿੰਘ ਸਦ ਹਜ਼ੂਰ, ਪ੍ਰਭ ਆਪਣੀ ਬੂਝ ਬੁਝਾਇਆ । ਨਾਤਾ ਤੋੜੇ ਕੂੜੋ ਕੂੜ, ਸਾਚੀ ਜੋੜੀ ਜੋੜ ਜੁੜਾਇਆ । ਮਸਤਕ ਲਾਈ ਚਰਨ ਧੂੜ, ਆਤਮ ਬ੍ਰਹਮ ਜਣਾਇਆ । ਚਤੁਰ ਸੁਘੜ ਮੂਰਖ ਮੂੜ, ਜਨਮ ਜਨਮਾ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਕਰ ਪਿਆਰ ਵਿਚ ਸੰਸਾਰ, ਆਪੇ ਰਿਹਾ ਵਖਾਇਆ । ਸੰਤ ਮਨੀ ਸਿੰਘ ਉਠਿਆ ਜਾਗ, ਹਰਿ ਸਾਚੇ ਆਪ ਜਗਾਇਆ । ਕਾਇਆ ਕੁਲੇ ਲੱਗਾ ਭਾਗ, ਨਿਰਮਲ ਜੋਤ ਕਰੇ ਰੁਸ਼ਨਾਇਆ । ਦੀਪਕ ਜੋਤੀ ਜਗੇ ਚਿਰਾਗ, ਇਕ ਪਰਕਾਸ਼ ਰਖਾਇਆ । ਫੜ ਫੜ ਹੰਸ ਬਣਾਏ ਕਾਗ, ਕਾਗੀ ਹੰਸ ਬਣਾਇਆ । ਦੋ ਜਹਾਨਾਂ ਪਕੜੇ ਵਾਗ, ਵਾਲੀ ਦੋ ਜਹਾਨਾਂ ਆਪ ਅਖਵਾਇਆ । ਆਪੇ ਧੋਵਣਹਾਰਾ ਦਾਗ਼, ਅੰਮ੍ਰਿਤ ਜਾਮ ਆਪ ਪਿਆਇਆ । ਸਾਚੀ ਨਾਰੀ ਮੇਲਾ ਕੰਤ ਸੁਹਾਗ, ਪੁਰਖ ਅਬਿਨਾਸ਼ੀ ਏਕਾ ਪਾਇਆ । ਏਕਾ ਮੰਗਲ ਏਕਾ ਰਾਗ, ਏਕਾ ਧੁੰਨ ਉਪਜਾਇਆ । ਏਕਾ ਸ਼ਬਦ ਏਕਾ ਵਾਜ, ਏਕਾ ਰਿਹਾ ਲਗਾਇਆ । ਏਕਾ ਕਰਨੀ ਏਕਾ ਕਾਜ, ਏਕਾ ਕਰਤਾ ਆਪ ਅਖਵਾਇਆ । ਏਕਾ ਧਰਨੀ ਸਾਜਨ ਸਾਜ, ਧਰਤ ਧਵਲ ਸੁਹਾਇਆ । ਭਾਗ ਲਗਾਏ ਦੇਸ ਮਾਝ, ਪੁਰੀ ਘਨਕ ਨਾਉਂ ਧਰਾਇਆ । ਸਿੰਘ ਸ਼ੇਰ ਸ਼ੇਰ ਦਲੇਰ ਸੋਇਆ ਗਿਆ ਜਾਗ, ਜਾਗਣਹਾਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਤਤ ਦੇਵੇ ਵਰ, ਕਾਇਆ ਮੰਦਰ ਇਕ ਸੁਹਾਇਆ । ਪੰਜ ਤਤ ਕਰ ਪਿਆਰਾ, ਆਪਣਾ ਤਨ ਸਵਾਰਿਆ । ਕਪੜ ਬਸਤਰ ਅਪਰ ਅਪਾਰਾ, ਤਨ ਜੋੜਾ ਇਕ ਛੁਹਾ ਰਿਹਾ । ਜਗਤ ਘੋੜੇ ਹੋ ਅਸਵਾਰਾ, ਆਪੇ ਆਪ ਦੌੜਾ ਰਿਹਾ । ਜਨ ਭਗਤਾਂ ਕਰੇ ਖ਼ਬਰਦਾਰਾ ਮਨਮੁਖਾਂ ਗੂੜ੍ਹੀ ਨੀਂਦ ਸਵਾ ਰਿਹਾ । ਜੋ ਜਨ ਜਨਨੀ ਜਣਿਆ ਚਲ ਆਏ ਦਵਾਰਾ, ਜਨ ਜਨਕਾ ਰੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨ ਮਨਕਾ ਆਪ ਫਿਰਾ ਰਿਹਾ । ਜਗਤ ਸਿੰਘਾਸਣ ਇਕ ਵਣਜਾਰਾ, ਕਲਜੁਗ ਅੰਤਮ ਆਇਆ । ਅੱਠੇ ਪਹਿਰ ਖ਼ਬਰਦਾਰਾ, ਆਪਣੀ ਸੇਵਾ ਰਿਹਾ ਲਗਾਇਆ । ਦਿਵਸ ਰੈਣ ਕਰੇ ਪਿਆਰਾ, ਏਕਾ ਧਾਰ ਵਖਾਇਆ । ਨਾ ਕੋਇ ਜਾਣੇ ਮੀਤ ਮੁਰਾਰਾ, ਸਾਕ ਸੈਣ ਨਾ ਕੋਈ ਸਮਝਾਇਆ । ਸੰਤ ਮਨੀ ਸਿੰਘ ਸੁਤ ਦੁਲਾਰਾ, ਏਕਾ ਬੂਝ ਬੁਝਾਇਆ । ਲੇਖੇ ਲੱਗੇ ਅਗੰਮ ਅਪਾਰਾ, ਭੇਵ ਕਿਸੇ ਨਾ ਪਾਇਆ । ਅੰਤਮ ਪਰਗਟ ਹੋਇਆ ਜੋਤ ਸਰੂਪੀ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਸਿੰਘਾਸਣ ਸਾਚਾ ਰਾਜ, ਲੋਕਮਾਤ ਕਮਾਇਆ । ਜਗਤ ਸਿੰਘਾਸਣ ਆਪ ਬਰਾਜ, ਭਰਮ

ਭੁਲੇਖਾ ਪਾਇਆ । ਅਗੰਮ ਅਗੰਮੜੀ ਮਾਰੇ ਵਾਜ, ਤਨ ਚਮੜੀ ਵੇਸ ਵਟਾਇਆ । ਆਪ ਆਪਣਾ ਸਾਜਨ ਸਾਜ, ਸਾਚੇ ਤਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ, ਆਦਿ ਸ਼ਕਤ ਰੂਪ ਵਟਾਇਆ । ਆਦਿ ਪੁਰਖ ਹਰਿ ਅਬਿਨਾਸ਼ੀ, ਪਰਮ ਪੁਰਖ ਸੁਲਤਾਨਾ । ਪਰਗਟ ਹੋਏ ਘਨਕ ਪੁਰ ਵਾਸੀ, ਖੇਲੇ ਖੇਲ ਦੋ ਜਹਾਨਾਂ । ਨਿਰਗੁਣ ਜੋਤ ਹਰਿ ਸ਼ਾਹੋ ਸ਼ਬਾਸੀ, ਹਰ ਘਟ ਵੇਖ ਵਖਾਨਾ । ਭਗਤ ਦਵਾਰੇ ਦਾਸਨ ਦਾਸੀ, ਸੇਵਕ ਸੇਵ ਕਮਾਨਾ । ਪੂਰ ਕਰਾਏ ਦਰ ਦਰ ਘਰ ਘਰ ਆਸੀ, ਜੋ ਜਨ ਆਸ ਰਖਾਇਆ । ਗੇੜ ਚੁਕਾਏ ਦਸ ਦਸ ਮਾਸੀ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਤਨ ਹੰਢਾਇਆ । ਜਗਤ ਤਨ ਜਗਤ ਹੰਢਾ, ਉਲਟੀ ਕਲ ਵਰਤਾਈਆ । ਬਵੰਜਾ ਸਾਲ ਵੰਡ ਵੰਡਾ, ਬਵੰਜਾ ਦੇਸ਼ਾਂ ਕਰੇ ਕੁੜਮਾਈਆ । ਬਵੰਜਾ ਅੱਖਰ ਧਾਰ ਚਲਾ, ਬਾਵਨ ਰੂਪ ਰਘੁਰਾਈਆ । ਬਾਵਣ ਲੇਖਾ ਆਪ ਗਣਾ, ਵਾਕ ਭਵਿਖਤ ਜਣਾਈਆ । ਆਦਿ ਸ਼ਕਤੀ ਰੂਪ ਵਟਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਭਗਤਾਂ ਭਗਤੀ ਦਏ ਸੁਹਾ, ਭਗਵਨ ਵਡ ਵੱਡੀ ਵਡਿਆਈਆ । ਜਗਤ ਜੁਗਤੀ ਦਏ ਬਣਾ, ਏਕਾ ਜੋਗ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਏਕਾ ਧਾਰ ਚਲਾਈਆ । ਨਿਰਗੁਣ ਰੂਪ ਹਰਿ ਨਿਰੰਕਾਰ, ਆਦਿ ਅੰਤ ਰਖਾਇਆ । ਜੁਗ ਜੁਗ ਲੈ ਮਾਤ ਅਵਤਾਰ, ਜੁਗ ਜੁਗ ਵੇਸ ਵਟਾਇਆ । ਸਤਿਜੁਗ ਸਾਚੇ ਕਰ ਪਿਆਰ, ਪਰਮ ਪੁਰਖ ਉਠ ਧਾਇਆ । ਤ੍ਰੇਤਾ ਤੇਰਾ ਕਰਮ ਵਿਚਾਰ, ਰਾਮ ਰਾਮਾ ਰੂਪ ਵਟਾਇਆ । ਦੁਆਪਰ ਤੇਰੀ ਬੰਨੇ ਧਾਰ, ਸਾਵਲ ਸੁੰਦਰ ਮੁਖ ਰਖਾਇਆ । ਕਲਜੁਗ ਤੇਰੀ ਕਰ ਵਿਚਾਰ, ਈਸਾ ਮੂਸਾ ਲਏ ਉਪਾਇਆ । ਨਾਨਕ ਗੁਰ ਕਰ ਪਿਆਰ, ਏਕਾ ਮੰਤਰ ਨਾਮ ਦ੍ਰਿੜਾਇਆ । ਗੋਬਿੰਦ ਗੁਰ ਵੇਖ ਵਿਚਾਰ, ਪੂਤ ਸਪੂਤਾ ਸੇਵਾ ਲਾਇਆ । ਲਿਖਿਆ ਲੇਖ ਅਪਰ ਅਪਾਰ, ਨਾ ਕੋਈ ਮੇਟ ਮਿਟਾਇਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਜਾਮਾ ਵੇਸ ਵਟਾਇਆ । ਸਾਲ ਬਵੰਜਾ ਕਾਇਆ ਤਨ ਕਰ ਲੋਕਮਾਤ ਪਿਆਰਾ, ਅੰਤਮ ਆਪਣਾ ਭਾਣਾ ਆਪੇ ਮੰਨ, ਕਰਿਆ ਪਾਰ ਉਤਾਰਾ । ਆਪ ਆਪਣਾ ਬੇੜਾ ਬੰਨ, ਆਪੇ ਲਾਏ ਪਾਰ ਕਿਨਾਰਾ । ਆਪਣੀ ਵਡਿਆਈ ਆਪੇ ਜਾਣੇ ਧੰਨ ਧੰਨ ਧੰਨ, ਨਾ ਕੋਈ ਲਿਖੇ ਲੇਖ ਲਿਖਾਰਾ । ਆਪਣਾ ਰਾਗ ਸੁਣੇ ਆਪਣੇ ਕੰਨ, ਆਪੇ ਗਾਵਣਹਾਰਾ । ਆਪਣੀ ਜਨਨੀ ਆਪੇ ਜਾਇਆ ਆਪਣਾ ਜਨ, ਮਾਤ ਪਿਤ ਨਾ ਕੋਈ ਅਧਾਰਾ । ਕਿਸੇ ਨਾ ਦਿਸੇ ਛੱਪਰੀ ਛੰਨ, ਨਾ ਕੋਈ ਮੰਦਰ ਮਸਜਿਦ ਗੁਰੂਦਵਾਰਾ । ਜੋਤ ਸਰੂਪ ਹਰਿ ਨਿਰੰਕਾਰ ਨਿਰਗੁਣ ਧਾਰ ਆਪੇ ਜਾਣੇ ਆਪਣਾ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਕਰੇ ਆਪ ਪਸਾਰ । ਆਪਣਾ ਪਸਾਰਾ ਆਪ ਕਰਾਏ, ਆਪੇ ਮੇਟ ਮਿਟਾਇੰਦਾ । ਲੋਕਮਾਤ ਜਨਮ ਧਰ, ਪੰਜ ਤਤ ਹੰਢਾਇੰਦਾ । ਅੰਤਮ ਅਗਨੀ ਗਿਆ ਸੜ, ਏਕਾ ਹਵਨ ਵਖਾਇੰਦਾ । ਕਾਇਆ ਕੋਟ ਢੱਠਾ ਕਿਲਾ ਗੜ੍ਹ, ਤ੍ਰੈਗੁਣ ਮੂਲ ਚੁਕਾਇੰਦਾ । ਸਾਚੇ ਪੌੜੇ ਆਪੇ ਚੜ੍ਹ, ਸਚ ਸਿੰਘਾਸਣ ਵੇਖ ਵਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਬਣਤ ਬਣਾਇੰਦਾ । ਆਪਣੇ ਅੰਦਰ ਆਪੇ ਬੈਠਾ ਵੜ, ਪੁਰਖ ਅਬਿਨਾਸ਼ੀ ਪੁਰਖ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਸਾਲ ਬਵੰਜਾ, ਲੋਕਮਾਤ ਹੰਢਾਇੰਦਾ । ਜਗਤ ਸਿੰਘਾਸਣ ਕਲਜੁਗ ਧਾਰ, ਪ੍ਰਭ ਸਾਚੇ ਚਰਨਾ ਹੇਠ ਦਬਾਈਆ । ਜੀਵਾਂ ਜੰਤਾਂ ਕਰੇ ਖਵਾਰ, ਗੁਰਮੁਖਾਂ ਦਏ ਵਡਿਆਈਆ । ਮੂਰਖ ਮੁਗਧ


੩੩੭ ੦੭

ਲਾਏ ਪਾਰ, ਜੋ ਜਨ ਰਸਨਾ ਰਹੇ ਗਾਈਆ । ਏਕਾ ਦੂਜਾ ਭੇਵ ਨਿਵਾਰ, ਏਕਾ ਦੂਜਾ ਭੇਵ ਗਵਾਈਆ । ਜੋਤੀ ਜਾਮਾ ਭੇਖ ਨਿਆਰ, ਦਿਸ ਕਿਸੇ ਨਾ ਆਈਆ । ਸ਼ਬਦ ਡੰਕਾ ਅਪਰ ਅਪਾਰ, ਹਰਿ ਨਿਰੰਕਾਰ ਆਪਣਾ ਰਿਹਾ ਵਜਾਈਆ । ਵੇਦ ਵਿਆਸਾ ਬਣ ਲਿਖਾਰ, ਲੇਖਾ ਗਿਆ ਲਿਖਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਆਪੇ ਜਾਣੇ ਲੰਮਾ ਚੌੜਾ ਨਾ ਜਾਣੇ ਕੋਈ ਘਰ ਬਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮਿਠਾ ਕੌੜਾ ਨਾ ਕਰੇ ਵਿਚਾਰ, ਆਤਮ ਬ੍ਰਹਮ ਨਾ ਕੋਈ ਜਣਾਈਆ । ਧੁਰਦਰਗਾਹੀ ਆਇਆ ਦੌੜਾ ਬੇਐਬ ਪਰਵਰਦਿਗਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਚਾਰ ਵਰਨਾਂ ਇਕ ਪੜ੍ਹਾਈਆ । ਏਕਾ ਅੱਖਰ ਦਏ ਵਿਚਾਰ, ਧੁਰਦਰਗਾਹੀ ਸਾਚਾ ਮਾਹੀਆ । ਬਜਰ ਕਪਾਟੀ ਪਾੜੇ ਪੱਥਰ, ਦੂਈ ਦਵੈਤੀ ਪਰੇ ਹਟਾਈਆ । ਪੰਚ ਵਿਕਾਰਾ ਹੋਏ ਸੱਥਰ, ਗੂੜ੍ਹੀ ਨੀਂਦ ਸਵਾਈਆ । ਸੰਤ ਸੁਹੇਲੇ ਕਰੇ ਵੱਖਰ, ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਜੁਗ ਜੁਗ ਭੇਖ ਕਰਨੇਹਾਰਾ, ਆਪਣੀ ਕਲ ਵਰਤਾਇੰਦਾ । ਚਾਰੇ ਵੇਦਾਂ ਪਾਵੇ ਸਾਰਾ, ਪੁਰਾਨ ਅਠਾਰਾਂ ਫੋਲ ਫੋਲਾਇੰਦਾ । ਖਾਣੀ ਬਾਣੀ ਅੰਦਰ ਬਾਹਰਾ, ਗੁਪਤ ਜ਼ਾਹਰਾ ਆਪ ਅਖਵਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਰਵ ਸਸ ਕਰੇ ਨਿਮਸਕਾਰਾ, ਦੋਏ ਜੋੜ ਸੀਸ ਝੁਕਾਇੰਦਾ । ਗਗਨ ਗਗਨੰਤਰ ਅਧਵਿਚਕਾਰਾ, ਤਾਰਾ ਮੰਡਲ ਆਪ ਅਖਵਾਇੰਦਾ । ਅਗੰਮ ਅਗੰਮੜਾ ਦੱਸੇ ਅਗੰਮੜੀ ਧਾਰਾ, ਅਗੰਮੜੀ ਧਾਰ ਆਪ ਚਲਾਇੰਦਾ । ਅਲਖ ਨਿਰੰਜਣ ਲੇਖ ਲਿਖ ਨਾ ਸਕੇ ਕੋਈ ਜੀਵ ਜੰਤ ਵਿਚਾਰਾ, ਭੇਵ ਅਭੇਦਾ ਭੇਵ ਕੋਇ ਨਾ ਪਾਇੰਦਾ । ਆਪੇ ਜਾਣੇ ਆਪਣੀ ਕਾਰਾ, ਅਛਲ ਅਛੇਦਾ ਆਪ ਅਖਵਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਖੰਡਾ ਤੇਜ਼ ਕਟਾਰਾ, ਦੋ ਧਾਰਾ ਆਪ ਚਲਾਇੰਦਾ । ਨੌਂ ਖੰਡ ਪ੍ਰਿਥਮੀ ਕਰੇ ਖ਼ਬਰਦਾਰਾ, ਰਾਜ ਰਾਜਾਨਾਂ ਆਪ ਉਠਾਇੰਦਾ । ਸੰਮਤ ਪੰਦਰਾਂ ਇਕ ਵਿਚਾਰਾ, ਵੀਹ ਸਦ ਬਿਕ੍ਰਮੀ ਨਾਲ ਰਲਾਇੰਦਾ । ਪੰਚਮ ਜੇਠ ਦਿਨ ਦਿਹਾੜਾ, ਖ਼ੁਸ਼ੀਆਂ ਨਾਲ ਰਲਾਇੰਦਾ । ਜਗਤ ਸਿੰਘਾਸਣ ਹਰਿ ਅਖਾੜਾ, ਦਹਿ ਦਿਸ਼ਾ ਫੋਲ ਫੋਲਾਇੰਦਾ । ਪੰਜ ਤਤ ਤਜਾਇਆ ਪੰਜ ਤਤ ਮਗਰ ਲਗਾਈ ਧਾੜਾ, ਅਗਨੀ ਧਾਰ ਵਹਾਇੰਦਾ । ਲੱਗੇ ਅੱਗ ਬਹੱਤਰ ਨਾੜਾ, ਲੱਖ ਚੁਰਾਸੀ ਜੀਵ ਕੁਰਲਾਇੰਦਾ । ਲੇਖ ਲਿਖਾਏ ਸਤਾਰਾਂ ਹਾੜਾ, ਵਾਲੀ ਹਿੰਦ ਉਠਾਇੰਦਾ । ਸਾਧ ਸੰਤ ਪਕੜ ਉਠਾਏ ਜੰਗਲ ਜੂਹ ਉਜਾੜ ਪਹਾੜ, ਡੂੰਘੇ ਕੰਦਰ ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਤ੍ਰੈਗੁਣ ਮਾਇਆ ਤੇਰਾ ਤਤ ਅਗਨੀ ਸਾੜਾ, ਆਪਣਾ ਮੂਲ ਚੁਕਾਇੰਦਾ । ਸੁਤ ਸ਼ਬਦ ਸਾਚਾ ਲਾੜਾ, ਪਾਰਬ੍ਰਹਮ ਪ੍ਰਭ ਆਪ ਮਿਟਾਇੰਦਾ । ਸੋਹੰ ਸ਼ਬਦ ਸੀਸ ਬੰਨੇ ਦਸਤਾਰਾ, ਸੱਚਾ ਨਾਮ ਤਿਲਕ ਲਗਾਇੰਦਾ । ਚਾਰ ਵਰਨਾਂ ਕਰੇ ਇਕ ਪਿਆਰਾ, ਊਚਾਂ ਨੀਚਾਂ ਮੇਟ ਮਿਟਾਇੰਦਾ । ਲੋਕਮਾਤ ਵਖਾਏ ਇਕ ਦਵਾਰਾ, ਵਰਨ ਗੋਤ ਨਾ ਕੋਈ ਮਿਟਾਇੰਦਾ । ਨੂਰ ਅਲਾਹੀ ਪਾਵੇ ਸਾਰਾ, ਐਨਲਹੱਕ ਜਣਾਇੰਦਾ । ਮੁਕਾਮੇ ਹੱਕ ਖ਼ੁਦੀ ਖ਼ੁਦਾਈ ਨਾ ਕੋਈ ਲਾਏ ਨਾਅਰਾ, ਨਾ ਕੋਈ ਦੂਜਾ ਭੇਵ ਰਖਾਇੰਦਾ । ਏਕਾ ਏਕ ਹਰਿ ਕਰਤਾਰਾ, ਏਕਾ ਰੂਪ ਦਰਸਾਇੰਦਾ । ਅੱਲਾ ਰਾਣੀ ਤੇਰਾ ਨਾਅਰਾ, ਹੂ ਹੂ ਆਪ ਵਖਾਇੰਦਾ । ਤੂੰ ਤੂੰ ਹੋਏ ਪਾਰ ਕਿਨਾਰਾ, ਪਾਰਬ੍ਰਹਮ ਪ੍ਰਭ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਪੰਚਮ ਜੇਠਾ ਏਕਾ ਦਿਵਸ ਸੁਹਾਇੰਦਾ ।

ਪੰਚਮ ਜੇਠ ਹਰਿ ਵਡਿਆਈ, ਪਾਰਬ੍ਰਹਮ ਜਣਾਈਆ । ਲੱਖ ਚੁਰਾਸੀ ਕਰੇ ਕੁੜਮਾਈ, ਲਾੜੀ ਮੌਤ ਕਰੇ ਕੁੜਮਾਈਆ । ਏਕਾ ਮਹਿੰਦੀ ਹੱਥੀਂ ਲਾਈ, ਲਾਲ ਚੂੜਾ ਤਨ ਪਹਿਨਾਈਆ । ਹਾੜ ਸਤਾਰਾ ਵੇਖੇ ਚਾਈਂ ਚਾਈਂ, ਲਹਿੰਦੀ ਦਿਸ਼ਾ ਫੇਰੀ ਪਾਈਆ । ਉਮਤ ਨਬੀ ਰਸੂਲ ਉਠਾਏ ਥਾਉਂ ਥਾਈਂ, ਸੋਇਆ ਕੋਇ ਰਹਿਣ ਨਾ ਪਾਈਆ । ਅੰਜੀਲ ਕੁਰਾਨ ਦਰ ਦਵਾਰਾ ਅੱਗੇ ਹੋ ਹੋ ਕਹਿੰਦੀ, ਅਮਾਮ ਮਹਿੰਦੀ ਜੋਤ ਜਗਾਈਆ । ਲੋਕਮਾਤ ਭਾਣਾ ਏਕਾ ਸਹਿੰਦੀ, ਭੁੱਲੀ ਸਰਬ ਲੋਕਾਈਆ । ਅੰਤਮ ਵੇਲੇ ਏਕਾ ਗਾਹੇ ਗਹਿੰਦੀ, ਨਾ ਦੀਸੇ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਦਿਸ਼ਾ ਲਹਿੰਦੀ ਮੁਖ ਭਵਾਈਆ । ਲਹਿੰਦੀ ਦਿਸ਼ਾ ਨੇਤਰ ਖੋਲ੍ਹ, ਹਰਿ ਆਪਣਾ ਕਰਮ ਕਮਾਇਆ । ਮੁਹੰਮਦ ਤੇਰਾ ਕੀਤਾ ਕੌਲ, ਪੂਰਾ ਰਿਹਾ ਕਰਾਇਆ । ਸਦੀ ਚੌਧਵੀਂ ਵੱਜਾ ਢੋਲ, ਇਕ ਨਗਾਰ ਵਜਾਇਆ । ਨਾ ਕੋਈ ਜਾਣੇ ਪੰਡਤ ਪਾਧਾ ਰੋਲ, ਮੁਲਾਂ ਸ਼ੇਖ਼ ਭੇਵ ਨਾ ਰਾਇਆ । ਪਰਗਟ ਹੋਇਆ ਹਰਿ ਕਲਾ ਸੋਲ, ਜੋਤੀ ਜਾਮਾ ਭੇਖ ਵਟਾਇਆ । ਚਰਨ ਧਰੇ ਉਪਰ ਧੌਲ, ਧਰਤ ਮਾਤ ਖ਼ੁਸ਼ੀ ਮਨਾਇਆ । ਚਰਨ ਧੂੜੀ ਮੁਖ ਲਗਾਏ ਸਾਚੀ ਪੌਹਲ, ਸਾਂਤਕ ਸਤਿ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਕਲੀਆਂ ਸ਼ਬਦ ਸਿੰਘਾਸਣ ਵਲੀਆ ਛਲੀਆ ਪੁਰਖ ਅਬਿਨਾਸ਼ ਵੇਖੇ ਖੇਲ ਜਗਤ ਤਮਾਸ਼, ਚਾਰੋਂ ਕੁੰਟ ਉਠ ਉਠ ਧਾਇਆ । ਦਹਿ ਦਿਸ਼ਾ ਕਾਲੀ ਰੈਣ, ਚਾਰੋਂ ਕੁੰਟ ਰੈਣ ਅੰਧੇਰੀ ਛਾਇਆ । ਦਿਸ਼ਾ ਲਹਿੰਦੀ ਵੇਖੇ ਲਾੜੀ ਮੌਤ ਡੈਣ, ਤਨ ਸ਼ੰਗਾਰ ਕਰਾਇਆ । ਨਾਤਾ ਤੋੜੇ ਭਾਈ ਭੈਣ, ਸਾਕ ਸੱਜਣ ਸੈਣ ਇਕ ਪਿਆਰ ਰਖਾਇਆ । ਲੁਕਿਆ ਕੋਈ ਨਾ ਦੇਵੇ ਰਹਿਣ, ਪੀਰ ਫਕੀਰ ਸ਼ਾਹ ਹਕੀਰ ਦਸਤਗੀਰ ਕੁਤਬ ਗੌਂਸ ਨਾ ਕੋਈ ਸਹਾਇਆ । ਕਿਸੇ ਹੱਥ ਨਾ ਆਏ ਨੀਰ, ਬਸਤਰ ਚੀਰ ਨਾ ਕੋਇ ਹੰਢਾਇਆ । ਚਿੱਟੇ ਉਪਰ ਖਿਚੀ ਜਾਏ ਲਕੀਰ, ਕੋਈ ਨਾ ਮੇਟੇ ਮੇਟ ਮਿਟਾਇਆ । ਉਮਤ ਨਬੀ ਰਸੂਲ ਤੇਰੀ ਕੋਈ ਨਾ ਬੰਨੇ ਧੀਰ, ਤੀਰ ਨਿਰਾਲਾ ਇਕ ਚਲਾਇਆ । ਵੀਹ ਸਦ ਉਨੀ ਹੋਏ ਅਖ਼ੀਰ, ਰੋਜ਼ਾ ਬਾਂਗ ਨਾ ਕੋਈ ਰਖਾਇਆ । ਹੱਕ ਹਕੀਕਤ ਵੇਖੇ ਫੇਰ, ਬਗਲ ਕੁਰਾਨ ਨਾ ਕੋਈ ਉਠਾਇਆ । ਸ਼ਰਅ ਸ਼ਰੀਅਤ ਸਾਚੇ ਲੋਇਣ, ਜਗਤ ਮਸਲਾ ਦਏ ਚੁਕਾਇਆ । ਸਚ ਸਿੰਘਾਸਣ ਕੋਇ ਨਾ ਸੋਇਣ, ਪੁਰਖ ਅਬਿਨਾਸ਼ੀ ਆਪਣਾ ਆਸਣ ਦਏ ਉਠਾਇਆ । ਜੋ ਉਪਜੇ ਸੋ ਹੋਏ ਵਿਨਾਸਨ, ਥਿਰ ਕੋਇ ਰਹਿਣ ਨਾ ਪਾਇਆ । ਨਾ ਕੋਈ ਦੀਸੇ ਮਦਿਰਾ ਮਾਸਨ, ਘਨਕ ਪੁਰ ਵਾਸਨ ਡੰਕ ਵਜਾਇਆ । ਪਰਗਟ ਹੋਏ ਸ਼ਾਹੋ ਸ਼ਬਾਸਨ, ਰਾਜ ਰਾਜਾਨਾ ਦਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਹਰਿ ਕਰਤਾਰ, ਸ੍ਰਿਸ਼ਟ ਸਬਾਈ ਵੇਖ ਵਿਚਾਰ, ਆਪਣੇ ਆਪ ਉਪਾਇਆ । ਆਪਣਾ ਰੰਗ ਹਰਿ ਉਪਾ, ਆਪਣੀ ਰਚਨ ਰਚਾਈਆ । ਆਪਣੀ ਜੋਤੀ ਆਪ ਜਗਾ, ਆਪੇ ਕਰੇ ਰੁਸ਼ਨਾਈਆ । ਆਪਣੀ ਗੋਤੀ ਆਪ ਬਣਾ, ਆਪੇ ਨਾਉਂ ਧਰਾਈਆ । ਕੋਟੀ ਕੋਟ ਰਹੇ ਧਿਆ, ਗੁਰਮੁਖ ਸੰਤ ਸੁਹੇਲੇ ਵਿਰਲੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਉਂ ਧਰਾਈਆ । ਏਕਾ ਨਾਉਂ ਸ਼ਬਦ ਜੈਕਾਰਾ, ਚਾਰ ਕੁੰਟ ਕਰਾਇਆ । ਦੇਸ ਪਰਦੇਸਾ ਪਾਵੇ ਸਾਰਾ, ਨੌਂ ਸਤਿ ਵੇਖ ਵਖਾਇਆ । ਲੋਆਂ ਪੁਰੀਆਂ ਦਏ ਹੁਲਾਰਾ, ਏਕਾ ਰੰਗ ਰੰਗਾਇਆ । ਆਪੇ ਵਸਿਆ ਸਭ ਤੋਂ ਬਾਹਰਾ, ਸਗਲਾ ਸੰਗ ਆਪ ਨਿਭਾਇਆ । ਨਾਮ ਮਰਦੰਗ ਅਪਰ ਅਪਾਰਾ, ਹਰਿ ਹਰਿ ਰਿਹਾ ਵਜਾਇਆ । ਸਚ ਦਵਾਰੇ ਆਪੇ ਲੰਘ ਸਚ ਵਣਜਾਰਾ,


੩੩੯ ੦੧

ਸਾਚਾ ਵਣਜ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਕਰੇ ਰੁਸ਼ਨਾਇਆ । ਨਿਰਗੁਣ ਨੂਰ ਜੋਤ ਅਕਾਲਾ, ਆਦਿ ਅੰਤ ਅਖਵਾਇਆ । ਪਰਗਟ ਹੋਏ ਦੀਨ ਦਿਆਲਾ, ਦਇਆ ਨਿਧ ਸਮਾਇਆ । ਸੰਤ ਸੁਹੇਲਾ ਸਦਾ ਰਖਵਾਲਾ, ਆਦਿ ਜੁਗਾਦੀ ਫੇਰਾ ਪਾਇਆ । ਨੇੜ ਨਾ ਆਏ ਕਾਲ ਮਹਾਂਕਾਲਾ, ਸਚ ਦਵਾਰਾ ਦਏ ਸੁਹਾਇਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲਾ, ਪ੍ਰਭ ਅਬਿਨਾਸ਼ੀ ਡੇਰਾ ਲਾਇਆ । ਤੋੜਨਹਾਰਾ ਜਗਤ ਜੰਜਾਲਾ, ਮਾਇਆ ਮਮਤਾ ਮੋਹ ਚੁਕਾਇਆ । ਚਾਰ ਵਰਨਾਂ ਏਕਾ ਦੱਸੇ ਸ਼ਬਦ ਸੁਖਾਲਾ, ਸੋ ਪੁਰਖ ਨਿਰੰਜਣ ਆਪ ਅਲਾਇਆ । ਹਉਮੇ ਹੰਗਤਾ ਕਰੇ ਕਰਾਏ ਜਗਤ ਮੁਖ ਕਾਲਾ, ਸਾਚੀ ਸੰਗਤਾ ਮੇਲ ਮਿਲਾਇਆ । ਭੁੱਖਾ ਨੰਗਤਾ ਸ਼ਾਹ ਕੰਗਾਲਾ, ਏਕਾ ਰੰਗ ਰੰਗਾਇਆ । ਏਕਾ ਜੋਤੀ ਹਰਿ ਜਵਾਲਾ, ਏਕਾ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਗਤ ਸਿੰਘਾਸਣ ਵਕਤ ਚੁਕਾਇਆ । ਜਗਤ ਸਿੰਘਾਸਣ ਆਪ ਉਠਾਇਆ, ਆਪਣੀ ਕਲ ਵਰਤਾਰਿਆ । ਔਂਦਾਂ ਜਾਂਦਾ ਨਜ਼ਰ ਨਾ ਆਇਆ, ਵੇਖੇ ਸਰਬ ਸੰਸਾਰੀਆ । ਸਾਚਾ ਹਿੱਸਾ ਇਕ ਵੰਡਾਇਆ, ਪਵਣ ਪਵਣੀ ਦਏ ਹੁਲਾਰਿਆ । ਦਹਿ ਦਿਸ਼ਾ ਫੇਰਾ ਏਕਾ ਪਾਇਆ, ਕਰੇ ਆਪਣੀ ਕਾਰੀਆ । ਸੰਤ ਮਨੀ ਸਿੰਘ ਤੇਰਾ ਲੇਖਾ ਪੂਰ ਵਖਾਇਆ, ਬਵੰਜਾ ਚੌਦਾਂ ਜੋੜ ਕਰਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਰ ਆਪ ਉਠਾ ਰਿਹਾ । ਆਪਣਾ ਭਾਰ ਆਪ ਉਠਾਏ, ਦੋ ਜਹਾਨਾਂ ਵਾਲੀ । ਸੰਤ ਸੁਹੇਲੇ ਸੰਗ ਰਖਾਏ, ਚਲੇ ਚਾਲ ਨਿਰਾਲੀ । ਆਪਣਾ ਤਿਲਕ ਆਪਣਾ ਸੀਸ ਧਰਾਏ, ਗੁਰਮੁਖ ਕਰੇ ਰਖਵਾਲੀ । ਆਪਣੀ ਚਾਲੀ ਆਪੇ ਪਾਏ, ਦੋ ਹੱਥਾਂ ਦਿਸੇ ਖਾਲੀ । ਆਪਣਾ ਪਾਲੀ ਆਪ ਹੋ ਜਾਏ, ਨਾ ਕੋਈ ਸੰਗ ਰਖਾਏ ਲੇਫ ਨਿਹਾਲੀ । ਚੌਦਾਂ ਲੋਕ ਚੌਦਾਂ ਹੱਟ ਚੌਦਾਂ ਤਬਕਾਂ ਪਾਰ ਕਰਾਏ, ਇਕ ਮੁਹੰਮਦ ਮੰਗੇ ਵਿਚ ਦਲਾਲੀ । ਤੀਰਥ ਤਟ ਵੇਖ ਵਖਾਏ, ਕਿਸੇ ਪੱਤ ਨਾ ਦਿਸੇ ਨਾ ਡਾਲ੍ਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਚਾਲ ਨਿਰਾਲੀ । ਸ਼ਬਦ ਸਿੰਘਾਸਣ ਹਰਿ ਉਪਾ, ਜਗਤ ਸਿੰਘਾਸਣ ਮਾਤ ਤਜਾਇਆ । ਸ਼ਬਦ ਸਿੰਘਾਸਣ ਜੋਤ ਜਗਾ, ਜਗਤ ਸਿੰਘਾਸਣ ਦਏ ਬੁਝਾਇਆ । ਸ਼ਬਦ ਸਿੰਘਾਸਣ ਰੰਗ ਰੰਗਾ, ਜਗਤ ਸਿੰਘਾਸਣ ਦਏ ਮਿਟਾਇਆ । ਸ਼ਬਦ ਸਿੰਘਾਸਣ ਮਰਦੰਗ ਵਜਾ, ਜਗਤ ਸਿੰਘਾਸਣ ਸੁਨ ਕਰਾਇਆ । ਸ਼ਬਦ ਸਿੰਘਾਸਣ ਅੰਗ ਲਗਾ, ਜਗਤ ਸਿੰਘਾਸਣ ਮੂਲ ਨਾ ਭਾਇਆ । ਆਪਣਾ ਭਾਣਾ ਆਪ ਵਰਤਾ, ਆਪਣੇ ਭਾਣੇ ਵਿਚ ਸਮਾਇਆ । ਪੰਚਮ ਜੇਠੀ ਜਾਮਾ ਪਾ, ਪੰਚਮ ਰੁੱਤ ਸੁਹਾਇਆ । ਪੰਚਮ ਜੇਠ ਜੋਤ ਜਗਾ, ਪੰਚਮ ਲਏ ਉਪਾਇਆ । ਵਰਨ ਗੋਤ ਮੇਟ ਮਿਟਾ, ਏਕਾ ਸਰਨ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਪੂਜਾ ਦਏ ਮਿਟਾਇਆ । ਜਗਤ ਪੂਜਾ ਮਿਟੇ ਭੇਵ, ਹਰਿ ਸਾਚੇ ਆਪ ਮਿਟਾਵਣਾ । ਲੇਖਾ ਜਾਣੇ ਚਾਰੇ ਵੇਦ, ਨਾ ਭੇਵ ਕਿਸੇ ਛੁਪਾਵਣਾ । ਆਪੇ ਜਾਣੇ ਜਗਤ ਕਤੇਬ, ਵੇਦ ਵਿਆਸ ਸੰਗ ਰਖਾਵਣਾ । ਅੰਜੀਲ ਕੁਰਾਨ ਨਾ ਕਰੇ ਫਰੇਬ, ਈਸਾ ਮੂਸਾ ਆਪ ਜਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠਾ ਪੰਚਮ ਮੀਤਾ ਪੰਚਮ ਮੋਹ ਚੁਕਾਵਣਾ । ਪੰਚਮ ਨਾਤਾ ਜਗਤ ਤੋੜ, ਏਕਾ ਘਰ ਸੁਹਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਚਾ ਦਰ ਦਿਖਾਇੰਦਾ । ਧੁਰਦਰਗਾਹੀ ਆਇਆ ਦੌੜ, ਦਾਤਾ ਦਾਨੀ ਆਪ ਅਖਵਾਇੰਦਾ । ਦੋ ਜਹਾਨੀ ਲਾਏ ਏਕਾ ਪੌੜ, ਡੂੰਘੀ

ਭਵਰੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਪੰਦਰਾਂ ਵੇਖ ਵਖਾਇੰਦਾ । ਸੰਮਤ ਪੰਦਰਾਂ ਹਰਿ ਲਲਕਾਰਾ, ਚਾਰ ਕੁੰਟ ਉਠ ਧਾਇਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਵਹਾਇਆ । ਸ਼ਿਵ ਸ਼ੰਕਰ ਵੇਖੇ ਇਕ ਦਵਾਰਾ, ਹੱਥ ਤ੍ਰਿਸ਼ੂਲ ਉਠਾਇਆ । ਕਰੋੜ ਤੇਤੀਸਾ ਕੱਢੇ ਹਾੜਾ, ਵੇਲਾ ਅੰਤਮ ਆਇਆ । ਨੌਂ ਖੰਡ ਪ੍ਰਿਥਮੀ ਮਾਰੇ ਧਾੜਾ, ਨੌਂ ਦਰ ਫੋਲ ਫੋਲਾਇਆ । ਸੱਤਾਂ ਦੀਪਾਂ ਇਕ ਅਖਾੜਾ, ਪ੍ਰਭ ਸਾਚਾ ਰਿਹਾ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਪੰਦਰਾਂ ਤੇਰੀ ਪਾਏ ਵੰਡ, ਵੇਖ ਵਖਾਣੇ ਹਰਿ ਬ੍ਰਹਿਮੰਡ, ਲੱਖ ਚੁਰਾਸੀ ਜੇਰਜ ਖਾਣੀ ਉਤਭੁਜ ਸੇਤਜ ਅੰਡ ਵੰਡ ਵੰਡਾਈਆ । ਪੰਚਮ ਜੇਠਾ ਸ਼ਬਦ ਖੰਡਾ ਦੋ ਧਾਰਾ, ਮਨਮੁਖਾਂ ਕੰਡ ਵਢਾਈਆ । ਮਗਰ ਲੱਗੇ ਅਗੰਮੀ ਧਾੜਾ, ਪ੍ਰਭ ਹੱਥ ਚੰਡ ਪਰਚੰਡ ਉਠਾਈਆ । ਪਰਗਟ ਹੋਇਆ ਸਾਚਾ ਲਾੜਾ, ਭੇਖ ਪਖੰਡ ਦਏ ਮਿਟਾਈਆ । ਇਕ ਅਕੱਲਾ ਏਕੰਕਾਰਾ, ਦੋਹਾਗਣ ਨਾਰ ਰੰਡ ਸਰਬ ਵਖਾਈਆ । ਨਾ ਕੋਈ ਸੋਏ ਪੈਰ ਪਸਾਰਾ, ਜਨ ਭਗਤਾਂ ਏਕਾ ਵੰਡ ਵੰਡਾਈਆ । ਰਸਨਾ ਹਰਿ ਹਰਿ ਨਾਉਂ ਉਚਾਰਾ, ਬੇਮੁਖ ਬੈਠੇ ਕੰਡ ਵਢਾਈਆ । ਅੱਗੇ ਡਿਗੇ ਮੂਹੇ ਦੇ ਭਾਰਾ, ਸਿਰ ਬਾਂਹੀਆ ਹੇਠ ਦਬਾਈਆ । ਦੁੱਖ ਲੱਗਾ ਅੰਤਮ ਭਾਰਾ, ਕਾਮ ਕਰੋਧ ਲੋਭ ਮੋਹ ਹਲਕਾਈਆ । ਪੰਜ ਤਤ ਚਲਿਆ ਮਾਤ ਵਿਕਾਰਾ, ਮਾਤ ਜਗਤ ਪਰਨਾਈਆ । ਨਾ ਕੀਆ ਸਚ ਵਪਾਰਾ, ਜੂਠ ਝੂਠ ਹੋਈ ਕੁੜਮਾਈਆ । ਕਲਜੁਗ ਮਾਇਆ ਕੰਤ ਭਤਾਰਾ, ਰੈਣ ਅੰਧੇਰਾ ਏਕਾ ਛਾਈਆ । ਦੀਪਕ ਹੋਏ ਨਾ ਕੋਇ ਉਜਿਆਰਾ, ਨਾ ਕੋਈ ਸਾਚਾ ਮਾਰਗ ਲਾਈਆ । ਨਾ ਕੋਈ ਦੀਸੇ ਪਾਰ ਕਿਨਾਰਾ, ਭਰਮ ਭਰਮੀ ਰਹੇ ਭੁਲਾਈਆ । ਭਰਮ ਭਰਮੇ ਗੜ੍ਹ ਹੰਕਾਰਾ, ਏਕਾ ਦੂਜਾ ਦੇਵੇ ਨਾ ਕੋਈ ਮਿਟਾਈਆ । ਤੀਜੇ ਨੇਤਰ ਨਾ ਦਰਸ ਦਿਖਾਏ ਹਰਿ ਨਿਰੰਕਾਰਾ, ਚੌਥੇ ਘਰ ਨਾ ਕੋਈ ਸਮਾਈਆ । ਚੌਥਾ ਪਦ ਨਾ ਦਏ ਸਹਾਰਾ, ਪੰਚਮ ਮੇਲਾ ਨਾ ਕੋਈ ਮਲਾਈਆ । ਮਿਲੇ ਮੇਲ ਨਾ ਗੁਰ ਅਵਤਾਰਾ, ਛੇਵਾਂ ਘਰ ਨਾ ਕੋਈ ਸਹਾਈਆ । ਉਪਜੇ ਸ਼ਬਦ ਸੱਚੀ ਧੁਨਕਾਰਾ, ਸੱਤਵੇਂ ਸਤਿ ਪੁਰਖ ਨਿਰੰਜਣ ਨਾ ਮੇਲ ਮਿਲਾਈਆ । ਏਕਾ ਵੇਖੇ ਧੁਰ ਦਰਬਾਰਾ, ਥਿਰ ਘਰ ਥਾਉਂ ਨਾ ਕੋਈ ਬਹਾਈਆ । ਨਿਰਗੁਣ ਨਿਰਗੁਣ ਨਾ ਰੰਗ ਕਰਤਾਰਾ, ਪ੍ਰਭ ਆਪਣੀ ਰਚਨ ਰਚਾਈਆ । ਕਲਜੁਗ ਅੰਤਮ ਲੈ ਅਵਤਾਰਾ, ਸ਼ਬਦ ਡੰਕਾ ਰਿਹਾ ਵਜਾਈਆ । ਖੇਲੇ ਖੇਲ ਅਪਰ ਅਪਾਰਾ, ਘਰ ਸਾਚੇ ਵੱਜਦੀ ਰਹੇ ਵਧਾਈਆ । ਮਿਲਿਆ ਮੇਲ ਮੀਤ ਮੁਰਾਰਾ, ਆਤਮ ਸੇਜਾ ਆਏ ਚਾਈਂ ਚਾਈਆ । ਕੰਤ ਕੰਤੂਹਲਾ ਹਰਿ ਭਤਾਰਾ, ਆਪੇ ਫੜੇ ਉਠ ਉਠ ਬਾਂਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਵੇਸ ਕਰ, ਮਿਲਿਆ ਦਰ ਇਕ ਦਵਾਰਾ । ਏਕਾ ਮਿਲਿਆ ਹਰਿ ਦਰਵਾਜ਼ਾ, ਏਕਾ ਘਰ ਸੁਹਾਇੰਦਾ । ਏਕਾ ਹਰਿ ਗ਼ਰੀਬ ਨਿਵਾਜ਼ਾ, ਏਕਾ ਦਰ ਵਖਾਇੰਦਾ । ਏਕਾ ਰੱਖੇ ਅਸਵ ਤਾਜਾ, ਏਕਾ ਆਪ ਦੌੜਾਇੰਦਾ । ਏਕਾ ਏਕ ਫਿਰੇ ਭਾਜਾ, ਵੇਸ ਅਨੇਕਾ ਆਪ ਕਰਾਇੰਦਾ । ਪਰਗਟ ਹੋਏ ਦੇਸ ਮਾਝਾ, ਪੁਰੀ ਘਨਕ ਧਾਮ ਸੁਹਾਇੰਦਾ । ਭਗਤ ਜਨਾਂ ਪ੍ਰਭ ਮਾਰੇ ਵਾਜਾਂ, ਅੰਦਰ ਮੰਦਰ ਖੋਜ ਖੁਜਾਇੰਦਾ । ਲੋਕਮਾਤ ਰਚਿਆ ਕਾਜਾ, ਕਲਜੁਗ ਅੰਤਮ ਫੇਰੀ ਪਾਇੰਦਾ । ਇਕ ਚਲਾਏ ਸਚ ਜਹਾਜਾ, ਸੋਹੰ ਨਾਉਂ ਧਰਾਇੰਦਾ । ਦੁਰਮਤ ਮੈਲ ਧੋਵੇ ਦਾਗਾ, ਨਿਰਮਲ ਨੀਰ ਪਿਆਇੰਦਾ । ਸ਼ਬਦ ਜਣਾਈ ਬੋਧ ਅਗਾਧਾ, ਧੁਨ ਆਤਮਕ ਆਪ ਸੁਣਾਇੰਦਾ । ਰਸਨਾ ਜਿਹਵਾ ਜਿਸ ਜਨ ਅਰਾਧਾ, ਹਰਿ ਗੁਣ ਵੇਖ ਵਖਾਇੰਦਾ । ਮੇਲ ਮਿਲਾਵੇ ਮੋਹਣ ਮਾਧਵ ਮਾਧਾ, ਵਿਛੜ

ਕਦੇ ਨਾ ਜਾਇੰਦਾ । ਸੰਤ ਸੁਹੇਲਾ ਸਾਧਨ ਸਾਧਾ, ਸਿਦਕ ਸਬੂਰੀ ਇਕ ਰਖਾਇੰਦਾ । ਪੰਚਮ ਵਜਾਏ ਸਾਚਾ ਨਾਦਾ, ਅਨਹਦ ਤਾਲ ਵਜਾਇੰਦਾ । ਅਨਹਦ ਵਜਾਏ ਸਾਚਾ ਵਾਜਾ, ਰਾਗ ਰਾਗਨੀ ਸਚ ਕਮਾਇੰਦਾ । ਵੇਖ ਵਖਾਏ ਦੋ ਦੋ ਆਬਾ, ਆਬ ਹਯਾਤ ਆਪ ਪਿਆਇੰਦਾ । ਭਾਗ ਲਗਾਏ ਮੱਕਾ ਕਾਇਆ ਸਾਚਾ ਕਾਅਬਾ, ਸਾਚਾ ਹੱਜ ਕਰਾਇੰਦਾ । ਸੁਰਤ ਸਵਾਣੀ ਦੇਵੇ ਦਾਜਾ, ਸਾਚਾ ਸਗਨ ਮਨਾਇੰਦਾ । ਸ਼ਬਦ ਮਿਲਾਵਾ ਧੁਰਦਰਗਾਹੀ ਸਾਚਾ ਦਾਅਵਾ, ਸ਼ਾਹੋ ਭੂਪ ਵਡ ਰਾਜਨ ਰਾਜਾ, ਆਪ ਆਪਣਾ ਸੰਗ ਰਖਾਇੰਦਾ । ਆਪਣਾ ਸੰਗ ਹਰਿ ਰਖੰਦੜਾ, ਨਾ ਕੋਈ ਤੋੜ ਤੁੜਾਏ । ਬਜਰ ਕਪਾਟੀ ਤੋੜੇ ਜੰਦੜਾ, ਜੋ ਬੈਠਾ ਆਪ ਲਗਾਏ । ਦੂਈ ਦਵੈਤੀ ਢਾਹੇ ਕੰਧੜਾ, ਭਾਂਡਾ ਭਰਮ ਭੰਨਾਏ । ਆਪੇ ਹੋਏ ਸਦਾ ਬਖ਼ਸ਼ਿੰਦੜਾ, ਬਖ਼ਸ਼ਣਹਾਰ ਹਰਿ ਹਰਿ ਰਾਏ । ਮਨਮੁਖ ਜੀਵ ਮਾਇਆ ਅੰਧੜਾ, ਭੇਵ ਨਾ ਜਾਣੇ ਰਾਏ । ਮਦਿਰਾ ਮਾਸੀ ਗੰਦੜਾ, ਨੌਂ ਦਰ ਫਿਰੇ ਹਲਕਾਏ । ਗੁਰਮੁਖ ਵਿਰਲਾ ਆਤਮ ਧੁਨ ਸੁਣੇ ਸੁਣਾਏ ਸੁਹਾਗੀ ਰਾਗ ਛੰਦੜਾ, ਸਤਿਗੁਰ ਪੂਰਾ ਆਪੇ ਗਾਏ । ਜੋਤੀ ਜੋਤ ਪਰਕਾਸ਼ ਆਪ ਰਖੰਦੜਾ, ਅਗਿਆਨ ਅੰਧੇਰ ਮਿਟਾਏ । ਇਕ ਵਖਾਏ ਦਇਆ ਕਮਾਏ ਪਰਮਾਨੰਦੜਾ, ਪਰਮਾਨੰਦ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਜੇਠਾ ਹਰਿ ਭਗਵਾਨਾ, ਜੋਤ ਸਰੂਪੀ ਪਹਿਰੇ ਬਾਨਾ, ਜੀਵਾਂ ਜੰਤਾਂ ਦੇਵੇ ਮਾਣਾ, ਸਾਧਾਂ ਸੰਤਾਂ ਦੇਵੇ ਦਾਨਾ, ਏਕਾ ਰੰਗ ਰੰਗਾਏ । ਏਕਾ ਰੰਗਣ ਰੰਗ ਰੰਗਾਏ, ਰੰਗਣਹਾਰ ਕਰਤਾਰਾ । ਦੂਸਰ ਦਰ ਨਾ ਮੰਗਣ ਜਾਏ, ਭਰਿਆ ਰਹੇ ਭੰਡਾਰਾ । ਜੁਗਾਂ ਜੁਗੰਤਰ ਫੇਰੀ ਪਾਏ, ਆਦਿਨ ਅੰਤਾ ਏਕੰਕਾਰਾ । ਸਾਧਾਂ ਸੰਤਾਂ ਲਏ ਜਗਾਏ, ਦੇਵੇ ਨਾਮ ਅਧਾਰਾ । ਮਨਮੁਖ ਦਰ ਤੋਂ ਦਏ ਦੁਰਕਾਏ, ਭੇਵ ਨਾ ਪਾਇਣ ਗੁਰ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਸਿੰਘਾਸਣ ਪੁਰਖ ਅਬਿਨਾਸ਼ਨ ਖੇਲ ਕਰਾਏ ਦਇਆ ਕਮਾਏ ਪਾਰ ਕਿਨਾਰਾ । ਪਾਰ ਕਿਨਾਰਾ ਆਪ ਕਰਾਏ, ਏਕਾ ਏਕ ਵਖਾਇਆ । ਇਕ ਕਿਨਾਰਾ ਏਕਾ ਤਟ, ਏਕਾ ਦਰ ਸੁਹਾਇਆ । ਏਕਾ ਵਸਿਆ ਘਟ ਘਟ, ਏਕਾ ਰੂਪ ਸਮਾਇਆ । ਏਕਾ ਖੇਲ ਬਾਜ਼ੀਗਰ ਨਟ, ਨਟ ਨਟੂਆਂ ਸਾਂਗ ਵਰਤਾਇਆ । ਏਕਾ ਵੇਖੇ ਸਾਚਾ ਹੱਟ, ਚੌਦਾਂ ਲੋਕਾਂ ਫੋਲ ਫੋਲਾਇਆ । ਸ਼ਬਦ ਵਰੋਲੇ ਸਾਚਾ ਪਟ, ਤੰਦਨ ਨਾਮ ਬੰਧਾਇਆ । ਹਰਿਜਨ ਜਨ ਹਰਿ ਸਾਚੇ ਵੇਖ ਵਖਾਏ ਕਾਇਆ ਮਟ, ਸਾਚਾ ਮੰਦਰ ਸੁਹਾਇਆ । ਪੰਜ ਤਤ ਤਨ ਜਨ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਇਆ । ਕਲਜੁਗ ਤਪਾਇਆ ਏਕਾ ਮੱਠ, ਜੁਗ ਚੌਥਾ ਖੇਲ ਵਖਾਇਆ । ਸੰਮਤ ਸੋਲਾਂ ਕਰੇ ਅਕੱਠ, ਹਰਿ ਸਾਚਾ ਸ਼ਬਦ ਜਣਾਇਆ । ਕਿਸੇ ਨਾ ਮੁਕਣਾ ਪੈਂਡਾ ਨੱਠ ਨੱਠ, ਚਾਰੋਂ ਕੁੰਟ ਵਾਹੋ ਦਾਹਿਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਕੋਈ ਨਾ ਰੱਖੇ ਹਠ, ਨਾ ਕੋਈ ਧੀਰ ਧਰਾਇਆ । ਪੰਚਮ ਜੇਠ ਕਰੇ ਚੱਠ, ਤੀਰ ਨਿਸ਼ਾਨਾ ਏਕ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲ ਆਪੇ ਸਮਰਥ, ਸਮਰਥ ਪੁਰਖ ਅਖਵਾਇਆ । ਸਰਬ ਕਲਾ ਆਪੇ ਸਮਰਾਥਾ, ਹਰਿ ਵਡ ਵੱਡੀ ਵਡਿਆਈਆ । ਪਰਗਟ ਹੋ ਤ੍ਰਿਲੋਕੀ ਨਾਥਾ, ਆਪਣੀ ਰਚਨ ਰਚਾਈਆ । ਏਕਾ ਸ਼ਬਦ ਏਕਾ ਗਾਥਾ, ਏਕਾ ਕਰੇ ਪੜ੍ਹਾਈਆ । ਏਕਾ ਜੋਤੀ ਏਕਾ ਨੂਰ ਹਾਜ਼ਰ ਹਜ਼ੂਰ ਕੌਸਤਕ ਮਨੀਆ ਮਸਤਕ ਟਿੱਕਾ ਲਾਏ ਮਾਥਾ, ਏਕਾ ਜੋਤ ਕਰੇ ਰੁਸ਼ਨਾਈਆ । ਪਰਗਟ ਹੋਏ ਜਿਉਂ ਰਾਮਾ ਘਰ ਦਸਰੱਥਾ, ਲੰਕਾ ਗੜ੍ਹ ਤੁੜਾਈਆ । ਆਪੇ ਵੇਖਣ ਜਾਏ ਤਮਾਸ਼ਾ, ਪੰਦਰਾਂ ਕੱਤਕ ਰੁੱਤ ਸੁਹਾਈਆ । ਸ਼ਾਹ ਭਬੀਖਨ ਹੋਏ ਉਦਾਸਾ, ਰਾਜਇੰਦਰ

੩੪੨
੦੨

ਪਰਸ਼ਾਦਿ ਆਪ ਉਠਾਈਆ । ਨੌਂ ਖੰਡ ਪ੍ਰਿਥਮੀ ਖਾਲੀ ਕਾਸਾ, ਘਰ ਘਰ ਬੈਠੇ ਕਰਨ ਸਲਾਹੀਆ । ਲੱਖ ਚੁਰਾਸੀ ਹਾਰੀ ਬੈਠੀ ਪਾਸਾ, ਧਰਮ ਧੀਰ ਨਾ ਕੋਈ ਧਰਾਈਆ । ਮੁਖ ਲਗਾਇਆ ਮਦਿਰਾ ਮਾਸਾ, ਈਸਾ ਮੂਸਾ ਪਹਿਲੇ ਮਿਟਾਈਆ । ਚੀਨਾ ਰੂਸਾ ਵੇਖ ਖੁਲਾਸਾ, ਪ੍ਰਭ ਸਾਚਾ ਆਪ ਖੁਲ੍ਹਾਈਆ । ਲਾੜੀ ਮੌਤ ਕਰੇ ਹਾਸਾ, ਉਠ ਉਠ ਵੇਖੇ ਚਾਈਂ ਚਾਈਂਆ । ਕਿਹੜੀ ਕੂਟੇ ਪਹਿਲੇ ਜਾਸਾ, ਰਾਏ ਧਰਮ ਲੜ ਫੜਾਈਆ । ਰਾਏ ਧਰਮ ਦਏ ਭਰਵਾਸਾ, ਫੜਾਏ ਆਪਣੀ ਬਾਹੀਂਆ । ਜਗਤ ਅਧਾਰ ਕੀਆਂ ਵੇਲੇ ਅੰਤ ਨਾ ਛੁਟੇ ਤੋਲਾ ਮਾਸਾ, ਅਠਾਈ ਕੁੰਡਾਂ ਦਏ ਭਰਾਈਆ । ਪਰਗਟ ਹੋਇਆ ਹਰਿ ਸ਼ਾਹੋ ਸ਼ਾਬਾਸ਼ਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬਵੰਜਾ ਸਾਲ ਰੱਖਿਆ ਘਨਕ ਪੁਰ ਵਾਸਾ, ਜਗਤ ਸਿੰਘਾਸਣ ਸੇਜ ਵਿਛਾਈਆ । ਵੀਹ ਸੌ ਬਿਕ੍ਰਮੀ ਅੰਤ ਵਿਨਾਸਾ, ਪੰਜ ਤਤ ਤਨ ਦੇਹ ਤਜਾਈਆ । ਨਿਰਮਲ ਜੋਤ ਕਰ ਪਰਕਾਸ਼ਾ, ਗੁਰਮੁਖ ਸਾਚੇ ਵਿਚ ਗਿਆ ਸਮਾਈਆ । ਆਪੇ ਹੋਇਆ ਦਾਸੀ ਦਾਸਾ, ਸੇਵਕ ਸੇਵਾ ਰਿਹਾ ਕਮਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼ਾ, ਗਗਨ ਪਤਾਲਾ ਫੇਰਾ ਪਾਈਆ । ਸਾਚੇ ਮੰਡਲ ਪਾਵੇ ਸਾਚੀ ਰਾਸਾ, ਗੋਪੀਆਂ ਕਾਹਨ ਆਪ ਨਚਾਈਆ । ਆਪਣੀ ਕੁਦਰਤ ਆਪੇ ਬਲ ਬਲ ਜਾਸਾ, ਆਪੇ ਵੇਖ ਵਖਾਈਆ । ਆਪਣੀ ਸੁਰਤੀ ਦਏ ਆਪ ਦਲਾਸਾ, ਲੱਖ ਚੁਰਾਸੀ ਵਿਚ ਟਿਕਾਈਆ । ਕਲਜੁਗ ਬਖ਼ਸ਼ੇ ਚਰਨ ਕਵਲ ਇਕ ਭਰਵਾਸਾ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਉਂ ਧਰਾਈਆ । ਨਾਉਂ ਧਰਾਏ ਹਰਿ ਨਿਰੰਕਾਰ, ਨਿਹਚਲ ਧਾਮ ਸੁਹਾਇਆ । ਨਿਹਚਲ ਧਾਮ ਅਪਰ ਅਪਾਰ, ਦੀਪਕ ਜੋਤੀ ਇਕ ਜਗਾਇਆ । ਅੱਠੇ ਪਹਿਰ ਹੋਏ ਉਜਿਆਰ, ਦਿਵਸ ਰੈਣ ਨਾ ਕੋਇ ਬਣਾਇਆ । ਨਾ ਕੋਈ ਮੰਦਰ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਸੁਹਾਇਆ । ਇਕ ਅਕੱਲਾ ਇਕ ਏਕੰਕਾਰ, ਬੈਠਾ ਡੇਰਾ ਲਾਇਆ । ਜੁਗ ਜੁਗ ਲੋਕਮਾਤ ਲੈ ਅਵਤਾਰ, ਸਨਕ ਸਨੰਦਨ ਨਾਮ ਧਰਾਇਆ । ਸਨਾਤਨ ਸੰਤ ਕੁਮਾਰ, ਏਕਾ ਰੂਪ ਵਟਾਇਆ । ਬਰਾਹ ਤੇਰਾ ਰੂਪ ਅਪਾਰ, ਆਪਣਾ ਵੇਸ ਕਰਾਇਆ । ਯਗਯ ਪੁਰਸ਼ ਤੇਰੀ ਸਤਿ ਸਤਿ ਧਾਰ, ਸਤਿ ਸਤਿ ਵਰਤਾਇਆ । ਹਾਵ ਗਰੀਵ ਕਰ ਦਾਤਾਰ, ਬ੍ਰਹਮੇ ਮਾਣ ਦਵਾਇਆ । ਨਰ ਨਰਾਇਣ ਕਰ ਵਿਚਾਰ, ਬਦਰੀ ਨਰਾਇਣ ਵੇਖ ਵਖਾਇਆ । ਕਪਲ ਮੁਨ ਦਤਾਤ੍ਰੇ ਬੰਨੇ ਧਾਰ, ਯਦੂ ਬੰਸੀ ਇਕ ਧਰਾਇਆ । ਰਿਖਭ ਦੇਵ ਪਾਵੇ ਸਾਰ, ਜੈਨੀ ਰੂਪ ਵਟਾਇਆ । ਪ੍ਰਿਥੁ ਤੇਰੀ ਇਕ ਵਿਚਾਰ, ਧਰਤ ਮਾਤ ਰਿਜ਼ਕ ਵਖਾਇਆ । ਕਛ ਵੇਖੇ ਇਕ ਸੰਸਾਰ, ਮੁਖ ਮਛ ਵਟਾਇਆ । ਧਨੰਤਰ ਵੈਦ ਵਡ ਧੁਨਕਾਰ, ਸ੍ਰਿਸ਼ਟ ਸਬਾਈ ਰਿਹਾ ਸੁਣਾਇਆ । ਮੋਹਣੀ ਰੂਪ ਕਰ ਅਪਰ ਅਪਾਰ, ਮਹਾਂਦੇਵ ਭੁਲਾਇਆ । ਕਰੋੜ ਤੇਤੀਸਾ ਵੇਖ ਵਿਚਾਰ, ਸੁਰ ਅਸੁਰ ਲੇਖੇ ਲਾਇਆ । ਬਾਵਨ ਭੇਖਾ ਇਕ ਅਪਾਰ, ਬਲ ਦਵਾਰੇ ਮੰਗਣ ਆਇਆ । ਹੰਸਾ ਰੂਪ ਵੇਖ ਵਿਚਾਰ, ਸ਼ਬਦੀ ਸ਼ਬਦ ਉਪਾਇਆ । ਨਰ ਸਿੰਘ ਨਾ ਤਤ ਕੋਈ ਪਿਆਰ, ਬਾਲਕ ਲੇਖੇ ਲਾਇਆ । ਹਰੀ ਹਰਿ ਹਰਿ ਅਪਰ ਅਪਾਰ, ਗਜ ਤੰਦਨ ਤੋੜ ਤੁੜਾਇਆ । ਨਾਰਦ ਮੁਨ ਤੇਰੀ ਸੁਣ ਪੁਕਾਰ, ਨਰ ਨਰਾਇਣ ਉਠ ਉਠ ਧਾਇਆ । ਬਾਲਕ ਧਰੂ ਦਏ ਪਿਆਰ, ਸਾਚੇ ਧਾਮ ਬਹਾਇਆ । ਸਤਿਜੁਗ ਤੇਰਾ ਪਾਰ ਕਿਨਾਰ, ਤ੍ਰੇਤਾ ਵੇਸ ਵਟਾਇਆ । ਪਰਸਰਾਮ ਰੂਪ ਅਪਾਰ, ਆਪਣੀ ਬਣਤ ਬਣਾਇਆ । ਕੌਰੂ ਕੁਸ਼ੇਤਰ ਧਾਮ ਨਿਆਰ, ਪਿਤਾ ਸੀਸ ਕਟਾਇਆ । ਜਗਤ ਜਗਦੀਸ ਪਾਵੇ ਸਾਰ, ਆਤਮ ਤਤ ਜਣਾਇਆ । ਆਤਮ ਤਤ

ਕਰ ਵਿਚਾਰ, ਕੁਸ਼ਤਰੀ ਵੇਖ ਵਖਾਇਆ । ਰਾਮ ਰਾਮਾ ਲੈ ਅਵਤਾਰ, ਘਰ ਸਾਚੇ ਭਾਗ ਲਗਾਇਆ । ਲੰਕਾ ਗੜ੍ਹ ਦਏ ਹੁਲਾਰ, ਰਾਵਣ ਰਾਵਣ ਵਿਚ ਸਮਾਇਆ । ਏਕਾ ਦੂਜਾ ਕਰ ਕਿਨਾਰ, ਸ਼ਾਹ ਭਬੀਖਨ ਲਏ ਤਰਾਇਆ । ਸ਼ਾਹ ਭਬੀਖਨ ਰੋਵੇ ਜ਼ਾਰੋ ਜ਼ਾਰ, ਅੰਤਮ ਨੀਰ ਵਹਾਇਆ । ਰਾਜ ਤਾਜ ਨਾ ਮੋਹੇ ਪਿਆਰ, ਤੋਹੇ ਚਰਨਨ ਪ੍ਰੀਤ ਇਕ ਰਖਾਇਆ । ਰਘੁਪਤ ਬੋਲੇ ਮੁਖੋਂ ਉਚਾਰ, ਵੇਲਾ ਵਕਤ ਅਜੇ ਨਾ ਆਇਆ । ਕਲਜੁਗ ਵਰਤੇ ਵਿਚ ਸੰਸਾਰ, ਤੇਰਾ ਲੇਖਾ ਦਏ ਚੁਕਾਇਆ । ਮਾਤਲੋਕ ਔਣਾ ਜਨਮ ਧਾਰ, ਭਾਰਤ ਖੰਡ ਭਾਗ ਲਗਾਇਆ । ਪਾਵੇ ਵੰਡ ਗੁਰ ਕਰਤਾਰ, ਨਾ ਕੋਈ ਮੇਟੇ ਮੇਟ ਮਿਟਾਇਆ । ਨਿਰਗੁਣ ਕਰੇ ਇਕ ਪਿਆਰ, ਤੇਰਾ ਮੇਰਾ ਰੂਪ ਵਟਾਇਆ । ਮਰੇ ਨਾ ਜਨਮੇ ਵਿਚ ਸੰਸਾਰ, ਆਵਣ ਜਾਵਣ ਖੇਲ ਰਚਾਇਆ । ਜਗਤ ਭਬੀਖਨ ਕਰ ਵਿਚਾਰ, ਏਕਾ ਤਿਲਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਰੂਪ ਵਟਾਇਆ । ਤ੍ਰੇਤਾ ਬੇੜਾ ਹੋਇਆ ਦੂਰ, ਹਰਿ ਸਾਚੇ ਕਲ ਵਰਤਾਈਆ । ਦੁਆਪਰ ਆਏ ਹਾਜ਼ਰ ਹਜ਼ੂਰ, ਆਪਣਾ ਭੇਖ ਵਟਾਈਆ । ਵੇਦ ਵਿਆਸਾ ਨਾ ਕਾਇਆ ਤਨ ਤਪਿਆ ਤੰਦੂਰ, ਨਾ ਰੋਗ ਸੋਗ ਜਣਾਈਆ । ਏਕਾ ਨਾਦ ਏਕਾ ਤੂਰ, ਏਕਾ ਸ਼ਬਦ ਜਣਾਈਆ । ਨਾਰਦ ਮੁਨ ਕਰੇ ਭਰਪੂਰ, ਚਾਰ ਸਲੋਕ ਜਣਾਈਆ । ਬਾਰਾ ਅੱਖਰ ਹਾਜ਼ਰ ਹਜ਼ੂਰ, ਨਿਸ਼ਅੱਖਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਆਪਣੇ ਅੰਦਰ ਆਪੇ ਆਪ ਟਿਕਾਈਆ । ਆਪ ਆਪਣਾ ਭੇਵ ਖੁਲ੍ਹਾ, ਆਪਣਾ ਰਾਗ ਸੁਣਾਇਆ । ਨਾਰਦ ਮੁਨ ਸੰਗ ਰਲਾ, ਸਾਚਾ ਮਾਰਗ ਲਾਇਆ । ਚਾਰੇ ਵੇਦਾਂ ਹਿੱਸੇ ਦਏ ਵੰਡਾ, ਲੇਖਾ ਲੇਖ ਆਪ ਕਰਾਇਆ । ਪੁਰਾਨ ਅਠਾਰਾਂ ਦਏ ਲਿਖਾ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਿਣਾਇਆ । ਆਪਣੀ ਕਰਨੀ ਆਪ ਕਮਾ, ਆਪਣਾ ਭੇਖ ਵਟਾਇਆ । ਸਾਵਲ ਸੁੰਦਰ ਰੂਪ ਵਟਾ, ਮੋਰ ਮੁਕਟ ਕਵਲ ਨੈਣ ਆਪ ਹੋ ਆਇਆ । ਅਰਜਨ ਮੀਤਾ ਸਾਚਾ ਸੱਜਣ ਆਪ ਅਖਵਾ, ਏਕਾ ਗੀਤਾ ਗਿਆਨ ਦ੍ਰਿੜਾਇਆ । ਦੁਸ਼ਟ ਹੰਕਾਰੀ ਰਹਿਣ ਨਾ ਪਾਇਣ, ਬਣ ਕਾਹਨਾ ਕੰਸਾ ਮੇਟ ਮਿਟਾਇਆ । ਸਹੰਸ ਸਹੰਸਾ ਸਰਬੰਸ ਸਰਬੰਸਾ ਖਾਏ ਲਾੜੀ ਮੌਤ ਡਾਇਨ, ਆਪ ਆਪਣਾ ਹੁਕਮ ਚਲਾਇਆ । ਸੰਤ ਭਗਤ ਜਟਾ ਜੂਟ ਏਕਾ ਧਾਮ ਅਕੱਠੇ ਰਹਿਣ, ਵਿਛੜ ਕਦੇ ਨਾ ਜਾਇਆ । ਬਿਪਰ ਸੁਦਾਮੇ ਚੁਕਾਏ ਲਹਿਣ ਦੇਣ, ਦਰੋਪਦ ਲੱਜਿਆ ਪੜਦਾ ਪਾਇਆ । ਹਰਿ ਹਰਿ ਭੇਵ ਕੋਇ ਨਾ ਸਕੇ ਰਸਨਾ ਕਹਿਣ, ਨਾ ਕੋਈ ਲੇਖਾ ਲੇਖ ਲਿਖਾਇਆ । ਕਲਜੁਗ ਵੇਖੇ ਕਾਲੀ ਰੈਣ, ਆਪਣਾ ਰੰਗ ਰੰਗਾਇਆ । ਗਿਆਨ ਬੋਧਾ ਬੋਧ ਵਖਾਏ ਏਕਾ ਨੈਣ, ਏਕਾ ਧਾਰ ਵਹਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਭਾਣਾ ਆਪੇ ਵੇਖੇ ਆਪਣੇ ਨੈਣ, ਨਾ ਕੋਈ ਦੂਸਰ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਆਪਣੀ ਧਾਰ ਵਹਾਈਆ । ਈਸਾ ਮੂਸਾ ਕਰ ਪਿਆਰਾ, ਆਪਣੀ ਕਲ ਵਰਤਾਈਆ । ਇਕ ਅਥਰਬਣ ਕਰ ਪਿਆਰਾ, ਐੜਾ ਅਥਰਬਣ ਇਕ ਵਡਿਆਈਆ । ਅਲ੍ਹਾ ਰਾਣੀ ਨੂਰ ਉਜਿਆਰਾ, ਨੂਰ ਅਲਾਹੀ ਰਿਹਾ ਕਰਾਈਆ । ਸੰਗ ਮੁਹੰਮਦ ਚਾਰ ਯਾਰਾ, ਚਾਰ ਯਾਰੀ ਇਕ ਦਿਖਾਈਆ । ਅਲ੍ਹਾ ਰਾਣੀ ਕਰ ਪਿਆਰਾ, ਆਪੇ ਰਿਹਾ ਪਰਨਾਈਆ । ਏਕਾ ਦੇਵੇ ਜਗਤ ਪਿਆਰਾ, ਜੂਠ ਝੂਠ ਕਰੇ ਕੁੜਮਾਈਆ । ਵੇਲੇ ਅੰਤਮ ਦਏ ਹੁਲਾਰਾ, ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਲੇਖਾ ਲਿਖਣਹਾਰਾ ਆਪੇ ਮੇਟੇ ਛਾਹੀਆ । ਆਪੇ ਲੇਖ ਲਿਖਾਵਣ

ਆਇਆ, ਆਪੇ ਲਿਖਣਹਾਰਾ । ਆਪੇ ਭੇਖ ਵਟਾਵਣ ਆਇਆ, ਖੇਲੇ ਖੇਲ ਨਿਆਰਾ । ਆਪੇ ਦਰ ਦਰਵੇਸ਼ੀ ਨਾਮ ਧਰਾਵਣ ਆਇਆ, ਮੰਗੇ ਭਗਤ ਦਵਾਰਾ । ਆਪੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਰਾਹ ਤਕਾਵਣ ਆਇਆ, ਆਪੇ ਭਰੇ ਭੰਡਾਰਾ । ਆਪੇ ਖੂੰਡੀ ਮੋਡੇ ਭੂਰੀ ਉਠਾਵਨ ਆਇਆ, ਨਾਨਕ ਨਾਉਂ ਧਰਾਇਆ । ਆਪੇ ਦਰ ਦਵਾਰਾ ਮੰਗਣ ਆਇਆ, ਢਹਿ ਢਹਿ ਪਏ ਚਰਨ ਦਵਾਰਾ । ਨਾਮ ਸਤਿ ਕਰ ਉਜਿਆਰਾ, ਲੋਕਮਾਤ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਮਿਲਿਆ ਧੁਰ ਧੁਰ ਸੰਜੋਗ ਮਿਲਾਇਆ । ਮਿਲਿਆ ਧੁਰ ਸੰਜੋਗ, ਹਰਿ ਭਗਵਾਨਿਆ । ਜੀਵਾਂ ਜੰਤਾਂ ਕਟੇ ਰੋਗ, ਦੇਵੇ ਨਾਮ ਨਿਸ਼ਾਨਿਆ । ਧੁਰਦਰਗਾਹੀ ਦੇਵੇ ਸਾਚਾ ਜੋਗ, ਹਰਿ ਦਾਤਾ ਵਡ ਮਿਹਰਬਾਨਿਆ । ਦਰਸ ਦਿਖਾਏ ਇਕ ਅਮੋਘ, ਆਪ ਆਪਣਾ ਰੂਪ ਵਟਾਨਿਆ । ਇਕ ਸੁਣਾਏ ਸਾਚਾ ਜੋਗ, ਸੋਹੰ ਸੋ ਸਾਚੀ ਬਾਣੀਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਹੋਏ ਵਿਜੋਗ, ਚਾਰੋਂ ਕੁੰਟ ਰੋਏ ਜੇਰਜ ਖਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਜਣਾਈ ਆਪ ਜਣਾਏ, ਧੁਰਦਰਗਾਹੀ ਬੈਠਾ ਬੇਪਰਵਾਹੀ ਧੁਨ ਅਨਾਦੀ ਸੁਨ ਸਮਾਧੀ ਅਨਹਦ ਸਾਚੀ ਬਾਣੀਆ । ਅਨਹਦ ਬਾਣੀ ਆਪ ਵਖਾਣੀ, ਰਸਨਾ ਹਰਿ ਹਰਿ ਗਾਈਆ । ਪਰਾ ਪਸੰਤੀ ਪੁਣੀ ਛਾਣੀ, ਪਾਰਬ੍ਰਹਮ ਵੱਡੀ ਵਡਿਆਈਆ । ਮਧਮ ਬੈਖਰੀ ਹੋਏ ਨਿਤਾਣੀ, ਜੀਵਾਂ ਜੰਤਾਂ ਰਹੀ ਸਮਝਾਈਆ । ਆਤਮ ਅੰਤਰ ਏਕਾ ਪਾਣੀ, ਅੰਮ੍ਰਿਤ ਆਤਮ ਰਹੀ ਪਿਆਈਆ । ਪੌਣਾ ਪਦ ਇਕ ਨਿਰਬਾਨੀ, ਪਰਮ ਪੁਰਖ ਮਿਲਾਈਆ । ਗੁਰ ਸ਼ਬਦ ਮਿਲੇ ਸਾਚਾ ਹਾਣੀ, ਸਾਚੀ ਸੇਜ ਸੁਹਾਈਆ । ਆਵਣ ਜਾਵਣ ਚੁੱਕੇ ਕਾਣੀ, ਰਾਏ ਧਰਮ ਨਾ ਦਏ ਸਜਾਈਆ । ਚਰਨ ਕਵਲ ਇਕ ਧਿਆਨੀ, ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਏਕਾ ਵਰ, ਨਿਰਮਲ ਜੋਤੀ ਆਤਮ ਘਰ, ਦਿਵਸ ਰੈਣ ਅੱਠੇ ਪਹਿਰ ਰਹੇ ਰੁਸ਼ਨਾਈਆ । ਨਾਨਕ ਨਾਮ ਸਤਿ ਵਰਤਾਇਆ । ਚਾਰ ਕੁੰਟ ਉਠ ਧਾਇਆ । ਦਹਿ ਦਿਸ਼ਾ ਜੀਵ ਜੰਤਾਂ ਸਮਝਾਇਆ । ਏਕਾ ਮਾਰਗ ਲਾਇਆ । ਸਾਧ ਸੰਤ ਏਕਾ ਹੁਕਮ ਜਣਾਇਆ । ਏਕਾ ਅੱਖਰ ਵੇਖ ਵਖਾਇਆ । ਪੂਰਨ ਭਗਵੰਤ ਜੋਤ ਕਰੇ ਰੁਸ਼ਨਾਇਆ । ਕਲਜੁਗ ਵੇਲਾ ਦਏ ਸੁਹਾਇਆ । ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਦੂਜਾ ਭੌ ਚੁਕਾਇਆ । ਤੀਜਾ ਲੋਇਣ ਖੋਲ੍ਹ ਵਖਾਇਆ । ਚੌਥਾ ਘਰ ਇਕ ਸੁਹਾਇਆ । ਪੰਚਮ ਮੇਲਾ ਸਹਿਜ ਸੁਭਾਇਆ । ਛੇਵਾਂ ਛੱਪਰ ਛੰਨ ਤਜਾਇਆ । ਸੱਤਵੇਂ ਜੋਤ ਪਰਕਾਸ਼ ਸਮਾਇਆ । ਅੱਠਵੇਂ ਅੱਠਾਂ ਤੱਤਾਂ ਵਿਚ ਨਾ ਆਇਆ । ਨੌਵੇਂ ਨੌਂ ਦਰ ਫੇਰਾ ਨਾ ਪਾਇਆ । ਦਸਵੇਂ ਬੈਠਾ ਆਸਣ ਲਾਇਆ । ਗੁਰਮੁਖ ਵਿਰਲੇ ਦਰਸ਼ਨ ਪਾਇਆ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਵੇਂ ਗੁਰ ਲੇਖਾ ਧੁਰ ਸ਼ਬਦੀ ਸੁਤ ਉਪਾਇਆ । ਸ਼ਬਦੀ ਸੁਤ ਗੁਰ ਗੋਬਿੰਦ, ਗੋਬਿੰਦ ਰੂਪ ਸਮਾਇਆ । ਆਪੇ ਮੇਟਣਹਾਰਾ ਸਗਲੀ ਚਿੰਦ, ਚਿੰਤਾ ਰੋਗ ਵਿਚ ਨਾ ਆਇਆ । ਆਪੇ ਬਖ਼ਸ਼ੇ ਗੁਣੀ ਗਹਿੰਦ, ਦਾਤਾ ਦਾਨੀ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਜਾਣੇ, ਭਰਮ ਭੁਲੇਖਾ ਵੇਖ ਵਖਾਣੇ, ਧਾਰੀ ਕੇਸਾ ਮੂੰਡ ਮੁੰਡਾਇਆ ਭੇਵ ਨਾ ਰਾਇਆ । ਗੁਰ ਗੋਬਿੰਦ ਬਣ ਲਿਖਾਰਾ, ਆਪਣਾ ਲੇਖ ਲਿਖਾਇੰਦਾ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਰ ਨਰਾਇਣ ਜੋਤ


੩੪੫
੦੨

ਜਗਾਇੰਦਾ । ਚਾਰ ਵਰਨਾਂ ਕਰੇ ਇਕ ਪਿਆਰਾ, ਵਰਨ ਗੋਤ ਮੇਟ ਮਿਟਾਇੰਦਾ । ਹਿੰਦੂ ਮੁਸਲਮ ਸਿੱਖ ਈਸਾਈ ਸੋਹਿਣ ਇਕ ਦਵਾਰਾ, ਬੀਸ ਬੀਸਾ ਰਾਹ ਤਕਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਊਚਾਂ ਨੀਚਾਂ ਭਰੇ ਨਾਮ ਭੰਡਾਰਾ, ਆਪਣੀ ਵਸਤ ਆਪ ਵਰਤਾਇੰਦਾ । ਸੰਮਤ ਸੋਲਾਂ ਕਰ ਖੁਆਰਾ, ਮਨਮੁਖ ਜੀਆਂ ਆਪ ਉਠਾਇੰਦਾ । ਸੰਮਤ ਸਤਾਰਾਂ ਮਾਰੇ ਮਾਰਾ, ਨਾ ਕੋਈ ਧੀਰ ਧਰਾਇੰਦਾ । ਅੱਠ ਅਠਾਰਾਂ ਵਹਿੰਦੀ ਧਾਰਾ, ਜਲ ਜਲ ਆਪ ਸਮਾਇੰਦਾ । ਉਨੀ ਉਨੀਸਾ ਪਾਰ ਕਿਨਾਰਾ, ਈਸਾ ਮੂਸਾ ਆਪ ਕੁਰਲਾਇੰਦਾ । ਬੀਸ ਬੀਸਾ ਨਰ ਅਵਤਾਰਾ, ਛੱਤਰ ਸੀਸ ਆਪ ਝੁਲਾਇੰਦਾ । ਖੇਲੇ ਖੇਲ ਦਿਲੀ ਦਰਬਾਰਾ, ਸਚ ਸਿੰਘਾਸਣ ਇਕ ਵਿਛਾਇੰਦਾ । ਨੌਂ ਖੰਡ ਪ੍ਰਿਥਮੀ ਬੰਨੇ ਸਾਚੀ ਧਾਰਾ, ਇਕ ਗਿਆਨ ਦ੍ਰਿੜਾਇੰਦਾ । ਸਤਿਜੁਗ ਸੋਹੇ ਤੇਰਾ ਧਰਮ ਜੈਕਾਰਾ, ਦਹਿ ਦਿਸ਼ਾ ਆਪ ਲਗਾਇੰਦਾ । ਭਗਤ ਵਛਲ ਆਪ ਗਿਰਧਾਰਾ, ਗਿਰਵਰ ਰੂਪ ਵਟਾਇੰਦਾ । ਕਲਜੁਗ ਤੇਰਾ ਪਾਰ ਕਿਨਾਰਾ, ਲੋਕਮਾਤ ਪਾਰ ਕਰਾਇੰਦਾ । ਸਤਿਜੁਗ ਸਾਚਾ ਲੈ ਅਵਤਾਰਾ, ਧਰਤ ਮਾਤ ਗੋਦ ਸੁਹਾਇੰਦਾ । ਭਗਤ ਜਨਾਂ ਕਰੇ ਪਿਆਰਾ, ਏਕਾ ਕਰਮ ਕਮਾਇੰਦਾ । ਏਕਾ ਭਰੇ ਨਾਮ ਭੰਡਾਰਾ, ਬਰਨ ਅਠਾਰਾਂ ਵੇਖ ਵਖਾਇੰਦਾ । ਤਰਨੀ ਤਰਨ ਸੱਚੀ ਸਰਕਾਰਾ, ਸਾਚੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਜੇਠਾ ਗੁਰਮੁਖਾਂ ਰੱਖੇ ਸਾਇਆ ਹੇਠਾ, ਨਾਮ ਛਤਰ ਸੀਸ ਝੁਲਾਇੰਦਾ । ਪੰਚਮ ਜੇਠਾ ਜਗਤ ਸਿੰਘਾਸਣ, ਹਰਿ ਸਾਚੇ ਮੂਲ ਚੁਕਾਇਆ । ਪਾਰ ਕਿਨਾਰਾ ਪ੍ਰਿਥਮੀ ਅਕਾਸ਼ਨ, ਆਪਣਾ ਆਪ ਵਖਾਇਆ । ਆਪ ਉਠਾਏ ਸ਼ਾਹੋ ਭੂਪ ਹਰਿ ਸ਼ਾਹ ਸ਼ਬਾਸ਼ਨ, ਸ਼ਾਹਾਂ ਸ਼ਾਹ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠਾ ਦਿਤਾ ਵਰ, ਹਰਿਸੰਗਤ ਮੇਲ ਮਿਲਾਇਆ । ਸੰਗਤ ਮੇਲਾ ਹਰਿ ਹਰਿ ਨਾਤਾ, ਸਤਿਗੁਰ ਪੁਰਖ ਜੁੜਾਇਆ । ਮਿਲੇ ਮੇਲ ਹਰਿ ਪੁਰਖ ਬਿਧਾਤਾ, ਪਾਰਬ੍ਰਹਮ ਸਰਨਾਇਆ । ਉਤਮ ਹੋਏ ਸਤਿਜੁਗ ਜ਼ਾਤਾ, ਵਰਨ ਗੋਤ ਨਾ ਕੋਈ ਰਖਾਇਆ । ਅਕਾਲ ਪੁਰਖ ਹੋਏ ਸਾਚਾ ਪਿਤਾ ਆਦਿ ਸ਼ਕਤ ਹੋਏ ਸਾਚੀ ਮਾਤਾ, ਗੁਰਮੁਖ ਸਾਚੇ ਗੋਦ ਉਠਾਇਆ । ਘਰ ਚੌਥੇ ਦੇਵੇ ਸੋਹੰ ਦਾਤਾ, ਸਾਚਾ ਨਾਮ ਜਪਾਇਆ । ਇਕ ਚਲਾਏ ਸਾਚਾ ਰਾਥਾ, ਰਥ ਰਥਵਾਹੀ ਬਣਕੇ ਆਇਆ । ਆਪੇ ਹੋਏ ਤ੍ਰਿਲੋਕੀ ਨਾਥਾ, ਤ੍ਰੈਭਵਣ ਸਮੀਪ ਸਮਾਇਆ । ਆਪੇ ਜਾਣੇ ਪੂਜਾ ਪਾਠਾ, ਹਵਣ ਅਹੂਤੀ ਆਪ ਕਰਾਇਆ । ਆਪੇ ਅੰਮ੍ਰਿਤ ਸਰ ਸਰੋਵਰ ਮਾਰੇ ਠਾਠਾ, ਆਪੇ ਤਾਲ ਭਰਾਇਆ । ਆਪੇ ਚਾਰੇ ਕੁੰਟ ਦਹਿ ਦਿਸ਼ਾ ਲੋਆਂ ਪੁਰੀਆਂ ਗਗਨ ਪਤਾਲਾਂ ਫਿਰੇ ਨਾਠਾ, ਚਾਰੋਂ ਕੁੰਟ ਫੇਰਾ ਪਾਇਆ । ਆਪੇ ਜਾਣੇ ਆਪਣੀ ਵਾਟਾ, ਆਪੇ ਪੰਧ ਮੁਕਾਇਆ । ਆਪੇ ਚੜ੍ਹੇ ਆਪਣੇ ਘਾਟਾ, ਆਪੇ ਰਾਹ ਵਖਾਇਆ । ਆਪੇ ਜੋਤੀ ਨੂਰ ਉਪਾਏ ਏਕਾ ਲਾਟਾ, ਆਪੇ ਅਗਨੀ ਤਤ ਜਲਾਇਆ । ਆਪੇ ਆਪਣਾ ਰਸ ਆਪਣੇ ਅੰਦਰ ਆਪੇ ਚਾਟਾ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਆਪਣਾ ਲਾਹਾ ਆਪੇ ਖਾਟਾ, ਦਿਸ ਕਿਸੇ ਨਾ ਆਇਆ । ਆਪੇ ਆਪਣਾ ਜੁਗ ਜੁਗ ਪੂਰ ਕਰਾਏ ਘਾਟਾ, ਸੰਤ ਸੁਹੇਲੇ ਸੰਗ ਰਲਾਇਆ । ਲੇਖਾ ਲਿਖੇ ਮਸਤਕ ਜੋਤੀ ਨੂਰ ਲਿਲਾਟਾ, ਲਹਿਣਾ ਦੇਣਾ ਮੂਲ ਚੁਕਾਇਆ । ਆਪ ਖੁਲ੍ਹਾਏ ਸਾਚਾ ਹਾਟਾ, ਆਪੇ ਹੱਟੋ ਹੱਟ ਵਿਕਾਇਆ । ਗੁਰ ਸੰਗਤ ਤੇਰਾ ਸਾਚਾ ਨਾਤਾ, ਹਰਿ ਸਾਚੇ ਆਪ ਬੰਧਾਇਆ । ਕਲਜੁਗ ਰੈਣ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧੇਰਾ ਛਾਇਆ । ਮਨਮਤ ਨਾਰ ਹੋਈ ਕਮਜ਼ਾਤਾ, ਮਨਮੁਖ ਜੀਵਾਂ ਲਏ ਪਰਨਾਇਆ । ਵੇਲੇ ਅੰਤ ਨਾ ਪੁੱਛੇ ਕੋਈ ਵਾਤਾ, ਰਾਏ ਧਰਮ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਸੰਗਤ ਮਾਣ ਦਵਾਇਆ । ਹਰਿਸੰਗਤ ਹਰਿ ਸਾਚਾ ਮਾਣ, ਏਕਾ ਦਰ ਦਵਾਰਿਆ । ਇਕ ਜਣਾਈ ਧੁਰ ਫ਼ਰਮਾਣ, ਆਪਣੀ ਆਪ ਜਣਾ ਰਿਹਾ । ਸਾਚਾ ਢੋਲਾ ਸਾਰੇ ਗਾਣ, ਕਾਇਆ ਮੰਦਰ ਆਪ ਵਸਾ ਲਿਆ । ਆਪਣਾ ਗੁਰ ਆਪੇ ਪਾਣ, ਆਪੇ ਘਰ ਛੁਪਾ ਲਿਆ । ਆਪਣਾ ਪੜਦਾ ਆਪੇ ਲਾਹਣ, ਮੁਖ ਘੁੰਘਟ ਨਾ ਕੋਈ ਰਖਾ ਲਿਆ । ਦੂਈ ਦਵੈਤੀ ਪੜਦਾ ਪੜਾਇਣ, ਬਜਰ ਕਪਾਟੀ ਕਿਲਾ ਤੁੜਾ ਲਿਆ । ਅਨਹਦ ਸੁਣੇ ਸਾਚਾ ਗਾਣ, ਪੰਚਮ ਸੇਵਾ ਲਾ ਲਿਆ । ਦਸਮ ਦਵਾਰੀ ਸਚ ਮਕਾਨ, ਪ੍ਰਭ ਸਾਚੇ ਆਪ ਬਣਾ ਲਿਆ । ਨੇੜ ਨਾ ਆਇਣ ਪੰਜ ਸ਼ੈਤਾਨ, ਨਾ ਕੋਈ ਮੋਹ ਵਖਾ ਲਿਆ । ਗੁਰਮੁਖ ਵਿਰਲੇ ਲੋਕਮਾਤ ਪਾਇਣ, ਜਿਸ ਜਨ ਚਰਨ ਧਿਆਨ ਲਗਾ ਲਿਆ । ਆਤਮ ਅੰਮ੍ਰਿਤ ਅੰਤਰ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਜੇਠਾ ਗੁਣ ਨਿਧਾਨਾ, ਹਰਿਸੰਗਤ ਕਰੇ ਦਰ ਪਰਵਾਨਾ, ਏਕਾ ਦੇਵੇ ਨਾਮ ਨਿਸ਼ਾਨਾ, ਨਾ ਦੂਸਰ ਕੋਈ ਵੇਖ ਵਖਾ ਲਿਆ । ਸ਼ਬਦ ਗੁਰ ਸਰਬ ਦੇਵਾ, ਦੇਵ ਦੇਵਾ ਅਖਵਾਇਆ । ਪਾਰਬ੍ਰਹਮ ਪ੍ਰਭ ਅਲਖ ਅਭੇਵਾ, ਭੇਵ ਕਿਸੇ ਨਾ ਪਾਇਆ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਸਾਚਾ ਮੇਵਾ, ਏਕਾ ਫਲ ਖੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਮੇਲਾ ਆਪ ਮਿਲਾਇਆ । ਮੇਲਾ ਮੇਲਣਹਾਰ ਬਨਵਾਰੀ, ਨਿਰਮਲ ਨੂਰ ਨੁਰਾਨਾ । ਭਗਤ ਵਛਲ ਸ਼ਬਦ ਗਿਰਧਾਰੀ, ਦੇਵੇ ਰਾਗ ਤਰਾਨਾ । ਦਰ ਦਵਾਰੇ ਬੈਠਾ ਪੈਜ ਜਾਏ ਸਵਾਰੀ, ਵੇਖ ਵਖਾਏ ਗੁਣੀ ਨਿਧਾਨਾ । ਹਰਿਸੰਗਤ ਹਰਿ ਲਗੇ ਪਿਆਰੀ, ਬਿਰਧ ਬਾਲ ਨਾ ਜਾਣੇ ਹਰਿ ਨੌਜਵਾਨਾ । ਏਕਾ ਰੰਗ ਰੰਗੇ ਕਰਤਾਰੀ, ਲੋਕਮਾਤ ਉਤਰ ਨਾ ਜਾਣਾ । ਜੋ ਜਨ ਢਹਿ ਪਿਆ ਦਵਾਰੀ, ਦੋ ਜਹਾਨੀ ਪਾਰ ਕਰਾਣਾ । ਤੋੜ ਵਿਛੋੜਾ ਆਪਣੀ ਕਰੇ ਕਾਰੀ, ਹਰਿ ਕਾ ਭੇਵ ਕਿਸੇ ਨਾ ਜਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਵਖਾਏ ਏਕਾ ਘਰ ਨਾ ਕੋਈ ਦੂਸਰ ਮਹੱਲ ਅਟਾਰੀ । ਏਕਾ ਹਰਿ ਏਕਾ ਦਰ, ਏਕਾ ਘਰ ਸੁਹਾਇਆ । ਏਕਾ ਦੇਵਣਹਾਰਾ ਵਰ, ਏਕਾ ਝੋਲੀ ਨਾਮ ਭਰਾਇਆ । ਏਕਾ ਚੁਕਾਏ ਜਗਤ ਡਰ, ਧਰਮ ਰਾਏ ਨਾ ਦਏ ਸਜਾਇਆ । ਏਕਾ ਖੇਲ ਰਿਹਾ ਕਰ, ਕਰਨਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਕੀ ਸਾਚੀ ਸਿਖੀ ਸਾਚੀ ਧਾਰ ਬੰਧਾਇਆ । ਏਕਾ ਇਕੀ ਕਰ ਅਕਾਰ, ਆਪਣਾ ਰੂਪ ਦਰਸਾਇੰਦਾ । ਨਿਰਗੁਣ ਰੂਪ ਵਸ ਘਰ ਬਾਰ, ਵੇਦ ਕਤੇਬ ਨਾ ਕੋਈ ਜਣਾਇੰਦਾ । ਨੌ ਦਵਾਰ ਵਿਚ ਸੰਸਾਰ, ਪੰਜ ਤਤ ਸੁਹਾਇੰਦਾ । ਦਸਵਾਂ ਮਹੱਲ ਇਕ ਉਸਾਰ, ਕਾਇਆ ਮੰਦਰ ਡੇਰਾ ਲਾਇੰਦਾ । ਅਟੱਲ ਮਹੱਲ ਉਚ ਮਿਨਾਰ, ਆਪ ਆਪਣਾ ਵੇਖ ਵਖਾਇੰਦਾ । ਗੁਰਸਿਖ ਨਾ ਲਾਏ ਕੋਈ ਕਿਸੇ ਸਲ, ਤਾਹਨਾ ਮੇਹਣਾ ਨਾ ਕੋਈ ਧਰਾਇੰਦਾ । ਪੁਰਖ ਅਬਿਨਾਸ਼ੀ ਜਿਸ ਹੋਇਆ ਵਲ, ਫੜ ਬਾਂਹੋਂ ਪਾਰ ਕਰਾਇੰਦਾ । ਜਗਤ ਬੁੜ੍ਹੇਪਾ ਫਲ ਲਗਾ ਡਾਲ੍ਹ, ਅੰਮ੍ਰਿਤ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਦੇਵੇ ਸਾਚਾ ਸੁਖ ਸੁਫਲ ਕਰਾਏ ਮਾਤ ਕੁੱਖ, ਮਾਨਸ ਮਨੁਖ ਲੇਖੇ ਲਾਇੰਦਾ । ਹਰਿਸੰਗਤ ਹਰਿ ਨਾਤਾ ਜੋੜ, ਏਕਾ ਮਾਰਗ ਲਾਇਆ । ਕਿਆ ਕੋਈ ਕਰੇ ਤੋੜ ਵਿਛੋੜ, ਪ੍ਰਭ ਸਾਚੇ ਆਪ ਜੁੜਾਇਆ । ਚੜ੍ਹਿਆ ਰਹਿਣਾ ਸ਼ਬਦ ਘੋੜ, ਪ੍ਰਭ ਸਾਚੇ ਆਪ ਚੜ੍ਹਾਇਆ । ਦਰ ਦਵਾਰਾ ਵੇਖੇ ਦੌੜ ਦੌੜ, ਦਿਵਸ ਰੈਣ ਸੇਵ ਕਮਾਇਆ । ਪੰਚਾਂ ਤੱਤਾਂ ਮਾਰੇ ਪਹਿਲਾ ਪੌੜ, ਪੰਚਮ ਚੋਰ ਦਏ

ਮਿਟਾਇਆ । ਗੁਰਮੁਖ ਆਤਮ ਲੱਗੀ ਔੜ, ਅੰਮ੍ਰਿਤ ਮੇਘ ਦਏ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਏਕਾ ਵਰ, ਜਗਤ ਸਿੰਘਾਸਣ ਮੂਲ ਚੁਕਾਇਆ । ਜਗਤ ਸਿੰਘਾਸਣ ਗਿਆ ਤਜ, ਆਪਣਾ ਮੋਹ ਚੁਕਾਇਆ । ਸ਼ਬਦ ਸਿੰਘਾਸਣ ਚੜ੍ਹਿਆ ਭੱਜ, ਨਿਰਗੁਣ ਵੇਸ ਵਟਾਇਆ । ਜਗਤ ਸਿੰਘਾਸਣ ਪੜਦਾ ਕੱਜ, ਅਗਨੀ ਤਤ ਜਲਾਇਆ । ਸ਼ਬਦ ਸਿੰਘਾਸਣ ਬੈਠਾ ਸਜ, ਨਿਹਕਲੰਕੀ ਜਾਮਾ ਪਾਇਆ । ਜਗਤ ਸਿੰਘਾਸਣ ਤਾਲ ਗਿਆ ਵੱਜ, ਸ਼ਬਦ ਸਿੰਘਾਸਣ ਵੇਲਾ ਆਇਆ । ਜੋ ਘੜਿਆ ਸੋ ਗਿਆ ਭੱਜ, ਥਿਰ ਕੋਈ ਰਹਿਣ ਨਾ ਪਾਇਆ । ਗੁਰਸਿਖਾਂ ਸੰਮਤ ਪੰਦਰਾਂ ਕਲਜੁਗ ਤੇਰੀ ਪਾਰ ਕਰਾਏ ਪੰਚਮ ਜੇਠੀ ਹੱਦ, ਔਖਾ ਘਾਟ ਵੇਖ ਵਖਾਇਆ । ਘਰ ਘਰ ਆਪ ਸੁਣਾਏ ਅਨਹਦ ਵਾਜਾ ਸਾਚਾ ਨਾਦ, ਨਾਦ ਅਨਾਦੀ ਧੁਨ ਉਪਜਾਇਆ । ਖੋਜ ਖੁਜਾਏ ਹਰਿ ਬ੍ਰਹਿਮਾਦਿ, ਪਾਰਬ੍ਰਹਮ ਅਖਵਾਇਆ । ਆਪੇ ਬੈਠਾ ਵਿਚ ਅੱਧ, ਗੁਰਮੁਖ ਸਾਜਣ ਰਾਹ ਤਕਾਇਆ । ਵਿਸ਼ਨੂੰ ਵੰਸੀ ਵੇਖੇ ਸਾਚੀ ਯੱਦ, ਬੰਸਾ ਬੰਸ ਸੁਹਾਇਆ । ਗੁਰਮੁਖ ਵਖਾਏ ਏਕ ਪਦ, ਚੌਥਾ ਦਰ ਸੁਹਾਇਆ । ਸ਼ਬਦ ਨਿਸ਼ਾਨਾ ਲਏ ਗੱਡ, ਝੰਡਾ ਧਰਮ ਝੁਲਾਇਆ । ਮਨਮਤ ਵਿਕਾਰਾ ਬਣੇ ਡੂੰਘੀ ਖਡ, ਉਪਰ ਪੜਦਾ ਪਾਇਆ । ਨਿਰਮਲ ਕਰੇ ਤਨ ਮਾਸ ਨਾੜੀ ਰੱਤ ਹੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਇਕ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚਾ ਦਇਆ ਕਮਾਇਆ । ਘਰ ਸਜਿਆ ਸ਼ਬਦ ਸਿੰਘਾਸਣ, ਜਗ ਤਜਿਆ ਪੁਰਖ ਅਬਿਨਾਸ਼ਨ, ਪਰਗਟ ਹੋਇਆ ਘਨਕ ਪੁਰ ਵਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਦੇਵੇ ਏਕਾ ਵਰ, ਏਕਾ ਘਰ ਸ਼ਾਹੋ ਸ਼ਾਬਾਸਨ ।





### * ੧੮ ਜੇਠ ੨੦੧੫ ਬਿਕ੍ਰਮੀ ਗਿਰਧਾਰਾ ਸਿੰਘ ਦੇ ਘਰ ਸ਼ਬਦ ਲਿਖਾਏ ਬਲੋਵਾਲ ਜ਼ਿਲਾ ਅੰਮ੍ਰਿਤਸਰ *

ਸਰਨਗਤ ਸਰਬ ਸੁਖ ਪਾਇਆ, ਪਾਰਬ੍ਰਹਮ ਸਰਨਾਈ । ਪਾਰਬ੍ਰਹਮ ਗੁਰ ਇਕ ਬੁਝਾਇਆ, ਗੁਰ ਪੂਰੇ ਹੱਥ ਵਡਿਆਈ । ਏਕਾ ਤਤ ਸ਼ਬਦ ਜਣਾਇਆ, ਸ਼ਬਦੀ ਸ਼ਬਦ ਉਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਹਰਿਜਨ ਮੇਲਾ ਏਕਾ ਘਰ, ਏਕਾ ਦੇਵੇ ਨਾਮ ਵਡਿਆਈ । ਆਤਮ ਘਰ ਹਰਿ ਹਰਿ ਮੇਲਾ, ਹਰਿ ਹਰਿ ਆਪ ਕਰਾਇਆ । ਆਪੇ ਹੋਏ ਸੱਜਣ ਸੁਹੇਲਾ, ਜੁਗ ਜੁਗ ਵੇਸ ਵਟਾਇਆ । ਆਦਿ ਜੁਗਾਦੀ ਇਕ ਅਕੇਲਾ, ਅਕਲ ਕਲਾ ਅਖਵਾਇਆ । ਆਪਣਾ ਖੇਲ ਅਬਿਨਾਸ਼ੀ ਕਰਤਾ ਆਪੇ ਖੇਲਾ, ਨਾ ਕੋਈ ਦੂਸਰ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਾਚੇ ਘਰ, ਘਰ ਸੁਹੰਜਣਾ ਇਕ ਸੁਹਾਇਆ । ਸੁਹੰਜਣਾ ਘਰ ਏਕਾ ਹਰਿ, ਨਿਰਗੁਣ ਵੇਸ ਵਟਾਇੰਦਾ । ਗੁਰਮੁਖ ਜੋਤੀ ਨੂਰ ਧਰ, ਨੂਰੋ ਨੂਰ ਸਮਾਇੰਦਾ । ਸ਼ਬਦ ਸਰੂਪੀ ਦੇਵੇ ਵਰ, ਸਤਿ ਸੰਤੋਖ ਸਮਾਇੰਦਾ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਆਪ ਹੋ ਜਾਇੰਦਾ । ਨਾ ਜਨਮੇ ਨਾ ਜਾਏ ਮਰ, ਆਪ ਆਪਣੀ ਰਚਨ ਰਚਾਇੰਦਾ । ਆਪਣੀ ਕਿਰਪਾ ਆਪੇ ਕਰ, ਕਰਨੀ ਕਰਤਾ ਆਪ ਅਖਵਾਇੰਦਾ । ਨਾਮ ਭੰਡਾਰਾ ਦੇਵੇ ਭਰ, ਜੋ ਦਰ ਮੰਗਣ ਆਇੰਦਾ । ਲੱਖ ਚੁਰਾਸੀ ਜਾਏ ਹਰ, ਰਾਏ ਧਰਮ ਮੁਖ ਸ਼ਰਮਾਇੰਦਾ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਚਰਨ ਚਰਨੋਦਕ ਇਕ ਵਖਾਇੰਦਾ । ਕਾਇਆ ਤੋੜ ਹੰਕਾਰੀ ਗੜ੍ਹ, ਸਚ ਮਹੱਲੇ ਕੁੰਡਾ

ਲਾਹਿੰਦਾ । ਸੁਰਤ ਸਵਾਣੀ ਆਪੇ ਫੜ, ਉਚੇ ਟਿੱਲੇ ਆਪ ਬਹਾਇੰਦਾ । ਜੋਤ ਜਗਾਏ ਬਹੱਤਰ ਨਾੜ, ਅਗਿਆਨ ਅੰਧੇਰ ਮਿਟਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਗੁਰਮੁਖ ਸਾਜਣ ਵੇਖ ਵਖਾਇੰਦਾ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਆਦਿ ਨਿਰੰਜਣ, ਏਕਾ ਏਕ ਰਖਾਇਆ । ਆਪੇ ਬੈਠ ਦਰਦ ਦੁੱਖ ਭੈ ਭੰਜਨ, ਸਗਲਾ ਸੰਗ ਨਿਭਾਇਆ । ਜਨ ਭਗਤ ਕਰਾਏ ਏਕਾ ਮਜਨ, ਤੀਰਥ ਤਟ ਇਕ ਵਖਾਇਆ । ਨੇਤਰ ਲੋਚਣ ਪਾਏ ਸਾਚਾ ਕੱਜਲ, ਨਾਮ ਨਿਧਾਨਾ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਵੇਖੇ ਸਾਚੇ ਘਰ, ਘਰ ਸਾਚਾ ਇਕ ਸੁਹਾਇਆ । ਹਰਿ ਮੰਦਰ ਹਰਿ ਵਸਿਆ, ਪੂਰਨ ਗੁਰ ਭਗਵੰਤ । ਜਨ ਭਗਤਾਂ ਰਾਹ ਸਾਚਾ ਦੱਸਿਆ, ਮੇਲ ਮਿਲਾਵਾ ਸਾਚੇ ਸੰਤ । ਦਰ ਸਾਚੇ ਬਹਿ ਬਹਿ ਹੱਸਿਆ, ਖੇਲੇ ਖੇਲ ਹਰਿ ਬੇਅੰਤ । ਮਨਮੁਖ ਜਾਏ ਦਰ ਤੋਂ ਨੱਸਿਆ, ਦਰ ਦੁਰਕਾਏ ਜੀਵ ਜੰਤ । ਤੀਰ ਨਿਰਾਲਾ ਏਕਾ ਕਸਿਆ, ਖੇਲੇ ਖੇਲ ਜੁਗਾ ਜੁਗੰਤ । ਕਲਜੁਗ ਵੇਖੇ ਰੈਣ ਅੰਧੇਰੀ ਮੱਸਿਆ, ਨਾ ਕੋਈ ਮਣੀਆ ਨਾ ਕੋਈ ਮੰਤ । ਪੰਚ ਵਿਕਾਰਾ ਘਰ ਘਰ ਅੰਦਰ ਵਸਿਆ, ਮਾਇਆ ਭੁੱਲੇ ਭਰਮੀ ਸੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਮੇਲਾ ਸਾਚੇ ਦਰ, ਦਰ ਮੇਲਾ ਏਕਾ ਕੰਤ । ਏਕਾ ਕੰਤ ਸੁਹਾਗੀ ਮੀਤਾ, ਪਰਮ ਪੁਰਖ ਸੁਲਤਾਨਾ । ਜੁਗ ਜੁਗ ਚਲਾਏ ਆਪਣੀ ਰੀਤਾ, ਜਨ ਭਗਤਾਂ ਦੇਵੇ ਨਾਮ ਨਿਧਾਨਾ । ਨਾ ਕੋਈ ਮੰਦਰ ਗੁਰੂਦਵਾਰਾ ਨਾ ਕੋਈ ਮਸੀਤਾ, ਆਤਮ ਜੋਤੀ ਆਤਮ ਬ੍ਰਹਮ ਧੁਨ ਅਨਾਦੀ ਸ਼ਬਦ ਤਰਾਨਾ । ਏਕਾ ਰਾਗ ਸੁਣਾਏ ਗੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਦਰ, ਦਰ ਏਕਾ ਠਾਂਡਾ ਸੀਤਾ । ਠਾਂਡਾ ਸੀਤਾ ਹਰਿ ਦਰਬਾਰਾ, ਹਰਿ ਹਰਿ ਆਪ ਉਪਾਇਆ । ਆਪੇ ਬੈਠਾ ਏਕੰਕਾਰਾ, ਓਅੰਕਾਰਾ ਰੂਪ ਵਟਾਇਆ । ਨਿਰਗੁਣ ਨੂਰ ਜੋਤੀ ਧਾਰਾ, ਸਰਗੁਣ ਭੇਵ ਨਾ ਰਾਇਆ । ਸ਼ਬਦ ਅਗੰਮੀ ਕਰੇ ਕਾਰਾ, ਲੇਖਾ ਲੇਖ ਨਾ ਕੋਈ ਲਿਖਾਇਆ । ਥਿਰ ਘਰ ਬੈਠ ਆਪ ਨਿਰੰਕਾਰਾ, ਨਿਜ ਆਪਣਾ ਵੇਸ ਵਟਾਇਆ । ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਅਖਵਾਇਆ । ਰਵ ਸਸ ਨਾ ਕੋਈ ਸਤਾਰਾ, ਪ੍ਰਿਥਮੀ ਅਕਾਸ ਨਾ ਕੋਈ ਰਖਾਇਆ । ਨਾ ਕੋਈ ਬ੍ਰਹਮਾ ਵੇਦ ਲਿਖਾਰਾ, ਤ੍ਰੈਗੁਣ ਮਾਇਆ ਨਾ ਵੇਸ ਵਟਾਇਆ । ਪੰਜ ਤਤ ਨਾ ਕਰੇ ਪਿਆਰਾ, ਮਨ ਮਤ ਬੁਧ ਨਾ ਨਾਲ ਰਲਾਇਆ । ਖਾਣੀ ਬਾਣੀ ਨਾ ਕੋਇ ਵਿਚਾਰਾ, ਗੁਰ ਪੀਰ ਅਵਤਾਰ ਸਾਧ ਸੰਤ ਨਾ ਕੋਈ ਉਪਾਇਆ । ਸਚ ਮਹੱਲਾ ਉਚ ਅਟੱਲਾ ਆਪੇ ਬੈਠ ਸਿਰਜਣਹਾਰਾ, ਆਪ ਆਪਣਾ ਵੇਖ ਵਖਾਇਆ । ਨਿਰਮਲ ਜੋਤੀ ਜੋਤ ਉਜਿਆਰਾ, ਪਰਕਾਸ਼ ਪਰਕਾਸ਼ ਸਮਾਇਆ । ਨਾ ਕੋਈ ਪਵਣ ਪਾਣੀ ਨਾ ਜਲ ਧਾਰਾ, ਅਪ ਤੇਜ਼ ਵਾਏ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਮੇਲਾ ਏਕਾ ਘਰ, ਘਰ ਸਾਚਾ ਇਕ ਬਣਾਇਆ । ਸਾਚਾ ਘਰ ਹਰਿ ਉਪਾ, ਨਿਰਗੁਣ ਜੋਤ ਜਗਾਈਆ । ਜੋਤ ਸਰੂਪੀ ਡਗਮਗਾ, ਅੱਠੇ ਪਹਿਰ ਰਹੇ ਰੁਸ਼ਨਾਈਆ । ਨਾ ਕੋਈ ਦੂਸਰ ਵੇਖ ਵਖਾ, ਨਾ ਕੋਈ ਤੀਜਾ ਦਰ ਖੁਲ੍ਹਾਈਆ । ਚੌਥਾ ਪਦ ਨਾ ਲਏ ਗਿਣਾ, ਪੰਚਮ ਮੇਲ ਨਾ ਕੋਈ ਮਿਲਾਈਆ । ਛੱਪਰ ਛੰਨ ਨਾ ਲਿਆ ਕੋਈ ਉਪਾ, ਛੇਵਾਂ ਘਰ ਨਾ ਕੋਈ ਸੁਹਾਈਆ । ਸੱਤਵੇਂ ਸਤਿ ਸਤਿਵਾਦੀ ਆਪ ਅਖਵਾ, ਘਰ ਸਾਚੇ ਬੈਠਾ ਆਸਣ ਲਾਈਆ ।

ਅੱਠਾਂ ਤੱਤਾਂ ਭੇਵ ਨਾ ਰਾ, ਨਾ ਕੋਈ ਗਣਤ ਗਣਾਈਆ । ਨੌਂ ਦਰ ਨਾ ਲਏ ਖੁਲ੍ਹਾ, ਤ੍ਰਿਸਨਾ ਤਾਮਸ ਨਾ ਕੋਇ ਵਧਾਈਆ । ਦਸ ਦਸ ਲੇਖਾ ਆਪ ਜਣਾ, ਆਪਣੀ ਰਚਨਾ ਆਪ ਰਚਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਵੇਦ ਕਤੇਬ ਕੋਈ ਜਾਣੇ ਨਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਹਰਿ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਗ਼ਰੀਬ ਨਿਵਾਜ਼ਾ, ਏਕਾ ਏਕ ਉਪਾਈਆ । ਚਾਰ ਕੁੰਟ ਦਹਿ ਦਿਸ਼ਾ ਨਾ ਕੋਈ ਜਾਣੇ ਦਰ ਦਰਵਾਜਾ, ਨਦਰੀ ਨਦਰ ਨਾ ਕੋਈ ਦਿਸਾਈਆ । ਸਚ ਮਹੱਲੇ ਸਾਜਣ ਸਾਜਾ, ਸਿਰਜਣਹਾਰ ਵੱਡੀ ਵਡਿਆਈਆ । ਆਪੇ ਰਚਿਆ ਆਪਣਾ ਕਾਜਾ, ਆਪ ਆਪਣੀ ਬਣਤ ਬਣਾਈਆ । ਕਲਜੁਗ ਖੇਲ ਭਗਤਨ ਮੇਲ ਜੋਤ ਜਗਾਏ ਦੇਸ ਮਾਝਾ, ਪੁਰਖ ਅਗੰਮ ਅਗੰਮੜੀ ਧਾਰ ਚਲਾਈਆ । ਸ਼ਬਦ ਅਨਾਦੀ ਮਾਰੇ ਵਾਜਾਂ, ਨਾਦੀ ਸੁਤ ਉਠਾਈਆ । ਭਗਤ ਸੁਹੇਲਾ ਰੰਗ ਨਵੇਲਾ ਆਪੇ ਰੱਖਣਹਾਰਾ ਲਾਜਾ, ਲਾਜਾਵੰਤ ਹਰਿ ਰਘੁਰਾਈਆ । ਇਕ ਰਖਾਏ ਅਸਵ ਤਾਜਾ, ਸੋਲਾਂ ਕਲੀਆਂ ਆਸਣ ਪਾਈਆ । ਧੁਰਦਰਗਾਹੀ ਬੇਪਰਵਾਹ ਨੂਰ ਅਲਾਹੀ ਲੋਕਮਾਤ ਆਇਆ ਭਾਜਾ, ਪਰਵਰਦਿਗਾਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਦਰ, ਦਰ ਸਾਚਾ ਇਕ ਵਖਾਈਆ । ਸਾਚਾ ਘਰ ਹਰਿ ਵਖੌਣਾ, ਆਪਣੀ ਕਲ ਕਲ ਧਾਰੀਆ । ਗੁਰਮੁਖ ਸੋਇਆ ਮਾਤ ਆਪ ਉਠੌਣਾ, ਲੋਇਨਾ ਲੋਇਨ ਖੁਲ੍ਹਾਰੀਆ । ਪੂਰਬ ਲਹਿਣਾ ਝੋਲੀ ਪੌਣਾ, ਪਿਛਲਾ ਕਰਜ਼ ਉਤਾਰੀਆ । ਸਾਚਾ ਮਾਰਗ ਇਕ ਵਖੌਣਾ, ਨਿਰਗੁਣ ਮੇਲਾ ਜੋਤ ਨਿਰੰਕਾਰੀਆ । ਸਰਗੁਣ ਭਰਮ ਭੁਲੇਖਾ ਮਾਤ ਮਿਟੌਣਾ, ਸਤਿ ਪੁਰਖ ਵਡ ਵੱਡਾ ਸਿਕਦਾਰੀਆ । ਕੂੜ ਕੁੜਿਆਰਾ ਜਗਤ ਜੰਜਾਲਾ ਗਲੋ ਕਟੌਣਾ, ਦੇਵੇ ਨਾਮ ਸ਼ਬਦ ਸੱਚੀ ਖੁਮਾਰੀਆ । ਏਕਾ ਦੀਪਕ ਜੋਤ ਨਿਰੰਜਣ ਆਪ ਜਗੌਣਾ, ਕਰੇ ਪਰਕਾਸ਼ ਮਹੱਲ ਅਟਾਰੀਆ । ਅੰਧ ਅੰਧੇਰਾ ਮੇਟ ਮਿਟੌਣਾ, ਆਪ ਆਪਣੀ ਕਿਰਪਾ ਧਾਰੀਆ । ਸਾਚੇ ਮੰਦਰ ਕੁੰਡਾ ਆਪੇ ਲੌਹਣਾ, ਬਜਰ ਕਪਾਟੀ ਸਿਲਾ ਪਾੜੀਆ । ਪੰਜਾਂ ਦੁਸ਼ਟਾਂ ਮਾਰ ਮੁਕੌਣਾ, ਨੇੜ ਨਾ ਆਏ ਕਾਮ ਕਰੋਧ ਲੋਭ ਮੋਹ ਹੰਕਾਰੀਆ । ਸਾਚਾ ਲੜ ਇਕ ਫੜੌਣਾ, ਡੂੰਘੀ ਭਵਰੇ ਵੇਖ ਵਖਾਏ ਪਾਰ ਕਿਨਾਰੀਆ । ਸਵੱਛ ਸਰੂਪੀ ਦਰਸ ਦਿਖੌਣਾ, ਆਪ ਆਪਣੀ ਕਲ ਧਾਰੀਆ । ਅੰਦਰੇ ਅੰਦਰ ਹਰਿਜਨ ਸਾਚੇ ਮੇਲ ਮਿਲੌਣਾ, ਨਾ ਦਿਸੇ ਕੋਈ ਚਾਰ ਦਿਵਾਰੀਆ । ਸੁਰਤੀ ਸ਼ਬਦੀ ਨਾਤਾ ਇਕ ਜੁੜੌਣਾ, ਨਾ ਕੋਈ ਤੋੜੇ ਜੀਵ ਸੰਸਾਰੀਆ । ਗੁਰ ਪੂਰੇ ਸਗਨ ਆਪਣੀ ਹੱਥੀ ਆਪ ਖੁਲ੍ਹੌਣਾ, ਰਸਨਾ ਰਸ ਨਾ ਜਾਣੇ ਸਚ ਦਵਾਰੀਆ । ਅੰਮ੍ਰਿਤ ਆਤਮ ਇਕ ਪਿਔਣਾ, ਹਉਮੇ ਰੋਗ ਬਿਮਾਰੀਆ । ਤੀਜਾ ਲੋਚਣ ਇਕ ਖੁਲ੍ਹੌਣਾ, ਦੋਏ ਨੇਤਰ ਬੰਦ ਕਿਵਾੜੀਆ । ਅੱਗੇ ਪਿਛੇ ਆਪ ਆਪਣਾ ਦਰਸ ਦਖੌਣਾ, ਵਾ ਲੱਗੇ ਨਾ ਤੱਤੀ ਹਾੜੀਆ । ਅੱਠੇ ਪਹਿਰ ਦਿਵਸ ਰੈਣ ਸੇਵਾਦਾਰ ਸਾਚੀ ਸੇਵ ਕਮੌਣਾ, ਗੁਰ ਪੂਰਾ ਵਡ ਸਿਕਦਾਰੀਆ । ਦਸਮ ਦਵਾਰੀ ਗੁਰਮੁਖ ਸਾਚੇ ਤੇਰਾ ਘਰ ਸੁਹੌਣਾ, ਜੋਤੀ ਨੂਰ ਕਰ ਉਜਿਆਰੀਆ । ਆਪਣੀ ਹੱਥੀ ਕੁੰਡਾ ਆਪੇ ਲੌਹਣਾ, ਖੋਲ੍ਹੇ ਤਾਕ ਉਲਟੀ ਬਾਰੀਆ । ਆਤਮ ਸੇਜਾ ਸ਼ਬਦ ਸਿੰਘਾਸਣ ਇਕ ਵਿਛੌਣਾ, ਫੂਲਨ ਬਰਖਾ ਅਪਰ ਅਪਾਰੀਆ । ਰੁੱਤ ਬਸੰਤੀ ਇਕ ਖਿੜੌਣਾ, ਖਿੜੀ ਰਹੇ ਸੱਚੀ ਗੁਲਜ਼ਾਰੀਆ । ਜੋਤ ਨਿਰੰਜਣ ਤੇਲ ਚੜ੍ਹੌਣਾ, ਸਾਚਾ ਵੇਲਾ ਆਪ ਸੁਹਾਰੀਆ । ਪੰਚਮ ਸਈਆਂ ਮੰਗਲ ਗੌਣਾ, ਧੁਨ ਅਨਾਦੀ ਤਾਲ ਵਜਾਲੀਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਆਪ ਪਰਗਟੌਣਾ, ਆਤਮ ਬ੍ਰਹਮ ਵੇਖ ਵਖਾਲੀਆ ।

ਪਾਰਬ੍ਰਹਮ ਪ੍ਰਭ ਵਿਚ ਸਮੌਣਾ, ਏਕਾ ਦੂਜਾ ਭੇਵ ਚੁਕਾਲੀਆ । ਤੀਜੇ ਲੋਚਣ ਦਰਸ਼ਨ ਪੌਣਾ, ਘਰ ਚੌਥੇ ਹਰਿ ਸਵਾਲੀਆ । ਪੰਚਮ ਮੀਤਾ ਆਪ ਅਖਵੌਣਾ, ਜੋਤੀ ਨੂਰ ਇਕ ਅਕਾਲੀਆ । ਗੁਰਸਿਖ ਸਾਜਣ ਤੇਰਾ ਘਰ ਸੁਹੌਣਾ, ਦਰ ਆਇਆ ਬਣ ਸਵਾਲੀਆ । ਪੰਜ ਤਤ ਤੇਰਾ ਲੇਖੇ ਲੌਣਾ, ਫਲ ਲੱਗੇ ਕਾਇਆ ਡਾਲ੍ਹੀਆ । ਏਕਾ ਮਤ ਹਰਿ ਸਮਝੌਣਾ, ਜੁਗ ਚਲੇ ਅਵੱਲੜੀ ਚਾਲੀਆ । ਚਰਨ ਪ੍ਰੀਤੀ ਸਾਚਾ ਹਠ ਰਖੌਣਾ, ਸੱਚਾ ਜੋਗ ਅਭਿਆਸ ਵਡ ਘਾਲਣ ਘਾਲੀਆ । ਰਸਨ ਸਵਾਸ ਲੇਖੇ ਲੌਣਾ, ਜਿਹਵਾ ਜਪ ਜਪ ਹੋਈ ਬੇਹਾਲੀਆ । ਨੌਂ ਦਵਾਰੇ ਪਾਰ ਕਰੌਣਾ, ਕਰ ਕਿਰਪਾ ਗੁਣ ਨਿਧਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਸਾਚਾ ਘਰ ਮਿਲਿਆ ਹਰਿ ਚੁਕਿਆ ਡਰ, ਦੀਪਕ ਜਗੇ ਮਸਤਕ ਸਾਚੀ ਥਾਲੀਆ । ਹਰਿ ਸੰਤਨ ਘਰ ਵਸਿਆ ਸਤਿਗੁਰ ਪੁਰਖ ਸੁਜਾਨ । ਰਾਹ ਆਪਣਾ ਆਪੇ ਦਸਿਆ, ਗੁਰ ਪੂਰੇ ਹੋ ਮਿਹਰਵਾਨ । ਘਟ ਭੀਤਰ ਆਪੇ ਵਸਿਆ, ਦੇਵੇ ਸ਼ਬਦ ਧੁਰ ਫ਼ਰਮਾਣ । ਹੋਏ ਪਰਕਾਸ਼ ਕੋਟਨ ਕੋਟ ਰਵ ਸਸਿਆ, ਸੂਰਜ ਚੰਨ ਸਰਬ ਸ਼ਰਮਾਨ । ਅਗੰਮ ਅਗੰਮੜਾ ਦਰ ਦਵਾਰੇ ਆਵੇ ਨੱਸਿਆ, ਜਨ ਭਗਤਾਂ ਦਰ ਦਰਬਾਨ । ਭਗਤ ਭਗਵੰਤ ਜੁਗਾ ਜੁਗੰਤ ਆਦਿ ਅੰਤ ਏਕਾ ਘਰ ਵਸਿਆ, ਵਿਛੜ ਕਦੇ ਨਾ ਜਾਣ । ਆਪੇ ਰੋਵੇ ਆਪੇ ਹੱਸਿਆ, ਖੇਲੇ ਖੇਲ ਜੀ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਘਰ ਸੰਤ ਕਰੇ ਪਰਵਾਨ । ਸੰਤਨ ਘਰ ਸਤਿਗੁਰ ਮੀਤਾ, ਸਤਿ ਸਤਿਵਾਦ ਸਮਾਇਆ । ਲੱਖ ਚੁਰਾਸੀ ਆਪੇ ਪਰਖਣਹਾਰਾ ਨੀਤਾ, ਲੇਖਾ ਆਪਣੇ ਹੱਥ ਰਖਾਇਆ । ਆਪੇ ਜਾਣੇ ਹਸਤ ਕੀਟਾ, ਰਾਜ ਰਾਜਾਨਾ ਸ਼ਾਹ ਸੁਲਤਾਨਾ ਵੇਖ ਵਖਾਇਆ । ਜਿਸ ਜਨ ਹਰਿ ਹਰਿ ਨਾਮ ਲਾਗਾ ਮੀਠਾ, ਰਸਨਾ ਜਿਹਵਾ ਗਾਇਆ । ਦੇਵੇ ਸ਼ਬਦ ਜਗਤ ਇਕ ਅਨਡੀਠਾ, ਲੇਖਾ ਲਿਖਤ ਵਿਚ ਨਾ ਆਇਆ । ਮਿਠਾ ਕਰੇ ਕਾਇਆ ਕੌੜਾ ਰੀਠਾ, ਅਨਰਸ ਏਕਾ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਦਰ, ਦਰ ਦਵਾਰ ਹਰਿ ਭਿਖਾਰ, ਏਕਾ ਅਲਖ ਜਗਾਇਆ । ਏਕਾ ਅਲਖ ਅਲਖ ਨਿਰੰਜਣ, ਅਗੰਮ ਅਗੰਮੜੇ ਧਾਮ ਜਗਾਈਆ । ਆਪਣਾ ਦਰ ਆਪੇ ਆਇਆ ਮੰਗਣ, ਦਰ ਦਰਵੇਸ਼ ਆਪ ਅਖਵਾਈਆ । ਆਪਣੀ ਚੋਲੀ ਆਪੇ ਚਾੜ੍ਹੇ ਰੰਗਣ, ਨਾ ਕੋਈ ਦੂਸਰ ਰਿਹਾ ਰੰਗਾਈਆ । ਆਪਣੇ ਘੋੜੇ ਆਪੇ ਕਸਿਆ ਤੰਗਣ, ਆਪੇ ਬੈਠਾ ਬੇਪਰਵਾਹੀਆ । ਲੋਆਂ ਪੁਰੀਆਂ ਆਪੇ ਰਿਹਾ ਲੰਘਣ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਰਹੇ ਨੈਣ ਉਠਾਈਆ । ਜਨ ਭਗਤਾਂ ਤਨ ਪਹਿਨਾਏ ਏਕਾ ਕੰਗਣ, ਲੋਕਮਾਤ ਵੱਡੀ ਵਡਿਆਈਆ । ਆਪ ਰਖਾਇਆ ਆਪਣੇ ਅੰਗਨ, ਏਕਾ ਗੋਦ ਸੁਹਾਈਆ । ਅਕਾਸ਼ ਪਰਕਾਸ਼ ਵੇਖੇ ਗਗਨ, ਗਗਨ ਗਗਨੰਤਰ ਫੋਲ ਦਿਖਾਈਆ । ਗੁਰਮੁਖ ਦੀਪਕ ਆਤਮ ਜੋਤੀ ਜਗਣ, ਨਿਰਗੁਣ ਬਾਤੀ ਏਕਾ ਲਾਈਆ । ਮਨਮੁਖ ਜੀਵ ਫਿਰਦੇ ਨਗਨ, ਕਲਜੁਗ ਕੂੜਾ ਦਏ ਦੁਹਾਈਆ । ਗੁਰਮੁਖ ਵਿਰਲੇ ਨਾਮ ਲਗਾਇਆ ਸਾਚਾ ਸਗਨ, ਜਿਸ ਮਿਲਿਆ ਬੇਪਰਵਾਹੀਆ । ਮਾਨਸ ਜਨਮ ਨਾ ਹੋਇਆ ਭੰਗਣ, ਲੱਖ ਚੁਰਾਸੀ ਫੰਦ ਕਟਾਈਆ । ਗੁਰਸਿਖ ਗੁਰਮੁਖ ਸੰਤ ਸੁਹੇਲੇ ਇਕ ਅਕੇਲੇ ਦਰ ਦਵਾਰ ਘਰ ਸਾਚਾ ਮੰਗਣ, ਮਿਲੇ ਮੇਲ ਪ੍ਰਭ ਸਾਚੇ ਮਾਹੀਆ । ਸਾਚਾ ਮਾਹੀ ਬੇਪਰਵਾਹ, ਦੀਨਾਂ ਨਾਥ ਅਨਾਥਾ । ਆਪੇ ਬਖ਼ਸ਼ੇ ਸਿਫ਼ਤ ਸਲਾਹ, ਸਦਾ ਸਹਾਈ ਸਗਲਾ ਸਾਥਾ । ਲੋਕਮਾਤ ਜਗਤ ਮਲਾਹ, ਖੇਲੇ ਖੇਲ ਤ੍ਰਿਲੋਕੀ ਨਾਥਾ । ਹਰਿਜਨ ਵਖਾਏ ਸਾਚਾ ਰਾਹ, ਨਾਮ ਜਣਾਈ ਸਾਚੀ ਗਾਥਾ । ਲੇਖੇ ਲਾਏ ਪਵਣ ਸਵਾਸੀ

ਸਾਹ, ਸਰਬ ਕਲਾ ਸਮਰਾਥਾ । ਇਕ ਵਖਾਏ ਸਾਚਾ ਥਾਂ, ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥਾ । ਆਪੇ ਪਿਤਾ ਆਪੇ ਮਾਂ, ਆਪੇ ਲੇਖਾ ਲਿਖਾਏ ਮਸਤਕ ਮਾਥਾ । ਆਪੇ ਦੇਵਣਹਾਰਾ ਠੰਡੀ ਛਾਂ, ਆਪ ਚੜ੍ਹਾਏ ਸਾਚਾ ਰਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਏਕਾ ਘਰ, ਘਰ ਮਿਲਿਆ ਪੁਰਖ ਸਮਰਾਥਾ । ਸਮਰਥ ਪੁਰਖ ਸਰਬ ਗੁਰਦੇਵਾ, ਗੁਰ ਮੰਤਰ ਨਾਮ ਦ੍ਰਿੜਾਇਆ । ਲੇਖਾ ਜਾਣੇ ਰਸਨਾ ਜਿਹਵਾ, ਅੰਤਰ ਮੰਤਰ ਇਕ ਰਖਾਇਆ । ਕੌਸਤਕ ਮਣੀਆਂ ਮਸਤਕ ਲਾਏ ਥੇਵਾ, ਲਲਾਟ ਲਿਲਾਟ ਸਮਾਇਆ । ਮੇਲ ਮਿਲਾਵਾ ਅਲਖ ਅਭੇਵਾ, ਭੇਦ ਅਭੇਦਾ ਭੇਵ ਲਿਖਾਇਆ । ਬਿਰਥਾ ਜਾਏ ਨਾ ਹਰਿਜਨ ਸੇਵਾ, ਸੇਵਕ ਸੇਵਾ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਸਾਚਾ ਘਰ, ਘਰ ਮੰਦਰ ਕਾਇਆ ਅੰਦਰ ਇਕ ਸੁਹਾਇਆ । ਕਾਇਆ ਮੰਦਰ ਹਰਿ ਘਰ ਵਸੇਰਾ, ਘਰ ਘਰ ਆਪ ਸਮਾਏ । ਆਪੇ ਦੂਰ ਆਪੇ ਨੇੜਾ, ਹਾਜ਼ਰ ਹਜ਼ੂਰ ਆਪ ਹੋ ਜਾਏ । ਜਿਸ ਜਨ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਨਜ਼ਰ ਨਾ ਆਏ । ਆਪੇ ਢਾਹੇ ਭਰਮਾਂ ਡੇਰਾ, ਭਰਮੀ ਭਰਮ ਗੜ੍ਹ ਤੁੜਾਏ । ਕਰੇ ਕਰਾਏ ਹੱਕ ਨਿਬੇੜਾ, ਹੱਕ ਹਕੀਕਤ ਵੇਖ ਵਖਾਏ । ਹਰਿਜਨ ਹਰਿ ਹਰਿ ਵਸੇ ਕਾਇਆ ਖੇੜਾ, ਮੰਦਰ ਅੰਦਰ ਅੰਦਰ ਮੰਦਰ ਵੇਖ ਵਖਾਏ । ਬਿਨ ਗੁਰ ਪੂਰੇ ਵਖਾਏ ਕੇਹੜਾ, ਨਾ ਕੋਈ ਪਾਰ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਘਰ ਵਿਚ ਰਿਹਾ ਟਿਕਾਏ । ਘਰ ਵਿਚ ਘਰ ਘਰ ਵਿਚ ਦੀਵਾ ਘਰ ਵਿਚ ਬਾਤੀ, ਘਰ ਵਿਚ ਜੋਤ ਨਿਰੰਜਣ ਜੋਤੀ, ਆਦਿ ਨਿਰੰਜਣ ਆਪ ਜਗਾ ਮਿਲਿਆ ਮੇਲ ਹਰਿ ਸੱਜਣ ਪ੍ਰਭ ਕਮਲਾਪਾਤੀ, ਨਾਰ ਸੁਹਾਗਣ ਸੋਭਾਵੰਤੀ ਤਨ ਸ਼ੰਗਾਰ ਸੋਲਾ ਕਲੀਆ ਇਕ ਹੰਢਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਘਰ ਮਹੱਲ ਅਟੱਲ ਉਚ ਮੁਨਾਰਾ, ਆਪਣਾ ਆਪ ਵਸਾਏ । ਉਚ ਮੁਨਾਰਾ ਉਚਾ ਮੰਦਰ, ਹਰਿ ਹਰਿ ਆਪ ਉਪਾਇਆ । ਆਪੇ ਚੜ੍ਹਿਆ ਅੰਦਰੇ ਅੰਦਰ, ਦਿਸ ਕਿਸੇ ਨਾ ਆਇਆ । ਉਚੇ ਟਿੱਲੇ ਫਿਰ ਫਿਰ ਥੱਕੇ ਗੋਰਖ ਮਛੰਦਰ, ਹੱਥ ਕਿਸੇ ਨਾ ਆਇਆ । ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਮਾਇਆ ਮਮਤਾ ਵੱਜਾ ਜੰਦਰ, ਸਾਧ ਸੰਤ ਨਾ ਕੋਈ ਤੁੜਾਇਆ । ਅਠਸਠ ਤੀਰਥ ਭੇਖ ਪਖੰਡੀ ਫਿਰਦੇ ਬੰਦਰ, ਬਣ ਬਣ ਵਿਚ ਡੇਰਾ ਲਾਇਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਭਗਤ ਸੁਹੇਲਾ ਇਕ ਬਖ਼ਸ਼ੰਦੜ, ਜੁਗ ਜੁਗ ਵੇਸ ਵਟਾਇਆ । ਜਿਸ ਜਨ ਦਰਸਾਏ ਪਰਮ ਪੁਰਖ ਪ੍ਰਭ ਪਰਮਾਨੰਦਨ, ਨਿਝ ਘਰ ਵੇਖ ਵਖਾਏ । ਕਾਇਆ ਹੋਏ ਸਚ ਸਾਚੀ ਚੰਦਨ, ਨਿਮ ਵਾਸ ਰਹਿਣ ਨਾ ਪਾਏ । ਸਤਿਗੁਰ ਪੂਰਾ ਤੋੜਨਹਾਰਾ ਜਗਤ ਜੰਜਾਲਾ ਬੰਧਨ, ਬੰਦੀ ਤੋੜ ਆਪ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਘਰ ਦੀਪਕ ਇਕ ਜਗਾਏ । ਘਰ ਦੀਪਕ ਪਰਕਾਸ਼, ਅੰਧੇਰ ਵਿਨਾਸਿਆ । ਮਿਲਿਆ ਮੇਲ ਪੁਰਖ ਅਬਿਨਾਸ਼, ਹਰਿ ਪਾਇਆ ਸ਼ਾਹੋ ਸਾਬਾਸਿਆ । ਹਉਮੇ ਦੁਖੜਾ ਹੋਇਆ ਨਾਸ, ਮਾਨਸ ਜਨਮ ਹੋਇਆ ਰਾਸਿਆ । ਮੇਲ ਮਿਲਾਏ ਪ੍ਰਿਥਮੀ ਆਕਾਸ਼, ਅਕਾਸ਼ ਅਕਾਸ਼ਾ ਆਪ ਨਿਵਾਸਿਆ । ਲਹਿਣਾ ਦੇਣਾ ਚੁਕਾਏ ਮਾਤ ਗਰਭ ਦਸ ਦਸ ਮਾਸ, ਰਕਤ ਬੂੰਦ ਨਾ ਲੱਗੇ ਤੋਲਾ ਮਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਸਾਚਾ ਘਰ, ਘਰ ਸਾਚਾ ਗੁਰਚਰਨ ਭਰਵਾਸਿਆ । ਗੁਰਚਰਨ ਰੰਗ ਮਹੱਲਾ, ਪ੍ਰਭ ਸਾਚਾ ਇਕ ਵਸਾ ਲਿਆ । ਆਪੇ ਵੇਖੇ ਇਕ ਅਕੱਲਾ,


Rev-01

੩੫੩
੦੨

ਨਾ ਕੋਈ ਦੂਸਰ ਸੰਗ ਰਲਾ ਲਿਆ । ਆਪ ਵਖਾਣੇ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜਾ ਡੂੰਘੀ ਕੰਦਰ ਡੇਰਾ ਲਾ ਲਿਆ । ਗੁਰਸਿਖ ਤੇਰੀ ਕਾਇਆ ਮੰਦਰ ਸੱਚਾ ਦਵਾਰਾ ਏਕਾ ਮੱਲਾ, ਏਕਾ ਦਰ ਖੁਲ੍ਹਾ ਲਿਆ । ਦਰਸ ਦਿਖਾਏ ਘੜੀ ਘੜੀ ਪਲ ਪਲਾ, ਚਾਰੇ ਕੁੰਟ ਦਹਿ ਦਿਸ਼ਾ ਉਠ ਉਠ ਤੇਰਾ ਰਾਹ ਤਕਾ ਲਿਆ । ਆਪ ਫੜਾਇਆ ਆਪਣਾ ਪੱਲਾ, ਪੌੜੀ ਪੌੜੀ ਆਪ ਚੜ੍ਹਾ ਲਿਆ । ਸੋ ਪੁਰਖ ਨਿਰੰਜਣ ਅੱਗੇ ਖਲਾ, ਹੰ ਹੰਗਤਾ ਮੇਟ ਮਿਟਾ ਲਿਆ । ਜੋਤੀ ਸ਼ਬਦੀ ਆਪੇ ਰੱਲਾ, ਸੋਹੰ ਸਾਚਾ ਜਾਪ ਜਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਇਕ ਘਰ, ਘਰ ਸਾਚਾ ਜੀਉ ਪਿੰਡ ਕਾਚਾ ਥਿਰ ਕੋਈ ਰਹਿਣ ਨਾ ਪਾ ਲਿਆ । ਕਾਇਆ ਤਨ ਜਗਤ ਜਗ ਨਾਤਾ, ਥਿਰ ਰਹਿਣ ਨਾ ਪਾਇਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਭੈਣ ਭਾਈ ਸਾਕ ਸੈਣ ਕੋਈ ਦਿਸ ਨਾ ਆਇਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਦੀਨ ਈਮਾਨ ਨਾ ਕੋਈ ਰਖਾਇਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਰਵ ਸਸ ਨਾ ਕੋਈ ਸੁਹਾਇਆ । ਏਕਾ ਸ਼ਬਦ ਧੁਰਦਰਗਾਹੀ ਸਾਚੀ ਦਾਤਾ, ਗੁਰ ਪੂਰਾ ਝੋਲੀ ਪਾਇਆ । ਇਕ ਵਖਾਏ ਚੌਦਾਂ ਲੋਕ ਸਾਚਾ ਹਾਟਾ, ਹਰਿ ਸਾਚੇ ਆਪ ਖੁਲ੍ਹਾਇਆ । ਵੇਖ ਵਖਾਏ ਦਇਆ ਕਮਾਏ ਕਾਇਆ ਬਾਟਾ, ਕੰਚਨ ਗੜ੍ਹ ਇਕ ਸੁਹਾਇਆ । ਆਪ ਲੇਪੇਟੇ ਕਾਇਆ ਆਨ ਬਾਟਾ, ਆਪੇ ਫੰਦ ਕਟਾਇਆ । ਕਲਜੁਗ ਅੰਤਮ ਨੇੜੇ ਆਈ ਵਾਟਾ, ਰਿਹਾ ਪੰਧ ਮੁਕਾਇਆ । ਮਨਮੁਖਾਂ ਮਾਨਸ ਮਾਨੁਖ ਪਿਆ ਘਾਟਾ, ਨਾ ਕੋਈ ਪੱਲੇ ਗੰਢ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜਨ ਜਨ ਹਰਿ ਗੁਰਮੁਖ ਗੁਰਸਿਖ ਸਦਾ ਏਕਾ ਘਰ ਘਰ ਬਾਰਾ, ਹਰਿ ਨਿਰੰਕਾਰਾ ਆਪਣਾ ਆਪ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਰ ਸੇਵਾ ਰਿਹਾ ਕਮਾਇਆ ।

ਹਰਿ ਸਾਜਨ ਜਗ ਮੀਤੜਾ, ਪਾਰਬ੍ਰਹਮ ਕਰਤਾਰ । ਕਾਇਆ ਚੋਲੀ ਰੰਗੇ ਚੀਥੜਾ, ਚਾੜ੍ਹੇ ਰੰਗਣ ਨਾਮ ਅਪਾਰ । ਦੇਵੇ ਨਾਮ ਸਦਾ ਅਨਡੀਠੜਾ, ਦਿਸ ਨਾ ਆਏ ਵਿਚ ਸੰਸਾਰ । ਜੁਗ ਜੁਗ ਜਾਣੇ ਆਪਣੀ ਰੀਤੜਾ, ਆਪ ਆਪਣੀ ਕਰ ਵਿਚਾਰ । ਸੰਤ ਸਹਾਈ ਸਾਚਾ ਮੀਤੜਾ, ਜੋਤ ਸਰੂਪੀ ਖੇਲ ਅਪਾਰ । ਇਕ ਸੁਣਾਏ ਸੁਹਾਗੀ ਗੀਤੜਾ, ਸੋ ਪੁਰਖ ਨਿਰੰਜਣ ਕਿਰਪਾ ਧਾਰ । ਗੁਰਮੁਖ ਵਿਰਲਾ ਮਾਨਸ ਦੇਹੀ ਜੀਤੜਾ, ਜਿਸ ਪਾਇਆ ਸਿਰਜਣਹਾਰ । ਕਰੇ ਕਰਾਏ ਪੱਤਤ ਪੁਨੀਤੜਾ, ਪੱਤਤ ਪਾਪੀ ਦਏ ਉਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਅਪਰ ਅਪਾਰ । ਹਰਿ ਸਾਜਨ ਜਗ ਮੀਤ ਹੈ, ਆਦਿ ਅੰਤ ਅਖਵਾਇਆ । ਪੁਰਖ ਅਬਿਨਾਸ਼ੀ ਇਕ ਅਚੁਤ ਹੈ, ਰੂਪ ਰੰਗ ਰੇਖ ਨਾ ਰਾਇਆ । ਆਪੇ ਮਾਤਾ ਪਿਤ ਆਪੇ ਸੁਤ ਹੈ, ਆਪਣੀ ਗੋਦੀ ਆਪ ਉਠਾਇਆ । ਆਪ ਸੁਹਾਏ ਆਪਣੀ ਰੁੱਤ ਹੈ, ਦਰ ਆਪਣਾ ਵੇਖ ਵਖਾਇਆ । ਘਰ ਆਪਣਾ ਆਪੇ ਰਿਹਾ ਲੁੱਟ ਹੈ, ਆਪੇ ਆਪ ਭੰਡਾਰ ਭਰਾਇਆ । ਜੁਗਾ ਜੁਗੰਤ ਨਾ ਜਾਏ ਨਿਖੁਟ ਹੈ, ਨਾਮ ਧਨ ਖ਼ਜਾਨਾ ਇਕ ਵਰਤਾਇਆ । ਆਪਣੀ ਜੜ੍ਹ ਆਪੇ ਦੇਵੇ ਪੁੱਟ ਹੈ, ਆਪੇ ਰਿਹਾ ਲਗਾਇਆ । ਆਪ ਆਪਣਾ ਆਪੇ ਰਿਹਾ ਕੁੱਟ ਹੈ, ਹਰਿ ਆਪੇ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਵੇਸ ਵਟਾਇਆ । ਹਰਿ ਸਾਜਨ ਜਨ ਸੰਗੀਆ, ਸਗਲਾ ਸੰਗ ਨਿਭਾਏ । ਖੇਲੇ ਖੇਲ


Rev-01

੩੫੪
੦੨

ਬਹੁ ਬਹੁ ਰੰਗੀਆ, ਭੇਵ ਅਭੇਦਾ ਭੇਵ ਨਾ ਰਾਏ । ਸਖਾ ਸੁਹੇਲਾ ਅੰਗੀ ਸੰਗੀਆ, ਸਗਲਾ ਸੰਗ ਨਿਭਾਏ । ਬੈਠਾ ਸ਼ਬਦ ਰੰਗੀਲੇ ਸਚ ਪਲੰਘੀਆ, ਨੇਤਰ ਨੈਣਾਂ ਦਿਸ ਨਾ ਆਏ । ਸੰਤ ਸੁਹੇਲੇ ਗੁਰੂ ਗੁਰ ਚੇਲੇ ਏਕਾ ਮੰਗਣ ਮੰਗੀਆ, ਨੈਣੀ ਨੈਣ ਦਰਸ਼ਨ ਪਾਏ । ਮੇਲ ਮਿਲਾਵਾ ਦਾਤਾ ਸੂਰਾ ਸਰਬੰਗੀਆ, ਸਰਬ ਕਲ ਅਖਵਾਏ । ਅੰਮ੍ਰਿਤ ਧਾਰ ਨੁਹਾਏ ਸਾਚੀ ਗੰਗੀਆ, ਸਰ ਸਰੋਵਰ ਇਕ ਵਖਾਏ । ਅਨਹਦ ਵਜਾਏ ਸਚ ਮਰਦੰਗੀਆ, ਰਾਗ ਅਨਾਦੀ ਇਕ ਸੁਣਾਏ । ਲੇਖੇ ਲਾਏ ਬੱਤੀ ਦੰਦੀਆ, ਜੋ ਜਨ ਰਸਨਾ ਰਹੇ ਗਾਏ । ਮੇਟੇ ਰੈਣ ਅੰਧੇਰੀ ਅੰਧੀਆ, ਅੰਧ ਅੰਧੇਰਾ ਦਏ ਮਿਟਾਏ । ਲੱਖ ਚੁਰਾਸੀ ਪਾਰ ਕਰਾਏ ਪੰਧੀਆ, ਆਵਣ ਜਾਵਣ ਫੰਦ ਕਟਾਏ । ਧਰਮ ਰਾਏ ਤੋੜੇ ਬੰਦੀਆ, ਬੰਦੀਖਾਨਾ ਨਾ ਕੋਈ ਸਜਾਏ । ਗੁਰਮੁਖ ਵਿਰਲੇ ਪ੍ਰਭ ਚਰਨ ਦਵਾਰ ਏਕਾ ਮੰਗ ਮੰਗੀਆ, ਪੂਰਨ ਇਛਿਆ ਆਪ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਿਰਾਧਾਰ ਅਖਵਾਏ । ਹਰਿ ਸਾਜਨ ਜਗ ਪੇਖਿਆ, ਪਰਮ ਪੁਰਖ ਸੁਲਤਾਨ । ਨਾ ਕੋਈ ਰੂਪ ਨਾ ਕੋਈ ਰੇਖਿਆ, ਨਾ ਕੋਈ ਸੂਰਤ ਵਿਚ ਜਹਾਨ, ਆਦਿ ਜੁਗਾਦੀ ਸ਼ਬਦ ਬ੍ਰਿਹਮਾਦੀ ਜੁਗ ਜੁਗ ਧਾਰੇ ਆਪਣਾ ਭੇਖਿਆ, ਆਪਣੀ ਕਲ ਆਪ ਵਰਤਾਨ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਦਰ ਦਰਵੇਸ਼ਾ ਆਪ ਕਹਾਏ । ਸ਼ਾਹੋ ਭੂਪ ਨਰ ਨਰੇਸ਼ਿਆ, ਸਚ ਸਿੰਘਾਸਣ ਆਸਣ ਲਾਏ । ਇਕ ਸੁਣਾਏ ਨਾਮ ਸੰਦੇਸ਼ਿਆ, ਗੁਰਮੁਖ ਸਾਜਣ ਲਏ ਜਗਾਏ । ਆਤਮ ਬ੍ਰਹਮ ਕਰੇ ਪਰਵੇਸ਼ਿਆ, ਪਾਰਬ੍ਰਹਮ ਸਰਨਾਏ । ਵੇਖ ਵਖਾਏ ਧਾਰੀ ਕੇਸਿਆ, ਮੂੰਡ ਮੁੰਡਾਏ ਗਣਤ ਗਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਰੰਗ ਨਵੇਲ ਏਕਾ ਦਰ ਸੁਹਾਏ । ਹਰਿ ਸਾਜਣ ਹਰਿ ਮਾਨਿਆ, ਸਤਿਗੁਰ ਦੀਨ ਦਿਆਲ । ਨਾ ਕੋਈ ਜਾਣੇ ਸੁਘੜ ਸਿਆਣਿਆ, ਨਾ ਕੋਈ ਪਰਖੇ ਪਾਰਖੂ ਲਾਲ । ਕਿਸੇ ਹੱਥ ਨਾ ਆਏ ਰਾਜੇ ਰਾਣਿਆ, ਜੁਗ ਜੁਗ ਚਲੇ ਅਵੱਲੜੀ ਚਾਲ । ਜਨ ਹਰਿ ਹਰਿਜਨ ਆਪਣਾ ਆਪੇ ਆਪ ਪਛਾਣਿਆ, ਦੇਵੇ ਨਾਮ ਸੱਚਾ ਧਨ ਮਾਲ । ਤੋੜਣਹਾਰਾ ਜਗਤ ਜੰਜਾਲਿਆ, ਆਪੇ ਸ਼ਾਹ ਆਪੇ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਕਾਇਆ ਮੰਦਰ ਸਚ ਧਰਮ ਸੱਚੀ ਧਰਮਸਾਲ । ਹਰਿ ਸਾਜਣ ਘਰ ਵਸਿਆ, ਉਚ ਮਹੱਲ ਮੁਨਾਰ । ਰਾਹ ਆਪਣਾ ਆਪੇ ਦੱਸਿਆ, ਆਪ ਆਪਣੀ ਕਰ ਵਿਚਾਰ । ਸ਼ਬਦ ਸਰੂਪੀ ਫਿਰੇ ਨੱਸਿਆ, ਦਿਵਸ ਰੈਣ ਏਕਾ ਧਾਰ । ਆਪਣਾ ਤੀਰ ਨਿਰਾਲਾ ਆਪੇ ਕਸਿਆ, ਆਪਣੀਆਂ ਭੁਜਾਂ ਰਿਹਾ ਸਵਾਰ । ਗੁਰਮੁਖ ਮੇਟੇ ਰੇਣ ਅੰਧੇਰੀ ਮੱਸਿਆ, ਪੰਚ ਵਿਕਾਰਾ ਦੇਵੇ ਮਾਰ । ਕੋਟਨ ਕੋਟ ਕਰੇ ਪਰਕਾਸ਼ ਰਵ ਸੱਸਿਆ, ਸੂਰਜ ਚੰਨ ਕਰੇ ਨਿਮਸਕਾਰ । ਹਰ ਘਟ ਅੰਦਰ ਆਪੇ ਵਸਿਆ, ਰੂਪ ਅਗੰਮ ਅਗੰਮੜੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਅਪਰ ਅਪਾਰ । ਹਰਿ ਸਾਜਨ ਹਰਿ ਰੂਪ ਹੈ, ਏਕਾ ਰੰਗ ਸਮਾਏ । ਵੇਖ ਵਖਾਣੇ ਚਾਰੇ ਕੂਟ ਹੈ, ਦਹਿ ਦਿਸ਼ਾ ਸੰਗ ਨਿਭਾਏ । ਤੀਰ ਨਿਰਾਲਾ ਰਿਹਾ ਛੂਟ ਹੈ, ਇਕ ਨਿਸ਼ਾਨਾ ਰਿਹਾ ਲਗਾਏ । ਮੇਟ ਮਿਟਾਏ ਜੂਠ ਝੂਠ ਹੈ, ਮਾਇਆ ਮਮਤਾ ਮੋਹ ਮਿਟਾਏ । ਅਲਖ ਨਿਰੰਜਣ ਆਪੇ ਰਿਹਾ ਤੂਠ ਹੈ, ਆਪਣੀ ਆਪ ਅਲਖ ਜਗਾਏ । ਮਨਮੁਖਾਂ ਹੱਥ ਫੜਾਏ ਖਾਲੀ ਠੂਠ ਹੈ, ਨਾਮ ਭਿਛਿਆ ਕੋਈ ਨਾ ਪਾਏ । ਧੁਰਦਰਗਾਹੀ ਗਿਆ ਰੂਠ ਹੈ, ਬੈਠਾ ਮੁਖ ਭਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਅਪਰ ਅਪਾਰ, ਨਿਝ ਘਰ ਆਪਣੀ ਰਿਹਾ ਚਲਾਏ । ਹਰਿ ਸਾਜਨ ਹਰਿ ਪਾਇਆ, ਘਰ ਮੇਲ ਸੁਹਾਗੀ

ਕੰਤਾ । ਆਪ ਆਪਣਾ ਮੋਹ ਚੁਕਾਇਆ, ਮਿਲਿਆ ਮੇਲ ਸ੍ਰੀ ਭਗਵੰਤਾ । ਏਕਾ ਦੂਜਾ ਭੌ ਗਵਾਇਆ, ਏਕਾ ਸ਼ਬਦ ਮਣੀਆ ਮੰਤਾ । ਤੀਜਾ ਲੋਚਣ ਆਪ ਖੁਲ੍ਹਾਇਆ, ਧੰਨ ਸੁਭਾਗੀ ਸਾਚਾ ਸੰਤਾ । ਚੌਥੇ ਆਪ ਸਮਾਇਆ, ਮਿਲਿਆ ਮੇਲ ਇਕ ਇਕੰਤਾ । ਪੰਚਮ ਮੇਲ ਸਹਿਜ ਸੁਭਾਇਆ, ਮੇਲਣਹਾਰ ਆਦਿਨ ਅੰਤਾ । ਛੇਵੇਂ ਛੱਪਰ ਛੰਨ ਨਾ ਕੋਈ ਰਖਾਇਆ, ਬੈਠਾ ਆਪੇ ਇਕ ਇਕੰਤਾ । ਸਤਵੇਂ ਸਤਿ ਸਤਿਵਾਦੀ ਡੇਰਾ ਲਾਇਆ, ਨਾ ਕੋਈ ਜਾਣੇ ਜੀਵ ਜੰਤਾ । ਅੱਠਾਂ ਤੱਤਾਂ ਭੇਵ ਨਾ ਰਾਇਆ, ਨਾ ਕੋਈ ਬਣਾਏ ਬਣਤਾ । ਨੌਂ ਦਰ ਆਪੇ ਰਿਹਾ ਤਜਾਇਆ, ਆਪ ਆਪਣੀ ਛੱਡ ਸੁਗੰਦਤਾ । ਦਰ ਸਾਚਾ ਵੇਖ ਵਖਾਇਆ, ਫਲ ਫੁਲਵਾੜੀ ਇਕ ਬਸੰਤਾ । ਜਨ ਹਰਿ ਹਰਿ ਜਨ ਦਰ ਘਰ ਸਾਚਾ ਪਾਇਆ, ਮੇਟ ਮਿਟਾਏ ਸਗਲੀ ਚਿੰਤਾ । ਚਿੰਤਾ ਰੋਗ ਰਹਿਣ ਨਾ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਵਿਚ ਸੰਸਾਰ, ਪਾਰਬ੍ਰਹਮ ਗੁਰ ਹਰਿ ਕਰਤਾਰ, ਕਰਤਾ ਪੁਰਖ ਰੂਪ ਵਟੰਤਾ । ਹਰਿ ਸਾਜਣ ਹਰਿ ਧੰਨ ਹੈ, ਹਰਿ ਹਰਿ ਰੰਗ ਸਮਾਏ । ਹਰਿਜਨ ਬੇੜਾ ਦੇਵੇ ਬੰਨ ਹੈ, ਆਪ ਆਪਣੀ ਦਇਆ ਕਮਾਏ । ਨਿਰਮਲ ਦੀਪ ਜੋਤ ਜਗਾਏ ਤਨ ਹੈ, ਅਕਾਸ਼ ਪਰਕਾਸ਼ ਸਮਾਏ । ਧੁਨ ਅਨਾਦੀ ਰਾਗ ਸੁਣਾਏ ਕੰਨ ਹੈ, ਤਾਲ ਤਲਵਾੜਾ ਇਕ ਵਜਾਏ । ਭਰਮ ਭੁਲੇਖਾ ਕੱਢੇ ਜਨ ਹੈ, ਜਨ ਜਨਨੀ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲ ਸਚ ਘਰ ਘਰ ਸੁਹੰਜਣਾ, ਜਗੇ ਜੋਤ ਆਦਿ ਨਿਰੰਜਣਾ ਦੀਵਾ ਬਾਤੀ ਨਾ ਕੋਈ ਰਖਾਏ । ਹਰਿ ਸਾਜਣ ਹਰਿ ਸਾਥ ਹੈ, ਸਰਬ ਕਲਾ ਸਮਰਥ । ਆਪੇ ਰੱਖੇ ਦੇ ਕਰ ਹੱਥ ਹੈ, ਸਗਲ ਵਿਸੂਰੇ ਦੇਵੇ ਮਥ । ਏਕਾ ਨਾਮ ਚਲਾਏ ਸਾਚੀ ਗਾਥ ਹੈ, ਦੋ ਜਹਾਨੀ ਸਾਚਾ ਰਥ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਹੱਥ ਹੈ, ਪਰਗਟ ਹੋ ਤ੍ਰਿਲੋਕੀ ਨਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਏਕਾ ਦਰ, ਗੁਰਮੁਖ ਸਾਜਣ ਸਾਚੇ ਘਰ, ਆਪ ਕਰਾਏ ਹਰਿ ਰਘੁਨਾਥ । ਹਰਿ ਸਾਜਨ ਹਰਿ ਮੇਲ ਹੈ, ਮੇਲਾ ਧੁਰ ਦਰਗਾਹ । ਆਪੇ ਸੱਜਣ ਸੁਹੇਲ ਹੈ, ਦੇਵੇ ਸਚ ਸਲਾਹ । ਆਪੇ ਗੁਰੂ ਗੁਰੂ ਗੁਰ ਚੇਲ ਹੈ, ਆਪੇ ਜਗਤ ਮਲਾਹ । ਆਪੇ ਵਸਿਆ ਰੰਗ ਨਵੇਲ ਹੈ, ਆਪੇ ਦੱਸਣਹਾਰਾ ਰਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਏਕਾ ਦਰ, ਇਕ ਵਖਾਏ ਸਾਚਾ ਨਾਂ । ਹਰਿ ਸਾਜਨ ਸਚ ਜੋਗ ਹੈ, ਜੋਗੀ ਜੋਗ ਕਮਾਏ । ਆਤਮ ਰਸ ਸਾਚਾ ਭੋਗ ਹੈ, ਭੋਗੀ ਭੋਗ ਵਖਾਏ । ਪੂਰਨ ਗੁਰ ਧੁਰ ਸੰਜੋਗ ਹੈ, ਧੁਰ ਸੰਜੋਗੀ ਮੇਲ ਮਿਲਾਏ । ਕੱਟਣਹਾਰਾ ਹਉਮੇ ਰੋਗ ਹੈ, ਹਉਮੇ ਹੰਗਤਾ ਰੋਗ ਗਵਾਏ । ਦੇਵੇ ਦਰਸ ਇਕ ਅਮੋਘ ਹੈ, ਅਗੰਮ ਅਗੰਮੜਾ ਰੂਪ ਵਟਾਏ । ਨਾਮ ਚੁਗਾਏ ਸਾਚੀ ਚੋਗ ਹੈ, ਤ੍ਰਿਸਨਾ ਭੁੱਖ ਗਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸੇਵਾ ਸੇਵਾਦਾਰ ਲੱਖ ਚੁਰਾਸੀ ਡੇਰਾ ਲਾਏ । ਲੱਖ ਚੁਰਾਸੀ ਡੇਰਾ ਲਾ, ਆਪਣਾ ਮੁਖ ਛੁਪਾਇਆ । ਆਪੇ ਹੋਇਆ ਬੇਪਰਵਾਹ, ਭੇਵ ਕੋਈ ਨਾ ਰਾਇਆ । ਆਪੇ ਜਾਣੇ ਆਪਣਾ ਨਾਂ, ਨਾ ਕੋਈ ਲੇਖਾ ਲੇਖ ਲਿਖਾਇਆ । ਆਪੇ ਜਾਣੇ ਆਪਣਾ ਥਾਂ, ਘਰ ਆਪਣੇ ਡੇਰਾ ਲਾਇਆ । ਆਪੇ ਜਾਣੇ ਆਪਣੀ ਮਾਂ, ਪਿਤਾ ਪੂਤ ਆਪ ਜਣਾਇਆ । ਆਪੇ ਮਾਣੇ ਆਪਣੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਦੂਸਰ ਕੋਈ ਵਖਾਣੇ ਨਾ, ਭੇਵ ਅਭੇਦਾ ਅਛਲ ਅਛੇਦਾ ਭੇਵ ਕੋਈ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ, ਦਿਸ ਕਿਸੇ ਨਾ ਆਇਆ । ਸ਼ਾਹੋ ਭੂਪ ਹਰਿ ਸੁਲਤਾਨਾ, ਪਾਰਬ੍ਰਹਮ ਭਗਵੰਤਾ । ਆਪੇ

ਵਸਿਆ ਸਚ ਟਿਕਾਨਾ, ਆਪੇ ਜਾਣੇ ਆਦਿਨ ਅੰਤਾ । ਆਪੇ ਚੜ੍ਹੇ ਨਾਮ ਬਿਬਾਨਾ, ਵੇਖ ਵਖਾਣੇ ਸਾਚੇ ਸੰਤਾ । ਆਪੇ ਦੇਵੇ ਜੀਆ ਦਾਨਾ, ਨਾਮ ਨਾਮਾ ਮਣੀਆ ਮੰਤਾ । ਆਪੇ ਵੇਖੇ ਗੋਪੀ ਕਾਹਨਾ, ਆਪ ਆਪਣਾ ਵੇਸ ਵਟੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਖੇਲੇ ਜੁਗਾ ਜੁਗੰਤਾ । ਜੁਗ ਜੁਗ ਖੇਲ ਖੇਲਣਹਾਰਾ, ਅਕਲ ਕਲ ਅਖਵਾਇਆ । ਸਤਿਜੁਗ ਸਾਚੇ ਪਾਵੇ ਸਾਰਾ, ਆਪ ਆਪਣਾ ਵੇਸ ਵਟਾਇਆ । ਤ੍ਰੇਤਾ ਤੇਰਾ ਮੀਤ ਮੁਰਾਰਾ, ਤੇਰਾ ਰੰਗ ਰੰਗਾਇਆ । ਦੁਆਪਰ ਤੇਰਾ ਪਾਰ ਕਿਨਾਰਾ, ਵਿਚ ਸੰਸਾਰ ਰਹਿਣ ਨਾ ਪਾਇਆ । ਕਲਜੁਗ ਅੰਤਮ ਆਈ ਵਾਰਾ, ਹਰਿ ਸਾਚਾ ਵੇਖ ਵਖਾਇਆ । ਨਾਨਕ ਗੋਬਿੰਦ ਬਣ ਲਿਖਾਰਾ, ਲੇਖਾ ਗਿਆ ਲਿਖਾਇਆ । ਵੇਦ ਵਿਆਸਾ ਪਾਵੇ ਸਾਰਾ, ਪੂਰਨ ਬ੍ਰਹਮ ਜਣਾਇਆ । ਪੂਤ ਸਪੂਤਾ ਉਚ ਮੁਨਾਰਾ, ਉਚੇ ਟਿੱਲੇ ਆਸਣ ਲਾਇਆ । ਸੰਬਲ ਨਗਰੀ ਧਾਮ ਨਿਆਰਾ, ਧਰਨੀ ਧਵਲ ਸੁਹਾਇਆ । ਪਰਗਟ ਹੋਏ ਏਕੰਕਾਰਾ, ਏਕਾ ਕਲ ਵਰਤਾਇਆ । ਜੀਵ ਜੰਤ ਨਾ ਪਾਏ ਸਾਰਾ, ਲੇਖਾ ਲੇਖ ਨਾ ਕੋਇ ਜਣਾਇਆ । ਆਪੇ ਜਾਣੇ ਆਪਣੀ ਕਾਰਾ, ਕਰਤਾ ਕਾਦਰ ਆਪ ਹੋ ਆਇਆ । ਖੇਲੇ ਖੇਲ ਅਪਰ ਅਪਾਰਾ, ਖੇਲਣਹਾਰ ਸ੍ਰਿਸ਼ਟ ਸਬਾਇਆ । ਸ਼ਬਦ ਖੰਡਾ ਤੇਜ਼ ਕਟਾਰਾ, ਆਪ ਆਪਣਾ ਰਿਹਾ ਉਠਾਇਆ । ਦੋ ਜਹਾਨਾਂ ਪਾਵੇ ਸਾਰਾ, ਲੋਆਂ ਪੁਰੀਆਂ ਰਿਹਾ ਹਿਲਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਬ੍ਰਹਿਮੰਡ ਖੰਡ ਵੰਡ ਵੰਡਾਇਆ । ਇਕ ਅਕੱਲਾ ਏਕੰਕਾਰਾ, ਉਤਭੁਜ ਸੇਤਜ ਜੇਰਜ ਅੰਡ ਏਕਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਆਪਣਾ ਖੇਲ ਵੇਖਣ ਆਇਆ । ਆਪਣੀ ਖੇਲ ਖੇਲਣਹਾਰਾ, ਆਪੇ ਖੇਲ ਖਿਲਾਇੰਦਾ । ਆਪਣਾ ਮੇਲ ਮੇਲਣਹਾਰਾ, ਆਪੇ ਮੇਲ ਮਿਲਾਇੰਦਾ । ਗੁਰੂ ਗੁਰ ਚੇਲੇ ਵੇਖੇ ਇਕ ਦਵਾਰਾ, ਏਕਾ ਘਰ ਸੁਹਾਇੰਦਾ । ਪੰਚਮ ਮੀਤਾ ਕਰ ਪਿਆਰਾ, ਪੰਚਮ ਮੋਹ ਚੁਕਾਇੰਦਾ । ਚੌਥੇ ਦਰ ਪਾਵੇ ਸਾਰਾ, ਸਾਚਾ ਦਰ ਸੁਹਾਇੰਦਾ । ਤੀਜੇ ਲੋਇਣ ਖੇਲ ਅਪਾਰਾ, ਨਿਰਗੁਣ ਰੂਪ ਸਮਾਇੰਦਾ । ਦੋਏ ਮੇਲਾ ਇਕ ਘਰ ਬਾਰਾ, ਸੁਰਤੀ ਸ਼ਬਦੀ ਘਰ ਬਹਾਇੰਦਾ । ਏਕਾ ਘੜਨ ਭੰਨਣਹਾਰਾ, ਸਮਰਥ ਪੁਰਖ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਖੇਲ ਰਿਹਾ ਕਰ, ਦਿਸ ਕਿਸੇ ਨਾ ਆਇੰਦਾ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚੇ ਵੇਖ ਵਖਾਈਆ । ਚਾਰੋਂ ਕੁੰਟ ਕੂੜ ਕੁੜਿਆਰ, ਦਹਿ ਦਿਸ਼ਾ ਅੰਧੇਰਾ ਛਾਈਆ । ਨਾ ਕੋਈ ਦੀਸੇ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਨਿਭਾਈਆ । ਮਾਇਆ ਭੁੱਲੇ ਜੀਵ ਗਵਾਰ, ਮਾਇਆ ਮਮਤਾ ਮੋਹ ਰਖਾਈਆ । ਹਉਮੇ ਰੁਲੇ ਵਿਚ ਸੰਸਾਰ, ਹੰ ਹੰਗਤਾ ਕਰੀ ਕੁੜਮਾਈਆ । ਫਲੇ ਫੁੱਲੇ ਸਿਮਲ ਧਾਰ, ਫਲ ਕੋਈ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਰੂਪ ਵਟਾਈਆ । ਨਿਰਗੁਣ ਵੇਸ ਹਰਿ ਅਵੱਲਾ, ਆਪਣਾ ਆਪ ਕਰਾਇਆ । ਆਪੇ ਬੈਠਾ ਸਚ ਮਹੱਲਾ, ਸਚ ਸਿੰਘਾਸਣ ਆਸਣ ਲਾਇਆ । ਵੇਖ ਵਖਾਣੇ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਏਕਾ ਰੰਗਣ ਨਾਮ ਰੰਗਾਇਆ । ਸ਼ਬਦ ਫੜਾਏ ਸਾਚਾ ਪੱਲਾ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਮਨਮੁਖ ਭੁਲਾਏ ਕਰ ਕਰ ਵਲ ਛੱਲਾ, ਵਲ ਛਲ ਧਾਰੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਰਿਹਾ ਕਰ, ਵੇਸ ਅਨੇਕਾ ਆਪ ਹੋ ਜਾਇਆ । ਵੇਸ ਅਨੇਕਾ ਹਰਿ ਗਿਰਧਾਰਾ,


੩੫੬ ੦੨

ਅਕਲ ਕਲ ਅਖਵਾਇਆ । ਕਲਜੁਗ ਅੰਤਮ ਲੈ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ । ਪੰਜ ਤਤ ਨਾ ਕਰੇ ਪਿਆਰਾ, ਮਨ ਮਤ ਬੁਧ ਨਾ ਕੋਈ ਰਖਾਇਆ । ਨਾ ਕੋਈ ਬਸਤਰ ਤਨ ਸ਼ੰਗਾਰਾ, ਨਾ ਕੋਈ ਸ਼ਸਤਰ ਤਨ ਸਜਾਇੰਦਾ । ਇਕ ਅਕੱਲਾ ਕਰਨੇਹਾਰਾ, ਕਰਤਾ ਪੁਰਖ ਆਪ ਅਖਵਾਇੰਦਾ । ਇਕ ਅਕੱਲਾ ਸ਼ਬਦ ਘੋੜਾ ਚਿੱਟਾ ਅਸਵ ਹੋ ਅਸਵਾਰਾ, ਸੋਲਾਂ ਕਲੀਆਂ ਆਸਣ ਲਾਇੰਦਾ । ਉਪਰ ਚਾੜ੍ਹੇ ਸਾਚਾ ਲਾੜਾ, ਦੋ ਜਹਾਨਾਂ ਵੇਖੇ ਏਕਾ ਅਖਾੜਾ, ਨੌਂ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਵੇਖ ਵਖਾਇੰਦਾ । ਆਪ ਉਠਾਏ ਆਪਣੀ ਅਗੰਮੀ ਧਾੜਾ, ਅਗਨ ਲਗਾਏ ਬਹੱਤਰ ਨਾੜਾ, ਲੁੱਟੀ ਜਾਏ ਦਿਨ ਦਿਹਾੜਾ, ਮਨਮੁਖ ਜੀਵਾਂ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਧਾਰ ਹਰਿ ਕਰਤਾਰ ਵਿਚ ਸੰਸਾਰ, ਆਪਣੀ ਆਪ ਚਲਾਇੰਦਾ । ਨਿਰਗੁਣ ਧਾਰ ਹਰਿ ਕਰਤਾਰ, ਆਪਣੀ ਆਪ ਚਲਾਈਆ । ਆਪਣੀ ਜੋਤੀ ਕਰ ਉਜਿਆਰ, ਆਪੇ ਵੇਖ ਵਖਾਈਆ । ਸ਼ਬਦ ਸਰੂਪੀ ਜੈ ਜੈ ਜੈਕਾਰ, ਜੈ ਜੈਕਾਰਾ ਰਿਹਾ ਕਰਾਈਆ । ਲੱਖ ਚੁਰਾਸੀ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਆਪੇ ਵੇਖੇ ਅੰਦਰ ਬਾਹਰ, ਗੁਪਤ ਜਾਹਰ ਭੇਵ ਨਾ ਰਾਈਆ । ਪਰਖਣਹਾਰਾ ਪਰਖੇ ਕਲਜੁਗ ਤੇਰੀ ਅੰਤਮ ਵਾਰ, ਨਾਮ ਕਸਵਟੀ ਇਕ ਉਠਾਈਆ । ਸੋ ਪੁਰਖ ਨਿਰੰਜਣ ਦਇਆ ਧਾਰ, ਦਇਆ ਨਿਧ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਕਰ, ਨਿਰਗੁਣ ਨਿਰਗੁਣ ਵੇਸ ਵਟਾਈਆ । ਨਿਰਗੁਣ ਵੇਸ ਹਰਿ ਵਟਾਇਆ, ਅਚਰਜ ਬਣਤ ਬਣਾਈਆ । ਗੋਬਿੰਦ ਮੇਲਾ ਇਕ ਕਰਾਇਆ, ਘਰ ਮੇਲਾ ਸਹਿਜ ਸਭਾਈਆ । ਘਰ ਵਿਚ ਘਰ ਰਿਹਾ ਸੁਹਾਇਆ, ਘਰ ਬੈਠਾ ਆਸਣ ਲਾਈਆ । ਘਰ ਵਿਚ ਜੋਤੀ ਰਿਹਾ ਟਿਕਾਇਆ, ਘਰ ਘਰ ਕਰੇ ਰੁਸ਼ਨਾਈਆ । ਘਰ ਵਿਚ ਘਰ ਚੋਟੀ ਚੜ੍ਹ ਵਖਾਇਆ, ਏਕਾ ਡੰਡਾ ਉਪਰ ਲਾਈਆ । ਕੋਟੀ ਕੋਟ ਫੜ ਵਖਾਇਆ, ਫੜਣਹਾਰਾ ਦਿਸ ਨਾ ਆਈਆ । ਆਪਣਾ ਘਾੜਨ ਘੜ ਜਗਤ ਘੜਾਇਆ, ਭੰਨਣਹਾਰ ਆਪ ਹੋ ਜਾਈਆ । ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਲੜਨ ਸਮਰਥ ਪੁਰਖ ਆਪ ਆਈਆ । ਖੰਡਾ ਤੀਰ ਕਟਾਰ, ਬਸਤਰ ਸ਼ਸਤਰ ਨਾ ਕੋਈ ਉਠਾਈਆ । ਸ਼ਬਦ ਸਰੂਪੀ ਮਾਰੇ ਮਾਰ, ਆਪੇ ਜਾਣੇ ਆਪਣੀ ਕਾਰ, ਕਰੇ ਕਰਾਏ ਕਰਨੇਹਾਰ, ਕਾਰਜ ਕਰਤਾ ਆਪ ਅਖਵਾਈਆ । ਗੁਰਮੁਖ ਸੁਹਾਗਣ ਹੋਏ ਨਾਰ, ਮਿਲੇ ਮੇਲ ਹਰਿ ਕੰਤ ਭਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੰਗ ਨਿਰਗੁਣ ਸੰਗ ਨਿਰਗੁਣ ਰੂਪ ਨਿਰਗੁਣ ਵਿਚ ਸਮਾਈਆ ।

## * ੧੯ ਜੇਠ ੨੦੧੫ ਬਿਕ੍ਰਮੀ ਅਜੀਤ ਸਿੰਘ ਦੇ ਘਰ ਚਾਹ ਤੋਤੀ ਵਾਲਾ ਫੈਜ਼ਪੁਰ *

ਨਿਰਗੁਣ ਰੂਪ ਅਪਾਰ, ਨਿਰਗੁਣ ਸਮਾਇਆ । ਨਿਰਗੁਣ ਰੂਪ ਅਧਾਰ, ਨਿਰਗੁਣ ਟਿਕਾਇਆ । ਨਿਰਗੁਣ ਰੂਪ ਕਰਤਾਰ, ਨਿਰਗੁਣ ਨਾਉਂ ਧਰਾਇਆ । ਨਿਰਗੁਣ ਕਰ ਪਿਆਰ, ਨਿਰਗੁਣ ਵੇਖ ਵਖਾਇਆ । ਨਿਰਗੁਣ ਕਰ ਉਜਿਆਰ, ਨਿਰਗੁਣ ਸੇਵਾ ਲਾਇਆ । ਨਿਰਗੁਣ ਪਾਵੇ ਸਾਰ, ਨਿਰਗੁਣ ਵੇਖ ਵਖਾਇਆ । ਨਿਰਗੁਣ ਬੰਨੇ ਧਾਰ, ਨਿਰਗੁਣ ਮੂਲ ਚੁਕਾਇਆ । ਨਿਰਗੁਣ ਏਕਾ ਕਾਰ, ਏਕਾ ਏਕ ਅਖਵਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਆਪ ਆਪਣੀ ਬਣਤ ਬਣਾ, ਆਪਣੀ ਬਣਤ ਬਣਾਈਆ । ਆਪਣਾ ਲੇਖਾ ਆਪ ਲਿਖਾ, ਆਪਣੀ ਗਣਤ ਗਣਾਈਆ । ਆਪਣਾ ਵੇਸਾ ਆਪ ਵਟਾ, ਆਪਣਾ ਰੂਪ ਦਰਸਾਈਆ । ਆਪਣਾ ਪੇਸ਼ਾ ਆਪ ਕਮਾ, ਆਪੇ ਵੇਖ ਵਖਾਈਆ । ਆਪਣਾ ਸੰਦੇਸਾ ਆਪ ਸੁਣਾ, ਆਪੇ ਕਰੇ ਜਣਾਈਆ । ਆਪਣੀ ਰੇਖਾ ਆਪ ਉਪਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਈਆ । ਆਪ ਆਪਣਾ ਕਰ ਵਿਚਾਰ, ਆਪਣੀ ਕਲ ਧਾਰੀਆ । ਆਪ ਆਪਣਾ ਲਏ ਉਭਾਰ, ਆਪ ਆਪਣੀ ਪਾਵੇ ਸਾਰੀਆ । ਆਪ ਆਪਣੀ ਬਣਿਆ ਨਾਰ, ਆਪ ਆਪਣਾ ਕੰਤ ਭਤਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰੀਆ । ਆਪ ਆਪਣਾ ਰੰਗ ਰੰਗਾਇਆ, ਅਕਲ ਕਲਾ ਕਲ ਧਾਰੀ । ਆਪ ਆਪਣਾ ਸੰਗ ਰਖਾਇਆ, ਖੇਲੇ ਖੇਲ ਅਪਰ ਅਪਾਰੀ । ਆਪ ਆਪਣੀ ਮੰਗ ਮੰਗਾਇਆ, ਆਪ ਆਪਣਾ ਬਣੇ ਭਿਖਾਰੀ । ਆਪ ਆਪਣਾ ਨੰਗ ਕਜਾਇਆ, ਆਪ ਆਪਣਾ ਪੜਦਾ ਪਾਏ ਭਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਰਤੇ ਆਪਣੀ ਕਾਰੀ । ਆਪ ਆਪਣੀ ਦ੍ਰਿਸ਼ਟ ਖੁਲ੍ਹਾ, ਆਪਣੀ ਕਰੇ ਜਣਾਈਆ, ਆਪ ਆਪਣਾ ਇਸ਼ਟ ਮਨਾ, ਆਪੇ ਵੇਖ ਵਖਾਈਆ । ਆਪ ਆਪਣੀ ਸ੍ਰਿਸ਼ਟ ਉਪਾ, ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਕਰ ਅਕਾਰ, ਆਪਣਾ ਆਪ ਉਪਾਇੰਦਾ । ਆਪ ਆਪਣੀ ਬੰਨੇ ਧਾਰ, ਆਪ ਆਪਣਾ ਦਰ ਸੁਹਾਇੰਦਾ । ਆਪ ਆਪਣਾ ਵੇਖ ਵਿਚਾਰ, ਸਰਬ ਕਲ ਸਮਰਥ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਰੰਗ ਨਿਰਗੁਣ ਵਿਚ ਸਮਾਇੰਦਾ । ਨਿਰਗੁਣ ਪਾਇਆ ਨਿਰਗੁਣ ਜਾਇਆ, ਨਿਰਗੁਣ ਜੋਤ ਜਗਾਈਆ । ਨਿਰਗੁਣ ਦਾਈ ਨਿਰਗੁਣ ਦਾਇਆ, ਨਿਰਗੁਣ ਰਿਹਾ ਉਪਾਈਆ । ਨਿਰਗੁਣ ਪਿਤਾ ਨਿਰਗੁਣ ਮਾਇਆ, ਨਿਰਗੁਣ ਪੂਤ ਗੋਦ ਉਠਾਈਆ । ਨਿਰਗੁਣ ਰੂਪ ਨਿਰਗੁਣ ਮਾਇਆ, ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵਾਰ ਕਰਾਈਆ । ਨਿਰਗੁਣ ਆਪਣਾ ਆਪ ਵਰਿਆ, ਆਪਣੇ ਹੱਥ ਰੱਖੇ ਵਡਿਆਈਆ । ਨਾ ਕੋਈ ਦੂਸਰ ਦਿਸੇ ਘਰਿਆ, ਨਾ ਕੋਈ ਬਣਤ ਬਣਾਈਆ । ਆਪਣਾ ਕੀਤਾ ਆਪੇ ਭਰਿਆ, ਆਪਣੀ ਰਚਨਾ ਆਪ ਰਚਾਈਆ । ਆਪਣੀ ਤਰਨੀ ਆਪੇ ਤਰਿਆ, ਤਰਨਹਾਰ ਆਪ ਅਖਵਾਈਆ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਰੰਗ ਨਵੇਲ ਕਰੇ ਬੇਪਰਵਾਹੀਆ । ਨਿਰਗੁਣ ਖੇਲ ਹਰਿ ਖਿਲੰਤਾ, ਆਪਣਾ ਰੂਪ ਵਟਾਇਆ । ਆਪਣਾ ਨਾਮ ਧਰੇ ਭਗਵੰਤਾ, ਭੇਵ ਕੋਇ ਨਾ ਰਾਇਆ । ਆਪਣੀ ਕਰੇ ਆਪੇ ਮੰਨਤਾ, ਆਪ ਆਪਣਾ ਪੂਜ ਪੁਜਾਇਆ । ਆਪਣੀ ਕਰੇ ਆਪ ਬੇਨੰਨਤਾ, ਸੁਨਣਹਾਰ ਆਪ ਹੋ ਜਾਇਆ । ਆਪਣੀ ਮਹਿਮਾ ਜਾਣੇ ਅਗਣਤਾ, ਲੇਖਾ ਲੇਖ ਨਾ ਕੋਈ ਲਿਖਾਇਆ । ਆਪਣਾ ਆਪ ਵਖਾਏ ਸੁਹਾਗੀ ਕੰਤਾ, ਨਾਰੀ ਰੂਪ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਖੇਲਣਹਾਰ ਭੇਵ ਨਾ ਰਾਇਆ । ਨਿਰਗੁਣ ਖੇਲ ਹਰਿ ਖਿਲਾਰਾ, ਆਪਣਾ ਆਪ ਖਿਲਾਇੰਦਾ । ਰੂਪ ਅਗੰਮਾ ਕਰ ਉਜਿਆਰਾ, ਨੂਰੋ ਨੂਰ ਸਮਾਇੰਦਾ । ਅਗੰਮ ਅਗੰਮੜੀ ਕਰੇ ਕਾਰਾ, ਅਲਖ ਅਲੱਖਣਾ ਨਾਉਂ ਧਰਾਇੰਦਾ ।

ਸਤਿ ਪੁਰਖ ਨਿਰੰਜਣ ਖੇਲ ਅਪਾਰਾ, ਸਤਿ ਸਤਿਵਾਦੀ ਧਾਮ ਸੁਹਾਇੰਦਾ । ਪਾਰਬ੍ਰਹਮ ਭੇਵ ਨਿਆਰਾ, ਪਰਮ ਪੁਰਖ ਅਖਵਾਇੰਦਾ । ਜੋਤੀ ਜੋਤ ਕਰ ਉਜਿਆਰਾ, ਜੋਤੀ ਜੋਤ ਜਗਾਇੰਦਾ । ਸਰਬ ਗੁਣਾਂ ਭਰੇ ਭੰਡਾਰਾ, ਆਪਣਾ ਦਰ ਸੁਹਾਇੰਦਾ । ਆਪਣਾ ਬਣੇ ਆਪ ਵਰਤਾਰਾ, ਆਪਣੀ ਭਿਛਿਆ ਆਪੇ ਝੋਲੀ ਪਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਆਪ ਆਪਣਾ ਕਰ ਸ਼ਿੰਗਾਰਾ, ਆਪ ਆਪਣਾ ਰੂਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਦਰਸਾਇੰਦਾ । ਨਿਰਗੁਣ ਰੂਪ ਹਰਿ ਕਰਤਾਰ, ਆਪਣਾ ਆਪ ਉਪਾਇਆ । ਆਪ ਆਪਣੀ ਬੰਨੇ ਧਾਰ, ਆਪਣਾ ਬੇੜਾ ਰਿਹਾ ਚਲਾਇਆ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਰਖਾਇਆ । ਇਕ ਅਕੱਲਾ ਏਕੰਕਾਰ, ਏਕਾ ਕਾਰ ਕਮਾਇਆ । ਆਪੇ ਪੁਰਖ ਆਪੇ ਨਾਰ, ਆਪ ਆਪਣੀ ਸੇਜ ਹੰਢਾਇਆ । ਆਦਿ ਅਨਾਦੀ ਹੋ ਤਿਆਰ, ਆਪ ਆਪਣਾ ਲਏ ਅੰਗੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਉਪਾਇਆ । ਨਿਰਗੁਣ ਰੂਪ ਜੋਤ ਜਗਾ, ਜੋਤੀ ਨੂਰ ਸਵਾਇਆ । ਏਕਾ ਨੂਰ ਡਗਮਗਾ, ਪਰਕਾਸ਼ ਪਰਕਾਸ਼ ਸਮਾਇਆ । ਆਪ ਆਪਣਾ ਸਗਨ ਮਨਾ, ਆਪਣੇ ਮੁਖ ਲਗਾਇਆ । ਆਪ ਆਪਣਾ ਲਗਨ ਸੁਧਾ, ਆਪ ਆਪਣਾ ਸਾਹ ਰਖਾਇਆ । ਆਪ ਆਪਣਾ ਬੰਧਨ ਪਾ, ਆਪ ਆਪਣਾ ਲਏ ਪਰਨਾਇਆ । ਆਪ ਆਪਣੇ ਅੰਗਣ ਲਗਾ, ਆਪ ਆਪਣਾ ਮੇਲ ਮਿਲਾਇਆ । ਆਪ ਆਪਣਾ ਵਿਚ ਟਿਕਾ, ਆਪ ਆਪਣਾ ਲਏ ਉਪਾਇਆ । ਆਪ ਆਪਣਾ ਨਾਉਂ ਧਰਾ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਆਪ ਅਖਵਾਇਆ । ਨਿਰਗੁਣ ਰੰਗ ਹਰਿ ਕਰਤਾਰਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਸਤਿ ਸਰੂਪੀ ਏਕਾ ਕਾਰਾ, ਬਿਨ ਰੰਗ ਰੂਪੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਏਕਾ ਹਰਿ, ਜੋਤੀ ਜੋਤ ਸਮਾਇੰਦਾ । ਜੋਤੀ ਜੋਤ ਕਰ ਉਜਾਲਾ, ਆਪਣਾ ਰੰਗ ਰੰਗਾਇਆ । ਆਪੇ ਹੋਇਆ ਹਰਿ ਗੋਪਾਲਾ, ਦੀਨ ਦਿਆਲਾ ਨਾਮ ਧਰਾਇਆ । ਆਪ ਆਪਣਾ ਤੋੜ ਜੰਜਾਲਾ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਬਣ ਰਖਵਾਲਾ, ਆਪਣੀ ਸੇਵਾ ਰਿਹਾ ਕਮਾਇਆ । ਆਪ ਬਣਾਏ ਆਪਣੀ ਧਰਮਸਾਲਾ, ਥਿਰ ਘਰ ਨਾਉਂ ਧਰਾਇਆ । ਜਗੇ ਜੋਤ ਇਕ ਅਕਾਲਾ, ਨਾ ਕੋਈ ਦੂਸਰ ਸੰਗ ਰਖਾਇਆ । ਖੇਲੇ ਖੇਲ ਆਪ ਨਿਰਾਲਾ, ਖੇਲਣਹਾਰ ਆਪ ਰਘੁਰਾਇਆ । ਆਪੇ ਚਲੇ ਆਪਣੀ ਚਾਲਾ, ਚਾਲ ਅਵੱਲੜੀ ਇਕ ਰਖਾਇਆ । ਆਪਣਾ ਫਲ ਲਗਾਏ ਆਪਣੇ ਡਾਲ੍ਹਾ, ਆਪੇ ਵੇਖ ਵਖਾਇਆ । ਆਪੇ ਸ਼ਾਹ ਆਪੇ ਕੰਗਾਲਾ, ਦਰ ਭਿਖਾਰੀ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਵੇਸ ਕਰ, ਘਰ ਸਾਚਾ ਇਕ ਉਪਾਇਆ । ਥਿਰ ਘਰ ਸਾਚੇ ਬਣਤ ਬਣਾ, ਨਿਰਗੁਣ ਵੱਡੀ ਵਡਿਆਈਆ । ਆਪਣੀ ਸੇਵਾ ਆਪ ਕਮਾ, ਆਪੇ ਰਿਹਾ ਉਪਾਈਆ । ਆਦਿ ਪੁਰਖ ਹਰਿ ਕਰਨੇਹਾਰਾ, ਕਰੇ ਕਰਾਏ ਖੇਲਾ । ਆਪ ਆਪਣਾ ਭੰਡਾਰਾ ਭਰਨੇਹਾਰਾ, ਆਪ ਸੁਹਾਏ ਆਪਣਾ ਵੇਲਾ । ਆਪ ਆਪਣੇ ਘਰ ਚੜ੍ਹਨੇਹਾਰਾ, ਆਪੇ ਹੋਏ ਸੱਜਣ ਸੁਹੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਘਰ, ਘਰ ਸਾਚੇ ਦਏ ਸਹਾਰਾ । ਥਿਰ ਘਰ ਸਾਚਾ ਹਰਿ ਦਵਾਰ, ਛੱਪਰ ਛੰਨ ਨਾ ਕੋਇ ਰਖਾਇਆ । ਨਾ ਕੋਈ ਬਾਢੀ ਰਿਹਾ ਉਸਾਰ, ਨਾ ਕੋਈ ਸੇਵਕ ਸੇਵ ਕਮਾਇਆ ।

੩੫੯ ੦੭

ਇਕ ਅਕੱਲਾ ਕਰ ਪਿਆਰ, ਆਪ ਆਪਣਾ ਰਿਹਾ ਉਪਾਇਆ । ਉਚ ਮਹੱਲ ਅਟੱਲ ਮੁਨਾਰ, ਪੁਰਖ ਅਬਿਨਾਸ਼ੀ ਦਏ ਸੁਹਾਇਆ । ਉਚ ਅਗੰਮ ਹਰਿ ਨਿਰੰਕਾਰ, ਅਗੰਮ ਅਗੰਮੜਾ ਧਾਮ ਸੁਹਾਇਆ । ਵੇਖੇ ਵਿਗਸੇ ਪਾਵੇ ਸਾਰ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਸਾਚੇ ਘਰ, ਥਿਰ ਘਰ ਨਾਉਂ ਧਰਾਇਆ । ਥਿਰ ਘਰ ਨਾਉਂ ਮਹੱਲ ਅਟਾਰੀ, ਹਰਿ ਸਾਚੀ ਬਣਤ ਬਣਾਈਆ । ਏਕਾ ਵਸਿਆ ਏਕੰਕਾਰੀ, ਅਕਲ ਕਲ ਅਖਵਾਈਆ । ਆਦਿ ਨਿਰੰਜਣ ਜੋਤ ਉਜਿਆਰੀ, ਆਦਿ ਪੁਰਖ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਦਏ ਵਧਾਈਆ । ਸਾਚੇ ਘਰ ਦੇਵੇ ਮਾਣਾ, ਹਰਿ ਵੱਡੀ ਵਡਿਆਈਆ । ਆਪਣਾ ਤਣਿਆ ਆਪੇ ਤਾਣਾ, ਆਪੇ ਵੇਖ ਵਖਾਈਆ । ਆਪੇ ਬਣਿਆ ਸਾਚਾ ਰਾਣਾ, ਸ਼ਾਹੋ ਭੂਪ ਆਪ ਹੋ ਜਾਈਆ । ਆਪੇ ਖੇਲੇ ਖੇਲ ਮਹਾਨਾ, ਖੇਲਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਹਰਿ ਉਪਾਇਆ, ਹਰਿ ਹਰਿ ਆਪ ਬਰਾਜੇ । ਆਪ ਆਪਣੀ ਬਣਤ ਬਣਾਇਆ, ਆਪ ਰਚਿਆ ਆਪਣਾ ਕਾਜੇ । ਆਲਸ ਨਿੰਦਰਾ ਵਿਚ ਨਾ ਆਇਆ, ਹਰਿ ਸਾਚਾ ਸਾਜਣ ਸਾਜੇ । ਆਪਣੇ ਅੰਦਰ ਆਪਣਾ ਜੰਦਰ ਆਪੇ ਲਾਇਆ, ਖੇਲੇ ਖੇਲ ਗ਼ਰੀਬ ਨਿਵਾਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਮਹੱਲਾ ਉਚ ਅਟੱਲਾ, ਏਕਾ ਏਕ ਸੁਹਾਇਆ । ਥਿਰ ਘਰ ਸਾਚਾ ਹਰਿ ਵਸੇਰਾ, ਹਰਿ ਹਰੀ ਮਨ ਭਾਇਆ । ਪੁਰਖ ਅਬਿਨਾਸ਼ੀ ਨਗਰ ਖੇੜਾ, ਆਪਣਾ ਆਪ ਉਪਾਇਆ । ਆਪ ਆਪਣਾ ਰੱਖਿਆ ਖੁਲ੍ਹਾ ਵੇਹੜਾ, ਲੇਖਾ ਗਣਤ ਨਾ ਕੋਈ ਗਣਾਇਆ । ਆਪ ਆਪਣਾ ਦੇਵੇ ਗੇੜਾ, ਆਪੇ ਰਿਹਾ ਭਵਾਇਆ । ਆਪ ਆਪਣਾ ਕਰੇ ਨਿਬੇੜਾ, ਸਾਲਸ ਵਿਚ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣਾ ਇਕ ਸੁਹਾਇਆ । ਆਪਣੇ ਘਰ ਬੈਠ ਨਿਰੰਕਾਰ, ਆਪਣਾ ਰੰਗ ਉਪਾਇਆ । ਜੋਤ ਸਰੂਪੀ ਕਰ ਉਜਿਆਰ, ਚਾਰੋਂ ਕੁੰਟ ਵੇਖ ਵਖਾਇਆ । ਦਹਿ ਦਿਸ਼ਾ ਏਕਾ ਧਾਰ, ਏਕਾ ਰੂਪ ਨਜ਼ਰੀ ਆਇਆ । ਪਾਏ ਹਿੱਸਾ ਅਪਰ ਅਪਾਰ, ਆਪ ਆਪਣੀ ਵੰਡ ਵੰਡਾਇਆ । ਨੇਤਰ ਪੇਖਾ ਹਰਿ ਨਿਰੰਕਾਰ, ਨਿਝ ਘਰ ਵੇਖੇ ਖੇਲ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਇਆ । ਆਪਣੀ ਇਛਿਆ ਆਪੇ ਧਰ, ਆਪੇ ਪੂਰ ਕਰਾਇੰਦਾ । ਆਪਣੀ ਭਿਛਿਆ ਪਾਏ ਦਰ, ਆਪਣੀ ਝੋਲੀ ਆਪ ਭਰਾਇੰਦਾ । ਆਪਣੀ ਰਛਿਆ ਆਪੇ ਕਰ, ਆਪਣਾ ਡਰ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਦਰ, ਘਰ ਸਾਚੇ ਭਾਗ ਲਗਾਇੰਦਾ । ਸਾਚੇ ਘਰ ਲੱਗੇ ਭਾਗ, ਪ੍ਰਭ ਨਿਰਗੁਣ ਜੋਤ ਕਰੇ ਰੁਸ਼ਨਾਈਆ । ਏਕਾ ਦੀਪ ਜਗੇ ਚਿਰਾਗ, ਏਕਾ ਰੰਗ ਵਖਾਈਆ । ਨਾ ਕੋਈ ਦੂਸਰ ਦਿਸੇ ਦਾਗ, ਨਾ ਕੋਈ ਕਾਲੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਆਪੇ ਰਿਹਾ ਵਿਆਹੀਆ । ਆਪਣੀ ਇਛਿਆ ਆਪੇ ਕਰ, ਆਪੇ ਬਣਤ ਬਣਾਇੰਦਾ । ਚਾਰੇ ਕੁੰਟਾਂ ਵੇਖੇ ਘਰ, ਕਵਣ ਧਾਮ ਸੁਹਾਇੰਦਾ । ਨਿਰਗੁਣ ਰੂਪ ਆਪੇ ਖੜ, ਆਪਣਾ ਰੂਪ ਵਟਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਬਣਤ ਬਣਾਇੰਦਾ । ਆਪਣੀ ਇਛਿਆ ਆਪੇ ਲਈ ਪੜ੍ਹ, ਆਪਣਾ ਹੁਕਮ ਆਪ ਸੁਣਾਇੰਦਾ । ਸ਼ਬਦ ਸਿੰਘਾਸਣ ਡੱਠਾ ਥਿਰ ਘਰ, ਘਰ ਸਾਚੇ ਆਪੇ ਡਾਹਿੰਦਾ । ਨਿਰਗੁਣ ਬੈਠਾ ਉਪਰ ਚੜ੍ਹ, ਸਚ ਸਿਕਦਾਰ



Rev-01

੩੬੦
੦੭

ਬਣਾਇੰਦਾ । ਆਪ ਸੁਹਾਇਆ ਆਪਣਾ ਗੜ੍ਹ, ਆਪਣੀ ਨਗਰੀ ਭਾਗ ਲਗਾਇੰਦਾ । ਆਪਣੇ ਅੰਦਰ ਆਪੇ ਵੜ, ਆਪੇ ਵੇਖ ਵਖਾਇੰਦਾ । ਆਪਣੀ ਉਂਗਲੀ ਆਪੇ ਫੜ, ਚਾਰੋਂ ਕੁੰਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚੇ ਘਰ ਸ਼ਬਦ ਸਿੰਘਾਸਣ, ਹਰਿ ਸਾਚੇ ਆਪ ਸੁਹਾਇਆ । ਉਪਰ ਚੜ੍ਹ ਪੁਰਖ ਅਬਿਨਾਸ਼ਨ, ਆਪਣਾ ਮਤਾ ਆਪ ਪਕਾਇਆ । ਆਪੇ ਹੋਇਆ ਦਾਸੀ ਦਾਸਨ, ਚੋਬਦਾਰ ਆਪ ਹੋ ਜਾਇਆ । ਆਪਣੇ ਅੰਦਰ ਆਪੇ ਰੱਖਿਆ ਵਾਸਨ, ਆਪ ਆਪਣਾ ਘਰ ਸੁਹਾਇਆ । ਨਾਉਂ ਧਰਾਇਆ ਸਾਬਾਸਨ, ਸ਼ਾਹ ਸੁਲਤਾਨਾ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਡੇਰਾ ਲਾਇਆ । ਸ਼ਬਦ ਸਿੰਘਾਸਣ ਅਪਰ ਅਪਾਰਾ, ਹਰਿ ਸਾਚਾ ਆਪ ਸੁਹਾਇੰਦਾ । ਥਿਰ ਘਰ ਸੁਹਾਏ ਮਹੱਲ ਮੁਨਾਰਾ, ਅੰਦਰ ਮੰਦਰ ਆਪੇ ਡਾਹਿੰਦਾ । ਉਪਰ ਬੈਠ ਸਿਰਜਣਹਾਰਾ, ਸਾਚੀ ਬਣਤ ਬਣਾਇੰਦਾ । ਆਪਣੇ ਰੰਗ ਰਵੇ ਕਰਤਾਰਾ, ਆਪਣੀ ਕਰਨੀ ਆਪ ਕਰਾਇੰਦਾ । ਆਪਣੇ ਘਾੜਣ ਘੜੇ ਘੜਨੇਹਾਰਾ, ਸਮਰਥ ਪੁਰਖ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਇਕ ਸੁਹਾਇੰਦਾ । ਸ਼ਬਦ ਸਿੰਘਾਸਣ ਸਾਚਾ ਮੂਲ, ਧੁਰ ਦਰਗਾਹ ਟਿਕਾਇਆ । ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬੰਧਨ ਪਾਇਆ । ਉਪਰ ਬੈਠ ਕੰਤ ਕੰਤੂਹਲ, ਆਪਣਾ ਹੁਲਾਰਾ ਇਕ ਰਖਾਇਆ । ਆਪਣੀ ਸੇਜਾ ਆਪੇ ਚਾੜ੍ਹੇ ਫੂਲ, ਆਪਣੀ ਬਰਖਾ ਆਪੇ ਲਾਇਆ । ਆਪ ਚੁਕਾਏ ਆਪਣਾ ਮੂਲ, ਲਹਿਣਾ ਆਪਣੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਦਏ ਸੁਹਾਇਆ । ਸ਼ਬਦ ਸਿੰਘਾਸਣ ਸਾਚੀ ਰਾਸ, ਥਿਰ ਘਰ ਸਾਚੇ ਆਪ ਟਿਕਾਈਆ । ਕਰਿਆ ਖੇਲ ਪੁਰਖ ਅਬਿਨਾਸ਼, ਵਡ ਵੱਡੀ ਵਡਿਆਈਆ । ਆਦਿ ਅੰਤ ਨਾ ਹੋਏ ਵਿਨਾਸ, ਨਾ ਕੋਈ ਮੇਟੇ ਮੇਟ ਮਿਟਾਈਆ । ਆਪੇ ਵਸਿਆ ਆਪਣੇ ਪਾਸ, ਆਪ ਆਪਣਾ ਸੰਗ ਰਖਾਈਆ । ਆਪਣੇ ਅੰਦਰ ਆਪੇ ਕਰਿਆ ਵਾਸ, ਅੰਦਰ ਬਾਹਰ ਆਪ ਹੋ ਜਾਈਆ । ਆਪਣਾ ਦੇਵੇ ਆਪ ਧਰਵਾਸ, ਆਪ ਆਪਣੀ ਧੀਰ ਧਰਾਈਆ । ਥਿਰ ਘਰ ਬੈਠ ਨਾ ਹੋਏ ਕਦੇ ਨਿਰਾਸ, ਸਰਬ ਗੁਣਾ ਭਰਪੂਰ ਵਡ ਦਾਤਾ ਬੇਪਰਵਾਹੀਆ । ਨਾ ਕੋਈ ਪਵਣ ਨਾ ਸਵਾਸ, ਨਿਰਗੁਣ ਜੋਤ ਇਕ ਰਖਾਈਆ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਗਗਨ ਮੰਡਲ ਨਾ ਕੋਇ ਜਣਾਈਆ । ਨਾ ਕੋਈ ਮੰਡਲ ਮੰਡਪ ਰਾਸ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਸਚ ਮੁਨਾਰਾ, ਹਰਿ ਸਾਚਾ ਆਪ ਸੁਹਾਇੰਦਾ । ਸਾਚਾ ਘਰ ਸੱਚਾ ਦਰਬਾਰਾ, ਸਚ ਸੁਲਤਾਨਾ ਆਸਣ ਲਾਇੰਦਾ । ਉਚ ਅਟੱਲਾ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਕਰੇ ਖੇਲ ਅਪਰ ਅਪਾਰਾ, ਪਾਰਬ੍ਰਹਮ ਭੇਵ ਨਾ ਪਾਇੰਦਾ । ਆਦਿ ਆਦਿ ਇਕ ਪਸਾਰਾ, ਏਕਾ ਏਕ ਕਰਾਇੰਦਾ । ਆਪ ਆਪਣਾ ਦਏ ਅਧਾਰਾ, ਆਪ ਆਪਣਾ ਵਿਚ ਟਿਕਾਇੰਦਾ । ਆਪ ਆਪਣਾ ਕਰ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਦੇਵੇ ਸਾਚਾ ਵਰ, ਸਚ ਮਹੱਲਾ ਸ਼ਬਦ ਸਿੰਘਾਸਣ ਆਦਿ ਪੁਰਖ ਖੇਲ ਅਬਿਨਾਸ਼ਨ, ਸਚ ਘਰ ਵਾਸ ਆਪ ਰਖਾਇੰਦਾ । ਵਸਿਆ ਘਰ ਹਰਿ ਮਿਹਰਵਾਨ, ਵੱਜੀ ਸਚ ਵਧਾਈਆ । ਪਰਗਟ ਹੋ ਸ੍ਰੀ ਭਗਵਾਨ, ਆਪਣੀ ਬਣਤ ਬਣਾਈਆ । ਆਪ ਝੁਲਾਇਆ ਆਪਣਾ ਸਤਿ ਨਿਸ਼ਾਨ, ਜੋਤੀ ਨੂਰ ਕਰੇ ਰੁਸ਼ਨਾਈਆ । ਸੱਤਾਂ ਰੰਗਾਂ ਵੇਖ ਵਖਾਨ, ਨਿਰਗੁਣ ਵੱਡੀ ਵਡਿਆਈਆ । ਘਰ ਬੈਠਾ

ਆਪ ਆਪ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਕਰਿਆ ਖੇਲ ਇਕ ਮਹਾਨ, ਆਪਣੀ ਕਲ ਵਰਤਾਈਆ । ਆਪਣੇ ਅੰਦਰ ਆਪਣਾ ਧਰ ਗਿਆਨ, ਆਪਣੀ ਬੂਝ ਬੁਝਾਈਆ । ਸ਼ਬਦ ਤਖ਼ਤ ਬੈਠ ਸੁਲਤਾਨ, ਸਾਚਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਕਰਿਆ ਸਾਚਾ ਵੇਸ, ਆਪਣੀ ਕਰੇ ਆਪ ਅਦੇਸ, ਆਪੇ ਸਿਫ਼ਤ ਸਲਾਹੀਆ । ਸਿਫ਼ਤ ਸਲਾਹ ਸੱਚੀ ਸਰਕਾਰ, ਘਰ ਸਾਚੇ ਡੇਰਾ ਲਾਇਆ । ਆਪਣਾ ਬਣਿਆ ਆਪ ਮਲਾਹ ਬੇਐਬ ਪਰਵਰਦਿਗਾਰ, ਨਾਉਂ ਨਿਰੰਕਾਰ ਨਾਮ ਧਰਾਇਆ । ਇਕ ਅਕੱਲਾ ਏਕੰਕਾਰ, ਏਕਾ ਬੰਨ੍ਹੇ ਆਪਣੀ ਧਾਰ, ਏਕਾ ਮਾਰਗ ਰਿਹਾ ਵਖਾਇਆ । ਇਕ ਸਿਕਦਾਰ ਇਕ ਪਿਆਰ, ਇਕ ਵਿਹਾਰ ਏਕਾ ਰਿਹਾ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਸਾਚਾ ਮੀਤਾ, ਥਿਰ ਘਰ ਚਲਾਏ ਆਪਣੀ ਰੀਤਾ, ਆਪੇ ਬੈਠਾ ਸਦਾ ਅਤੀਤਾ, ਸਤਿ ਸੰਤੋਖ ਰਖਾਇਆ । ਸਦਾ ਅਤੀਤ ਗਹਿਰ ਸੁਖ ਸਾਗਰ, ਘਰ ਸਾਚੇ ਆਸਣ ਲਾਇੰਦਾ । ਆਪਣਾ ਕਰੇ ਆਪ ਉਜਾਗਰ, ਆਪ ਆਪਣੀ ਦਇਆ ਕਮਾਇੰਦਾ । ਆਪਣਾ ਬਣੇ ਆਪ ਸੌਦਾਗਰ, ਆਪਣਾ ਵਣਜ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਘਰ ਆਪੇ ਵੇਖ ਵਖਾਇੰਦਾ । ਆਪਣਾ ਘਰ ਆਪੇ ਫੋਲ, ਆਪਣਾ ਗੜ੍ਹ ਖੁਲ੍ਹਾਈਆ । ਆਪਣੀ ਹੱਥੀਂ ਲੱਗਾ ਤੋਲਣ ਤੋਲ, ਸ਼ਬਦ ਸਿੰਘਾਸਣ ਡੇਰਾ ਲਾਈਆ । ਆਪਣਾ ਵਾਕ ਆਪੇ ਰਿਹਾ ਬੋਲ, ਏਕਾ ਏਕ ਵੱਡੀ ਵਡਿਆਈਆ । ਆਪ ਆਪਣਾ ਕਰਿਆ ਚੋਲ੍ਹ, ਆਪ ਆਪਣਾ ਸਖਾ ਸਖਾਈਆ । ਆਪ ਆਪਣੇ ਅੰਦਰ ਗਿਆ ਮੌਲ, ਆਪ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਈਆ । ਆਪਣਾ ਘਰ ਆਪ ਬਣਾਇਆ, ਆਪਣੀ ਦਇਆ ਕਮਾਇੰਦਾ । ਦਰ ਦਰਵਾਜਾ ਨਾ ਕੋਈ ਰਖਾਇਆ, ਨਾ ਕੋਈ ਬੰਦ ਕਰਾਇੰਦਾ । ਆਪਣਾ ਰਾਜ ਆਪ ਹੋ ਜਾਇਆ, ਆਪ ਆਪਣਾ ਅਦਲ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਸ਼ਾਹੋ ਭੂਪ ਸਾਚਾ ਨਾਮ ਧਰਾਇੰਦਾ । ਆਪ ਆਪਣਾ ਨਾਮ ਧਰ ਆਪਣਾ ਵੇਸ ਵਟਾਇਆ । ਆਪਣੀ ਕਰਨੀ ਆਪੇ ਕਰ ਆਪਣੀ ਕਿਰਿਆ ਵੇਖ ਵਖਾਇਆ । ਆਪਣਾ ਭਾਣਾ ਆਪੇ ਜਰ, ਆਪਣੇ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠ ਨਿਰਗੁਣ ਆਸਣ ਲਾਇਆ । ਨਿਰਗੁਣ ਆਸ ਆਸਾਵੰਦ, ਏਕਾ ਆਸ ਰਖਾਈਆ । ਆਪਣਾ ਹੋਇਆ ਆਪ ਬਖ਼ਸ਼ਿੰਦ, ਆਪਣੀ ਬਖ਼ਸ਼ਿਸ਼ ਆਪ ਕਰਾਈਆ । ਆਪਣਾ ਖ਼ੁਸ਼ੀ ਕਰਾਇਆ ਬੰਦ ਬੰਦ, ਆਪਣੀ ਆਪ ਕਰੇ ਵਡਿਆਈਆ । ਆਪਣਾ ਆਪ ਸੁਣਾਇਆ ਸੁਹਾਗੀ ਛੰਦ, ਸਾਚਾ ਨਾਉਂ ਧਰਾਈਆ । ਸ਼ਬਦੀ ਸ਼ਬਦ ਮੁਕਿਆ ਪੰਧ, ਜੋਤੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਨਾਤਾ ਪੁਰਖ ਬਿਧਾਤਾ, ਆਪਣਾ ਆਪ ਕਰਾਇਆ । ਆਪੇ ਬਣਿਆ ਪਿਤਾ ਮਾਤਾ, ਆਪ ਆਪਣੀ ਗੋਦ ਸੁਹਾਇਆ । ਆਪੇ ਬਖ਼ਸ਼ੇ ਆਪਣੀ ਦਾਤਾ, ਆਪ ਆਪਣੀ ਝੋਲੀ ਪਾਇਆ । ਆਪ ਰਖਾਏ ਆਪਣੀ ਉਤਮ ਜਾਤਾ, ਇਕ ਅਕੱਲਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲਹਿਣਾ ਆਪਣੀ ਝੋਲੀ ਪਾਇਆ । ਆਪੇ ਜੋਤੀ ਆਪੇ ਨਾਰੀ, ਆਪੇ ਜੋਗ ਕਮਾਇੰਦਾ । ਆਪੇ ਕੰਤਾ ਕੰਤ ਭਤਾਰੀ, ਆਪੇ ਸੇਜ ਹੰਢਾਇੰਦਾ । ਆਪੇ ਮੇਲਾ ਅਧਵਿਚਕਾਰੀ, ਆਪੇ ਜੋੜ ਜੁੜਾਇੰਦਾ । ਆਪ ਆਪਣਾ ਬਣ ਭੰਡਾਰੀ, ਅਤੁੱਟ ਨਾਮ ਰਖਾਇੰਦਾ ।

ਆਪਣੀ ਕਰੇ ਖੇਲ ਨਿਆਰੀ, ਜੋਗ ਜੁਗਤ ਇਕ ਜਣਾਇੰਦਾ । ਆਪਣਾ ਸ਼ਬਦ ਆਪਣੀ ਧੁਨਕਾਰੀ, ਆਪਣੀ ਆਪ ਅਲਾਇੰਦਾ । ਜੋਤੀ ਮਾਤਾ ਕਰ ਪਿਆਰੀ, ਸਾਚੀ ਗੋਦ ਬਿਠਾਇੰਦਾ । ਆਦਿ ਪੁਰਖ ਪਹਿਰੇਦਾਰੀ, ਸੇਵਕ ਸੇਵ ਕਮਾਇੰਦਾ । ਵੇਖਣਹਾਰਾ ਨਰ ਨਿਰੰਕਾਰੀ, ਨਿਰਗੁਣ ਵੇਸ ਵਟਾਇੰਦਾ । ਚੋਗ ਚੁਗਾਏ ਸਿਰਜਣਹਾਰੀ, ਸਾਚਾ ਸੀਰ ਪਿਲਾਇੰਦਾ । ਆਦਿ ਸ਼ਕਤ ਜਾਏ ਵਾਰੀ, ਸਾਚਾ ਸਗਨ ਮਨਾਇੰਦਾ । ਆਪੇ ਵਸਿਆ ਸਭ ਤੋਂ ਬਾਹਰੀ, ਭੇਵ ਕੋਈ ਨਾ ਪਾਇੰਦਾ । ਥਿਰ ਘਰ ਤੇਰੀ ਸਚ ਅਟਾਰੀ, ਸ਼ਬਦ ਸਿੰਘਾਸਣ ਆਪ ਸੁਹਾਇੰਦਾ । ਸ਼ਬਦ ਸੁਤ ਉਠਾਏ ਵਡ ਬਲਕਾਰੀ, ਘਰ ਸਾਚੇ ਜਨਮ ਦਵਾਇੰਦਾ । ਅੰਮ੍ਰਿਤ ਦੇਵੇ ਠੰਡੀ ਠਾਰੀ, ਚਰਨੋਦਕ ਮੁਖ ਰਖਾਇੰਦਾ । ਏਕਾ ਬਖ਼ਸ਼ੇ ਸਚ ਸਿਕਦਾਰੀ, ਸਾਚੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਆਪਣਾ ਲੇਖਾ ਆਪੇ ਲਿਖਿਆ, ਸ਼ਬਦ ਸੁਤ ਦੁਲਾਰ ਕਰ ਪਿਆਰ ਹਰਿ ਨਿਰੰਕਾਰ ਏਕਾ ਝੋਲੀ ਪਾਇੰਦਾ । ਸ਼ਬਦ ਸੁਤ ਕਰ ਦੁਲਾਰਾ, ਹਰਿ ਸਾਚੇ ਖ਼ੁਸ਼ੀ ਮਨਾਈਆ । ਥਿਰ ਘਰ ਸੁਹਾਇਆ ਸਚ ਮੁਨਾਰਾ, ਜੋਤੀ ਮਾਤ ਸਗਨ ਕਰਾਈਆ । ਆਦਿ ਅੰਤ ਦੇਵੇ ਇਕ ਪਿਆਰਾ, ਏਕਾ ਮੁਖ ਸਲਾਹੀਆ । ਏਕਾ ਰੰਗ ਰੰਗੇ ਰੰਗਣਹਾਰਾ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦੇਵੇ ਵਰ, ਸਾਰ ਸ਼ਬਦ ਨਾਉਂ ਧਰਾਈਆ । ਸਾਰ ਸ਼ਬਦ ਤੇਰੀ ਧਾਰ, ਹਰਿ ਸਾਚੇ ਆਪ ਬਣਾਈਆ । ਨਾ ਕੋਈ ਦੂਸਰ ਕਰੇ ਵਿਚਾਰ, ਭੇਵ ਕੋਈ ਨਾ ਪਾਈਆ । ਏਕਾ ਦੂਆ ਇਕ ਪਿਆਰ, ਏਕਾ ਘਰ ਸੁਹਾਈਆ । ਏਕਾ ਪੁਰਖ ਏਕਾ ਨਾਰ, ਏਕਾ ਗੋਤ ਹੋਈ ਕੁੜਮਾਈਆ । ਏਕਾ ਪੂਤ ਹੋਇਆ ਉਜਿਆਰ, ਏਕਾ ਸੂਤ ਤੰਦ ਬੰਧਾਈਆ । ਚਾਰੇ ਕੂਟ ਵੇਖ ਵਿਚਾਰ, ਦਹਿ ਦਿਸ਼ਾ ਫੇਰੀ ਪਾਈਆ । ਪੁਰਖ ਅਬਿਨਾਸ਼ੀ ਗਿਆ ਤੁਠ, ਥਿਰ ਘਰ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਮ ਆਪੇ ਦਏ ਵਡਿਆਈਆ । ਸ਼ਬਦ ਸੁਤ ਸਾਚਾ ਲਾੜਾ, ਪ੍ਰਭ ਸਾਚੇ ਆਪ ਬਣਾਇਆ । ਥਿਰ ਘਰ ਵੇਖੇ ਸਚ ਅਖਾੜਾ, ਪੁਰਖ ਅਬਿਨਾਸ਼ੀ ਮੰਗਲ ਗਾਇਆ । ਏਕਾ ਘਰ ਏਕਾ ਵਰ ਏਕਾ ਹਰਿ ਏਕਾ ਅੰਦਰ ਵੜ, ਨਾ ਕੋਈ ਦੂਜਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਸਾਚਾ ਵਰ, ਸਾਚੇ ਸੁਤ ਸ਼ਬਦ ਸੁਲਤਾਨ, ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਦੇਵੇ ਹਰਿ ਫ਼ਰਮਾਣ, ਆਪ ਆਪਣੀ ਦਇਆ ਕਮਾਇਆ । ਆਪੇ ਦੇਵੇ ਧੁਰ ਫ਼ਰਮਾਨਾ, ਆਪੇ ਕਰੇ ਜਣਾਈਆ । ਥਿਰ ਘਰ ਬੈਠ ਸ੍ਰੀ ਭਗਵਾਨਾ, ਸੁਤ ਸ਼ਬਦ ਰਿਹਾ ਸੁਣਾਈਆ । ਏਕਾ ਬੰਨੇ ਸਾਚਾ ਗਾਨਾ, ਸਾਚਾ ਸਗਨ ਮਨਾਈਆ । ਏਕਾ ਰਾਗ ਇਕ ਤਰਾਨਾ, ਏਕਾ ਰਿਹਾ ਸੁਣਾਈਆ । ਏਕਾ ਦਾਤਾ ਬੀਨਾ ਦਾਨਾ, ਏਕਾ ਭਿਛਿਆ ਝੋਲੀ ਪਾਈਆ । ਏਕਾ ਰੱਖੇ ਠਾਂਡਾ ਸੀਨਾ, ਸਾਂਤਕ ਸਤਿ ਵਰਤਾਈਆ । ਸਤਿ ਪੁਰਖ ਨਿਰੰਜਣ ਏਕਾ ਰੰਗ ਭੀਨਾ, ਏਕਾ ਰੂਪ ਵਖਾਈਆ । ਆਦਿ ਜੁਗਾਦਿ ਜੁਗ ਜੁਗ ਏਕਾ ਨਾਉਂ ਰਸਨਾ ਚੀਨਾ, ਏਕਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮ ਅਲਖ ਨਿਰੰਜਣ ਸੁਤ ਸੁਤੇ ਹੱਥ ਵਡਿਆਈਆ । ਸਤਿ ਪੁਰਖ ਹਰਿ ਕਰਨੇਜੋਗ, ਕਰਨਹਾਰ ਅਖਵਾਇਆ । ਇਕ ਵਖਾਏ ਸਾਚਾ ਜੋਗ, ਸਾਚੇ ਸੁਤ ਸਮਝਾਇਆ । ਮੇਰਾ ਤੇਰਾ ਧੁਰ ਸੰਜੋਗ, ਵਿਛੜ ਕਦੇ ਨਾ ਜਾਇਆ । ਹਰਿ ਦਵਾਰੇ ਦਰਸ ਅਮੋਘ, ਦਰਸੀ ਦਰਸਨ ਪਾਇਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਦਿਤਾ ਵਰ, ਸਾਚਾ ਸ਼ਬਦ ਹੋਏ ਸਰਨਾਇਆ । ਸ਼ਬਦ ਸੁਤ

੩੬੩
੦੭

ਕਰ ਨਿਮਸਕਾਰ, ਨੇਤਰ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਤੇਰਾ ਸਚ ਪਿਆਰ, ਏਕਾ ਧਾਰ ਚਲਾਇੰਦਾ । ਵਿਛੜ ਨਾ ਜਾਏ ਰੂਪ ਕਰਤਾਰ, ਦੋਏ ਧਾਰ ਨਾ ਹੋਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਤੇਰੀ ਵੰਡ ਵੰਡਾਇੰਦਾ । ਸ਼ਬਦ ਸੁਤ ਵੰਡੀ ਵੰਡ, ਹਰਿ ਸਾਚੇ ਆਪ ਵੰਡਾਈਆ । ਆਪਣਾ ਰੰਗ ਆਪੇ ਕਰਿਆ ਖੰਡ, ਆਪਣਾ ਆਪ ਕਟਾਈਆ । ਆਪਣੀ ਸੇਜਾ ਆਪੇ ਗਿਆ ਹੰਢ, ਆਪਣਾ ਮਾਣ ਧਰਾਈਆ । ਆਪਣੀ ਵੇਖਣਹਾਰਾ ਆਪੇ ਕੰਡ, ਆਪ ਆਪਣਾ ਮੁਖ ਭੁਆਈਆ । ਸ਼ਬਦ ਸੁਤ ਵਸਿਆ ਸਚਖੰਡ, ਸਚਖੰਡ ਵੱਡੀ ਵਡਿਆਈਆ । ਸਚਖੰਡ ਹਰਿ ਦਵਾਰਾ, ਏਕਾ ਏਕ ਰਘੁਰਾਇਆ । ਸ਼ਬਦ ਸੁਤ ਕਰ ਪਿਆਰਾ, ਸਾਚੀ ਸੇਵਾ ਲਾਇਆ । ਏਕਾ ਨਾਦ ਏਕਾ ਧੁੰਨਕਾਰਾ, ਏਕਾ ਮੰਗਲ ਗਾਇਆ । ਏਕਾ ਸੁਣੇ ਸੁਨਣੇਹਾਰਾ, ਸਮਰਥ ਪੁਰਖ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਭਰ ਭੰਡਾਰਾ, ਆਪ ਆਪਣਾ ਰਿਹਾ ਵਰਤਾਇਆ । ਭਰਿਆ ਨਾਮ ਹਰਿ ਭੰਡਾਰ, ਸ਼ਬਦ ਗਿਆਨ ਦ੍ਰਿੜਾਇਆ । ਸਚ ਗਿਆਨ ਕਰ ਪਰਧਾਨ, ਆਪਣੇ ਅੰਦਰ ਆਪ ਵਸਾਇਆ । ਆਪਣੀ ਪਾਏ ਆਪੇ ਆਣ, ਆਪ ਆਪਣਾ ਰਿਹਾ ਮਨਾਇਆ । ਆਪਣਾ ਰਾਗ ਸੁਣਾਏ ਆਪਣੇ ਕਾਨ, ਆਪ ਆਪਣੀ ਰਸਨਾ ਗਾਇਆ । ਆਪ ਆਪਣਾ ਦੇਵੇ ਧੁਰ ਫ਼ਰਮਾਣ, ਧੁਰ ਦੀ ਬਾਣ ਰਖਾਇਆ । ਆਪ ਆਪਣਾ ਕਰ ਪਰਧਾਨ, ਆਪ ਆਪਣਾ ਹੁਕਮ ਚਲਾਇਆ । ਸ਼ਬਦ ਸੁਤ ਉਠ ਬਲਵਾਨ, ਪ੍ਰਭ ਸਾਚਾ ਰਿਹਾ ਜਗਾਇਆ । ਤੇਰਾ ਰੂਪ ਸਚ ਨਿਸ਼ਾਨ, ਸਤਿ ਸਤਿ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਕਰਨਹਾਰ ਕਰਤਾ ਆਪ ਅਖਵਾਇਆ । ਸਦ ਬਲਹਾਰ ਹਰਿ ਭਗਵਾਨ, ਭਗਵਨ ਨਾਉਂ ਧਰਾਇਆ । ਸਚਖੰਡ ਸਚ ਨਿਸ਼ਾਨ, ਸਾਚਾ ਆਪ ਉਠਾਇਆ । ਸਚਖੰਡ ਸਚ ਧਿਆਨ, ਹਰਿ ਸਾਚੇ ਆਪ ਲਗਾਇਆ । ਸਚਖੰਡ ਸਚ ਗਿਆਨ, ਹਰਿ ਸਾਚੇ ਆਪ ਦ੍ਰਿੜਾਇਆ । ਸਚਖੰਡ ਸਚ ਵਿਧਾਨ, ਹਰਿ ਸਾਚੇ ਆਪ ਬਣਾਇਆ । ਸਚਖੰਡ ਕਰ ਪਰਵਾਨ, ਹਰਿ ਸਾਚੇ ਹੁਕਮ ਸੁਣਾਇਆ । ਸਚਖੰਡ ਸਚ ਦੀਬਾਣ, ਹਰਿ ਸਾਚਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਮੇਲ ਮਿਲਾਇਆ । ਸਚਖੰਡ ਸਾਚਾ ਜੋਰ, ਹਰਿ ਸਾਚੇ ਵਿਚ ਸਮਾਇਆ । ਸਚਖੰਡ ਸਚ ਘਨਘੋਰ, ਹਰਿ ਸਾਚਾ ਰਿਹਾ ਸੁਣਾਇਆ । ਸਚਖੰਡ ਅਵਰ ਨਾ ਦੀਸੇ ਹੋਰ, ਹਰਿ ਸਾਚਾ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਹਰਿ ਨਿਰੰਕਾਰ, ਆਪਣਾ ਰੂਪ ਸਮਾਇਆ । ਸਚਖੰਡ ਸਾਚੀ ਜੋਤ, ਸਾਚੇ ਸਚ ਵਰਤਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਬੰਧਨ ਬੰਧ ਬੰਧਾਈਆ । ਸਚਖੰਡ ਸਾਚੀ ਚੋਟ, ਸ਼ਬਦ ਨਗਾਰੇ ਆਪ ਲਗਾਈਆ । ਸਚਖੰਡ ਨਾਮ ਭੰਡਾਰ ਸਦਾ ਅਤੋਟ, ਹਰਿ ਸਾਚਾ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਵਰਤੰਤਾ ਹਰਿ ਭਗਵੰਤਾ, ਏਕਾ ਏਕ ਅਖਵਾਈਆ । ਸਚਖੰਡ ਸਚ ਭੰਡਾਰਾ, ਹਰਿ ਸਾਚੇ ਆਪ ਭਰਾਇਆ । ਸਚਖੰਡ ਸਚ ਵਰਤਾਰਾ, ਸਚ ਸੱਚਾ ਰਿਹਾ ਵਰਤਾਇਆ । ਸਚਖੰਡ ਸਚ ਦਾਤਾਰਾ, ਸਿਰਜਣਹਾਰ ਆਪ ਅਖਵਾਇਆ । ਸਚਖੰਡ ਸਚ ਵਿਹਾਰਾ, ਸਾਚੀ ਸੇਵਕ ਸੇਵ ਕਮਾਇਆ । ਸਚਖੰਡ ਰੂਪ ਅਗੰਮ ਅਪਾਰਾ, ਸਤਿ ਸਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਸਾਇਆ । ਸਚਖੰਡ ਸਚ ਪਰਕਾਸ਼, ਹਰਿ ਸਾਚਾ ਆਪ ਕਰਾਇੰਦਾ । ਆਪੇ

ਜਾਣੇ ਆਪਣੀ ਰਾਸ, ਆਪੇ ਵੇਖ ਵਖਾਇੰਦਾ । ਸਚਖੰਡ ਹਰਿ ਸ਼ਾਹੋ ਸ਼ਬਾਸ, ਸਚ ਸਿੰਘਾਸਣ ਆਸਣ ਲਾਇੰਦਾ । ਆਦਿ ਅੰਤ ਨਾ ਹੋਏ ਵਿਨਾਸ, ਏਕਾ ਰੰਗ ਰੰਗਾਇੰਦਾ । ਸਚਖੰਡ ਸਰਬ ਗੁਣ ਤਾਸ, ਸਰਬ ਕਲ ਧਰਾਇੰਦਾ । ਆਪੇ ਪੂਰੀ ਕਰੇ ਆਪਣੀ ਆਸ, ਇੱਛਾ ਪੂਰਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਚ ਮਹੱਲਾ ਆਪੇ ਵਸਿਆ ਇਕ ਅਕੱਲਾ ਆਪ ਆਪਣਾ ਸੰਗ ਨਿਭਾਇੰਦਾ । ਇਕ ਅਕੱਲਾ ਏਕਾ ਧਾਰ, ਏਕਾ ਰੰਗ ਰੰਗਾਈਆ । ਸਚਖੰਡ ਹਰਿ ਕਰ ਪਿਆਰ, ਸਚ ਸਮਗਰੀ ਰਿਹਾ ਟਿਕਾਈਆ । ਸਚ ਸਮਗਰੀ ਅਪਰ ਅਪਾਰ, ਆਪ ਆਪਣੀ ਰਿਹਾ ਉਪਾਈਆ । ਆਪੇ ਵੇਖੇ ਵੇਖਣਹਾਰ, ਮਹਿਮਾ ਅਗਣਤ ਗਣੀ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰਾਗ ਆਪੇ ਰਿਹਾ ਅਲਾਈਆ । ਸਚਖੰਡ ਸਚ ਧੁਨਕਾਰਾ, ਹਰਿ ਸਾਚਾ ਨਾਦ ਵਜਾਇੰਦਾ । ਪੁਰਖ ਅਬਿਨਾਸ਼ੀ ਸੁਣਨੇਹਾਰਾ, ਇਕ ਧਿਆਨ ਜਣਾਇੰਦਾ । ਆਪਣੇ ਗੁਣ ਆਪੇ ਸੁਣਨੇਹਾਰਾ, ਗੁਣਵੰਤਾ ਨਾਉਂ ਧਰਾਇੰਦਾ । ਆਪ ਆਪਣਾ ਚੁਣਨੇਹਾਰਾ, ਆਪ ਆਪਣੀ ਚੋਣ ਕਰਾਇੰਦਾ । ਆਪ ਆਪਣਾ ਛਾਣ ਪੁਣ ਕਰਨੇਹਾਰਾ, ਆਪ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਕੱਢੇ ਭਰਮ ਭੁਲੇਖਾ ਆਪੇ ਲੇਖ ਲਿਖਾਇੰਦਾ । ਆਪਣਾ ਲੇਖਾ ਆਪੇ ਲਿਖ, ਆਪਣੀ ਰਚਨ ਰਚਾਈਆ । ਆਪਣੀ ਵਿਦਿਆ ਆਪੇ ਸਿਖ, ਆਪੇ ਕਰੇ ਪੜ੍ਹਾਈਆ । ਆਪਣੀ ਨਿਧਿਆ ਆਪੇ ਪਾਏ ਭਿਖ, ਆਪੇ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਹਰਿ ਨਿਰੰਕਾਰਾ ਏਕਾ ਘਰ ਵਸਾਈਆ । ਆਪਣੀ ਭਿਖਿਆ ਆਪੇ ਪਾ, ਆਪਣਾ ਦਰ ਸੁਹਾਇਆ । ਆਪਣਾ ਲਿਖਿਆ ਵੇਖ ਵਖਾ, ਵਾਹ ਵਾਹ ਮੰਗਲ ਗਾਇਆ । ਆਪ ਆਪਣੀ ਰਚਨ ਰਚਾ, ਆਪ ਆਪਣੇ ਵਿਚ ਟਿਕਾਇਆ । ਆਪ ਆਪਣਾ ਗੜ੍ਹ ਸੁਹਾ, ਆਪ ਆਪਣਾ ਆਸਣ ਲਾਇਆ । ਆਪੇ ਬੈਠਾ ਬੇਪਰਵਾਹ, ਬੇਅੰਤ ਨਾਮ ਧਰਾਇਆ । ਊਚ ਅਗੰਮ ਅਗੰਮ ਅਥਾਹ, ਪਾਰਬ੍ਰਹਮ ਬੇਅੰਤ ਰੂਪ ਵਟਾਇਆ । ਆਪ ਸੁਹਾਏ ਆਪਣਾ ਥਾਂ, ਆਪ ਆਪਣਾ ਆਸਣ ਲਾਇਆ । ਸਚਖੰਡ ਰਖਾਏ ਸਾਚਾ ਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਉਪਾਇਆ । ਆਪ ਆਪਣਾ ਨਾਉਂ ਉਪਾਏ, ਆਪਣੀ ਅਵਾਜ਼ ਲਗਾਈਆ । ਆਪ ਆਪਣਾ ਕਾਮ ਕਰਾਏ, ਆਪੇ ਰਿਹਾ ਸੁਣਾਈਆ । ਆਪ ਆਪਣਾ ਰਾਜ ਕਮਾਏ, ਆਪੇ ਬੈਠਾ ਸ਼ਹਿਨਸ਼ਾਹੀਆ । ਆਪ ਆਪਣਾ ਸੀਸ ਸੁਹਾਏ, ਏਕਾ ਤਾਜ ਰਿਹਾ ਸੁਹਾਈਆ । ਆਪ ਆਪਣੀ ਰੀਝ ਕਰਾਏ, ਆਪਣਾ ਸ਼ੰਗਾਰ ਆਪਣੇ ਹੱਥ ਰਖਾਈਆ । ਆਪ ਆਪਣੀ ਦਰ ਦਲੀਜ਼ ਸੁਹਾਏ, ਸਚਖੰਡ ਦਵਾਰਾ ਖੋਲ੍ਹੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੈਠਾ ਅਲਖ ਜਗਾਈਆ । ਸਚਖੰਡ ਦਵਾਰਾ ਅਪਰ ਅਪਾਰਾ, ਏਕਾ ਅਲਖ ਜਗਾਇੰਦਾ । ਆਪੇ ਮੰਗੇ ਬਣ ਭਿਖਾਰਾ, ਦਰ ਦਰਵੇਸ਼ਾ ਨਾਉਂ ਧਰਾਇੰਦਾ । ਆਪੇ ਹੋਇਆ ਦੇਵਣਹਾਰਾ, ਆਪੇ ਵੰਡ ਵੰਡਾਇੰਦਾ । ਆਪ ਆਪਣਾ ਸੇਵਣਹਾਰਾ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਪਸਾਰਾ ਕਰ ਨਿਰੰਕਾਰਾ, ਆਪਣੀ ਧਾਰਾ ਆਪ ਚਲਾਇੰਦਾ । ਸਚਖੰਡ ਸਾਚੀ ਰੁੱਤ, ਹਰਿ ਸਾਚੇ ਆਪ ਸੁਹਾਈਆ । ਆਪੇ ਵੇਖੇ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਪਰਮ ਪੁਰਖ ਵੱਡੀ ਵਡਿਆਈਆ । ਮੇਲ ਮਿਲਾਵਾ ਸਾਚੇ ਸੁੱਤ, ਸੋਇਆ ਪੂਤ ਉਠਾਈਆ । ਆਪੇ ਗਿਆ ਘਰ ਸਾਚੇ ਤੁਠ, ਏਕਾ ਵਸਤ ਝੋਲੀ ਪਾਈਆ । ਏਕਾ ਨਾਮ ਏਕਾ ਮੁੱਠ,

੩੬੬
੦੨

ਏਕਾ ਰਿਹਾ ਵਰਤਾਈਆ । ਏਕ ਪਿਆਏ ਸਾਚਾ ਘੁੱਟ, ਅੰਮ੍ਰਿਤ ਮੁਖ ਚੁਆਈਆ । ਆਦਿ ਅੰਤ ਨਾਤਾ ਨਾ ਜਾਏ ਤੁੱਟ, ਹਰਿ ਜੋੜੀ ਜੋੜ ਜੁੜਾਈਆ । ਜੋਤੀ ਸ਼ਬਦ ਮੇਲ ਨਾ ਜਾਏ ਛੁੱਟ, ਕਰੀ ਨਾਮ ਸੱਚੀ ਕੁੜਮਾਈਆ । ਆਪਣਾ ਘਰ ਆਪੇ ਲੁੱਟ, ਆਪਣੀ ਖੇਲ ਕਰਾਈਆ । ਆਪਣੇ ਅੰਦਰੋਂ ਆਪੇ ਬਾਹਰ ਰਿਹਾ ਸੁੱਟ, ਇਕ ਉਛਾਲਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਸਾਚਾ ਬੰਕ, ਬੰਕ ਦਵਾਰੀ ਆਪ ਸੁਹਾਈਆ । ਸਾਚਾ ਦਰ ਹਰਿ ਹਰਿ ਬੰਕ, ਏਕਾ ਏਕ ਸੁਹਾਇੰਦਾ । ਆਪੇ ਰਾਓ ਆਪੇ ਰੰਕ, ਰਾਜ ਰਾਜਾਨ ਆਪ ਅਖਵਾਇੰਦਾ । ਆਪ ਆਪਣੀ ਲਾਏ ਤਣਕ, ਆਪੇ ਹੁਕਮ ਸੁਣਾਇੰਦਾ । ਆਪੇ ਖੇਲੇ ਖੇਲ ਅਨੇਕ ਅਨਕ, ਅਨਕ ਕਲਧਾਰੀ ਆਪ ਹੋ ਜਾਇੰਦਾ । ਆਪੇ ਮੇਟੇ ਆਪਣੀ ਸ਼ੰਕ, ਆਪਣਾ ਸਹਿਸਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਵਾਸੀ ਪੁਰਖ ਅਬਿਨਾਸ਼ੀ ਘਰ ਆਪਣਾ ਵੇਖ ਵਖਾਇੰਦਾ । ਸਾਚੇ ਘਰ ਸਚ ਟਿਕਾਨਾ, ਹਰਿ ਸਾਚੇ ਆਪ ਸੁਹਾਇਆ । ਸ਼ਬਦ ਸੁਤ ਕਰ ਪਰਧਾਨਾ, ਨਾਮਾ ਨਾਮ ਚਲਾਇਆ । ਆਪਣੀ ਹੱਥੀਂ ਬੱਧਾ ਗਾਨਾ, ਸਾਚਾ ਸਗਨ ਮਨਾਇਆ । ਏਕਾ ਦਿਤਾ ਧੁਰ ਫ਼ਰਮਾਨਾ, ਏਕਾ ਰਾਗ ਸੁਣਾਇਆ । ਏਕਾ ਰਾਗ ਸਾਚਾ ਗਾਣਾ, ਏਕਾ ਤਾਲ ਵਜਾਇਆ । ਏਕਾ ਪਦ ਪਦ ਨਿਰਬਾਨਾ, ਏਕਾ ਧਾਮ ਸੁਹਾਇਆ । ਏਕਾ ਧਰਮ ਧੁਰ ਨਿਸ਼ਾਨਾ, ਏਕਾ ਰਿਹਾ ਚਲਾਇਆ । ਏਕਾ ਗਿਆਨ ਚਰਨ ਧਿਆਨਾ, ਏਕਾ ਏਕ ਲਿਵ ਲਾਇਆ । ਏਕਾ ਏਕ ਕਰ ਪਰਵਾਨਾ, ਏਕਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਹਰਿ ਲਿਆ ਵਰ, ਸੁਤ ਸਾਚਾ ਸੇਵਾ ਲਾਇਆ । ਸਾਚਾ ਸੁਤ ਉਠ ਬਲਵਾਨ, ਹਰਿ ਸਾਚੇ ਤਨ ਸ਼ੰਗਾਰਿਆ । ਅੱਠੇ ਪਹਿਰ ਰਹਿਣਾ ਨੌਜਵਾਨ, ਗੁਰ ਪੂਰਾ ਦਏ ਸਹਾਰਿਆ । ਏਕਾ ਦੇਵੇ ਸਚ ਬਿਬਾਨ, ਧੁਰਦਰਗਾਹੀ ਕਾਜ ਸਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪਣਾ ਕਾਰਜ ਆਪ ਕਰਾ ਰਿਹਾ । ਸੁਤ ਸ਼ਬਦ ਕਰ ਪਰਵਾਨਾ, ਏਕ ਸੀਸ ਨਿਵਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨਾ, ਏਕਾ ਰਾਹ ਵਖਾਇੰਦਾ । ਤੇਰਾ ਮੇਰਾ ਖੇਲ ਮਹਾਨਾ, ਨਾ ਕੋਈ ਵੇਖ ਵਖਾਇੰਦਾ । ਏਕਾ ਘਰ ਇਕ ਟਿਕਾਣਾ, ਏਕਾ ਧਾਮ ਸੁਹਾਇੰਦਾ । ਏਕਾ ਗੁਣ ਹਰਿ ਪਛਾਣਾ, ਅਵਗੁਣ ਨਾ ਕੋਈ ਜਣਾਇੰਦਾ । ਏਕਾ ਦਾਤਾ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਇੰਦਾ । ਏਕਾ ਦੇਵੇ ਪੀਣਾ ਖਾਣਾ, ਅੰਮ੍ਰਿਤ ਜਾਮ ਪਿਆਇੰਦਾ । ਏਕਾ ਕਰੇ ਠਾਂਡਾ ਸੀਨਾ, ਏਕਾ ਲਿਵ ਧਰਾਇੰਦਾ । ਏਕਾ ਜਲ ਏਕਾ ਮੀਨਾ, ਇਕ ਪਿਆਰ ਸਮਾਇੰਦਾ । ਏਕਾ ਅੱਖਰ ਵੱਖ ਕੀਨਾ, ਏਕਾ ਵਿਚ ਟਿਕਾਇੰਦਾ । ਏਕਾ ਨਾਮ ਏਕਾ ਚੀਨਾ, ਏਕਾ ਗੁਣ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਕਰ ਪਰਵਾਨ, ਏਕਾ ਏਕ ਰਾਹ ਵਖਾਇੰਦਾ ।

* ੨੦ ਜੇਠ ੨੦੧੫ ਬਿਕ੍ਰਮੀ ਹਕੀਮ ਕਾਸ਼ੀ ਰਾਮ ਦੇ ਘਰ ਪਿੰਡ ਸਨਈਆ ਤਹਸੀਲ ਬਟਾਲਾ ਜ਼ਿਲਾ ਗੁਰਦਾਸਪੁਰ *

ਸਚਖੰਡ ਸਚ ਦਵਾਰਾ, ਹਰਿ ਸਾਚੇ ਆਪ ਸੁਹਾਇਆ । ਆਪੇ ਬੈਠ ਹਰਿ ਨਿਰੰਕਾਰਾ, ਆਪਣਾ ਖੇਲ ਖਿਲਾਇਆ । ਆਪੇ ਜਾਣੇ ਆਪਣੀ ਧਾਰਾ, ਆਪੇ ਰਿਹਾ ਬੰਧਾਇਆ । ਆਪ ਆਪਣਾ ਕਰ ਪਸਾਰਾ, ਆਪੇ ਵੇਖਣ ਆਇਆ । ਲੋਕਮਾਤੀ ਕਰ ਉਜਿਆਰਾ, ਦੀਵਾ ਬਾਤੀ ਨਾ ਕੋਈ


Rev-01

ਰਖਾਇਆ । ਚੰਦ ਸੂਰਜ ਨਾ ਕੋਈ ਸਤਾਰਾ, ਗਗਨ ਮੰਡਲ ਨਾ ਕੋਈ ਉਪਾਇਆ । ਪੁਰਖ ਅਗੰਮੜਾ ਅਗੰਮੜੀ ਧਾਰਾ, ਅਗੰਮੜੇ ਧਾਮ ਸੁਹਾਇਆ । ਜੋਤੀ ਨੂਰ ਪੁਰਖ ਕਰਤਾਰਾ, ਕਰਨਹਾਰ ਅਖਵਾਇਆ । ਲੋਕਮਾਤ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇਆ । ਲੱਖ ਚੁਰਾਸੀ ਪਾਵੇ ਸਾਰਾ, ਅੰਦਰ ਮੰਦਰ ਡੇਰਾ ਲਾਇਆ । ਆਤਮ ਸੇਜਾ ਕਰ ਪਿਆਰਾ, ਸ਼ਬਦ ਸਿੰਘਾਸਣ ਇਕ ਵਿਛਾਇਆ । ਜੋਤ ਨਿਰੰਜਣ ਸੇਵਾਦਾਰਾ, ਅਨਹਦ ਤਾਲ ਵਜਾਇਆ । ਆਪਣਾ ਮੰਗਲ ਗਾਏ ਆਪਣੀ ਵਾਰਾ, ਨਾ ਕੋਈ ਦੂਸਰ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਘਰ ਸਾਚਾ ਇਕ ਸੁਹਾਇਆ । ਸਚਖੰਡ ਹਰਿ ਵਰਤੰਤਾ, ਹਰਿ ਹਰਿ ਆਪ ਅਖਵਾਇੰਦਾ । ਆਪੇ ਜੋਤੀ ਨੂਰ ਭਗਵੰਤਾ, ਆਪੇ ਰੂਪ ਵਟਾਇੰਦਾ । ਆਪ ਬਣਾਏ ਆਪਣੀ ਬਣਤਾ ਬਣਾਇੰਦਾ । ਆਪੇ ਵੇਖੇ ਸਾਚੇ ਸੰਤਾ, ਸਤਿ ਸਰੂਪ ਸਮਾਇੰਦਾ । ਖੇਲੇ ਖੇਲ ਆਦਿਨ ਅੰਤਾ, ਜੁਗ ਜੁਗ ਵੇਸ ਵਟਾਇੰਦਾ । ਗੁਰਮੁਖ ਨਾਰੀ ਮੇਲਾ ਸਾਚੇ ਕੰਤਾ, ਸਚ ਸੁਹਾਗ ਹੰਢਾਇੰਦਾ । ਭੇਵ ਛੁਪਾਏ ਜੀਵ ਜੰਤਾ, ਮਾਇਆ ਪੜਦਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਦੇਵੇ ਵਰ, ਹਰਿ ਸਾਚਾ ਖੇਲ ਖਿਲਾਇੰਦਾ । ਖੇਲਣਹਾਰ ਸਰਬ ਗੁਣ ਠਾਕਰ, ਪਾਰਬ੍ਰਹਮ ਅਖਵਾਇਆ । ਦੇਵੇ ਨਾਮ ਰੱਤੀ ਰਤਨਾਗਰ, ਡੂੰਘਾ ਸਾਗਰ ਇਕ ਭਰਾਇਆ । ਨਿਰਮਲ ਕਰਮ ਕਰੇ ਉਜਾਗਰ, ਜੋ ਜਨ ਸਰਨਾਈ ਆਇਆ । ਕਰੇ ਵਣਜ ਸੱਚਾ ਵਪਾਰ ਸੌਦਾਗਰ, ਨਾਮ ਵਸਤ ਇਕ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਹਰਿ ਨਿਰੰਕਾਰਾ, ਏਕਾ ਮਾਰਗ ਰਿਹਾ ਵਖਾਇਆ । ਏਕਾ ਮਾਰਗ ਏਕਾ ਧਾਰ, ਏਕੰਕਾਰ ਚਲਾਇੰਦਾ । ਪਰਗਟ ਹੋ ਵਿਚ ਸੰਸਾਰ, ਆਪਣਾ ਰੰਗ ਰੰਗਾਇੰਦਾ । ਗੁਰਮੁਖ ਸਾਚੇ ਕਰ ਤਿਆਰ, ਸਾਚੀ ਸੇਵ ਕਮਾਇੰਦਾ । ਅੱਠੇ ਪਹਿਰ ਖ਼ਬਰਦਾਰ, ਦਿਵਸ ਰੈਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਦਰਵਾਜਾ ਗ਼ਰੀਬ ਨਿਵਾਜਾ ਇਕ ਅਕੱਲਾ ਉਚ ਮਹੱਲਾ, ਸਾਚਾ ਘਰ ਸੁਹਾਇੰਦਾ । ਉਚ ਮਹੱਲਾ ਸ਼ਬਦ ਸਿੰਘਾਸਣ, ਥਿਰ ਘਰ ਆਪ ਵਸਾਇਆ । ਉਪਰ ਬੈਠ ਪੁਰਖ ਅਬਿਨਾਸ਼ਨ, ਧੁਰ ਦਰਗਾਹੀ ਰਾਜ ਕਮਾਇਆ । ਖੇਲੇ ਖੇਲ ਜਗਤ ਤਮਾਸ਼ਨ, ਆਪ ਆਪਣਾ ਵੇਸ ਵਟਾਇਆ । ਗੁਰਮੁਖਾਂ ਸਦਾ ਸਦਾ ਸਦ ਬਲ ਬਲ ਜਾਸਨ, ਬਲਹਾਰੀ ਗੁਰ ਪੂਰਾ ਪਾਇਆ । ਆਦਿ ਅੰਤ ਨਾ ਕਦੇ ਵਿਨਾਸਨ, ਹਰਿ ਜੋਤੀ ਮੇਲ ਮਿਲਾਇਆ । ਪਾਇਆ ਪੁਰਖ ਸ਼ਾਹੋ ਸਾਬਾਸਨ, ਵਿਛੜ ਕਦੇ ਨਾ ਜਾਇਆ । ਲੇਖੇ ਲਾਏ ਰਸਨ ਸਵਾਸਨ, ਵਾਹ ਵਾਹ ਸਤਿਗੁਰ ਪੂਰਾ ਗਾਇਆ । ਗੁਰ ਗੋਬਿੰਦਾ ਹੋਇਆ ਦਾਸਨ, ਲੋਕਮਾਤ ਫੇਰਾ ਪਾਇਆ । ਜਨ ਭਗਤਾਂ ਮਿਟਾਏ ਸਗਲੀ ਚਿੰਦਾ, ਬ੍ਰਹਮ ਗਿਆਨ ਦਵਾਇਆ । ਮਨਮੁਖ ਲਗਾਏ ਆਪਣੀ ਨਿੰਦਾ, ਨਿੰਦਕ ਨਿੰਦਿਆ ਝੋਲੀ ਪਾਇਆ । ਗੁਰਮੁਖ ਸਾਚਾ ਸੁਤ ਅਨਾਦੀ ਨਾਦੀ ਬਿੰਦਾ, ਆਪਣਾ ਆਪ ਲਏ ਉਪਾਇਆ । ਗਹਿਰ ਗੰਭੀਰ ਵਡ ਗੁਣੀ ਗਹਿੰਦਾ, ਦਾਤਾ ਦਾਨੀ ਨਾਮ ਧਰਾਇਆ । ਦੋ ਜਹਾਨੀ ਸਦਾ ਬਖ਼ਸ਼ਿੰਦਾ, ਏਥੇ ਉਥੇ ਹੋਏ ਸਹਾਇਆ । ਏਕਾ ਵਸਤ ਨਾਮ ਸਾਚੀ ਦੇਂਦਾ, ਚਰਨ ਪ੍ਰੀਤੀ ਰਿਹਾ ਸਿਖਾਇਆ । ਬਜਰ ਕਪਾਟੀ ਤੋੜੇ ਜਿੰਦਾ, ਸ਼ਬਦ ਖੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਦੇਵੇ ਵਰ, ਵਰ ਏਕਾ ਝੋਲੀ ਪਾਇਆ । ਏਕਾ ਨਾਮ ਭਰ ਭੰਡਾਰਾ, ਕਾਇਆ ਰੰਗ ਰੰਗਾਇੰਦਾ । ਲੋਕਮਾਤ ਬਣ ਵਰਤਾਰਾ, ਆਪਣਾ ਕਰਮ ਕਰਾਇੰਦਾ । ਸਾਚਾ ਧਰਮ

੩੬੭
੦੭

ਵਿਚ ਸੰਸਾਰਾ, ਸਾਚੀ ਰੀਤ ਵਖਾਇੰਦਾ । ਲੱਖ ਚੁਰਾਸੀ ਇਕ ਪਿਆਰਾ, ਜੀਵ ਜੰਤ ਨਾ ਕੋਈ ਰਖਾਇੰਦਾ । ਬ੍ਰਹਮ ਪਾਰਬ੍ਰਹਮ ਹਰਿ ਪਸਾਰਾ, ਬ੍ਰਹਮ ਬ੍ਰਹਮ ਅਖਵਾਇੰਦਾ । ਆਪੇ ਵਸਿਆ ਏਕੰਕਾਰਾ, ਓਅੰਕਾਰਾ ਨਾਉਂ ਧਰਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਭਗਤੀ ਵਰ, ਭਗਤ ਭੰਡਾਰਾ ਇਕ ਵਰਤਾਇੰਦਾ । ਭਗਤ ਭਗਵੰਤ ਸਾਚਾ ਮੇਲਾ, ਜੁਗ ਜੁਗ ਆਪ ਕਰਾਇਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਚੇਲਾ ਨਾਮ ਧਰਾਇਆ । ਆਪੇ ਹੋਇਆ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇਆ । ਆਪੇ ਵਸਿਆ ਰੰਗ ਨਵੇਲਾ, ਆਪੇ ਹਰ ਘਟ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਜਗਾਇਆ । ਗੁਰਮੁਖ ਸਾਜਣ ਉਠ ਉਠ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਲੋਕਮਾਤ ਲੱਗਾ ਭਾਗ, ਭੇਵ ਕੋਈ ਨਾ ਪਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇੰਦਾ । ਪੂਰ ਕਰਾਏ ਆਪਣਾ ਵਾਕ, ਗੋਬਿੰਦ ਲੇਖ ਲਿਖਾਇੰਦਾ । ਗੁਰਸਿਖ ਬਣਾਏ ਸੱਜਣ ਸਾਕ, ਜਗ ਨਾਤਾ ਆਪ ਰਖਾਇੰਦਾ । ਨਾ ਕੋਈ ਜਾਤ ਨਾ ਕੋਈ ਪਾਤ, ਵਰਨ ਬਰਨ ਨਾ ਕੋਈ ਬਣਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤ, ਨਾ ਕੋਈ ਸੂਰਜ ਚੰਨ ਚੜ੍ਹਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਧਿਆਨ ਲਗਾਇੰਦਾ । ਨਾ ਕੋਈ ਸਰ ਸਰੋਵਰ ਮਾਰੇ ਠਾਠ, ਤੀਰਥ ਤੱਟ ਨਾ ਕੋਈ ਜਣਾਇੰਦਾ । ਗੁਰਸਿਖ ਤੇਰਾ ਇਕ ਰਖਾਏ ਹਾਠ, ਬਿਨ ਗੁਰ ਪੂਰੇ ਦੂਜਾ ਦਰ ਨਾ ਕੋਈ ਸੁਹਾਇੰਦਾ । ਅੰਮ੍ਰਿਤ ਰਸ ਲੈਣਾ ਚਾਟ, ਨਿਝਰ ਧਾਰਾ ਆਪ ਵਹਾਇੰਦਾ । ਮਾਨਸ ਦੇਹੀ ਲਾਹਾ ਲੈਣਾ ਖਾਟ, ਮਾਝਾ ਦੇਸ ਰਾਹ ਤਕਾਇੰਦਾ । ਮਾਝਾ ਦੇਸ ਗੁਰ ਗੋਬਿੰਦ ਵਿਛਾਈ ਖਾਟ, ਹਰਿ ਗੋਬਿੰਦ ਡੇਰਾ ਲਾਇੰਦਾ । ਬਜਰ ਕਪਾਟੀ ਗਈ ਪਾਟ, ਧਾਮ ਅਵੱਲਾ ਇਕ ਸੁਹਾਇੰਦਾ । ਇਕ ਖੁਲ੍ਹਾਇਆ ਸਾਚਾ ਹਾਟ, ਸਾਚਾ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਗੁਰਸਿਖ ਜਾਗ ਸੁਤ ਦੁਲਾਰੇ, ਹਰਿ ਸਾਚੇ ਸ਼ਬਦ ਜਣਾਈਆ । ਪ੍ਰਭ ਅਬਿਨਾਸ਼ੀ ਲੈ ਅਵਤਾਰੇ, ਭੇਖਾਧਾਰੀ ਭੇਖ ਵਟਾਈਆ । ਜਗੀ ਜੋਤ ਅਗੰਮ ਅਪਾਰੇ, ਪੰਜ ਤਤ ਰਹੀ ਸਮਾਈਆ । ਮਨ ਮਤ ਬੁਧ ਨਾ ਕਰੀ ਕਾਰੇ, ਨਿਰਗੁਣ ਵਜਦੀ ਰਹੇ ਵਧਾਈਆ । ਨਿਰਗੁਣ ਵਸੇ ਜਗਤ ਮੁਨਾਰੇ, ਵਿਚ ਬੈਠਾ ਬੇਪਰਵਾਹੀਆ । ਗੁਰ ਗੋਬਿੰਦਾ ਵਾਜਾਂ ਮਾਰੇ, ਬੈਠਾ ਰਾਹ ਤਕਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰੇ, ਦੋ ਜਹਾਨਾਂ ਰਥ ਰਥਵਾਹੀਆ । ਆਇਆ ਚਲ ਜਗਤ ਦਵਾਰੇ, ਆਪਣੀ ਸੇਵਾ ਰਿਹਾ ਕਮਾਈਆ । ਜਨ ਭਗਤਾਂ ਢਹਿ ਪਏ ਦਵਾਰੇ, ਜਿਉਂ ਸੁਦਾਮਾ ਕ੍ਰਿਸ਼ਨ ਰਘੁਰਾਈਆ । ਗੁਰਸਿਖ ਸਾਜਨ ਪਾਰ ਉਤਾਰੇ, ਬੇੜਾ ਆਪਣਾ ਆਪੇ ਰਿਹਾ ਚਲਾਈਆ । ਨਾ ਕੋਈ ਦੂਸਰ ਵੰਝ ਮੁਹਾਣੇ, ਨਾ ਕੋਈ ਦੂਸਰ ਆਸ ਰਖਾਈਆ । ਵੇਖ ਵਖਾਣੇ ਦੋ ਜਹਾਨੇ, ਦੋ ਜਹਾਨਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਰੱਖੇ ਸਿਕ, ਸਾਚੀ ਸਿਖਿਆ ਸਿਖ ਸਿਖ ਸਾਖਯਾਤ ਏਕਾ ਰੂਪ ਦਰਸਾਈਆ । ਸਾਚੀ ਸਿਖਿਆ ਸਾਖਯਾਤ, ਪਾਰਬ੍ਰਹਮ ਸਰਨਾਇਆ । ਗੁਰਮੁਖ ਹੋਏ ਪਾਰਜ਼ਾਤ, ਪ੍ਰਭ ਪੂਰਾ ਦਇਆ ਕਮਾਇਆ । ਅੰਤਮ ਵੇਲੇ ਪੁੱਛੇ ਵਾਤ, ਧਰਮ ਰਾਏ ਨਾ ਦਏ ਸਜ਼ਾਇਆ । ਲਾੜੀ ਮੌਤ ਨਾ ਕਰੇ ਨਾਤ, ਦੇਵੇ ਦਰ ਦੁਰਕਾਇਆ । ਚਿਤਰ ਗੁਪਤ ਨਾ ਖੋਲ੍ਹੇ ਖਾਤ, ਨਾ ਲੇਖਾ ਕੋਇ ਰਖਾਇਆ । ਜੰਮ ਡੰਡ ਨਾ ਕਰੇ ਕੋਈ ਘਾਟ, ਗੁਰਸਿਖ ਨੇੜ ਨਾ ਆਇਆ । ਪ੍ਰਭ ਏਕਾ ਬਖ਼ਸ਼ੇ ਨਾਮ ਦਾਤ, ਮਾਨਸ

੩੬੯
੦੭

ਮਾਨੁਖ ਲਏ ਤਰਾਇਆ । ਅੰਦਰ ਮੰਦਰ ਵੇਖ ਮਾਰ ਝਾਤ, ਬੈਠਾ ਮੁਖ ਛੁਪਾਇਆ । ਆਪਣੀ ਹੱਥੀਂ ਖੋਲ੍ਹੇ ਤਾਕ, ਗੁਰਮੁਖਾਂ ਸੰਮਤ ਸੋਲਾਂ ਰਾਹ ਤਕਾਇਆ । ਮਨਮੁਖਾਂ ਉਡਾਏ ਖ਼ਾਕੀ ਖ਼ਾਕ, ਚਾਰੋਂ ਕੁੰਟ ਦਏ ਵਹਾਇਆ । ਸ਼ਬਦ ਘੋੜੇ ਚੜ੍ਹਿਆ ਸਾਚੇ ਰਾਕੀ ਰਾਕ, ਸਚ ਸਿੰਘਾਸਣ ਆਸਣ ਲਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨਕੇਲ ਪਾਏ ਨਾਕ, ਸ਼ਬਦ ਡੰਡਾ ਇਕ ਉਠਾਇਆ । ਵੇਖ ਵਖਾਏ ਪਾਕੀ ਪਾਕ, ਪੱਤਤ ਪੁਨੀਤਾ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤ, ਨਿਝਰ ਧਾਰਾ ਇਕ ਚੁਆਇਆ । ਸਚਖੰਡ ਸਚ ਘਰ ਬਾਰਾ, ਸਾਚਾ ਦਰ ਸੁਹਾਇੰਦਾ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਦਇਆ ਕਮਾਇੰਦਾ । ਭਰਮੇ ਭੁੱਲੇ ਜੀਵ ਗਵਾਰਾ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਮਾਇਆ ਮਮਤਾ ਕਰੇ ਪਿਆਰਾ, ਇਸ਼ਟ ਦੇਵ ਨਾ ਕੋਈ ਮਨਾਇੰਦਾ । ਮਿਲਿਆ ਮੇਲ ਨਾ ਮੀਤ ਮੁਰਾਰਾ, ਹਉਮੇ ਹੰਗਤਾ ਨਾ ਕੋਈ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਤਨ ਸ਼ੰਗਾਰ ਇਕ ਕਰਾਇੰਦਾ । ਤਨ ਸ਼ੰਗਾਰ ਕਾਇਆ ਰੰਗ, ਹਰਿ ਆਪ ਕਰਾਇੰਦਾ । ਗੁਰਮੁਖ ਮੰਗੇ ਸਾਚੀ ਮੰਗ, ਆਤਮ ਬ੍ਰਹਮ ਜਣਾਇੰਦਾ । ਕੱਟਣਹਾਰਾ ਭੁੱਖ ਨੰਗ, ਇਕ ਦੁਸ਼ਾਲਾ ਗੁਰ ਗੋਪਾਲਾ ਦੀਨ ਦਿਆਲਾ ਨਾਮ ਪੜਦਾ ਉਪਰ ਪਾਇੰਦਾ । ਆਪਣਾ ਦਵਾਰਾ ਆਪੇ ਜਾਣਾ ਲੰਘ, ਮਿਲੇ ਮੇਲ ਸੂਰਾ ਸਰਬੰਗ ਅੱਠੇ ਪਹਿਰ ਰਾਹ ਤਕਾਇੰਦਾ । ਅੰਮ੍ਰਿਤ ਨੁਹੌਣਾ ਸਾਚੀ ਗੰਗ, ਸ਼ਬਦ ਸੁਣੌਣਾ ਸਚ ਮਰਦੰਗ, ਅਨਹਦ ਤਾਲ ਵਜਾਇੰਦਾ । ਆਪ ਵਛਾਇਆ ਸ਼ਬਦ ਰੰਗੀਲਾ ਸਚ ਪਲੰਘ, ਗੁਰਮੁਖ ਤੇਰਾ ਉਥੇ ਹੋਏ ਸੰਗ, ਨਾ ਕੋਈ ਵਿਛੋੜਾ ਸੱਸੇ ਉਪਰ ਲੱਗਾ ਹੋੜਾ ਨਿਰਗੁਣ ਸਰਗੁਣ ਧਾਰ ਚਲਾਇੰਦਾ । ਸੱਸੇ ਤੇਰਾ ਸਤਿ ਸਤਿਵਾਦਿ, ਸਤਿ ਪੁਰਖ ਨਿਰੰਜਣ ਆਪ ਬਣਾਇਆ । ਊੜਾ ਓਅੰ ਕਰ, ਹਾਹਾ ਹਰਿ ਹਰਿ ਨਾਉਂ ਧਰਾਇਆ । ਚੌਥੇ ਘਰ ਹੋ ਵਿਸਮਾਦਿ, ਆਪਣੀ ਬਣਤ ਬਣਾਇਆ । ਸੱਸਾ ਕਿਲਾ ਬਣਾਇਆ ਆਦਿ ਜੁਗਾਦਿ, ਵਿਚ ਆਪਣਾ ਆਸਣ ਲਾਇਆ । ਉਪਰ ਬੈਠ ਸ਼ਬਦ ਗੁਰ ਬ੍ਰਹਿਮਾਦਿ, ਲੋਆਂ ਪੁਰੀਆਂ ਰਿਹਾ ਰਚਾਇਆ । ਆਪੇ ਜਾਣੇ ਆਪਣੀ ਯਾਦ, ਨਾ ਕੋਈ ਭਰਮ ਭੁਲਾਇਆ । ਜੁਗ ਜੁਗ ਸੰਤ ਸੁਹੇਲੇ ਕਰ ਕਰ ਮੇਲੇ ਆਪੇ ਲਏ ਲਾਧ, ਆਪ ਆਪਣਾ ਦਰ ਸੁਹਾਇਆ । ਦਿਵਸ ਰੈਣ ਰੈਣ ਦਿਵਸ ਜੋ ਜਨ ਰਹੇ ਅਰਾਧ, ਇਕ ਮਤ ਚਿਤ ਹੋਏ ਲਿਵ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਏ ਆਪਣੇ ਖਾਤ, ਆਪਣਾ ਲੇਖਾ ਆਪ ਜਣਾਇਆ । ਲੇਖਾ ਲਿਖਣਹਾਰ ਬੇਪਰਵਾਹੀਆ । ਭਗਤ ਸੁਹੇਲਾ ਮੀਤ ਮੁਰਾਰ, ਜੁਗ ਜੁਗ ਦੇਵੇ ਸਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਖਾਏ ਏਕਾ ਘਰ, ਨਾ ਕੋਈ ਦੂਜਾ ਰਾਹ ਤਕਾਈਆ । ਏਕਾ ਘਰ ਇਕ ਟਿਕਾਨਾ, ਏਕਾ ਏਕ ਸੁਹਾਇੰਦਾ । ਦੂਜਾ ਦੇਵੇ ਸ਼ਬਦ ਬਿਬਾਨਾ, ਗੁਰਮੁਖਾਂ ਆਪ ਚੜ੍ਹਾਇੰਦਾ । ਤੀਜੇ ਨੇਤਰ ਇਕ ਗਿਆਨਾ, ਆਤਮ ਦਰਸੀ ਦਰਸ ਦਿਖਾਇੰਦਾ । ਚੌਥਾ ਪਦ ਪਦ ਨਿਰਬਾਨਾ, ਆਪਣਾ ਮੇਲ ਮਿਲਾਇੰਦਾ । ਪੰਚਮ ਕਰ ਹਰਿ ਪਰਵਾਨਾ, ਏਕਾ ਧਾਰ ਚਲਾਇੰਦਾ । ਛੇਵੇਂ ਘਰ ਸ਼ਬਦ ਤਰਾਨਾ, ਅਪਣਾ ਨਾਦ ਵਜਾਇੰਦਾ । ਸਤਵੇਂ ਜੋਤ ਨੂਰ ਮਹਾਨਾ, ਅਕਲ ਕਲਾ ਅਖਵਾਇੰਦਾ । ਅੱਠ ਤੱਤਾਂ ਲੋਕਮਾਤ ਨਿਸ਼ਾਨਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾਲ ਰਲਾਇੰਦਾ । ਨੌਂ ਦਰ ਖੇਲੇ ਖੇਲ ਮਹਾਨਾ, ਭਰਮੀ ਭਰਮ ਭੁਲਾਇੰਦਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਸਾਚਾ ਸਗਨ ਮਨਾਇੰਦਾ । ਦੇਵੇ ਨਾਮ ਧੁਰ ਫ਼ਰਮਾਣਾ, ਆਪਣਾ ਕਰਮ


Rev-01

ਕਮਾਇੰਦਾ । ਆਪੇ ਵੇਖੇ ਮਾਰ ਧਿਆਨਾ, ਉਚੇ ਟਿੱਲੇ ਡੇਰਾ ਲਾਇੰਦਾ । ਨਾ ਕੋਈ ਪਵਣ ਨਾ ਮਸਾਣਾ, ਧੂੰਆਂਧਾਰ ਨਾ ਕੋਈ ਰਖਾਇੰਦਾ । ਨਿਰਮਲ ਦੀਪਕ ਜੋਤੀ ਇਕ ਜਗਾਣਾ, ਪਰਕਾਸ਼ ਪਰਕਾਸ਼ ਕਰਾਇੰਦਾ । ਟੇਢੀ ਬੰਕ ਪਾਰ ਕਰਾਣਾ, ਏਕਾ ਘਾਟ ਵਖਾਇੰਦਾ । ਆਪ ਸੁਹਾਏ ਆਪਣਾ ਗਾਣਾ, ਪੰਚਮ ਰਾਗ ਅਲਾਇੰਦਾ । ਸਾਚਾ ਨਾਦ ਸਚ ਤਰਾਨਾ, ਸਾਚੇ ਦਰ ਸੁਹਾਇੰਦਾ । ਕਰੇ ਖੇਲ ਆਪ ਭਗਵਾਨਾ, ਆਪਣੇ ਨੇਤਰ ਆਪਣਾ ਦਰ ਖੁਲ੍ਹਾਇੰਦਾ । ਗੁਰਮੁਖ ਸਾਜਨ ਕਰ ਪਰਵਾਨਾ, ਆਪਣੀਆਂ ਭੁਜਾਂ ਉਠਾਇੰਦਾ । ਜੋਧਾ ਸੂਰਬੀਰ ਬਲੀ ਵਡ ਬਲਵਾਨਾ, ਮਰਦ ਮਰਦਾਨਾ ਗੁਰ ਪੂਰਾ ਆਪ ਅਖਵਾਇੰਦਾ । ਆਤਮ ਸੇਜਾ ਸਾਚਾ ਧਾਮ ਸੁਹਾਨਾ, ਸਚ ਸਿੰਘਾਸਣ ਡੇਰਾ ਲਾਇੰਦਾ । ਨਾਰੀ ਕੰਤ ਏਕਾ ਰੰਗ ਰੰਗਾਨਾ, ਸਚ ਸੰਤ ਆਪ ਵਖਾਇੰਦਾ । ਦਸਮ ਦਵਾਰੀ ਤੇਰਾ ਰੂਪ ਮਹਾਨਾ, ਚਾਰੋਂ ਕੁੰਟ ਬੰਦ ਕਰਾਨਾ, ਸੱਸਾ ਕਿਲਾ ਲੋਕਮਾਤ ਦਰ, ਸਾਚਾ ਛਿਲਾ ਪ੍ਰਭ ਸਾਚੀ ਬਣਤ ਬਣਾਇੰਦਾ । ਸੱਸਾ ਕਿਲਾ ਚਾਰ ਦਿਵਾਰ, ਤੀਜੇ ਅੱਖਰ ਮਾਤ ਵਡਿਆਈਆ । ਤਿੰਨਾਂ ਲੋਕਾਂ ਵਸਿਆ ਬਾਹਰ, ਨਾ ਲੇਖਾ ਲੇਖ ਕਿਸੇ ਲਿਖਾਈਆ । ਬ੍ਰਹਮਾ ਵੇਦਾ ਚਾਰੇ ਰਿਹਾ ਉਚਾਰ, ਚਾਰੇ ਜੁਗ ਰਚਨ ਰਚਾਈਆ । ਪੁਰਾਨ ਅਠਾਰਾਂ ਕਰ ਵਿਸਥਾਰ, ਵੇਦ ਵਿਆਸਾ ਬਣਤ ਬਣਾਈਆ । ਸਾਸਤਰ ਸਿਮਰਤ ਇਕ ਵਿਚਾਰ, ਏਕਾ ਮਨੂਆ ਦਏ ਦੁਹਾਈਆ । ਗੀਤਾ ਗਿਆਨ ਧੁਰ ਕਰਤਾਰ, ਏਕਾ ਏਕ ਸਮਝਾਈਆ । ਅੰਜੀਲ ਕੁਰਾਨ ਕਰ ਵਿਚਾਰ, ਬਖ਼ਸ਼ੇ ਜਲਵਾ ਨੂਰ ਅਲਾਹੀਆ । ਮੁਕਾਮੇ ਹੱਕ ਸਾਚਾ ਯਾਰ, ਹਰਿ ਬੈਠਾ ਬੇਪਰਵਾਹੀਆ । ਕਰਨ ਆਇਆ ਲੋਕਮਾਤ ਖ਼ਬਰਦਾਰ, ਨਾਨਕ ਨਿਰਗੁਣ ਰੂਪ ਵਟਾਈਆ । ਪੰਜ ਤਤ ਕਰ ਪਿਆਰ, ਵਿਚ ਬੈਠਾ ਆਸਣ ਲਾਈਆ । ਆਪਣਾ ਮੰਗਣ ਗਿਆ ਆਪੇ ਦਵਾਰ, ਦਰ ਅੱਗੇ ਅਲਖ ਜਗਾਈਆ । ਅੱਗੋਂ ਉਠ ਸੱਚੀ ਸਰਕਾਰ, ਆਪ ਆਪਣਾ ਲਏ ਉਠਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਕਰੇ ਰੁਸ਼ਨਾਈਆ । ਆਪੇ ਆਪਣਾ ਖੋਲ੍ਹ ਕਿਵਾੜ, ਨਾਨਕ ਰਿਹਾ ਦਰਸਾਈਆ । ਨਾਨਕ ਗੁਰ ਕਹੇ ਤੇਰਾ ਅੰਤ ਨਾ ਪਾਰਾਵਾਰ, ਤੂੰ ਦਾਤਾ ਬੇਪਰਵਾਹੀਆ । ਤੇਰਾ ਮੇਰਾ ਨਾਤਾ ਵਿਚ ਸੰਸਾਰ, ਏਕਾ ਧਾਰ ਚਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਚ ਸੁਨੇਹੜਾ ਰਿਹਾ ਘਲਾਈਆ । ਏਕਾ ਦੇਵੇ ਨਾਮ ਭੰਡਾਰ, ਸਤਿਨਾਮ ਨਾਮ ਧਰਾਈਆ । ਨਿਰਗੁਣ ਦੇਵੇ ਨਿਰਗੁਣ ਪਿਆਰ, ਨਿਰਗੁਣ ਨਿਰਗੁਣ ਆਪ ਰਖਾਈਆ । ਲੋਕਮਾਤ ਹੋਏ ਅਧਾਰ, ਤਨ ਕਾਚੇ ਰਚਨ ਰਚਾਈਆ । ਏਕਾ ਸ਼ਬਦ ਇਕ ਧੁੰਨਕਾਰ, ਏਕਾ ਸੇਵਾ ਲਾਈਆ । ਏਕੰਕਾਰਾ ਕਰ ਪਿਆਰ, ਨਾਮ ਸਤਿ ਰਿਹਾ ਚਲਾਈਆ । ਕਰਤਾ ਪੁਰਖ ਤੇਰਾ ਰੂਪ ਅਪਾਰ, ਭੇਵ ਕੋਈ ਨਾ ਪਾਈਆ । ਨਿਰਭੈ ਸੱਚੀ ਸਰਕਾਰ, ਭੈ ਵਿਚ ਕਦੀ ਨਾ ਆਈਆ । ਨਿਰਵੈਰ ਤੇਰੀ ਜੁਗ ਜੁਗ ਧਾਰ, ਨਾ ਸਕੇ ਕੋਈ ਬਦਲਾਈਆ । ਅਕਾਲ ਮੂਰਤ ਤੇਰਾ ਇਕ ਪਿਆਰ, ਏਕਾ ਰਿਹਾ ਦਰਸਾਈਆ । ਅਜੂਨੀ ਰਹਿਤ ਨਾ ਫੜੇ ਕੋਈ ਵਿਚ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਇਕ ਘਰ, ਏਕਾ ਤਾਲ ਏਕਾ ਸੁਰ, ਏਕਾ ਸ਼ਬਦ ਦੇਵੇ ਧੁਰ, ਧੁਰ ਫ਼ਰਮਾਣਾ ਆਪ ਜਣਾਈਆ । ਨਾਨਕ ਵਰ ਘਰ ਸਾਚਾ ਪਾਇਆ, ਸਾਚੀ ਵੱਜੀ ਵਧਾਈਆ । ਸਾਚੀ ਨਾਰੀ ਤਨ ਸ਼ੰਗਾਰ ਕਰਾਇਆ, ਏਕਾ ਨੈਣਾ ਕੱਜਲ ਪਾਈਆ । ਦੋਏ ਨੈਣਾਂ ਬੰਦ ਕਰਾਇਆ, ਨਾ ਕੋਈ ਵੇਖ ਵਖਾਈਆ । ਸੋਲਾਂ ਕਲੀਆਂ ਕੰਤ ਹੰਢਾਇਆ, ਛੈਲ ਛਬੀਲਾ ਸਾਚਾ ਮਾਹੀਆ । ਰੰਡ ਰੰਡੇਪਾ ਦੂਰ ਕਰਾਇਆ, ਸਾਚੀ ਮੀਂਢੀ ਸੀਸ ਗੁੰਦਾਈਆ । ਜਗਤ ਬੁੜ੍ਹੇਪਾ ਰਹਿਣ ਨਾ ਪਾਇਆ, ਅੱਠੇ ਪਹਿਰ ਏਕਾ ਰੁੱਤ ਸੁਹਾਈਆ । ਮਾਤ

ਪਿਤ ਜਣੇਪਾ ਨਾ ਕੋਈ ਕਰਾਇਆ, ਸ਼ਬਦੀ ਸੁਤ ਆਪ ਉਠਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ ਦਇਆ ਕਮਾਇਆ, ਭੇਵ ਅਭੇਦਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਸਹਿਜ ਸੁਭਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਗੁਰ ਨਾਨਕ ਇਹ ਸਮਝਾਇਆ । ਤੇਰਾ ਮੇਰਾ ਭੇਵ ਨਾ ਰਾ, ਹਉਂ ਸੇਵਕ ਰਘੁਰਾਇਆ । ਆਪਣਾ ਰੂਪ ਤੇਰੇ ਤਨ ਰਿਹਾ ਛੁਪਾ, ਸਚ ਸਿੰਘਾਸਣ ਆਸਣ ਲਾਇਆ । ਬਹੱਤਰ ਨਾੜਾ ਤੇਰੀ ਸਤਾਰ ਰਿਹਾ ਵਜਾ, ਤਾਲ ਤਲਵਾੜਾ ਨਾ ਕੋਈ ਰਖਾਇਆ । ਸਾਚਾ ਸ਼ਬਦ ਏਕਾ ਗਜ ਰਿਹਾ ਹਿਲਾ, ਦਿਸ ਕਿਸੇ ਨਾ ਆਇਆ । ਨਾਨਕ ਆਖੇ ਮਰਦਾਨਾ ਮੰਨੇ ਇਕ ਰਜ਼ਾ, ਨਾਨਕ ਤੂਹੀ ਤੂਹੀ ਪਾਇਆ । ਮਨਮੁਖਾਂ ਦੇਵਣ ਆਇਆ ਸਜਾ, ਗੁਰਮੁਖਾਂ ਲਏ ਤਰਾਇਆ । ਆਪੇ ਬਣਿਆ ਜਗਤ ਗਦਾ, ਦਰ ਦਰ ਫੇਰੀ ਪਾਇਆ । ਨਾਮ ਤੇਰਾ ਸਤਿ ਤੇਰੀ ਸਦਾ ਇਕ ਲਗਾ, ਸੋਏ ਰਿਹਾ ਜਗਾਇਆ । ਸਚਾ ਰਾਹ ਇਕ ਵਖਾ, ਚਾਰੇ ਵਰਨਾਂ ਰਿਹਾ ਵਖਾਇਆ । ਊਚਾਂ ਨੀਚਾਂ ਰਿਹਾ ਸਮਝਾ, ਏਕਾ ਬ੍ਰਹਮ ਜਣਾਇਆ । ਏਕਾ ਧਰਮ ਰਿਹਾ ਵਖਾ, ਸਚ ਸੁਚ ਦ੍ਰਿੜਾਇਆ । ਧੀਰਜ ਯਤ ਸਤਿ ਸੰਤੋਖ ਦੇਵੇ ਝੋਲੀ ਪਾ, ਜੋ ਜਨ ਸਰਨਾਈ ਆਇਆ । ਅੰਤਮ ਮੋਖ ਦਏ ਕਰਾ, ਮੁਕਤ ਦਾਤਾ ਨਾਮ ਧਰਾਇਆ । ਹਉਮੇ ਹੰਗਤਾ ਦੁੱਖ ਦਏ ਮਿਟਾ, ਚਿੰਤਾ ਸੋਗ ਰਹਿਣ ਨਾ ਪਾਇਆ । ਆਤਮ ਸੁਖ ਦਏ ਉਪਜਾ, ਪੰਚਮ ਪੰਚਾਂ ਦਏ ਸਜ਼ਾਇਆ । ਇਕ ਸਲੋਕ ਸ਼ਬਦ ਅਨਾਦੀ ਦਏ ਸੁਣਾ, ਸੋਹੰ ਆਪਣੀ ਰਸਨਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੇਲਾ ਆਪੇ ਆਪ ਕਰਾਇਆ । ਨਾਨਕ ਗੁਰਮਤ ਗੁਰ ਰੂਪਾ, ਸਤਿ ਸਤਿਵਾਦਿ ਅਖਵਾਇੰਦਾ । ਲੋਕਮਾਤ ਬਣਿਆ ਸਾਚਾ ਭੂਪਾ, ਸਚ ਸਿਕਦਾਰ ਅਖਵਾਇੰਦਾ । ਆਪੇ ਵੇਖੇ ਚਾਰੇ ਕੂਟਾ, ਦਹਿ ਦਿਸ਼ਾ ਫੇਰੀ ਪਾਇੰਦਾ । ਜੀਵ ਜੰਤ ਸੁਧਾਰੇ ਜੂਠਾ ਝੂਠਾ, ਮਾਇਆ ਲੂਠਾ ਪਾਰ ਕਰਾਇੰਦਾ । ਸ਼ਬਦ ਗੁਰ ਆਪੇ ਤੁੱਠਾ, ਸ਼ਬਦ ਸ਼ਬਦੀ ਗਿਆਨ ਦ੍ਰਿੜਾਇੰਦਾ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠਾ, ਅਨਭਵ ਦ੍ਰਿਸ਼ਟੀ ਇਕ ਖੁਲਾਇੰਦਾ । ਜੋ ਜਨ ਜਾਏ ਰਾਹ ਪੁੱਠਾ, ਅੰਤਮ ਖੰਡਾ ਸ਼ਬਦ ਨਿਸ਼ਾਨ ਇਕ ਲਗਾਇੰਦਾ । ਗੁਰਮੁਖ ਗੁਰਸਿਖ ਜੋ ਜਨ ਜਗਤ ਜੁਗਤ ਜਗ ਰੁੱਠਾ, ਦੇ ਮਤ ਆਪ ਸਮਝਾਇੰਦਾ । ਆਪਣਾ ਆਪ ਉਠਾਇਆ ਸੁੱਤਾ, ਆਪਣੇ ਅੰਗ ਲਗਾਇੰਦਾ । ਅੰਤ ਸੁਹਾਈ ਸਾਚੀ ਰੁੱਤਾ, ਸਚ ਫੁਲਵਾੜੀ ਲੋਕਮਾਤ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਜੋਤੀ ਆਪੇ ਵਰ, ਗੁਰਮੁਖ ਸਾਚੇ ਵਸਿਆ ਘਰ, ਦਿਸ ਕਿਸੇ ਨਾ ਆਇੰਦਾ । ਹਰ ਘਟ ਆਪੇ ਵਸਿਆ, ਖੰਡ ਬ੍ਰਹਿਮੰਡ ਹਰਿ ਲੋ । ਆਪਣਾ ਮਾਰਗ ਆਪੇ ਦੱਸਿਆ, ਅਵਰ ਨਾ ਜਾਣੇ ਕੋ । ਜੁਗ ਜੁਗ ਆਵੇ ਨੱਸਿਆ, ਜਨ ਭਗਤਾਂ ਵੇਖੇ ਸਾਚੀ ਸੋ । ਗੁਰਮੁਖ ਵਿਰਲੇ ਬਹਿ ਬਹਿ ਹੱਸਿਆ, ਮਨਮੁਖਤਾ ਰਹੀ ਰੋ । ਪ੍ਰਭ ਤੀਰ ਨਿਰਾਲਾ ਏਕਾ ਕਸਿਆ, ਕਰੇ ਕਰਾਏ ਸੋ ਅੱਗੇ ਹੋ । ਜਗਤ ਵਿਕਾਰਾ ਚਰਨਾਂ ਹੇਠ ਝਸਿਆ, ਜਨ ਭਗਤਾਂ ਦੁਰਮਤ ਮੈਲ ਦੇਵੇ ਧੋ । ਮੇਟੇ ਰੈਣ ਅੰਧੇਰੀ ਮਸਿਆ, ਕਰੇ ਪਰਕਾਸ਼ ਜੋਤੀ ਨੂਰ ਛੱਬੀ ਪੋਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਦਵਾਰ ਸੁਣ ਪੁਕਾਰ ਕਰ ਅਕਾਰ ਕਿਰਪਾ ਧਾਰ ਆਪੇ ਆਏ ਵਸਿਆ । ਗੁਰਸਿਖ ਤੇਰੀ ਸਚ ਸਲਾਹ, ਗੁਰ ਪੂਰੇ ਏਕਾ ਭਾਈਆ । ਗੁਰਸਿਖ ਬਣੇ ਜਗਤ ਮਲਾਹ, ਪ੍ਰਭ ਬੇੜਾ ਰਿਹਾ ਉਪਾਈਆ । ਆਪੇ ਜਪੇ ਸਾਚਾ ਨਾਂ, ਅਵਰਾ ਰਿਹਾ ਜਪਾਈਆ । ਧੁਰਦਰਗਾਹੀ ਦੇਵੇ ਸਾਚਾ ਥਾਂ, ਅਟੱਲ ਮਹੱਲ ਸੁਹਾਈਆ । ਕਰਨਹਾਰਾ ਸਚ ਨਿਆਂ, ਪੜਦਾ ਉਹਲਾ ਰੱਖੇ ਨਾ ਰਾਈਆ । ਕਲਜੁਗ

੩੭੧
੦੨

ਅੰਤਮ ਪਕੜਨ ਆਇਆ ਬਾਂਹ, ਪਰਗਟ ਹੋਇਆ ਬੇਪਰਵਾਹੀਆ । ਸਦਾ ਸੁਹੇਲਾ ਇਕ ਅਕੇਲਾ ਗੁਰੂ ਗੁਰ ਚੇਲਾ ਦੇਵੇ ਠੰਡੀ ਛਾਂ, ਛੰਪਰ ਛੰਨ ਨਾ ਕੋਈ ਰਖਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਈਆ । ਸਖਾ ਸਹਾਈ ਪਿਤਾ ਮਾਂ, ਆਪ ਆਪਣੀ ਗੋਦ ਉਠਾਈਆ । ਆਵਣ ਜਾਵਣ ਕੋਈ ਜਾਣੇ ਨਾ, ਜਾਨਣਹਾਰ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਜਨਮ ਜਨਮ ਦੀ ਮੇਟੇ ਲੱਗੀ ਸ਼ਾਹੀਆ । ਜਨਮ ਜਨਮ ਦਾ ਲਹਿਣਾ ਚੁੱਕਿਆ, ਆਏ ਹਰਿ ਦਵਾਰ । ਆਵਣ ਜਾਵਣ ਪੈਂਡਾ ਮੁੱਕਿਆ, ਮੰਗੀ ਮੰਗ ਬਣ ਭਿਖਾਰ । ਗੁਰਸਿਖ ਰਾਹ ਵਿਚ ਕਦੇ ਨਾ ਰੁਕਿਆ, ਕਬੀਰਾ ਰਿਹਾ ਉਚਾਰ । ਗੁਰ ਨਾਨਕ ਤੇਰਾ ਜਾਮ ਕਦੇ ਨਾ ਮੁਕਿਆ, ਭਰਿਆ ਰਹੇ ਭੰਡਾਰ । ਹਰਿਆ ਬੂਟਾ ਕਦੇ ਨਾ ਸੁਕਿਆ, ਜਿਸ ਪਾਲੇ ਆਪ ਕਰਤਾਰ । ਜੋ ਜਨ ਚਰਨ ਦਵਾਰੇ ਆਏ ਝੁਕਿਆ, ਗੁਰ ਪੂਰਾ ਪਾਰ ਉਤਾਰਨਹਾਰ । ਕਲਜੁਗ ਵੇਲਾ ਅੰਤਮ ਢੁਕਿਆ, ਲੱਖ ਚੁਰਾਸੀ ਹੋਏ ਖ਼ਵਾਰ । ਧਰਮ ਰਾਏ ਸ਼ੇਰ ਏਕਾ ਬੁੱਕਿਆ, ਸ੍ਰਿਸ਼ਟ ਸਬਾਈ ਰਿਹਾ ਲਲਕਾਰ । ਚਿਤਰ ਗੁਪਤ ਪਰਗਟ ਹੋਵੇ ਲੁਕਿਆ, ਲੇਖਾ ਲੇਖ ਦਏ ਵਖਾਲ । ਮੌਤ ਲਾੜੀ ਖੰਡਾ ਅੰਤਮ ਆਪਣਾ ਚੁੱਕਿਆ, ਆਪਣੇ ਸ਼ਸਤਰ ਰਿਹਾ ਸੰਭਾਲ । ਤੀਰ ਨਿਸ਼ਾਨਾ ਚਲਿਆ ਕਦੇ ਨਾ ਉਕਿਆ, ਨਾ ਕੋਈ ਜਾਣੇ ਸ਼ਾਹ ਕੰਗਾਲ । ਪਾਣੀ ਦਿਸੇ ਨਾ ਕਿਸੇ ਹੁੱਕਿਆ, ਅੱਲਾ ਰਾਣੀ ਨਾ ਕਰੇ ਸੰਭਾਲ । ਪੀਰ ਫਕੀਰਾਂ ਭਾਰ ਜਾਵੇ ਨਾ ਚੁੱਕਿਆ, ਜੂਠਾ ਝੂਠਾ ਫਲ ਲਗਾਇਆ ਕਾਇਆ ਡਾਲ੍ਹ । ਸਤਿਗੁਰ ਪੂਰਾ ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਏਕ ਆਪੇ ਤੁੱਠਿਆ, ਗੁਰਮੁਖਾਂ ਪਾਵੇ ਸਾਰ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਗੁਰਮੁਖਾਂ ਕਰੇ ਏਕਾ ਮੁੱਠਿਆ, ਏਕਾ ਸ਼ਬਦ ਨਾਮ ਜੈਕਾਰ । ਏਕਾ ਬੀਜ ਦੋ ਜਹਾਨੀ ਪ੍ਰਭ ਸਾਚੇ ਆਪੇ ਸੁੱਟਿਆ, ਏਥੇ ਉਥੇ ਲਏ ਸੰਭਾਲ । ਜਗਤ ਵਿਕਾਰਾ ਫੜ ਫੜ ਕੁੱਟਿਆ, ਨਾਮ ਖੰਡਾ ਇਕ ਵਖਾਲ । ਸਾਚੇ ਖੰਡੇ ਫੜੀ ਮੁੱਠਿਆ, ਪ੍ਰਭ ਹੋਇਆ ਆਪ ਦਲਾਲ । ਜੀਵ ਜੰਤ ਦਰ ਘਰ ਮੁਗਧ ਆਪੇ ਕੁੱਠਿਆ, ਆਪੇ ਵੇਖੇ ਹੱਕ ਹਲਾਲ । ਸ਼ੌਹ ਦਰਯਾਏ ਆਪੇ ਸੁੱਟਿਆ, ਆਪੇ ਪਾਇਆ ਜਗਤ ਜੰਜਾਲ । ਕਲਜੁਗ ਜੀਵ ਦਿਨ ਦਿਹਾੜੇ ਜਾਏ ਲੁੱਟਿਆ, ਨਾ ਕੋਈ ਸੰਭਾਲੇ ਧਨ ਮਾਲ । ਪ੍ਰਭ ਦਿਤਾ ਖ਼ਜਾਨਾ ਕਾਇਆ ਮੰਦਰ ਇਕ ਅਤੁੱਟਿਆ, ਗੁਰਮੁਖ ਵੇਖੇ ਰਾਹ ਸੁਖਾਲ । ਆਪੇ ਚੜ੍ਹੇ ਆਪਣੀ ਚੋਟੀਆ, ਸੁਰਤੀ ਸ਼ਬਦੀ ਹੋ ਕਿਰਪਾਲ । ਕਿਸੇ ਹੱਥ ਨਾ ਆਏ ਤੀਰਥ ਤਟਿਆ, ਕੋਟੀ ਕੋਟ ਕੋਟ ਧੂਣੀਆਂ ਰਹੇ ਬਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖ ਸਾਜਣ ਆਪੇ ਲਏ ਭਾਲ । ਦਿਵਸ ਰੈਣ ਵੇਖਣਹਾਰਾ, ਅੱਠੇ ਪਹਿਰ ਸਵਾਧਾਨਾ । ਕਰੇ ਖੇਲ ਅਗੰਮ ਅਪਾਰਾ, ਗੁਣਵੰਤਾ ਗੁਣ ਨਿਧਾਨਾ । ਗੁਰਮੁਖਾਂ ਦਰ ਦਵਾਰੇ ਦੇਵੇ ਪਹਿਰਾ, ਨੇੜ ਨਾ ਆਏ ਪੰਜ ਸ਼ੈਤਾਨਾ । ਸਾਚੇ ਮੰਦਰ ਕਰੇ ਮਿਹਰਾ, ਬੈਠਾ ਆਪ ਵੱਡਾ ਵਿਦਵਾਨਾ । ਮੇਲ ਮਿਲਾਏ ਨਾ ਲਾਏ ਦੇਰਾ, ਜਿਸ ਜਨ ਬਖ਼ਸ਼ੇ ਚਰਨ ਧਿਆਨਾ । ਮਨਮੁਖ ਭੁਲਾਏ ਕਰ ਕਰ ਹੇਰਾ ਫੇਰਾ, ਨਾ ਦਿਸੇ ਸਚ ਨਿਸ਼ਾਨਾ । ਪੰਜਾਂ ਤੱਤਾਂ ਲਾਇਆ ਝੇੜਾ, ਭਰਮੇ ਭੁੱਲੇ ਜੀਵ ਨਿਧਾਨਾ । ਜਨ ਭਗਤਾਂ ਬੰਨੇ ਆਪੇ ਬੇੜਾ, ਦੇਵੇ ਨਾਮ ਧੁਰ ਫ਼ਰਮਾਣਾ । ਗੁਰਸਿਖ ਤੇਰਾ ਕਾਇਆ ਨਗਰ ਦਿਸੇ ਖੇੜਾ, ਏਕਾ ਦੀਪ ਜੋਤ ਜਗੇ ਮਹਾਨਾ । ਅੱਗੇ ਪੈਂਡਾ ਆਇਆ ਨੇੜਾ, ਮੇਲਾ ਹੋਏ ਗੋਪੀ ਕਾਹਨਾ । ਕਰਨ ਆਇਆ ਹੱਕ ਨਿਬੇੜਾ, ਸ਼ਾਹੋ ਭੂਪ ਸਚ ਸੁਲਤਾਨਾ । ਧਰਤ ਮਾਤ ਤੇਰਾ ਖੁਲ੍ਹਾ ਵੇਹੜਾ, ਚਾਰੋਂ ਕੁੰਟ ਹੋਏ ਵੈਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਏਕਾ ਮਾਰੇ ਸ਼ਬਦ ਤੀਰ ਰੁੱਕ ਨਾ ਜਾਏ ਹਰਿ ਨਿਸ਼ਾਨਾ । ਸ਼ਬਦ ਨਿਸ਼ਾਨਾ ਤੀਰ ਚਲਾ, ਏਕਾ ਚਿਲਾ ਰਿਹਾ ਉਠਾਈਆ । ਨੌਂ ਖੰਡ ਪ੍ਰਿਥਮੀ ਕਿਲਾ ਦੇਵੇ ਢਾਹ, ਬੰਕ ਦਵਾਰੀ ਰਹਿਣ ਨਾ ਪਾਈਆ । ਜੂਠ ਝੂਠ ਦਏ ਮਿਟਾ, ਖਾਲੀ ਠੂਠ ਵਖਾਈਆ । ਹੰਕਾਰ ਵਿਕਾਰ ਦਏ ਸਜਾ, ਵਡ ਦਾਤਾ ਬੇਗੁਨਾਹੀਆ । ਸਚ ਸੁੱਚ ਦਏ ਵਰਤਾ, ਸਾਚੀ ਜੋਤ ਕਰੇ ਰੁਸ਼ਨਾਈਆ । ਏਕਾ ਬਾਤੀ ਏਕਾ ਦੀਪਕ ਲੱਖ ਚੁਰਾਸੀ ਦਏ ਜਗਾ, ਏਕਾ ਦਏ ਬੁਝਾਈਆ । ਗੁਰਮੁਖਾਂ ਸ਼ਾਹ ਰਗ ਉਪਰ ਡੇਰਾ ਲਾ, ਆਪਣਾ ਰਾਹ ਜਣਾਈਆ । ਚਾਰ ਵਰਨ ਪਰਾ ਇਕ ਰਖਾ, ਨਾਮ ਦਸਤਾਰ ਸੀਸ ਬੰਧਾਈਆ । ਸਾਚਾ ਸਗਨ ਇਕ ਮਨਾ, ਸਾਚੀ ਸਿਖਿਆ ਇਕ ਸਮਝਾਈਆ । ਸਾਚਾ ਸਗਨ ਇਕ ਲਗਾ, ਏਕਾ ਸ਼ਬਦ ਕਰੇ ਕੁੜਮਾਈਆ । ਵਾਹਿਗੁਰੂ ਅੱਲਾ ਰਾਮ ਕ੍ਰਿਸ਼ਨ ਏਕਾ ਦਏ ਵਖਾ, ਭਰਮ ਗੜ੍ਹ ਤੁੜਾਈਆ । ਸੰਬਲ ਨਗਰੀ ਡੇਰਾ ਲਾ, ਡੇਰਾ ਡੇਰੇ ਵਿਚ ਟਿਕਾਈਆ । ਲੋਆਂ ਪੁਰੀਆਂ ਘੇਰਾ ਪਾ, ਬ੍ਰਹਮਾ ਵੇਤਾ ਲਏ ਉਠਾਈਆ । ਬ੍ਰਹਮਾ ਵੇਖੇ ਅੱਠੇ ਨੇਤਰ ਉਠਾ, ਲੋਕਮਾਤੀ ਰਾਹ ਤਕਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਕੇਹੜੀ ਕੂਟੇ ਆਸਣ ਲਾਈਆ । ਪੁਰਖ ਅਬਿਨਾਸ਼ੀ ਦਏ ਜਣਾ, ਸ਼ਬਦ ਸੁਨੇਹੜਾ ਇਕ ਘਲਾਈਆ । ਸਾਢੇ ਤਿੰਨ ਹੱਥ ਬਣਤ ਆਪ ਬਣਾ, ਵਿਚ ਲੁਕਿਆ ਦਿਸ ਨਾ ਆਈਆ । ਵਿਸ਼ਨੂੰ ਗਣਤਾ ਰਿਹਾ ਗਣਾ, ਘਰ ਘਰ ਫੇਰਾ ਪਾਈਆ । ਰਾਜ਼ਕ ਰਹੀਮ ਕਰੀਮ ਦਇਆ ਕਮਾ, ਏਕਾ ਭਿਛਿਆ ਰਿਹਾ ਵਰਤਾਈਆ । ਸੋਏ ਸਿਖ ਰਿਹਾ ਜਗਾ, ਦਿਵਸ ਰੈਣ ਸੇਵ ਕਮਾਈਆ । ਪੂਰਨ ਇਛਿਆ ਰਿਹਾ ਕਰਾ, ਭਗਵਾਨ ਵੇਸ ਵਟਾਈਆ । ਗੁਰ ਗੋਬਿੰਦੇ ਲਿਖਿਆ ਨਾ ਸਕੇ ਕੋਈ ਮਿਟਾ, ਪ੍ਰਭ ਪੂਰਾ ਵੇਖਣ ਆਈਆ । ਕਲਜੁਗ ਜੀਵਾਂ ਜਗਤ ਨੇਤਰ ਮਾਤ ਨਾ ਦਿਸਿਆ, ਬੈਠੇ ਰਾਹ ਤਕਾਈਆ । ਨੀਲੇ ਵਾਲਾ ਨੀਲਾ, ਨੀਲੀ ਧਾਰੋਂ ਪਾਰ ਕਰਾਈਆ । ਕਲਗੀ ਤੋੜਾ ਸ਼ਬਦ ਆਪਣੇ ਸੀਸ ਟਿਕਾ, ਜੋਤੀ ਜੋੜਾ ਮੇਲ ਮਿਲਾਈਆ । ਆਪਣਾ ਘੋੜਾ ਆਪ ਦੌੜਾ, ਚਾਰੇ ਵਾਗਾਂ ਰਿਹਾ ਉਠਾਈਆ । ਮਿਠਾ ਕੌੜਾ ਵੇਖ ਵਖਾ, ਲੱਖ ਚੁਰਾਸੀ ਪਰਖੇ ਭੇਵ ਨਾ ਰਾਈਆ । ਉਚੇ ਟਿੱਲੇ ਪਰਬਤ ਡੇਰਾ ਲਾ, ਬਜਰ ਕਪਾਟੀ ਸਿਲਾ ਅੱਗੇ ਰਖਾਈਆ । ਸੱਸਾ ਕਿਲਾ ਰਿਹਾ ਬਣਾ, ਵਿਚ ਬੈਠਾ ਆਸਣ ਲਾਈਆ । ਸ਼ਬਦ ਚਿਲਾ ਰਿਹਾ ਉਠਾ, ਇਕ ਕਮਾਨ ਖਿਚਾਈਆ । ਬੂਰਾ ਬਿੱਲਾ ਕੱਕਾ ਦਏ ਹਿਲਾ, ਈਸਾ ਮੂਸਾ ਕਰ ਕੁੜਮਾਈਆ । ਅੰਜੀਲ ਕੁਰਾਨਾ ਮਤਾ ਪਕਾ, ਏਕਾ ਦਏ ਸਲਾਹੀਆ । ਆਪਣੇ ਵੱਤੇ ਆਪਣਾ ਬੀਜ ਦਏ ਬਿਜਾ, ਚਾਰ ਯਾਰੀ ਹਲ ਚਲਾਈਆ । ਮੁਹੰਮਦ ਤੇਰੀ ਸੇਵਾ ਲਾ, ਅਹਿਮਦ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਗਤਨ ਮੀਤਾ ਇਕ ਅਤੀਤਾ ਸਦਾ ਸਰਜੀਤਾ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਰੂਪ ਹਰਿ ਕਰਤਾਰ, ਸਰਗੁਣ ਵਿਚ ਸਮਾਇਆ । ਸਰਗੁਣ ਸਾਚਾ ਕਰ ਪਿਆਰ, ਨਿਰਗੁਣ ਮੇਲ ਮਿਲਾਇਆ । ਨਿਰਗੁਣ ਮੇਲਾ ਅਪਰ ਅਪਾਰ, ਦਿਸ ਕਿਸੇ ਨਾ ਆਇਆ । ਸਰਗੁਣ ਵੇਖੇ ਸਰਬ ਸੰਸਾਰ, ਪੰਜ ਤਤ ਅਖਵਾਇਆ । ਆਪੇ ਬੈਠਾ ਅੰਦਰ ਬਾਹਰ, ਗੁਪਤ ਜ਼ਾਹਰ ਭੇਵ ਨਾ ਰਾਇਆ । ਗੁਰਮੁਖਾਂ ਜਨ ਭਗਤਾਂ ਜੁਗ ਜੁਗ ਬਣਿਆ ਸਾਚਾ ਯਾਰ, ਸਾਚਾ ਸੱਥਰ ਹੇਠ ਵਿਛਾਇਆ । ਪਰਗਟ ਹੋ ਰਾਮ ਰਾਮਾ ਅਵਤਾਰ, ਰਾਮ ਰੂਪ ਅਖਵਾਇਆ । ਕਰੇ ਕਾਮਾ ਅਪਰ ਅਪਾਰ, ਨਾ ਕੋਈ ਵੇਖੇ ਨਾ ਕੋਈ ਪੇਖੇ ਨਾ ਕੋਈ ਸਕੇ ਗਣਤ ਗਣਾਇਆ । ਮੀਤ ਮੁਰਾਰ ਰਿਹਾ ਪੁਕਾਰ, ਇਕ ਧਿਆਨ ਲਗਾਇਆ । ਸੁਣੇ ਸੁਣਾਏ ਸੁਨਣੇਹਾਰ, ਆਲਸ ਨਿੰਦਰਾ ਵਿਚ ਨਾ ਆਇਆ । ਅੱਠੇ ਪਹਿਰ ਖ਼ਬਰਦਾਰ, ਜੋਧਾ ਸੂਰਬੀਰ ਆਪ ਹੋ ਆਇਆ । ਆਪਣੇ ਕਰੇ

ਤਨ ਸ਼ੰਗਾਰ, ਸ਼ਸਤਰ ਬਸਤਰ ਇਕ ਸੁਹਾਇਆ । ਸ਼ਬਦ ਖੰਡਾ ਹੱਥ ਕਟਾਰ, ਤਨ ਗਾਤਰੇ ਵਿਚ ਲਟਕਾਇਆ । ਆਪੇ ਖਿੱਚੇ ਆਪਣੀ ਵਾਰ, ਗੁਰ ਗੋਬਿੰਦ ਸੇਵਾ ਲਾਇਆ । ਵਾਲੀ ਹਿੰਦ ਰਹਿਣਾ ਖ਼ਬਰਦਾਰ, ਸੰਮਤ ਪੰਦਰਾਂ ਰਿਹਾ ਜਗਾਇਆ । ਤਿਨਕਾ ਤੋੜੇ ਗੜ੍ਹ ਹੰਕਾਰ, ਪੁਰਖ ਅਬਿਨਾਸ਼ੀ ਫੇਰਾ ਪਾਇਆ । ਲਹਿਣ ਦੇਣ ਚੁਕਾਏ ਭਬੀਖਨ ਯਾਰ, ਕਲਜੁਗ ਵੇਲਾ ਦਏ ਸੁਹਾਇਆ । ਲੱਖ ਚੁਰਾਸੀ ਖੜੀ ਕੰਢੇ ਮੰਝਧਾਰ, ਪ੍ਰਭ ਸਾਚਾ ਵੇਖਣ ਆਇਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਤੀਰਥ ਤਟਾਂ ਫੇਰਾ ਪਾਇਆ । ਜੁਗ ਜੁਗ ਜਾਣੇ ਆਪਣੀ ਧਾਰ, ਧਾਰ ਅਵੱਲੜੀ ਇਕ ਚਲਾਇਆ । ਨਾਨਕ ਗੁਰ ਤੋਲਾ ਬਣ ਸੰਸਾਰ, ਤੇਰਾਂ ਤੇਰਾਂ ਬੋਲ ਸੁਣਾਇਆ । ਪਰਗਟ ਹੋਵੇ ਅੰਤਮ ਨਿਹਕਲੰਕ ਅਵਤਾਰ, ਸ਼ਬਦ ਖੰਡਾ ਹੱਥ ਉਠਾਇਆ । ਭੋਲਾ ਭਾਲਾ ਨਾ ਕੋਈ ਪਾਵੇ ਸਾਰ, ਭੇਖੀ ਬੈਠਾ ਭੇਵ ਛੁਪਾਇਆ । ਗੁਰਦਰ ਮੰਦਰ ਮਸਜਿਦ ਪਿਆ ਰੌਲਾ, ਨਿਹਕਲੰਕੀ ਕਵਣ ਅਖਵਾਇਆ । ਯਾਦ ਕਰਾਏ ਸੰਮਤ ਸੋਲਾਂ, ਸੋਇਆ ਕੋਈ ਰਹਿਣ ਨਾ ਪਾਇਆ । ਧਰਤ ਮਾਤ ਖਿਲਾਏ ਹੋਲਾ, ਕਲਜੁਗ ਹਰਨਾਕਸ਼ ਦੈਤ ਆਪ ਬਣਾਇਆ । ਲਾੜੀ ਮੌਤ ਚੁੱਕੇ ਡੋਲਾ, ਚਾਰ ਕਹਾਰਾਂ ਨਾਲ ਰਲਾਇਆ । ਚਾਰ ਯਾਰੀ ਬਦਲੇ ਚੋਲਾ, ਪੰਚਮ ਮੁਖ ਸੁਹਾਇਆ । ਪਾਰਬ੍ਰਹਮ ਪ੍ਰਭ ਬਣਿਆ ਤੋਲਾ, ਰੱਤੀ ਮਾਸ਼ਾ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਘਰ, ਘਰ ਸਾਚਾ ਇਕ ਬਣਾਇਆ । ਸਾਚਾ ਘਰ ਹਰਿ ਬਣਾ, ਸਾਚੇ ਧਾਮ ਸੁਹਾਇਆ । ਸਾਚੇ ਸੰਤਾਂ ਦਏ ਜਣਾ, ਸਚ ਗਿਆਨ ਦ੍ਰਿੜਾਇਆ । ਸਾਚਾ ਰਾਹੇ ਦਏ ਪਾ, ਪੱਲਾ ਨਾਮ ਫੜਾਇਆ । ਜਮ ਕਾ ਕੱਟਣਹਾਰਾ ਫਾਹ, ਲੱਖ ਚੁਰਾਸੀ ਮੇਟ ਮਿਟਾਇਆ । ਦਮ ਦਮਾ ਲੇਖੇ ਲਾਏ ਸਾਹ, ਸਵਾਸ ਸਵਾਸ ਧਿਆਇਆ । ਜਿਸ ਜਨ ਜਪਿਆ ਏਕਾ ਨਾਂ, ਏਕਾ ਮੇਲ ਮਿਲਾਇਆ । ਸੁਣੇ ਪੁਕਾਰ ਭਗਤ ਗਾਂ, ਲੋਕਮਾਤ ਰਹੀ ਕੁਰਲਾਇਆ । ਧਰਤ ਮਾਤ ਮਾਰੇ ਏਕਾ ਹਾਅ, ਰੋ ਰੋ ਨੇਤਰ ਨੀਰ ਵਹਾਇਆ । ਕਲਜੁਗ ਕੂੜੇ ਚੜ੍ਹਿਆ ਚਾ, ਚਾਰੋਂ ਕੁੰਟ ਫਿਰੇ ਹਲਕਾਇਆ । ਮੂਰਖ ਮੂੜੇ ਨਾਲ ਰਲਾ, ਕਲਜੁਗ ਜੀਵਾਂ ਰਿਹਾ ਭਰਮਾਇਆ । ਕੂੜਾ ਕੂੜੇ ਧੰਦੇ ਰਿਹਾ ਲਾ, ਕੂੜੀ ਕਾਰ ਕਰਾਇਆ । ਮਦਿਰਾ ਮਾਸੀ ਗੰਦੇ ਨਾਮ ਧਰਾ, ਬੇਮੁਖ ਨਾਮ ਧਰਾਇਆ । ਆਤਮ ਜਿੰਦੇ ਲਏ ਲਗਾ, ਨਾ ਕੋਈ ਕੁੰਡਾ ਲਾਹਿਆ । ਖ਼ਾਕੀ ਬੰਦੇ ਖ਼ਾਕ ਮਿਲਾ, ਖ਼ਾਕੀ ਖ਼ਾਕ ਦਏ ਸਜ਼ਾਇਆ । ਆਤਮ ਝਾਕੀ ਨਾ ਸਕੇ ਕੋਈ ਪਾ, ਆਤਮ ਬ੍ਰਹਮ ਨਾ ਕੋਈ ਜਣਾਇਆ । ਭਵਿਖਤ ਵਾਕੀ ਸਾਰੇ ਰਹੇ ਗਾ, ਪੜ੍ਹ ਪੜ੍ਹ ਰਸਨਾ ਹੋਈ ਹਲਕਾਇਆ । ਗੁਰ ਪੂਰਾ ਫੇਰਾ ਰਿਹਾ ਪਾ, ਦਿਸ ਕਿਸੇ ਨਾ ਆਇਆ । ਹੇਰਾ ਫੇਰਾ ਜਗਤ ਕਰਾ, ਵਲ ਛਲ ਧਾਰੀ ਨਾਮ ਧਰਾਇਆ । ਗੁਰਮੁਖ ਵਿਰਲੇ ਤੇਰਾ ਮੇਰਾ ਦਏ ਮੁਕਾ, ਏਕਾ ਰੰਗ ਰੰਗਾਇਆ । ਦਰਸ ਅਮੋਘ ਦਏ ਵਖਾ, ਤ੍ਰਿਸਨਾ ਭੁੱਖ ਮਿਟਾਇਆ । ਧੁਰ ਸੰਜੋਗੀ ਮੇਲਾ ਦਏ ਮਿਲਾ, ਵਿਛੜ ਕਦੇ ਨਾ ਜਾਇਆ । ਰਸਨਾ ਚੋਗੀ ਨਾਮ ਚੁਗਾ, ਮਾਣਕ ਮੋਤੀ ਦਏ ਖਵਾਇਆ । ਆਤਮ ਭੋਗੀ ਏਕਾ ਭੋਗ ਕਰਾ, ਆਤਮ ਸੇਜਾ ਦਏ ਸੁਹਾਇਆ । ਜਗਤ ਵਿਜੋਗੀ ਦਏ ਕਟਾ, ਜੋ ਜਨ ਸਰਨਾਈ ਆਇਆ । ਸਾਚਾ ਜੋਗੀ ਏਕਾ ਜੋਗ ਦਏ ਸਿਖਾ, ਗੁਰਚਰਨ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਸੰਤ ਬੈਠ ਅਕੰਤ ਹਰਿ ਭਗਵੰਤ ਏਕਾ ਵੇਖ ਵਖਾਇਆ । ਇਕ ਅਕੱਲਾ ਹਰਿ ਭਗਵੰਤਾ, ਭਗਤ ਰੱਖੇ ਵਡਿਆਈਆ । ਦੇਵੇ ਮਾਣ ਸਾਚੇ ਸੰਤਾ, ਸਤਿ ਸਤਿ ਕਰੇ ਜਣਾਈਆ । ਆਪ ਬਣਾਏ ਸਾਚੀ ਬਣਤਾ, ਲੋਕਮਾਤ ਤਰਾਈਆ । ਜਗਤ ਮਹਿਮਾ ਗਣਤ ਅਗਣਤਾ,

੩੭੪
੦੭

ਜਗਤ ਜੋਗ ਨਾ ਕੋਈ ਜਣਾਈਆ । ਜਿਸ ਜਨ ਤੋੜੇ ਹਉਮੇ ਹੰਗਤਾ, ਮਾਇਆ ਮਮਤਾ ਰਹਿਣ ਨਾ ਪਾਈਆ । ਆਪੇ ਮੇਲੇ ਸਾਚੀ ਸੰਗਤਾ, ਕਾਇਆ ਚੋਲੀ ਰੰਗ ਰੰਗਾਈਆ । ਦਰ ਦਵਾਰੇ ਹੋਏ ਮੰਗਤਾ, ਭਗਤ ਦਵਾਰਾ ਇਕ ਸਲਾਹੀਆ । ਗੁਰਮੁਖ ਉਧਾਰੇ ਜਿਉਂ ਨਾਨਕ ਅੰਗਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਹਰਿ ਸਰਨਾਈਆ । ਹਰਿ ਸਾਜਨ ਜਗ ਜਾਣਿਆ, ਜਨਮ ਮਰਨ ਭੌ ਕੱਟ । ਘਰ ਸਚ ਕਰੇ ਪਰਵਾਨਿਆ, ਸਰਬ ਕਲਾ ਸਮਰਥ । ਦੇਵੇ ਨਾਮ ਹਰਿ ਮਹਾਨਿਆ, ਪਾਰਬ੍ਰਹਮ ਅਲਖਨਾ ਅਲੱਖ । ਗੁਰਸਿਖ ਸਾਚਾ ਹੋਏ ਬਲਵਾਨਿਆ, ਪੰਚ ਵਿਕਾਰਾ ਜਾਏ ਮਥ । ਨੇੜ ਨਾ ਆਏ ਪੰਜ ਸ਼ੈਤਾਨਿਆ, ਲਹਿਣਾ ਚੁਕੇ ਸੀਆਂ ਸਾਢੇ ਤਿੰਨ ਤਿੰਨ ਹੱਥ । ਅਨਹਦ ਸੁਣੇ ਸਾਚੀ ਬਾਣੀਆ, ਅੱਠੇ ਪਹਿਰ ਅਕਥਨਾ ਅਕਥ । ਪਾਵੇ ਪੁਰਖ ਹਰਿ ਸੁਲਤਾਨੀਆ, ਸਿਰ ਰੱਖੇ ਦੇ ਕਰ ਹੱਥ । ਆਵਣ ਜਾਵਣ ਚੁਕੇ ਕਾਣੀਆ, ਲੱਖ ਚੁਰਾਸੀ ਹੋਏ ਭੱਠ । ਪਾਇਆ ਪਦ ਇਕ ਨਿਰਬਾਣੀਆ, ਕਾਇਆ ਮੰਦਰ ਜਾਏ ਢੱਠ । ਮਿਲੇ ਜੋਤ ਸ੍ਰੀ ਭਗਵਾਨੀਆ, ਘਰ ਸਾਚੇ ਸਦਾ ਅਕੱਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵਣਹਾਰਾ ਵਰ, ਕਾਇਆ ਤਪੇ ਨਾ ਅਗਨੀ ਮੱਠ । ਕਾਇਆ ਅਗਨ ਤਨ ਤੰਦੂਰ, ਅੱਠੇ ਪਹਿਰ ਤਪਾਇਆ । ਗੁਰ ਕਾ ਸ਼ਬਦ ਹਾਜ਼ਰ ਹਜ਼ੂਰ, ਹਿਰਦੇ ਆਪ ਟਿਕਾਇਆ । ਮਨਮੁਖ ਜਾਨਣ ਦੂਰਨ ਦੂਰ, ਗੁਰਮੁਖਾਂ ਨੇਰਨ ਨੇਰ ਬਸਾਇਆ । ਜਗਤ ਨਾਤਾ ਕੂੜੋ ਕੂੜ, ਥਿਰ ਕੋਈ ਰਹਿਣ ਨਾ ਪਾਇਆ । ਭਰਮੇ ਭੁੱਲੇ ਮੂਰਖ ਮੂੜ, ਮਾਇਆ ਮੋਹ ਵਧਾਇਆ । ਗੁਰਮੁਖ ਵਿਰਲਾ ਮਾਂਗੇ ਚਰਨ ਧੂੜ, ਚਰਨ ਸਰਨ ਸੱਚੀ ਸਰਨਾਇਆ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਰੰਗ ਮਜੀਠੀ ਇਕ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਵਸਤ ਅਨਡੀਠੀ, ਜੁਗ ਜੁਗ ਝੋਲੀ ਪਾਇਆ । ਜੁਗ ਜੁਗ ਦੇਵਣਹਾਰਾ ਦਾਤਾਰਾ, ਜੁਗ ਜੁਗ ਜੋਤ ਜਗਾਇੰਦਾ । ਜੁਗ ਜੁਗ ਲੈ ਮਾਤ ਅਵਤਾਰਾ, ਜੁਗ ਜੁਗ ਭਗਤ ਤਰਾਇੰਦਾ । ਵੇਖੇ ਵਿਗਸੇ ਖੇਲ ਨਿਆਰਾ, ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਬੰਨੇ ਆਪਣੀ ਧਾਰਾ, ਜੁਗ ਜੁਗ ਨਾਉਂ ਧਰਾਇੰਦਾ । ਜੁਗ ਜੁਗ ਬਣੇ ਆਪ ਸਹਾਰਾ, ਜੁਗ ਜੁਗ ਮੁਖ ਭਵਾਇੰਦਾ । ਜੁਗ ਜੁਗ ਕਰੇ ਪਾਰ ਕਿਨਾਰਾ, ਜੁਗ ਜੁਗ ਆਪੇ ਲਾਇੰਦਾ । ਕਲਜੁਗ ਅੰਤਮ ਵੇਖ ਕਿਨਾਰਾ, ਪ੍ਰਭ ਸਾਚਾ ਰੂਪ ਦਰਸਾਇੰਦਾ । ਚਾਰੋਂ ਕੁੰਟ ਅੰਧ ਅੰਧਿਆਰਾ, ਸਚ ਸੁੱਚ ਨਾ ਕੋਈ ਵਰਤਾਇੰਦਾ । ਸਾਧਾਂ ਸੰਤਾਂ ਖਾਲੀ ਦਵਾਰਾ, ਨਾਮ ਭਿਛਿਆ ਨਾ ਕੋਈ ਪਾਇੰਦਾ । ਰਾਜ ਰਾਜਾਨ ਹੋਏ ਵਿਭਚਾਰਾ, ਸਚ ਸੁਹਾਗ ਨਾ ਕੋਈ ਹੰਢਾਇੰਦਾ । ਜੂਠ ਝੂਠ ਕਰ ਪਸਾਰਾ, ਕਲਜੁਗ ਡੰਕ ਵਜਾਇੰਦਾ । ਕਲਜੁਗ ਜੋਧਾ ਸੂਰਬੀਰ ਬਲਕਾਰਾ, ਆਪਣਾ ਤੇਜ ਰਖਾਇੰਦਾ । ਨਾਲ ਰਲਾਏ ਮੁਹੰਮਦੀ ਯਾਰਾ, ਚੌਦਾਂ ਚੌਦਾਂ ਵੇਖ ਵਖਾਇੰਦਾ । ਜੋਤ ਸਰੂਪੀ ਹਰਿ ਨਿਰੰਕਾਰਾ, ਸਾਚੀ ਬਣਤ ਬਣਾਇੰਦਾ । ਸੱਤਾਂ ਦੀਪਾਂ ਪਾਵੇ ਸਾਰਾ, ਆਪ ਆਪਣੀ ਖੇਲ ਖਿਲਾਇੰਦਾ । ਲੱਖਣ ਦੀਪ ਹੋ ਉਜਿਆਰਾ, ਜੋਤੀ ਜੋਤ ਉਪਾਇੰਦਾ । ਪੁਸ਼ਕਰ ਤੇਰੀ ਬੰਨੇ ਧਾਰਾ, ਦਿਸ ਕਿਸੇ ਨਾ ਆਇੰਦਾ । ਕਰੌਚ ਖੇਲੇ ਖੇਲ ਅਪਾਰਾ, ਆਪਣਾ ਕਰਮ ਕਮਾਇੰਦਾ । ਜੰਬੂ ਦੀਪ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸਲਮਲ ਡੋਬੇ ਅਧਵਿਚਕਾਰਾ, ਨਾ ਕੋਈ ਪਾਰ ਕਰਾਇੰਦਾ । ਸਾਨ ਰੋਵੇ ਜ਼ਾਰੋ ਜ਼ਾਰਾ, ਵੇਲਾ ਗਿਆ ਹੱਥ ਨਾ ਆਇੰਦਾ । ਕੁਸ਼ਾ ਕਰੇ ਅੰਤ ਪੁਕਾਰਾ, ਏਕਾ ਨਾਅਰਾ ਲਾਇੰਦਾ । ਪੁਰਖ ਅਬਿਨਾਸ਼ੀ ਆਪੇ ਵੇਖੇ ਸੁਨਣੇਹਾਰਾ, ਸੁਨ ਸਮਾਧ ਸਮਾਇੰਦਾ । ਨੌਂ ਖੰਡ ਹਰਿ ਹੋ ਉਜਿਆਰਾ, ਆਪਣੀ ਵੰਡ ਵੰਡਾਇੰਦਾ ।

ਕੁਲਾ ਖੰਡ ਪ੍ਰਭ ਹੋ ਤਿਆਰਾ, ਸ਼ਬਦ ਪਰਚੰਡ ਚਮਕਾਇੰਦਾ । ਇੱਲਾਬ੍ਰਤ ਹਰਿ ਖੇਲ ਖਿਲਾਰਾ, ਸਾਚੀ ਖੇਲ ਖਿਲਾਇੰਦਾ । ਕੇਤਮਾਲ ਲਾਏ ਤਾੜਾ, ਏਕਾ ਰਾਗ ਅਲਾਇੰਦਾ । ਹਰਣਯਮਹ ਤੇਰੀ ਸੁਣ ਪੁਕਾਰਾ, ਭੇਖੀ ਭੇਖ ਰਖਾਇੰਦਾ । ਕਿੰ ਪੁਰਖ ਜੋਤ ਨਿਰੰਕਾਰਾ, ਜੋਤੀ ਨੂਰ ਡਗਮਗਾਇੰਦਾ । ਹਰਿ ਵਰਖ ਡੋਬੇ ਅਧਵਿਚਕਾਰਾ, ਪ੍ਰਭ ਆਪਣੀ ਰਚਨ ਰਚਾਇੰਦਾ । ਭਦਰ ਰੋਵੇ ਜ਼ਾਰੋ ਜ਼ਾਰਾ, ਨਾ ਕੋਈ ਧੀਰ ਧਰਾਇੰਦਾ । ਭਾਰਤ ਖੰਡ ਪ੍ਰਭ ਕਰ ਪਿਆਰਾ, ਸੰਬਲ ਨਗਰੀ ਧਾਮ ਸੁਹਾਇੰਦਾ । ਵੀਹ ਸਦ ਪੰਦਰਾਂ ਖੇਲ ਨਿਆਰਾ, ਸ੍ਰਿਸ਼ਟ ਸਬਾਈ ਆਪ ਹਿਲਾਇੰਦਾ । ਲੇਖਾ ਲਿਖੇ ਧੁਰ ਕਰਤਾਰਾ, ਨਾ ਕੋਈ ਮੇਟ ਮਿਟਾਇੰਦਾ । ਲਹਿਣਾ ਦੇਣਾ ਚੁੱਕੇ ਨੌਂ ਦਵਾਰਾ, ਸਚ ਸਿੰਘਾਸਣ ਇਕ ਵਿਛਾਇੰਦਾ । ਸਾਢੇ ਤਿੰਨ ਹੱਥ ਤੇਰਾ ਪਾਰ ਕਿਨਾਰਾ, ਰਵਦਾਸ ਚੁਮਾਰਾ ਆਪ ਕਰਾਇੰਦਾ । ਅੰਤਮ ਮੇਲਾ ਮੀਤ ਮੁਰਾਰਾ, ਸਾਚੀ ਸੇਵ ਲਗਾਇੰਦਾ । ਆਪੇ ਬੋਲੇ ਸ਼ਬਦ ਜੈਕਾਰਾ, ਰਵਦਾਸ ਚੁਮਾਰਾ ਚਿਟੇ ਉਪਰ ਲਿਖੇ ਕਾਲਾ ਭੇਵ ਕੋਈ ਨਾ ਪਾਇੰਦਾ । ਲੱਖ ਚੁਰਾਸੀ ਤੇਰਾ ਕੱਢਣ ਆਇਆ ਅੰਤ ਦਵਾਲਾ, ਭੇਖਾ ਧਾਰੀ ਭੇਖ ਵਟਾਇੰਦਾ । ਗੁਰਮੁਖ ਤੇਰੀ ਕਾਇਆ ਵੇਖੇ ਸੱਚੀ ਪਾਠਸ਼ਾਲਾ, ਹਰਿ ਮੰਦਰ ਡੇਰਾ ਲਾਇੰਦਾ । ਅੰਦਰੇ ਅੰਦਰ ਮੇਲਾ ਗੁਰ ਗੋਪਾਲਾ, ਜੋਤ ਜਵਾਲਾ ਸੇਵ ਲਗਾਇੰਦਾ । ਆਦਿ ਨਿਰੰਜਣ ਹੋ ਰਖਵਾਲਾ, ਅੰਤਮ ਫੇਰਾ ਪਾਇੰਦਾ । ਸ਼ਬਦ ਬਣਾਇਆ ਵਿਚ ਦਲਾਲਾ, ਦੋ ਜਹਾਨਾਂ ਰਾਹ ਤਕਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਗੁਰ ਗੋਬਿੰਦਾ ਦਰ ਦੁਰਕਾਇੰਦਾ । ਜਨ ਭਗਤਾਂ ਹੋਏ ਆਪ ਰਖਵਾਲਾ, ਭਗਤ ਵਛਲ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਵੇਖ ਵਖਾਇੰਦਾ । ਗੁਰਮੁਖ ਸਾਜਨ ਸਾਚੀ ਸਿਖ, ਸਿਖਿਆ ਗੁਰ ਵੀਚਾਰ । ਜਗਤ ਮਿਟੇ ਤ੍ਰਿਸਨਾ ਭੁੱਖ, ਦੇਵੇ ਨਾਮ ਅਧਾਰ । ਮਾਤ ਗਰਭ ਨਾ ਹੋਏ ਉਲਟਾ ਰੁੱਖ, ਦਸ ਦਸ ਮਾਸ ਨਾ ਖਾਏ ਮਾਰ । ਉਜਲ ਕਰੇ ਹਰਿ ਜੀ ਮੁਖ, ਜੋ ਜਨ ਮੰਗੇ ਹਰਿ ਦਵਾਰ । ਵਾਹ ਵਾਹ ਅੰਦਰ ਬੈਠਾ ਲੁਕ, ਗੁਰੂ ਰੂਪ ਆਪ ਕਰਤਾਰ । ਨੀਵਾਂ ਹੋ ਕੇ ਵੇਖੇ ਝੁਕ, ਮਿਲੇ ਮੇਲ ਪਰਵਰਦਿਗਾਰ । ਸਾਧ ਸੰਗਤ ਵਿਚ ਬਹਿਣਾ ਢੁਕ, ਲੋਕਮਾਤ ਨਾ ਹੋਏ ਖ਼ਵਾਰ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਸ੍ਰਿਸ਼ਟ ਦੱਬੀ ਪਾਪਾਂ ਭਾਰ । ਕਲਜੁਗ ਜੀਵਾਂ ਭਾਰ ਸਕੇ ਨਾ ਕੋਈ ਚੁੱਕ, ਧੌਲ ਧਰਮ ਰਿਹਾ ਪੁਕਾਰ । ਗਿਆਨ ਗੁਰੂ ਪੈਂਡਾ ਗਿਆ ਮੁੱਕ, ਗਿਆਨ ਧਿਆਨ ਡਿਗੇ ਮੂਹ ਦੇ ਭਾਰ । ਕਰਮਾ ਬੂਟਾ ਗਿਆ ਸੁੱਕ, ਫਲ ਦਿਸੇ ਨਾ ਕਿਸੇ ਡਾਲ੍ਹ । ਸ਼ਰਮ ਬੇੜਾ ਗਿਆ ਡੁੱਬ, ਸਤਿ ਸਤਿਵੰਤ ਨਾ ਕੋਈ ਜਹਾਨ । ਸਚਖੰਡ ਖੜੇ ਨਾ ਕੋਈ ਚੁੱਕ, ਕਲਜੁਗ ਜੀਵ ਹੋਏ ਵਿਭਚਾਰ । ਗੁਰਸਿਖ ਸਾਚੇ ਭਗਤ ਸੁਹੇਲੇ ਸੁਖਨਾ ਰਹੇ ਸੁਖ, ਕਦ ਹੋਸੀ ਤੇਰਾ ਇਕ ਦਿਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸ਼ਬਦ ਦੇਵੇ ਵਰ, ਜੁਗ ਜੁਗ ਜਾਣੇ ਆਪਣੀ ਕਾਰ । ਕਾਰ ਕਰਾਵਣ ਆਇਆ ਕਰਤਾ, ਕਰਨ ਕਰਾਵਣ ਜੋਗ । ਜਨ ਭਗਤਾਂ ਜਗ ਮਾਇਆ ਹਰਤਾ, ਦੇਵੇ ਨਾਮ ਸੱਚਾ ਜੋਗ । ਅਬਿਨਾਸ਼ੀ ਪੁਰਖ ਨਾ ਜਨਮੇ ਨਾ ਕਦੇ ਮਰਦਾ, ਖੇਲੇ ਖੇਲ ਰੋਜ਼ ਰੋਜ਼ । ਆਪਣੇ ਭਾਣੇ ਆਪੇ ਕਰਦਾ, ਆਪੇ ਰੱਖੇ ਆਪਣਾ ਗੋਹਝ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਇਕ ਵਰ, ਵਰ ਦਾਤਾ ਚੋਜੀ ਚੋਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਮਗਰ ਆਪੇ ਲੱਗਾ, ਧੁਰਦਰਗਾਹੀ ਕੱਢਣ ਆਇਆ ਖੋਜ ।

* ੨੧ ਜੇਠ ੨੦੧੫ ਬਿਕ੍ਰਮੀ ਸਿੰਘ ਦੇ ਘਰ ਪਿੰਡ ਖਹਿਰਾ ਤਹਸੀਲ ਬਟਾਲਾ ਜ਼ਿਲਾ ਗੁਰਦਾਸ ਪੁਰ *

ਸਰਬ ਕਲ ਸਮਰਥ, ਆਪ ਸੁਖਦਾਇਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਤ੍ਰੈਗੁਣ ਮਾਇਆ ਨੇੜ ਨਾ ਆਇਆ । ਸ਼ਬਦ ਜਣਾਈ ਅਕਥਨਾ ਅਕਥ, ਧੁਨ ਅਨਾਦੀ ਇਕ ਸੁਣਾਇਆ । ਹਉਮੇ ਹੰਗਤਾ ਪਾਏ ਭੱਠ, ਮਾਇਆ ਮਮਤਾ ਦਏ ਜਲਾਇਆ । ਚਰਨ ਦਵਾਰ ਇਕ ਵਖਾਏ ਅਠਸਠ, ਸਰ ਸਰੋਵਰ ਇਕ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਮੇਲ ਮਿਲਾਇਆ । ਨਿਰਗੁਣ ਮੇਲਾ ਹਰਿ ਨਿਰੰਕਾਰਾ, ਆਪਣਾ ਆਪ ਕਰਾਇੰਦਾ । ਜੁਗ ਜੁਗ ਲੈ ਮਾਤ ਅਵਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਭਗਤ ਜਨਾ ਜਨ ਪਾਵੇ ਸਾਰਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਦੀਪਕ ਜੋਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਦੇਵੇ ਨਾਮ ਸ਼ਬਦ ਸੱਚੀ ਧੁਨਕਾਰਾ, ਸਾਚਾ ਰਾਗ ਅਲਾਇੰਦਾ । ਕਾਇਆ ਮੰਦਰ ਅੰਦਰ ਵਖਾਏ ਇਕ ਸੱਚਾ ਗੁਰਦਵਾਰਾ, ਗੁਰ ਪੂਰਾ ਆਸਣ ਲਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਆਪਣੀ ਸੇਵ ਕਮਾਇੰਦਾ । ਨੇੜ ਨਾ ਆਏ ਪੰਚਮ ਧਾੜਾ, ਪੰਚਮ ਮੇਲ ਮਿਲਾਇੰਦਾ । ਧਰਮ ਵਖਾਏ ਇਕ ਅਖਾੜਾ, ਹਰਿ ਸਾਚਾ ਆਪ ਲਗਾਇੰਦਾ । ਜੋਤ ਜਗਾਏ ਬਹੱਤਰ ਨਾੜਾ, ਤਾਲ ਤਲਵਾੜਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਏਕਾ ਘਰ, ਏਕਾ ਘਰ ਸੁਹਾਇੰਦਾ । ਏਕਾ ਘਰ ਆਦਿ ਨਿਰੰਜਣ, ਆਦਿ ਪੁਰਖ ਉਪਾਇਆ । ਆਪੇ ਹੋਇਆ ਦਰਦ ਦੁੱਖ ਭੈ ਭੰਜਨ, ਜਨ ਭਗਤਾਂ ਸੰਗ ਨਿਭਾਇਆ । ਨੇਤਰ ਪਾਏ ਨਾਮ ਅੰਜਨ, ਇਕ ਗਿਆਨ ਦ੍ਰਿੜਾਇਆ । ਦੋ ਜਹਾਨਾਂ ਸਾਚਾ ਸੱਜਣ, ਲੋਕਮਾਤ ਮੇਲ ਮਿਲਾਇਆ । ਚਰਨ
੩੭੭ ੦੭
ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਰਹਿਣ ਨਾ ਪਾਇਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਜੋ ਜਨ ਸਰਨ ਸਰਨਾਈ ਆਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਆਇਆ ਪੜਦੇ ਕੱਜਣ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਏਕਾ ਘਰ, ਗੁਰਮੁਖ ਸਾਚੇ ਲਏ ਮਲਾਇਆ । ਗੁਰਮੁਖ ਸਾਜਨ ਸਾਚੇ ਮੇਲਾ, ਹਰਿ ਸਾਚੇ ਆਪ ਕਰਾਇਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰੂਪ ਵਟਾਇਆ । ਆਪੇ ਵਸਿਆ ਰੰਗ ਨਵੇਲਾ, ਆਪੇ ਹਰ ਘਟ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖ ਸਾਚਾ ਘਰ, ਥਿਰ ਘਰ ਸਾਚਾ ਨਾਉਂ ਧਰਾਇਆ । ਥਿਰ ਘਰ ਸਾਚਾ ਸ਼ਬਦ ਟਿਕਾਣਾ, ਹਰਿ ਜੋਤੀ ਨੂਰ ਜਗਾਈਆ । ਆਪੇ ਬਣਿਆ ਸ਼ਾਹ ਸੁਲਤਾਨਾ, ਨਾ ਦੂਸਰ ਕੋਈ ਦਿਸਾਈਆ । ਏਕਾ ਰੂਪ ਸ਼ਾਹੋ ਭੂਪ, ਸਤਿ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਘਰ, ਅਲਖ ਨਿਰੰਜਣ ਏਕਾ ਅਲਖ ਰਿਹਾ ਜਗਾਈਆ । ਇਕ ਅਲਖ ਗੁਰਸਿਖ ਜਗਾ, ਏਕਾ ਨਾਮ ਜੈਕਾਰਾ । ਏਕਾ ਮੰਦਰ ਦਏ ਵਖਾ, ਦਿਵਸ ਰੈਣ ਹੋਏ ਉਜਿਆਰਾ । ਏਕਾ ਅੱਖਰ ਦਏ ਪੜ੍ਹਾ, ਮਿਲੇ ਮੇਲ ਹਰਿ ਮੀਤ ਮੁਰਾਰਾ । ਬਜਰ ਕਪਾਟੀ ਜਿੰਦਾ ਦਏ ਤੁੜਾ, ਸ਼ਬਦ ਸਰੂਪੀ ਲਾਏ ਪਾੜਾ । ਪੰਚਮ ਵਿਕਾਰਾ ਸੱਥਰ ਦਏ ਵਛਾ, ਨੇੜ ਨਾ ਆਏ ਝੂਠੀ ਧਾੜਾ । ਗੁਰਮੁਖ ਸਾਜਨ ਸਾਚਾ ਲਾੜਾ ਦਏ ਨੁਹਾ, ਦੇਵੇ ਨਾਮ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਇਕ ਦਰ, ਮੇਲ ਮਿਲਾਏ ਇਕ ਦਵਾਰਾ । ਇਕ ਦਵਾਰ ਗ਼ਰੀਬ ਨਿਵਾਜ, ਆਪਣਾ ਆਪ ਰਖਾਇਆ । ਲੱਖ ਚੁਰਾਸੀ ਆਪੇ ਸਾਜ, ਆਪ ਆਪਣਾ ਦਰਸ

ਦਿਖਾਇਆ । ਜਨ ਭਗਤਾਂ ਦੇਵੇ ਸਾਚਾ ਦਾਜ, ਧੁਰਦਰਗਾਹੀ ਨਾਮ ਲਿਆਇਆ । ਸੀਸ ਰਖਾਏ ਸਾਚਾ ਤਾਜ, ਸਤਿ ਸੰਤੋਖੀ ਦਇਆ ਕਮਾਇਆ । ਜੁਗ ਜੁਗ ਰਚਨੇਹਾਰਾ ਕਾਜ, ਆਦਿ ਜੁਗਾਦੀ ਨਾਮ ਧਰਾਇਆ । ਖੋਜ ਖੁਜਾਏ ਹਰਿ ਬ੍ਰਹਿਮਾਦਿ ਪਾਰਬ੍ਰਹਮ ਹਰਿ ਨਾਉਂ ਧਰਾਇਆ । ਇਕ ਵਜਾਏ ਸਾਚਾ ਨਾਦ, ਲੋਆਂ ਪੁਰੀਆਂ ਰਿਹਾ ਸੁਣਾਇਆ । ਸੋਇਆ ਕੋਈ ਨਾ ਰਹੇ ਸੰਤ ਸਾਧ, ਜੀਵ ਜੰਤ ਰਿਹਾ ਮਿਲਾਇਆ । ਸ਼ਬਦ ਜਣਾਈ ਬੋਧ ਅਗਾਧ, ਗੁਰਮੁਖਾਂ ਵੰਡ ਵੰਡਾਇਆ । ਜੋ ਜਨ ਰਸਨ ਰਹੇ ਅਰਾਧ, ਨੇਤਰ ਨੈਣ ਲੋਚਣ ਦਰਸ ਦਿਖਾਇਆ । ਮਨਮੁਖ ਜੀਵਾਂ ਇਕ ਰਖਾਇਆ ਵਾਦ ਵਿਵਾਦ, ਹਉਮੇ ਸਹਿੰਸਾ ਰੋਗ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਵਰ ਦਾਤਾ ਆਪ ਹੋ ਜਾਇਆ । ਆਪੇ ਦਾਤਾ ਸ਼ਬਦ ਭੰਡਾਰਾ, ਆਪੇ ਹਰਿ ਵਰਤਾਇੰਦਾ । ਆਪੇ ਪਾਵਣਹਾਰਾ ਸਾਰਾ, ਆਪੇ ਗਿਆਨ ਦ੍ਰਿੜਾਇੰਦਾ । ਆਪ ਕਰਾਏ ਸਚ ਜੈਕਾਰਾ, ਆਪੇ ਆਪ ਸੁਣਾਇੰਦਾ । ਆਪ ਨੁਹਾਏ ਆਪਣੀ ਧਾਰਾ, ਆਪੇ ਮੇਟ ਮਿਟਾਇੰਦਾ । ਆਪੇ ਜਾਣੇ ਆਪਣੀ ਕਾਰਾ, ਆਪੇ ਕਾਰ ਕਮਾਇੰਦਾ । ਆਪ ਆਪਣਾ ਕਰ ਉਸਾਰਾ, ਆਪੇ ਵੇਖਣ ਆਇੰਦਾ । ਆਪ ਆਪਣਾ ਬਣ ਲਿਖਾਰਾ, ਲੇਖਾ ਆਪਣੇ ਹੱਥ ਰਖਾਇੰਦਾ । ਆਪ ਆਪਣੀ ਮਾਰੇ ਮਾਰਾ, ਮਾਰਨਹਾਰ ਆਪ ਹੋ ਜਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਮਿਤ ਅਖਵਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਰੂਪ ਦਰਸਾਇੰਦਾ । ਆਪ ਆਪਣਾ ਨਾਉਂ ਧਰ ਨਿਰੰਕਾਰਾ, ਨਰ ਨਰਾਇਣ ਵੇਸ ਵਟਾਇੰਦਾ । ਆਪ ਆਪਣਾ ਕਰ ਪਸਾਰਾ, ਪਸਰ ਪਸਾਰੀ ਆਪ ਹੋ ਜਾਇੰਦਾ । ਜੁਗ ਜੁਗ ਲਏ ਮਾਤ ਅਵਤਾਰ, ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਵੇਤਾ ਬਣ ਲਿਖਾਰਾ, ਚਾਰੇ ਵੇਦਾਂ ਬੋਲ ਅਲਾਇੰਦਾ । ਵੇਦ ਵਿਆਸਾ ਪੁਰਾਨ ਅਠਾਰਾਂ, ਪੁਰਾਨੀ ਪੁਰਾਨ ਜਣਾਇੰਦਾ । ਸਾਸ਼ਤਰ ਸਿਮਰਤ ਕਰ ਵਿਚਾਰਾ, ਕਿਰਪਾ ਕਰਨੀ ਆਪ ਕਰਾਇੰਦਾ । ਗੀਤਾ ਗਿਆਨ ਜਗਤ ਉਧਾਰਾ, ਸਾਚੀ ਸਿਖਿਆ ਆਪ ਸਿਖਾਇੰਦਾ । ਅੰਜੀਲ ਕੁਰਾਨਾ ਪਾਵੇ ਸਾਰਾ, ਏਕਾ ਧਾਰ ਚਲਾਇੰਦਾ । ਨਾਨਕ ਗੁਰ ਮੰਗਿਆ ਇਕ ਦਵਾਰਾ, ਏਕਾ ਬੂਝ ਬੁਝਾਇੰਦਾ । ਏਕਾ ਸ਼ਬਦ ਇਕ ਪਿਆਰਾ, ਚਾਰ ਵਰਨਾਂ ਆਪ ਜਣਾਇੰਦਾ । ਏਕਾ ਜੋਤ ਨਰ ਨਿਰੰਕਾਰਾ, ਆਪਣਾ ਵੇਸ ਵਟਾਇੰਦਾ । ਨਾਨਕ ਗੋਬਿੰਦ ਇਕ ਅਧਾਰਾ, ਏਕਾ ਰੂਪ ਸਮਾਇੰਦਾ । ਏਕਾ ਲੇਖ ਲਿਖਣਹਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਸਾਚੀ ਸਿਖਿਆ ਸਿਖਣਹਾਰਾ, ਗੁਰ ਚੇਲਾ ਰੂਪ ਵਟਾਇੰਦਾ । ਸ੍ਰਿਸ਼ਟ ਸਬਾਈ ਮਥਿਆ, ਮੱਥਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਵਸਿਆ ਸਾਚੇ ਘਰ, ਘਰ ਸੁਹਾਇਆ ਪ੍ਰਭ ਮੇਲ ਮਿਲਾਇਆ, ਵਿਛੜ ਕਦੇ ਨਾ ਜਾਇੰਦਾ । ਹੋਏ ਵਿਛੋੜਾ ਆਦਿ ਅੰਤ, ਜੁਗ ਜੁਗ ਆਪ ਕਰਾਇਆ । ਜੁਗ ਜੁਗ ਵੇਖੇ ਸਾਧ ਸੰਤ, ਸਤਿਗੁਰ ਪੂਰਾ ਦਇਆ ਕਮਾਇਆ । ਮਨਮੁਖਾਂ ਮਾਇਆ ਪਾਏ ਬੇਅੰਤ, ਬੇਅੰਤਾ ਨਾਉਂ ਧਰਾਇਆ । ਗੁਰਮੁਖ ਮੇਲਾ ਸਾਚੀ ਨਾਰੀ ਹਰਿ ਸਾਚੇ ਕੰਤ, ਸਤਿ ਸੁਹਾਗਣ ਨਾਉਂ ਧਰਾਇਆ । ਕਾਇਆ ਫੁਲਵਾੜੀ ਦਿਸੇ ਇਕ ਬਸੰਤ, ਅੰਮ੍ਰਿਤ ਆਤਮ ਝਿਰਨਾ ਰਿਹਾ ਝਿਰਾਇਆ । ਜੁਗ ਜੁਗ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇਆ । ਕਲਜੁਗ ਤੇਰਾ ਵੇਲਾ ਅੰਤ, ਪ੍ਰਭ ਸਾਚੇ ਵੇਸ ਵਟਾਇਆ । ਲੱਖ ਚੁਰਾਸੀ ਜੀਵ ਜੰਤ, ਚਾਰੋਂ ਕੁੰਟ ਰਹੇ ਕੁਰਲਾਇਆ । ਨਾ ਕੋਈ ਜਿਹਵਾ ਨਾ ਕੋਈ ਮਣੀਆ ਨਾ ਕੋਈ ਮਣਤ, ਨਾ ਕੋਈ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਘਰ, ਘਰ ਸਾਚਾ

ਇਕ ਸੁਹਾਇਆ । ਸਾਚਾ ਘਰ ਸ਼ਬਦ ਗੁਰ ਡੇਰਾ, ਪਾਰਬ੍ਰਹਮ ਉਪਾਇਆ । ਕਰੇ ਕਰਾਏ ਹੱਕ ਨਿਬੇੜਾ, ਲਹਿਣਾ ਦੇਣਾ ਮੂਲ ਚੁਕਾਇਆ । ਵਸਦਾ ਰਹੇ ਸਾਚਾ ਖੇੜਾ, ਹਰਿ ਮੰਦਰ ਵੇਖ ਵਖਾਇਆ । ਲੱਖ ਚੁਰਾਸੀ ਦੇਵਣਹਾਰਾ ਗੇੜਾ, ਪੰਜ ਤਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਘਰ, ਇਕੋ ਸ਼ਬਦ ਵੇਖ ਵਖਾਇਆ । ਨਾਨਕ ਗੋਬਿੰਦ ਬਣ ਲਿਖਾਰ, ਲੇਖਾ ਲੇਖ ਲਿਖਾਇਆ । ਕਲਜੁਗ ਅੰਤਮ ਲਏ ਅਵਤਾਰ, ਪ੍ਰਭ ਸਾਚਾ ਹੋਏ ਸਹਾਇਆ । ਨਿਹਕਲੰਕੀ ਜਾਮਾ ਧਾਰ, ਸ਼ਬਦ ਡੰਕਾ ਇਕ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਨਾਮ ਹਲੂਣੇ ਰਿਹਾ ਲਗਾਇਆ । ਭੇਖ ਪਖੰਡਾ ਮਾਰੇ ਮਾਰ, ਸ਼ਬਦ ਡੰਡਾ ਹੱਥ ਉਠਾਇਆ । ਮਨਮੁਖ ਜੀਵ ਅੰਦਰ ਕੋਈ ਰਹਿਣ ਨਾ ਦੇਵੇ ਵਿਚ ਸੰਸਾਰ, ਅੰਤਮ ਕੰਢਾ ਪਾਰ ਕਰਾਇਆ । ਏਕਾ ਰੱਖੇ ਤਿਖੀ ਧਾਰ, ਨੌਂ ਖੰਡਾਂ ਵੇਖ ਵਖਾਇਆ । ਸੱਤਾਂ ਦੀਪਾਂ ਹੋ ਉਜਿਆਰ, ਏਕਾ ਨਾਮ ਜਪਾਇਆ । ਚਾਰੇ ਕੁੰਟਾਂ ਪਾਵੇ ਸਾਰ, ਦਹਿ ਦਿਸ਼ਾ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਉਭਾਰ, ਆਪ ਆਪਣਾ ਵੇਸ ਵਟਾਇਆ । ਇਕ ਕਰਾਏ ਸ਼ਬਦ ਜੈਕਾਰ, ਸੋ ਪੁਰਖ ਨਿਰੰਜਣ ਨਾਮ ਧਰਾਇਆ । ਪਾਵੇ ਵੰਡਾਂ ਅਪਰ ਅਪਾਰ, ਭੇਵ ਕੋਇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ ਹਰਿਜਨ ਮੇਲਾ ਆਪੇ ਕਰ ਮੇਲਣਹਾਰ ਆਪ ਅਖਵਾਇਆ । ਸਾਚਾ ਮੇਲਾ ਧੁਰ ਦਰਗਾਹ, ਆਦਿ ਜੁਗਾਦਿ ਕਰਾਇਆ । ਸਾਚਾ ਸ਼ਬਦ ਸਚ ਮਲਾਹ, ਬੇੜਾ ਬੰਨੇ ਲਾਇਆ । ਨਾ ਕੋਈ ਦੂਸਰ ਦਿਸੇ ਰਾਹ, ਦੇਵੀ ਦੇਵ ਨਾ ਕੋਈ ਸਹਾਇਆ । ਨਾ ਕੋਈ ਕਟੇ ਜੰਮ ਕਾ ਫਾਹ, ਬ੍ਰਹਮਾ ਸ਼ਿਵ ਬੈਠੇ ਮੁਖ ਛੁਪਾਇਆ । ਨਾ ਕੋਈ ਜਪਾਵੇ ਸਾਚਾ ਨਾਂ, ਸਾਧ ਸੰਤ ਹੋਏ ਹਲਕਾਇਆ । ਨਾ ਕੋਈ ਦੀਸੇ ਸਾਚਾ ਥਾਂ, ਸਾਚਾ ਥਾਨ ਨਾ ਕੋਈ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਏਕਾ ਨਾਤਾ ਪੁਰਖ ਬਿਧਾਤਾ, ਆਪਣਾ ਆਪ ਬੰਧਾਇਆ । ਏਕਾ ਨਾਤਾ ਕਮਲਾਪਾਤ, ਗੁਰਮੁਖ ਆਪ ਬਣਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਊਚ ਨੀਚ ਨਾ ਕੋਈ ਜਣਾਈਆ । ਚਾਰ ਵਰਨਾਂ ਇਕ ਜਮਾਇਤ, ਏਕਾ ਸ਼ਬਦ ਪੜ੍ਹਾਈਆ । ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਈਆ । ਦੁਰਮਤ ਮੈਲ ਦੇਵੇ ਕਾਟ, ਹਉਮੇ ਰੋਗ ਗਵਾਈਆ । ਇਕ ਵਖਾਏ ਸਾਚਾ ਹਾਟ, ਚੌਦਾਂ ਹੱਟ ਭਵਾਈਆ । ਤਿੰਨਾਂ ਲੋਕਾਂ ਪਾਰ ਵਾਟ, ਚੌਥੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਸਾਚਾ ਦਰ ਘਰ ਸੁਹੰਜਣਾ, ਜਗੇ ਜੋਤ ਨਿਰੰਜਣਾ, ਅੱਠੇ ਪਹਿਰ ਰਹੇ ਰੁਸ਼ਨਾਈਆ । ਆਠ ਪਹਿਰ ਏਕਾ ਚਾਨਣ, ਏਕਾ ਰੂਪ ਦਰਸਾਇਆ । ਏਕਾ ਸ਼ਬਦ ਇਕ ਗਿਆਨਨ, ਏਕਾ ਜਾਪ ਜਪਾਇਆ । ਏਕਾ ਰਾਗ ਏਕਾ ਕਾਨਨ, ਏਕਾ ਰਿਹਾ ਸੁਣਾਇਆ । ਏਕਾ ਸਤਿਗੁਰ ਧੁਰਦਰਗਾਹੀ ਸਾਚਾ ਜ਼ਾਮਨ, ਨਾ ਕੋਈ ਦੂਸਰ ਸੰਗ ਰਖਾਇਆ । ਮੇਟ ਮਿਟਾਏ ਤ੍ਰਿਸਨਾ ਤਾਮਨ, ਤ੍ਰਿਸਨਾ ਭੁੱਖ ਰਹਿਣ ਨਾ ਪਾਇਆ । ਨੇੜ ਨਾ ਆਏ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਸਜਾਇਆ । ਦੂਰ ਕਰਾਏ ਅੰਧੇਰ ਸ਼ਾਮਨ, ਸੰਝ ਸਵੇਰ ਇਕ ਕਰਾਇਆ । ਲੰਕਾ ਗੜ੍ਹ ਤੋੜੇ ਹੰਕਾਰ ਰਾਮ ਰਾਮਾ ਰਾਵਣ, ਸ਼ਾਹ ਭਬੀਖਨ ਹੋਏ ਸਹਾਇਆ । ਜਨ ਆਪ ਫੜਾਏ ਆਪਣਾ ਦਾਮਨ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਮੇਲਾ ਏਕਾ ਹਰਿ, ਹਰਿ ਸਾਚਾ ਆਪ ਕਰਾਇਆ ਹਰਿ ਸਾਚਾ ਹਰਿ ਸੱਜਣਾ, ਹਰਿ ਹਰਿ ਮੀਤ ਮੁਰਾਰ । ਜੋ ਘੜਿਆ ਸੋ ਭੱਜਣਾ, ਅੰਤਮ ਵਿਚ ਸੰਸਾਰ । ਬਿਨ

ਗੁਰ ਪੜਦਾ ਕਿਸੇ ਨਾ ਕੱਜਣਾ, ਨਾ ਕੋਈ ਪਾਰ ਉਤਾਰਨਹਾਰ । ਕਲਜੁਗ ਕਾਲ ਨਗਾਰਾ ਵੱਜਣਾ, ਚਾਰ ਕੁੰਟ ਧੁੰਧੂਕਾਰ । ਧਰਮ ਰਾਏ ਉਠ ਉਠ ਗੱਜਣਾ, ਏਕਾ ਏਕ ਰਿਹਾ ਲਲਕਾਰ । ਲਾੜੀ ਮੌਤ ਘਰ ਘਰ ਜਾ ਜਾ ਸਜਣਾ, ਦਿਵਸ ਰੈਣ ਕਰੇ ਸ਼ੰਗਾਰ । ਚਿਤਰ ਗੁਪਤ ਆਪਣਾ ਲੇਖਾ ਕੱਢਣਾ, ਪੁਰਖ ਅਬਿਨਾਸ਼ੀ ਅੱਗੇ ਖਲਾਰ । ਲੋਕਮਾਤ ਮਨਮੁਖ ਜੀਵਾਂ ਤਜਣਾ, ਤੁਟੇ ਗੜ੍ਹ ਹੰਕਾਰ । ਜੂਠਾ ਝੂਠਾ ਡੁੱਬੇ ਜਹਾਜਨਾ, ਕੂੜੀ ਕਿਰਿਆ ਨਾ ਲਾਵੇ ਪਾਰ । ਸੀਸ ਦਿਸੇ ਨਾ ਕਿਸੇ ਤਾਜਨਾ, ਰਾਜ ਰਾਜਾਨਾਂ ਕਰੇ ਖਵਾਰ । ਨਾ ਕੋਈ ਬਣੀਆਂ ਸ਼ਾਹ ਦਿਸੇ ਮਹਾਜਨਾ, ਨਾ ਕੋਈ ਲੇਖਾ ਮੰਗੇ ਦਵਾਰ । ਨਾ ਕੋਈ ਮੁਲਾਂ ਸ਼ੇਖ਼ ਕਾਜ਼ੀ ਕਾਜਨਾ, ਪੀਰ ਦਸਤਗੀਰ ਨਾ ਕੋਈ ਸਹਾਰ । ਨਾ ਕੋਈ ਪੰਡਤ ਪਾਂਧਾ ਮਾਰੇ ਵਾਜਨਾ, ਨਾ ਕੋਈ ਪਤਰੀ ਰਿਹਾ ਵਿਚਾਰ । ਪੰਥੀ ਪੰਥ ਨਾ ਕੋਈ ਨਿਵਾਜਨਾ, ਬਿਨ ਪੂਰੇ ਹਰਿ ਕਰਤਾਰ । ਅੰਤਮ ਪਰਗਟ ਹੋਏ ਦੇਸ ਮਾਝਨਾ, ਗੁਰ ਗੋਬਿੰਦ ਰਿਹਾ ਪੁਕਾਰ । ਸੰਬਲ ਨਗਰੀ ਸਾਚਾ ਰਾਜਨਾ, ਬੈਠੇ ਸ਼ਾਹੋ ਭੂਪ ਸਿਕਦਾਰ । ਸਾਢੇ ਤਿੰਨ ਹੱਥ ਸੀਆਂ ਨਾਪਨਾ, ਕਲਜੁਗ ਤੇਰੀ ਅੰਤਮ ਵਾਰ । ਨੌਂ ਖੰਡ ਪ੍ਰਿਥਮੀ ਕਾਪਨਾ, ਸੱਤਾਂ ਦੀਪਾਂ ਹਾਹਾਕਾਰ । ਜੀਵਾਂ ਜੰਤਾਂ ਭੁੱਲੇ ਆਪੋ ਆਪਣਾ, ਨਾ ਕੋਈ ਸਕੇ ਸੁਰਤ ਸੰਭਾਲ । ਤ੍ਰੈਗੁਣ ਮਾਇਆ ਚਾੜ੍ਹੇ ਤੀਨੋ ਤਾਪਨਾ, ਅੱਠੇ ਪਹਿਰ ਹੰਕਾਰ ਬੁਖਾਰ । ਦੂਈ ਦਵੈਤੀ ਕੋਇ ਨਾ ਕਾਟਨਾ, ਨਾ ਕੋਈ ਬਖ਼ਸ਼ੇ ਇਕ ਪਿਆਰ । ਸਾਚਾ ਨਾਮ ਨਾ ਮਿਲੇ ਕਿਸੇ ਹਾਟਨਾ, ਘਰ ਘਰ ਦਿਸੇ ਹਟ ਬਾਜਾਰ । ਕਾਇਆ ਦਿਸੇ ਨਾ ਕਿਸੇ ਸਾਚਾ ਪਟਨਾ, ਨਾ ਕੋਈ ਕਰੇ ਸ਼ਬਦ ਸ਼ੰਗਾਰ । ਤਨ ਚੋਲਾ ਅੰਤਮ ਪਾਟਣਾ, ਮਨਮੁਖ ਜੀਵ ਜਗਤ ਵਿਚਾਰ । ਨਾ ਕੋਈ ਤੀਰਥ ਨਾ ਕੋਈ ਤਟਨਾ, ਗੰਗ ਗੋਦਾਵਰੀ ਗਈ ਹਾਰ । ਲਹਿਣਾ ਦੇਣਾ ਨਾ ਚੁਕਾਏ ਕੋਈ ਆਨ ਬਾਟਨਾ, ਲੱਖ ਚੁਰਾਸੀ ਮਾਰੇ ਮਾਰ । ਅੱਗੇ ਨੇੜੇ ਆਈ ਵਾਟਨਾ, ਕਲਜੁਗ ਕੂੜਾ ਰਿਹਾ ਪੁਕਾਰ । ਗੁਰਮੁਖ ਵਿਰਲੇ ਲਾਹਾ ਖਾਟਨਾ, ਮੰਗੇ ਮੰਗ ਦਰ ਭਿਖਾਰ । ਅੰਮ੍ਰਿਤ ਆਤਮ ਏਕਾ ਚਾਟਨਾ, ਨੌਂ ਰਸ ਏਕਾ ਧਾਰ । ਬਜਰ ਕਪਾਟੀ ਪੜਦਾ ਪਾਟਨਾ, ਮੇਲ ਮਿਲਾਵਾ ਦਸਮ ਦਵਾਰ । ਉਪਰ ਬੈਠ ਸਚ ਸਿੰਘਾਸਨਾ, ਆਤਮ ਸੇਜਾ ਕਰ ਪਿਆਰ । ਪਰਗਟ ਹੋ ਪੁਰਖ ਅਬਿਨਾਸ਼ਨਾ, ਗੁਰਮੁਖ ਸਾਚੇ ਲਏ ਉਭਾਰ । ਆਪੇ ਹੋਇਆ ਦਾਸੀ ਦਾਸਨਾ, ਸੇਵਕ ਸੇਵਾ ਕਰੇ ਅਪਾਰ । ਵੇਖ ਵਖਾਏ ਪ੍ਰਿਥਮੀ ਅਕਾਸ਼ਨਾ, ਚੰਨ ਸੂਰਜ ਵੇਖ ਅਵਤਾਰ । ਮੰਡਲ ਮੰਡਪ ਪਾਵੇ ਰਾਸਨਾ, ਖੇਲੇ ਖੇਲ ਅਪਰ ਅਪਾਰ । ਆਪੇ ਜਾਣੇ ਆਪਣੀ ਵਾਸਨਾ, ਕਰੇ ਕਰਾਏ ਕਰਨੇਹਾਰ । ਦੋ ਜਹਾਨੀ ਸ਼ਾਹੋ ਸ਼ਬਾਸ਼ਨਾ, ਸਚ ਤਖ਼ਤ ਸੱਚੀ ਸਰਕਾਰ । ਕਲਜੁਗ ਵੇਖੇ ਇਕ ਤਮਾਸ਼ਨਾ, ਡੂੰਘੀ ਭਵਰੀ ਚੁੱਭੀ ਮਾਰ । ਜੀਵ ਜੰਤ ਮਦਿਰਾ ਮਾਸਨਾ, ਕਰਿਆ ਇਕ ਪਿਆਰ । ਆਤਮ ਛੱਡੀ ਸਾਚੀ ਵਾਸਨਾ, ਪਾਰਬ੍ਰਹਮ ਨਾ ਕੋਈ ਵਾਪਾਰ । ਬ੍ਰਹਮ ਵਿਦਿਆ ਨਾ ਹੋਏ ਪਰਕਾਸ਼ਨਾ, ਜਗਤ ਵਿਦਿਆ ਹੋਈ ਨਾਰ । ਗੁਰਮੁਖ ਸਾਚੇ ਬਲ ਬਲ ਜਾਸਨਾ, ਜਿਸ ਪਾਇਆ ਪੁਰਖ ਅਗੰਮ ਅਪਾਰ । ਏਕਾ ਜਪਿਆ ਸਾਚਾ ਜਾਪਨਾ, ਜਮ ਦੰਡ ਨਾ ਖਾਏ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਲਏ ਵਰ, ਇਕ ਸੁਹਾਏ ਬੰਕ ਦਵਾਰ । ਬੰਕ ਦਵਾਰ ਹਰਿ ਸੁਹੌਣਾ, ਆਪਣੀ ਰਚਨ ਰਚਾਈਆ । ਕਲਜੁਗ ਕੂੜਾ ਮੇਟ ਮਿਟੌਣਾ, ਸਤਿਜੁਗ ਸਾਚਾ ਨਾਉਂ ਰਖਾਈਆ । ਭਿੰਨੜੀ ਰੈਣ ਮੇਲ ਮਿਲੌਣਾ, ਸਾਚਾ ਸੰਗ ਰਖਾਈਆ । ਇਕ ਅਨਾਦੀ ਤਾਲ ਵਜੌਣਾ, ਸ਼ਬਦ ਕਰੇ ਜਣਾਈਆ । ਬੋਧ ਅਗਾਧੀ ਭੇਵ ਖੁਲ੍ਹੌਣਾ, ਭੇਵ ਅਭੇਦਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੩੯੦ ੦੭

੩੮੧
੦੨

ਜੋਤ ਧਰ, ਹਰਿਜਨ ਮੇਲਾ ਆਪੇ ਕਰ, ਕਰ ਕਿਰਪਾ ਪਾਰ ਕਰਾਈਆ ।

### ✻ ਪਹਿਲੀ ਹਾੜ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✻

ਨਿਰਗੁਣ ਰੂਪ ਆਦਿ ਨਿਰੰਜਣ, ਏਕਾ ਨੂਰ ਸਮਾਇਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਆਸਾ ਪੂਰ ਅਖਵਾਇਆ । ਦੋ ਜਹਾਨੀ ਸਾਚਾ ਸੱਜਣ, ਲੋਕ ਪਰਲੋਕ ਸੁਹਾਇਆ । ਲੋਕਮਾਤ ਆਵੇ ਜਾਵੇ ਪੜਦੇ ਕੱਜਣ, ਏਕਾ ਪੜਦਾ ਉਪਰ ਪਾਇਆ । ਸ਼ਬਦ ਅਨਾਦੀ ਤਾਲ ਸਾਚੇ ਘਰ ਏਕਾ ਵੱਜਣ, ਵਜਾਵਣਹਾਰ ਦਿਸ ਨਾ ਆਇਆ । ਜੋ ਘੜੇ ਸੋ ਅੰਤਮ ਭੱਜਨ, ਥਿਰ ਕੋਈ ਰਹਿਣ ਨਾ ਪਾਇਆ । ਪੰਜ ਤਤ ਪਸਾਰਾ ਸਾਰੇ ਤਜਨ, ਬਿਨ ਹਰਿ ਕੋਇ ਨਾ ਹੋਏ ਸਹਾਇਆ । ਜੁਗ ਜੁਗ ਚਲਾਏ ਸਚ ਜਹਾਜਨ, ਏਕਾ ਚੱਪੂ ਨਾਮ ਲਗਾਇਆ । ਆਪੇ ਰਚਨਹਾਰਾ ਕਾਜਨ, ਕਰਤਾ ਪੁਰਖ ਅਖਵਾਇਆ । ਸ਼ਾਹੋ ਭੂਪ ਹਰਿ ਗ਼ਰੀਬ ਨਿਵਾਜਨ, ਦਇਆਨਿਧ ਹੋ ਆਇਆ । ਸ਼ਬਦ ਅਸਵ ਸਾਚਾ ਤਾਜਨ, ਏਕਾ ਰਿਹਾ ਦੌੜਾਇਆ । ਨਾਮ ਅਮਾਮ ਹਾਜੀ ਹਾਜਨ, ਕਾਇਆ ਕਾਅਬਾ ਵੇਖ ਵਖਾਇਆ । ਦੋ ਦੋ ਆਬਾ ਪੁੰਨ ਸਵਾਬਨ, ਸਚ ਰਬਾਬਾ ਨਾਮ ਧਰਾਇਆ । ਇਕ ਵਜਾਏ ਹਰਿ ਰਬਾਬਨ ਆਤਮ ਤਾਰ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਰਚਾਇਆ । ਆਦਿ ਪੁਰਖ ਸ਼ਬਦ ਅਨਾਦੀ, ਪਾਰਬ੍ਰਹਮ ਅਖਵਾਇੰਦਾ । ਏਕਾ ਕਲਮਾ ਬੋਧ ਅਗਾਧੀ, ਨਾਮ ਅਮਾਮ ਉਪਾਇੰਦਾ । ਸ੍ਰਿਸ਼ਟ ਸਬਾਈ ਰਿਹਾ ਸਾਧੀ, ਆਪ ਆਪਣੀ ਧਾਰ ਵਹਾਇੰਦਾ । ਪਰਗਟ ਹੋਇਆ ਮਾਧਵ ਮਾਧੀ, ਮੋਹਣੀ ਰੂਪ ਵਟਾਇੰਦਾ । ਸ਼ਬਦੀ ਸ਼ਬਦ ਸਦਾ ਵਿਸਮਾਦੀ, ਗਹਿਰ ਗੰਭੀਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਹਰਿ ਬੇਅੰਤਾ, ਗਹਿਰ ਗੰਭੀਰ ਸਮਾਇਆ । ਆਪੇ ਵੇਖੇ ਸਾਚੇ ਸੰਤਾਂ, ਬੇਐਬ ਪਰਵਰਦਿਗਾਰ ਨਾਮ ਧਰਾਇਆ । ਮੇਲ ਮਿਲਾਏ ਨਾਰੀ ਕੰਤਾ, ਸਚ ਸੁਹੰਜਣੀ ਸੇਜ ਹੰਢਾਇਆ । ਚਾੜ੍ਹੇ ਰੰਗ ਇਕ ਬਸੰਤਾ, ਉਤਰ ਕਦੇ ਨਾ ਜਾਇਆ । ਦੂਸਰ ਦਰ ਨਾ ਹੋਏ ਮੰਗਤਾ, ਆਪ ਆਪਣੀ ਝੋਲੀ ਅੱਗੇ ਡਾਹਿਆ । ਆਪਣਾ ਦਰ ਆਪੇ ਲੰਘਦਾ, ਦਰ ਦਰਵਾਜਾ ਵੇਖ ਵਖਾਇਆ । ਨੂਰ ਅਲਾਹੀ ਕਦੇ ਨਾ ਸੰਗਦਾ, ਏਕਾ ਨਾਦ ਤੂਰ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਰੂਪ ਹਰਿ ਅਲਾਹ, ਬੇਪਰਵਾਹ ਅਖਵਾਇਆ । ਆਪੇ ਬਣੇ ਜਗਤ ਮਲਾਹ, ਆਪ ਆਪਣਾ ਵੇਸ ਵਟਾਇਆ । ਏਕਾ ਦੇਵੇ ਸ਼ਬਦ ਸਲਾਹ, ਏਕਾ ਕਲਮਾ ਰਿਹਾ ਪੜ੍ਹਾਇਆ । ਨਬੀ ਰਸੂਲਾਂ ਲਏ ਜਗਾ, ਪੀਰ ਦਸਤਗੀਰ ਨਾਮ ਧਰਾਇਆ । ਐਨਲਹੱਕ ਨਾਅਰਾ ਲਾ, ਹੱਕ ਹਕੀਕਤ ਵੇਖ ਵਖਾਇਆ । ਲਾਸ਼ਰੀਕ ਇਕ ਖ਼ੁਦਾ, ਖ਼ੁਦੀ ਖ਼ੁਦਾਈ ਦਏ ਮਿਟਾਇਆ । ਇਕ ਸ਼ਰੀਯਤ ਦਏ ਵਖਾ, ਚਾਰ ਵਰਨਾਂ ਇਕ ਸਰਨਾਇਆ । ਏਕਾ ਦੂਜਾ ਭੌ ਚੁਕਾ, ਤੀਜੇ ਨੇਤਰ ਗਿਆਨ ਦ੍ਰਿੜਾਇਆ । ਚੌਥਾ ਦਰ ਦਏ ਸੁਹਾ, ਪੰਚਮ ਮੇਲਾ ਸਹਿਜ ਸੁਭਾਇਆ । ਇਕ ਅਕੇਲਾ ਫੇਰੀ ਪਾ, ਅਕਲ ਕਲਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿਨ ਅੰਤਾ, ਏਕਾ ਗੁਣ ਰਖਾਇਆ । ਏਕਾ ਗੁਣ ਹਰਿ ਨਿਰੰਕਾਰਾ, ਏਕਾ ਧਾਰ ਚਲਾਈਆ । ਏਕਾ ਸ਼ਬਦ ਏਕਾ ਨਾਅਰਾ, ਏਕਾ ਰਿਹਾ ਲਾਈਆ ।

ਏਕਾ ਘਰ ਇਕ ਦਰਬਾਰਾ, ਏਕ ਧਾਮ ਵਖਾਈਆ । ਏਕਾ ਰੂਪ ਕਰ ਪਿਆਰਾ, ਏਕਾ ਮੇਲ ਮਿਲਾਈਆ । ਏਕਾ ਹੋਏ ਪਰਵਰਦਿਗਾਰਾ, ਆਪ ਆਪਣੀ ਦਏ ਸਲਾਹੀਆ । ਸਾਚਾ ਮੇਲਾ ਵਿਚ ਸੰਸਾਰਾ, ਆਪ ਆਪਣਾ ਲਏ ਮਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਪੁਰੀਆਂ ਲੋਆਂ ਲਏ ਜਗਾਈਆ । ਥਿਰ ਘਰ ਬੈਠਾ ਕਰੇ ਵਿਚਾਰਾ, ਏਕਾ ਸਿਖਿਆ ਰਿਹਾ ਸਿਖਾਈਆ । ਏਕਾ ਮੰਡਲ ਏਕਾ ਨਾਅਰਾ, ਏਕਾ ਰੂਪ ਦਰਸਾਈਆ । ਡੂੰਘੀ ਕੰਦਰ ਪਾਵੇ ਸਾਰਾ, ਅੰਦਰ ਮੰਦਰ ਖੋਜ ਖੁਜਾਈਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਰਿਹਾ ਮਿਲਾਈਆ । ਸ਼ਬਦ ਸਰੂਪੀ ਇਕ ਅਖਾੜਾ, ਹਰਿ ਸਾਚਾ ਰਿਹਾ ਕਰਾਈਆ । ਚੌਦਾਂ ਲੋਕ ਚੌਦਾਂ ਤਬਕ ਏਕਾ ਲਾੜਾ, ਏਕਾ ਧਾੜ ਰਿਹਾ ਉਠਾਈਆ । ਵੇਖ ਵਖਾਏ ਨਾੜ ਬਹੱਤਰ ਨਾੜਾ, ਪੰਜ ਤਤ ਫੋਲ ਫੁਲਾਈਆ । ਮੁਲਾਂ ਸ਼ੇਖ਼ ਮਸਾਇਕ ਪੀਰ ਹੋਏ ਦਸਤਗੀਰ, ਆਪ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਨੂਰ ਹਰਿ ਸੁਲਤਾਨ, ਸਤਿਗੁਰ ਪੁਰਖ ਅਖਵਾਇਆ । ਪਰਗਟ ਹੋ ਵਿਚ ਜਹਾਨ, ਆਪ ਆਪਣਾ ਨਾਉਂ ਧਰਾਇਆ । ਜੋਧਾ ਸੂਰਬੀਰ ਬਲੀ ਬਲਵਾਨ, ਏਕਾ ਖੰਡਾ ਰਿਹਾ ਉਠਾਇਆ । ਨਾ ਕੋਈ ਚਿਲਾ ਨਾ ਕੋਈ ਤੀਰ ਕਮਾਨ, ਸ਼ਸਤਰ ਬਸਤਰ ਨਾ ਕੋਈ ਰਖਾਇਆ । ਨਾ ਕੋਈ ਹਿੰਦੂ ਮੁਸਲਮ ਸਿਖ ਈਸਾਈ ਸ਼ਾਹ ਅਗਫਾਨ, ਨਮਰੂਦ ਫਰੂਨ ਨਾ ਕੋਈ ਜਣਾਇਆ । ਲੇਖਾ ਲਿਖੇ ਇਕ ਇਰਾਨ, ਇਕ ਅਕੱਲਾ ਫੇਰੀ ਪਾਇਆ । ਮੇਟ ਮਿਟਾਏ ਜੀਵ ਸ਼ੈਤਾਨ, ਸ਼ਰਅ ਸ਼ਰੀਅਤ ਇਕ ਲਿਖਾਇਆ । ਏਕਾ ਆਇਤ ਦੇ ਕੁਰਾਨ, ਇਕ ਹਦੀਸ ਪੜ੍ਹਾਇਆ । ਏਕਾ ਕਲਮਾ ਇਕ ਜ਼ਬਾਨ, ਏਕਾ ਨਬੀ ਰਿਹਾ ਵਖਾਇਆ । ਏਕਾ ਘਰ ਕਰ ਪਰਧਾਨ, ਪੰਚਮ ਮੇਲਾ ਦਏ ਮਿਲਾਇਆ । ਪੰਡਤ ਪਾਂਧੇ ਜਗਤ ਨਿਧਾਨ, ਕਲਜੁਗ ਅੰਤਮ ਦਏ ਉਠਾਇਆ । ਵੇਖ ਵਖਾਏ ਹਰਿ ਭਗਵਾਨ, ਆਪ ਆਪਣੀ ਦਇਆ ਕਮਾਇਆ । ਸਰਬ ਜੀਆਂ ਹੋਏ ਜਾਣੀ ਜਾਣ, ਭੇਦ ਅਭੇਦਾ ਅਛਲ ਅਛੇਦਾ ਭੇਵ ਕੋਈ ਨਾ ਪਾਇਆ । ਆਪੇ ਵਾਚੇ ਅੰਜੀਲ ਕੁਰਾਨ, ਵੇਦ ਪੁਰਾਨ ਫੋਲ ਫੁਲਾਇਆ । ਗ੍ਰੰਥ ਪੰਥ ਹੋਏ ਹੈਰਾਨ, ਪ੍ਰਭ ਕਾ ਭੇਵ ਕਿਸੇ ਨਾ ਪਾਇਆ । ਪਰਗਟ ਹੋਇਆ ਵਿਚ ਜਹਾਨ, ਮੁਸਲਮ ਸੁੰਨੀ ਨਾ ਕੋਇ ਜਣਾਇਆ । ਕਿਸੇ ਹੱਥ ਨਾ ਆਏ ਗੋਪੀ ਕਾਹਨ, ਚਾਰੋਂ ਕੁੰਟ ਹੋਏ ਹਲਕਾਇਆ । ਜੋਤੀ ਨੂਰ ਹਰਿ ਮਹਾਨ, ਏਕਾ ਨੂਰ ਕਰੇ ਰੁਸ਼ਨਾਇਆ । ਮੇਟ ਮਿਟਾਏ ਝੂਠ ਦੁਕਾਨ, ਲੋਕਮਾਤ ਰਹਿਣ ਨਾ ਪਾਇਆ । ਇਕ ਖ਼ੁਦਾ ਇਕ ਈਮਾਨ, ਏਕਾ ਕਲਮਾ ਦਏ ਪੜ੍ਹਾਇਆ । ਏਕਾ ਮੰਗਲ ਸਾਰੇ ਗਾਣ, ਏਕਾ ਸ਼ਬਦ ਰਿਹਾ ਜਣਾਇਆ । ਏਕਾ ਸੀਤਾ ਏਕਾ ਰਾਮ, ਏਕਾ ਕ੍ਰਿਸ਼ਨਾ ਦਏ ਵਖਾਇਆ । ਚਾਰ ਯਾਰੀ ਕਰ ਪਛਾਨ, ਸੰਗ ਮੁਹੰਮਦ ਮੇਲ ਮਿਲਾਇਆ । ਅਹਿਮਦ ਨਾਮ ਕਰ ਪਰਧਾਨ, ਆਪ ਆਪਣਾ ਕਰੇ ਰੁਸ਼ਨਾਇਆ । ਮੇਟ ਮਿਟਾਏ ਜੀਵ ਸ਼ੈਤਾਨ, ਸ਼ੰਕਰ ਬਰਨ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾਇਆ ਨੂਰੀ ਅੱਲਾ, ਅੱਲਾ ਹੂ ਅਲਾਇੰਦਾ । ਮੁਕਾਮੇ ਹੱਕ ਇਕ ਅਕੱਲਾ, ਆਪਣਾ ਆਸਣ ਲਾਇੰਦਾ । ਦੋ ਜਹਾਨਾਂ ਪਏ ਤਰਥੱਲਾ, ਆਪ ਆਪਣਾ ਤੀਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਇਆ ਹਰਿ ਭਗਵਾਨਾ, ਆਪਣੀ ਕਲ ਕਲ ਧਾਰੀਆ । ਨਾ ਕੋਈ ਜੀਵ ਜਾਣੇ ਨਿਧਾਨਾ, ਨਾ ਕੋਈ ਲਿਖੇ ਲੇਖ ਲਿਖਾਰੀਆ । ਗੁਰਮੁਖ ਵਿਰਲਾ ਪਾਏ ਪਦ ਨਿਰਬਾਨਾ, ਜਿਸ

ਮਿਲਿਆ ਸ਼ਾਹ ਅਸਵਾਰੀਆ । ਏਕਾ ਬਖ਼ਸ਼ੇ ਚਰਨ ਧਿਆਨਾ, ਪੂਜਾ ਪਾਠ ਨਾ ਕੋਈ ਵਿਚਾਰੀਆ । ਏਕਾ ਅੱਖਰ ਜਗਤ ਵੱਖਰ ਆਪ ਪੜ੍ਹਾਨਾ, ਸਾਚੀ ਸਿਖਿਆ ਵਡ ਸੰਸਾਰੀਆ । ਦੀਨ ਮਜ਼੍ਹਬ ਨਾ ਕੋਈ ਰਖਾਨਾ, ਜਾਤ ਪਾਤ ਪਾਰ ਕਿਨਾਰੀਆ । ਏਕਾ ਘਰ ਜਗਤ ਸੁਹਾਨਾ, ਚਾਰ ਵਰਨ ਸੱਚਾ ਯਾਰੀਆ । ਚਾਰੇ ਕੁੰਟਾਂ ਫੋਲ ਫੋਲਾਨਾ, ਉਤਰ ਪੂਰਬ ਪੱਛਮ ਦੱਖਣ ਆਪਣੀ ਵਾਰੀਆ । ਦਹਿ ਦਿਸ਼ਾ ਹਰਿ ਫੇਰੀ ਪਾਣਾ, ਜ਼ਿਮੀ ਅਸਮਾਨਾ ਪਾਰ ਕਿਨਾਰੀਆ । ਏਕਾ ਰਾਗ ਏਕ ਤਰਾਨਾ, ਲੋਆਂ ਪੁਰੀਆਂ ਆਪ ਸੁਣਾ ਰਿਹਾ । ਪਰਗਟ ਹੋਏ ਜੋਧਾ ਸੂਰ ਮਰਦਾਨਾ, ਆਪ ਆਪਣਾ ਨਾਮ ਧਰਾ ਰਿਹਾ । ਖੇਲੇ ਖੇਲ ਦੋ ਜਹਾਨਾਂ, ਆਪ ਆਪਣੀ ਕਲ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਧਰਾ ਰਿਹਾ । ਨਿਹਕਲੰਕ ਨਿਰਗੁਣ ਧਾਰ, ਹਰਿ ਸਾਚੇ ਆਪ ਉਪਾਈਆ । ਜੋਤ ਸਰੂਪੀ ਕਰ ਅਕਾਰ, ਪੰਜ ਤਤ ਸਮਾਈਆ । ਸ਼ਬਦ ਸ਼ਬਦੀ ਰਿਹਾ ਵਿਚਾਰ, ਏਕਾ ਜੋਗ ਕਮਾਈਆ । ਇਕ ਅਕੱਲਾ ਏਕੰਕਾਰ, ਵਡ ਵੱਡੀ ਵਡਿਆਈਆ । ਨਾ ਕੋਈ ਜਾਣੇ ਜੀਵ ਗਵਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਖਲਕ ਖ਼ੁਦਾਏ ਗਈ ਹਾਰ, ਨਾ ਦੀਸੇ ਕੋਈ ਸਹਾਈਆ । ਚਾਰੋਂ ਕੁੰਟ ਧੂੰਆਂਧਾਰ, ਅੰਧ ਅੰਧੇਰ ਨਾ ਕੋਈ ਮਿਟਾਈਆ । ਜੋਤੀ ਨੂਰ ਨਾ ਕੋਈ ਉਜਿਆਰ, ਅਕਾਸ਼ ਪਰਕਾਸ਼ ਨਾ ਕੋਈ ਸਮਾਈਆ । ਮੰਦਰ ਮਸਜਿਦ ਗੁਰੂਦਵਾਰ ਕਰ ਪਿਆਰ, ਸ਼ਿਵਦਵਾਲਾ ਵੰਡ ਵੰਡਾਈਆ । ਹਰਿ ਹਰਿ ਵਸਿਆ ਸਭ ਤੋਂ ਬਾਹਰ, ਹੱਥ ਕਿਸੇ ਨਾ ਆਈਆ । ਗ੍ਰੰਥੀ ਪੰਥੀ ਰੋਂਦੇ ਧਾਹਾਂ ਮਾਰ, ਪੰਡਤ ਪਾਂਧੇ ਰਹੇ ਕੁਰਲਾਈਆ । ਮੁੱਲਾਂ ਸ਼ੇਖ਼ ਰਹੇ ਪੁਕਾਰ, ਗਲ ਮਾਲਾ ਤਸਬੀਆਂ ਪਾਈਆ । ਐਨਲਹੱਕ ਤੇਰਾ ਇਕ ਦਿਦਾਰ, ਮੁਕਾਮੇ ਹੱਕ ਮਿਲੇ ਖ਼ੁਦਾਈਆ । ਸਾਚਾ ਸਾਲਸ ਵਿਚ ਸੰਸਾਰ, ਏਕਾ ਏਕ ਅਖਵਾਈਆ । ਤਾਲਬ ਤਲਬ ਰੱਖੇ ਤੇਰੀ ਪਰਵਰਦਿਗਾਰ, ਏਕਾ ਅਲਫ ਰਿਹਾ ਪੜ੍ਹਾਈਆ । ਏਕਾ ਨੁਕਤਾ ਕਰ ਪਿਆਰ, ਏਕਾ ਹਮਜ਼ਾ ਰਿਹਾ ਸਮਝਾਈਆ । ਐਨ ਅੱਖ ਰਿਹਾ ਉਘਾੜ, ਗੈਨ ਗਨੀਮਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ ਏਕਾ ਨੂਰ ਸਿਫ਼ਤ ਸਲਾਹ, ਹਰਿ ਹਰਿ ਆਪ ਉਪਾਇਆ । ਲੱਖ ਚੁਰਾਸੀ ਬਣ ਮਲਾਹ, ਕਲਜੁਗ ਅੰਤਮ ਆਇਆ । ਜਾਤ ਪਾਤ ਦਏ ਮਿਟਾ, ਏਕਾ ਦੂਜਾ ਭੇਵ ਚੁਕਾਇਆ । ਏਕਾ ਲੇਖਾ ਦਏ ਲਿਖਾ, ਚਾਰ ਵਰਨ ਇਕ ਸਰਨਾਇਆ । ਧੁਰ ਦਾ ਲੇਖਾ ਦਏ ਪੜ੍ਹਾ, ਨਾ ਸਕੇ ਕੋਈ ਮਿਟਾਇਆ । ਮੁਸਲਮ ਹਿੰਦੂ ਸਿਖ ਈਸਾਈ ਏਕਾ ਧਾਮ ਬਹਾ, ਏਕਾ ਮਾਰਗ ਦਏ ਲਗਾਇਆ । ਦੂਈ ਦਵੈਤੀ ਦਏ ਮਿਟਾ, ਆਤਮ ਪੜਦਾ ਦਏ ਮਿਟਾਇਆ । ਆਤਮ ਬ੍ਰਹਮ ਸ਼ਬਦ ਜਣਾ, ਪਾਰਬ੍ਰਹਮ ਸਮਝਾਇਆ । ਏਕਾ ਘਾਟੀ ਦਏ ਚੜ੍ਹਾ, ਬਜਰ ਕਪਾਟੀ ਕੁੰਡਾ ਲਾਹਿਆ । ਏਕਾ ਤੀਰਥ ਤਾਟੀ ਦਏ ਵਖਾ, ਅਠਸਠ ਮੇਟ ਮਿਟਾਇਆ । ਜੋਤ ਲਿਲਾਟੀ ਦਏ ਜਗਾ, ਗਗਨ ਗਗਨੰਤਰ ਕਰੇ ਰੁਸ਼ਨਾਈਆ । ਲਹਿਣਾ ਦੇਣਾ ਬਾਕੀ ਦਏ ਚੁਕਾ, ਜੋ ਜਨ ਰਹੇ ਸਰਨਾਇਆ । ਸਾਚਾ ਸਾਕੀ ਜਾਮ ਪਿਆ, ਆਬ ਹਯਾਤ ਮੁਖ ਚੁਆਇਆ । ਏਕਾ ਰਾਕੀ ਤੰਗ ਕਸਾ, ਸੋਲਾਂ ਕਲੀਆਂ ਆਸਣ ਪਾਇਆ । ਸ਼ਾਹ ਖਾਕੀ ਡੇਰਾ ਲਾ, ਖ਼ਾਕੀ ਖ਼ਾਕ ਦਏ ਸਵਾਇਆ । ਆਕੀ ਕੋਈ ਰਹਿਣ ਨਾ ਪਾ, ਏਕਾ ਖੰਡਾ ਹੱਥ ਉਠਾਇਆ । ਰਾਜ ਰਾਜਾਨਾ ਸ਼ਾਹ ਸੁਲਤਾਨਾ, ਤਖ਼ਤ ਤਾਜ ਦਏ ਗਵਾ, ਦਰ ਦਰ ਮੰਗਣ ਭਿਛਿਆ ਕੋਇ ਨਾ ਪਾਇਆ । ਗ਼ਰੀਬ ਨਿਮਾਣੇ ਦਏ ਉਠਾ, ਏਕਾ ਸਿਖਿਆ ਆਪ ਸਮਝਾਇਆ । ਦਰ ਦਰਵਾਜਾ ਦਏ ਖੁਲ੍ਹਾ, ਗ਼ਰੀਬ ਨਿਵਾਜਾ ਖੇਲ ਰਚਾਇਆ । ਅਨਹਦ

੩੮੩
੦੭

ਵਾਜਾ ਇਕ ਵਜਾ, ਧੁਨ ਨਾਦ ਅਲਾਇਆ । ਪੁੰਨ ਸਵਾਬਾ ਇਕ ਕਰਾ, ਏਕਾ ਵੇਖ ਵਖਾਇਆ । ਦਏ ਅਜ਼ਾਬਾ ਜਗਤ ਸਜਾ, ਜੀਵ ਸ਼ੈਤਾਨਾ ਰਹਿਣ ਨਾ ਪਾਇਆ । ਸਾਚਾ ਹਾਜੀ ਹੱਜ ਦਏ ਕਰਾ, ਕਾਇਆ ਕਾਅਬਾ ਖੋਲ੍ਹ ਵਖਾਇਆ । ਸ਼ਾਹ ਨਵਾਬਾ ਦਰਸ ਦਿਖਾ, ਆਪ ਆਪਣਾ ਲਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਇਆ । ਨਿਰਗੁਣ ਤੇਰਾ ਰੂਪ ਅਗੰਮ, ਆਦਿ ਅੰਤ ਅਖਵਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਵਿਚ ਨਾ ਆਇਆ । ਨਾ ਕੋਈ ਪਵਣ ਸਵਾਸੀ ਲਏ ਦਮ, ਨਾ ਨੇਤਰ ਨੀਰ ਵਹਾਇਆ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਮੜੀ ਗੋਰ ਨਾ ਕੋਈ ਦਬਾਇਆ । ਆਪੇ ਜਾਣੇ ਆਪਣਾ ਕੰਮ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖਣ ਆਇਆ । ਕਲਜੁਗ ਅੰਤਮ ਢੋਲ ਨਗਾਰਾ, ਕੂੜ ਕੁੜਿਆਰਾ ਵੱਜਿਆ । ਚਾਰੋਂ ਕੁੰਟ ਧੁੰਦੂਕਾਰਾ, ਪੰਚ ਸ਼ੈਤਾਨਾ ਫਿਰੇ ਭੱਜਿਆ । ਹੱਕ ਨਾ ਦਿਸੇ ਕਿਸੇ ਕਿਨਾਰਾ, ਨਾ ਕੋਈ ਰੱਖੇ ਲੱਜਿਆ । ਏਕਾ ਦੂਜਾ ਲਾਇਆ ਨਾਅਰਾ, ਤੀਜਾ ਦਰ ਨਾ ਕਿਸੇ ਦੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਆਵੇ ਨੱਸਿਆ । ਲੋਕਮਾਤ ਹਰਿ ਉਜਾਲਾ, ਏਕਾ ਏਕ ਅਖਵਾਈਆ । ਪਰਗਟ ਹੋਇਆ ਦੀਨ ਦਿਆਲਾ, ਦਇਆ ਨਿਧ ਨਾਮ ਧਰਾਈਆ । ਆਪੇ ਚਲੇ ਆਪਣੀ ਚਾਲਾ, ਚਾਲ ਅਵੱਲੜੀ ਇਕ ਰਖਾਈਆ । ਹਰਿਜਨ ਵੇਖੇ ਕਾਇਆ ਮੰਦਰ ਸੱਚੀ ਧਰਮਸਾਲਾ, ਹਰਿ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਕਰਤਾ ਆਪ ਅਖਵਾਈਆ । ਕਰਨਹਾਰ ਹਰਿ ਸਮਰਥਾ, ਜੁਗ ਜੁਗ ਕਰਦਾ ਆਇਆ । ਆਪ ਚਲਾਏ ਆਪਣਾ ਰਥਾ, ਰਥ ਰਥਵਾਹੀ ਨਾਮ ਧਰਾਇਆ । ਆਪ ਉਪਾਏ ਆਪਣੀ ਗਾਥਾ, ਆਪੇ ਰਿਹਾ ਸੁਣਾਇਆ । ਆਪੇ ਹੋ ਤ੍ਰਿਲੋਕੀ ਨਾਥਾ, ਲੋਕਮਾਤ ਫੇਰੀ ਪਾਇਆ । ਆਪੇ ਰਾਮਾ ਘਰ ਦਸਰਾਥਾ, ਆਪ ਆਪਣਾ ਵੇਸ ਵਟਾਇਆ । ਈਸਾ ਮੂਸਾ ਸਗਲਾ ਸਾਥਾ, ਹਰਿ ਸਾਚਾ ਆਪ ਨਿਭਾਇਆ । ਆਪੇ ਵੇਖੇ ਕਾਇਆ ਬਾਟਾ, ਨੌਂ ਅੱਠ ਵੇਖ ਵਖਾਇਆ । ਚੌਦਾਂ ਲੋਕ ਸਾਚਾ ਹਾਟਾ, ਚੌਦਾਂ ਤਬਕ ਖੁਲ੍ਹਾਇਆ । ਇਕ ਜਣਾਏ ਪੂਜਾ ਪਾਠਾ, ਏਕਾ ਨਾਮ ਉਪਾਇਆ । ਇਕ ਸਰੋਵਰ ਏਕਾ ਠਾਠਾ, ਏਕਾ ਧੀਰ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਆਪ ਆਪਣਾ ਕਰ ਉਜਿਆਰ, ਆਪਣੀ ਦਇਆ ਕਮਾਈਆ । ਵੀਹ ਸੌ ਬਿਕ੍ਰਮੀ ਹੋ ਤਿਆਰ, ਲੋਕਮਾਤ ਲਏ ਅੰਗੜਾਈਆ । ਬ੍ਰਹਮਾ ਵੇਖੇ ਨੀਰ ਵਹਾਏ ਜ਼ਾਰੋ ਜ਼ਾਰ, ਅੱਠੇ ਨੇਤਰ ਖੋਲ੍ਹ ਵਖਾਈਆ । ਸ਼ਿਵ ਸ਼ੰਕਰ ਨਾ ਕੋਈ ਧੀਰ ਧਰਾਈ ਸੁਰਪਤ ਇੰਦ ਗਿਆ ਹਾਰ, ਕਰੋੜ ਤੇਤੀਸਾ ਰਿਹਾ ਸ਼ਰਮਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਪਾਵੇ ਸਾਰ, ਕੂੜੀ ਕਿਰਿਆ ਦਏ ਮਿਟਾਈਆ । ਜੂਠਾ ਝੂਠਾ ਜਗਤ ਪਸਾਰ, ਮਾਇਆ ਬੰਧਨ ਦਏ ਤੁੜਾਈਆ । ਤ੍ਰੈਗੁਣ ਮਾਇਆ ਤੇਰਾ ਅੰਤ ਵਿਹਾਰ, ਆਪਣੀ ਹੱਥੀਂ ਦਏ ਕਰਾਈਆ । ਸਾਚੀ ਸਖੀਆਂ ਮੀਤ ਮੁਰਾਰ, ਹਰਿ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਆਦਿ ਨਿਰੰਜਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਆਪ ਆਪਣਾ ਨਾਉਂ ਧਰਾ, ਨਿਹਕਲੰਕ ਅਖਵਾਇਆ । ਜੋਤੀ ਜਾਮਾ ਭੇਖ ਵਟਾ, ਸ਼ਬਦ ਡੰਕਾ ਇਕ ਲਗਾਇਆ । ਰਾਓ ਰੰਕਾਂ ਰਿਹਾ ਉਠਾ, ਸੋਇਆ ਕੋਈ ਰਹਿਣ ਨਾ ਪਾਇਆ । ਦਵਾਰ ਬੰਕਾ ਦਏ ਸੁਹਾ, ਆਪ

੩੮੪
੦੭

ਆਪਣੀ ਦਇਆ ਕਮਾਇਆ । ਏਕਾ ਅੱਖਰ ਦਏ ਪੜ੍ਹਾ, ਦੋਏ ਦੋਏ ਜਾਪ ਜਪਾਇਆ । ਤੀਜਾ ਨੇਤਰ ਦਏ ਖੁਲ੍ਹਾ, ਅਗਿਆਨ ਅੰਧੇਰ ਮਿਟਾਇਆ । ਚੌਥੇ ਘਰ ਰਿਹਾ ਸਮਾ, ਵਿਰਲੇ ਗੁਰਮੁਖ ਪਾਇਆ । ਪੰਚਮ ਮੰਗਲ ਏਕਾ ਗਾ, ਪਰਮ ਪੁਰਖ ਮਨਾਇਆ । ਛੇਵੇਂ ਛੱਪਰ ਛੰਨ ਕੋਈ ਦਿਸੇ ਨਾ, ਹਰਿ ਸਾਚੇ ਆਸਣ ਲਾਇਆ । ਸਤਵੇਂ ਸਤਿ ਪੁਰਖ ਨਿਰੰਜਣ ਸਾਚੇ ਥਾਂ, ਆਪ ਆਪਣਾ ਆਸਣ ਲਾਇਆ । ਅੱਠਾਂ ਤੱਤਾਂ ਰੰਗ ਜਾਣੇ ਨਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾ ਸੁਹਾਇਆ । ਨੌਂ ਦਰ ਕੋਈ ਪਛਾਨੇ ਨਾ, ਜੀਵ ਜੰਤ ਹੋਏ ਹਲਕਾਇਆ । ਦਸਵੇਂ ਘਰ ਪਾਇਆ ਹਰਿ, ਹਰਿ ਵਰਤੇ ਆਪਣੇ ਭਾਣਿਆ, ਜਾਗਰਤ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਇਆ । ਦਸ ਘਰ ਦਸ ਦਸ ਬੀਸ, ਦਸ ਦਸ ਆਪ ਸਿਖਾਈਆ । ਆਪੇ ਜਾਣੇ ਆਪਣੀ ਹਦੀਸ, ਆਪੇ ਰਿਹਾ ਪੜ੍ਹਾਈਆ । ਆਪੇ ਜਾਣੇ ਅਪਣੀ ਰੀਸ, ਆਪੇ ਰਿਹਾ ਕਰਾਈਆ । ਭੇਵ ਨਾ ਪਾਏ ਰਾਗ ਛਤੀਸ, ਤੀਸ ਬਤੀਸ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਮ ਕਰੇ ਵਡਿਆਈਆ । ਆਪ ਆਪਣਾ ਨਾਮ ਧਰ, ਆਪਣਾ ਕਰਮ ਕਮਾਇਆ । ਵੀਹ ਸਦ ਗਿਆਰਾਂ ਵਸਿਆ ਘਰ, ਸਾਢੇ ਤਿੰਨ ਹੱਥ ਲੇਖ ਚੁਕਾਇਆ । ਵੀਹ ਸੌ ਬਾਰਾਂ ਗਿਆ ਸੜ, ਅਗਨੀ ਮਠ ਤਪਾਇਆ । ਨੌਂ ਦਵਾਰੇ ਜਗਤ ਅੱਗੇ ਖੜ, ਆਪ ਆਪਣਾ ਭੇਵ ਛੁਪਾਇਆ । ਉਚ ਮਹੱਲੇ ਬੈਠਾ ਚੜ, ਦਿਸ ਕਿਸੇ ਨਾ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਤਤਵ ਤਤ ਜਣਾਇਆ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਨਾ ਕੋਈ ਵੇਦ ਪੁਰਾਨ ਅਲਾਇਆ । ਨਾ ਕਿਸੇ ਵਸਿਆ ਕਿਲੇ ਗੜ੍ਹ, ਚਾਰ ਦਿਵਾਰ ਨਾ ਕੋਈ ਰਖਾਇਆ । ਨਾ ਕੋਈ ਨਾਰੀ ਨਾ ਕੋਈ ਨਰ, ਰਕਤ ਬੂੰਦ ਨਾ ਕੋਈ ਉਪਾਇਆ । ਆਪਣਾ ਘਾੜਨ ਆਪੇ ਘੜ, ਆਪਣੇ ਦਰ ਸੁਹਾਇਆ । ਖਲਕ ਖ਼ੁਦਾਈ ਰਿਹਾ ਲੜ, ਹਰਿ ਖ਼ਾਲਕ ਦਿਸ ਨਾ ਆਇਆ । ਆਪ ਉਖੇੜੇ ਸਭ ਦੀ ਜੜ, ਚੌਦਾਂ ਚੌਦਾਂ ਵੇਖ ਵਖਾਇਆ । ਵੀਹ ਸਦ ਬਾਰਾਂ ਫੜਾਇਆ ਆਪਣਾ ਲੜ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ, ਜੋਤ ਧਰ ਨਿਹਕਲੰਕ ਨਰਾਇਣ ਨਰ, ਸਾਧ ਸੰਗਤ ਮੇਲ ਮਿਲਾਇਆ । ਸੰਮਤ ਵੀਹ ਸਦ ਤੇਰਾਂ ਤੇਰੀ ਧਾਰ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਰਾਜ ਰਾਜਾਨਾ ਆਪ ਉਠਾਈਆ । ਆਪੇ ਹੋਇਆ ਚੋਬਦਾਰ, ਅੱਠੇ ਪਹਿਰ ਸੇਵ ਕਮਾਈਆ । ਦਰ ਦਰਵੇਸਾ ਬਣ ਭਿਖਾਰ, ਮੰਗੇ ਭਿਛਿਆ ਬੇਪਰਵਾਹੀਆ । ਏਕਾ ਅਲਖ ਜਗਾਏ ਹਰਿ ਨਿਰੰਕਾਰ, ਅਲਖ ਨਾਉਂ ਧਰਾਈਆ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰ, ਭੇਵ ਕੋਈ ਨਾ ਪਾਈਆ । ਪੈਸਾ ਧੇਲਾ ਦਮੜੀ ਨਾ ਕੋਈ ਵਿਚਾਰ, ਖਾਲੀ ਹੱਥ ਰਖਾਈਆ । ਮਾਤ ਪਿਤ ਭੈਣ ਭਾਈ ਨਾ ਅੰਮੀ ਅਮੜਾ, ਸੱਜਣ ਸੈਣ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਤੇਰਾਂ ਤੇਰੀ ਧਾਰ, ਨਾਨਕ ਗਾਈ ਵਿਚ ਸੰਸਾਰ, ਬੈਠਾ ਤੋਲਾ ਬੇਪਰਵਾਹੀਆ । ਸੰਮਤ ਚੌਦਾਂ ਚੌਦਾਂ ਹੱਟ, ਹਰਿ ਚੌਦਾਂ ਲੋਕ ਖੁਲ੍ਹਾਇਆ । ਸ਼ਬਦ ਨਗਾਰੇ ਮਾਰੇ ਸੱਟ ਆਪ ਆਪਣਾ ਸਾਂਗ ਵਰਤਾਇਆ । ਜਨ ਭਗਤਾਂ ਦੁਰਮਤ ਮੈਲ ਦੇਵੇ ਕੱਟ, ਏਕਾ ਮੰਤਰ ਨਾਮ ਦ੍ਰਿੜਾਇਆ । ਦੀਪਕ ਜੋਤੀ ਜਗਾਏ ਲਟ ਲਟ, ਅੰਧ ਅੰਧੇਰ ਮਿਟਾਇਆ । ਹਉਮੇ ਹੰਗਤਾ ਮੱਠ ਜਾਏ ਢੱਠ, ਸਾਚੀ ਸੰਗਤਾ ਮੇਲ ਮਿਲਾਇਆ । ਲਹਿਣਾ ਦੇਣਾ ਚੁਕਾਏ ਤੀਰਥ ਅਠਸਠ, ਜਗਤ ਨਹਾਵਣ ਕੋਈ ਨਾ ਨਹਾਇਆ । ਨਾ ਕੋਈ ਪੂਜਾ ਸ਼ਿਵਦਵਾਲਾ ਮੱਠ,

੩੮੫
੦੭

ਗੁਰ ਦਰ ਮਸਜਿਦ ਵੇਖ ਵਖਾਇਆ । ਆਪੇ ਗੇੜਨਹਾਰਾ ਉਲਟੀ ਲੱਠ, ਆਪ ਆਪਣੀ ਕਾਰ ਕਮਾਇਆ । ਵਰਤੇ ਸਾਂਗ ਨਟੂਆ ਨਟ, ਸਵਾਂਗੀ ਸਵਾਂਗ ਰਿਹਾ ਰਚਾਇਆ । ਲੋਕਮਾਤ ਖੇੜਾ ਭੱਠ, ਗੁਰਮੁਖ ਸਾਚੇ ਮੂਲ ਨਾ ਭਾਇਆ । ਤਾਮਸ ਤ੍ਰਿਸਨਾ ਜੀਵਾਂ ਜੰਤਾਂ ਰਹੀ ਚੱਟ, ਕਾਮ ਕਰੋਧ ਲੋਭ ਮੋਹ ਹੰਕਾਰ ਵਧਾਇਆ । ਕੋਈ ਨਾ ਪਾਰ ਉਤਾਰੇ ਸਾਚੇ ਘਾਟ, ਨਾਮ ਜਹਾਜ ਨਾ ਕੋਈ ਚੜ੍ਹਾਇਆ । ਜੂਠੀ ਝੂਠੀ ਚੋਲੀ ਗਈ ਪਾਟ, ਸਚ ਸ਼ਬਦ ਨਾ ਕੋਈ ਤਨ ਪਹਿਨਾਇਆ । ਕਲਜੁਗ ਨੇੜੇ ਆਈ ਵਾਟ, ਨਾ ਦੀਸੇ ਕੋਇ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਚੌਦਾਂ ਦੇਵੇ ਵਰ, ਏਕਾ ਇਕੀ ਰਿਹਾ ਪਾਇਆ । ਏਕਾ ਇਕੀ ਏਕੰਕਾਰਾ ਆਪਣੀ ਆਪ ਪਾਈਆ । ਸਾਚੀ ਸਿਖੀ ਕਰ ਤਿਆਰ, ਨੌਂ ਖੰਡ ਕਰੇ ਜਣਾਈਆ । ਸੱਤਾਂ ਦੀਪਾਂ ਇਕ ਅਕਾਰ, ਏਕਾ ਮਾਰਗ ਲਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਸ਼ਬਦ ਸੁਨੇਹੜਾ ਇਕ ਘਲਾਈਆ । ਸੰਮਤ ਪੰਦਰਾਂ ਹੋ ਤਿਆਰ, ਵੀਹ ਸਦ ਬਿਕ੍ਰਮੀ ਨਾਲ ਰਲਾਈਆ । ਜੋਤ ਸਰੂਪੀ ਕਰ ਅਕਾਰ, ਗੋਬਿੰਦ ਗੁਰ ਵੇਸ ਵਟਾਈਆ । ਸੰਬਲ ਨਗਰੀ ਧਾਮ ਨਿਆਰ, ਬੈਠਾ ਆਸਣ ਲਾਈਆ । ਜੋਤੀ ਜੋੜਾ ਸ਼ਬਦੀ ਘੋੜਾ ਅਪਰ ਅਪਾਰ, ਦਿਵਸ ਰੈਣ ਰਿਹਾ ਦੌੜਾਈਆ । ਕਲਗੀ ਤੋੜਾ ਇਕ ਕਰਤਾਰ, ਨਾਮ ਨਾਮਾ ਸੀਸ ਟਿਕਾਈਆ । ਸੱਸਾ ਉਪਰ ਹੋੜਾ ਕਰੇ ਵਿਚਾਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਹੰ ਹੰਗਤਾ ਦਏ ਮਾਰ, ਏਕਾ ਏਕਾ ਟਿੱਪੀ ਰਿਹਾ ਗਾਈਆ । ਦੋਹਾਂ ਵਿਚੋਲਾ ਆਪ ਕਰਤਾਰ, ਭੇਵ ਕੋਈ ਨਾ ਪਾਈਆ । ਸਾਚਾ ਢੋਲਾ ਅਪਰ ਅਪਾਰ, ਬ੍ਰਹਮੇ ਰਿਹਾ ਸੁਣਾਈਆ । ਗੁਰਮੁਖ ਸਾਚਾ ਸਚ ਦੁਲਾਰ, ਸ਼ਿਵ ਸ਼ੰਕਰ ਰਿਹਾ ਉਠਾਈਆ । ਬਾਲ ਅੰਞਾਣਾ ਮੀਤ ਮੁਰਾਰ, ਇੰਦ ਇੰਦਰਾਸਨ ਦਏ ਹਿਲਾਈਆ । ਸ੍ਰਿਸ਼ਟ ਸਬਾਈ ਹੋ ਉਜਿਆਰ, ਏਕਾ ਡੰਕਾ ਸ਼ਬਦ ਵਜਾਈਆ । ਲੱਖ ਚੁਰਾਸੀ ਖ਼ਬਰਦਾਰ, ਪੰਖੀ ਪੰਛੀ ਰਿਹਾ ਉਠਾਈਆ । ਸੰਮਤ ਪੰਦਰਾਂ ਹਰਿ ਨਿਰੰਕਾਰ, ਆਪ ਆਪਣੀ ਰਚਨ ਰਚਾਈਆ । ਪੰਥ ਖਾਲਸਾ ਹੋ ਤਿਆਰ, ਪ੍ਰਭ ਸਾਚੇ ਜੋਤ ਜਗਾਈਆ । ਲੇਖਾ ਲਿਖੇ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਲੰਕਾ ਗੜ੍ਹ ਸੁਹਾਏ ਬੰਕ ਦਵਾਰ, ਰਾਮ ਰਾਮਾ ਨਾਉਂ ਧਰਾਈਆ । ਸ਼ਾਹ ਭਬੀਖਨ ਰਹਿਣਾ ਖ਼ਬਰਦਾਰ, ਲੋਕਮਾਤ ਵੱਜੀ ਵਧਾਈਆ । ਰਾਸ਼ਟਰਪਤ ਜੀਵ ਨਾਦਾਨ, ਹਰਿ ਜਾਗਰਤ ਰਿਹਾ ਜਗਾਈਆ । ਲਿਖਿਆ ਆਵੇ ਧੁਰ ਫ਼ਰਮਾਣ, ਸਾਲ ਬਸਾਲਾ ਵੇਖ ਵਖਾਈਆ । ਰੂਸਾ ਚੀਨਾ ਇਕ ਗਿਆਨ, ਸ਼ਾਹ ਇਰਾਨਾ ਸੰਗ ਰਲਾਈਆ । ਖੇਲੇ ਖੇਲ ਹਰਿ ਅਫਗਾਨ, ਭੇਵ ਕੋਇ ਨਾ ਪਾਈਆ । ਬੂਰਾ ਕੱਕਾ ਵਿਚ ਮੈਦਾਨ, ਆਪੇ ਵੇਖ ਵਖਾਈਆ । ਮਦੀਨਾ ਮੱਕਾ ਧੁਰ ਫ਼ਰਮਾਣ, ਆਪੇ ਦਏ ਅਲਾਹੀਆ । ਭੈਣ ਭਾਈ ਸਕਾ ਨਾ ਸਕੇ ਕੋਈ ਪਛਾਨ, ਨਾ ਕੋਈ ਜਾਣੇ ਦੀਨ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਪੰਦਰਾਂ ਤੇਰੀ ਵੰਡ ਵੰਡਾਈਆ । ਵੀਹ ਸਦ ਸੋਲਾਂ ਸੋਲਾਂ ਕਲ ਧਾਰ, ਏਕਾ ਧਰਮ ਜੈਕਾਰਾ । ਖੇਲੇ ਖੇਲ ਅਗੰਮ ਅਪਾਰ, ਕਰੇ ਭੇਵ ਨਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗ ਰਖਾਏ ਪੰਜ ਪਿਆਰਾ । ਪੰਜ ਪਿਆਰਾ ਸ਼ਬਦ ਲਿਖਾਰੀ, ਨਰ ਨਰਾਇਣ ਅਖਵਾਇਆ । ਪਹਿਲੀ ਚੇਤਰ ਕਰ ਤਿਆਰੀ, ਲਾਹੌਰ ਸ਼ਹਿਰ ਡੇਰਾ ਲਾਇਆ । ਕਿਲਾ ਸ਼ਾਹੀ ਜੋਤ ਉਜਿਆਰੀ, ਨੂਰ ਅਲਾਹੀ ਆਪ ਕਰਾਇਆ । ਦੀਨ ਅਸਲਾਮ ਪਾਵੇ ਸਾਰੀ, ਏਕਾ ਰੂਪ ਵਟਾਇਆ । ਅਮਾਮ ਮਹਿੰਦੀ ਬਣ ਪੁਜਾਰੀ, ਮੁਖ ਨਕਾਬ ਰਖਾਇਆ । ਲਹਿੰਦੀ ਦਿਸ਼ਾ ਕਰ ਤਿਆਰੀ, ਖੇਲੇ ਖੇਲ ਹਰ ਘਟ ਥਾਂਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਏਕਾ ਲੇਖਾ ਦਏ ਚੁਕਾਇਆ । ਸੰਮਤ ਸੋਲਾਂ ਲੇਖ ਚੁਕੌਣਾ, ਹਰਿ ਸਾਚੇ ਵਡ ਵਡਿਆਈਆ । ਉਮਤ ਉਮਤੀ ਆਪ ਉਠੌਣਾ, ਨਬੀ ਰਸੂਲਾ ਵੇਖ ਵਖਾਈਆ । ਪੀਰ ਪੈਗ਼ੰਬਰ ਸੰਗ ਰਲੌਣਾ, ਰੋੜੀ ਸੱਖਰ ਚਰਨ ਛੁਹਾਈਆ । ਸ਼ਾਹ ਮਲੰਗ ਆਪ ਉਠੌਣਾ, ਫਕੀਰ ਫਕੀਰ ਮਨਾਈਆ । ਏਕਾ ਮਰਦੰਗ ਸਚ ਵਜੌਣਾ, ਏਕਾ ਤਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕਲਮਾ ਦਏ ਜਣਾਈਆ । ਏਕਾ ਕਲਮਾ ਹਰਿ ਕਾਇਨਾਤ, ਆਪਣਾ ਆਪ ਉਪਾਇਆ । ਆਪੇ ਵੇਖੇ ਮਾਰ ਝਾਤ, ਨਾ ਕੋਈ ਦੂਸਰ ਸੰਗ ਰਖਾਇਆ । ਏਕਾ ਰਾਕੀ ਸਾਚਾ ਰਾਕ, ਏਕਾ ਰਿਹਾ ਦੌੜਾਇਆ । ਏਕਾ ਲੇਖਾ ਏਕਾ ਵਾਕ, ਏਕਾ ਪੂਰ ਕਰਾਇਆ । ਏਕਾ ਪਾਕੀ ਏਕਾ ਪਾਕ, ਪਾਕੀ ਪਾਕ ਆਪ ਅਖਵਾਇਆ । ਵੇਖਣਹਾਰਾ ਖ਼ਾਕੀ ਖ਼ਾਕ, ਖਲਕ ਖਾਲਕ ਆਪ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਦੇਵੇ ਵਰ, ਨੂਰੀ ਅੱਲਾ ਨੂਰ ਸਮਾਇਆ । ਨੂਰੀ ਅੱਲਾ ਨੂਰੋ ਨੂਰ, ਹਰਿ ਨੂਰੋ ਨੂਰ ਉਪਾਇੰਦਾ । ਸਚ ਮਹੱਲਾ ਕਰ ਤਿਆਰ, ਆਪਣਾ ਆਸਣ ਲਾਇੰਦਾ । ਇਕ ਅਕੱਲਾ ਪਰਵਰਦਿਗਾਰ, ਦਿਸ ਕਿਸੇ ਨਾ ਆਇੰਦਾ । ਸਾਚਾ ਮੀਤਾ ਸਚ ਪਿਆਰ, ਸਾਚੇ ਘਰ ਵਖਾਇੰਦਾ । ਸਾਚੀ ਰਚਨਾ ਵਿਚ ਸੰਸਾਰ, ਏਕਾ ਮਾਰਗ ਲਾਇੰਦਾ । ਇਕ ਗਿਆਨ ਏਕਾ ਗੀਤਾ, ਏਕਾ ਧਾਰ ਵਹਾਇੰਦਾ । ਏਕਾ ਮੰਦਰ ਇਕ ਮਸੀਤਾ, ਏਕਾ ਗੁਰੂਦਵਾਰ ਵਖਾਇੰਦਾ । ਏਕਾ ਹਸਤ ਏਕਾ ਕੀਟਾ, ਉਚਾਂ ਨੀਚਾਂ ਏਕਾ ਰੰਗ ਰੰਗਾਇੰਦਾ । ਏਕਾ ਭਾਣੇ ਲਾਗੇ ਮੀਠਾ, ਏਕਾ ਦਰ ਸੁਹਾਇੰਦਾ । ਦੇਵੇ ਕਲਮਾ ਇਕ ਅਨਡੀਠਾ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਅਸਲਾਮ ਆਪ ਉਠਾਇੰਦਾ । ਆਪ ਉਠਾਏ ਹਰਿ ਸੁਲਤਾਨਾ, ਆਪਣਾ ਰੰਗ ਰੰਗਾਇਆ । ਅਮਾਮ ਮਹਿੰਦੀ ਖੇਲ ਮਹਾਨਾ, ਖੇਲਣਹਾਰ ਆਪ ਅਖਵਾਇਆ । ਮੌਲੀ ਮਹਿੰਦੀ ਸੱਚਾ ਗਾਨਾ, ਤੰਦਨ ਤੰਦ ਬੰਧਾਇਆ । ਏਕਾ ਤੀਰ ਇਕ ਨਿਸ਼ਾਨਾ, ਬੱਤੀ ਦੰਦਨ ਲਾਇਆ । ਤੀਸ ਬਤੀਸ ਕਰ ਪਰਵਾਨਾ, ਇਕ ਹਦੀਸ ਸੁਣਾਇਆ । ਵੇਖ ਅਬਲੀਸ ਭਏ ਹੈਰਾਨਾ, ਭੇਵ ਕੋਇ ਨਾ ਪਾਇਆ । ਯਾਮੁਬੀਨ ਬੀ ਮਹਿਬਾਨ, ਏਕਾ ਨਾਮ ਧਰਾਇਆ । ਅਜ਼ਮਤੋ ਕਸਮਤੋ ਅਜ਼ਿਬਵਾ, ਅਤਿਲਹੇ ਤੇਰਾ ਨਾਮ ਧਿਆਇਆ । ਮਹਿਬਾਨ ਬੀਦੋ ਇਕ ਖ਼ੁਦਾ, ਤੇਰਾ ਨੂਰ ਸਵਾਇਆ । ਸਚ ਨਬੀ ਨਾ ਹੋਏ ਜੁਦਾ, ਏਕਾ ਰੰਗ ਰੰਗਾਇਆ । ਮੁਲਾਂ ਸ਼ੇਖ਼ ਮੁਸਾਇਕ ਗੌਂਸ ਕੁਤਬ ਹੋਏ ਫਿਦਾ, ਘਰ ਏਕਾ ਏਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਵੰਡ ਵੰਡਾਇਆ । ਸੰਮਤ ਸੋਲਾਂ ਵੰਡ ਵੰਡਾ, ਆਪਣੀ ਕਲ ਧਾਰੀਆ । ਉਰਦੂ ਫਾਰਸੀ ਅਰਬੀ ਲਏ ਪੜ੍ਹਾ, ਖੇਲੇ ਖੇਲ ਅਪਰ ਅਪਾਰੀਆ । ਗਜ਼ਨੀ ਆਪਣਾ ਚਰਨ ਟਿਕਾ, ਚਰਨ ਚਰਨੋਦਕ ਆਪ ਵਰਤਾਰੀਆ । ਏਕਾ ਰਕਤੀ ਬੂੰਦ ਉਪਾ, ਸਾਚੀ ਸ਼ਕਤੀ ਕਰੇ ਉਜਿਆਰੀਆ । ਬਲਖ ਬਖਾਰਾ ਧਾਮ ਸੁਹਾ, ਨੂਰੋ ਨੂਰ ਸਮਾਰੀਆ । ਅਹਿਮਦ ਮੁਹੰਮਦ ਇਕ ਵਖਾ, ਏਕਾ ਰੰਗ ਰੰਗੇ ਕਰਤਾਰੀਆ । ਚਾਰ ਯਾਰੀ ਭੇਵ ਚੁਕਾ, ਹਰਿ ਖੇਲੇ ਖੇਲ ਅਪਾਰੀਆ । ਪੰਡਤ ਪਾਂਧੇ ਦਏ ਸਮਝਾ, ਵੇਦ ਪੁਰਾਨਾ ਬੰਨੇ ਧਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਕਰੇ ਖੇਲ ਨਰ ਹਰਿ ਨਿਰੰਕਾਰੀਆ । ਸੋਲਾਂ ਕਲੀਆਂ ਸੋਲਾਂ ਤਨ ਸ਼ੰਗਾਰਾ, ਹਰਿ ਹਰਿ ਆਪ ਕਰੌਣਾ । ਇਕ ਦਲਾਲ ਏਕਾ ਐਲੀ ਏਕਾ ਅੱਲਾ, ਏਕਾ ਰੂਪ ਏਕਾ ਨਾਅਰਾ ਲੌਣਾ । ਇਕ ਅਕੱਲਾ ਵਸੇ ਕਾਇਆ ਖੱਲਾ, ਉਚ ਮਹੱਲਾ ਆਪ ਆਪਣਾ ਮੁਖ ਛੁਪੌਣਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਸਚ ਵਿਹਾਰਾ ਲੋਕਮਾਤ ਕਰੌਣਾ । ਲੋਕਮਾਤ ਜਗਤ ਵਿਹਾਰਾ, ਹਰਿ ਸਾਚਾ ਆਪ ਕਰਾਇੰਦਾ । ਸੰਮਤ ਸੋਲਾਂ ਸਤਾਰਾਂ ਹਾੜਾ, ਜਗਤ ਅਖਾੜਾ ਇਕ ਵਖਾਇੰਦਾ । ਸ੍ਰਿਸ਼ਟ ਸਬਾਈ ਅਗਨ ਲੱਗੇ ਬਹੱਤਰ ਨਾੜਾ, ਨਾ ਕੋਈ ਮਾਤ ਬੁਝਾਇੰਦਾ । ਪੀਰ ਫਕੀਰ ਪੰਡਤ ਪਾਂਧੇ ਗ੍ਰੰਥੀ ਪੰਥੀ ਫਿਰਨ ਵਿਚ ਉਜਾੜਾ, ਨਾ ਕੋਈ ਧੀਰ ਧਰਾਇੰਦਾ । ਮਗਰ ਲਗਾਏ ਅਗੰਮੀ ਧਾੜਾ, ਹੱਥ ਨੀਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਸਰੂਪੀ ਜਾਮਾ ਧਾਰ, ਬਸਤਰ ਕਾਲਾ ਚੀਰ ਤਨ ਛੁਹਾਇੰਦਾ । ਕਾਲਾ ਚੀਰ ਕਾਲਾ ਮੂਸਾ, ਪੰਜ ਤਤ ਸੁਹਾਇਆ । ਵੇਖੇ ਖੇਲ ਈਸਾ ਮੂਸਾ, ਜਗਤ ਜਗਦੀਸ ਅਖਵਾਇਆ । ਚਰਨ ਛੁਹਾਏ ਚੀਨਾ ਰੂਸਾ, ਸਤ ਸਤਾਰਾਂ ਫੇਰੀ ਪਾਇਆ । ਨਾਲ ਰਲਾਏ ਸ਼ਾਹ ਅਬਨੂਸਾ, ਕੋਹ ਤੂਰਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਜਲਵਾ ਜਲਾਲ, ਕਾਦਰ ਕਰਤਾ ਕਰਮ ਕਰੀਮ ਅਖਵਾਇਆ । ਆਪਣੀ ਵਿਦਿਆ ਆਪੇ ਪੜ੍ਹ, ਆਪਣਾ ਸਬਕ ਆਪ ਸਿਖਾਇੰਦਾ । ਆਪਣੇ ਸ਼ਸਤਰ ਆਪੇ ਲੜ, ਦਰ ਆਪੇ ਵੇਖ ਵਖਾਇੰਦਾ । ਆਪਣੇ ਘੋੜੇ ਆਪੇ ਚੜ, ਆਪਣਾ ਤਾਜੀ ਆਪ ਦੌੜਾਇੰਦਾ । ਆਪਣੇ ਕਾਅਬੇ ਆਪੇ ਵੜ, ਨਾ ਕੋਈ ਦੂਸਰ ਚਰਨ ਟਿਕਾਇੰਦਾ । ਆਪਣਾ ਲੇਖਾ ਜਾਣੇ ਸੀਸ ਧੜ ਦਾ, ਨਾ ਕੋਈ ਮੂਲ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸਤਰਾਂ ਵੀਹ ਸੌ ਪਿਆਰ, ਸ੍ਰਿਸ਼ਟ ਸਬਾਈ ਮਾਰੇ ਮਾਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਮਾਰੇ ਮਾਰ ਲਾਸ਼ਰੀਕ, ਭੇਵ ਕੋਈ ਨਾ ਰਾਇਆ । ਇਕ ਵਖਾਏ ਸਚ ਤਾਰੀਖ, ਲੇਖਾ ਲੇਖ ਲਿਖਾਇਆ । ਆਪਣਾ ਵਕਤ ਆਪੇ ਕਰੇ ਨਜੀਕ, ਚੌਦਾਂ ਚੌਦਾਂ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸਤਰਾਂ ਸਤਿ ਸਤਿਵਾਦਿ ਸਤਿ ਸਰੂਪ ਹਰਿ ਕਰਤਾਰ, ਸਤ ਜਿਮੀ ਸਤ ਅਸਮਾਨ, ਚੌਦਾਂ ਤਬਕਾਂ ਇਕ ਗਿਆਨ, ਏਕਾ ਨੇਤਰ ਕਰ ਪਰਧਾਨ, ਏਕਾ ਕਲਮਾ ਧੁਰ ਫ਼ਰਮਾਣ, ਏਕਾ ਆਇਤ ਹੱਕ ਕੁਰਾਨ, ਲਾਸ਼ਰੀਕ ਨਿਗਹਬਾਨ, ਸ੍ਰਿਸ਼ਟ ਸਬਾਈ ਦਏ ਜਣਾਇਆ । ਅੱਠ ਅਠਾਰਾਂ ਏਕਾ ਬਲ ਧਾਰ, ਆਪਣੀ ਕਾਰ ਕਮਾਇੰਦਾ । ਖਵਾਜਾ ਖਿਜਰ ਕਰ ਪਿਆਰ, ਰਾਜਾ ਇੰਦਰ ਮੇਲ ਮਿਲਾਇੰਦਾ । ਦੋ ਜਹਾਨਾਂ ਮੇਲਾ ਅਧਵਿਚਕਾਰ, ਆਪੇ ਵੇਖ ਵਖਾਇੰਦਾ । ਖੇਲੇ ਖੇਲ ਅਪਰ ਅਪਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਚਲਾਇੰਦਾ । ਏਕਾ ਧਾਰ ਆਪ ਉਪਾਏ, ਏਕਾ ਕਰਮ ਕਮਾਇਆ । ਏਕਾ ਮੇਘਨ ਮੇਘ ਬਰਸਾਏ, ਏਕਾ ਵੇਖ ਵਖਾਇਆ । ਏਕਾ ਤੇਗਨ ਤੇਗ ਉਠਾਏ, ਸਮਸ ਤਬਰੇਜਨ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਹੋਏ ਲਬਰੇਜ਼ ਨਾ ਦੀਸੇ ਕੋਈ ਸਹਾਇਆ । ਏਕਾ ਧਾਰ ਆਪ ਵਹਾ, ਆਪਣੀ ਕਾਰ ਕਮਾਇੰਦਾ । ਪੰਜ ਸ਼ੈਤਾਨਾ ਦਏ ਰੁੜਾ, ਦਿਸ ਕਿਸੇ ਨਾ ਆਇੰਦਾ । ਨੌ ਨੌ ਨੇਜੇ ਵੇਖ ਵਖਾ, ਨੀਰੋ ਨੀਰ ਸਮਾਇੰਦਾ । ਆਪੇ ਆਸਣ ਡੇਰਾ ਆਪੇ ਲਾ, ਆਪਣਾ ਕਰਮ ਕਮਾਇੰਦਾ । ਭਗਤ ਭਗਵੰਤੀ ਮੇਲ ਮਿਲਾ, ਸੰਤ ਸੁਹੇਲੇ ਆਪ ਉਠਾਇੰਦਾ । ਸ਼ੇਖ ਮਸਾਇਕ ਲਏ ਰਲਾ, ਜਿਸ ਜਨ ਏਕਾ ਰਾਹ ਵਖਾਇੰਦਾ । ਏਕਾ ਨੂਰੋ ਨੂਰ ਸਮਾ, ਏਕਾ ਦਰ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਠ ਅਠਾਰਾਂ ਪਾਰ ਕਰਾਇੰਦਾ । ਏਕਾ ਅਲਫ਼ ਏਕਾ ਅੱਲਾ, ਏਕਾ ਨੂਰ ਅਲਾਹੀਆ । ਏਕਾ ਰਾਹ ਦੱਸੇ ਸੁਖੱਲਾ, ਏਕਾ ਖ਼ਲਕ ਖ਼ੁਦਾਈਆ । ਏਕਾ ਵਸਿਆ ਨਿਹਚਲ ਧਾਮ ਅਟੱਲਾ, ਉਚ ਮੁਨਾਰਾ

ਡੇਰਾ ਲਾਈਆ । ਏਕਾ ਕਰੇ ਵਲ ਛੱਲਾ, ਭੇਵ ਕੋਈ ਨਾ ਪਾਈਆ । ਏਕਾ ਕਰਨਹਾਰਾ ਹੱਲਾ, ਏਕਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਰਿਹਾ ਪੜ੍ਹਾਈਆ । ਏਕਾ ਅੱਲਾ ਅਲਾਹੀ ਨੂਰ, ਅਲਫੀ ਅਲਫ਼ ਉਪਾਇਆ । ਅੱਠੇ ਪਹਿਰ ਹਾਜ਼ਰ ਹਜ਼ੂਰ, ਬੰਦ ਨਾ ਕਿਸੇ ਕਰਾਇਆ । ਤਾਮਸ ਤ੍ਰਿਸ਼ਨਾ ਕਰੇ ਪੂਰ, ਆਲਸ ਨਿੰਦਰਾ ਵਿਚ ਨਾ ਆਇਆ । ਹਉਮੇਂ ਸਹਿਸਾ ਚੂਰੋ ਚੂਰ, ਜਨ ਕਾ ਜਿੰਦਰਾ ਦਏ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੌ ਲਏ ਮਿਲਾਇਆ । ਏਕਾ ਨਾਇਆ ਨੌ ਦਰ, ਪੰਜ ਤਤ ਵੰਡ ਵੰਡਾਈਆ । ਨੌ ਖੰਡ ਪ੍ਰਿਥਮੀ ਰਹੀ ਲੜ, ਬ੍ਰਹਿਮੰਡ ਵੇਖ ਵਖਾਈਆ । ਜੇਰਜ ਅੰਡ ਰਹੀ ਝੜ, ਉਤਭੁਜ ਸੇਤਜ ਰਹੀ ਖਲਾਈਆ । ਮਨ ਮਤ ਅਗਨੀ ਰਹੀ ਸੜ, ਸੀਤਲ ਸੀਤ ਨਾ ਕੋਈ ਕਰਾਈਆ । ਬੁੱਧੀ ਡੂੰਘੀ ਕੁੰਦਰ ਵੇਖਣ ਵੜ, ਨਾ ਕੋਈ ਬਾਹਰ ਕਢਾਈਆ । ਮਨੂਆ ਅੱਗੇ ਬੈਠਾ ਖੜ, ਸ਼ਾਹ ਸ਼ੈਤਾਨਾ ਨਾਉਂ ਧਰਾਈਆ । ਆਪ ਉਖੇੜਨਹਾਰਾ ਜੜ, ਆਪਣੀ ਬਣਤ ਬਣਾਈਆ । ਹਰਿਜਨ ਵਿਰਲਾ ਏਕਾ ਅੱਖਰ ਜਾਏ ਪੜ੍ਹ, ਏਕਾ ਅਲਫ਼ ਸਿਖਾਈਆ । ਨੌ ਦਰ ਝੂਠੇ ਦੇਵੇ ਤਜ, ਏਕਾ ਨਾਇਆ ਮੇਲ ਮਿਲਾਈਆ । ਜੋ ਘੜਿਆ ਸੋ ਰਿਹਾ ਭੱਜ, ਵੇਲਾ ਵਕਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪੜਦੇ ਰਿਹਾ ਕੱਜ, ਏਕਾ ਪੜਦਾ ਉਪਰ ਪਾਈਆ । ਏਕਾ ਨਾਇਆ ਏਕਾ ਉਨੀ, ਏਕਾ ਧਾਰ ਬੰਧਾਇੰਦਾ । ਏਕਾ ਮੁਸਲਮ ਏਕਾ ਸੁੰਨੀ, ਏਕਾ ਸਿੱਖ ਸਮਾਇੰਦਾ । ਏਕਾ ਪੰਡਤ ਏਕਾ ਗੁਨੀ, ਏਕਾ ਗੁਣ ਜਣਾਇੰਦਾ । ਏਕਾ ਰਾਮ ਏਕਾ ਕ੍ਰਿਸ਼ਨ ਏਕਾ ਰਿਖੀ ਏਕਾ ਮੁਨੀ, ਏਕਾ ਰੂਪ ਦਰਸਾਇੰਦਾ । ਏਕਾ ਨਾਨਕ ਗੋਬਿੰਦ ਸੁਣੀ, ਇਕ ਪੁਕਾਰ ਅਲਾਇੰਦਾ । ਸਰਬ ਪੁਕਾਰ ਹਰਿ ਦਾਤਾਰ ਪਰਵਰਦਿਗਾਰ ਆਪੇ ਸੁਣੀ, ਸੁਣਨਹਾਰ ਆਪ ਅਖਵਾਇੰਦਾ । ਵੇਦ ਪੁਰਾਨ ਅੰਜੀਲ ਕੁਰਾਨ ਗ੍ਰੰਥ ਪੰਥ ਹਰਿ ਦੇਵੇ ਚੁੰਨੀ, ਏਕਾ ਪੜਦਾ ਪਾਇੰਦਾ । ਘਰ ਘਰ ਮੰਦਰ ਘਰ ਘਰ ਅੰਦਰ ਵੱਜੇ ਨਾਦ ਧੁਨੀ, ਸਾਚੀ ਧੁਨੀ ਸਾਚਾ ਨਾਮ ਸੁਣਾਇੰਦਾ । ਸ੍ਰਿਸ਼ਟ ਸਬਾਈ ਛਾਣੀ ਪੁਣੀ, ਏਕਾ ਮਾਰਗ ਲਾਇੰਦਾ । ਨਾ ਕੋਈ ਜਾਣੇ ਹਰਿ ਪਛਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਖ਼ੁਦਾਏ ਸ੍ਰਿਸ਼ਟ ਸਰਨਾਏ ਕਾਇਨਾਤ ਆਬੇ ਹਯਾਤ ਕਲਮਾ ਅਮਾਮ ਸਾਚਾ ਨਾਮ ਧੁਰ ਫ਼ਰਮਾਣ, ਜੀਆ ਜਹਾਨ, ਆਤਮ ਗਿਆਨ, ਇਕ ਧਿਆਨ, ਏਕਾ ਰੂਪ ਸ਼ਾਹੋ ਭੂਪ ਚਾਰੇ ਕੂਟ ਏਕਾ ਧਾਰ ਚਾਰ ਯਾਰ ਸਚ ਮੁਹੰਮਦ ਏਕਾ ਮੁਹੰਮਦ ਏਕ ਨਾਰ ਏਕਾ ਐਹਮਦ ਏਕਾ ਅੱਲਾ ਇਕ ਮਹੱਲਾ ਏਕਾ ਧਾਰ ਏਕਾ ਰਾਮ ਇਕ ਸੰਸਾਰ ਏਕਾ ਕ੍ਰਿਸ਼ਨਾ ਜੀਆ ਅਧਾਰ, ਏਕਾ ਨਾਨਕ ਸੋਹੇ ਦਵਾਰ, ਏਕਾ ਗੋਬਿੰਦ ਰਿਹਾ ਵਿਚਾਰ, ਪਾਰਬ੍ਰਹਮ ਪ੍ਰਭ ਪਰਮੇਸ਼ਵਰ ਸਚ ਖ਼ੁਦਾ ਸਾਂਝਾ ਯਾਰ, ਹੱਕੋ ਹੱਕ ਹੱਕ ਹਕੀਕਤ ਲਾਸ਼ਰੀਕ ਵੇਖ ਵਖਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਉਨੀ ਸ੍ਰਿਸ਼ਟ ਸਬਾਈ ਚੋਟੀ ਰਿਹਾ ਮੁੰਨੀ, ਭੇਵ ਕੋਈ ਨਾ ਪਾਇੰਦਾ । ਏਕਾ ਕਲਮਾ ਦਸ ਦਸ ਬੀਸ, ਏਕਾ ਏਕ ਵਡਿਆਈਆ । ਏਕਾ ਸ਼ਬਦ ਇਕ ਹਦੀਸ, ਏਕਾ ਕਰੇ ਪੜ੍ਹਾਈਆ । ਏਕਾ ਛਤਰ ਏਕਾ ਸੀਸ, ਏਕਾ ਰਿਹਾ ਝੁਲਾਈਆ । ਏਕਾ ਪੀਸਨ ਏਕਾ ਰਿਹਾ ਪੀਸ, ਏਕਾ ਨਾਮ ਜਪਾਈਆ । ਏਕਾ ਜਗਤ ਇਕ ਜਗਦੀਸ, ਜਾਗਰਤ ਜੋਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਖੰਡ ਕਰੇ ਰੁਸ਼ਨਾਈਆ । ਨੌ ਖੰਡ ਇਕ ਗਿਆਨ, ਏਕਾ ਸ਼ਬਦ ਦ੍ਰਿੜਾਇਆ । ਕੁਲਾ ਖੰਡ ਮਾਰ ਧਿਆਨ, ਇੱਲਾਬ੍ਰਤ ਇਕ ਮਕਾਨ, ਕੇਤਮਾਲ ਵੇਖ ਵਖਾਇਆ । ਹਰਣਯਮਹ ਹੋ ਪਰਧਾਨ, ਨੂਰੋ ਨੂਰ

ਕਰੇ ਰੁਸ਼ਨਾਇਆ । ਰਮਕ ਤੇਰਾ ਜਾਣੀ ਜਾਣ, ਹਰਿ ਸਾਚਾ ਆਪ ਖ਼ੁਦਾਇਆ । ਭਦਰ ਦੇਵੇ ਧੁਰ ਫ਼ਰਮਾਣ, ਭੁੱਲ ਰਹੇ ਨਾ ਰਾਇਆ । ਭਾਰਤ ਖੰਡ ਜੋਤ ਸਰੂਪੀ ਹਰਿ ਭਗਵਾਨ, ਅਮਾਮ ਮਹਿੰਦੀ ਨਾਉਂ ਧਰਾਇਆ । ਨਿਹਕਲੰਕਾ ਵਿਚ ਜਹਾਨ, ਜੋਤੀ ਜਾਮਾ ਭੇਖ ਵਟਾਇਆ । ਚੌਦਾਂ ਲੋਕਾਂ ਵੇਖੇ ਮਾਰ ਧਿਆਨ, ਇੱਤਲ ਵਿਤਲ ਸਿੱਤਲ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਸਾਤਲ ਤਲਾਤਲ ਮਹਾਤਲ ਪਤਾਲ ਵੇਖ ਵਖਾਇਆ । ਸੱਤ ਲੋਕ ਚਰਨ ਦਬਾ ਆਪਣੀ ਦਇਆ ਕਮਾਈਆ । ਜੋਤ ਸਰੂਪੀ ਭੇਖ ਵਟਾ, ਨੂਰੀ ਨੂਰ ਦਰਸਾਈਆ । ਨੂਰੀ ਅੱਲਾ ਨੂਰ ਅਲਾਹ, ਆਲਮ ਆਲਮਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੈਣ ਉਠਾਈਆ । ਆਪ ਆਪਣਾ ਨੈਣ ਉਠਾ, ਭੂਅ ਲੋਕ ਹਰਿ ਭੌ ਚੁਕਾ, ਆਪਣਾ ਕਰਮ ਕਮਾਉਣਾ । ਦੂਵਰ ਲੋਕ ਹਰਿ ਭਰਮ ਗਵਾ, ਧਰਮ ਜੈਕਾਰ ਰਖੌਣਾ । ਸਵਰਗ ਲੋਕ ਇਕ ਜਣਾ, ਇਕ ਧਾਰ ਚਲੌਣਾ । ਜਪ ਲੋਕ ਜਾਪ ਜਪਾ, ਜਮ ਪੁਰ ਮੇਟ ਮਿਟੌਣਾ । ਤਪ ਲੋਕ ਤਖ਼ਤ ਸੁਹਾ ਧੀਰਜ ਧੀਰ ਧਰੌਣਾ । ਸੱਤ ਲੋਕ ਹਰਿ ਫੇਰੀ ਪਾ, ਸੱਤ ਅਸਮਾਨਾ ਆਪਣੇ ਸੀਸ ਉਠੌਣਾ । ਆਪ ਆਪਣਾ ਮੁਖ ਭਵਾ, ਅਗੰਮ ਅਗੰਮ ਅਖੌਣਾ । ਏਕਾ ਚਰਨ ਲਏ ਉਠਾ, ਦਿਸ ਕਿਸੇ ਨਾ ਔਣਾ । ਸਾਚੀ ਸਿੱਖਿਆ ਰਿਹਾ ਸਿੱਖਾ, ਦਿਸ ਕਿਸੇ ਨਾ ਔਣਾ । ਕਲਜੁਗ ਲੇਖਾ ਲਿਖਿਆ ਦਏ ਮਿਟਾ, ਤਕਦੀਰ ਤਕਸੀਰ ਮੇਟ ਮਿਟੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਹਕੀਰ ਉਚ ਫਕੀਰ ਨੀਚੋ ਨੀਚ ਊਚੋ ਊਚ ਇਕ ਧਾਮ ਬਹੌਣਾ । ਏਕਾ ਵਰਨ ਏਕਾ ਗੋਤ, ਏਕਾ ਧਾਮ ਸੁਹਾਇੰਦਾ । ਏਕਾ ਰੂਪ ਏਕਾ ਜੋਤ, ਏਕਾ ਨੂਰ ਦਰਸਾਇੰਦਾ । ਏਕਾ ਸ਼ਬਦ ਏਕਾ ਚੋਟ, ਏਕਾ ਤਾਲ ਵਜਾਇੰਦਾ । ਏਕਾ ਕਲਮਾ ਏਕਾ ਕੋਟ, ਏਕਾ ਤਨ ਸੁਹਾਇੰਦਾ । ਏਕਾ ਪਿੰਜਰ ਏਕਾ ਪੋਟ, ਏਕਾ ਤਨ ਟਿਕਾਇੰਦਾ । ਲੱਭਦੇ ਫਿਰਦੇ ਕੋਟੀ ਕੋਟ, ਨੂਰ ਅਲਾਹੀ ਹੱਥ ਕਿਸੇ ਨਾ ਆਇੰਦਾ । ਅੰਨ ਪਾਣੀ ਪੰਜ ਤਤ ਭਰੀ ਨਾ ਪੋਟ, ਤ੍ਰਿਸ਼ਨਾ ਭੁੱਖ ਨਾ ਕੋਈ ਮਿਟਾਇੰਦਾ । ਮਾਇਆ ਮਮਤਾ ਕਰੀ ਨਾ ਛੋਟ, ਤਨ ਲੰਗੋਟ ਨਾ ਕੋਈ ਰਖਾਇੰਦਾ । ਇਕ ਖ਼ੁਦਾ ਨਾ ਰੱਖੀ ਓਟ, ਇਕ ਰਾਮ ਨਾ ਕੋਈ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਲੇਖਾ ਧੁਰ ਦਰਗਾਹ ਸ਼ਬਦ ਸਰੂਪੀ ਬਣ ਮਲਾਹ, ਲੋਕਮਾਤ ਆਪ ਚੁਕਾਇੰਦਾ । ਸ਼ਬਦ ਮਿਲਾਵਾ ਸਚ ਘਰ, ਸਾਚੇ ਮੇਲ ਮਿਲਾਇਆ । ਇਕ ਵਖਾਏ ਸਾਚਾ ਦਰ, ਸਚ ਸੁਹੰਜਣਾ ਡੇਰਾ ਲਾਇਆ । ਇਕ ਸਰੋਵਰ ਏਕਾ ਸਰ ਏਕਾ ਨਹਾਵਨ ਰਿਹਾ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਦਏ ਵਡਆਇਆ । ਬੀਸ ਬੀਸਾ ਹਰਿ ਜਗਦੀਸਾ ਸ੍ਰਿਸ਼ਟ ਸਬਾਈ ਹੋਏ ਕੁੜਮਾਈਆ । ਖੇਲੇ ਖੇਲ ਇਕ ਇਕੀਸਾ, ਹਰਿ ਸਾਚਾ ਸਗਨ ਮਨਾਈਆ । ਲੇਖੇ ਲਾਏ ਕਰੋੜ ਤੇਤੀਸਾ, ਬ੍ਰਹਮਾ ਸ਼ਿਵ ਵੇਖ ਵਖਾਈਆ । ਰਸਨਾ ਗਾਏ ਦੰਦ ਬਤੀਸਾ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਜਾਣੇ ਆਪਣੀ ਹਦੀਸਾ, ਚਾਰੇ ਯਾਰ ਸੰਗ ਸਮਾਈਆ । ਅੱਲਾ ਰਾਣੀ ਇਕ ਇਕੀਸਾ, ਏਕਾ ਅੱਖਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਰਾਗ ਛੱਤੀਸਾ, ਭੇਵ ਰਹੇ ਨਾ ਰਾਈਆ ।

੩੯੦
੦੨

## * ੧੮ ਹਾੜ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ *



ਆਦਿ ਗੁਰ ਅਵਤਾਰਾ, ਏਕਾ ਏਕ ਅਖਵਾਇਆ । ਏਕਾ ਰੂਪ ਇਕ ਪਸਾਰਾ, ਏਕਾ ਰਿਹਾ ਕਰਾਇਆ । ਏਕਾ ਜੋਤ ਇਕ ਉਜਿਆਰਾ, ਏਕਾ ਵੇਖ ਵਖਾਇਆ । ਏਕਾ ਸ਼ਬਦ ਇਕ ਧੁਨਕਾਰਾ, ਏਕਾ ਰਿਹਾ ਵਜਾਇਆ । ਇਕ ਮਹੱਲਾ ਇਕ ਘਰ ਬਾਰਾ, ਏਕਾ ਰਿਹਾ ਉਪਾਇਆ । ਏਕਾ ਦਰ ਇਕ ਦਰਬਾਰਾ, ਏਕਾ ਆਸਣ ਲਾਇਆ । ਏਕਾ ਸ਼ਾਹ ਏਕਾ ਭੂਪ ਏਕਾ ਸੱਚੀ ਸਰਕਾਰਾ, ਰਿਹਾ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇਆ । ਏਕਾ ਰਾਗ ਏਕਾ ਕਰਤਾਰ, ਏਕਾ ਰਿਹਾ ਅਲਾਈਆ । ਏਕਾ ਖੇਲ ਅਪਰ ਅਪਾਰਾ, ਏਕਾ ਰਿਹਾ ਕਰਾਈਆ । ਇਕ ਇਕੱਲਾ ਕਰ ਪਸਾਰ, ਏਕਾ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਇਕ ਸਿੰਘਾਸਣ ਇਕ ਅਬਿਨਾਸ਼ਨ, ਏਕਾ ਪੁਰਖ ਅਖਵਾਇਆ । ਏਕਾ ਸ਼ਾਹੋ ਏਕਾ ਸ਼ਾਬਾਸ਼, ਏਕਾ ਨਾਮ ਧਰਾਇਆ । ਏਕਾ ਖੇਲ ਇਕ ਤਮਾਸ਼, ਵੇਖਣਹਾਰ ਇਕ ਹੋ ਆਇਆ । ਏਕਾ ਮੰਡਲ ਏਕਾ ਰਾਸ, ਏਕਾ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇਆ । ਏਕਾ ਰਾਹ ਏਕਾ ਘਰ, ਏਕਾ ਰਿਹਾ ਉਪਾਇਆ । ਏਕਾ ਨਾਮ ਏਕਾ ਵਰ, ਏਕਾ ਰਿਹਾ ਦਵਾਈਆ । ਏਕਾ ਸਰ ਏਕਾ ਦਰ, ਏਕਾ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਏਕਾ ਰਾਗ ਏਕਾ ਨਾਦ, ਏਕਾ ਰਿਹਾ ਵਜਾਈਆ । ਇਕ ਸ਼ਬਦ ਇਕ ਬ੍ਰਹਮਾਦਿ, ਏਕਾ ਖੋਜ ਖੁਜਾਈਆ । ਏਕਾ ਆਦਿ ਏਕਾ ਜੁਗਾਦਿ, ਏਕਾ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਲਿਆ ਉਪਾਈਆ । ਏਕਾ ਏਕ ਏਕਾ ਧਾਰ, ਏਕਾ ਆਪ ਚਲਾਈਆ । ਜੋਤੀ ਨੂਰ ਅਪਰ ਅਪਾਰ, ਆਪ ਆਪਾ ਲਏ ਉਪਾਈਆ । ਦੋਵੇਂ ਮੁਖ ਵੇਖ ਵਿਚਾਰ, ਲੇਖਾ ਆਪਣਾ ਰਿਹਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ ਕਰ ਪਸਾਰ, ਆਪਣੀ ਕਲ ਵਰਤਾਈਆ । ਇਕ ਅਕੱਲਾ ਏਕੰਕਾਰੀ, ਏਕਾ ਨਾਮ ਰਖਾਇਆ । ਏਕਾ ਨਿਰਗੁਣ ਜੋਤ ਕਰ ਉਜਿਆਰੀ, ਏਕਾ ਰੂਪ ਵਟਾਇਆ । ਏਕਾ ਧੁਨ ਏਕਾ ਧੁਨਕਾਰੀ, ਏਕਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਲਏ ਪਰਨਾਇਆ । ਏਕਾ ਏਕ ਆਪ ਪਰਨਾ ਆਪਣੇ ਅੰਗ ਲਗਾਇਆ । ਇਕ ਸਿੰਘਾਸਣ ਲਏ ਵਿਛਾ, ਏਕਾ ਆਸਣ ਲਾਇਆ । ਇਕ ਮਰਦੰਗ ਲਏ ਵਜਾ, ਏਕਾ ਰਿਹਾ ਸੁਣਾਇਆ । ਏਕਾ ਰੰਗ ਲਏ ਚੜ੍ਹਾ, ਏਕਾ ਭਿਛਿਆ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਸਚ ਮਹੱਲਾ ਰਿਹਾ ਵਸਾਇਆ । ਏਕਾ ਏਕ ਇਕ ਅਕਾਲਾ, ਆਦਿ ਪੁਰਖ ਅਖਵਾਇਆ । ਏਕਾ ਏਕ ਦੀਨ ਦਿਆਲਾ, ਭੇਵ ਕਿਸੇ ਨਾ ਪਾਇਆ । ਏਕਾ ਏਕ ਚਲੇ ਅਵੱਲੜੀ ਚਾਲਾ, ਚਾਲ ਆਪਣੀ ਚਲਦਾ ਆਇਆ । ਏਕਾ ਵਸਿਆ ਧਰਮ ਸੱਚੀ ਧਰਮਸਾਲਾ, ਚਾਰ ਦਿਵਾਰ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਏਕਾ ਏਕ ਕਰ ਪਸਾਰ, ਏਕਾ ਰੂਪ ਸਮਾਈਆ । ਏਕਾ ਰੂਪ ਹਰਿ ਕਰਤਾਰ, ਆਪਣਾ ਆਪ ਜਣਾਈਆ । ਏਕਾ ਕੂਟ ਇਕ ਪਸਾਰ, ਏਕਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਏਕਾ ਰੰਗ ਏਕਾ ਅੰਗ ਏਕਾ ਸੰਗ ਏਕਾ ਪਲੰਘ ਰਿਹਾ ਵਿਛਾਈਆ । ਇਕ ਪਲੰਘ ਏਕਾ ਆਸਣ, ਏਕਾ ਹਰਿ ਲਗਾਇੰਦਾ । ਏਕਾ ਦਾਸੀ ਏਕਾ ਦਾਸਨ, ਏਕਾ ਸੇਵ ਕਮਾਇੰਦਾ । ਏਕਾ ਵਾਸੀ ਪੁਰਖ ਅਬਿਨਾਸ਼ਨ, ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਕ ਵਿਚ ਟਿਕਾਇੰਦਾ । ਏਕਾ ਰੂਪ ਇਕ ਸਮਾਇਆ, ਪਾਰਬ੍ਰਹਮ ਵਡਿਆਈਆ । ਦੂਸਰ ਕਿਸੇ ਭੇਵ ਨਾ ਰਾਇਆ, ਨਾ ਲੇਖਾ ਕੋਈ ਜਣਾਈਆ । ਤੀਜਾ ਦਰ ਨਾ ਕੋਈ ਸੁਹਾਇਆ, ਚੌਥੇ ਘਰ ਨਾ ਕੋਈ ਵਧਾਈਆ । ਪੰਚਮ ਮੇਲ ਨਾ ਕੋਇ ਕਰਾਇਆ, ਛੇਵੇਂ ਛੱਪਰ ਛੰਨ ਨਾ ਕੋਈ ਛਾਈਆ । ਸੱਤਵੇਂ ਸਤਿ ਸਤਿਵਾਦ, ਆਪ ਅਖਵਾਇਆ, ਸਤਿ ਪੁਰਖਾ ਨਾਉਂ ਧਰਾਈਆ । ਅੱਠ ਤਤ ਵਿਚ ਨਾ ਆਇਆ, ਪੰਜ ਤਤ ਨਾ ਕੋਈ ਕੁੜਮਾਈਆ । ਨੌ ਦਰ ਨਾ ਕੋਈ ਸੁਹਾਇਆ, ਦਰ ਦਸਵਾਂ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਆਪੇ ਜਾਣੇ ਆਪਣੀ ਧਾਰ, ਜੋਤ ਸਰੂਪੀ ਕਰ ਪਸਾਰ, ਆਪੇ ਰਿਹਾ ਵਿਚ ਸਮਾਈਆ । ਆਪ ਆਪਣੇ ਵਿਚ ਸਮਾਇਆ, ਪਾਰਬ੍ਰਹਮ ਬੇਅੰਤਾ । ਨਾ ਕੋਈ ਲੇਖਾ ਲੇਖ ਲਿਖਾਇਆ, ਨਾ ਕੋਈ ਬਣਾਏ ਬਣਤਾ । ਨਾ ਕੋਈ ਭੇਦ ਭੇਵ ਚੁਕਾਇਆ, ਨਾ ਕੋਈ ਸੁਣਾਏ ਸੰਤਾ । ਅਛਲ ਅਛੇਦਾ ਆਪਣਾ ਨਾਉਂ ਧਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪ ਪਛਾਣੇ ਦਰ ਆਪਣੇ ਰਾਹ ਵਖਾਣੇ ਸਿੱਧਾ, ਇਕ ਪਸਾਰ ਹਰਿ ਰਘੁਰਾਇਆ । ਇਕ ਪਸਾਰ ਹਰਿ ਰਘੁਰਾਇਆ, ਆਪਣਾ ਆਪ ਕਰਾਇਆ । ਦੂਜਾ ਦਰ ਦਏ ਸੁਹਾਇਆ, ਥਿਰ ਘਰ ਨਾਉਂ ਧਰਾਇਆ । ਸਚ ਦਰ ਮਿਲੇ ਵਡਿਆਈਆ, ਘਰ ਸਾਚੇ ਮੰਗਲ ਗਾਇਆ । ਚੌਥੇ ਘਰ ਮਿਲੇ ਵਰ ਸਾਚੀ ਸਈਆ, ਸਾਚਾ ਮੇਲ ਮਿਲਾਇਆ । ਪੰਚਮ ਮੇਲਾ ਸ਼ਬਦ ਗੁਰ ਚੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਨਾਉਂ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਆਪ ਅਖਵਾਈਆ । ਆਪਣੀ ਮਰਨੀ ਆਪੇ ਮਰ, ਆਪ ਆਪਣਾ ਲਏ ਜਣਾਈਆ । ਆਪਣੀ ਚਰਨੀ ਆਪੇ ਪੜ, ਆਪ ਆਪਣਾ ਸੀਸ ਝੁਕਾਈਆ । ਆਪਣੀ ਬਾਣੀ ਆਪੇ ਪੜ੍ਹ, ਆਪਣਾ ਅੱਖਰ ਵੇਖ ਵਖਾਈਆ । ਆਪਣੀ ਲਾਏ ਆਪੇ ਜੜ, ਨਾ ਕੋਈ ਦੂਸਰ ਸੰਗ ਰਖਾਈਆ । ਆਪਣਾ ਘਾੜਨ ਆਪੇ ਘੜ, ਘੜਨਹਾਰ ਰਘੁਰਾਈਆ । ਆਪਣੇ ਮੰਦਰ ਆਪੇ ਵੜ, ਬੈਠਾ ਬੇਪਰਵਾਹੀਆ । ਆਪਣੇ ਪੌੜੇ ਆਪ ਚੜ੍ਹ, ਖੇਲੇ ਖੇਲ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਆਪਣਾ ਮੰਦਰ ਕਰ ਉਸਾਰਾ, ਆਪੇ ਆਸਣ ਲਾਇੰਦਾ । ਆਪੇ ਬੈਠ ਹਰਿ ਨਿਰੰਕਾਰਾ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣੀ ਬੰਨੇ ਧਾਰਾ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣਾ ਹੋਏ ਚੋਬਦਾਰਾ, ਆਪ ਆਪਣਾ ਸੀਸ ਨਿਵਾਇੰਦਾ । ਆਪ ਆਪਣੀ ਕਰ ਨਿਮਸਕਾਰਾ, ਆਪ ਆਪਣਾ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਆਪ ਆਪਣਾ ਸ਼ਬਦ ਜਣਾ, ਆਪ ਆਪਣਾ ਲਏ ਉਠਾਈਆ । ਆਪ ਆਪਣਾ ਝੋਲੀ ਪਾ, ਆਪ ਆਪਣਾ ਲਏ ਮਿਟਾਈਆ । ਆਪ ਆਪਣਾ ਭਾਣਾ ਸਹਿਣਾ ਲਏ ਸਿਖਾ, ਭਾਣੇ ਵਿਚ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣਾ ਭਾਣਾ ਆਪੇ ਮੰਨ, ਆਪਣੀ ਧਾਰ ਚਲਾਈਆ । ਆਪ ਆਪਣਾ ਦੇਵੇ ਡੰਨ, ਡੰਨਣਹਾਰ ਆਪ

ਅਖਵਾਈਆ । ਆਪਣਾ ਘੜਿਆ ਆਪੇ ਦੇਵੇ ਭੰਨ, ਭੰਨਣਹਾਰ ਦੇਰ ਨਾ ਲਾਈਆ । ਆਪਣੀ ਜਨਨੀ ਆਪੇ ਜਨ, ਜਨ ਜਨਨੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਕਰ ਲਬਾਸ ਆਪਣਾ ਆਪ ਹੰਢਾਇਆ । ਆਪ ਆਪਣਾ ਕਰਿਆ ਵਾਸ, ਆਪ ਆਪਣਾ ਲਏ ਉਪਾਇਆ । ਆਪ ਆਪਣੀ ਜਾਣੇ ਰਾਸ, ਆਪ ਆਪਣੀ ਵਸਤ ਵੇਖ ਵਖਾਇਆ । ਆਪ ਆਪਣਾ ਜਾਣੇ ਬਰਸ ਮਾਸ, ਲੇਖ ਲੇਖ ਨਾ ਕੋਈ ਗਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਆਪ ਆਪਣਾ ਦਰ ਸੁਹਾਏ, ਸੋਹੇ ਬੰਕ ਦਵਾਰਾ । ਆਪ ਆਪਣਾ ਬੰਸ ਬਣਾਏ, ਨਾਉਂ ਧਰਾਏ ਹਰਿ ਨਿਰੰਕਾਰਾ । ਆਪ ਆਪਣੀ ਅੰਸ ਚਲਾਏ, ਸ਼ਬਦ ਚਲਾਏ ਸੁਤ ਦੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਕਰਾਏ ਸਚ ਪਿਆਰਾ । ਆਪਣੀ ਅੰਸ ਆਪ ਉਪਾ, ਆਪਣਾ ਨਾਉਂ ਧਰਾਈਆ । ਆਪਣਾ ਬੰਸ ਆਪ ਸੁਹਾ, ਆਪੇ ਬੈਠਾ ਆਸਣ ਲਾਈਆ । ਆਪਣਾ ਵਿਸਾ ਆਪ ਕਮਾ, ਵਿਸ਼ਵ ਰੂਪ ਵਟਾਈਆ । ਜੋਤੀ ਜੋਤ ਜੋਤ ਜਗਾ, ਨਿਰਗੁਣ ਵੱਡੀ ਵਡਿਆਈਆ । ਵਰਨ ਗੋਤ ਨਾ ਕੋਈ ਰਖਾ, ਏਕਾ ਬਰਨ ਬਣਾਈਆ । ਗੁਰ ਪੀਰ ਨਾ ਕੋਈ ਰਿਹਾ ਮਨਾ, ਏਕਾ ਇਸ਼ਟ ਰਿਹਾ ਸਮਝਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਥਿਰ ਘਰ ਬੈਠਾ ਆਸਣ ਲਾਈਆ । ਸ਼ਬਦ ਸਿੰਘਾਸਣ ਸਾਚਾ ਨਾਂ, ਆਪੇ ਲਿਆ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬੰਸ ਚਲਾਈਆ । ਆਪ ਆਪਣੀ ਬਣਤ ਬਣਾ, ਆਪਣਾ ਰੂਪ ਵਟਾਇਆ । ਵਿਸ਼ਨੂੰ ਵੰਸੀ ਨਾਮ ਧਰਾ, ਧਰਨੀ ਵਿਚ ਸਮਾਇਆ । ਬੰਸ ਬੰਸਾ ਆਪ ਹੋ ਜਾ, ਭੇਵ ਕੋਈ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਏਕਾ ਏਕ ਅਖਵਾਇੰਦਾ । ਰੂਪ ਅਨੂਪ ਕਰ ਪਸਾਰਾ, ਸ਼ਾਹੋ ਭੂਪ ਨਾਉਂ ਧਰਾਇੰਦਾ । ਸਤਿ ਸਰੂਪ ਕਰ ਉਜਿਆਰਾ, ਏਕਾ ਧਾਰ ਵਹਾਇੰਦਾ । ਏਕਾ ਰੰਗ ਅਪਰ ਅਪਾਰਾ, ਹਰਿ ਆਪਣਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕਾਰ ਕਰ ਪਸਾਰ, ਨਿਰਗੁਣ ਧਾਰ ਆਪ ਚਲਾਇੰਦਾ । ਨਿਰਗੁਣ ਧਾਰ ਧੁਰ ਦਰਗਾਹ, ਹਰਿ ਆਪਣੀ ਆਪ ਚਲਾਈਆ । ਆਪ ਆਪਣੀ ਦਏ ਸਲਾਹ, ਆਪ ਆਪਣਾ ਮਤਾ ਪਕਾਈਆ । ਆਪ ਆਪਣਾ ਜਾਣੇ ਰਾਹ, ਆਪ ਆਪਣਾ ਮਾਰਗ ਲਾਈਆ । ਆਪ ਆਪਣੀ ਪਕੜੇ ਬਾਂਹ, ਆਪ ਆਪਣਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਬੇਪਰਵਾਹੀਆ । ਏਕੰਕਾਰਾ ਆਦਿ ਨਿਰੰਜਨ, ਏਕਾ ਏਕ ਅਖਵਾਇੰਦਾ । ਆਪ ਆਪਣਾ ਹੋਏ ਦਰਦ ਦੁੱਖ ਭੈ ਭੰਜਨ, ਰੋਗ ਸੋਗ ਨਾ ਕੋਈ ਰਖਾਇੰਦਾ । ਆਪ ਆਪਣਾ ਆਪਣੇ ਨੇਤਰ ਪਾਏ ਅੰਜਨ, ਆਪ ਆਪਣਾ ਗਿਆਨ ਦ੍ਰਿੜਾਇੰਦਾ । ਆਪ ਆਪਣੀ ਧੂੜੀ ਕਰੇ ਮਜਨ, ਆਪ ਆਪਣੀ ਮੈਲ ਗਵਾਇੰਦਾ । ਆਪ ਆਪਣਾ ਬਨਿਆ ਸੱਜਣ, ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਸਾਚਾ ਸੰਗ ਸਗਲਾ ਸੰਗ ਰਖਾਇੰਦਾ । ਆਪ ਆਪਣਾ ਕਾਰਜ ਕਰ, ਆਪ ਆਪਣੀ ਖ਼ੁਸ਼ੀ ਮਨਾਈਆ । ਆਪ ਆਪਣੇ ਅੱਗੇ ਧਰ, ਆਪੇ ਵੇਖ ਵਖਾਈਆ । ਆਪ ਆਪਣਾ ਚੁਕਾਏ ਡਰ, ਨਿਰਭੌ ਨਾਮ ਧਰਾਈਆ । ਆਪ ਆਪਣਾ ਦਏ ਹਰਿ, ਨਿਰਵੈਰ ਰੂਪ ਸਮਾਈਆ । ਆਪ ਆਪਣਾ ਜੇਹਾ ਲਏ ਕਰ, ਆਪ ਕਰੇ ਵਡਿਆਈਆ । ਏਕਾ ਮੂਰਤੀ ਵਸੇ ਏਕਾ ਘਰ, ਅਕਾਲ ਪੁਰਖ ਨਾਉਂ ਧਰਾਈਆ । ਜੋਤੀ ਜੋਤ ਸਰੂਪ

੩੯੩
੦੭

ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਇਕ ਅਕਾਲ ਏਕਾ ਮੂਰਤ, ਏਕਾ ਰੂਪ ਅਖਵਾਇਆ । ਏਕਾ ਨਾਦ ਏਕਾ ਤੂਰਤ, ਏਕਾ ਨਾਦ ਵਜਾਇਆ । ਏਕਾ ਮਨਸਾ ਏਕਾ ਪੂਰਤ, ਪਰਮ ਪੁਰਖ ਪਾਰਬ੍ਰਹਮ ਸਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਕਟਾਇਆ । ਆਪ ਆਪਣਾ ਅੰਗ ਕਟਾ, ਆਪਣੀ ਬਣਤ ਬਣਾਇੰਦਾ । ਆਪ ਆਪਣੀ ਮਾਰੇ ਸੱਟ, ਆਪ ਆਪਣਾ ਹੱਥ ਰਖਾਇੰਦਾ । ਆਪ ਆਪਣਾ ਵੇਖੇ ਘਟ ਘਟ, ਆਪ ਆਪਣਾ ਪੜਦਾ ਲਾਹਿੰਦਾ । ਆਪ ਆਪਣਾ ਵੇਖੇ ਹੱਟ, ਆਪ ਆਪਣਾ ਫੋਲ ਫੋਲਾਇੰਦਾ । ਆਪ ਆਪਣਾ ਵੇਖੇ ਤਟ, ਤਟ ਕਿਨਾਰਾ ਆਪ ਸੁਹਾਇੰਦਾ । ਆਪ ਆਪਣਾ ਰਸ ਲਏ ਚੱਟ, ਰਸਕ ਰਸਕ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵਰ ਵਡਿਆਇੰਦਾ । ਘਰ ਵਡਿਆਈ ਪਾਰਬ੍ਰਹਮ ਵਸੇ ਪੁਰਖ ਸੁਲਤਾਨ । ਏਕਾ ਕਰਮ ਏਕਾ ਜਰਮ, ਏਕਾ ਵਰਨ ਰਖਾਨ । ਨਾ ਕੋਈ ਸਹਿਸਾ ਨਾ ਕੋਈ ਭਰਮ, ਨਾ ਕੋਈ ਚਿੰਤਾ ਨਾ ਕੋਈ ਸੋਗ ਨਾ ਕੋਈ ਪੁਰਖ ਅੰਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਰੇ ਪਛਾਨ । ਆਪਣੀ ਆਪ ਕਰ ਪਛਾਨ, ਆਪਣਾ ਮੂਲ ਚੁਕਾਇਆ । ਆਪ ਆਪਣਾ ਕਰ ਧਿਆਨ, ਆਪ ਆਪਣਾ ਕੰਤ ਕੰਤੂਹਲ ਮਨਾਇਆ । ਆਪ ਆਪਣਾ ਕਰ ਗਿਆਨ, ਆਪ ਆਪਣੀ ਭੁੱਲ ਬਖ਼ਸ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਰਚਨ ਰਚਾਏ ਹਰਿ ਭਗਵੰਤ, ਏਕਾ ਧਾਰ ਬੰਧਾਇੰਦਾ । ਲੋਕਮਾਤ ਬਣਾਏ ਬਣਤ, ਜੁਗ ਜੁਗ ਵੇਸ ਵਟਾਇੰਦਾ । ਮੇਲ ਮਿਲਾਵਾ ਸਾਚੇ ਸੰਤਾ ਸਤਿਗੁਰ ਪੁਰਖ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਲੋਕਮਾਤ ਖੇਲ ਨਿਆਰਾ, ਜੁਗ ਜੁਗ ਆਪ ਕਰਾਇਆ । ਪਾਰਬ੍ਰਹਮ ਗੁਰ ਲਏ ਅਵਤਾਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਏਕਾ ਸ਼ਬਦ ਏਕਾ ਧੁਨਕਾਰਾ, ਗੁਰਮੁਖ ਸਾਚੇ ਲਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਮੇਲਾ ਮੇਲਣਹਾਰਾ, ਆਦਿ ਪੁਰਖ ਅਖਵਾਇੰਦਾ । ਗੁਰ ਚੋਲਾ ਸੋਹੇ ਇਕ ਦਵਾਰਾ, ਆਪ ਆਪਣੀ ਦਇਆ ਕਮਾਇੰਦਾ । ਭਗਤੀ ਭਰੇ ਨਾਮ ਭੰਡਾਰਾ, ਹਰਿ ਭਗਵਾਨ ਭਗਤੀ ਰੂਪ ਅਖਵਾਇੰਦਾ । ਆਪੇ ਮੰਗੇ ਮੰਗ ਦਵਾਰਾ, ਵਿਸ਼ਨ ਰੂਪ ਆਪ ਕਰਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਨਰ ਨਰੇਸ਼ਾ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਮਾਰ ਝਾਤ, ਆਪਣਾ ਹਿੱਸਾ ਦਹਿ ਦਿਸ਼ਾ ਚਾਰੋਂ ਕੁੰਟ ਆਪ ਵੰਡਾਇੰਦਾ । ਚਾਰੋਂ ਕੁੰਟ ਦਹਿ ਦਿਸ਼ਾ, ਦੇਵਣਹਾਰਾ ਬਾਕੀ । ਆਪ ਵੰਡਾਏ ਆਪਣਾ ਹਿੱਸਾ, ਹਰਿ ਸ਼ਾਹੋ ਪਾਕਨ ਪਾਕੀ । ਲੋਕਮਾਤ ਹਰਿ ਵਡਿਆਈ, ਹਰਿ ਆਪਣੀ ਆਪ ਕਰਾਇੰਦਾ । ਜੁਗ ਜੁਗ ਜੋਤ ਕਰੇ ਰੁਸ਼ਨਾਈ, ਹਰਿ ਹਰਿ ਵੇਖ ਵਖਾਇੰਦਾ । ਸੰਤ ਸੁਹੇਲੇ ਲਏ ਜਗਾਈ, ਸਤਿਗੁਰ ਦਇਆ ਕਮਾਇੰਦਾ । ਭਗਤਨ ਮੇਲੇ ਲਏ ਮਿਲਾਈ, ਮੇਲ ਵਿਛੋੜਾ ਆਪ ਕਟਾਇੰਦਾ । ਗੁਰਮੁਖ ਉਠਾਏ ਫੜ ਫੜ ਬਾਂਹੀ, ਦਰ ਦਰ ਫੇਰੀ ਪਾਇੰਦਾ । ਹਰਿਜਨ ਵੇਖੇ ਚਾਈਂ ਚਾਈਂ, ਘਰ ਘਰ ਕੁੰਡਾ ਲਾਹਿੰਦਾ । ਨਿਥਾਵਿਆਂ ਦੇਵੇ ਸਾਚਾ ਥਾਈਂ, ਧੁਰਦਰਗਾਹ ਸੁਹਾਇੰਦਾ । ਦੋ ਜਹਾਨਾਂ ਦੇਵੇ ਠੰਡੀਆਂ ਛਾਈਂ, ਸਦ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਇੰਦਾ । ਆਪਣਾ ਕਰਮ ਕਮਾਵਣਹਾਰਾ, ਅਕਾਲ ਮੂਰਤ ਅਜੂਨੀ । ਜੁਗ ਜੁਗ ਲੋਕਮਾਤ

੩੯੪
੦੨

ਲਏ ਅਵਤਾਰਾ, ਖੇਲੇ ਖੇਲ ਗੁਣ ਗੁਣੀ । ਗੁਰਮੁਖ ਸਾਜਣ ਪਾਵੇ ਸਾਰਾ, ਲੱਖ ਚੁਰਾਸੀ ਛਾਣੀ ਪੁਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ ਏਕਾ ਨਾਦ ਵਜਾਏ ਹਰਿ ਸ਼ਬਦ ਸਾਚੀ ਧੁਨੀ । ਧੁਨੀ ਸ਼ਬਦ ਨਾਦ ਅਨਾਦਾ ਏਕਾ ਏਕ ਵਜਾਇੰਦਾ । ਆਪ ਸੁਣਾਏ ਹਰਿ ਬ੍ਰਿਹਮਾਦਾ, ਪਾਰਬ੍ਰਹਮ ਨਾਮ ਧਰਾਇੰਦਾ । ਕਰਨਹਾਰਾ ਆਦਿ ਜੁਗਾਦਾ, ਜਗਤ ਜੁਗਤ ਬਣਾਇੰਦਾ । ਆਪੇ ਸੀਤਾ ਰਾਮ ਕ੍ਰਿਸ਼ਨਾ ਰਾਧਾ, ਆਪੇ ਰੂਪ ਵਟਾਇੰਦਾ । ਆਪ ਆਪਣਾ ਸਾਧਨ ਸਾਧਾ, ਸਤਿਜੁਗ ਤ੍ਰੇਤਾ ਦੁਆਪਰ ਲੇਖੇ ਲਾਇੰਦਾ । ਆਪੇ ਜਾਣੇ ਬੋਧ ਅਗਾਧਾ, ਤਾਲੀ ਤਾਲ ਵਜਾਇੰਦਾ । ਆਪ ਸੁਣਾਏ ਅਨਹਦ ਵਾਜਾ, ਅਨਰਾਗੀ ਰਾਗ ਅਲਾਇੰਦਾ । ਆਪ ਆਪਣਾ ਰਚਿਆ ਕਾਜਾ, ਆਪੇ ਵੇਖ ਵਖਾਇੰਦਾ । ਆਪੇ ਕਲਜੁਗ ਦੇਵਣਹਾਰਾ ਦਾਜਾ, ਆਪੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਿਰਪਾ ਆਪੇ ਆਪ ਕਰਾਇੰਦਾ । ਕਲਜੁਗ ਕਰਿਆ ਸਾਧਨ ਜੋਗ, ਧਰਮੀ ਧਰਮ ਕਮਾਇਆ । ਕੂੜ ਕੁੜਿਆਰਾ ਕਰਿਆ ਭੋਗ, ਮਾਇਆ ਮਮਤਾ ਲਏ ਉਪਾਇਆ । ਲੇਖਾ ਲਿਖਿਆ ਧੁਰ ਸੰਜੋਗ, ਨਾ ਸਕੇ ਕੋਈ ਤੁੜਾਇਆ । ਪੰਜ ਤਤ ਵਿਕਾਰਾ ਹਉਮੇ ਰੋਗ, ਕਾਇਆ ਮੰਦਰ ਤਨ ਵਸਾਇਆ । ਮਨੂਆ ਚੁਗੇ ਝੂਠੀ ਚੋਗ, ਗੁਰ ਕਾ ਗਿਆਨ ਹੱਥ ਨਾ ਆਇਆ । ਮਤ ਮਤੀ ਦਿਵਸ ਰੈਣ ਰਹੀ ਸੋਚ, ਸ਼ਬਦ ਨਿਸ਼ਾਨਾ ਨਾ ਕੋਈ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬੀਜ ਬਿਜਾਇਆ । ਕਲਜੁਗ ਤੇਰਾ ਬੂਟਾ ਲਾ, ਹਰਿ ਆਪਣਾ ਕਰਮ ਕਮਾਇੰਦਾ । ਤੇਰਾ ਲਹਿਣਾ ਤੇਰੀ ਝੋਲੀ ਪਾ, ਤੇਰਾ ਦਰਸ ਸੁਹਾਇੰਦਾ । ਤੇਰਾ ਬਸਤਰ ਤੇਰਾ ਗਹਿਣਾ ਤੇਰੇ ਤਨ ਦਏ ਛੁਹਾ, ਤੇਰਾ ਰੂਪ ਵਟਾਇੰਦਾ । ਤੇਰਾ ਕੱਜਲ ਤੇਰੇ ਨੈਣਾ ਪਾ, ਤੇਰੀ ਧਾਰ ਬੰਨ੍ਹਾਇੰਦਾ । ਤੇਰਾ ਭਾਣਾ ਗੁਰਮੁਖ ਸਹਿਣਾ, ਦੇ ਮਤ ਆਪ ਸਮਝਾਇੰਦਾ । ਆਪੇ ਜਾਣੇ ਆਪਣਾ ਕਹਿਣਾ, ਆਪੇ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸੂਸਾ ਤੇਰੇ ਤਨ ਪਹਿਨਾਇੰਦਾ । ਕਲਜੁਗ ਸੂਸਾ ਤਨ ਸ਼ੰਗਾਰ, ਹਰਿ ਸਾਚੇ ਆਪ ਕਰਾਇਆ । ਲੋਕਮਾਤ ਦੇ ਪਿਆਰ, ਧਰਤ ਮਾਤ ਗੋਦ ਉਠਾਇਆ । ਉਤੋਂ ਪਾਣੀ ਦਿਤਾ ਵਾਰ, ਤੀਰਥ ਤਟ ਨਾ ਕੋਈ ਸੁਹਾਇਆ । ਆਪੇ ਵੇਖੇ ਆਪਣਾ ਦਰ ਦਵਾਰ, ਦਰ ਦਰਵਾਜਾ ਲਏ ਖੁਲ੍ਹਾਇਆ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰ, ਅਗੰਮ ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਆਪਣੀ ਝੋਲੀ ਪਾਏ ਭਿਛਿਆ ਮੰਗਣਹਾਰ ਪਰਵਰਦਿਗਾਰ ਆਪਣੇ ਦਰ ਰਿਹਾ ਅਲੱਖ ਜਗਾਇਆ । ਆਪਣੇ ਦਰ ਅਲੱਖ ਜਗਾ, ਹਰਿ ਆਪਣੀ ਝੋਲੀ ਪਾਈਆ । ਸਤਿਜੁਗ ਵੇਖੇ ਸਾਚਾ ਥਾਂ, ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰੁੱਤ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਜੁਗ ਜੁਗ ਆਪ ਸੁਹਾਈਆ । ਤ੍ਰੇਤਾ ਤੇਰਾ ਕਰ ਪਿਆਰ, ਹਰਿ ਸਾਚੇ ਮੇਲ ਮਿਲਾਇਆ । ਰਾਮ ਰਾਮਾ ਕਰ ਤਿਆਰ, ਰਾਮ ਰਾਮਾ ਵਿਚ ਸਮਾਇਆ । ਦੁਆਪਰ ਤੇਰਾ ਤੋੜ ਹੰਕਾਰ, ਝੂਠਾ ਗੜ ਰਹਿਣ ਨਾ ਪਾਇਆ । ਲੇਖਾ ਲਿਖੇ ਅਪਰ ਅਪਾਰ, ਏਕਾ ਨੇਤਰ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਿਸ਼ਾਨਾ ਏਕਾ ਤੀਰ ਚਲਾਇਆ । ਕਲਜੁਗ ਤੇਰੀ ਕੂੜੀ ਰਾਸ, ਹਰਿ ਸਾਚੇ ਵੰਡ ਵੰਡਾਈਆ । ਇਕ ਵਸਤ ਤੇਰੇ ਰੱਖੇ ਪਾਸ, ਦਿਸ ਕਿਸੇ ਨਾ ਆਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਫੇਰਾ ਪਾਈਆ । ਲੱਖ ਚੁਰਾਸੀ ਵਸੇ ਆਸ ਪਾਸ, ਭਰਮੀ ਭਰਮ ਭੁਲਾਈਆ । ਜਨ


੩੯੫ ੦੨

ਭਗਤਾਂ ਦੇਵੇ ਇਕ ਧਰਵਾਸ, ਏਕਾ ਨਾਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਵੇਖੇ ਦਰ ਸੱਚਾ ਹਰਿ ਦਾਤਾ ਬੇਪਰਵਾਹੀਆ । ਘਰ ਮਰਦਾਨਾ ਘਰ ਮਿਹਰਵਾਨਾ, ਘਰ ਹੀ ਨਿਸ਼ਾਨਾ, ਘਰ ਹੀ ਆਪ ਲਗਾਇਆ । ਘਰ ਪਰਵਾਨਾ, ਘਰ ਗੁਣ ਨਿਧਾਨਾ, ਘਰ ਵੇਖਣਹਾਰ ਆਪ ਆਇਆ । ਘਰ ਜੋਧਾ ਘਰ ਸੂਰਾ ਘਰ ਬਲਵਾਨਾ, ਘਰ ਚਿੱਲਾ ਘਰ ਤੀਰ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਦਰ ਏਕਾ ਘਰ, ਹਰਿ ਸਾਚੇ ਵੇਖ ਵਖਾਇਆ । ਕਲਜੁਗ ਦਰ ਚਾਰ ਕੁੰਟ, ਦਹਿ ਦਿਸ਼ਾ ਬਣਤ ਬਣਾਈਆ । ਆਪੇ ਦੇਵਣਹਾਰਾ ਵਰ, ਈਸਾ ਮੂਸਾ ਲਏ ਉਪਾਈਆ । ਆਪਣਾ ਨੂਰ ਆਪੇ ਕਰ, ਪੰਜ ਤਤ ਕਰੇ ਰੁਸ਼ਨਾਈਆ । ਏਕਾ ਅੰਦਰ ਏਕਾ ਮੰਦਰ ਬੈਠਾ ਵੜ, ਨਾ ਕੋਈ ਲੇਖਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਛਾਹੀਆ । ਕਲਜੁਗ ਤੇਰਾ ਸਾਚਾ ਸ਼ਾਹ, ਹਰਿ ਹਰਿ ਨਾਨਕ ਰੂਪ ਵਟਾਇਆ । ਨਾਮ ਸੱਤ ਬਣ ਮਲਾਹ, ਬੇੜਾ ਰਿਹਾ ਚਲਾਇਆ । ਹੋਏ ਸਹਾਈ ਬੇਪਰਵਾਹ, ਏਕਾ ਮਾਰਗ ਲਾਇਆ । ਏਕਾ ਚੱਪੂ ਦਏ ਦਿਖਾ, ਨਿਰਗੁਣ ਸਰਗੁਣ ਰੂਪ ਵਟਾਇਆ । ਸਾਚਾ ਦਰ ਦਏ ਸੁਹਾ, ਆਪਣਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕਾਰ ਏਕਾ ਰੂਪ ਵਖਾਇਆ । ਏਕਾ ਰੂਪ ਇਕ ਅਕਾਰ, ਇਕ ਏਕੰਕਾਰ ਅਖਵਾਈਆ । ਏਕਾ ਐੜਾ ਅੱਲਾ ਅਲਾਹੀ ਯਾਰ, ਏਕਾ ਨਾਮ ਧਰਾਈਆ । ਈੜੀ ਇਸ਼ਟ ਅਪਰ ਅਪਾਰ, ਈਸ਼ ਜੀਵ ਭੇਵ ਨਾ ਰਾਈਆ । ਸੱਸਾ ਕਿਲਾ ਕਰ ਤਿਆਰ, ਗੁਰ ਨਾਨਕ ਬੈਠਾ ਡੇਰਾ ਲਾਈਆ । ਉਪਰ ਹੋੜਾ ਰੰਗ ਕਰਤਾਰ, ਦੋਵੇਂ ਮੁਖ ਭਵਾਈਆ । ਏਕਾ ਮੁਖ ਦਸਮ ਦੁਆਰ, ਦੂਸਰ ਸਤਿ ਪੁਰਖੇ ਵਿਚ ਸਮਾਈਆ । ਸ਼ਬਦ ਸਰੂਪੀ ਚਲੇ ਧਾਰ, ਆਰ ਪਾਰ ਸੁਹਾਈਆ । ਹਰਿ ਵਿਚੋਲਾ ਸਾਂਝਾ ਯਾਰ, ਦੋ ਜਹਾਨਾਂ ਵੇਖ ਵਖਾਈਆ । ਸੁਰਤੀ ਸ਼ਬਦ ਇਕ ਪਿਆਰ, ਏਕਾ ਰੰਗ ਰੰਗਾਈਆ । ਅਕਾਲ ਮੂਰਤੀ ਪਾਵੇ ਸਾਰ, ਕਾਦਰ ਕਰਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੱਸਾ ਸਤਿਗੁਰ ਪੁਰਖ ਮਨਾਈਆ । ਸੱਸਾ ਕਿਲਾ ਚਾਰ ਦਿਵਾਰ, ਚਾਰੋਂ ਕੁੰਟ ਵਹਾਈਆ । ਉਤਰ ਪੂਰਬ ਪੱਛਮ ਦੱਖਣ ਕਰ ਵਿਚਾਰ, ਏਕਾ ਰੰਗ ਰੰਗਾਈਆ । ਦੱਖਣ ਦਿਸ਼ਾ ਰਿਹਾ ਵਿਚਾਰ, ਹਰਿ ਆਪਣਾ ਮੁਖ ਭਵਾਈਆ । ਸੱਸੇ ਮੋੜਾ ਦੇਵਣਹਾਰ, ਏਕਾ ਕੁੰਡੀ ਲਾਈਆ । ਆਪੇ ਬੈਠਾ ਗੁਪਤ ਜ਼ਾਹਿਰ, ਦਿਸ ਕਿਸੇ ਨਾ ਆਈਆ । ਸੋ ਪੁਰਖ ਨਿਰੰਜਣ ਵਡ ਸਿਕਦਾਰ, ਹਰ ਘਟ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਰ ਦਏ ਸੁਹਾਈਆ । ਏਕਾ ਦਰ ਇਕ ਦਰਵਾਜਾ, ਹਰਿ ਸਾਚੇ ਆਪ ਰਖਾਇਆ । ਸੱਸੇ ਮੇਲ ਗ਼ਰੀਬ ਨਿਵਾਜ਼ਾ, ਹੋੜਾ ਉਪਰ ਲਾਇਆ । ਨਿਰਗੁਣ ਰਚਿਆ ਆਪੇ ਕਾਜਾ, ਸਰਗੁਣ ਮੇਲ ਮਿਲਾਇਆ । ਸੇਵਾ ਲਾਏ ਅਨਹਦ ਵਾਜਾ, ਤਾਰ ਸਤਾਰ ਹਿਲਾਇਆ । ਧੁਰਦਰਗਾਹੀ ਆਇਆ ਭਾਜਾ, ਆਪ ਆਪਣਾ ਰਾਹ ਤਕਾਇਆ । ਅਗੰਮ ਅਗੰਮੜੀ ਮਾਰੇ ਵਾਜਾ, ਆਪ ਆਪਣਾ ਰੂਪ ਵਟਾਇਆ । ਗੁਰ ਨਾਨਕ ਦੇਵੇ ਇਕ ਜਹਾਜਾ, ਸ੍ਰਿਸ਼ਟ ਸਬਾਈ ਲਏ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਅੱਖਰ ਈੜੀ ਵੱਖ ਦਏ ਕਰਾਇਆ । ਈੜੀ ਇਸ਼ਟ ਇਕ ਅਕਾਲਾ, ਐੜਾ ਅੱਖ ਖੁਲ੍ਹਾਈਆ । ਊੜਾ ਵੇਖੇ ਤ੍ਰੈ ਤ੍ਰੈ ਕਾਲਾ, ਤ੍ਰੈਲੋਕਾਂ ਪਾਰ ਕਰਾਈਆ । ਏਕੰਕਾਰਾ ਦੀਨ ਦਿਆਲਾ, ਜਨ ਭਗਤਾਂ ਰਾਹ ਤਕਾਇਆ । ਸੱਸਾ ਦੱਸੇ ਰਾਹ ਸੁਖਾਲਾ,

੩੯੬
੦੨

ਘਰ ਚੌਥੇ ਬੈਠਾ ਆਸਣ ਲਾਈਆ । ਹਰਿ ਪੁਰਖ ਬਣਾਈ ਸੱਚੀ ਧਰਮਸਾਲਾ, ਜਨ ਭਗਤਾਂ ਮੇਲ ਮਿਲਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਜਮ ਡੰਡ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸੋ ਪੁਰਖ ਨਿਰੰਜਣ ਖੋਲ੍ਹ ਦੁਆਰਾ, ਨਾਨਕ ਰੂਪ ਦਰਸਾਇਆ । ਆਪ ਆਪਣਾ ਕਰ ਉਜਿਆਰਾ, ਨੂਰੋ ਨੂਰ ਉਪਾਇਆ । ਜੋਤੀ ਜੋਤ ਕਰ ਆਧਾਰਾ, ਜੋਤੀ ਜੋਤ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦੁਆਰ ਦਏ ਦਿਖਾਇਆ । ਸੱਸਾ ਘਰ ਸਤਿਗੁਰ ਸੂਰਾ, ਸਰਬ ਕਲਾ ਅਖਵਾਇੰਦਾ । ਆਪ ਬਣਾਏ ਸਰਬ ਕਲ ਭਰਪੂਰਾ, ਨਾ ਕੋਈ ਮੇਟ ਮਿਟਾਇੰਦਾ । ਆਪੇ ਨੇੜੇ ਆਪੇ ਦੂਰਾ, ਨੇਰਨ ਨੇਰ ਆਪ ਹੋ ਜਾਇੰਦਾ । ਗੁਰ ਨਾਨਕ ਪਾਇਆ ਹਾਜ਼ਰ ਹਜ਼ੂਰਾ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸੇ ਤੇਰਾ ਸੁਹਾਏ ਦਰ, ਉਪਰ ਆਪਣਾ ਆਸਣ ਲਾਇੰਦਾ । ਸੱਸਾ ਤੇਰਾ ਸਾਚਾ ਘਰ, ਸਾਖ਼ਯਾਤ ਦਰਸਾਇਆ । ਗੁਰ ਨਾਨਕ ਮਿਲਿਆ ਸਾਚਾ ਵਰ, ਪਾਰਬ੍ਰਹਮ ਸਰਨਾਇਆ । ਦੋ ਜਹਾਨਾਂ ਚੁਕਿਆ ਡਰ, ਤੇਰਾ ਮੇਰਾ ਭੇਵ ਨਾ ਰਾਇਆ । ਨਾ ਕੋਈ ਨਾਰੀ ਨਾ ਕੋਈ ਨਰ, ਕਰਤਾ ਪੁਰਖ ਭੇਵ ਨਾ ਰਾਇਆ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਨਾ ਕੋਈ ਰਖਾਇਆ । ਸੱਸੇ ਕਿਲੇ ਜੋ ਗਿਆ ਵੜ, ਲੋਕਮਾਤ ਨਾ ਫੇਰਾ ਪਾਇਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਰਖਾਇਆ । ਜਗਤ ਵਿਦਿਆ ਨਾ ਜਾਏ ਪੜ੍ਹ, ਗਿਆਨ ਧਿਆਨ ਨਾ ਕੋਇ ਜਣਾਇਆ । ਜਿਸ ਜਨ ਫੜਾਇਆ ਆਪਣਾ ਲੜ, ਫੜ ਬਾਹੋਂ ਪਾਰ ਕਰਾਇਆ । ਨਾ ਕੋਈ ਗੋਰ ਨਾ ਕੋਈ ਮੜ, ਨਾ ਕੋਈ ਜਲ ਧਾਰ ਰੁੜ੍ਹਾਇਆ । ਪਾਰਬ੍ਰਹਮ ਸਤਿਗੁਰ ਪੂਰੇ ਸਰਨ ਸਰਨਾਈ ਜਾਏ ਪੜ, ਪ੍ਰਭ ਆਪਣੀ ਗੋਦ ਉਠਾਇਆ । ਲਹਿਣਾ ਦੇਣਾ ਚੁਕਾਏ ਬਹੱਤਰ ਨਾੜ ਤਿੰਨ ਸੌ ਸੱਠ ਹਾਡੀ ਮੇਟ ਮਿਟਾਇਆ । ਚਿੱਤਰ ਗੁਪਤ ਲਾੜੀ ਮੌਤ ਨਾ ਸਕੇ ਅੱਗੇ ਅੜ, ਗੁਰਸਿਖ ਬੈਠੇ ਸੀਸ ਝੁਕਾਇਆ । ਸਾਚੇ ਪੌੜੇ ਜਾਣਾ ਚੜ, ਹਰਿ ਸਾਚੇ ਆਪ ਚੜ੍ਹਾਇਆ । ਸਾਚੇ ਅੰਦਰ ਜਾਏ ਵੜ, ਸੱਸਾ ਕਿਲਾ ਬਣਾਇਆ । ਪੁਰਖ ਅਬਿਨਾਸ਼ੀ ਪਹਿਰਾ ਦੇਵੇ ਅੱਗੇ ਖੜ, ਨਿਰਗੁਣ ਰੂਪ ਵਟਾਇਆ । ਨਾ ਕੋਈ ਚੋਟੀ ਨਾ ਕੋਈ ਜੜ, ਨਾ ਕੋਈ ਅਕਾਰ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਸੁੱਤਾ ਦਏ ਜਗਾਇਆ । ਸਾਜਨ ਮੀਤ, ਸਤਿਗੁਰ ਆਪ ਕਰਾਇਆ । ਆਪੇ ਬੈਠਾ ਰਹੇ ਅਤੀਤ, ਘਰ ਆਪਣਾ ਆਪ ਸੁਹਾਇਆ । ਨਾ ਕੋਈ ਮੰਦਰ ਨਾ ਮਸੀਤ, ਗੁਰਦਵਾਰਾ ਸ਼ਿਵਦੁਆਲਾ ਮੱਠ ਨਾ ਕੋਈ ਬਣਾਇਆ । ਆਦਿ ਜੁਗਾਦੀ ਸਦਾ ਅਤੀਤ, ਨੱਠ ਨੱਠ ਹੱਥ ਕਿਸੇ ਨਾ ਆਇਆ । ਜੁਗ ਜੁਗ ਆਪੇ ਜਾਣੇ ਆਪਣੀ ਰੀਤ, ਹਰਿਜਨ ਸਾਚੇ ਇਕ ਇਕੱਠ ਚਰਨ ਦੁਆਰ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਵਖਾਇਆ । ਸੱਸਾ ਕਿਲਾ ਕਰ ਤਿਆਰ, ਹਾਹਾ ਬਣਤ ਬਣਾਈਆ । ਹਾਹਾ ਰੂਪ ਆਪ ਕਰਤਾਰ, ਏਕਾ ਅਲਫ ਰਿਹਾ ਖਿਚਾਈਆ । ਅੱਗੋਂ ਮੋੜਾ ਅਧ ਵਿਚਕਾਰ, ਨਾ ਤੋੜ ਕੋਈ ਚੜ੍ਹਾਈਆ । ਜੋੜਾ ਜੋੜੇ ਵਿਚ ਸੰਸਾਰ, ਆਪ ਆਪਣਾ ਅੰਗ ਕਟਾਈਆ । ਪੰਜ ਤਤ ਕਰ ਪਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪਾਵੇ ਸਾਰ, ਮਨ ਮਤ ਬੁੱਧ ਨਾਲ ਰਲਾਈਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਬ੍ਰਹਮ ਬ੍ਰਹਮ ਵਿਚ ਸਮਾਈਆ । ਬ੍ਰਹਮ ਬ੍ਰਹਮ ਕਰ ਪਸਾਰ, ਲੱਖ ਚੁਰਾਸੀ ਲਏ ਉਪਾਈਆ । ਅਗੰਮ ਅਗੰਮ ਆਪ ਕਰਤਾਰ, ਅਲੱਖ ਅਲੱਖ ਅਖਵਾਈਆ । ਨਾ ਮਰੇ ਨਾ ਪਏ ਜੰਮ, ਜੁਗ ਜੁਗ

੩੯੭
੦੨

ਵੱਡੀ ਵਡਿਆਈਆ । ਨਾ ਕੋਈ ਪਵਣ ਸਵਾਮੀ ਲਏ ਦਮ, ਨੇਤਰ ਨੀਰ ਨਾ ਕੋਈ ਵਹਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗਮ, ਲੱਖ ਚੁਰਾਸੀ ਆਪ ਬਣਾਏ ਆਪੇ ਲਏ ਮਿਟਾਈਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਆਪੇ ਜਾਣੇ ਆਪਣਾ ਕੰਮ, ਨਾ ਦੱਸੇ ਕਿਸੇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਅੱਗੇ ਅੱਖਰ ਧਰ, ਹਾਹਾ ਰੂਪ ਵਟਾਈਆ । ਹਾਹਾ ਤੇਰਾ ਹਰਿ ਗੁਣ ਗਾ, ਹਰਿ ਹਰਿ ਨਾਮ ਧਰਾਇਆ । ਆਪ ਆਪਣੀ ਵੰਡ ਵੰਡਾ, ਤੇਰੀ ਝੋਲੀ ਪਾਇਆ । ਤੇਰਾ ਮੇਰਾ ਭੇਵ ਨਾ ਰਾ, ਤੇਰਾ ਮੇਰੇ ਵਿਚ ਸਮਾਇਆ । ਉਤੇ ਟਿੱਪੀ ਦੇਵਾਂ ਲਾ, ਆਪ ਆਪਣਾ ਬੰਦ ਕਰਾਇਆ । ਹੇਠਾਂ ਮੁਖ ਖੁਲ੍ਹਾ ਦਿਆਂ ਰਖਾ, ਪੰਜ ਤਤ ਹੋਏ ਹਲਕਾਇਆ । ਮਨ ਮਤ ਨਾਲ ਰਲਾ, ਝੋਲੀ ਦਏ ਭਰਾਇਆ । ਗੁਰਮਤ ਆਪਣੇ ਸ਼ਬਦ ਰਖਾ, ਆਪਣਾ ਮੁਖ ਲਏ ਭਵਾਇਆ । ਗੁਰਮੁਖ ਸਾਚੇ ਲਏ ਜਗਾ, ਜੁਗ ਜੁਗ ਵੱਡੀ ਵਡਿਆਇਆ । ਇਕ ਅਕੱਲਾ ਜਾਣੇ ਆਪਣੇ ਨਾਂ, ਦੂਜਾ ਵੇਖ ਨਾ ਕੋਈ ਪਾਇਆ । ਤੀਜਾ ਦਰ ਨਾ ਦਏ ਸੁਹਾ, ਚੌਥੇ ਘਰ ਨਾ ਮਿਲੇ ਵਡਿਆਈਆ । ਪੰਜਵੇਂ ਗਾਏ ਨਾ ਸਾਚਾ ਨਾਂ, ਛੇਵੇਂ ਵੱਜੇ ਨਾ ਕੋਈ ਵਧਾਈਆ । ਸੱਤਵਾਂ ਦਰ ਦਿਸੇ ਨਾ, ਅੱਠ ਤਤ ਰਹੇ ਕੁਰਲਾਈਆ । ਨੌਂ ਨੌਂ ਹਰਿ ਵੇਖ ਵਖਾ, ਆਪਣੀ ਧਾਰ ਬੰਧਾਈਆ । ਦੋਹਾਂ ਮੇਲਾ ਦਏ ਮਿਲਾ ਆਪਣੀ ਕਲ ਵਰਤਾਈਆ । ਏਕਾ ਅਲਫ਼ ਦਏ ਖਿਚਾ, ਏਕਾ ਕੋਟ ਵਸਾਈਆ । ਉਪਰ ਮੋੜਾ ਦੇਵੇ ਪਾ, ਅਧਵਿਚਕਾਰੇ ਬੰਦ ਕਰਾਈਆ । ਦੋ ਦੋ ਨਾ ਵੇਖ ਵਿਚ, ਨੌਂ ਨੌਂ ਕਰੇ ਕੁੜਮਾਈਆ । ਏਕਾ ਚੌਕਾ ਸੰਗ ਰਲਾ, ਚਾਰੇ ਕੁੰਟਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਨੌਂ ਨੌਂ ਕਰ ਆਕਾਰ, ਹਰਿ ਚੌਕਾ ਨਾਲ ਰਲਾਇਆ । ਨੌ ਨੌ ਸੋਹੇ ਦਵਾਰ, ਦਵਾਰ ਬੰਕਾ ਇਕ ਸੁਹਾਇਆ । ਨੌਂ ਨੌਂ ਕਰ ਵਿਚਾਰ, ਚਾਰ ਯਾਰੀ ਮੇਲ ਮਿਲਾਇਆ । ਚਾਰ ਯਾਰੀ ਸੁਣ ਪੁਕਾਰ, ਨੌਂ ਦਵਾਰ ਫੇਰਾ ਪਾਇਆ । ਨੌਂ ਦਵਾਰ ਹਾਹਾਕਾਰ, ਨੌਂ ਖੰਡ ਹੋਏ ਹਲਕਾਇਆ । ਨੌਂ ਖੰਡ ਰਿਹਾ ਲਲਕਾਰ ਨਿਰਗੁਣ ਰੂਪ ਵਟਾਇਆ । ਨੌਂ ਦਰ ਮਿਲੇ ਨਾ ਮੀਤ ਮੁਰਾਰ, ਮਨਮੁਖ ਹੋਏ ਹਲਕਾਇਆ । ਚੌਥੇ ਜੁਗ ਪਾਵੇ ਸਾਰ, ਏਕਾ ਚੌਕਾ ਨਾਲ ਰਲਾਇਆ । ਚਾਰ ਨੌਂ ਏਕਾ ਧਾਰ, ਏਕਾ ਰੂਪ ਵਟਾਇਆ । ਨੌਂ ਦਰ ਵਸਿਆ ਬਾਹਰ, ਦਿਸ ਕਿਸੇ ਨਾ ਆਇਆ । ਨੌਂ ਨੌਂ ਕਰੇ ਪਾਰ, ਪਾਰਬ੍ਰਹਮ ਰੂਪ ਅਖਵਾਇਆ । ਚੌਥਾ ਪਦ ਸੱਚੀ ਸਰਕਾਰ, ਗੁਰਮੁਖਾਂ ਰਿਹਾ ਦਵਾਇਆ । ਆਪੇ ਬੈਠਾ ਅਧਵਿਚਕਾਰ, ਏਕਾ ਚੱਪੂ ਨਾਮ ਲਗਾਇਆ । ਕਲਜੁਗ ਬੇੜਾ ਕਰ ਤਿਆਰ, ਆਪ ਆਪਣਾ ਰਿਹਾ ਚਲਾਇਆ । ਹਾਹਾ ਤੇਰੀ ਸੁਣ ਪੁਕਾਰ, ਹੰਗਤਾ ਦਏ ਮਿਟਾਇਆ । ਪਾਰਬ੍ਰਹਮ ਰੂਪ ਕਰਤਾਰ, ਜੀਵ ਬ੍ਰਹਮ ਹੋਏ ਸਹਾਇਆ । ਆਤਮ ਬ੍ਰਹਮ ਪਾਵੇ ਸਾਰ, ਮੇਲ ਵਿਛੋੜਾ ਦਏ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਨੌਂ ਅੱਗੇ ਧਰ, ਚੌਕਾ ਵੇਖ ਵਖਾਇਆ । ਨੌਂ ਸਦ ਨੌਂ ਚਾਰ, ਹਰਿ ਹਰਿ ਰੂਪ ਵਟਾਇਆ । ਅਗਾਧ ਬੋਧ ਲੇਖ ਅਪਾਰ, ਲੇਖਾ ਲਿਖਤ ਵਿਚ ਨਾ ਆਇਆ । ਸਾਧ ਸੰਤ ਰਹੇ ਵਿਚਾਰ, ਪ੍ਰਭ ਕਾ ਭੇਵ ਕਿਸੇ ਨਾ ਪਾਇਆ । ਜੁਗਾ ਜੁਗੰਤਾ ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਹਾਹਾ ਮੇਲ ਮਿਲਾਇਆ । ਸੱਸਾ ਸੋਹੇ ਹਰਿ ਨਿਰੰਕਾਰ, ਹਾਹਾ ਹੰ ਅਖਵਾਈਆ । ਅੰਗ ਸੰਗ ਆਪ ਕਰਤਾਰ, ਆਪਣਾ ਰੰਗ ਰੰਗਾਈਆ । ਆਪਣੀ ਮੰਗ ਮੰਗ ਦਵਾਰ, ਆਪਣੀ ਇਛਿਆ ਪੂਰ ਕਰਾਈਆ । ਕਲਜੁਗ ਮਲੰਗ ਬਣੇ ਭਿਖਾਰ, ਰੋਵੇ

ਕੂਕੇ ਦਏ ਦੁਹਾਈਆ । ਕਾਲਾ ਸੂਸਾ ਤਨ ਸ਼ੰਗਾਰ, ਈਸਾ ਮੂਸਾ ਨਾਲ ਰਲਾਈਆ । ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਉਠ ਉਠ ਧਾਈਆ । ਨੇਤਰ ਰੋਵੇ ਜ਼ਾਰੋ ਜ਼ਾਰ, ਖੁਲੜੇ ਕੇਸ ਸੀਸ ਲਟਕਾਈਆ । ਚਾਰ ਕੁੰਟਾਂ ਵੇਖੇ ਹਰਿ ਨਿਰੰਕਾਰ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਵਖਾਇਆ ਇਕ ਘਰ, ਅਗੰਮ ਅਗੰਮੜਾ ਧਾਮ ਸੁਹਾਈਆ । ਨਾਨਕ ਗਿਆ ਹਰਿ ਦਵਾਰ, ਹਰਿ ਸਾਚੇ ਆਪ ਬੁਲਾਇਆ । ਪੁਰਖ ਅਬਿਨਾਸ਼ੀ ਖੋਲ੍ਹ ਕਿਵਾੜ, ਆਪਣਾ ਦਰਸ ਦਿਖਾਇਆ । ਲੇਖਾ ਲਿਖ ਨਾ ਸਕਿਆ ਕੋਈ ਜੀਵ ਗਵਾਰ, ਗੁਰ ਨਾਨਕ ਆਪਣੀ ਹੱਥੀਂ ਨਾ ਲੇਖ ਲਿਖਾਇਆ । ਧੰਨ ਸੋ ਭਾਗ ਦਿਹਾੜ ਸਤਾਰਾਂ ਹਾੜ, ਨਾਨਕ ਨਿਰਗੁਣ ਰੂਪ ਸਮਾਇਆ । ਪੁਰਖ ਅਬਿਨਾਸ਼ੀ ਆਪਣੇ ਘਰ ਲਿਆ ਵਾੜ, ਆਪ ਆਪਣਾ ਭੇਵ ਖੁਲ੍ਹਾਇਆ । ਅਗਨੀ ਬੁਝੀ ਬਹੱਤਰ ਨਾੜ, ਏਕਾ ਤਤ ਸਮਾਇਆ । ਲਹਿਣਾ ਦੇਣਾ ਚੁੱਕਿਆ ਪੰਚਮ ਧਾੜ, ਸ਼ਬਦੀ ਸ਼ਬਦ ਰਖਾਇਆ । ਸਤਿ ਨਾਮ ਕਾਇਆ ਮੰਦਰ ਅੰਦਰ ਦੇਵੇ ਵਾੜ, ਆਪਣੀ ਹੱਥੀਂ ਬੰਦ ਕਰਾਇਆ । ਪ੍ਰਭ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੂਲ ਚੁਕਾਇਆ । ਨਾਨਕ ਦਰਸ ਹਰਿ ਹਰਿ ਪਾ, ਏਕਾ ਗੁਣ ਅਲਾਇੰਦਾ । ਤੇਰਾ ਰੂਪ ਤੇ ਵਡ ਕੋਈ ਜਾਣੇ ਨਾ, ਨਾ ਕੋਈ ਲੇਖ ਲਿਖਾਇੰਦਾ । ਨਾ ਨੈਣ ਲਏ ਖੁਲ੍ਹਾ, ਨੈਣ ਨੈਣ ਸਮਾਇੰਦਾ । ਬਿਮਲ ਪਦ ਏਕਾ ਪਾ, ਏਕਾ ਧਾਰ ਚਲਾਇੰਦਾ । ਹੱਦ ਬੇਹੱਦ ਬੇਪਰਵਾਹ, ਬ੍ਰਹਿਮਦ ਵੇਖ ਵਖਾਇੰਦਾ । ਆਦਿ ਜੁਗਾਦਿ ਤੇਰਾ ਏਕਾ ਥਾਂ, ਏਕਾ ਧਾਮ ਸੁਹਾਇੰਦਾ । ਜੁਗ ਜੁਗ ਤੇਰਾ ਤੇਰਾ ਨਾਂ, ਤੇਰਾ ਜਾਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੇਤਰ ਇਕ ਗਿਆਨ, ਏਕਾ ਚਰਨ ਇਕ ਧਿਆਨ ਏਕਾ ਸ਼ਬਦ ਇਕ ਨਿਸ਼ਾਨ, ਏਕਾ ਰਾਹ ਚਲਾਇੰਦਾ । ਏਕਾ ਸ਼ਬਦ ਇਕ ਨਿਸ਼ਾਨਾ, ਏਕਾ ਗੁਰ ਪਾਇਆ । ਏਕ ਹਰਿ ਧੁਰ ਫ਼ਰਮਾਣਾ, ਏਕਾ ਹਰਿ ਰਖਾਇਆ । ਏਕਾ ਰਾਗ ਏਕਾ ਗਾਣਾ, ਏਕਾ ਰਿਹਾ ਸੁਣਾਇਆ । ਇਕ ਸਤਾਰ ਇਕ ਮਰਦਾਨਾ, ਨਾਨਕ ਨਿਰੰਕਾਰ ਨਿਰੰਕਾਰ ਸਮਾਇਆ । ਪਾਰ ਕਰਾਏ ਦੋ ਜਹਾਨਾਂ, ਜਿਸ ਜਨ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਏ ਸਮਝਾਇਆ । ਨਾਨਕ ਸਤਿਗੁਰ ਕਰ ਵਿਚਾਰ, ਜੀਵ ਜੰਤ ਸਮਝਾਇੰਦਾ । ਨਾਮ ਸਤਿ ਦਏ ਅਪਾਰ, ਸਤਿ ਸਤਿ ਵਿਚ ਸਮਾਇੰਦਾ । ਰੱਤ ਤਤ ਕਰ ਪਿਆਰ, ਏਕਾ ਮੱਤ ਰਖਾਇੰਦਾ । ਰੱਖੀ ਪੱਤ ਅੰਤਮ ਵਾਰ, ਦੋਏ ਜੋੜ ਸੀਸ ਝੁਕਾਇੰਦਾ । ਕਮਲਾਪਤ ਮੀਤ ਮੁਰਾਰ, ਕਰ ਪਿਆਰ ਗਲੇ ਲਗਾਇੰਦਾ । ਸ਼ਬਦ ਵਥ ਵਿਚ ਸੰਸਾਰ, ਸਾਚਾ ਰਥ ਚਲਾਇੰਦਾ । ਸ੍ਰਿਸ਼ਟ ਸਬਾਈ ਦਏ ਮਥ, ਚਾਰੋਂ ਕੁੰਟ ਫਿਰਾਇੰਦਾ । ਲਹਿਣਾ ਦੇਣ ਚੁਕਾਏ ਸੀਆਂ ਸਾਡੇ ਤਿੰਨ ਹੱਥ, ਆਪ ਆਪਣੀ ਵੰਡ ਵੰਡਾਇੰਦਾ । ਤੇਰਾ ਨਾਮ ਤੇਰੀ ਪੂਜਾ ਤੇਰਾ ਪਾਠ, ਚਾਰ ਵਰਨਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਵੇਖ ਵਖਾਇੰਦਾ । ਤੇਰਾ ਨਾਮ ਜਗਤ ਸਹਾਰਾ, ਹਰਿ ਸਾਚਾ ਆਪ ਬਣਾਇੰਦਾ । ਸੋਹੰ ਸ਼ਬਦ ਹੋਏ ਜੈਕਾਰਾ, ਕਲਜੁਗ ਅੰਤਮ ਰਾਹ ਤਕਾਇੰਦਾ । ਚਾਰ ਵਰਨਾਂ ਕਰੇ ਇਕ ਪਿਆਰਾ, ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਰ ਝੋਲੀ ਪਾਇੰਦਾ । ਆਪਣਾ ਸ਼ਬਦ ਆਪੇ ਗਾ, ਆਪਣੇ ਤਨ ਸੁਹਾਇਆ । ਆਪਣਾ ਢੋਲਾ ਆਪੇ ਅਲ੍ਹਾ, ਆਪਣਾ ਆਪ ਸੁਣਾਇਆ । ਆਪਣਾ ਤੋਲਾ ਆਪ ਅਖਵਾ, ਆਪਣਾ ਤੋਲ ਤੁਲਾਇਆ । ਆਪਣਾ ਬੋਲਾ ਆਪ ਬੁਲਾ,



੩੯੯ ੦੨



Rev-01

ਆਪ ਆਪਣੇ ਕੰਨ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਦਿਤਾ ਏਕਾ ਵਰ, ਏਕਾ ਸ਼ਬਦ ਸੁਣਾਇਆ । ਸੋਹੰ ਸ਼ਬਦ ਸਾਚਾ ਤਾਲ, ਗੁਰ ਨਾਨਕ ਤਨ ਵਜਾਇੰਦਾ । ਆਪਣੀ ਘਾਲ ਆਪੇ ਘਾਲ, ਆਪੇ ਪੂਰ ਕਰਾਇੰਦਾ । ਆਪਣੀ ਵਸਤ ਆਪ ਸੰਭਾਲ, ਆਪਣੀ ਝੋਲੀ ਪਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਧੰਨ ਧਨਾਢ ਆਪ ਹੋ ਜਾਇੰਦਾ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਸੱਸਾ ਹਾਹਾ ਕਰ ਉਜਿਆਰਾ, ਸੋਹੰ ਜੋੜ ਜੁੜਾਇਆ । ਸੋ ਪੁਰਖ ਨਿਰੰਜਣ ਪਰਵਰਦਿਗਾਰਾ, ਹੰ ਹੰਗਤਾ ਦਏ ਮਿਟਾਇਆ । ਏਕਾ ਦੂਜਾ ਭੌ ਨਿਵਾਰਾ, ਸਾਚੀ ਸੰਗਤਾ ਮੇਲ ਮਿਲਾਇਆ । ਜੋ ਦਰ ਆਏ ਭੁੱਖਾ ਨੰਗਤਾ, ਹਰਿ ਸ਼ਬਦੀ ਸ਼ਬਦ ਭੰਡਾਰ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੇਤਰ ਇਕ ਗਿਆਨ, ਇਕ ਪੁਰਖ ਇਕ ਧਿਆਨ, ਏਕਾ ਨਾਮ ਦ੍ਰਿੜਾਇਆ । ਸੋਹੰ ਸ਼ਬਦ ਨਾਨਕ ਗੁਰ ਗਾ, ਆਪਣੀ ਅਲੱਖ ਜਗਾਈਆ । ਪਾਰਬ੍ਰਹਮ ਪ੍ਰਭ ਲੇਖੇ ਲਵੇ ਲਾ, ਕਲਜੁਗ ਅੰਤਮ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਦਏ ਸੁਣਾ, ਸੱਤਾਂ ਦੀਪਾਂ ਕਰੇ ਜਣਾਈਆ । ਬ੍ਰਹਮਾ ਫੜ ਫੜ ਲਏ ਉਠਾ, ਸ਼ਿਵ ਸ਼ੰਕਰ ਜਾਗ ਖੁਲ੍ਹਾਈਆ । ਸੁਰਪਤ ਰਾਜਾ ਇੰਦ ਜਾਗ ਦਏ ਖੁਲ੍ਹਾ, ਕਰੋੜ ਤੇਤੀਸਾ ਵੇਖ ਵਖਾਈਆ । ਲੱਖ ਚੁਰਾਸੀ ਲਏ ਪਰਨਾ, ਏਕਾ ਗਾਨਾਂ ਤੰਦ ਬੰਧਾਈਆ । ਏਕਾ ਦੂਜਾ ਦਏ ਪੜ੍ਹਾ, ਸਾਚੀ ਸਿਖਿਆ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਕਰੇ ਵਡਿਆਈਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਹਰਿ ਉਪਾਇੰਦਾ । ਏਕਾ ਗੁਰ ਇਕ ਅਵਤਾਰਾ, ਏਕਾ ਧਾਰ ਬੰਧਾਇੰਦਾ । ਏਕਾ ਰਾਗ ਏਕਾ ਤਲਵਾੜਾ, ਏਕਾ ਤਾਲ ਵਜਾਇੰਦਾ । ਏਕਾ ਧਰਤ ਇਕ ਅਖਾੜਾ, ਏਕਾ ਧਰਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਮਾਤ ਵਡਿਆਇੰਦਾ । ਸੋਹੰ ਸ਼ਬਦ ਹਰਿ ਭਗਵਾਨਾ, ਆਪਣਾ ਰੂਪ ਦਰਸਾਇਆ । ਆਪ ਆਪਣੀ ਕਰ ਪਛਾਨਾ, ਆਪ ਆਪਣਾ ਵੇਖ ਵਖਾਇਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਵੇਲੇ ਅੰਤਮ ਲਏ ਉਠਾਇਆ । ਏਕਾ ਮਾਰੇ ਤੀਰ ਨਿਸ਼ਾਨਾ, ਬਜਰ ਕਪਾਟੀ ਪਾਰ ਕਰਾਇਆ । ਏਕਾ ਬਖ਼ਸ਼ੇ ਚਰਨ ਧਿਆਨਾ, ਨਾਮ ਹਾਟੀ ਸਚ ਵਿਕਾਇਆ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਸ੍ਰਿਸ਼ਟ ਸਬਾਇਆ । ਸ੍ਰਿਸ਼ਟ ਸਬਾਈ ਕਰੇ ਮਾਨ ਅਭਿਮਾਨਾ, ਗੜ ਹੰਕਾਰੀ ਰਹਿਣ ਨਾ ਪਾਇਆ । ਜਨ ਭਗਤਾਂ ਬਖ਼ਸ਼ੇ ਜੀਆ ਦਾਨਾ, ਸਿਰ ਆਪਣਾ ਹੱਥ ਟਿਕਾਇਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹਰਿ ਮਿਹਰਵਾਨਾ, ਮਿਹਰਵਾਨਾ ਨਾਮ ਧਰਾਇਆ । ਦੀਪਕ ਜੋਤੀ ਜਗੇ ਮਹਾਨਾ, ਪੰਜ ਤਤ ਨਾ ਕੋਈ ਰਖਾਇਆ । ਗੁਰ ਗੋਬਿੰਦਾ ਕਰ ਪਰਵਾਨਾ, ਸ਼ਬਦ ਸਿੰਘਾਸਣ ਆਸਣ ਲਾਇਆ । ਸੰਬਲ ਨਗਰੀ ਇਕ ਟਿਕਾਨਾ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਕਿਸੇ ਹੱਥ ਨਾ ਆਏ ਵਡ ਵਿਦਵਾਨਾ, ਪੜ੍ਹ ਪੜ੍ਹ ਥੱਕੇ ਧਿਆਨ ਲਗਾਇਆ । ਬਹਿ ਬਹਿ ਕਰਨ ਗੋਝ ਗਿਆਨਾ, ਮਨ ਕਾ ਮਣਕਾ ਨਾ ਕੋਈ ਭਵਾਇਆ । ਅੱਠ ਸੱਠ ਤੀਰਥ ਕਰ ਅਸ਼ਨਾਨਾ, ਦੁਰਮਤ ਮੈਲ ਨਾ ਕੋਈ ਗਵਾਇਆ । ਰਾਗੀ ਨਾਦੀ ਬਹਿ ਬਹਿ ਗਾਣ ਗਾਣਾ, ਗਾਵਣਹਾਰਾ ਦਿਸ ਨਾ ਆਇਆ । ਸਾਧ ਸੰਤ ਹੋਏ ਬੇਪਛਾਨਾ, ਸਾਚਾ ਦਰ ਨਾ ਕੋਈ ਸੁਹਾਇਆ । ਭਰਮੇ ਭੁੱਲੇ ਰਾਜਾ ਰਾਣਾ, ਭਰਮ ਗੜ ਨਾ ਕੋਈ ਤੁੜਾਇਆ । ਜੀਵ ਜੰਤ ਹੋਏ ਹੈਰਾਨਾ, ਜੀਵ ਬ੍ਰਹਮ ਨਾ ਕੋਈ ਜਣਾਇਆ । ਗੁਰਮੁਖ ਸਾਚਾ ਹੋਏ ਨਿਮਾਣਾ, ਪ੍ਰਭ ਚਰਨੀ ਸੀਸ ਨਿਵਾਇਆ । ਦੇਵੇ ਸ਼ਬਦ ਧੁਰ ਫ਼ਰਮਾਣਾ,

ਸੋਹੰ ਜਾਪ ਜਪਾਇਆ । ਗੁਰ ਨਾਨਕ ਆਤਮ ਬੱਧਾ ਗਾਨਾ, ਨਾ ਕੋਈ ਸਕੇ ਤੋੜ ਤੁੜਾਇਆ । ਪਾਰਬ੍ਰਹਮ ਪੁਰਖ ਸੁਲਤਾਨਾ, ਲੋਕਮਾਤ ਵੇਖਣ ਆਇਆ । ਸਾਲ ਬਵੰਜਾ ਮੁਖ ਛੁਪਾਨਾ, ਉਪਰ ਪੜਦਾ ਪਾਇਆ । ਹੱਡ ਮਾਸ ਨਾੜੀ ਚਮੜਾ ਰਕਤ ਬੂੰਦ ਕਰ ਪਰਵਾਨਾ, ਸ਼ੇਰ ਸਿੰਘ ਨਾਮ ਧਰਾਇਆ । ਵੀਹ ਸੌ ਬਿਕ੍ਰਮੀ ਹੋ ਪਛਾਨਾ, ਆਪ ਆਪਣੇ ਘਰ ਸਿਧਾਇਆ । ਥਿਰ ਘਰ ਬੈਠਾ ਮੱਲ ਟਿਕਾਣਾ, ਤ੍ਰੈਗੁਣ ਵਿਚ ਨਾ ਆਇਆ । ਆਪੇ ਇਛਿਆ ਆਪੇ ਦਸਾਨਾ, ਆਪ ਆਪਣਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਸਾਲ ਬਵੰਜਾ ਕਾਲੀ ਧਾਰ, ਮੁਖ ਕਾਲੀ ਸ਼ਾਹੀਆ । ਪਾਰਬ੍ਰਹਮ ਲੈ ਅਵਤਾਰ, ਪੰਜ ਤਤ ਕਰੀ ਕੁੜਮਾਈਆ । ਭਰਮ ਭੁਲਿਆ ਸਰਬ ਸੰਸਾਰ, ਸੋਇਆ ਸੁਤ ਇਕ ਜਗਾਈਆ । ਮਨੀ ਸਿੰਘ ਢਹਿ ਪਿਆ ਚਰਨ ਦਵਾਰ, ਹਰਿ ਮੂੰਹ ਦੇ ਭਾਰ ਸੁਟਾਈਆ । ਉਪਰ ਪਾਇਆ ਆਪਣਾ ਭਾਰ, ਅਵਣ ਗਵਣ ਪਰੇ ਹਟਾਈਆ । ਜਗੀ ਜੋਤ ਇਕ ਨਿਰੰਕਾਰ, ਅੱਠੇ ਪਹਿਰ ਰਹੇ ਰੁਸ਼ਨਾਈਆ । ਆਏ ਸ਼ਬਦ ਧੁਰ ਦੀ ਬਾਣ, ਹਰਿ ਜੁਗ ਜੁਗ ਆਪ ਕਰਾਈਆ । ਖਾਣੀ ਬਾਣੀ ਨਾ ਸਕੇ ਕਰ ਕੋਈ ਪਛਾਣ, ਪ੍ਰਭ ਤੇਰੀ ਵਡ ਵਡਿਆਈਆ । ਸਤਿ ਸਤਿਗੁਰ ਮਿਲੇ ਹਾਣੀਆਂ ਹਾਣ, ਸ਼ਬਦ ਵਿਚੋਲਾ ਇਕ ਬਣਾਈਆ । ਸਾਚੀ ਸਵਾਣੀ ਹੋ ਪਰਧਾਨ, ਘਰ ਮਿਲਿਆ ਬੇਪਰਵਾਹੀਆ । ਮਿਲਿਆ ਕੰਤ ਬੇਪਛਾਨ, ਨਾ ਸਕੇ ਕਿਸੇ ਵਖਾਈਆ । ਅੱਠੇ ਪਹਿਰ ਰੰਗ ਰਿਹਾ ਰੰਗਾਨ, ਏਕਾ ਸੇਜ ਹੰਢਾਈਆ । ਪੁਰਖ ਅਬਿਨਾਸ਼ੀ ਵਡ ਬਲਵਾਨ, ਸਾਚੀ ਨਾਰ ਕਰੇ ਕੁੜਮਾਈਆ । ਸਾਚੀ ਨਾਰ ਹੋ ਪਰਧਾਨ, ਘਰ ਬੈਠੀ ਸੇਜ ਵਿਛਾਈਆ । ਆਪਣੇ ਦਰ ਆਪਣਾ ਮੰਗਲ ਆਪੇ ਗਾਣ, ਏਕਾ ਰੀਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਏ ਜਣਾਈਆ । ਸਾਲ ਬਵੰਜਾ ਕਲਜੁਗ ਚੋਲਾ, ਪੰਜ ਤਤ ਹੰਢਾਇਆ । ਸੋਹੰ ਸ਼ਬਦ ਵਿਚ ਵਿਚੋਲਾ, ਗੁਰ ਪੂਰੇ ਆਪ ਰਖਾਇਆ । ਸੰਤ ਮਨੀ ਸਿੰਘ ਸੁਣੇ ਏਕਾ ਢੋਲਾ, ਏਕਾ ਲਿਵ ਚਿਤ ਲਾਇਆ । ਚਰਨ ਦਵਾਰੇ ਹੋਇਆ ਗੋਲਾ, ਸੇਵਕ ਸੇਵ ਕਮਾਇਆ । ਪਾਰਬ੍ਰਹਮ ਪ੍ਰਭ ਬਣਿਆ ਭੋਲਾ, ਜੀਵਾਂ ਜੰਤਾਂ ਵਿਚ ਡੇਰਾ ਲਾਇਆ । ਆਪ ਆਪਣਾ ਰੱਖਿਆ ਉਹਲਾ, ਮਾਤ ਪਿਤ ਭਾਈ ਭੈਣ ਭਰਾ ਸੱਜਣ ਸਾਕ ਕਿਸੇ ਹੱਥ ਨਾ ਆਇਆ । ਗੁਰਸਿਖ ਭਾਗ ਲਗਾਇਆ ਕਾਇਆ ਚੋਲਾ, ਅੰਦਰ ਬਹਿ ਬਹਿ ਆਪੇ ਬੋਲਾ, ਜਿਉਂ ਨਾਨਕ ਬਣਿਆ ਸਾਚਾ ਤੋਲਾ, ਤੇਰਾਂ ਤੇਰਾਂ ਧਾਰ ਚਲਾਇਆ । ਸਾਚੀ ਧਰਤੀ ਆਪੇ ਮੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਲ ਬਵੰਜਾ ਲਾਏ ਲੇਖੇ, ਭਰਮ ਭੁਲੇਖੇ ਧਾਰੀ ਕੇਸੇ ਵੇਖੇ ਧਾਰੀ ਕੇਸਾ ਭੇਵ ਨਾ ਰਾਇਆ । ਸੰਤ ਮਨੀ ਸਿੰਘ ਕਰ ਜਣਾਈ, ਆਪਣਾ ਭੇਵ ਖੁਲ੍ਹਾਇਆ । ਆਪਣਾ ਮੁਖ ਰਿਹਾ ਛੁਪਾਈ, ਸੰਤਨ ਸੇਵਾ ਲਾਇਆ । ਸੰਤਾਂ ਦੇਵੇ ਇਕ ਵਧਾਈ, ਏਕਾ ਰਾਗ ਅਲਾਇਆ । ਅੱਠੇ ਪਹਿਰ ਕਲਮ ਚਲਾਈ, ਭੁੱਲ ਰਹੇ ਨਾ ਰਾਇਆ । ਆਪੇ ਦੇਵਣਹਾਰ ਸਜਾਈ, ਆਪੇ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸ਼ਬਦ ਆਪੇ ਬੰਦ ਕਰ, ਬੰਦੀਖਾਨਾ ਆਪਣਾ ਆਪ ਕਟਾਇਆ । ਸ਼ਬਦ ਰਖਾਇਆ ਖਾਨੇ ਬੰਦ, ਭੇਵ ਨਾ ਰਾਜ ਰਾਜਾਨਾ । ਸੰਤ ਮਨੀ ਸਿੰਘ ਵੇਖੇ ਚੜ੍ਹਿਆ ਚੰਦ, ਹੋਏ ਰੁਸ਼ਨਾਈ ਦੋ ਜਹਾਨਾਂ । ਮਨਮੁਖ ਜੀਵ ਭਾਗਾਂਮੰਦ, ਨਾ ਕਰੇ ਕੋਈ ਪਛਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਨਾ । ਆਪਣੀ ਲਿਖਤ ਆਪ ਲਿਖਾ, ਆਪੇ ਬੰਦ ਕਰਾਈਆ । ਸ੍ਰਿਸ਼ਟ ਸਬਾਈ ਮਿਥਿਆ ਦਏ ਜਣਾ, ਵੇਲਾ ਵਕਤ ਸੁਹਾਈਆ । ਲੇਖਾ

ਲਿਖਿਆ ਦਏ ਪੁਚਾ, ਸ਼ਾਹ ਸੰਗਰੂਰ ਉਠਾਈਆ । ਅੰਤਮ ਵੇਲਾ ਨੇੜੇ ਰਿਹਾ ਆ, ਪ੍ਰਭ ਦੇਵਣਹਾਰ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪੇ ਰਿਹਾ ਖਿਲਾਈਆ । ਆਪਣੀ ਖੇਲ ਆਪ ਖਿਲਾ, ਆਪਣੀ ਕਾਰ ਕਰਾਇਆ । ਆਪਣਾ ਮੇਲਾ ਆਪ ਮਿਲਾ, ਤੋੜ ਵਿਛੋੜਾ ਆਪ ਜਣਾਇਆ । ਸੰਤ ਮਨੀ ਸਿੰਘ ਲੇਖੇ ਲਾ, ਲਹਿਣਾ ਲਹਿਣ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਦਰ ਸੁਹਾਇਆ । ਸਾਲ ਬਵੰਜਾ ਜਗਤ ਸਿੰਘਾਸਣ, ਪੰਜ ਤਤ ਹੰਢਾਇਆ । ਅੰਤਮ ਤਜਿਆ ਪੁਰਖ ਅਬਿਨਾਸ਼ਨ, ਬ੍ਰਹਿਮੰਡ ਪਾਰ ਕਰਾਇਆ । ਚਰਨਾ ਹੇਠ ਦਬਾਏ ਪ੍ਰਿਥਮੀ ਅਕਾਸ਼ਨ, ਰਵ ਸਸ ਰਹੇ ਸ਼ਰਮਾਇਆ । ਆਪਣੇ ਘਰ ਕਰਿਆ ਵਾਸਨ, ਘਰ ਸਾਚੇ ਹੋਏ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਰੂਪ ਵਟਾਵਣਹਾਰ ਨਿਰੰਜਣ, ਸਦਾ ਸਦਾ ਮਿਹਰਵਾਨਾ । ਜਨ ਭਗਤਾਂ ਆਇਆ ਪੜਦੇ ਕੱਜਨ, ਖੇਲੇ ਖੇਲ ਦੋ ਜਹਾਨਾਂ । ਜਗਤ ਨਗਾਰੇ ਘਰ ਘਰ ਵੱਜਣ, ਵਿਛੜਿਆ ਭਗਵਾਨਾ । ਜੋ ਘੜੇ ਸੋ ਅੰਤਮ ਭੱਜਨ, ਹਰਿ ਮਾਰੇ ਤੀਰ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਇਆ ਜੋਧਾ ਸੂਰਬੀਰ ਬਲੀ ਬਲਵਾਨਾ । ਜੋਧਾ ਸੂਰਬੀਰ ਬਲੀ ਬਲਵਾਨ, ਜੋਤੀ ਜਾਮਾ ਪਾਇੰਦਾ । ਇਕ ਲਿਆਏ ਧੁਰ ਫ਼ਰਮਾਣ, ਦੂਜੇ ਦਰ ਸੁਣਾਇੰਦਾ । ਤਿੰਨਾ ਲੋਕਾਂ ਕਰ ਪਰਵਾਨਾ, ਚੌਥੇ ਘਰ ਗਾਇੰਦਾ । ਪੰਚਮ ਮੇਲਾ ਦੋ ਜਹਾਨਾਂ, ਛੇਵਾਂ ਦਰ ਸੁਹਾਇੰਦਾ । ਸੱਤਵੇਂ ਵੇਖੇ ਗੋਪੀ ਕਾਹਨਾ, ਨਾਮ ਬੰਸਰੀ ਇਕ ਵਜਾਇੰਦਾ । ਅੱਠ ਤ੍ਰੈ ਕਰ ਪਰਧਾਨ, ਪੰਜ ਤਤ ਉਪਾਇੰਦਾ । ਨੌਂ ਦਰ ਖੇਲੇ ਖੇਲ ਮਹਾਨ, ਸਗਲੀ ਸ੍ਰਿਸ਼ਟ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸ ਦਸਵੇਂ ਵੇਖ ਵਖਾਇੰਦਾ । ਵੀਹ ਸਦ ਇਕ ਇਕ ਅਕੱਲਾ, ਆਪਣਾ ਰੂਪ ਵਟਾਇੰਦਾ । ਵੀਹ ਸਦ ਦੋ ਕਰੇ ਹੱਲਾ, ਗੁਰਮੁਖ ਸਾਜਨ ਆਪ ਉਠਾਇੰਦਾ । ਵੀਹ ਸਦ ਤਿੰਨ ਆਪਣੀ ਜੋਤੀ ਆਪੇ ਰਲਾ, ਅੱਸੂ ਤਿੰਨ ਦਿਵਸ ਸੁਹਾਇੰਦਾ । ਵੀਹ ਸਦ ਚਾਰ ਕਰ ਕਰ ਹੱਲਾ, ਆਪ ਆਪਣੀ ਬਣਤ ਬਣਾਇੰਦਾ । ਵੀਹ ਸਦ ਪੰਜ ਇਕ ਉਠਾਏ ਭੱਲਾ, ਚਾਰੋਂ ਕੁੰਟ ਫਿਰਾਇੰਦਾ । ਵੀਹ ਸਦ ਛੇ ਵੇਖੇ ਨਿਹਚਲ ਧਾਮ ਅਟੱਲਾ, ਗੁਰਸਿਖ ਸੋਇਆ ਆਪ ਜਗਾਇੰਦਾ । ਵੀਹ ਸਦ ਸੱਤ ਆਪਣੀ ਜੋਤੀ ਆਪੇ ਰਲਾ, ਆਪੇ ਸ਼ਬਦ ਉਪਾਇੰਦਾ । ਵੀਹ ਸਦ ਅੱਠ ਪੰਜ ਤਤ ਵੇਖੇ ਕਾਇਆ ਖਲਾ, ਕਵਣ ਘਰ ਸੁਹਾਇੰਦਾ । ਵੀਹ ਸਦ ਨੌਂ ਦੂਈ ਦਵੈਤੀ ਮੇਟੇ ਸੱਲਾ, ਗੁਰਸਿਖ ਸਾਚੇ ਮੇਲ ਮਿਲਾਇੰਦਾ । ਵੀਹ ਸਦ ਦਸ ਹੋਏ ਅਛਲ ਅਛੱਲਾ, ਵਲ ਛਲ ਧਾਰੀ ਨਾਉਂ ਰਖਾਇੰਦਾ । ਵੀਹ ਸਦ ਗਿਆਰਾਂ ਘਰ ਏਕਾ ਮੱਲਾ, ਏਕਾ ਵੰਡ ਵੰਡਾਇੰਦਾ । ਸਾਢੇ ਤਿੰਨ ਹੱਥ ਤੇਰਾ ਭਾਰਾ ਪੱਲਾ, ਲੱਖ ਚੁਰਾਸੀ ਤੋਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਗਿਆਰਾਂ ਤੇਰਾ ਵਿਹਾਰਾ ਹਰਿ ਨਿਰੰਕਾਰਾ ਲੋਕਮਾਤ ਚਲਾਇੰਦਾ । ਲੋਕਮਾਤ ਸਚ ਵਿਹਾਰਾ, ਹਰਿ ਸਾਚੇ ਆਪ ਚਲਾਇਆ । ਵੀਹ ਸਦ ਗਿਆਰਾਂ ਕਰ ਪਿਆਰਾ, ਪਹਿਲਾ ਪੌੜਾ ਇਕ ਉਠਾਇਆ । ਛੋਟਾ ਬਾਲਾ ਸਾਚਾ ਲਾੜਾ, ਸਾਚੇ ਪੌੜੇ ਆਪ ਚੜ੍ਹਾਇਆ । ਵੀਹ ਸਦ ਦਸ ਤੇਰਾ ਜਗਤ ਦਿਹਾੜਾ, ਪ੍ਰਭ ਸਾਚੇ ਆਪ ਮਨਾਇਆ । ਵੀਹ ਸਦ ਗਿਆਰਾਂ ਸਤਾਰਾਂ ਹਾੜਾ, ਕਲਜੁਗ ਕੂੜਾ ਦਏ ਉਠਾਇਆ । ਰਾਏ ਧਰਮ ਉਠ ਉਠ ਵੇਖੇ ਲੋਕਮਾਤ ਅਖਾੜਾ, ਸੰਬਲ ਨਗਰੀ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਮਠ ਤਪਾਇਆ । ਕਲਜੁਗ ਤੇਰਾ ਅੰਤਮ ਮੱਠ, ਸਾਢੇ ਤਿੰਨ

ਹੱਥ ਵੰਡ ਵੰਡਾਇਆ । ਹਰਿਸੰਗਤ ਹਰਿ ਕਰ ਅਕੱਠ, ਲਹਿਣਾ ਝੋਲੀ ਪਾਇਆ । ਸਿੰਘ ਮਨਜੀਤ ਆਇਆ ਨੱਠ, ਲੋਕਮਾਤ ਵੱਜੀ ਵਧਾਈਆ । ਜੀਵਾਂ ਜੰਤਾਂ ਸਾਧਾ ਸੰਤਾਂ ਸਾਢੇ ਤਿੰਨ ਹੱਥ ਬੁਰਜ ਜਾਣਾ ਢੱਠ, ਅੰਤ ਕੋਈ ਰਹਿਣ ਨਾ ਪਾਇਆ । ਪ੍ਰਭ ਗੇੜਨ ਆਇਆ ਉਲਟੀ ਲੱਠ, ਜੋਤੀ ਜਾਮਾ ਭੇਖ ਵਟਾਈਆ । ਲੇਖ ਚੁਕੌਣਾ ਤੀਰਥ ਅਠ ਸਠ, ਗੰਗਾ ਗੋਦਾਵਰੀ ਨਾ ਕੋਈ ਨੁਹਾਈਆ । ਹਾੜ ਸਤਾਰਾਂ ਕਰੀ ਚੱਠ, ਪ੍ਰਭ ਸਚ ਘਰ ਵੱਜੀ ਵਧਾਈਆ । ਗੁਰਮੁਖ ਸਾਜਨ ਰੱਖਣਾ ਹਠ, ਪ੍ਰਭ ਕੱਟਣ ਆਇਆ ਜੰਮ ਕੀ ਫਾਹੀਆ । ਸ਼ਬਦ ਪਹਿਨਾਏ ਤਨ ਸਾਚਾ ਪਟ, ਇਕ ਦੋਸ਼ਾਲਾ ਹੱਥ ਉਠਾਈਆ । ਚੌਦਾਂ ਲੋਕਾਂ ਕਿਸੇ ਹੱਥ ਨਾ ਆਏ ਹੱਟ, ਤ੍ਰੈਲੋਕ ਬੈਠੇ ਮੁਖ ਭਵਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਮੰਗਨ ਨੱਠ ਨੱਠ, ਪ੍ਰਭ ਨੱਠ ਨੱਠ ਮੁਖ ਛੁਪਾਈਆ । ਹਰਿਸੰਗਤ ਤੇਰਾ ਕਰ ਅਕੱਠ, ਜਗ ਕਰਨ ਆਇਆ ਕੁੜਮਾਈਆ । ਸ੍ਰਿਸ਼ਟ ਸਬਾਈ ਤਪਿਆ ਮਠ, ਪੰਜ ਤਤ ਵਿਕਾਰਾ ਅਗਨੀ ਬੱਲੇ ਡਾਹੀਆ । ਅੰਤਮ ਨਿਕਲੇ ਏਕਾ ਲਾਟ, ਜੋਤੀ ਲੰਬੂ ਲਾਈਆ । ਕੋਈ ਨਾ ਉਤਰੇ ਪੂਰੇ ਘਾਟ, ਧੂੰਆਂਧਾਰ ਸ੍ਰਿਸ਼ਟ ਸਬਾਈਆ । ਹਰਿਜਨ ਤੇਰੀ ਨੇੜੇ ਵਾਟ, ਵੇਖਣ ਆਇਆ ਧੁਰਦਰਗਾਹੀਆ । ਜ਼ਿਮੀ ਅਸਮਾਨਾ ਪੜਦਾ ਗਿਆ ਪਾਟ, ਜੋਤੀ ਨੂਰ ਕਰੇ ਰੁਸ਼ਨਾਈਆ । ਰਵ ਸਸ ਲੇਟੇ ਆਪਣੀ ਖਾਟ, ਨੇਤਰ ਰਹੇ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਗਿਆਰਾਂ ਦਏ ਵਡਿਆਈਆ । ਏਕਾ ਸਾਤਾ ਇਕ ਪਿਆਰ, ਏਕਾ ਘਰ ਬਣਾਇਆ । ਏਕਾ ਸਾਤਾ ਕਰ ਵਿਹਾਰ, ਏਕਾ ਮੇਲ ਮਿਲਾਇਆ । ਏਕਾ ਸਾਤਾ ਹਰਿ ਨਿਰੰਕਾਰ, ਪੂਰਬ ਲਹਿਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਵੇਖ ਵਖਾਇਆ । ਹਾੜ ਸਤਾਰਾਂ ਧੁਰ ਦਾ ਲੇਖਾ, ਮਿਲੇ ਧੁਰਦਰਗਾਹ । ਹਰਿ ਕੱਢਣ ਆਇਆ ਭਰਮ ਭੁਲੇਖਾ, ਜਨ ਭਗਤਾਂ ਕਟੇ ਜੰਮ ਕਾ ਫਾਹ । ਮਸਤਕ ਲਾਏ ਸਾਚੀ ਮੇਖਾ, ਇਕ ਜਪਾਏ ਸਾਚਾ ਨਾਂ । ਨਾ ਕੋਈ ਜਾਣੇ ਧਾਰੀ ਕੇਸਾ, ਮੂੰਡ ਮੁੰਡਾਏ ਨਾ ਵੇਖ ਵਖਾ । ਆਪੇ ਕਰਿਆ ਆਪਣਾ ਵੇਸਾ, ਆਪੇ ਵਸਿਆ ਆਪਣੇ ਥਾਂ । ਆਪੇ ਹੋਏ ਦਸ ਦਸਮੇਸਾ, ਦਹਿ ਦਿਸ਼ਾ ਫੇਰੀ ਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਏ ਜਣਾ । ਆਪ ਆਪਣਾ ਹਰਿ ਜਣਾਇਆ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਬਾਰਾਂ ਰਾਸੀ ਵੇਖ ਵਖਾਇਆ, ਬਾਰਾਂ ਮਾਸ ਫਿਰਾਈਆ । ਦਿਵਸ ਦਿਵਸ ਹਰਿ ਲੇਖ ਲਿਖਾਇਆ, ਰੈਣ ਰੈਣ ਜੁਦਾਈਆ । ਘੜੀ ਪਲ ਨਾ ਕੋਈ ਜਣਾਇਆ, ਨਾ ਕੋਈ ਗਣਤ ਗਣਾਈਆ । ਵਲ ਛਲ ਕਰ ਕਰ ਖੇਲ ਖਿਲਾਇਆ, ਹਰਿ ਵਡ ਵੱਡੀ ਵਡਿਆਈਆ । ਨੌਂ ਅਠਾਰਾਂ ਮੇਲ ਮਿਲਾਇਆ, ਨੌਂ ਅਠਾਰਾਂ ਪਾਰ ਕਰਾਈਆ । ਵੀਹ ਸਦ ਬਾਰਾਂ ਖ਼ੁਸ਼ੀ ਮਨਾਇਆ, ਘਰ ਘਰ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਦ੍ਰਿਸ਼ਟੀ ਆਪਣੇ ਉਪਰ ਆਪੇ ਪਾਈਆ । ਵੀਹ ਸਦ ਬਾਰਾਂ ਬਾਰਾਂ ਰਾਸ, ਹਰਿਸੰਗਤ ਵਡ ਵਡਿਆਈਆ । ਹਰਿਸੰਗਤ ਹਰਿ ਵਸਿਆ ਪਾਸ, ਹਰਿ ਸੱਜਣ ਮੀਤ ਅਖਵਾਈਆ । ਹਰਿ ਹਰਿ ਪੂਰਨ ਕਰਨਹਾਰਾ ਆਸ, ਜੁਗ ਜੁਗ ਵੱਡੀ ਵਡਿਆਈਆ । ਲੋਕਮਾਤ ਬੁਝਾਵਣ ਆਇਆ ਪਿਆਸ, ਤ੍ਰਿਸਨਾ ਭੁੱਖ ਮਿਟਾਈਆ । ਕਰੇ ਖੇਲ ਪੁਰਖ ਅਬਿਨਾਸ਼, ਪ੍ਰਿਥਮੀ ਆਕਾਸ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਨੀਂਹ ਧਰ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਵੀਹ ਸਦ ਬਾਰਾਂ ਕਰ ਪਿਆਰ, ਹਰਿ ਆਪਣਾ ਕਰਮ ਕਮਾਇਆ । ਲੋਕਮਾਤ ਦਿਵਸ ਵਿਚਾਰ, ਸਾਚਾ ਸਗਨ ਮਨਾਇਆ ।

੪੦੩
੦੭

ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਿਮੰਡ ਖੰਡ ਲਏ ਜਗਾਇਆ । ਸਾਧਾਂ ਸੰਤਾਂ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਇਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਰਿਹਾ ਲਲਕਾਰ, ਨਿਹਕਲੰਕਾ ਨਾਉਂ ਧਰਾਇਆ । ਜੋਤੀ ਜਾਮਾ ਭੇਖ ਨਿਆਰ, ਸ਼ਬਦ ਡੰਕਾ ਰਿਹਾ ਵਜਾਇਆ । ਚਾਰੋਂ ਕੁੰਟ ਕਰ ਪਸਾਰ, ਆਪ ਆਪਣਾ ਸ਼ਬਦ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਾਇਆ । ਆਪ ਆਪਣਾ ਨੂਰ ਉਪਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੋਬਿੰਦ ਲੇਖਾ ਵੇਖ ਵਖਾ, ਸਾਲ ਬਸਾਲਾ ਪੂਰ ਕਰਾਈਆ । ਭਰਮ ਭੁਲੇਖਾ ਦਏ ਕਢਾ, ਭੁੱਲ ਰਹੇ ਨਾ ਰਾਈਆ । ਏਕਾ ਮਾਰਗ ਰਿਹਾ ਪਾ, ਨੌਂ ਖੰਡ ਸ੍ਰਿਸ਼ਟ ਸਬਾਈਆ । ਏਕਾ ਵਰਨ ਰਿਹਾ ਬਣਾ, ਊਚ ਨੀਚ ਭੇਵ ਚੁਕਾਈਆ । ਏਕਾ ਇਸ਼ਟ ਰਿਹਾ ਮਨਾ, ਇਸ਼ਟ ਦੇਵ ਹਰਿ ਰਘੁਰਾਈਆ । ਸਾਚੀ ਸਿਖਿਆ ਰਿਹਾ ਸਿਖਾ, ਸਾਖਿਆਤ ਜੋਤ ਜਗਾਈਆ । ਧੁਰ ਦਾ ਲਿਖਿਆ ਝੋਲੀ ਦੇਵਾਂ ਪਾ, ਪੂਰਬ ਕਰਮਾਂ ਲੇਖੇ ਲਾਈਆ । ਭਾਣਾ ਸਹਿਣਾ ਦੇਵੇ ਹੁਕਮ ਸੁਣਾ, ਹਰਿਜਨ ਭਾਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਦਏ ਵਡਿਆਈਆ । ਹਾੜ ਸਤਾਰਾਂ ਉਠਣਾ ਜਾਗ, ਹਰਿ ਸਾਚਾ ਆਪ ਜਗਾਇੰਦਾ । ਲੋਕਮਾਤ ਲੱਗਾ ਭਾਗ, ਜੋਤੀ ਜਾਮਾ ਭੇਖ ਵਟਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਜੋ ਜਨ ਸਰਨਾਈ ਆਇੰਦਾ । ਮੇਲ ਮਿਲਾਵਾ ਕੰਤ ਸੁਹਾਗ, ਸ਼ਬਦੀ ਸ਼ਬਦ ਪਰਨਾਇੰਦਾ । ਆਪ ਆਪਣੇ ਹੱਥ ਰੱਖੇ ਵਾਗ, ਚਾਰੋਂ ਕੁੰਟ ਫਿਰਾਇੰਦਾ । ਚਰਨ ਧੂੜ ਕਰਾਏ ਮਜਨ ਮਾਘ, ਦੁਰਮਤ ਮੈਲ ਗਵਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਬੁਝਾਏ ਆਗ, ਸਾਂਤਕ ਸਤਿ ਵਰਤਾਇੰਦਾ । ਫੜ ਫੜ ਹੰਸ ਬਣਾਏ ਕਾਗ, ਸੋਹੰ ਚੋਗ ਚੁਗਾਇੰਦਾ । ਦੀਪਕ ਜੋਤੀ ਜਗੇ ਚਿਰਾਗ਼, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਚੜ੍ਹਾਏ ਸਾਚੇ ਰਾਕ, ਲੋਆਂ ਪੁਰੀਆਂ ਪਾਰ ਕਰਾਇੰਦਾ । ਗੁਰ ਗੋਬਿੰਦ ਤੇਰਾ ਪੂਰਾ ਵਾਕ, ਭਵਿਖਤ ਵੇਖ ਵਖਾਇੰਦਾ । ਗੁਰਮੁਖ ਲੱਭੇ ਸੱਜਣ ਸਾਕ, ਜੋ ਸਰਸੇ ਵਿਚ ਰੁੜ੍ਹਾਇੰਦਾ । ਘਰ ਘਰ ਬੈਠਿਆਂ ਖੋਲ੍ਹੇ ਤਾਕ, ਸੰਬਲ ਨਗਰੀ ਰਾਹ ਤਕਾਇੰਦਾ । ਆਪੇ ਬੈਠਾ ਦੂਰ ਦੁਰਾਡਾ ਰਿਹਾ ਝਾਕ, ਆਪਣੀ ਕਿਰਤ ਕਰਾਇੰਦਾ । ਏਕਾ ਸ਼ਬਦ ਨਕੇਲ ਪਾਏ ਨਾਕ, ਦਰ ਦਵਾਰੇ ਖਿਚ ਲਿਆਇੰਦਾ । ਕੋਈ ਨਾ ਅੱਗੇ ਰਹੇ ਆਕ, ਆਪਣੀ ਕਰਨੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਧਰਮ ਧਰਾਇੰਦਾ । ਹਾੜ ਸਤਾਰਾਂ ਵੱਜੀ ਵਧਾਈ, ਤ੍ਰੈਲੋਕ ਉਠ ਧਾਇਆ । ਬ੍ਰਹਮਾ ਵੇਤਾ ਲਏ ਅੰਗੜਾਈ, ਲੋਕਮਾਤ ਰਾਹ ਵਖਾਇਆ । ਸ਼ਿਵ ਸ਼ੰਕਰ ਲਏ ਇਕ ਅੰਗੜਾਈ, ਹੱਥ ਤ੍ਰਿਸ਼ੂਲ ਉਠਾਇਆ । ਸੁਰਪਤ ਰਾਜਾ ਇੰਦ ਦਏ ਦੁਹਾਈ, ਛੋਟੇ ਬਾਲ ਆਣ ਬੁਲ੍ਹਾਇਆ । ਪਾਰਬ੍ਰਹਮ ਤੇਰੀ ਵਡ ਵਡਿਆਈ, ਭੇਵ ਕਿਸੇ ਨਾ ਪਾਇਆ । ਗੁਰ ਨਾਨਕ ਕਰੀ ਇਕ ਕੁੜਮਾਈ, ਸੋ ਪੁਰਖ ਨਿਰੰਜਣ ਸਾਚਾ ਕੰਤ ਹੰਢਾਇਆ । ਗੁਰ ਗੋਬਿੰਦੇ ਘਰ ਵੱਜੀ ਵਧਾਈ, ਏਕਾ ਮੰਗਲ ਗਾਇਆ । ਮਾਛੂਵਾੜੇ ਨਾ ਹੋਏ ਜੁਦਾਈ, ਸਾਚੀ ਸੇਜ ਹੰਢਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰਾ ਗਹਿਣਾ ਤੇਰੇ ਤਨ ਪਹਿਨਾਇਆ । ਕਲਜੁਗ ਤੇਰਾ ਕਾਇਆ ਗਹਿਣਾ, ਤੇਰਾ ਤਨ ਸ਼ੰਗਾਰਨਾ । ਪਾਰਬ੍ਰਹਮ ਪ੍ਰਭ ਵੇਖੇ ਆਪਣੇ ਨੈਣਾ, ਜਗ ਨੈਣ ਨਾ ਕੋਈ ਚਿਤਾਰਨਾ । ਲੱਖ ਚੁਰਾਸੀ ਕਿਸੇ ਨਾ ਮੰਨਿਆ ਹਰਿ ਹਰਿ ਕਹਿਣਾ, ਮਨਮਤ ਫਿਰੇ ਹੰਕਾਰਨਾ । ਅੰਤਮ ਭਾਣਾ ਸਭ ਨੇ ਸਹਿਣਾ, ਹਰਿ ਸ਼ਬਦ ਕਰੇ ਲਲਕਾਰਨਾ । ਕਲਜੁਗ ਵਹਿਣ ਅੰਤਮ ਵਹਿਣਾ, ਨਾ

ਕਿਸੇ ਪਾਰ ਉਤਾਰਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਬਖ਼ਸ਼ੇ ਏਕਾ ਚਰਨ ਪਿਆਰਨਾ । ਚਰਨ ਪਿਆਰ ਸਾਚਾ ਨਾਤਾ, ਹਰਿਸੰਗਤ ਆਪ ਬੰਧਾਇਆ । ਨਾ ਕੋਈ ਵੇਖੇ ਜਾਤਾ ਪਾਤਾਂ, ਊਚਾਂ ਨੀਚਾਂ ਏਕਾ ਰੰਗ ਰੰਗਾਇਆ । ਏਕਾ ਏਕ ਏਕਾ ਸਾਕਾ, ਦੋ ਜਹਾਨਾ ਜੋੜ ਜੁੜਾਇਆ । ਕਲਜੁਗ ਰੈਣ ਅੰਧੇਰੀ ਨਾਰ ਕਮਜਾਤਾ, ਮਨਮੁਖਾਂ ਰਹੀ ਪਰਨਾਇਆ । ਗੁਰਮੁਖਾਂ ਮਿਲੀ ਹਾੜ ਸਤਾਰਾਂ ਭਿੰਨੜੀ ਰੈਣ ਦੇਵੇ ਸਚ ਸੁਗਾਤਾ, ਸੋਹੰ ਨਾਮ ਝੋਲੀ ਪਾਇਆ । ਮੱਲਿਆ ਦਰ ਦਵਾਰ ਹਰਿ ਪੁਰਖ ਬਿਧਾਤਾ, ਮਾਤਾ ਪਿਤਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖੇ ਘਰ, ਕਵਣ ਸੁਹੰਜਣਾ ਘਰ ਸੁਹਾਇਆ । ਕਲਜੁਗ ਵੇਖ ਘਰ ਸੁਹੰਜਣਾ ਹਰਿ ਸਾਚੇ ਜੋਤ ਜਗਾਈਆ । ਹਰਿਸੰਗਤ ਦਵਾਰ ਨਿਰੰਜਣਾ, ਆਦਿ ਅੰਤ ਵਿਚ ਸਮਾਈਆ । ਹਰਿਸੰਗਤ ਹਰਿ ਕਰਨ ਆਇਆ ਤੇਰੀ ਚਰਨ ਧੂੜ ਮਜਨਾ, ਪੰਜ ਤਤ ਤੇਰੇ ਚਰਨ ਹੇਠ ਦਬਾਈਆ । ਆਪਣੇ ਤਾਲ ਆਪੇ ਵੱਜਣਾ, ਤਾਰ ਸਤਾਰ ਆਪ ਹਲਾਈਆ । ਹਰਿਸੰਗਤ ਤੇਰਾ ਪਿਆਰ ਹਰਿ ਪੀ ਪੀ ਰੱਜਣਾ, ਆਪਣੀ ਤ੍ਰਿਸ਼ਨਾ ਭੁੱਖ ਮਿਟਾਈਆ । ਅੰਤਮ ਪੜਦਾ ਤੇਰਾ ਲੋਕਮਾਤ ਪ੍ਰਭ ਕੱਜਣਾ, ਨਾਮ ਦੋਸ਼ਾਲਾ ਉਪਰ ਪਾਈਆ । ਇਕ ਚਲਾਏ ਸਚ ਜਹਾਜਨਾ, ਏਕਾ ਚੱਪੂ ਰਿਹਾ ਉਠਾਈਆ । ਏਕਾ ਸ਼ਬਦ ਮਾਰੇ ਅਵਾਜਨਾ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਹਾੜ ਸਤਾਰਾਂ ਰਚਿਆ ਕਾਜਨਾ, ਜਨ ਭਗਤਾਂ ਹੋਈ ਕੁੜਮਾਈਆ । ਪ੍ਰਭ ਕਰਿਆ ਖੇਲ ਦੇਸ ਮਾਝਨਾ, ਵੀਹ ਸਦ ਬਿਕ੍ਰਮੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਧਾਰ ਚਲਾਈਆ । ਗੁਰ ਗੋਬਿੰਦ ਤੇਰਾ ਅੰਮ੍ਰਿਤ ਪਾਨ, ਗੁਰ ਪੂਰੇ ਆਪ ਕਰਾਇਆ । ਆਪੇ ਵੇਖੇ ਪੰਜ ਨਿਸ਼ਾਨ, ਵੇਖਣਹਾਰ ਆਪ ਹੋ ਜਾਇਆ । ਆਪੇ ਕਰੇ ਪੰਚ ਪਰਧਾਨ, ਆਪੇ ਪੰਜਾਂ ਵਿਚ ਸਮਾਇਆ । ਆਪੇ ਪੰਚਾਂ ਮੇਲ ਵਿਚ ਜਹਾਨ, ਪੰਚ ਪੰਚਾਇਣ ਇਕ ਬਣਾਇਆ । ਗੁਰਸਿਖ ਤੇਰੀ ਕਾਇਆ ਬਣਾਏ ਨਾਮ ਰਸਾਇਣ, ਸਚ ਕੁਠਾਲੀ ਇਕ ਤਪਾਇਆ । ਸੋਹੰ ਸ਼ਬਦ ਪਹਿਨ ਸਾਚਾ ਗਹਿਣ, ਪ੍ਰਭ ਸਾਚੇ ਆਪ ਘੜਾਇਆ । ਕਲਜੁਗ ਅੰਤਮ ਵੇਖਣ ਆਇਆ ਆਪਣੇ ਨੈਣ, ਕਵਣ ਨਾਰੀ ਰਹੀ ਹੰਡਾਇਆ । ਕਵਣ ਕੱਜਲ ਪਿਆ ਨੈਣ, ਕਵਣ ਧਾਰ ਬੰਧਾਇਆ । ਕਵਣ ਤੱਜ ਤੱਜ ਆਇਆ ਸਾਕ ਸੱਜਣ ਸੈਣ, ਮਾਤ ਪਿਤ ਭਾਈ ਭੈਣ ਹਰਿਸੰਗਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਚਲਾਇਆ । ਸਤਿਜੁਗ ਤੇਰਾ ਸਾਚਾ ਰਾਹ, ਹਰਿ ਸਾਚਾ ਆਪ ਚਲਾਇਆ । ਸ਼ਬਦ ਸਰੂਪੀ ਬਣ ਮਲਾਹ, ਏਕ ਮਾਰਗ ਲਾਇਆ । ਏਕਾ ਧਾਮ ਦਏ ਸੁਹਾ, ਏਕਾ ਜਾਪ ਜਪਾਇਆ । ਏਕਾ ਪੌੜੇ ਦਏ ਚੜ੍ਹਾ, ਏਕਾ ਡੰਡਾ ਹੱਥ ਫੜਾਇਆ । ਏਕਾ ਗੌੜੇ ਦਏ ਮਿਲਾ, ਏਕਾ ਬ੍ਰਹਮ ਜਣਾਇਆ । ਮਿੱਠੇ ਕੌੜੇ ਵੇਖੇ ਥਾਉਂ ਥਾਂ, ਲੁਕਿਆ ਕੋਈ ਰਹਿਣ ਨਾ ਪਾਇਆ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਆਪਣੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੇ ਆਤਮ ਦਰ, ਆਪ ਆਪਣਾ ਭੋਗ ਕਰਾਇਆ । ਆਪ ਆਪਣਾ ਭੋਗੀ ਭੋਗ, ਆਪਣੀ ਦਇਆ ਕਮਾਇੰਦਾ । ਮੇਲ ਮਿਲਾਇਆ ਲਿਖਿਆ ਧੁਰ ਸੰਜੋਗ, ਨਾ ਕੋਈ ਮੇਟ ਮਿਟਾਇੰਦਾ । ਦਰ ਆਇਆ ਕਟੇ ਹਉਮੇ ਰੋਗ, ਚਿੰਤਾ ਸੋਗ ਗਵਾਇੰਦਾ । ਏਕਾ ਬਖ਼ਸ਼ੇ ਸਾਚਾ ਜੋਗ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਦਰਸ ਦਿਖਾਏ ਆਪ ਅਮੋਘ, ਘਰ ਘਰ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਧਾਰ ਏਕਾ ਰਿਹਾ ਵਖਾਇੰਦਾ । ਹਰਿਸੰਗਤ



Rev-01

ਹਰਿ ਨਾਤਾ ਜੋੜ, ਆਪਣੀ ਦਇਆ ਕਮਾਈਆ । ਆਪੇ ਚੜ੍ਹਿਆ ਆਪਣੇ ਘੋੜ, ਆਪੇ ਰਿਹਾ ਦੌੜਾਈਆ । ਆਪੇ ਆਇਆ ਵਾਗਾਂ ਮੋੜ, ਨੀਲੇ ਵਾਲਾ ਬੇਪਰਵਾਹੀਆ । ਸੰਬਲ ਨਗਰ ਸਾਢੇ ਤਿੰਨ ਹੱਥ ਲੰਮਾ ਚੌੜ, ਸਾਚਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਧਾਰ ਏਕਾ ਰਿਹਾ ਵਖਾਈਆ । ਅੰਮ੍ਰਿਤ ਆਤਮ ਸਾਚੀ ਧਾਰ, ਗੁਰਮੁਖਾਂ ਆਪ ਪਿਆਇੰਦਾ । ਨਿਝਰ ਰਸ ਅਪਰ ਅਪਾਰ, ਨਿਜਾਨੰਦ ਸਮਾਇੰਦਾ । ਪਰਮਾਨੰਦ ਕਰ ਆਧਾਰ, ਪਰਮ ਪੁਰਖ ਅਖਵਾਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੰਨਾਇੰਦਾ । ਇਕ ਸੁਣਾਏ ਸੁਹਾਗੀ ਛੰਦ, ਮੰਗਲਾਚਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਇਹ ਸਮਝਾਇੰਦਾ । ਹਰਿਸੰਗਤ ਹਰਿ ਮੇਲਿਆ, ਭਿੰਨੜੀ ਰੈਣ ਅਪਾਰ । ਆਪੇ ਗੁਰ ਗੁਰੂ ਗੁਰ ਚੇਲਿਆ, ਆਪ ਸੁਹਾਏ ਬੰਕ ਦਵਾਰ । ਆਪੇ ਸੱਜਣ ਆਪ ਸੁਹੇਲਿਆ, ਆਪੇ ਮੀਤ ਮੁਰਾਰ । ਆਪਣਾ ਖੇਲ ਆਪੇ ਖੇਲਿਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖਣਹਾਰਾ ਸਰਬ ਸੰਸਾਰ । ਸਰਬ ਸੰਸਾਰ ਲੱਖ ਚੁਰਾਸੀ, ਹਰਿ ਹਰਿ ਫੋਲ ਫੋਲਾਇੰਦਾ । ਜਨ ਭਗਤਾਂ ਕਰੇ ਬੰਦ ਖੁਲਾਸੀ, ਆਪ ਆਪਣੀ ਦਇਆ ਕਮਾਇੰਦਾ । ਦਰ ਦੁਰਕਾਏ ਮਦਿਰਾ ਮਾਸੀ, ਦਰ ਦਵਾਰ ਰਹਿਣ ਨਾ ਪਾਇੰਦਾ । ਜੋ ਜਨ ਕਰਨ ਆਏ ਹਾਸੀ, ਮਨਮੁਖਤਾ ਵਿਚ ਟਿਕਾਇੰਦਾ । ਜੋ ਜਨ ਗਾਇਣ ਸਵਾਸ ਸਵਾਸੀ, ਫੜ ਫੜ ਬਾਂਹੋਂ ਪਾਰ ਕਰਾਇੰਦਾ । ਆਪੇ ਕੱਟਣਹਾਰਾ ਜਮ ਕੀ ਫਾਸੀ, ਰਾਏ ਧਰਮ ਆਪ ਸਮਝਾਇੰਦਾ । ਚਿਤਰ ਗੁਪਤ ਹਰਿ ਲਾਹੇ ਉਦਾਸੀ, ਲੇਖਾ ਲੇਖ ਨਾ ਕੋਈ ਵਖਾਇੰਦਾ । ਜਿਸ ਜਨ ਦਰਸਨ ਪਾਇਆ ਹਾੜ ਸਤਾਰਾਂ ਘਨਕਪੁਰ ਵਾਸੀ, ਮਾਤ ਗਰਭ ਫੇਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜਲ ਏਕਾ ਨਰ, ਏਕਾ ਧਾਰ ਆਪਣਾ ਰੂਪ ਸਮਾਇੰਦਾ । ਹਰਿ ਕਾ ਰੂਪ ਭਾਂਡਾ ਨੀਰ, ਹਰਿ ਆਪਣੇ ਹੱਥ ਉਠਾਇਆ । ਗੁਰਮੁਖਾਂ ਕੱਟਣ ਆਇਆ ਭੀੜ, ਭੇਖੀ ਭੇਖ ਵਟਾਇਆ । ਮਨਮੁਖਾਂ ਲਾਵਣ ਆਇਆ ਤੀਰ, ਨੇਤਰ ਦਿਸ ਨਾ ਆਇਆ । ਸੋਹੰ ਚਲੇ ਨਿਰਾਲਾ ਤੀਰ, ਸੋ ਰਸਨਾ ਚਿੱਲਾ ਇਕ ਉਠਾਇਆ । ਵੇਖ ਵਖਾਏ ਪੀਰ ਫ਼ਕੀਰ, ਸ਼ਾਹ ਹਕੀਰ ਫੋਲ ਫੋਲਾਇਆ । ਸਾਧਾਂ ਸੰਤਾਂ ਚੋਟੀ ਚੜ੍ਹੇ ਅਖ਼ੀਰ, ਅੰਦਰ ਮੰਦਰ ਕੁੰਡਾ ਵੇਖ ਵਖਾਇਆ । ਹਰਿਸੰਗਤ ਤੇਰੀ ਬੰਨ੍ਹੇ ਬੀੜ, ਹਰਿ ਬੀੜਾ ਆਪਣਾ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਿਰਮਲ ਨੀਰ ਵਖਾਇਆ । ਨਿਰਮਲ ਨੀਰ ਨਿਝਰ ਧਾਰ, ਆਤਮ ਅੰਤਰ ਦਰਸਾਈਆ । ਸਤਿਗੁਰ ਪੂਰਾ ਕਿਰਪਾ ਧਾਰ, ਗੁਰਮੁਖਾਂ ਪਿਆਸ ਰਿਹਾ ਬੁਝਾਈਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਸਤਿਜੁਗ ਸਾਚਾ ਹੋ ਤਿਆਰ, ਲੋਕਮਾਤ ਆਇਆ ਕਰਕੇ ਧਾਈਆ । ਲਿਆ ਜਨਮ ਵਿਚ ਸੰਸਾਰ, ਧਰਤ ਮਾਤ ਗੋਦ ਸੁਹਾਈਆ । ਸਾਧਾਂ ਸੰਤਾਂ ਕਰੇ ਪਿਆਰ, ਇਕ ਸੁਨੇਹੜਾ ਰਿਹਾ ਘਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੋਏ ਜੋੜ ਪੜੇ ਸਰਨਾਈਆ । ਹਾੜ ਸਤਾਰਾਂ ਦਿਵਸ ਵਿਚਾਰ, ਹਰਿ ਸਾਚਾ ਮੇਲ ਮਿਲਾਈਆ । ਸਤਿਜੁਗ ਸੋਹੇ ਬੰਕ ਦਵਾਰ, ਹਰਿਸੰਗਤ ਵੇਖੇ ਚਾਈਂ ਚਾਈਂਆ । ਪੁਰਖ ਅਬਿਨਾਸ਼ੀ ਪਹਿਰੇਦਾਰ, ਸੇਵਕ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਗੁਰ ਸੰਗਤ ਤੇਰਾ ਸਾਚਾ ਰੂਪ, ਹਰਿ ਸਾਚੇ ਆਪ ਦਰਸਾਇਆ । ਸੇਵਾਦਾਰ ਹਰਿ ਸਾਚਾ ਭੂਪ, ਜੁਗ ਜੁਗ ਕਰਦਾ ਆਇਆ । ਹੋਏ ਸਹਾਈ ਚਾਰੋਂ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਜੁਗ ਜੁਗ ਜੋ ਗਏ

੪੦੬ ੦੨



Rev-01

ਰੂਠ, ਕਲਜੁਗ ਅੰਤਮ ਲਏ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਆਪਣਾ ਆਪ ਸੁਹਾਇਆ । ਸਤਿਗੁਰ ਤੇਰਾ ਸਤਿ ਸੰਤੋਖ, ਹਰਿਸੰਗਤ ਆਪ ਧਰਾਇੰਦਾ । ਗੁਰ ਦਰ ਨਾ ਮੰਗਣੀ ਕਦੇ ਮੋਖ, ਗੁਰ ਕਰਤਾ ਆਪਣੀ ਕਿਰਪਾ ਕਰ ਆਪਣੀ ਦਇਆ ਕਮਾਇੰਦਾ । ਹਰਿ ਚਰਨ ਦਵਾਰ ਨਾ ਹਰਖ਼ ਨਾ ਸੋਗ, ਆਵਣ ਜਾਵਣ ਵਿਚ ਨਾ ਆਇੰਦਾ । ਇਕ ਪ੍ਰੀਤੀ ਲੈਣੀ ਜਗਤ ਭੋਗ, ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਰੂਪ ਤੇਰੇ ਅੱਗੇ ਧਰ, ਤੇਰਾ ਰੰਗ ਵਟਾਇੰਦਾ । ਸਤਿਜੁਗ ਰੰਗ ਸੱਤ ਸਫੈਦ, ਸਚ ਸੁੱਚ ਵਡਿਆਈਆ । ਏਕਾ ਸ਼ਰਅ ਏਕਾ ਆਇਤ, ਇਕ ਹਦੀਸ ਪੜ੍ਹਾਈਆ । ਇਕ ਸ੍ਰਿਸ਼ਟ ਇਕ ਕਾਇਨਾਤ, ਇਕ ਮਕਾਨ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਦਸ ਗਿਆਰਾਂ ਬੀਸ ਤੀਸ ਚਾਰ ਲੱਖ ਜੋੜ ਜੁੜਾਈਆ । ਲੱਖ ਚੁਰਾਸੀ ਜੁੜਿਆ ਜੋੜਾ, ਹਰਿ ਸਾਚੇ ਆਪ ਜੁੜਾਇਆ । ਕਲਜੁਗ ਵੇਖੇ ਕੂੜ ਕੁੜਿਆਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵਖਾਏ ਇਕ ਘਰ, ਮੇਟ ਮਿਟਾਏ ਦੁਰਮਤ ਮਾਇਆ । ਕਲਜੁਗ ਮਾਇਆ ਦੂਰ ਕਿਨਾਰਾ, ਦਰ ਦਵਾਰ ਦੁਰਕਾਇੰਦਾ । ਹਰਿ ਹਰਿ ਸ਼ਬਦ ਜਿਸ ਜਨ ਗਾਇਆ, ਜਨ ਜਨਨੀ ਲੇਖੇ ਲਾਇੰਦਾ । ਅਨੰਦ ਅਨੰਦ ਮੰਗਲ ਇਕ ਰਖਾਇਆ, ਅਨਹਦ ਤਾਲ ਵਜਾਇੰਦਾ । ਲੱਖ ਚੁਰਾਸੀ ਸੰਗਲ ਦਏ ਕਟਾਇਆ, ਸ਼ਬਦ ਹਥੌੜਾ ਏਕਾ ਲਾਇੰਦਾ । ਹਰਿਸੰਗਤ ਤੇਰਾ ਰੂਪ ਵਟਾਇਆ, ਚਿੱਟਾ ਦੁੱਧ ਸਤਿਜੁਗ ਬਣਤ ਬਣਾਈਆ । ਪ੍ਰਭ ਮਾਤ ਕਰੇ ਉਜਲ ਬੁੱਧ, ਪੂਰਨ ਬੂਝ ਬੁਝਾਈਆ । ਜਗਤ ਵਿਕਾਰਾ ਭੁੱਲੇ ਸੁੱਧ, ਸਾਰ ਰਹੇ ਨਾ ਰਾਈਆ । ਸ਼ਬਦ ਅਸਵ ਚੜ੍ਹੇ ਕੁੱਦ, ਸੋਲਾਂ ਕਲੀਆਂ ਆਸਣ ਪਾਈਆ । ਕਾਮ ਕਰੋਧ ਨਾ ਕਰੇ ਯੁੱਧ, ਅੱਠੇ ਪਹਿਰ ਨਾ ਤਨ ਲੜਾਈਆ । ਕਰੇ ਪਰਕਾਸ਼ ਅੰਧੇਰੀ ਖੁਡ, ਨਿਰਮਲ ਜੋਤ ਜਗਾਈਆ । ਗੁਰਮੁਖ ਆਪਣੇ ਆਪ ਲਏ ਬੁਝ, ਨਾ ਕੋਈ ਦੂਸਰ ਮੇਲ ਮਿਲਾਈਆ । ਚਰਨ ਪ੍ਰੀਤੀ ਜੋ ਜਨ ਰਹੇ ਝੂਜ, ਵਡ ਭਗਤੀ ਭਗਤ ਰਖਾਈਆ । ਹਰਿਸੰਗਤ ਮੇਲਾ ਇਕ ਦਰ, ਭਿੰਨੜੀ ਰੈਣ ਵੇਖ ਵਖਾਈਆ । ਭਿੰਨੜੀ ਰੈਣ ਚੜ੍ਹਿਆ ਚਾ, ਪਾਇਆ ਹਰਿ ਦਵਾਰਾ । ਸੰਗਤ ਹਰਿ ਮੇਲਿਆ ਬੇਪਰਵਾਹ, ਪਰਗਟ ਹੋਇਆ ਵਿਚ ਸੰਸਾਰਾ । ਦੋਹਾਂ ਮੇਲਾ ਏਕਾ ਥਾਂ, ਸੋਹਿਆ ਬੰਕ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਭਰੇ ਅੰਮ੍ਰਿਤ ਘਰ ਭੰਡਾਰਾ । ਸਾਚਾ ਅੰਮ੍ਰਿਤ ਹਰਿ ਵਰਤਾਏ, ਅੰਮ੍ਰਿਤ ਬਰਖਾ ਲਾਈਆ । ਅੰਮ੍ਰਿਤ ਨੀਰ ਆਪ ਹੋ ਜਾਏ, ਗੁਰਮੁਖ ਦੁੱਧ ਵਿਚ ਸਮਾਈਆ । ਗੁਰਮੁਖ ਦੁੱਧ ਨਜ਼ਰੀ ਆਏ, ਗੁਰ ਪੂਰਾ ਨੀਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਹਰਿਸੰਗਤ ਏਕਾ ਰੰਗ ਰੰਗਾਈਆ । ਹਰਿਸੰਗਤ ਹਰਿ ਰੰਗ ਰਾਤਾ, ਆਪਣੀ ਦਇਆ ਕਮਾਇੰਦਾ । ਦਿਵਸ ਰੈਣ ਜਣਾਈ ਇਕ ਪਰਭਾਤਾ, ਏਕਾ ਵਕ਼ਤ ਸੁਹਾਇੰਦਾ । ਏਕਾ ਨਾਮ ਏਕਾ ਦਾਤਾ, ਏਕਾ ਝੋਲੀ ਪਾਇੰਦਾ । ਏਕਾ ਵਖਾਏ ਪੂਜਾ ਪਾਠਾ, ਸੋਹੰ ਮੰਤਰ ਨਾਮ ਦ੍ਰਿੜਾਇੰਦਾ । ਏਕਾ ਅੰਮ੍ਰਿਤ ਮਾਰੇ ਠਾਠਾਂ, ਆਤਮ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਬਾਰਾਂ ਬਿਕ੍ਰਮੀ ਤੇਰੀ ਧਾਰ, ਪੁਰਖ ਅਬਿਨਾਸ਼ੀ ਕਰ ਤਿਆਰ, ਅੰਮ੍ਰਿਤ ਜਲ ਅਪਰ ਅਪਾਰ ਗੁਰਮੁਖ ਮੁਖ ਚੁਆਇੰਦਾ । ਅੰਮ੍ਰਿਤ ਆਤਮ ਹਰਿ ਹਰਿ ਚੋ, ਆਪਣਾ ਬੀਜ ਬਿਜਾਇਆ । ਹਰਿਸੰਗਤ ਦੁਰਮਤ ਮੈਲ ਧੋ, ਨਿਰਮਲ ਸਰੀਰ ਕਰਾਇਆ । ਦਰਸ ਦਿਖਾਏ ਅੱਗੇ ਹੋ, ਏਕਾ ਦੂਜਾ ਭੌ ਚੁਕਾਇਆ । ਜਗਤ ਨਾਤਾ ਤੋੜੇ ਮੋਹ,

ਏਕਾ ਨਾਤਾ ਘਰ ਬੰਧਾਇਆ । ਹਰਿਜਨ ਦੂਰ ਨਾ ਜਾਣੇ ਕੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਤੇਰਾ ਮੇਲ ਦਰ, ਦਰ ਦਵਾਰ ਦਏ ਸੁਹਾਇਆ ।

ਹਰਿ ਪੁਰਖ ਸਮਰਥ, ਸਰਬ ਕਲ ਸਮਾਇਆ । ਹਰਿ ਪੁਰਖ ਸਮਰਥ, ਸਤਿਗੁਰ ਰੂਪ ਵਟਾਇਆ । ਹਰਿ ਪੁਰਖ ਸਮਰਥ, ਰੂਪ ਅਨੂਪ ਦਰਸਾਇਆ । ਹਰਿ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੀਵਣ ਦਾਤਾ ਨਾਮ ਧਰਾਇਆ । ਹਰਿ ਪੁਰਖ ਸਮਰਥ, ਸਾਚਾ ਮੀਤੜਾ । ਹਰਿ ਪੁਰਖ ਸਮਰਥ, ਹਰਿਜਨ ਰੰਗੇ ਕਾਇਆ ਚੋਲੀ ਚੀਥੜਾ । ਹਰਿ ਪੁਰਖ ਸਮਰਥ, ਦੇਵੇ ਨਾਮ ਸ਼ਬਦ ਗੁਣ ਅਨਡੀਠੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਨਿਧਾਨਾ ਪਿਆਲਾ ਏਕਾ ਪੀਤੜਾ । ਹਰਿ ਸਮਰਥ ਹਰਿ ਨਾਮ ਪਿਆਲਾ, ਹਰਿਜਨ ਆਪ ਪਿਲਾਇੰਦਾ । ਸਤਿਗੁਰ ਪੂਰਾ ਦੀਨ ਦਿਆਲਾ, ਦਇਆ ਨਿਧ ਅਖਵਾਇੰਦਾ । ਕਰੇ ਕਰਾਏ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਨਾਮ ਧਰਾਇੰਦਾ । ਆਦਿ ਪੁਰਖ ਹਰਿ ਜੋਤ ਜਵਾਲਾ, ਆਦਿ ਸ਼ਕਤ ਵੇਸ ਵਟਾਇੰਦਾ । ਆਦਿ ਅੰਤ ਇਕ ਅਕਾਲਾ, ਅਕਾਲ ਪੁਰਖ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਾਚਾ ਮੇਲ ਮਿਲਾਵਣ ਯੋਗ, ਜੋਗ ਜੁਗੀਸ਼ਰ ਇਕ ਅਖਵਾਇਆ । ਇਕ ਚੁਗਾਵਣਹਾਰਾ ਚੋਗ, ਏਕਾ ਜੋਗ ਸਿਖਾਇਆ । ਏਕਾ ਭੋਗਣਹਾਰਾ ਭੋਗ, ਏਕਾ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਭਾਣਾ ਆਪ ਫ਼ਰਮਾਇਆ । ਆਪਣੇ ਭਾਣੇ ਹਰਿ ਭਗਵੰਤ, ਆਪਣੀ ਰਚਨ ਰਚਾਈਆ । ਆਪੇ ਹੋਇਆ ਬੇਅੰਤ ਬੇਅੰਤ, ਬੇਅੰਤਾ ਆਪ ਆਪਣੀ ਬੂਝ ਬੁਝਾਈਆ । ਆਪੇ ਸਾਜਨ ਆਪੇ ਸੰਤ, ਆਪੇ ਸਾਂਤਕ ਸਤਿ ਵਰਤਾਈਆ । ਆਪੇ ਨਾਰ ਸੁਹਾਗਣ ਹੋਏ ਕੰਤ, ਆਪੇ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਵੇਖ ਵਖਾਈਆ । ਹਰਿਸੰਗਤ ਤੇਰਾ ਕਾਇਆ ਘਾਟ, ਹਰਿ ਸਾਚੇ ਵੇਖ ਵਿਚਾਰਿਆ । ਆਪੇ ਉਤਰਿਆ ਆਪਣੇ ਘਾਟ, ਆਪੇ ਕਰੇ ਪਾਰ ਕਿਨਾਰਿਆ । ਵੇਖਣਹਾਰਾ ਤੀਰਥ ਤਾਟ, ਤਟ ਕਿਨਾਰਾ ਫੋਲ ਫੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪਣੇ ਵਿਚੋਂ ਬਾਹਰ ਕਢਾ ਰਿਹਾ । ਆਪਣੀ ਧਾਰ ਆਪੇ ਕੱਢ, ਆਪੇ ਰੰਗ ਰੰਗਾਇਆ । ਆਪ ਲਡਾਇਆ ਆਪਣਾ ਲਡ, ਆਪ ਆਪਣੀ ਗੋਦ ਉਠਾਇਆ । ਨਾ ਕੋਈ ਮਾਸ ਨਾ ਕੋਈ ਹੱਡ, ਨਾ ਕੋਈ ਨਾੜੀ ਰਕਤ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਹਰਿ ਵੇਖ ਘਰ, ਘਰ ਬਾਰ ਦਏ ਸੁਹਾਇਆ । ਘਰ ਦਵਾਰਾ ਲੋਕਮਾਤ, ਧਰਤ ਧਵਲ ਸੁਹਾਈਆ । ਲੋਆਂ ਪੁਰੀਆਂ ਵੇਖੇ ਮਾਰ ਝਾਤ, ਆਪ ਆਪਣੀ ਰਚਨ ਰਚਾਈਆ । ਵਿਸ਼ਨੂੰ ਵੰਸੀ ਲੈ ਬਰਾਤ, ਆਇਆ ਕਰ ਕਰ ਧਾਈਆ । ਗੁਰਸਿਖ ਲਛਮੀ ਬਣੇ ਨਾਤ, ਏਕਾ ਭੂਸ਼ਨ ਗਲ ਪਵਾਈਆ । ਲਾਲ ਰੰਗ ਧੁਰ ਸੁਗਾਤ, ਘਰ ਸਾਚੇ ਵੇਖ ਵਖਾਈਆ । ਮਿਲੇ ਮੇਲ ਕਮਲਾਪਾਤ, ਕੰਤ ਕੰਤੂਹਲ ਵੱਡੀ ਵਡਿਆਈਆ । ਅੰਦਰ ਵੇਖ ਮਾਰ ਝਾਤ, ਹਰਿ ਬੈਠਾ ਜੋਤ ਜਗਾਈਆ । ਅਲੱਖ ਨਿਰੰਜਣ ਆਪ ਜਣਾਏ ਆਪਣੀ ਵਾਟ, ਧੁਰ ਧਾਮ ਸੁਹਾਈਆ । ਸਚਖੰਡ ਏਕਾ ਹਾਟ, ਮਿਲੇ ਵਸਤ ਨਾਮ ਖ਼ੁਦਾਈਆ । ਅੰਮ੍ਰਿਤ ਰਸ ਲੈਣਾ ਚਾਟ, ਦੁਰਮਤ

ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਵੇਸ ਰਿਹਾ ਵਟਾਈਆ । ਵਿਸ਼ਨੂੰ ਵੇਸ ਹਰਿ ਕਰਤਾਰ, ਆਪਣਾ ਆਪ ਉਪਾਇਆ । ਲੱਛਮੀ ਤੇਰਾ ਸਚ ਪਿਆਰ, ਮਾਇਆ ਮੋਹ ਚੁਕਾਇਆ । ਲਾਲ ਰੰਗ ਅਪਰ ਅਪਾਰ, ਤੇਰਾ ਰੰਗ ਰੰਗਾਇਆ । ਉਪਰ ਬੈਠ ਸੱਚੀ ਸਰਕਾਰ, ਸਾਚਾ ਆਸਣ ਲਾਇਆ । ਨਾ ਕੋਈ ਵੇਖੇ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਨੇਤਰ ਨੈਣ ਨਾ ਸਕੇ ਉਘਾੜ, ਦੋਏ ਲੋਚਨ ਰਹੇ ਖੁਲ੍ਹਾਇਆ । ਮਾਇਆ ਅਗਨੀ ਕਲਜੁਗ ਰਹੀ ਸਾੜ, ਦਿਵਸ ਰੈਣ ਰਹੀ ਤਪਾਇਆ । ਗੁਰਮੁਖਾਂ ਵੰਡ ਵੰਡਾਈ ਸਤਾਰਾਂ ਹਾੜ, ਉਜਲ ਮੁੱਖਾ ਮਾਤ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰ ਆਪ ਵਡਿਆਇਆ । ਹਾੜ ਸਤਾਰਾਂ ਸਾਚੀ ਰੀਤਾ, ਹਰਿ ਸਾਚੇ ਆਪ ਚਲਾਈਆ । ਨਾ ਕੋਈ ਮੰਦਰ ਨਾ ਕੋਈ ਮਸੀਤਾ, ਗੁਰੂਦਵਾਰ ਨਾ ਕੋਈ ਬਣਾਈਆ । ਸ਼ਬਦ ਸਿੰਘਾਸਣ ਬੈਠਾ ਇਕ ਅਤੀਤਾ, ਨਿਰਗੁਣ ਜੋਤ ਜਗਾਈਆ । ਅੱਠੇ ਪਹਿਰ ਠਾਂਡਾ ਸੀਤਾ, ਹਰਿਸੰਗਤ ਸਾਂਤਕ ਸਤਿ ਵਰਤਾਈਆ । ਜਿਸ ਜਨ ਲੁਕਿਆ ਕਾਇਆ ਮੰਦਰ ਅਚਿੰਤਾ, ਦੇਵੇ ਦਰਸ ਬੇਪਰਵਾਹੀਆ । ਆਪੇ ਕਰੇ ਪੱਤਤ ਪੁਨੀਤਾ, ਪੁਣ ਛਾਣ ਆਪ ਕਰਾਈਆ । ਗੁਰਮੁਖ ਸਾਜਨ ਲੱਖ ਚੁਰਾਸੀ ਜੀਤਾ, ਗੁਰ ਪੂਰਾ ਸੀਸ ਉਠਾਈਆ । ਲੇਖੇ ਲਾਏ ਹਸਤ ਕੀਟਾ, ਜੋ ਆਏ ਚਲ ਸਰਨਾਈਆ । ਦੇਵੇ ਨਾਮ ਸ਼ਬਦ ਅਨਡੀਠਾ, ਦਿਸ ਕਿਸੇ ਨਾ ਆਈਆ । ਜਨਮ ਜਨਮ ਜਨ ਭਗਤੀ ਪੀਸਨ ਪੀਠਾ, ਫਲ ਕਲਜੁਗ ਦਏ ਖਵਾਈਆ । ਮਿੱਠਾ ਕਰੇ ਕੌੜਾ ਰੀਠਾ, ਜਿਉਂ ਨਾਨਕ ਅੰਗਦ ਅੰਗ ਲਗਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠਾ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਆਇਆ ਕਰ ਕਰ ਧਾਈਆ । ਲੋਕਮਾਤ ਹਰਿ ਚਰਨ ਛੁਹਾਇਆ, ਚਾਰ ਕੁੰਟ ਵਧਾਈਆ । ਧਰਤ ਮਾਤ ਰਹੀ ਕੁਰਲਾਇਆ, ਨੇਤਰ ਰੋ ਰੋ ਨੀਰ ਵਹਾਈਆ । ਕਲਜੁਗ ਕੂੜਾ ਉਠ ਉਠ ਧਾਇਆ, ਚਾਰੋਂ ਕੁੰਟ ਫੇਰਾ ਪਾਈਆ । ਜੂਠ ਝੂਠ ਨਾਲ ਰਲਾਇਆ, ਫਿਰਦਾ ਵਾਹੋ ਦਾਹੀਆ । ਕਰਮ ਧਰਮ ਕੋਈ ਰਹਿਣ ਨਾ ਪਾਇਆ, ਸਤਿ ਸਤਿਵਾਦ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਬਾਰਾਂ ਦੇਵੇ ਵਰ, ਹਰਿਸੰਗਤ ਨਾਮ ਵਧਾਈਆ । ਵੀਹ ਸਦ ਬਾਰਾਂ ਹਰਿਸੰਗਤ ਲੇਖੇ ਲਾ, ਆਪਣਾ ਕਰਮ ਕਮਾਇਆ । ਆਪਣਾ ਲੇਖਾ ਆਪਣੇ ਲਹਿਣੇ ਪਾ, ਆਪਣਾ ਮੂਲ ਚੁਕਾਇਆ । ਸੰਮਤ ਤੇਰਾਂ ਵੇਖੇ ਥਾਂ ਥਾਂ, ਸਾਧ ਸੰਤ ਰਿਹਾ ਉਠਾਇਆ । ਰਾਜ ਰਾਜਾਨਾ ਦਏ ਜਣਾ, ਘਰ ਘਰ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਲੇਖੇ ਲਾਇਆ । ਸੰਮਤ ਤੇਰਾਂ ਤੇਰੀ ਧਾਰ, ਤੇਰੇ ਹੱਥ ਰਖਾਈਆ । ਸਾਧਾਂ ਸੰਤਾਂ ਮਾਰੇ ਮਾਰ, ਜੋ ਬੈਠੇ ਮੁਖ ਭਵਾਈਆ । ਗੁਰਮੁਖ ਸਾਜਨ ਲਏ ਉਭਾਰ, ਜੋ ਜਨ ਰਸਨਾ ਗਾਈਆ । ਕੋਟੀ ਕੋਟ ਡੁੱਬੇ ਮੰਝ ਧਾਰ, ਕੋਟੀ ਕੋਟ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਸੰਮਤ ਚੌਦਾਂ ਵੇਖੇ ਹੱਟ, ਹਰਿ ਸਾਚੇ ਆਪ ਖੁਲ੍ਹਾਇਆ । ਏਕਾ ਤੀਰਥ ਏਕਾ ਤਟ, ਏਕਾ ਘਾਟ ਪਾਰ ਕਰਾਇਆ । ਏਕਾ ਕਾਇਆ ਏਕਾ ਹੱਟ, ਏਕਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਏਕਾ ਇਕੀ ਪਾਇਆ । ਏਕਾ ਇਕੀ ਆਪਣੀ ਪਾ, ਆਪਣਾ ਸਗਨ ਮਨਾਇੰਦਾ । ਸਾਚੀ ਸਿੱਖੀ ਨਾਮ ਧਰਾ, ਸਾਚਾ ਮਾਰਗ ਲਾਇੰਦਾ । ਰਿਖੀ ਮੁਨੀ ਕੋਈ ਜਾਣੇ ਨਾ, ਪੰਡਤ ਪਾਂਧਾ ਨਾ ਕੋਈ ਵੇਖ ਵਖਾਇੰਦਾ ।


੪੦੯
੦੨

ਗ੍ਰੰਥੀ ਪੰਥੀ ਕੋਈ ਪਛਾਣੇ ਨਾ, ਪ੍ਰਭ ਸਾਚਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਚੌਦਾਂ ਵੇਖ ਵਖਾਇੰਦਾ । ਚੌਦਾਂ ਲੋਕ ਚੌਦਾਂ ਹੱਟ ਪਸਾਰਾ, ਚੌਦਾਂ ਤਬਕਾਂ ਰਿਹਾ ਉਠਾਈਆ । ਕਰੇ ਖੇਲ ਅਪਰ ਅਪਾਰਾ, ਹਰਿ ਹਰਿ ਵੱਡੀ ਵਡਿਆਈਆ । ਜਨ ਹਰਿ ਹਰਿਜਨ ਦੇਵੇ ਇਕ ਪਿਆਰਾ, ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਪੰਦਰਾਂ ਆਪ ਆਪਣਾ ਰਾਜ ਕਮਾਈਆ । ਵੀਹ ਸਦ ਪੰਦਰਾਂ ਹਰਿ ਪਹਿਲੀ ਚੇਤਰ, ਚੇਤਨ ਰੂਪ ਹੋ ਆਇਆ । ਸ੍ਰਿਸ਼ਟ ਸਬਾਈ ਵੇਖੇ ਖੇਤਨ, ਲੋਆਂ ਪੁਰੀਆਂ ਫੇਰਾ ਪਾਇਆ । ਸ਼ਬਦ ਖੰਡਾ ਹਰਿ ਨੇਤ ਨੇਤਨ, ਨਿਤ ਨਵਿਤ ਵੇਸ ਵਟਾਇਆ । ਜਨ ਭਗਤਾਂ ਕਰ ਕਰ ਹੇਤਨ, ਹਾੜ ਸਤਾਰਾਂ ਵੰਡ ਵੰਡਾਇਆ । ਆਪਣੇ ਨੇਤਰ ਆਪੇ ਆਇਆ ਵੇਖਣ, ਬਿਧਨਾ ਰੇਖ ਦਏ ਮਿਟਾਇਆ । ਆਪੇ ਵੇਖੇ ਧਾਰੀ ਕੇਸਨ, ਧਰ ਧਰਨੀ ਇਕ ਕਮਾਇਆ । ਆਪੇ ਹੋਏ ਦਸ ਦਸਮੇਸਨ, ਦਾਤਾ ਦਾਨੀ ਨਾਮ ਧਰਾਇਆ । ਸੇਵ ਲਗਾਏ ਬ੍ਰਹਮਾ ਵਿਸ਼ਨ ਮਹੇਸ਼ ਗਨੇਸ਼ਨ, ਸੇਵਕ ਸੇਵਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦੇਸ ਆਦੇਸ ਆਪਣਾ ਆਪ ਕਰਾਇਆ । ਅੰਮ੍ਰਿਤ ਵੇਲਾ ਅੰਮ੍ਰਿਤ ਰਸ, ਅੰਮ੍ਰਿਤ ਨਾਮ ਉਪਾਇਆ । ਹਰਿਜਨ ਹਰਿ ਹੋਇਆ ਵਸ, ਜਨ ਹਰਿ ਦਵਾਰੇ ਆਇਆ । ਏਕਾ ਰਿਹਾ ਰਾਹ ਦੱਸ, ਦੂਸਰ ਦਰ ਨਾ ਕੋਈ ਸੁਹਾਇਆ । ਨਿਰਮਲ ਜੋਤ ਕਰੇ ਪਰਕਾਸ਼ ਕੋਟਨ ਰਵ ਸਸ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਜਗਤ ਅੰਧੇਰਾ ਜਾਏ ਨੱਸ, ਅੰਧ ਅੰਧੇਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਹਰਿ ਨਾਮ ਆਪ ਰਖਾਇਆ । ਹਰਿ ਅੰਮ੍ਰਿਤ ਹਰਿ ਬਾਣੀ ਆ, ਹਰਿ ਰੂਪ ਕਰਤਾਰ । ਹਰਿ ਸ਼ਬਦ ਹਰਿ ਬਾਣੀ ਆ, ਹਰਿ ਬੋਲੇ ਅਪਰ ਅਪਾਰ । ਹਰਿ ਕਥਾ ਅਕੱਥ ਕਹਾਣੀ ਆ, ਕਥਨੀ ਕਥ ਨਾ ਸਕੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ । ਨਾਮ ਵਸਤ ਅਨਮੋਲ ਗੁਰਮੁਖਾਂ ਦੇਵੇ ਇਕ ਦਵਾਰਾ, ਹਰਿ ਸਾਚੇ ਕੰਡੇ ਤੋਲ । ਭਰਿਆ ਰਹੇ ਇਕ ਭੰਡਾਰਾ, ਭੰਡਾਰ ਅਤੁਟ ਅਤੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਆਪਣਾ ਹੋਲ । ਗਾਵਣਹਾਰਾ ਗਾ ਰਿਹਾ, ਗੀਤ ਗੋਬਿੰਦ ਅਪਾਰ । ਪਾਵਣਹਾਰਾ ਪਾ ਰਿਹਾ, ਦਰ ਸੱਚੇ ਦਰਬਾਰ । ਗਾਵਣਹਾਰਾ ਗਾ ਰਿਹਾ, ਪਰਮ ਪੁਰਖ ਕਰਤਾਰ । ਪਾਵਣਹਾਰਾ ਪਾ ਰਿਹਾ, ਆਤਮ ਅੰਤਰ ਕਰ ਵਿਚਾਰ । ਗਾਵਣਹਾਰਾ ਗਾ ਰਿਹਾ, ਗਾਏ ਗੁਣ ਕਰਤਾਰ । ਪਾਵਣਹਾਰਾ ਪਾ ਰਿਹਾ, ਮਿਲੇ ਮੇਲ ਸੱਚੀ ਸਰਕਾਰ । ਗਾਵਣਹਾਰਾ ਗਾ ਰਿਹਾ, ਹਰਿਸੰਗਤ ਦਰ ਭਿਖਾਰ । ਪਾਵਣਹਾਰ ਪਾ ਰਿਹਾ, ਹਉਮੇ ਰੋਗ ਨਿਵਾਰ । ਸਾਚਾ ਮੇਲਾ ਆਪ ਮਿਲਾ ਰਿਹਾ, ਲੋਕਮਾਤੀ ਲੈ ਅਵਤਾਰ । ਗੁਰ ਚੇਲਾ ਰੂਪ ਵਟਾ ਰਿਹਾ, ਖੇਲੇ ਖੇਲ ਸਰਬ ਸੰਸਾਰ । ਇਕ ਅਕੇਲਾ ਫੇਰੀ ਪਾ ਰਿਹਾ, ਨਿਰਗੁਣ ਨੂਰ ਕਰ ਉਜਿਆਰ । ਆਪਣਾ ਵੇਲਾ ਆਪ ਸੁਹਾ ਰਿਹਾ, ਸੁਹਾਏ ਬੰਕ ਦਵਾਰ । ਜਨ ਭਗਤਾਂ ਤੇਲਾ ਆਪ ਚੜ੍ਹਾ ਰਿਹਾ, ਜੋਤ ਨਿਰੰਜਣ ਸੇਵਾਦਾਰ । ਗੀਤ ਸੁਹਾਗੀ ਆਪੇ ਗਾ ਰਿਹਾ, ਧੁਨ ਅਨਾਦੀ ਵਜਾਏ ਇਕ ਧੁਨਕਾਰ । ਬ੍ਰਹਿਮਾਦੀ ਖੋਜ ਖੁਜਾ ਰਿਹਾ, ਆਦਿ ਜੁਗਾਦੀ ਏਕਾ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸੰਗ ਨਿਭਾ ਰਿਹਾ । ਹਰਿ ਸਾਜਨ ਹਰਿ ਹਰਿ ਜਾਨਿਆ, ਹਰਿ ਬਿਨ ਅਵਰ ਨਾ ਕੋਇ । ਹਰਿ ਕਿਰਪਾ ਹਰਿ ਮਨ ਮਾਨਿਆ, ਹਰਿਜਨ ਦੁਰਮਤ ਮੈਲ ਧੋਏ । ਹਰਿ ਕਿਰਪਾ ਮਿਲੇ ਮੇਲ ਹਰਿ ਭਗਵਾਨਿਆ, ਗੁਰਮੁਖ ਸੋਇਆ ਰਹੇ ਨਾ ਕੋਇ । ਹਰਿ

ਕਿਰਪਾ ਮਿਲੇ ਨਾਮ ਦਾਨਿਆ, ਦੇਵਣਹਾਰਾ ਹਰਿ ਤ੍ਰੈ ਲੋਏ । ਏਕਾ ਸ਼ਬਦ ਧੁਰ ਫ਼ਰਮਾਨਿਆ, ਸੁਣੇ ਸੁਣਾਏ ਨਾ ਜਗ ਕੋਇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਦੇਵੇ ਸਾਚੇ ਢੋਏ । ਹਰਿ ਸ਼ਬਦ ਸਾਚਾ ਢੋਆ, ਪ੍ਰਭ ਸਾਚਾ ਲੈ ਕੇ ਆਏ । ਗੁਰਮੁਖ ਸੋਇਆ ਰਹੇ ਨਾ ਕੋਇਆ, ਫੜ ਬਾਂਹੋਂ ਆਪ ਉਠਾਏ । ਏਕਾ ਅੰਮ੍ਰਿਤ ਏਕਾ ਆਤਮ ਏਕਾ ਅੰਤਰ ਹਰਿ ਹਰਿ ਚੋਇਆ, ਏਕਾ ਦੂਜਾ ਭੌ ਮਿਟਾਏ । ਤੀਜਾ ਨੈਣ ਵੇਖ ਵਖਾਏ, ਚੌਥੇ ਪਦ ਆਪ ਸਮਾਏ । ਆਪਣਾ ਬੀਜ ਆਪੇ ਬੋਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਭਾਂਡੇ ਕਾਚੇ, ਵੇਖੇ ਸਾਚੇ ਹਾਟੇ, ਏਕਾ ਤਾਗ ਏਕਾ ਸੂਤ ਚਾਰੋਂ ਕੁੰਟ ਲਏ ਪਰੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਜਗ ਆਪੇ ਮੇਲੇ, ਦੂਸਰ ਅਵਰ ਨਾ ਵੇਖੇ ਕੋਇ । ਜਨ ਭਗਤਾਂ ਹਰਿ ਭਗਤੀ ਮੇਲਿਆ, ਭਗਤੀ ਭਰ ਭੰਡਾਰਾ । ਸਚ ਭਗਤੀ ਸੱਜਣ ਸਹੇਲਿਆ, ਸੋਹੇ ਚਰਨ ਦਵਾਰਾ । ਆਪਣਾ ਖੇਲੇ ਆਪੇ ਖੇਲਿਆ, ਕਰਿਆ ਵਣਜ ਸੱਚਾ ਵਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਭੰਡਾਰਾ । ਹਰਿ ਭੰਡਾਰ ਸਦਾ ਭਰਪੂਰ, ਆਦਿ ਜੁਗਾਦਿ ਰਖਾਇਆ । ਦੇਵਣਹਾਰਾ ਨਾ ਨੇੜੇ ਨਾ ਦੂਰ, ਜਨ ਜਾਗਰਤ ਵਿਚ ਸਮਾਇਆ । ਆਸਾ ਮਨਸਾ ਜੁਗ ਜੁਗ ਪੂਰ, ਪੂਰਨ ਆਸਾ ਆਪ ਕਰਾਇਆ । ਸਦ ਸਹੇਲਾ ਹਾਜ਼ਰ ਹਜ਼ੂਰ, ਹਰਿ ਸ਼ਬਦੀ ਸ਼ਬਦ ਸਮਾਇਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਰਹਿਣ ਨਾ ਪਾਇਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਨਾਮ ਚਰਨੋਦਕ ਰਸਨਾ ਮੁਖ ਚੁਆਇਆ । ਚਤੁਰ ਬਣਾਏ ਮੂਰਖ ਮੂੜ੍ਹ, ਇਕ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦਰ ਹੋਏ ਮੰਗਤ, ਏਕਾ ਭਿਛਿਆ ਮੰਗ ਮੰਗਾਇਆ । ਹਰਿਸੰਗਤ ਹਰਿ ਵਡ ਵਡਿਆਈ, ਵੇਖੇ ਦੋ ਜਹਾਨਾਂ । ਵੱਜਦੀ ਰਹੇ ਸ਼ਬਦ ਵਧਾਈ, ਗਾਏ ਨਾਮ ਤਰਾਨਾ । ਸਖੀ ਸਾਜਨ ਹੋਏ ਕੁੜਮਾਈ, ਬੰਨੇ ਸਾਚਾ ਗਾਨਾ । ਧਾਮ ਨਿਰੰਤਰ ਦਏ ਸਹਾਈ, ਬੈਠਾ ਹਰਿ ਭਗਵਾਨਾ । ਆਤਮ ਅੰਤਰ ਮੇਲ ਮਿਲਾਈ, ਖੇਲੇ ਖੇਲ ਮਹਾਨਾ । ਜਗਤ ਬਸੰਤਰ ਦਏ ਬੁਝਾਈ, ਅਗਨੀ ਮੱਠ ਨਾ ਕੋਈ ਤਪਾਨਾ । ਏਕਾ ਮੰਤਰ ਦਏ ਪੜ੍ਹਾਈ, ਹਰਿ ਸੋਹੰ ਜਾਪ ਜਪਾਨਾ । ਲੱਖ ਚੁਰਾਸੀ ਕਰੇ ਲੜਾਈ, ਮਾਰੇ ਤੀਰ ਇਕ ਨਿਸ਼ਾਨਾ । ਗੁਰਮੁਖ ਸਾਚੇ ਲਏ ਤਰਾਈ, ਆਪ ਆਪਣਾ ਲੜ ਫੜਾਨਾ । ਦਰ ਦਰ ਘਰ ਘਰ ਵੇਖੇ ਚਾਈਂ ਚਾਈਂ, ਆਪ ਆਪਣਾ ਪੰਧ ਮੁਕਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਲੱਖ ਚੁਰਾਸੀ ਫੰਦ ਕਟਾਨਾ । ਲੱਖ ਚੁਰਾਸੀ ਫੰਦੀ ਫੰਦ, ਧਰਮ ਰਾਏ ਦਰਵੇਸਾ । ਰਸਨ ਲਗਾਏ ਮਦਿਰਾ ਮਾਸ ਗੰਦ, ਨਾ ਓਹ ਮੂੰਡ ਨਾ ਧਾਰੀ ਕੇਸਾ । ਸ਼ਬਦ ਅਨਾਦੀ ਗਾਏ ਛੰਦ, ਮਿਲੇ ਮੇਲ ਦਸ ਦਸਮੇਸਾ । ਖ਼ੁਸ਼ੀ ਕਰਾਏ ਬੰਦ ਬੰਦ, ਕਰੇ ਕਰਾਏ ਸਚ ਅਦੇਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਵੇਸਾ । ਕਲਜੁਗ ਜੀਵ ਉਠ ਜਾਗ, ਜਾਗਣ ਵੇਲਾ ਆਇਆ । ਲੋਕਮਾਤ ਲੱਗਾ ਭਾਗ, ਹਰਿ ਸਾਚੇ ਖੇਲ ਰਚਾਇਆ । ਏਕਾ ਜੋਤੀ ਜਗੇ ਚਿਰਾਗ, ਦੀਵਾ ਬੱਤੀ ਨਾ ਕੋਈ ਰਖਾਇਆ । ਧੁਰਦਰਗਾਹੀ ਨਿਕਲੇ ਏਕਾ ਲਾਟ, ਲਾਟ ਲਿਲਾਟੀ ਦਏ ਵਖਾਇਆ । ਪਾਰ ਕਰਾਏ ਔਖਾ ਘਾਟ, ਏਕਾ ਪੌੜੇ ਦਏ ਚੜ੍ਹਾਇਆ । ਸਰੋਵਰ ਨੁਹਾਏ ਸਾਚਾ ਤਾਟ, ਤਟ ਕਿਨਾਰਾ ਇਕ ਸੁਹਾਇਆ । ਵਣਜ ਕਰਾਏ ਸਾਚੇ ਹਾਟ, ਨਾਮ ਵਣਜਾਰਾ ਨਾਮ ਧਰਾਇਆ । ਦੁਰਮਤ ਮੈਲ ਦੇਵੇ ਕਾਟ, ਧੋਵਣਹਾਰ ਸ੍ਰਿਸ਼ਟ ਸਬਾਇਆ । ਜੋਤੀ


੪੧੧
੦੭

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਵਡਿਆਇਆ । ਕਲਜੁਗ ਜੀਵ ਉਠ ਬਲ ਧਾਰ, ਅੰਧ ਅੰਧੇਰੀ ਛਾਈਆ । ਕੂੜੀ ਕਿਰਿਆ ਰਹੀ ਲਲਕਾਰ, ਚਾਰੋਂ ਕੁੰਟ ਪਈ ਦੁਹਾਈਆ । ਮਾਇਆ ਮਮਤਾ ਰਹੀ ਮਾਰ, ਦਿਵਸ ਰੈਣ ਲੜਾਈਆ । ਹਉਮੇ ਹੰਗਤਾ ਰਹੀ ਸਾੜ, ਬਚਿਆ ਕੋਈ ਰਹਿਣ ਨਾ ਪਾਈਆ । ਪੰਚਮ ਲੱਗੀ ਮਗਰ ਧਾੜ, ਦਿਵਸ ਰੈਣ ਸਤਾਈਆ । ਕਾਮਨ ਅਗਨੀ ਬਹੱਤਰ ਨਾੜ, ਕਰੋਧ ਲੋਭ ਹਲਕਾਈਆ । ਦਰ ਘਰ ਸਾਚੇ ਨਾ ਦੇਵੇ ਕੋਈ ਵਾੜ, ਨਾ ਕੋਈ ਪਾਰ ਕਰਾਈਆ । ਕਲਜੁਗ ਜੂਹ ਹੋਈ ਉਜਾੜ, ਚਾਰੋਂ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਆਪ ਚਬਾਵਣ ਆਇਆ ਆਪਣੀ ਦਾੜ੍ਹ, ਆਪਣਾ ਮੁਖ ਖੁਲ੍ਹਾਈਆ । ਕਾਲ ਮਹਾਂਕਾਲ ਵੇਖੇ ਇਕ ਅਖਾੜ, ਕਾਲਾ ਵੇਸ ਵਟਾਈਆ । ਸ੍ਰਿਸ਼ਟ ਸਬਾਈ ਲਹਿਣਾ ਦੇਣਾ ਚੁਕਣਾ ਸਤਾਰਾਂ ਹਾੜ, ਜੂਠੀ ਝੂਠੀ ਗੰਢ ਬੰਧਾਈਆ । ਗੁਰਮੁਖ ਬਣੌਣੇ ਸਾਚੇ ਲਾੜ, ਸਾਚੇ ਘੋੜੇ ਆਪ ਚੜ੍ਹਾਈਆ । ਧੁਰਦਰਗਾਹ ਦੇਵੇ ਵਾੜ, ਚਾਲ ਬੇਹੰਗਮ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸਹਿਜ ਸੁਖਦਾਈਆ । ਸਹਿਜ ਸੁਖ ਹਰਿ ਜੀਵਣ ਦਾਤਾ, ਜਾਗਰਤ ਜੋਤ ਜਗਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਗੁਰਮੁਖਾਂ ਪੁੱਛੇ ਏਕਾ ਆਪੇ ਵਾਤਾ, ਏਕਾ ਵਤਨ ਵਖਾਇੰਦਾ । ਲੋਆਂ ਪੁਰੀਆਂ ਬਹਿ ਬਹਿ ਮਾਰੇ ਝਾਕਾ, ਦਿਸ ਕਿਸੇ ਨਾ ਆਇੰਦਾ । ਹਾੜ ਸਤਾਰਾਂ ਖੋਲ੍ਹੇ ਤਾਕਾ, ਗੁਰਮੁਖਾਂ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੁਰਤ ਏਕਾ ਸ਼ਬਦ ਇਕ ਦੁਲਾਰ ਏਕਾ ਸ਼ਬਦ ਛੋਟਾ ਕਾਕਾ, ਸੋਹੰ ਨਾਮ ਧਰਾਇੰਦਾ । ਸੋਹੰ ਸ਼ਬਦ ਸਾਚਾ ਕਾਕਾ, ਹਰਿ ਸਾਚੇ ਬਾਲ ਉਪਨਿਆ । ਨਿਰਗੁਣ ਜੋਤੀ ਬਣੀ ਮਾਤਾ, ਥਿਰ ਘਰ ਬੈਠਾ ਜਣਿਆ । ਪਿਤਾ ਬਣਿਆ ਪੁਰਖ ਬਿਧਾਤਾ, ਆਪ ਆਪਣਾ ਆਪੇ ਮੰਨਿਆ । ਰੂਪ ਬਣਾਇਆ ਸਾਂਤਕ ਸਤਿ, ਨਾ ਘੜਿਆ ਨਾ ਭੰਨਿਆ । ਨਾ ਕੋਈ ਰੱਖੀ ਜ਼ਾਤਾ ਪਾਤਾ, ਵਰਨ ਗੋਤ ਨਾ ਕੋਈ ਜਣਿਆ । ਨਾ ਕੋਈ ਵੇਖੇ ਦਿਵਸ ਰਾਤਾ, ਨਾ ਪੱਖ ਰਖਾਏ ਸੂਰਜ ਚੰਨਿਆ । ਜਨ ਭਗਤਾਂ ਮੇਲਾ ਇਕ ਇਕਾਂਤਾ, ਦੇਵੇ ਨਾਮ ਸੱਚਾ ਧਨ ਧਨਿਆ । ਅੰਤਮ ਦੇਵਣ ਆਇਆ ਲਹਿਣਾ ਦੇਣਾ ਬਾਕਾ, ਆਪਣੀ ਢਾਈ ਪਹਿਲੋਂ ਛੱਪਰ ਛੰਨਿਆ । ਅੰਮ੍ਰਿਤ ਜਾਮ ਪਿਆਏ ਬਣ ਬਣ ਸਾਕਾ, ਅਨਹਦ ਰਾਗ ਸੁਣਾਏ ਕੰਨਿਆ । ਆਪਣਾ ਲੇਖਾ ਆਪੇ ਜਾਣੇ ਭਵਿਖਤ ਵਾਕਾ, ਵੇਦ ਪੁਰਾਨ ਕੋਈ ਨਾ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਦੇਵੇ ਡੰਨਿਆ । ਕਲਜੁਗ ਜੀਵ ਨੇਤਰ ਖੋਲ੍ਹ, ਅੰਤ ਅੰਧੇਰਾ ਛਾਇਆ । ਪੁਰਖ ਅਬਿਨਾਸ਼ੀ ਰਿਹਾ ਬੋਲ, ਕਰਤਾ ਪੁਰਖ ਨਾਉਂ ਧਰਾਇਆ । ਸ਼ਬਦ ਅਗੰਮੀ ਵੱਜੇ ਢੋਲ, ਨੌਂ ਖੰਡ ਰਿਹਾ ਸੁਣਾਇਆ । ਜ਼ਿਮੀਂ ਅਸਮਾਨਾਂ ਵੇਖੇ ਪੋਲ, ਦੋਹਾਂ ਪੜਦਾ ਫੋਲ ਫੁਲਾਇਆ । ਲੋਆਂ ਪੁਰੀਆਂ ਪਿਆ ਘੋਲ, ਨਾ ਸਕੇ ਕੋਈ ਛੁਡਾਇਆ । ਲੱਖ ਚੁਰਾਸੀ ਲਏ ਵਰੋਲ, ਨਾਮ ਮਧਾਨਾ ਏਕਾ ਪਾਇਆ । ਸੋਹੰ ਕੰਡੇ ਰਿਹਾ ਤੋਲ, ਜਨ ਭਗਤ ਦਵਾਰੇ ਆਪ ਗਡਾਇਆ । ਆਪੇ ਬੋਲੇ ਹੌਲੇ ਹੌਲ, ਆਪ ਆਪਣੀ ਧਾਰ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਵਡਿਆਇਆ । ਕਲਜੁਗ ਜੀਵ ਅੱਖ ਉਘਾੜ, ਹਰਿ ਸਾਚਾ ਦਏ ਦੁਹਾਈਆ । ਸ੍ਰਿਸ਼ਟ ਸਬਾਈ ਦੇਖੇ ਉਜਾੜ, ਜੰਗਲ ਜੂਹ ਫਿਰਾਈਆ । ਜੀਆਂ ਜੰਤਾਂ ਲਹਿਣਾ ਦੇਣ ਚੁਕਣਾ ਸਤਾਰਾਂ ਹਾੜ, ਮਨਮੁਖ ਕੋਇ ਰਹਿਣ ਨਾ ਪਾਈਆ । ਗੁਰਮੁਖ ਬਣਾਏ ਸਾਚੇ ਲਾੜ, ਸੱਤ ਸਤਾਰਾਂ ਦਏ ਦੁਹਾਈਆ ।


੪੧੨ ੦੨

ਹਰਿਸੰਗਤ ਘੜਿਆ ਆਪੇ ਘਾੜ, ਆਪੇ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਲਏ ਉਪਾਈਆ । ਸਾਚਾ ਸੰਤ ਸੋ ਜਨ ਪੂਰਾ, ਜਿਸ ਹਰਿ ਹਰਿ ਦਰਸਨ ਪਾਇਆ । ਮਾਨਸ ਜਨਮ ਨਾ ਹੋਏ ਅਧੂਰਾ, ਜਿਸ ਘਰ ਆਪਣਾ ਵੇਖ ਵਖਾਈਆ । ਨਾਤਾ ਤੁਟੇ ਮੋਹ ਕੂੜਾ, ਹਉਮੇਂ ਰੋਗ ਜਲਾਇਆ । ਮਸਤਕ ਲਾਏ ਚਰਨ ਧੂੜਾ, ਸਾਚਾ ਜੋਗ ਕਮਾਇਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹਾ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ ਰਿਹਾ ਰੰਗਾਇਆ । ਕਲਜੁਗ ਜੀਵ ਜਗਤ ਬਿਲਾਸ, ਮਾਇਆ ਭਰਮ ਭੁਲਾਈਆ । ਵੇਲੇ ਅੰਤਮ ਹੋਏ ਉਦਾਸ, ਕਰਮੀ ਕਰਮ ਸਜਾਈਆ । ਜਨ ਭਗਤਾਂ ਹਰਿ ਵਸਿਆ ਪਾਸ, ਜੋ ਜਨ ਰਸਨਾ ਰਹੇ ਧਿਆਈਆ । ਮੇਲ ਮਿਲਾਏ ਸ਼ਾਹੋ ਸ਼ਬਾਸ, ਸ਼ਾਹ ਸੁਲਤਾਨਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਈਆ । ਸੱਜਣ ਵੇਖੇ ਠੱਗ ਚੋਰ, ਆਪਣੀ ਦਇਆ ਕਮਾਇੰਦਾ । ਆਪੇ ਚੜ੍ਹਿਆ ਸਾਚੇ ਘੋੜ, ਚਾਰੋਂ ਕੁੰਟ ਫੇਰੀ ਪਾਇੰਦਾ । ਗੁਰਮੁਖਾਂ ਲੱਭੇ ਦੌੜ ਦੌੜ, ਦਹਿ ਦਿਸ਼ਾ ਵੇਖ ਵਖਾਇੰਦਾ । ਨਾ ਕੋਈ ਨਗਰ ਜਾਣੇ ਲੰਮਾ ਡੂੰਘਾ ਚੌੜਾ ਸੌੜ, ਆਪ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਜੋਤੀ ਜੋਤ ਨੂਰ ਰਖਾਇੰਦਾ । ਜੋਤੀ ਨੂਰ ਹਰਿ ਉਜਾਲਾ, ਆਪਣਾ ਆਪ ਰਖਾਇਆ । ਕਰਿਆ ਖੇਲ ਦੀਨ ਦਿਆਲਾ, ਦਇਆਨਿਧ ਨਾਮ ਧਰਾਇਆ । ਸ਼ਬਦ ਮਾਰੇ ਇਕ ਉਛਾਲਾ, ਸਾਗਰ ਸਿੰਧ ਸੁਕਾਇਆ । ਗੁਰਮੁਖ ਉਪਜਾਏ ਸਾਚੇ ਲਾਲਾ, ਜਗਤ ਹੱਟ ਨਾ ਕੋਈ ਵਿਕਾਇਆ । ਆਪੇ ਹੋਇਆ ਸਦਾ ਰਖਵਾਲਾ, ਸੇਵਕ ਸੇਵਾ ਰਿਹਾ ਕਮਾਇਆ । ਕਲਜੁਗ ਚਲੀ ਅਵੱਲੜੀ ਚਾਲਾ, ਭੇਵ ਕਿਸੇ ਨਾ ਰਾਇਆ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਜੋਗ ਅਭਿਆਸ ਨਾ ਕੋਈ ਕਰਾਇਆ । ਤੋੜਣਹਾਰਾ ਜਗਤ ਜੰਜਾਲਾ, ਦਰ ਦਵਾਰ ਨਿਰਾਸ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਆਸ ਆਪੇ ਕਰ, ਆਸਾ ਮਨਸਾ ਪੂਰ ਕਰਾਇਆ । ਨਿਰਗੁਣ ਰੂਪ ਕਰ ਅਕਾਰ, ਹਰਿ ਹਰਿ ਰਚਨ ਰਚਾਈਆ । ਧਰਤ ਧਵਲ ਕਰ ਪਸਾਰ, ਧਰਨੀ ਨਾਉਂ ਧਰਾਈਆ । ਏਕਾ ਸ਼ਸਤਰ ਮਾਰੇ ਮਾਰ, ਸ੍ਰੀ ਅਸਕੇਤ ਨਾਉਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਚਰਨ ਟਿਕਾਈਆ । ਭਗਵਨ ਵਿਸ਼ਨੂੰ ਕਰ ਅਕਾਰ, ਵੇਸੀ ਵੇਸ ਵਟਾਇਆ । ਲਛਮੀ ਵੇਖੇ ਚਰਨ ਦਵਾਰ, ਸਾਚੀ ਸੇਵਾ ਲਾਇਆ । ਸਮੁੰਦ ਵਰੋਲੇ ਕਿਰਪਾ ਧਾਰ, ਬਲਖ ਬੁਖ਼ਾਰਾ ਫੇਰੀ ਪਾਇਆ । ਧਰਨੀ ਧਰਤ ਅਧਵਿਚਕਾਰ, ਆਪ ਆਪਣਾ ਚਰਨ ਟਿਕਾਇਆ । ਲਛਮੀ ਮੰਗੇ ਇਕ ਪਿਆਰ, ਚਤਰਭੁਜ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਚਰਨ ਛੁਹਾਇਆ । ਬ੍ਰਹਮ ਬ੍ਰਹਮਾ ਖੇਲ ਖੇਲਾ, ਖਿਲਾਏ ਹਰਿ ਦਾਤਾਰਾ । ਕਪਾਲ ਮੋਚਨ ਮੇਲ ਮਿਲਾਏ, ਸੀਸ ਸੀਸ ਅਪਾਰਾ । ਜਗਤ ਦਰਸ਼ਨ ਨਾ ਕੋਈ ਮਿਟਾਏ, ਰੋ ਰੋ ਕਰੇ ਪੁਕਾਰਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਧਰ ਧਰਨੀ ਦਿਸੇ ਧਾਮ ਨਿਆਰਾ । ਬ੍ਰਹਮਾ ਵੇਤਾ ਚਲ ਕੇ ਆਏ, ਪਾਏ ਪੁਰਖ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਸਚ ਦਵਾਰਾ । ਸ਼ਿਵ ਸ਼ੰਕਰ ਮੇਲਾ ਜਗਤ ਨਾਤਾ, ਪਾਰਬਤੀ ਕੁੜਮਾਈਆ । ਭੋਲਾ ਨਾਥ ਇਕ ਅਕਾਂਤਾ, ਚਲ ਆਇਆ ਵਾਹੋ ਦਾਹੀਆ । ਵੇਖੇ ਖੇਲ ਪੁਰਖ ਅਬਿਨਾਸ਼ਾ, ਨੇਤਰ ਨੈਣ ਉਠਾਈਆ । ਪਾਰਬਤੀ ਸੰਗ ਮਿਲਾਈ

ਨਿਭਾਏ ਸਗਲਾ ਸਾਥਾ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰ ਧਰਨੀ ਇਕ ਵਖਾਈਆ । ਰਾਜ ਸੁਤ ਇੰਦਰ ਦੁਲਾਰ, ਦਰ ਦਰ ਫੇਰਾ ਪਾਇਆ । ਮਾਤਾ ਅੱਗੇ ਰੋਵੇ ਕਰ ਪਿਆਰ, ਬਲ ਰਾਜਾ ਛਲ ਛਿਲਾਇਆ । ਧਰ ਧਰਨੀ ਸੋਹੇ ਬੰਕ ਦਵਾਰ, ਹਰਿ ਪੂਰੇ ਲੇਖ ਲਿਖਾਇਆ । ਆਇਆ ਧਰੂ ਸੁਤ ਦੁਲਾਰਾ, ਕੱਟਿਆ ਰੈਣ ਵਸੇਰਾ । ਪੁਰਖ ਅਬਿਨਾਸ਼ੀ ਦਏ ਹੁਲਾਰਾ, ਸ਼ਬਦ ਅਨਾਦੀ ਪਾਇਆ ਘੇਰਾ । ਭਰਮ ਚੁਕਾਏ ਮੇਰਾ ਤੇਰਾ, ਢਾਇਆ ਭਰਮਾਂ ਡੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦੋ ਜਹਾਨਾਂ ਕਰਿਆ ਨਿਬੇੜਾ । ਰਾਮ ਰਾਮਾ ਰੂਪ ਧਰ, ਅੰਤਮ ਵੇਖ ਵਖਾਇਆ । ਆਪਣੇ ਸੁਤ ਆਪੇ ਲੜ, ਆਪਣਾ ਬਾਣ ਚਲਾਇਆ । ਬਾਲਮੀਕ ਵੇਖੇ ਅੰਤਮ ਖੜ, ਆਪਣਾ ਚਰਨ ਟਿਕਾਇਆ । ਸੌ ਸੌ ਕਰਮ ਏਕਾ ਘਰ, ਏਕਾ ਗੜ੍ਹ ਸੁਹਾਇਆ । ਜਗਤ ਕਿਤਾਬ ਲੇਖਾ ਲਿਖ ਨਾ ਸਕੀ ਨਾ ਕੋਈ ਵਿਦਿਆ ਮਾਤ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਧਾਮ ਸੁਹਾਇਆ । ਆਪਣਾ ਧਾਮ ਸੁਹਾਏ ਬਨਵਾਰੀ, ਦੁਆਪਰ ਵੇਖ ਵਿਚਾਰਿਆ । ਅਰਜਨ ਆਏ ਜੋਧਾ ਭਾਰੀ, ਖੇਲੇ ਖੇਲ ਸ਼ਿਕਾਰਿਆ । ਬਰਾਟ ਨਗਰੀ ਕਰ ਉਜਿਆਰੀ, ਮੁਖ ਮੁੱਖੜਾ ਮੁਖ ਛੁਪਾ ਰਿਹਾ । ਸ਼ਬਦ ਸਰੂਪੀ ਮਿਲਿਆ ਮੇਲ ਕ੍ਰਿਸ਼ਨ ਮੁਰਾਰੀ, ਸਾਚਾ ਧਾਮ ਸੁਹਾ ਰਿਹਾ । ਏਕਾ ਗਿਆਨ ਏਕਾ ਵਾਰੀ, ਏਕਾ ਭਗਤ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਾਮ ਅਵੱਲਾ ਇਕ ਅਕਾਲਾ, ਆਪੇ ਵੇਖ ਵਖਾ ਰਿਹਾ । ਆਇਆ ਨਾਨਕ ਬਣ ਦਰਵੇਸ਼, ਆਪਣੀ ਦਿਸ਼ਾ ਵਖਾਈਆ । ਹੱਥ ਖੂੰਡੀ ਮੋਢੇ ਭੂਰੀ ਖੇਸ, ਪ੍ਰੇਮ ਸੇਜ ਵਛਾਈਆ । ਗਟੀਆਂ ਗਿਣੇ ਰਾਹ ਵੇਖੇ ਦਸ ਦਸਮੇਸ, ਅੰਤਮ ਹੋਏ ਸਹਾਈਆ । ਪ੍ਰਭ ਦਾ ਭਾਣਾ ਮੰਨਣਾ ਮੰਨਦਾ ਰਹੇ ਹਮੇਸ਼, ਜੁਗ ਜੁਗ ਵੱਡੀ ਵਡਿਆਈਆ । ਜੋਧਾ ਸੂਰਾ ਨਰ ਨਰੇਸ਼, ਨਿਰਗੁਣ ਨਾਉਂ ਧਰਾਈਆ । ਪੰਜ ਤਤ ਵਖਾਏ ਧਾਰੀ ਕੇਸ, ਸੰਬਲ ਨਗਰੀ ਨਾਉਂ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰ ਧਰਨੀ ਵੇਖ ਵਖਾਈਆ । ਗੁਰ ਗੋਬਿੰਦਾ ਹੋ ਉਜਿਆਰਾ, ਆਪਣਾ ਕਰਮ ਕਮਾਇੰਦਾ । ਮਿਲਿਆ ਮੇਲ ਹਰਿ ਕਰਤਾਰਾ, ਏਕਾ ਲਿਵ ਲਗਾਇੰਦਾ । ਏਕਾ ਸ਼ਬਦ ਇਕ ਧੁਨਕਾਰਾ, ਏਕਾ ਰਾਗ ਅਲਾਇੰਦਾ । ਏਕਾ ਵਣਜ ਇਕ ਵਪਾਰਾ, ਇਕ ਵਣਜਾਰਾ ਆਪ ਅਖਵਾਇੰਦਾ । ਏਕਾ ਵੇਖੇ ਪਾਰ ਕਿਨਾਰਾ, ਆਪ ਆਪਣਾ ਨੈਣ ਉਠਾਇੰਦਾ । ਪੁਰਖ ਅਬਿਨਾਸ਼ੀ ਕਹੇ ਲਲਕਾਰਾ, ਉਚੀ ਕੂਕ ਸੁਣਾਇੰਦਾ । ਤੇਰਾ ਲਹਿਣਾ ਰਹੇ ਅਧਾਰਾ, ਕਲਜੁਗ ਅੰਤਮ ਪੂਰ ਕਰਾਇੰਦਾ । ਪਾਰ ਨਾ ਕਰਨਾ ਬਿਆਸ ਕਿਨਾਰਾ, ਏਕਾ ਅੱਖਰ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰ ਧਰਨੀ ਵੇਖ ਵਖਾਇੰਦਾ । ਗੁਰ ਗੋਬਿੰਦਾ ਭਾਣਾ ਮੰਨ, ਹਰਿ ਹਰਿ ਇਕ ਧਿਆਇੰਦਾ । ਆਪਣਾ ਬੰਨ੍ਹ ਆਪੇ ਬੰਨ੍ਹ, ਆਪਣੀ ਵੰਡ ਵੰਡਾਇੰਦਾ । ਆਪਣੇ ਤਨ ਦੇਵੇ ਡੰਨ, ਆਪਣੇ ਤਨ ਧਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਕਤ ਬੂੰਦ ਲੇਖੇ ਲਾਇੰਦਾ । ਰਕਤ ਬੂੰਦ ਸੁਤ ਦੁਲਾਰ, ਸਾਚੇ ਲੇਖੇ ਲਾਇਆ । ਖ਼ਾਕੀ ਖ਼ਾਕ ਕਰ ਪਿਆਰ, ਨੈਣਾਂ ਵਿਚ ਟਿਕਾਇਆ । ਪੱਥਰ ਲਾਏ ਅਪਰ ਅਪਾਰ, ਨਾ ਕੋਈ ਸਕੇ ਤੋੜ ਤੁੜਾਇਆ । ਆਪੇ ਬੈਠਾ ਅਧਵਿਚਕਾਰ, ਦੇ ਮਤ ਰਿਹਾ ਸਮਝਾਇਆ । ਏਕਾ ਤਤ ਹਰਿ ਨਿਰੰਕਾਰ, ਹਰਿ ਸ਼ਬਦੀ ਸ਼ਬਦ ਉਪਾਇਆ । ਬੀਜੀ ਰੱਤ ਖਿਲੇ ਫੁਲੇ ਫੁਲ ਫੁਲਵਾੜ, ਬਾਗ ਬਗੀਚਾ ਮਾਤ ਲਗਾਇਆ । ਛੋਟਾ ਬਾਲਾ ਹੋ ਤਿਆਰ, ਪਹਿਲੋਂ ਆਪਣਾ ਸੀਸ ਕਟਾਇਆ । ਅਗਨੀ

ਜੋਤ ਜਵਾਲਾ ਨੈਣਾ ਦੇਵੀ ਰਹੀ ਧਾਹਾਂ ਮਾਰ, ਵੇਲਾ ਵਕਤ ਨਾ ਕਿਸੇ ਸੁਹਾਇਆ । ਪ੍ਰਭ ਅਬਿਨਾਸ਼ੀ ਖੇਲੇ ਖੇਲ ਅਪਰ ਅਪਾਰ, ਛੋਟਾ ਵੱਡਾ ਮੇਲ ਮਿਲਾਇਆ । ਦੋਹਾਂ ਮੇਲਾ ਹਰਿ ਦਵਾਰ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਉਖੜੇ ਜੜ੍ਹ, ਸਤਿਜੁਗ ਸਾਚੀ ਨੀਹ ਰਖਾਇਆ । ਸਾਚੇ ਸੁਤ ਆਪੇ ਵਾਰ, ਆਪਣੀ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਤੇਰਾ ਇਕ ਪਿਆਰ, ਤੇਰਾ ਮੇਰਾ ਰੂਪ ਦਰਸਾਇੰਦਾ । ਲਹਿਣਾ ਦੇਣਾ ਦਿਤਾ ਕਰਜ ਉਤਾਰ, ਤੇਰਾ ਤੇਰੀ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਕਹੇ ਪੁਕਾਰ, ਤੇਰਾ ਬੂਟਾ ਮਾਤ ਲਗਾਇੰਦਾ । ਸਤਿਜੁਗ ਸਾਚੇ ਦਏ ਹਲੂਣਾ, ਚਾਰ ਵਰਨਾਂ ਇਕ ਹੁਲਾਰ ਰਖਾਇੰਦਾ । ਡੰਕ ਵਜਾਏ ਚਾਰੇ ਕੂਟਾਂ, ਪੁਰੀਆਂ ਲੋਆਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰ ਧਰਨੀ ਵੇਖ ਵਖਾਇੰਦਾ । ਧਰ ਧਰਨੀ ਹਰਿ ਜੋਤ ਜਗਾ, ਆਪਣੀ ਦਇਆ ਕਮਾਈਆ । ਛੇ ਜੋਜਨ ਵੰਡ ਵੰਡਾ, ਪੁਰੀ ਘਨਕ ਸੁਹਾਈਆ । ਤ੍ਰੈਲੋਕ ਵੇਖ ਵਖਾ ਤ੍ਰੈਲੋਕਾ ਵੇਖ ਵਖਾਈਆ । ਤੀਜਾ ਹਿੱਸਾ ਆਪ ਆਪਣਾ ਰਿਹਾ ਵੰਡਾ, ਲੋਕਮਾਤ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਜੋਤ ਜਗਾ ਗੁਰ ਗੋਬਿੰਦ ਮਿਲਿਆ ਚਾਈਂ ਚਾਈਂਆ । ਦੋਹਾਂ ਮੇਲਾ ਹੋਇਆ ਸਹਿਜ ਸੁਭਾ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰ ਧਰਨੀ ਦਏ ਵਡਿਆਈਆ । ਗੁਰ ਗੋਬਿੰਦਾ ਹਰਿ ਹਰਿ ਮੇਲਾ, ਆਪਣਾ ਆਪ ਕਰਾਈਆ । ਪਾਰਬ੍ਰਹਮ ਹੋਇਆ ਸਾਚਾ ਗੁਰ ਗੁਰ ਗੋਬਿੰਦ ਹੋਇਆ ਚੇਲਾ, ਏਕਾ ਰੂਪ ਵਟਾਈਆ । ਆਪਣਾ ਸਗਨ ਆਪ ਮਨਾਇਆ ਆਪਣੀ ਹੱਥੀ ਚਾੜ੍ਹੇ ਤੇਲਾ, ਆਪੇ ਮੰਗਲ ਗਾਈਆ । ਆਪਣੀਆਂ ਸਖ਼ੀਆਂ ਆਪੇ ਬਹਿ ਬਹਿ ਪਾਏ ਵੇਲਾ, ਆਪਣਾ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰ ਧਰਨੀ ਦਏ ਸੁਹਾਈਆ । ਧਰ ਧਰਨੀ ਸੁਹਾਵਣਹਾਰਾ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਗੁਰ ਗੋਬਿੰਦ ਕਰ ਪਿਆਰਾ, ਮੇਲ ਮਿਲਾਵਾ ਸਾਚੇ ਮਾਹੀਆ । ਮਿਲਿਆ ਮੇਲ ਸੁਤ ਦੁਲਾਰਾ, ਘਰ ਸਾਚੇ ਵੱਜੀ ਵਧਾਈਆ । ਲਾਹੁਣ ਆਇਆ ਪਿਛਲਾ ਕਰਜ਼ਾ ਭਾਰਾ, ਬਾਕੀ ਰਿਹਾ ਚੁਕਾਈਆ । ਲੋਕਮਾਤ ਨਾ ਕੀਆ ਅਧਾਰਾ, ਹਰਿਸੰਗਤ ਸੰਗ ਰਖਾਈਆ । ਸੋਲਾਂ ਮੱਘਰ ਦਿਵਸ ਵਿਚਾਰਾ ਛੋਟਾ ਬਾਲਾ ਭੇਟ ਚੜ੍ਹਾਈਆ । ਸਾਡੇ ਤਿੰਨ ਤਿੰਨ ਹੱਥ ਬਣਾਇਆ ਇਕ ਮੁਨਾਰਾ, ਰਵਦਾਸ ਚੁਮਾਰਾ ਲੇਖੇ ਲਾਈਆ । ਨਾਨਕ ਸੁਰੰਗਾ ਵਜਾਏ ਸਤਾਰਾ, ਨਿਰੰਕਾਰ ਨਿਰੰਕਾਰ ਨਿਰੰਕਾਰ ਗਾਈਆ । ਜਨਕ ਕਰੇ ਜਗਤ ਅਧਾਰਾ, ਲਹਿਣਾ ਦੇਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਅੰਤਮ ਬਣਤ ਬਣਾਈਆ । ਸਾਡੇ ਤਿੰਨ ਹੱਥ ਜਗਤ ਮੁਨਾਰਾ, ਹਰਿ ਸਾਚੇ ਆਪ ਕਰਾਇਆ । ਆਪਣੀ ਹੱਥੀ ਲਾਇਆ ਇੱਟਾਂ ਗਾਰਾ, ਏਕਾ ਧਾਮ ਸੁਹਾਇਆ । ਲੋਆਂ ਪੁਰੀਆਂ ਪਾਵੇ ਸਾਰਾ, ਕਰੋੜ ਤੇਤੀਸਾ ਦਏ ਹਿਲਾਇਆ । ਸੁਰਪਤ ਰਾਜਾ ਇੰਦ ਰੋਵੇ ਜ਼ਾਰੋ ਜ਼ਾਰਾ, ਨਾ ਧੀਰਜ ਧੀਰ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਧਾਮ ਸੁਹਾਇਆ । ਧਾਮ ਸੁਹਾਏ ਹਰਿ ਨਿਰੰਕਾਰ, ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਪਾਵੇ ਸਾਰ, ਸਾਧਾਂ ਸੰਤਾਂ ਰਿਹਾ ਉਠਾਈਆ । ਜਗਤ ਜਗਦੀਸਾ ਦੇਵੇ ਵਾਰ, ਜਨ ਭਗਤਾਂ ਭੇਟ ਚੜ੍ਹਾਈਆ । ਸਾਚਾ ਸੀਸਾ ਲੇਖਾ ਲਾਏ ਨੌਂ ਦਰ ਦਰਬਾਰ, ਲੇਖਾ ਲਿਖਤ ਵਿਚ ਲਿਖਾਈਆ । ਅੱਗੇ ਬੈਠ ਸੱਚੀ ਸਰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਬਲ ਨਗਰ ਅਪਰ

ਅਪਾਰ, ਗੁਰ ਗੋਬਿੰਦਾ ਆਸਣ ਲਾਈਆ । ਰਕਤ ਬੂੰਦ ਨਾੜੀ ਮਾਸ ਚੰਮ ਬਣਾਈ ਚਾਰ ਦਵਾਰ, ਉਪਰ ਛੱਪਰ ਛਾਈਆ । ਆਪੇ ਕੀਤਾ ਆਪਣਾ ਬੰਦ ਕਿਵਾੜ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਭੇਵ ਖੁਲ੍ਹਾਏ ਸਤਾਰਾਂ ਹਾੜ, ਆਪ ਆਪਣੀ ਬੂਝ ਬੁਝਾਈਆ । ਭਾਗ ਲਗਾਇਆ ਵਿਚ ਉਜਾੜ, ਹਰਿਸੰਗਤ ਵਡ ਵਡਿਆਈਆ । ਸ਼ਬਦ ਸਿੰਘਾਸਣ ਬੈਠ ਸਚ ਸੱਚੀ ਸਰਕਾਰ, ਲੱਖ ਚੁਰਾਸੀ ਦਏ ਮਿਟਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖਵਾਰ, ਦਰ ਦਰ ਭਿਛਿਆ ਕੋਈ ਨਾ ਪਾਈਆ । ਸਾਧਾਂ ਸੰਤਾਂ ਮਾਰੇ ਮਾਰ, ਜੂਠੇ ਝੂਠੇ ਰਹੇ ਜੋ ਧੂਣੀਆਂ ਤਾਈਆ । ਗੁਰਮੁਖ ਸਾਜਨ ਲਏ ਉਭਾਰ, ਜੋ ਜਨ ਹਰਿ ਹਰਿ ਨਾਮ ਰਸਨਾ ਰਹੇ ਉਚਾਰ, ਹਰਿ ਸਾਜਨ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਕਰਤਾ ਸ੍ਰਿਸ਼ਟ ਸਬਾਈ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਹਿੰਦੂ ਮੁਸਲਮ ਸਿੱਖ ਈਸਾਈ ਇਕ ਵਖਾਏ ਜਗਤ ਪਿਆਰ, ਜਗਤ ਨਾਤਾ ਇਕ ਬੰਧਾਈਆ । ਆਪੇ ਹੋਇਆ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਸ਼ਬਦ ਖੰਡਾ ਹੱਥ ਦਾਤਾਰ, ਚਾਰੋਂ ਕੁੰਟ ਰਿਹਾ ਫਿਰਾਈਆ । ਤੀਰ ਤੁਫੰਗ ਨਾ ਕੋਈ ਕਟਾਰ, ਖਾਲੀ ਹੱਥ ਰਿਹਾ ਵਖਾਈਆ । ਲਸ਼ਕਰ ਸ਼ਾਹੀ ਨਾ ਕੋਈ ਫੌਜ ਘੋੜਾ ਅਸਵਾਰ, ਏਕਾ ਸ਼ਬਦ ਰਿਹਾ ਦੌੜਾਈਆ । ਤੋਪ ਤਬਕ ਨਾ ਮਾਰੇ ਮਾਰ, ਰਸਨਾ ਚਿੱਲਾ ਰਿਹਾ ਚਲਾਈਆ । ਜਾਰ ਜਾਬਰ ਸਭ ਜਾਨਣਹਾਰ, ਗੋਬਿੰਦ ਸੀਸ ਉਠਾਈਆ । ਮੜੀ ਗੋਰ ਭਰੇ ਦਵਾਰ, ਧਰਤ ਮਾਤ ਬੈਠੀ ਗੋਦ ਵਿਛਾਈਆ । ਉਤੋਂ ਪਾਵੇ ਡਾਹਡਾ ਭਾਰ, ਜੂਠ ਝੂਠ ਸੀਸ ਟਿਕਾਈਆ । ਗੁਰਮੁਖਾਂ ਰਖਾਏ ਇਕ ਦਵਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰ ਪੀਰ ਨਾ ਦਿਸੇ ਕੋਈ ਅਵਤਾਰ, ਨਾ ਕੋਈ ਸਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸਚ ਸੱਚੀ ਸਰਕਾਰ, ਦੋ ਜਹਾਨਾਂ ਇਕ ਅਖਵਾਈਆ । ਕਲਗੀ ਤੋੜਾ ਸੀਸ ਦਸਤਾਰ, ਨਾਮ ਖੰਡਾ ਇਕ ਚਮਕਾਈਆ । ਜਨ ਭਗਤਾਂ ਵੰਡਾਈ ਸਾਚੀ ਵੰਡਾ, ਹਰਿ ਸਾਚਾ ਧਾਮ ਸੁਹਾਈਆ । ਗੁਰਸਿਖ ਨਾਰ ਹੋਏ ਕਦੇ ਨਾ ਰੰਡਾ, ਸਾਚਾ ਕੰਤ ਹੰਢਾਈਆ । ਪ੍ਰਭ ਮੇਟਣ ਆਇਆ ਭੇਖ ਪਖੰਡਾ, ਧੁਰਦਰਗਾਹੀ ਸਾਚਾ ਮਾਹੀਆ । ਨਾ ਕੋਈ ਪੂਜੇ ਕਰੀਰ ਜੰਡਾ, ਨਾ ਕੋਈ ਮੜ੍ਹੀ ਮਸਾਣੀ ਜਾਈਆ । ਕਲਜੁਗ ਤੇਰਾ ਪਾਰ ਕੰਢਾ, ਦੇਵੀ ਦੇਵ ਨਾ ਇਸ਼ਟ ਰਖਾਈਆ । ਅੰਜੀਲ ਕੁਰਾਨ ਵੇਦ ਪੁਰਾਨ ਖਾਣੀ ਬਾਣੀ ਨਾ ਕੋਈ ਪਾਏ ਵੰਡਾ, ਨਾ ਕੋਈ ਬਾਈਬਲ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਧੁਰਦਰਗਾਹੀ ਉਪਰ ਲਾਲ ਰੰਗ ਦਰਸਾਈਆ । ਸ਼ਬਦ ਨਿਸ਼ਾਨਾ ਸਚ ਵਖੌਣਾ, ਲਾਲਨ ਲਾਲ ਰੰਗਾਇਆ । ਪੁਰਖ ਅਬਿਨਾਸ਼ੀ ਦਰ ਸੁਹੌਣਾ, ਧੁਰ ਧਾਮ ਵੇਖ ਵਖਾਇਆ । ਏਕਾ ਕਾਰਜ ਆਪ ਕਰੌਣਾ, ਨਾ ਵਿਚੋਲਾ ਕੋਇ ਜਣਾਇਆ । ਸੰਬਲ ਨਗਰੀ ਧਾਮ ਉਪਜੌਣਾ, ਸਾਚਾ ਧਾਮ ਵੇਖ ਵਖਾਇਆ । ਨੌਂ ਦਵਾਰੇ ਦਰ ਖੁਲ੍ਹੌਣਾ, ਗੁਰਮੁਖਾਂ ਬੇੜਾ ਪਾਰ ਕਰੌਣਾ, ਸਿੰਘ ਤਾਰਾ ਸਾਡਾ ਛੋਟਾ ਇਹ ਸਮਝੌਣਾ, ਵੱਡਾ ਲੇਖ ਨਾ ਕੋਈ ਲਿਖਾਇਆ । ਬੁੱਧੀ ਲੇਖਾ ਆਪਣਾ ਪੌਣਾ, ਜਗਤ ਮਤ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਾਚਾ ਘਰ, ਹਰਿਸੰਗਤ ਆਪ ਸੁਹਾਇਆ । ਸੰਗਤ ਸੁਹਾਏ ਹਰਿ ਦਵਾਰਾ, ਲੇਖੇ ਹਰਿ ਹਰਿ ਲੱਗਾ । ਹਰਿ ਹਰਿ ਆਪ ਹੋਏ ਭਿਖਾਰਾ, ਜਨ ਭਗਤਾਂ ਫਿਰੇ ਪਿੱਛੇ ਅੱਗਾ । ਆਓ ਸੰਤੋ ਕਰੋ ਵਣਜ ਵਪਾਰਾ, ਚਰਨ ਸੀਸ ਵੇਖੇ ਸਾਚਾ ਪੱਗੋ । ਨਾ ਕੋਈ ਮੰਗੋ ਹੋਰ ਦਵਾਰਾ, ਹੰਸ ਹੋ ਕਗੋ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲੇ ਸਾਚੇ ਘਰ, ਦਰਸ ਦਿਖਾਏ ਉਪਰ ਸ਼ਾਹ ਰਗੋ । ਓਅੰ ਰੂਪ ਆਪ ਕਰਤਾਰਾ, ਨਿਰਗੁਣ

ਨਾਮ ਧਰਾਇਆ । ਨਿਰਗੁਣ ਜੋਤੀ ਕਰ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਇਆ । ਏਕਾ ਵਸੇ ਧਾਮ ਨਿਆਰਾ, ਦਿਸ ਕਿਸੇ ਨਾ ਆਇਆ । ਉਚ ਮਹੱਲ ਅਟੱਲ ਅਗੰਮ ਅਪਾਰਾ, ਊਚੋ ਊਚ ਰਖਾਇਆ । ਉਪਰ ਬੈਠ ਸੱਚੀ ਸਰਕਾਰਾ, ਸਚ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਓਅੰਕਾਰਾ ਨਾਮ ਧਰਾਇਆ । ਓਅੰਕਾਰਾ ਕਰ ਅਕਾਰ, ਆਪਣਾ ਨਾਉਂ ਧਰਾਈਆ । ਆਪਣਾ ਵੇਖੇ ਆਪ ਪਸਾਰ, ਵੇਖਣਹਾਰ ਦਿਸ ਨਾ ਆਈਆ । ਆਪੇ ਬੰਨੇ ਆਪਣੀ ਧਾਰ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਜੋਤੀ ਕਰ ਉਜਿਆਰ, ਏਕਾ ਨੂਰ ਸਮਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਆਪ ਆਪਣੀ ਰਿਹਾ ਕਮਾਈਆ । ਅਗੰਮ ਅਗੰਮੜਾ ਖੇਲ ਅਪਾਰ, ਅਲੱਖ ਅਲੱਖਣਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਓਅੰ ਏਕਾ ਏਕ ਅਖਵਾਈਆ । ਇਕ ਅਕੱਲਾ ਏਕੰਕਾਰਾ, ਏਕਾ ਦਰ ਸੁਹਾਇਆ । ਇਕ ਵਸਾਇਆ ਸਚ ਮਹੱਲਾ, ਭੇਵ ਕਿਸੇ ਨਾ ਪਾਇਆ । ਜੋਤੀ ਦੀਪਕ ਏਕਾ ਬਲਾ, ਪਰਕਾਸ਼ ਪਰਕਾਸ਼ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਇਕ ਸੁਹਾਇਆ । ਓਅੰਕਾਰ ਕਰ ਪਰਕਾਸ਼ਾ, ਆਪਣਾ ਰੰਗ ਰੰਗਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਾ, ਪਰਮ ਪੁਰਖ ਅਖਵਾਇੰਦਾ । ਜਨ ਸੰਤਾਂ ਦੇਵੇ ਨਾਮ ਭਰਵਾਸਾ, ਸ਼ਬਦੀ ਸ਼ਬਦ ਉਪਾਇੰਦਾ । ਸ਼ਬਦ ਧੁਨ ਹਰਿ ਸ਼ਾਹੋ ਸ਼ਬਾਸਾ, ਅਨਹਦ ਤਾਲ ਵਜਾਇੰਦਾ । ਕਾਇਆ ਮੰਡਲ ਵੇਖੇ ਸਾਚੀ ਰਾਸਾ, ਸਾਚੀ ਸਤਿਆ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਆਤਮ ਅੰਤਰ ਰੱਖੇ ਵਾਸਾ, ਦਿਵਸ ਰੈਣ ਏਕਾ ਰੰਗ ਰੰਗਾਇੰਦਾ । ਏਕੰਕਾਰ ਸਰਬ ਪਰਕਾਸੀ, ਸਤਿ ਪੁਰਖ ਅਖਵਾਇੰਦਾ । ਹਰਿ ਸੰਤਨ ਲਾਹੇ ਜਗਤ ਉਦਾਸੀ, ਏਕਾ ਨਾਮ ਵਰਤਾਇੰਦਾ । ਮੇਲ ਮਿਲਾਵਾ ਸ਼ਾਹੋ ਸ਼ਬਾਸ਼ੀ, ਘਰ ਮੰਗਲ ਸਾਚਾ ਗਾਇੰਦਾ । ਨਿਝ ਆਤਮ ਕਰ ਸਚ ਨਿਵਾਸੀ, ਨਿਝ ਘਰ ਸਾਚਾ ਵੇਖ ਵਖਾਇੰਦਾ । ਖੇਲ ਕਰਾਏ ਪ੍ਰਿਥਮੀ ਆਕਾਸ਼ੀ, ਪ੍ਰਿਥਮੀ ਆਕਾਸ਼ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਧਰਾਇੰਦਾ । ਜੋਤੀ ਨੂਰ ਸਰਬ ਘਟ ਅੰਤਰ, ਹਰ ਘਟ ਆਪ ਟਿਕਾਇਆ । ਜਨ ਸੰਤਾਂ ਮੇਲਾ ਪੁਰਖ ਨਿਰੰਤਰ, ਨਿਰਗੁਣ ਮੇਲ ਮਿਲਾਇਆ । ਪੰਜ ਤਤ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਆਤਮ ਜਾਮ ਪਿਆਇਆ । ਆਪੇ ਬਿਧ ਜਾਣੇ ਅੰਤਰ, ਸੁਰਤੀ ਸ਼ਬਦੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਦਰ, ਦਰ ਸੁਹੰਜਣਾ ਜਗੇ ਜੋਤ ਨਿਰੰਜਣਾ, ਆਦਿ ਨਿਰੰਜਣ ਵੇਖ ਵਖਾਇਆ । ਆਏ ਦਰ ਸੰਤ ਸੁਹੇਲੇ, ਹਰਿ ਹਰਿ ਮੰਗਲਾਚਾਰ । ਮਿਲੇ ਮੇਲ ਗੁਰ ਗੁਰ ਚੇਲੇ, ਸੋਹੇ ਬੰਕ ਦਵਾਰ । ਵਸੇ ਧਾਮ ਇਕ ਅਕੇਲੇ, ਨਿਰਗੁਣ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਵੇ ਸਿਰਜਣਹਾਰ । ਸੰਤ ਕੰਤ ਭਗਵੰਤ, ਏਕਾ ਧਾਮ ਸੁਹਾਇੰਦਾ । ਭੇਵ ਨਾ ਜਾਣੇ ਕੋਈ ਜੀਵ ਜੰਤ, ਲੇਖਾ ਲਿਖਤ ਵਿਚ ਨਾ ਆਇੰਦਾ । ਏਕਾ ਸੇਜਾ ਏਕਾ ਨਾਰੀ ਏਕਾ ਕੰਤ, ਏਕਾ ਸੰਤ ਹੰਢਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਰਸਨ ਜੀਵ ਨਾਮ ਰਸਾਇਣ ਮਣੀਆ ਮਣਤ, ਮਨ ਮਣਕਾ ਫੇਰ ਵਖਾਇੰਦਾ । ਜੁਗ ਜੁਗ ਮਹਿਮਾ ਗਣਤ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਧੰਨ ਵਡਿਆਈ ਹਰਿਜਨ ਸਾਚੇ ਸੰਤ, ਜਿਨ ਹਰਿ ਹਰਿ ਮੇਲ ਮਿਲਾਇੰਦਾ । ਕਲਜੁਗ ਮਾਇਆ ਪਾਏ ਬੇਅੰਤ, ਮਨਮੁਖ ਜੀਵਾਂ ਦਿਸ ਨਾ ਆਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਭਗਵਨ ਰੂਪ ਸਮਾਇੰਦਾ । ਸੰਤਨ ਘਰ ਸਚ ਸੁਹੰਜਣਾ, ਨਿਰਮਲ ਜੋਤ ਅਕਾਰਾ ।
ਮਿਲੇ ਮੇਲ ਪੁਰਖ ਆਦਿ ਨਿਰੰਜਣਾ, ਨਾਤਾ ਤੁੱਟੇ ਸਰਬ ਸੰਸਾਰਾ । ਆਤਮ ਧੁਨ ਅਨਾਦੀ ਏਕਾ ਤਾਲ ਵੱਜਣਾ, ਆਪ ਵਜਾਏ ਵਜਾਵਣਹਾਰਾ ।
ਸ਼ਬਦ ਬ੍ਰਹਿਮਾਦੀ ਖੋਜ ਖੁਜਾਏ ਸਾਚੇ ਸੱਜਣਾ, ਲੋਆਂ ਪੁਰੀਆਂ ਪਾਵੇ ਸਾਰਾ । ਹਰਿਜਨ ਹਰਿ ਦਵਾਰ ਕਰੇ ਕਰਾਏ ਸਾਚਾ ਮਜਨਾ, ਦੁਰਮਤ ਮੈਲ
ਪਾਰ ਕਿਨਾਰਾ । ਕਾਇਆ ਭਾਂਡਾ ਜੋ ਘੜਿਆ ਸੋ ਭੱਜਣਾ, ਗੁਰਮੁਖ ਵਿਰਲੇ ਮਾਤ ਵਿਚਾਰਾ । ਜੀਉ ਪਿੰਡ ਸਭ ਨੇ ਤਜਣਾ, ਮੇਲ ਮਿਲੇ ਘੜਨ
ਭੰਨਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਏਕਾ ਘਰ, ਕਰੇ ਕਰਾਏ ਏਕਾ ਏਕੰਕਾਰਾ । ਏਕਾ ਏਕੰਕਾਰ
ਅਕਲ ਕਲ ਧਾਰ, ਅਕਲ ਕਲ ਸਮਾਇਆ । ਖੇਲੇ ਖੇਲ ਅਪਰ ਅਪਾਰ, ਅਛਲ ਅਛੱਲ ਛਲਾਇਆ । ਵਲ ਛਲ ਕਰੇ ਵਿਚ ਸੰਸਾਰ, ਗੁਰਮੁਖ
ਵਿਰਲੇ ਬੂਝ ਬੁਝਾਇਆ । ਜੋ ਜਨ ਆਤਮ ਅੰਤਰ ਕਾਇਆ ਮੰਦਰ ਅੰਦਰ ਏਕਾ ਗੁਣ ਰਹੇ ਉਚਾਰ, ਰਸਨਾ ਜੇਹਵਾ ਨਾ ਕੋਇ ਹਿਲਾਇਆ । ਆਪੇ
ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਹਿਆ । ਪਾਰ ਕਰਾਏ ਨੌਂ ਦਵਾਰ, ਸੁਖਮਨ ਨਾੜੀ ਵੇਖ ਵਖਾਇਆ । ਜੋਤ ਨਿਰੰਜਣ ਕਰ ਉਜਿਆਰ,
ਅਨਹਦ ਤਾਲ ਵਜਾਇਆ । ਪੰਚਮ ਸਖੀਆਂ ਗਾਵਣ ਵਾਰੋ ਵਾਰ, ਆਪਣਾ ਰਾਗ ਅਲਾਇਆ । ਆਪੇ ਵੇਖੇ ਵੇਖਣਹਾਰ, ਘਰ ਮੰਦਰ ਬੈਠਾ ਆਸਣ
ਲਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਆਤਮ ਸੇਜਾ ਆਪ ਵਿਛਾਇਆ । ਨਿਰਗੁਣ ਜੋਤੀ ਕਰ ਉਜਿਆਰ, ਉਤੇ ਬੈਠਾ ਬੇਪਰਵਾਹਿਆ ।
ਅੰਮ੍ਰਿਤ ਆਤਮ ਭਰ ਭੰਡਾਰ, ਨਿਝਰ ਧਾਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਦਰ, ਕਾਗੋਂ
ਹੰਸ ਹੰਸ ਕਾਗ ਦਏ ਬਣਾਇਆ । ਕਾਗ ਹੰਸ ਮੋਤੀ ਚੋਗ, ਏਕਾ ਨਾਮ ਰਖਾਇੰਦਾ । ਮੇਲ ਮਿਲਾਵਾ ਧੁਰ ਸੰਜੋਗ, ਹਰਿਜਨ ਮੇਲ ਮਿਲਾਇੰਦਾ ।
ਆਤਮ ਭੋਗੇ ਸਾਚਾ ਭੋਗ, ਰਸ ਰਸੀਆ ਆਪ ਅਖਵਾਇੰਦਾ । ਇਕ ਵਖਾਏ ਸਾਚਾ ਜੋਗ, ਜੁਗਤ ਜਗਤ ਆਪਣੇ ਹੱਥ ਰਖਾਇੰਦਾ । ਨਾਮ ਜਣਾਈ
ਧੁਰ ਸਲੋਕ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵੇਖੇ ਸਾਚਾ ਘਰ, ਘਰ
ਸਾਚਾ ਕਵਣ ਸੁਹਾਇੰਦਾ । ਕਵਣ ਘਰ ਕਵਣ ਦਵਾਰਾ, ਕਵਣ ਰਿਹਾ ਉਪਾਈਆ । ਕਵਣ ਰੂਪ ਹਰਿ ਕਰਤਾਰਾ, ਬੈਠਾ ਆਸਣ ਲਾਈਆ ।
ਕਵਣ ਮੇਲ ਮਿਲਾਏ ਵਿਚ ਸੰਸਾਰਾ, ਸੰਤ ਸੁਹੇਲੇ ਵੇਖ ਵਖਾਈਆ । ਕਵਣ ਕਰਾਏ ਆਰ ਪਾਰ ਕਿਨਾਰਾ, ਕਵਣ ਮੰਝਧਾਰ ਰੁੜ੍ਹਾਈਆ । ਹਰਿ
ਸੰਤਨ ਪਾਇਆ ਪੁਰਖ ਅਪਾਰਾ, ਏਕਾ ਦੂਜਾ ਭੇਵ ਚੁਕਾਈਆ । ਤੀਜਾ ਨੇਤਰ ਕਰ ਉਜਿਆਰਾ, ਆਤਮ ਬ੍ਰਹਮ ਜਣਾਈਆ । ਚੌਥੇ ਘਰ ਪਾਵੇ
ਸਾਰਾ, ਏਕਾ ਪਦ ਸਮਝਾਈਆ । ਪੰਚਮ ਮੇਲਾ ਮੀਤ ਮੁਰਾਰਾ, ਮੇਲਣਹਾਰਾ ਬੇਪਰਵਾਹੀਆ । ਛੇਵੇ ਛੱਪਰ ਛੰਨ ਨਾ ਕੋਈ ਮਹੱਲ ਉਸਾਰਾ, ਸ਼ਬਦੀ
ਸ਼ਬਦ ਬਣਤ ਬਣਾਈਆ । ਅੱਠਾ ਤੱਤਾਂ ਵਸੇ ਬਾਹਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਨਾ ਕੋਇ ਵਡਿਆਈਆ । ਨੌਂ ਦਰ ਨਾ
ਕੋਇ ਕਿਵਾੜਾ, ਜਗਤ ਵਾਸਨਾ ਸਰਬ ਤਜਾਈਆ । ਉਚੇ ਟਿੱਲੇ ਬੈਠਾ ਚੜ੍ਹ ਪਹਾੜਾ, ਬਜਰ ਕਪਾਟੀ ਅੱਗੇ ਡਾਹੀਆ । ਗੁਰਮੁਖ ਵਿਰਲਾ ਵੇਖੇ
ਸਚ ਅਖਾੜਾ, ਹਰਿ ਸਾਚਾ ਰਿਹਾ ਲਗਾਈਆ । ਨੇੜ ਨਾ ਆਏ ਪੰਚਮ ਧਾੜਾ, ਦਰ ਦਵਾਰ ਦਏ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਵਿਚ ਸੰਸਾਰਾ, ਸਹਿਜ ਸਹਿਜ ਗੁਣ ਗਾਈਆ । ਸੰਤਨ ਬੋਲੇ ਨਾਮ ਜੈਕਾਰਾ, ਆਤਮ ਧੁਨ ਉਪਜਾਈਆ ।

ਮੇਲ ਮਿਲਾਏ ਕੰਤ ਭਤਾਰਾ, ਸਾਚੀ ਨਾਰੀ ਲਏ ਪਰਨਾਈਆ । ਏਕਾ ਸੇਜਾ ਕਰ ਪਿਆਰਾ, ਏਕਾ ਰੁੱਤ ਸੁਹਾਈਆ । ਏਕਾ ਵੇਖੇ ਧਰਮ ਦਵਾਰਾ, ਧਰਮ ਧਰਮੀ ਇਕ ਜਣਾਈਆ । ਨਿਹਕਰਮੀ ਹਰਿ ਪਾਵੇ ਸਾਰਾ, ਕਰਮ ਕਾਂਡ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵੇਖੇ ਸਾਚਾ ਘਰ, ਘਰ ਸਾਚੇ ਨਾਮ ਵੱਜਦੀ ਰਹੇ ਵਧਾਈਆ । ਵੱਜੇ ਨਾਮ ਸ਼ਬਦ ਮਰਦੰਗਾ, ਸੰਤਨ ਘਰ ਸੁਹਾਇੰਦਾ । ਜਿਸ ਜਨ ਲਗਾਏ ਆਪਣੇ ਅੰਗਾ, ਅੰਗੀਕਾਰ ਆਪ ਅਖਵਾਇੰਦਾ । ਮਾਨਸ ਜਨਮ ਨਾ ਹੋਏ ਭੰਗਾ, ਜਿਸ ਜਨ ਦਇਆ ਕਮਾਇੰਦਾ । ਵਡ ਦਾਤਾ ਜੋਧਾ ਸੂਰਾ ਸਰਬੰਗਾ, ਏਕਾ ਇਸ਼ਟ ਦੇਵ ਮਨਾਇੰਦਾ । ਸ਼ਬਦ ਸਿੰਘਾਸਣ ਬੈਠ ਪਲੰਘਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਰ ਦਵਾਰ ਰਹੇ ਮੰਗਾ, ਭਿਖ਼ਕ ਭਿਛਿਆ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਏਕਾ ਘਰ, ਧੁਨ ਅਨਾਦ ਏਕਾ ਏਕ ਵਜਾਇੰਦਾ । ਨਾਦ ਧੁਨ ਵੱਜੇ ਤਲਵਾੜਾ, ਸੰਤਨ ਮੰਗਲ ਗਾਇਆ । ਆਪ ਵਜਾਏ ਬਹੱਤਰ ਨਾੜਾ, ਸਾਚਾ ਤਾਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਸਾਚੇ ਘਰ, ਘਰ ਸਾਜਨ ਵੇਖ ਵਖਾਇਆ । ਦਰਸ਼ਨ ਪੇਖਤ ਦਰਸ ਕਰ, ਦਰਸੀ ਦਰਸ ਦਿਖਾਇਆ । ਦਰ ਸਾਚਾ ਰੂਪ ਨਾ ਰੇਖਤਾ ਵੇਖ ਹਰਿ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੰਗੇ ਇਕ ਘਰ, ਦਰ ਦਵਾਰ ਇਕ ਸੁਹਾਇਆ ।

ਆਦਿ ਨਿਰੰਜਣ ਮੂਰਤ ਅਕਾਲ, ਪਾਰਬ੍ਰਹਮ ਅਖਵਾਇਆ । ਦਰਦ ਦੁੱਖ ਭੈ ਭੰਜਨ ਦੀਨ ਦਿਆਲ, ਦਇਆਨਿਧ ਨਾਮ ਧਰਾਇਆ । ਨਿਰਗੁਣ ਰੂਪ ਸਰਬ ਪ੍ਰਿਤਪਾਲ, ਘਰ ਸੱਜਣ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਰੇ ਰੁਸ਼ਨਾਇਆ । ਆਦਿ ਨਿਰੰਜਣ ਪੁਰਖ ਅਬਿਨਾਸ਼ਾ, ਨਿਰਗੁਣ ਨੂਰ ਸਮਾਇਆ । ਆਪਣਾ ਵੇਖੇ ਆਪ ਤਮਾਸ਼ਾ, ਆਪ ਆਪਣਾ ਖੇਲ ਖਿਲਾਇਆ । ਆਪ ਉਪਾਏ ਪ੍ਰਿਥਮੀ ਆਕਾਸ਼ਾ, ਰਵ ਸਸ ਸੇਵਾ ਲਾਇਆ । ਮੰਡਲ ਮੰਡਪ ਪਾਵੇ ਰਾਸਾ, ਆਪ ਆਪਣਾ ਰੂਪ ਵਟਾਇਆ । ਖੇਲੇ ਖੇਲ ਸ਼ਾਹੋ ਸ਼ਬਾਸ਼ਾ, ਸ਼ਾਹ ਸੁਲਤਾਨਾ ਨਾਮ ਧਰਾਇਆ । ਹਰ ਘਟ ਅੰਦਰ ਰੱਖੇ ਵਾਸਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਆਦਿ ਪੁਰਖ ਸਰਬ ਗੁਰ ਦਾਤਾ, ਹਰ ਘਟ ਆਪ ਸਮਾਈਆ । ਉਤਮ ਰੱਖੇ ਆਪਣੀ ਜ਼ਾਤਾ, ਏਕਾ ਵਰਨ ਬਣਾਈਆ । ਏਕਾ ਰੱਖੇ ਨਾਮ ਸੁਗਾਤਾ, ਆਪਣੀ ਝੋਲੀ ਪਾਈਆ । ਏਕਾ ਪਿਤਾ ਏਕਾ ਮਾਤਾ, ਏਕਾ ਬਾਲ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਨੂਰ ਕਰ ਉਜਾਗਰ, ਆਪਣਾ ਕਰਮ ਕਮਾਇਆ । ਆਪ ਆਪਣਾ ਬਣ ਸੁਦਾਗਰ, ਆਪ ਆਪਣਾ ਵਣਜ ਕਰਾਇਆ । ਆਪ ਆਪਣਾ ਕਰਮ ਕਰੇ ਉਜਾਗਰ, ਆਪ ਆਪਣਾ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਨਿਰਗੁਣ ਵੇਸ ਸ਼ਾਹ ਨਿਰੰਕਾਰ, ਸਚ ਤਖ਼ਤ ਸੁਲਤਾਨਾ । ਜੋਤੀ ਨੂਰ ਕਰ ਉਜਿਆਰ, ਬੈਠਾ ਆਪ ਸ੍ਰੀ ਭਗਵਾਨਾ । ਨਾ ਕੋਈ ਮੰਦਰ ਚਾਰ ਦਿਵਾਰ, ਨਾ ਕੋਈ ਦਿਸੇ ਹੋਰ ਨਿਸ਼ਾਨਾ । ਇਕ ਅਕੱਲਾ

ਏਕੰਕਾਰ, ਖੇਲੇ ਖੇਲ ਮਹਾਨਾ । ਆਪਣਾ ਵੇਖੇ ਆਪ ਪਸਾਰ, ਆਪਣੀ ਬਣਤ ਬਣਾਨਾ । ਆਪ ਸੁਹਾਏ ਆਪਣਾ ਬੰਕ ਦਵਾਰ, ਥਿਰ ਘਰ ਸਾਚਾ ਇਕ ਟਿਕਾਨਾ । ਮਹੱਲ ਅਟੱਲ ਉਚ ਮੁਨਾਰ, ਹਰਿ ਸਾਚੇ ਵੇਖ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਪਰਵਾਨਾ । ਨਿਰਗੁਣ ਨੂਰ ਕਰ ਪਰਵਾਨ, ਆਪਣਾ ਮੂਲ ਚੁਕਾਇਆ । ਆਪੇ ਵੇਖੇ ਮਾਰ ਧਿਆਨ, ਆਪ ਆਪਣਾ ਵੇਖ ਵਖਾਇਆ । ਆਪਣਾ ਵੇਖੇ ਆਪ ਨਿਸ਼ਾਨ, ਆਪਣਾ ਨੇਤਰ ਆਪ ਖੁਲ੍ਹਾਇਆ । ਆਪੇ ਜਾਣੇ ਜਣਾਏ ਆਪਣਾ ਇਕ ਗਿਆਨ, ਏਕਾ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਜਨ ਵੇਖ ਵਖਾਇਆ । ਨਿਰਗੁਣ ਸਾਜਨ ਹਰਿ ਹਰਿ ਮੀਤਾ, ਹਰਿ ਹਰਿ ਨਾਮ ਧਰਾਇੰਦਾ । ਆਪੇ ਵਸਿਆ ਆਪਣੇ ਚੀਤਾ, ਆਪ ਆਪਣਾ ਕਰਮ ਕਮਾਇੰਦਾ । ਆਪੇ ਬੈਠਾ ਇਕ ਅਤੀਤਾ, ਏਕਾ ਰੂਪ ਸਮਾਇੰਦਾ । ਆਪੇ ਠਾਂਡਾ ਆਪੇ ਸੀਤਾ, ਸਾਂਤਕ ਸਤਿ ਆਪ ਹੋ ਜਾਇੰਦਾ । ਆਪੇ ਜਾਣੇ ਆਪਣੀ ਰੀਤਾ, ਆਪੇ ਧਾਰ ਚਲਾਇੰਦਾ । ਨਾ ਕੋਈ ਮੰਦਰ ਗੁਰਦਵਾਰਾ ਦਿਸੇ ਮਸੀਤਾ, ਹਰਿ ਸਾਚਾ ਜੋਤ ਜਗਾਇੰਦਾ । ਨਾ ਕੋਈ ਹਸਤ ਨਾ ਕੋਈ ਕੀਟਾ, ਸ਼ਾਹ ਸੁਲਤਾਨ ਨਾ ਕੋਈ ਅਖਵਾਇੰਦਾ । ਹਰਿ ਕਾ ਧਾਮ ਸਦਾ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਆਪਣੇ ਘਰ ਆਪੇ ਬੈਠਾ, ਆਪਣਾ ਆਸਣ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਇਕ ਵਹਾਇੰਦਾ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਖੇਲੇ ਖੇਲ ਅਪਰ ਅਪਾਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਇਛਿਆ ਆਪਣੀ ਭਿਛਿਆ ਆਪੇ ਮੰਗੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਆਪੇ ਦੇਵਣਹਾਰ ਦਾਤਾਰ, ਆਪਣੀ ਵੰਡਣ ਰਿਹਾ ਵੰਡਾਈਆ । ਸਾਚਾ ਸ਼ਬਦ ਕਰ ਤਿਆਰ, ਆਪਣਾ ਘਰ ਸੁਹਾਈਆ । ਏਕਾ ਨਾਦ ਵਜਾਏ ਵਜਾਵਣਹਾਰ, ਬੋਧ ਅਗਾਧ ਜਣਾਈਆ । ਸ਼ਬਦ ਵਧਾਈ ਵੱਜੇ ਦਰ ਨਿਰੰਕਾਰ, ਏਕਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖੇ ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਨਿਰਗੁਣ ਆਪਣਾ ਵੇਖ, ਆਪਣਾ ਰੂਪ ਵਟਾਇਆ । ਆਪ ਆਪਣਾ ਲਿਖੇ ਲੇਖ, ਲੇਖਾ ਆਪਣੇ ਹੱਥ ਰਖਾਇਆ । ਆਪ ਆਪਣੀ ਲਾਏ ਮੇਖ, ਅਗੰਮ ਅਗੰਮੜਾ ਧਾਮ ਸੁਹਾਇਆ । ਅਲੱਖ ਅਲੱਖਣਾ ਕਰੇ ਇਕ ਆਦੇਸ਼, ਅਲੱਖ ਨਿਰੰਜਣ ਨਾਉਂ ਧਰਾਇਆ । ਥਿਰ ਘਰ ਬੈਠ ਕਰੇ ਆਦੇਸ, ਆਪ ਆਪਣਾ ਵੇਸ ਵਟਾਇਆ । ਸਚਖੰਡ ਕਰ ਪਰਵੇਸ਼, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸ਼ਬਦ ਕਰੇ ਵਡਿਆਇਆ । ਸਾਚੇ ਸ਼ਬਦ ਕਰ ਜਣਾਈ, ਹਰਿ ਆਪਣਾ ਆਪ ਉਪਾਇਆ । ਏਕਾ ਰੂਪ ਹਰਿ ਰਘੁਰਾਈ, ਅਕਲ ਕਲਾ ਅਖਵਾਇਆ । ਸ਼ਾਹੋ ਭੂਪ ਸਹਿਜ ਸੁਖਦਾਈ, ਭੇਵ ਕੋਈ ਨਾ ਰਾਇਆ । ਜੋਤੀ ਜੋਤ ਕਰ ਰੁਸ਼ਨਾਈ, ਅੰਧ ਅੰਧੇਰ ਨਾ ਕੋਈ ਦਿਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਕਟਾਇਆ । ਆਪ ਆਪਣਾ ਅੰਗ ਕਟਾ, ਆਪਣਾ ਰੂਪ ਵਟਾਇੰਦਾ । ਆਪ ਆਪਣੀ ਸੇਵਾ ਆਪੇ ਲਾ, ਸੇਵਕ ਸੇਵਾ ਨਾਮ ਧਰਾਇੰਦਾ । ਆਪਣਾ ਇਸ਼ਟ ਆਪ ਮਨਾ, ਆਪੇ ਸੀਸ ਝੁਕਾਇੰਦਾ । ਆਪਣੀ ਦ੍ਰਿਸ਼ਟ ਆਪ ਖੁਲ੍ਹਾ, ਆਪੇ ਦਰ ਸੁਹਾਇੰਦਾ । ਆਪਣਾ ਵੇਸ ਆਪ ਵਟਾ, ਵਿਸ਼ਨੂੰ ਵੰਸੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮਿਲਾਵਾ ਸਾਚੇ ਘਰ, ਸਾਚਾ ਦਰ ਸੁਹਾਇੰਦਾ । ਸ਼ਬਦ ਸੁਤ ਵਡ ਬਲਵਾਨਾ, ਹਰਿ ਏਕਾ

ਏਕ ਉਪਾਇਆ । ਏਕਾ ਦੇਵੇ ਧੁਰ ਮਾਣਾ, ਏਕਾ ਸੇਵਾ ਲਾਇਆ । ਖੇਲੇ ਖੇਲ ਦੋ ਜਹਾਨਾਂ, ਭੇਵ ਕਿਸੇ ਨਾ ਪਾਇਆ । ਪਾਰਬ੍ਰਹਮ ਬ੍ਰਹਮ ਆਪ ਪਛਾਨਾ, ਬ੍ਰਹਮ ਬ੍ਰਹਮ ਸਮਾਇਆ । ਤ੍ਰੈਗੁਣ ਮਾਇਆ ਕਰ ਪਰਧਾਨਾ, ਏਕਾ ਤਤ ਵਖਾਇਆ । ਪੰਜ ਤਤ ਮਿਟਾਏ ਹਰਿ ਨਿਸ਼ਾਨਾ, ਸੇਵਕ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸ਼ਬਦ ਦੇਵੇ ਵਰ, ਲੋਆਂ ਪੁਰੀਆਂ ਰਚਨ ਰਚਾਇਆ । ਲੋਆਂ ਪੁਰੀਆਂ ਬੰਨੇ ਧਾਰ, ਆਪਣੀ ਬਣਤ ਬਣਾਈਆ । ਸ਼ਬਦ ਸਿੰਘਾਸਣ ਬੈਠ ਸੱਚੀ ਸਰਕਾਰ, ਵੇਖ ਵਖਾਏ ਥਾਉਂ ਥਾਈਂਆ । ਬ੍ਰਹਮਾ ਵੇਤਾ ਕਰ ਤਿਆਰ, ਕਵਲ ਕਵਲਾ ਮੁਖ ਭਵਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਏਕਾ ਦਾਤਾ ਦਾਨੀ ਦਾਨ, ਏਕਾ ਝੋਲੀ ਰਿਹਾ ਭਰਾਈਆ । ਏਕਾ ਘਰ ਏਕਾ ਮੰਦਰ ਏਕਾ ਦਿਸੇ ਸਚ ਮਕਾਨ, ਏਕਾ ਬੈਠਾ ਆਸਣ ਲਾਈਆ । ਏਕਾ ਰਾਗ ਏਕਾ ਕਾਨ, ਏਕਾ ਮੰਗਲ ਏਕਾ ਗਾਣ, ਏਕਾ ਰਿਹਾ ਗਾਈਆ । ਇਕ ਅਨਾਦੀ ਧੁਰ ਫ਼ਰਮਾਣ, ਬ੍ਰਹਿਮਾਦੀ ਖੋਜ ਖੋਜਾਈਆ । ਆਦਿ ਜੁਗਾਦੀ ਹਰਿ ਭਗਵਾਨ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ, ਆਪ ਆਪਣੀ ਕਲ ਵਰਤਾਈਆ । ਆਪਣੀ ਕਲ ਆਪ ਵਰਤੰਤਾ, ਪਾਰਬ੍ਰਹਮ ਅਬਿਨਾਸ਼ੀ । ਖੇਲੇ ਖੇਲ ਜੁਗਾ ਜੁਗੰਤਾ, ਨਿਰਗੁਣ ਜੋਤ ਕਰੇ ਪਰਕਾਸ਼ੀ । ਤ੍ਰੈਗੁਣ ਮਾਇਆ ਬਣਤ ਬਣੰਤਾ, ਪੰਜ ਤਤ ਪਵਣ ਸਵਾਸੀ । ਮਨ ਮਤ ਬੁਧ ਸੰਗ ਰਖੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰਾਸੀ । ਆਪਣੀ ਰਾਸੀ ਆਪ ਉਪਾ, ਆਪੇ ਵੰਡ ਵੰਡਾਈਆ । ਪਾਰਬ੍ਰਹਮ ਬ੍ਰਹਮ ਸੇਵਾ ਲਾ, ਸੇਵਕ ਸੇਵਾ ਲਗਾਈਆ । ਵਿਸ਼ਨੂੰ ਵੰਸੀ ਨਾਮ ਧਰਾ, ਦੇਵੇ ਰਿਜ਼ਕ ਸਬਾਈਆ । ਏਕਾ ਲਹਿਣਾ ਦਏ ਚੁਕਾ, ਧੂੰਆਂਧਾਰ ਸਮਾਈਆ । ਭੋਲਾ ਨਾਥ ਲਏ ਉਪਾ, ਏਕਾ ਦਰ ਸੁਹਾਈਆ । ਏਕਾ ਸੇਵਾ ਦਏ ਲਾ, ਅੰਤ ਵਿਛੋੜਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤੇਰਾ ਸਾਚਾ ਘਰ, ਤ੍ਰੈ ਦੇਸਾਂ ਵੰਡ ਵੰਡਾਈਆ । ਤ੍ਰੈਗੁਣ ਤੇਰਾ ਸਾਚਾ ਰੂਪ, ਹਰਿ ਸਾਚੇ ਆਪੇ ਉਪਾਇਆ । ਆਪ ਵਰਤਾਏ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇਆ । ਆਪ ਆਪਣਾ ਆਪੇ ਗਿਆ ਤੁਠ, ਆਪ ਆਪਣਾ ਲਏ ਮਨਾਇਆ । ਆਪ ਆਪਣਾ ਆਪੇ ਲਿਆ ਲੁੱਟ, ਆਪ ਆਪਣਾ ਘਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਬਣਤ ਬਣਾਇਆ । ਲੱਖ ਚੁਰਾਸੀ ਤੇਰੀ ਧਾਰ, ਹਰਿ ਸਾਚੇ ਮਾਤ ਚਲਾਈਆ । ਲੋਆਂ ਪੁਰੀਆਂ ਕਰ ਵਿਚਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵਕ ਸੇਵਾ ਰਿਹਾ ਕਮਾਈਆ । ਪੰਜ ਤਤ ਕਰ ਪਿਆਰ, ਤ੍ਰੈਗੁਣ ਰੰਗ ਰੰਗਾਈਆ । ਪੰਞੀ ਮੇਲਾ ਵਿਚ ਸੰਸਾਰ, ਪੰਚਮ ਮੋਹ ਵਧਾਈਆ । ਪੰਜ ਦਸ ਏਕਾ ਘਰ, ਪੰਜ ਦਸ ਰਿਹਾ ਦਸਾਈਆ । ਵਡ ਦਾਤਾ ਸੂਰਾ ਸਰਬੰਗ, ਆਪ ਆਪਣਾ ਰੰਗ ਰੰਗਾਈਆ । ਨਿਰਗੁਣ ਜੋਤੀ ਚਾੜ੍ਹੇ ਰੰਗ, ਨੂਰੋ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਰਿਹਾ ਉਪਾਈਆ । ਲੱਖ ਚੁਰਾਸੀ ਤੇਰਾ ਨਾਤਾ, ਹਰਿ ਸਾਚੇ ਆਪ ਬੰਧਾਇਆ । ਅੰਦਰ ਬੈਠਾ ਇਕ ਇਕਾਂਤਾ, ਦਿਸ ਕਿਸੇ ਨਾ ਆਇਆ । ਅੱਠੇ ਨੇਤਰ ਮਾਰੇ ਝਾਤਾ, ਅੰਦਰ ਮੰਦਰ ਇਕ ਸੁਹਾਇਆ । ਦਿਵਸ ਰੈਣ ਪੁੱਛੇ ਵਾਤਾ, ਆਪ ਆਪਣਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਮੇਲਾ ਸਹਿਜ ਸੁਭਾਇਆ । ਹਰ ਘਟ ਮੇਲਾ ਹਰਿ ਨਿਰੰਕਾਰ, ਆਪਣਾ ਆਪ ਕਰਾਇਆ । ਆਪ ਸੁਹਾਇਆ ਬੰਕ ਦਵਾਰ, ਬੰਕ ਦਵਾਰਾ

ਨਾਮ ਧਰਾਇਆ । ਆਪ ਆਪਣਾ ਕਰ ਪਸਾਰ, ਪਸਰ ਪਸਾਰਾ ਵੇਖ ਵਖਾਇਆ । ਆਪਣਾ ਮਹੱਲ ਲਏ ਉਸਾਰ, ਆਪੇ ਅੰਤਮ ਢਾਹਿਆ । ਭੇਵ
ਨਾ ਪਾਏ ਜੀਵ ਸੰਸਾਰ, ਲੇਖਾ ਲਿਖਤ ਵਿਚ ਨਾ ਆਇਆ । ਬ੍ਰਹਮਾ ਵੇਤਾ ਕਰ ਵਿਚਾਰ, ਪ੍ਰਭ ਚਰਨੀ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਕਿਰਪਾ
ਧਾਰ, ਏਕਾ ਸ਼ਬਦ ਜਣਾਇਆ । ਏਕਾ ਸ਼ਬਦ ਗੁਣ ਵਿਚਾਰ, ਏਕਾ ਕਰਮ ਕਮਾਇਆ । ਪੁਰਖ ਅਬਿਨਾਸੀ ਤੇਰਾ ਸੋਹੇ ਦਰ ਦਰਬਾਰ, ਦਰ
ਦਵਾਰਾ ਇਕ ਸੁਹਾਇਆ । ਗ਼ਰੀਬ ਨਿਵਾਜ਼ਾ ਬੇਐਬ ਪਰਵਰਦਿਗਾਰ, ਏਕਾ ਨਾਮ ਅਲਾਇਆ । ਮੇਰਾ ਰੂਪ ਤੇਰਾ ਸਾਜਨ ਸਾਜਾ, ਸਗਲਾ ਸੰਗ
ਰਖਾਇਆ । ਏਕਾ ਬਖ਼ਸ਼ ਅਨਹਦ ਵਾਜਾ, ਅੰਦਰ ਮੰਦਰ ਸਤਾਰ ਵਜਾਇਆ । ਸ਼ਬਦ ਗੁਰ ਦਰ ਆਏ ਭਾਜਾ, ਤੇਰਾ ਧੁਰ ਫ਼ਰਮਾਣ ਸੁਣਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਰ ਸਾਚਾ ਝੋਲੀ ਪਾਇਆ । ਸ਼ਬਦ ਗੁਰ ਕਰ ਤਿਆਰ, ਬ੍ਰਹਮੇ
ਸ਼ਬਦ ਜਣਾਈਆ । ਬ੍ਰਹਮਾ ਬ੍ਰਹਮ ਰਿਹਾ ਵਿਚਾਰ, ਪਾਰਬ੍ਰਹਮ ਵੱਡੀ ਵਡਿਆਈਆ । ਵੇਖੇ ਵਿਗਸੇ ਕਰੇ ਵਿਚਾਰ, ਨੇਤਰ ਨੈਣ ਖੁਲ੍ਹਾਈਆ । ਭੇਵ
ਨਾ ਪਾਏ ਹਰਿ ਨਿਰੰਕਾਰ, ਦੋਵੇਂ ਨੈਣ ਰਹੇ ਸ਼ਰਮਾਈਆ । ਅੰਤਮ ਢਹਿ ਪਿਆ ਦਵਾਰ, ਮਸਤਕ ਟਿੱਕਾ ਲਾਏ ਚਰਨ ਧੂੜ ਸਾਚੀ ਛਾਹੀਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਖ਼ਸ਼ੇ ਨੂਰ ਅਲਾਹੀਆ । ਨੂਰ ਅਲਾਹੀ ਨਿਰਗੁਣ ਜੋਤ, ਬ੍ਰਹਮੇ ਬ੍ਰਹਮ ਉਪਾਇਆ ।
ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਈ ਜਣਾਇਆ । ਨਾ ਕੋਈ ਕਿੱਲਾ ਨਾ ਕੋਈ ਗੜ ਨਾ ਕੋਈ ਕੋਟ, ਨਾ ਕੋਈ ਮੰਦਰ ਮਸਜਦ
ਦਏ ਸੁਹਾਇਆ । ਸ਼ਬਦ ਨਿਰਾਲੀ ਮਾਰੇ ਚੋਟ, ਦਿਵਸ ਰੈਣ ਰਹੇ ਜਗਾਇਆ । ਦਏ ਭੰਡਾਰਾ ਇਕ ਅਤੋਟ, ਹਰਿ ਸਾਚੇ ਘਰ ਭਰਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰ ਆਪ ਅਖਵਾਇਆ । ਦੇਵੇ ਨਾਮ ਸ਼ਬਦ ਭੰਡਾਰਾ, ਘਰ ਸਾਚੇ ਵੱਜੀ ਵਧਾਈਆ ।
ਬ੍ਰਹਮਾ ਮੇਲਾ ਹਰਿ ਨਿਰੰਕਾਰਾ, ਸ਼ਬਦ ਸ਼ਬਦੀ ਰਿਹਾ ਮਿਲਾਈਆ । ਧੁਨ ਅਨਾਦੀ ਦਏ ਧੁਨਕਾਰਾ, ਅਨਹਦ ਤਾਲ ਵਜਾਈਆ । ਸਚ ਸੁਣਾਏ
ਸੁਨਣੇਹਾਰਾ, ਸਾਚੀ ਸਿਖਿਆ ਇਕ ਸਮਝਾਈਆ । ਲੇਖ ਲਿਖਾਏ ਅਪਰ ਅਪਾਰਾ, ਆਪ ਆਪਣਾ ਗੁਣ ਜਣਾਈਆ । ਆਪਣਾ ਵਰਤੇ ਆਪ ਵਰਤਾਰਾ,
ਆਪਣੇ ਹੱਥ ਰੱਖੇ ਵਡਿਆਈਆ । ਖੇਲੇ ਖੇਲ ਵਿਚ ਸੰਸਾਰਾ, ਆਪਣੀ ਵਿਦਿਆ ਆਪ ਚਲਾਈਆ । ਬ੍ਰਹਮੇ ਬਖ਼ਸ਼ੇ ਨਾਮ ਪਿਆਰਾ, ਸੋ ਪੁਰਖ
ਨਿਰੰਜਣ ਦਇਆ ਕਮਾਈਆ । ਤੇਰਾ ਰੂਪ ਇਕ ਅਪਾਰਾ, ਮੇਰਾ ਅੰਗ ਕਟਾਈਆ । ਨਿਰਗੁਣ ਸਰਗੁਣ ਦੋਵੇਂ ਧਾਰਾ, ਦੋਹਾਂ ਵਿਚ ਸਮਾਈਆ ।
ਸੱਸਾ ਪੁਰਖ ਆਪ ਕਰਤਾਰਾ, ਹਾਹਾ ਹੰ ਬ੍ਰਹਮ ਸਮਾਈਆ । ਹੰ ਬ੍ਰਹਮ ਆਪ ਅਖਵਾ, ਸਤਿਗੁਰ ਪੁਰਖ ਅਖਵਾਇਆ । ਪਾਰਬ੍ਰਹਮ ਪ੍ਰਭ ਭੇਵ
ਨਾ ਰਾ, ਵੇਦ ਕਤੇਬ ਨਾ ਕੋਈ ਜਣਾਇਆ । ਚਾਰੇ ਵੇਦਾਂ ਰਿਹਾ ਲਿਖਾ, ਸੋਹੰ ਮੂਲ ਮੰਤਰ ਅਖਵਾਇਆ । ਲੇਖਾ ਕੋਈ ਨਾ ਸਕੇ ਗਿਣਾ, ਬੇਅੰਤ
ਹਰਿ ਬੇਪਰਵਾਹਿਆ । ਆਪੇ ਵਸੇ ਆਪਣੇ ਥਾਂ, ਪੁਰਖ ਅਗੰਮੜਾ ਅਗੰਮੜਾ ਧਾਮ ਸੁਹਾਇਆ । ਨਾ ਕੋਈ ਪਿਤਾ ਨਾ ਕੋਈ ਮਾਂ, ਭਾਈ ਭੈਣ
ਨਾ ਕੋਈ ਜਣਾਇਆ । ਹੱਡ ਮਾਸ ਨਾੜੀ ਚਮੜਾ ਕੋਈ ਦਿਸੇ ਨਾ, ਪੰਜ ਤਤ ਨਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਨਿਰਗੁਣ ਵੇਸ ਸਾਚੇ ਹਰਿ, ਸ਼ਬਦ ਸ਼ਬਦੀ ਸ਼ਬਦ ਉਪਾਇਆ । ਸ਼ਬਦੀ ਢੋਲਾ ਧੁਰ ਦਰਗਾਹ, ਆਪਣਾ ਆਪ ਵਜਾਇਆ । ਆਪ
ਉਪਾਏ ਆਪਣਾ ਬੋਲਾ, ਆਪੇ ਰਿਹਾ ਸੁਣਾਇਆ । ਆਪਣਾ ਨਾਮ ਆਪੇ ਤੋਲਾ, ਆਪਣਾ ਕੰਡਾ ਆਪੇ ਰਿਹਾ ਉਠਾਇਆ । ਨਾ ਕੋਈ ਦੂਸਰ ਵਿਚ

੪੨੨ ੦੧

ਪਾਏ ਰੌਲਾ, ਵਿਚ ਵਿਚੋਲਾ ਨਾ ਕੋਈ ਜਣਾਇਆ । ਆਪਣੀ ਸ਼ਕਤੀ ਆਪੇ ਮੌਲਾ, ਆਦਿ ਸ਼ਕਤ ਨਾਮ ਧਰਾਇਆ । ਬ੍ਰਹਮਾ ਕਵਲਾ ਆਪੇ ਖੋਲ੍ਹਾ, ਆਪੇ ਮੁਖ ਭਵਾਇਆ । ਆਪ ਉਪਾਏ ਜਗਤ ਧਵਲਾ, ਧਰ ਧਰਨੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮਾਰਗ ਲਾਇਆ । ਆਪਣਾ ਮਾਰਗ ਆਪੇ ਲਾ, ਆਪੇ ਵੇਖ ਵਖਾਈਆ । ਆਪਣਾ ਦਰ ਆਪ ਸੁਹਾ, ਆਪੇ ਦਏ ਵਡਿਆਈਆ । ਆਪਣਾ ਮੰਦਰ ਆਪ ਬਣਾ, ਆਪੇ ਲਏ ਢਾਹੀਆ । ਲੋਕਮਾਤ ਰਚਨ ਰਚਾ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਗਿਆ ਸਮਾ, ਦਿਸ ਕਿਸੇ ਨਾ ਆਈਆ । ਮਾਨਸ ਮਾਨੁਖ ਲੇਖੇ ਲਾ, ਆਪਣਾ ਕਰਮ ਕਮਾਈਆ । ਏਕਾ ਸ਼ਬਦ ਗਿਆਨ ਦਵਾ, ਅਗਿਆਨ ਅੰਧੇਰ ਮਿਟਾਈਆ । ਏਕਾ ਵਿਦਿਆ ਸਤਿ ਪੜ੍ਹਾ, ਸਾਂਤਕ ਸਤਿ ਸਮਾਈਆ । ਏਕਾ ਤਤ ਆਪ ਅਖਵਾ, ਮਿਤਗਤ ਆਪ ਜਣਾਈਆ । ਏਕਾ ਰੱਤ ਦਏ ਸੁਹਾ, ਏਕਾ ਬੂੰਦ ਟਿਕਾਈਆ । ਏਕਾ ਹੱਟ ਦਏ ਵਿਕਾ, ਏਕਾ ਖੋਲ੍ਹ ਖੋਲ੍ਹਾਈਆ । ਏਕਾ ਤੀਰਥ ਤਟ ਦਏ ਨੁਹਾ, ਸਰ ਸਰੋਵਰ ਇਕ ਜਣਾਈਆ । ਏਕਾ ਪਟ ਤਨ ਦਏ ਪਹਿਨਾ, ਹਰਿ ਸ਼ਬਦ ਵੱਡੀ ਵਡਿਆਈਆ । ਦੀਪਕ ਜੋਤੀ ਲਟ ਲਟ ਦਏ ਜਗਾ, ਹਰਿ ਸਾਚੇ ਹੱਥ ਵਡਿਆਈਆ । ਸ਼ਬਦ ਅਗੰਮੀ ਸੱਟ ਦਏ ਲਗਾ, ਆਪ ਆਪਣਾ ਕਰਮ ਕਮਾਈਆ । ਦੁਰਮਤ ਮੈਲ ਕੱਟ ਦਏ ਵਖਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਚੱਟ ਸਚ ਪਿਆਲਾ ਦਏ ਪਿਲਾ, ਹਰਿ ਸਾਕੀ ਬੇਪਰਵਾਹੀਆ । ਦੀਨ ਦਿਆਲਾ ਦਇਆ ਕਮਾ, ਦੇਵੇ ਦਰਸ ਹਰ ਘਟ ਥਾਈਂਆ । ਜੋਤ ਅਕਾਲਾ ਨਾਮ ਧਰਾ, ਅਕਲ ਕਲਾ ਗੁਣ ਗਾਈਆ । ਆਦਿ ਨਿਰੰਜਣ ਸੇਵਕ ਲਾ, ਸੇਵਾ ਰਿਹਾ ਕਮਾਈਆ । ਆਦਿ ਸ਼ਕਤ ਰਹੀ ਮਨਾ, ਏਕਾ ਇਸ਼ਟ ਬੇਪਰਵਾਹੀਆ । ਪੁਰਖ ਪੁਰਖੋਤਮ ਆਪ ਅਖਵਾ, ਪਾਰਬ੍ਰਹਮ ਵੱਡੀ ਵਡਿਆਈਆ । ਨਰ ਨਰਾਇਣ ਨਾਮ ਧਰਾ, ਨਰ ਨਰਾਇਣ ਆਪ ਹੋ ਜਾਈਆ । ਸ਼ਬਦ ਗਹਿਣਾ ਤਨ ਸਜਾ, ਆਪ ਆਪਣਾ ਤਨ ਸੁਹਾਈਆ । ਨਾਮ ਨੈਣਾ ਕਜਲ ਪਾ, ਨੇਤਰ ਧਾਰ ਬੰਧਾਈਆ । ਸਾਚਾ ਸੱਜਣ ਵੇਖ ਹਰਿ ਚੜ੍ਹਿਆ ਚਾ, ਬ੍ਰਹਮੇ ਖ਼ੁਸ਼ੀ ਮਨਾਈਆ । ਚਰਨ ਧੂੜੀ ਕਰਿਆ ਮਜਨ ਬੇਪਰਵਾਹ, ਚਰਨ ਚਰਨੋਦਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਕਰੀ ਕੁੜਮਾਈਆ । ਲੋਕਮਾਤ ਕਰ ਕੁੜਮਾਈ, ਲੱਖ ਚੁਰਾਸੀ ਆਪ ਪਰਨਾਇਆ । ਘਰ ਘਰ ਵੱਜਦੀ ਰਹੇ ਵਧਾਈ, ਦਿਵਸ ਰੈਣ ਮੰਗਲ ਗਾਇਆ । ਜੀਵ ਜੰਤ ਨਾ ਸੁਣੇ ਲੁਕਾਈ, ਮਾਇਆ ਸੰਗਲ ਇਕ ਬੰਧਾਇਆ । ਪ੍ਰਭ ਅਬਿਨਾਸ਼ੀ ਆਪਣੀ ਡੋਰੀ ਆਪਣੇ ਹੱਥ ਰਖਾਈ, ਦੂਸਰ ਲੜ ਨਾ ਕੋਈ ਫੜਾਇਆ । ਆਪਣਾ ਨੂਰ ਆਪੇ ਕਰ ਰੁਸ਼ਨਾਈ, ਆਪ ਆਪਣਾ ਨਾਉਂ ਧਰਾਇਆ । ਹਰਿ ਭਗਵੰਤ ਵੱਡੀ ਵਡਿਆਈ, ਸੰਤਨ ਅੰਦਰ ਡੇਰਾ ਲਾਇਆ । ਸਾਚਾ ਸੰਤ ਰਹੇ ਸਰਨਾਈ, ਹਰਿ ਸਾਚੇ ਮੇਲ ਮਿਲਾਇਆ । ਏਕਾ ਦੂਜਾ ਭੌ ਚੁਕਾਈ, ਤੀਜਾ ਲੋਇਣ ਆਪ ਖੁਲ੍ਹਾਇਆ । ਚੌਥੇ ਪਦ ਦਏ ਸਮਝਾਈ, ਏਕਾ ਧਾਮ ਰਖਾਇਆ । ਪੰਚਮ ਮੇਲਾ ਚਾਈਂ ਚਾਈਂ, ਹਰਿ ਏਕਾ ਰਾਗ ਅਲਾਇਆ । ਛੇਵੇਂ ਮੇਲ ਮਿਲਾਏ ਦਇਆ ਕਮਾਏ ਛੱਪਰ ਛੰਨ ਕੋਈ ਦਿਸੇ ਨਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਸਾਚੇ ਘਰ, ਆਪੇ ਵੇਖੇ ਸਭਨੀ ਥਾਈਂ । ਲੱਖ ਚੁਰਾਸੀ ਜੀਵ ਜੰਤ ਉਪਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੀ ਜੋਤੀ ਆਪੇ ਰਿਹਾ ਸਮਝਾ, ਆਪ ਆਪਣਾ ਵੇਸ ਵਟਾਈਆ । ਆਪਣਾ ਨਾਮ ਆਪੇ ਲਏ ਧਰਾ, ਪੰਜ ਤਤ ਕਰੇ ਕੁੜਮਾਈਆ । ਸ਼ਬਦੀ ਸ਼ਬਦ ਸ਼ਬਦ ਜਾਏ ਸਮਾ, ਸ਼ਬਦੀ ਧੁਨ ਅਲਾਹੀਆ ।

ਸਾਚਾ ਸੁਤ ਆਪ ਹੋ ਜਾ, ਹਰਿ ਸੰਤਨ ਆਪ ਹੋ ਜਾਈਆ । ਨਾਰੀ ਕੰਤ ਆਪ ਅਖਵਾ, ਆਪ ਆਪਣੀ ਸੇਜ ਹੰਢਾਈਆ । ਆਪਣੀ ਜੋਤੀ ਰੰਗ ਦਏ ਚੜ੍ਹਾ, ਰੰਗਣਹਾਰਾ ਆਪ ਹੋ ਜਾਈਆ । ਆਪਣਾ ਲੜ ਆਪੇ ਲਏ ਫੜਾ, ਆਪ ਆਪਣਾ ਲਏ ਪਰਨਾਈਆ । ਆਪਣੀ ਸੇਜਾ ਆਪੇ ਰਿਹਾ ਹੰਢਾ, ਵਡ ਦਾਤਾ ਬੇਪਰਵਾਹੀਆ । ਸੰਤ ਸੁਹੇਲੇ ਮੇਲ ਮਿਲਾ ਅਗੰਮ ਅਥਾਹ, ਜੁਗ ਜੁਗ ਵੱਡੀ ਵਡਿਆਈਆ । ਮੇਲ ਮਿਲਾਵੇ ਧੁਰ ਸੰਜੋਗੀ, ਸਚ ਸੰਜੋਗ ਧਰਾਇਆ । ਪਾਰਬ੍ਰਹਮ ਪ੍ਰਭ ਹੋਇਆ ਭੋਗੀ, ਏਕਾ ਭੋਗ ਵਖਾਇਆ । ਜਨ ਭਗਤਾਂ ਦੇਵੇ ਨਾਮ ਚੋਗੀ, ਮਾਣਕ ਮੋਤੀ ਮੁਖ ਰਖਾਇਆ । ਆਪੇ ਦੇਵੇ ਦਰਸ ਅਮੋਘੀ, ਅੰਦਰ ਮੰਦਰ ਫੇਰਾ ਪਾਇਆ । ਲੱਖ ਚੁਰਾਸੀ ਜੀਵ ਜੰਤ ਜਨ ਹੋਏ ਰੋਗੀ, ਨਾ ਕੋਈ ਦੇਵੇ ਰੋਗ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਆਪਣਾ ਘਰ, ਲੋਕਮਾਤ ਫੇਰਾ ਪਾਇਆ । ਲੋਕਮਾਤ ਹਰਿ ਕਾ ਦਵਾਰ, ਸਰਗੁਣ ਕਰਮ ਕਮਾਇਆ । ਸਰਗੁਣ ਰੂਪ ਕਰ ਕਰਤਾਰ, ਜੁਗ ਜੁਗ ਵੇਸ ਵਟਾਇਆ । ਬ੍ਰਹਮਾ ਲਿਖੇ ਬਣ ਲਿਖਾਰ, ਚਾਰੇ ਵੇਦਾਂ ਗਿਆ ਗਣਾਇਆ । ਚਾਰੇ ਵੇਦ ਅਪਰ ਅਪਾਰ, ਦੇ ਮਤ ਰਿਹਾ ਸਮਝਾਇਆ । ਵੰਡੇ ਵੰਡ ਵਿਚ ਸੰਸਾਰ, ਏਕਾ ਪੱਖ ਤਕਾਇਆ । ਰਵ ਸਸ ਲਏ ਅਵਤਾਰ, ਹੋ ਪਰਤੱਖ ਰੂਪ ਵਟਾਇਆ । ਗਗਨ ਪਤਾਲਾਂ ਬੰਨ ਧਾਰ, ਧਰਤ ਧਵਲ ਟਿਕਾਇਆ । ਜਲ ਬਿੰਬ ਹਰਿ ਕਰ ਪਿਆਰ, ਉਪਰ ਆਸਣ ਲਾਇਆ । ਲੱਖ ਚੁਰਾਸੀ ਪਾਵੇ ਸਾਰ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ । ਰੰਗ ਸਮਾਏ ਲਾਲ ਗੁਲਾਲਾ, ਆਦਿ ਸ਼ਕਤ ਬਨਵਾਰਾ । ਆਪੇ ਹੋਏ ਜਗਤ ਦਲਾਲਾ, ਕਰੇ ਕਰਾਏ ਵਣਜ ਵਾਪਾਰਾ । ਫਲ ਲਗਾਏ ਕਾਇਆ ਡਾਲਾ, ਅੰਮ੍ਰਿਤ ਆਤਮ ਇਕ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰੇ ਉਜਿਆਰਾ । ਆਪਣਾ ਆਪ ਆਪ ਕਰਾ, ਆਪੇ ਚੋਜ ਵਡਾਨਿਆ । ਆਪਣੀ ਮਹਿਮਾ ਆਪ ਜਣਾ, ਆਪੇ ਵਰਤੇ ਆਪਣੇ ਭਾਣਿਆ । ਆਪਣਾ ਤਖ਼ਤ ਆਪ ਸੁਹਾ, ਆਪੇ ਵੇਖੇ ਰਾਜੇ ਰਾਣਿਆ । ਆਪਣਾ ਡੰਕ ਆਪ ਵਜਾ, ਲੋਆਂ ਪੁਰੀਆਂ ਆਪ ਉਠਾਨਿਆ । ਰਾਓ ਰੰਕ ਆਪ ਬਣਾ, ਰਾਓ ਰੰਕਾਂ ਕਰੇ ਪਛਾਨਿਆ । ਬ੍ਰਹਮਾ ਸ਼ਿਵ ਸੇਵਾ ਲਾ, ਸੇਵਕ ਸੇਵ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਰਗਟ ਕਰੇ ਨਾਮ ਨਿਸ਼ਾਨਿਆ । ਨਾਮ ਨਿਸ਼ਾਨਾ ਮਾਤ ਧਰ, ਧਰਤ ਧਵਲ ਸੁਹਾਇੰਦਾ । ਮਾਨਸ ਮਾਨੁਖ ਜੋਗ ਕਰ, ਏਕਾ ਜੋਗ ਵਖਾਇੰਦਾ । ਇਕ ਸੰਜੋਗ ਸਾਚੇ ਘਰ, ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੰਡ ਵੰਡਾਇੰਦਾ । ਲੋਕਮਾਤ ਵੰਡੇ ਵੰਡ, ਵੰਡਣਹਾਰ ਦਾਤਾਰ । ਸਤਿਜੁਗ ਸਾਚੀ ਬੰਨੀ ਗੰਢ, ਮਿਲਿਆ ਨਾਮ ਆਧਾਰਾ । ਤ੍ਰੇਤਾ ਮੰਗੇ ਏਕਾ ਠੰਡ, ਸੀਤਲ ਸੀਤਲ ਧਾਰਾ । ਦੁਆਪਰ ਤੋੜੇ ਆਪ ਘਮੰਡ, ਖੇਲੇ ਖੇਲ ਅਪਾਰਾ । ਕਲਜੁਗ ਨਾਰ ਦੁਹਾਗਣ ਰੰਡ, ਚਾਰੋਂ ਕੁੰਟ ਹਾਹਾਕਾਰਾ । ਘਰ ਘਰ ਵੇਖੇ ਭੇਖ ਪਖੰਡ, ਨਾ ਮਿਲਿਆ ਮੀਤ ਮੁਰਾਰਾ । ਜੂਠ ਝੂਠ ਚੁੱਕੀ ਪੰਡ, ਮਨਮੁਖ ਜੀਵ ਹੋਵੇ ਗਵਾਰਾ । ਆਪੇ ਸੁੱਤਾ ਦੇ ਕਰ ਕੰਡ, ਨਾ ਦਿਸੇ ਕੋਈ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਏ ਮਾਤ ਅਵਤਾਰਾ । ਸਤਿਜੁਗ ਸਾਚੇ ਲੈ ਅਵਤਾਰ, ਆਪਣਾ ਕਰਮ ਕਮਾਇਆ । ਵਾਰ ਅਠਾਰਾਂ ਕਰ ਪਿਆਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਤ੍ਰੇਤਾ ਤੇਰਾ ਰੂਪ ਅਪਾਰ, ਹਰਿ ਕਰਤਾਰ ਵਿਚ ਸਮਾਇਆ । ਦੋਏ ਦੋਏ ਵੇਖੇ ਏਕਾ ਧਾਰ, ਏਕਾ ਧਾਰ ਬੰਧਾਇਆ ।


੪੨੪
੦੭

ਦੁਆਪਰ ਤੇਰਾ ਖੇਲ ਨਿਆਰ, ਖੇਲਣਹਾਰ ਆਪ ਹੋ ਜਾਇਆ । ਏਕਾ ਦੂਜਾ ਕਰ ਪਿਆਰ, ਦੂਜਾ ਏਕਾ ਲੇਖ ਲਿਖਾਇਆ । ਪੁਰਾਨ ਅਠਾਰਾਂ ਬੰਨੇ ਧਾਰ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਣਾਇਆ । ਗੀਤਾ ਦੇਵੇ ਇਕ ਗਿਆਨ, ਭਗਤਨ ਭਗਤੀ ਲਾਇਆ । ਕਲਜੁਗ ਵੇਖੇ ਮਾਰ ਧਿਆਨ, ਦੂਰ ਦੁਰਾਡਾ ਰਾਹ ਤਕਾਇਆ । ਜੂਠ ਝੂਠ ਹੋਣ ਪਰਧਾਨ, ਪ੍ਰਭ ਸਾਚਾ ਦਇਆ ਕਮਾਇਆ । ਕਾਲਾ ਸੂਸਾ ਬੇਪਹਿਚਾਨ, ਤਨ ਚੋਲੀ ਇਕ ਰਖਾਇਆ । ਈਸਾ ਮੂਸਾ ਕਰ ਪਰਧਾਨ, ਅੱਲਾ ਰਾਣੀ ਨਾਲ ਪਰਨਾਇਆ । ਇਕ ਮੁਹੰਮਦ ਇਕ ਗਿਆਨ, ਇਕ ਅੱਲਾਹ ਏਕਾ ਨਾਅਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਆਇਤ ਇਕ ਸ਼ਰਾਇਤ ਏਕਾ ਸ਼ਬਦ ਸੁਣਾਇਆ । ਏਕਾ ਸ਼ਬਦ ਸ਼ਰਅ ਹਦੀਸ, ਏਕਾ ਕਲਮਾ ਰਿਹਾ ਪੜ੍ਹਾਈਆ । ਏਕਾ ਗਾਏ ਦੰਦ ਬਤੀਸ, ਏਕਾ ਰਿਹਾ ਸੁਣਾਈਆ । ਇਕ ਉਪਾਏ ਸਪਾਰੇ ਤੀਸ, ਏਕਾ ਲਿਵ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਵੰਡ ਵੰਡਾਈਆ । ਕਲਜੁਗ ਵੰਡ ਵੰਡਾਵਣਹਾਰਾ, ਏਕਾ ਏਕ ਅਖਵਾਇਆ । ਕਲਜੁਗ ਮੰਗੇ ਮੰਗ ਦਵਾਰਾ, ਦੇਵਣਹਾਰ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਰਿਹਾ ਵਖਾਇਆ । ਕਲਜੁਗ ਮੰਗੇ ਦਾਨੀ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਨਾਲ ਰਲਾ ਪੰਜ ਸ਼ੈਤਾਨ, ਮਨ ਮਤ ਮੇਲ ਮਿਲਾਈਆ । ਜੂਠ ਝੂਠ ਹੋਏ ਪਰਧਾਨ, ਮਾਇਆ ਮਮਤਾ ਮੋਹ ਵਧਾਈਆ । ਵਰਨ ਬਰਨ ਹੋਏ ਗਿਆਨ, ਸਾਚੀ ਸਰਨ ਨਾ ਕੋਇ ਤਕਾਈਆ । ਆਪਣਾ ਆਪਣਾ ਰਾਹ ਚਲਾਣ, ਨਬੀ ਰਸੂਲਾਂ ਰਾਹ ਪਾਈਆ । ਧੁਰਦਰਗਾਹੀ ਨਾ ਵਖਾਏ ਕੋਈ ਸਚ ਨਿਸ਼ਾਨ, ਦੀਨ ਅਲਾਹੀ ਰਹੇ ਭੁਲਾਈਆ । ਮੱਕਾ ਕਾਅਬਾ ਵੇਖ ਕੁਰਾਨ, ਕਾਇਆ ਕੁਰਾ ਦਏ ਸਮਝਾਈਆ । ਦੋ ਦੋ ਆਬਾ ਹਰਿ ਨਿਗਹਬਾਨ, ਪੁਨ ਸਵਾਬਾ ਵੇਖ ਵਖਾਈਆ । ਤਨ ਰਬਾਬ ਨਾ ਵਜਾਏ ਕੋਈ ਅਹਿਬਾਬਾ, ਨਾ ਕੋਈ ਰਾਗ ਅਲਾਈਆ । ਨਾ ਕੋਈ ਮਾਰੇ ਸਾਚੀ ਵਾਜਾ, ਨਾ ਕੋਈ ਸਾਚੀ ਸਦਾ ਸੁਣਾਈਆ । ਨਾ ਕੋਈ ਚਲੇ ਤੇਰੀ ਰਜ਼ਾ ਹਰਿ ਸਾਚੇ ਰਾਜਾ, ਕਲਜੁਗ ਮੰਗੇ ਖਲਕ ਖ਼ੁਦਾਈਆ । ਦੇਵੇ ਵਰ ਗ਼ਰੀਬ ਨਿਵਾਜਾ, ਭੁੱਲ ਰਹੇ ਨਾ ਰਾਈਆ । ਏਕਾ ਦੇਵੇ ਝੂਠਾ ਜੂਠਾ ਤਾਜਾ, ਕਲਜੁਗ ਉਪਰ ਰਿਹਾ ਚੜ੍ਹਾਈਆ । ਲੋਕਮਾਤ ਫਿਰੇ ਭਾਜਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਪੈਰਾਂ ਹੇਠ ਦਬਾਈਆ । ਚੌਦਾਂ ਲੋਕਾਂ ਸਾਜਨ ਸਾਜਾ ਚੌਦਾਂ ਤਬਕਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਝੋਲੀ ਇਕ ਭਰਾਈਆ । ਕਲਜੁਗ ਕਾਲੇ ਚੜ੍ਹਿਆ ਚਾ, ਮਿਲਿਆ ਦਰ ਅਪਾਰ । ਇਕ ਮੁਹੰਮਦ ਬਣੇ ਮਲਾਹ, ਕਲ ਬੇੜਾ ਰਿਹਾ ਤਾਰ । ਅੱਲਾ ਰਾਣੀ ਦਏ ਸਲਾਹ, ਸਾਚਾ ਕਰ ਪਿਆਰ । ਕਲਮਾ ਅਮਾਮ ਏਕਾ ਰਾਹ, ਕਾਇਨਾਤ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਏ ਨਾਮ ਅਧਾਰ । ਏਕਾ ਨਾਮ ਜਗਤ ਅਧਾਰਾ, ਹਰਿ ਸਾਚੇ ਆਪ ਰਖਾਇਆ । ਜੋ ਜਨ ਮੰਗੇ ਮੰਗ ਦਵਾਰਾ, ਦੇਵਣਹਾਰਾ ਨਾਉਂ ਧਰਾਇਆ । ਖੇਲੇ ਖੇਲ ਅਪਰ ਅਪਾਰਾ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਬੀ ਇਕ ਰਸੂਲ, ਏਕਾ ਹੱਜ ਕਰ ਕਬੂਲ ਹਾਜਨ ਹਾਜੀ ਆਪ ਕਰਾਇਆ । ਏਕਾ ਹਾਜੀ ਏਕਾ ਹੱਜ, ਏਕਾ ਰਿਹਾ ਕਰਾਈਆ । ਏਕਾ ਤਾਜੀ ਏਕਾ ਤੱਜ, ਏਕਾ ਰਿਹਾ ਦੌੜਾਈਆ । ਏਕਾ ਮਾਰੇ ਸਾਚੀ ਵਾਜਾ, ਏਕਾ ਰਿਹਾ ਸੁਣਾਈਆ । ਨੀਰ ਉਛਾਲੇ ਖਿਜਰ ਖਵਾਜਾ, ਖੈਰ ਖ਼ੁਦੀ ਖ਼ੁਦਾਈਆ । ਬੀ ਪਹਿਰ ਮੈਹਬਾਨ ਮਹਿਬਾਨ ਰਾਜਾ, ਨਿਰਮਾਨ

ਨਾਮ ਧਰਾਈਆ । ਰਚਨਹਾਰਾ ਆਪੇ ਕਾਜਾ, ਇਕ ਨਿਸ਼ਾਨ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੰਡ ਵੰਡਾਈਆ । ਕਲਜੁਗ ਵੰਡ ਏਕਾ ਧਾਰ, ਏਕਾ ਨਾਅਰਾ ਲਾਇਆ । ਵਿਸਰਿਆ ਨਾਮ ਰਾਮ ਮੁਰਾਰ, ਕ੍ਰਿਸ਼ਨਾ ਕੋਇ ਨਾ ਗਾਇਆ । ਏਕਾ ਅੱਲਾ ਕਰ ਪਿਆਰ, ਬਿਸਮਿਲ ਰੂਪ ਸਮਾਇਆ । ਏਕਾ ਛਿਲਾ ਕੱਟਿਆ ਸਾਚੇ ਯਾਰ, ਏਕਾ ਹੀਲਾ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਰਿਹਾ ਪੜ੍ਹਾਇਆ । ਏਕਾ ਕਲਮਾ ਐਨਲਹੱਕ, ਮੁਕਾਮੇ ਹੱਕ ਖ਼ੁਦਾਈਆ । ਕੁਤਬ ਗੌਂਸ ਪੀਰ ਫਕੀਰ ਸ਼ਾਹ ਹਕੀਰ ਰਾਹ ਰਹੇ ਤੱਕ, ਦਸਤਗੀਰ ਹੱਥ ਨਾ ਆਈਆ । ਖੇਲੇ ਖੇਲ ਬੇਨਜ਼ੀਰ, ਤਕਦੀਰ ਤਕਸੀਰ ਨਾ ਕੋਈ ਮਿਟਾਈਆ । ਕਲਜੁਗ ਕਾਲੇ ਚਿੱਟੇ ਉਤੇ ਕਾਲੀ ਖਿਚੀ ਜਾਏ ਲਕੀਰ, ਨਾ ਕਿਸੇ ਕੋਈ ਮਿਟਾਈਆ । ਸੰਗ ਮੁਹੰਮਦ ਵੱਝਣਾ ਅੰਤ ਜੰਜੀਰ, ਸਦੀ ਚੌਧਵੀਂ ਦਏ ਦੁਹਾਈਆ । ਅੱਲਾ ਰਾਣੀ ਵਹਾਏ ਨੀਰ, ਰੋ ਰੋ ਰਹੀ ਕੁਰਲਾਈਆ । ਨਾ ਕੋਈ ਸਹਾਇਕ ਪੀਰ ਫਕੀਰ, ਮੁਸਲਮ ਸੁੰਨੀ ਨਾ ਕੋਇ ਬਚਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਮਾਰਨ ਆਇਆ ਤੀਰ, ਰਸਨਾ ਚਿੱਲੇ ਆਪ ਚੜ੍ਹਾਈਆ । ਜੰਗਲ ਜੂਹ ਉਜਾੜ ਪਹਾੜ ਚੋਟੀ ਵੇਖੇ ਇਕ ਅਖ਼ੀਰ, ਡੂੰਘੀ ਕੰਦਰ ਫੇਰਾ ਪਾਈਆ । ਚੌਦਾਂ ਤਬਕਾਂ ਆਬ ਹਯਾਤ ਵਰੋਲੇ ਸਾਚਾ ਨੀਰ, ਨੀਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਮੁਹੰਮਦ ਏਕਾ ਰਾਹ ਵਖਾਈਆ । ਇਕ ਮੁਹੰਮਦ ਇਕ ਅੱਲਾ, ਅਲਾਹੀ ਨੂਰ ਸਮਾਇਆ । ਪਾਰਬ੍ਰਹਮ ਪ੍ਰਭ ਦਏ ਸਲਾਹ, ਤੇਰਾ ਤੇਰੀ ਝੋਲੀ ਪਾਇਆ । ਤੇਰਾ ਲਹਿਣਾ ਦਏ ਚੁਕਾ, ਮੂਲ ਰਹੇ ਨਾ ਰਾਇਆ । ਅੰਤਮ ਬੂਟਾ ਰਿਹਾ ਸੁਕਾ, ਨਾ ਸਕੇ ਕੋਈ ਜਲ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੰਡ ਵੰਡਾਇਆ । ਅੱਲਾ ਰਾਣੀ ਵੰਡੀ ਵੰਡ, ਕਲਮਾ ਨਬੀ ਰਸੂਲੀਆ । ਆਪਣੀ ਹੱਥੀਂ ਦਿਤੀ ਗੰਢ, ਸ਼ਰਅ ਸ਼ਰਾਇਤ ਇਕ ਕਬੂਲੀਆ । ਵੇਖੇ ਖੇਲ ਜੇਰਜ ਅੰਡ, ਉਤਭੁਜ ਸੇਤਜ ਦੂਲੋ ਦੂਲੀਆ । ਰਚਨ ਰਚਾਏ ਹਰਿ ਬ੍ਰਹਿਮੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟ ਮਿਟਾਏ ਜਗਤ ਬੇਅਸੂਲੀਆ । ਜਗਤ ਨਾਤਾ ਜੁਗ ਜੁਗ ਜੋੜਾ, ਆਪਣਾ ਕਰਮ ਕਮਾਇੰਦਾ । ਆਪੇ ਆਏ ਮਾਤ ਦੌੜਾ, ਆਪਣਾ ਰੂਪ ਵਟਾਇੰਦਾ । ਧੁਰਦਰਗਾਹੀ ਲਾਏ ਪੌੜਾ, ਏਕਾ ਡੰਡਾ ਹੱਥ ਰਖਾਇੰਦਾ । ਨਾ ਕੋਈ ਜਾਣੇ ਲੰਮਾ ਚੌੜਾ, ਲੇਖਾ ਲਿਖਤ ਨਾ ਕੋਈ ਜਣਾਇੰਦਾ । ਕਰਿਆ ਭੇਖ ਬ੍ਰਹਮਣ ਗੌੜਾ, ਉਚੇ ਟਿੱਲੇ ਪਰਬਤ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਵਰਨ ਫੇਰਾ ਪਾਇੰਦਾ । ਚਾਰੇ ਵਰਨਾਂ ਫੇਰਾ ਪਾ, ਬ੍ਰਹਮਣ ਬ੍ਰਹਮ ਜਣਾਈਆ । ਵੈਸ਼ ਸ਼ੱਤਰੀ ਦਏ ਸਮਝਾ ਏਕਾ ਵਣਜ ਕਰਾਈਆ । ਸ਼ੂਦਰ ਲਹਿਣਾ ਦੇਵੇ ਪਾ, ਕੂੜੀ ਕਿਰਿਆ ਰਿਹਾ ਮੇਟ ਮਿਟਾਈਆ । ਚਾਰ ਵਰਨਾ ਇਕ ਸਮਝੌਣੀ, ਹਰਿ ਏਕਾ ਬਣਤ ਬਣਾਈਆ । ਏਕਾ ਵਿਦਿਆ ਮਾਤ ਪੜ੍ਹੌਣੀ, ਏਕਾ ਰੂਪ ਦਰਸਾਈਆ । ਸਾਚਾ ਬ੍ਰਹਮ ਇਕ ਸਨੌਣੀ, ਪਾਰਬ੍ਰਹਮ ਸੱਚੀ ਸਰਨਾਈਆ । ਸ਼ੱਤਰੀ ਤੇਗ ਇਕ ਉਠੌਣੀ, ਰਸਨਾ ਨਾਮ ਹਰਿ ਹਰਿ ਗਾਈਆ । ਵੈਸ਼ ਖੇਤੀ ਇਕ ਬਿਜੌਣੀ, ਸਾਚਾ ਵਣਜ ਵਾਪਾਰ ਕਰਾਈਆ । ਸ਼ੂਦਰ ਸਿਖਿਆ ਇਕ ਦਵੌਣੀ, ਦੁਰਮਤ ਮੈਲ ਗਵਾਈਆ । ਚਾਰ ਵਰਨਾਂ ਏਕਾ ਜੋਤ ਜਗੌਣੀ, ਏਕਾ ਧਾਮ ਕਰੇ ਕੁੜਮਾਈਆ । ਸਤਾਰਾਂ ਹਾੜੀ ਸਾਚੀ ਨੀਂਹ ਰਖੌਣੀ, ਸਤਿਜੁਗ ਤੇਰੀ ਵਡ ਵਡਿਆਈਆ । ਕਲਜੁਗ ਤੇਰੀ ਕੂੜੀ ਕਿਰਿਆ ਆਪ ਮਿਟੌਣੀ, ਜੂਠ ਝੂਠ ਰਹਿਣ ਨਾ ਪਾਈਆ । ਭਿੰਨੜੀ ਰੈਣ ਨਾਲ ਰਲੌਣੀ,

ਹਰਿਸੰਗਤ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਵੰਡ ਵੰਡਾਈਆ । ਵੰਡੇ ਵੰਡ ਸ਼ਬਦ ਗਿਆਨ, ਪਾਰਬ੍ਰਹਮ ਬੇਅੰਤਾ । ਪੰਜ ਤਤ ਕਰ ਪਰਧਾਨ, ਨਾਨਕ ਗੁਰ ਬਣਾਏ ਬਣਤਾ । ਸ਼ਬਦ ਗੁਰ ਹੋ ਪਰਧਾਨ, ਮੇਲ ਮਿਲਾਵੇ ਸਾਚੇ ਸੰਤਾ । ਸ਼ਬਦ ਜਣਾਈ ਧੁਰ ਫ਼ਰਮਾਣ, ਵੇਖੇ ਖੇਲ ਆਦਿਨ ਅੰਤਾ । ਮਿਲਿਆ ਮੇਲ ਗੋਪੀ ਕਾਹਨ, ਸੁਹਾਈ ਰੁੱਤ ਬਸੰਤਾ । ਸੁਣਿਆ ਰਾਗ ਸਾਚੇ ਕਾਨ, ਭੇਵ ਨਾ ਪਾਵੇ ਜੀਵ ਜੰਤਾ । ਕਾਇਆ ਪਿੰਡ ਜਾਤਾ ਫਨਾਹ ਮਕਾਨ, ਸਰਨ ਸਰਨਾਈ ਹਰਿ ਬੇਅੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਗ ਨਾਦ ਇਕ ਵਜੰਤਾ । ਰਾਗ ਨਾਦ ਸੁਣ ਤਲਵਾੜਾ, ਨਾਨਕ ਗੁਰ ਗਾਇਆ । ਗਾਇਆ ਸ਼ਬਦ ਸਤਾਰਾ ਹਾੜਾ, ਸੋਹੰ ਨਾਮ ਅਲਾਇਆ । ਧੁਰਦਰਗਾਹੀ ਗਾਇਆ ਸਾਚਾ ਲਾੜਾ, ਪਾਰਬ੍ਰਹਮ ਬੁਲਾਇਆ । ਜੋਤੀ ਨੂਰ ਵੇਖੇ ਇਕ ਅਖਾੜਾ, ਸਤਿ ਸਰੂਪ ਸਮਾਇਆ । ਨਾ ਕੋਈ ਦੀਸੇ ਪੰਜ ਤਤ ਹੱਡ ਮਾਸ ਨਾੜੀ ਨਾੜਾ, ਪਵਣ ਸਵਾਸ ਨਾ ਕੋਈ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਮਿਲਿਆ ਹਰਿ, ਘਰ ਮੰਦਰ ਵੇਖ ਵਖਾਇਆ । ਵੇਖੇ ਮੰਦਰ ਹਰਿ ਦਵਾਰ, ਨਾਨਕ ਵੱਜੀ ਵਧਾਈਆ । ਤਜਿਆ ਨਾਤਾ ਨੌਂ ਦਵਾਰ, ਮਿਲਿਆ ਬੇਪਰਵਾਹੀਆ । ਇਕ ਆਕਾਤਾਂ ਪਾਵੇ ਸਾਰ, ਅੰਮ੍ਰਿਤ ਪਿਆਲਾ ਪਿਆਏ ਸਚ ਸੁਰਾਹੀਆ । ਇਕ ਵਜਾਏ ਨਾਮ ਸਤਾਰ, ਨਾਮ ਸਤਿ ਆਪ ਚਲਾਈਆ । ਇਕ ਕਰਾਏ ਵਣਜ ਵਾਪਾਰ, ਏਕਾ ਵਸਤ ਝੋਲੀ ਪਾਈਆ । ਗੁਣਵੰਤਾ ਹਰਿ ਗੁਣ ਨਿਰੰਕਾਰ, ਨਿਰਗੁਣ ਗੁਣ ਕਰੇ ਵਡਿਆਈਆ । ਸਰਗੁਣ ਮੇਲਾ ਵਿਚ ਸੰਸਾਰ, ਅੱਠੇ ਪਹਿਰ ਰਖਾਈਆ । ਨਾਨਕ ਗੁਰ ਗੁਰ ਢਹਿ ਪਿਆ ਦਵਾਰ, ਪਾਰਬ੍ਰਹਮ ਵੱਡੀ ਵਡਿਆਈਆ । ਨਾਮ ਸਤਿ ਕਰ ਪਿਆਰ, ਸਤਿ ਸਤਿ ਵਿਚ ਸਮਾਈਆ । ਸਤਿ ਸਤਿ ਕਰ ਉਜਿਆਰ, ਸਤਿ ਸਤਿ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਵੰਡ ਵੰਡਾਈਆ । ਨਾਨਕ ਗੁਰ ਵੰਡ ਵੰਡਾਈ, ਮਿਲਿਆ ਨਾਮ ਸਤਿ ਨਾਮਾ । ਲੋਕਮਾਤ ਆਇਆ ਕਰਕੇ ਧਾਈ, ਲੈ ਕਰ ਧੁਰ ਪੈਗਾਮਾ । ਗ਼ਰੀਬ ਨਿਮਾਣਿਆਂ ਰਿਹਾ ਜਣਾਈ, ਮੇਟੇ ਰੈਣ ਅੰਧੇਰੀ ਸ਼ਾਮਾ । ਕਾਇਆ ਤਨ ਨਗਾਰਾ ਵਜਾਏ ਇਕ ਦਮਾਮਾ ਅੱਠੇ ਪਹਿਰ ਰਹੇ ਰੁਸ਼ਨਾਈ, ਆਪੇ ਹੋਇਆ ਅੰਤਰਜਾਮਾ । ਗੁਰ ਨਾਨਕ ਸੇਵ ਕਮਾਈ, ਚਾਰ ਵਰਨਾਂ ਦੇਵੇ ਇਕ ਗਿਆਨਾ । ਹਿੰਦੂ ਮੁਸਲਮ ਸਿੱਖ ਈਸਾਈ ਰਿਹਾ ਸਮਝਾਈ, ਏਕਾ ਸ਼ਬਦ ਇਕ ਤਰਾਨਾ । ਏਕਾ ਹਰਿ ਲਿਵ ਲਾਈ, ਏਕਾ ਰਾਗ ਏਕਾ ਗਾਣਾ । ਏਕਾ ਰਿਹਾ ਸੁਣਾਈ, ਇਕ ਵਖਾਏ ਪਦ ਨਿਰਬਾਨਾ । ਘਰ ਚੌਥਾ ਮੇਲ ਮਿਲਾਈ, ਪੰਚਮ ਹਰਿ ਹੋ ਪਰਧਾਨਾ । ਵੇਖ ਵਖਾਏ ਥਾਉਂ ਥਾਈਂ, ਜਨ ਭਗਤਾਂ ਹੱਥੀਂ ਬੰਨੇ ਗਾਨਾ । ਆਪ ਆਪਣਾ ਸਗਨ ਮਨਾਈ, ਮੇਲ ਮਿਲਾਵਾ ਗੋਪੀ ਕਾਹਨਾ । ਕਾਹਨਾ ਗੋਪੀ ਆਪ ਹੋ ਜਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਦਿਤਾ ਵਰ, ਲੋਕਮਾਤ ਵੱਜੀ ਵਧਾਈਆ । ਲੋਕਮਾਤ ਮੰਗਲਾਚਾਰ, ਗੁਰ ਪੂਰੇ ਆਪ ਕਰਾਇਆ । ਚਾਰੇ ਕੂਟਾਂ ਦਹਿ ਦਿਸ਼ਾ ਮਾਰੇ ਇਕ ਅਵਾਜ਼, ਸ਼ਬਦ ਘੋੜਾ ਰਿਹਾ ਉਡਾਇਆ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇਆ । ਰਸਨਾ ਖਿਚੇ ਵਾਰ ਵਾਰ, ਹੱਥ ਨਾ ਕੋਈ ਲਾਇਆ । ਨੇਤਰ ਬੰਦ ਕਰ ਨਾ ਮਾਰੇ ਮਾਰ, ਨਾ ਕੋਈ ਨਿਸ਼ਾਨ ਤਕਾਇਆ । ਅੰਦਰੇ ਅੰਦਰ ਕਰ ਰਿਹਾ ਵਿਚਾਰ, ਦਿਸ ਕਿਸੇ ਨਾ ਆਇਆ । ਡੂੰਘੀ ਕੰਦਰ ਪਾਵੇ ਸਾਰ, ਬੈਠਾ ਆਸਣ ਲਾਇਆ । ਜਨ ਭਗਤਾਂ ਦੱਸੇ ਚਰਨ ਪਿਆਰ, ਸਾਚਾ ਰਾਹ ਇਕ ਵਖਾਇਆ । ਊਚਾਂ ਨੀਚਾਂ ਭੇਵ ਨਿਵਾਰ, ਰੰਕ

ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਸਿਖਾਇਆ । ਏਕਾ ਬ੍ਰਹਮ ਪਾਰਬ੍ਰਹਮ ਕਰੇ ਪੁਕਾਰ, ਪੂਰਨ ਗੁਣ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਦਿਤਾ ਨਾਮ ਵਰ, ਸਰਗੁਣ ਨਿਰਗੁਣ ਮੇਲ ਮਿਲਾਇਆ । ਨਿਰਗੁਣ ਸਰਗੁਣ ਸਾਚਾ ਮੇਲਾ, ਲੋਕਮਾਤ ਕਰਾਇੰਦਾ । ਸੁਰਤ ਸ਼ਬਦ ਗੁਰੂ ਗੁਰ ਚੇਲਾ, ਸਾਚਾ ਧਾਮ ਸੁਹਾਇੰਦਾ । ਅਕਾਲ ਮੂਰਤ ਹੋਏ ਸੱਜਣ ਸੁਹੇਲਾ, ਅਨਭਵ ਪਰਕਾਸ਼ ਕਰਾਇੰਦਾ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਜੋਤੀ ਸ਼ਬਦ ਨਾਉਂ ਧਰਾਇੰਦਾ । ਸ਼ਬਦ ਸੁਤ ਛੈਲ ਛਬੀਲਾ, ਆਲਸ ਨਿੰਦਰਾ ਵਿਚ ਨਾ ਆਇੰਦਾ । ਜਨ ਭਗਤ ਬਣਾਏ ਲੋਕਮਾਤ ਇਕ ਕਬੀਲਾ, ਸਾਚੀ ਗੋਤੀ ਇਕ ਰਖਾਇੰਦਾ । ਆਓ ਸੰਤੋ ਚਲ ਦਵਾਰ ਜੋਤੀ ਨੂਰ ਅਗਨੀ ਨਾਮ ਲਾਓ ਤੀਲਾ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਵੰਡ ਵੰਡਾਇੰਦਾ । ਵੰਡੇ ਵੰਡ ਵਡ ਸੰਸਾਰਾ, ਸਿਕਦਾਰ ਆਪ ਅਖਵਾਇਆ । ਲੱਖ ਚੁਰਾਸੀ ਭਰਮੇ ਭੁੱਲੇ ਜੀਵ ਗਵਾਰਾ, ਹਰਿ ਕਾ ਭੇਵ ਕਿਸੇ ਨਾ ਆਇਆ । ਚਾਰੋਂ ਕੁੰਟ ਮਾਰ ਉਡਾਰਾ, ਗੁਰ ਨਾਨਕ ਰਿਹਾ ਸਮਝਾਇਆ । ਪੰਡਤ ਪਾਧਾਂ ਸ਼ੇਖ ਮੁਸਾਇਕ ਪੀਰ ਤੀਰਥ ਤਟ ਕਿਨਾਰਾ, ਆਰ ਪਾਰ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਦਿਤਾ ਨਾਮ ਵਰ, ਮੇਰਾ ਤੇਰਾ ਰੂਪ ਵਟਾਇਆ । ਨਾਨਕ ਗੁਰ ਕਰਮ ਕਮਾ, ਅੰਤਰ ਹਰਿ ਲਿਵ ਲਾਈਆ । ਜੀਵਾਂ ਜੰਤਾਂ ਰਿਹਾ ਸਮਝਾ, ਭਰਮੇ ਭੁੱਲੀ ਲੋਕਾਈਆ । ਭਰਮ ਗੜ੍ਹ ਨਾ ਸਕੇ ਕੋਈ ਤੁੜਾ, ਕਲਜੁਗ ਵੰਡ ਵੰਡਾਈਆ । ਗੁਰਮੁਖ ਵਿਰਲੇ ਜੋੜੀ ਦਏ ਜੁੜਾ, ਜੋੜੀ ਜੋੜੇ ਹਰਿ ਰਘੁਰਾਈਆ । ਸਾਚੀ ਪੌੜੀ ਦਏ ਚੜ੍ਹਾ, ਏਕਾ ਸਗਨ ਮਨਾਈਆ । ਏਕਾ ਪੌੜਾ ਦਏ ਲਗਾ, ਥਿਰ ਘਰ ਧਾਮ ਸੁਹਾਈਆ । ਕੌੜੀ ਵੇਲ ਮਿੱਠੀ ਦਏ ਬਣਾ, ਜਿਸ ਜਨ ਆਪਣੀ ਦਇਆ ਕਮਾਈਆ । ਲਹਿਣਾ ਲਹਿਣਾ ਦਏ ਚੁਕਾ, ਅੰਗਦ ਅੰਗ ਲਗਾਈਆ । ਅੰਗਦ ਲੇਖਾ ਆਪ ਸਮਝਾ, ਪੰਜ ਤੀਸ ਕਰੇ ਰੁਸ਼ਨਾਈਆ । ਪੈਂਤੀਸ ਅੱਖਰ ਰਿਹਾ ਬਣਾ, ਗੁਰ ਮੂਰਤ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪੇ ਰਿਹਾ ਛੁਪਾਈਆ । ਪੈਂਤੀਸ ਅੱਖਰ ਕਰ ਉਜਿਆਰ, ਪੰਜ ਤਤ ਸੁਹਾਇਆ । ਤ੍ਰੈਗੁਣ ਮਾਇਆ ਵੰਡ ਵੰਡੇ ਕਰਤਾਰ, ਤ੍ਰੈਲੋਕਾਂ ਵੇਖ ਵਖਾਇਆ । ਪੁਰੀਆਂ ਲੋਆਂ ਬੰਨੇ ਧਾਰ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਇਆ । ਭਗਤ ਜਨਾਂ ਸੁਣੇ ਪੁਕਾਰ, ਭਗਤ ਭਗਤੀ ਵੇਖ ਵਖਾਇਆ । ਸਾਧਾਂ ਸੰਤਾਂ ਕਰ ਪਿਆਰ, ਸਤਿ ਸੰਤੋਖੀ ਨਾਮ ਦਵਾਇਆ । ਕਲਜੁਗ ਗੁਣ ਆਪ ਵਿਚਾਰ, ਗੁਰ ਪੂਰਾ ਪੂਰਾ ਕਰਮ ਕਮਾਇਆ । ਪ੍ਰਭ ਅਬਿਨਾਸ਼ੀ ਭੇਵ ਨਿਆਰ, ਅਭੇਦ ਅਭੇਦਾ ਆਪਣਾ ਰਿਹਾ ਛੁਪਾਇਆ । ਬਵੰਜਾ ਅੱਖਰ ਨਿਰਗੁਣ ਧਾਰ, ਈਸ਼ ਜੀਵ ਆਪ ਅਖਵਾਇਆ । ਪੁਰਖ ਅਬਿਨਾਸ਼ੀ ਲਏ ਉਚਾਰ, ਕਲਜੁਗ ਵੇਲਾ ਅੰਤਮ ਆਇਆ । ਪਹਿਲੀ ਹਾੜੀ ਪਾਵੇ ਸਾਰ, ਸਤਾਰਾਂ ਹਾੜੀ ਪੂਰ ਕਰਾਇਆ । ਸਤਾਰਾਂ ਅੱਖਰ ਜਗਤ ਵੱਖਰ ਕਰ ਪਸਾਰ, ਜਗਤ ਵਿਦਿਆ ਨਾ ਕੋਇ ਲਿਖਾਇਆ । ਵੇਦ ਕਤੇਬ ਗਏ ਹਾਰ, ਪੁਰਾਨ ਅੰਜੀਲ ਕੁਰਾਨ ਦਿਸ ਨਾ ਆਇਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਆਪੇ ਆਸਣ ਲਾਇਆ । ਵੰਡੀ ਵੰਡ ਹਰਿ ਨਿਰੰਕਾਰ, ਕਲਜੁਗ ਲਹਿਣਾ ਝੋਲੀ ਪਾਇਆ । ਅੰਗੀ ਅੰਗ ਲਾਏ ਕਰਤਾਰ, ਨਾਨਕ ਅੰਗਦ ਰੂਪ ਸਮਾਇਆ । ਨਿਰਗੁਣ ਜੋਤ ਕਰ ਉਜਿਆਰ, ਸ਼ਬਦੀ ਸ਼ਬਦ ਧਾਰ ਬੰਧਾਇਆ । ਮੂਰਖ ਮੂੜ੍ਹਾ ਕਾਇਆ ਚੋਲੀ ਚੜ੍ਹਿਆ ਰੰਗ ਗੂੜ੍ਹਾ, ਮਸਤਕ ਲਾਈ ਗੁਰ ਨਾਨਕ ਚਰਨ ਧੂੜਾ, ਦੁਰਮਤ ਮੈਲ ਨਾਤਾ ਤੋੜਿਆ ਕੂੜੇ ਕੂੜਾ, ਘਰ

ਮੰਦਰ ਏਕਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਬੰਧਾਇਆ । ਅੰਗਦ ਲਹਿਣਾ ਗਿਆ ਚੁੱਕ, ਹਰਿ ਸਾਚੇ ਆਪ ਚੁਕਾਇਆ । ਅੰਤਮ ਪੈਂਡਾ ਗਿਆ ਮੁੱਕ, ਘਰ ਸਾਚਾ ਇਕ ਸੁਹਾਇਆ । ਅਮਰੂ ਨਿਥਾਵਾਂ ਨਾ ਗਿਆ ਸੁੱਕ, ਅੰਮ੍ਰਿਤ ਸਿੰਚ ਹਰਿਆ ਆਪ ਕਰਾਇਆ । ਆਪਣੀ ਕਾਇਆ ਆਪੇ ਲਿਆ ਭਿੰਚ, ਸਰ ਸਰੋਵਰ ਇਕ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦੇਵੇ ਵਰ, ਏਕਾ ਮੰਗਲ ਗਾਇਆ । ਏਕਾ ਜੋਤੀ ਨੂਰ ਅਪਾਰ, ਅਮਰ ਅਮਰ ਕਰਾਇੰਦਾ । ਅਮਰਾਪਦ ਵਿਚ ਸੰਸਾਰ, ਗੁਰ ਪੂਰਾ ਧਾਮ ਸੁਹਾਇੰਦਾ । ਸੇਵਕ ਸੇਵਾ ਕਰੇ ਅਪਾਰ, ਬੰਸ ਬੰਸੀ ਵੇਖ ਵਖਾਇੰਦਾ । ਵੇਦੀ ਸੋਢੀ ਕਰ ਉਜਿਆਰ, ਤਿਲਕ ਲਲਾਟ ਇਕ ਲਗਾਇੰਦਾ । ਔਖੀ ਘਾਟੀ ਪਾਰ ਕਿਨਾਰ, ਹਰਿ ਕਰਤਾ ਆਪ ਕਰਾਇੰਦਾ । ਨੇੜੇ ਵਾਟੀ ਹਰਿ ਕਰਤਾਰ, ਰਾਹ ਭੀੜਾ ਪੰਧ ਵਖਾਇੰਦਾ । ਜੋਤ ਲਲਾਟੀ ਅਪਰ ਅਪਾਰ, ਹਰਿ ਮਸਤਕ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਮੇਲ ਮਿਲਾਇੰਦਾ । ਗੁਰ ਕਿਰਪਾ ਗੁਰ ਮੇਲਿਆ, ਗੁਰ ਢਹਿ ਢਹਿ ਪਿਆ ਦਵਾਰ । ਗੁਰ ਹੋਇਆ ਸੱਜਣ ਸੁਹੇਲਿਆ, ਫੜ ਬਾਂਹੋਂ ਲਾਏ ਪਾਰ । ਗੁਰ ਹੋਇਆ ਸਾਚਾ ਚੇਲਿਆ, ਚੇਲਾ ਰੂਪ ਗੁਰ ਕਰਤਾਰ । ਆਪੇ ਵਸਿਆ ਰੰਗ ਨਵੇਲਿਆ, ਨਿਰਗੁਣ ਖੇਲ ਕਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸੱਜਣ ਸੁਹੇਲਿਆ, ਰਾਮਦਾਸ ਹਰਿ ਦਰਸ ਦਿਖਾ, ਏਕਾ ਏਕਾ ਅਖਵਾਇਆ । ਮਿਲਿਆ ਮੇਲ ਪੁਰਖ ਅਬਿਨਾਸ਼ਾ, ਏਕਾ ਦਰ ਸੁਹਾਇਆ । ਲੇਖੇ ਲੱਗੇ ਰਸਨ ਸਵਾਸਾ, ਸਵਾਸ ਸਵਾਸਾ ਰਿਹਾ ਧਿਆਇਆ । ਨਾਮ ਕੰਡੇ ਤੁਲਾ ਨਾ ਰੱਤੀ ਨਾ ਤੋਲਾ ਮਾਸਾ, ਨਾ ਕੋਈ ਭਾਰ ਗਿਣਾਇਆ । ਏਕਾ ਏਕ ਮਿਲਿਆ ਧੁਰ ਭਰਵਾਸਾ, ਹਉਮੇ ਰੋਗ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਏਕਾ ਵਰ ਏਕਾ ਹਰਿ ਏਕਾ ਸਰ ਨੁਹਾਇਆ । ਰਾਮ ਦਾਸ ਪਾਈ ਵੰਡ, ਏਕਾ ਵੰਡ ਵੰਡਾਇੰਦਾ । ਮਨਮੁਖ ਜੀਵਾਂ ਸਿਰ ਚੁੱਕੀ ਪੰਡ, ਚਾਰ ਵਰਨਾਂ ਵੇਖ ਵਖਾਇੰਦਾ । ਸਰ ਸਰੋਵਰ ਵਖਾਏ ਏਕਾ ਕੁੰਡ, ਅੰਮ੍ਰਿਤ ਤਾਲ ਸੁਹਾਇੰਦਾ । ਭੱਠ ਕਰਾਏ ਭੇਖ ਪਖੰਡ, ਤਤਵ ਤਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਉਛਾਲ ਲਗਾਇੰਦਾ । ਇਕ ਉਛਾਲਾ ਸ਼ਬਦ ਜਣਾਈ, ਗੁਰ ਮੰਤਰ ਨਾਮ ਦ੍ਰਿੜਾਇਆ । ਅਰਜਨ ਗੁਰ ਸੇਵਾ ਲਾਈ, ਏਕਾ ਬੂਝ ਬੁਝਾਇਆ । ਪੁਰਖ ਅਬਿਨਾਸ਼ੀ ਮੇਲ ਮਿਲਾਈ, ਹਉਮੇ ਗੜ੍ਹ ਤੁੜਾਇਆ । ਕਾਇਆ ਮੰਦਰ ਵੱਜੀ ਵਧਾਈ, ਨਿਰਭੈ ਪਦ ਪਾਇਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਪ ਆਪਣਾ ਲਹਿਣਾ ਲੈਣ ਲੇਵਣਹਾਰ ਆਪ ਅਖਵਾਇਆ । ਅਰਜਨ ਗੁਰ ਕਰ ਪਰਕਾਸ਼, ਹਰਿ ਜੋਤੀ ਜੋਤ ਜਗਾਈਆ । ਸ਼ਬਦੀ ਸ਼ਬਦ ਚਲੇ ਸਵਾਸ, ਰਸਨਾ ਰਸ ਵਖਾਈਆ । ਵੇਖ ਵਖਾਏ ਪ੍ਰਿਥਮੀ ਅਕਾਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵਣਹਾਰਾ ਵਰ, ਨਾਮ ਸ਼ਬਦ ਬੋਧ ਅਗਾਧਾ, ਹਰਿ ਹਰਿ ਆਪ ਉਪਾਇਆ । ਗੁਰ ਪੂਰੇ ਹਰਿ ਸਾਚਾ ਲਾਧਾ, ਹਰਿ ਮੰਦਰ ਨਾਮ ਧਰਾਇਆ । ਪੰਜ ਤਤ ਵਿਕਾਰਾ ਏਕਾ ਬਾਧਾ, ਏਕਾ ਸੇਵਾ ਲਾਇਆ । ਕਾਰਜ ਕਰੇ ਸੰਤਾਂ ਸਾਧਾਂ, ਜੁਗ ਜੁਗ ਵੱਡੀ ਵਡਿਆਈਆ । ਸੀਸ ਉਠਾਇਆ ਇੱਟਾਂ ਗਾਰਾ, ਦਿਸ ਕਿਸੇ ਨਾ ਆਇਆ । ਅਰਜਨ ਗੁਰ ਢਹਿ ਪਿਆ ਦਵਾਰਾ, ਹਉਂ ਸੇਵਕ ਰਘੁਰਾਇਆ । ਪੁਰਖ ਅਬਿਨਾਸ਼ੀ ਕਰ ਪਿਆਰਾ, ਆਪਣੇ ਗਲੇ ਲਗਾਇਆ ।


੪੨੯ ੦੭

ਤੇਰਾ ਮੇਰਾ ਰੂਪ ਅਪਾਰਾ, ਏਕਾ ਰੂਪ ਦਰਸਾਇਆ । ਅਰਜਨ ਗੁਰ ਮੰਗੇ ਮੰਗ ਭਿਖਾਰਾ, ਤੇਰੇ ਦਰ ਹੋਏ ਰੁਸ਼ਨਾਇਆ । ਕਵਣ ਦਿਵਸ ਕਵਣ ਵੇਲਾ ਕਵਣ ਗੁਰ ਵੇਖੇ ਧੁਰ, ਕਵਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਗਿਆਨ ਦ੍ਰਿੜਾਇਆ । ਅਰਜਨ ਗੁਰ ਸ਼ਬਦ ਜਣਾਈ, ਆਪਣੀ ਬੂਝ ਬੁਝਾਇੰਦਾ । ਏਕਾ ਅੰਤਰ ਏਕਾ ਲਿਵ ਏਕਾ ਜੋਤ ਕਰੇ ਰੁਸ਼ਨਾਈ, ਏਕਾ ਗੁਣ ਜਣਾਇੰਦਾ । ਏਕਾ ਸ਼ਬਦ ਇਕ ਕੁੜਮਾਈ, ਏਕਾ ਢੋਲ ਵਜਾਇੰਦਾ । ਏਕਾ ਦਾਤਾ ਬੇਪਰਵਾਹੀ, ਏਕਾ ਮੰਗਲ ਗਾਇੰਦਾ । ਅਰਜਨ ਗੁਰ ਤੇਰਾ ਥਾਂ ਵੇਖੇ ਚਾਈਂ ਚਾਈਂ, ਆਪਣਾ ਵੇਸ ਵਟਾਇੰਦਾ । ਸਿਰ ਰਖਾਏ ਠੰਡੀਆਂ ਛਾਈ, ਤਨ ਅਗਨੀ ਤਤ ਜਲਾਇੰਦਾ । ਹਰਿ ਕਾ ਭਾਣਾ ਨਾ ਸਕੇ ਕੋਈ ਮਿਟਾਈ, ਅਰਜਨ ਗੁਰ ਲੋਹਾਂ ਉਪਰ ਬੈਠ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇੰਦਾ । ਅਰਜਨ ਗੁਰ ਵੇਖ ਵਿਚਾਰ, ਹਰਿ ਹਰਿ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਤੇਰੀ ਧਾਰ, ਭੇਵ ਨਾ ਕੋਈ ਰਾਇਆ । ਜੁਗ ਜੁਗ ਹੋਵੇ ਸਾਂਝਾ ਯਾਰ, ਵਰਨ ਬਰਨ ਨਾ ਕੋਈ ਰਖਾਇਆ । ਕਵਣ ਸੁ ਵੇਲਾ ਪਾਇਣ ਸਾਰ, ਦੇਵੇਂ ਦਰਸ ਹਰਿ ਘਟ ਥਾਂਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣਾ ਬਚਨ ਅਲਾਇਆ । ਕਲਜੁਗ ਅੰਤਮ ਹੋਏ ਧੂੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਗੁਰ ਦਰ ਮੰਦਰ ਹੋਏ ਵੇਸਵਾ ਦਰਬਾਰ, ਧੀਆਂ ਭੈਣਾਂ ਰਹੇ ਤਕਾਇਆ । ਮਦਿਰਾ ਮਾਸ ਕਰਨ ਅਹਾਰ, ਲੋਭੀ ਲੋਭ ਹੋਏ ਹਲਕਾਇਆ । ਮਨਮਤ ਹੋਏ ਵਿਭਚਾਰ, ਗੁਰਮਤ ਸਾਚੀ ਦਏ ਗਵਾਇਆ । ਨਾਨਕ ਸ਼ਬਦ ਭੁੱਲੇ ਸੰਸਾਰ, ਨਿਰਗੁਣ ਭੇਵ ਚੁਕਾਇਆ । ਪਰਗਟ ਹੋਏ ਆਪ ਨਿਰੰਕਾਰ, ਜੋਤੀ ਜਾਮਾ ਭੇਖ ਵਟਾਇਆ । ਅਰਜਨ ਤੇਰੇ ਆਏ ਦਵਾਰ, ਪੰਚਮ ਜੇਠਾ ਰੁੱਤ ਸੁਹਾਇਆ । ਏਕਾ ਚਰਨ ਅੰਦਰ ਬਾਹਿਰ, ਅੱਗਾ ਪਿਛਾ ਵੇਖ ਵਖਾਇਆ । ਮੂਰਖ ਮੁਗਧ ਨਾ ਪਾਇਣ ਸਾਰ, ਹਉਮੇ ਹੰਗਤਾ ਰੋਗ ਵਧਾਇਆ । ਸਾਚੀ ਸਿਖੀ ਕਰ ਤਿਆਰ, ਏਕਾ ਇਕੀ ਮੇਲ ਮਿਲਾਇਆ । ਧਾਰੋਂ ਤਿਖੀ ਵਿਚ ਸੰਸਾਰ, ਨਾ ਕੋਈ ਵੇਖੇ ਸ੍ਰਿਸ਼ਟ ਸਬਾਇਆ । ਧੁਰ ਦਾ ਲੇਖ ਆਪਣੀ ਹੱਥੀਂ ਹਰਿ ਸਾਚਾ ਰਿਹਾ ਲਿਖੀ, ਨਾ ਕੋਈ ਸਕੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਇਹ ਸਮਝਾਇਆ । ਗੁਰ ਅਰਜਨ ਸੁਣ ਸ਼ਬਦ ਅਮੋਲਾ, ਹਰਿ ਹਰਿ ਹਰਿ ਰੰਗ ਰਤੜਾ । ਆਪਣਾ ਪੜਦਾ ਆਪੇ ਖੋਲ੍ਹਾ, ਆਪੇ ਚੜ੍ਹਿਆ ਆਪਣੇ ਤੱਕੜਾ । ਆਦਿ ਅੰਤ ਕਦੇ ਨਾ ਡੋਲਾ, ਮੇਰਾ ਮਾਧੋ ਆਪ ਆਪਣੀ ਮਤ ਮਤੜਾ । ਪੰਜ ਤਤ ਕਾਇਆ ਹੋਏ ਚੋਲਾ, ਹਰਿ ਮੰਦਰ ਆਵੇ ਨੱਠੜਾ । ਮਨਮੁਖ ਜੀਵ ਹੋਏ ਗੋਲਾ, ਹਰਿ ਸੁੱਤਾ ਦੇ ਕਰ ਪਿਠੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪੇ ਜਾਣੇ, ਆਪਣਾ ਆਪ ਹਰਿ ਪਛਾਣੇ, ਚਲਾਏ ਸ਼ਬਦ ਇਕ ਅਨਡਿਠੜਾ । ਜੋਤੀ ਜਾਮਾ ਹਰਿ ਹਰਿ ਪਾ, ਹਰਿ ਮੰਦਰ ਦਰ ਸੁਹਾਵਣਾ । ਨਾਨਕ ਅੰਗਦ ਅਮਰ ਰਾਮਦਾਸ ਮੇਲ ਮਿਲਾ, ਗੁਰ ਅਰਜਨ ਗੁਰ ਉਠਾਵਣਾ । ਮਨਮੁਖਾਂ ਨਾ ਦਿਸੇ ਕੋਈ ਥਾਂ, ਅੰਤਮ ਦੰਡ ਲਗਾਵਣਾ । ਘਰ ਘਰ ਉਡਨੇ ਝੂਠੇ ਕਾਂ, ਹੰਸ ਪੰਖੀ ਕੋਈ ਦਿਸ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਵਣਾ । ਜੋਤੀ ਜਾਮਾ ਭੇਖ ਅਪਾਰ, ਹਰਿ ਕਰਤਾਰ ਆਪ ਕਰਾਇੰਦਾ । ਨਿਰਗੁਣ ਰੂਪ ਸੱਚੀ ਸਰਕਾਰ, ਸਰਗੁਣ ਵਿਚ ਸਮਾਇੰਦਾ । ਸਰਗੁਣ ਵੇਖੇ ਸਚ ਉਧਾਰ, ਸਚ ਸਮਗਰੀ ਇਕ ਵਖਾਇੰਦਾ । ਜੋਤ ਅਕਗਰੀ ਇਕ ਅਕਾਰ, ਏਕਾ ਰੂਪ ਦਰਸਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖ ਵਖਾਇੰਦਾ । ਹਰਿ ਜੂ ਹਰਿ ਮੰਦਰ ਆਇਆ, ਦਿਸ ਕਿਸੇ ਨਾ ਆਇੰਦਾ । ਮਨਮੁਖ ਜੀਵਾਂ ਭਰਮ ਭੁਲਾਇਆ, ਨੇਤਰ ਨੈਣ ਦਰਸ ਕੋਈ ਨਾ ਪਾਇੰਦਾ । ਕੂੜਾ ਕੂੜੇ ਧੰਦੇ ਲਾਇਆ, ਕੂੜਾ ਮੋਹ ਰਖਾਇੰਦਾ । ਕਾਇਆ ਚੋਲੀ ਰੰਗ ਗੂੜ੍ਹਾ ਨਾ ਕਿਸੇ ਚੜ੍ਹਾਇਆ, ਨਾ ਕੋਈ ਲਾਲਨ ਲਾਲ ਵਖਾਇੰਦਾ । ਨਾ ਕੋਈ ਬਣੀ ਸਾਚੀ ਮਾਲਣ, ਫੂਲਨ ਖਾਰੀ ਨਾ ਸੀਸ ਉਠਾਇੰਦਾ । ਮਨ ਮਤ ਵਿਕਾਰਾ ਕੱਢੇ ਗਾਲਨ, ਵਾਹਵਾ ਹਰਿ ਰੰਗ ਉਠਾਇੰਦਾ । ਆਪਣਾ ਕੀਤਾ ਆਪੇ ਪਾਲਣ, ਦਰ ਦਵਾਰ ਦੁਰਕਾਇੰਦਾ । ਧਰਮ ਰਾਏ ਦਰ ਘਾਲ ਘਾਲਣ, ਨਾ ਕੋਈ ਅੰਤ ਛੁਡਾਇੰਦਾ । ਨਾ ਹੋਏ ਸਹਾਈ ਧਰਮਸਾਲਣ, ਇੱਟਾਂ ਗਾਰਾ ਜੋ ਸੇਵ ਕਮਾਇੰਦਾ । ਆਈ ਦਰ ਜੋਤ ਅਕਾਲਣ, ਗੁਰ ਅਰਜਨ ਮੰਗ ਮੰਗਾਇੰਦਾ । ਸਾਚੀ ਵਸਤ ਨਾ ਕੋਈ ਸੰਭਾਲਣ, ਮਾਇਆ ਮੋਹ ਰਖਾਇੰਦਾ । ਪੰਚ ਵਿਕਾਰਾ ਬਹਿ ਬਹਿ ਹਰਿ ਹਰਿ ਭਾਲਣ, ਗੁਰ ਗੁਰ ਰਸਨਾ ਗਾਇੰਦਾ । ਜੂਠ ਝੂਠ ਰੱਖਿਆ ਵਿਚ ਦਲਾਲਣ, ਤਖ਼ਤ ਅਕਾਲ ਨਾ ਕੋਈ ਸੁਹਾਇੰਦਾ । ਮਾਇਆ ਰਾਣੀ ਤਣਿਆ ਤਾਨਣ, ਹਰਿ ਸਾਚਾ ਜਾਲ ਵਿਛਾਇੰਦਾ । ਕੂੜੀ ਕਿਰਿਆ ਕਰਿਆ ਪਾਲਣ, ਪੰਜ ਤਤ ਜਲਾਇੰਦਾ । ਕਾਲ ਨਗਾਰਾ ਵੱਜੇ ਤਾਲਣ, ਮਹਾਂਕਾਲ ਡੌਰੂ ਵਾਹਿੰਦਾ । ਆਪਣੀ ਸੁਰਤ ਨਾ ਸਕਣ ਸੰਭਾਲਣ, ਖੰਡਾ ਖਿਚ ਨਾ ਕੋਈ ਢਾਹਿੰਦਾ । ਵਾਹੋ ਦਾਹੀ ਨੱਠਨ ਜਗਤ ਚਾਲਣ, ਨਾ ਕੋਈ ਸੰਗ ਨਿਭਾਇੰਦਾ । ਗੁਰ ਕਾ ਸ਼ਬਦ ਨਾ ਕੋਈ ਪਾਲਣ, ਮਨਮਤੀ ਰਾਹ ਚਲਾਇੰਦਾ । ਰਾਮਦਾਸ ਗੁਰ ਨਾ ਬਣੇ ਅੰਤ ਦਲਾਲਣ, ਆਪਣਾ ਮੁਖ ਭਵਾਇੰਦਾ । ਆਦਿ ਨਿਰੰਜਣ ਜੋਤ ਅਕਾਲਣ, ਕਾਲੀ ਧਾਰ ਵਖਾਇੰਦਾ । ਫਲ ਨਾ ਕਿਸੇ ਦਿਸੇ ਡਾਲਣ, ਸਿਮਲ ਰੁੱਖ ਹਿਲਾਇੰਦਾ । ਖਾਲੀ ਖਾਰੀ ਵੇਖੇ ਮਾਲਣ, ਕਲੀਆਂ ਹਾਰ ਗੁੰਦ ਨਾ ਕੋਈ ਲਟਕਾਇੰਦਾ । ਕਲਜੁਗ ਆਪਣੀ ਚਲੀ ਚਾਲਣ, ਵਾਹ ਵਾਹ ਆਪਣਾ ਤਾਲ ਵਜਾਇੰਦਾ । ਗੁਰਮੁਖਾਂ ਚੜ੍ਹਿਆ ਪ੍ਰਭ ਆਪੇ ਭਾਲਣ, ਜੁਗ ਵਿਛੜੇ ਜਗ ਮਿਲਾਇੰਦਾ । ਇਕ ਰਖਾਈ ਅਵੱਲੜੀ ਚਾਲਣ, ਸ਼ਬਦੀ ਘੋੜਾ ਆਪ ਦੌੜਾਇੰਦਾ । ਚਰਨ ਪ੍ਰੀਤੀ ਸਾਚੀ ਘਾਲਣ, ਲੱਖ ਚੁਰਾਸੀ ਫੰਦ ਕਟਾਇੰਦਾ । ਦੇਵੇ ਨਾਮ ਸੱਚਾ ਧਨ ਧਨ ਮਾਲਣ, ਸੋਹੰ ਝੋਲੀ ਪਾਇੰਦਾ । ਆਤਮ ਅੰਤਰ ਬ੍ਰਹਮ ਗਿਆਨਣ, ਏਕਾ ਬ੍ਰਹਮ ਵਖਾਇੰਦਾ । ਨੇੜ ਨਾ ਆਏ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਮਿਟਾਇੰਦਾ । ਮੇਟ ਮਿਟਾਏ ਅੰਧੇਰੀ ਸ਼ਾਮਨ, ਸਾਚਾ ਚੰਦ ਚੜ੍ਹਾਇੰਦਾ । ਜਨ ਭਗਤਾਂ ਫੜਾਏ ਆਪਣਾ ਦਾਮਨ, ਸਤਾਰਾਂ ਹਾੜੀ ਥਿਤ ਸੁਹਾਇੰਦਾ । ਧੁਰਦਰਗਾਹੀ ਬਣਿਆ ਜਾਮਨ, ਦੋ ਜਹਾਨਾਂ ਵੇਖ ਵਖਾਇੰਦਾ । ਆਪੇ ਹੋਇਆ ਕ੍ਰਿਸ਼ਨਾ ਰਾਮਨ, ਨਾਮ ਬੰਸਰੀ ਇਕ ਵਜਾਇੰਦਾ । ਸੀਤਾ ਸੁਰਤੀ ਦੇਵੇ ਚਾਨਨ, ਏਕਾ ਘਰ ਸੁਹਾਇੰਦਾ । ਰਾਧਾ ਮਿਲੇ ਗੋਪੀ ਕਾਨਨ, ਹਰਿ ਸਾਚਾ ਕਾਹਨ ਆਪ ਹੋ ਜਾਇੰਦਾ । ਏਕਾ ਮਾਰੇ ਤੀਰ ਬਾਨਨ, ਰਾਵਣ ਗੜ੍ਹ ਤੁੜਾਇੰਦਾ । ਰਬ ਰਬਵਾਹੀ ਚਾਲ ਨਿਰਾਲਣ, ਆਪ ਆਪਣੀ ਕਲ ਵਰਤਾਇੰਦਾ । ਨਾਨਕ ਗੁਰ ਸ਼ਾਹ ਸੁਲਤਾਨਨ, ਏਕਾ ਪੁਰਖ ਮਨਾਇੰਦਾ । ਅੰਗਦ ਅਮਰ ਰਾਮਦਾਸ ਸਹਿਜ ਸੁਖ ਭਾਨਨ, ਦੂਸਰ ਦਰ ਨਾ ਕੋਈ ਵਖਾਇੰਦਾ । ਗੁਰ ਅਰਜਨ ਬੱਧਾ ਮਾਤ ਬਾਨਨ, ਗੁਰੂ ਗ੍ਰੰਥ ਸਾਚਾ ਪੰਥ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਰਿਹਾ ਕਰ, ਨਿਰਾਹਾਰ ਨਿਰਾਕਾਰ ਇਕ ਅਕਾਰ ਕਰਾਇੰਦਾ । ਅਰਜਨ ਗੁਰ ਵਡ ਵਡਿਆ, ਹਰਿ ਹਰਿ ਲੇਖਾ ਲਿਖਾਇਆ । ਏਕਾ ਘਰ ਮਾਰਗ ਦੋਏ ਲਾ, ਦੋਹਾਂ ਵੇਖ ਵਖਾਇਆ । ਤੀਜਾ ਬਣਿਆ ਬੇਪਰਵਾਹ, ਬੇਅੰਤ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਹਰਿ ਗੋਬਿੰਦ ਦਏ ਸੁਹਾਇਆ । ਹਰਿ ਗੋਬਿੰਦ ਮੇਲਾ ਹਰਿ ਕਰਤਾਰ, ਦੋਵੇਂ ਰੰਗ ਰੰਗਾਈਆ । ਆਪ ਆਪਣੀ ਕਿਰਪਾ ਧਾਰ, ਆਪਣਾ ਰੰਗ ਵਖਾਈਆ । ਖੜਗ ਖੰਡਾ ਫੜ ਕਟਾਰ, ਦੂਤਾਂ ਦੁਸ਼ਟਾਂ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਵਡ ਵਡਿਆਈਆ । ਹਰਿਰਾਏ ਹਰਿ ਹਰਿ ਪਾਏ, ਹਰਿ ਹਰਿ ਮੂਲ ਚੁਕਾਇਆ । ਹਰਿ ਹਰਿਕ੍ਰਿਸ਼ਨਾ ਹਰਿ ਵੇਖ ਵਖਾਏ, ਆਪ ਆਪਣੇ ਲੇਖੇ ਲਾਏ, ਬਿਰਧ ਬਾਲ ਜਵਾਨੀ ਨਾ ਕੋਇ ਜਣਾਏ, ਤੇਗ਼ ਬਹਾਦਰ ਤੇਗ ਉਠਾਏ, ਏਕਾ ਖੰਡਾ ਵਾਹਿਆ । ਸਤਿ ਸੰਤੋਖੀ ਢਾਲ ਜਣਾਏ, ਜਾਲਮ ਜੁਲਮ ਰੋਕ ਰੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਾਰ ਚਲਾਇਆ । ਤੇਗ ਬਹਾਦਰ ਨਾਮ ਤੇਗ, ਏਕਾ ਹੱਥ ਉਠਾਈਆ । ਮਿਲਿਆ ਮੇਲ ਖੇਲ ਸ਼ਮਸ ਤਬਰੇਜ਼, ਤਬਰੇਜ਼ ਸੇਵਾ ਰਿਹਾ ਕਮਾਈਆ । ਲਿਖਿਆ ਲੇਖਾ ਫਰੰਗੀ ਅੰਗਰੇਜ਼, ਭਾਰਤ ਖੰਡੀ ਫੇਰਾ ਪਾਈਆ । ਸ਼ਬਦ ਸੁਨੇਹੜਾ ਹਰਿ ਹਰਿ ਸਾਚਾ ਰਿਹਾ ਭੇਜ, ਗੁਰ ਤੇਗ ਬਹਾਦਰ ਰਿਹਾ ਸੁਣਾਈਆ । ਗੁਰ ਪੂਰੇ ਵਿਛਾਈ ਆਤਮ ਸੇਜ, ਉਤੇ ਸੁੱਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਰਿਹਾ ਜਣਾਈਆ । ਤੇਗ ਬਹਾਦਰ ਬਣ ਲਿਖਾਰਾ, ਲਿਖਿਆ ਲੇਖ ਸ਼ਾਹ ਫਰੰਗੀ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਕਰੇ ਕਟਾਰ ਨੰਗੀ । ਮੂਰਖ ਮੁਗਧਾਂ ਪਾਵੇ ਸਾਰਾ, ਦੋ ਧੜ ਕਰਾਏ ਜੰਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਗੁਰ ਤੇਗ ਬਹਾਦਰ ਅੰਤਮ ਮੰਗ ਮੰਗੀ । ਗੁਰ ਤੇਗ ਬਹਾਦਰ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਤੇਰਾ ਰੰਗ, ਕਾਇਆ ਚੋਲੀ ਤਨ ਰੰਗਾਈਆ । ਸਦਾ ਵਸਣਾ ਸਾਚੇ ਸੰਗ, ਚਰਨ ਸਰਨ ਸੱਚੀ ਸਰਨਾਈਆ । ਮੇਰਾ ਲਹਿਣਾ ਨਾ ਹੋਵੇ ਭੰਗ, ਬਿਨ ਤੇਰੇ ਨਾ ਸਕੇ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਦਏ ਗਵਾਹੀਆ । ਤੇਗ ਬਹਾਦਰ ਰੱਖਣਾ ਯਾਦ, ਹਰਿ ਸਾਚੇ ਲੇਖ ਲਿਖਾਇਆ । ਤੇਰੀ ਅੰਤਮ ਸੁਣੇ ਫ਼ਰਯਾਦ, ਸ਼ਾਹ ਫਰੰਗੀ ਦਏ ਕਢਾਇਆ । ਏਕਾ ਢਈਆ ਰੱਖ ਮਨਿਆਦ, ਸਾਚਾ ਸਈਆ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲਹਿਣਾ ਆਪਣੇ ਹੱਥ ਰਖਾਇਆ । ਅੰਤਮ ਕਲਜੁਗ ਫੇਰਾ ਪੌਣਾ, ਪੁਰੀ ਘਨਕ ਵਸੇਰਾ । ਤੇਰਾ ਲਿਖਿਆ ਮੂਲ ਚੁਕੌਣਾ, ਸ਼ਾਹ ਫਰੰਗੀ ਲਾਏ ਡੇਰਾ । ਸੰਤ ਮਨੀ ਸਿੰਘ ਸੰਗ ਰਲੌਣਾ, ਕਰੇ ਹੱਕ ਨਿਬੇੜਾ । ਆਪਣੇ ਉਪਰ ਪੜਦਾ ਪੌਣਾ, ਛੁਪੌਣਾ ਕਾਇਆ ਖੇੜਾ । ਸੋਇਆ ਸੁਤ ਇਕ ਜਗੌਣਾ, ਪੰਜਾਂ ਤੱਤਾਂ ਚੁੱਕੇ ਝੇੜਾ । ਰਾਜ ਰਾਜਾਨਾ ਆਪ ਸਮਝੌਣਾ, ਵਖਾਏ ਖੁਲ੍ਹਾ ਵੇਹੜਾ । ਭਰਮ ਭੁਲੇਖੇ ਆਪ ਭੁਲੌਣਾ, ਦੇਵੇ ਉਲਟਾ ਗੇੜਾ । ਅੰਤਮ ਜੋਤੀ ਜਾਮਾ ਭੇਸ ਵਟੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਰਖੌਣਾ । ਆਪਣਾ ਨਾਮ ਆਪੇ ਰੱਖ, ਆਪ ਅਵਾਜ਼ ਲਗਾਈਆ । ਨਾ ਕੋਈ ਵੇਖੇ ਰੂਪ ਪਰਤੱਖ, ਸਾਖਿਆਤ ਨਾ ਕੋਈ ਜਣਾਈਆ । ਨਾ ਕੋਈ ਕੀਮਤ ਪਾਏ ਕਰੋੜੀ ਲੱਖ, ਨਾ ਲੱਖੇ ਕੱਖ ਵਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਦਵਾਰੇ ਸੱਖ, ਜਗਤ ਭੰਡਾਰ ਨਾ ਕੋਈ ਵਰਤਾਈਆ । ਪ੍ਰਭ ਸ਼ਬਦ ਚਲਾਏ ਇਕ ਅਕੱਥ, ਚਾਰ ਵਰਨਾਂ ਕਰੇ ਜਣਾਈਆ । ਸਰਬ ਕਲਾ ਆਪੇ ਹੋਵੇ ਸਮਰਥ, ਨਾ ਕੋਈ ਦੂਸਰ ਹੋਰ ਰਖਾਈਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਜੋਗ ਅਭਿਆਸ ਨਾ ਕੋਈ ਜਣਾਈਆ । ਆਵਣ ਜਾਵਣ ਲੱਖ ਚੁਰਾਸੀ ਕਰੇ ਭੱਠ, ਜਮ ਕੀ ਫਾਸੀ ਦਏ ਤੁੜਾਈਆ । ਲਹਿਣਾ ਦੇਣਾ ਚੁਕਾਏ ਤੀਰਥ

ਅਠ ਸਠ, ਗੰਗਾ ਗੋਦਾਵਰੀ ਕੋਈ ਨਾ ਨਹਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਏਕਾ ਚਰਨ ਸਰਨ ਸਰਨਾਈਆ । ਗੁਰਸਿਖ ਤੇਰਾ ਰੱਖਣਹਾਰਾ ਹਠ, ਅੰਦਰ ਬੈਠਾ ਰਥ ਰਥਵਾਹੀਆ । ਆਪੇ ਮੇਲ ਮਿਲਾਏ ਨੱਠ ਨੱਠ, ਘਰ ਘਰ ਫੇਰਾ ਪਾਈਆ । ਹਾੜ ਸਤਾਰਾਂ ਕਰ ਇਕੱਠ, ਆਪਣਾ ਸੀਸ ਗੁਰ ਸੰਗਤ ਤੇਰੇ ਪੈਰਾਂ ਹੇਠ ਦਬਾਈਆ । ਤੇਰੇ ਚਰਨ ਆਪਣੇ ਸਿਰ ਲਏ ਰੱਖ, ਲੈ ਕੇ ਜਾਏ ਧੁਰਦਰਗਾਹੀਆ । ਰਾਏ ਧਰਮ ਨੇਤਰ ਰੋ ਰੋ ਨੀਰ ਵਹਾਏ ਅੱਥ, ਚਿਤਰ ਗੁਪਤ ਮਾਰੇ ਧਾਈਆ । ਇੰਦਰ ਪੁਰੀ ਹੋਏ ਭੱਠ, ਕਰੋੜ ਤੇਤੀਸਾ ਰਹੇ ਕੁਰਲਾਈਆ । ਸ਼ਿਵ ਸ਼ੰਕਰ ਖੋਲ੍ਹੇ ਮਾਲਾ ਕੰਠ ਗੱਠ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਬ੍ਰਹਮਾ ਨੇਤਰ ਅੱਠੇ ਖੋਲ੍ਹੇ ਆਤਮ ਅੰਤਰ ਆਪਣੇ ਬੋਲੇ ਦਿਸ ਨਾ ਆਏ ਹਰਿ ਸਮਰਥ, ਚਾਰੋਂ ਕੁੰਟ ਵੇਖ ਵਖਾਈਆ । ਹਰਿਸੰਗਤ ਤੇਰਾ ਕਰ ਇਕੱਠ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਪੈਣੀ ਭੱਠ, ਕਲਜੁਗ ਰਿਹਾ ਆਪ ਤਪਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਦੋ ਜਹਾਨਾਂ ਨਾ ਕੋਈ ਸਕੇ ਰੱਖ, ਗੁਰ ਪੀਰ ਨਾ ਕੋਈ ਸਹਾਈਆ । ਤ੍ਰੈਗੁਣ ਮਾਇਆ ਤੇਰੇ ਉਡਣੇ ਕੱਖ, ਪੱਲੇ ਗੰਢ ਨਾ ਕੋਈ ਕਰਾਈਆ । ਹਰਿਸੰਗਤ ਹਰਿ ਕਰੇ ਵੱਖ, ਆਪਣੇ ਹੱਥ ਰੱਖੇ ਵਡਿਆਈਆ । ਦਰਸ ਦਿਖਾਏ ਹੋ ਪਰਗਟ, ਹੋ ਪਰਤੱਖ ਪੰਜ ਤਤ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਤੇਗ ਬਹਾਦਰ ਤੇਰਾ ਵਰ, ਅੰਤਮ ਪੂਰ ਕਰਾਈਆ । ਗੁਰ ਤੇਗ ਬਹਾਦਰ ਝੋਲੀ ਡਾਹ, ਏਕਾ ਆਸ ਰਖਾਈਆ । ਪ੍ਰਭ ਅਬਿਨਾਸ਼ੀ ਤੇਰਾ ਰਾਹ, ਨਿਤ ਨਵਿਤਾ ਰਿਹਾ ਤਕਾਈਆ । ਕਲਜੁਗ ਅੰਤਮ ਬਣ ਮਲਾਹ, ਮੇਰਾ ਬੇੜਾ ਬੰਨੇ ਲਾਈਆ । ਜੂਠੀ ਝੂਠੀ ਲੱਗੀ ਢਾਹ, ਨਾ ਦਿਸੇ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪੇ ਮੇਲ ਮਿਲਾਈਆ । ਦੇਵੇ ਵਰ ਮੇਲ ਮਿਲਾਇਆ, ਪਾਇਆ ਪੁਰਖ ਅਪਾਰਾ । ਸ਼ਬਦ ਸ਼ਬਦੀ ਰੰਗ ਰੰਗਾਇਆ, ਛੁੱਟ ਗਿਆ ਸੰਸਾਰਾ । ਸਾਚਾ ਦਰ ਇਕ ਸੁਹਾਇਆ, ਸੋਹੇ ਬੰਕ ਦਵਾਰਾ । ਰਾਗ ਅਨਾਦੀ ਇਕ ਵਜਾਇਆ, ਛੱਤੀ ਰਾਗਾਂ ਵਸੇ ਬਾਹਿਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਵਿਹਾਰਾ । ਸਗਲਾ ਸੰਗ ਸਰਬ ਨਿਭੌਣਾ, ਹਰਿ ਸਾਚੇ ਵਡ ਵਡਿਆਈਆ । ਪੂਤ ਸਪੂਤਾ ਇਕ ਉਪਜੌਣਾ, ਗੁਰ ਗੋਬਿੰਦ ਜਣਾਈਆ । ਏਕਾ ਮਾਰਗ ਜਗਤ ਲੌਣਾ, ਏਕਾ ਰਾਹ ਚਲਾਈਆ । ਏਕਾ ਸਿਖਿਆ ਦੇ ਸਮਝੌਣਾ, ਏਕਾ ਕਰੇ ਪੜ੍ਹਾਈਆ । ਏਕਾ ਸ਼ਬਦ ਤਨ ਪਹਿਨਾਉਣਾ, ਇਕ ਦਸਤਾਰ ਸਜਾਈਆ । ਏਕਾ ਰੂਪ ਹਰਿ ਦਰਸੌਣਾ, ਨਾ ਕੋਈ ਮੂੰਡ ਮੁੰਡਾਈਆ । ਧੀਰਜ ਯਤ ਦਾ ਬੰਧਨ ਪੌਣਾ, ਦੋਏ ਬੰਦ ਕਰਾਈਆ । ਸਾਚਾ ਨੀਰ ਇਕ ਵਖੌਣਾ, ਨਿਰਮਲ ਨੀਰ ਧਰਾਈਆ । ਆਪ ਆਪਣਾ ਵਿਚ ਟਿਕੌਣਾ, ਦਿਸ ਕਿਸੇ ਨਾ ਆਈਆ । ਸ਼ਬਦ ਅਨਾਦੀ ਏਕਾ ਗੌਣਾ, ਅਰਜਨ ਗੁਰ ਜਣਾਈਆ । ਭਗਤ ਪਿਆਰ ਵਿਚ ਪੌਣਾ, ਮਿੱਠਾ ਰਸ ਵਖਾਈਆ । ਨਾਮ ਖੰਡਾ ਵਿਚ ਫਿਰੌਣਾ, ਲੁਹਾਰ ਤਰਖਾਣ ਨਾ ਕੋਈ ਘੜਾਈਆ । ਸਾਚੀ ਸੰਗਤ ਹਰਿ ਸਮਝੌਣਾ, ਆਪ ਆਪਣੀ ਰਸਨ ਅਲਾਈਆ । ਸਤਿਗੁਰ ਸਾਚਾ ਜਿਸ ਜਨ ਪੌਣਾ, ਦਰ ਔਣਾ ਹੋ ਗੁਮਰਾਹੀਆ । ਆਪ ਆਪਣਾ ਭੇਟ ਚੜ੍ਹੌਣਾ, ਗੁਰਮਤ ਇਹ ਵਖਾਈਆ । ਏਕਾ ਸ਼ਬਦ ਇਕ ਰਸਨ ਇਕ ਅਲ੍ਹੌਣਾ, ਏਕਾ ਔਣਾ ਕਰੇ ਧਾਈਆ । ਪੰਚਮ ਮੇਲਾ ਆਪ ਮਿਲੌਣਾ, ਪੰਚਮ ਡੇਰਾ ਲਾਈਆ । ਪੰਚਮ ਰਾਗ ਆਪ ਸੁਣੌਣਾ, ਪੰਚਮ ਖੋਜ ਖੋਜਾਈਆ । ਹਰਿ ਦਰਸ ਆਪ ਦਿਖੌਣਾ, ਪਰਤੱਖ ਦਰਸ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸਿਖਿਆ


੪੩੩ ੦੨



Rev-01

ਰਿਹਾ ਸਮਝਾਈਆ । ਗੁਰ ਗੋਬਿੰਦ ਖੇਲ ਅਪਾਰ, ਨੈਣਾ ਹਵਨ ਕਰਾਇਆ । ਏਕਾ ਇਸ਼ਟ ਰੱਖ ਕਰਤਾਰ, ਦੇਵੀ ਦੇਵ ਮਨਾਇਆ । ਸ੍ਰਿਸ਼ਟ ਸਬਾਈ ਨਾ ਪਾਵੇ ਸਾਰ, ਨਾ ਕੋਈ ਲੇਖਾ ਲੇਖ ਲਿਖਾਇਆ । ਪੁਰਖ ਅਬਿਨਾਸ਼ੀ ਹੋ ਤਿਆਰ, ਲੋਕਮਾਤ ਉਠ ਧਾਇਆ । ਕੇਸ਼ੋ ਪੰਡਤ ਗਿਆ ਹਾਰ, ਆਪਣਾ ਮੁਖ ਭਵਾਇਆ । ਜੋਤ ਅਕਾਲਾ ਪਾਵੇ ਸਾਰ, ਦੀਨ ਦਿਆਲਾ ਨਾਮ ਧਰਾਇਆ । ਨਾਮ ਖੰਡਾ ਖਿਚ ਕਟਾਰ, ਗੁਰ ਗੋਬਿੰਦ ਤਨ ਛੁਹਾਇਆ । ਹਰਿ ਸਾਚਾ ਕਰੇ ਇਕ ਪਿਆਰ, ਸਾਚੀ ਸਿਖਿਆ ਦੇ ਸਮਝਾਇਆ । ਸਾਚਾ ਸ਼ਸਤਰ ਸਾਚਾ ਬਸਤਰ ਵਿਚ ਸੰਸਾਰ, ਸਾਚਾ ਅਸਤਰ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਦੇਵਣਹਾਰਾ ਵਰ, ਆਪੇ ਵੇਖ ਵਖਾਇਆ ।

ਨਾਮ ਖੰਡਾ ਅਪਰ ਅਪਾਰਾ, ਹਰਿ ਸਾਚੇ ਤਨ ਪਹਿਨਾਇਆ । ਸਤਿਗੁਰ ਪੂਰਾ ਕਰ ਪਿਆਰਾ, ਤਨ ਸ਼ੰਗਾਰ ਵਖਾਇਆ । ਏਕਾ ਅੰਮ੍ਰਿਤ ਠੰਡੀ ਠਾਰਾ, ਧੁਰਦਰਗਾਹੀ ਜਾਮ ਪਿਆਇਆ । ਮੇਲ ਮਿਲਾਏ ਪੰਚਮ ਪਿਆਰਾ, ਪੰਚਮ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਵੇਖ ਵਖਾਇਆ । ਏਕਾ ਸਾਤਾ ਕਰ ਪਿਆਰ, ਗੁਰ ਗੋਬਿੰਦ ਵੇਖ ਵਖਾਇਆ । ਏਕਾ ਸਾਤਾ ਕਰ ਉਜਿਆਰ, ਸਗਲੀ ਚਿੰਦ ਮਿਟਾਇਆ । ਏਕਾ ਸਾਤਾ ਬੰਨੇ ਧਾਰ, ਗੁਣੀ ਗਹਿੰਦ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੱਤ ਮੁਖ ਰਖਾਇਆ । ਏਕਾ ਸਾਤਾ ਸਤ ਸਤਾਰਾ, ਸਤਿਗੁਰ ਰੂਪ ਸਮਾਇਆ । ਸਤਿਗੁਰ ਖੇਲੇ ਖੇਲ ਨਿਆਰਾ, ਭੇਵ ਕੋਈ ਨਾ ਰਾਇਆ ।



ਪੰਚਮ ਮੀਤਾ ਪੰਚਮ ਕਰ ਪਿਆਰਾ, ਏਕਾ ਪਾਂਚਾ ਅੱਗੇ ਲਾਇਆ । ਛੇਵਾਂ ਘਰ ਸੋਹੇ ਬੰਕ ਦਵਾਰਾ, ਚੌਥਾ ਮੁਖ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸਾਤਾ ਪਾਂਚਾ ਛੀਕਾ ਏਕਾ ਡੋਰ ਬੰਧਾਇਆ । ਇਕ ਇਕੱਲਾ ਏਕੰਕਾਰ, ਸਾਤਾ ਸਤਿ ਪੁਰਖ ਅਖਵਾਇਆ । ਏਕਾ ਸਾਤਾ ਬਣ ਸਤਾਰ, ਸਤਾਰਾਂ, ਨਾਉਂ ਧਰਾਈਆ । ਪੰਚਮ ਪਿਆਰੇ ਕਰ ਪਿਆਰ, ਪੰਚਮ ਮੋਹ ਚੁਕਾਈਆ । ਛੇਵਾਂ ਵੇਖੇ ਸਚ ਦਰਬਾਰ, ਗੁਰ ਗੋਬਿੰਦ ਬੈਠਾ ਲਾਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਕਰ ਵਿਹਾਰ, ਪੰਥ ਪੰਥਾ ਦਏ ਉਪਜਾਈਆ । ਗੁਰੂ ਗ੍ਰੰਥ ਰੱਖ ਸੰਸਾਰ, ਦੇ ਮਤ ਗਿਆ ਸਮਝਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਪੰਜ ਤਤ ਬਦਲੇ ਚੋਲਾ, ਨਾ ਕੋਈ ਸਕੇ ਬੰਦ ਕਰਾਈਆ । ਧੁਰਦਰਗਾਹੀ ਸ਼ਬਦ ਸਰੂਪੀ ਗਾਏ ਢੋਲਾ, ਆਪ ਆਪਣਾ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਨੀਂਹ ਲੋਕਮਾਤ ਧਰਾਈਆ । ਏਕਾ ਢਈਆ ਲਾਏ ਢਾਹ, ਕਲਜੁਗ ਪਾਰ ਕਿਨਾਰਾ । ਸਤਿਗੁਰ ਪੂਰਾ ਬਣ ਮਲਾਹ, ਲੋਕਮਾਤ ਲਏ ਅਵਤਾਰਾ । ਖਾਣੀ ਬਾਣੀ ਕੋਈ ਜਾਣੇ ਨਾ, ਵੇਦ ਪੁਰਾਨ ਨਾ ਜਾਨਣ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵਡ ਮਰਗਿੰਦ, ਏਕਾ ਦੇਵੇ ਨਾਮ ਸਹਾਰਾ । ਗੁਰ ਗੋਬਿੰਦ ਨਾਮ ਵਟਾ, ਸਿੰਘ ਰੂਪ ਅਖਵਾਇਆ । ਸਿੰਘ ਗੁਰ ਆਪ ਹੋ ਆ, ਗੋਬਿੰਦ ਸਿੰਘ ਮੂਲ ਚੁਕਾਇਆ । ਸਚ ਸਿੰਘਾਸਣ ਵੇਖ ਵਖਾ, ਨਿਰਗੁਣ ਆਸਣ ਲਾਇਆ । ਪਾਵਾ ਚੂਲ ਨਾ ਕੋਈ ਲਈ ਬਣਾ, ਨਾ ਕੋਈ ਬਾਡੀ ਬਣਤ ਬਣਾਇਆ । ਕਿਸੇ ਮੰਦਰ ਗੁਰਦਵਾਰ ਮਸਜਿਦ ਮੱਠ ਸ਼ਿਵਦਵਾਲੇ ਨਾ ਬੈਠਾ ਡਾਹ, ਹੱਥ ਕਿਸੇ ਨਾ ਆਇਆ । ਗੁਰਸਿਖ ਤੇਰਾ ਦਿਵਸ ਰੈਣ ਕਾਇਆ ਮੰਦਰ ਅੰਦਰ ਬੈਠਾ ਤੱਕੇ ਰਾਹ,

ਇਕ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵਣਹਾਰਾ ਵਰ, ਏਕਾ ਮਾਰਗ ਲਾਇਆ । ਚਾਰ ਵਰਨ ਮਾਰਗ ਲਾ, ਇਕ ਦਸਤਾਰ ਬੰਧਾਈਆ । ਏਕਾ ਅੰਮ੍ਰਿਤ ਜਾਮ ਪਿਆ, ਏਕਾ ਗੁਣ ਜਣਾਈਆ । ਏਕਾ ਬਸਤਰ ਤਨ ਛੁਹਾ, ਊਚਾਂ ਨੀਚਾਂ ਭੇਵ ਚੁਕਾਈਆ । ਏਕਾ ਗਹਿਣਾ ਹੱਥ ਪਾ, ਨਾਮ ਕੰਗਣ ਵੰਡ ਵੰਡਾਈਆ । ਧੀਰਜ ਯਤ ਸਤਿ ਸੰਤੋਖ ਰਿਹਾ ਵਖਾ, ਏਕਾ ਬੰਧਨ ਪਾਈਆ । ਮੁੱਛ ਦਾੜ੍ਹੀ ਕੇਸ ਲਏ ਵਧਾ, ਸਾਚਾ ਰੂਪ ਦਰਸਾਈਆ । ਆਪ ਆਪਣਾ ਵਿਚ ਲਿਆ ਟਿਕਾ, ਆਪ ਆਪਣਾ ਭੇਵ ਚੁਕਾਈਆ । ਪੰਚਮ ਮੀਤਾ ਨਾਮ ਧਰਾ, ਪੰਚਮ ਰਿਹਾ ਸੇਵ ਕਮਾਈਆ । ਪੰਚਮ ਅੱਗੇ ਝੋਲੀ ਡਾਹ, ਮੰਗੇ ਮੰਗ ਸਚ ਨਿਆਈਆ । ਮੇਰਾ ਬਖ਼ਸ਼ੇ ਜਗਤ ਗੁਨਾਹ, ਏਕਾ ਸਿਖਿਆ ਰਿਹਾ ਪੜ੍ਹਾਈਆ । ਅੰਮ੍ਰਿਤ ਪੀਣਾ ਸਾਚੇ ਥਾਂ, ਦੂਈ ਦਵੈਤੀ ਦਏ ਗਵਾਈਆ । ਏਕਾ ਪਿਤਾ ਏਕਾ ਮਾਂ, ਏਕਾ ਗੁਰ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮਾਰਗ ਲਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਬੂਝ ਬੁਝਾਇਆ । ਆਪੇ ਹਿਰਦੇ ਰਿਹਾ ਵਸ, ਆਪੇ ਦਰਸ ਦਿਖਾਇਆ । ਆਪੇ ਤੀਰ ਨਿਰਾਲਾ ਰਿਹਾ ਕਸ, ਆਪੇ ਬਾਣ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮਤ ਇਹ ਸਮਝਾਇਆ । ਤੀਰ ਨਿਰਾਲਾ ਵੱਜੇ ਬਾਣਾ, ਗੁਰ ਸ਼ਬਦੀ ਬਚਨ ਅਲਾਇਆ । ਹਰਿ ਕਾ ਸਾਧੋ ਮੰਨਣਾ ਭਾਣਾ, ਹਰਿ ਸਾਚਾ ਵਿਚ ਸਮਾਇਆ । ਧੁਰਦਰਗਾਹੀ ਸਾਚਾ ਰਾਣਾ, ਏਕਾ ਏਕ ਅਖਵਾਇਆ । ਅਕਾਲ ਪੁਰਖ ਏਕਾ ਗਾਣਾ, ਨਾ ਕੋਈ ਦੂਸਰ ਗੁਰੂ ਮਨਾਇਆ । ਗੁਰੂ ਗ੍ਰੰਥ ਜ਼ਾਮਨ ਵਿਚ ਇਕ ਟਿਕਾਣਾ, ਦੇ ਮਤ ਰਿਹਾ ਸਮਝਾਇਆ । ਭੁੱਲ ਰੁੱਲ ਨਾ ਵਕਤ ਗਵਾਣਾ, ਕਲਜੁਗ ਕੂੜ ਅੰਧੇਰਾ ਛਾਇਆ । ਸ਼ਬਦ ਖੋਜ ਵੇਖ ਪਦ ਨਿਰਬਾਨਾ, ਹਰਿ ਸ਼ਬਦੀ ਖੋਜ ਖੋਜਾਇਆ । ਖੇਲੇ ਖੇਲ ਦੋ ਜਹਾਨਾਂ, ਭੇਵ ਕੋਈ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਗੁਰ ਗੋਬਿੰਦ ਸਿੰਘ ਰੂਪ, ਸਤਿਗੁਰ ਨਾਂ ਧਰਾਇਆ । ਮੰਗੇ ਮੰਗ ਸ਼ਾਹ ਭੂਪ, ਭਿਖਿਆ ਭਿਖਕ ਪਾਇਆ । ਕਲਜੁਗ ਕੂੜ ਪਸਾਰਾ ਜੂਠ ਝੂਠ, ਠੱਗ ਚੋਰ ਯਾਰ ਹੋਏ ਹਲਕਾਇਆ । ਪਾਰਬ੍ਰਹਮ ਪ੍ਰਭ ਆਪੇ ਜਾਏ ਤੁਠ, ਲੋਕਮਾਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਬਚਨ ਅਲਾਇਆ । ਸੁਣਿਆ ਸ਼ਬਦ ਗੁਰ ਗੋਬਿੰਦ, ਆਤਮ ਵੱਜੀ ਵਧਾਈਆ । ਪ੍ਰਭ ਆਪ ਉਪਜਾਈ ਸਾਚੀ ਬਿੰਦ, ਪੂਤ ਸਪੂਤਾ ਨਾਉਂ ਧਰਾਈਆ । ਵਡ ਦਾਤਾ ਸ਼ਾਹ ਗੁਣੀ ਗਹਿੰਦ, ਤੇਰੀ ਓਟ ਤਕਾਈਆ । ਅੰਤਮ ਮਿਟੌਣੀ ਕਲਜੁਗ ਚਿੰਦ ਤੇਰੇ ਹੱਥ ਤੇਰੀ ਵਡਿਆਈਆ । ਤੇਰਾ ਤੇਰੀ ਕਰੇ ਨਿੰਦ, ਤੇਰਾ ਮੇਰਾ ਭੇਵ ਨਾ ਜਾਣੇ ਕੋਈ ਰਾਈਆ । ਤੂੰ ਸਦਾ ਦਾਤਾ ਬਖ਼ਸ਼ਿੰਦ, ਸ੍ਰਿਸ਼ਟ ਸਬਾਈ ਹੋਏ ਸਦਾ ਗੁਨਾਹੀਆ । ਜਨ ਭਗਤਾਂ ਮੇਟੀ ਸਗਲੀ ਚਿੰਦ, ਜੋ ਬੈਠੇ ਰਾਹ ਤਕਾਈਆ । ਲਹਿਣਾ ਦੇਣਾ ਚੁਕੌਣਾ ਸੁਰਪਤ ਰਾਜੇ ਇੰਦ, ਕਰੋੜ ਤੇਤੀਸੇ ਮੇਟੇ ਸ਼ਾਹੀਆ । ਸ਼ਿਵ ਸ਼ੰਕਰ ਮਿਟੌਣੀ ਸਗਲੀ ਚਿੰਦ, ਅੰਤਮ ਲੇਖਾ ਪੂਰ ਕਰਾਈਆ । ਬ੍ਰਹਮੇ ਮਿਲੌਣਾ ਆਪ ਆਪਣੀ ਬਿੰਦ, ਆਪ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਕਰਨਹਾਰਾ ਆਪ ਹੋ ਜਾਈਆ । ਪੁਰਖ ਅਬਿਨਾਸ਼ੀ ਦਏ ਸਲਾਹ, ਗੁਰ ਗੋਬਿੰਦ ਹਰਿ ਸਮਝਾਇਆ । ਤੇਰਾ ਬੇੜਾ ਹਰਿ ਮਲਾਹ, ਕਲਜੁਗ ਅੰਤਮ ਦਏ ਚਲਾਇਆ । ਸ਼ਬਦ ਵਿਚੋਲਾ ਕਰੇ ਸਲਾਹ, ਦੋ ਜਹਾਨਾਂ ਫੇਰੀ ਪਾਇਆ । ਏਕਾ ਢੋਲਾ ਲੈਣਾ ਗਾ, ਸੋਹੰ ਨਾਮ

ਧਰਾਇਆ । ਸੋ ਪੁਰਖ ਨਿਰੰਜਣ ਹਰਿ ਆਪ ਅਖਵਾ, ਹੰ ਤੇਰਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਆ ਦੂਆ ਏਕਾ ਏਕਾ ਰੰਗ ਰੰਗਾਇਆ । ਮੇਰੀ ਧਾਰ ਤੇਰਾ ਰੰਗ, ਸ਼ਬਦ ਵੱਜੇ ਵਧਾਈਆ । ਤੇਰਾ ਨਾਮ ਮੇਰਾ ਮਰਦੰਗ, ਲੋਆਂ ਪੁਰੀਆਂ ਕਰੇ ਜਣਾਈਆ । ਤੇਰੀ ਸੇਜ ਮੇਰਾ ਪਲੰਘ, ਬੈਠਾ ਆਸਣ ਲਾਈਆ । ਸ਼ਬਦ ਸੁਨੇਹੜਾ ਆਪੇ ਭੇਜ ਪੂਰੀ ਕਰੇ ਤੇਰੀ ਮੰਗ, ਅੰਤਮ ਮੇਲ ਮਿਲਾਈਆ । ਚਰਨ ਧੂੜ ਨੁਹਾਏ ਸਾਚੀ ਗੰਗ, ਸਰੋਵਰ ਇਕ ਵਖਾਈਆ । ਸਾਚੇ ਅਸਵ ਕਸੇ ਤੰਗ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਅੰਤਮ ਮੰਗਣਾ ਸਾਚੀ ਮੰਗ, ਪ੍ਰਭ ਪੂਰੀ ਦਏ ਕਰਾਈਆ । ਦਾਤਾ ਜੋਧਾ ਸੂਰਾ ਸਰਬੰਗ, ਸਰਬ ਕਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਸੰਗ ਨਿਭਾਈਆ । ਗੁਰ ਗੋਬਿੰਦ ਮਿਲਿਆ ਵਰ, ਰਸਨਾ ਸ਼ਬਦ ਅਲਾਇਆ । ਇਕ ਵਸੌਣਾ ਸਾਚਾ ਘਰ, ਸੰਬਲ ਨਗਰੀ ਧਾਮ ਸੁਹਾਇਆ । ਬਿਨ ਹਰਿ ਹੋਰ ਨਾ ਕੋਈ ਸਕੇ ਘੜ, ਨਾ ਕੋਈ ਬਾਢੀ ਬਣਤ ਬਣਾਇਆ । ਬਿਨ ਹਰਿ ਹੋਰ ਨਾ ਸਕੇ ਕੋਈ ਚੜ੍ਹ, ਨਾ ਪੌੜਾ ਦਿਸ ਦਿਸਾਇਆ । ਬਿਨ ਹਰਿ ਕੋਈ ਨਾ ਸਕੇ ਅੰਦਰ ਵੜ, ਨਾ ਕੋਈ ਕੁੰਡਾ ਕੋਈ ਲਾਹਿਆ । ਅੰਤਮ ਤੇਰਾ ਲੜ ਲਏ ਫੜ, ਨਾ ਸਕੇ ਕੋਈ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਕਲਜੁਗ ਅੰਤਮ ਹਰਿ ਹਰਿ ਔਣਾ, ਆਪਣਾ ਵੇਸ ਵਟਾ । ਜੋਤੀ ਨੂਰ ਖੇਲ ਖਿਲੌਣਾ, ਨਿਹਕਲੰਕਾ ਨਾਮ ਧਰਾ । ਸ਼ਬਦ ਡੰਕਾ ਇਕ ਵਜਾਉਣਾ, ਚੋਟ ਤਨ ਨਗਾਰੇ ਲਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜਗਤ ਉਠੌਣਾ, ਦੇਵੇ ਸ਼ਬਦ ਸੁਣਾ । ਸਾਧਾ ਸੰਤਾਂ ਮੂਲ ਚੁਕੌਣਾ, ਜੂਠੀ ਝੂਠੀ ਢੇਰੀ ਢਾਹ । ਆਤਮ ਗੰਦ ਮੇਟ ਮਿਟੌਣਾ, ਕਲਜੁਗ ਅੰਤਮ ਦਿਸੇ ਨਾ । ਜੇਰਜ ਅੰਡਾਂ ਫੋਲ ਫੁਲੌਣਾ, ਉਤਭੁਜ ਸੇਤਜ ਛੱਡੇ ਨਾ । ਬ੍ਰਹਿਮੰਡਾਂ ਹਰਿ ਫੇਰਾ ਪੌਣਾ, ਨੌਂ ਖੰਡ ਪ੍ਰਿਥਮੀ ਵੇਖਾਂ ਥਾਂ । ਸੱਤਾਂ ਦੀਪਾਂ ਆਪ ਹਲੌਣਾ, ਆਪ ਜਣਾਏ ਆਪਣਾ ਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਦੇਵੇ ਠੰਡੀ ਛਾਂ । ਨਿਹਕਲੰਕ ਨਾਮ ਧਰ, ਸ਼ਬਦੀ ਡੰਕ ਵਜਾਵਣਾ । ਵੇਖਣਹਾਰਾ ਸਾਚਾ ਘਰ, ਨਾ ਭੇਵ ਛੁਪਾਵਣਾ । ਲੱਖ ਚੁਰਾਸੀ ਜਾਏ ਹਰ, ਅੰਤਮ ਮੁਖ ਭਵਾਵਣਾ । ਗੁਰਮੁਖ ਵਿਰਲਾ ਜਾਏ ਤਰ, ਜਿਸ ਚਰਨੀ ਸੀਸ ਨਿਵਾਵਣਾ । ਦਰਸ ਦਿਖਾਏ ਅੱਗੇ ਖੜ, ਪੂਰ ਕਰਾਏ ਭਾਵਨਾ । ਨਾ ਕੋਈ ਸੀਸ ਨਾ ਕੋਈ ਧੜ, ਤੋੜੇ ਲੰਕਾ ਗੜ੍ਹ ਰਾਵਣਾ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਭੇਖਾਧਾਰੀ ਧਰੇ ਭੇਖ ਬਾਵਨਾ । ਜਗਤ ਅਗਨੀ ਗਿਆ ਸੜ, ਅੰਮ੍ਰਿਤ ਬਰਖੇ ਸੀਤਲ ਸਾਵਨਾ । ਪੰਚ ਵਿਕਾਰਾ ਵਗੇ ਹੜ, ਮਨਮੁਖ ਜੀਵ ਸਰਬ ਰੁੜਾਵਣਾ । ਗੁਰਮੁਖ ਵਿਰਲਾ ਸਾਚੇ ਪੌੜੇ ਜਾਏ ਚੜ੍ਹ, ਪੂਰਨ ਬ੍ਰਹਮ ਕਰੇ ਪਛਾਨਣਾ । ਸਾਚੇ ਅੰਦਰ ਜਾਏ ਵੜ, ਨਾ ਛੁੱਟੇ ਹਰਿ ਕਾ ਦਾਮਨਾ । ਹਰਿ ਸੁਹਾਏ ਕੰਚਨ ਗੜ੍ਹ, ਧੁਰਦਰਗਾਹੀ ਹੋਏ ਜ਼ਾਮਨਾ । ਕੋਈ ਨਾ ਸਕੇ ਅੱਗੇ ਅੜ, ਪ੍ਰਭ ਮਾਰੇ ਤੀਰ ਨਿਸ਼ਾਨਨਾ । ਕਲਜੁਗ ਉਖੇੜੇ ਲੱਗੀ ਜੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਵਣਾ ।

ਨਿਰਗੁਣ ਰੂਪ ਜੋਤ ਉਜਾਲਾ, ਆਦਿ ਨਿਰੰਜਣ ਦਾਤਾ । ਪਾਰਬ੍ਰਹਮ ਪ੍ਰਭ ਪੁਰਖ ਗੋਪਾਲਾ, ਸਰਬ ਜੀਆਂ ਪਿਤ ਮਾਤਾ । ਲੱਖ ਚੁਰਾਸੀ ਹੋਏ ਰਖਵਾਲਾ, ਆਤਮ ਬੰਧਾਏ ਨਾਤਾ । ਚਲੇ ਚਾਲ ਇਕ ਨਿਰਾਲਾ, ਪੂਰਨ ਪਤ ਪੁਰਖ ਬਿਧਾਤਾ । ਜੋਤੀ ਨੂਰ ਇਕ ਜਵਾਲਾ, ਆਦਿ ਸ਼ਕਤ

ਇਕ ਅਕਾਂਤਾ । ਥਿਰ ਘਰ ਰੱਖ ਸੱਚੀ ਧਰਮਸਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਦਾਤਾ । ਨਿਰਗੁਣ ਰੂਪ ਪੁਰਖ ਅਕਾਲ, ਆਦਿ ਅੰਤ ਅਖਵਾਇਆ । ਸਤਿ ਸਰੂਪ ਸਦਾ ਦਿਆਲ, ਨਾਰੀ ਕੰਤ ਸਮਾਇਆ । ਆਪਣੀ ਸੁਰਤ ਆਪ ਸੰਭਾਲ, ਆਪਣਾ ਮੰਤ ਚਲਾਇਆ । ਆਪਣੇ ਅੰਤਰ ਆਪੇ ਮਾਰੇ ਛਾਲ, ਆਪਣਾ ਰਸ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਅਖਵਾਇਆ । ਨੂਰੋ ਨੂਰ ਹਰਿ ਨਿਰੰਕਾਰ, ਨਿਰਗੁਣ ਧਾਰ ਚਲਾਈਆ । ਇਕ ਅਕੱਲਾ ਕਰ ਪਸਾਰ, ਅਕਲ ਕਲਾ ਅਖਵਾਈਆ । ਖੇਲੇ ਖੇਲ ਅਪਰ ਅਪਾਰ, ਖੇਲਣਹਾਰ ਆਪੇ ਬੇਪਰਵਾਹੀਆ । ਆਦਿ ਅਨਾਦੀ ਬੇਐਬ ਪਰਵਰਦਿਗਾਰ, ਪਾਰਬ੍ਰਹਮ ਪੁਰਖ ਅਖਵਾਈਆ । ਸਤਿ ਸਰੂਪ ਸੱਚੀ ਸਰਕਾਰ, ਸਤਿ ਸਤਿਵਾਦ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਪਰਕਾਸ਼, ਪਰਮ ਪੁਰਖ ਅਖਵਾਇਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਆਦਿਨ ਅੰਤਾ ਨਾਮ ਧਰਾਇਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਫੇਰਾ ਪਾਇਆ । ਮੰਡਲ ਮੰਡਪ ਪਾਵੇ ਰਾਸ, ਰਵ ਸਸ ਸੇਵਾ ਲਾਇਆ । ਲੱਖ ਚੁਰਾਸੀ ਵਸੇ ਪਾਸ, ਦਿਸ ਕਿਸੇ ਨਾ ਆਇਆ । ਪਵਣ ਚਲਾਏ ਇਕ ਸਵਾਸ, ਆਪ ਆਪਣੀ ਦਇਆ ਕਰਾਇਆ । ਹਰ ਘਟ ਆਪੇ ਰੱਖਿਆ ਵਾਸ, ਘਰ ਘਰ ਮੰਦਰ ਡੇਰਾ ਲਾਇਆ । ਪਾਰਬ੍ਰਹਮ ਪ੍ਰਭ ਹੋਇਆ ਦਾਸ, ਪੰਜ ਤਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਧਾਰੇ ਭੇਸ ਅਵੱਲਾ, ਪਾਰਬ੍ਰਹਮ ਬੇਅੰਤਾ । ਆਪੇ ਵਸਿਆ ਇਕ ਅਕੱਲਾ, ਮੇਲ ਮਿਲਾਵਾ ਸਾਚੇ ਸੰਤਾ । ਵੇਖ ਵਖਾਏ ਜਲ ਥਲਾਂ, ਡੂੰਘੀ ਕੰਦਰ ਫੋਲ ਫੋਲੰਤਾ । ਕਰੇ ਕਰਾਏ ਏਕਾ ਹੱਲਾ, ਏਕਾ ਕਾਮ ਕਰੰਤਾ । ਆਪਣੇ ਫਲ ਆਪੇ ਫੱਲਾ, ਆਪੇ ਤੋੜ ਤੁੜੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਚਾ ਧਾਮ ਸੁਹੰਤਾ । ਸਾਚਾ ਧਾਮ ਹਰਿ ਬਨਵਾਰੀ, ਏਕਾ ਏਕ ਸੁਹਾਇੰਦਾ । ਨਿਰਮਲ ਜੋਤੀ ਕਰ ਉਜਿਆਰੀ, ਅਕਾਸ਼ ਪਰਕਾਸ਼ ਚਲਾਇੰਦਾ । ਸ਼ਬਦ ਸਿੰਘਾਸਣ ਏਕਾ ਭਾਰੀ, ਥਿਰ ਘਰ ਡੇਰਾ ਲਾਇੰਦਾ । ਤਖ਼ਤ ਬੈਠਾ ਸੱਚਾ ਸਿਕਦਾਰੀ, ਸੱਚਾ ਸ਼ਾਹ ਸੁਲਤਾਨ ਆਪ ਅਖਵਾਇੰਦਾ । ਉਠਿਆ ਸ਼ਬਦ ਪਹਿਰੇਦਾਰੀ, ਦਰ ਦਰਬਾਨ ਅਖਵਾਇੰਦਾ । ਅੱਠੇ ਪਹਿਰ ਖ਼ਬਰਦਾਰੀ, ਆਲਸ ਨਿੰਦਰਾ ਵਿਚ ਨਾ ਆਇੰਦਾ । ਹਰਿ ਹਰਿ ਕਰਤਾ ਦੇਵੇ ਹੁਕਮ ਵਾਰੋ ਵਾਰੀ, ਲੋਕਮਾਤੀ ਰਾਹ ਤਕਾਇੰਦਾ । ਜੁਗ ਜੁਗ ਖੇਲੇ ਖੇਲ ਨਿਆਰੀ, ਖੇਲਣਹਾਰ ਵੇਸ ਵਟਾਇੰਦਾ । ਆਦਿਨ ਅੰਤਾ ਏਕਾ ਏਕੰਕਾਰੀ, ਓਅੰਕਾਰਾ ਨਾਮ ਧਰਾਇੰਦਾ । ਜਨ ਭਗਤਾਂ ਪੈਜ ਰਿਹਾ ਸਵਾਰੀ, ਏਕਾ ਆਤਮ ਬ੍ਰਹਮ ਜਣਾਇੰਦਾ । ਵਜਾਏ ਧੁਨ ਸੱਚੀ ਧੁਨਕਾਰੀ, ਅਨਹਦ ਸਾਚਾ ਤਾਲ ਰਖਾਇੰਦਾ । ਜੋਤ ਨਿਰੰਜਣ ਕਰ ਉਜਿਆਰੀ, ਅਗਿਆਨ ਅੰਧੇਰ ਮਿਟਾਇੰਦਾ । ਬਜਰ ਕਪਾਟੀ ਦੇਵੇ ਪਾੜੀ, ਦੂਈ ਦਵੈਤੀ ਪੜਦਾ ਲਾਹਿੰਦਾ । ਨੌਂ ਦਵਾਰੇ ਪਾਰ ਕਿਨਾਰੀ, ਘਰ ਦਸਵਾਂ ਵੇਖ ਵਖਾਇੰਦਾ । ਆਤਮ ਸੇਜਾ ਕਰ ਪਿਆਰੀ, ਸਚ ਸਿੰਘਾਸਣ ਵੇਖ ਵਖਾਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਚਿੱਟੀ ਧਾਰ ਵਹਾਇੰਦਾ । ਅੱਠੇ ਪਹਿਰ ਰਿਹਾ ਵਿਚਾਰੀ, ਹਰਿਜਨ ਸੁਰਤੀ ਰਾਹ ਤਕਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰੀ, ਅਕਾਲ ਮੂਰਤੀ ਮੇਲ ਮਿਲਾਇੰਦਾ । ਆਪੇ ਪੁਰਖ ਆਪੇ ਨਾਰੀ, ਨਾਰੀ ਕੰਤਾ ਆਪ ਹੋ ਜਾਇੰਦਾ । ਸਰਗੁਣ ਮੇਲਾ ਵਡ ਸੰਸਾਰੀ, ਹਰਿ ਸਾਗਰ ਗਹਿਰ ਗੰਭੀਰ ਸਮਾਇੰਦਾ । ਵੇਖਣਹਾਰਾ ਵਾਰੋ ਵਾਰੀ, ਜੁਗ ਜੁਗ ਵੇਸ ਵਟਾਇੰਦਾ ।

੪੩੭
੦੭

ਲੋਕਮਾਤ ਕਰ ਤਿਆਰੀ, ਪੰਜ ਤਤ ਸਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਆਧਾਰੀ, ਏਕਾ ਧੀਰ ਧਰਾਇੰਦਾ । ਆਪੇ ਵਸਿਆ ਸਭ ਤੋਂ ਬਾਹਰੀ, ਭੇਵ ਕੋਇ ਨਾ ਪਾਇੰਦਾ । ਕਰੇ ਖੇਲ ਅਪਾਰ ਅਪਾਰੀ, ਜੋਤੀ ਨੂਰ ਟਿਕਾਇੰਦਾ । ਸਤਿਜੁਗ ਸਾਚੇ ਦਏ ਅਧਾਰੀ, ਅੱਠ ਅਠਾਰਾਂ ਮੂਲ ਚੁਕਾਇੰਦਾ ਤ੍ਰੇਤਾ ਤੇਰਾ ਭਰ ਭੰਡਾਰੀ, ਦੋਏ ਦੋਏ ਵੇਖ ਵਖਾਇੰਦਾ । ਦੁਆਪਰ ਤੇਰਾ ਮੀਤ ਮੁਰਾਰੀ, ਲਹਿਣਾ ਦੇਣਾ ਝੋਲੀ ਪਾਇੰਦਾ । ਕਲਜੁਗ ਤੇਰੀ ਖੇਲ ਖਿਲਾਰੀ, ਹਰਿ ਆਪਣੀ ਵੰਡ ਵੰਡਾਇੰਦਾ । ਪਾਏ ਹਿੱਸਾ ਹਰਿ ਗਿਰਧਾਰੀ, ਵਰਨ ਬਰਨੀ ਰਾਹ ਚਲਾਇੰਦਾ । ਏਕਾ ਦੂਜਾ ਕਰ ਸਿਕਦਾਰੀ, ਤੀਜਾ ਰਾਹ ਵਖਾਇੰਦਾ । ਚੌਥੇ ਦਰ ਹਾਹਾਕਾਰੀ, ਨਾ ਕੋਈ ਪੰਚਮ ਮੇਲ ਮਿਲਾਇੰਦਾ । ਛੇਵਾਂ ਮੰਦਰ ਹੋਏ ਉਜਾੜੀ, ਸੱਤਵੇ ਸਤਿ ਪੁਰਖ ਨਿਰੰਜਣ ਨਾ ਕੋਈ ਧਿਆਇੰਦਾ । ਅੱਠਾਂ ਤੱਤਾਂ ਮਗਰ ਲਗਾਏ ਪੰਚਮ ਧਾੜੀ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰਲਾਇੰਦਾ । ਨੌਂ ਦਰ ਵੇਖੇ ਅੱਗ ਲੱਗੀ ਬਹੱਤਰ ਨਾੜੀ, ਨਾ ਕੋਈ ਮਾਤ ਬੁਝਾਇੰਦਾ । ਦਸਵੇਂ ਬੈਠ ਜੋਤ ਨਿਰੰਕਾਰੀ, ਆਪ ਆਪਣਾ ਬੰਦ ਕਰਾਇੰਦਾ । ਮਾਇਆ ਪੜਦਾ ਪਾਏ ਭਾਰੀ, ਜੀਵ ਜੰਤ ਨਾ ਕੋਇ ਲਾਹਿੰਦਾ । ਕਾਇਆ ਗੜ੍ਹ ਬਣਾ ਹੰਕਾਰੀ, ਉਪਰ ਚੜ੍ਹ ਵੇਖ ਵਖਾਇੰਦਾ । ਮਹੱਲ ਅਟੱਲ ਉਚ ਮੁਨਾਰੀ, ਦਰ ਸਾਚਾ ਆਪ ਸੁਹਾਇੰਦਾ । ਸ਼ਬਦ ਡੰਕਾ ਮਾਰੇ ਵਾਰੋ ਵਾਰੀ, ਲੱਖ ਚੁਰਾਸੀ ਆਪ ਉਠਾਇੰਦਾ । ਈਸਾ ਮੂਸਾ ਕਰ ਤਿਆਰੀ, ਹਰਿ ਜੋਤੀ ਨੂਰ ਰਖਾਇੰਦਾ । ਸੰਗ ਮੁਹੰਮਦ ਚਾਰ ਯਾਰੀ, ਏਕਾ ਮਤਾ ਪਕਾਇੰਦਾ । ਅੱਲਾ ਰਾਣੀ ਕਰ ਪਿਆਰੀ, ਨਾਤਾ ਜੋੜ ਜੁੜਾਇੰਦਾ । ਕਲਮਾ ਅਮਾਮ ਸ਼ਾਹ ਸਵਾਰੀ, ਆਪਣਾ ਆਪ ਸੁਣਾਇੰਦਾ । ਅਜ਼ਮਤੋ ਕਸਮਤੋ ਖੇਲ ਨਿਆਰੀ, ਅਹਿਬਾਬ ਰਬਾਬ ਵਜਾਇੰਦਾ । ਦੋ ਦੋ ਆਬਾ ਪੈਜ ਸਵਾਰੀ, ਪੁਨ ਸਵਾਬ ਨਾ

੪੩੯ ੦੭ ਕੋਈ ਰਖਾਇੰਦਾ । ਕਵਲ ਨਾਭਾ ਅੰਮ੍ਰਿਤ ਧਾਰੀ, ਆਪਣਾ ਮੁਖ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਵੰਡਾਇੰਦਾ । ਸ਼ਬਦ ਵੰਡ ਕਰੇ ਬਲਵਾਨਾ, ਪਾਰਬ੍ਰਹਮ ਅਖਵਾਇੰਦਾ । ਖੇਲੇ ਖੇਲ ਦੋ ਜਹਾਨਾਂ, ਭੇਵ ਕੋਈ ਨਾ ਪਾਇੰਦਾ । ਕਲਜੁਗ ਕੂੜੀ ਕਿਰਿਆ ਕਰ ਪਰਧਾਨਾ, ਜੂਠ ਝੂਠ ਸੰਗ ਰਲਾਇੰਦਾ । ਮਾਇਆ ਮਮਤਾ ਬੱਧਾ ਗਾਨਾ, ਹਉਮੇ ਹੰਗਤਾ ਮੇਲ ਮਿਲਾਇੰਦਾ । ਪੰਜ ਰਲਾਏ ਨਾਲ ਸ਼ੈਤਾਨਾ, ਅੱਠੇ ਪਹਿਰ ਉਠਾਇੰਦਾ । ਮਨਮਤ ਕਰ ਪਰਧਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਬੁੱਧੀ ਬਾਲੀ ਹੋਏ ਨਾਦਾਨਾ, ਗਿਆਨ ਗੋਹਝ ਨਾ ਕੋਈ ਜਣਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਸ੍ਰੀ ਧਰ ਨਾਮ ਧਰਾਇੰਦਾ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਅੰਤਰ ਆਤਮ ਵੇਖ ਵਖਾਇੰਦਾ । ਸ਼ਬਦ ਵਖਾਏ ਸਚ ਨਿਸ਼ਾਨਾ, ਧੁਰਦਰਗਾਹੀ ਆਪ ਚਲਾਇੰਦਾ । ਉਪਰ ਲਿਖੇ ਲੇਖ ਮਹਾਨਾ, ਸੋਹੰ ਨਾਉਂ ਰਖਾਇੰਦਾ । ਮਾਰੇ ਤੀਰ ਇਕ ਨਿਸ਼ਾਨਾ, ਏਕਾ ਚਿੱਲਾ ਆਪ ਉਠਾਇੰਦਾ । ਖੇਲੇ ਖੇਲ ਗੋਪੀ ਕਾਹਨਾ, ਨਾਮ ਬੰਸਰੀ ਇਕ ਵਜਾਇੰਦਾ । ਸੀਤਾ ਸੁਰਤੀ ਕਰ ਪਰਵਾਨਾ, ਰਾਮ ਰਾਮਾ ਘਰ ਪਰਨਾਇੰਦਾ । ਅਰਜਨ ਦੇਵੇ ਇਕ ਗਿਆਨਾ, ਏਕਾ ਸ਼ਬਦ ਅਲਾਇੰਦਾ । ਕਲਜੁਗ ਰੱਖਿਆ ਨੌਜਵਾਨਾ, ਹਰਿ ਸਾਚਾ ਵੇਖ ਵਖਾਇੰਦਾ । ਏਕਾ ਸ਼ਰਅ ਇਕ ਸ਼ਰਾਇਤ ਦਏ ਧੁਰ ਫ਼ਰਮਾਣਾ, ਏਕਾ ਕਲਮਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਿਰਗੁਣ ਖੇਲ ਖਿਲਾਇੰਦਾ । ਨਿਰਗੁਣ ਖੇਲ ਹਰਿ ਖਿਲੰਤਾ, ਅਕਲ ਕਲਾ ਕਲ ਧਾਰੀਆ । ਕਲਜੁਗ ਆਪਣਾ ਵੇਸ ਵਟੰਤਾ, ਸੰਗ ਮੁਹੰਮਦ ਚਾਰ ਯਾਰੀਆ । ਅੱਲਾ ਰਾਣੀ ਮੇਲ ਮਿਲੰਤਾ, ਸੁਹਾਏ ਬੰਕ ਦਵਾਰੀਆ । ਏਕਾ ਨਾਅਰਾ ਆਪ ਸੁਣੰਤਾ, ਹੂ ਹੂ ਤੇਰੀ ਵਾਰੀਆ । ਏਕਾ ਸਾਚਾ ਧਾਮ ਸੁਹੰਤਾ, ਮਕਾਮੇ

ਹੱਕ ਮੇਲਾ ਸਾਚੇ ਯਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਪਰਵਰਦਿਗਾਰੀਆ । ਨਿਰਗੁਣ ਰੂਪ ਪਰਵਰਦਿਗਾਰ, ਏਕਾ ਨਾਮ ਖ਼ੁਦਾਈਆ । ਖ਼ਲਕ ਖ਼ਲਕ ਖ਼ੁਦਾਈ ਕਰ ਪਸਾਰ, ਦੀਨ ਅਲਾਹੀਆ । ਦੀਨ ਅਲਾਹੀ ਕਰ ਵਿਚਾਰ, ਇਕ ਸ਼ਰਾਇਤ ਸੁਣਾਈਆ । ਇਕ ਸ਼ਰਾਇਤ ਬੰਨੇ ਧਾਰ, ਏਕਾ ਆਇਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੰਡਨ ਵੰਡ ਵੰਡਾਈਆ । ਨਿਰਗੁਣ ਆਪਣਾ ਕਰ ਪਸਾਰਾ, ਜੁਗ ਜੁਗ ਖੇਲ ਖਿਲਾਇੰਦਾ । ਕਲਜੁਗ ਖੇਲੇ ਖੇਲ ਨਿਆਰਾ, ਵੇਦ ਕਤੇਬ ਨਾ ਕੋਈ ਰਖਾਇੰਦਾ । ਪੁਰਾਨ ਅਠਾਰਾਂ ਪਾਏ ਸਾਰਾ, ਹਰਿ ਸਾਚਾ ਮੁਖ ਭਵਾਇੰਦਾ । ਅੰਜੀਲ ਕੁਰਾਨਾ ਕਰ ਨਿਆਰਾ, ਆਪਣਾ ਰਾਹ ਵਖਾਇੰਦਾ । ਮੁਖ ਛੁਪਾਇਆ ਕ੍ਰਿਸ਼ਨ ਮੁਰਾਰਾ, ਰਾਮਾ ਰਾਮ ਨਾ ਕੋਈ ਧਿਆਇੰਦਾ । ਗਣਪਤ ਗਣੇਸ਼ਾ ਗਿਆ ਹਾਰਾ, ਸ਼ਿਵ ਸ਼ੰਕਰ ਨਾ ਤ੍ਰਿਸ਼ੂਲ ਉਠਾਇੰਦਾ । ਬ੍ਰਹਮਾ ਵੇਖੇ ਨਾ ਨੈਣ ਉਘਾੜਾ, ਅੱਠੇ ਨੇਤਰ ਬੰਦ ਕਰਾਇੰਦਾ । ਕਰੋੜ ਤੇਤੀਸਾ ਨਾ ਕੋਈ ਲਲਕਾਰਾ, ਸੁਰਪਤ ਰਾਜਾ ਇੰਦ ਮੁਖ ਛੁਪਾਇੰਦਾ । ਪੁਰਖ ਅਬਿਨਾਸ਼ੀ ਏਕਾ ਸ਼ਬਦ ਕਰ ਤਿਆਰਾ, ਲੋਕਮਾਤ ਰਖਾਇੰਦਾ । ਪੰਜ ਤਤ ਕਰ ਪਿਆਰਾ, ਨਾਨਕ ਨਾਮ ਰਖਾਇੰਦਾ । ਜੋਤ ਸਰੂਪੀ ਕਰ ਅਕਾਰਾ, ਨਿਰਗੁਣ ਵੇਸ ਵਟਾਇੰਦਾ । ਸ਼ਬਦ ਸ਼ਸਤਰ ਇਕ ਪਿਆਰਾ, ਤਨ ਗਾਤਰੇ ਆਪ ਲਟਕਾਇੰਦਾ । ਮਨਮਤ ਮਾਰੇ ਵਾਰੋ ਵਾਰਾ, ਗੁਰਮਤ ਇਕ ਪਰਨਾਇੰਦਾ । ਜੀਵਾਂ ਜੰਤਾਂ ਕਰ ਪਿਆਰਾ, ਸਾਧਾਂ ਸੰਤਾਂ ਸਮਝਾਇੰਦਾ । ਦਾਤਾ ਦਾਨੀ ਖੇਲ ਨਿਆਰਾ, ਖੇਲਣਹਾਰ ਦਿਸ ਨਾ ਆਇੰਦਾ । ਮਾਤ ਪਿਤਾ ਨਾ ਪਾਵੇ ਸਾਰਾ, ਨਾ ਕੋਈ ਭੇਵ ਜਣਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਆਪਣੇ ਦਰ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਆਪਣੇ ਦਰ ਆਪੇ ਸੱਦ, ਆਪੇ ਦਇਆ ਕਮਾਈਆ । ਨਾਮ ਪਿਆਏ ਸਾਚੀ ਮਦਿ, ਇਕ ਖੁਮਾਰ ਰਖਾਈਆ । ਭਾਗ ਲਗਾਏ ਸ਼ਬਦੀ ਪਦ, ਵਿਸ਼ਨੂੰ ਵੰਸੀ ਆਪ ਅਖਵਾਈਆ । ਇਕ ਜਣਾਈ ਬੋਧ ਅਗਾਧਾ, ਧੁਰ ਦੀ ਧਾਰ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਆਤਮ ਅੰਤਰ ਇਕ ਵਜਾਏ ਸਾਚਾ ਨਾਦਾ, ਅਨਹਦ ਸੇਵਾ ਲਾਈਆ । ਰਸਨਾ ਗਾਏ ਨਾ ਕੋਈ ਸਦਾ, ਬੱਤੀ ਦੰਦ ਨਾ ਕੋਈ ਜਣਾਈਆ । ਅਜੱਪਾ ਜਾਪ ਮਿਲੇ ਮਾਧਵ ਮਾਧਾ, ਏਕਾ ਸਚ ਪੜ੍ਹਾਈਆ । ਮੇਟ ਮਿਟਾਏ ਵਾਦ ਵਿਵਾਦਾ, ਜਿਸ ਘਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਵੰਡ ਵੰਡਾਈਆ । ਵੰਡੇ ਵੰਡ ਨਾਮ ਸਤਿ, ਲੋਕਮਾਤ ਜੈਕਾਰਾ । ਲੇਖੇ ਲਾਏ ਪੰਜ ਤੱਤ, ਜਿਸ ਜਨ ਦੇਵੇ ਕਰ ਪਿਆਰਾ । ਬਹੱਤਰ ਨਾੜ ਨਾ ਉਬਲੇ ਰੱਤ, ਪੰਜ ਚੋਰ ਨਾ ਕਰੇ ਖ਼ਵਾਰਾ । ਆਤਮ ਬੀਜੇ ਸਾਚੇ ਵਤ, ਬੀਜਣਹਾਰ ਆਪ ਕਰਤਾਰਾ । ਫੁਲ ਫੁਲਵਾੜੀ ਵੇਖ ਪੱਤ, ਫਲ ਅੰਮ੍ਰਿਤ ਲੱਗੇ ਡਾਲਾ । ਸਤਿ ਸੰਤੋਖੀ ਦੇਵੇ ਧੀਰਜ ਜਤ, ਕਾਇਆ ਮੰਦਰ ਸੱਚੀ ਧਰਮਸਾਲਾ । ਹਰਿ ਕਾ ਮੰਦਰ ਕਦੇ ਨਾ ਜਾਏ ਢੱਠ, ਦੀਪਕ ਜਗਦੀ ਰਹੇ ਜਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਨਿਰਾਲਾ । ਨਾਮ ਸਤਿ ਪਾਈ ਵੰਡੀ, ਹਰਿ ਸਾਚਾ ਵੰਡ ਵੰਡਾਇੰਦਾ । ਖੇਲੇ ਖੇਲ ਵਿਚ ਵਰਭੰਡੀ, ਪਾਖੰਡੀ ਮੇਟ ਮਿਟਾਇੰਦਾ । ਗੁਰ ਨਾਨਕ ਹੱਥ ਫੜਾਈ ਕੰਡੀ, ਏਕਾ ਤੋਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਸਾਚਾ ਬੋਲਾ, ਸੋਹੰ ਰਸਨਾ ਗਾਇੰਦਾ । ਨਾਨਕ ਸੋਹੰ ਰਸਨਾ ਗਾ, ਆਪਣਾ ਮੂਲ ਚੁਕਾਇਆ । ਤੇਰਾ ਮੇਰਾ ਭੇਵ ਨਾ ਰਾ, ਨਿਰਗੁਣ ਸਰਗੁਣ ਇਕ ਅਖਵਾਇਆ । ਸਰਗੁਣ

ਤੇਰਾ ਸਾਚਾ ਥਾਂ, ਨਿਰਗੁਣ ਡੇਰਾ ਲਾਇਆ । ਨਿਰਗੁਣ ਤੇਰਾ ਸਾਚਾ ਨਾਂ, ਸਰਗੁਣ ਸਾਚਾ ਦਏ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਇਆ । ਨਾਮ ਸਤਿ ਵੰਡ ਵੰਡਾ, ਅੱਲਾ ਹੂ ਵਿਚਾਰਿਆ । ਐਨਲਹੱਕ ਵੇਖ ਵਖਾ, ਮੇਲ ਮਿਲਾਏ ਦਸਮ ਦਵਾਰਿਆ । ਮੁਕਾਮੇ ਹੱਕ ਇਕ ਖ਼ੁਦਾ, ਸਚਖੰਡ ਮੇਲ ਮਿਲਾ ਰਿਹਾ । ਦੋਹਾਂ ਵਿਚੋਲਾ ਬੇਪਰਵਾਹ, ਭੇਵ ਕੋਈ ਨਾ ਪਾ ਰਿਹਾ । ਸਤਿ ਪੁਰਖ ਨਿਰੰਜਣ ਆਪ ਅਖਵਾ, ਨੂਰੋ ਨੂਰ ਆਪ ਉਪਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਨੂਰ ਹਰਿ, ਸ਼ਬਦੀ ਨਾਦ ਤਾਲ ਵਜਾ ਰਿਹਾ । ਸ਼ਬਦੀ ਨਾਦ ਤਾਲ ਵੱਜੇ ਤਲਵਾੜਾ, ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਵੇਖੇ ਇਕ ਅਖਾੜਾ, ਧੁਰਦਰਗਾਹੀ ਬੈਠਾ ਲਾਈਆ । ਸਚ ਸਿੰਘਾਸਣ ਬੈਠ ਸੱਚਾ ਲਾੜਾ, ਆਪ ਆਪਣਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਧਰ ਜੁਗ ਜੁਗ ਵੇਖੇ ਆਪਣਾ ਘਰ, ਲੋਕਮਾਤ ਖੇਲ ਕਰ, ਕਲਜੁਗ ਕਰੇ ਕੰਤ ਕੁੜਮਾਈਆ । ਕਲਜੁਗ ਕਰੀ ਹਰਿ ਕੁੜਮਾਈ, ਕਾਮ ਕਰੋਧ ਪਰਨਾਇਆ । ਲੋਭ ਮੋਹ ਕਰੇ ਲੜਾਈ, ਹੱਥ ਹੰਕਾਰ ਉਠਾਇਆ । ਮਾਇਆ ਮਮਤਾ ਧੀ ਜਵਾਈ, ਨਾ ਸਕੇ ਕੋਈ ਬਚਾਇਆ । ਮਨਮਤ ਨੇਤਰ ਨੈਣ ਕਜਲਾ ਰਹੀ ਪਾਈ, ਮਨਮੁਖ ਜੀਵ ਕਰੇ ਹਲਕਾਇਆ । ਜੂਠ ਝੂਠ ਵੱਜੀ ਵਧਾਈ, ਚਾਰੋਂ ਕੁੰਟ ਅੰਧੇਰਾ ਛਾਇਆ । ਧਰਤ ਮਾਤ ਨੇਤਰ ਰੋ ਰੋ ਨੀਰ ਰਹੀ ਵਹਾਈ, ਪ੍ਰਭ ਅੱਗੇ ਸੀਸ ਝੁਕਾਇਆ । ਕਲਜੁਗ ਪਕੜ ਪਛਾੜੇ ਦੋਵੇਂ ਬਾਂਹੀ, ਉਪਰ ਆਪਣਾ ਭਾਰ ਉਠਾਇਆ । ਜੀਵ ਜੰਤ ਗ਼ਰੀਬ ਨਿਮਾਣੇ ਰਹੇ ਕੁਰਲਾਈ, ਕਿਰਿਆ ਕਰਮ ਨਾ ਕੋਈ ਜਣਾਇਆ । ਸਾਧਾਂ ਸੰਤਾਂ ਮਿਲਿਆ ਮੇਲ ਨਾ ਹਰਿ ਸਾਚੇ ਮਾਹੀ, ਜੂਠੇ ਝੂਠੇ ਬੈਠੇ ਧੂਣੀਆਂ ਤਾਇਆ । ਕੋਟੀ ਕੋਟ ਬੰਨ ਲੰਗੋਟ ਫਿਰਦੇ ਥਾਈਂ ਥਾਈਂ, ਯਤ ਸਤਿ ਨਾ ਕੋਈ ਰਖਾਇਆ । ਕੋਈ ਨਾ ਦੇਵੇ ਸਿਰ ਠੰਡੀਆਂ ਛਾਈਂ, ਗੁਰਦਰ ਮੰਦਰ ਮਸਜਦ ਡੇਰਾ ਲਾਇਆ । ਸ਼ਿਵਦਵਾਲਾ ਮੱਠ ਪਈ ਦੁਹਾਈ, ਪੰਡਤ ਪਾਂਧੇ ਰਹੇ ਕੁਰਲਾਇਆ । ਮੁੱਲਾਂ ਸ਼ੇਖ਼ ਕਰਨ ਲੜਾਈ, ਕੁਤਬ ਗੌਂਸ ਨਾ ਕੋਈ ਸਹਾਇਆ । ਪੀਰ ਫਕੀਰ ਨਾ ਕਰੇ ਜਣਾਈ, ਦਸਤਗੀਰ ਨਜ਼ਰ ਨਾ ਆਇਆ । ਅੰਮ੍ਰਿਤ ਸਰ ਸਰੋਵਰ ਹੰਸ ਬਣਾਏ ਫੜ ਫੜ ਕਾਈਂ, ਭਰ ਪਿਆਲਾ ਨਾ ਕਿਸੇ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਦਿਤਾ ਵਰ, ਏਕਾ ਸ਼ਬਦ ਅੱਗੇ ਧਰ, ਏਕਾ ਰਾਹ ਵਖਾਇਆ । ਨਾਨਕ ਗੁਰ ਪਰਉਪਕਾਰਾ, ਚਾਰ ਵਰਨ ਪਰਨਾਇੰਦਾ । ਚਾਰੇ ਕੁੰਟਾਂ ਪਾਵੇ ਸਾਰਾ, ਦਹਿ ਦਿਸ਼ਾ ਉਠ ਧਾਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖੇ ਵਾਰੋ ਵਾਰਾ, ਮੂਰਖ ਮੁਗਧ ਗੜ੍ਹ ਹੰਕਾਰ ਤੁੜਾਇੰਦਾ । ਏਕਾ ਕੰਡਾ ਹੱਥ ਦੋ ਧਾਰਾ, ਸ਼ਬਦੀ ਨਾਉਂ ਧਰਾਇੰਦਾ । ਉਚੇ ਟਿੱਲੇ ਪਾਵੇ ਸਾਰਾ, ਗੋਰਖ ਮਛੰਦਰ ਫੋਲ ਫੋਲਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਕਾਜ਼ੀ ਇਕ ਸੁਣਾਏ ਸਾਚਾ ਨਾਅਰਾ, ਹੱਕ ਹਕੀਕਤ ਇਕ ਸੁਣਾਇੰਦਾ । ਪੰਡਤ ਪਾਂਧੇ ਗਿਆਨ ਧਿਆਨ ਕਰ ਉਜਿਆਰਾ, ਏਕਾ ਬ੍ਰਹਮ ਵਖਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਅਗੰਮ ਅਗੰਮੜਾ ਰੂਪ ਵਟਾਇੰਦਾ । ਹੱਡ ਮਾਸ ਨਾੜੀ ਚਮੜਾ ਨਾ ਕੋਈ ਕਰੇ ਕਲ ਅਕਾਰਾ, ਦਿਸ ਕਿਸੇ ਨਾ ਆਇੰਦਾ । ਜੁਗ ਜੁਗ ਆਪਣਾ ਲੈ ਅਵਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਈਸਾ ਮੂਸਾ ਕਰ ਤਿਆਰਾ, ਨਾਲ ਰਲਾਏ ਸੰਗ ਮੁਹੰਮਦ ਚਾਰ ਯਾਰਾ, ਲੋਕਮਾਤੀ ਵੇਖ ਵਖਾਇੰਦਾ । ਨਾਨਕ ਗੁਰ ਕਰ ਪਿਆਰਾ, ਏਕਾ ਦੇਵੇ ਸ਼ਬਦ ਅਧਾਰਾ, ਜੋਤੀ ਨੂਰ ਕਰ ਪਸਾਰਾ, ਪੰਜ ਤਤ ਸਮਾਇੰਦਾ । ਇਕ ਗਿਆਨ

ਇਕ ਧਿਆਨ, ਇਕ ਚਰਨ ਇਕ ਅਸ਼ਨਾਨ, ਇਕ ਧੂੜ ਏਕਾ ਮਸਤਕ ਏਕਾ ਟਿੱਕਾ ਇਕ ਲਲਾਟ ਏਕਾ ਘਾਟ ਪਾਰ ਕਰਾਇੰਦਾ । ਗੁਰਮੁਖਾਂ ਦਿਸੇ ਨੇੜੇ ਵਾਟ, ਮਨਮੁਖਾਂ ਦਰ ਦੁਰਕਾਇੰਦਾ । ਚੌਦਾਂ ਲੋਕ ਵਖਾਏ ਸਾਚਾ ਹਾਟ, ਚੌਦਾਂ ਤਬਕਾਂ ਫੋਲ ਫੋਲਾਇੰਦਾ । ਜ਼ਿਮੀਂ ਅਸਮਾਨਾ ਪਾੜਾ ਜਾਏ ਪਾਟ, ਗੁਰ ਪੂਰਾ ਨੇਤਰ ਆਪਣਾ ਆਪ ਉਠਾਇੰਦਾ । ਕਦੇ ਨਾ ਸੁੱਤਾ ਖ਼ਾਕੀ ਖ਼ਾਕ ਖਾਟ, ਨੂਰ ਵਿਛੌਣਾ ਇਕ ਵਿਛਾਇੰਦਾ । ਵਿਚ ਨਾ ਆਏ ਆਨ ਬਾਟ, ਮਾਤ ਗਰਭ ਨਾ ਫੇਰਾ ਪਾਇੰਦਾ । ਏਕਾ ਜੋਤੀ ਨੂਰ ਲਲਾਟ, ਆਪਣੀ ਆਪ ਰੁਸ਼ਨਾਇੰਦਾ । ਅੰਤਮ ਕਾਇਆ ਚੋਲੀ ਜਾਏ ਪਾਟ, ਥਿਰ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਖੇਲ ਕਰ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਨਾਨਕ ਚੋਲਾ ਹਰਿ ਘਰ ਪਾਇਆ, ਘਰ ਸਾਚੇ ਵੱਜੀ ਵਧਾਈਆ । ਏਕਾ ਢੋਲਾ ਨਾਮ ਰਖਾਇਆ, ਦਿਵਸ ਰੈਣ ਰਿਹਾ ਗਾਈਆ । ਸੋਹੰ ਢੋਲਾ ਸਾਚਾ ਗਾਇਆ, ਏਕਾ ਦੂਜਾ ਭੌ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਵਖਾਏ ਸਾਚਾ ਘਰ, ਘਰ ਸਾਚਾ ਆਦਿ ਨਿਰੰਜਣ ਬੈਠਾ ਬੇਪਰਵਾਹੀਆ । ਆਦਿ ਨਿਰੰਜਣ ਹਰਿ ਬੇਅੰਤ, ਪਰਮ ਪੁਰਖ ਅਪਾਰਾ । ਖੇਲੇ ਖੇਲ ਜੁਗਾ ਜੁਗੰਤ, ਲੋਕਮਾਤ ਅਵਤਾਰਾ । ਗੁਰਮੁਖ ਉਠਾਏ ਸਾਚੇ ਸੰਤ, ਜਨ ਭਗਤਾਂ ਮੀਤ ਮੁਰਾਰਾ । ਜਿਹਵਾ ਰਸਨਾ ਜਪਾਏ ਮਣੀਆ ਮੰਤ, ਸ਼ਬਦੀ ਸ਼ਬਦ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਹੋਏ ਅਵਤਾਰਾ । ਏਕਾ ਗੁਰ ਇਕ ਅਵਤਾਰਾ, ਏਕਾ ਰੂਪ ਵਟਾਈਆ । ਏਕਾ ਸ਼ਕਤੀ ਭਰ ਭੰਡਾਰਾ, ਆਦਿ ਸ਼ਕਤ ਨਾਮ ਵਡਿਆਈਆ । ਇਕ ਵਿਅਕਤੀ ਪੁਰਖ ਅਗੰਮ ਅਗੰਮ ਅਪਾਰਾ, ਅਗੰਮੜੀ ਧਾਰ ਚਲਾਈਆ । ਨਾ ਮਰੇ ਨਾ ਪਏ ਜੰਮ ਵਿਚ ਸੰਸਾਰਾ, ਆਵਣ ਜਾਵਣ ਰਚਨ ਰਚਾਈਆ । ਆਪ ਆਪਣਾ ਕਰ ਉਜਿਆਰਾ, ਆਪੇ ਲਏ ਮਿਟਾਈਆ । ਆਪੇ ਵਸਿਆ ਧੂੰਆਂਧਾਰਾ, ਧੁੰਧੂਕਾਰ ਵਖਾਈਆ । ਸਗਲ ਸ੍ਰਿਸ਼ਟੀ ਕਰ ਪਸਾਰਾ, ਬੈਠਾ ਆਸਣ ਲਾਈਆ । ਇਕ ਅਕੱਲਾ ਏਕੰਕਾਰਾ, ਕਰਤਾ ਪੁਰਖ ਨਾਉਂ ਧਰਾਈਆ । ਨਿਰਗੁਣ ਰੂਪ ਸੱਚੀ ਸਰਕਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਬਦ ਸਰੂਪੀ ਮਾਰੇ ਏਕਾ ਨਾਅਰਾ, ਘਰ ਘਰ ਅਵਾਜ਼ ਲਗਾਈਆ । ਕਲਜੁਗ ਅੰਤਮ ਹੋ ਤਿਆਰਾ, ਆਇਆ ਭੇਸ ਵਟਾਈਆ । ਏਕਾ ਤਤ ਇਕ ਪਿਆਰਾ, ਏਕਾ ਬੂਝ ਬੁਝਾਈਆ । ਤ੍ਰੈਗੁਣ ਮਾਇਆ ਪਾਰ ਕਿਨਾਰਾ, ਤਤਵ ਤਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਰੂਪ ਅਵਰ ਨਾ ਦੋਆ, ਗੁਰੂ ਗੁਰੂ ਗੁਰ ਦੇਵਾ । ਆਲਸ ਨਿੰਦਰ ਵਿਚ ਕਦੇ ਨਾ ਸੋਇਆ, ਪਾਰਬ੍ਰਹਮ ਪ੍ਰਭ ਅਲੱਖ ਅਭੇਵਾ । ਉਪਾਏ ਖਪਾਏ ਨਾ ਕਦੇ ਹੱਸੇ ਨਾ ਕਦੇ ਰੋਇਆ, ਆਦਿ ਅੰਤ ਨੂਰੋ ਨੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਆਪਣਾ ਸ਼ਬਦ ਲੈ ਕੇ ਆਵੇ ਸਾਚਾ ਢੋਆ । ਨਾਮ ਸਤਿ ਸ਼ਬਦ ਚਲਾ, ਹਰਿ ਨਾਮੇ ਵਣਜ ਕਰਾਇਆ । ਏਕਾ ਮਤ ਗਿਆ ਸਮਝਾ, ਏਕਾ ਰੂਪ ਦਰਸਾਇਆ । ਏਕਾ ਪਤ ਗਿਆ ਰਖਾ, ਪਤਿਪਰਮੇਸ਼ਵਰ ਹੋਏ ਸਹਾਇਆ । ਏਕਾ ਯਤ ਗਿਆ ਬਣਾ, ਧੀਰਜ ਧੀਰ ਧਰਾਇਆ । ਏਕਾ ਸਤਿ ਗਿਆ ਵਖਾ, ਸਤਿ ਸੰਤੋਖ ਨਾਮ ਉਪਾਇਆ । ਏਕਾ ਵਤ ਏਕਾ ਬੀਜ ਗਿਆ ਬਿਜਾ, ਬਿਨ ਅੰਗਦ ਫਲ ਕਿਸੇ ਨਾ ਖਾਇਆ । ਸ੍ਰਿਸ਼ਟ ਸਬਾਈ ਹੋਈ ਨੰਗਤ, ਨਾ ਪੜਦਾ ਕੋਈ ਪਾਇਆ । ਨੌਂ ਦਵਾਰ ਘਰ ਘਰ ਫਿਰਦੀ ਮੰਗਤ, ਤ੍ਰਿਸ਼ਨਾ ਭੁੱਖ ਨਾ ਕੋਈ ਮਿਟਾਇਆ । ਮਿਲਿਆ ਧਾਮ ਨਾ ਸਾਚੀ ਸੰਗਤ, ਬਿਨ ਗੁਰ ਪੂਰੇ

ਕੋਈ ਨਾ ਸਾਚਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਵੇਸ ਵਟਾਇਆ । ਜੋਤੀ ਸ਼ਬਦੀ ਵੇਸ ਵਟਾ, ਪੰਜ ਤਤ ਸਮਾਇੰਦਾ । ਅੰਗਦ ਗਹਿਣਾ ਦੇਵੇ ਪਾ, ਦਿਸ ਕਿਸੇ ਨਾ ਆਇੰਦਾ । ਲਹਿਣਾ ਦੇਣਾ ਮੂਲ ਚੁਕਾ, ਕਾਇਆ ਤ੍ਰਿਪਤ ਕਰਾਇੰਦਾ । ਮਨਮੁਖਤਾ ਦਏ ਮਿਟਾ, ਅਗੰਮ ਅਗੰਮਤਾ ਸ਼ਬਦ ਪੜ੍ਹਾਇੰਦਾ । ਭੁੱਖਾ ਨੰਗਤਾ ਲੇਖੇ ਲਾ, ਸ਼ਾਹ ਸੁਲਤਾਨ ਬਣਾਇੰਦਾ । ਨਾਮ ਧਨ ਸਚ ਖ਼ਜ਼ਾਨਾ ਝੋਲੀ ਪਾ, ਅਤੁਟ ਭੰਡਾਰ ਚਲਾਇੰਦਾ । ਆਪਣਾ ਅੱਖਰ ਆਪ ਸਿਖਾ, ਆਪੇ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਕਰ ਵਿਹਾਰ, ਤੀਜਾ ਨੇਤਰ ਆਪ ਖੁਲ੍ਹਾਇੰਦਾ । ਤੀਜਾ ਨੇਤਰ ਅਮਰਪਦ, ਗੁਰ ਪੂਰੇ ਏਕਾ ਪਾਇਆ । ਰਾਮ ਦਾਸ ਵੱਜੀ ਸਦ, ਸਾਚਾ ਨਾਮ ਸੁਣਾਇਆ । ਪਾਰ ਕਰਾਇਆ ਕੋਟ ਬ੍ਰਹਿਮਦ, ਪਾਰਬ੍ਰਹਮ ਮਿਲਾਇਆ । ਆਪੇ ਵੇਖੇ ਆਪਣੀ ਯੱਦ, ਆਪਣਾ ਰੂਪ ਵਟਾਇਆ । ਗੁਰ ਅਰਜਨ ਸ਼ਬਦ ਡੋਰੀ ਬੰਧ, ਏਕਾ ਚਰਨ ਦਿਸਾਇਆ । ਜੋਤ ਸਰੂਪੀ ਚਾੜ੍ਹੇ ਚੰਨ, ਲੋਕਮਾਤ ਕਰੇ ਰੁਸ਼ਨਾਇਆ । ਰਵ ਸਸ ਦੇਵਤ ਸੁਰ ਬ੍ਰਹਮਾ ਸ਼ਿਵ ਕਰਨ ਧੰਨ ਧੰਨ, ਗਣ ਗੰਧਰਬ ਫੁਲ ਬਰਸਾਇਆ । ਪੁਰਖ ਅਬਿਨਾਸ਼ੀ ਏਕਾ ਗਿਆ ਮੰਨ, ਗੁਰ ਨਾਨਕ ਰਾਹ ਵਖਾਇਆ । ਏਕਾ ਸ਼ਬਦ ਸੁਣਾਏ ਕੰਨ, ਤਾਲ ਤਲਵਾੜਾ ਇਕ ਵਜਾਇਆ । ਲੇਖੇ ਲਾਇਆ ਜਨਨੀ ਜਨ, ਜਨ ਜਨਕਾ ਆਪ ਬਣਾਇਆ । ਭਾਗ ਲਗਾਇਆ ਕਾਇਆ ਤਨ, ਪੰਜ ਤਤ ਕਰੇ ਰੁਸ਼ਨਾਇਆ । ਸ੍ਰਿਸ਼ਟ ਸਬਾਈ ਬੇੜਾ ਬੰਨ੍ਹ, ਹਰਿ ਕਾ ਭੇਵ ਖੁਲ੍ਹਾਇਆ । ਜੀਵਾਂ ਜੰਤਾਂ ਕੱਢੇ ਜਨ, ਏਕਾ ਸ਼ਬਦ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਤਰ ਇਕ ਗਿਆਨ, ਇਕ ਧਿਆਨ ਏਕਾ ਸ਼ਬਦ ਦ੍ਰਿੜਾਇਆ । ਏਕਾ ਗਿਆਨ ਦੀਆ ਗੁਰ ਨੇਤਰ, ਹਰਿ ਵਡ ਵੱਡੀ ਵਡਿਆਈਆ । ਖੇਲੇ ਖੇਲ ਕਾਇਆ ਖੇਤਰ, ਫੁਲ ਫੁਲਵਾੜੀ ਵੇਖ ਵਖਾਈਆ । ਰੁੱਤ ਬਸੰਤੀ ਮਹੀਨਾ ਚੇਤਰ, ਸਦ ਹੀ ਰੰਗ ਰੰਗਾਈਆ । ਸ਼ਬਦੀ ਸ਼ਬਦ ਬਣਿਆ ਹੇਤੜ, ਸਾਚਾ ਹਿਤ ਕਮਾਈਆ । ਸੰਤ ਦੁਲਾਰਾ ਜੇਠੀ ਜੇਠੜ, ਜੇਠ ਅਗਨੀ ਰਿਹਾ ਬੁਝਾਈਆ । ਬੋਧ ਅਗਾਧਾ ਸ਼ਬਦੀ ਲੇਖੜ, ਗੁਰੂ ਗ੍ਰੰਥ ਉਪਾਈਆ । ਗੁਰ ਤੇਗ ਬਹਾਦਰ ਲਾਏ ਪੱਲੇਥੜ, ਉਪਰ ਪੋਚ ਪੁਚਾਈਆ । ਸਾਧਾ ਸੰਤਾਂ ਗੁਰਮੁਖਾਂ ਭਗਤਾਂ ਰੱਖੇ ਛਾਇਆ ਹੇਠੜ, ਮਨਮੁਖਾਂ ਦਏ ਦੁਰਕਾਈਆ । ਮਸਤਕ ਟਿੱਕਾ ਲਾਏ ਰੱਤੀ ਕੇਸਰ, ਸਾਚੇ ਕਿਲੇ ਸਗਨ ਮਨਾਈਆ । ਕਲਜੁਗ ਅੰਤਮ ਮੇਲਾ ਹੋਏ ਥਨੇਸਰ, ਕਾਹਨਾ ਕ੍ਰਿਸ਼ਨਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰਿਹਾ ਵੰਡ ਵੰਡਾਈਆ । ਨਿਰਗੁਣ ਸਾਚੀ ਵੰਡ ਵੰਡੌਣੀ, ਹਰਿ ਗੋਬਿੰਦ ਹਰਿ ਦਾਤਾ । ਹਰਿਰਾਏ ਹਰਿ ਖੇਲ ਖਿਲੌਣੀ, ਹਰਿਕ੍ਰਿਸ਼ਨਾ ਮੇਲ ਮਿਲਾਤਾ । ਤੇਗ ਬਹਾਦਰ ਇਹ ਸਮਝੌਣੀ, ਸੀਸ ਧੜ ਤੋੜੇ ਨਾਤਾ । ਗੁਰ ਗੋਬਿੰਦ ਇਕ ਕਮਾਨ ਤੀਰ ਉਠੌਣੀ, ਮੇਟੇ ਰੈਣ ਅੰਧੇਰੀ ਰਾਤਾ । ਚਾਰ ਵਰਨਾਂ ਏਕਾ ਧਾਰ ਬਣੌਣੀ, ਏਕਾ ਹੋਏ ਪਿਤਾ ਮਾਤਾ । ਦੁਰਮਤ ਮੈਲ ਕੱਟ ਵਖੌਣੀ, ਉਤਮ ਹੋਏ ਜ਼ਾਤਾ । ਅੰਮ੍ਰਿਤ ਧਾਰ ਮੁਖ ਚੁਔਣੀ, ਵਰਨ ਬਰਨ ਕਰਾਏ ਏਕਾ ਜਾਤਾ । ਏਕਾ ਸਿਖਿਆ ਸਿੱਖ ਸਮਝੌਣੀ, ਅੰਮ੍ਰਿਤ ਆਤਮ ਬੂੰਦ ਸਵਾਂਤਾ । ਆਪਣੀ ਲਾਜ ਆਪ ਰਖੌਣੀ, ਨਾ ਕੋਈ ਦੂਸਰ ਭੈਣ ਭਰਾਤਾ । ਸਚ ਸੁੱਚ ਸੰਜਮ ਤੇਰਾ ਹੱਥ ਉਠੌਣੀ, ਜ਼ੋਰੂ ਜ਼ਰ ਜ਼ੁਲਮ ਨੇੜ ਨਾ ਆਏ ਕਮਜ਼ਾਤਾ । ਪੱਲੇ ਨਾਮ ਗੰਢ ਬੰਨੌਣੀ ਧੁਰਦਰਗਾਹੀ ਸਾਚੀ ਦਾਤਾ । ਅਕਾਲ ਮੂਰਤ ਇਕ ਧਿਔਣੀ, ਗੁਰ ਪੀਰ ਨਾ ਹੋਰ ਪਛਾਤਾ । ਇਸ਼ਟ ਦੇਵ ਦੇਵਾ ਇਕ ਵਖੌਣੀ, ਨਿਰਮਲ ਜੋਤ ਜਗੇ ਅਕਾਤਾ । ਆਪਣੀ ਪਛਾਣ ਆਪ

ਸਮਝੌਣੀ, ਇਕ ਗਿਆਨ ਇਕ ਜਮਾਤਾ । ਸ਼ਬਦ ਸੁਰ ਤਾਲ ਇਕ ਖੜਕੌਣੀ, ਰਾਗ ਰੰਗ ਨਾ ਕੋਈ ਪਛਾਤਾ । ਨਿਰਗੁਣ ਆਪਣੀ ਵੰਡ ਆਪ ਵੰਡੌਣੀ, ਕਲਜੁਗ ਅੰਤਮ ਨਾਤਾ ਤੋੜੇ ਪਿਤ ਮਾਤਾ । ਸ਼ਬਦ ਕਟਾਰ ਹੱਥ ਉਠੌਣੀ, ਲੋਆਂ ਪੁਰੀਆਂ ਮਾਰੇ ਝਾਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਲਹਿਣਾ ਦੇਣ ਚੁਕਾਏ ਬਾਕਾ । ਕਲਜੁਗ ਅੰਤਮ ਜੋਤ ਜਗਾ, ਹਰਿ ਨੂਰ ਕਰੇ ਰੁਸ਼ਨਾਈਆ । ਨਿਹਕਲੰਕਾ ਨਾਉਂ ਰੱਖਾ, ਆਪਣਾ ਕਰਮ ਕਮਾਈਆ । ਸ਼ਬਦ ਡੰਕਾ ਦਏ ਵਜਾ, ਨੌਂ ਖੰਡ ਦਏ ਸੁਣਾਈਆ । ਰਾਓ ਰੰਕਾਂ ਦਏ ਉਠਾ, ਸਾਧਾਂ ਸੰਤਾਂ ਹਿਲਾਈਆ । ਦਵਾਰ ਬੰਕਾ ਦਏ ਸੁਹਾ, ਗੁਰਮੁਖ ਸਾਚੇ ਲਏ ਜਗਾਈਆ । ਜਨ ਜਨਕਾ ਮੇਲਾ ਲਏ ਮਿਲਾ, ਹਰਿ ਭਗਤ ਵੱਡੀ ਵਡਿਆਈਆ । ਜੋਤੀ ਤਨਕਾ ਦਏ ਲਗਾ, ਖਿੱਚੀ ਜਾਏ ਵਾਹੋ ਦਾਹੀਆ । ਵਾਸੀ ਪੁਰੀ ਘਨਕਾ ਦਇਆ ਕਮਾ, ਹਰਿਜਨ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਵੰਡੀ ਰਿਹਾ ਵੰਡਾਈਆ । ਸ਼ਬਦ ਸਰੂਪੀ ਵੰਡੇ ਵੰਡ, ਪਾਰਬ੍ਰਹਮ ਕਰਤਾਰਾ । ਵੇਖ ਵਖਾਏ ਜੇਰਜ ਅੰਡ, ਉਤਭੁਜ ਸੇਤਜ ਪਾਵੇ ਸਾਰਾ । ਮੇਟ ਮਿਟਾਏ ਭੇਖ ਪਖੰਡ, ਨਾ ਕੋਈ ਦਿਸੇ ਦੁਹਾਗਣ ਨਾਰਾ । ਸ਼ਬਦ ਫੜੇ ਚੰਡ ਪਰਚੰਡ, ਸੋਹੰ ਬੋਲੇ ਸਚ ਜੈਕਾਰਾ । ਲੱਖ ਚੁਰਾਸੀ ਵੱਢੇ ਕੰਡ, ਲੋਆਂ ਪੁਰੀਆਂ ਦਏ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਲਏ ਅਵਤਾਰਾ । ਨਿਹਕਲੰਕ ਕਲ ਜਾਮਾ ਧਾਰ, ਨਿਰਗੁਣ ਜੋਤ ਜਗਾਈਆ । ਸਾਲ ਬਵੰਜਾ ਕਰ ਪਿਆਰ, ਪੰਜ ਤਤ ਹੰਢਾਈਆ । ਵੀਹ ਸਦ ਬਿਕ੍ਰਮੀ ਕਰ ਉਜਿਆਰ, ਪੋਹ ਛੱਬੀ ਰੁੱਤ ਸੁਹਾਈਆ । ਜੋਤੀ ਜੋਤ ਮੇਲ ਸੱਚੀ ਸਰਕਾਰ, ਆਪ ਆਪਣਾ ਮੂਲ ਚੁਕਾਈਆ । ਨਿਰਗੁਣ ਜੋਤੀ ਕਰ ਉਜਿਆਰ, ਲੋਕਮਾਤ ਕਰ ਕਰ ਆਇਆ ਧਾਈਆ । ਸਾਚੇ ਮੰਦਰ ਕਰ ਪਿਆਰ, ਅੰਦਰ ਵੜਿਆ ਬੇਪਰਵਾਹੀਆ । ਸਾਢੇ ਤਿੰਨ ਹੱਥ ਮਹੱਲ ਉਸਾਰ, ਸੰਬਲ ਨਗਰੀ ਨਾਉਂ ਧਰਾਈਆ । ਗੋਬਿੰਦ ਖੇੜਾ ਕਰ ਉਜਿਆਰ, ਹਰਿ ਬੈਠਾ ਮੁਖ ਛੁਪਾਈਆ । ਕਲਜੁਗ ਝਗੜਾ ਚਾਰ ਯਾਰ, ਚਾਰੋਂ ਕੁੰਟ ਦੁਹਾਈਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਧਰਤ ਧਵਲ ਕਰੇ ਪੁਕਾਰ, ਗਲ ਪੱਲਾ ਬੈਠੀ ਪਾਈਆ । ਧਰਮ ਰਾਏ ਰਿਹਾ ਲਲਕਾਰ, ਆਪ ਆਪਣੀ ਲਏ ਅੰਗੜਾਈਆ । ਚਿੱਤਰ ਗੁਪਤ ਲੇਖਾ ਰਿਹਾ ਵਿਚਾਰ, ਵਹੀ ਖਾਤਾ ਫੋਲ ਫੋਲਾਈਆ । ਲਾੜੀ ਮੌਤ ਨਾਰ ਮੁਟਿਆਰ, ਸੀਸ ਆਪਣਾ ਰਹੀ ਗੁੰਦਾਈਆ । ਬਸਤਰ ਪਾਏ ਤਨ ਸ਼ੰਗਾਰ, ਸੋਹਣੀ ਬਣਤ ਬਣਾਈਆ । ਨੈਣਾ ਕੱਜਲ ਤਿੱਖੀ ਧਾਰ, ਆਪਣਾ ਰਹੀ ਮਟਕਾਈਆ । ਪੜ੍ਹੀ ਲਿਖੀ ਅਪਰ ਅਪਾਰ, ਲਹਿਣਾ ਦੇਣਾ ਲਏ ਚੁਕਾਈਆ । ਉਠ ਉਠ ਵੇਖੇ ਦਰ ਦਵਾਰ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਕਲਜੁਗ ਕੂੜਾ ਰਿਹਾ ਲਲਕਾਰ, ਅੱਗੋਂ ਭੁਜਾਂ ਉਠਾਈਆ । ਜੂਠ ਝੂਠ ਖੰਡਾ ਦੋ ਧਾਰ, ਆਪਣਾ ਰਿਹਾ ਚਮਕਾਈਆ । ਮਾਇਆ ਮਮਤਾ ਕਰ ਹੰਕਾਰ, ਭੁਲਿਆ ਬੇਪਰਵਾਹੀਆ । ਨਾਰ ਦੁਹਾਗਣ ਵੇਖ ਸੰਸਾਰ, ਰੰਗ ਰਲੀਆਂ ਰਹੀ ਮਨਾਈਆ । ਤ੍ਰਿਸਨਾ ਅਗਨ ਰਹੀ ਸਾੜ, ਪੰਜ ਤਤ ਵਿਕਾਰਾ ਲੰਬੂ ਲਾਈਆ । ਗਟੀਆਂ ਗਿਣ ਗਿਣ ਵੇਖੇ ਸਤਾਰਾ ਹਾੜ, ਕਵਣ ਕੂਟ ਹੋਏ ਰੁਸ਼ਨਾਈਆ । ਵਾਹੋ ਦਾਹੀ ਫਿਰੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੇਰਾ ਪਾਈਆ । ਉਬਲੇ ਰੱਤ ਨਾੜ ਨਾੜ, ਇਕ ਉਬਾਲਾ ਰਿਹਾ ਲਗਾਈਆ । ਨੌਂ ਖੰਡ ਸੱਤ ਦੀਪ ਲੱਗੇ ਇਕ ਉਖਾੜ, ਹਰਿ ਸਾਚੇ ਰਚਨ ਰਚਾਈਆ । ਕਲਜੁਗ ਜੋਧਾ ਅੰਦਰ ਦੇਵੇ ਵਾੜ, ਆਪਣੀਆਂ ਭੁਜਾਂ ਰਿਹਾ ਉਠਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵੰਡ ਵੰਡਾਈਆ । ਵੰਡੀ ਵੰਡ ਧਰਮ ਦਵਾਰੇ, ਹਰਿ ਸਾਚੇ ਧਰਮ ਕਮਾਇਆ । ਰਾਏ ਧਰਮ ਮਾਰੇ ਲਲਕਾਰੇ, ਉਠ ਉਠ ਬੋਲ ਸੁਣਾਇਆ । ਚਿਤਰ ਗੁਪਤ ਪਿਆ ਪੁਕਾਰੇ, ਲੇਖਾ ਲੇਖ ਨਾ ਕੋਈ ਲਿਖਾਇਆ । ਧਰਮ ਸਪੁਤ੍ਰੀ ਸਚ ਦੁਲਾਰੇ, ਸਾਚਾ ਮੁਖ ਦਿਖਾਇਆ । ਲਾੜੀ ਮੌਤ ਕਰ ਪਿਆਰੇ, ਤੇਰਾ ਰਾਹ ਚਲਾਇਆ । ਕਲਜੁਗ ਅੰਤਮ ਵੇਖ ਲੱਖ ਚੁਰਾਸੀ ਜੀਵ ਕਵਾਰੇ, ਹਰਿ ਸਾਚਾ ਕੰਤ ਨਾ ਕਿਸੇ ਵਿਆਹਿਆ । ਨਾਨਕ ਗੋਬਿੰਦ ਬਣ ਲਿਖਾਰੇ, ਜਗ ਲੇਖਾ ਇਹ ਲਿਖਾਇਆ । ਵੇਦ ਵਿਆਸਾ ਵਾਜਾਂ ਮਾਰੇ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਸਾਚੇ ਪਰਬਤ ਕਰੇ ਜੋਤ ਉਜਿਆਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਕਰੇ ਕਰਤਾਰੇ । ਕਲ ਜੋਧਾ ਰਿਹਾ ਲਲਕਾਰ, ਚਾਰੋਂ ਕੁੰਟ ਲਏ ਅੰਗੜਾਈਆ । ਮਿਲਿਆ ਮੇਲ ਮੁਹੰਮਦ ਯਾਰ, ਏਕਾ ਮਤਾ ਪਕਾਈਆ । ਅੱਲਾ ਰਾਣੀ ਕਰੇ ਵਿਚਾਰ, ਸਿਰ ਆਪਣੀ ਚੁੰਨੀ ਲਾਹੀਆ । ਅੰਜੀਲ ਕੁਰਾਨ ਰਹੀ ਲਲਕਾਰ, ਏਕਾ ਅਲਫ਼ ਖ਼ੁਦਾਈਆ । ਸਾਚਾ ਹਲਫ਼ ਉਠਾਏ ਸੱਚੀ ਸਰਕਾਰ, ਸਦੀ ਚੌਧਵੀਂ ਦਏ ਦੁਹਾਈਆ । ਪਰਗਟ ਹੋਏ ਵਿਚ ਸੰਸਾਰ, ਹਰਿ ਨੂਰੋ ਨੂਰ ਅਲਾਹੀਆ । ਬੇਐਬ ਇਕ ਪਰਵਰਦਿਗਾਰ, ਜਗਤ ਨਕ਼ਾਬ ਮੁਖ ਰਖਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਸਚ ਅਮਾਮ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੰਡ ਵੰਡਾਈਆ । ਵੰਡੇ ਵੰਡ ਹਰਿ ਬੇਅੰਤ, ਕਾਰਜ ਕਰਤਾ ਆਪ ਅਖਵਾਇਆ । ਵੇਖ ਵਖਾਏ ਸਾਚੇ ਸੰਤ, ਧਰਨੀ ਧਰਤ ਧਵਲ ਸੁਹਾਇਆ । ਆਪਣੀ ਵਿਦਿਆ ਆਪੇ ਪੜ੍ਹਦਾ, ਆਪਣਾ ਮੰਤਰ ਰਿਹਾ ਚਲਾਇਆ । ਆਪਣੇ ਘੋੜੇ ਆਪੇ ਚੜ੍ਹਦਾ, ਆਪੇ ਰਿਹਾ ਦੌੜਾਇਆ । ਆਪਣੀ ਸ੍ਰਿਸ਼ਟੀ ਆਪੇ ਲੜਦਾ, ਨਾ ਕੋਈ ਦੂਸਰ ਸੰਗ ਰਲਾਇਆ । ਆਪਣੇ ਘਾੜਨ ਆਪੇ ਘੜਦਾ, ਆਪੇ ਦਏ ਮਿਟਾਇਆ । ਲੱਖ ਚੁਰਾਸੀ ਅੰਦਰ ਆਪੇ ਵੜਦਾ, ਆਪੇ ਬਾਹਰ ਹੋ ਜਾਇਆ । ਆਪਣੀ ਅਗਨੀ ਆਪੇ ਸੜਦਾ, ਆਪੇ ਤੇਜ਼ ਵਧਾਇਆ । ਆਪੇ ਲਹਿਣਾ ਦੇਣ ਚੁਕਾਏ ਸੀਸ ਧੜ ਦਾ, ਆਪੇ ਲਏ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੰਡ ਵੰਡਾਇਆ । ਵੰਡੇ ਵੰਡ ਲੋਕਮਾਤ, ਕਲਜੁਗ ਵੇਖ ਵਖਾਈਆ । ਰੈਣ ਅੰਧੇਰਾ ਅੰਧੇਰੀ ਰਾਤ, ਰਵ ਸਸ ਨਾ ਕੋਈ ਰੁਸ਼ਨਾਈਆ । ਭਰਮ ਭੁਲੇਖਾ ਜ਼ਾਤ ਪਾਤ, ਵਰਨ ਬਰਨ ਪਈ ਲੜਾਈਆ । ਸਾਚੀ ਵਸਤ ਨਾ ਦਿਸੇ ਕਿਸੇ ਹਾਟ, ਸਾਚਾ ਵਣਜ ਨਾ ਕੋਈ ਕਰਾਈਆ । ਪੜ੍ਹ ਪੜ੍ਹ ਥੱਕੇ ਪੂਜਾ ਪਾਠ, ਪ੍ਰਭ ਕਾ ਰੂਪ ਦਿਸ ਨਾ ਆਈਆ । ਨਹਾ ਨਹਾ ਥੱਕੇ ਤੀਰਥ ਤਾਟ, ਦੁਰਮਤ ਮੈਲ ਨਾ ਕੋਇ ਗਵਾਈਆ । ਅੰਮ੍ਰਿਤ ਰਸ ਨਾ ਸਕੇ ਚਾਟ, ਨਿਝਰ ਝਿਰਨਾ ਨਾ ਕੋਈ ਝਿਰਾਈਆ । ਨੇੜ ਨਾ ਦਿਸੇ ਕਿਸੇ ਵਾਟ, ਦੂਰੋ ਦੂਰ ਤੜਫਾਈਆ । ਜੋਤ ਨਾ ਜਗੇ ਕਾਇਆ ਮਾਟ, ਡੂੰਘੀ ਕੰਦਰ ਨਾ ਹੋਏ ਰੁਸ਼ਨਾਈਆ । ਦੂਈ ਦਵੈਤੀ ਪੜਦਾ ਗਿਆ ਨਾ ਪਾਟ, ਏਕਾ ਦੂਜਾ ਭੌ ਨਾ ਕੋਈ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਵੰਡ ਵੰਡਾਈਆ । ਨਿਹਕਲੰਕਾ ਨਿਰਗੁਣ ਰੂਪ, ਸ਼ਬਦੀ ਸ਼ਬਦ ਤਰਾਨਾ । ਸ੍ਰਿਸ਼ਟ ਸਬਾਈ ਸਾਚਾ ਭੂਪ, ਪਾਰਬ੍ਰਹਮ ਸ੍ਰੀ ਭਗਵਾਨਾ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਨਾ । ਮੇਟ ਮਿਟਾਏ ਜੂਠ ਝੂਠ, ਮਾਰੇ ਤੀਰ ਨਿਸ਼ਾਨਾ । ਭਗਤ ਵਛਲ ਜਾਏ ਤੁਠ, ਜਨ ਭਗਤਾਂ ਦੇਵੇ ਜੀਆ ਦਾਨਾ । ਏਕਾ ਭਿਛਿਆ ਪਾਏ ਨਾਮ ਮੁਠ, ਸ਼ਬਦ ਸੰਦੇਸ਼ਾ ਦੇਵੇ ਧੁਰ ਫ਼ਰਮਾਣਾ । ਜਗਤ ਵਿਕਾਰਾ ਦੇਵੇ ਕੁੱਠ, ਆਤਮ ਅੰਤਰ ਬਖ਼ਸ਼ੇ ਬ੍ਰਹਮ ਗਿਆਨਾ ।

ਪੰਜ ਤਤ ਵਿਕਾਰਾ ਕੱਢੇ ਕੁੱਟ, ਜੋਧਾ ਸੂਰਬੀਰ ਬਲੀ ਬਲਵਾਨਾ । ਹਰਿ ਕਾ ਤੀਰ ਨਿਰਾਲਾ ਗਿਆ ਛੁੱਟ, ਸੋਹੰ ਰਸਨਾ ਚਿੱਲਾ ਤੀਰ ਕਮਾਨਾ । ਸ੍ਰਿਸ਼ਟ ਸਬਾਈ ਪਾਏ ਫੁੱਟ, ਘਰ ਘਰ ਹੋਏ ਵੈਰਾਨਾ । ਕਲਜੁਗ ਅੰਤਮ ਲਏ ਲੁੱਟ, ਹੋਏ ਮਾਤ ਪਰਧਾਨਾ । ਕੱਚਾ ਫਲ ਜਾਏ ਟੁੱਟ, ਡਾਲ੍ਹ ਫੇਰ ਨਾ ਕਿਸੇ ਲਗਾਨਾ । ਪੁਰਖ ਅਬਿਨਾਸ਼ੀ ਸ਼ਬਦ ਨਗਾਰੇ ਲਾਏ ਏਕਾ ਚੋਟ, ਲੋਆਂ ਪੁਰੀਆਂ ਆਪ ਸੁਨਾਣਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਕੱਢੇ ਖੋਟ, ਮਨਮੁਖ ਕੋਈ ਰਹਿਣ ਨਾ ਪਾਣਾ । ਜੀਵ ਜੰਤ ਆਲਣਿਓਂ ਡਿਗੇ ਬੋਟ, ਫੜ ਬਾਹੋਂ ਨਾ ਕਿਸੇ ਉਠਾਨਾ । ਬਿਨ ਸਤਿਗੁਰ ਪੂਰੇ ਕੋਇ ਨਾ ਦੇਵੇ ਭੰਡਾਰਾ ਅਤੋਟ, ਅਤੁਟ ਭੰਡਾਰ ਨਾ ਕਿਸੇ ਰਖਾਨਾ । ਦਰ ਦਰ ਘਰ ਘਰ ਮੰਦਰ ਮਸਜਿਦ ਗੁਰਦਵਾਰੇ ਲੱਭਦੇ ਫਿਰਦੇ ਕੋਟੀ ਕੋਟ, ਕੋਟੀ ਕੋਟ ਬ੍ਰਹਿਮੰਡਾਂ ਮਾਲਕ ਹੱਥ ਕਿਸੇ ਨਾ ਆਣਾ । ਕੋਟੀ ਕੋਟ ਬੰਨ੍ਹੀ ਫਿਰਦੇ ਤਨ ਲੰਗੋਟ, ਤਨ ਬਸਤਰ ਨਾ ਕੋਈ ਛੁਹਾਨਾ । ਕੋਟੀ ਕੋਟ ਛੱਡੀ ਫਿਰਦੇ ਰੋਟ, ਬਿਨ ਅੰਨ ਜਲ ਨਾ ਮਿਲੇ ਭਗਵਾਨਾ । ਕੋਟੀ ਕੋਟ ਮਾਇਆ ਮਮਤਾ ਭਰੀ ਫਿਰਦੇ ਪੋਟ, ਨਾਲ ਰਲਾਏ ਪੰਜ ਸ਼ੈਤਾਨਾ । ਗੁਰਮੁਖ ਵਿਰਲੇ ਪਾਰਬ੍ਰਹਮ ਸਰਨ ਸਰਨਾਈ ਚਰਨ ਕਵਲ ਜਨ ਏਕਾ ਓਟ, ਮੇਲ ਮਿਲਾਏ ਦੋ ਜਹਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਮਹਾਨਾ । ਖੇਲਣਹਾਰ ਜਗਤ ਖਿਲਾਰੀ, ਜੁਗ ਜੁਗ ਖੇਲ ਖਿਲਾਇੰਦਾ । ਨਿਹਕਲੰਕਾ ਨਰ ਅਵਤਾਰੀ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਤੇਜ ਕਟਾਰੀ, ਆਪਣੇ ਹੱਥ ਰਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਰਿਹਾ ਉਭਾਰੀ, ਸੋਇਆ ਕੋਈ ਰਹਿਣ ਨਾ ਪਾਇੰਦਾ । ਨੌਵਾਂ ਖੰਡਾਂ ਸੱਤਾਂ ਦੀਪਾਂ ਵੇਖੇ ਵਾਰੋ ਵਾਰੀ, ਚਿੱਟੇ ਅਸਵ ਸ਼ਬਦ ਘੋੜੇ ਸੋਲਾਂ ਕਲੀਆਂ ਆਸਣ ਲਾਇੰਦਾ । ਨਿਰਗੁਣ ਜੋਤ ਜਗੇ ਨਿਰੰਕਾਰੀ, ਪੁਰਖ ਅਬਿਨਾਸ਼ੀ ਨਾਉਂ ਧਰਾਇੰਦਾ । ਜਨ ਭਗਤਾਂ ਪੈਜ ਰਿਹਾ ਸਵਾਰੀ, ਦਾਸਨ ਦਾਸੀ ਸੇਵ ਕਮਾਇੰਦਾ । ਅੰਦਰ ਮੰਦਰ ਗੁਪਤ ਜ਼ਾਹਰੀ, ਜੋਤ ਅਕਾਲਾ ਦੀਨ ਦਿਆਲਾ ਸਰਬ ਪ੍ਰਿਤਪਾਲਾ ਆਪ ਅਖਵਾਇੰਦਾ । ਗੁਰਮੁਖ ਸਾਚੇ ਮਾਰ ਉਛਾਲਾ, ਕਾਇਆ ਮੰਦਰ ਅੰਦਰ ਵੇਖ ਇਕ ਸੱਚੀ ਧਰਮਸਾਲਾ, ਧਰਮ ਆਤਮ ਬ੍ਰਹਮ ਪੁਰਖ ਪਰਮਾਤਮ ਉਤਮ ਜ਼ਾਤਮ ਇਕ ਵਖਾਇੰਦਾ । ਉਤਮ ਜ਼ਾਤਾ ਹਰਿ ਕਰਤਾਰਾ, ਏਕਾ ਵਰਨ ਰਖਾਇਆ । ਏਕਾ ਪਿਤਾ ਏਕਾ ਮਾਤਾ, ਏਕਾ ਗੋਦ ਉਠਾਇਆ । ਏਕਾ ਨਾਮ ਏਕਾ ਦਾਤਾ, ਏਕਾ ਝੋਲੀ ਪਾਇਆ । ਏਕਾ ਦਿਵਸ ਏਕਾ ਰਾਤਾ, ਏਕਾ ਵੇਖ ਵਖਾਇਆ । ਏਕਾ ਪੁਰਖ ਏਕਾ ਨਾਤਾ, ਏਕਾ ਤੰਦ ਬੰਧਾਇਆ । ਏਕਾ ਪੁੱਛਣਹਾਰਾ ਵਾਤਾ, ਜੁਗ ਜੁਗ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਏਕਾ ਕਰ, ਏਕਾ ਰੰਗ ਰੰਗਾਇਆ । ਏਕੰਕਾਰ ਇਕ ਅਕੱਲਾ, ਏਕਾ ਕਲ ਵਰਤਾਈਆ । ਇਕ ਵਖਾਏ ਸਚ ਮਹੱਲਾ, ਏਕਾ ਧਾਮ ਸੁਹਾਈਆ । ਏਕਾ ਵਸਿਆ ਜਲਾ ਥਲਾ, ਡੂੰਗੀ ਕੰਦਰ ਆਪ ਟਿਕਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਥਿਰ ਘਰ ਨਾਉਂ ਰਖਾਈਆ । ਲੋਕਮਾਤ ਆਵੇ ਜਾਵੇ ਘੜੀ ਘੜੀ ਪਲ ਪੱਲਾ, ਨਿਤ ਨਵਿਤ ਬਣਤ ਬਣਾਈਆ । ਭਗਤਾਂ ਸੰਤਾਂ ਦੂਈ ਦਵੈਤੀ ਮੇਟੇ ਸੱਲਾ, ਏਕਾ ਸ਼ਬਦ ਕਰੇ ਕੁੜਮਾਈਆ । ਦੀਪਕ ਜੋਤੀ ਏਕਾ ਬੱਲਾ, ਏਕਾ ਨੂਰ ਕਰੇ ਰੁਸ਼ਨਾਈਆ । ਪੰਜ ਤਤ ਵਿਕਾਰ ਨਾ ਕਰੇ ਹੱਲਾ, ਬੈਠੇ ਮੁਖ ਸ਼ਰਮਾਈਆ । ਗੁਰਸਿਖ ਤੇਰਾ ਫੜਿਆ ਪੱਲਾ, ਚਲ ਆਇਆ ਧੁਰਦਰਗਾਹੀਆ । ਹਰਿਸੰਗਤ ਵੇਖਿਆ ਨਿਹਚਲ ਧਾਮ ਅਟੱਲਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਸ਼ਬਦੀ ਆਪੇ

ਰੱਲਾ, ਆਪਣੀ ਬਣਤ ਬਣਾਈਆ । ਹਰਿਸੰਗਤ ਤੇਰੇ ਦਰ ਦਵਾਰੇ ਖੱਲਾ, ਦੋਏ ਜੋੜ ਸੀਸ ਝੁਕਾਈਆ । ਪਾਰਬ੍ਰਹਮ ਸ਼ਬਦ ਸੁਨੇਹੜਾ ਪੰਜ ਤਤ ਆਪਣੀ ਹੱਥੀਂ ਘੱਲਾ, ਸੋਹੰ ਢੋਲਾ ਏਕਾ ਗਾਈਆ । ਹੋਏ ਸਹਾਈ ਜਲਾ ਥਲਾ, ਦੋ ਜਹਾਨਾਂ ਪਾਰ ਕਰਾਈਆ । ਚਰਨ ਦਵਾਰਾ ਜਿਸ ਜਨ ਮੱਲਾ, ਧਰਮ ਰਾਏ ਨਾ ਦਏ ਸਜਾਈਆ । ਲਾੜੀ ਮੌਤ ਨੇਤਰ ਮੁਖ ਪਾਏ ਪੱਲਾ, ਗੁਰਸਿਖ ਤੇਰੇ ਦਰ ਨਾ ਆਈਆ । ਅੰਤਮ ਅੰਤ ਅੰਤ ਕਾਲ ਪਾਰਬ੍ਰਹਮ ਨਿਰਗੁਣ ਰੂਪ ਤੇਰੇ ਦਰ ਦਵਾਰੇ ਖਲਾ, ਪੂਰਨ ਪੰਜ ਤਤ ਦਰਸਾਈਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲਾ ਛਲਾ, ਵਾਹ ਵਾਹ ਵੱਡੀ ਵਡਿਆਈਆ । ਗੁਰ ਗੋਬਿੰਦ ਦਵਾਰਾ ਏਕਾ ਮੱਲਾ, ਢਹਿ ਪਿਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੀਹ ਸਦ ਬਿਕ੍ਰਮੀ ਕਰੇ ਰੁਸ਼ਨਾਈਆ । ਵੀਹ ਸਦ ਕਰ ਉਜਿਆਰਾ, ਏਕਾ ਰੂਪ ਦਰਸਾਇਆ । ਏਕਾ ਦੂਆ ਖੇਲ ਨਿਆਰਾ, ਤੀਜੇ ਵੇਸ ਵਟਾਇਆ । ਚੌਥੇ ਸੋਹੇ ਬੰਕ ਦਵਾਰਾ, ਪੰਚਮ ਪਾਰ ਕਰਾਇਆ । ਛੇਵੇਂ ਛੱਪਰ ਛੰਨ ਨਾ ਕੋਈ ਸਹਾਰਾ, ਸੱਤ ਸੱਤਵੇਂ ਆਪ ਦਰਸਾਇਆ । ਅੱਠਾਂ ਤੱਤਾਂ ਕਰ ਕਿਨਾਰਾ, ਨੌਂ ਦਰ ਧੱਕਾ ਲਾਇਆ । ਦਸਵੇਂ ਮੇਲਾ ਪੁਰਖ ਅਪਾਰਾ, ਆਪਣਾ ਆਪ ਕਰਾਇਆ । ਗੁਰਮੁਖ ਸਾਚੇ ਕਰ ਵਿਚਾਰਾ, ਵੀਹ ਸਦ ਅਧਾਰ ਬੰਧਾਇਆ । ਛੋਟਾ ਬਾਲਾ ਕਰ ਪਿਆਰਾ, ਪ੍ਰਭ ਸਾਚੇ ਅੱਗੇ ਲਾਇਆ । ਹਰਿਸੰਗਤ ਤੇਰਾ ਚੁੱਕਿਆ ਭਾਰਾ, ਪ੍ਰਭ ਸਾਚੇ ਗੋਦ ਉਠਾਇਆ । ਨਿਰਧਨਾ ਦੇਵੇ ਇਕ ਸਹਾਰਾ, ਨਿਉਂ ਨਿਉਂ ਸੀਸ ਝੁਕਾਇਆ । ਸਾਢੇ ਤਿੰਨ ਹੱਥ ਬਣਾਇਆ ਮੰਦਰ ਦਵਾਰਾ, ਲੋਕਮਾਤ ਨਿਸ਼ਾਨ ਗਡਾਇਆ । ਰਵ ਸਸ ਕਰਨ ਨਿਮਸਕਾਰਾ, ਦੋਏ ਜੋੜ ਸੀਸ ਝੁਕਾਇਆ । ਸਤਿਜੁਗ ਧਾਮ ਬਣੇ ਨਿਆਰਾ, ਲੱਖ ਚੁਰਾਸੀ ਹੋਏ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ ਤੇਰੇ ਅੱਗੇ ਧਰ, ਸਾਢੇ ਤਿੰਨ ਹੱਥ ਤੇਰੀ ਝੋਲੀ ਪਾਇਆ । ਤੇਰਾ ਲਹਿਣਾ ਸਾਢੇ ਤਿੰਨ ਹੱਥ, ਤੇਰੀ ਵੰਡ ਵੰਡਾਈਆ । ਪਰਗਟ ਹੋ ਹਰਿ ਸਮਰਥ, ਗੁਰਮੁਖਾਂ ਗੰਢ ਘਲਾਈਆ । ਸੋਲਾਂ ਮੱਘਰ ਕਰ ਅਕੱਠ, ਵਾਹ ਵਾਹ ਵੰਡ ਵੰਡਾਈਆ । ਏਕਾ ਮੰਦਰ ਗਿਆ ਢੱਠ, ਹਰਿਸੰਗਤ ਸੰਗ ਗਿਆ ਨਿਭਾਈਆ । ਪਾਰਬ੍ਰਹਮ ਆਪ ਬਣਾਇਆ ਆਪਣੀ ਹੱਥੀਂ ਮੱਠ, ਜੋਤੀ ਲੰਬੂ ਲਾਈਆ । ਉਤੇ ਚੜ੍ਹਿਆ ਆਪੇ ਨੱਠ, ਸੱਜਾ ਚਰਨ ਟਿਕਾਈਆ । ਬਾਲ ਅਵਾਣਾ ਗੋਦੀ ਵੜਿਆ ਫਟ, ਆਪਣਾ ਮੂਲ ਚੁਕਾਈਆ । ਸਚਖੰਡ ਦਵਾਰਾ ਵੇਖਿਆ ਸਾਚਾ ਹੱਟ, ਪ੍ਰਭ ਬੈਠਾ ਬੇਪਰਵਾਹੀਆ । ਬਣਿਆ ਖੇਲ ਨਟੂਆ ਨੱਟ, ਕਲਜੁਗ ਸਾਂਗ ਵਰਤਾਈਆ । ਕਲਜੁਗ ਕਾਇਆ ਹੋਏ ਭੱਠ, ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੀਹ ਸਦ ਬਿਕ੍ਰਮੀ ਗਿਆਰਾਂ ਧਾਰ ਨਾਲ ਰਲਾਈਆ । ਏਕਾ ਜੋਤ ਇਕ ਪਿਆਰ, ਏਕਾ ਰੰਗ ਰੰਗਾਇਆ । ਮਿਲਿਆ ਮੇਲ ਮੀਤ ਮੁਰਾਰ, ਮਨਜੀਤਾ ਮੇਲ ਮਿਲਾਇਆ । ਬੈਠਾ ਆਪ ਸੱਚੇ ਦਰਬਾਰ, ਸਤਿਜੁਗ ਸਾਚੀ ਰੀਤ ਵਖਾਇਆ । ਕਾਇਆ ਸੀਤ ਵਿਚ ਸੰਸਾਰ, ਮਾਤ ਪਿਤ ਨਾ ਹੋਇ ਕੋਈ ਹਲਕਾਇਆ । ਅੱਖੀਂ ਮੀਟ ਤਜ ਗਿਆ ਘਰ ਬਾਰ, ਘਰ ਅਨਡੀਠ ਏਕਾ ਪਾਇਆ । ਜਾਂਦੀ ਵਾਰੀ ਕਹਿ ਗਿਆ ਪੁਕਾਰ, ਹਰਿਸੰਗਤ ਇਹ ਸਮਝਾਇਆ । ਹਰਿ ਕਾ ਸਿਖ ਛੱਡੇ ਸੰਸਾਰ, ਹਰਿ ਹਰਿ ਰੂਪ ਸਮਾਇਆ । ਮਾਤ ਪਿਤਾ ਨਾ ਨੇਤਰ ਵਹਾਏ ਕੋਈ ਧਾਰ, ਘਰ ਸੱਥਰ ਨਾ ਕੋਈ ਵਿਛਾਇਆ । ਗਾਓ ਗੀਤ ਗੋਬਿੰਦ ਕਰਤਾਰ, ਜਿਸ ਦਾ ਲਹਿਣਾ ਉਸ ਦੀ ਝੋਲੀ ਪਾਇਆ । ਰੀਤ ਚਲਾਈ ਵਿਚ ਸੰਸਾਰ, ਗੁਰ ਗੋਬਿੰਦ ਰਾਹ ਵਖਾਇਆ । ਭਰਮੇ ਭੁੱਲੇ ਜੀਵ ਗਵਾਰ, ਪੰਥ

੪੪੬
੦੭

ਖਾਲਸੇ ਭੇਵ ਨਾ ਆਇਆ । ਅੰਤਮ ਜੋਤੀ ਜਾਮਾ ਲਏ ਅਵਤਾਰ, ਆਪਣੀ ਕਾਰ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਮਾਰਗ ਲਾਇਆ । ਸਤਿਜੁਗ ਸਾਚਾ ਮਾਰਗ ਲਾ, ਹਰਿਸੰਗਤ ਇਹ ਸਮਝਾਇੰਦਾ । ਮਾਤ ਪਿਤ ਭਾਈ ਭੈਣ ਸਾਕ ਸੱਜਣ ਝੂਠਾ ਹਿਤ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਬਿਨ ਹਰਿ ਵੈਰਾਗ ਨਾ ਹੋਏ ਕਿਸੇ ਜਿਤ, ਆਵਣ ਜਾਵਣ ਖੇਲ ਖਿਲਾਇੰਦਾ । ਗੁਰਮੁਖਾਂ ਦਰਸ ਦਿਖਾਏ ਨਾ ਕੋਈ ਵੇਖੇ ਵਾਰ ਥਿਤ, ਘਰ ਘਰ ਫੇਰੀ ਪਾਇੰਦਾ । ਮਾਨਸ ਜਨਮ ਜਨ ਲਏ ਜਿਤ, ਜੋ ਜਨ ਬਚਨੀ ਬਚਨ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਾਚਾ ਰਾਹ ਜੋਤ ਅਕਾਲਣ, ਏਕਾ ਏਕ ਚਲਾਈਆ । ਗੁਰਸਿਖ ਤੇਰੀਆਂ ਹੱਡੀਆਂ ਨਾ ਜਾਏ ਕੋਈ ਉਠਾਲਣ, ਜਲ ਧਾਰ ਨਾ ਕੋਈ ਰੁੜ੍ਹਾਈਆ । ਤੇਰੀ ਕਰੇ ਆਪ ਪ੍ਰਿਤਪਾਲਣ, ਜਿਸ ਦਿਤੀ ਬਣਤ ਬਣਾਈਆ । ਦੂਜੇ ਦਰ ਕਿਉਂ ਹੋਏ ਸਵਾਲਣ, ਜਿਸ ਮਿਲਿਆ ਬੇਪਰਵਾਹੀਆ । ਪੁਰਖ ਅਬਿਨਾਸ਼ੀ ਸਾਚੀ ਮਾਲਣ, ਧੁਰਦਰਗਾਹੀ ਲੈ ਕੇ ਆਵੇ ਖਾਰੀ ਸਿਰ ਉਠਾਈਆ । ਗੁਰਮੁਖਾਂ ਕਰੇ ਆਪ ਸੰਭਾਲਣ, ਸਰ ਸਰੋਵਰ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਰਿਹਾ ਲਗਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਚਾਰ ਵਰਨ ਜਣਾਇਆ । ਮੜ੍ਹੀ ਗੋਰ ਨਾ ਕਿਸੇ ਦਬੌਣਾ, ਨਾ ਕੋਈ ਖ਼ਾਕ ਖ਼ਾਕ ਦਬਾਇਆ । ਏਕਾ ਮੱਠ ਹਰਿ ਤਪੌਣਾ, ਲਹਿਣਾ ਦੇਣਾ ਬਾਕੀ ਦਏ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਗਿਆਰਾ ਨੀਂਹ ਧਰ, ਸਤਾਰਾ ਹਾੜੀ ਦਿਵਸ ਸੁਹਾਇਆ । ਸਾਢੇ ਤਿੰਨ ਹੱਥ ਤੇਰਾ ਮੂਲ ਚੁਕਾ, ਆਪਣੀ ਬਣਤ ਬਣਾਈਆ । ਪਹਿਲੀ ਚੇਤਰ ਲੇਖ ਲਿਖਾ, ਗੁਰਸਿਖਾਂ ਦਰ ਪੁਜਾਈਆ । ਪੁਰਖ ਅਗੰਮ ਅਗੰਮੜੀ ਕਾਰ ਕਮਾ, ਦੇ ਮਤ ਰਿਹਾ ਸਮਝਾਈਆ । ਹਾੜ ਸਤਾਰਾ ਚੜ੍ਹਿਆ ਚਾ, ਵੀਹ ਸੌ ਬਾਰਾਂ ਬਿਕ੍ਰਮੀ ਦਏ ਦੁਹਾਈਆ । ਪਰਗਟ ਹੋਇਆ ਬੇਪਰਵਾਹ, ਸਾਧਾਂ ਸੰਤਾਂ ਰਿਹਾ ਹਿਲਾਈਆ । ਵੀਹ ਸੌ ਦਸ ਗਿਆਰਾ ਏਕਾ ਰਾਹ, ਬਾਰਾਂ ਮੂਲ ਚੁਕਾਈਆ । ਨੌਂ ਦਰ ਸੁਹਾਏ ਸਾਚਾ ਥਾਂ, ਏਕਾ ਇਕੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਰਘੁਰਾਈਆ । ਵੀਹ ਸਦ ਬਾਰਾਂ ਕਰ ਪਿਆਰ, ਹਰਿਸੰਗਤ ਮੇਲ ਮਿਲਾਇਆ । ਲੰਗਰ ਚਲਾਇਆ ਵਿਚ ਸੰਸਾਰ, ਹਰਿ ਮੰਦਰ ਫੜ ਫੜਾਇਆ । ਉਨੀ ਹਾੜ ਵੇਖ ਵਿਚਾਰ, ਸਾਚਾ ਸਮਾਂ ਸੁਹਾਇਆ । ਗੁਰਮੁਖ ਬਣਾਏ ਸਾਚੇ ਲਾੜ, ਸਾਚੇ ਘੋੜੇ ਦਏ ਚੜ੍ਹਾਇਆ । ਸਾਚੇ ਮੰਦਰ ਦੇਵੇ ਵਾੜ, ਏਕਾ ਕੁੰਡਾ ਲਾਹਿਆ । ਅੱਗ ਨਾ ਲੱਗੇ ਤੱਤੀ ਹਾੜ, ਸੀਤਲ ਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਜਾਮ ਪਿਆਇਆ । ਗੁਰਸਿਖਾਂ ਅੰਮ੍ਰਿਤ ਜਾਮ ਪਿਆ, ਆਪਣੀ ਦਇਆ ਕਮਾਇੰਦਾ । ਸਾਧਾਂ ਸੰਤਾਂ ਰਿਹਾ ਉਠਾ, ਵੀਹ ਸਦ ਤੇਰਾਂ ਵੇਖ ਵਖਾਇੰਦਾ । ਪਹਿਲੀ ਚੇਤਰ ਚਰਨ ਉਠਾ, ਰਾਜ ਰਾਜਾਨਾ ਆਪ ਠੁਕਰਾਇੰਦਾ । ਦਸ ਚੇਤਰ ਮੁੜਕੇ ਆ, ਦਹਿ ਦਿਸ਼ਾ ਭੋਗ ਭੁਗਾਇੰਦਾ । ਦਸਵਾਂ ਘਰ ਕੋਈ ਜਾਣੇ ਨਾ, ਸਾਧ ਸੰਤ ਰਾਹ ਵਿਚ ਸਰਬ ਤੜਫਾਇੰਦਾ । ਹਰਿ ਕੰਤ ਸੱਚਾ ਰੰਗ ਕੋਈ ਜਾਣੇ ਨਾ, ਮੋਹਣ ਮਾਧਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪਣੇ ਹੱਥ ਰਖਾਇੰਦਾ । ਪਹਿਲੀ ਅੱਸੂ ਕਰ ਤਿਆਰੀ, ਰਾਵਣ ਗੜ੍ਹ ਤੁੜਾਇੰਦਾ । ਦੂਜੀ ਅੱਸੂ ਨਰ ਨਿਰੰਕਾਰੀ, ਭੇਖ ਪਖੰਡਾ ਮੁਖ ਭਵਾਇੰਦਾ । ਤੀਜੀ ਅੱਸੂ ਖੇਲ ਨਿਆਰੀ, ਆਪਣੀ ਬਣਤ ਬਣਾਇੰਦਾ । ਸ਼ਾਹ ਸੁਲਤਾਨਾ ਕਰੇ ਖ਼ਬਰਦਾਰੀ, ਰਾਸ਼ਟਰਪਤ

ਆਪ ਉਠਾਇੰਦਾ । ਪੰਜ ਨਿਸ਼ਾਨਾ ਦੇਵੇ ਜੋਧਾ ਸੂਰਬੀਰ ਬਲੀ ਬਲਕਾਰੀ, ਦੇ ਮਤ ਆਪ ਸਮਝਾਇੰਦਾ । ਭੁੱਲ ਨਾ ਜਾਣਾ ਜੀਵ ਗਵਾਰੀ, ਹਰਿ ਸਾਚਾ ਖੇਲ ਖਿਲਾਇੰਦਾ । ਨਿਰਗੁਣ ਜੋਤੀ ਇਕ ਉਜਿਆਰੀ, ਭਾਰਤ ਖੰਡੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਸੰਮਤ ਚੌਦਾਂ ਹਰਿ ਭਗਵੰਤ, ਵੀਹ ਸਦ ਖੇਲ ਖਿਲਾਇਆ । ਗੁਰਮੁਖ ਵੇਖੇ ਸਾਚੇ ਸੰਤਾਂ, ਏਕਾ ਇਕੀ ਪਾਇਆ । ਆਪ ਬਣਾਏ ਸਾਚੀ ਬਣਤਾ, ਤਿੱਖੀ ਧਾਰ ਧਰਾਇਆ । ਭੇਵ ਨਾ ਪਾਏ ਜੀਵ ਜੰਤਾ, ਮੁਨੀ ਰਿਖੀ ਬੈਠੇ ਮੁਖ ਛੁਪਾਇਆ । ਮੇਲ ਮਿਲਾਵਾ ਨਾਰੀ ਕੰਤਾ, ਘਰ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਕੀ ਇਕੀ ਵਾਰ ਏਕਾ ਸਿਖੀ ਕਰ ਤਿਆਰ, ਚਾਰ ਵਰਨਾਂ ਅਠਾਰਾਂ ਬਰਨਾਂ ਏਕਾ ਰਾਹ ਚਲਾਇਆ । ਵੀਹ ਸਦ ਪੰਦਰਾਂ ਹਰਿ ਨਿਰੰਕਾਰ, ਆਪਣੀ ਬਣਤ ਬਣਾਇੰਦਾ । ਪਹਿਲੀ ਚੇਤਰ ਹੋ ਤਿਆਰ, ਸਚਖੰਡ ਉਠ ਧਾਇੰਦਾ । ਤ੍ਰੈ ਤ੍ਰੈ ਵੰਡੇ ਵੰਡ ਅਪਾਰ, ਬ੍ਰਹਮਲੋਕ ਸ਼ਿਵਲੋਕ ਇੰਦਲੋਕ ਵੇਖ ਵਖਾਇੰਦਾ । ਚੌਦਾਂ ਲੋਕਾਂ ਦਏ ਹੁਲਾਰ, ਸੱਤ ਸੱਤ ਮੂਲ ਚੁਕਾਇੰਦਾ । ਅੰਤਮ ਵੇਖੇ ਸਤਾਰਾਂ ਹਾੜ, ਹਰਿਸੰਗਤ ਦਰ ਸੁਹਾਇੰਦਾ । ਲਹਿਣਾ ਦੇਣਾ ਚੁਕੇ ਉਨੀ ਹਾੜ, ਲਹਿਣਾ ਦੇਣਾ ਝੋਲੀ ਪਾਇੰਦਾ । ਖੇਲੇ ਖੇਲ ਹਰਿ ਗਿਰਧਾਰ, ਨਵਾਂ ਸੱਤਾਂ ਵੇਖ ਵਖਾਇੰਦਾ । ਭਾਰਤ ਖੰਡ ਕਰ ਪਿਆਰ, ਪਹਿਲੀ ਕੱਤਕ ਚਰਨ ਟਿਕਾਇੰਦਾ । ਪਟਨਾ ਨਿਵਾਸੀ ਕਰ ਵਿਚਾਰ, ਪਟ ਪਟਨਾ ਵੇਖ ਵਖਾਇੰਦਾ । ਪੱਪਾ ਪੁਰਖ ਅਪਾਰ, ਟੈਂਕਾ ਟੁੱਟੀ ਗੰਢ ਬੰਧਾਇੰਦਾ । ਨੰਨਾ ਨਿਰਗੁਣ ਖੇਲ ਅਪਰ ਅਪਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸਾਤਾ ਭਾਰਤ ਵੰਡ ਆਪਣੀ ਧਾਰ ਬੰਧਾਇੰਦਾ । ਅੱਠ ਕੱਤਕ ਹਰਿ ਨਿਰੰਕਾਰ, ਆਪਣੀ ਧਾਰ ਚਲਾਇੰਦਾ । ਸ਼ਬਦ ਸਰੂਪੀ ਹੋ ਤਿਆਰ, ਗੁਰਮੁਖ ਸੰਗ ਰਖਾਇੰਦਾ । ਖੇਲੇ ਖੇਲ ਅਪਰ ਅਪਾਰ, ਆਪੇ ਵੇਖ ਵਖਾਇੰਦਾ । ਲੰਕਾ ਵੇਖੇ ਸਚ ਸੱਚਾ ਘਰ ਬਾਰ, ਗੜ ਹੰਕਾਰੀ ਤੋੜ ਤੁੜਾਇੰਦਾ । ਤੀਰਥ ਤੱਟਾਂ ਪਾਵੇ ਸਾਰ, ਛੱਤੀ ਜੁਗਾਂ ਮੂਲ ਚੁਕਾਇੰਦਾ । ਸੋਲਾਂ ਕਲੀਆਂ ਤਨ ਸ਼ੰਗਾਰ, ਹਰਿ ਸਾਚਾ ਆਪ ਲਗਾਇੰਦਾ । ਗੁਰਮੁਖ ਵੇਖੇ ਸਚ ਦਵਾਰ, ਸਾਚੀ ਵੰਡ ਕਰਾਇੰਦਾ । ਸੋਲਾਂ ਖੋਲ੍ਹੇ ਬੰਦ ਕਿਵਾੜ, ਗੁਰਮੁਖ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਮੱਘਰ ਮੁਖ ਧਰ, ਉਨੀ ਮੱਘਰ ਲੇਖ ਚੁਕਾਇੰਦਾ । ਉਨੀ ਮੱਘਰ ਲੇਖਾ ਚੁੱਕੇ, ਪੰਚਮ ਪੰਚ ਸਮਾਇਆ । ਛੇਵੇਂ ਦਰ ਲਾਏ ਲੇਖੇ, ਪਾਂਚਾ ਏਕਾ ਇਕ ਬਣਾਇਆ । ਇਕ ਇਕਵੰਜਾ ਰਿਖੀ ਕੇਸ਼ੇ, ਗਵਰਧਨ ਧਾਰ ਉਠਾਇਆ । ਦਸ ਲਗਾਏ ਆਪਣੇ ਲੇਖੇ, ਵੀਹ ਮੱਘਰ ਕਰ ਰੁਸ਼ਨਾਇਆ । ਉਨੰਤੀ ਮੱਘਰ ਦਸ ਦਸਮੇਸੇ, ਗੁਰਮੁਖਾਂ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਪੰਦਰਾਂ ਤੇਰੀ ਧਾਰ ਆਪੇ ਰਿਹਾ ਚਲਾਇਆ । ਛੱਤੀ ਜੁਗ ਛੱਤੀ ਰਾਗ, ਛੱਤੀ ਦਿਨ ਵਡਿਆਈਆ । ਛੱਤੀ ਮੀਲ ਹੀਰਾ ਘਾਟ, ਸਾਚਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਸੋਲਾਂ ਦਿਵਸ ਸੋਲਾਂ ਰਾਤ, ਸੋਲਾਂ ਪਰਭਾਤ ਸੋਲਾਂ ਪਰਵਿਸ਼ਟੇ ਵੇਖ ਵਖਾਇੰਦਾ । ਗੁਰਮੁਖਾਂ ਅੰਦਰ ਵੇਖੇ ਮਾਰ ਝਾਤ, ਦ੍ਰਿਸ਼ਟ ਦ੍ਰਿਸ਼ਟ ਆਪ ਖੁਲ੍ਹਾਇੰਦਾ । ਆਪੇ ਬੈਠਾ ਇਕ ਅਕਾਂਤ, ਏਕਾ ਇਸ਼ਟ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਆਪ ਕਰਾਇੰਦਾ ।

## ✻ ਪਹਿਲੀ ਸਾਵਣ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✻

੪੪੯ ੦੨ ਪ੍ਰੇਮ ਵਿਛੌਣਾ ਸ਼ਬਦ ਸਿੰਘਾਸਣ, ਗੁਰਮੁਖਾਂ ਬੰਕ ਦਵਾਰ । ਆਪ ਵਿਛਾਏ ਪੁਰਖ ਅਬਿਨਾਸ਼ਨ, ਸੇਵਕ ਸੇਵਾਦਾਰ । ਖੇਲੇ ਖੇਲ ਸ਼ਾਹੋ ਸ਼ਬਾਸਨ, ਨਿਰਗੁਣ ਰੂਪ ਨਿਰੰਕਾਰ । ਭੇਵ ਨਾ ਪਾਏ ਪ੍ਰਿਥਮੀ ਅਕਾਸ਼ਨ, ਗਗਨ ਪਤਾਲ ਰਹੇ ਵਿਚਾਰ । ਕਰੋੜ ਤੇਤੀਸਾ ਦਾਸੀ ਦਾਸਨ, ਸ਼ਿਵ ਸ਼ੰਕਰ ਕਰਨ ਨਿਮਸਕਾਰ । ਬ੍ਰਹਮਾ ਵੇਤਾ ਹੋਏ ਉਦਾਸਨ, ਨੇਤਰ ਵੇਖੇ ਖੋਲ੍ਹ ਉਘਾੜ । ਗੁਰਮੁਖ ਸਾਜਨ ਸਾਚੇ ਮੀਤ ਘਰ ਸੱਚੇ ਤੇਰਾ ਆਸਣ, ਮਿਲਿਆ ਪੁਰਖ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲਣਹਾਰ ਵਿਚ ਸੰਸਾਰ । ਘਰ ਸੇਜਾ ਹਰਿ ਸੁੱਤੜਾ, ਨੈਨਣ ਨੈਣ ਮੁੰਧਾਰ । ਗੁਰਸਿਖ ਮਨਾਇਆ ਰੁਠੜਾ, ਸੁਹਾਇਆ ਬੰਕ ਦਵਾਰ । ਪਾਰਬ੍ਰਹਮ ਪੁਰਖ ਪੁਰਖ ਅਨਡਿਠੜਾ, ਲੋਕਮਾਤੀ ਰਿਹਾ ਪੈਜ ਸਵਾਰ । ਲੱਖ ਚੁਰਾਸੀ ਰੱਖੇ ਏਕਾ ਮੁਠੜਾ, ਬ੍ਰਹਿਮੰਡ ਖੰਡ ਪਾਵੇ ਸਾਰ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠੜਾ, ਲੇਖਾ ਲਿਖਿਆ ਧੁਰ ਦਰਬਾਰ । ਪਾਰਬ੍ਰਹਮ ਅਬਿਨਾਸ਼ੀ ਅਚੁਤੜਾ, ਚੇਤਨ ਰੂਪ ਸੱਚੀ ਸਰਕਾਰ । ਕਲਜੁਗ ਅੰਤ ਸੁਹਾਈ ਰੁਤੜਾ, ਨਿਹਕਲੰਕਾ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਵਿਚ ਸੰਸਾਰ । ਆਤਮ ਸੇਜਾ ਹਰਿ ਸੁਹੌਣੀ, ਹਰਿ ਮੂਰਤ ਅਕਾਲਾ । ਹਰਿਜਨ ਪੂਰ ਕਰਾਏ ਭਾਵਨੀ, ਪਾਰਬ੍ਰਹਮ ਪ੍ਰਭ ਦੀਨ ਦਿਆਲਾ । ਨੇੜ ਨਾ ਆਏ ਕਾਮਨ ਕਾਮਨੀ, ਤੋੜ ਤੁੜਾਏ ਜਗਤ ਜੰਜਾਲਾ । ਅੰਤ ਮੇਟੇ ਰੈਣ ਅੰਧੇਰੀ ਸ਼ਾਮਨੀ, ਸੇਵਾ ਲਾਏ ਜੋਤ ਜਵਾਲਾ । ਧੁਰਦਰਗਾਹੀ ਆਪ ਬੰਧਾਏ ਆਪਣੀ ਦਾਮਨੀ, ਕਾਲ ਮਹਾਂਕਾਲ ਹੋਏ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ੪੪੯ ੦੨ ਗੁਰਮੁਖ ਸੁਹਾਏ ਦਇਆ ਕਮਾਏ, ਮੇਲ ਮਿਲਾਏ ਸੱਚੀ ਧਰਮਸਾਲਾ । ਸਾਚਾ ਮੰਦਰ ਸਾਚਾ ਘਰ, ਹਰਿ ਹਰਿ ਆਪ ਸੁਹਾਇਆ । ਗੁਰਮੁਖ ਸਾਜਨ ਮਿਲਿਆ ਵਰ, ਘਰ ਸਾਚੇ ਆਪ ਦਵਾਇਆ । ਪੁਰਖ ਪੁਰਖੋਤਮ ਮਿਲਿਆ ਨਰ, ਨਰਾਇਣ ਨਰ ਨਾਉਂ ਧਰਾਇਆ । ਆਵਣ ਜਾਵਣ ਚੁੱਕਿਆ ਡਰ, ਸਗਲਾ ਭੌ ਗਵਾਇਆ । ਕਰਤਾ ਕਰਨੀ ਰਿਹਾ ਕਰ, ਜੁਗ ਜੁਗ ਕਰਦਾ ਆਇਆ । ਜਨ ਭਗਤਾਂ ਭੰਡਾਰੇ ਰਿਹਾ ਭਰ, ਦੇਵਣਹਾਰ ਸ੍ਰਿਸ਼ਟ ਸਬਾਇਆ । ਇਕ ਸੁਹਾਏ ਸਾਚਾ ਸਰ, ਚਰਨ ਧੂੜੀ ਤਾਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਘਰ ਸਾਚੇ ਮੇਲ ਮਿਲਾਇਆ । ਮੇਲ ਮਿਲਾਵਾ ਸ਼ਾਹੋ ਸ਼ਬਾਸ, ਘਰ ਮੰਦਰ ਵੱਜੇ ਵਧਾਈਆ । ਪੂਰ ਕਰਾਏ ਘਰ ਘਰ ਆਸ, ਨਿਰਾਸ ਨਾ ਕੋਈ ਰਖਾਈਆ । ਜਿਸ ਜਨ ਗਾਇਆ ਸਵਾਸ ਸਵਾਸ, ਦਸ ਮਾਸ ਨਾ ਫੇਰਾ ਪਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਪਰਭਾਸ, ਡੂੰਘੀ ਕੰਦਰ ਫੇਰਾ ਪਾਈਆ । ਹਰ ਘਟ ਅੰਦਰ ਪਾਵੇ ਰਾਸ, ਨਿਰਗੁਣ ਦਾਤਾ ਬੇਪਰਵਾਹੀਆ । ਸਦਾ ਸੁਹੇਲਾ ਵਸਿਆ ਪਾਸ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਮੇਲ ਘਰ, ਘਰ ਸਾਚੇ ਵੱਜੇ ਵਧਾਈਆ । ਸਾਚੇ ਘਰ ਨਾਦ ਅਨਾਦਾ, ਹਰਿ ਹਰਿ ਆਪ ਵਜਾਇਆ । ਜੀਓ ਪਿੰਡ ਖੋਜ ਬ੍ਰਹਿਮਾਦਾ, ਗੁਰਮੁਖ ਮੇਲ ਮਿਲਾਇਆ । ਹਰਿਜਨ ਮੇਲਾ ਆਦਿ ਜੁਗਾਦਾ, ਹਰਿ ਕਰਤਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਮੰਦਰ ਇਕ ਸੁਹਾਇਆ । ਘਰ ਮੰਦਰ ਢੋਲ ਮਰਦੰਗਾ, ਹਰਿ ਸਾਚਾ ਆਪ ਵਜਾਇੰਦਾ । ਰੂਪ ਅਨੂਪ ਸੂਰਾ ਸਰਬੰਗਾ, ਸਚ ਸਿਤਾਰ ਹਿਲਾਇੰਦਾ । ਰੂਪ ਰੇਖ ਨਾ ਕੋਈ

ਅਨਰੰਗਾ, ਨਾਦ ਅਨਾਦੀ ਵੇਖ ਵਖਾਇੰਦਾ । ਜੋਤੀ ਸ਼ਬਦੀ ਸਦਾ ਹਰਿ ਸੰਗਾ, ਸਗਲਾ ਸੰਗ ਨਿਭਾਇੰਦਾ । ਗੁਰਮੁਖ ਦਾਨ ਏਕਾ ਮੰਗਾ, ਨਾਮ ਭੰਡਾਰਾ ਝੋਲੀ ਪਾਇੰਦਾ । ਲੇਖੇ ਲਾਏ ਕਾਇਆ ਕਾਚੀ ਵੰਗਾ, ਕੰਚਨ ਗੜ੍ਹ ਸੁਹਾਇੰਦਾ । ਮਾਨਸ ਜਨਮ ਨਾ ਹੋਏ ਭੰਗਾ, ਜੋ ਜਨ ਆਏ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਘਰ, ਘਰ ਸਾਚਾ ਮੇਲ ਮਿਲਾਇੰਦਾ । ਸਾਚਾ ਮੇਲਾ ਧੁਰਦਰਗਾਹ, ਹਰਿ ਹਰਿ ਆਪ ਕਰਾਇਆ । ਹਰਿ ਹਰਿ ਦੇਵੇ ਸ਼ਬਦ ਸਲਾਹ, ਨਾ ਕੋਈ ਦੂਸਰ ਵਿਚ ਰਖਾਇਆ । ਸ਼ਬਦ ਗੁਰ ਗੁਰ ਬਣ ਮਲਾਹ, ਸਤਿਗੁਰ ਨਾਮ ਧਰਾਇਆ । ਪਕੜ ਉਠਾਏ ਫੜ ਫੜ ਬਾਂਹ, ਘਰ ਘਰ ਫੇਰਾ ਪਾਇਆ । ਗੁਰਸਿਖ ਕਰੇ ਨਾ ਕੋਈ ਨਾਹ, ਦਾਤਾ ਭਿਖਾਰੀ ਏਕਾ ਆਇਆ । ਵੇਖ ਵਖਾਏ ਥਾਉਂ ਥਾਂ, ਦਿਵਸ ਰੈਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਘਰ ਸਾਚਾ ਇਕ ਦਰਸਾਇਆ । ਸਾਚਾ ਘਰ ਸਚ ਟਿਕਾਣਾ, ਹਰਿ ਸਾਚਾ ਆਪ ਸੁਹਾਇੰਦਾ । ਸ਼ਬਦ ਸਰੂਪੀ ਇਕ ਬਿਬਾਨਾ, ਗੁਰਮੁਖਾਂ ਰਾਹ ਤਕਾਇੰਦਾ । ਏਕਾ ਵਸੇ ਆਪਣੇ ਭਾਣਾ, ਨਾ ਦੂਸਰ ਵੇਖ ਵਖਾਇੰਦਾ । ਹਰਿਜਨ ਸਾਚਾ ਸ਼ਾਹ ਸੁਲਤਾਨਾ, ਦੋ ਜਹਾਨਾਂ ਮਾਣ ਰਖਾਇੰਦਾ । ਦਰ ਦਰਬਾਨ ਫਿਰੇ ਦਰਬਾਨਾ, ਦਰ ਦਰਵੇਸ਼ ਅਖਵਾਇੰਦਾ । ਗੁਰਸਿਖ ਬੰਨੇ ਹੱਥੀ ਗਾਨਾਂ, ਸਾਚਾ ਸਗਨ ਮਨਾਇੰਦਾ । ਸੋਹੰ ਦੇਵੇ ਤੀਰ ਕਮਾਨਾ, ਗੁਰ ਗੋਬਿੰਦ ਸੰਗ ਰਲਾਇੰਦਾ । ਪਰਗਟ ਹੋਇਆ ਜੋਧਾ ਸੂਰ ਬਲੀ ਬਲਵਾਨਾ, ਪੁਰਖ ਅਕਾਲਾ ਨਾਉਂ ਧਰਾਇੰਦਾ । ਲੱਖ ਚੁਰਾਸੀ ਲੋਆਂ ਪੁਰੀਆਂ ਇਕ ਨਿਸ਼ਾਨਾ, ਨਾ ਕੋਈ ਮੇਟ ਮਿਟਾਇੰਦਾ । ਹਰਿ ਭਗਤਨ ਦੇਵੇ ਨਾਮ ਗਿਆਨਾ, ਬ੍ਰਹਮ ਗਿਆਨ ਜਣਾਇੰਦਾ । ਹਰਿ ਹਰਿ ਸ਼ਬਦ ਧੁਰ ਫ਼ਰਮਾਣਾ, ਹਰਿ ਹਰਿ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਘਰ, ਘਰ ਸਾਚਾ ਇਕ ਵਡਿਆਇੰਦਾ । ਪੰਜ ਤਤ ਪੰਜ ਮਕਾਨਾ, ਹਰਿ ਸਾਚੇ ਆਸਣ ਲਾਇਆ । ਅੰਦਰ ਵੜਿਆ ਗੁਣ ਨਿਧਾਨਾ, ਗੁਣਵੰਤਾ ਨਾਮ ਧਰਾਇਆ । ਆਪੇ ਜਾਣੇ ਪੀਣਾ ਖਾਣਾ, ਦਾਨਾ ਬੀਨਾ ਆਪ ਅਖਵਾਇਆ । ਆਪੇ ਕਰੇ ਠਾਂਡਾ ਸੀਨਾ, ਸੀਤਲ ਧਾਰ ਵਹਾਇਆ । ਆਪਣਾ ਨਾਮ ਆਪੇ ਚੀਨਾ, ਆਪਣੀ ਰਸਨਾ ਆਪੇ ਗਾਇਆ । ਆਪਣਾ ਰੰਗ ਆਪੇ ਮਾਣੇ ਭੀਨਾ, ਭਿੰਨੜੀ ਰੈਣ ਸੁਹਾਇਆ । ਆਪੇ ਮਰਨਾ ਆਪੇ ਜੀਣਾ, ਜੀਵਤ ਮਰਤ ਨਾਮ ਧਰਾਇਆ । ਆਪੇ ਵਰਤੇ ਲੋਕਾਂ ਤੀਨਾਂ, ਤੀਨਾ ਲੋਕਾਂ ਵੇਖ ਵਖਾਇਆ । ਆਪੇ ਆਪਣਾ ਆਪ ਵੱਖ ਕੀਨਾ, ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਘਰ ਸਾਚਾ ਵੇਖ ਵਖਾਇਆ । ਸਾਚਾ ਘਰ ਰੁੱਤ ਬਸੰਤ, ਫੁਲ ਫੁਲੀ ਫੁਲਵਾੜੀ ਆ । ਗੁਰਮੁਖ ਨਾਰੀ ਹਰਿ ਹਰਿ ਮੇਲਾ ਸਾਚਾ ਕੰਤ, ਮਿਲਿਆ ਮੇਲ ਸਤਾਰਾਂ ਹਾੜੀ ਆ । ਮਾਨਸ ਲੱਗਾ ਲੇਖੇ ਜੀਵ ਜੰਤ, ਜਿਸ ਚਰਨ ਛੁਹਾਈ ਦਾਹੜੀ ਆ । ਸੋਹੰ ਸ਼ਬਦ ਹੋਇਆ ਮਣੀਆਂ ਮੰਤ, ਲੱਖ ਚੁਰਾਸੀ ਆਰ ਪਾਰੀ ਆ । ਪਾਰਬ੍ਰਹਮ ਆਦਿ ਪੁਰਖ ਗੁਰਸਿਖ ਤੇਰਾ ਸਾਚਾ ਸੰਤ, ਆਵੇ ਜਾਵੇ ਨਾ ਵਿਚ ਸੰਸਾਰੀ ਆ । ਚੌਥੇ ਜੁਗ ਆਪ ਬਣਾਈ ਆਪਣੀ ਬਣਤ, ਜੋਤੀ ਜਾਮਾ ਨਿਹਕਲੰਕ ਨਰਾਇਣ ਨਰ ਅਵਤਾਰੀ ਆ । ਪੂਰਨ ਜੋਤੀ ਜਗੇ ਭਗਵੰਤ, ਪਾਰਬ੍ਰਹਮ ਸੱਚਾ ਸਿਕਦਾਰੀ ਆ । ਖੇਲੇ ਖੇਲ ਆਦਿ ਅੰਤ, ਏਕਾ ਏਕ ਏਕੰਕਾਰੀ ਆ । ਜੁਗ ਜੁਗ ਮਹਿਮਾ ਹਰਿ ਬੇਅੰਤ, ਨਾ ਕੋਈ ਲਿਖੇ ਲੇਖ ਲਿਖਾਰੀ ਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖੇ ਦਰ ਦਵਾਰੀ ਆ । ਗੁਰਸਿਖ ਤੇਰਾ

ਠਾਂਡਾ ਦਵਾਰ, ਹਰਿ ਆਇਆ ਬੰਕ ਦਵਾਰੀ ਆ । ਪਰਗਟ ਹੋ ਨਰ ਅਵਤਾਰ, ਖੇਲੇ ਖੇਲ ਅਪਰ ਅਪਾਰੀਆ । ਨਾਨਕ ਗੋਬਿੰਦ ਪਾਏ ਸਾਰ, ਨਿਰਗੁਣ ਜੋਤ ਕਰੀ ਉਜਿਆਰੀਆ । ਚੰਡ ਚੰਡਕਾ ਖ਼ਬਰਦਾਰ, ਹਰਿ ਸਿੰਘ ਕਰੇ ਅਸਵਾਰੀਆ । ਆਦਿ ਸ਼ਕਤ ਵਾਰੋ ਵਾਰ, ਖੇਲੇ ਖੇਲ ਨਿਆਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਘਰ, ਕਲਜੁਗ ਆਇਆ ਅੰਤਮ ਵਾਰੀਆ । ਕਲਜੁਗ ਤੇਰਾ ਅੰਤਮ ਲਹਿਣਾ, ਹਰਿ ਸਾਚੇ ਆਪ ਚੁਕਾਇਆ । ਗੁਰ ਸੰਗਤ ਗਲ ਪਾਇਆ ਗਹਿਣਾ, ਆਪ ਖਾਲੀ ਤਨ ਰਖਾਇਆ । ਆਪਣੇ ਬੰਦ ਕਰਾਏ ਨੈਣਾ, ਗੁਰਮੁਖਾਂ ਨੈਣ ਖੁਲ੍ਹਾਇਆ । ਗੁਰਚਰਨ ਪ੍ਰੀਤੀ ਸਾਚਾ ਭਾਣਾ ਸਹਿਣਾ, ਸਾਚੀ ਸੇਵ ਕਮਾਇਆ । ਪੁਰਖ ਅਕਾਲ ਦੀ ਗੋਦੀ ਬਹਿਣਾ, ਦੂਸਰ ਧਾਮ ਨਾ ਕੋਈ ਬਣਾਇਆ । ਗੁਰ ਗੋਬਿੰਦ ਬਣਿਆ ਸਾਚਾ ਸਾਕ ਸੱਜਣ ਸੈਣਾ, ਮਾਤ ਪਿਤ ਆਪ ਅਖਵਾਇਆ । ਪੂਤ ਸਪੂਤੇ ਸਾਚੇ ਰਹਿਣਾ, ਸਾਚਾ ਰਾਹ ਵਖਾਇਆ । ਚਾਰੇ ਕੁੰਟਾ ਉਚੇ ਮੰਦਰ ਦਰ ਦਰ ਘਰ ਘਰ ਢਹਿਣਾ, ਗੁਰਸਿਖ ਤੇਰਾ ਘਰ ਸੁਹਾਇਆ । ਤੇਰਾ ਮੰਦਰ ਕਿਲਾ ਕੋਟ ਚਾਰ ਜੁਗ ਲੋਕਮਾਤ ਰਹਿਣਾ, ਪ੍ਰਭ ਸਾਚੇ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰਾ ਏਕਾ ਘਰ, ਏਕਾ ਧਾਮ ਸੁਹਾਇਆ । ਗੁਰਸਿਖ ਤੇਰਾ ਧਾਮ ਅਵੱਲਾ, ਪੰਜ ਤਤ ਮਕਾਨਾ । ਮਿਲੇ ਮੇਲ ਪ੍ਰਭ ਇਕ ਅਕੱਲਾ, ਨਾ ਦੂਸਰ ਕੋਈ ਨਿਸ਼ਾਨਾ । ਦੂਈ ਦਵੈਤੀ ਮੇਟੇ ਸੱਲਾ, ਦੇਵੇ ਨਾਮ ਨਿਧਾਨਾ । ਪੰਜ ਤਤ ਨਾ ਕਰੇ ਹੱਲਾ, ਮਾਰੇ ਤੀਰ ਕਮਾਨਾ । ਦੀਪਕ ਜੋਤੀ ਏਕਾ ਬੱਲਾ, ਅਗਿਆਨ ਅੰਧੇਰ ਮਿਟਾਨਾ । ਅੰਮ੍ਰਿਤ ਆਤਮ ਦੇਵੇ ਸਾਚਾ ਚੁਲਾ, ਤ੍ਰਿਸਨਾ ਭੁੱਖ ਗਵਾਨਾ । ਸ਼ਬਦੀ ਜੋਤੀ ਜੋਤੀ ਸ਼ਬਦੀ ਗੁਰਸਿਖ ਰੱਲਾ, ਮਿਲਿਆ ਮੇਲ ਭਗਵਾਨਾ । ਦਰ ਦਵਾਰ ਹਰਿ ਨਿਰੰਕਾਰ ਏਕਾ ਮੱਲਾ, ਵਿਛੜ ਨਾ ਜਾਏ ਦੋ ਜਹਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਸਾਚਾ ਘਰ, ਕਰੇ ਮਾਤ ਪਰਵਾਨਾ । ਘਰ ਮੰਦਰ ਹਰਿ ਵਸਿਆ, ਨਾਉਂ ਨਿਰੰਜਣ ਰੂਪ । ਸਚ ਸਿੰਘਾਸਣ ਬਹਿ ਬਹਿ ਹੱਸਿਆ, ਸ਼ਾਹ ਸੁਲਤਾਨਾ ਵੱਡਾ ਭੂਪ । ਰਾਹ ਸੱਚਾ ਏਕਾ ਦੱਸਿਆ, ਏਕਾ ਪਰੋਏ ਧਾਗੇ ਸੂਤ । ਧੁਰਦਰਗਾਹੀ ਆਏ ਨੱਸਿਆ, ਪਕੜ ਉਠਾਏ ਗੋਬਿੰਦ ਪੂਤ ਸਪੂਤ । ਕਲਜੁਗ ਮਿਟੇ ਰੈਣ ਅੰਧੇਰੀ ਮੱਸਿਆ, ਵੇਖ ਵਖਾਏ ਚਾਰੋਂ ਕੂਟ । ਮਾਇਆ ਰਾਣੀ ਜਗਤ ਡੱਸਿਆ, ਡੰਗ ਲਗਾਇਆ ਜੂਠ ਝੂਠ । ਕਲਜੁਗ ਮੰਦਰ ਅੰਤਮ ਢੱਠਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਏਕਾ ਵੇਖਾ ਸਾਚਾ ਸੂਚ । ਗੁਰਮੁਖ ਧਾਮ ਧਰਤ ਨਿਰਾਲਾ, ਧਰਨੀ ਧਰਤ ਸੁਹਾਇਆ । ਮਿਲਿਆ ਮੇਲ ਪੁਰਖ ਅਕਾਲਾ, ਜੁਗਤੀ ਜਗਤ ਤਰਾਇਆ । ਦਇਆ ਕਮਾਏ ਦੀਨ ਦਿਆਲਾ, ਭਗਤੀ ਨਾਂ ਸ਼ਕਤ ਵਖਾਏ । ਸਚ ਮੰਦਰ ਸੱਚੀ ਧਰਮਸਾਲਾ, ਕਾਇਆ ਇਕ ਦਰਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਘਰ, ਬੈਠਾ ਆਸਣ ਲਾਏ । ਕਾਇਆ ਸਾਚਾ ਮੱਠ, ਹਰਿ ਸਾਚੇ ਆਪ ਬਣਾਇਆ । ਜਗਤ ਤਤ ਨਾ ਜਾਏ ਢੱਠ, ਮਨਮਤ ਨਾ ਕੋਇ ਦ੍ਰਿੜਾਇਆ । ਪੰਚਮ ਵਿਕਾਰ ਕਰੇ ਨਾ ਅਕੱਠ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਇਆ । ਨਾ ਕੋਈ ਤ੍ਰਿਸਨਾ ਤੀਰਥ ਤਟ, ਅਠਸਠ ਨਾ ਫੇਰੀ ਪਾਇਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਹਵਨ ਕਰਾਇਆ । ਜਿਸ ਜਨ ਸਤਿਗੁਰ ਪੂਰਾ ਜਾਏ ਤੁਠ, ਜਰਮ ਕਰਮ ਧਰਮ ਲੇਖੇ ਲਾਇਆ । ਦਰਸ ਵਖਾਏ ਦਇਆ ਕਮਾਏ ਧੁਰਦਰਗਾਹੀ ਏਕਾ ਵਥ, ਦੂਸਰ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੰਦਰ ਵੇਖੇ ਘਰ, ਆਪ ਆਪਣਾ ਡੇਰਾ ਲਾਇਆ । ਮੰਦਰ ਡੇਰਾ ਸਚ ਸੁਲਤਾਨ, ਆਪਣਾ ਆਪ ਕਰਾਇਆ । ਨਿਰਗੁਣ ਬੈਠ ਸ੍ਰੀ ਭਗਵਾਨ, ਸਤਿ ਸਰੂਪ ਸਰੂਪ ਸਮਾਇਆ । ਦਿਸ ਨਾ ਆਏ ਕੋਈ ਨਿਸ਼ਾਨ, ਨਾ ਹੱਥ ਕਿਸੇ ਫੜਾਇਆ । ਲਿਖ ਲਿਖ ਥੱਕੇ ਵੇਦ ਪੁਰਾਨ, ਖਾਣੀ ਬਾਣੀ ਗਾਇਆ । ਗੁਰਮੁਖ ਸਾਚੇ ਸਦ ਕੁਰਬਾਣ, ਜਿਸ ਸਤਿਗੁਰ ਪੂਰਾ ਪਾਇਆ । ਸਤਿਗੁਰ ਪੂਰਾ ਸਦ ਮਿਹਰਵਾਨ, ਹਰਿ ਸਾਚੇ ਦਏ ਮਿਲਾਇਆ । ਹਰਿ ਸਾਚਾ ਦੇਵੇ ਜੀਆ ਦਾਨ, ਦਾਤਾ ਦਾਨੀ ਆਪ ਅਖਵਾਇਆ । ਇਕ ਜਣਾਈ ਧੁਰ ਫ਼ਰਮਾਣ, ਬੋਧ ਅਗਾਧ ਸ਼ਬਦ ਸੁਣਾਇਆ । ਆਪੇ ਬੈਠ ਕਾਇਆ ਮੰਦਰ ਸਚ ਮਕਾਨ, ਧੁੰਨ ਅਨਾਦੀ ਨਾਦ ਵਜਾਇਆ । ਪੰਚਮ ਸ਼ਬਦ ਰਾਗ ਇਕ ਸੁਣਾਣ, ਅਨਹਦ ਸੇਵਾ ਲਾਇਆ । ਸੁਰਤੀ ਸੁੱਤੀ ਉਠੀ ਨੌਜਵਾਨ, ਆਪ ਆਪਣਾ ਤਨ ਸੁਹਾਇਆ । ਬਸਤਰ ਭੂਸ਼ਨ ਪਾਇਆ ਇਕ ਮਹਾਨ, ਤਾਮਸ਼ ਤ੍ਰਿਸ਼ਨਾ ਮਗਰੋਂ ਲਾਹਿਆ । ਨੇਤਰ ਖੋਲ੍ਹੇ ਵਡ ਰਕਾਨ, ਨੈਣਾ ਕੱਜਲ ਪਾਇਆ । ਪਰੇ ਹਟਾਏ ਪੰਜ ਸ਼ਤਾਨ, ਏਕਾ ਡੰਡਾ ਲਾਇਆ । ਸੇਵਾ ਲੱਗੀ ਪਵਣ ਮਸਾਣ, ਇਕ ਸੁਗੰਧ ਰਖਾਇਆ । ਏਕਾ ਜੋਤੀ ਜਗੀ ਮਹਾਨ, ਜੋਤ ਨਿਰੰਜਣ ਵੇਖ ਵਖਾਇਆ । ਜੋਤ ਨਿਰੰਜਣ ਹੋ ਪਰਧਾਨ, ਅੱਗੇ ਲੱਗੀ ਵਾਹੋ ਦਾਹਿਆ । ਇਕ ਵਖਾਏ ਸਚ ਨਿਸ਼ਾਨ, ਹਰਿ ਕਾ ਸ਼ਬਦ ਫੜਾਇਆ । ਦੋਹਾਂ ਮੇਲਾ ਸਚ ਮਕਾਨ, ਕਾਇਆ ਮੰਦਰ ਇਕ ਸੁਹਾਇਆ । ਕਾਇਆ ਸੁਰਤੀ ਕਰ ਕੁਰਬਾਨ, ਆਪਣੀ ਭੇਟ ਚੜ੍ਹਾਇਆ । ਅੱਗੇ ਵੇਖੇ ਹਰਿ ਭਗਵਾਨ, ਕਵਣ ਕੂਟੇ ਡੇਰਾ ਲਾਇਆ । ਅੰਮ੍ਰਿਤ ਜਲ ਮਿਲਿਆ ਪੀਣ ਖਾਣ, ਅਧਵਿਚਕਾਰੇ ਆਪ ਸੁਹਾਇਆ । ਆਪਣਾ ਕੀਤਾ ਆਪ ਅਸਨਾਨ, ਦੁਰਮਤ ਮੈਲ ਗਵਾਇਆ । ਬਦਲਿਆ ਚੋਲਾ ਖੇਲ ਮਹਾਨ, ਕਾਗੀ ਹੰਸ ਸੁਹਾਇਆ । ਚੁਕਿਆ ਡੋਲਾ ਗੁਣ ਨਿਧਾਨ, ਰਾਹ ਆਪਣਾ ਆਪ ਚਲਾਇਆ । ਅੱਗੇ ਬੈਠ ਤਖ਼ਤ ਸੁਲਤਾਨ, ਮੁਖ ਘੁੰਘਟ ਆਪਣਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖ ਘਰ, ਸਾਚਾ ਸਗਨ ਮਨਾਇਆ । ਘਰ ਸਾਚੇ ਮੰਗਲਾਚਾਰ, ਸਤਿਗੁਰ ਆਪ ਕਰਾਇੰਦਾ । ਗੁਰਮੁਖ ਨਾਰੀ ਕਰ ਤਿਆਰ, ਗੁਰ ਪੂਰਾ ਆਪ ਪਰਨਾਇੰਦਾ । ਸੋਲਾ ਕਰੇ ਤਨ ਸ਼ੰਗਾਰ, ਸਾਚਾ ਵੇਸ ਵਟਾਇੰਦਾ । ਹੱਥੀਂ ਮਹਿੰਦੀ ਲਾਲ ਅਪਾਰ, ਚੂੜਾ ਪ੍ਰੇਮ ਖੜਕਾਇੰਦਾ । ਸ਼ਬਦ ਭੂਸ਼ਨ ਕਰ ਤਿਆਰ, ਸ਼ਬਦੀ ਸੇਹਰਾ ਸੀਸ ਲਟਕਾਇੰਦਾ । ਚਿੱਟੇ ਅਸਵ ਹੋ ਅਸਵਾਰ, ਦੱਖਣ ਦਿਸ਼ਾ ਫੇਰਾ ਪਾਇੰਦਾ । ਪੂਰਬ ਪੱਛਮ ਬੰਦ ਕਿਵਾੜ, ਉਤਰ ਵੇਖ ਵਖਾਇੰਦਾ । ਕਾਇਆ ਵੇਖੇ ਸਚ ਅਖਾੜ, ਰਾਗ ਰਾਗਨੀ ਇਕ ਅਲਾਇੰਦਾ । ਧੁਰਦਰਗਾਹੀ ਸਾਚਾ ਲਾੜ, ਹਰਿ ਸਾਚਾ ਆਪ ਅਖਵਾਇੰਦਾ । ਗੁਰਮੁਖ ਤੇਰੀ ਬਜਰ ਕਪਾਟੀ ਜਾਏ ਪਾਟ, ਤੇਰੇ ਅੰਦਰ ਡੇਰਾ ਲਾਇੰਦਾ । ਵਾ ਨਾ ਲੱਗੇ ਤੱਤੀ ਹਾੜ, ਸਤਾਰਾਂ ਹਾੜੀ ਖ਼ੁਸ਼ੀ ਮਨਾਇੰਦਾ । ਆਪੇ ਹੋਏ ਪਿੱਛੇ ਅਗਾੜ, ਗੁਰਸਿਖ ਲਾੜੀ ਆਪ ਪਰਨਾਇੰਦਾ । ਸਾਚੇ ਪੌੜੇ ਦੇਵੇ ਚਾੜ੍ਹ, ਸੋਹੰ ਡੰਡਾ ਹੱਥ ਫੜਾਇੰਦਾ । ਨਾਤਾ ਤੋੜੇ ਪੰਜ ਤਤ ਹੱਡ ਮਾਸ ਨਾੜੀ ਨਾੜ, ਨਿਰਗੁਣ ਸਰਗੁਣ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਲੋਕਮਾਤ ਫੇਰਾ ਪਾਇੰਦਾ । ਵੇਖਣ ਆਇਆ ਗੁਰਸਿਖ ਡੇਰਾ, ਕਵਣ ਮਕਾਨੇ ਲਾਇਆ । ਰਕਤ ਬੂੰਦ ਪਾਇਆ ਘੇਰਾ, ਪੰਜ ਤਤ ਮਹੱਲ ਬਣਾਇਆ । ਮਨੂਆ ਬੈਠਾ ਹੋ ਦਲੇਰਾ, ਆਪਣਾ ਡੰਕ ਵਜਾਇਆ । ਬੁੱਧੀ ਵਸੀ ਨੇਰਾ ਨੇਰਾ, ਨਿਝ ਘਰ ਰਾਹ ਤਕਾਇਆ । ਮਤ ਸਵਾਣੀ ਢਾਹਿਆ ਡੇਰਾ, ਨਾ ਬੇੜਾ ਕੋਈ ਉਠਾਇਆ । ਪੰਜ ਵਿਕਾਰਾ ਛਿੜਿਆ ਝੇੜਾ, ਮਾਇਆ ਮੋਹ ਵਧਾਇਆ ।

੪੫੨
੦੨

ਕਿਸੇ ਨਾ ਦਿਸੇ ਕਾਇਆ ਖੇੜਾ, ਨਾ ਕੋਈ ਦਏ ਵਸਾਇਆ । ਕਲਜੁਗ ਗੇੜੇ ਆਪਣਾ ਗੇੜਾ, ਵੇਲਾ ਅੰਤਮ ਆਇਆ । ਪਾਰਬ੍ਰਹਮ ਕਰੇ ਹੱਕ ਨਿਬੇੜਾ, ਜੁਗ ਜੁਗ ਕਰਦਾ ਆਇਆ ਗੁਰਸਿਖ ਤੇਰੀ ਕਾਇਆ ਮੰਦਰ ਤੇਰਾ ਖੁਲ੍ਹਾ ਵੇਹੜਾ, ਹਰਿ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਦਏ ਸੁਹਾਇਆ । ਸਾਚਾ ਘਰ ਸਚ ਸਲਾਹ, ਹਰਿ ਸਾਚੇ ਇਕ ਰਖਾਈਆ । ਏਕਾ ਅੱਖਰ ਦਏ ਪੜ੍ਹਾ, ਏਕਾ ਨਾਮ ਜਪਾਈਆ । ਏਕਾ ਪੱਥਰ ਦਏ ਤੁੜਾ, ਏਕਾ ਖੰਡਾ ਲਾਈਆ । ਏਕਾ ਸੱਥਰ ਦਏ ਵਿਛਾ, ਏਕਾ ਕਰੇ ਸਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰਾ ਵੇਖੇ ਘਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਕਰ ਉਜਾਲਾ, ਜਾਗਰਤ ਜੋਤ ਜਗਾਈਆ । ਦਰਸ ਦਿਖਾਏ ਗੁਰ ਗੋਪਾਲਾ, ਹਰਿ ਗੋਬਿੰਦ ਮੇਲ ਮਿਲਾਈਆ । ਏਕਾ ਦੇਵੇ ਨਾਮ ਸੁਖਾਲਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਤੋੜੀ ਆਇਆ ਜਗਤ ਜੰਜਾਲਾ, ਹੰ ਹੰਗਤਾ ਦਏ ਮਿਟਾਈਆ । ਭਾਗ ਲਗਾਏ ਸੱਚੀ ਧਰਮਸਾਲਾ, ਧਰਮ ਧਰਮੀ ਰਿਹਾ ਕਮਾਈਆ । ਫਲ ਲਗਾਏ ਕਾਇਆ ਡਾਲਾ, ਅੰਮ੍ਰਿਤ ਮੇਵਾ ਇਕ ਖਵਾਈਆ । ਸ਼ਬਦ ਗੁਰ ਬਣ ਦਲਾਲਾ, ਲੋਕਮਾਤ ਆਇਆ ਕਰ ਕਰ ਧਾਈਆ । ਸੇਵ ਲਗਾਏ ਪੁਰਖ ਅਕਾਲਾ, ਗੁਰ ਗੋਬਿੰਦ ਲੇਖ ਲਿਖਾਈਆ । ਸ਼ਕਤੀ ਮੰਗੇ ਜੋਤ ਜਵਾਲਾ, ਆਦਿ ਸ਼ਕਤ ਕੁਰਲਾਈਆ । ਵਿਸ਼ਨੂੰ ਵੰਸੀ ਹੋਏ ਬੇਹਾਲਾ, ਏਕਾ ਕਰੇ ਸੁਣਾਈਆ । ਬ੍ਰਹਮਾ ਵਜਾਏ ਆਪਣਾ ਤਾਲਾ, ਆਪਣਾ ਰਾਗ ਅਲਾਈਆ । ਭੋਲੇ ਨਾਥ ਵੇਖੇ ਖੇਲ ਨਿਰਾਲਾ, ਬਾਸ਼ਕ ਤਸ਼ਕ ਗਲ ਲਟਕਾਈਆ । ਕਰੋੜ ਤੇਤੀਸਾ ਹਾਲ ਬੇਹਾਲਾ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਲੋਕਮਾਤ ਅਵੱਲੜੀ ਚਾਲਾ, ਜੋਤੀ ਜਾਮਾ ਭੇਖ ਵਟਾਈਆ । ਕਿਸੇ ਹੱਥ ਨਾ ਆਏ ਮੰਦਰ ਮਸਜਿਦ ਮੱਠ ਸ਼ਿਵਦਵਾਲਾ, ਤੀਰਥ ਤਟ ਨਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਤੇਰੇ ਘਰ, ਆਪੇ ਰਿਹਾ ਸਮਾਈਆ । ਹਰਿ ਸਮਾਇਆ ਸਹਿਜ ਸੁਖ ਸਾਗਰ, ਅਨੰਦ ਅਨੰਦ ਗੁਣੀ ਗਹੀਰਾ । ਭਾਗ ਲਗਾਏ ਗੁਰਸਿਖ ਤੇਰੀ ਕਾਇਆ ਗਾਗਰ, ਅੰਮ੍ਰਿਤ ਭਰਿਆ ਨੀਰਾ । ਨਿਰਮਲ ਕਰਮ ਹੋਏ ਉਜਾਗਰ, ਸੀਸ ਬੰਧਾਇਆ ਸੋਹੰ ਸਾਚਾ ਚੀਰਾ । ਨਾਮ ਕਰਾਇਆ ਵਣਜ ਸੁਦਾਗਰ, ਕੱਟੀ ਹਉਮੇ ਪੀੜਾ । ਦੇਵੇ ਸਚ ਰੱਤੀ ਰਤਨਾਗਰ, ਲੇਖੇ ਲਾਏ ਹਸਤ ਕੀੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਚੁੱਕਣ ਆਇਆ ਬੇੜਾ । ਆਪਣਾ ਬੇੜਾ ਆਪੇ ਚੁੱਕ, ਆਪਣੇ ਕੰਧ ਉਠਾਇੰਦਾ । ਕਲਜੁਗ ਪੈਂਡਾ ਰਿਹਾ ਮੁੱਕ, ਨਾ ਕੋਈ ਧੀਰ ਧਰਾਇੰਦਾ । ਚਾਰੋਂ ਕੁੰਟ ਪਏ ਥੁੱਕ, ਸਚ ਸੁੱਚ ਨਾ ਕੋਈ ਵਰਤਾਇੰਦਾ । ਜੂਠ ਝੂਠ ਰਿਹਾ ਸੁੱਕ, ਅੰਮ੍ਰਿਤ ਸਿੰਚ ਨਾ ਹਰਿਆ ਕੋਈ ਕਰਾਇੰਦਾ । ਭਗਤ ਨਾ ਜਨਨੀ ਰੱਖੇ ਕੁੱਖ, ਭਗਵੰਤ ਨਾ ਮੇਲ ਮਿਲਾਇੰਦਾ । ਉਜਲ ਹੋਵੇ ਨਾ ਕਿਸੇ ਮੁਖ, ਕਲਜੁਗ ਸੰਗ ਰਲਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਦਿ ਨਿਰੰਜਣ ਲੋਕਮਾਤ ਜੋਤੀ ਜਾਮਾ ਬੈਠਾ ਲੁਕ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਇਕ ਅਕੇਲੇ ਲੱਗੀ ਭੁੱਖ, ਨੇਤਰ ਲੋਚਨ ਨੈਣ ਦਰਸ਼ਨ ਪਾਇੰਦਾ । ਦਰ ਦਵਾਰ ਦਰ ਦਰਬਾਰ ਹਰਿਜਨ ਸਾਚਾ ਜਾਏ ਝੁਕ, ਬੇਮੁਖ ਦਰ ਦੁਰਕਾਇੰਦਾ । ਅੰਤਮ ਅੰਤ ਕਾਲ ਆਪਣੀ ਗੋਦੀ ਲਏ ਚੁੱਕ, ਚਤੁਰਭੁਜ ਆਪਣੀ ਸੇਵਾ ਲਾਇੰਦਾ । ਗੁਰਸਿਖ ਭੇਵ ਰਹੇ ਨਾ ਗੁਝ, ਗੋਬਿੰਦ ਲੇਖ ਲਿਖਾਇੰਦਾ । ਚਰਨ ਕਵਲ ਜੋ ਜਨ ਜਾਏ ਝੁਕ, ਇਕ ਪ੍ਰੀਤ ਸਿਖਾਇੰਦਾ । ਸੋ ਜਨ ਮੇਰਾ ਮੇਰਾ ਲਏ ਬੁਝ, ਮੇਰਾ ਤੇਰਾ ਭੇਵ ਚੁਕਾਇੰਦਾ ।

੪੫੩ ੦੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰੇ ਸਾਚੇ ਘਰ ਆਪਣਾ ਆਪ ਛੁਪਾਇੰਦਾ । ਆਪਣਾ ਆਪ ਹਰਿ ਛੁਪਾ, ਚੋਰੀ ਚੋਰ ਕਮਾਇੰਦਾ । ਮੂਰਖ ਮੂੜ੍ਹੇ ਧੰਦੇ ਲਾ, ਝੂਠੀ ਕਿਰਿਆ ਇਕ ਵਖਾਇੰਦਾ । ਪਾਪੀ ਗੰਦੇ ਦਏ ਖਪਾ, ਧੀਰਨ ਧੀਰ ਨਾ ਕੋਈ ਰਖਾਇੰਦਾ । ਮਾਇਆ ਧਾਰੀ ਆਤਮ ਅੰਧੇ ਦਏ ਮੁਕਾ, ਰਾਜ ਰਾਜਾਨਾ ਖ਼ਾਕ ਮਿਲਾਇੰਦਾ । ਸਦ ਬਖ਼ਸ਼ਿੰਦੇ ਨਾਮ ਧਰਾ, ਗਊ ਗ਼ਰੀਬ ਨਿਮਾਣੇ ਆਪ ਉਠਾਇੰਦਾ । ਏਕਾ ਅਲਫੀ ਏਕਾ ਚੋਲੀ ਗਲ ਦੇਵੇ ਪਾ, ਏਕਾ ਬਸਤਰ ਤਨ ਸਜਾਇੰਦਾ । ਏਕਾ ਡੋਲੀ ਦਏ ਸੁਹਾ, ਏਕਾ ਕੰਧ ਉਠਾਇੰਦਾ । ਏਕਾ ਗੋਲੀ ਦਏ ਬਣਾ, ਏਕਾ ਘਰ ਵਸਾਇੰਦਾ । ਹੌਲੀ ਹੌਲੀ ਆਪਣੀ ਬੋਲੀ ਦਏ ਸਮਝਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਗੁਰਸਿਖ ਚੋਲੀ ਰੰਗ ਰੰਗਾ, ਰੰਗਣਹਾਰ ਆਪ ਹੋ ਜਾਇੰਦਾ । ਮੌਲੀ ਮਹਿੰਦੀ ਸਗਨ ਮਨਾ, ਸਾਚਾ ਸੀਸ ਗੁੰਦਾਇੰਦਾ । ਆਪਣੀ ਕਰਵਟ ਆਪ ਬਦਲਾ, ਵੇਖਣਹਾਰ ਆਪ ਹੋ ਜਾਇੰਦਾ । ਆਪਣੀ ਸਿਖੀ ਆਪ ਬਣਾ, ਸਖਾ ਸਖਾਈ ਨਾਉਂ ਧਰਾਇੰਦਾ । ਧੁਰ ਦੀ ਲਿਖੀ ਰੇਖ ਦਏ ਮਿਟਾ, ਜੋ ਜਨ ਸਰਨਾਈ ਆਇੰਦਾ । ਨੇਤਰ ਨੈਣ ਜਾਏ ਦਰਸ਼ਨ ਪਾ, ਧਰਮ ਰਾਏ ਮੁਖ ਛੁਪਾਇੰਦਾ । ਚਰਨ ਕਵਲ ਮਸਤਕ ਲਏ ਟਿਕਾ, ਬ੍ਰਹਮਾ ਹੌਲੀ ਹੌਲੀ ਸੀਸ ਝੁਕਾਇੰਦਾ । ਵਿਸ਼ਨੂੰ ਵੰਸੀ ਤੱਕੇ ਰਾਹ, ਗੁਰਸਿਖ ਤੇਰਾ ਰਾਹ ਤਕਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਸ਼ਬਦ ਸ਼ਬਦੀ ਸੇਵਾ ਲਾਇੰਦਾ । ਕਲਜੁਗ ਅੰਤਮ ਬਨਿਆ ਮਲਾਹ, ਸੋਹੰ ਨਾਉਂ ਧਰਾਇੰਦਾ । ਸਾਚੇ ਪੌੜੇ ਦਏ ਚੜ੍ਹਾ, ਏਕਾ ਚੱਪੂ ਰਖਾਇੰਦਾ । ਚੌਥੇ ਪਦ ਜਾਏ ਸਮਾ, ਹਰਿਸੰਗਤ ਵਡ ਵਡਿਆਇੰਦਾ । ਕਾਗੋਂ ਹੰਸ ਦਏ ਬਣਾ, ਹੰਸਾ ਬੰਸਾ ਆਪ ਅਖਵਾਇੰਦਾ । ਸੋਹੰ ਚੋਗ ਦਏ ਚੁਗਾ, ਆਪ ਆਪਣੀ ਝੋਲੀ ਪਾਇੰਦਾ । ਦਰਸ ਅਮੋਘ ਦਏ ਵਖਾ, ਜੋਤੀ ਨੂਰ ਦਰਸਾਇੰਦਾ । ਜਗਤ ਰੋਗ ਦਏ ਕਟਾ, ਆਵਣ ਜਾਵਣ ਫੰਦ ਕਟਾਇੰਦਾ । ਸਹਿਸਾ ਰੋਗ ਦਏ ਮਿਟਾ, ਸਤਿਗੁਰ ਪੂਰਾ ਦਇਆ ਕਮਾਇੰਦਾ । ਲੋਕ ਪਰਲੋਕ ਹੋਏ ਸਹਾ, ਸਦਾ ਸਹਾਇਕ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖ ਘਰ, ਸਿਰ ਆਪਣਾ ਚੀਰ ਬੰਧਾਇੰਦਾ । ਆਪਣੇ ਸਿਰ ਬੱਧਾ ਚੀਰਾ, ਪੰਜ ਤਤ ਸੁਹਾਇਆ । ਗੁਰਸਿਖ ਸਾਚਾ ਵੇਖਣ ਆਇਆ ਵੀਰਾ, ਸਰਸੇ ਜੋ ਰੁੜ੍ਹਾਇਆ । ਮੇਲ ਮਿਲਾਇਆ ਅੰਮ੍ਰਿਤ ਨੀਰਾ, ਨੀਰ ਨੀਰ ਸਮਾਇਆ । ਬਹੱਤਰ ਕਰੋੜ ਸੁਟਾਇਆ ਸਾਚਾ ਹੀਰਾ, ਅਰਬ ਖ਼ਰਬ ਨਾ ਕੋਈ ਲਿਖਾਇਆ । ਗੁਰ ਗੋਬਿੰਦ ਗਾਇਆ ਵਡ ਪੀਰਨ ਪੀਰਾ, ਪੁਰਖ ਅਕਾਲ ਮਨਾਇਆ । ਕਲਜੁਗ ਅੰਤਮ ਦੇਵੇ ਧੀਰਾ, ਤੇਰੀ ਆਸ ਤਕਾਇਆ । ਇਕ ਰਵਦਾਸੇ ਭੇਟ ਚੜ੍ਹਾਇਆ ਕਸੀਰਾ, ਕੰਗਨ ਹੱਥ ਫੜਾਇਆ । ਸਰਸਾ ਤੇਰੀ ਪਈ ਵਹੀਰਾ, ਤੇਰਾ ਤੇਰੀ ਝੋਲੀ ਪਾਇਆ । ਲਾੜੀ ਮੌਤ ਨਾ ਬੰਨਿਆ ਕਲੀਰਾ, ਨਾ ਕੋਈ ਸਗਨ ਮਨਾਇਆ । ਨਾਲ ਰਖਾਇਆ ਭੱਥਾ ਤੀਰਾ, ਤਨ ਕਟਾਰ ਸਜਾਇਆ । ਕਰੇ ਅਰਜੋਈ ਖਵਾਜਾ ਖਿਜਰ ਪੀਰਾ, ਦੋਏ ਜੋੜ ਸੀਸ ਨਿਵਾਇਆ । ਸੁਰਪਤ ਰਾਜਾ ਇੰਦ ਆਏ ਕਰ ਕਰ ਵਹੀਰਾ, ਰੋ ਰੋ ਨੀਰ ਵਹਾਇਆ । ਗੁਰ ਗੋਬਿੰਦਾ ਜੋਧਾ ਸੂਰਬੀਰਾ, ਸਭ ਦੀ ਆਸਾ ਪੂਰੀ ਰਿਹਾ ਕਰਾਇਆ । ਆਪ ਆਪਣਾ ਕਰ ਵਹੀਰਾ, ਬੇੜਾ ਪਾਰ ਲੰਘਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਕਲਜੁਗ ਅੰਤਮ ਆਇਆ । ਕਲਜੁਗ ਤੇਰਾ ਤੇਰਾ ਮੂਲ, ਤੇਰੇ ਹੱਥ ਰਖਾਇਆ । ਸਤਿਗੁਰ ਪੂਰਾ ਕਦੇ ਨਾ ਜਾਏ ਭੂਲ, ਆਵਣ ਜਾਵਣ ਖੇਲ ਖਿਲਾਇਆ । ਗੁਰਸਿਖ ਸਵਾਏ ਸਾਚੀ ਸੇਜ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਸਤਰ ਹੇਠ ਵਿਛਾਇਆ ।

੪੫੪
੦੨

ਗੁਰ ਗੋਬਿੰਦ ਏਕਾ ਰਸਨਾ ਬਰਖੇ ਫੂਲ, ਫੂਲਨ ਬਰਖਾ ਏਕਾ ਲਾਇਆ । ਅੰਤਮ ਪਰਗਟ ਹੋਏ ਕੰਤ ਕੰਤੂਹਲ, ਤੇਰਾ ਮੇਰਾ ਲਹਿਣਾ ਦੇਣਾ ਦਏ ਚੁਕਾਇਆ । ਗੁਰਸਿਖਾਂ ਕਰੇ ਸੂਲੀਓਂ ਸੂਲ, ਸਿਰ ਮੇਰੇ ਭਾਰ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਦੂਰ ਦੁਰਾਡਾ ਨੇੜੇ ਆਇਆ । ਗੁਰਸਿਖ ਤੇਰਾ ਵੱਡਾ ਭਾਰ, ਹਰਿ ਮੇਰੇ ਸਿਰ ਟਿਕਾਇਆ । ਪੂਤ ਸਪੂਤਾ ਕਰ ਤਿਆਰ, ਮੇਰਾ ਨਾਉਂ ਧਰਾਇਆ । ਵਲੀਆ ਛਲੀਆ ਆਪ ਕਰਤਾਰ, ਵਲ ਛਲ ਰਿਹਾ ਕਰਾਇਆ । ਸੀਸ ਬੰਨ ਸੱਚੀ ਦਸਤਾਰ, ਸ਼ਸਤਰਧਾਰੀ ਨਾਮ ਧਰਾਇਆ । ਪੰਜ ਕੱਕੇ ਕਰ ਤਿਆਰ, ਕਰਮਾਂ ਵੇਖ ਵਖਾਇਆ । ਕੱਕਾ ਕਰਤਾ ਕਰਣੇਨਹਾਰ, ਭੇਵ ਕਿਸੇ ਨਾ ਆਇਆ । ਕਲਜੁਗ ਅੰਤਮ ਲੈ ਅਵਤਾਰ, ਕਲਜੁਗ ਕਿਰਿਆ ਦਏ ਮਿਟਾਇਆ । ਕੂੜ ਕੁੜਿਆਰਾ ਅੰਧ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਮਹਾਂਸਾਰਥੀ ਆਪ ਅਖਵਾਇਆ । ਰਥ ਚਲਾਏ ਅਪਰ ਅਪਾਰ, ਦੋ ਜਹਾਨਾਂ ਆਪ ਚਲਾਇਆ । ਸਰਬ ਕਲਾ ਸਮਰਥ ਪਰਗਟ ਹੋਵੇ ਵਿਚ ਸੰਸਾਰ, ਨਿਹਕਲੰਕਾ ਨਾਉਂ ਧਰਾਇਆ । ਮੇਟ ਮਿਟਾਏ ਤੀਰਥ ਅਠਸਠ, ਪੂਜਾ ਪਾਠ ਨਾ ਕੋਈ ਕਰਾਇਆ । ਏਕਾ ਪੱਲੇ ਬੰਨੇ ਨਾਮ ਗੱਠ, ਗਾਇਤਰੀ ਮੰਤਰ ਨਾ ਕੋਈ ਗਾਇਆ । ਸਤਿਜੁਗ ਸਾਚੀ ਕਰੇ ਚੱਠ, ਦਰ ਦਰ ਸਤਿਗੁਰ ਪੂਰਾ ਹੋਏ ਸਹਾਇਆ । ਗੁਰਸਿਖ ਮੇਲ ਮਿਲਾਏ ਨੱਠ ਨੱਠ, ਤੇਰਾ ਮੇਰਾ ਝੋਲੀ ਪਾਇਆ । ਅੰਤਮ ਕਰੇ ਹਾੜ ਸਤਾਰਾਂ ਅਕੱਠ, ਸਾਚੀ ਹਾੜੀ ਆਪ ਵਢਾਇਆ । ਕਲਜੁਗ ਉਲਟੀ ਗੇੜੇ ਲੱਠ, ਗੇੜਣਹਾਰ ਆਪ ਅਖਵਾਇਆ । ਲੱਖ ਚੁਰਾਸੀ ਹੋਏ ਭੱਠ, ਥਿਰ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖਣ ਘਰ, ਜੋਤ ਅਕਾਲਾ ਰੂਪ ਵਟਾਇਆ । ਗੁਰ ਗੋਬਿੰਦ ਸੇਵਾ ਲਾ, ਆਪਣੀ ਰਸਨ ਅਲਾਈਆ । ਪੁਰਖ ਅਬਿਨਾਸ਼ੀ ਤੇਰਾ ਨਾਂ, ਤੂ ਹੀ ਰਿਹਾ ਜਪਾਈਆ । ਤੇਰਾ ਭਾਣਾ ਵਰਤੇ ਹਰਿ ਹਰਿ ਥਾਂ, ਕੋਈ ਮੇਟ ਨਾ ਸਕੇ ਰਾਈਆ । ਤੂਹੀ ਪਿਤਾ ਤੂਹੀ ਮਾਂ, ਤੂਹੀ ਭੈਣ ਭਰਾਤਾ ਸਰਬ ਸੁਖਦਾਈਆ । ਤੇਰੀ ਮਾਣਾ ਸਦਾ ਛਾਂ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਏਕਾ ਬੂਝ ਬੁਝਾਈਆ । ਏਕਾ ਬੋਲ ਹਰਿ ਜੈਕਾਰਾ, ਗੁਰ ਗੋਬਿੰਦ ਆਪ ਸਮਝਾਇਆ । ਫਤਿਹ ਡੰਕ ਅਪਰ ਅਪਾਰਾ, ਪੁਰਖ ਅਕਾਲਾ ਰਿਹਾ ਵਜਾਇਆ । ਵਾਹ ਵਾਹ ਗੁਰੂ ਚਰਨ ਬਲਹਾਰਾ, ਚਰਨ ਕਵਲ ਚਿਤ ਲਾਇਆ । ਕਰੇ ਖੇਲ ਅਪਰ ਅਪਾਰਾ, ਖੇਲਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਏਕਾ ਕੰਨ, ਏਕਾ ਨਾਦ ਏਕਾ ਧੁਨ, ਏਕਾ ਰਾਗ ਅਲਾਇਆ । ਏਕਾ ਰਾਗ ਹਰਿ ਅਲਾ, ਆਪਣਾ ਭੇਵ ਖੁਲ੍ਹਾਇੰਦਾ । ਗੁਰ ਗੋਬਿੰਦ ਦਏ ਸਲਾਹ, ਸਾਚਾ ਸ਼ਬਦ ਜਣਾਇੰਦਾ । ਤੇਰਾ ਨਾਮ ਹੋਏ ਮਲਾਹ, ਜਗਤ ਵਿਚੋਲਾ ਆਪ ਕਰਾਇੰਦਾ । ਇਕ ਸੁਹਾਏ ਸਾਚਾ ਥਾਂ, ਥਾਨ ਥਨੰਤਰ ਵੇਖ ਵਖਾਇੰਦਾ । ਆਪੇ ਪਕੜੇ ਤੇਰੀ ਬਾਂਹ, ਸਾਚੇ ਮੰਦਰ ਡੇਰਾ ਲਾਇੰਦਾ । ਸਾਢੇ ਤਿੰਨ ਤਿੰਨ ਹੱਥ ਕਰੇ ਨਿਆਂ ਨਿਉਂ ਨਿਉਂ ਵੇਖ ਵਖਾਇੰਦਾ । ਵੱਖ ਵੱਖ ਕਰੇ ਹੰਸ ਕਾਂ, ਕਾਗੋਂ ਹੰਸ ਉਡਾਇੰਦਾ । ਆਪੇ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਰਖਾਇੰਦਾ । ਆਪ ਜਪਾਏ ਆਪਣਾ ਨਾਂ, ਆਪਣਾ ਨਾਉਂ ਆਪ ਧਰਾਇੰਦਾ । ਸੋ ਪੁਰਖ ਨਿਰੰਜਣ ਸੋ ਸੋ ਰਿਹਾ ਜਣਾ, ਸੋ ਸਤਿ ਸਤਿ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਏਕਾ ਘਰ, ਗੁਰਸਿਖ ਵੇਖ ਵਖਾਇੰਦਾ । ਗੁਰਸਿਖ ਬੋਲ ਸ਼ਬਦ ਜੈਕਾਰਾ, ਗੋਬਿੰਦ

ਨਾਮ ਧਰਾਇਆ । ਗੋਬਿੰਦ ਪੂਤ ਸੁਤ ਦੁਲਾਰਾ, ਸਾਚੇ ਘਰ ਵਸਾਇਆ । ਸਾਚੇ ਘਰ ਮੇਲ ਅਪਾਰਾ, ਵਿਛੜ ਕਦੇ ਨਾ ਜਾਇਆ । ਨਾਨਕ ਗੁਰ ਦਏ ਹੁਲਾਰਾ, ਇਕ ਹੁਲਾਰ ਵਖਾਇਆ । ਆਪੇ ਵੇਖੇ ਪਾਰ ਕਿਨਾਰਾ, ਦੂਸਰ ਦਿਸ ਕਿਸੇ ਨਾ ਆਇਆ । ਏਕਾ ਅੱਖਰ ਕਰ ਵਿਚਾਰਾ, ਏਕਾ ਦੂਜਾ ਰਿਹਾ ਪੜ੍ਹਾਇਆ । ਏਕਾ ਨਾਮ ਏਕਾ ਧਾਰਾ, ਏਕਾ ਰਿਹਾ ਜਣਾਇਆ । ਲੱਖ ਚੁਰਾਸੀ ਕਰ ਵਿਚਾਰਾ, ਏਕਾ ਕਰਮ ਕਮਾਇਆ । ਏਕਾ ਕਲਜੁਗ ਅੰਤਮ ਲੈ ਅਵਤਾਰਾ, ਆਪ ਆਪਨਾ ਲਏ ਵਟਾਇਆ । ਸ਼ਬਦ ਖੰਡਾ ਤੇਜ ਕਟਾਰਾ, ਸ਼ਬਦ ਸ਼ਬਦੀ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ ਗੁਰਮੁਖ ਮੇਲਾ ਸਹਿਜ ਸੁਭਾਇਆ । ਗੋਬਿੰਦ ਪਾਇਆ ਪਾਰਬ੍ਰਹਮ, ਘਰ ਸਾਚੇ ਵੱਜੀ ਵਧਾਈਆ । ਸਾਚੇ ਘਰ ਗਿਆ ਜੰਮ, ਨਾ ਮਰੇ ਨਾ ਜਾਈਆ । ਗਗਨ ਪਤਾਲੀ ਦਿਤਾ ਥੰਮ, ਨਾ ਸਕੇ ਕੋਈ ਹਿਲਾਈਆ । ਲੱਖ ਚੁਰਾਸੀ ਪੁਰਖ ਅਕਾਲ ਦੀਨ ਦਿਆਲ ਆਪ ਜਪਾਏ ਦਮਾ ਦਮ, ਨਾ ਦੂਸਰ ਕੋਈ ਰਸਨਾ ਗਾਈਆ । ਦੋ ਜਹਾਨੀ ਆਪਨਾ ਆਪੇ ਕਰੇ ਕੰਮ, ਨਾ ਦੂਸਰ ਵੇਖ ਵਖਾਈਆ । ਆਪਨੀ ਆਪੇ ਖਾਏ ਤਮ, ਤ੍ਰਿਸਨਾ ਭੁੱਖ ਮਿਟਾਈਆ । ਹੱਡ ਮਾਸ ਨਾੜੀ ਨਾ ਕੋਈ ਚੰਮ, ਰਕਤ ਬੂੰਦ ਨਾ ਕੋਇ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਦੇਵੇ ਵਡ ਵਡਿਆਈਆ । ਗੁਰਮੁਖ ਤੇਰਾ ਦਰ ਦਰਵਾਜਾ, ਹਰਿ ਹਰਿ ਆਪ ਮੁਕਾਇਆ । ਦਰ ਦਰਵੇਸ਼ਾ ਆਪ ਗ਼ਰੀਬ ਨਿਵਾਜਾ, ਨਿਉਂ ਨਿਉਂ ਸੀਸ ਝੁਕਾਇਆ । ਗੁਰ ਗੋਬਿੰਦ ਸਾਜਣ ਸਾਜਾ, ਸਾਚਾ ਮਾਰਗ ਲਾਇਆ । ਨਾਨਕ ਕਬੀਰ ਵਜਾਏ ਅਨਹਦ ਵਾਜਾ, ਰਾਗ ਰਾਗਨੀ ਰਹੇ ਅਲਾਇਆ । ਨੌਂ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਖੋਲ੍ਹੇ ਪਾਜਾ, ਜੂਠ ਝੂਠ ਰਹਿਣ ਨਾ ਪਾਇਆ । ਸਤਿਜੁਗ ਚਲਾਏ ਸਚ ਜਹਾਜ਼ਾ, ਚਾਰ ਵਰਨਾਂ ਲਏ ਚੜ੍ਹਾਇਆ । ਪਰਗਟ ਹੋਏ ਦੇਸ ਮਾਝਾ, ਸੰਬਲ ਨਗਰੀ ਨਾਉਂ ਧਰਾਇਆ । ਕਰਤਾ ਪੁਰਖ ਵਡ ਰਾਜਨ ਰਾਜਾ, ਸ਼ਾਹ ਸੁਲਤਾਨ ਹੋ ਆਇਆ । ਗੁਰਸਿਖਾਂ ਸਵਾਰੇ ਆਪੇ ਕਾਜਾ, ਜੋਗ ਅਭਿਆਸ ਨਾ ਕੋਈ ਕਰਾਇਆ । ਰਾਤੀ ਸੁੱਤਿਆਂ ਘਰ ਘਰ ਜਾਏ ਮਾਰੇ ਵਾਜਾਂ, ਰੁੱਠਿਆਂ ਰਿਹਾ ਮਨਾਇਆ । ਸ਼ਬਦ ਅਗੰਮੀ ਚੜ੍ਹਿਆ ਤਾਜਾ, ਚਾਰੇ ਵਾਗਾਂ ਰਿਹਾ ਉਠਾਇਆ । ਲੋਆਂ ਪੁਰੀਆਂ ਫਿਰੇ ਭਾਜਾ, ਨੌਂ ਸੱਤ ਫੇਰਾ ਪਾਇਆ । ਨਾਲ ਲਿਆਇਆ ਸੋਹੰ ਦਾਜਾ, ਗੁਰਮੁਖ ਤੇਰੀ ਝੋਲੀ ਪਾਇਆ । ਕਲਜੁਗ ਅੰਤਮ ਰਚਿਆ ਕਾਜਾ, ਅਨੰਦ ਮੰਗਲ ਇਕ ਗਾਇਆ । ਦਰ ਦਵਾਰੇ ਜੋ ਭੁੱਲ ਭੁੱਲ ਆਏ ਭਾਜਾ, ਪ੍ਰਭ ਸਾਚਾ ਲਏ ਉਠਾਇਆ । ਚਾਰੋਂ ਕੁੰਟ ਗੁਰਸਿਖ ਗੁਰਮੁਖ ਉਚੀ ਬਾਂਹ ਕਰ ਮਾਰੋ ਵਾਜਾਂ, ਪਾਰਬ੍ਰਹਮ ਪ੍ਰਭ ਆਇਆ । ਆਪੇ ਜਾਣੇ ਰੋਜ਼ਾ ਬਾਂਗ ਨਿਮਾਜਾ, ਜਗਤ ਮਸੱਲਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਨਿਰਗੁਣ ਰੂਪ ਵੇਸ ਕਰ, ਇਕ ਅਕੱਲਾ ਗੁਰਮੁਖ ਤੇਰਾ ਸਚ ਮਹੱਲਾ, ਧੁਰਦਰਗਾਹੀ ਵੇਖਣ ਆਇਆ । ਧੁਰਦਰਗਾਹੀ ਸਾਚਾ ਲਾੜਾ, ਪਾਰਬ੍ਰਹਮ ਪਰਮੇਸ਼ਵਰ । ਗੁਰਮੁਖ ਤੇਰਾ ਵੇਖਣ ਆਇਆ ਅਖਾੜਾ, ਜਗਤ ਪਿਤ ਜਗਤੇਸ਼ਵਰ । ਦੇਵਤ ਸੁਰ ਮੁਨ ਜਨ ਗਣ ਗਧੰਰਬ ਲੋਚਣ ਮੰਗਣ ਦਿਨ ਸਤਾਰਾਂ ਹਾੜਾ, ਪ੍ਰਭ ਸਾਚੇ ਮੂਲ ਨਾ ਭਾਇਆ । ਬ੍ਰਹਮਾ ਸ਼ਿਵ ਗਣੇਸ਼ ਕੱਢਣ ਹਾੜਾ, ਲੋਕਮਾਤ ਰਾਹ ਤਕਾਇਆ । ਗੁਰ ਪੂਰਾ ਮਿਹਰਵਾਨ ਮਿਹਰਵਾਨ ਮਿਹਰਵਾਨ ਜਨ ਭਗਤਾਂ ਦੇਵੇ ਜੀਆ ਦਾਨ ਧੁਰ ਫ਼ਰਮਾਣ ਜੋਤ ਜਗਾਏ ਬਹੱਤਰ ਨਾੜਾ, ਅੰਧ ਅੰਧੇਰ ਮਿਟਾਇਆ । ਤ੍ਰੈਗੁਣ ਮਾਇਆ ਤੇਰਾ ਤਤ ਗੁਰਸਿਖ ਦਵਾਰੇ ਆਪਨੀ ਹੱਥੀਂ ਸਾੜਾ, ਇਕੀ ਜੇਠ ਦਿਵਸ ਸੁਹਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਘਰ ਆਪਣਾ ਖੋਲ੍ਹ ਵਖਾਇਆ । ਪਹਿਲਾ ਘਰ ਆਪਣਾ ਖੋਲ੍ਹ, ਦੂਜਾ ਗੁਰਮੁਖ ਰਾਹ ਤਕਾਇੰਦਾ । ਪਹਿਲੋਂ ਘਰ ਆਪਣੇ ਬੋਲ, ਦੂਜੇ ਗੁਰਮੁਖ ਫੇਰ ਸੁਣਾਇੰਦਾ । ਪਹਿਲੋਂ ਆਪਣੇ ਘਰ ਤੋਲੇ ਤੋਲ, ਦੂਜੇ ਗੁਰਮੁਖਾਂ ਫੇਰ ਤੁਲਾਇੰਦਾ । ਪਹਿਲੋਂ ਘਰ ਆਪਣੇ ਬਦਲਿਆ ਚੋਲ, ਗੁਰਮੁਖਾਂ ਚੋਲਾ ਫਿਰ ਬਦਲਾਇੰਦਾ । ਪਹਿਲੋਂ ਘਰ ਆਪਣੇ ਆਪਣੀ ਜੋਤੀ ਗਿਆ ਮੌਲ, ਦੂਜੇ ਗੁਰਮੁਖਾਂ ਜੋਤ ਜਗਾਇੰਦਾ । ਪਹਿਲਾਂ ਆਪਣਾ ਘਰ ਸੁਹਾਏ ਉਤੇ ਧਰਤੀ ਧਵਲ, ਦੂਜਾ ਗੁਰਮੁਖਾਂ ਘਰ ਧਰਤ ਧਵਲ ਸੁਹਾਇੰਦਾ । ਪਹਿਲੋਂ ਆਪਣੇ ਘਰ ਆਪਣੇ ਕਵਲ ਗਿਆ ਆਪੇ ਫੁਲ, ਦੂਜੇ ਗੁਰਮੁਖਾਂ ਘਰ ਫੁਲ ਫੁਲਵਾੜੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਆਇਆ ਘਰ, ਘਰ ਸੁਹੰਜਣਾ ਇਕ ਰਖਾਇੰਦਾ । ਘਰ ਸੁਹੰਜਣਾ ਹਰਿ ਕਰਤਾਰਾ, ਏਕਾ ਏਕ ਸੁਹਾਇਆ । ਨਿਰਗੁਣ ਜੋਤੀ ਨੂਰ ਉਜਿਆਰਾ, ਨੂਰੋ ਨੂਰ ਰਖਾਇਆ । ਸ਼ਬਦੀ ਧੁਨ ਸ਼ਬਦੀ ਰਾਗ ਅਪਰ ਅਪਾਰਾ, ਸ਼ਬਦੀ ਤਾਲ ਵਜਾਇਆ । ਸ਼ਬਦੀ ਗੁਰ ਸੁਨਣੇਹਾਰਾ, ਸੁਨਣੇਹਾਰ ਆਪ ਹੋ ਜਾਇਆ । ਗੁਰਮੁਖ ਸਾਚੇ ਸੰਤ ਕਰ ਪਿਆਰਾ, ਕਿਰਿਆ ਕਰਮਾ ਦਏ ਮਿਟਾਇਆ । ਰਸਨਾ ਨਾਉਂ ਜਿਸ ਉਚਾਰਾ, ਕਰ ਕਿਰਪਾ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਦਵਾਰਾ, ਬਿਨ ਸਤਿਗੁਰ ਪੂਰੇ ਕਿਸੇ ਹੱਥ ਨਾ ਆਇਆ । ਕੋਟਨ ਕੋਟ ਬ੍ਰਹਮਾ ਸ਼ਿਵ ਵਿਸ਼ਨ ਮਹੇਸ਼ ਮੰਗਨ ਦਰ ਦਵਾਰ, ਬੈਠੇ ਸੀਸ ਝੁਕਾਇਆ । ਕੋਟਨ ਕੋਟ ਰਾਮ ਕ੍ਰਿਸ਼ਨ ਲੈ ਅਵਤਾਰ, ਆਵਣ ਜਾਵਣ ਖੇਲ ਰਚਾਇਆ । ਕੋਟਨ ਕੋਟ ਸਾਧ ਸੰਤ ਰਹੇ ਪੁਕਾਰਾ, ਦਿਵਸ ਰੈਣ ਰਸਨ ਅਲਾਇਆ । ਕੋਟਨ ਕੋਟ ਰਿਖ ਮੁਨ ਰਹੇ ਧਿਆ, ਧਿਆਨ ਵਿਚ ਕਿਸੇ ਨਾ ਆਇਆ । ਕੋਟਨ ਕੋਟ ਕਰ ਰਹੇ ਗਿਆਨ, ਗਿਆਨ ਨਾਮ ਮੰਤਰ ਨਾ ਕਿਸੇ ਦ੍ਰਿੜਾਇਆ । ਕੋਟਨ ਕੋਟ ਕਰ ਰਹੇ ਅਸ਼ਨਾਨ, ਹਰਿ ਚਰਨ ਅਸ਼ਨਾਨ ਨਾ ਕੋਇ ਵਖਾਇਆ । ਕੋਟਨ ਕੋਟ ਰਸਨਾ ਰਸ ਕਰਨ ਪਾਨ, ਅੰਮ੍ਰਿਤ ਰਸ ਨਾ ਕਿਸੇ ਚਖਾਇਆ । ਕੋਟਨ ਕੋਟ ਜੋਧੇ ਸੂਰ ਬਲੀ ਬਲਵਾਨ, ਬੀੜਾ ਧਰਮ ਕਰਮ ਨਾ ਕਿਸੇ ਉਠਾਇਆ । ਕੋਟਨ ਕੋਟ ਝੁੱਲਦੇ ਪਏ ਨਿਸ਼ਾਨ, ਪਾਰਬ੍ਰਹਮ ਤੇਰਾ ਨਿਸ਼ਾਨ ਨਾ ਕਿਸੇ ਝੁਲਾਇਆ । ਨਾਨਕ ਗੋਬਿੰਦ ਦਿਤਾ ਇਕ ਗਿਆਨ, ਏਕਾ ਮੰਤਰ ਦ੍ਰਿੜਾਇਆ । ਏਕਾ ਏਕ ਸ੍ਰੀ ਭਗਵਾਨ, ਗੁਰ ਗੋਬਿੰਦ ਰਿਹਾ ਸੀਸ ਝੁਕਾਇਆ । ਆਦਿ ਜੁਗਾਦਿ ਰਹੇ ਨਿਸ਼ਾਨ, ਦੋ ਜਹਾਨ ਨਾ ਕੋਈ ਮੇਟੇ ਮੇਟ ਮਿਟਾਇਆ । ਸਦ ਅਬਿਨਾਸ਼ ਨਾ ਬਿਰਧ ਬਾਲ ਜਵਾਨ, ਏਕਾ ਰੰਗ ਸਮਾਇਆ । ਘਟ ਘਟ ਅੰਦਰ ਰੱਖੇ ਵਾਸ, ਨਾ ਮਰੇ ਨਾ ਜਾਇਆ । ਗੁਰਮੁਖਾਂ ਜਨ ਭਗਤਾਂ ਹੋਏ ਦਾਸੀ ਦਾਸ, ਸੀਸ ਆਪਣਾ ਭੇਟ ਚੜ੍ਹਾਇਆ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਰੂਪ ਵਟਾਇਆ । ਗੁਰਸਿਖ ਗੁਰਸਿਖ ਅੰਤਮ ਪੂਰੀ ਕਰੇ ਆਸ, ਨਿਹਕਲੰਕਾ ਨਾਉਂ ਧਰਾਇਆ । ਹਉਂ ਸੇਵਕ ਸਦਾ ਵਸਾਂ ਪਾਸ, ਵਿਛੜ ਕਦੇ ਨਾ ਜਾਇਆ । ਸਤਿਗੁਰ ਸਰਨਾਈ ਗੁਰਮੁਖ ਨਾ ਹੋਏ ਕਦੇ ਨਿਰਾਸ, ਹਰਿ ਸਾਚਾ ਵੇਖ ਵਖਾਇਆ । ਸਿੰਘ ਗੋਬਿੰਦ ਸਦ ਬਲ ਬਲ ਜਾਸ, ਗੁਰ ਪੂਰੇ ਮੇਲ ਮਿਲਾਇਆ । ਅੰਤਮ ਆਇਆ ਕਰਨ ਬੰਦ ਖਲਾਸ, ਲੱਖ ਚੁਰਾਸੀ ਗੇੜ ਕਟਾਇਆ । ਸਾਚੀ ਭਗਤ ਰਖਾਈ ਰਸਨ ਤਜੌਣਾ ਮਦਿਰਾ ਮਾਸ, ਭਗਤ ਭਗਤੀ ਲੇਖੇ ਲਾਇਆ । ਨਿਜ ਘਰ ਆਤਮ ਰਖੇ ਵਾਸ, ਜਗਤ ਤ੍ਰਿਸਨਾ ਚਾਹ ਮਿਟਾਇਆ । ਆਪੇ ਹੋਇਆ ਸਵਾਸ ਸਵਾਸ, ਅਜਪਾ ਜਾਪ ਆਪ ਹੋ ਜਾਇਆ । ਸਦਾ ਸੁਹੇਲਾ ਸਹਾਈ ਪ੍ਰਿਥਮੀ ਅਕਾਸ਼, ਤਿੰਨਾਂ ਲੋਕਾਂ ਪਾਰ ਕਰਾਇਆ । ਸਚ ਦਵਾਰੇ ਕਰ ਨਿਵਾਸ, ਗੁਰਮੁਖ

ਸਾਚੇ ਲਏ ਤਰਾਇਆ । ਜੋਤੀ ਜੋਤ ਕਰੇ ਪਰਕਾਸ਼, ਅੰਤਮ ਜੋਤੀ ਮੇਲ ਮਿਲਾਇਆ । ਕਰਣਹਾਰ ਸਰਬ ਗੁਣ ਤਾਸ, ਆਪਣੀ ਕਰਨੀ ਰਿਹਾ ਕਰਾਇਆ । ਜੁਗ ਜੁਗ ਪੂਰਨ ਕਰਦਾ ਆਸ, ਕਲਜੁਗ ਅੰਤਮ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਪੌੜੀ ਪੌੜੀ ਚੜ੍ਹਦਾ ਆਇਆ । ਪਹਿਲੇ ਪੌੜੇ ਆਪੇ ਚੜ੍ਹ, ਆਪਣਾ ਰਾਹ ਤਕਾਇਆ । ਦੂਜੇ ਪੌੜੇ ਗੁਰਮੁਖ ਸੁਰਤੀ ਲਏ ਫੜ, ਚਰਨ ਦਵਾਰ ਵਖਾਇਆ । ਤੀਜੇ ਪੌੜੇ ਅੱਗੇ ਖੜ, ਹਰਿਸੰਗਤ ਮੇਲ ਮਿਲਾਇਆ । ਚੌਥੇ ਪੌੜੇ ਫੜਾਇਆ ਲੜ, ਵਿਛੜ ਕਦੇ ਨਾ ਜਾਇਆ । ਆਪਣਾ ਘਾੜਨ ਆਪੇ ਘੜ, ਆਪਣਾ ਰੰਗ ਰੰਗਾਇਆ । ਆਪਣੀ ਲੜਾਈ ਆਪੇ ਲੜ, ਆਪਣਾ ਸੱਤਰੂ ਆਪ ਮਿਟਾਇਆ । ਆਪਣੀ ਪੜ੍ਹਾਈ ਆਪੇ ਪੜ੍ਹ, ਆਪਣਾ ਨਾਉਂ ਰਿਹਾ ਅਲਾਇਆ । ਆਪਣੀ ਜੋਤੀ ਆਪਣੀ ਅਗਨੀ ਆਪਣੇ ਹਵਨ ਆਪੇ ਸੜ, ਆਪੇ ਧੂੰਆਂਧਾਰ ਮਿਟਾਇਆ । ਆਪਣਾ ਸੀਸ ਆਪਣਾ ਧੜ, ਆਪੇ ਲਏ ਕਟਾਇਆ । ਆਪੇ ਚੋਟੀ ਆਪੇ ਜੜ, ਅਧਵਿਚਕਾਰ ਆਪ ਸਮਾਇਆ । ਆਪੇ ਗੁਰਸਿਖ ਵਸਿਆ ਤੇਰੀ ਕਾਇਆ ਗੜ੍ਹ, ਪੰਜ ਤਤ ਡੇਰਾ ਲਾਇਆ । ਪੰਚ ਵਿਕਾਰ ਦਰ ਦਵਾਰ ਨਾ ਸਕੇ ਅੜ, ਏਕਾ ਖੰਡਾ ਰਿਹਾ ਵਖਾਇਆ । ਕਲਜੁਗ ਵਹਿਣ ਵਹਾਏ ਹੜ, ਮਨਮੁਖ ਮਾਇਆ ਦਏ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਨਿਰਾਕਾਰ ਉਠ ਉਠ ਧਾਇਆ । ਨਿਰੰਕਾਰ ਸ਼ਬਦ ਅਡੋਲ, ਸਤਿਗੁਰ ਰੂਪ ਸਮਾਇੰਦਾ । ਕਰਨ ਆਇਆ ਪੂਰਾ ਕੀਤਾ ਕੌਲ, ਪੂਰਨ ਕਰਮ ਕਮਾਇੰਦਾ । ਜੋਤੀ ਜਾਮਾ ਉਪਰ ਧਵਲ, ਪੰਜ ਤਤ ਸਮਾਇੰਦਾ । ਸ੍ਰਿਸ਼ਟ ਸਬਾਈ ਕਰੇ ਮਖੌਲ, ਦਿਸ ਕਿਸੇ ਨਾ ਆਇੰਦਾ । ਗੁਰਮੁਖਾਂ ਅੰਦਰ ਵੱਜੇ ਮਰਦੰਗਾ ਢੋਲ, ਪ੍ਰਭ ਸਾਚਾ ਆਪ ਵਜਾਇੰਦਾ । ਹੌਲੀ ਹੌਲੀ ਆਪੇ ਰਿਹਾ ਬੋਲ, ਆਪ ਆਪਣਾ ਨਾਮ ਜਪਾਇੰਦਾ । ਤੋਲਣਹਾਰਾ ਸਾਚਾ ਤੋਲ, ਤੋਲਾ ਮਾਸ਼ਾ ਨਾ ਕੋਈ ਘਟਾਇੰਦਾ । ਕਿਸੇ ਹੱਥ ਨਾ ਆਏ ਪੰਡਤ ਪਾਂਧੇ ਰੌਲ, ਜਗਤ ਵਿਦਿਆ ਭੇਵ ਨਾ ਪਾਇੰਦਾ । ਹਰਿਜਨ ਕਾਇਆ ਗਿਆ ਮੌਲ, ਮੌਲਾ ਰੂਪ ਅਖਵਾਇੰਦਾ । ਸਾਵਲ ਸੁੰਦਰ ਹੋਏ ਸਵਲ, ਮੋਹਣ ਮਾਧਵ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਬੰਕ ਦਵਾਰਾ, ਹਰਿ ਵਸਿਆ ਏਕੰਕਾਰਾ, ਘਾੜਨ ਭੰਨਣਹਾਰਾ ਸਮਰਥ ਪੁਰਖ ਆਪ ਅਖਵਾਇੰਦਾ । ਸਮਰਥ ਪੁਰਖ ਸਰਬ ਗੁਣਵੰਤਾ, ਗਿਆਨ ਬੋਧ ਗਿਆਤਾ । ਮੇਲ ਮਿਲਾਏ ਗੁਰਮੁਖ ਸਾਚੇ ਸੰਤਾ, ਦੇਵੇ ਨਾਮ ਸੱਚੀ ਸੁਗਾਤਾ । ਸੇਜ ਸੁਹਾਈ ਨਾਰੀ ਕੰਤਾ, ਮਿਟੀ ਅੰਧੇਰੀ ਰਾਤਾ । ਧੀ ਜਵਾਈ ਬਣਾਏ ਬਣਤਾ, ਸੁਰਤੀ ਸ਼ਬਦੀ ਨਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਪੁਰਖ ਬਿਧਾਤਾ । ਖੇਲੇ ਖੇਲ ਸਰਬ ਘਟ ਅੰਤਰ, ਕਰਨ ਕਰਾਵਣ ਜੋਗ । ਸੋਹੰ ਸ਼ਬਦ ਸੱਚਾ ਗੁਰ ਮੰਤਰ, ਅੰਮ੍ਰਿਤ ਆਤਮ ਰਸਨਾ ਭੋਗ । ਇੰਦਰ ਰੋਵੇ ਵੇਖ ਮਨਵੰਤਰ, ਸ਼ਿਵ ਬ੍ਰਹਮਾ ਪਿਆ ਸੋਗ । ਹਰਿ ਹਰਿ ਖੇਲ ਜੁਗਾਂ ਜੁਗੰਤਰ, ਖੇਲੇ ਖੇਲ ਸਦਾ ਤ੍ਰੈਲੋਕ । ਸਰਬ ਥਾਨ ਆਪ ਨਿਰੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚਾ ਘਰ, ਦੇਵੇ ਦਰਸ ਅਮੋਘ । ਦਰਸ ਅਮੋਘ ਅਜੂਨੀ ਰਹਿਣਾ, ਨਿਰਭੈ ਰੂਪ ਸਮਾਇਆ । ਆਪਣੀ ਬਾਣੀ ਆਪੇ ਕਹਿਣਾ, ਆਪਣਾ ਨਾਮ ਧਰਾਇਆ । ਆਪਣਾ ਭਾਣਾ ਆਪੇ ਸਹਿਣਾ, ਸਹਿਣ ਜੋਗ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖਣ ਘਰ, ਕਲਜੁਗ ਰੈਣ ਅੰਧੇਰਾ ਰਿਹਾ ਮਿਟਾਇਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿਜੁਗ ਚੰਦ ਚੜ੍ਹਾਇੰਦਾ । ਗੁਰਮੁਖਾਂ

੪੫੮
੦੭

ਦੇਵੇ ਸਾਚੀ ਦਾਤਾ, ਧੁਰਦਰਗਾਹੀ ਵੰਡ ਵੰਡਾਇੰਦਾ । ਨਾਦੀ ਦਰਸ ਇਕ ਅਕਾਂਤਾ, ਨਾਦੀ ਸੁੱਤ ਰੂਪ ਵਟਾਇੰਦਾ । ਖੇਲੇ ਖੇਲ ਬਹੁ ਬਿਧ ਭਾਂਤਾ, ਭਰਮੀ ਭਰਮ ਭੁਲਾਇੰਦਾ । ਕੂੜੀ ਕਿਰਿਆ ਜ਼ਾਤ ਪਾਤਾ, ਜ਼ਾਤ ਜ਼ਾਤੀ ਵੇਖ ਵਖਾਇੰਦਾ । ਮਨ ਮਤ ਨਾਰ ਕਮਜ਼ਾਤਾ, ਘਰ ਘਰ ਤਾਲ ਵਜਾਇੰਦਾ । ਗੁਰਮੁਖ ਵਿਰਲੇ ਮਾਤ ਪਛਾਤਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੱਸੇ ਸਾਚਾ ਘਰ ਘਰ ਸਾਚਾ ਇਕ ਵਖਾਇੰਦਾ । ਸਾਚਾ ਘਰ ਇਕ ਅਪਾਰ, ਏਕਾ ਏਕ ਸੁਹਾਇਆ । ਨਾ ਕੋਈ ਦੀਸੇ ਚਾਰ ਦਵਾਰ, ਛੰਪਰ ਛੰਨ ਨਾ ਕੋਈ ਜਣਾਇਆ । ਰਵ ਸਸ ਨਾ ਕੋਈ ਚਮਤਕਾਰ, ਤਾਰਾ ਮੰਡਲ ਨਾ ਕੋਈ ਦਿਸਾਇਆ । ਗਗਨ ਪਤਾਲ ਨਾ ਕੋਈ ਅਕਾਰ, ਪੁਰੀ ਲੋਅ ਨਾ ਕੋਈ ਦਿਸਾਇਆ । ਬ੍ਰਹਮਾ ਸ਼ਿਵ ਨਾ ਕੋਈ ਸਹਾਰ, ਵਿਸ਼ਨੂੰ ਵੇਸ ਨਾ ਕੋਇ ਵਟਾਇਆ । ਤ੍ਰੈਗੁਣ ਮਾਇਆ ਨਾ ਕੋਈ ਭੰਡਾਰ, ਰਾਜਸ ਤਾਜਸ ਸਾਂਤਕ ਨਾ ਮੇਲ ਮਿਲਾਇਆ । ਨਾਭੀ ਕਵਲ ਨਾ ਕੋਈ ਉਜਿਆਰ, ਪਾਰਬ੍ਰਹਮ ਨਾ ਬ੍ਰਹਮ ਉਪਾਇਆ । ਧਰਤ ਧਵਲ ਨਾ ਕੋਈ ਪਸਾਰ, ਜਲ ਬਿੰਬ ਨਾ ਕੋਈ ਉਪਾਇਆ । ਲੱਖ ਚੁਰਾਸੀ ਨਾ ਕੋਈ ਧਾਰ, ਨਾ ਕੋਈ ਰੂਪ ਦਰਸਾਇਆ । ਇਕ ਅਕੱਲਾ ਏਕੰਕਾਰ, ਏਕ ਘਰ ਵਸਾਇਆ । ਜੁਗ ਜੁਗ ਆਪਣੀ ਧਾਰ, ਸ਼ਬਦੀ ਸ਼ਬਦ ਲਏ ਉਪਾਇਆ । ਸ਼ਬਦ ਵੰਡ ਸਿਰਜਣਹਾਰ, ਬ੍ਰਹਿਮੰਡ ਖੰਡ ਉਪਾਇਆ । ਬ੍ਰਹਿਮੰਡ ਖੰਡ ਵੇਖ ਵਿਚਾਰ, ਆਪਣੀ ਰਚਨ ਰਚਾਇਆ । ਸੇਵਕ ਸੇਵਾ ਲਾਏ ਸੇਵਾਦਾਰ, ਜੋਤੀ ਜੋਤ ਕਰੇ ਰੁਸ਼ਨਾਇਆ । ਅਲੱਖ ਅਗੰਮ ਅਥਾਹ ਸਿਰਜਣਹਾਰ, ਸਿਰ ਸਿਰ ਦੇਵੇ ਰਿਜ਼ਕ ਸਬਾਇਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਆਪ ਸਮਾਇਆ । ਲੋਕਮਾਤੀ ਲੈ ਅਵਤਾਰ, ਜੁਗ ਜੁਗ ਵੇਖ ਵਖਾਇਆ । ਸੰਤ ਸੁਹੇਲੇ ਲਾਏ ਪਾਰ, ਆਪਣਾ ਨਾਮ ਦ੍ਰਿੜਾਇਆ । ਕਲਜੁਗ ਅੰਤਮ ਵੇਖ ਵਿਚਾਰ, ਗੁਰਸਿਖ ਸਾਚੇ ਲਏ ਜਗਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਇਕ ਸਿਖਾਇਆ । ਦੂਈ ਦਵੈਤੀ ਘੁੰਘਟ ਦਏ ਉਤਾਰ, ਮਸਤਕ ਕਾਲੀ ਸ਼ਾਹੀ ਟਿੱਕਾ ਦਏ ਗਵਾਇਆ । ਨੂਰੋ ਨੂਰ ਨੂਰ ਜੋਤ ਚਮਤਕਾਰ, ਮਸਤਕ ਮਸਤਕ ਭਾਗ ਲਗਾਇਆ । ਮਸਤਕ ਫੋੜ ਖੋਲ੍ਹ ਕਿਵਾੜ, ਬਿੰਦਰਾਬਨ ਦਰਸਾਇਆ । ਗੋਕਲ ਮਥਰਾ ਕਰ ਵਿਚਾਰ, ਕਾਹਨਾ ਬੰਸਰੀ ਇਕ ਵਜਾਇਆ । ਨਾਮ ਬੰਸਰੀ ਅਪਰ ਅਪਾਰ, ਧੁਨ ਆਤਮਕ ਰਿਹਾ ਉਪਜਾਇਆ । ਉਪਜੇ ਧੁਨ ਸੁਣੇ ਸੁਣਨੇਹਾਰ, ਜਿਸ ਜਨ ਆਪਣੀ ਬੂਝ ਬੁਝਾਇਆ । ਗੁਰਸਿਖ ਸਾਜਨ ਗੁਣ ਅਵਗੁਣ ਨਾ ਰਿਹਾ ਵਿਚਾਰ, ਜੋ ਜਨ ਸਰਨਾਈ ਆਇਆ ਛਾਣ ਪੁਣ ਵੇਖ ਸ੍ਰਿਸ਼ਟ ਸਬਾਈ ਸੰਸਾਰ, ਹੀਰਾ ਲਾਲ ਅਮੋਲਕ ਗੁਰਸਿਖ ਇਕ ਸਾਚੇ ਹੱਟ ਵਿਕਾਇਆ । ਘਰ ਘਰ ਵੱਜਦੇ ਢੋਲਕ ਛੈਣੇ, ਅਨਹਦ ਤਾਲ ਨਾ ਕੋਈ ਵਜਾਇਆ । ਗੁਰਦਰ ਮੰਦਰ ਗੁਰੂ ਗ੍ਰੰਥ ਅੱਗੇ ਰੱਖੀ ਗੋਲਕ, ਸਚ ਭੰਡਾਰ ਨਾ ਕਿਸੇ ਭਰਾਇਆ । ਗੁਰ ਅਰਜਨ ਦਿਤਾ ਨਾਮ ਅਮੋਲਕ, ਧੁਰ ਖਜ਼ਾਨਾ ਨਾਨਕ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵੇਖਣ ਆਇਆ ਘਰ, ਜਗਤ ਵਿਛੋੜਾ ਦਏ ਤਜਾਇਆ । ਜਗਤ ਵਿਛੋੜਾ ਦਿਤਾ ਤਜ, ਹਰਿ ਸਾਚੇ ਸ਼ਬਦ ਜਣਾਈਆ । ਗੁਰ ਸੰਗਤ ਹਰਿਸੰਗਤ ਘਰ ਆਪਣੇ ਔਣਾ ਭੱਜ, ਘਰ ਬੈਠਾ ਰਿਹਾ ਰਾਹ ਤਕਾਈਆ । ਲੋਕ ਲੱਜਿਆ ਸਿੰਘ ਨਰਾਇਣ ਦੇਣੀ ਤਜ, ਪ੍ਰਭ ਹੱਥ ਵੱਡੀ ਵਡਿਆਈਆ । ਦੋ ਜਹਾਨਾਂ ਪੜਦੇ ਰਿਹਾ ਕੱਜ, ਸਿਰ ਆਪਣਾ ਹੱਥ ਟਿਕਾਈਆ । ਝੂਠਾ ਤਾਲ ਰਿਹਾ ਵੱਜ, ਜੂਠ ਝੂਠ ਡੰਕਾ ਲਾਈਆ । ਗੁਰ ਗੋਬਿੰਦ ਸਿੰਘ ਸੂਰਾ ਹਾਜ਼ਰ ਹਜ਼ੂਰਾ ਗੁਰਸਿਖ ਮੰਦਰ

ਅੰਦਰ ਬੈਠਾ ਸਜ, ਦਿਸ ਕਿਸੇ ਨਾ ਆਈਆ । ਘਰ ਘਰ ਸੁੱਤਿਆਂ ਅੰਮ੍ਰਿਤ ਆਤਮ ਪਿਆਏ ਰਜ ਰਜ, ਸ਼ਬਦ ਕ੍ਰਿਪਾਨ ਸੀਸ ਜਗਦੀਸ਼ ਤਨ ਗਾਤਰੇ ਆਪ ਲਟਕਾਈਆ । ਏਕਾ ਸ਼ਬਦ ਇਕ ਹਦੀਸ, ਪੁਰਖ ਅਕਾਲ ਮਨਾਈਆ । ਗਾ ਗਾ ਥੱਕੇ ਰਾਗ ਛੱਤੀਸ, ਭੇਵ ਕੋਈ ਨਾ ਪਾਈਆ । ਪਰਗਟ ਹੋਇਆ ਸ਼ਾਹੋ ਸ਼ਬੀਸ, ਗੁਰ ਗੋਬਿੰਦ ਸੰਗ ਰਲਾਈਆ । ਖੇਲੇ ਖੇਲ ਬੀਸ ਇਕੀਸ, ਸਿਰ ਆਪਣੇ ਛਤਰ ਝੁਲਾਈਆ । ਮੂਰਖ ਮੁਗਧ ਅਜਾਣ ਨਾਦਾਨ ਗੁਰ ਗੋਬਿੰਦ ਤੇਰੀ ਕਰਨ ਰੀਸ, ਹੱਥ ਆਪਣੇ ਸ਼ਸਤਰ ਉਠਾਈਆ । ਅੰਤਮ ਮਾਇਆ ਮਮਤਾ ਜਾਣ ਪੀਸ, ਕਲਜੁਗ ਚੱਕੀ ਰਿਹਾ ਚਲਾਈਆ । ਸਾਧ ਸੰਤ ਹੋਏ ਜਿਨ ਖਵੀਸ, ਪੂਜਾ ਧਾਨ ਬੇੜਾ ਰਿਹਾ ਡੁਬਾਈਆ । ਗੁਰ ਕੀ ਸੇਵਾ ਹਰਿ ਕੀ ਪੌੜੀ ਕਿਸੇ ਨਾ ਰੱਖੀ ਸੀਸ, ਨਾ ਕੋਈ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਤੇਰਾ ਵੇਖਣ ਘਰ, ਚੋਰੀ ਚੋਰੀ ਆਈਆ । ਚੋਰੀ ਚੋਰ ਕਰੇ ਨਿਤ ਚਾਕਰ, ਜੁਗ ਜੁਗ ਕਰਦਾ ਆਇਆ । ਕਲਜੁਗ ਅੰਤਮ ਸਾਚੇ ਘੋੜੇ ਪਾਏ ਪਾਖਰ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਖੇਲੇ ਖੇਲ ਕਲਜੁਗ ਤੇਰੀ ਅੰਤ ਆਖਰ, ਨਾ ਕੋਈ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਆਪਣਾ ਕੁੰਡਾ ਰਿਹਾ ਖੁਲ੍ਹਾਇਆ । ਆਪਣਾ ਕੁੰਡਾ ਖੋਲ੍ਹ ਤਾਕੀ, ਹਰਿ ਨੇਤਰ ਨੈਣ ਉਘਾੜਿਆ । ਗੁਰਮੁਖਾਂ ਦਿਤੀ ਲੋਕਮਾਤ ਬਾਕੀ, ਲਹਿਣਾ ਚੁਕਿਆ ਸਤਾਰਾਂ ਹਾੜਿਆ । ਲੇਖੇ ਲੌਣਾ ਜਨਮ ਖ਼ਾਕੀ, ਖ਼ਾਕੀ ਖ਼ਾਕ ਪਾਰ ਉਤਾਰਿਆ । ਅੰਮ੍ਰਿਤ ਪਿਆਲਾ ਦੇਵੇ ਬਣ ਬਣ ਸਾਕੀ, ਆਤਮ ਅੰਤਰ ਪੰਜ ਪਿਆਰਿਆ । ਪੈਜ ਰੱਖੇ ਜਨ ਜੀਵ ਜਾਂ ਕੀ, ਜਿਸ ਦਿਤਾ ਨਾਮ ਅਧਾਰਿਆ । ਜੁਗ ਜੁਗ ਚਾਲ ਰੱਖੀ ਬਾਂਕੀ, ਹਰਿ ਸੱਚਾ ਸ਼ਾਹ ਅਸਵਾਰਿਆ । ਕਲਜੁਗ ਅੰਤਮ ਸਾਚੇ ਅਸਵ ਏਕਾ ਚੜ੍ਹਿਆ ਮਾਰ ਪਲਾਕੀ, ਸੋਲਾਂ ਕਲੀਆਂ ਆਸਣ ਪਾ ਰਿਹਾ । ਆਪਣਾ ਜਾਣੇ ਆਪੇ ਭਵਿਖਤ ਵਾਕੀ, ਆਪੇ ਲੇਖਾ ਲਿਖਾ ਰਿਹਾ । ਆਪਣਾ ਪੜਦਾ ਆਪੇ ਰਿਹਾ ਢਾਕੀ, ਆਪੇ ਮੁਖ ਛੁਪਾ ਰਿਹਾ । ਧੁਰਦਰਗਾਹੀ ਅਛਲ ਅਛੇਦ ਕਲਜੁਗ ਅੰਤਮ ਕਰਨ ਆਇਆ ਇਕ ਚਲਾਕੀ, ਬੇਮੁਖਾਂ ਦਿਸ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖ ਘਰ, ਸੋਇਆ ਸੁਤ ਉਠਾ ਰਿਹਾ । ਸੋਇਆ ਸੁਤ ਆਪ ਉਠਾਇਆ, ਦਿਤਾ ਧੁਰ ਫ਼ਰਮਾਣਾ । ਫੜਕੇ ਬਾਂਹੋਂ ਰਾਹੇ ਪਾਇਆ, ਮਾਰਿਆ ਤੀਰ ਨਿਸ਼ਾਨਾ । ਜੋਧਾ ਸੂਰਾ ਲੜਨੇ ਆਇਆ, ਰਾਮਦਾਸ ਤੇਰੇ ਵਿਚ ਮੈਦਾਨਾ । ਸਾਚਾ ਖੰਡਾ ਹੱਥ ਫੜਕੇ ਆਇਆ, ਕੱਢਿਆ ਬਾਹਰ ਮਿਆਨਾ । ਏਕਾ ਅੱਖਰ ਪੜ੍ਹ ਕੇ ਆਇਆ, ਬੋਲੇ ਨੌਜਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖਣ ਘਰ, ਖੇਲੇ ਖੇਲ ਮਹਾਨਾ । ਏਕਾ ਅੱਖਰ ਰਸਨਾ ਬੋਲ, ਜਗਤ ਹੰਕਾਰਾ ਛਾਇਆ । ਤੇਰਾ ਖੋਲ੍ਹਣ ਆਇਆ ਪੋਲ, ਹਰਿ ਮੰਦਰ ਵੇਖ ਵਖਾਇਆ । ਗੁਰ ਬਾਣੀ ਗੁਰ ਕਰੇ ਮਖੌਲ, ਗੁਰ ਕਾ ਭੇਵ ਨਾ ਪਾਇਆ । ਹਰਿ ਹਰਿ ਅੱਗੋਂ ਕਹਿੰਦਾ ਬੋਲ, ਹਰਿ ਹਰਿ ਸ਼ਬਦ ਸੁਣਾਇਆ । ਹਰਿ ਪੂਰਾ ਤੋਲਣ ਆਇਆ ਤੋਲ, ਅਗੰਮ ਅਥਾਹ ਬੇਪਰਵਾਹ ਨਾਮ ਧਰਾਇਆ । ਆਦਿ ਅੰਤ ਨਾ ਜਾਏ ਕਦੇ ਡੋਲ, ਡੋਲਣਹਾਰ ਸ੍ਰਿਸ਼ਟ ਸਬਾਇਆ । ਸਿੰਘ ਸੰਗਤ ਤੇਰਾ ਪੂਰਾ ਕਰਨ ਆਇਆ ਕੀਤਾ ਪਿਛਲਾ ਕੌਲ, ਗੜ੍ਹੀ ਚਮਕੌਰ ਜੋ ਕਰਾਇਆ । ਆਪਣਾ ਤਾਜ ਤੇਰਾ ਸੀਸ ਉਪਰ ਧੌਲ, ਮੇਰਾ ਤੇਰਾ ਰੂਪ ਵਟਾਇਆ । ਹੌਲੀ ਹੌਲੀ ਪੜਦਾ ਦੇਵੇ ਖੋਲ੍ਹ, ਪਿਛਲਾ ਜਨਮ ਦਏ ਦਰਸਾਇਆ । ਤੇਰੇ ਅੰਦਰ ਤੇਰਾ ਆਪੇ ਪਏ ਬੋਲ, ਤੇਰਾ ਤੇਰੀ ਝੋਲੀ

ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖਣ ਘਰ, ਹਰਿ ਬਾਲ ਅਵਾਣਾ ਲਏ ਧੁਰ ਫ਼ਰਮਾਣਾ, ਹੱਸਦਾ ਖਿਡੰਦਾ ਵੇਖਦਾ ਵਿਖੰਦਾ ਲੋਕਮਾਤ ਆਇਆ ।



* ੧੮ ਸਾਵਣ ੨੦੧੫ ਬਿਕ੍ਰਮੀ ਮੰਗਲ ਸਿੰਘ ਦੇ ਘਰ ਪਿੰਡ ਧਾਰੜ ਜ਼ਿਲਾ ਅੰਮ੍ਰਿਤਸਰ *

ਪੁਰਖ ਅਗੰਮ ਨਿਰਗੁਣ ਧਾਰ, ਜੋਤੀ ਜੋਤ ਉਪਾਇੰਦਾ । ਕਰਤਾ ਪੁਰਖ ਆਪ ਕਰਤਾਰ, ਕਰਨੀ ਕਰਤਾ ਨਾਮ ਧਰਾਇੰਦਾ । ਪਾਰਬ੍ਰਹਮ ਰੂਪ ਅਪਾਰ, ਪਰਮ ਪੁਰਖ ਸਦਵਾਇੰਦਾ । ਨੂਰੋ ਨੂਰ ਨੂਰ ਉਜਿਆਰ, ਅਕਾਰ ਅਕਾਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਇਕ ਅਖਵਾਇੰਦਾ । ਜੋਤੀ ਨੂਰ ਹਰਿ ਉਜਾਲਾ, ਹਰਿ ਹਰਿ ਨਾਉਂ ਧਰਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਭੇਵ ਕੋਈ ਨਾ ਪਾਇੰਦਾ । ਮੂਰਤ ਅਕਾਲ ਜੋਤ ਅਕਾਲਾ, ਅਕਲ ਕਲਾ ਅਖਵਾਇੰਦਾ । ਆਪਣੀ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਸਦਾ ਅਖਵਾਇੰਦਾ । ਆਪਣੀ ਸ਼ਕਤੀ ਜੋਤ ਜਵਾਲਾ, ਆਪ ਨਾਦ ਉਠਾਇੰਦਾ । ਆਪਣਾ ਦੀਪਕ ਆਪੇ ਬਾਲਾ, ਪਰਕਾਸ਼ ਪਰਕਾਸ਼ ਆਪ ਟਿਕਾਇੰਦਾ । ਆਪਣੀ ਆਪ ਉਪਾ ਸੱਚੀ ਧਰਮਸਾਲਾ, ਥਿਰ ਘਰ ਨਾਉਂ ਧਰਾਇੰਦਾ । ਆਪਣੇ ਸਰ ਸਰੋਵਰ ਮਾਰ ਉਛਾਲਾ, ਅੰਮ੍ਰਿਤ ਧਾਰ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਰੂਪ ਹਰਿ ਕਰਤਾਰ, ਅਭੇਦ ਭੇਵ ਰਖਾਇੰਦਾ । ਆਪ ਆਪਣੀ ਪਾਵੇ ਸਾਰ, ਨਾ ਕੋਈ ਲੇਖਾ ਲੇਖ ਲਿਖਾਇੰਦਾ । ਇਕ ਅਕੱਲਾ ਏਕੰਕਾਰ, ਏਕਾ ਘਰ ਸੁਹਾਇੰਦਾ । ਸਚ ਮਹੱਲਾ ਉਚ ਮਿਨਾਰ, ਦਿਸ ਕਿਸੇ ਨਾ ਆਇੰਦਾ । ਆਪਣੇ ਅੰਦਰ ਗੁਪਤ ਜ਼ਾਹਿਰ, ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ ਧਰਾਇੰਦਾ । ਆਦਿ ਪੁਰਖ ਆਦਿ ਅਨਾਦਿ, ਏਕਾ ਏਕ ਅਖਵਾਇਆ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇਆ । ਬਣਤ ਬਣਾਏ ਬ੍ਰਹਮ ਬ੍ਰਹਿਮਾਦਿ, ਬੇਅੰਤ ਬੇਅੰਤ ਨਾਮ ਧਰਾਇਆ । ਸ਼ਬਦ ਚਲਾਏ ਬੋਧ ਅਗਾਧ, ਏਕਾ ਨੇਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਰੂਪ ਵਟਾਇਆ । ਨਿਰਗੁਣ ਧਾਰ ਹਰਿ ਅਲੱਖ, ਅਲੱਖ ਅਲੱਖ ਪ੍ਰਵੇਸਿਆ । ਆਪ ਆਪਣਾ ਕਰ ਪਰਤੱਖ, ਆਪਣੀ ਕਰੇ ਆਪ ਅਦੇਸਿਆ । ਆਪ ਆਪਣਾ ਕਰਣਹਾਰਾ ਵੱਖ, ਭੇਵ ਨਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸਿਆ । ਆਪ ਆਪਣਾ ਜਾਣੇ ਪੱਖ, ਆਪਣਾ ਲੇਖਾ ਆਪੇ ਲੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਦੇਵੇ ਆਪੇ ਸੀਖਿਆ । ਨਿਰਗੁਣ ਸਿਖਿਆ ਪੁਰਖ ਅਕਾਲ, ਆਪਣੀ ਆਪ ਜਣਾਈਆ । ਪਰਗਟ ਹੋ ਦੀਨ ਦਿਆਲ, ਦਇਆਨਿਧ ਧਾਰ ਚਲਾਈਆ । ਇਕ ਉਪਜਾਏ ਸਾਚਾ ਲਾਲ, ਜੋਤੀ ਮਾਤਾ ਗੋਦ ਸੁਹਾਈਆ । ਸਾਚਾ ਸੁਤ ਕਰ ਦਲਾਲ, ਆਪ ਆਪਣਾ ਲਏ ਉਠਾਈਆ । ਇਕ ਬਿਠਾਏ ਸੱਚੀ ਧਰਮਸਾਲ, ਚਾਰ ਦਿਵਾਰ ਨਾ ਕੋਈ ਰਖਾਈਆ । ਛੱਪਰ ਛੰਨ ਨਾ ਕੋਈ ਪਸਾਰ, ਨਾ ਕੋਈ ਬਾਢੀ ਬਣਤ ਬਣਾਈਆ । ਅਗੰਮ ਅਗੰਮੜੇ ਕਰੀ ਏਕਾ ਕਾਰ, ਅਗੰਮੜਾ ਧਾਮ ਸੁਹਾਈਆ । ਥਿਰ ਘਰ ਤੇਰਾ ਰੂਪ ਅਪਾਰ, ਹਰਿ ਬੈਠਾ ਬੇਪਰਵਾਹੀਆ । ਚਾਰੋਂ ਕੁੰਟ ਬੰਦ ਕਿਵਾੜ, ਦਹਿ ਦਿਸ਼ਾ ਨਾ ਕੋਈ

ਖੁਲ੍ਹਾਈਆ । ਲੋਆਂ ਪੁਰੀਆਂ ਨਾ ਕੋਈ ਅਕਾਰ, ਧਰਤ ਧਵਲ ਨਾ ਕੋਈ ਸਹਾਈਆ । ਅਕਾਸ਼ ਪਰਕਾਸ਼ ਨਾ ਕੋਈ ਵਿਚਾਰ, ਬ੍ਰਹਿਮੰਡ ਖੰਡ ਨਾ ਰਚਨ ਰਚਾਈਆ । ਬ੍ਰਹਮਾ ਸ਼ਿਵ ਵਿਸ਼ਨ ਨਾ ਕੋਈ ਪਿਆਰ, ਦੇਵਤ ਸੁਰ ਨਾ ਕੋਈ ਉਪਾਈਆ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਰਖਾਈਆ । ਪੰਜ ਤਤ ਨਾ ਕੋਈ ਅਕਾਰ, ਹਡ ਮਾਸ ਨਾੜੀ ਰੱਤ ਨਾ ਕੋਈ ਰਲਾਈਆ । ਰਕਤ ਬੂੰਦ ਨਾ ਕੋਈ ਵਿਹਾਰ, ਨਾਰੀ ਕੰਤ ਨਾ ਕੋਈ ਹੰਢਾਈਆ । ਸੂਰਜ ਚੰਨ ਨਾ ਕੋਈ ਪਸਾਰ, ਤਾਰਾ ਮੰਡਲ ਦਿਸ ਨਾ ਆਈਆ । ਜੇਰਜ ਖਾਣੀ ਨਾ ਬੰਨ੍ਹੇ ਧਾਰ, ਉਤਭੁਜ ਸੇਤਜ ਨਾ ਰਚਨ ਰਚਾਈਆ । ਇਕ ਅਕੱਲਾ ਏਕੰਕਾਰ, ਸਚ ਮਹੱਲਾ ਬੈਠਾ ਆਸਣ ਲਾਈਆ । ਸਾਚੇ ਸੰਤ ਕਰ ਪਿਆਰ, ਏਕਾ ਦੇਵੇ ਸਚ ਸਲਾਹੀਆ । ਅੰਮ੍ਰਿਤ ਪਿਆਏ ਠੰਡੀ ਠਾਰ, ਚਰਨੋਦਕ ਮੁਖ ਛੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ ਅਕਾਲ ਮੂਰਤ ਅਕਲ ਕਲਾ ਸਮਾਈਆ । ਮੂਰਤ ਅਕਾਲ ਦਰਦ ਦੁੱਖ ਭੈ ਭੰਜਨ, ਹਰਿ ਹਰਿ ਆਪ ਅਖਵਾਇਆ । ਆਪਣਾ ਸ਼ਬਦ ਬਣਾਇਆ ਸਾਚਾ ਸੱਜਣ, ਸਾਚਾ ਸੰਗ ਰਖਾਇਆ । ਆਪਣੀ ਧੂੜੀ ਆਪ ਕਰਾਇਆ ਮਜਨ, ਸਾਚਾ ਤਾਲ ਸੁਹਾਇਆ । ਅਨਹਦ ਨਾਦ ਅਨਾਦੀ ਵੱਜਣ, ਤਾਲ ਤਲਵਾੜਾ ਨਾ ਕੋਈ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਏਕਾ ਧਰ, ਥਿਰ ਘਰ ਸਾਚਾ ਦਏ ਸੁਹਾਇਆ । ਥਿਰ ਘਰ ਸਾਚਾ ਹਰਿ ਸੁਹਾਇਆ, ਨਿਰਗੁਣ ਜੋਤ ਜਗਾਈਆ । ਆਪਣਾ ਦੀਪਕ ਆਪ ਟਿਕਾਇਆ, ਤੇਲ ਬਾਤੀ ਨਾ ਕੋਈ ਰਖਾਈਆ । ਆਪਣੇ ਨੇਤਰ ਆਪੇ ਵੇਖ ਵਖਾਇਆ, ਦੂਸਰ ਦਰ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਹਰਿ ਕਰ, ਕਰਨੀ ਕਰਤਾ ਆਪ ਹੋ ਜਾਈਆ । ਕਰਨੇਹਾਰ ਹਰਿ ਕਰਤਾਰਾ, ਆਦਿ ਅੰਤ ਅਖਵਾਇਆ । ਨਿਰਮਲ ਜੋਤੀ ਨੂਰ ਕਰ ਉਜਿਆਰਾ, ਨੂਰੋ ਨੂਰ ਸਮਾਇਆ । ਥਿਰ ਘਰ ਸਾਚੇ ਭਰ ਭੰਡਾਰਾ, ਸ਼ਬਦ ਭੰਡਾਰੀ ਨਾਮ ਧਰਾਇਆ । ਆਪੇ ਬਣਿਆ ਹਰਿ ਵਰਤਾਰਾ, ਨਾ ਕੋਈ ਦੂਸਰ ਸੰਗ ਰਲਾਇਆ । ਖੇਲੇ ਖੇਲ ਅਗੰਮ ਅਪਾਰਾ, ਆਪ ਆਪਣੀ ਕਲ ਵਰਤਾਇਆ । ਨਿਹਚਲ ਧਾਮ ਅਟੱਲ ਮੁਨਾਰਾ, ਦਰ ਸਾਚਾ ਆਪ ਸੁਹਾਇਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠ ਸੱਚੀ ਸਰਕਾਰਾ, ਆਪ ਆਪਣਾ ਮਾਰਗ ਲਾਇਆ । ਆਪਣੇ ਅੰਦਰ ਆਪੇ ਕਰਿਆ ਵਾਸਨ, ਪਿਤਾ ਪੂਤ ਨਾ ਕੋਈ ਰਖਾਇਆ । ਨਾ ਕੋਈ ਪ੍ਰਿਥਮੀ ਨਾ ਅਕਾਸ਼ਨ, ਗਗਨ ਮੰਡਲ ਨਾ ਕੋਈ ਉਪਜਾਇਆ । ਆਪੇ ਪਰਗਟ ਹੋਇਆ ਹਰਿ ਸ਼ਾਹੋ ਸ਼ਬਾਸ਼ਨ, ਸ਼ਾਹ ਸੁਲਤਾਨਾ ਨਾਮ ਧਰਾਇਆ । ਆਪਣੇ ਮੰਡਲ ਆਪੇ ਪਾਵੇ ਰਾਸਨ, ਆਪੇ ਆਪਣੀ ਵੇਖ ਵਖਾਇਆ । ਆਪਣੇ ਦਰ ਆਪੇ ਹੋਇਆ ਦਾਸੀ ਦਾਸਨ, ਸੇਵਕ ਸੇਵਾਦਾਰ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਹਰਿ ਹਰੀ ਹਰਿ ਦਏ ਉਪਜਾਇਆ । ਹਰੀ ਹਰਿ ਹਰਿ ਨੂਰ, ਹਰਿ ਹਰਿ ਆਪ ਉਪਜਾਇੰਦਾ । ਸਰਬ ਕਲਾ ਆਪੇ ਭਰਪੂਰ, ਸਮਰਥ ਪੁਰਖ ਅਖਵਾਇੰਦਾ । ਆਪੇ ਹਾਜ਼ਰ ਸਦਾ ਹਜ਼ੂਰ, ਹਾਜ਼ਰ ਹਜ਼ੂਰ ਨਾਮ ਧਰਾਇੰਦਾ । ਆਪਣੀ ਮਨਸਾ ਆਪੇ ਪੂਰ, ਆਸਾ ਪੂਰੀ ਆਪ ਕਰਾਇੰਦਾ । ਆਪਣਾ ਸਹਿਸਾ ਆਪੇ ਕਰੇ ਦੂਰ, ਸਾਂਤਕ ਸਤਿ ਵਰਤਾਇੰਦਾ । ਆਪਣੇ ਘਰ ਆਪੇ ਵਸੇ ਨੇੜੇ ਦੂਰ, ਦੂਰ ਨੇੜੇ ਨਾ ਕੋਈ ਜਣਾਇੰਦਾ । ਏਕਾ ਸ਼ਬਦ ਅਨਾਦੀ ਵਜਾਏ ਸਾਚੀ ਤੂਰ, ਅਨਹਦ ਤਾਰ ਹਿਲਾਇੰਦਾ । ਥਿਰ ਘਰ ਤੇਰਾ ਦਰ ਘਰ ਹਰਿ ਮਨਜ਼ੂਰ, ਆਦਿ ਜੁਗਾਦੀ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ

ਇਕ ਵਸਾਇੰਦਾ । ਸਾਚਾ ਘਰ ਹਰਿ ਮਹੱਲਾ, ਏਕਾ ਏਕ ਵਸਾਇਆ । ਨਿਰਗੁਣ ਰੂਪ ਬੈਠ ਅਕੱਲਾ, ਜੋਤੀ ਜੋਤ ਜਗਾਇਆ । ਨਾ ਕੋਈ ਦੂਈ ਦਵੈਤੀ ਦਿਸੇ ਸੱਲਾ, ਏਕਾ ਧਾਰ ਬੰਧਾਇਆ । ਆਪੇ ਵਸਿਆ ਉਚ ਅਟੱਲਾ, ਉਚ ਅਗੰਮ ਅਥਾਹ ਬੇਪਰਵਾਹ ਨਾਉਂ ਧਰਾਇਆ । ਨਾ ਕੋਈ ਜਲ ਨਾ ਕੋਈ ਥਲਾ, ਨਾ ਕੋਈ ਸਾਗਰ ਸਿੰਧ ਰੁੜ੍ਹਾਇਆ । ਨਾ ਕੋਈ ਪੰਜ ਤਤ ਵਿਕਾਰਾ ਕਰੇ ਹੱਲਾ, ਮਨ ਮਤ ਬੁਧ ਨਾ ਦਏ ਸਜ਼ਾਇਆ । ਨਿਰਗੁਣ ਧਾਰ ਹਰਿ ਨਿਰੰਕਾਰ ਇਕ ਅਕੱਲਾ, ਏਕੰਕਾਰਾ ਸਤਿ ਪੁਰਖ ਨਿਰੰਜਣ ਪਸਰ ਪਸਾਰ ਪਾਰਬ੍ਰਹਮ ਰੂਪ ਵਟਾਇਆ । ਥਿਰ ਘਰ ਬੈਠ ਆਪ ਕਰਤਾਰ, ਸਚ ਸਿੰਘਾਸਣ ਹਰਿ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਹਰਿ ਉਪਾ, ਆਪਣੀ ਧਾਰ ਚਲਾਈਆ । ਨਾਉਂ ਨਿਰੰਕਾਰਾ ਆਪ ਰਖਾ, ਨਿਰਗੁਣ ਵੇਸ ਵਟਾਈਆ । ਥਿਰ ਘਰ ਦਰਬਾਰਾ ਦਏ ਵਸਾ, ਧੁਰਦਰਗਾਹੀ ਬੇਪਰਵਾਹੀਆ । ਸ਼ਬਦ ਅਖਾੜਾ ਦਏ ਲਗਾ, ਵੱਜੇ ਤਾਲ ਵਾਹੋ ਦਾਹੀਆ । ਆਪਣੀ ਸਤਾਰ ਆਪੇ ਦਏ ਹਿਲਾ, ਹਿਲਾਵਣਹਾਰ ਆਪ ਅਖਵਾਈਆ । ਆਪਣਾ ਨਾਅਰਾ ਆਪੇ ਦਏ ਲਾ, ਆਪਣੇ ਦਰ ਅਲੱਖ ਜਗਾਈਆ । ਆਪਣੀ ਪੁਕਾਰ ਆਪੇ ਲਏ ਸੁਣਾ, ਆਪ ਆਪਣਾ ਨਾਉਂ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਧਾਰ ਨਿਰਗੁਣ ਰਿਹਾ ਆਪ ਵਖਾਈਆ । ਨਿਰਗੁਣ ਧਾਰ ਕਰਨੀ ਕਰਤੇ, ਆਪਣੀ ਆਪ ਚਲਾਈਆ । ਆਪਣੀ ਧਰਨੀ ਧਰਤ ਆਪੇ ਧਰਤੇ, ਧਰਤ ਧਵਲ ਸੁਹਾਈਆ । ਆਪੇ ਚਰਨੀ ਆਪਣੀ ਸਰਨੀ ਆਪੇ ਪੜਤੇ, ਆਪ ਆਪਣਾ ਸੀਸ ਝੁਕਾਈਆ । ਆਪਣੀ ਵਿਦਿਆ ਆਪਣੇ ਅੱਖਰ ਆਪੇ ਪੜ੍ਹਤੇ, ਆਪੇ ਕਰੇ ਜਣਾਈਆ । ਆਪਣਾ ਘਾੜਨ ਆਪੇ ਘੜਤੇ, ਘੜਣਹਾਰ ਆਪ ਅਖਵਾਈਆ । ਆਪਣੇ ਸਿੰਘਾਸਣ ਆਪੇ ਚੜ੍ਹਤੇ, ਸਚ ਸਿੰਘਾਸਣ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਨਾਉਂ ਧਰਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ, ਏਕਾ ਏਕੰਕਾਰਾ । ਨਾ ਮਰੇ ਨਾ ਪਏ ਜੰਮ, ਨਾ ਹੋਏ ਕਿਸੇ ਸੁਤ ਦੁਲਾਰਾ । ਨਾ ਕੋਈ ਗਗਨ ਪਤਾਲ ਦਿਸੇ ਥੰਮ, ਨਾ ਕੋਈ ਪਾਰ ਕਿਨਾਰਾ । ਨਾ ਕੋਈ ਖਾਏ ਪੀਏ ਤਮ, ਨਾ ਕੋਈ ਰਸਨਾ ਰਸ ਕਰੇ ਪਿਆਰਾ । ਹੱਡ ਮਾਸ ਨਾੜੀ ਨਾ ਕੋਈ ਚੰਮ, ਨਾ ਕੋਈ ਤਤਵ ਤਤ ਅਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਪਾਏ ਆਪਣੀ ਸਾਰਾ । ਆਪਣੀ ਸਾਰ ਆਪੇ ਪਾ, ਆਪਣਾ ਮੂਲ ਚੁਕਾਇਆ । ਆਪਣੀ ਜੋਤੀ ਆਪ ਜਗਾ, ਆਪ ਆਪਣਾ ਵੇਖ ਵਖਾਇਆ । ਆਪਣੀ ਗੋਤੀ ਆਪ ਬਣਾ, ਵਰਨ ਗੋਤ ਨਾ ਕੋਈ ਰਖਾਇਆ । ਆਪਣੀ ਸੋਈ ਸੁਰਤੀ ਆਪ ਜਗਾ, ਆਪਣੀ ਆਪ ਲਏ ਅੰਗੜਾਇਆ । ਆਪਣੀ ਚੋਟੀ ਆਪਣੇ ਆਪ ਲਏ ਚੜ੍ਹਾ, ਆਪ ਆਪਣੇ ਅੰਤਰ ਆਸਣ ਲਾਇਆ । ਆਪਣਾ ਕੋਟ ਗੜ੍ਹ ਆਪੇ ਦਏ ਸੁਹਾ, ਥਿਰ ਘਰ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਵੇਸ ਹਰਿ, ਹਰਿ ਸੱਜਣ ਆਪ ਅਖਵਾਇਆ । ਹਰਿ ਸੱਜਣ ਹਰਿ ਮੀਤੜਾ, ਏਕਾ ਏਕ ਅਖਵਾਇੰਦਾ । ਆਪੇ ਜਾਣੇ ਆਪਣੀ ਰੀਤੜਾ, ਭੇਵ ਕੋਇ ਨਾ ਪਾਇੰਦਾ । ਨਾ ਕੋਈ ਮੰਦਰ ਗੁਰੂਦਵਾਰ ਮਸੀਤੜਾ, ਸ਼ਿਵਦਵਾਲਾ ਨਾ ਕੋਈ ਰਖਾਇੰਦਾ । ਨਾ ਕੋਈ ਰਾਗ ਨਾਦ ਨਾ ਗੀਤੜਾ, ਨਾ ਕੋਈ ਸਾਜ ਵਜਾਇੰਦਾ । ਨਾ ਕੋਈ ਨਾਮ ਖੁਮਾਰ ਮਦਿ ਪਿਆਲਾ ਕਿਸੇ ਪੀਤੜਾ, ਨਾ ਕੋਈ ਜੋਤ ਜਵਾਲਾ ਜਗਾਇੰਦਾ । ਨਿਰਗੁਣ ਰੂਪ ਇਕ ਅਤੀਤੜਾ, ਥਿਰ ਘਰ ਆਸਣ ਲਾਇੰਦਾ । ਨਾ ਠੰਡਾ ਨਾ ਸੀਤੜਾ, ਅਗਨੀ ਅੱਗ ਨਾ ਕੋਈ ਜਲਾਇੰਦਾ ।

੪੬੪ ੦੨

ਆਪਣਾ ਆਪ ਆਪੇ ਚੀਤੜਾ, ਜੋਧਾ ਸੂਰਬੀਰ ਆਪ ਅਖਵਾਇੰਦਾ । ਆਪਣਾ ਗੁਰ ਸਤਿਗੁਰ ਆਪੇ ਹੋਇਆ ਬੀਠਲ ਬੀਠਲਾ, ਮੋਹਣ ਮਾਧਵ ਨਾਮ ਧਰਾਇੰਦਾ । ਆਪੇ ਵਸਿਆ ਆਪਣੇ ਚੀਤਲਾ, ਚਿਤਵਤ ਠਗੌਰੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੰਗ ਹਰਿ ਕਰਤਾਰ, ਕਰਣਹਾਰ ਪੁਰਖ ਅਖਵਾਇੰਦਾ । ਆਦਿ ਪੁਰਖ ਹਰਿ ਕਰਨੇਹਾਰਾ, ਏਕਾ ਏਕ ਅਖਵਾਇਆ । ਏਕਾ ਬੈਠ ਸੱਚੇ ਘਰ ਬਾਰਾ, ਏਕਾ ਥਾਨ ਸੁਹਾਇਆ । ਏਕਾ ਰੂਪ ਅਗੰਮ ਅਪਾਰਾ, ਅਗੰਮ ਅਗੰਮੜਾ ਵੇਖ ਵਖਾਇਆ । ਅਲੱਖ ਨਿਰੰਜਣ ਅਲੱਖ ਅਲੱਖ ਲਗਾਏ ਨਾਅਰਾ, ਅਲੱਖ ਅਲੱਖਣਾ ਨਾਉਂ ਧਰਾਇਆ । ਥਿਰ ਘਰ ਨਰ ਹਰਿ ਹੋ ਪਰਤੱਖ, ਆਪ ਆਪਣਾ ਰੂਪ ਦਰਸਾਇਆ । ਜੋਤੀ ਸ਼ਬਦੀ ਕੀਤਾ ਵੱਖ, ਆਪਣੀ ਧਾਰ ਬੰਧਾਇਆ । ਆਪੇ ਭਰੇ ਆਪੇ ਕਰੇ ਸੱਖ, ਆਪੇ ਕਰਣਹਾਰ ਹੋ ਜਾਇਆ । ਆਪ ਉਪਾਏ ਖਪਾਏ ਲਏ ਰੱਖ, ਰੱਖਣਹਾਰ ਹਰਿ ਰਘੁਰਾਇਆ । ਥਿਰ ਘਰ ਦਵਾਰਾ ਆਦਿ ਅੰਤ ਨਾ ਜਾਏ ਢੱਠ, ਹਰਿ ਸਾਚੇ ਆਪ ਬਣਾਇਆ । ਘਰ ਬੈਠ ਪੁਰਖ ਸਮਰਥ, ਆਪਣਾ ਰੰਗ ਰੰਗਾਇਆ । ਆਪਣੇ ਵਿਸੂਰੇ ਘਰ ਆਪਣੇ ਗਏ ਲੱਭ, ਆਪ ਆਪਣਾ ਦਰਸ਼ਨ ਪਾਇਆ । ਆਪਣੇ ਦਵਾਰੇ ਆਪੇ ਗਿਆ ਢੱਠ, ਆਪਣਾ ਸੀਸ ਆਪਣੇ ਚਰਨ ਟਿਕਾਇਆ । ਨਾ ਕੋਈ ਮੰਦਰ ਦਿਸੇ ਮੱਠ, ਚਾਰ ਦਿਵਾਰ ਨਾ ਕੋਈ ਰਖਾਇਆ । ਨਾ ਕੋਈ ਤੀਰਥ ਅਠਸਠ, ਖਾਣੀ ਬਾਣੀ ਨਾ ਵੇਖ ਵਖਾਇਆ । ਜੋਤੀ ਸ਼ਬਦੀ ਇਕ ਅਕੱਠ, ਥਿਰ ਘਰ ਸਾਚੇ ਦਏ ਸੁਹਾਇਆ । ਆਪੇ ਵੇਖੇ ਨੱਠ ਨੱਠ, ਆਪਣਾ ਪੈਂਡਾ ਆਪ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਲਏ ਉਪਾਇਆ । ਸਚ ਮਹੱਲ ਉਚ ਅਟਾਰੀ, ਹਰਿ ਸਾਚੇ ਆਪ ਬਣਾਈਆ । ਜਗੇ ਜੋਤ ਇਕ ਨਿਰੰਕਾਰੀ, ਹਰਿ ਸਾਚਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰੀ, ਆਪ ਆਪਣੀ ਕਲ ਵਰਤਾਈਆ । ਸਤਿ ਪੁਰਖ ਨਿਰੰਜਣ ਬੰਨੇ ਧਾਰੀ, ਆਦਿ ਅੰਤ ਇਕ ਰਘੁਰਾਈਆ । ਅਕਾਲ ਮੂਰਤ ਹੋ ਨਿਆਰੀ, ਸਾਚੀ ਸੂਰਤ ਲਏ ਪਰਗਟਾਈਆ । ਜੋਤੀ ਕਰਤਾ ਕਰੇ ਖੇਲ ਆਪਣੀ ਕਾਰੀ, ਕਰਨ ਕਰਾਵਣਹਾਰ ਭੇਵ ਨਾ ਰਾਈਆ । ਸਚ ਤਖ਼ਤ ਸਚ ਸੁਲਤਾਨ ਬੈਠਾ ਹਰਿ ਸਿਕਦਾਰੀ, ਸਾਚੀ ਸਿਖਿਆ ਇਕ ਜਣਾਈਆ । ਏਕਾ ਸ਼ਬਦ ਸ਼ਬਦ ਗੁਰ ਅਪਾਰੀ, ਗੁਰ ਸਤਿਗੁਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਏਕਾ ਹਰਿ, ਥਿਰ ਘਰ ਬੈਠਾ ਆਸਣ ਲਾਈਆ । ਥਿਰ ਘਰ ਸਾਚਾ ਸ਼ਬਦ ਸਿੰਘਾਸਣ, ਹਰਿ ਸਾਚਾ ਆਪ ਬਰਾਜਿਆ । ਜਗੇ ਜੋਤ ਪੁਰਖ ਅਬਿਨਾਸ਼ਨ, ਆਪਣਾ ਰਚਿਆ ਆਪੇ ਕਾਜਿਆ । ਖੇਲੇ ਖੇਲ ਸ਼ਾਹੋ ਸ਼ਬਾਸ਼ਨ, ਆਪਣੀ ਮਾਰੇ ਆਪੇ ਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸਾਜਨ ਆਪੇ ਸਾਜਿਆ । ਆਪਣਾ ਸਾਜਨ ਹਰਿ ਆਪੇ ਸਾਜ, ਆਪਣੀ ਰਚਨ ਰਚਾਈਆ । ਆਪੇ ਕਰੇ ਕਰਾਏ ਗ਼ਰੀਬ ਨਿਵਾਜ਼, ਆਪਣੀ ਦਇਆ ਆਪ ਕਮਾਈਆ । ਆਪ ਆਪਣੀ ਰੱਖੇ ਲਾਜ, ਆਪ ਆਪਣਾ ਪੜਦਾ ਪਾਈਆ । ਆਪ ਆਪਣਾ ਰੱਖੇ ਤਾਜ, ਆਪ ਆਪਣੇ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਘਰ ਆਪ ਵਜਾਏ ਸ਼ਬਦ ਸੱਚੀ ਵਧਾਈਆ । ਸ਼ਬਦ ਵਧਾਈ ਹਰਿ ਘਰ ਵਾਜਾ, ਅਨਹਦ ਤਾਲ ਵਜਾਇਆ । ਥਿਰ ਘਰ ਤੇਰਾ ਸਾਜਨ ਸਾਜਾ, ਹਰਿ ਸਾਚੇ ਤਾਲ ਸੁਹਾਇਆ । ਸਚ ਸੁਲਤਾਨ ਵਡ ਰਾਜਨ ਰਾਜਾ, ਰਾਜ਼ਿਕ ਰਹੀਮ ਆਪ ਅਖਵਾਇਆ । ਪਾਰਬ੍ਰਹਮ ਸੁਲਤਾਨ ਨਬਾਬਾ, ਏਕਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ

੪੬੫ ੦੨

ਕਾਜ ਰਚਾਇਆ । ਥਿਰ ਘਰ ਸਾਚੇ ਰਚਿਆ ਕਾਜ, ਹਰਿ ਸਾਚੇ ਖ਼ੁਸ਼ੀ ਮਨਾਈਆ । ਆਪ ਆਪਣੀ ਮਾਰ ਅਵਾਜ਼, ਆਪ ਆਪਣਾ ਲਏ ਉਠਾਈਆ । ਆਪ ਆਪਣੇ ਦਰ ਦੇਵਣ ਆਇਆ ਦਾਜ, ਆਪਣੇ ਘਰ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਿਰਜੰਣ ਥਿਰ ਘਰ ਬੈਠ ਖ਼ੁਸ਼ੀ ਮਨਾਈਆ । ਸਾਚਾ ਸਗਨ ਥਿਰ ਘਰ ਲੱਗਾ, ਹਰਿ ਸਾਚੇ ਆਪ ਲਗਾਇਆ । ਜੋਤੀ ਸੁਤ ਸ਼ਬਦ ਦੁਲਾਰੇ ਬੱਧਾ ਤਗਾ, ਏਕਾ ਤੰਦ ਬੰਧਾਇਆ । ਏਕ ਜੈਕਾਰਾ ਏਕਾ ਘਰ ਏਕਾ ਵਕਤ ਲੱਗਾ, ਏਕਾ ਰਿਹਾ ਸੁਣਾਇਆ । ਏਕਾ ਰੂਪ ਸ਼ਾਹੋ ਭੂਪ ਵਡ ਸੂਰਾ ਸਰਬੱਗਾ, ਏਕ ਨਾਮ ਧਰਾਇਆ । ਏਕਾ ਜੋਤੀ ਏਕਾ ਨੂਰ ਏਕਾ ਸ਼ਾਹ ਸਰਬ ਕਲਾ ਭਰਪੂਰ ਇਕ ਅਖਾੜਾ ਸਾਚਾ ਲੱਗਾ, ਏਕਾ ਨਾਦ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਦਏ ਸੁਹਾਇਆ । ਥਿਰ ਘਰ ਤੇਰੀ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਜੋਤੀ ਸੁਤ ਕਰ ਪਿਆਰ, ਸ਼ਬਦੀ ਨਾਉਂ ਧਰਾਈਆ । ਸ਼ਬਦ ਰੂਪ ਆਪ ਕਰਤਾਰ, ਨਿਰਗੁਣ ਵੇਸ ਵਟਾਈਆ । ਧੁਨ ਅਨਾਦੀ ਅਪਰ ਅਪਾਰ, ਆਪ ਆਪਣੀ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਅੰਗ ਆਪੇ ਰਿਹਾ ਕਟਾਈਆ । ਥਿਰ ਘਰ ਬੈਠ ਹਰਿ ਨਿਰੰਕਾਰ, ਆਪਣਾ ਆਪ ਕਟਾਇਆ । ਸਾਚਾ ਸੁਤ ਕਰ ਤਿਆਰ, ਦੂਲ੍ਹਾ ਇਕ ਸਜਾਇਆ । ਏਕਾ ਪਾਏ ਸਾਚਾ ਹਾਰ, ਦਿਸ ਕਿਸੇ ਨਾ ਆਇਆ । ਸੋਲਾਂ ਕਲੀਆਂ ਤਨ ਸ਼ੰਗਾਰ, ਸਤਿ ਸਰੂਪਾ ਆਪ ਵਖਾਇਆ । ਇਕ ਅਕੱਲਾ ਏਕੰਕਾਰ, ਏਕਾ ਰੰਗਨ ਰੰਗ ਰੰਗਾਇਆ । ਸੀਸ ਸੇਹਰਾ ਨਾਮ ਦਸਤਾਰ, ਮਸਤਕ ਲਲਾਟੀ ਔਖੀ ਘਾਟੀ ਥਿਰ ਘਰ ਦਰਬਾਰ, ਸਚ ਮਹੱਲੇ ਆਪ ਬਠਾਇਆ । ਜੋਤੀ ਮਾਤਾ ਕਰ ਪਿਆਰ, ਅੰਮ੍ਰਿਤ ਉਤੋਂ ਵਾਰ ਵਖਾਇਆ । ਪਾਇਆ ਗਹਿਣਾ ਹਰਿ ਸ਼ੰਗਾਰ, ਨੇਤਰ ਨੈਣ ਸੁਹਾਇਆ । ਸਾਚੇ ਕੰਤ ਕਰ ਪਿਆਰ, ਪੂਤ ਸਪੁਤਰੀ ਇਹ ਸਮਝਾਇਆ । ਏਕਾ ਪੁਰਖ ਏਕਾ ਨਾਰ, ਏਕਾ ਘਰ ਵਸਾਇਆ । ਨਾਤਾ ਬਣਿਆ ਅਪਰ ਅਪਾਰ, ਨਾ ਕੋਈ ਤੋੜੇ ਤੋੜ ਤੁੜਾਇਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਆਪਣਾ ਦੇਣਾ ਮੂਲ ਚੁਕਾਇਆ । ਹੰ ਰੂਪ ਹੋ ਨਿਰੰਕਾਰ, ਸ਼ਬਦ ਸ਼ਬਦੀ ਵਿਚ ਸਮਾਇਆ । ਸੋਹੰ ਸ਼ਬਦ ਅਪਰ ਅਪਾਰ, ਪਾਰਬ੍ਰਹਮ ਆਪਣਾ ਆਪ ਉਪਾਇਆ । ਸੋ ਪੁਰਖ ਨਿਰੰਜਣ ਬਣਿਆ ਕਰਨੇਹਾਰ, ਹੰ ਰੂਪ ਅਨੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਏਕਾ ਸਾਚੇ ਸੁਤ ਦੇਵੇ ਵਰ, ਲੋਆਂ ਪੁਰੀਆਂ ਰਚਨ ਰਚਾਇਆ । ਲੋਆਂ ਪੁਰੀਆਂ ਕਰ ਅਕਾਰ, ਹਰਿ ਸਾਚੀ ਰਚਨ ਰਚਾਈਆ । ਸ਼ਬਦ ਦੁਲਾਰਾ ਖ਼ਬਰਦਾਰ, ਅੱਠੇ ਪਹਿਰ ਸੇਵ ਕਮਾਈਆ । ਨਿਰਗੁਣ ਵੇਖੇ ਵਾਰੋ ਵਾਰ, ਆਪਣੀ ਜਾਣੇ ਵਡ ਵੱਡੀ ਵਡਿਆਈਆ । ਆਦਿ ਅੰਤ ਇਕ ਏਕੰਕਾਰ, ਆਪਣੀ ਕਲ ਰਖਾਈਆ । ਸਾਧ ਸੰਤ ਨਾ ਪਾਵੇ ਸਾਰ, ਭੇਵ ਅਭੇਦਾ ਬੈਠਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਕਰਨੇਹਾਰਾ ਆਪ, ਆਪਣਾ ਰਿਹਾ ਕਰਾਇਆ । ਆਪ ਆਪਣਾ ਧਰ ਧਰਵਾਸ, ਧੀਰਜ ਧੀਰ ਦਏ ਧਰਾਇਆ । ਤ੍ਰੈਗੁਣ ਰੂਪ ਸ਼ਾਹੋ ਸ਼ਬਾਸ, ਆਪ ਆਪਣਾ ਲਏ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਵਲ ਕਵਲਾ ਨਾਮ ਧਰਾਇਆ । ਆਪ ਆਪਣੀ ਰਚਨ ਰਚਾ, ਆਪਣੀ ਬਣਤ ਬਣਾਈਆ । ਬ੍ਰਹਮਾ ਵਿਸ਼ਨ ਮਹੇਸ਼ ਸੇਵਾ ਲਾ, ਖੇਲੇ ਖੇਲ ਬੇਪਰਵਾਹੀਆ । ਸ਼ਬਦ ਸੰਦੇਸਾ ਦਏ ਸੁਣਾ, ਬੋਧ ਗਿਆਨ ਇਕ ਜਣਾਈਆ । ਨਿਰਗੁਣ ਸਰਗੁਣ ਮੇਲ ਮਿਲਾ, ਤ੍ਰੈਗੁਣ ਖੇਲੇ

ਖੇਲ ਪੰਜ ਤਤ ਕਰੇ ਕੁੜਮਾਈਆ । ਅਕਾਸ਼ ਪਰਕਾਸ਼ ਗਿਆ ਸਮਾ, ਜਲ ਧਾਰਾ ਧਵਲ ਟਿਕਾਈਆ । ਸੇਵਕ ਸੇਵਾ ਆਪ ਲਗਾ, ਦੇ ਸਿਖਿਆ ਮਤ ਸਮਝਾਈਆ । ਮਹਿਮਾ ਅਗਣਤ ਗਣਤ ਆਪ ਗਣਾ, ਵੇਦ ਕਤੇਬਾ ਰਿਹਾ ਲਿਖਾਈਆ । ਪਾਰਬ੍ਰਹਮ ਬ੍ਰਹਮ ਝੋਲੀ ਪਾ, ਬ੍ਰਹਮ ਬ੍ਰਹਮ ਦਰਸਾਈਆ । ਲੱਖ ਚੁਰਾਸੀ ਵੇਖ ਵਖਾ, ਨਿਜ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਖੇਲਣਹਾਰਾ, ਆਦਿ ਅੰਤ ਏਕੰਕਾਰਾ, ਨਿਰਗੁਣ ਦਾਤਾ ਪੁਰਖ ਬਿਧਾਤਾ ਘਰ ਘਰ ਬੈਠਾ ਸੇਜ ਵਛਾਈਆ । ਲੱਖ ਚੁਰਾਸੀ ਆਸਣ ਲਾਇਆ, ਪਾਰਬ੍ਰਹਮ ਅਨਰੂਪਾ । ਗੁਰਮੁਖ ਵਿਰਲੇ ਦਰਸ਼ਨ ਪਾਇਆ, ਜਿਸ ਮਿਲਿਆ ਸ਼ਾਹੋ ਭੂਪਾ । ਬਜਰ ਕਪਾਟੀ ਕੁੰਡਾ ਲਾਹਿਆ, ਪਾਰ ਕਰਾਏ ਨੌਂ ਦਵਾਰੇ ਦਹਿ ਦਿਸ਼ਾ ਚਾਰੇ ਕੂਟਾ । ਏਕਾ ਸਾਚਾ ਦਰ ਸੁਹਾਇਆ, ਸਤਿਗੁਰ ਪੂਰਾ ਆਪੇ ਤੁਠਾ । ਹਰਿਜਨ ਸਾਚੇ ਲਏ ਮਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਮੇਲਾ ਜੋਤੀ ਧਾਰ, ਸ਼ਬਦੀ ਧਾਰ ਚਲਾਈਆ । ਪਰਗਟ ਹੋ ਵਿਚ ਸੰਸਾਰ, ਆਦਿ ਜੁਗਾਦੀ ਖੇਲ ਖਿਲਾਈਆ । ਇਕ ਅਕੱਲਾ ਏਕੰਕਾਰ, ਲੋਆਂ ਪੁਰੀਆਂ ਰਿਹਾ ਸੁਣਾਈਆ । ਬ੍ਰਹਮਾ ਵੇਤਾ ਲਏ ਉਭਾਰ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸ਼ਿਵ ਸ਼ੰਕਰ ਬਖ਼ਸ਼ੇ ਇਕ ਪਿਆਰ, ਤ੍ਰਿਸੂਲ ਹੱਥ ਫੜਾਈਆ । ਵਿਸ਼ਨੂੰ ਵੰਸੀ ਖੇਲ ਅਪਾਰ, ਰਾਜਕ ਰਿਜ਼ਕ ਸਬਾਈਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਬੈਠਾ ਆਸਣ ਲਾਈਆ । ਜੋਗ ਜੁਗਤ ਜੁਗ ਜੁਗੰਤਰ ਪਾਵੇ ਸਾਰ, ਮੁਨ ਮੁਨੀਸ਼ਵਰ ਬੇਪਰਵਾਹੀਆ । ਸਾਧ ਸੰਤ ਗੁਰ ਪੀਰ ਲੈ ਅਵਤਾਰ, ਆਪ ਆਪਣਾ ਨਾਉਂ ਧਰਾਈਆ । ਵੇਸ ਅਨੇਕਾ ਕਰੇ ਕਰਾਏ ਹਰਿਜਨ ਯਾਰ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡਣ ਆਪ ਵੰਡਾਈਆ । ਨਿਰਗੁਣ ਆਪਣੀ ਵੰਡ ਵੰਡਾ, ਆਪਣਾ ਰੂਪ ਦਰਸਾਇਆ । ਲੋਕਮਾਤ ਕੰਢਾ ਵੇਖ ਵਖਾ, ਪੰਜ ਤਤ ਵਸੇਰਾ ਪਾਇਆ । ਬ੍ਰਹਿਮੰਡ ਸਾਚੇ ਖੋਜ ਖੁਜਾ, ਜੇਰਜ ਅੰਡ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਜੁਗ ਜੁਗ ਲੇਖਾ ਲਿਖਣਹਾਰਾ, ਸਾਚੀ ਚਲਤ ਚਲਾਇੰਦਾ । ਸਤਿਜੁਗ ਸਾਚਾ ਕਰ ਪਸਾਰਾ, ਸਾਚਾ ਧਰਮ ਧਰਾਇੰਦਾ । ਤ੍ਰੇਤਾ ਤੇਰਾ ਖੇਲ ਨਿਆਰਾ, ਤ੍ਰਿਆ ਵੇਸ ਵਟਾਇੰਦਾ । ਰਾਮ ਰੂਪ ਰਾਮ ਕਰਤਾਰਾ, ਰਘੁਪਤ ਨਾਉਂ ਧਰਾਇੰਦਾ । ਤੋੜੇ ਗੜ੍ਹ ਲੰਕਾ ਹੰਕਾਰਾ, ਏਕਾ ਬਾਣ ਚਲਾਇੰਦਾ । ਦੁਆਪਰ ਤੇਰਾ ਖੇਲ ਨਿਆਰਾ, ਧਰਤ ਧਵਲ ਸੁਹਾਇੰਦਾ । ਮੁਕੰਦ ਮਨੋਹਰ ਲੱਖਮੀ ਨਰਾਇਣ ਹਰਿ ਕਰਤਾਰਾ, ਮੋਰ ਮੁਕਟ ਸੀਸ ਟਿਕਾਇੰਦਾ । ਗ਼ਰੀਬ ਨਿਮਾਣੇ ਪਾਵੇ ਸਾਰਾ, ਜਨ ਭਗਤਾਂ ਪੈਜ ਰਖਾਇੰਦਾ । ਬੇਮੁਖ ਮਾਰੇ ਪਕੜ ਪਛਾੜਾ, ਰਥ ਰਥਵਾਹੀ ਨਾਮ ਧਰਾਇੰਦਾ । ਧਰਤ ਮਾਤ ਤੇਰਾ ਇਕ ਅਖਾੜਾ, ਅੰਤਮ ਅੰਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪ ਵੇਸ ਵਟਾਇੰਦਾ । ਕਲਜੁਗ ਵੇਸ ਹਰਿ ਅਵੱਲਾ, ਆਪਣੀ ਖੇਲ ਵਰਤਾਈਆ । ਈਸਾ ਮੂਸਾ ਵਸੇ ਮਹੱਲਾ, ਵੇਖੇ ਸਹਿਜ ਸੁਭਾਈਆ । ਸੰਗ ਮੁਹੰਮਦ ਨਾਲ ਰਲਾਈ ਰਾਣੀ ਅੱਲਾ, ਏਕਾ ਨਾਅਰਾ ਲਾਈਆ । ਜੂਠ ਝੂਠ ਵਲ ਛੱਲਾ, ਮਾਇਆ ਮਮਤਾ ਕਰੀ ਕੁੜਮਾਈਆ । ਲੋਕਮਾਤੀ ਫਲਿਆ ਫੁਲਾ, ਏਕਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਖੇਲਣਹਾਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਜੁਗ ਜੁਗ ਖੇਲ ਹਰਿ ਖਿਲੰਤਾ, ਖੇਲਣਹਾਰ ਅਖਵਾਇਆ । ਨਿਰਗੁਣ ਜੋਤ ਸ੍ਰੀ

੪੬੭
੦੭

ਭਗਵੰਤਾ, ਆਪ ਆਪਣਾ ਵੇਸ ਵਟਾਇਆ । ਆਪੇ ਪੁਰਖ ਨਾਰੀ ਕੰਤਾ, ਨਾਨਕ ਗੋਬਿੰਦ ਰੂਪ ਸੁਹਾਇਆ । ਨਾਮ ਸਤਿ ਜਣਾਈ ਜੀਵਾਂ ਜੰਤਾ, ਧੁਰ ਫ਼ਰਮਾਣ ਅਲਾਇਆ । ਗੜ੍ਹ ਤੁੜਾਇਆ ਹਉਮੇ ਹੰਗਤਾ, ਮਾਇਆ ਮੋਹ ਚੁਕਾਇਆ । ਮੇਲ ਮਿਲਾਇਆ ਸਾਚੀ ਸੰਗਤਾ, ਦਰ ਸਾਚਾ ਇਕ ਸੁਹਾਇਆ । ਅੰਗ ਲਗਾਇਆ ਨਾਨਕ ਅੰਗਦਾ, ਨਿਰਗੁਣ ਜੋਤ ਜਗਾਇਆ । ਅਮਰਦਾਸ ਦਰ ਏਕਾ ਮੰਗਦਾ, ਹਰਿ ਝੋਲੀ ਨਾਮ ਭਰਾਇਆ । ਰਾਮਦਾਸ ਘਰ ਸਾਚਾ ਲੰਘਦਾ, ਨਿਝ ਘਰ ਆਪਣੇ ਦਰਸ਼ਨ ਪਾਇਆ । ਗੁਰ ਅਰਜਨ ਖੇਲ ਸੂਰਾ ਸਰਬੰਗ ਦਾ, ਆਪ ਆਪਣਾ ਭੇਵ ਖੁਲ੍ਹਾਇਆ । ਹਰਿਗੋਬਿੰਦ ਤੰਗ ਏਕਾ ਕਸਦਾ, ਸ਼ਸਤਰ ਬਸਤਰ ਤਨ ਸਜਾਇਆ । ਹਰਿਰਾਏ ਭੁੱਖ ਨੰਗ ਕੱਟਦਾ, ਜੋ ਜਨ ਸਰਨਾਈ ਆਇਆ । ਹਰਿਕਿਸ਼ਨ ਜਗਤ ਦਵਾਰੇ ਮੂਲ ਨਾ ਸੰਗਦਾ, ਪੰਜ ਤਤ ਲੇਖੇ ਲਾਇਆ । ਤੇਗ ਬਹਾਦਰ ਗੁਰਮੁਖਾਂ ਕਾਇਆ ਚੋਲੀ ਆਪਣੀ ਰੰਗਦਾ, ਸੀਸ ਆਪਣਾ ਭੇਟ ਚੜ੍ਹਾਇਆ । ਗੁਰ ਗੋਬਿੰਦ ਪਿਆਰ ਏਕਾ ਮੰਗਦਾ, ਗੁਰ ਸੰਗਤ ਮੇਲ ਮਿਲਾਇਆ । ਦਰ ਦਵਾਰ ਜੋ ਜਨ ਆਏ ਭੁੱਖਾ ਨੰਗਤਾ, ਦਾਤਾ ਦਾਨੀ ਨਾਮ ਦਾਨ ਝੋਲੀ ਪਾਇਆ । ਖੇਲੇ ਖੇਲ ਜਗਤ ਜੰਗ ਦਾ, ਜਗਤ ਵਿਕਾਰਾ ਦਏ ਮਿਟਾਇਆ । ਕਲਜੁਗ ਅੰਤਮ ਮੰਗ ਏਕਾ ਮੰਗਦਾ, ਮਾਛੂਵਾੜੇ ਡੇਰਾ ਲਾਇਆ । ਤੇਰਾ ਦਰਸ਼ਨ ਹਰਿ ਪਲੰਘ ਦਾ, ਨੇਤਰ ਲੋਚਨ ਨਜ਼ਰੀ ਆਇਆ । ਖੇੜਾ ਛੁੱਟੇ ਲੋਕਮਾਤ ਸਿਆਲ ਝੰਗ ਦਾ, ਯਾਰ ਯਾਰੜੇ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਸੁਨੇਹੜਾ ਏਕਾ ਘਲਦਾ, ਮੇਰਾ ਤੇਰਾ ਤੇਰਾ ਮੇਰਾ ਤੇਰੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਮਾਦਿ ਗੁਰ ਪੀਰ ਅਵਤਾਰ ਸੰਤ ਸਾਧ ਨਾਮ ਧਰਾਇਆ । ਗੁਰ ਗੋਬਿੰਦ ਸਚ ਸਲਾਹ, ਹਰਿ ਸਾਚੇ ਸ਼ਬਦ ਜਣਾਈਆ । ਕਲਜੁਗ ਅੰਤਮ ਬਣ ਮਲਾਹ, ਪ੍ਰਭ ਬੇੜਾ ਬੰਨੇ ਲਾਈਆ । ਈਸਾ ਮੂਸਾ ਰਹਿਣਾ ਨਾ, ਸੰਗ ਮੁਹੰਮਦ ਦਏ ਦੁਹਾਈਆ । ਸਦੀ ਚੌਧਵੀਂ ਲੱਗੇ ਢਾਹ, ਕਲਜੁਗ ਵੇਖੇ ਬੇਪਰਵਾਹੀਆ । ਨੌਂ ਖੰਡ ਪ੍ਰਿਥਮੀ ਵੱਜੇ ਹਾ, ਸੱਤਾਂ ਦੀਪਾਂ ਇਕ ਦੁਹਾਈਆ । ਲੱਖ ਚੁਰਾਸੀ ਪੱਤ ਕੋਈ ਰੱਖੇ ਨਾ, ਰਾਜ ਰਾਜਾਨਾਂ ਮੇਟ ਮਿਟਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਜਨ ਭਗਤਾਂ ਪਕੜੇ ਅੰਤਮ ਬਾਂਹ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਸੁਹੇਲਾ ਇਕ ਇਕੇਲਾ ਸਿਰ ਰੱਖੇ ਠੰਡੀ ਛਾਂ, ਤੱਤੀ ਵਾ ਨਾ ਲੱਗੇ ਰਾਈਆ । ਆਪੇ ਬਣੇ ਪਿਤਾ ਮਾਂ, ਆਪ ਆਪਣੀ ਗੋਦੀ ਲਏ ਉਠਾਈਆ । ਹਰਿ ਹਰਿ ਭੇਵ ਕੋਈ ਜਾਣੇ ਨਾ, ਜੁਗ ਜੁਗ ਵੱਡੀ ਵਡਿਆਈਆ । ਨਿਹਕਲੰਕੀ ਜੋਤੀ ਜਾਮਾ ਕੋਈ ਪਛਾਣੇ ਨਾ, ਸੰਬਲ ਨਗਰੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦਿਤਾ ਸਾਚਾ ਵਰ, ਕਲਜੁਗ ਮੇਲਾ ਸਹਿਜ ਸੁਭਾਈਆ । ਗੁਰ ਗੋਬਿੰਦ ਸੁਨਣੇਹਾਰਾ, ਸੁਣਿਆ ਨਾਮ ਅਮੋਲਾ । ਪ੍ਰਭ ਅਬਿਨਾਸ਼ੀ ਬੋਲਣਹਾਰਾ, ਨਾ ਕੋਈ ਵਸਿਆ ਪੰਜ ਤਤ ਚੋਲਾ । ਪੂਰੇ ਤੋਲ ਤੋਲਣਹਾਰਾ, ਨਾਨਕ ਬਣਿਆ ਦਰ ਘਰ ਗੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪਰਗਟ ਹੋਵੇ ਵੀਹ ਸੌ ਬਿਕ੍ਰਮੀ ਸੋਲਾਂ । ਸੰਮਤ ਸੋਲਾਂ ਤੇਰੀ ਧਾਰ, ਹਰਿ ਗੋਬਿੰਦ ਮਾਤ ਰਖਾਈਆ । ਪਰਗਟ ਹੋਏ ਹਰਿ ਨਿਰੰਕਾਰ, ਚਾਰੋਂ ਕੁੰਟ ਵੱਜੇ ਵਧਾਈਆ । ਸ਼ਬਦ ਡੰਕਾ ਅਪਰ ਅਪਾਰ, ਰਾਓ ਰੰਕਾਂ ਰਿਹਾ ਸੁਣਾਈਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਤੋੜੇ ਗੜ੍ਹ ਲੰਕਾ ਹੰਕਾਰ, ਪੰਦਰਾਂ ਕੱਤਕ ਫੇਰਾ ਪਾਈਆ । ਵਾਲੀ ਹਿੰਦ ਰਿਹਾ ਵਿਚਾਰ, ਨਾ ਦੀਸੇ ਕੋਈ ਸਹਾਈਆ । ਲਹਿੰਦੀ

ਦਿਸ਼ਾ ਪਾਵੇ ਸਾਰ, ਲੇਖਾ ਲਿਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਗੋਬਿੰਦ ਪੂਰ ਕਰਾਈਆ । ਗੁਰ ਗੋਬਿੰਦ ਸਤਿਗੁਰ ਸਾਚਾ, ਧੁਰ ਫ਼ਰਮਾਣ ਸੁਣਾਇਆ । ਜੀਓ ਪਿੰਡ ਤਨ ਜੀਵ ਕਾਚਾ, ਥਿਰ ਰਹਿਣ ਨਾ ਪਾਇਆ । ਪੰਜ ਤਤ ਨੌਂ ਦਵਾਰੇ ਨਾਚਾ, ਹਰਿ ਕਾ ਸ਼ਬਦ ਦਿਸ ਨਾ ਆਇਆ । ਨਾਮ ਸਤਿ ਨਾ ਹਿਰਦੇ ਵਾਚਾ, ਮਾਇਆ ਮੋਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਫਤਿਹ ਵਜਾਇਆ । ਫਤਿਹ ਡੰਕ ਹਰਿ ਨਿਰੰਕਾਰ, ਆਪਣਾ ਆਪ ਵਜਾਇੰਦਾ । ਖੇਲੇ ਖੇਲ ਅਪਰ ਅਪਾਰ, ਸ੍ਰਿਸ਼ਟ ਸਬਾਈ ਦਿਸ ਨਾ ਆਇੰਦਾ । ਗੁਰਮੁਖ ਸਾਚੇ ਕਰ ਪਿਆਰ, ਆਪ ਆਪਣੀ ਬੂਝ ਬੁਝਾਇੰਦਾ । ਨਿਰਮਲ ਜੋਤੀ ਕਰ ਉਜਿਆਰ, ਅਗਿਆਨ ਅੰਧੇਰ ਮਿਟਾਇੰਦਾ । ਸਚ ਧਰਮ ਇਕ ਜੈਕਾਰ, ਸੋ ਪੁਰਖ ਨਿਰੰਜਣ ਨਾਅਰਾ ਲਾਇੰਦਾ । ਹੰ ਹੰਗਤਾ ਦਏ ਮਾਰ, ਏਕਾ ਖੰਡਾ ਚਲਾਇੰਦਾ । ਸਾਚੀ ਸੰਗਤਾ ਕਰ ਵਿਚਾਰ, ਸਤਿਗੁਰ ਸਿਖਿਆ ਇਕ ਬੁਝਾਇੰਦਾ । ਕਾਇਆ ਚੋਲੀ ਰੰਗ ਕਰਤਾਰ, ਨਾਮ ਮਜਨ ਇਕ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਇੰਦਾ । ਆਪ ਆਪਣੀ ਕਲ ਵਰਤਾ, ਆਪਣੇ ਰੂਪ ਸਮਾਇਆ । ਸ੍ਰਿਸ਼ਟ ਸਬਾਈ ਲਏ ਉਠਾ, ਚਾਰੋਂ ਕੁੰਟ ਫੇਰਾ ਪਾਇਆ । ਸ਼ਬਦ ਖੰਡਾ ਇਕ ਚਮਕਾ, ਆਦਿ ਸ਼ਕਤ ਵੇਸ ਵਟਾਇਆ । ਨਾਮ ਭਗੌਤੀ ਦਏ ਰਖਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਭਰਮ ਭੁਲਾਇਆ । ਲੱਖ ਚੁਰਾਸੀ ਭਰਮੇ ਭੁੱਲਾ, ਹਰਿ ਹਰਿ ਮੂਲ ਨਾ ਭਾਇੰਦਾ । ਮਾਇਆ ਮਮਤਾ ਜੂਠਾ ਝੂਠਾ ਰੁਲਾ, ਸਚ ਸੁੱਚ ਨਾ ਕੋਈ ਦ੍ਰਿੜਾਇੰਦਾ । ਭਾਗ ਲਗਾਇਆ ਨਾ ਕਾਇਆ ਕੁਲਾ, ਬੁਧ ਬਿਬੇਕ ਨਾ ਕੋਈ ਰਖਾਇੰਦਾ । ਮਨ ਮਤ ਨਾ ਹੋਈ ਸੁਲਹ, ਗੁਰਮਤ ਨਾ ਕੋਈ ਦਰਸਾਇੰਦਾ । ਪਾਣੀ ਪਿਆ ਝੂਠੀ ਚੁਲਾ, ਅੰਮ੍ਰਿਤ ਧਾਰ ਨਾ ਕੋਈ ਪਿਆਇੰਦਾ । ਕਾਮ ਕਰੋਧੀ ਦੇਸ ਭੁੱਲਾ, ਹਰਿ ਕਾ ਨਾਮ ਨਾ ਕੋਈ ਧਿਆਇੰਦਾ । ਚਾਰੋਂ ਕੁੰਟ ਅੰਧੇਰਾ ਝੁੱਲਾ, ਅੰਧ ਅੰਧੇਰ ਨਾ ਕੋਈ ਮਿਟਾਇੰਦਾ । ਕਲਜੁਗ ਅੰਤਮ ਫਲਿਆ ਫੁਲਾ, ਸਿਮਲ ਰੁੱਖ ਹੁਲਾਰ ਰਖਾਇੰਦਾ । ਆਪਣੇ ਕੰਡੇ ਆਪੇ ਤੁਲਾ, ਸਤਿਗੁਰ ਨਾਨਕ ਤੇਰਾਂ ਤੇਰੀ ਧਾਰ ਚਲਾਇੰਦਾ । ਪਾਰਬ੍ਰਹਮ ਦਰ ਦਵਾਰ ਜੋ ਜਨ ਆਏ ਭੁੱਲਾ, ਗੁਰ ਗੋਬਿੰਦ ਮੇਲ ਮਿਲਾਇੰਦਾ । ਪੁਰਖ ਅਕਾਲ ਦਰ ਦਵਾਰ ਤੇਰਾ ਸਦਾ ਖੁਲ੍ਹਾ, ਨਾ ਕੋਈ ਬੰਦ ਕਰਾਇੰਦਾ । ਕਲਜੁਗ ਅੰਤਮ ਫਲ ਹੁਲਾ, ਫੁੱਲ ਕੋਈ ਦਿਸ ਨਾ ਆਇੰਦਾ । ਸੰਮਤ ਸੰਮਤੀ ਪੈਣਾ ਮੁੱਲਾ, ਪਰਖੇ ਪਰਖਣਹਾਰ ਨਾਮ ਸੋਟੀ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜਾਮਾ ਜੋਤੀ ਨੂਰ ਦਰਸਾਇੰਦਾ । ਨਿਹਕਲੰਕ ਜੋਤੀ ਨੂਰ, ਸ਼ਬਦੀ ਡੰਕ ਵਜਾਇਆ । ਸ਼ਬਦ ਅਨਾਦੀ ਵੱਜੇ ਤੂਰ, ਧੁਰ ਫ਼ਰਮਾਣਾ ਰਿਹਾ ਸੁਣਾਇਆ । ਕਲਜੁਗ ਮਿਟੇ ਪਸਾਰਾ ਕੂੜ, ਕੂੜੀ ਕਿਰਿਆ ਰਹਿਣ ਨਾ ਪਾਇਆ । ਕਾਮੀ ਕਰੋਧੀ ਮਾਇਆ ਮਮਤਾ ਨਾ ਦਿਸੇ ਮੂੜ੍ਹ, ਵਿਕਾਰ ਹੰਕਾਰ ਰਹਿਣ ਨਾ ਪਾਇਆ । ਪਾਰਬ੍ਰਹਮ ਜੋ ਜਨ ਮਾਂਗੇ ਤੇਰੀ ਧੂੜ, ਸੋ ਜਨ ਰਹੇ ਸਰਨਾਇਆ । ਸਤਿਗੁਰ ਪੂਰਾ ਕਾਇਆ ਚੋਲੀ ਰੰਗਨ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,

ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਏਕਾ ਸ਼ਬਦ ਡੰਕ ਵਜਾਇਆ । ਸ਼ਬਦ ਡੰਕ ਧੁਰ ਦਰਗਾਹ, ਹਰਿ ਸਾਚੇ ਸਚ ਜਣਾਈਆ । ਸਤਿਗੁਰ ਪੂਰਾ ਬਣ ਮਲਾਹ, ਜਨ ਬੇੜਾ ਬੰਨੇ ਲਾਈਆ । ਸਚਖੰਡ ਦਵਾਰਾ ਏਕਾ ਰਾਹ, ਏਕਾ ਮਾਰਗ ਰਿਹਾ ਵਖਾਈਆ । ਚਾਰ ਵਰਨਾਂ ਪਕੜੇ ਬਾਂਹ, ਊਚਾਂ ਨੀਚਾਂ ਭੇਵ ਨਾ ਰਾਈਆ । ਹਿੰਦੂ ਮੁਸਲਮ ਸਿਖ ਈਸਾਈ ਛਿੰਟੋ ਬਣਾਏ ਭੈਣ ਭਰਾ, ਫਾਰਸੀ ਯੂਨਾਨੀ ਕਰੇ ਕੁੜਮਾਈਆ । ਏਕਾ ਨਾਤਾ ਦਏ ਸਿਖਾ, ਬ੍ਰਹਮ ਜੋਤੀ ਬ੍ਰਹਮ ਧੀ ਜਵਾਈਆ । ਪੁਰਖ ਬਿਧਾਤਾ ਦਇਆ ਕਮਾ, ਸਾਚਾ ਸਗਨ ਰਿਹਾ ਮਨਾਈਆ । ਕਲਜੁਗ ਅੰਧੇਰੀ ਰਾਤਾ ਦਏ ਮਿਟਾ, ਸਤਿਜੁਗ ਸਾਚਾ ਚੰਨ ਚੜ੍ਹਾਈਆ । ਏਕਾ ਗਾਥਾ ਦਏ ਸੁਣਾ, ਏਕਾ ਕਰਮ ਕਮਾਈਆ । ਏਕਾ ਰਾਥਾ ਦਏ ਚਲਾ, ਰਥ ਰਥਵਾਹੀ ਬੇਪਰਵਾਹੀਆ । ਸਗਲਾ ਸਾਥਾ ਦਏ ਨਿਭਾ, ਜੋ ਮਿਲਿਆ ਵਿਛੜ ਨਾ ਜਾਈਆ । ਲਹਿਣਾ ਦੇਣਾ ਮਸਤਕ ਮਾਥਾ ਦਏ ਚੁਕਾ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਲੇਖਾ ਦਏ ਮੁਕਾ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਲਏ ਪਰਨਾ, ਜਿਸ ਮਿਲੀ ਹਰਿ ਸਰਨਾਈਆ । ਥਿਰ ਘਰ ਬਹਾਏ ਸਾਚੇ ਥਾਂ, ਹਰਿ ਜੋਤੀ ਜੋਤ ਮਿਲਾਈਆ । ਨਾਤਾ ਤੋੜੇ ਪਿਤਾ ਮਾਂ, ਸਾਕ ਸੱਜਣ ਨਾ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਸੁੱਚ ਦਏ ਵਰਤਾਈਆ । ਸਚ ਸੁੱਚ ਹਰਿ ਵਰਤਾਰਾ, ਘਰ ਸਾਚੇ ਹਰਿ ਪਾਇਆ । ਜੋਤੀ ਜਾਮਾ ਲੈ ਅਵਤਾਰਾ, ਨਿਹਕਲੰਕਾ ਨਾਉਂ ਧਰਾਇਆ । ਚਾਰ ਵਰਨਾਂ ਪਾਵੇ ਸਾਰਾ ਊਚਾਂ ਨੀਚਾਂ ਮੇਲ ਮਿਲਾਇਆ । ਰਾਓ ਰੰਕ ਵਖਾਏ ਇਕ ਦਵਾਰਾ, ਏਕਾ ਧਾਮ ਸੁਹਾਇਆ । ਏਕਾ ਜਾਪ ਏਕਾ ਅੱਖਰ ਆਪੇ ਆਪ, ਏਕਾ ਨਾਉਂ ਉਪਾਇਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਰੰਗ ਰੰਗਾਇਆ । ਰਾਜਸ ਤਾਮਸ ਤੇਰਾ ਪਰਤਾਪ, ਕਲਜੁਗ ਝੋਲੀ ਪਾਇਆ । ਸਾਂਤਕ ਸਤਿ ਕਰ ਵਰਤਾਂਤ, ਸਤਿਜੁਗ ਸਾਚੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਦਰ ਸਾਚੇ ਹਰਿ ਲੋਕਮਾਤ ਆਪ ਖੁਲਾਇਆ । ਲੋਕਮਾਤ ਖੁਲ੍ਹਿਆ ਦਰ, ਹਰਿ ਸਾਚੇ ਜੋਤ ਜਗਾਈਆ । ਚਾਰ ਵਰਨਾਂ ਮਿਲੇ ਵਰ, ਵਰ ਦਾਤਾ ਇਕ ਅਖਵਾਈਆ । ਆਵਣ ਜਾਵਣ ਚੁੱਕੇ ਡਰ, ਮਾਤ ਗਰਭ ਫੰਦ ਕਟਾਈਆ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਈਆ । ਆਪ ਖੁਲ੍ਹਾਏ ਬੰਦ ਕਿਵਾੜ, ਬਜਰ ਕਪਾਟੀ ਸਿਲਾ ਤੁੜਾਈਆ । ਅੰਦਰ ਮੰਦਰ ਵੇਖੇ ਆਪੇ ਚੜ੍ਹ, ਦਰ ਸਾਚੇ ਫੇਰਾ ਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਗੁਰ ਪੂਰੇ ਵਡ ਵਡਿਆਈਆ । ਪੰਚਾਂ ਚੋਰਾਂ ਆਪੇ ਲੜ, ਆਪੇ ਕਰੇ ਸਫਾਈਆ । ਹਵਨ ਮੜ੍ਹੀ ਗੋਰ ਨਾ ਜਾਏ ਸੜ, ਅਗਨੀ ਅੱਗ ਨਾ ਅੱਗ ਜਲਾਈਆ । ਗੁਰਮੁਖ ਸਾਚੇ ਲਏ ਫੜ, ਦਿਸ ਕਿਸੇ ਨਾ ਆਈਆ । ਉਚੇ ਟਿੱਲੇ ਵੇਖੇ ਚੜ੍ਹ, ਏਕਾ ਦਰ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰ ਘਟ ਬੈਠਾ ਆਸਣ ਲਾਈਆ । ਹਰ ਘਟ ਹਰਿ ਸੱਜਣ ਵਸਿਆ, ਪਾਰਬ੍ਰਹਮ ਬੇਅੰਤ । ਜਨ ਭਗਤਾਂ ਦਰ ਦਵਾਰੇ ਫਿਰੇ ਨੱਸਿਆ, ਮੇਲ ਮਿਲਾਵਾ ਸਾਚੇ ਸੰਤ । ਸ਼ਬਦ ਨਿਰਾਲਾ ਤੀਰ ਕਸਿਆ, ਰਸਨਾ ਜਿਹਵਾ ਮਣੀਆ ਮੰਤ । ਕਾਇਆ ਚੋਲੀ ਮੰਦਰ ਅੰਦਰ ਬਹਿ ਬਹਿ ਹੱਸਿਆ, ਗੁਰਮੁਖ ਵਿਰਲੀ ਨਾਰੀ ਪਾਇਆ ਹਰਿ ਸਾਚਾ ਕੰਤ । ਮਿਟੇ ਰੈਣ ਅੰਧੇਰੀ ਮੱਸਿਆ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤ ਜਗਾਤਾ ਹਰਿ ਰਘੁਰਾਤਾ, ਗੁਰਸਿਖ ਸਾਚੇ ਵੱਜੀ ਵਧਾਈ, ਘਰ ਪਾਇਆ ਵਰ ਪਾਇਆ ਹਰਿ ਹਰਿ ਹਰਿ ਬੇਅੰਤਾ ।

## * ੧੮ ਸਾਵਣ ੨੦੧੫ ਬਿਕ੍ਰਮੀ ਗੁਰਮੁਖ ਸਿੰਘ ਦੇ ਘਰ ਭਲਾਈ ਪੁਰ *

ਹਰਿ ਠਾਕਰ ਅਬਿਨਾਸ਼, ਹਰਿ ਹਰਿ ਨਾਮ ਧਿਆਇਆ । ਆਦਿ ਅੰਤ ਨਾ ਜਾਏ ਵਿਨਾਸ, ਏਕਾ ਰੰਗ ਸਮਾਇਆ । ਆਪ ਆਪਣੇ ਵਸਿਆ ਪਾਸ, ਨਾ ਕੋਈ ਦੂਸਰ ਸੰਗ ਰਖਾਇਆ । ਆਪ ਆਪਣੀ ਵੇਖੇ ਰਾਸ, ਆਪ ਆਪਣਾ ਮੰਡਲ ਅੱਗੇ ਟਿਕਾਇਆ । ਆਪ ਆਪਣੇ ਘਰ ਕਰਿਆ ਵਾਸ, ਸ਼ਾਹੋ ਭੂਪ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਨੂਰ ਜਗਾਇਆ । ਜੋਤੀ ਨੂਰ ਹਰਿ ਕਰਤਾਰ, ਅਕਲ ਕਲਾ ਸਮਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਭੇਵ ਅਭੇਦਾ ਭੇਵ ਛੁਪਾਇੰਦਾ । ਆਦਿ ਨਿਰੰਜਣ ਨਰ ਨਿਰੰਕਾਰ, ਵੇਸ ਅਵੇਸਾ ਵੇਸ ਵਟਾਇੰਦਾ । ਪਾਰਬ੍ਰਹਮ ਖੇਲ ਅਪਾਰ, ਖੇਲਣਹਾਰ ਦਿਸ ਨਾ ਆਇੰਦਾ । ਜੁਗ ਜੁਗ ਜਾਣੇ ਆਪਣੀ ਧਾਰ, ਧਰਨੀ ਧਾਰ ਆਪ ਚਲਾਇੰਦਾ । ਇਕ ਅਕੱਲਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਸਚ ਘਰ ਹੋ ਤਿਆਰ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਦਰ ਆਪਣਾ ਮੰਗਲ ਆਪਣੀ ਰਸਨਾ ਆਪੇ ਗਾਇੰਦਾ । ਆਪਣਾ ਦਰ ਹਰਿ ਆਪ ਸੁਹਾ, ਆਪ ਆਪਣੀ ਜੋਤ ਜਗਾਈਆ । ਆਪਣਾ ਦਰਸ ਆਪੇ ਪਾ, ਆਪੇ ਕਰੇ ਸਿਫ਼ਤ ਸਲਾਹੀਆ । ਆਪਣਾ ਤਖ਼ਤ ਆਪਣਾ ਚਰਨ ਟਿਕਾ, ਆਪੇ ਬੈਠੇ ਬੇਪਰਵਾਹੀਆ । ਆਪਣਾ ਬਚਨ ਆਪੇ ਦਏ ਸੁਣਾ, ਸ਼ਬਦ ਸ਼ਬਦੀ ਨਾਉਂ ਧਰਾਈਆ । ਏਕਾ ਗੜ੍ਹ ਲਏ ਰਚਾ, ਥਿਰ ਘਰ ਵੇਖ ਵਖਾਈਆ । ਰੂਪ ਰੰਗ ਕੋਈ ਜਾਣੇ ਨਾ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਖੇਲਣਹਾਰ ਆਪ ਅਖਵਾਈਆ । ਖੇਲਣਹਾਰ ਸਰਬ ਹਰਿ ਠਾਕਰ, ਏਕਾ ਏਕ ਅਖਵਾਇਆ । ਆਪਣਾ ਕਰਮ ਆਪੇ ਕਰੇ ਉਜਾਗਰ, ਨਾ ਕੋਈ ਦੂਸਰ ਲੇਖ ਲਿਖਾਇਆ । ਆਪਣੇ ਬਣੇ ਆਪ ਸੁਦਾਗਰ, ਆਪ ਆਪਣਾ ਵਣਜ ਰਖਾਇਆ । ਆਪਣੀ ਜੋਤ ਆਪ ਜਗਾਏ ਆਪਣੀ ਗਾਗਰ, ਆਪਣਾ ਦੀਪਕ ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਰੂਪ ਦਰਸਾਇਆ । ਨਿਰਗੁਣ ਹਰਿ ਆਪ ਆਦਿ ਨਿਰੰਜਣ, ਆਦਿ ਪੁਰਖ ਅਕਾਲਾ । ਆਪ ਆਪਣਾ ਬਣਿਆ ਦਰਦ ਦੁੱਖ ਭੈ ਭੰਜਣ, ਕਰੇ ਕਰਾਏ ਸਦਾ ਰਖਵਾਲਾ । ਆਪ ਆਪਣਾ ਹੋਇਆ ਸੱਜਣ, ਪਾਰਬ੍ਰਹਮ ਪ੍ਰਭ ਦੀਨ ਦਿਆਲਾ । ਆਪਣੇ ਘਰ ਆਪੇ ਆਇਆ ਪੜਦੇ ਕੱਜਣ, ਆਪ ਸੁਹਾਏ ਸੱਚੀ ਧਰਮਸਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਚਲੇ ਅਵੱਲੜੀ ਚਾਲਾ । ਜੁਗ ਜੁਗ ਚਾਲ ਚਲਣੇਹਾਰਾ, ਹਰਿ ਹਰਿ ਆਪ ਅਖਵਾਇਆ । ਲੋਕਮਾਤ ਲੈ ਅਵਤਾਰਾ, ਭੇਖਾ ਧਾਰੀ ਭੇਖ ਵਟਾਇਆ । ਖੇਲੇ ਖੇਲ ਅਗੰਮ ਅਪਾਰਾ, ਲੇਖੇ ਲੇਖ ਨਾ ਕੋਈ ਲਿਖਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇਆ । ਨਾਨਕ ਗੋਬਿੰਦ ਬਣ ਲਿਖਾਰਾ, ਏਕਾ ਮੰਗ ਮੰਗਾਇਆ । ਮੰਗੀ ਮੰਗ ਧੁਰ ਦਰਬਾਰਾ, ਦੇਵਣਹਾਰ

ਹਰਿ ਰਘੁਰਾਇਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਪਾਵੇ ਸਾਰਾ, ਧੁਨ ਅਨਾਦੀ ਤਾਲ ਵਜਾਇਆ । ਬੋਧ ਅਗਾਧੀ ਇਕ ਜੈਕਾਰਾ, ਆਪਣਾ ਨਾਮ ਸੁਣਾਇਆ । ਸਤਿਨਾਮ ਕਰ ਪਿਆਰਾ, ਲੋਕਮਾਤ ਵਰਤਾਇਆ । ਏਕਾ ਸ਼ਬਦ ਏਕਾ ਧਾਰਾ, ਏਕਾ ਮਾਰਗ ਪਾਇਆ । ਭਰਮੇ ਭੁੱਲਾ ਸਰਬ ਸੰਸਾਰਾ, ਹਰਿ ਕਾ ਭੇਵ ਦਿਸ ਨਾ ਆਇਆ । ਮਾਇਆ ਮਮਤਾ ਮੋਹ ਕਰ ਪਿਆਰਾ, ਹਉਮੇ ਹੰਗਤਾ ਰੋਗ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਰੱਖਿਆ ਨਾਉਂ, ਆਪਣੀ ਕਲ ਵਰਤਾਈਆ । ਆਪੇ ਵਸਿਆ ਆਪਣੇ ਨਗਰ ਗਰਾਉਂ, ਥਿਰ ਘਰ ਸਾਚਾ ਥਾਨ ਸੁਹਾਈਆ । ਆਪ ਆਪਣੀ ਦੇਵੇ ਠੰਡੀ ਛਾਉਂ, ਛੱਪਰ ਛੰਨ ਨਾ ਕੋਈ ਜਣਾਈਆ । ਆਪ ਆਪਣਾ ਕਰੇ ਨਿਆਉਂ, ਲੋਕਮਾਤ ਫੇਰਾ ਪਾਈਆ । ਫੜ ਵਰੋਲੇ ਹੰਸ ਕਾਉਂ, ਆਪਣੇ ਹੱਥ ਰੱਖੀ ਵਡਿਆਈਆ । ਗੁਰ ਪੂਰੇ ਬਲਹਾਰ ਬਲਹਾਰ ਸਦ ਬਲ ਬਲ ਜਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸੱਜਣ ਸੁਹੇਲ, ਇਕ ਅਕੇਲ ਬੇਪਰਵਾਹੀਆ । ਖੇਲਣਹਾਰ ਜਗਤ ਖਿਲਾਰੀ, ਪਾਰਬ੍ਰਹਮ ਅਖਵਾਇਆ । ਕਲਜੁਗ ਅੰਤਮ ਲੈ ਅਵਤਾਰੀ, ਆਪਣਾ ਨਾਉਂ ਧਰਾਇਆ । ਸ਼ਬਦ ਡੰਕਾ ਵਡ ਸੰਸਾਰੀ, ਏਕਾ ਰਿਹਾ ਵਜਾਇਆ । ਜੋਤੀ ਨੂਰ ਕਰ ਉਜਿਆਰੀ, ਅੰਧ ਅੰਧੇਰ ਦਏ ਮਿਟਾਇਆ । ਚਾਰ ਵਰਨ ਅਠਾਰਾਂ ਬਰਨ ਉਠਾਏ ਵਾਰੋ ਵਾਰੀ, ਸੋਇਆ ਕੋਈ ਰਹਿਣ ਨਾ ਪਾਇਆ । ਮੰਦਰ ਮਸਜਿਦ ਗੁਰੂਦਵਾਰ ਬੋਲੇ ਇਕ ਜੈਕਾਰੀ, ਆਪਣਾ ਨਾਅਰਾ ਲਾਇਆ । ਪੁਰਖ ਅਕਾਲਾ ਦੀਨ ਦਿਆਲਾ ਕਰ ਤਿਆਰੀ, ਜੋਤੀ ਜਾਮਾ ਫੇਰਾ ਪਾਇਆ । ਨੌਂ ਖੰਡ ਸੱਤ ਦੀਪ ਕਰੇ ਸੱਚੀ ਸਿਕਦਾਰੀ, ਸਾਚਾ ਤਖ਼ਤ ਸੁਹਾਇਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਸੇਵਾਦਾਰੀ, ਸੇਵਕ ਸੇਵਾ ਇਕ ਰਖਾਇਆ । ਕਰੋੜ ਤੇਤੀਸਾ ਕਰ ਪਨਹਾਰੀ, ਆਪ ਆਪਣਾ ਲਏ ਸੁਹਾਇਆ । ਆਪਣੇ ਤਨ ਕਰ ਸਿੰਗਾਰੀ, ਆਪਣਾ ਬਸਤਰ ਲਏ ਸਜਾਇਆ । ਏਕਾ ਖੰਡਾ ਨਾਉਂ ਨਿਰੰਕਾਰੀ, ਹਰਿ ਆਪਣੇ ਹੱਥ ਉਠਾਇਆ । ਲੋਆਂ ਪੁਰੀਆਂ ਪਾਵੇ ਸਾਰੀ, ਲੋਕਮਾਤੀ ਉਠ ਉਠ ਧਾਇਆ । ਕਲਜੁਗ ਅੰਤਮ ਕਰ ਖੁਆਰੀ, ਲੱਖ ਚੁਰਾਸੀ ਦਏ ਸਜ਼ਾਇਆ । ਗੁਰਮੁਖ ਸਾਚੇ ਲਏ ਉਭਾਰੀ, ਜਿਸ ਜਨ ਏਕਾ ਬੂਝ ਬੁਝਾਇਆ । ਹਉਮੇ ਹੰਗਤਾ ਰੋਗ ਦਏ ਨਿਵਾਰੀ, ਏਕਾ ਮੰਤਰ ਨਾਮ ਦ੍ਰਿੜਾਇਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰੀ, ਸੀਤਲ ਸਤਿ ਸੰਤੋਖ ਵਰਤਾਇਆ । ਕਾਮ ਕਰੋਧ ਲੋਭ ਮੋਹ ਨੇੜ ਨਾ ਆਏ ਹੰਕਾਰੀ, ਜੂਠ ਝੂਠ ਮੇਟ ਮਿਟਾਇਆ । ਸਚਖੰਡ ਦੇਵੇ ਸਚ ਸੱਚੀ ਸਿਕਦਾਰੀ, ਹਰਿ ਸੱਚਾ ਸ਼ਾਹ ਹੋ ਆਇਆ । ਖੇਲੇ ਖੇਲ ਵਾਰੋ ਵਾਰੀ, ਜੁਗ ਜੁਗ ਆਪਣਾ ਵੇਸ ਵਟਾਇਆ । ਰਾਮ ਕ੍ਰਿਸ਼ਨ ਜੋਤ ਉਜਿਆਰੀ, ਕਲਜੁਗ ਰੰਗ ਰੰਗਾਇਆ । ਵੇਦ ਵਿਆਸਾ ਬਣ ਲਿਖਾਰੀ, ਆਪ ਆਪਣਾ ਮੂਲ ਚੁਕਾਇਆ । ਉਚਾ ਟਿੱਲਾ ਗੜ੍ਹ ਅਪਾਰੀ, ਪੂਤ ਸਪੂਤਾ ਬ੍ਰਹਿਮਣ ਗੌੜਾ ਡੇਰਾ ਲਾਇਆ । ਸੰਬਲ ਨਗਰੀ ਖੇਲ ਨਿਆਰੀ, ਸ਼ਬਦ ਸਿੰਘਾਸਣ ਆਸਣ ਡਾਹਿਆ । ਜਗੇ ਜੋਤ ਏਕ ਏਕੰਕਾਰੀ, ਏਕਾ ਰੂਪ ਦਰਸਾਇਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰੀ, ਰਵ ਸਸ ਹੋਏ ਸਰਨਾਇਆ । ਪ੍ਰਿਥਮੀ ਅਕਾਸ਼ ਕਰੇ ਨਿਮਸਕਾਰੀ, ਮੰਡਲ ਮੰਡਪ ਸੀਸ ਝੁਕਾਇਆ । ਗੁਰ ਪੀਰ ਅਵਤਾਰ ਸਾਧ ਸੰਤ ਢਹਿ ਪਏ ਦਵਾਰੀ, ਚਰਨ ਧੂੜ ਮਸਤਕ ਲਾਇਆ । ਪਾਰਬ੍ਰਹਮ ਬੇਐਬ ਪਰਵਰਦਿਗਾਰੀ, ਔਲੀਆ ਪੀਰ ਸ਼ੇਖ਼ ਮੁਸਾਇਕ ਲੇਖਾ ਲਿਖ ਸਕੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ

ਜੋਤ ਨਿਰੰਕਾਰੀਆ । ਜੋਤ ਨਿਰੰਕਾਰੀ ਜੋਤ ਉਜਾਲਾ, ਜੋਤੀ ਜੋਤ ਜਗਾਈਆ । ਪਰਗਟ ਹੋਇਆ ਦੀਨ ਦਿਆਲਾ, ਦਇਆਨਿਧ ਅਖਵਾਈਆ । ਸਰਬ ਜੀਆਂ ਕਰੇ ਪ੍ਰਿਤਪਾਲਾ, ਘਟ ਘਟ ਬੈਠਾ ਆਸਣ ਲਾਈਆ । ਆਪੇ ਆਦਿ ਸ਼ਕਤ ਜੋਤੀ ਨੂਰ ਉਜਾਲਾ, ਆਪੇ ਆਪ ਡਗਮਗਾਈਆ । ਆਪੇ ਨਾਉਂ ਧਰਾਏ ਪੁਰਖ ਅਕਾਲਾ, ਪੁਰਖ ਅਕਾਲ ਨਾਉਂ ਧਰਾਈਆ । ਆਪੇ ਬੈਠਾ ਆਪਣੀ ਧਰਮ ਸੱਚੀ ਧਰਮਸਾਲਾ, ਚਾਰ ਦਿਵਾਰ ਨਾ ਕੋਈ ਰਖਾਈਆ । ਜੁਗ ਜੁਗ ਆਦਿ ਜੁਗਾਦਿ ਜਨ ਭਗਤਾਂ ਦੱਸੇ ਰਾਹ ਸੁਖਾਲਾ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਨਾਮ ਪਹਿਨਾਏ ਤਨ ਸਾਚੀ ਮਾਲਾ, ਅਠ ਅਠੋਤਰ ਪਾਰ ਕਰਾਈਆ । ਅਜੱਪਾ ਜਾਪ ਰਸਨ ਸੁਖਾਲਾ, ਸੋਹੰ ਰਸਨਾ ਗਾਈਆ । ਕਲਜੁਗ ਆਇਆ ਤੋੜਨ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਲਹਿਣਾ ਦੇਣਾ ਮੂਲ ਚੁਕਾਈਆ । ਹਰਿਜਨ ਲਹਿਣਾ ਹਰਿ ਦਰ ਲੈਣਾ, ਹਰਿ ਸਾਚਾ ਆਪ ਚੁਕਾਇੰਦਾ । ਤਨ ਪਹਿਨਾਏ ਬਸਤਰ ਗਹਿਣਾ, ਏਕਾ ਕੱਪੜ ਵੇਖ ਵਖਾਇੰਦਾ । ਹਰਿ ਹਰਿ ਭਾਣਾ ਲੱਖ ਚੁਰਾਸੀ ਸਿਰ ਤੇ ਸਹਿਣਾ ਪੈਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਘਰ ਘਰ ਮੰਦਰ ਮਸਜਿਦ ਗੁਰਦਰ ਬਹਿ ਬਹਿ ਸਭ ਨੇ ਕਹਿਣਾ, ਪਾਰਬ੍ਰਹਮ ਦਿਸ ਨਾ ਆਇੰਦਾ । ਗੁਰਮੁਖ ਵਿਰਲਾ ਨੇਤਰ ਲੋਇਣ ਨੈਣ ਦਰਸ਼ਨ ਪੇਖੇ ਨੈਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਨਮੁਖਾਂ ਖਾਏ ਲਾੜੀ ਮੌਤ ਡੈਣਾ, ਧਰਮ ਰਾਏ ਹੁਕਮ ਚਲਾਇੰਦਾ । ਗੁਰਸਿਖ ਗੁਰਮੁਖ ਧਾਮ ਅਵੱਲੇ ਏਕਾ ਬਹਿਣਾ, ਹਰਿ ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਨਿਰੰਕਾਰ, ਗੋਬਿੰਦ ਸੇਵਾ ਲਾਈਆ । ਸ਼ਬਦ ਖੰਡਾ ਤੇਜ਼ ਕਟਾਰ, ਏਕਾ ਹੱਥ ਫੜਾਈਆ । ਲੋਆਂ ਪੁਰੀਆਂ ਮਾਰੇ ਮਾਰ, ਨਾ ਸਕੇ ਕੋਈ ਬਚਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਰੋਵਣ ਜ਼ਾਰੋ ਜ਼ਾਰ, ਨਾ ਦਿਸੇ ਕੋਈ ਸਹਾਈਆ । ਨੌਂ ਖੰਡ ਹਾਹਾਕਾਰ, ਸੱਤ ਦੀਪ ਰਹੇ ਕੁਰਲਾਈਆ । ਤ੍ਰੈਗੁਣ ਮਾਇਆ ਕਰ ਸ਼ੰਗਾਰ, ਬੈਠੀ ਕਜਲਾ ਪਾਈਆ । ਪੰਜ ਤਤ ਕਰੇ ਪਿਆਰ, ਜੂਠ ਝੂਠ ਕੁੜਮਾਈਆ । ਮਾਇਆ ਮਮਤਾ ਕਰ ਪਿਆਰ, ਹਉਮੇ ਰੋਗ ਗੋਦ ਉਠਾਈਆ । ਕਲਜੁਗ ਕੂੜੇ ਮਾਰੇ ਮਾਰ, ਚਾਰੋਂ ਕੁੰਟ ਡੰਕ ਵਜਾਈਆ । ਸਾਧ ਸੰਤ ਹੋਏ ਵਿਭਚਾਰ, ਹਰਿ ਹਰਿ ਦਰਸ ਕੋਈ ਨਾ ਪਾਈਆ । ਤੀਰਥ ਤੱਟਾਂ ਕਰ ਵਿਚਾਰ, ਸਾਚਾ ਹੱਟ ਨਾ ਕੋਈ ਜਣਾਈਆ । ਹਰਿ ਕਾ ਸ਼ਬਦ ਨਾ ਕਰੇ ਕੋਈ ਵਿਚਾਰ, ਘਰ ਘਰ ਬੈਠੇ ਕਰਨ ਪੜ੍ਹਾਈਆ । ਗ੍ਰੰਥੀ ਪੰਥੀ ਗਏ ਹਾਰ, ਨਾਨਕ ਗੋਬਿੰਦ ਦਰਸ ਨਾ ਪਾਈਆ । ਇਕ ਅਕੱਲਾ ਏਕੰਕਾਰ, ਅੱਠੇ ਪਹਿਰ ਜੋਤੀ ਜੋਤ ਡਗਮਗਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਮੜ੍ਹੀ ਗੋਰ ਨਾ ਕੋਈ ਦਬਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਰ ਦਰਬਾਰੇ ਰਿਹਾ ਵਜਾਈਆ । ਸੁਣੇ ਸੁਣਾਏ ਸੁਨਣੇਹਾਰ, ਸਮਰਥ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਥਨੀ ਅਕਥ ਕਥਾ ਆਪਣੀ ਆਪ ਕਰੇ ਜਣਾਈਆ । ਕਥਨੀ ਅਕਥ ਕਥਾ ਹਰਿ ਜਣਾਏ, ਭੇਵ ਕੋਈ ਨਾ ਪਾਈਆ । ਸਰਬ ਕਲਾ ਸਮਰਥ ਆਪ ਅਖਵਾਏ, ਦੇਵੀ ਦੇਵ ਨਾ ਕੋਈ ਮਨਾਈਆ । ਸ੍ਰਿਸ਼ਟ ਸਬਾਈ ਮਥ ਵਖਾਏ, ਆਪਣੀ ਕਲ ਵਰਤਾਈਆ । ਸੀਆਂ ਸਾਢੇ ਤਿੰਨ ਹੱਥ ਵਕਤ ਚੁਕਾਏ, ਰਵਦਾਸੇ ਵੰਡ ਵੰਡਾਈਆ । ਲੱਖ ਚੁਰਾਸੀ ਭੱਠ ਕਰਾਏ, ਗੁਰਮੁਖ ਸਾਚੇ ਲਏ ਤਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਨਿਹਕਲੰਕਾ ਲੈ ਅਵਤਾਰ, ਸ਼ਬਦੀ ਡੰਕ ਵਜਾਈਆ । ਸ਼ਬਦ ਡੰਕ ਅਪਰ ਅਪਾਰ, ਜੀਵਾਂ ਜੰਤਾਂ ਰਿਹਾ ਜਗਾਈਆ । ਸਾਧਾਂ ਸੰਤਾਂ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਈਆ । ਤੀਰਥ ਤੱਟਾਂ ਪਾਵੇ ਸਾਰ, ਸਰ ਸਰੋਵਰ ਵੇਖ ਵਖਾਈਆ । ਮਨਮੁਖ ਜੀਵਾਂ ਵੇਖੇ ਨੌਂ ਦਵਾਰ, ਗੁਰਮੁਖਾਂ ਆਤਮ ਬੂਝ ਬੁਝਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹੀਆ । ਮੇਟ ਮਿਟਾਏ ਪੰਚਮ ਧਾੜ, ਆਪਣੀ ਹੱਥੀਂ ਜੋਤ ਜਗਾਈਆ । ਜੋਤ ਜਗਾਏ ਨਾੜ ਨਾੜ, ਅਗਿਆਨ ਅੰਧੇਰ ਮਿਟਾਈਆ । ਦਰ ਘਰ ਸਾਚੇ ਦੇਵੇ ਵਾੜ, ਗੁਰ ਪੂਰੇ ਹੱਥ ਵਡਿਆਈਆ । ਦਸਮ ਦਵਾਰੀ ਮਹੱਲ ਅਟੱਲ ਉਚ ਮੁਨਾਰ, ਜੋਤੀ ਜੋਤ ਡਗਮਗਾਈਆ । ਪੰਚਮ ਗਾਇਣ ਵਾਰੋ ਵਾਰ, ਸਾਚੀ ਸਖੀਆਂ ਏਕਾ ਮੰਗਲ ਸੁਣਾਈਆ । ਸਾਚੀ ਸੇਜਾ ਕਰ ਪਿਆਰ, ਹਰਿ ਬੈਠਾ ਬੇਪਰਵਾਹੀਆ । ਗੁਰਮੁਖ ਸਾਜਨ ਲਏ ਉਭਾਰ, ਘਰ ਸਾਚੇ ਮੇਲ ਮਿਲਾਈਆ । ਵਿਛੜ ਨਾ ਜਾਏ ਸੰਸਾਰ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਮੇਲਾ ਸਚ ਘਰ, ਮਨਮੁਖਾਂ ਦਏ ਸਜ਼ਾਈਆ । ਗੁਰਮੁਖ ਸਤਿਗੁਰ ਪਾਇਆ, ਆਤਮ ਵੱਜੀ ਵਧਾਈਆ । ਮਾਨਸ ਮਾਨੁਖ ਲੇਖੇ ਲਾਇਆ, ਸੁਰਤੀ ਸੁਰਤ ਪਰਨਾਈਆ । ਭਰਮ ਭੁਲੇਖਾ ਦੂਰ ਕਰਾਇਆ, ਜੋ ਜਨ ਆਏ ਸਰਨਾਈਆ । ਮਨਮੁਖ ਵੇਖਾ ਵੇਖੀ ਵਕ਼ਤ ਲੰਘਾਇਆ, ਵੇਲਾ ਗਿਆ ਹੱਥ ਨਾ ਆਈਆ । ਔਲੀਆ ਪੀਰ ਸ਼ੇਖ਼ ਕੁਤਬ ਗੌਂਸ ਰਿਹਾ ਕੁਰਲਾਇਆ, ਪੀਰ ਦਸਤਗੀਰ ਪਈ ਲੜਾਈਆ । ਪੰਡਤ ਪਾਂਧੇ ਗ੍ਰੰਥੀ ਪੰਥੀ ਮਸਤਕ ਮੇਖ ਨਾ ਕੋਈ ਲਗਾਇਆ, ਆਤਮ ਬ੍ਰਹਮ ਨਾ ਕੋਈ ਜਣਾਈਆ । ਗੁਰ ਦਸਮੇਸੇ ਜੋਤ ਜਗਾਇਆ, ਲੋਕਮਾਤ ਹੋਏ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਸਰਨਾਇਆ, ਜੁਗ ਜੁਗ ਖੇਲ ਰਚਾਈਆ । ਨਿਰਗੁਣ ਜੋਤ ਕਰੀ ਕੁੜਮਾਇਆ, ਵਾਹ ਵਾਹ ਸਾਚਾ ਸਗਨ ਮਨਾਈਆ । ਸੰਬਲ ਨਗਰੀ ਰੁੱਤ ਸੁਹਾਇਆ, ਸਚ ਸਿੰਘਾਸਣ ਆਸਣ ਡਾਹੀਆ । ਉਤੇ ਬੈਠਾ ਬੇਪਰਵਾਹਿਆ, ਦਿਸ ਕਿਸੇ ਨਾ ਆਈਆ । ਗੁਰ ਅਰਜਨ ਦਏ ਗਵਾਹਿਆ, ਹਰਿ ਪੂਰਾ ਹਰਿ ਹਰਿਜਨ ਹਰਿ ਮੰਦਰ ਏਕਾ ਏਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਜਗਾਈਆ । ਗੁਰਮੁਖ ਸਾਚੇ ਉਠ ਉਠ ਜਾਗ, ਹਰਿ ਸਾਚੇ ਜੋਤ ਜਗਾਈਆ । ਸੰਬਲ ਨਗਰੀ ਲੱਗਾ ਭਾਗ, ਗੁਰ ਗੋਬਿੰਦ ਮੇਲ ਮਿਲਾਈਆ । ਆਪਣੀ ਹੱਥੀਂ ਪਕੜੇ ਵਾਗ, ਗੁਰ ਚੇਲਾ ਰੂਪ ਦਰਸਾਈਆ । ਸਾਚੇ ਚੇਲਾ ਨਾਰੀ ਕੰਤ ਸੁਹਾਗ, ਆਤਮ ਸੇਜਾ ਇਕ ਵਿਛਾਈਆ । ਸੋ ਪੁਰਖ ਨਿਰੰਜਣ ਦਏ ਵੈਰਾਗ, ਹੰਗਤਾ ਹੰ ਮੇਟ ਮਿਟਾਈਆ । ਪੰਜ ਤਤ ਵਿਕਾਰਾ ਬੁਝੇ ਆਗ, ਜੋ ਰਸਨਾ ਹਰਿ ਹਰਿ ਗਾਈਆ । ਫੜ ਫੜ ਹੰਸ ਬਣਾਏ ਕਾਗ, ਕਾਗੋਂ ਹੰਸ ਬਣਾਈਆ । ਦੀਪਕ ਜੋਤੀ ਜਗੇ ਚਿਰਾਗ਼, ਅੰਧ ਅੰਧੇਰ ਮਿਟਾਈਆ । ਆਪ ਜਣਾਏ ਆਪਣਾ ਭਵਿਖਤ ਵਾਕ, ਵੇਦ ਕਤੇਬ ਨਾ ਕੋਈ ਜਣਾਈਆ । ਸ਼ਬਦ ਘੋੜੇ ਚੜ੍ਹਿਆ ਸਾਚੇ ਰਾਕ, ਸ਼ਾਹ ਅਸਵਾਰ ਨਾਉਂ ਧਰਾਈਆ । ਵੇਖ ਵਖਾਏ ਖ਼ਾਕੀ ਖ਼ਾਕ, ਚੌਦਾਂ ਲੋਕਾਂ ਫੇਰਾ ਪਾਈਆ । ਚੌਦਾਂ ਤਬਕਾਂ ਪਾਕੀ ਪਾਕ, ਨਬੀ ਰਸੂਲਾਂ ਦਏ ਉਠਾਈਆ । ਦਰ ਦਵਾਰੇ ਬੈਠਾ ਰਿਹਾ ਝਾਕ, ਦਿਸ ਕਿਸੇ ਨਾ ਆਈਆ । ਲੋਕਮਾਤ ਕਲਜੁਗ ਅੰਤਮ ਖੋਲ੍ਹਿਆ ਆਪਣਾ ਤਾਕ, ਆਪਣੇ ਘਰ ਕਰੇ ਰੁਸ਼ਨਾਈਆ । ਤ੍ਰੈਗੁਣ ਤੇਰਾ ਚੁੱਕੇ ਬਾਕੀ ਬਾਕ,

ਪਿਛਲਾ ਮੂਲ ਚੁਕਾਈਆ । ਕਲਜੁਗ ਤੇਰਾ ਨਾਤਾ ਤੋੜੇ ਜੂਠਾ ਝੂਠਾ ਸਾਕ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖੇ ਅੰਤਮ ਰਾਹ, ਕਵਣ ਦਵਾਰੇ ਹਰਿ ਬੇਪਰਵਾਹ ਬੈਠਾ ਆਸਣ ਲਾਈਆ । ਕਵਣ ਦਵਾਰੇ ਹਰਿ ਹਰਿ ਬੈਠ, ਆਪਣਾ ਰੰਗ ਰੰਗਾਇਆ । ਵੇਖ ਵਖਾਣੇ ਰਾਜ ਰਾਜਾਨ ਸ਼ਾਹ ਸੇਠ, ਲੇਖਾ ਕੋਇ ਰਹਿਣ ਨਾ ਪਾਇਆ । ਅੰਤਮ ਭੰਨੇ ਕੌੜੇ ਰੇਠ, ਸ਼ਬਦ ਹਥੌੜਾ ਏਕਾ ਲਾਇਆ । ਜਨ ਭਗਤਾਂ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇਆ । ਮਨਮੁਖ ਜੀਵਾਂ ਵੇਖੇ ਕਾਇਆ ਖੇਤ, ਅੰਮ੍ਰਿਤ ਫਲ ਨਾ ਕੋਈ ਖਵਾਇਆ । ਘਰ ਘਰ ਰੋਣਾ ਪਏ ਪੰਚਮ ਜੇਠ, ਲਿਖਿਆ ਲੇਖ ਨਾ ਕੋਈ ਮਿਟਾਇਆ । ਉਠ ਉਠ ਵੇਖਣ ਧਾਰੀ ਕੇਸ, ਗੁਰ ਗੋਬਿੰਦਾ ਕਵਣ ਕੂਟੇ ਬੈਠਾ ਡੇਰਾ ਲਾਇਆ । ਜੋਧਾ ਸੂਰਬੀਰ ਬੀਰਾ ਗੁਰ ਦਸਮੇਸਾ, ਨੀਲਾ ਨੀਲੀ ਧਾਰੋਂ ਪਾਰ ਲਏ ਕਰਾਇਆ । ਬਸਤਰ ਸ਼ਸਤਰ ਕਰਿਆ ਵੇਸ, ਆਪ ਆਪਣਾ ਰੂਪ ਵਟਾਇਆ । ਕਲਜੁਗ ਮਾਇਆ ਤੇਰੀ ਕੋਈ ਨਾ ਚਲੇ ਪੇਸ਼, ਸ਼ਬਦ ਖੰਡਾ ਹੱਥ ਉਠਾਇਆ । ਤਖ਼ਤ ਤਾਜ ਨਾ ਬੈਠੇ ਕੋਈ ਨਰੇਸ਼, ਸੀਸ ਮੁਕਟ ਨਾ ਕੋਈ ਸੁਹਾਇਆ । ਆਪਣੇ ਨੇਤਰ ਆਪਣੀ ਅੱਖੀਂ ਲੈਣਾ ਵੇਖ, ਪ੍ਰਭ ਸਾਚਾ ਦਏ ਵਖਾਇਆ । ਭੇਖ ਪਖੰਡਾ ਮਿਟੇ ਭੇਖ, ਭੇਖਾਧਾਰੀ ਕੋਈ ਦਿਸ ਨਾ ਆਇਆ । ਪੁਰਖ ਅਕਾਲ ਤੇਰੀ ਏਕਾ ਰੇਖ, ਲੱਖ ਚੁਰਾਸੀ ਦਏ ਪੜ੍ਹਾਇਆ । ਗੁਰਮੁਖਾਂ ਮਸਤਕ ਲਾਏ ਮੇਖ, ਜੋਤ ਲਲਾਟ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਬਸਤਰ ਗਹਿਣਾ ਤੇਰੀ ਝੋਲੀ ਪਾਇਆ । ਕਲਜੁਗ ਤੇਰਾ ਲਹਿਣ ਚੁਕੌਣਾ, ਹਰਿ ਸਾਚੇ ਹੱਥ ਵਡਿਆਈਆ । ਸਤਿਜੁਗ ਸੋਇਆ ਪੁੱਤ ਉਠੌਣਾ, ਦੇ ਮਤ ਰਿਹਾ ਸਮਝਾਈਆ । ਕਲਜੁਗ ਤੇਰਾ ਰੰਗ ਮਿਟੌਣਾ, ਕਾਲੀ ਰੇਖ ਰਹਿਣ ਨਾ ਪਾਈਆ । ਸਤਿਜੁਗ ਤੇਰਾ ਸਾਚਾ ਚੰਦ ਚੜ੍ਹੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਦੋਹਾਂ ਵਿਚੋਲਾ ਸ਼ਬਦ ਬਣੌਣਾ, ਹਰਿ ਸ਼ਬਦੀ ਦਏ ਗਵਾਹੀਆ । ਕਲਜੁਗ ਤੇਰਾ ਭੇਖ ਪਖੰਡਾ, ਚਾਰੋਂ ਕੁੰਟ ਪਸਾਰਿਆ । ਸਾਧ ਸੰਤ ਆਤਮ ਰੰਡਾ, ਤੀਰਥ ਤਟ ਫਿਰੇ ਹੰਕਾਰਿਆ । ਗਿਆਨੀ ਧਿਆਨੀ ਹੋਏ ਘਮੰਡਾ, ਜਗੀ ਜੋਤ ਨਾ ਆਤਮ ਅਪਾਰਿਆ । ਨਜ਼ਰ ਨਾ ਆਇਆ ਪਾਰ ਕੰਢਾ, ਡੁੱਬੇ ਵਿਚ ਮੰਝਧਾਰਿਆ । ਚੌਥੇ ਪਦ ਨਾ ਮਿਲਿਆ ਡੰਡਾ, ਨਾ ਚੜ੍ਹੇ ਸਿਖਰ ਮੁਨਾਰਿਆ । ਪਾਰਬ੍ਰਹਮ ਪ੍ਰਭ ਲੈ ਕੇ ਖੰਡਾ, ਲੋਕਮਾਤ ਲਏ ਅਵਤਾਰਿਆ । ਲੱਖ ਚੁਰਾਸੀ ਵੱਢੇ ਕੰਢਾਂ, ਜੋ ਅੜਿਆ ਸੋ ਕਰਿਆ ਪਾਰ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਸ ਤੇਰੇ ਦਰ ਸੁਹਾ ਰਿਹਾ । ਸਤਿਜੁਗ ਸਾਚੇ ਉਠ ਬਲ ਧਾਰ, ਹਰਿ ਸਾਚਾ ਆਪ ਜਗਾਇੰਦਾ । ਧਰਤ ਮਾਤ ਦੀ ਸੁਣੀ ਪੁਕਾਰ, ਤੇਰਾ ਰਾਹ ਵਖਾਇੰਦਾ । ਭਗਤਾਂ ਮੇਲਾ ਵਿਚ ਸੰਸਾਰ, ਸਾਚਾ ਸੰਗ ਨਿਭਾਇੰਦਾ । ਇਕ ਅਕੇਲਾ ਪਾਵੇ ਸਾਰ, ਨਾਮ ਮਰਦੰਗ ਵਜਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਗੋਬਿੰਦ ਲੇਖ ਲਿਖਾਇੰਦਾ । ਸਦਾ ਸੁਹੇਲਾ ਹਰਿ ਨਿਰੰਕਾਰ, ਵਿਛੜ ਕਦੇ ਨਾ ਜਾਇੰਦਾ । ਸਾਚਾ ਮੇਲਾ ਅਪਰ ਅਪਾਰ, ਜੋਤੀ ਸ਼ਬਦੀ ਆਪ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰਾ ਦਰ, ਸਤਿਜੁਗ ਉਠਾਏ ਸਾਚੇ ਘਰ, ਦਰ ਸਾਚਾ ਆਪ ਸੁਹਾਇੰਦਾ । ਸਤਿਜੁਗ ਸਾਚੇ ਲੈ ਅੰਗੜਾਈ, ਦੋਏ ਜੋੜ ਕਰੇ ਨਿਮਸਕਾਰਾ । ਪਾਰਬ੍ਰਹਮ ਤੇਰੇ ਘਰ ਵੱਜਦੀ ਰਹੇ ਵਧਾਈ, ਤੇਰਾ ਅੰਤ ਨਾ ਪਾਰਾਵਾਰਾ । ਜਨ ਭਗਤਾਂ ਸੰਗ ਕਰੇ ਕੁੜਮਾਈ, ਏਕਾ ਸੋਹੇ ਬੰਕ ਦਵਾਰਾ । ਏਕਾ ਘਰ ਵਸੇ ਧੀ

ਜਵਾਈ, ਸੁਰਤੀ ਸ਼ਬਦੀ ਕਰ ਪਿਆਰਾ । ਕਲਜੁਗ ਅੰਤਮ ਨੇਤਰ ਰੋ, ਆਪਣਾ ਨੀਰ ਵਹਾਇਆ । ਦੁਰਮਤ ਮੈਲ ਕੋਈ ਨਾ ਸਕੇ ਧੋ, ਚਾਰੋਂ ਕੁੰਟ ਉਠ ਉਠ ਧਾਇਆ । ਚਾਰ ਯਾਰੀ ਸੰਗ ਮੁਹੰਮਦ ਅੱਗੇ ਹੋ, ਆਪਣਾ ਦੁਖੜਾ ਰਿਹਾ ਸੁਣਾਇਆ । ਅੰਜੀਲ ਕੁਰਾਨਾ ਤੁਟਾ ਮੋਹ, ਅੱਲਾ ਰਾਣੀ ਨੈਣ ਸ਼ਰਮਾਇਆ । ਜੂਠਾ ਝੂਠਾ ਕਰਿਆ ਧਰੋ, ਤੇਰਾ ਸੰਗ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਮੂਲ ਤੇਰੀ ਝੋਲੀ ਪਾਇਆ । ਸਤਿਜੁਗ ਸਾਚਾ ਕਰ ਸ਼ੰਗਾਰ, ਆਪਣਾ ਘਰ ਸੁਹਾਇੰਦਾ । ਬਸਤਰ ਪਾਏ ਅਪਰ ਅਪਾਰ, ਸਚ ਸੁੱਚ ਨਾਉਂ ਧਰਾਇੰਦਾ । ਸਤਿ ਸੰਤੋਖ ਕਰ ਪਿਆਰ, ਧੀਰਜ ਯਤ ਸਮਾਇੰਦਾ । ਅੰਤਮ ਮੋਖ ਇਕ ਕਰਤਾਰ, ਤੇਰਾ ਨਾਮ ਜਪਾਇੰਦਾ । ਹਰਖ਼ ਸੋਗ ਤੋਂ ਵਸਿਆ ਬਾਹਰ, ਸੋ ਪੁਰਖ ਮਨਾਇੰਦਾ । ਸੋ ਪੁਰਖ ਗੁਪਤ ਜ਼ਾਹਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਦਰ ਸਾਚਾ ਇਕ ਵਖਾਇੰਦਾ । ਕਲਜੁਗ ਤੇਰੀ ਕੂੜੀ ਰਾਸ, ਹਰਿ ਸਾਚਾ ਮੇਟ ਮਿਟਾਇੰਦਾ । ਸਚ ਵਸਤ ਨਾ ਤੇਰੇ ਪਾਸ, ਨਾ ਕੋਈ ਤੱਕੜ ਤੋਲ ਤੁਲਾਇੰਦਾ । ਤੇਰਾ ਸੰਗ ਤੇਰੇ ਸੰਗ ਹੋਣਾ ਨਾਸ, ਨਾ ਕੋਈ ਧੀਰ ਧਰਾਇੰਦਾ । ਕੂੜ ਕੁੜਿਆਰਾ ਬਣ ਮਲੰਗ, ਚਾਰੋਂ ਕੁੰਟ ਨਚਾਇੰਦਾ । ਮਾਇਆ ਮਮਤਾ ਮਦਿ ਪੀਤੀ ਭੰਗ, ਅੰਮ੍ਰਿਤ ਰਸ ਨਾ ਕੋਈ ਚਖਾਇੰਦਾ । ਝੂਠਾ ਨੁਹਾਵਣ ਨੁਹਾਇਆ ਗੋਦਾਵਰੀ ਗੰਗ, ਸਰ ਸਰੋਵਰ ਨਾ ਕੋਈ ਵਖਾਇੰਦਾ । ਗੁਰਦਰ ਮੰਦਰ ਮਸਜਿਦ ਵਜਾਏ ਝੂਠੇ ਮਰਦੰਗ, ਅਨਹਦ ਤਾਲ ਨਾ ਕੋਈ ਵਜਾਇੰਦਾ । ਤਤ ਰੱਤ ਕਪੜੇ ਰੰਗੇ ਆਪਣੇ ਰੰਗ, ਰੰਗ ਮਜੀਠੀ ਨਾ ਕੋਇ ਚੜ੍ਹਾਇੰਦਾ । ਮਾਇਆ ਮਮਤਾ ਪੁੱਤਰ ਧੀਆਂ ਮੰਗੀ ਮੰਗ, ਹਰਿ ਕਾ ਨਾਮ ਕੋਈ ਨਾ ਝੋਲੀ ਪਾਇੰਦਾ । ਸਦਾ ਸੁਹਾਗੀ ਮੰਗੀ ਸਚ ਮੰਗ, ਕਾਮਨੀ ਨਾਰ ਇਕ ਹੰਢਾਇੰਦਾ । ਆਤਮ ਸੇਜ ਨਾ ਚੜ੍ਹਿਆ ਸਚ ਪਲੰਘ, ਸਾਚਾ ਸੱਜਣ ਨਾ ਕੋਈ ਵਖਾਇੰਦਾ । ਆਪਣਾ ਅੰਦਰ ਨਾ ਆਪੇ ਵੇਖਿਆ ਲੰਘ, ਕੋਟਨ ਕੋਟ ਗੁਰਦਵਾਰੇ ਚਾਰ ਦਵਾਰੀ ਵੇਖ ਵਖਾਇੰਦਾ । ਸ਼ਬਦ ਘੋੜੇ ਨਾ ਕਸਿਆ ਤੰਗ, ਸ਼ਾਹ ਅਸਵਾਰ ਨਾਉਂ ਧਰਾਇੰਦਾ । ਇਕ ਅਕੱਲਾ ਨਾ ਲਾਇਆ ਆਪਣੇ ਅੰਗ, ਲੱਖ ਚੁਰਾਸੀ ਵੇਸ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਤੋੜੇ ਗੜ੍ਹ, ਪੁਰਖ ਅਬਿਨਾਸ਼ੀ ਉਪਰ ਚੜ੍ਹ, ਸੋਹੰ ਖੰਡਾ ਹੱਥ ਫੜ, ਨਾ ਕੋਈ ਮੇਟ ਮਿਟਾਇੰਦਾ । ਸੋਹੰ ਖੰਡਾ ਹੱਥ ਪ੍ਰਭ ਫੜਿਆ, ਤਿੱਖੀ ਧਾਰ ਰਖਾਈਆ । ਲੋਆਂ ਪੁਰੀਆਂ ਆਪੇ ਚੜ੍ਹਿਆ, ਬ੍ਰਹਿਮੰਡ ਖੰਡ ਵੇਖ ਵਖਾਈਆ । ਜੇਰਜ ਅੰਡ ਅੰਦਰ ਵੜਿਆ, ਉਤਭੁਜ ਸੇਤਜ ਵਿਚ ਸਮਾਈਆ । ਖੰਡ ਖੰਡ ਪ੍ਰਭ ਆਪੇ ਕਰਿਆ, ਖੰਡਣਹਾਰ ਆਪ ਹੋ ਜਾਈਆ । ਸ੍ਰਿਸ਼ਟ ਸਬਾਈ ਰੰਡ ਕਰਿਆ, ਕੰਤ ਸੁਹਾਗੀ ਨਾ ਕੋਈ ਹੰਢਾਈਆ । ਗੁਰਮੁਖ ਸਾਜਨ ਆਪੇ ਫੜਿਆ, ਆਪ ਆਪਣਾ ਮੇਲ ਮਿਲਾਈਆ । ਵੱਖ ਕਰਾਏ ਸੀਸ ਧੜਿਆ, ਪੰਜ ਤਤ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਘਰ ਵੇਖੇ ਥਾਉਂ ਥਾਈਆ । ਸਤਿਜੁਗ ਸਾਚਾ ਸੁਤ ਦੁਲਾਰਾ, ਹਰਿ ਸਾਚੇ ਆਪ ਉਠਾਇਆ । ਏਕਾ ਦਿਸੇ ਰਾਹ ਨਿਆਰਾ, ਏਕਾ ਮੰਤਰ ਨਾਮ ਦ੍ਰਿੜਾਇਆ । ਚਾਰ ਵਰਨਾਂ ਕਰ ਇਕ ਪਿਆਰਾ, ਊਚਾਂ ਨੀਚਾਂ ਭੇਵ ਨਾ ਰਾਇਆ । ਇਕ ਸੁਹੌਣਾ ਬੰਕ ਦਵਾਰਾ, ਏਕਾ ਦਰ ਸੁਹਾਇਆ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕਰੇ ਕੋਈ ਵਿਚਾਰਾ, ਏਕਾ ਮਾਣ ਜਣਾਇਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਲਾਇਆ । ਏਕਾ ਬਸਤਰ ਕਰ ਪਿਆਰਾ,

ਏਕਾ ਤਨ ਸਜਾਇਆ । ਏਕਾ ਕੱਜਲ ਪਾਏ ਧਾਰਾ, ਨੇਤਰ ਨੈਣਾਂ ਨੂਰ ਸਵਾਇਆ । ਏਕਾ ਕਰੇ ਸਚ ਸ਼ੰਗਾਰਾ, ਸੋਲਾਂ ਕਲੀਆਂ ਵੇਸ ਵਟਾਇਆ । ਏਕਾ ਘਰ ਏਕਾ ਵਰ ਮਿਲੇ ਕੰਤ ਭਤਾਰਾ, ਸਾਚੀ ਸਖੀਆਂ ਮੇਲ ਮਿਲਾਇਆ । ਛੁਟਿਆ ਜਗ ਵਿਛੜਿਆ ਸੰਸਾਰਾ, ਘਰ ਸਾਚਾ ਇਕ ਸੁਹਾਇਆ । ਸਤਿਜੁਗ ਸਾਚੇ ਤੇਰੀ ਪਾਵੇ ਸਾਰਾ, ਪੱਤਤ ਪਾਵਣ ਨਾਮ ਧਰਾਇਆ । ਲੋਕਮਾਤ ਕਰ ਉਜਿਆਰਾ, ਤੇਰਾ ਰੂਪ ਤੇਰੀ ਦ੍ਰਿਸ਼ਟ ਤੇਰਾ ਇਸ਼ਟ ਸ੍ਰਿਸ਼ਟ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਸ਼ਬਦ ਸੁਣਾਇਆ । ਸਤਿਜੁਗ ਸਾਚਾ ਸੁਣ ਸਲਾਹ, ਚਰਨ ਕਵਲ ਬਲਹਾਰਿਆ । ਪ੍ਰਭ ਅਬਿਨਾਸ਼ੀ ਬਣ ਮਲਾਹ, ਬੇੜਾ ਲੋਕਮਾਤ ਵਿਚ ਤਾਰਿਆ । ਇਕ ਜਪੌਣਾ ਆਪਣਾ ਨਾਂ, ਦੇਣਾ ਸਚ ਸਹਾਰਿਆ । ਵੇਲੇ ਅੰਤਮ ਪਕੜੇ ਬਾਂਹ, ਲਾਈਂ ਪਾਰ ਕਿਨਾਰਿਆ । ਤੂਹੀ ਪਿਤਾ ਤੂਹੀ ਮਾਂ, ਹਉਂ ਬਾਲਕ ਸੁਤ ਦੁਲਾਰਿਆ । ਤੇਰੀ ਮਾਣੀ ਠੰਡੀ ਛਾਂ, ਸਮਰਥ ਪੁਰਖ ਕਰਤਾਰਿਆ । ਬਿਨ ਤੇਰੇ ਚਰਨ ਨਾ ਦਿਸੇ ਕੋਈ ਥਾਂ, ਢਹਿ ਪਏ ਤੇਰੇ ਦਵਾਰਿਆ । ਦੀਨ ਦਿਆਲ ਸਦਾ ਕਿਰਪਾਲ ਕਦੀ ਕਰੀਂ ਨਾ ਨਾਹ, ਤੇਰਾ ਤੱਕਿਆ ਇਕ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਦੇਵੇ ਵਰ, ਆਪ ਆਪਣੀ ਕਿਰਪਾ ਧਾਰਿਆ । ਸਤਿਜੁਗ ਸਾਚੇ ਦੇਵੇ ਮਤ, ਪ੍ਰਭ ਸਾਚੇ ਹੱਥ ਵਡਿਆਈਆ । ਏਕਾ ਨਾਮ ਏਕਾ ਜਪ, ਏਕਾ ਪੂਜਾ ਪਾਠ ਸਖਾਈਆ । ਏਕਾ ਤੱਤਵ ਏਕਾ ਤੱਤ, ਏਕਾ ਅਗਨ ਸਮਾਈਆ । ਏਕਾ ਰੱਖਣਹਾਰਾ ਪੱਤ, ਪਤਿਪਰਮੇਸ਼ਵਰ ਨਾਉਂ ਧਰਾਈਆ । ਏਕਾ ਵਸੇ ਘਟ ਘਟ, ਬੈਠਾ ਆਸਣ ਲਾਈਆ । ਏਕਾ ਖੋਲ੍ਹੇ ਚੌਦਾਂ ਹੱਟ, ਚੌਦਾਂ ਲੋਕ ਖੁਲ੍ਹਾਈਆ । ਏਕਾ ਵਸਿਆ ਤੀਰਥ ਘਟ, ਏਕਾ ਘਾਟ ਨੁਹਾਈਆ । ਏਕਾ ਖੇਲੇ ਖੇਲ ਹਰਿ ਨਟੂਆ ਨਟ, ਸਵਾਂਗੀ ਸਵਾਂਗ ਵਰਤਾਈਆ । ਏਕਾ ਮੰਦਰ ਏਕਾ ਮੱਠ, ਏਕਾ ਮਸਜਿਦ ਰਿਹਾ ਉਪਾਈਆ । ਹਰਿ ਕਾ ਮੰਦਰ ਕਦੇ ਨਾ ਜਾਏ ਢੱਠ, ਇੱਟ ਗਾਰਾ ਨਾ ਕੋਈ ਲਗਾਈਆ । ਜੋਤੀ ਜੋਤ ਜਗੇ ਲਟ ਲਟ, ਤੇਲ ਬਾਤੀ ਨਾ ਕੋਈ ਰਖਾਈਆ । ਢੋਲਕ ਢੋਲ ਨਾ ਮਾਰੇ ਕੋਈ ਸੱਟ, ਅਨਹਦ ਵੱਜੇ ਵਾਹੋ ਦਾਹੀਆ । ਗੁਰਮੁਖ ਵਿਰਲੇ ਲਾਹਾ ਲੈਣ ਖੱਟ, ਸਤਿਜੁਗ ਤੇਰਾ ਸੰਗ ਨਿਭਾਈਆ । ਤੇਰਾ ਨਾਤਾ ਜੋੜੇ ਦੁਰਮਤ ਮੈਲ ਪਹਿਲੋਂ ਕੱਟ, ਸੋਹੰ ਸਾਚਾ ਜਾਪ ਜਪਾਈਆ । ਇਕ ਰਖਾਏ ਸਾਚਾ ਹੱਠ, ਮਦਿਰਾ ਮਾਸ ਰਸਨ ਤਜਾਈਆ । ਕੋਟਨ ਕੋਟ ਕੋਟ ਜਨਮ ਜਨਮ ਕਰੇ ਪੂਜਾ ਪਾਠ, ਹਰਿ ਹਰਿ ਕੋਇ ਨਾ ਮੇਲ ਮਿਲਾਈਆ । ਸਤਿਜੁਗ ਏਕਾ ਕੰਢਾ ਏਕਾ ਘਾਟ, ਏਕਾ ਰਿਹਾ ਚੜ੍ਹਾਈਆ । ਅੱਗੇ ਨੇੜੇ ਦਿਸੇ ਵਾਟ, ਹਰਿ ਦਿਵਸ ਰੈਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਜਨ ਭਗਤਾਂ ਬਜਰ ਕਪਾਟੀ ਜਾਏ ਪਾੜ, ਅੱਠੇ ਪਹਿਰ ਸਵੱਛ ਸਰੂਪ ਜੋਤੀ ਨੂਰ ਕਰੇ ਰੁਸ਼ਨਾਈਆ । ਕਲਜੁਗ ਅੰਤਮ ਕਾਲਾ ਕਾਲਾ ਸੂਸਾ, ਆਪਣੇ ਹੱਥ ਉਠਾਇੰਦਾ । ਦਰ ਘਰ ਵੇਖੇ ਈਸਾ ਮੂਸਾ, ਕਾਲੀ ਕਫਨੀ ਨਾ ਕੋਈ ਸਿਰ ਟਿਕਾਇੰਦਾ । ਚੌਦਾਂ ਤਬਕਾਂ ਫਿਰਿਆ ਰੁੱਸਾ, ਸੰਗ ਮੁਹੰਮਦ ਚਾਰ ਯਾਰ ਨਾ ਕੋਈ ਮਨਾਇੰਦਾ । ਅੱਲਾ ਰਾਣੀ ਚੜ੍ਹਿਆ ਗੁੱਸਾ, ਮੁਖ ਘੁੰਘਟ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਭਾਰ ਤੇਰੇ ਸੀਸ ਆਪ ਚੁਕਾਇੰਦਾ । ਕਲਜੁਗ ਭਾਰ ਲੈਣਾ ਚੁੱਕ, ਅੰਤਮ ਵਾਰ ਆਈਆ । ਚਾਰੋਂ ਕੁੰਟ ਪਿਆ ਮੁਖ ਥੁੱਕ, ਨਾ ਦੀਸੇ ਕੋਈ ਸਹਾਈਆ । ਸ੍ਰਿਸ਼ਟ ਸਬਾਈ ਬੂਟਾ ਰਿਹਾ ਸੁੱਕ, ਨਾ ਹਰਿਆ ਕੋਈ ਕਰਾਈਆ ।

ਕਾਮ ਕਰੋਧ ਰਿਹਾ ਬੁੱਕ, ਘਰ ਘਰ ਪਈ ਲੜਾਈਆ । ਗੁਰਮੁਖ ਕੋਈ ਘਰ ਸਾਚੇ ਨਾ ਝੁਕ, ਜਗਤ ਵਿਦਿਆ ਕਰੇ ਪੜ੍ਹਾਈਆ । ਸਾਧ ਸੰਤ ਜੂਠੇ ਝੂਠੇ ਬੈਠੇ ਲੁਕ, ਮਾਇਆ ਪੜਦਾ ਉਪਰ ਪਾਈਆ । ਹਰਿ ਕਾ ਭਾਣਾ ਕਦੇ ਨਾ ਜਾਏ ਰੁਕ, ਨਾਨਕ ਗੋਬਿੰਦ ਲੇਖ ਲਿਖਾਈਆ । ਪ੍ਰਭ ਵੇਖਣਹਾਰਾ ਮਾਤ ਗਰਭ ਅੰਦਰ ਕੁੱਖ, ਨਾ ਕੋਈ ਸਕੇ ਭੇਵ ਛੁਪਾਈਆ । ਨਿੰਦਕਾਂ ਅੰਤ ਕਰੇ ਕਾਲੇ ਮੁੱਖ, ਮੁਖ ਕਾਲੀ ਸ਼ਾਹੀ ਲਾਈਆ । ਗੁਰਮੁਖ ਗੁਰਸਿਖ ਜਨਮ ਜਨਮ ਸੁਖਣਾ ਰਹੇ ਸੁਖ, ਮਿਲੇ ਦਾਤਾ ਬੇਪਰਵਾਹੀਆ । ਬੂਟਾ ਹਰਿਆ ਕਰੇ ਉਲਟਾ ਰੁਖ, ਲੇਖਾ ਲੇਖੇ ਲਏ ਲਾਈਆ । ਸਿੰਘ ਗੁਰਮੁਖ ਦਵਾਰੇ ਗਿਆ ਝੁਕ, ਹਰਿ ਸਚ ਸੱਚੀ ਸਰਨਾਈਆ । ਚਤੁਰਭੁਜ ਆਪਣੀ ਭੁਜਾਂ ਲਏ ਚੁੱਕ, ਲੋਆਂ ਪੁਰੀਆਂ ਪਾਰ ਕਰਾਈਆ । ਨਾ ਇਹ ਮਾਨਸ ਨਾ ਇਹ ਮਨੁਖ, ਨਾ ਕੋਈ ਮਾਤਾ ਪਿਤਾ ਜਨਮੇ ਕੁੱਖ, ਨਾ ਕੋਈ ਤ੍ਰਿਸਨਾ ਨਾ ਕੋਈ ਭੁੱਖ, ਨਾ ਕਿਸੇ ਮੰਦਰ ਗੁਰਦਵਾਰੇ ਬੈਠਾ ਲੁਕ, ਗੁਰਮੁਖ ਸਾਚੇ ਤੇਰੇ ਸਾਚੇ ਅੰਦਰ, ਆਪੇ ਤੋੜਿਆ ਆਪਣਾ ਜੰਦਰ, ਕਿਸੇ ਹੱਥ ਨਾ ਆਏ ਮੁਨੀ ਮਛੰਦਰ, ਦਰ ਸਾਚਾ ਇਕ ਸੁਹਾਇਆ । ਸਾਚਾ ਘਰ ਇਕ ਮਹੱਲਾ, ਸਤਿਜੁਗ ਰੰਗ ਰੰਗਾਇਆ । ਪਾਰਬ੍ਰਹਮ ਚੜ੍ਹਿਆ ਇਕ ਅਕੱਲਾ, ਏਕਾ ਆਸਣ ਲਾਇਆ । ਆਪੇ ਵਸਿਆ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਸਮੁੰਦ ਸਾਗਰ ਡੇਰਾ ਲਾਇਆ । ਜੋਤ ਜਗਾਏ ਘੜੀ ਘੜੀ ਪਲ ਪਲਾ, ਬ੍ਰਹਮਾ ਵਿਸ਼ਨ ਸ਼ਿਵ ਇੰਦ ਇੰਦਰਾਸਨ ਵੇਖ ਵਖਾਇਆ । ਕਲਜੁਗ ਅੰਤਮ ਤੇਰਾ ਵੇਖੇ ਖਾਲੀ ਪੱਲਾ, ਸਚ ਵਸਤ ਨਾ ਕੋਈ ਗੰਢ ਬੰਧਾਇਆ । ਪੰਜ ਤਤ ਵਿਕਾਰਾ ਕਰੇ ਹੱਲਾ, ਹਰਿ ਸਾਚਾ ਰਿਹਾ ਉਠਾਇਆ । ਨਾ ਕੋਈ ਤੀਰ ਕਮਾਨ ਨਾ ਸ਼ਸਤਰ ਫੜਿਆ ਭੱਲਾ, ਏਕਾ ਖੰਡਾ ਨਾਮ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਨਮੁਖ ਜੀਵਾਂ ਦਏ ਸਮਝਾਇਆ । ਮਨਮੁਖ ਜੀਵ ਜਨਮ ਅਮੋਲਾ, ਮਾਨਸ ਮਾਤ ਗਵਾਇਆ । ਗੁਰ ਨਾਨਕ ਬਣਿਆ ਸਾਚਾ ਤੋਲਾ, ਨਾਮ ਕੰਡਾ ਇਕ ਲਗਾਇਆ । ਸੋਹੰ ਰੱਖਿਆ ਸਾਚਾ ਬੋਲਾ, ਨਾਮ ਸਤਿ ਮੰਤਰ ਦ੍ਰਿੜਾਇਆ । ਮਨਮੁਖ ਜੀਵਾਂ ਕਾਇਆ ਮੰਦਰ ਹੋਇਆ ਪੋਲਾ, ਹਰਿ ਕਾ ਨਾਮ ਨਾ ਕਿਸੇ ਵਸਾਇਆ । ਕੂੜੀ ਕਿਰਿਆ ਖੇਲਿਆ ਹੋਲਾ, ਕਾਇਆ ਕਪਟੀ ਰੰਗ ਚੜ੍ਹਾਇਆ । ਅੰਤਮ ਲਾੜੀ ਮੌਤ ਚੁੱਕੇ ਡੋਲਾ, ਘਰ ਘਰ ਫੇਰੀ ਪਾਇਆ । ਪਾਰਬ੍ਰਹਮ ਪ੍ਰਭ ਬਦਲਿਆ ਚੋਲਾ, ਜੋਤੀ ਜਾਮਾ ਭੇਖ ਵਟਾਇਆ । ਪਰਗਟ ਹੋਏ ਸੰਮਤ ਸੋਲਾਂ, ਸ੍ਰਿਸ਼ਟ ਸਬਾਈ ਦਏ ਉਠਾਇਆ । ਆਪੇ ਹਟਾਏ ਆਪਣਾ ਪੜਦਾ ਓਹਲਾ, ਏਕਾ ਸ਼ਬਦੀ ਡੰਕ ਵਜਾਇਆ । ਮਨਮੁਖ ਜੀਵ ਘਰ ਘਰ ਪਾਵਣ ਰੌਲਾ, ਅੱਗੇ ਕੋਈ ਦਿਸ ਨਾ ਆਇਆ । ਹਰਿ ਕਾ ਸ਼ਬਦ ਝੂਠ ਨਾ ਹੋਏ ਰੱਤੀ ਚੌਲਾ, ਨਾ ਕੋਈ ਤੋਲਾ ਤੋਲ ਤੁਲਾਇਆ । ਰਾਏ ਧਰਮ ਚਿਤਰ ਗੁਪਤ ਹੋਇਆ ਗੋਲਾ, ਦਿਵਸ ਰੈਣ ਸੀਸ ਝੁਕਾਇਆ । ਜਨ ਭਗਤਾਂ ਅੰਦਰ ਜੋਤ ਸਰੂਪੀ ਆਪੇ ਮੌਲਾ, ਆਪ ਆਪਣੀ ਬੂਝ ਬੁਝਾਇਆ । ਅੰਮ੍ਰਿਤ ਭਰੇ ਨਾਭ ਕਵਲਾ, ਉਲਟਾ ਕਵਲਾ ਮੁਖ ਭਵਾਇਆ । ਦੇਵੇ ਵਡਿਆਈ ਉਪਰ ਧਵਲਾ, ਗੁਰਮੁਖ ਪਾਲ ਨਾਮ ਧਰਾਇਆ । ਪਰਗਟ ਹੋਇਆ ਸਾਵਲ ਸਵਲਾ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਤੇਰੇ ਦਰ ਤੇਰਾ ਪੂਰ ਕਰਾਇਆ । ਕਲਜੁਗ ਕੂੜਾ ਕਰ ਨਿਮਸਕਾਰ, ਢਹਿ ਪਏ ਸਰਨਾਈਆ । ਝੂਠੇ ਦਿਸੇ ਮੀਤ ਮੁਰਾਰ, ਨਾ ਸਕੇ ਕੋਈ ਬਚਾਈਆ । ਵੇਦ ਕਤੇਬ ਰਹੇ ਵਿਚਾਰ, ਮਸਤਕ ਤਿਲਕ ਲਗਾਈਆ । ਥੱਕੇ ਮਾਂਦੇ ਵਿਚ ਸੰਸਾਰ, ਅਗਲਾ ਪੰਧ ਨਾ ਕੋਈ ਮੁਕਾਈਆ ।

ਅੰਜੀਲ ਕੁਰਾਨਾ ਆਈ ਹਾਰ, ਸਚ ਮਸੱਲਾ ਨਾ ਕੋਈ ਵਿਛਾਈਆ । ਅੱਲਾ ਰਾਣੀ ਕਰੇ ਪੁਕਾਰ, ਨੇਤਰ ਰੋਵੇ ਨੀਰ ਵਹਾਈਆ । ਸੰਗ ਮੁਹੰਮਦ ਚਾਰ ਯਾਰ, ਚੌਦਾਂ ਤਬਕਾਂ ਕਰੇ ਦੁਹਾਈਆ । ਅਜਰਾਈਲ ਜਬਰਾਈਲ ਪਾਵੇ ਸਾਰ, ਮੇਕਾਈਲ ਅਸਰਾਫੀਲ ਵੇਖ ਵਖਾਈਆ । ਹੱਕ ਹਕੀਕਤ ਨਾ ਕੋਈ ਵਿਚਾਰ, ਸ਼ਰਅ ਸ਼ਰੀਅਤ ਨਾ ਕੋਈ ਸਮਝਾਈਆ । ਮੁਕਾਮੇ ਹੱਕ ਜਗਤ ਦਲੀਲ ਨਾ ਬੁੱਝੇ ਗਵਾਰ, ਐਨਲਹਕ ਨਾਅਰਾ ਕੋਈ ਨਾ ਲਾਈਆ । ਸਦੀ ਚੌਧਵੀਂ ਉਮਤ ਰਸੂਲ ਗਈ ਥੱਕ, ਨਾ ਸਕੇ ਕਦਮ ਉਠਾਈਆ । ਮਨਮੁਖਤਾ ਫਲ ਗਿਆ ਪੱਕ, ਪ੍ਰਭ ਸਾਚਾ ਝਾੜਨ ਆਈਆ । ਸਿੰਘ ਸ਼ੇਰ ਸ਼ੇਰ ਦਲੇਰ ਬੁੱਕੇ ਵਿਚ ਲੋਕਮਾਤ ਢਕ, ਚਾਰੋਂ ਕੁੰਟ ਰਿਹਾ ਕੁਰਲਾਈਆ । ਜਪ ਤਪ ਕੋਈ ਨਾ ਸਕੇ ਕਿਸੇ ਰੱਖ, ਕਲਜੁਗ ਕੂਕੇ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਉਡਨੇ ਕੱਖ, ਜੋਤੀ ਅਗਨੀ ਅੱਗ ਲਗਾਈਆ । ਜੋਤ ਅਕਾਲ ਸਰਬ ਪ੍ਰਿਤਪਾਲਣ ਪਰਗਟ ਹੋਏ ਪਰਤੱਖ, ਗੋਬਿੰਦ ਸੰਗ ਰਖਾਈਆ । ਗੁਰਸਿਖਾਂ ਗੁਰਮੁਖਾਂ ਜਨ ਭਗਤਾਂ ਰੱਖੇ ਦੇ ਕਰ ਹੱਥ, ਸਮਰਥ ਪੁਰਖ ਹੱਥ ਵਡਿਆਈਆ । ਸੰਮਤ ਵੀਹ ਸੌ ਪੰਦਰਾਂ ਕਰਨ ਆਇਆ ਵੱਖ, ਗੁਰ ਗੋਬਿੰਦ ਜੋੜ ਜੁੜਾਈਆ । ਕੀਮਤ ਕਰਤਾ ਕੋਈ ਨਾ ਪਾਏ ਤੇਰੀ ਕਰੋੜੀ ਲੱਖ, ਨਾ ਕੋਈ ਲੋਕਮਾਤ ਚੁਕਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਘਰ ਘਰ ਭਾਂਡੇ ਦਿਸਣ ਸੱਖ, ਤ੍ਰਿਸਨਾ ਭੁੱਖ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਨਾਤਾ ਪੁਰਖ ਬਿਧਾਤਾ ਆਪੇ ਜੋੜੇ ਆਪੇ ਤੋੜੇ ਆਪੇ ਬੰਧਨ ਲਾਹੀਆ । ਕਲਜੁਗ ਤੇਰਾ ਬੰਧਨ ਤੋੜ, ਹਰਿ ਸਾਚਾ ਆਪ ਅਖਵਾਇਆ । ਪੰਥ ਖਾਲਸਾ ਹਿਲੇ ਜੋੜ, ਜੋੜ ਨਾ ਕੋਈ ਜੁੜਾਇਆ । ਨੀਲੇ ਵਾਲਾ ਚੜ੍ਹਿਆ ਨੀਲੇ ਘੋੜ, ਦਿਸ ਕਿਸੇ ਨਾ ਆਇਆ । ਆਪੇ ਮਾਰੇ ਪਹਿਲਾ ਪੌੜ, ਲਹਿੰਦੀ ਦਿਸ਼ਾ ਵੇਖ ਵਖਾਇਆ । ਸੰਬਲ ਨਗਰੀ ਵੇਖੇ ਪਰਖੇ ਮਿੱਠਾ ਕੌੜ, ਦੋ ਜਹਾਨ ਵੇਖ ਵਖਾਇਆ । ਸ਼ਬਦੀ ਦਾਤਾ ਧੁਰਦਰਗਾਹੀ ਆਇਆ ਦੌੜ, ਔਦਾਂ ਜਾਂਦਾ ਦਿਸ ਨਾ ਆਇਆ । ਗੁਰਮੁਖਾਂ ਅੰਦਰ ਆਪੇ ਬੌਹੜ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਰਾਸ ਤੇਰੇ ਰੱਖੇ ਪਾਸ, ਨਾ ਦੂਸਰ ਕੋਈ ਚੁਰਾਇਆ । ਕਲਜੁਗ ਤੇਰੀ ਝੂਠੀ ਰਾਸ, ਤੇਰੀ ਝੋਲੀ ਪਾਈਆ । ਜਿਸ ਜਨ ਖਾਇਆ ਮਦਿਰਾ ਮਾਸ, ਲੋਕਮਾਤ ਰਹਿਣ ਨਾ ਪਾਈਆ । ਨਾਨਕ ਗੁਰ ਨਾ ਪੁੱਛੇ ਵਾਤ, ਦਰ ਦਵਾਰ ਦਏ ਦੁਰਕਾਈਆ । ਗੁਰ ਅਰਜਨ ਨਾ ਵੇਖੇ ਮਾਰ ਝਾਤ, ਹਰਿ ਮੰਦਰ ਜੋ ਬੈਠੇ ਸੇਜ ਵਿਛਾਈਆ । ਗੁਰ ਗੋਬਿੰਦ ਨਾ ਮੇਲਾ ਹੋਏ ਨੀਲੇ ਰਾਕ, ਜੋ ਖੰਡੇ ਰਿਹਾ ਚਮਕਾਈਆ । ਸੋ ਜਨ ਮਿਲੇ ਜਿਸ ਮੇਲੇ ਆਪ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਰਾਮ ਦਾਸ ਤੇਰਾ ਘਰ ਜੋਤ ਬਾਕੀ ਬਾਕ, ਪੱਤਤ ਪਾਵਨ ਆਪ ਕਰਾਈਆ । ਸੰਮਤ ਸਤਰਾਂ ਸਿਖ ਸਿਖਾਇਆ ਨਾਤਾ ਤੋੜੇ ਸਾਕ, ਰਾਵਣ ਹੰਕਾਰੀ ਦਏ ਮਿਟਾਈਆ । ਗੁਰ ਗੋਬਿੰਦ ਤੇਰਾ ਪੂਰ ਕਰਾਏ ਭਵਿਖਤ ਵਾਕ, ਆਪ ਆਪਣਾ ਸੰਗ ਨਿਭਾਈਆ । ਜਿਸ ਜਨ ਖੋਲ੍ਹੇ ਆਪਣਾ ਤਾਕ, ਧਾਰੀ ਕੇਸ ਸੇਵ ਕਮਾਈਆ । ਪੰਜ ਤਤ ਮਲੌਣਾ ਖ਼ਾਕੀ ਖ਼ਾਕ, ਸ਼ਬਦ ਸ਼ਹੀਦੀ ਕੋਈ ਨਾ ਪਾਈਆ । ਕਲਜੁਗ ਤੇਰਾ ਲਹਿਣਾ ਦੇਣਾ ਚੁਕਿਆ ਬਾਕੀ ਬਾਕ, ਪ੍ਰਭ ਸਾਚਾ ਆਪ ਚੁਕਾਈਆ । ਸਤਿਜੁਗ ਸਾਚਾ ਸੁਤ ਦੁਲਾਰਾ, ਘਰ ਸਾਚੇ ਆਪੇ ਵਸਿਆ । ਏਕਾ ਮੰਗੇ ਮੰਗ ਭਿਖਾਰਾ, ਦਰ ਦਵਾਰੇ ਫਿਰੇ ਨੱਸਿਆ । ਮਿਲੇ ਮੇਲ ਵਿਚ ਸੰਸਾਰਾ, ਗੁਰਮੁਖ ਸਾਚੇ ਕਿਲੇ ਸਸਿਆ । ਹੰ ਹੰਗਤਾ ਤੋੜੇ ਗੜ੍ਹ ਹੰਕਾਰਾ, ਤੀਰ ਨਿਰਾਲਾ ਏਕਾ ਕਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਸਤਿਜੁਗ ਸਾਚੇ ਦੇਵੇ ਵਰ, ਤੇਰੇ ਅੰਦਰ ਤੇਰਾ ਰੂਪ ਆਪੇ ਹਰਿ ਹਰਿ ਵਸਿਆ । ਸਤਿਜੁਗ ਸਾਚੇ ਮਿਲਿਆ ਵਰ, ਲੋਕਮਾਤ ਵੱਜੀ ਵਧਾਈਆ । ਧਰਤ ਮਾਤ ਤੇਰਾ ਸੁਹਾਏ ਸਾਚਾ ਘਰ, ਨੌਂ ਨੰਖ ਇਕ ਰਖਾਈਆ । ਸੱਤ ਸਰੋਵਰ ਮਿਟਾਏ ਏਕਾ ਗੜ੍ਹ, ਸਮੁੰਦ ਸਾਗਰ ਆਪ ਪਰਨਾਈਆ । ਆਪੇ ਅੰਦਰ ਬੈਠੇ ਵੜ, ਵੇਖੇ ਸ੍ਰਿਸ਼ਟ ਸਬਾਈਆ । ਆਪਣੀ ਚੋਟੀ ਆਪੇ ਚੜ੍ਹ, ਆਪੇ ਅਧਵਿਚਕਾਰ ਟਿਕਾਈਆ । ਆਪੇ ਬਣਿਆ ਬਹੱਤਰ ਨੜ, ਤਿੰਨ ਸੌ ਸੱਠ ਹਾਡੀ ਜੋੜ ਜੁੜਾਈਆ । ਰਕਤ ਬੂੰਦ ਹੱਡ ਮਾਸ ਨਾੜੀ ਘਾੜਨ ਘੜ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਪੰਜ ਤਤ ਰਖਾਈਆ । ਅਗਨੀ ਪਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਈਆ । ਆਪਣਾ ਅੱਖਰ ਆਪੇ ਪੜ੍ਹ, ਆਪਣੀ ਮੋਖ ਮੁਕਤ ਰਖਾਈਆ । ਆਪਣੇ ਦਵਾਰੇ ਆਪੇ ਚੜ੍ਹ, ਆਪਣਾ ਬੰਕ ਸੁਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਜੋਤ ਵੱਡੀ ਵਡਿਆਈਆ । ਸਤਿਜੁਗ ਫੜਿਆ ਆਪਣਾ ਲੜ, ਨਾ ਕੋਈ ਤੋੜੇ ਤੋੜ ਤੁੜਾਈਆ । ਸੋਹੰ ਸ਼ਬਦ ਸ੍ਰਿਸ਼ਟ ਸਬਾਈ ਜਾਏ ਪੜ੍ਹ, ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਦਏ ਵਡਿਆਈਆ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ ਮਾਸ ਨਾ ਰਸਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਸ਼ਬਦ ਵਿਚੋਲਾ ਵਿਚ ਰਖਾਈਆ । ਹਰਿ ਕਾ ਸ਼ਬਦ ਬਣ ਵਿਚੋਲਾ, ਲੋਕਮਾਤ ਉਠ ਧਾਇਆ । ਕਲਜੁਗ ਸਤਿਜੁਗ ਸੁਣਾਏ ਆਪਣਾ ਢੋਲਾ, ਆਪਣਾ ਰਾਗ ਅਲਾਇਆ । ਇਕ ਜੈਕਾਰਾ ਏਕਾ ਬੋਲਾ, ਦੋ ਜਹਾਨਾਂ ਰਿਹਾ ਸੁਣਾਇਆ । ਦੋਹਾਂ ਬਣਿਆ ਆਪੇ ਤੋਲਾ, ਏਕਾ ਖੰਡਾ ਹੱਥ ਉਠਾਇਆ । ਕਲਜੁਗ ਕੂੜਾ ਹੋਇਆ ਪੋਲਾ, ਹੌਲੇ ਭਾਰ ਤੁਲਾਇਆ । ਸਤਿਜੁਗ ਸਾਚਾ ਉਤਰਿਆ ਕਲਾ ਸੋਲਾ, ਸੋਲਾਂ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਵੇਖੇ ਦਰ, ਦਰ ਆਪਣਾ ਇਕ ਸੁਹਾਇਆ । ਸਾਚੇ ਕੰਡੇ ਤੋਲੇ ਤੋਲ, ਕਲਜੁਗ ਆਪ ਤੁਲਾਇਆ । ਚੌਥੇ ਜੁਗ ਚਾਰੇ ਅੱਖਰ ਏਕਾ ਰਸਨਾ ਬੋਲ, ਵਾਹਿਗੁਰੂ ਜਾਪ ਜਪਾਇਆ । ਵਾਹ ਵਾਹ ਗੁਰ ਦੇਵੇ ਸਾਚੀ ਪੌਲ੍ਹ, ਪੁਰਖ ਅਕਾਲ ਮਨਾਇਆ । ਆਦਿ ਅੰਤ ਨਾ ਜਾਏ ਡੋਲ, ਅਡੋਲ ਅਡੁਲ ਨਾਮ ਧਰਾਇਆ । ਆਪੇ ਆਪਣਾ ਪੂਰਾ ਕਰੇ ਕੌਲ, ਕੀਤਾ ਕੌਲ ਪੂਰ ਕਰਾਇਆ । ਕਲਜੁਗ ਅੰਤਮ ਚਾਰ ਅੱਖਰ ਗੁਰਸਿਖ ਹਿਰਦੇ ਗਿਆ ਮੌਲ, ਅੰਤਮ ਲਹਿਣ ਲਹਿਣ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਗੇੜਾ ਲੋਕਮਾਤ ਚੁਕੇ ਝੇੜਾ, ਲੱਖ ਚੁਰਾਸੀ ਹੋਏ ਨਿਬੇੜਾ, ਆਪਣੀ ਹੱਥੀਂ ਰਿਹਾ ਕਰਾਇਆ । ਸਤਿਜੁਗ ਸਾਚਾ ਸਾਚੀ ਧਾਰ, ਏਕਾ ਰਿਹਾ ਚਲਾਈਆ । ਦੂਜੀ ਰੱਖੀ ਸ਼ਬਦ ਕਟਾਰ, ਆਪਣੇ ਤਨ ਸਜ਼ਾਈਆ । ਆਪੇ ਵੇਖੇ ਵੇਖਣਹਾਰ, ਆਪਣੀ ਦਇਆ ਕਮਾਈਆ । ਲੇਖੇ ਲਾਏ ਵਿਚ ਸੰਸਾਰ, ਵਡ ਦਾਤੇ ਵੱਡੀ ਵਡਿਆਈਆ । ਬੇਐਬ ਹੋਇਆ ਪਰਵਰਦਿਗਾਰ, ਖ਼ੁਦੀ ਖ਼ੁਦਾਈ ਨੇੜ ਨਾ ਆਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਵਾਹਿਗੁਰੂ ਅੱਲਾ ਕਰ ਪਿਆਰ, ਏਕਾ ਧਾਮ ਬਹਾਈਆ । ਚੌਥੇ ਜੁਗ ਤੇਰਾ ਲਹਿਣਾ ਕਰਜ਼ ਦਏ ਉਤਾਰ, ਚੌਥੇ ਅੱਖਰ ਵਿਚ ਟਿਕਾਈਆ । ਪਰਗਟ ਹੋਏ ਹਰਿ ਕਰਤਾਰ, ਆਪਣੀ ਖੇਲ ਖਿਲਾਈਆ । ਪਹਿਲੇ ਪੰਜ ਤਤ ਕਰ ਪਿਆਰ, ਸਿੰਘ ਸ਼ੇਰ ਨਾਉਂ ਧਰਾਈਆ । ਦੂਜੀ ਵਾਰੀ ਜੋਤ ਨਿਰੰਕਾਰ, ਆਪਣਾ ਵੇਸ ਵਟਾਈਆ । ਗੁਰ ਚੇਲੇ ਕਰ ਇਕ ਪਿਆਰ, ਏਕਾ ਰੰਗ ਰੰਗਾਈਆ । ਆਪੇ ਅੰਦਰ ਆਪੇ ਬਾਹਰ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਨਿਰਮਲ ਜੋਤੀ ਨੂਰ ਉਜਿਆਰ, ਦਿਵਸ ਰੈਣ ਡਗਮਗਾਈਆ । ਸਤਿਜੁਗ ਸਾਚੀ

ਕਰੇ ਵਿਚਾਰ, ਸਾਚੀ ਧਾਰ ਚਲਾਈਆ । ਦੋਏ ਰੂਪ ਆਪ ਕਰਤਾਰ, ਦੋਏ ਅੱਖਰ ਲਏ ਉਪਜਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਅਕਾਲ ਪੁਰਖ ਆਪ ਅਖਵਾਈਆ । ਅਕਾਲ ਮੂਰਤ ਨਿਰਾਕਾਰ, ਨਿਰਵੈਰ ਆਪ ਹੋ ਜਾਈਆ । ਅਜੂਨੀ ਰਹਿਤ ਸਿਰਜਣਹਾਰ, ਵਰਨ ਗੋਤ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਲਏ ਉਪਾਈਆ । ਏਕਾ ਅੱਖਰ ਸ਼ਬਦ ਉਜਾਲਾ, ਹਰਿ ਸਾਚੇ ਆਪ ਕਰਾਇਆ । ਸੇਵਾ ਲਾਈ ਜੋਤ ਜਵਾਲਾ, ਆਦਿ ਸ਼ਕਤ ਨਾਲ ਰਲਾਇਆ । ਓਅੰਕਾਰਾ ਗਲ ਪਾਏ ਮਾਲਾ, ਏਕੰਕਾਰਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਨਿਰਗੁਣ ਵੇਸ ਵਟਾਇਆ । ਨਿਰਗੁਣ ਵੇਸ ਹਰਿ ਕਰਤਾਰ, ਕਰਨੀ ਰਿਹਾ ਕਮਾਇਆ । ਆਦਿ ਨਿਰੰਜਣ ਭੇਵ ਨਿਆਰ, ਜੋਤ ਨਿਰੰਜਣ ਜੋਤ ਜਗਾਇਆ । ਸੱਜਣ ਮੀਤ ਮੁਰਾਰ, ਥਿਰ ਘਰ ਸਾਚੇ ਵੇਖ ਵਖਾਇਆ । ਏਕਾ ਜੋਧਾ ਸੂਰਬੀਰ ਬਲੀ ਬਲਕਾਰ, ਲੋਕਮਾਤ ਉਠ ਧਾਇਆ । ਏਕਾ ਰੰਗ ਰੰਗਾਏ ਸਚਖੰਡ ਸੱਚੀ ਸਰਕਾਰ, ਪੂਰਨ ਪੂਰਨ ਤਤ ਸਮਾਇਆ । ਪੰਚ ਤਤ ਕਰ ਪਿਆਰ, ਗੁਰ ਗੋਬਿੰਦ ਵੇਸ ਵਟਾਇਆ । ਮਾਝਾ ਦੇਸ ਕਰੇ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇਆ । ਜੋਤ ਸਰੂਪੀ ਕਰ ਪਰਵੇਸ਼, ਸੋਹੰ ਸਾਚਾ ਡੰਕ ਵਜਾਇਆ । ਸਤਿ ਪੁਰਖ ਕੋ ਸਦਾ ਆਦੇਸ, ਨਾਨਕ ਨਿਰਗੁਣ ਆਪ ਕਰਾਇਆ । ਆਦਿ ਜੁਗਾਦਿ ਖੇਲੇ ਖੇਲ ਭੇਸ, ਨਾ ਕੋਈ ਬੰਧਨ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਅੱਖਰ ਦੋਆ ਜਾਪ, ਮੇਟ ਮਿਟਾਏ ਤੀਨੋ ਤਾਪ, ਗੁਰਮੁਖ ਪਛਾਣੇ ਆਪਣਾ ਆਪ, ਏਕਾ ਦੂਜਾ ਭੇਵ ਚੁਕਾਇਆ । ਏਕਾ ਦੂਜਾ ਭੌ ਚੁਕੌਣਾ, ਹਰਿ ਸਾਚੇ ਹੱਥ ਵਡਿਆਈਆ । ਗੁਰਮੁਖ ਸਾਜਣ ਮੇਲ ਮਿਲੌਣਾ, ਜੁਗ ਵਿਛੜੇ ਮੇਲ ਮਿਲਾਈਆ । ਜਨਮ ਜਨਮ ਦਾ ਲੇਖਾ ਲੇਖੇ ਪੌਣਾ, ਭੁੱਲ ਰਹੇ ਨਾ ਰਾਈਆ । ਸ਼ਾਹ ਸੁਲਤਾਨਾ ਘਰ ਦਰ ਮੰਦਰ ਕਿਸੇ ਨਾ ਮਿਲੇ ਸੌਣਾ, ਜੰਗਲ ਜੂਹ ਨਾ ਲੇਫ ਤਲਾਈਆ । ਗੁਰਮੁਖਾਂ ਮੇਟੇ ਅਵਣਾ ਗਵਣਾ, ਪੂਰੀ ਭਵਨਾ ਆਪ ਕਰਾਈਆ । ਅੰਮ੍ਰਿਤ ਆਤਮ ਮੇਘ ਬਰਸੇ ਸਵਣਾ, ਸਾਂਤਕ ਸਤਿ ਕਰਾਈਆ । ਕਲਜੁਗ ਦੁਸ਼ਟ ਹੰਕਾਰੀ ਮਾਰੇ ਰਾਵਣਾ, ਏਕਾ ਚਿੱਲਾ ਨਾਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵਖਾਏ ਸਾਚਾ ਕਿਲਾ ਸੱਸਾ ਸਤਿਗੁਰ ਨਾਮ ਧਰਾਈਆ । ਊੜਾ, ਏਕੰਕਾਰਾ ਤ੍ਰੈ ਭਵਨੀ, ਤ੍ਰੈਭਵਨ ਤ੍ਰੈਭਵਨ ਸੁਹਾਇਆ । ਐੜਾ ਆਪਣੀ ਅੱਖ ਆਪ ਉਘਾੜ, ਆਪ ਆਪਣਾ ਵੇਖ ਵਖਾਇਆ । ਈੜੀ ਇਸ਼ਟ ਰੂਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸੱਸਾ, ਸਤਿਗੁਰ ਹੋ ਤਿਆਰ, ਚਾਰ ਦਿਵਾਰੀ ਕਿਲਾ ਇਕ ਬਣਾਇਆ । ਸ਼ਬਦ ਗੁਰ ਪਹਿਰੇਦਾਰ, ਚੌਥੇ ਘਰ ਵੇਖ ਵਖਾਇਆ । ਚੌਥਾ ਅੱਖਰ ਹਰਿ ਨਿਰੰਕਾਰ, ਥਿਰ ਘਰ ਨਾਮ ਧਰਾਇਆ । ਹਾਹਾ, ਹਰਿ ਹਰਿ ਵਿਚ ਸੰਸਾਰ, ਪੰਚਮ ਅੱਖਰ ਪੰਚਮ ਮੀਤਾ ਪੰਚਮ ਮੇਲ ਮਿਲਾਇਆ । ਨਿਰਗੁਣ ਰੂਪ ਹਰਿ ਦਾਤਾਰ, ਤ੍ਰੈਗੁਣ ਮਾਇਆ ਵਿਚ ਟਿਕਾਇਆ । ਲੱਖ ਚੁਰਾਸੀ ਕਰ ਪਸਾਰ, ਜੋਤੀ ਜੋਤ ਕਰੇ ਰੁਸ਼ਨਾਇਆ । ਆਪ ਉਪਾਏ ਆਪ ਖਪਾਏ ਆਪੇ ਪਾਵਣਹਾਰਾ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖੇ ਸਾਚਾ ਘਰ, ਅੰਤਮ ਚੁਕਿਆ ਜਗਤ ਡਰ, ਜਗ ਨਾਤਾ ਤੋੜ ਤੁੜਾਇਆ । ਜਗਤ ਨਾਤਾ ਜਾਏ ਤੁੱਟ, ਸੰਮਤੀ ਸੰਮਤ ਨੇੜੇ ਆਇਆ । ਦੀਨਾਂ ਮਜ਼੍ਹਬਾਂ ਬੰਧਨ ਜਾਏ ਛੁੱਟ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਨਾ ਕੋਈ ਧਿਆਇਆ । ਸਤਿਜੁਗ ਸਾਚਾ ਲੱਖ ਚੁਰਾਸੀ ਚਾਰ ਵਰਨ ਅਠਾਰਾਂ ਬਰਨ ਏਕਾ ਲਾਹਾ ਲੈਣ ਲੁੱਟ, ਸੋਹੰ ਜਾਪ ਜਪਾਇਆ । ਪੰਜਾਂ ਚੋਰਾਂ ਅੰਦਰੋਂ ਕੱਢੇ ਕੁੱਟ, ਮਨਮਤ

੪੮੦ ੦੨

ਰਹਿਣ ਨਾ ਪਾਇਆ । ਅੰਮ੍ਰਿਤ ਸੋਮਾ ਪਿਆ ਫੁੱਟ, ਨਿਝਰ ਧਾਰ ਵਹਾਇਆ । ਭਰ ਪਿਆਲਾ ਪੀਣਾ ਘੁੱਟ, ਗੁਰ ਪੂਰੇ ਹੱਥ ਫੜਾਇਆ । ਮਨਮੁਖ ਜੀਵਾਂ ਭਾਗ ਗਏ ਨਖੁਟ, ਵੇਲਾ ਗਿਆ ਹੱਥ ਨਾ ਆਇਆ । ਪੰਜਾਂ ਚੋਰਾਂ ਪੌਣੀ ਲੁੱਟ, ਬੰਦ ਕੋਠੜੀ ਵੇਖ ਵਖਾਇਆ । ਅੰਤਮ ਸ਼ੌਹ ਦਰਯਾਏ ਦੇਵੇ ਸੁਟ, ਬੇੜਾ ਕੋਈ ਨਾ ਬੰਨੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੇ ਵਸਿਆ ਘਰ, ਗੁਰਮੁਖ ਸਾਚੇ ਲਏ ਜਗਾਇਆ । ਗੁਰਮੁਖ ਸਾਚੇ ਨੇਤਰ ਖੋਲ੍ਹ, ਜਗਤ ਅੰਧੇਰਾ ਛਾਇਆ । ਅਗੰਮ ਅਗੰਮੜਾ ਰਿਹਾ ਬੋਲ, ਅਗੰਮੜਾ ਧਾਮ ਸੁਹਾਇਆ । ਹੱਡ ਮਾਸ ਨਾੜੀ ਅੰਦਰ ਵੱਜੇ ਢੋਲ, ਅਨਹਦ ਮਰਦੰਗ ਸੁਣਾਇਆ । ਆਪਣਾ ਪੜਦਾ ਆਪਣੇ ਮੰਦਰ ਅੰਦਰ ਆਪੇ ਖੋਲ੍ਹ, ਕਿਉਂ ਬੈਠਾ ਨੈਣ ਸ਼ਰਮਾਇਆ । ਸਚ ਵਸਤ ਹਰਿ ਸਾਚੇ ਕੋਲ, ਆਦਿ ਜੁਗਾਦੀ ਜਨ ਭਗਤਾਂ ਦੇਂਦਾ ਆਇਆ । ਜੋ ਜਨ ਮੰਗੇ ਰਸਨਾ ਬੋਲ, ਰਸ ਰਸਨਾ ਦਏ ਚਖਾਇਆ । ਪੁਰੀ ਅਨੰਦ ਕੀਤਾ ਕੌਲ, ਸੰਬਲ ਨਗਰੀ ਪੂਰ ਕਰਾਇਆ । ਸ਼ਬਦੀ ਗੁਰ ਗੁਰਮੁਖਾਂ ਅੰਦਰ ਆਪੇ ਗਿਆ ਮੌਲ, ਜੋਤੀ ਨੂਰ ਦਰਸਾਇਆ । ਭੇਵ ਨਾ ਪਾਏ ਕੋਈ ਪੰਡਤ ਪਾਂਧਾ ਰੌਲ, ਗਿਆਨੀ ਧਿਆਨੀ ਵਡ ਵਿਦਵਾਨੀ ਵੇਖ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਾਇਆ ਗੁਰਮੁਖਾਂ ਉਤੋਂ ਆਪੇ ਘੋਲ, ਘੋਲੀ ਘੋਲ ਘੁਮਾਇਆ । ਮਨਮੁਖ ਜੀਵਾਂ ਕਲਜੁਗ ਅੰਤਮ ਵਿਆਵਣ ਆਇਆ ਬੋਲੀ, ਜੋ ਬੈਠੇ ਹਰਿ ਭੁਲਾਈਆ । ਨਾਲ ਰਲਾਏ ਲਾੜੀ ਮੌਤ ਗੋਲੀ, ਫੜ ਉਂਗਲੀ ਰਾਹ ਵਖਾਈਆ । ਲਾਲ ਰੰਗਾਏ ਹੱਥ ਬੰਧੇ ਸਿਰ ਅੱਟੀ ਮੌਲੀ, ਸੋਹਣਾ ਸੀਸ ਗੁੰਦਾਈਆ । ਰਾਹ ਵਖਾਏ ਹੌਲੀ ਹੌਲੀ, ਆਪਣਾ ਪੜਦਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਕਰਿਆ ਵੇਸ, ਪਾਰਬ੍ਰਹਮ ਦਰ ਦਰਵੇਸ਼, ਗੁਰਮੁਖ ਸਾਚਾ ਨਰ ਨਰੇਸ਼, ਜਿਸ ਦਰ ਬੈਠਾ ਆਸਣ ਲਾਈਆ । ਗੁਰਮੁਖ ਤੇਰਾ ਸਚ ਦਵਾਰਾ, ਹਰਿ ਹਰਿ ਸਾਚਾ ਵਸਿਆ । ਭਰਿਆ ਰਹੇ ਸ਼ਬਦ ਭੰਡਾਰਾ, ਕਲਜੁਗ ਮਿਟੇ ਰੈਣ ਅੰਧੇਰੀ ਮੱਸਿਆ । ਨਿਰਗੁਣ ਰੂਪ ਬਣ ਵਰਤਾਰਾ, ਲੋਕਮਾਤ ਆਵੇ ਨੱਸਿਆ । ਕਰੇ ਕਰਾਏ ਕਰਨੇਹਾਰਾ, ਜੁਗ ਜੁਗ ਰਾਹ ਸਾਚਾ ਆਪੇ ਦੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਵਰ, ਹਰਿ ਹਿਰਦੇ ਅੰਦਰ ਵਸਿਆ । ਕਾਇਆ ਮੰਦਰ ਹਰਿ ਵਸੇਰਾ, ਗੁਰਮੁਖ ਖੋਜ ਖੋਜਾਇਆ । ਜੂਠਾ ਝੂਠਾ ਢਾਹਿਆ ਭਰਮਾ ਡੇਰਾ, ਸਚ ਸੁੱਚ ਸਮਾਇਆ । ਦਰਸ਼ਨ ਪਾਇਆ ਨੇਰਨ ਨੇਰਾ, ਨਿਝ ਘਰ ਵੇਖ ਵਖਾਇਆ । ਹਰਿਸੰਗਤ ਚੜ੍ਹਿਆ ਚਾਓ ਘਨੇਰਾ, ਪ੍ਰਭ ਅਬਿਨਾਸ਼ੀ ਫੇਰਾ ਪਾਇਆ । ਆਪ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਰਹਿਣ ਨਾ ਪਾਇਆ । ਗੁਰਮੁਖ ਤੇਰਾ ਵਸਦਾ ਰਹੇ ਸਾਚਾ ਖੇੜਾ, ਹਰਿ ਸਾਚੇ ਆਪ ਤਰਾਇਆ । ਆਪਣਾ ਬੱਧਾ ਆਪੇ ਬੇੜਾ, ਸਗਲਾ ਭਾਰ ਉਠਾਇਆ । ਕਰੇ ਕਰਾਏ ਹੱਕ ਨਿਬੇੜਾ, ਦਾਤਾ ਦਾਨੀ ਏਕਾ ਆਇਆ । ਕਲਜੁਗ ਅੰਤਮ ਦੇਵੇ ਗੇੜਾ, ਚਰਨ ਧੂੜ ਅਸ਼ਨਾਨੀ ਲਏ ਬਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਚੁਕਾਏ ਡਰ, ਨਿਰਭੌ ਨਿਰਵੈਰ ਰੂਪ ਆਪ ਹੋ ਆਇਆ । ਨਿਰਵੈਰ ਪੁਰਖ ਅਕਾਲ, ਅਕਾਲ ਪੁਰਖ ਅਖਵਾਇਆ । ਗੁਰਮੁਖ ਬਿਠਾਏ ਸਚ ਧਰਮ ਸੱਚੀ ਧਰਮਸਾਲ, ਦੂਜਾ ਤਤ ਨਾ ਕੋਈ ਵਖਾਇਆ । ਨੇੜ ਨਾ ਆਏ ਕਾਲ ਮਹਾਂਕਾਲ, ਆਪ ਆਪਣੀ ਗੋਦ ਰਖਾਇਆ । ਸਰਬ ਸੁਖ ਦਾਤਾ ਸਦਾ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਨਾਮ ਧਰਾਇਆ ।

ਗੁਰਸਿਖ ਦੁਲਾਰੇ ਸਾਚੇ ਲਾਲ, ਮਾਣਕ ਮੋਤੀ ਆਪ ਉਪਾਇਆ । ਆਪੇ ਰੱਖੇ ਆਪਣੇ ਥਾਲ, ਗਗਨ ਗਗਨੰਤਰ ਉਪਰ ਟਿਕਾਇਆ । ਰਵ ਸਸ ਸੂਰਜ ਚੰਨ ਕਰਨ ਨਿਮਸਕਾਰ, ਤਾਰਾ ਮੰਡਲ ਸੀਸ ਝੁਕਾਇਆ । ਬ੍ਰਹਮਾ ਵੇਖੇ ਨੇਤਰ ਨੈਣ ਉਘਾੜ, ਗੁਰਸਿਖ ਤੇਰਾ ਰਾਹ ਤਕਾਇਆ । ਵਿਸ਼ਨੂੰ ਹੋਵੇ ਸੇਵਾਦਾਰ, ਤੇਰੀ ਸੇਵਾ ਰਿਹਾ ਕਮਾਇਆ । ਸ਼ਿਵ ਸ਼ੰਕਰ ਤੇਰਾ ਕਰ ਪਿਆਰ, ਬਾਸਕ ਤਸ਼ਕਾ ਗਲੋਂ ਦੇਵੇ ਲਾਹਿਆ । ਕਰੋੜ ਤੇਤੀਸਾ ਕਰੇ ਨਿਮਸਕਾਰ, ਸੁਰਪਤ ਰਾਜਾ ਇੰਦ ਨਾਲ ਰਲਾਇਆ । ਨੌਂ ਖੰਡ ਤੇਰੇ ਨਾਮ ਜੈਕਾਰ, ਭਗਤ ਭਗਵੰਤੀ ਮੇਲ ਮਿਲਾਇਆ । ਸੱਤਾਂ ਦੀਪਾਂ ਏਕਾ ਧਾਰ, ਸਾਧ ਸੰਤ ਵੇਖ ਵਖਾਇਆ । ਗੁਰਮੁਖ ਤੇਰਾ ਇਕ ਪਿਆਰ, ਬ੍ਰਹਿਮੰਡ ਵਿਚ ਹੋਰ ਨਾ ਕੋਈ ਰਖਾਇਆ । ਜੇਰਜ ਅੰਡ ਉਤਭੁਜ ਸੇਤਜ ਨਾ ਕੋਈ ਪਾਏ ਵੰਡ, ਖਾਣੀ ਬਾਣੀ ਨਾ ਲੇਖ ਲਿਖਾਇਆ । ਗੁਰਮੁਖ ਬ੍ਰਹਮ ਗਿਆਨ ਗਿਆਨ ਬ੍ਰਹਮ ਬੱਧੀ ਪੰਡ, ਪਾਰਬ੍ਰਹਮ ਰਿਹਾ ਉਠਾਇਆ । ਸਤਿਗੁਰ ਪੂਰਾ ਨਿਰਗੁਣ ਰੂਪ ਸੁੱਤਾ ਦੇ ਕਰ ਨਾ ਕਦੀ ਕੰਡ, ਹਾਜ਼ਰ ਹਜ਼ੂਰ ਆਪ ਅਖਵਾਇਆ । ਸਦਾ ਸੁਹਾਗਣ ਸ਼ਬਦ ਵੈਰਾਗਣ ਗੁਰਮੁਖ ਨਾਰੀ ਹੋਏ ਕਦੇ ਨਾ ਰੰਡ, ਕੰਤ ਕੰਤੂਹਲਾ ਸਚ ਸੁਹਾਗ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਰਿ ਹਰਿ ਸੁਹਾਏ ਸਾਚਾ ਦਰ, ਦਰ ਦਰਵਾਜ਼ਾ ਵੇਖ ਵਖਾਇਆ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਗੁਰਮੁਖ ਵੇਖ ਵਖਾਇੰਦਾ । ਆਪ ਆਪਣਾ ਸਾਜਨ ਸਾਜਾ, ਸਾਜਣਹਾਰ ਨਾਮ ਧਰਾਇੰਦਾ । ਜੁਗ ਜੁਗ ਰੱਖਣ ਆਇਆ ਲਾਜਾ, ਬਾਲ ਅਵਾਣੇ ਗੋਦ ਉਠਾਇੰਦਾ । ਪੁਰਖ ਅਗੰਮੜਾ ਧੁਨ ਅਨਾਦੀ ਸ਼ਬਦ ਸ਼ਬਦੀ ਮਾਰੇ ਵਾਜਾ, ਜੋਤੀ ਜੋਤ ਜਗਾਇੰਦਾ । ਨਾਮ ਜਣਾਈ ਬੋਧ ਅਗਾਧਾ, ਸਚ ਵਸਤ ਝੋਲੀ ਪਾਇੰਦਾ । ਗੁਰਮੁਖ ਦਰ ਦਵਾਰੇ ਬਣਿਆ ਪਾਂਧਾ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨਾਉਂ ਸੁਹਾਗੀ ਛੰਤ, ਗੀਤ ਗੋਬਿੰਦ ਏਕਾ ਗਾਇੰਦਾ ।

### * ੧੯ ਸਾਵਣ ੨੦੧੫ ਬਿਕ੍ਰਮੀ ਊਧਮ ਸਿੰਘ ਦੇ ਘਰ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ *

ਹਰਿ ਸੱਜਣ ਹਰਿ ਮੇਲਿਆ, ਹਰਿ ਹਰਿ ਕਿਰਪਾ ਧਾਰ । ਹਰਿ ਪਾਇਆ ਸੱਜਣ ਸੁਹੇਲਿਆ, ਸੋਹੇ ਬੰਕ ਦਵਾਰ । ਹਰਿ ਵੇਖੇ ਰੰਗ ਨਵੇਲਿਆ, ਕਰਤਾ ਪੁਰਖ ਕਰਤਾਰ । ਆਪਣਾ ਖੇਲ ਆਪੇ ਖੇਲਿਆ, ਪੂਰਬ ਲਹਿਣਾ ਕਰਮ ਵਿਚਾਰ । ਘਰ ਮੇਲਾ ਗੁਰੂ ਗੁਰ ਚੇਲਿਆ, ਮੇਲ ਮਿਲਾਵਾ ਸਿਰਜਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਇਕ ਦਵਾਰ । ਘਰ ਦਵਾਰ ਸੁਹੰਜਣਾ, ਮੇਲਾ ਗੋਬਿੰਦ ਰਾਏ । ਜਗੇ ਜੋਤ ਆਦਿ ਨਿਰੰਜਣਾ, ਏਕਾ ਦੀਪ ਕਰੇ ਰੁਸ਼ਨਾਏ । ਵਰ ਪਾਇਆ ਸਾਚਾ ਸੱਜਣਾ, ਵਿਛੜ ਕਦੇ ਨਾ ਜਾਏ । ਪੀ ਅੰਮ੍ਰਿਤ ਆਤਮ ਰੱਜਣਾ, ਤ੍ਰਿਸਨਾ ਭੁੱਖ ਮਿਟਾਏ । ਪੰਜ ਤਤ ਵਿਕਾਰਾ ਪੜਦਾ ਕੱਜਣਾ, ਸ਼ਬਦ ਦੁਸ਼ਾਲਾ ਉਪਰ ਪਾਏ । ਅਨਹਦ ਤਾਲ ਅਨਾਦੀ ਵੱਜਣਾ, ਹਰਿ ਸਾਚਾ ਰਿਹਾ ਵਜਾਏ । ਜੋ ਘੜਿਆ ਸੋ ਭੱਜਣਾ, ਥਿਰ ਕੋਈ ਰਹਿਣ ਨਾ ਪਾਏ । ਗੁਰਮੁਖ ਵਿਰਲੇ ਸੰਤ ਦਵਾਰ ਗੁਰਚਰਨ ਦਵਾਰੇ ਬਹਿ ਬਹਿ ਸੱਜਣਾ, ਪਾਇਆ ਪਰਮ ਪੁਰਖ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਸਾਚਾ ਨਾਤਾ, ਗੁਰ ਪੂਰਾ ਆਪ ਬੁਝਾਇੰਦਾ । ਉਤਮ ਕਰੇ ਹਰਿਜਨ ਜਾਤਾ, ਜ਼ਾਤ ਅਜਾਤੀ ਮੇਟ ਮਿਟਾਇੰਦਾ । ਮਿਟੇ ਰੈਣ ਅੰਧੇਰੀ ਰਾਤਾ, ਏਕਾ ਸਾਚਾ ਚੰਦ ਚੜ੍ਹਾਇੰਦਾ ।

ਧੁਰਦਰਗਾਹੀ ਦੇਵਣ ਆਇਆ ਨਾਮ ਅਨਮੁਲੀ ਏਕਾ ਦਾਤਾ, ਸਾਚੀ ਝੋਲੀ ਆਪ ਭਰਾਇੰਦਾ । ਸੋਹੰ ਸ਼ਬਦ ਸੁਣਾਏ ਸਾਚੀ ਗਾਥਾ, ਸਾਚੇ ਮਾਰਗ ਲਾਇੰਦਾ । ਲੋਕਮਾਤ ਬਣਿਆ ਹਰਿ ਰਘੁਨਾਥਾ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਪਾਰ ਕਰਾਇੰਦਾ । ਗੁਰਮੁਖ ਸਾਜਨ ਬੰਨਿਆ ਬੇੜਾ, ਆਪਣੀ ਦਇਆ ਕਮਾਈਆ । ਭਾਗ ਲਗਾਇਆ ਕਾਇਆ ਖੇੜਾ, ਗਗਨ ਗਗਨੰਤਰ ਵੇਖ ਵਖਾਈਆ । ਹੱਕ ਹਕੀਕਤ ਲਾਸ਼ਰੀਕ ਇਕ ਖ਼ੁਦਾਈਆ । ਨੌਂ ਖੰਡ ਪ੍ਰਿਥਮੀ ਤੇਰਾ ਖੁਲ੍ਹਾ ਵੇਹੜਾ, ਜਨ ਭਗਤਾਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮੇਲਾ ਧੁਰਦਰਗਾਹ, ਹਰਿ ਸਾਚਾ ਆਪ ਮਿਲਾਇੰਦਾ । ਖੇਲੇ ਖੇਲ ਅਗੰਮ ਅਥਾਹ, ਬੇਪਰਵਾਹ ਨਾਮ ਧਰਾਇੰਦਾ । ਫੜ ਫੜ ਉਠਾਏ ਆਪਣੀ ਬਾਂਹ, ਦਿਵਸ ਰੈਣ ਸੇਵ ਕਮਾਇੰਦਾ । ਅੰਤਰ ਆਤਮ ਜਪਾਏ ਏਕਾ ਨਾਂ, ਅਜਪਾ ਜਾਪ ਜਪਾਇੰਦਾ । ਫੜ ਫੜ ਹੰਸ ਬਣਾਏ ਕਾਂ, ਏਕਾ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਣ ਮੇਲ ਮਿਲਾਇੰਦਾ । ਹਰਿਜਨ ਸਾਜਣ ਸਚ ਦਵਾਰਾ, ਹਰਿ ਏਕਾ ਏਕ ਸੁਹਾਇਆ । ਜੋਤ ਸਰੂਪੀ ਕਰ ਉਜਿਆਰਾ, ਨੂਰੋ ਨੂਰ ਦਰਸਾਇਆ । ਅਗੰਮ ਅਗੋਚਰ ਅਲੱਖ ਅਪਾਰਾ, ਅਲੱਖ ਅਲੱਖਣਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਚੋਲਾ ਸ਼ਬਦ ਅਮੋਲਾ ਏਕਾ ਨਾਮ ਚਲਾਇਆ । ਸ਼ਬਦ ਅਮੋਲਾ ਸਾਚੀ ਧਾਰਾ, ਹਰਿ ਸਾਚੇ ਆਪ ਚਲਾਈਆ । ਪਰਗਟ ਹੋ ਵਿਚ ਸੰਸਾਰਾ, ਆਪਣੀ ਬਣਤ ਬਣਾਈਆ । ਨਾਉਂ ਧਰਾਇਆ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤਾ ਪਿਤਾ ਨਾ ਕੋਈ ਰਖਾਈਆ । ਆਪ ਆਪਣਾ ਬਣਿਆ ਸੁਤ ਦੁਲਾਰਾ, ਆਪ ਆਪਣਾ ਗੋਦ ਉਠਾਈਆ । ਆਪ ਆਪਣਾ ਕਰ ਪਿਆਰਾ, ਆਪ ਆਪਣੀ ਦਇਆ ਕਮਾਈਆ । ਆਪ ਆਪਣਾ ਬਣ ਵਣਜਾਰਾ, ਆਪ ਆਪਣੀ ਵਣਜ ਕਰਾਈਆ । ਆਪ ਆਪਣਾ ਭਰ ਭੰਡਾਰਾ, ਆਪੇ ਰਿਹਾ ਵਰਤਾਈਆ । ਗੁਰਸਿਖ ਸਾਜਨ ਲੋਕਮਾਤ ਨਾ ਹੋਏ ਖਵਾਰਾ, ਪ੍ਰਭ ਪੂਰਾ ਰਿਹਾ ਜਣਾਈਆ । ਦੇਵੇ ਵਸਤ ਥਿਰ ਘਰ ਸੱਚੇ ਦਰਬਾਰਾ, ਤੋਟ ਰਹੇ ਨਾ ਰਾਈਆ । ਦੇਵਣਹਾਰ ਆਦਿ ਅੰਤ ਜੁਗਾ ਜੁਗੰਤ ਹਰਿ ਸਿਰਜਣਹਾਰਾ, ਸਾਧ ਸੰਤ ਰਿਹਾ ਤਰਾਈਆ । ਨਿਰਗੁਣ ਸਰਗੁਣ ਖੇਲ ਅਪਾਰਾ, ਜੋਤੀ ਸ਼ਬਦੀ ਰਚਨ ਰਚਾਈਆ । ਪਾਰਬ੍ਰਹਮ ਪ੍ਰਭ ਭੇਵ ਅਪਾਰਾ, ਆਦਿ ਨਿਰੰਜਣ ਵਡ ਵਡਿਆਈਆ । ਜੋਤ ਨਿਰੰਜਣ ਪਾਵੇ ਸਾਰਾ, ਹਰਿ ਸਾਜਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਹਰਿ ਸ਼ਬਦ ਕਰੇ ਕੁੜਮਾਈਆ । ਹਰਿ ਸ਼ਬਦ ਹਰਿ ਸਾਚਾ ਨਾਤਾ, ਹਰਿਜਨ ਆਪ ਬੰਧਾਇਆ । ਆਪੇ ਬਣਿਆ ਪਿਤਾ ਮਾਤਾ, ਪਿਤਾ ਪੂਤ ਆਪ ਅਖਵਾਇਆ । ਆਪੇ ਪੁੱਛਣਹਾਰਾ ਵਾਤਾ, ਦਿਵਸ ਰੈਣ ਵੇਖ ਵਖਾਇਆ । ਚਾਰ ਕੁੰਟ ਦਹਿ ਦਿਸ਼ਾ ਅਕਾਸ਼ ਪਰਕਾਸ਼ ਫਿਰੇ ਨਾਠਾ, ਗਗਨ ਪਤਾਲਾਂ ਫੇਰਾ ਪਾਇਆ । ਸਰ ਸਰੋਵਰ ਸਮੁੰਦ ਸਾਗਰ ਮਾਰੇ ਠਾਠਾ, ਗਹਿਰ ਗੰਭੀਰ ਨਾਮ ਧਰਾਇਆ । ਵੇਖ ਵਖਾਏ ਤਤ ਆਠਾ, ਨੌਂ ਦਰ ਫੋਲ ਫੋਲਾਇਆ । ਗੁਰਸਿਖ ਪੱਲੇ ਬੰਨੇ ਸਾਚੀ ਗਾਠਾ, ਚੋਰ ਯਾਰ ਕੋਈ ਲੁੱਟ ਨਾ ਜਾਇਆ । ਪਿਛਲਾ ਪੂਰਾ ਕਰਨ ਆਇਆ ਘਾਟਾ, ਏਕਾ ਜੋਤੀ ਜੋਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਇਆ । ਗੁਰਸਿਖ ਸਾਚਾ ਆਪ ਉਠੌਣਾ, ਆਪਣੇ ਹੱਥ ਰੱਖੇ ਵਡਿਆਈਆ । ਆਤਮ ਬ੍ਰਹਮ ਗਿਆਨ ਦਵੌਣਾ, ਆਤਮ ਬ੍ਰਹਮ ਕਰੇ ਜਣਾਈਆ ।

ਏਕਾ ਅੱਖਰ ਜਗਤ ਵੱਖਰ ਹਰਿ ਸ਼ਬਦ ਪੜ੍ਹੌਣਾ, ਸਾਚੀ ਬੂਝ ਬੁਝਾਈਆ । ਏਕਾ ਮਾਰਗ ਏਕਾ ਮੱਗ ਏਕਾ ਪੰਥ ਲਗੌਣਾ, ਏਕਾ ਰਾਹ ਵਖਾਈਆ । ਏਕਾ ਪੂਜਾ ਏਕਾ ਪਾਠਾ ਏਕਾ ਗ੍ਰੰਥ ਰਖੌਣਾ, ਨਾ ਕੋਈ ਦੂਜੀ ਹੋਰ ਜਣਾਈਆ । ਆਤਮ ਅਨਾਦੀ ਧੁਨ ਅਨਹਦ ਸਾਚਾ ਸੰਖ ਵਜੌਣਾ, ਨਾ ਝੂਠੀ ਕਰੇ ਸੁਣਾਈਆ । ਚਰਨ ਕਵਲ ਪਿਆਰ ਰੋਜ਼ਾ ਬਾਂਗ ਕਰੌਣਾ, ਨਾ ਮਸੱਲਾ ਹੇਠ ਵਿਛਾਈਆ । ਐਨਲਹਕ ਨਾਅਰਾ ਏਕਾ ਲੌਣਾ, ਮੁਕਾਮੇ ਹੱਕ ਮਿਲੇ ਖ਼ੁਦਾਈਆ । ਗੁਰਮੁਖ ਸਾਚੇ ਮੇਲ ਮਿਲੌਣਾ, ਅੰਦਰ ਮੰਦਰ ਕਰੇ ਰਸਾਈਆ । ਸਾਚੇ ਮੰਦਰ ਆਪ ਬਹੌਣਾ, ਆਪੇ ਵੇਖੇ ਚਾਈਂ ਚਾਈਂਆ । ਲਹਿਣਾ ਦੇਣਾ ਮੂਲ ਚੁਕੌਣਾ, ਭੁੱਲ ਰਹੇ ਨਾ ਰਾਈਆ । ਏਕਾ ਰਾਗ ਏਕਾ ਸ਼ਬਦ ਰਸਨ ਗੌਣਾ, ਗੁਣ ਗਾਵਤ ਰੈਣ ਵਿਹਾਈਆ । ਰੈਣ ਦਿਵਸ ਏਕਾ ਰੰਗ ਰੰਗੌਣਾ, ਅੱਠੇ ਪਹਿਰ ਕਰੇ ਜਣਾਈਆ । ਗੁਰਮੁਖ ਸਾਜਣ ਆਪ ਉਠੌਣਾ, ਹਰਿ ਸਾਚਾ ਆਪ ਜਗਾਈਆ । ਸੇਵ ਲਗਾਏ ਪਵਣ ਪਵਣਾ ਗੁਰ ਗੋਬਿੰਦ ਵੇਖ ਵਖਾਈਆ । ਜਨ ਭਗਤਾਂ ਅੰਮ੍ਰਿਤ ਆਤਮ ਮੇਘ ਬਰਖੇ ਸਵਣਾ, ਏਕਾ ਧਾਰ ਚਲਾਈਆ । ਹਰਿਜਨ ਤੇਰੀ ਮਹਿਮਾ ਹਰਿ ਬਿਨ ਜਾਣੇ ਕਵਣਾ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਮਰਨਾ ਜੰਮਣਾ, ਜੰਮਣਾ ਮਰਨਾ ਖੇਲ ਰਚਾਈਆ । ਮਰ ਮਰ ਜੰਮੇ ਜੀਵ ਗਵਾਰ, ਜੁਗ ਜੁਗ ਖੇਲ ਰਚਾਇਆ । ਆਵੇ ਜਾਵੇ ਵਿਚ ਸੰਸਾਰਾ, ਲੱਖ ਚੁਰਾਸੀ ਗੇੜ ਭਵਾਇਆ । ਗੁਰਮੁਖਾਂ ਮੇਲਾ ਸਚ ਦਰਬਾਰ, ਧੁਰ ਦੀ ਬਾਣ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਜਗ ਮੇਲ ਮਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜਿਆ, ਕਲਜੁਗ ਮੇਲਾ ਹਰਿ ਗੋਬਿੰਦ । ਗੁਰਮਤ ਸਾਚੀ ਸਿਖ ਸਿਖੀ ਸਿਖੜਿਆ, ਮਿਲੇ ਮੇਲ ਗੁਰ ਗੋਬਿੰਦ । ਧੁਰ ਦਾ ਲੇਖ ਲਲਾਟ ਜੋ ਹਰਿ ਲਿਖੜਿਆ, ਮੇਟ ਮਿਟਾਏ ਸਗਲੀ ਚਿੰਦ । ਰਾਹ ਧੁਰ ਦਾ ਸਦਾ ਬਿਖੜਿਆ, ਬਿਨ ਗੁਰ ਪੂਰੇ ਪਾਰ ਨਾ ਕਰਾਵੇ ਕੋਈ ਸਾਗਰ ਸਿੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚੇ ਦਰ, ਆਪ ਮਿਟਾਏ ਸਗਲੀ ਚਿੰਦ । ਹਰਿ ਸੱਜਣ ਜਗ ਮੀਤੜਾ, ਹਰਿ ਹਰਿ ਆਪ ਅਖਵਾਇਆ । ਦੇਵੇ ਨਾਮ ਸ਼ਬਦ ਅਨਡੀਠੜਾ, ਨਾ ਕੋਈ ਵੇਖੇ ਵੇਖ ਵਖਾਇਆ । ਕਰੇ ਪਵਿਤ ਪੱਤਤ ਪੁਨੀਤੜਾ, ਪੱਤਤ ਪਵਿਤ ਨਾਮ ਧਰਾਇਆ । ਕਾਇਆ ਮਾਟੀ ਕੌੜਾ ਰੀਠੜਾ, ਪੰਚ ਤਤ ਵਿਕਾਰ ਭਰਾਇਆ । ਰਸ ਰਸਨਾ ਸਾਚਾ ਮੀਠੜਾ, ਹਰਿ ਹਰਿ ਸ਼ਬਦ ਸੁਣਾਇਆ । ਗੁਰਮੁਖ ਗਾਏ ਸੁਹਾਗੀ ਗੀਤੜਾ, ਘਰ ਮੇਲਾ ਸਹਿਜ ਸੁਭਾਇਆ । ਕਲਜੁਗ ਚਲੀ ਅਵੱਲੀ ਰੀਤੜਾ, ਵੇਦ ਪੁਰਾਨ ਭੇਦ ਨਾ ਰਾਇਆ । ਨਾ ਕੋਈ ਮੰਦਰ ਗੁਰਦਵਾਰ ਮਸੀਤੜਾ, ਸ਼ਿਵਦਵਾਲਾ ਮੱਠ ਨਾ ਕੋਈ ਰਖਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਜੋਤੀ ਨੂਰ ਬੈਠਾ ਅਤੀਤੜਾ, ਦਿਸ ਕਿਸੇ ਨਾ ਆਇਆ । ਆਪਣਾ ਖੇਲ ਆਪੇ ਕੀਤੜਾ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਮਿਲਾਇਆ । ਹਰਿ ਸੱਜਣ ਘਰ ਪੇਖਿਆ, ਨੇਤਰ ਨੈਣ ਉਘਾੜ । ਗੁਰ ਪੂਰਾ ਪਤਿਪਰਮੇਸ਼ਵਰ ਸਵਾਮੀ ਵੇਖਿਆ, ਕਾਇਆ ਜੰਗਲ ਜੂਹ ਉਜਾੜ । ਘਰ ਮੰਦਰ ਬਹਿ ਬਹਿ ਲਿਖੇ ਲੇਖਿਆ, ਬਜਰ ਕਪਾਟੀ ਸਿਲਾ ਪਾੜ । ਮਨਮੁਖ ਭੁੱਲੇ ਭਰਮ ਭੁਲੇਖਿਆ, ਵਾ ਲੱਗੇ ਤੱਤੀ ਹਾੜ । ਕਿਸੇ ਹੱਥ ਨਾ ਆਏ ਧਾਰੀ ਕੇਸਿਆ, ਜੋਤੀ ਅਗਨੀ ਨਾੜ ਨਾੜ । ਜੋਤੀ ਜਾਮਾ ਸ੍ਰੀ ਭਗਵਾਨਾ ਮੇਲ ਮਿਲਾਵਾ ਸ੍ਰੀ ਦਸ ਦਸਮੇਸਿਆ, ਧਰਤ ਮਾਤ ਸਚ ਅਖਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਵੇਖੇ ਹਰਿ, ਆਪ ਬਣਾਏ ਸਾਚੇ

ਲਾੜ । ਗੁਰਮੁਖ ਸਾਜਣ ਸਾਚਾ ਲਾੜਾ, ਹਰਿ ਸਾਚੇ ਆਪ ਸਜਾਇਆ । ਸ਼ਬਦੀ ਘੋੜੇ ਆਪ ਚਾੜ੍ਹਾ, ਆਪੇ ਰਾਹ ਤਕਾਇਆ । ਲੋਕਮਾਤ ਵੇਖੇ ਧਰਮ ਅਖਾੜਾ, ਕਲ ਧਰਮੀ ਧਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਏਕਾ ਦਰ, ਦਰ ਦਵਾਰਾ ਵੇਖ ਵਖਾਇਆ ।

## * ੧੯ ਸਾਵਣ ੨੦੧੫ ਬਿਕ੍ਰਮੀ ਬਲਵੰਤ ਸਿੰਘ ਦੇ ਘਰ ਜਲਾਲਾਬਾਦ *

ਏਕਾ ਇਕੀ ਏਕਾ ਕਾਰ, ਏਕਾ ਕਰਮ ਕਮਾਇਆ । ਏਕਾ ਸਿਖੀ ਸਿਖ ਵਿਚਾਰ, ਸਾਚੀ ਸਿਖਿਆ ਦੇ ਮਤ ਸਮਝਾਇਆ । ਲੇਖਾ ਲਿਖਿਆ ਧੁਰ ਕਰਤਾਰ, ਮਸਤਕ ਲਹਿਣਾ ਪੂਰਬ ਰਿਹਾ ਚੁਕਾਇਆ । ਨਾ ਕੋਈ ਮੇਟ ਮਿਟਾਏ ਵਿਚ ਸੰਸਾਰ, ਭਰਮ ਭੁਲੇਖਾ ਰਹੇ ਨਾ ਰਾਇਆ । ਦਸ ਦਸਮੇਸਾ ਕਰ ਪਿਆਰ, ਚਰਨ ਚਰਨੋਦਕ ਮੁਖ ਚੁਆਇਆ । ਬਾਲੀ ਬਾਲਾ ਮੀਤ ਮੁਰਾਰ, ਗੋਬਿੰਦ ਗੋਪਾਲਾ ਵੇਖ ਵਖਾਇਆ । ਮਤ ਬੁਧ ਪਾਏ ਸਾਰ, ਮਨ ਮਨਸਾ ਪੂਰ ਕਰਾਇਆ । ਧਰਮ ਯੁਧ ਤਤ ਵਿਚਾਰ, ਆਤਮ ਪੜਦਾ ਲਾਹਿਆ । ਕਰਮ ਬਸਤਰ ਤਨ ਸ਼ੰਗਾਰ, ਸਾਚਾ ਵੇਸ ਵਟਾਇਆ । ਨਾਮ ਸ਼ਸਤਰ ਤੇਜ਼ ਕਟਾਰ, ਅੰਗੀਕਾਰ ਅਖਵਾਇਆ । ਨੇਤਰ ਨੈਣਾ ਦਰਸ ਅਪਾਰ, ਤ੍ਰਿਸਨਾ ਭੁੱਖ ਮਿਟਾਇਆ । ਭਗਤ ਭਗਵੰਤ ਏਕਾ ਧਾਰ, ਏਕਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਜਨਨੀ ਵੇਖ ਵਖਾਇਆ । ਜਨ ਜਨਨੀ ਜਨ ਜਾਣਿਆ, ਜਾਨਣਹਾਰ ਦਾਤਾਰ । ਘਰ ਆਪਣਾ ਆਪ ਪਛਾਣਿਆ, ਵੇਖੇ ਦਰ ਸੱਚਾ ਦਰਬਾਰ । ਅੰਮ੍ਰਿਤ ਮਿਲੇ ਠੰਡਾ ਪਾਣੀਆ, ਆਤਮ ਤ੍ਰਿਸਨਾ ਦਏ ਨਿਵਾਰ । ਸ਼ਬਦ ਮਿਲਾਵਾ ਸਾਚੇ ਹਾਣੀਆ, ਏਕਾ ਰੰਗ ਰੰਗੇ ਕਰਤਾਰ । ਸ਼ਬਦੀ ਸ਼ਬਦ ਸੁਣਾਏ ਸਾਚੀ ਬਾਣੀਆ, ਅੱਠੇ ਪਹਿਰ ਰਹੇ ਖੁਮਾਰ । ਲੇਖੇ ਜੇਰਜ ਖਾਣੀਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਪਾ ਕਰੇ ਪਰਵਰਦਿਗਾਰ । ਕਿਰਪਾ ਨਿਧ ਸਰਬ ਜੀਆ ਦਾਤਾ, ਜੀਆ ਦਾਨ ਬਖ਼ਸ਼ਿੰਦ । ਆਤਮ ਬ੍ਰਹਮ ਸਰਬ ਗਿਆਤਾ, ਨਾਮ ਸਖਾਈ ਸਦਾ ਬਖ਼ਸ਼ਿੰਦ । ਦੋ ਜਹਾਨੀ ਪਿਤਾ ਮਾਤਾ, ਦਾਤਾ ਦਾਨੀ ਗੁਣੀ ਗਹਿੰਦ । ਮੇਟੇ ਰੈਣ ਅੰਧੇਰੀ ਰਾਤਾ, ਜਗਤ ਮਿਟਾਏ ਸਗਲੀ ਚਿੰਦ । ਚਰਨ ਕਵਲ ਬੰਧਾਏ ਸਾਚਾ ਨਾਤਾ, ਸੁਤ ਉਪਜਾਏ ਸਾਚੀ ਬਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਵਾ ਨਰੇਸ਼ ਨਰਿੰਦ । ਨਰੇਸ਼ ਨਰਿੰਦ ਸ਼ਬਦ ਸੁਲਤਾਨਾ, ਮਿਹਰਵਾਨ ਅਖਵਾਇਆ । ਜੁਗਤੀ ਭੁਗਤੀ ਕਰ ਪਰਵਾਨਾ, ਸ਼ਕਤੀ ਸ਼ਕਤ ਸਮਾਇਆ । ਏਕਾ ਬੰਨੇ ਸਾਚਾ ਗਾਨਾ, ਵੇਲਾ ਵਕ਼ਤ ਨਾ ਕੋਈ ਰਖਾਇਆ । ਪੂਰਨ ਭਗਤੀ ਕਰ ਪਰਵਾਨਾ, ਲਹਿਣਾ ਦੇਣਾ ਝੋਲੀ ਪਾਇਆ । ਆਤਮ ਮਾਰੇ ਤੀਰ ਨਿਸ਼ਾਨਾ, ਤੀਰ ਨਿਰਾਲਾ ਇਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਲੀ ਬਾਲਾ ਗੋਦ ਉਠਾਇਆ । ਬਾਲੀ ਬਾਲਾ ਸੁਤ ਦੁਲਾਰਾ, ਸੱਜਣ ਸਚ ਘਰ ਵਸਿਆ । ਮਿਲਿਆ ਮੇਲ ਪੁਰਖ ਅਪਾਰਾ, ਨਿਤ ਨਵਿਤ ਇਕ ਅਦੇਸਿਆ । ਢਹਿ ਢਹਿ ਪਏ ਚਰਨ ਦਵਾਰਾ, ਲੇਖੇ ਲੱਗੇ ਸੀਸ ਕੇਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਸ਼ਬਦ ਸੰਦੇਸ਼ਿਆ । ਨਾਮ ਸੰਦੇਸ਼ਾ ਕਾਇਆ ਮੰਦਰ, ਹਰਿ ਸਾਚਾ ਆਪ ਜਣਾਇੰਦਾ । ਤੋੜੇ ਗੜ੍ਹ ਹੰਕਾਰੀ ਜੰਦਰ, ਨਾਮ ਕੁੰਡਾ ਇਕ ਵਖਾਇੰਦਾ । ਭਾਗ ਲੱਗੇ ਡੂੰਘੀ

ਕੰਦਰ, ਅਗਿਆਨ ਅੰਧੇਰ ਮਿਟਾਇੰਦਾ । ਮਨਮੁਖ ਜੀਵ ਭੌਂਦੇ ਬੰਦਰ, ਹਰਿ ਹਰਿ ਰੂਪ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਵਾ ਅੰਦਰੇ ਅੰਦਰ, ਘਰ ਸਾਚਾ ਬੰਕ ਸੁਹਾਇੰਦਾ । ਬੰਕ ਦਵਾਰਾ ਸਾਚਾ ਘਰ, ਘਰ ਘਰ ਆਪ ਟਿਕਾਇਆ । ਆਪੇ ਦੇਵਣਹਾਰਾ ਵਰ, ਆਪੇ ਵੇਖ ਵਖਾਇਆ । ਗੁਰਮੁਖ ਮੀਤਾ ਸਾਜਣ ਫੜ, ਗੀਤ ਸੁਹਾਗੀ ਇਕ ਅਲਾਇਆ । ਜੋਤ ਪਰਕਾਸ਼ ਨਾੜੀ ਨੜ, ਆਕਾਸ਼ ਆਕਾਸ਼ ਵਖਾਇਆ । ਆਪੇ ਬੈਠਾ ਅੰਦਰ ਵੜ, ਦਿਸ ਕਿਸੇ ਨਾ ਆਇਆ । ਪੌੜੀ ਪੌੜੀ ਗਿਆ ਚੜ੍ਹ, ਆਪਣਾ ਪੰਧ ਮੁਕਾਇਆ । ਦਰਸ ਦਿਖਾਏ ਅੱਗੇ ਖੜ, ਦਰ ਦਰਵਾਜ਼ਾ ਖੋਲ੍ਹ ਵਖਾਇਆ । ਸਰਨ ਸਰਨਾਈ ਸਰਨਗਤ ਜੋ ਜਨ ਗਏ ਪੜ, ਚਰਨ ਪ੍ਰੀਤੀ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਾਲ ਦੁਲਾਰਾ ਕਰ ਪਿਆਰਾ, ਘਰ ਸਾਚੇ ਦਏ ਸੁਹਾਇਆ । ਘਰ ਸਾਚਾ ਹਰਿ ਵਸੰਦੜਾ, ਪਾਰਬ੍ਰਹਮ ਕਰਤਾਰ । ਗੁਰਸਿਖ ਲੇਖੇ ਲਾਏ ਮਾਟੀ ਚੰਮੜਾ, ਹੱਡ ਮਾਸ ਨਾੜੀ ਰੱਤ ਅਪਾਰ । ਕਰਿਆ ਖੇਲ ਅਗੰਮ ਅਗੰਮੜਾ, ਸੁਰਤੀ ਸ਼ਬਦ ਮਿਲਾਵਾ ਵਿਚ ਸੰਸਾਰ । ਮਨਮੁਖ ਜੀਵ ਨਾ ਜਾਣੇ ਅੰਧੜਾ, ਹਉਮੇ ਹੰਗਤਾ ਡੁੱਬਾ ਵਿਚ ਸੰਸਾਰ । ਜੂਠਾ ਝੂਠਾ ਨਾਤਾ ਮਾਤ ਪਿਤ ਭਾਈ ਭੈਣ ਸਾਕ ਸੈਣ ਅੰਮੀ ਅੰਮੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਅਧਾਰ । ਨਾਮ ਅਧਾਰ ਨਿਝਰ ਰਸ, ਆਤਮ ਮੁਖ ਚੁਆਇਆ । ਹਰਿ ਕੰਤ ਮਿਲਾਵਾ ਹੱਸ ਹੱਸ, ਸਾਚੀ ਨਾਰੀ ਸੇਜ ਸੁਹਾਇਆ । ਉਚ ਅਟੱਲ ਮੁਨਾਰਾ ਆਪਣਾ ਰਾਹ ਆਪੇ ਰਿਹਾ ਦੱਸ, ਦੂਸਰ ਦਿਸ ਕਿਸੇ ਨਾ ਆਇਆ । ਮੇਲ ਮਿਲਾਏ ਨੱਸ ਨੱਸ, ਆਦਿ ਜੁਗਾਦੀ ਫੇਰਾ ਪਾਇਆ । ਹਰਿਜਨ ਹਿਰਦੇ ਆਪੇ ਵਸ, ਆਪ ਆਪਣਾ ਮੁਖ ਵਖਾਇਆ । ਸੁਫ਼ਲ ਕਰਾਈ ਮਾਤ ਕੁੱਖ, ਜਨ ਜਨਨੀ ਵੇਖ ਵਖਾਇਆ । ਉਲਟਾ ਮਾਤ ਗਰਭ ਨਾ ਹੋਏ ਰੁੱਖ, ਲੱਖ ਚੁਰਾਸੀ ਫੰਦ ਕਟਾਇਆ । ਜਗਤ ਜੀਵਣ ਜੀਵਣ ਦਾਤਾ ਕਟੇ ਦੁੱਖ, ਰੋਗ ਸੋਗ ਨਾ ਕੋਇ ਮਿਟਾਇਆ । ਅੱਠੇ ਪਹਿਰ ਬਖ਼ਸ਼ੇ ਆਪਣਾ ਦਰਸ, ਨੇਤਰ ਲੋਚਣ ਨੈਣ ਖੁਲ੍ਹਾਇਆ । ਆਪ ਮਿਟਾਏ ਝੂਠੀ ਹਰਸ, ਤਾਮਸ ਤ੍ਰਿਸਨਾ ਰਹਿਣ ਨਾ ਪਾਇਆ । ਏਕਾ ਮੇਘ ਦੇਵੇ ਵਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਲੀ ਬੁੱਧ ਬੁੱਧ ਬਿਬੇਕ ਪਾਇਆ । ਸ਼ਬਦ ਸ਼ਬਦ ਗੁਰ ਹਰਿ ਏਕ , ਏਕਾ ਨਾਮ ਦ੍ਰਿੜਾਇਆ । ਨਾਮ ਸ਼ਬਦ ਗੁਰ ਬਿਬਾਨਾ, ਏਕਾ ਏਕ ਰਖਾਇਆ । ਗੁਰਸਿਖ ਸਾਚਾ ਚਤੁਰ ਸੁਘੜ ਸਿਆਣਾ, ਗੁਰ ਪੂਰੇ ਆਪ ਬਹਾਇਆ । ਜਾਣੇ ਜਣਾਏ ਆਪਣਾ ਭਾਣਾ, ਭਾਣਾ ਰਾਣਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਤਣਿਆ ਆਪਣਾ ਤਾਣਾ, ਆਪੇ ਤਣਦਾ ਆਇਆ । ਜੁਗ ਤਾਣਾ ਆਪੇ ਤਣ, ਤੰਦੀ ਤੰਦ ਬੰਧਾਇਆ । ਸੁਘੜ ਸਿਆਣਾ ਆਪੇ ਬਣ, ਆਪਣਾ ਰਾਹ ਵਖਾਇਆ । ਗੁਰਸਿਖ ਜਗਾਏ ਸਾਚੇ ਜਨ, ਜਨ ਜਨਕਾ ਦਏ ਕਢਾਇਆ । ਜੋਤ ਜਗਾਏ ਨਿਰਮਲ ਤਨ, ਦੀਪਕ ਬਾਤੀ ਇਕ ਰਖਾਇਆ । ਫੇਰ ਫਿਰਾਏ ਮਣਕਾ ਮਨ, ਮਨ ਮਨੂਆ ਲਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਇਆ । ਗੁਰਸਿਖ ਮਿਲਾਵਾ ਹਰਿ ਹਰਿ ਕੰਤ, ਸਾਚੀ ਸੇਜ ਸੁਹਾਵਣੀ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਪ੍ਰਭ ਪੂਰ ਕਰਾਏ ਭਾਵਨੀ । ਸਖਾ ਸਖਾਈ ਸਦਾ ਸੁਹੇਲਾ ਆਦਿ ਅੰਤ, ਧੁਰਦਰਗਾਹੀ ਦੇਵੇ ਜਾਮਨੀ । ਮਿਲਿਆ ਮੇਲ ਬਾਲ ਨਿਧਾਨ ਬਲੀ ਬਲਵੰਤ, ਸਿੰਘ ਫੜਾਏ ਆਪਣੀ ਦਾਮਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟੇ ਰੈਣ ਅੰਧੇਰੀ ਸ਼ਾਮਨੀ ।

## ✻ ੧੯ ਸਾਵਣ ੨੦੧੫ ਬਿਕ੍ਰਮੀ ਨਰੈਣ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✻

ਆਦਿ ਪੁਰਖ ਹਰਿ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਜੋਤੀ ਕਰ ਉਜਿਆਰ, ਨਿਝ ਘਰ ਵੇਸ ਵਟਾਇਆ । ਆਪ ਆਪਣੀ ਬੰਨੇ ਧਾਰ, ਨਾ ਕੋਈ ਦੂਸਰ ਸੰਗ ਰਖਾਇਆ । ਇਕ ਅਕੱਲਾ ਕਰ ਪਿਆਰ, ਏਕਾ ਏਕੰਕਾਰਾ ਨਾਮ ਧਰਾਇਆ । ਖੇਲੇ ਖੇਲ ਖੇਲਣਹਾਰ, ਆਪਣੀ ਰਚਨਾ ਰਿਹਾ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਕਰ, ਏਕਾ ਆਪਣਾ ਰੰਗ ਰੰਗਾਇਆ । ਨਿਰਗੁਣ ਹਰਿ ਹਰਿ ਅਵਤਾਰਾ, ਆਪਣੀ ਜੋਤ ਜਗਾਈਆ । ਜੋਤੀ ਜੋਤ ਨੂਰ ਉਜਿਆਰਾ, ਏਕਾ ਏਕ ਰੁਸ਼ਨਾਈਆ । ਨਾ ਕੋਈ ਦੂਸਰ ਹੋਰ ਪਸਾਰਾ, ਨਾ ਕੋਈ ਥਾਨ ਸੁਹਾਈਆ । ਨਾ ਕੋਈ ਦੀਸੇ ਦਰ ਦਵਾਰਾ, ਦਰ ਦਰਬਾਰ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਜੋਤ ਸਰੂਪੀ ਜੋਤ ਅਕਾਲੀ, ਏਕਾ ਜੋਤ ਜਗਾਈਆ । ਏਕਾ ਜੋਤ ਬਣ ਦਲਾਲੀ, ਏਕਾ ਵਣਜ ਕਰਾਈਆ । ਏਕਾ ਕਰੇ ਹੱਕ ਹਲਾਲੀ, ਹੱਕ ਹਲਾਲ ਹੋ ਜਾਈਆ । ਏਕਾ ਸ਼ਾਹ ਏਕਾ ਕੰਗਾਲੀ, ਸ਼ਾਹ ਕੰਗਾਲ ਨਾਉਂ ਧਰਾਈਆ । ਏਕਾ ਧਰਮ ਏਕਾ ਧਰਮਸਾਲੀ, ਏਕਾ ਦਰ ਵਖਾਈਆ । ਏਕਾ ਖੇਲੇ ਖੇਲ ਨਿਰਾਲੀ, ਆਪਣੇ ਹੱਥ ਰੱਖੇ ਵਡਿਆਈਆ । ਅਗਨੀ ਜੋਤੀ ਜੋਤ ਜਵਾਲੀ, ਆਪੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨੂਰ ਨਿਸ਼ਾਨੀ, ਨੂਰੋ ਨੂਰ ਸਮਾਇਆ । ਆਪ ਆਪਣਾ ਬਣਾਏ ਆਦਿ ਭਵਾਨੀ, ਆਦਿ ਸ਼ਕਤੀ ਨਾਮ ਧਰਾਇਆ । ਆਪਣੀ ਕਰ ਆਪ ਕੁਰਬਾਨੀ, ਆਪ ਆਪਣਾ ਭੇਟ ਚੜ੍ਹਾਇਆ । ਆਪ ਆਪਣਾ ਬਣਿਆ ਦਾਨੀ, ਦਾਤਾ ਦਾਨੀ ਮੰਗਣ ਆਪੇ ਆਇਆ । ਆਪ ਆਪਣੀ ਮਾਰੇ ਕਾਨੀ, ਆਪ ਆਪਣਾ ਨਿਸ਼ਾਨ ਰਿਹਾ ਟਿਕਾਇਆ । ਆਪ ਆਪਣੀ ਚੜ੍ਹਿਆ ਜਵਾਨੀ, ਆਪ ਆਪਣਾ ਜੋਬਨ ਰਿਹਾ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਏਕਾ ਏਕ ਏਕੰਕਾਰਾ । ਆਪ ਆਪਣਾ ਕਰ ਪਸਾਰਾ, ਆਪੇ ਵੇਖੇ ਸੱਚੀ ਸਰਕਾਰਾ । ਆਪ ਆਪਣਾ ਲਾ ਦਰ ਦਰਬਾਰਾ, ਆਪ ਸੁਣਾਏ ਹੁਕਮ ਅਪਰ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਏਕਾ ਨੂਰੋ ਨੂਰ ਹੋਏ ਉਜਿਆਰਾ । ਜੋਤੀ ਨੂਰ ਹਰਿ ਉਜਾਲਾ, ਅਚਰਜ ਖੇਲ ਖਿਲਾਈਆ । ਆਪੇ ਹੋਇਆ ਗੁਰ ਗੋਪਾਲਾ, ਗੋਬਿੰਦ ਨਾਉਂ ਧਰਾਈਆ । ਆਪਣੀ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਧਰਾਈਆ । ਆਪਣੀ ਅਗਨੀ ਆਪੇ ਲਾਏ ਜੋਤ ਜਵਾਲਾ, ਆਪਣਾ ਤਤ ਆਪ ਰਖਾਈਆ । ਏਕਾ ਫਲ ਵੇਖੇ ਆਪਣੇ ਡਾਲ੍ਹਾ, ਆਪੇ ਲਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਵਟਾਈਆ । ਵੇਸ ਵਟਾਏ ਇਕ ਅਕੱਲਾ, ਏਕਾ ਕਾਰ ਕਮਾਇੰਦਾ । ਆਪ ਆਪਣਾ ਮੇਟੇ ਸੱਲਾ, ਆਪ ਆਪਣਾ ਦੁੱਖ ਵੰਡਾਇੰਦਾ । ਆਪ ਆਪਣਾ ਕਰੇ ਹੱਲਾ, ਆਪ ਆਪਣਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਹਰਿ ਹਰਿ ਨਿਰੰਕਾਰਾ, ਏਕਾ ਏਕ ਕਰਾਇਆ । ਇਕ ਅਕੱਲਾ ਪਾਵੇ ਸਾਰਾ, ਏਕਾ ਦਰ ਸੁਹਾਇਆ । ਨਾ ਕੋਈ ਗੁਰੂ ਪੀਰ ਸਾਧ ਸੰਤ ਦਿਸੇ ਅਵਤਾਰਾ, ਨਾ ਕੋਈ ਸਗਲਾ ਸੰਗ ਰਖਾਇਆ । ਖੇਲੇ ਖੇਲ ਖੇਲਣਹਾਰਾ, ਅਕਲ ਕਲਾ ਆਪ ਹੋ ਜਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਧਰ ਹਰਿ ਨਿਰੰਕਾਰ, ਆਪਣੀ ਕਰੇ ਆਪ ਵਡਿਆਈਆ । ਆਪੇ ਕਰ ਦਰ ਜੈਕਾਰ, ਆਪਣਾ ਨਾਅਰਾ ਲਾਈਆ । ਆਪਣਾ ਆਪ ਕਰੇ ਖ਼ਬਰਦਾਰ, ਆਪ ਆਪਣਾ ਲਏ ਉਠਾਈਆ । ਆਪ ਆਪਣਾ ਬਣੇ ਪਹਿਰੇਦਾਰ, ਆਪ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖੇ ਵੇਖਣਹਾਰ ਆਪ ਹੋ ਜਾਈਆ । ਨਾ ਕੋਈ ਦੂਸਰ ਉਥੇ ਕਰੇ ਸਵਾਲ, ਨਾ ਕੋਈ ਮੰਗੇ ਮੰਗ ਬਣ ਸਵਾਲੀਆ । ਪੰਜ ਤਤ ਨਾ ਕੋਈ ਵੱਜੇ ਤਾਲ, ਥਿਰ ਘਰ ਲੱਗਾ ਇਕ ਦਰਬਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ ਸਚ ਸਿੰਘਾਸਣ ਬੈਠਾ ਸਚ ਸਿਕਦਾਰੀਆ । ਸਚ ਸਿਕਦਾਰ ਹਰਿ ਨਿਰੰਕਾਰਾ, ਏਕਾ ਏਕ ਅਖਵਾਇਆ । ਖੇਲੇ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇਆ । ਲੋਆਂ ਪੁਰੀਆਂ ਨਾ ਕੋਈ ਅਕਾਰਾ, ਬ੍ਰਹਿਮੰਡ ਖੰਡ ਨਾ ਕੋਈ ਰਚਾਇਆ । ਰਵ ਸਸ ਨਾ ਕੋਈ ਸਤਾਰਾ, ਮੰਡਲ ਮੰਡਪ ਨਾ ਕੋਈ ਸੁਹਾਇਆ । ਪ੍ਰਿਥਮੀ ਅਕਾਸ਼ ਨਾ ਦਿਸੇ ਪਾੜਾ, ਨਾ ਕੋਈ ਵੇਖਣ ਵੇਖ ਵਖਾਇਆ । ਤ੍ਰੈਗੁਣ ਮਾਇਆ ਨਾ ਲਾਏ ਕੋਈ ਅਖਾੜਾ, ਨਾ ਕੋਈ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਏਕਾ ਘਰ, ਆਪ ਆਪਣਾ ਕਰਮ ਕਮਾਇਆ । ਨਿਰਗੁਣ ਵੇਸ ਪੁਰਖ ਅਬਿਨਾਸ਼, ਆਪਣਾ ਆਪ ਕਰਾਇਆ । ਆਪਣੇ ਚਰਨ ਕਰੇ ਆਪ ਆਦੇਸ਼, ਆਪ ਆਪਣਾ ਸੀਸ ਝੁਕਾਇਆ । ਆਪਣੀ ਜੋਤੀ ਆਪੇ ਕਰ ਪਰਵੇਸ਼, ਆਪੇ ਡਗਮਗਾਇਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇਆ । ਨਾ ਕੋਈ ਨਾਨਕ ਗੋਬਿੰਦ ਬਾਲ ਜਵਾਨੀ ਅਲੱੜ ਵਰੇਸ, ਹਰਿ ਜੋਤੀ ਨੂਰੋ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਥਾਨ ਸੁਹਾਇਆ । ਥਾਨ ਸੁਹਾਏ ਪੁਰਖ ਅਨਾਦਾ, ਏਕਾ ਧਾਰ ਚਲਾਈਆ । ਨਾ ਕੋਈ ਬ੍ਰਹਮ ਦਿਸੇ ਬ੍ਰਹਿਮਾਦਾ, ਪਾਰਬ੍ਰਹਮ ਵੱਡੀ ਵਡਿਆਈਆ । ਇਕ ਅਕੱਲਾ ਆਦਿ ਜੁਗਾਦਾ, ਆਪਣੀ ਰਚਨਾ ਰਿਹਾ ਰਚਾਈਆ । ਨਾ ਕੋਈ ਮਾਤ ਪਿਤ ਨਾ ਕੋਈ ਭੈਣ ਭਰਾ ਨਾ ਕੋਈ ਦਾਦੀ ਦਾਦਾ, ਸਾਕ ਸੈਣ ਨਾ ਕੋਈ ਰਖਾਈਆ । ਨਾ ਕੋਈ ਸੁਰ ਤਾਲ ਵਜਾਏ ਵਾਜਾ, ਨਾ ਕੋਈ ਤਾਰ ਸਤਾਰ ਹਿਲਾਈਆ । ਨਾ ਕੋਈ ਅੰਦਰ ਮੰਦਰ ਬਹਿ ਬਹਿ ਮਾਰੇ ਵਾਜਾਂ, ਉਚੀ ਕੂਕ ਨਾ ਦਏ ਦੁਹਾਈਆ । ਆਪਣੇ ਘਰ ਆਪੇ ਵਸਿਆ ਗ਼ਰੀਬ ਨਿਵਾਜ਼ਾ, ਆਪਣੀ ਦਇਆ ਕਮਾਈਆ । ਆਪ ਆਪਣੀ ਆਪੇ ਰੱਖੇ ਲਾਜਾ, ਲਾਜਾਵੰਤ ਆਪ ਹੋ ਜਾਈਆ । ਆਪਣੇ ਸੀਸ ਆਪਣਾ ਰੱਖੇ ਤਾਜਾ, ਸੀਸ ਜਗਦੀਸ ਇਕ ਟਿਕਾਈਆ । ਆਪੇ ਸ਼ਾਹੋ ਭੂਪ ਸੁਲਤਾਨ ਵਡ ਰਾਜਨ ਰਾਜਾ, ਸ਼ਾਹ ਸੁਲਤਾਨਾ ਨਾਉਂ ਰਖਾਈਆ । ਆਪਣਾ ਰਚਿਆ ਆਪੇ ਕਾਜਾ, ਆਪੇ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਹਰਿ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਜੋਤੀ ਜੋਤ ਜਗਾ, ਹਰੀ ਹਰਿ ਹਰਿ ਡਗਮਗਾਇਆ । ਆਪਣਾ ਸਗਨ ਮੁਖ ਲਗਾ, ਆਪਣਾ ਬੰਧਨ ਪਾਇਆ । ਆਪਣਾ ਤੰਦਨ ਆਪ ਬੰਧਾ, ਬੰਦੀਛੋੜ ਨਾਮ ਧਰਾਇਆ । ਆਪਣਾ ਚੰਦਨ ਆਪ ਲਗਾ, ਆਪੇ ਵੇਖ ਵਖਾਇਆ । ਆਪਣੇ ਪਰਮਾਨੰਦਨ ਆਪੇ ਗਿਆ ਸਮਾ, ਆਪ ਆਪਣਾ ਰਸ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਧਰ, ਏਕਾ ਸ਼ਕਤ ਨਾਮ ਰਖਾਇਆ । ਏਕਾ ਸ਼ਕਤ ਹਰਿ ਬਲਵਾਨ, ਆਪਣੀ ਆਪ ਕਰਾਈਆ । ਅੱਠੇ ਪਹਿਰ ਨੌਂਜਵਾਨ, ਨਾ ਮਰੇ ਨਾ ਜਾਈਆ । ਆਦਿ ਅੰਤ ਵਿਚ

ਮੈਦਾਨ, ਰਿਹਾ ਫੇਰੀਆਂ ਪਾਈਆ । ਖਾਣੀ ਬਾਣੀ ਨਾ ਕਰ ਸਕੇ ਕੋਈ ਪਛਾਣ, ਵਡ ਦਾਤਾ ਬੇਪਰਵਾਹੀਆ । ਆਪੇ ਜਾਣੇ ਆਪਣਾ ਆਵਣ ਜਾਣ, ਨਾ ਕੋਈ ਲੇਖਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਕਰ, ਏਕਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਰੂਪ ਹਰਿ ਕਰਤਾਰਾ, ਆਪਣਾ ਆਪ ਉਪਾਇਆ । ਆਪੇ ਬੈਠ ਸਚ ਸੱਚੇ ਦਰਬਾਰਾ, ਆਪਣਾ ਧੁਰ ਫ਼ਰਮਾਣ ਜਣਾਇਆ । ਆਪਣੀ ਕਰੇ ਆਪੇ ਕਾਰਾ, ਏਕਾ ਧੰਦੇ ਲਾਇਆ । ਏਕਾ ਨਾਮ ਕਰ ਪਿਆਰਾ, ਆਪ ਆਪਣਾ ਲਏ ਉਪਾਇਆ । ਜੋਤੀ ਮਾਤਾ ਸੁਤ ਦੁਲਾਰਾ, ਸ਼ਬਦੀ ਸ਼ਬਦ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਨਿਰਗੁਣ ਰੂਪ ਜੋਤ ਜਗਾ, ਸ਼ਬਦੀ ਸੁਤ ਉਪਾਇੰਦਾ । ਆਪਣਾ ਸ਼ਸਤਰ ਆਪ ਘੜਾ, ਆਪਣੇ ਹੱਥ ਉਠਾਇੰਦਾ । ਨਾ ਕੋਈ ਦੂਸਰ ਸਕੇ ਵੇਖ ਵਖਾ, ਦਿਸ ਕਿਸੇ ਨਾ ਆਇੰਦਾ । ਆਪਣਾ ਲੇਖਾ ਆਪੇ ਰਿਹਾ ਲਿਖਾ, ਲੇਖਾ ਲਿਖਤ ਵਿਚ ਨਾ ਕੋਈ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੰਡਾ ਕਰ ਤਿਆਰ, ਆਪੇ ਵੇਖੇ ਹਰਿ ਸਿਕਦਾਰ, ਆਪਣੇ ਹੱਥ ਉਠਾਇੰਦਾ । ਸਾਚਾ ਖੰਡਾ ਨਾਮ ਧਾਰ, ਹਰਿ ਸਾਚੇ ਆਪ ਉਪਾਈਆ । ਵੇਖੇ ਵਿਗਸੇ ਕਰੇ ਵਿਚਾਰ, ਆਪ ਆਪਣੀ ਦਇਆ ਕਮਾਈਆ । ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਆਪ ਆਪਣਾ ਮਤਾ ਪਕਾਈਆ । ਲੋਆਂ ਪੁਰੀਆਂ ਮਹੱਲ ਉਸਾਰ, ਮੰਡਲ ਮੰਡਪ ਦਏ ਸੁਹਾਈਆ । ਸ਼ਬਦ ਸੁਤ ਕਰ ਪਿਆਰ, ਦੇ ਮਤ ਰਿਹਾ ਸਮਝਾਈਆ । ਸ਼ਬਦ ਸੁਤ ਗੁਰ ਕਰਤਾਰ, ਆਪਣਾ ਨਾਉਂ ਧਰਾਈਆ । ਰੂਪ ਰੰਗ ਨਾ ਕਰੇ ਕੋਈ ਵਿਚਾਰ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਈਆ । ਜੋਤੀ ਨੂਰ ਜੋਤ ਉਜਾਗਰ, ਹਰਿ ਆਪਣਾ ਕਰਮ ਕਮਾਇਆ । ਏਕਾ ਸ਼ਬਦ ਕਰਾਏ ਸੌਦਾਗਰ, ਏਕਾ ਵਣਜ ਰਖਾਇਆ । ਬ੍ਰਹਿਮੰਡ ਸੁਹਾਏ ਸਾਚੀ ਗਾਗਰ, ਆਪਣਾ ਤਾਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਪ ਆਪਣਾ ਰੰਗ ਰੰਗਾ, ਆਪ ਆਪਣੀ ਦਇਆ ਕਮਾਈਆ । ਆਪ ਆਪਣੀ ਮੰਗ ਮੰਗਾ, ਆਪਣੀ ਇਛਿਆ ਪੂਰ ਕਰਾਈਆ । ਆਪ ਆਪਣਾ ਸੰਗ ਰਖਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਪਣੀ ਰਚਨ ਰਚਣਹਾਰਾ, ਤ੍ਰੈਗੁਣ ਵੇਸ ਵਟਾਇਆ । ਪਾਰਬ੍ਰਹਮ ਪੁਰਖ ਕਰਤਾਰਾ, ਰੂਪ ਅਨੂਪ ਦਰਸਾਇਆ । ਪੰਜ ਤਤ ਕਰ ਉਜਿਆਰਾ, ਤਤਵ ਤਤ ਬੰਧਾਇਆ । ਨਿਰਗੁਣ ਬੈਠ ਵਿਚ ਕਰੇ ਖੇਲ ਅਪਰ ਅਪਾਰਾ, ਦਿਸ ਕਿਸੇ ਨਾ ਆਇਆ । ਲੋਕਮਾਤ ਕਰ ਪਸਾਰਾ, ਲੱਖ ਚੁਰਾਸੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇਆ । ਪੰਜ ਤਤ ਕਰ ਤਿਆਰ, ਲੱਖ ਚੁਰਾਸੀ ਰਿਹਾ ਉਪਾਈਆ । ਮਾਨਸ ਮਾਨੁਖ ਦੇਵਤ ਸੁਰ ਲਏ ਉਭਾਰ, ਗਣ ਗੰਧਰਬ ਵੇਖ ਵਖਾਈਆ । ਯੱਛ ਕਿੰਨਰ ਹੋ ਉਜਿਆਰ, ਉਤਭੁਜ ਸੇਤਜ ਜੇਰਜ ਅੰਡ ਕਰ ਵਿਚਾਰ, ਕਿਰਿਆ ਕਰਨੀ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਵੰਡਾਈਆ । ਆਪਣੀ ਵੰਡ ਵੰਡਣਹਾਰਾ, ਏਕਾ ਏਕ ਅਖਵਾਇਆ । ਆਪ ਆਪਣਾ ਡੰਨਣਹਾਰਾ, ਵੇਸ ਅਨੇਕਾ ਲਏ ਵਟਾਇਆ । ਆਪਣੀ ਕੰਡ ਵੱਢਣਹਾਰਾ, ਆਪਣਾ ਖੰਡਾ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਖੇਲ ਸਬਾਇਆ । ਖੇਲ ਸਬਾਇਆ ਵੇਖਣਹਾਰਾ,

ਜੁਗ ਜੁਗ ਵੇਖ ਵਖਾਇੰਦਾ । ਲੋਕਮਾਤ ਲੈ ਅਵਤਾਰਾ, ਭੇਖੀ ਭੇਖ ਵਟਾਇੰਦਾ । ਜੀਵ ਜੰਤ ਨਾ ਪਾਇਣ ਸਾਰਾ, ਹਉਮੇ ਗੜ੍ਹ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਧਾਰ ਕਰ ਵਿਚਾਰ, ਦੋਏ ਵੇਖ ਵਖਾਇੰਦਾ । ਜਗਤ ਧਾਰ ਸਾਚੀ ਕੁੱਖ, ਹਰਿ ਹਰਿ ਬਣਤ ਬਣਾਇੰਦਾ । ਮਾਨਸ ਦੇਵਤ ਕਰੇ ਮਨੁਖ, ਮੂਰਖ ਧੰਦੇ ਲਾਇੰਦਾ । ਆਪਣੀ ਖੇਲ ਆਪੇ ਜਾਣੇ ਅਬਿਨਾਸ਼ੀ ਅਚੁੱਤ, ਭੇਵ ਕੋਈ ਨਾ ਪਾਇੰਦਾ । ਆਪ ਉਪਾਏ ਸਾਚੇ ਸੁੱਤ, ਸੁੰਭ ਨਿਸੁੰਭਾ ਨਾਉਂ ਧਰਾਇੰਦਾ । ਆਪਣੀ ਨਗਰੀ ਆਪੇ ਲੁੱਟ, ਆਪੇ ਸ਼ੋਰ ਮਚਾਇੰਦਾ । ਆਪ ਆਪਣਾ ਕੱਢੇ ਖੋਟ, ਆਪ ਆਪਣਾ ਮੁਖ ਭਵਾਇੰਦਾ । ਆਪ ਆਪਣੇ ਨਗਾਰੇ ਲਾਏ ਚੋਟ, ਆਪ ਆਪਣਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਹਰਿ ਨਿਰੰਕਾਰ, ਆਪਣੀ ਜੋਤ ਜਗਾਈਆ । ਆਪਣੀ ਸ਼ਕਤੀ ਕਰ ਪਿਆਰ, ਆਪਣਾ ਹੁਕਮ ਸੁਣਾਈਆ । ਆਪਣੀ ਭਗਤੀ ਦੇ ਅਧਾਰ, ਭਗਵੰਤ ਨਾਉਂ ਰਖਾਈਆ । ਜੋਗ ਜੁਗਤੀ ਕਰ ਉਜਿਆਰ, ਏਕਾ ਜੋਤ ਕਰੇ ਰੁਸ਼ਨਾਈਆ । ਨਾ ਕੋਈ ਜਾਣੇ ਨਾਰੀ ਨਾਰ, ਨਰ ਨਰਾਇਣ ਵੇਸ ਵਟਾਈਆ । ਆਪਣੇ ਘਰ ਆਪਣਾ ਕਰ ਤਿਆਰ, ਆਪ ਆਪਣਾ ਵੇਖ ਵਖਾਈਆ । ਆਪਣਾ ਖੰਡਾ ਫੜ ਦੋ ਧਾਰਾ, ਆਪਣੇ ਹੱਥ ਰਿਹਾ ਚਮਕਾਈਆ । ਚਤੁਰਭੁਜ ਭੇਵ ਨਿਆਰਾ, ਚਾਰੇ ਭੁਜਾਂ ਰਿਹਾ ਫੜਕਾਈਆ । ਆਪਣਾ ਰੂਪ ਵਟਾਏ ਵਿਚ ਸੰਸਾਰਾ, ਦੂਜਾ ਲੇਖ ਲਿਖਾਈਆ । ਅਸ਼ਟਭੁਜ ਦੇ ਲਲਕਾਰਾ, ਆਪਣੀ ਖੇਲ ਖਿਲਾਈਆ । ਖੇਲੇ ਖੇਲ ਏਕੰਕਾਰਾ, ਨਾ ਕੋਈ ਦੂਸਰ ਸੰਗ ਰਖਾਈਆ । ਤੀਰ ਕਟਾਰ ਬਰਛਾ ਫੜ ਤਿੱਖਾ ਆਰਾ, ਦੋ ਧੜ ਰਿਹਾ ਚਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਕਰੇ ਰਘੁਰਾਈਆ । ਅਸ਼ਟਭੁਜ ਇਸ਼ਟ ਜਵਾਲਾ ਆਪਣਾ ਨਾਉਂ ਧਰਾਇਆ । ਪਰਗਟ ਹੋ ਗੁਰ ਗੋਪਾਲਾ, ਲੋਕਮਾਤ ਉਠ ਧਾਇਆ । ਆਪਣਾ ਬਣਿਆ ਆਪ ਰਖਵਾਲਾ, ਆਪਣਾ ਸ਼ਸਤਰ ਆਪ ਉਠਾਇਆ । ਆਪਣੀ ਜੋਤੀ ਆਪ ਜਵਾਲਾ, ਆਪਣਾ ਨਾਉਂ ਰਖਾਇਆ । ਦੁਰਗਾ ਦਰਗਾਹ ਵੇਖੇ ਖੇਲ ਅਕਾਲਾ, ਕਾਲ ਮਹਾਂਕਾਲ ਨੇੜ ਨਾ ਆਇਆ । ਦੋ ਜਹਾਨੀ ਤੋੜ ਜੰਜਾਲਾ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਆਪ ਆਪਣਾ ਇਸ਼ਟ ਉਪਾਇਆ । ਆਪਣਾ ਇਸ਼ਟ ਆਪਣੀ ਦ੍ਰਿਸ਼ਟ, ਆਪੇ ਆਪ ਖੁਲ੍ਹਾਈਆ । ਭੇਵ ਨਾ ਜਾਣੇ ਜੀਵ ਸ੍ਰਿਸ਼ਟ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਆਪ ਲਏ ਅੰਗੜਾਈਆ । ਆਪ ਆਪਣਾ ਕਰਿਆ ਵੇਸਾ, ਆਪਣਾ ਤਨ ਸ਼ੰਗਾਰਿਆ । ਆਪਣੀ ਚਰਨੀ ਕਰ ਪਰਵੇਸਾ, ਆਪੇ ਉਠ ਲਲਕਾਰਿਆ । ਮਾਤਲੋਕ ਵੇਖਿਆ ਜਗਤ ਵੇਸਾ, ਕਾਮੀ ਕਰੋਧੀ ਜੀਵ ਹੰਕਾਰਿਆ । ਜਗਤ ਨਰਿੰਦ ਝੂਠ ਨਰੇਸ਼ਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰੇ ਖਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤੀ ਜੋਤ ਧਰ, ਆਪਣੀ ਸ਼ਕਤੀ ਆਪੇ ਵਖਾ ਰਿਹਾ । ਆਦਿ ਸ਼ਕਤੀ ਜੋਤ ਭਵਾਨੀ, ਲੋਕਮਾਤ ਉਠ ਧਾਈਆ । ਏਕਾ ਫੜਿਆ ਤੀਰ ਕਾਨੀ, ਸ਼ਸਤਰ ਆਪਣੇ ਹੱਥ ਉਠਾਈਆ । ਸ਼ਬਦ ਦਲੇਰ ਬਣ ਰਕਾਨੀ, ਬੈਠੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰਦਰਗਾਹੀ ਬਖ਼ਸ਼ੀ ਸਾਚੀ ਦਾਤ, ਸਗਲੀ ਝੋਲੀ ਪਾਈਆ । ਜਗਤ ਸ਼ੇਰ ਸ਼ਬਦ ਗੁਰ, ਹਰਿ ਹਰਿ ਆਪ ਉਪਾਇਆ । ਜੋਤ ਜਵਾਲਾ ਉਤੇ ਗਈ ਚੜ੍ਹ, ਦੁਰਗਾ ਅਸ਼ਟਮੀ ਨਾਉਂ ਧਰਾਇਆ । ਸੁੰਭ ਨਿਸੁੰਭਾ ਮਾਰੇ ਪਹਿਲਾ ਪੌੜ, ਅਠਵੰਜਾ

੪੯੦
੦੨

ਲੱਖ ਪਦਮ ਦਲ ਖਪਾਇਆ । ਪਾਰਬ੍ਰਹਮ ਅਬਿਨਾਸ਼ੀ ਲੋਕਮਾਤ ਆਪੇ ਜਾਏ ਬੌਹੜ, ਆਪ ਆਪਣਾ ਵੇਸ ਵਟਾਇਆ । ਜੰਗਲ ਜੂਹ ਉਜਾੜ ਪਹਾੜ ਵੇਖੇ ਦੌੜ ਦੌੜ, ਦਿਵਸ ਰੈਣ ਸੇਵ ਕਮਾਇਆ । ਦੈਂਤ ਯੱਖ ਰਹਿਣ ਨਾ ਦੇਵੇ ਕੋਈ ਕੌੜ, ਕੂੜੀ ਕਿਰਿਆ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸ਼ਕਤੀ ਆਪੇ ਲਏ ਉਪਾਇਆ । ਆਪਣੀ ਸ਼ਕਤੀ ਨਾਮ ਧਰਾ, ਆਪਣੀ ਕਲ ਧਾਰੀਆ । ਚਾਰੋਂ ਕੁੰਟ ਵੇਖ ਵਖਾ, ਦਹਿ ਦਿਸ਼ਾ ਪਾਵੇ ਸਾਰੀਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਮਨਾ, ਬਖ਼ਸ਼ੇ ਸਚ ਸੱਚੀ ਸਿਕਦਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਹਾਏ ਆਪਣਾ ਬੰਕ ਦਵਾਰੀਆ । ਬੰਕ ਦਵਾਰਾ ਹਰਿ ਬਰਾਜੇ, ਹਰਿ ਹਰਿ ਧਾਮ ਸੁਹਾਇਆ । ਆਦਿ ਜੁਗਾਦੀ ਰਚਿਆ ਕਾਜੇ, ਜੁਗ ਜੁਗ ਕਰਦਾ ਆਇਆ । ਗੁਰ ਗੋਬਿੰਦ ਮਾਰੇ ਵਾਜੇ, ਏਕਾ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਸਾਜਣ ਸਾਜੇ, ਨਾਮ ਖੰਡਾ ਹੱਥ ਫੜਾਇਆ । ਏਕਾ ਚੜ੍ਹਿਆ ਸਾਚੇ ਤਾਜੇ, ਏਕਾ ਅਸਵ ਰਿਹਾ ਦੌੜਾਇਆ । ਅੰਤਮ ਲਹਿਣਾ ਦੇਣਾ ਪੂਰ ਕਰਾਏ ਦੇਸ ਮਾਝੇ, ਨਿਹਕਲੰਕੀ ਜਾਮਾ ਪਾਇਆ । ਨੌਂ ਖੰਡ ਪ੍ਰਿਥਮੀ ਰਚਿਆ ਕਾਜੇ, ਸੱਤਾਂ ਦੀਪਾਂ ਵੇਖ ਵਖਾਇਆ । ਲੱਖ ਚੁਰਾਸੀ ਖੋਲ੍ਹੇ ਪਾਜੇ, ਮੂਰਖ ਮੂੜ੍ਹੇ ਦਏ ਖਪਾਇਆ । ਜਨ ਭਗਤਾਂ ਰੱਖਣਹਾਰਾ ਲਾਜੇ, ਜੁਗ ਜੁਗ ਰੱਖਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਆਪਣਾ ਨਾਉਂ ਰਖਾਇਆ । ਹਰਿ ਜੋਤ ਹਰਿ ਰੂਪ ਹੈ, ਹਰਿ ਹਰ ਵਿਚ ਸਮਾਏ । ਹਰਿ ਜੋਤ ਚਾਰੋਂ ਕੂਟ ਹੈ, ਦਹਿ ਦਿਸ਼ਾ ਡੇਰਾ ਲਾਏ । ਹਰਿ ਜੋਤ ਸ਼ਾਹੋ ਭੂਪ ਹੈ, ਸਚ ਸਿਕਦਾਰ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਏ । ਹਰਿ ਜੋਤ ਹਰਿ ਰੰਗ ਹੈ, ਰੰਗ ਰੂਪ ਅਪਾਰ । ਹਰਿ ਜੋਤ ਮੰਗੇ ਆਪਣੀ ਮੰਗ ਹੈ, ਬਣ ਆਪਣੇ ਦਰ ਭਿਖਾਰ । ਹਰਿ ਜੋਤ ਵੇਖੇ ਆਪਣੇ ਸੰਗ ਹੈ, ਪਰਗਟ ਹੋ ਨੂਰੀ ਨੂਰ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਥਾਹ ਬੇਪਰਵਾਹ, ਏਕਾ ਏਕ ਏਕੰਕਾਰ । ਏਕਾ ਜੋਤ ਹਰਿ ਉਜਾਲਾ, ਆਪਣੀ ਆਪ ਕਰਾਇੰਦਾ । ਸਤਿਜੁਗ ਸਾਚਾ ਬਣ ਰਖਵਾਲਾ, ਸਨਕ ਸਨੰਦਨ ਸਨਾਤਨ ਸੰਤ ਕਮਾਰਾ ਨਾਉਂ ਧਰਾਇੰਦਾ । ਬਰਾਹ ਰੂਪ ਖੇਲ ਨਿਰਾਲਾ, ਆਪਣਾ ਵੇਸ ਵਟਾਇੰਦਾ । ਆਪਣੀ ਚਲੇ ਅਵੱਲੜੀ ਚਾਲਾ, ਯਗੈ ਪੁਰਸ਼ ਅਖਵਾਇੰਦਾ । ਜੋਤੀ ਜੋਤ ਨੂਰ ਗੋਪਾਲਾ, ਹਾਵ ਗਰੀਵ ਅਖਵਾਇੰਦਾ । ਨਰ ਨਰਾਇਣ ਅਕਲ ਅਕਾਲਾ, ਆਪ ਆਪਣਾ ਵੇਖ ਵਖਾਇੰਦਾ । ਕਪਲ ਮੁਨ ਮਾਰ ਧਿਆਨ, ਧੁਨੀ ਨਾਦ ਵਜਾਇੰਦਾ । ਦੱਤਾ ਤ੍ਰੈ ਮੇਲ ਮਿਲੌਣਾ, ਦੀਪਕ ਇਕ ਟਿਕਾਇੰਦਾ । ਰਿਖਭ ਦੇਵ ਕਰ ਪਰਵਾਨਾ, ਆਪਣੀ ਬੂਝ ਬੁਝਾਇੰਦਾ । ਪ੍ਰਿਥੁ ਮੇਲਾ ਗੁਣ ਨਿਧਾਨਾ, ਗੁਣ ਦਾਇਕ ਆਪ ਅਖਵਾਇੰਦਾ । ਮਤਸ ਖੇਲੇ ਖੇਲ ਨਿਧਾਨਾ, ਆਪ ਆਪਣੀ ਕਲ ਵਰਤਾਇੰਦਾ । ਕਛ ਰੂਪ ਵਡ ਪਰਧਾਨਾ, ਮਿੰਦਰਾ ਪਿਠ ਉਠਾਇੰਦਾ । ਧਨੰਤਰ ਵੈਦ ਉਠ ਜਵਾਨਾ, ਔਸ਼ਧ ਮੇਟ ਮਿਟਾਇੰਦਾ । ਬਾਵਨ ਭੇਖ ਕਰ ਗੁਣ ਨਿਧਾਨਾ, ਬਲ ਰਾਜਾ ਛਲ ਛਲਾਇੰਦਾ । ਹੰਸ ਬਣਿਆ ਖੇਲ ਪਰਵਾਨਾ, ਏਕਾ ਗਿਆਨ ਧਿਆਨ ਦ੍ਰਿੜਾਇੰਦਾ । ਮੋਹਣੀ ਰੂਪ ਹਰਿ ਭਗਵਾਨਾ, ਮੋਹਣ ਮਾਧਵ ਆਪ ਦਰਸਾਇੰਦਾ । ਨਰ ਸਿੰਘ ਜੋਤ ਜਗਤ ਜਹਾਨਾਂ ਆਪਣੀ ਆਪ ਜਗਾਇੰਦਾ । ਹਰੀ ਹਰ ਵਡ ਬਲਵਾਨਾ, ਗਜ ਬੇੜਾ ਪਾਰ ਕਰਾਇੰਦਾ । ਨਰ ਨਰਾਇਣ ਖੇਲ ਮਹਾਨਾ, ਬਾਲਕ ਧਰੂ ਤਰਾਇੰਦਾ । ਵਾਰ ਅਠਾਰਾਂ ਜੋਤ ਜਗਾਨਾ, ਸਤਿਜੁਗ ਬੇੜਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖ

੪੯੧
੦੨

ਵਖਾਇੰਦਾ । ਤ੍ਰੇਤਾ ਤੇਰੀ ਬੰਨੇ ਧਾਰ, ਤੇਰਾ ਰੰਗ ਰੰਗਾਇਆ । ਪਰਸ ਪਰਸਾ ਕਰ ਪਿਆਰ, ਕੌਰੂ ਕੁਸ਼ੇਤਰ ਧਾਮ ਸੁਹਾਇਆ । ਰਾਮ ਰਾਮਾ ਪਾਏ ਸਾਰ, ਆਪ ਆਪਣੀ ਜੋਤ ਜਗਾਇਆ । ਰਾਵਣ ਤੋੜੇ ਗੜ੍ਹ ਹੰਕਾਰ, ਲਹਿਣਾ ਦੇਣਾ ਮੂਲ ਚੁਕਾਇਆ । ਪਰਗਟ ਹੋ ਵਿਚ ਸੰਸਾਰ, ਸੀਤਾ ਸੁਰਤੀ ਲਏ ਪਰਨਾਇਆ । ਅਕਾਲ ਮੂਰਤੀ ਕਰ ਪਿਆਰ, ਏਕਾ ਇਸ਼ਟ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਲਹਿਣਾ ਤੇਰੀ ਝੋਲੀ ਪਾਇਆ । ਦੁਆਪਰ ਉਠ ਲੱਗਾ ਭਾਗ, ਹਰਿ ਸਾਚੇ ਜੋਤ ਜਗਾਈਆ । ਵੇਦ ਵਿਆਸਾ ਲੱਗਾ ਦਾਗ਼, ਆਪੇ ਰਿਹਾ ਧਵਾਈਆ । ਪੁਰਾਨ ਅਠਾਰਾਂ ਏਕਾ ਵਾਕ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਲਿਖਾਈਆ । ਕ੍ਰਿਸ਼ਨ ਕ੍ਰਿਸ਼ਨਾ ਪੂਰਾ ਕਰੇ ਵਾਕ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਮੁਕੰਦ ਮਨੋਹਰ ਲੱਖਮੀ ਨਰਾਇਣ ਆਪਣੇ ਅੰਦਰ ਆਪੇ ਵੇਖੇ ਮਾਰ ਝਾਕ, ਆਪਣਾ ਕੁੰਡਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਆਪ ਵੰਡਾਈਆ । ਦੁਆਪਰ ਤੇਰੀ ਵੰਡੀ ਵੰਡ, ਹਰਿ ਸਾਚੀ ਜੋਤ ਜਗਾਈਆ । ਕਾਹਨਾ ਕ੍ਰਿਸ਼ਨਾ ਖੇਲ ਬ੍ਰਹਿਮੰਡ, ਤ੍ਰਿਲੋਕੀ ਨਾਥ ਅਖਵਾਈਆ । ਆਪੇ ਕਰੇ ਖੰਡ ਖੰਡ, ਆਪੇ ਮੇਟ ਮਿਟਾਈਆ । ਆਪੇ ਵੇਖੇ ਨਾਰ ਦੁਹਾਗਣ ਰੰਡ, ਗੁਰਮੁਖ ਆਪੇ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪੇ ਰਿਹਾ ਕਰਾਈਆ । ਜੁਗ ਜੁਗ ਵੇਸ ਹਰਿ ਅਵੱਲਾ, ਬੋਧ ਗਿਆਨ ਦ੍ਰਿੜਾਇਆ । ਕਲਜੁਗ ਬੈਠਾ ਇਕ ਅਕੱਲਾ, ਪਰਵਰਦਿਗਾਰ ਅਖਵਾਇਆ । ਈਸਾ ਮੂਸਾ ਹਰਿ ਦੇਵੇ ਪੱਲਾ, ਆਪਣਾ ਲੜ ਫੜਾਇਆ । ਸ੍ਰਿਸ਼ਟ ਸਬਾਈ ਰਾਣੀ ਅੱਲਾ, ਏਕਾ ਨਾਅਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪਣਾ ਕਰ, ਜਿਉਂ ਭਾਵੇ ਤਿਉਂ ਰਿਹਾ ਕਰਾਇਆ । ਜਿਉਂ ਭਾਵੇ ਤਿਉਂ ਕਰਦਾ ਆਇਆ ਜਗ, ਜੁਗ ਵੱਡੀ ਵਡਿਆਈਆ । ਲਹਿਣਾ ਦੇਣਾ ਕਿਸੇ ਨਾ ਦਰ, ਦਰ ਆਇਆਂ ਨਾ ਡੰਨ ਲਗਾਇਆ । ਆਪਣੇ ਅੰਮ੍ਰਿਤ ਆਪਣਾ ਤਾਲ ਆਪੇ ਸਰ, ਸਰੋਵਰ ਭਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਵਟਾਇਆ । ਆਪਣਾ ਵੇਸ ਹਰਿ ਵਟਾ, ਪੰਜ ਤਤ ਕਰੇ ਕੁੜਮਾਈਆ । ਬੂੰਦ ਰਕਤ ਲੇਖੇ ਲਾ, ਮਾਤਾ ਪਿਤਾ ਦਏ ਵਧਾਈਆ । ਹੱਡ ਮਾਸ ਨਾੜੀ ਜੋੜ ਜੁੜਾ, ਸਾਚੀ ਬਣਤ ਬਣਾਈਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਗਿਆ ਸੁਹਾ, ਮਨ ਮਤ ਬੁਧ ਨਾਲ ਰਲਾਈਆ । ਮਾਤ ਗਰਭੋਂ ਬਾਹਰ ਗਿਆ ਆ, ਹਰਿ ਸਾਚਾ ਵੇਖ ਵਖਾਈਆ । ਆਪਣੀ ਧਾਰ ਆਪ ਬੰਧਾ, ਆਪੇ ਬੂਝ ਬੁਝਾਈਆ । ਮਾਤ ਪਿਤਾ ਘਰ ਚੜ੍ਹਿਆ ਚਾ, ਨਾਨਕ ਨਾਮ ਧਰਾਈਆ । ਹਰਿ ਕਾ ਭਾਣਾ ਕੋਈ ਜਾਣੇ ਨਾ, ਭਰਮੇ ਭੁੱਲੀ ਸਰਬ ਲੋਕਾਈਆ । ਬਾਲ ਅਵਾਣੇ ਕੋਈ ਪਛਾਣੇ ਨਾ, ਨੇਤਰ ਨੈਣਾਂ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਦਿਤਾ ਏਕਾ ਵਰ, ਸ਼ਬਦ ਭੰਡਾਰਾ ਦੇਵੇ ਭਰ, ਜੋਤੀ ਵਿਚ ਟਿਕਾਈਆ । ਸ਼ਬਦ ਭੰਡਾਰਾ ਹਰਿ ਭਰਪੂਰਾ, ਆਪਣਾ ਆਪ ਭਰਾਇਆ । ਨਾਨਕ ਅੱਗੇ ਹਰਿ ਹਜ਼ੂਰਾ, ਹਰਿ ਹਰਿ ਨਜ਼ਰੀ ਆਇਆ । ਆਪੇ ਵਸੇ ਨੇੜੇ ਦੂਰਾ, ਭਾਂਡਾ ਭਰਮ ਭੰਨਾਇਆ । ਨਾਤਾ ਤੋੜੇ ਕੂੜੋ ਕੂੜਾ, ਲੜ ਆਪਣਾ ਆਪ ਫੜਾਇਆ । ਮਨਮੁਖ ਜੀਵ ਨਾ ਜਾਣੇ ਮੂਰਖ ਮੂੜਾ, ਹਰਿ ਕਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਸੱਦਿਆ ਆਪਣੇ ਘਰ, ਘਰ ਸਾਚਾ ਆਪ ਸੁਹਾਇਆ । ਸ਼ਬਦ ਸੁਨੇਹੜਾ ਹਰਿ ਹਰਿ ਘੱਲ, ਨਾਨਕ ਦਰ ਬੁਲਾਇਆ । ਨਾਨਕ

ਚੜ੍ਹਿਆ ਨਿਹਚਲ ਧਾਮ ਅਟੱਲ, ਦੂਸਰ ਕੋਈ ਨਾ ਰਾਹ ਤਕਾਇਆ । ਦੋ ਜਹਾਨਾਂ ਮਿਟਿਆ ਸਲ, ਪੁਰਖ ਅਬਿਨਾਸ਼ੀ ਪਾਇਆ । ਆਦਿ ਨਿਰੰਜਣ ਤੇਰੇ ਚਰਨ ਬੈਠਾ ਮਲ, ਵਿਛੜ ਕਦੇ ਨਾ ਜਾਇਆ । ਨਾ ਕੋਈ ਦੀਸੇ ਕਾਇਆ ਮਾਟੀ ਖਲ, ਸ਼ਬਦੀ ਸ਼ਬਦ ਸਮਾਇਆ । ਜੋਤੀ ਜੋਤ ਗਈ ਬਲ, ਹਰਿ ਜੋਤੀ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਮੇਲ ਮਿਲਾਇਆ । ਨਾਨਕ ਢਹਿ ਪਏ ਦਵਾਰ, ਘਰ ਸਾਚੇ ਵੱਜੀ ਵਧਾਈਆ । ਮੇਲ ਮਿਲਾਵਾ ਹਰਿ ਨਿਰੰਕਾਰ, ਰਸਨਾ ਹਰਿ ਗੁਣ ਗਾਈਆ । ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ, ਭੇਵ ਅਭੇਦ ਗਿਆ ਛੁਪਾਈਆ । ਦਰਸ਼ਨ ਪਾਇਆ ਗੁਰ ਕਰਤਾਰ, ਏਕਾ ਦੂਜਾ ਰਿਹਾ ਮਿਟਾਈਆ । ਸੋਹੰ ਸ਼ਬਦ ਲਿਆ ਉਚਾਰ, ਪਾਰਬ੍ਰਹਮ ਵੱਡੀ ਵਡਿਆਈਆ । ਤੇਰਾ ਮੇਰਾ ਇਕ ਪਿਆਰ, ਨਾ ਕੋਈ ਦੂਸਰ ਹੋਏ ਸਹਾਈਆ । ਮੇਰੀ ਚੋਲੀ ਰੰਗ ਵਿਚ ਸੰਸਾਰ, ਏਕਾ ਰੰਗਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਨਾਨਕ ਗੁਰ ਪਾਏ ਭਿਛਿਆ ਆਤਮ ਝੋਲੀ ਰਿਹਾ ਭਰਾਈਆ । ਹਰਿ ਹਰਿ ਦੇਵੇ ਹਰਿ ਭੰਡਾਰਾ, ਗੁਰ ਨਾਨਕ ਝੋਲੀ ਭਰਾਇੰਦਾ । ਏਕਾ ਸ਼ਬਦ ਆਪ ਉਚਾਰਾ, ਰਸਨਾ ਬੋਲ ਸੁਣਾਇੰਦਾ । ਸਤਿਨਾਮ ਕਰ ਵਰਤਾਰਾ, ਤੇਰਾ ਮੇਰਾ ਰੰਗ ਰੰਗਾਇੰਦਾ । ਕੂੜਾ ਨਾਤਾ ਤੁਟੇ ਸੰਸਾਰਾ, ਜੋ ਜਨ ਤੇਰਾ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਅਲੱਖ ਨਿਰੰਜਣ ਦਇਆ ਕਮਾ, ਅਗੰਮੜਾ ਧਾਮ ਸੁਹਾਇਆ । ਸਚਖੰਡ ਦਵਾਰਾ ਜੋਤ ਜਗਾ, ਨਾਨਕ ਮੇਲ ਮਿਲਾਇਆ । ਸ਼ਬਦ ਗਹਿਣਾ ਤਨ ਪਾ, ਇਕ ਸ਼ੰਗਾਰ ਵਖਾਇਆ । ਪ੍ਰੇਮ ਪਿਆਲਾ ਜਾਮ ਪਿਆ, ਅੱਠੇ ਪਹਿਰ ਖੁਮਾਰ ਰਖਾਇਆ । ਏਕਾ ਸੁਰ ਤਾਲ ਦਏ ਵਜਾ, ਨਾਨਕ ਨਿਰੰਕਾਰ ਨਿਰੰਕਾਰ ਨਿਰੰਕਾਰ ਗਾਇਆ । ਲੋਕਮਾਤ ਉਠ ਆਵੇ ਧਾ, ਆ ਆਪਣਾ ਰੂਪ ਵਟਾਇਆ । ਜੀਵ ਜੰਤ ਕੋਈ ਜਾਣੇ ਨਾ, ਜਲਧਾਰਾ ਫੋਲ ਫੁਲਾਇਆ । ਹਰਿ ਕਾ ਸ਼ਬਦ ਹਰਿ ਕਾ ਰੂਪ ਬਿਨ ਹਰਿ ਜੋਤ ਕੋਈ ਪਛਾਣੇ ਨਾ, ਲੇਖਾ ਲਿਖਤ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਜੋਤ ਏਕਾ ਧਰ, ਸ਼ਬਦ ਭੰਡਾਰ ਵਰਤਾਇਆ । ਸ਼ਬਦ ਭੰਡਾਰ ਹਰਿ ਵਰਤੰਤਾ, ਆਤਮ ਕਰੇ ਜਣਾਈਆ । ਪੂਰਨ ਜੋਗ ਦੇਵੇ ਸਾਚੇ ਸੰਤਾ, ਜਿਸ ਜਨ ਦ੍ਰਿਸ਼ਟੀ ਪਾਈਆ । ਗਰੀਬ ਨਿਮਾਣੇ ਮੇਲੇ ਹਰਿ ਹਰਿ ਸਾਚੇ ਕੰਤਾ, ਸਾਚੀ ਨਾਰੀ ਰੂਪ ਮਨਾਈਆ । ਆਤਮ ਸੇਜਾ ਇਕ ਸੁਹੰਤਾ, ਬੰਦ ਕਿਵਾੜਾ ਦਏ ਖੁਲ੍ਹਾਈਆ । ਕਾਇਆ ਚੋਲੀ ਤਨ ਰੰਗਤਾ, ਨਾਮ ਮਜੀਠੀ ਇਕ ਰੰਗਾਈਆ । ਗ਼ਰੀਬ ਨਿਮਾਣਾ ਹੋ ਹੋ ਗੁਰਮੁਖਾਂ ਦਰ ਦਵਾਰੇ ਫਿਰੇ ਮੰਗਦਾ, ਆਪਣੀ ਅੱਗੇ ਝੋਲੀ ਡਾਹੀਆ । ਹਉਂ ਸੇਵਕ ਭੁੱਖਾ ਨੰਗਤਾ, ਦਰ ਦਰਵੇਸ਼ ਆਪ ਅਖਵਾਈਆ । ਮਾਣ ਦੇਵੇ ਸਾਚੀ ਸੰਗਤਾ, ਸਤਿਨਾਮ ਜੋ ਜਨ ਰਹੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਬੂਝ ਬੁਝਾਈਆ । ਨਾਨਕ ਗੁਰ ਸ਼ਬਦ ਜਣਾਈ, ਹਰਿ ਸਾਚਾ ਆਪ ਕਰਾਇੰਦਾ । ਏਕਾ ਧਾਰ ਧੁਰ ਦਰਗਹਿ ਆਪ ਰਖਾਈ, ਇਕ ਸਤਾਰ ਹਿਲਾਇੰਦਾ । ਸ਼ਬਦ ਸੁਨੇਹੜਾ ਦੇਵੇ ਬੇਪਰਵਾਹੀ, ਪਰਾ ਪਸੰਤੀ ਨਾਮ ਧਰਾਇੰਦਾ । ਨਾਨਕ ਗਾਏ ਚਾਈਂ ਚਾਈਂ, ਮਧਮ ਬੈਖਰੀ ਵੇਖ ਵਖਾਇੰਦਾ । ਜਨ ਭਗਤਾਂ ਮੇਲ ਮਿਲਾਏ ਥਾਉਂ ਥਾਈਂ, ਲੁਕਿਆ ਕੋਈ ਰਹਿਣ ਨਾ ਪਾਇੰਦਾ । ਫੜ ਫੜ ਉਠਾਏ ਬਾਹੀਂ, ਦਰ ਦਰ ਘਰ ਘਰ ਵੇਖ ਵਖਾਇੰਦਾ । ਚਾਰ ਵਰਨਾਂ ਦੇਵੇ ਠੰਡੀ ਛਾਈਂ, ਊਚਾਂ ਨੀਚਾਂ ਭੇਵ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੪੯੩ ੦੨

ਜੋਤ ਧਰ, ਗੁਰ ਨਾਨਕ ਮੇਲਾ ਏਕਾ ਘਰ, ਏਕਾ ਘਰ ਦਰਸਾਇੰਦਾ । ਨਾਨਕ ਗੁਰ ਦਇਆ ਕਮਾ, ਆਪਣੀ ਕਾਰ ਕਮਾਈਆ । ਆਪਣਾ ਗਹਿਣਾ ਵੇਖ ਵਖਾ, ਆਪਣਾ ਨੇਤਰ ਰਿਹਾ ਉਠਾਈਆ । ਗੁਰਮੁਖ ਸਾਚਾ ਮੇਲ ਮਿਲਾ, ਆਪਣੇ ਰੰਗ ਰੰਗਾਈਆ । ਅੰਗਦ ਅੰਗ ਗਿਆ ਸਮਾ, ਜੋਤੀ ਜੋਤ ਟਿਕਾਈਆ । ਸ਼ਬਦ ਗੁਰ ਬੇਪਰਵਾਹ, ਲੋਕਮਾਤ ਕਰੀ ਕੁੜਮਾਈਆ । ਨਾਤਾ ਤੋੜੇ ਭੈਣ ਭਰਾ, ਪੁਤਰ ਧੀਆਂ ਨਾ ਕੋਈ ਦਸਾਈਆ । ਅਮਰਦਾਸ ਹਰਿ ਸੇਵ ਕਮਾ, ਅਮਰਾਪਦ ਪਾਈਆ । ਰਾਮਦਾਸ ਵੇਖ ਵਖਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਰਜਨ ਗੁਰ ਦਏ ਲਿਖਾ, ਅਗਾਧ ਬੋਧ ਸ਼ਬਦ ਚਲਾਈਆ । ਹਰਿਗੋਬਿੰਦ ਨਾਮ ਧਰਾ, ਮੀਰ ਪੀਰ ਆਪ ਅਖਵਾਈਆ । ਏਕਾ ਖੰਡਾ ਲਏ ਉਠਾ, ਦੁਸ਼ਟਾਂ ਕਰੇ ਸਫਾਈਆ । ਦੂਜਾ ਖੰਡਾ ਹੱਥ ਚਮਕਾ, ਗੁਰੂ ਗ੍ਰੰਥ ਤੇਰੀ ਰੱਛਿਆ ਆਪਣੀ ਸੇਵਾ ਲਾਈਆ । ਹਰਿਰਾਏ ਹਰਿ ਹੋ ਸਹਾ, ਲੇਖਾ ਲੇਖ ਮੁਕਾਈਆ । ਹਰਿਕ੍ਰਿਸ਼ਨ ਹਰਿ ਹਰਿ ਰੂਪ ਗਿਆ ਸਮਾ, ਬਾਲ ਬਾਲਾ ਵਡ ਵਡਿਆਈਆ । ਗੁਰ ਤੇਗਬਹਾਦਰ ਆਪਣਾ ਆਪ ਭੇਟ ਚੜ੍ਹਾ, ਗੁਰਮੁਖ ਸਾਚੇ ਗਿਆ ਬਚਾਈਆ । ਗੁਰ ਗੋਬਿੰਦ ਅਕਾਲ ਪੁਰਖ ਇਕ ਮਨਾ, ਪੂਤ ਸਪੂਤਾ ਨਾਮ ਧਰਾਈਆ । ਏਕਾ ਸ਼ਸਤਰ ਤਨ ਲਿਆ ਸਜਾ, ਮਿਲਿਆ ਧੁਰਦਰਗਾਹੀਆ । ਪੰਚਮ ਪੰਚਾਂ ਜੋਤ ਜਗਾ, ਪੰਚਮ ਅੱਗੇ ਝੋਲੀ ਡਾਹੀਆ । ਇਸ਼ਟ ਦੇਵ ਗੁਰ ਆਪ ਅਖਵਾ, ਆਪੇ ਸੇਵਕ ਰੂਪ ਹੋ ਜਾਈਆ । ਗੁਰੂ ਗ੍ਰੰਥ ਗੁਰ ਬਣਾ, ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਜੀਵ ਜੰਤ ਕੋਈ ਭੁੱਲੇ ਨਾ, ਅਕਾਲ ਪੁਰਖ ਵਡ ਵਡਿਆਈਆ । ਆਦਿ ਅੰਤ ਕਰੇ ਕਦੇ ਨਾ ਨਾਹ, ਨਾ ਕੋਈ ਸਕੇ ਡੁਲਾਈਆ । ਲੋਕਮਾਤ ਤ੍ਰੈਗੁਣ ਮਾਇਆ ਕਦੀ ਰੁਲੇ ਨਾ, ਪੰਜ ਤਤ ਨਾ ਡੇਰਾ ਲਾਈਆ । ਮਾਤ ਗਰਭ ਕਦੀ ਫਲੇ ਫੁਲੇ ਨਾ, ਦਸ ਦਸ ਮਾਸ ਨਾ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੋਬਿੰਦ ਵੇਖ ਵਖਾਈਆ ।

੪੯੪
੦੨

ਪੰਚਮ ਮੁਖ ਪੰਚਮ ਤਾਜ, ਪੰਚਮ ਆਪ ਸੁਹਾਈਆ । ਪੰਚਮ ਦੇਵੇ ਸਾਚਾ ਰਾਜ, ਪੰਚਮ ਸੇਵ ਕਮਾਈਆ । ਪੰਚਮ ਰਚਿਆ ਆਪੇ ਕਾਜ, ਪੰਚਮ ਵਡ ਵਡਿਆਈਆ । ਪੰਚਮ ਰੱਖਣਹਾਰਾ ਲਾਜ, ਗੁਰ ਗੋਬਿੰਦ ਵੇਸ ਵਟਾਈਆ । ਪੰਚਮ ਸਾਜਨ ਰਿਹਾ ਸਾਜ, ਦਿਲੀ ਤਖ਼ਤ ਕਰੇ ਰੁਸ਼ਨਾਈਆ । ਪੰਚਮ ਖੇਲ ਖੇਲੇ ਦੇਸ ਮਾਝ, ਸੰਬਲ ਨਗਰੀ ਧਾਮ ਸੁਹਾਈਆ । ਵਾਲੀ ਹਿੰਦ ਉਠਾਇਆ ਮਾਰ ਅਵਾਜ਼, ਅੱਸੂ ਤਿੰਨ ਰੁੱਤ ਸੁਹਾਈਆ । ਪ੍ਰਭ ਗੁਰਮੁਖਾਂ ਰੱਖਣ ਆਇਆ ਲਾਜ, ਜੋਤੀ ਨੂਰ ਕਰੇ ਰੁਸ਼ਨਾਈਆ । ਕਿਸੇ ਸੀਸ ਨਾ ਦਿਸੇ ਕੋਈ ਤਾਜ, ਰਾਜ ਰਾਜਾਨਾਂ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਬਣਾਇਆ ਸਾਚਾ ਘਰ, ਦਰ ਦਰਬਾਰ ਦਿਲੀ ਸੁਹਾਈਆ । ਪੰਚਮ ਮੁਖ ਪੰਚਮ ਤਾਜ, ਹਰਿ ਸਾਚੇ ਬਣਤ ਬਣਾਈਆ । ਸਤ ਰੰਗ ਨਿਸ਼ਾਨਾ ਮਾਰੇ ਅਵਾਜ਼, ਸੱਤਾਂ ਦੀਪਾਂ ਲਏ ਉਠਾਈਆ । ਲੱਖਣ ਪੁਸ਼ਕਰ ਕਰੌਚ ਜੰਬੂ ਆਪੇ ਭਾਜ, ਢਹਿ ਢਹਿ ਹੋਏ ਸਰਨਾਈਆ । ਸਲਮਲ ਸਾਨ ਖੋਲ੍ਹੇ ਪਾਜ, ਦੇਵੇ ਪੜਦਾ ਲਾਹੀਆ । ਕੁਸ਼ਾ ਤੇਰਾ ਕਰਿਆ ਕਾਜ, ਪ੍ਰਭ ਸਾਚੇ ਹੱਥ ਵਡਿਆਈਆ । ਪੰਚਮ ਨਿਸ਼ਾਨਾ ਪੰਚਮ ਸੀਸ, ਹਰਿ ਸਾਚਾ ਆਪ ਬੰਧਾਇੰਦਾ । ਖੇਲੇ ਖੇਲ ਜਗਤ ਜਗਦੀਸ਼, ਆਪ ਆਪਣੀ ਰਚਨ ਰਚਾਇੰਦਾ । ਸਚ ਵਿਹਾਰਾ ਕਰਾਏ ਵੀਹ ਸੌ ਬੀਸ, ਬਿਕ੍ਰਮੀ ਪੰਦਰਾਂ ਕੱਤਕ ਰੁੱਤ ਸੁਹਾਇੰਦਾ । ਸ਼ਾਹ ਸੁਲਤਾਨਾਂ ਨੌਂ ਖੰਡ ਪ੍ਰਿਥਮੀ ਖਾਲੀ ਕਰੇ ਖੀਸ, ਖ਼ਾਕੀ ਖ਼ਾਕ ਉਡਾਇੰਦਾ ।

ਨਾ ਕੋਈ ਪੜ੍ਹੇ ਕੁਰਾਨ ਅੰਜੀਲ ਹਦੀਸ, ਸ਼ਰਅ ਸ਼ਰੀਅਤ ਨਾ ਕੋਈ ਅਲਾਇੰਦਾ । ਅੱਲਾ ਰਾਣੀ ਜਾਏ ਪੀਸ, ਮੂਸਾ ਈਸਾ ਸੰਗ ਤੁੜਾਇੰਦਾ । ਨਾ ਕੋਈ ਗਾਏ ਸਪਾਰੇ ਤੀਸ, ਬਤੀਸ ਦੰਦ ਨਾ ਮੁਖ ਹਿਲਾਇੰਦਾ । ਲਹਿਣਾ ਦੇਣਾ ਚੁੱਕੇ ਸੰਮਤ ਉਨੀਸ, ਹਰਿ ਸਾਚਾ ਆਪ ਚੁਕਾਇੰਦਾ । ਮੁਸਲਮ ਹਿੰਦੂ ਸਿਖ ਈਸਾਈ ਏਕਾ ਦੱਸ ਸਚ ਤਾਰੀਖ, ਓਹਲਾ ਪੜਦਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚ ਨਿਸ਼ਾਨਾ ਪੰਚਮ ਸਿਖ ਪੰਚਮ ਧਾਰ ਚਲਾਇੰਦਾ । ਸ਼ਬਦ ਡੰਡਾ ਹੱਥ ਕਰਤਾਰ, ਆਪਣਾ ਆਪ ਉਠਾਇਆ । ਆਪੇ ਰੱਖੀ ਤਿੱਖੀ ਧਾਰ, ਚੰਡ ਪਰਚੰਡ ਸਮਾਇਆ । ਜੋਤੀ ਜਾਮਾ ਭੇਖ ਨਿਆਰ, ਨੌਂ ਖੰਡ ਪ੍ਰਿਥਮੀ ਵੰਡ ਵੰਡਾਇਆ । ਕੁਲਾ ਖੰਡ ਤੇਰੀ ਪਾਵੇ ਸਾਰ, ਇਲਾਬ੍ਰਤ ਡੇਰਾ ਲਾਇਆ । ਕੇਤਮਾਲ ਤੇਰੀ ਸੁਣ ਪੁਕਾਰ, ਹਰਣਯਮਰ ਉਠ ਧਾਇਆ । ਕਿੰਪੁਰਖ ਰੋਵੇ ਜ਼ਾਰੋ ਜ਼ਾਰ, ਭਦਰ ਰਿਹਾ ਕੁਰਲਾਇਆ । ਭਾਰਤ ਖੰਡ ਤੇਰੇ ਜੋਤ ਕਰ ਉਜਿਆਰ, ਨਿਹਕਲੰਕਾ ਨਾਉਂ ਧਰਾਇਆ । ਗੁਰ ਗੋਬਿੰਦ ਹੋਇਆ ਖ਼ਬਰਦਾਰ, ਗੁਰਮੁਖ ਸਾਚੇ ਲਏ ਜਗਾਇਆ । ਅੰਤਮ ਮੇਲਾ ਦਿਲੀ ਦਰਬਾਰ, ਸੀਸ ਗੰਜ ਥਾਨ ਸੁਹਾਇਆ । ਸਚ ਨਿਸ਼ਾਨਾ ਦੇਵੇ ਚਾੜ੍ਹ, ਧਰਮੀ ਧਰਮ ਕਮਾਇਆ । ਨੌਂ ਖੰਡ ਪ੍ਰਿਥਮੀ ਏਕਾ ਸਿਖੀ ਏਕਾ ਧਾਰ, ਰੱਖੇ ਤਿੱਖੀ ਨਾ ਕੋਈ ਮੋੜ ਮੁੜਾਇਆ । ਹਰਿ ਕਾ ਭੇਵ ਕੋਈ ਨਾ ਜਾਣੇ ਮੁਨੀ ਰਿਖੀ, ਵੇਦ ਪੁਰਾਨ ਸ਼ਾਸਤਰ ਸਿਮਰਤ ਖਾਣੀ ਬਾਣੀ ਰਹੀ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਮੁਖ ਸੁਹਾਇਆ । ਪੰਚਮ ਨਾਤਾ ਹਰਿ ਹਰਿ ਜੋੜ, ਆਪਣਾ ਕਰਮ ਕਮਾਵਣਾ । ਗੁਰ ਗੋਬਿੰਦ ਚੜ੍ਹਿਆ ਸ਼ਬਦ ਘੋੜ, ਸ੍ਰਿਸ਼ਟ ਸਬਾਈ ਆਪ ਉਠਾਵਣਾ । ਪੁਰੀਆਂ ਲੋਆਂ ਵੇਖੇ ਦੌੜ ਦੌੜ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸਰਬ ਕੁਰਲਾਵਣਾ । ਵੇਖੇ ਪਰਖੇ ਮਿੱਠਾ ਕੌੜ, ਕੌੜਾ ਰੀਠਾ ਰਹਿਣ ਨਾ ਪਾਵਣਾ । ਧੁਰਦਰਗਾਹੀ ਲਾਏ ਏਕਾ ਪੌੜ, ਗੁਰਸਿਖ ਸਾਚਾ ਆਪ ਚੜ੍ਹਾਵਣਾ । ਗੁਰਮੁਖ ਗੁਰਸਿਖ ਗੁਰ ਪੂਰਾ ਅੰਤਮ ਕਲਜੁਗ ਜਾਏ ਬੌਹੜ, ਸ਼ਬਦ ਡੰਕ ਜਿਸ ਵਜਾਵਣਾ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਲਏ ਵਰ, ਚਰਨ ਨਾਤਾ ਇਕ ਵਖਾਵਣਾ । ਪੰਚਮ ਮੀਤਾ ਕਰ ਪਿਆਰ, ਪੰਚਮ ਮੋਹ ਚੁਕਾਇੰਦਾ । ਸ੍ਰਿਸ਼ਟ ਸਬਾਈ ਬੰਨੇ ਧਾਰ, ਏਕਾ ਮਾਰਗ ਲਾਇੰਦਾ । ਏਕਾ ਨਾਮ ਇਕ ਜੈਕਾਰ, ਸਿਖਿਆ ਇਕ ਸਿਖਾਇੰਦਾ । ਏਕਾ ਧਰਮ ਇਕ ਦਵਾਰ, ਇਕ ਦਰਬਾਰ ਸਜਾਇੰਦਾ । ਚਾਰ ਵਰਨਾਂ ਕਰ ਪਿਆਰ, ਊਚਾਂ ਨੀਚਾਂ ਮੇਟ ਮਿਟਾਇੰਦਾ । ਰਾਓ ਰੰਕਾਂ ਪਾਵੇ ਸਾਰ, ਰਾਜ ਰਾਜਾਨਾਂ ਵੇਖ ਵਖਾਇੰਦਾ । ਗੁਰਸਿਖ ਸਾਜਣ ਕਰ ਤਿਆਰ, ਪੰਚਮ ਮਸਤਕ ਟਿੱਕਾ ਆਪ ਲਗਾਇੰਦਾ । ਸਾਚਾ ਬਸਤਰ ਤਨ ਸ਼ੰਗਾਰ, ਆਤਮ ਖੰਡਾ ਇਕ ਪਹਿਨਾਇੰਦਾ । ਮਾਰੀ ਜਾਏ ਵਾਰੋ ਵਾਰ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇੰਦਾ । ਸਾਚਾ ਕਰੇ ਜਗਤ ਵਿਹਾਰ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਆਪ ਆਪਣਾ ਉਤੋਂ ਵਾਰ, ਗੁਰਮੁਖਾਂ ਭੇਟ ਚੜ੍ਹਾਇੰਦਾ । ਖ਼ਾਕੀ ਤਨ ਨਾ ਕੀਆ ਕੋਈ ਪਿਆਰ, ਸ਼ਬਦੀ ਸ਼ਬਦ ਸਮਾਇੰਦਾ । ਜੋਤੀ ਜੋਤ ਕਰ ਉਜਿਆਰ, ਆਪਣਾ ਕਰਮ ਕਮਾਇੰਦਾ । ਆਦਿ ਜੁਗਾਦੀ ਏਕਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਵੀਹ ਸਦ ਪੰਦਰਾਂ ਗੁਰਮੁਖਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਪੰਦਰਾਂ ਕੱਤਕ ਚਰਨ ਛੁਹਾਏ ਲੰਕਾ ਤੋੜੇ ਗੜ੍ਹ ਹੰਕਾਰ, ਵਾਲੀ ਹਿੰਦ ਉਠਾਇੰਦਾ । ਸੰਮਤ ਸੋਲਾਂ ਪੈਣੀ ਮਾਰ, ਲੋਕਮਾਤ ਨਾ ਕੋਈ ਬਚਾਇੰਦਾ । ਸੰਮਤ ਸਤਾਰਾਂ ਹਾਹਾਕਾਰ, ਘਰ ਘਰ ਵੇਖ ਵਖਾਇੰਦਾ । ਸੰਮਤ ਅਠਾਰਾਂ ਵੇਖੇ ਜਲ ਧਾਰ, ਜਲ ਜਲ ਰੂਪ ਸਮਾਇੰਦਾ । ਉਨੀ ਉਨੀਸਾ ਖੇਲ

ਕਰਤਾਰ, ਸੰਗ ਮੁਹੰਮਦ ਵੇਖੇ ਚਾਰ ਯਾਰ, ਚੌਦਾਂ ਲੋਕਾਂ ਫੇਰੀ ਪਾਇੰਦਾ । ਬੀਸ ਬੀਸਾ ਪਰਗਟ ਹੋ ਵਿਚ ਸੰਸਾਰ, ਜਗਤ ਜਗਦੀਸ਼ਾ ਨਾਉਂ ਧਰਾਇੰਦਾ । ਇਕ ਇਕੀਸਾ ਕਰ ਵਿਚਾਰ, ਏਕਾ ਇਕੀ ਸਾਚੀ ਸਿਖੀ ਤੇਰੇ ਦਰ ਪਾਇੰਦਾ । ਗੁਰ ਗੋਬਿੰਦ ਗਿਆ ਲੇਖ ਲਿਖੀ, ਨਾ ਕੋਈ ਮੇਟ ਮਿਟਾਇੰਦਾ । ਨਿਰਗੁਣ ਧਾਰ ਰੱਖੀ ਤਿੱਖੀ, ਆਦਿ ਜੁਗਾਦਿ ਚਲਾਇੰਦਾ । ਜਿਸ ਜਨ ਆਪਣੇ ਨੇਤਰ ਪੇਖੀ, ਸਹਿੰਸਾ ਰੋਗ ਮਿਟਾਇੰਦਾ । ਲੋਕਮਾਤ ਰਹਿਣ ਨਾ ਦੇਣਾ ਕੋਈ ਭੇਖੀ, ਪੰਜ ਤਤ ਕੋਈ ਨਾ ਸੀਸ ਨਿਵਾਇੰਦਾ । ਅਕਾਲ ਪੁਰਖ ਗੁਰ ਹਰਿ ਕਰਦਾ ਇਕ ਆਦੇਸੀ, ਆਵਣ ਜਾਵਣ ਚਲਤ ਚਲਾਇੰਦਾ । ਕੋਟਨ ਕੋਟ ਦਰ ਦਵਾਰ ਮੰਗਣ ਬ੍ਰਹਮਾ ਵਿਸ਼ਨ ਮਹੇਸ਼ੀ, ਲੇਖਾ ਗਣਤ ਨਾ ਕੋਈ ਗਣਾਇੰਦਾ । ਮੁਖ ਸਹੰਸਰ ਗਾਏ ਸ਼ੇਸ਼ੀ, ਦੋਏ ਸਹੰਸਰ ਰਸਨ ਹਿਲਾਇੰਦਾ । ਸਤਿਗੁਰ ਪੂਰਾ ਗੁਰ ਦਸ ਦਸਮੇਸ ਭਰਮ ਨਾ ਭੁੱਲੇ ਧਾਰੀ ਕੇਸੀ, ਹਰਿ ਸਾਚਾ ਵੇਖ ਵਖਾਇੰਦਾ । ਹਰਿਸੰਗਤ ਕਰੇ ਆਪ ਆਦੇਸ਼ੀ, ਦੋਏ ਜੋੜ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਏਕਾ ਦੇਵੇ ਕਰ, ਏਕਾ ਖਾਲਸ ਸ਼ਬਦ ਗੁਰ ਬਣ ਸਾਲਸ ਪੰਥ ਦਏ ਰਚਾਇਆ । ਸ਼ਬਦ ਗੁਰ ਸਾਚਾ ਸਾਲਸ, ਧੁਰਦਰਗਾਹੀ ਆਇਆ । ਗੁਰਮੁਖ ਵੇਖੇ ਆਤਮ ਖਾਲਸ, ਘਰ ਘਰ ਫੋਲ ਫੋਲਾਇਆ । ਕਵਣ ਦਵਾਰੇ ਤ੍ਰਿਸਨਾ ਆਲਸ, ਕਵਣ ਦਵਾਰੇ ਜੂਠ ਝੂਠ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਗੁਰਮੁਖਾਂ ਰਿਹਾ ਸੇਵ ਕਮਾਇਆ । ਹਰਿ ਸੇਵਕ ਸੇਵਾਦਾਰ, ਜੁਗ ਜੁਗ ਆਪ ਅਖਵਾਇੰਦਾ । ਜਨ ਭਗਤਾਂ ਪਾਵਣਹਾਰਾ ਸਾਰ, ਨਿਤ ਨਵਿਤ ਵੇਸ ਵਟਾਇੰਦਾ । ਜੂਨੀ ਰਹਿਤ ਆਪ ਕਰਤਾਰ, ਮਾਤ ਗਰਭ ਨਾ ਫੇਰਾ ਪਾਇੰਦਾ । ਨਿਰਭੌ ਸਰਬ ਕਹਿਤ, ਭੈ ਵਿਚ ਨਾ ਕੋਈ ਰਖਾਇੰਦਾ । ਅਕਾਲ ਮੂਰਤ ਤੇਰੀ ਏਕਾ ਸੱਚੀ ਰਹਿਤ, ਤੇਰਾ ਰੂਪ ਗੁਰ ਗੋਬਿੰਦ ਸਾਚਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਾਂ ਦੇਵਣਹਾਰਾ ਵਰ, ਪੰਚਾਂ ਰਾਹ ਚਲਾਇੰਦਾ । ਪੰਚਮ ਮਾਰਗ ਸਾਚਾ ਲੌਣਾ, ਸਾਚੀ ਕਰੀ ਜਣਾਈਆ । ਸਚ ਸੰਦੇਸਾ ਇਕ ਸੁਣੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੂਠਾ ਝੂਠਾ ਗੜ੍ਹ ਤੁੜੌਣਾ, ਕਲਜੁਗ ਅੰਤਮ ਰਹਿਣ ਨਾ ਪਾਈਆ । ਭੇਖਾਧਾਰੀ ਸੰਤ ਖਪੌਣਾ, ਸਾਚੇ ਸੰਤ ਲਏ ਤਰਾਈਆ । ਭਗਤ ਭਗਵੰਤ ਮੇਲ ਮਿਲੌਣਾ, ਸੁਰਤੀ ਸ਼ਬਦੀ ਕਰ ਕੁੜਮਾਈਆ । ਨੌਂ ਦਵਾਰੇ ਪਾਰ ਕਰੌਣਾ, ਡੂੰਘੀ ਭਵਰੀ ਫੇਰਾ ਪਾਈਆ । ਸੁਖਮਨ ਤੇਰਾ ਅਲਾਮਾ ਲੌਹਣਾ, ਅੱਗੇ ਹੋ ਹੋ ਦਰਸ ਦਿਖਾਈਆ । ਸ਼ਬਦ ਸਰੂਪੀ ਲੜ ਫੜੌਣਾ, ਉਚੇ ਪੌੜੇ ਦਏ ਚੜ੍ਹਾਈਆ । ਬਜਰ ਕਪਾਟੀ ਪੱਥਰ ਤੁੜੌਣਾ, ਸ਼ਬਦ ਖੰਡਾ ਏਕਾ ਲਾਈਆ । ਪੰਚਮ ਨਾਤਾ ਮੁਖ ਭਵੌਣਾ, ਸਗਲਾ ਸੰਗ ਨਾ ਕੋਈ ਨਿਭਾਈਆ । ਅਨਹਦ ਰਾਗ ਇਕ ਸਣੌਣਾ, ਧੁਨ ਅਨਾਦੀ ਤਾਲ ਵਜਾਈਆ । ਪੰਚਮ ਸਖੀਆਂ ਮੰਗਲ ਗੌਣਾ, ਘਰ ਸਾਚੇ ਵੱਜੀ ਵਧਾਈਆ । ਸਰ ਸਰੋਵਰ ਇਕ ਨਹੌਣਾ, ਕਾਗੋਂ ਹੰਸ ਬਣਾਈਆ । ਸੁਰਤੀ ਸ਼ਬਦੀ ਮੇਲ ਮਿਲੌਣਾ, ਦਸਮ ਦਵਾਰੀ ਇਕ ਸੁਹਾਈਆ । ਆਤਮ ਸੇਜਾ ਫੂਲਨ ਬਰਖਾ ਲੌਣਾ, ਨਿਰਗੁਣ ਰੂਪ ਵੱਡੀ ਵਡਿਆਈਆ । ਨਾਰੀ ਕੰਤਾ ਏਕਾ ਧਾਮ ਬਹੌਣਾ, ਘਰ ਸਾਚੇ ਦਏ ਸੁਹਾਈਆ । ਸਾਚਾ ਰਾਗ ਇਕ ਅਲੌਣਾ, ਗੀਤ ਸੁਹਾਗੀ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਸਖੀਆਂ ਦੇਵੇ ਵਰ, ਆਤਮ ਧੁਨ ਸ਼ਬਦੀ ਸ਼ਬਦ ਵੱਜਦੀ ਰਹੇ ਵਧਾਈਆ । ਪੰਚਮ ਸਿਖ ਕਰ ਤਿਆਰ, ਆਪਣੀ ਦਇਆ ਕਮਾਇੰਦਾ । ਹਉਮੇ ਹੰਗਤਾ ਤੋੜ ਹੰਕਾਰ, ਕਾਇਆ ਗੜ੍ਹ ਸੁਹਾਇੰਦਾ ।

ਨਿਰਮਲ ਜੋਤੀ ਕਰ ਉਜਿਆਰ, ਦੀਵਾ ਬਾਤੀ ਆਪ ਟਿਕਾਇੰਦਾ । ਅੰਮ੍ਰਿਤ ਬੂੰਦ ਦੇਵੇ ਸਵਾਂਤੀ, ਨਿਝਰ ਧਾਰ ਆਪ ਵਹਾਇੰਦਾ । ਦਰਸ ਦਿਖਾਏ ਇਕ ਇਕਾਂਤੀ, ਸਵੱਛ ਸਰੂਪੀ ਨਾਉਂ ਧਰਾਇੰਦਾ । ਕਲਜੁਗ ਅੰਤਮ ਗੁਰਮੁਖਾਂ ਦਰਸ ਦਿਖਾਏ ਬਹੁ ਬਹੁ ਭਾਂਤੀ, ਵੇਸ ਅਨੇਕਾ ਆਪ ਕਰਾਇੰਦਾ । ਪਕੜ ਉਠਾਏ ਸੁੱਤਿਆਂ ਰਾਤੀਂ, ਸ਼ਬਦ ਹਲੂਣਾ ਏਕਾ ਲਾਇੰਦਾ । ਨਾ ਕੋਈ ਜਾਣੇ ਜ਼ਾਤੀ ਪਾਤੀ, ਊਚਾਂ ਨੀਚਾਂ ਏਕਾ ਧਾਰ ਵਖਾਇੰਦਾ । ਅੱਠੇ ਪਹਿਰ ਰੱਖੇ ਪਰਭਾਤੀ, ਜੋ ਜਨ ਚਰਨ ਧਿਆਨ ਰਖਾਇੰਦਾ । ਅੰਤਮ ਵੇਲੇ ਪੁੱਛੇ ਵਾਤੀ, ਦਰ ਆਏ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਭੰਡਾਰੇ ਰਿਹਾ ਭਰ, ਭਰਨਹਾਰ ਸਮਰਥ ਜੁਗ ਜੁਗ ਮਹਿਮਾ ਜਗਤ ਅਕੱਥ, ਕਥਨੀ ਕਥਾ ਨਾ ਕੋਈ ਕਥਾਇੰਦਾ । ਅੰਮ੍ਰਿਤ ਆਤਮ ਗੁਰ ਗੁਰ ਦੀਆ, ਨਿਝਰ ਧਾਰ ਵਹਾਈਆ । ਸੰਗਤ ਸਾਰੀ ਨਾਮ ਨਿਧਾਨਾ ਪੀਆ, ਜੀਅ ਹਰਾ ਕਰਾਈਆ । ਲਹਿਣਾ ਦੇਣਾ ਚੁੱਕੇ ਸਾਢੇ ਤਿੰਨ ਤਿੰਨ ਹੱਥ ਸੀਆਂ, ਆਵਣ ਜਾਵਣ ਫੰਦ ਕਟਾਈਆ । ਆਤਮ ਅੰਤਰ ਵਸਿਆ ਗੁਰ ਗੋਬਿੰਦ ਸਾਚਾ ਪੀਆ, ਗੁਰ ਚੇਲਾ ਏਕਾ ਰੂਪ ਅਖਵਾਈਆ । ਗੁਰਸਿਖਾਂ ਮੇਲੇ ਕਰ ਕਰ ਆਪਣਾ ਹੀਆ, ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਸਾਚੀ ਰੱਖੇ ਨੀਆਂ, ਪਹਿਲੇ ਕਾਮ ਕਰੋਧ ਲੋਭ ਮੋਹ ਹੰਕਾਰ ਗਵਾਈਆ । ਨਿਰਮਲ ਕਰੇ ਹਰਿਜਨ ਜੀਆ, ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸਿਖਿਆ ਆਪੇ ਰਿਹਾ ਸਿਖਾਈਆ । ਹਰਿਸੰਗਤ ਹਰਿ ਆਪ ਸਮਝਾਏ । ਮਾਇਆ ਮੋਹ ਤਜੌਣਾ, ਕਾਮ ਕਰੋਧ ਨੇੜ ਨਾ ਆਏ । ਲੋਭ ਮੋਹ ਹੰਕਾਰ ਦਿਸ ਨਾ ਔਣਾ, ਸਾਚੀ ਸਿਖਿਆ ਇਕ ਸਿਖਾਏ । ਗਫਲਤ ਨੀਂਦ ਕਿਸੇ ਨਾ ਸੌਣਾ, ਧੁਰ ਦਾ ਲੇਖਾ ਆਪ ਜਣਾਏ । ਨਾ ਕੋਈ ਮੇਟੇ ਨਾ ਕਿਸੇ ਮੇਟ ਮਿਟੌਣਾ, ਵੀਹ ਸੌ ਵੀਹ ਬਿਕ੍ਰਮੀ ਸਾਚੀ ਸਿਖੀ ਅੰਮ੍ਰਿਤ ਇਕ ਪਿਔਣਾ, ਸਾਚੀ ਰੀਤ ਜਣਾਏ । ਰਸਨਾ ਜੂਠ ਝੂਠ ਨਾ ਕਿਸੇ ਮੁਖ ਲਗੌਣਾ, ਜੋ ਅੰਮ੍ਰਿਤ ਮੁਖ ਲਗਾਏ । ਅੱਠੇ ਪਹਿਰ ਹਰਿ ਗੋਬਿੰਦ ਗੋਬਿੰਦ ਗੋਬਿੰਦ ਰਸਨਾ ਗੌਣਾ, ਦੂਸਰ ਰਾਗ ਨਾ ਕੋਈ ਕਢਾਏ । ਵੱਡੀ ਖੋਰ ਨਾ ਕੋਈ ਪੰਥ ਰਖੌਣਾ, ਦੂਈ ਦਵੈਤੀ ਮੇਟ ਮਿਟਾਏ । ਅਕਾਲ ਪੁਰਖ ਤੇਰਾ ਧੁਨ ਅਨਾਦੀ ਏਕਾ ਸੰਖ ਵਜੌਣਾ, ਲੋਆਂ ਪੁਰੀਆਂ ਦਏ ਵਖਾਏ । ਗੁਰਮੁਖਾਂ ਅੰਦਰ ਗੁਰੂ ਦਵਾਰਾ ਸਚ ਵਖੌਣਾ, ਗੁਰ ਗੋਬਿੰਦ ਨਜ਼ਰੀ ਆਏ । ਅੰਮ੍ਰਿਤ ਪਿਆਲਾ ਭਰ ਪਿਔਣਾ, ਆਪਣੀ ਹੱਥੀਂ ਅੱਗੇ ਡਾਹੇ । ਸਾਚਾ ਰਸ ਇਕ ਰਸੌਣਾ, ਰਸ ਰਸੀਆ ਨਾਮ ਧਰਾਏ । ਚਾਰ ਵਰਨਾਂ ਏਕਾ ਮਾਰਗ ਪੌਣਾ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਜਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਲਾ ਰਿਹਾ ਬਤਾਏ ।

ਪੂਤ ਸਪੂਤਾ ਕਰ ਪਰਧਾਨ, ਮਾਤਲੋਕ ਉਪਾਇਆ । ਦੁਸ਼ਟ ਦਮਨ ਨੌਜਵਾਨ, ਸੇਵਕ ਸੇਵਾ ਲਾਇਆ । ਅਕਾਲ ਪੁਰਖ ਦੇ ਗਿਆਨ, ਏਕਾ ਨਾਮ ਦ੍ਰਿੜਾਇਆ । ਅੱਠੇ ਪਹਿਰ ਬਖ਼ਸ਼ ਧਿਆਨ, ਆਪਣਾ ਦਰਸ ਦਿਖਾਇਆ । ਆਪੇ ਹੋਇਆ ਜਾਣੀ ਜਾਣ, ਗੁਰ ਚੇਲਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਤਤ ਕਰੇ ਕੁੜਮਾਇਆ । ਗੁਰ ਗੋਬਿੰਦ ਸਾਚਾ ਸੂਰ, ਹਰਿ ਹਰਿ ਆਪ ਉਪਾਇਆ । ਆਪੇ ਬਖ਼ਸ਼ੇ ਆਪਣਾ ਨੂਰ, ਆਪਣੀ ਜੋਤ ਜਗਾਇਆ । ਆਪਣੀ ਕਲ ਕਰੇ ਭਰਪੂਰ, ਆਪਣਾ ਰੰਗ ਰੰਗਾਇਆ । ਆਪੇ ਵਸੇ ਨੇੜੇ ਦੂਰ, ਹਾਜ਼ਰ

ਹਜ਼ੂਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਆਪ ਆਪਣਾ ਬੋਲ ਜੈਕਾਰਾ, ਆਪਣੀ ਦਇਆ ਕਮਾਈਆ । ਆਪ ਆਪਣਾ ਕਰ ਪਿਆਰਾ, ਲੇਖਾ ਰਿਹਾ ਲਿਖਾਈਆ । ਆਪ ਆਪਣਾ ਕਰ ਉਜਿਆਰਾ, ਆਪਣਾ ਨੂਰ ਰਿਹਾ ਦਰਸਾਈਆ । ਆਪ ਆਪਣਾ ਕਰ ਸ਼ੰਗਾਰਾ, ਆਪ ਆਪਣਾ ਦਰਸ ਦਿਖਾਈਆ । ਅੰਮ੍ਰਿਤ ਦੇਵੇ ਠੰਡੀ ਧਾਰਾ, ਸਾਚਾ ਜਲ ਪਿਆਈਆ । ਸ਼ਬਦ ਖੰਡਾ ਤੇਜ਼ ਕਟਾਰਾ, ਏਕਾ ਭਗੌਤੀ ਰਿਹਾ ਚਮਕਾਈਆ । ਗੁਰ ਗੋਬਿੰਦਾ ਕਰ ਪਿਆਰਾ, ਪੂਰਨ ਬੂਝ ਬੁਝਾਈਆ । ਲੋਕਮਾਤ ਬੰਨੇ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਗੋਬਿੰਦ ਦਰਸ ਦਿਖਾ, ਹਰਿ ਆਪਣਾ ਦਰਸ ਦਿਖਾਇਆ । ਮੁੱਛ ਦਾੜ੍ਹੀ ਕੇਸ ਲਏ ਵਧਾ, ਸ਼ਬਦ ਘੋੜਾ ਹੇਠ ਰਖਾਇਆ । ਨੀਲਾ ਨੀਲੀ ਧਾਰੋਂ ਪਾਰ ਕਰਾ, ਲੋਕਮਾਤ ਵੇਖ ਵਖਾਇਆ । ਕਲਗੀ ਤੋੜਾ ਸੀਸ ਟਿਕਾ, ਸ਼ਬਦੀ ਚੀਰਾ ਇਕ ਬੰਧਾਇਆ । ਨਾਮ ਤੀਰਾ ਤਨ ਸਜਾ, ਰਸਨ ਕਮਾਨ ਹਿਲਾਇਆ । ਦੋ ਜਹਾਨ ਵਹੀਰਾਂ ਦਏ ਪਾ, ਨਾ ਕੋਈ ਮੇਟੇ ਮੇਟ ਮਿਟਾਇਆ । ਸ਼ਾਹ ਕੰਗਾਲ ਫਕੀਰ ਦਏ ਮਨਾ, ਰਾਜ ਰਾਜਾਨਾਂ ਖ਼ਾਕ ਰੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਇਕ ਘਲਾਇਆ । ਸ਼ਬਦ ਸੁਨੇਹੜਾ ਹਰਿ ਕਰਤਾਰ, ਗੋਬਿੰਦ ਰਿਹਾ ਘਲਾਈਆ । ਤੇਰਾ ਰੂਪ ਮੇਰਾ ਸੰਸਾਰ, ਲੋਕਮਾਤ ਵੇਖ ਵਖਾਈਆ । ਕਰਨਾ ਖੇਲ ਅਪਰ ਅਪਾਰ, ਅੱਖਰ ਵੱਖਰ ਕਰੇ ਪੜ੍ਹਾਈਆ । ਇਕ ਲਗਾਏ ਸਾਚਾ ਨਾਅਰ, ਵਾਹਿਗੁਰੂ ਫਤਿਹ ਗਜਾਈਆ । ਵਾਹਿਗੁਰੂ ਖਾਲਸਾ ਕਰ ਤਿਆਰ, ਚਾਰ ਵਰਨਾਂ ਫੋਲ ਫੁਲਾਈਆ । ਊਚਾਂ ਨੀਚਾਂ ਬਣ ਪਿਆਰ, ਨਾਨਕ ਗਿਆ ਸਮਝਾਈਆ । ਬੰਨ ਸੀਸ ਸੇਹਰਾ ਦਸਤਾਰ, ਰੂਪ ਅਨੂਪ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਘਰ, ਗੁਰ ਗੋਬਿੰਦ ਬੂਝ ਬੁਝਾਈਆ । ਗੋਬਿੰਦ ਸੁਣਿਆ ਹਰਿ ਹਰਿ ਰਾਗ, ਆਤਮ ਵੱਜੀ ਵਧਾਈਆ । ਲੋਕਮਾਤ ਜਗੇ ਚਿਰਾਗ਼, ਖਾਲਸ ਖਾਲਸਾ ਦਏ ਬਣਾਈਆ । ਸਾਚਾ ਸਾਜਣ ਦੇਵੇ ਸਾਜ, ਸਾਚੀ ਰਚਨ ਰਚਾਈਆ । ਇਕ ਪੰਜ ਦੋ ਛੇ, ਚੌਦਾਂ ਲੋਕਾਂ ਫਿਰੇ ਦੁਹਾਈਆ । ਇਕ ਸੱਤ ਪੰਜ ਛੇ, ਉਨੀ ਉਨੀਸਾ ਅੱਲਾ ਰਾਣੀ ਦਏ ਮਿਟਾਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਲੱਗਾ ਨਿਹ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਸਿੰਘ ਰਹੇ ਸ਼ਰਨਾਈਆ । ਸਿੰਘ ਗੋਬਿੰਦ ਗੋਬਿੰਦ ਸਿੰਘ, ਗੁਰੂ ਗੁਰ ਨਾਮ ਧਰਾਇਆ । ਆਪਣੀ ਮੇਟੇ ਆਪੇ ਚਿੰਦ, ਆਪਣਾ ਮੋਹ ਚੁਕਾਇਆ । ਗੁਰਸਿਖਾਂ ਬਣਾਏ ਉਪਜਾਏ ਸਾਚੀ ਬਿੰਦ, ਸੀਸ ਸੀਸ ਲੇਖੇ ਲਾਇਆ । ਪਰਗਟ ਹੋ ਗੁਣੀ ਗਹਿੰਦ, ਏਕਾ ਖੰਡਾ ਹੱਥ ਉਠਾਇਆ । ਆਪੇ ਦਾਤਾ ਦਾਨੀ ਹੋਇਆ ਬਖ਼ਸ਼ਿੰਦ, ਆਪ ਆਪਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਇਆ । ਸਾਚੀ ਮਤ ਸ਼ਬਦ ਗੁਰ ਮੰਤਰ, ਏਕਾ ਏਕ ਦ੍ਰਿੜਾਇਆ । ਸਚ ਬਸੰਤਰ ਲੱਗੀ ਬਸੰਤਰ, ਨਾ ਸਕੇ ਕੋਈ ਬਚਾਇਆ । ਹਰਿ ਬਿਨ ਕੋਈ ਨਾ ਜਾਣੇ ਅੰਤਰ, ਗੁਰ ਪੂਰਾ ਹੋਏ ਸਹਾਇਆ । ਵੇਸ ਵਟਾਏ ਜੁਗਾ ਜੁਗੰਤਰ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਸ਼ਸਤਰ, ਸ਼ਸਤਰ ਧਾਰੀ ਨਾਮ ਧਰਾਇਆ । ਸ਼ਸਤਰਧਾਰੀ ਸਾਚਾ ਖੰਡਾ, ਪੰਜ ਤਤ ਸ਼ੰਗਾਰਿਆ । ਪਹਿਲੇ ਵੰਡਾਈ ਆਪਣੀ ਵੰਡਾ, ਪੰਚਮ ਮੋਹ ਚੁਕਾ ਰਿਹਾ । ਦੂਜੇ ਮੇਟ ਭੇਖ ਪਖੰਡਾ, ਸਾਚੀ ਸਿਖਿਆ ਇਕ ਸਮਝਾ ਰਿਹਾ । ਤੀਜੇ ਗੁਰਸਿਖ

ਨੇਤਰ ਹੋਏ ਨਾ ਅੰਧਾ, ਅੱਠੇ ਪਹਿਰ ਦਰਸ ਦਿਖਾ ਰਿਹਾ । ਚੌਥੇ ਵੇਖੇ ਵਿਚ ਬ੍ਰਹਿਮੰਡਾ, ਆਪਣਾ ਨਾਮ ਧਰਾ ਰਿਹਾ । ਪੰਜਵੇਂ ਬਣਿਆ ਆਪੇ ਖੰਡਾ, ਗੁਰਮਤ ਇਹ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹੀਨਾ ਚੇਤਰ ਪਹਿਲੀ ਵਿਸਾਖੀ ਰੁੱਤ ਸੁਹਾ ਰਿਹਾ । ਗੁਰਮੁਖ ਤੇਰੀ ਸਾਚੀ ਮਤ, ਗੁਰ ਪੂਰੇ ਆਪ ਬੰਧਾਈਆ । ਤੁਟ ਨਾ ਜਾਏ ਤੇਰਾ ਜਤ, ਕੋਟਨ ਕੋਟ ਪਦਮਨੀ ਨਾਚ ਕਰਾਈਆ । ਤੇਰੀ ਕਾਇਆ ਤਨ ਨਾ ਉਬਲੇ ਰੱਤ, ਨੌਂ ਅਠਾਰਾਂ ਵੇਖ ਵਖਾਈਆ । ਤੇਰੀ ਧੀਰਜ ਮੇਰਾ ਚਰਨ ਹਠ, ਨਾ ਕਿਸੇ ਕੋਈ ਤੁੜਾਈਆ । ਧੁਰਦਰਗਾਹੀ ਕਰਾਂ ਅਕੱਠ, ਰਾਹ ਵਿਚ ਨਾ ਕੋਈ ਅਟਕਾਈਆ । ਮਾਨਸ ਜਨਮ ਨਾ ਹੋਏ ਭੱਠ, ਗੁਰ ਗੋਬਿੰਦ ਜੋ ਰਿਹਾ ਧਿਆਈਆ । ਮੇਲ ਮਿਲਾਵਾ ਨੱਠ ਨੱਠ, ਚਾਰ ਵਰਨਾਂ ਕਰ ਕੁੜਮਾਈਆ । ਲਹਿਣਾ ਦੇਣਾ ਚੁਕਾਵਾਂ ਤੀਰਥ ਅਠ ਸਠ, ਅੰਮ੍ਰਿਤ ਆਤਮ ਤਾਲ ਭਰਾਈਆ । ਏਕਾ ਪੂਜਾ ਏਕਾ ਪਾਠ, ਵਾਹਿਗੁਰੂ ਫਤਹਿ ਗਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਹੱਥੀ ਕੰਗਨ ਤਨ ਸ਼ੰਗਾਰ, ਗੁਰ ਪੂਰੇ ਆਪ ਬੰਧਾਇਆ । ਬੰਧਨ ਪਾਏ ਅਪਰ ਅਪਾਰ, ਜੀਵ ਜੰਤ ਨਾ ਕੋਈ ਤੁੜਾਇਆ । ਗੁਰਸਿਖ ਨਾ ਹੋਏ ਠੱਗ ਚੋਰ ਯਾਰ, ਦੂਸਰ ਧਨ ਨਾ ਕੋਇ ਚੁਰਾਇਆ । ਦੋ ਹੱਥਾਂ ਰੱਖੇ ਸਾਝਾਂ ਯਾਰ, ਏਕਾ ਵੰਡ ਵੰਡਾਇਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਸਾਚਾ ਖੰਡਾ ਲਏ ਚਮਕਾਇਆ । ਜੋ ਜਨ ਢਹਿ ਪਏ ਦਵਾਰ, ਫੜ ਬਾਂਹੋਂ ਗਲੇ ਲਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਸਾਚਾ ਵਰ, ਗੁਰ ਸੰਗਤ ਰਿਹਾ ਸੁਣਾਇਆ । ਸਾਚੇ ਕੇਸ ਦਸ ਦਸਮੇਸ, ਧੁਰ ਦੀ ਧਾਰ ਪਾਰ ਕਰਾਈਆ । ਸੀਸ ਬੈਠ ਹਰਿ ਜਗਦੀਸ, ਤੇਰਾ ਪੜਦਾ ਪਾਈਆ । ਤੇਰੀ ਕਰੇ ਨਾ ਕੋਈ ਰੀਸ, ਤੇਰਾ ਲੇਖ ਨਾ ਕੋਈ ਲਿਖਾਈਆ । ਤੇਰੀ ਕੀਮਤ ਪਾਏ ਬੀਸ ਬੀਸ, ਦੂਰ ਦੁਰਾਡਾ ਬੈਠਾ ਰਾਹ ਤਕਾਈਆ । ਤੇਰੇ ਛਤਰ ਝੁਲਾਏ ਸੀਸ, ਆਪਣੇ ਹੱਥ ਆਪ ਉਠਾਈਆ । ਜਗਤ ਵਿਕਾਰਾ ਜਾਏ ਪੀਸ, ਗੁਰਮੁਖਾਂ ਰਿਹਾ ਸਮਝਾਈਆ । ਗੁਰਸਿਖਾਂ ਨਾਤਾ ਛੱਡਣਾ ਰਾਗ ਛਤੀਸ, ਮਨ ਕਾਵਿਆ ਕਰੇ ਪੜ੍ਹਾਈਆ । ਬੁੱਧੀ ਬਣਾਏ ਆਪਣੀ ਹਦੀਸ, ਗੁਰਮਤ ਦਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਗੁਰਮਤ ਗੁਰ ਰਿਹਾ ਸੁਣਾਈਆ । ਸਾਚਾ ਕੰਘਾ ਬੱਤੀ ਦੰਦ, ਮੱਖੂ ਮੁਖ ਲਗਾਇਆ । ਸੀਸ ਜਗਦੀਸ ਚੜ੍ਹਿਆ ਚੰਦ, ਆਪਣੇ ਹੱਥ ਟਿਕਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਦੁਰਮਤ ਮੈਲ ਗਵਾਇਆ । ਆਤਮ ਉਪਜੇ ਪਰਮਾਨੰਦ, ਜਿਸ ਜਨ ਆਪਣੀ ਕੇਸੀ ਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਜਣਾਇਆ । ਪੰਚਮ ਧਾਰ ਨਾਤਾ, ਪੰਚਮ ਰਿਹਾ ਜਣਾਈਆ । ਤਨ ਰਖਾਏ ਬਸਤਰ ਛਾਤਾ, ਬਸਤਰ ਸ਼ਸਤਰ ਆਪ ਸਜਾਈਆ । ਧੀਰਜ ਯਤ ਪਾਏ ਕਾਛਾ, ਕਾਮਨ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਸੇ ਸਾਚਾ ਘਰ, ਸਾਚੀ ਸਿਖਿਆ ਇਕ ਸਿਖਾਈਆ । ਸਾਚੀ ਰੀਤ ਗੁਰ ਦਸਤਾਰ, ਸ਼ਬਦੀ ਚੀਰ ਬੰਧਾਇਆ । ਪਾਈ ਤਨ ਹਰਿ ਕਟਾਰ, ਗੁਰ ਗੋਬਿੰਦ ਵੇਖ ਵਖਾਇਆ । ਕੰਘਾ ਕੇਸ ਕਰ ਪਿਆਰ, ਦੋਏ ਮੇਲ ਮਿਲਾਇਆ । ਦਸ ਦਸਮੇਸਾ ਖ਼ਬਰਦਾਰ, ਸੋਏ ਰਿਹਾ ਜਗਾਇਆ । ਗਣਪਤ ਗਣੇਸ਼ਾ ਨਾ ਕੋਈ ਪੂਜੇ ਗੁਰਮੁਖ ਵਿਚਾਰ, ਪੁਰਖ ਅਕਾਲ ਇਕ ਮਨਾਇਆ । ਆਪਣਾ ਆਪ ਕਰ ਤਿਆਰ, ਗੁਰਸਿਖ ਸਾਚਾ ਤਿਆਰ ਕਰਾਇਆ । ਆਪਣੀ ਰੱਖਿਆ ਕਰ ਵਿਚ ਸੰਸਾਰ, ਦੇ ਮਤ ਆਪ ਸਮਝਾਇਆ । ਆਪੇ ਢਹਿ

ਪਿਆ ਦਵਾਰ, ਗੁਰਮੁਖਾਂ ਅੱਗੇ ਝੋਲੀ ਡਾਇਆ । ਪੰਚਮ ਸੇਵਕ ਹੋਇਆ ਸੇਵਾਦਾਰ, ਮੁਖ ਅੰਮ੍ਰਿਤ ਆਪ ਚਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵੇਲਾ ਰਿਹਾ ਸੁਹਾਇਆ । ਜਿਉਂ ਭਾਵੀ ਤਿਉਂ ਭਾਵਨਾ, ਹਰਿ ਕਰਨ ਕਰਾਵਣ ਜੋਗ । ਦੂਤੀ ਦੁਸ਼ਟ ਖਪਾਏ ਜਿਉਂ ਰਾਮਾ ਰਾਵਣਾ, ਗੁਰਮੁਖ ਮੇਲਾ ਧੁਰ ਸੰਜੋਗ । ਨੇਤਰ ਬਖ਼ਸ਼ੇ ਸਾਚਾ ਚਾਨਣਾ, ਆਤਮ ਰਸ ਸਾਚਾ ਭੋਗ । ਗੁਰਸਿਖ ਤੇਰਾ ਬ੍ਰਹਮ ਗਿਆਨਣਾ, ਏਕਾ ਪੜ੍ਹਨਾ ਸਚ ਸਲੋਕ । ਮੇਰਾ ਤੇਰਾ ਰੂਪ ਏਕਾ ਜਾਨਣਾ, ਮੇਰੀ ਤੇਰੀ ਇਕ ਦਵਾਰੇ ਮੋਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪੇ ਜਾਣੇ ਆਪਣਾ ਹਰਖ਼ ਸੋਗ ।

ਏਕਾ ਦਰ ਹਰਿ ਭਗਵਾਨ, ਮਾਂਗਣ ਕੋਟੀ ਕੋਟ । ਦੇਵਣਹਾਰ ਜੀਆ ਦਾਨ, ਆਦਿ ਅੰਤ ਅਤੋਟ । ਜਿਸ ਜਨ ਬਖ਼ਸ਼ੇ ਚਰਨ ਧੂੜ ਸੱਚਾ ਅਸ਼ਨਾਨ, ਜਗਤ ਤ੍ਰਿਸ਼ਨਾ ਭਰੀ ਪੋਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਆਪਣੇ ਦਰ, ਜਨਮ ਜਨਮਾਂਤਰ ਕੱਢੇ ਖੋਟ । ਮੰਮਾ ਮੂਲ ਪਛਾਨ, ਮਨ ਬੈਰਾਗਿਆ । ਸਤਿਗੁਰ ਪੂਰਾ ਹੋ ਮਿਹਰਵਾਨ, ਮਾਨਸ ਜਨਮ ਧੋਵੇ ਦਾਗ਼ਿਆ । ਦੇਵੇ ਦਰਸ ਦਰਸ ਮਹਾਨ, ਫੜ ਫੜ ਹੰਸ ਬਣਾਏ ਕਾਗਿਆ । ਆਤਮ ਅੰਤਰ ਬਖ਼ਸ਼ੇ ਬ੍ਰਹਮ ਗਿਆਨ, ਹੱਥ ਆਪਣੇ ਪਕੜੇ ਵਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਸ਼ਬਦ ਸੁਭਾਗਿਆ । ਮੰਮਾ ਮੇਲਾ ਮੇਲ ਕਰ, ਮਿਲਿਆ ਪੁਰਖ ਅਗੰਮ । ਗੁਰਮੁਖ ਸੱਜਣ ਸੁਹੇਲ ਦਰ, ਨਾ ਮਰੇ ਨਾ ਪਏ ਜੰਮ । ਆਪ ਆਪਣੇ ਜੇਹਾ ਕਰ, ਲੱਖ ਚੁਰਾਸੀ ਤੋੜੇ ਬੰਧਨ ਬੰਨ । ਇਕ ਨੁਹਾਏ ਸਾਚੇ ਸਰ, ਥਿਰ ਘਰ ਬਹਾਏ ਨਾ ਕੋਈ ਰਖਾਏ ਛੱਪਰ ਛੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖੇ ਲਾਏ ਕਾਇਆ ਤਨ । ਤਨ ਖਾਕੀ ਚਮੜਾ, ਪੰਜ ਤਤ ਸਜਾਇਆ । ਧੰਨ ਜਣੇਂਦੀ ਅੰਮੀ ਅੰਮੜਾ, ਪੂਤ ਸਪੂਤਾ ਕੁੱਖ ਰਖਾਇਆ । ਮੇਲ ਮਿਲਾਵਾ ਅਗੰਮ ਅਗੰਮੜਾ, ਅਗੰਮੜਾ ਥਾਨ ਸੁਹਾਇਆ । ਹਰਿ ਹਰਿ ਗੁਰਮੁਖ ਦਰ ਨਾ ਕੋਈ ਲਾਏ ਪੈਸਾ ਦਮੜਾ, ਕੀਮਤ ਕਰਤਾ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਸਾ ਮਨਸਾ ਪੂਰਨ ਦਏ ਕਰਾਇਆ । ਮਨ ਮਨਸਾ ਮਨ ਮਾਨਿਆ, ਆਤਮ ਭਇਆ ਅਨੰਦ । ਗੁਰ ਪੂਰਾ ਹੋ ਮਿਹਰਵਾਨਿਆ, ਸ਼ਬਦ ਸੁਹਾਗੀ ਸੁਣਾਏ ਛੰਦ । ਜੋਤੀ ਨੂਰ ਪਰਕਾਸ਼ ਕਰੇ ਕੋਟਨ ਕੋਟ ਭਾਨਿਆ, ਮੇਟ ਮਿਟਾਏ ਅੰਧੇਰਾ ਅੰਧ । ਇਕ ਵਖਾਏ ਧੁਰ ਫ਼ਰਮਾਨਿਆ, ਤਨ ਮੰਦਰ ਅੰਦਰ ਨਿਜਾ ਨੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੂਈ ਦਵੈਤੀ ਢਾਹੇ ਦੂਜੀ ਕੰਧ, ਮਾਤ ਪਿਤ ਪਿਤਾ ਪੂਤ ਬੰਧੀ ਬੰਧ । ਏਕਾ ਤਾਗਾ ਏਕਾ ਸੂਤ, ਏਕਾ ਤੰਦ ਰਖਾਇਆ । ਜੁੜਿਆ ਜੋੜਾ ਸ਼ਬਦ ਘੋੜਾ, ਹਰਿ ਸਾਚੇ ਆਪ ਜੁੜਾਇਆ । ਦਹਿ ਦਿਸ਼ਾ ਉਤਰ ਪੂਰਬ ਪੱਛਮ ਦੱਖਣ ਵੇਖ ਵਖਾਏ ਚਾਰੇ ਕੂਟ, ਖੰਡ ਬ੍ਰਹਿਮੰਡ ਉਤਭੁਜ ਸੇਤਜ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਜਗਤ ਵੱਖਰ ਸੋ ਪੁਰਖ ਨਿਰੰਜਣ ਆਪ ਦ੍ਰਿੜਾਇਆ । ਸੋ ਪੁਰਖ ਹਰਿ ਕਰਨੇਹਾਰਾ, ਸਤਿਗੁਰੂ ਰੂਪ ਸਮਾਇੰਦਾ । ਜਨ ਭਗਤਾਂ ਦੇਵੇ ਨਾਮ ਭੰਡਾਰਾ, ਧੁਰ ਦਰਬਾਰਾ ਆਪ ਸੁਹਾਇੰਦਾ । ਖੇਲੇ ਖੇਲ ਅਪਰ ਅਪਾਰਾ, ਦਿਸ ਕਿਸੇ ਨਾ ਆਇੰਦਾ । ਨੱਨਾ ਨਿਰਗੁਣ ਰੂਪ ਅਪਾਰਾ, ਨਿਝ ਘਰ ਬੈਠਾ ਆਸਣ ਲਾਇੰਦਾ ।

ਜੋਤ ਸਰੂਪੀ ਜੋਤ ਉਜਿਆਰਾ, ਸ਼ਬਦੀ ਸ਼ਬਦ ਚਲਾਇੰਦਾ । ਪਾਰਬ੍ਰਹਮ ਗੁਰ ਅਵਤਾਰਾ, ਆਦਿ ਅੰਤ ਅਖਵਾਇੰਦਾ । ਨਾ ਕੋਈ ਰੂਪ ਨਾਰੀ ਨਾਰਾ, ਨਾ ਕੋਈ ਤਤ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਵਿਚੋਲਾ ਏਕਾ ਗੁਣ, ਸ਼ਬਦੀ ਨਾਉਂ ਰਖਾਇੰਦਾ । ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਰੰਗ ਰੰਗਾਇਆ । ਨਿਰਗੁਣ ਚੇਲਾ ਨਿਰਗੁਣ ਗੁਰ, ਨਿਰਗੁਣ ਸੋਹੇ ਬੰਕ ਦਵਾਰ, ਸਚ ਦਵਾਰਾ ਇਕ ਖੁਲ੍ਹਾਇਆ । ਨਿਰਗੁਣ ਮੇਲਾ ਵਿਚ ਸੰਸਾਰ, ਵਿਛੜ ਕਦੇ ਨਾ ਜਾਇਆ । ਮਾਤਾ ਪਿਤਾ ਸੁਤ ਪਿਆਰ, ਪੂਤ ਸਪੂਤਾ ਧਰਮੀ ਜਾਇਆ । ਬੂੰਦ ਰਕਤ ਕਰ ਅਧਾਰ, ਨਾੜੀ ਚਮੜੀ ਵੇਖ ਵਖਾਇਆ । ਮਨ ਮਤ ਬੁਧ ਦਏ ਸੁਧਾਰ, ਨਾਮ ਬਿਬੇਕੀ ਆਪ ਰਖਾਇਆ । ਸ਼ਬਦ ਟੇਕੀ ਇਕ ਨਿਰੰਕਾਰ, ਨਾ ਕੋਈ ਦੂਸਰ ਸੀਸ ਝੁਕਾਇਆ । ਆਪਣੀ ਕਰਨੀ ਆਪੇ ਵੇਖੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਮੋਖ ਮੁਕਤ ਨਾ ਗੁਰਮੁਖ ਮੰਗੇ, ਸੋਹੇ ਬੰਕ ਦਵਾਰਿਆ । ਕਾਇਆ ਚੋਲੀ ਆਪਣੀ ਰੰਗੇ, ਉਤਰ ਨਾ ਜਾਏ ਵਿਚ ਸੰਸਾਰਿਆ । ਦੁਰਮਤ ਮੈਲ ਧੋਵੇ ਦਾਗ਼ੇ, ਘਰ ਪਾਵੇ ਸਾਚੇ ਸਾਰਿਆ । ਜਗਤ ਤ੍ਰਿਸਨਾ ਬੁਝੇ ਆਗੇ, ਦਰਸ਼ਨ ਪਾਏ ਗੁਰ ਕਰਤਾਰਿਆ । ਚਰਨ ਕਵਲ ਕਵਲ ਚਰਨ ਪ੍ਰੀਤੀ ਸਾਚੀ ਲਾਗੇ, ਦੋ ਜਹਾਨੀ ਹੋ ਉਜਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਆਪ ਆਪਣੀ ਦਇਆ ਕਮਾ ਰਿਹਾ । ਸਤਿਗੁਰ ਮਿਹਰਵਾਨ, ਸਾਖਿਆਤ ਉਠ ਧਾਇਆ । ਗੁਰਮੁਖ ਸਾਚੇ ਕਰ ਪਛਾਨ, ਪਾਰਜਾਤ ਲਏ ਬਣਾਇਆ । ਏਕੇ ਦੇਵੇ ਧੁਰ ਫ਼ਰਮਾਨ, ਵੇਦ ਕਤੇਬ ਨਾ ਕਿਸੇ ਜਣਾਇਆ । ਸ਼ਬਦੀ ਸ਼ਬਦ ਬ੍ਰਹਮ ਗਿਆਨ, ਪਾਰਬ੍ਰਹਮ ਸਮਾਇਆ । ਜਗਤ ਨੇਤਰ ਬੰਦ ਕਰਾਨ, ਦੋਏ ਲੋਚਨ ਨਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਲਿਖਾ, ਲਿਖਣਹਾਰ ਨਾਮ ਧਰਾਇਆ । ਘੱਗਾ ਘਰ ਵਿਚਾਰ, ਘਰ ਘਰ ਵੇਖਿਆ । ਘਰ ਘਰ ਪਾਵੇ ਸਾਰ, ਘਰ ਘਰ ਲਿਖੇ ਲੇਖਿਆ । ਘਰ ਘਰ ਮਹੱਲ ਉਸਾਰ, ਘਰ ਘਰ ਬੈਠਾ ਦੇਵੇ ਆਪਣੀ ਸੀਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਇਆ ਕਰਨ ਸੱਚੀ ਪ੍ਰੀਖਿਆ । ਲੱਖ ਚੁਰਾਸੀ ਪਰਖਣਹਾਰਾ, ਪਾਰਬ੍ਰਹਮ ਬੇਅੰਤਾ । ਗੁਰਮੁਖ ਸਾਚੇ ਜਗਤ ਜਲੰਦਾ ਰੱਖਣਹਾਰਾ, ਪਾਰ ਉਤਾਰੇ ਸਾਚੇ ਸੰਤਾ । ਏਕਾ ਮਾਰਗ ਜੋਤ ਨਿਰਾਲੀ ਸ਼ਬਦ ਦਵਾਰਾ ਦੱਸਣਹਾਰਾ, ਖੇਲੇ ਖੇਲ ਆਦਿਨ ਅੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਮੇਲ ਮਿਲਾਵਾ ਸਾਚੇ ਕੰਤਾ । ਮਾਨ ਸਿੰਘ ਮਨ ਲਾਈ ਚੋਟ, ਹਰਿ ਸਾਚੇ ਵਡ ਵਡਿਆਈਆ । ਦੁਰਮਤ ਮੈਲ ਕੱਢਿਆ ਖੋਟ, ਨਿਜ ਆਤਮ ਕਰੇ ਜਣਾਈਆ । ਸ਼ਬਦ ਭੰਡਾਰਾ ਭਰੇ ਅਤੋਟ, ਤੋਟ ਰਹੇ ਨਾ ਰਾਈਆ । ਕਲਜੁਗ ਜੀਵ ਭਰਮੇ ਭੁੱਲੇ ਕੋਟੀ ਕੋਟ, ਕੋਟੀ ਕੋਟ ਫਿਰਨ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨਮ ਜਨਮ ਲੇਖੇ ਲਾਈਆ । ਮਾਨਸ ਜਨਮ ਸਾਚਾ ਲਹਿਣਾ, ਘਰ ਸਾਚੇ ਇਕ ਵਸਾਇੰਦਾ । ਦਰਸ਼ਨ ਪਾਏ ਨੇਤਰ ਨੈਣਾ, ਆਵਣ ਜਾਵਣ ਫੰਦ ਕਟਾਇੰਦਾ । ਥਿਰ ਘਰ ਸਾਜਨ ਸਾਚੇ ਬਹਿਣਾ, ਜੋਤੀ ਜੋਤ ਸਮਾਇੰਦਾ । ਅਕਾਲ ਮੂਰਤ ਗੁਰ ਏਕਾ ਕਹਿਣਾ, ਨਿਰਗੁਣ ਨਿਰਗੁਣ ਰੰਗ ਰੰਗਾਇੰਦਾ । ਸ਼ਬਦੀ ਭਾਣਾ ਹਰਿ ਹਰਿ ਸਹਿਣਾ, ਹਰਿ ਸਾਚਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਦੇਵੇ ਵਰ, ਪੰਜ ਤਤ ਵਿਕਾਰਾ ਮੇਟ ਮਿਟਾਇੰਦਾ । ਪੰਜ ਤਤ ਵਿਕਾਰਾ ਕਾਇਆ ਗੜ੍ਹ, ਹਰਿ ਸਾਚੇ

੫੦੧ ੦੨

ਆਪ ਵਸਾਇਆ । ਅੰਦਰੇ ਅੰਦਰ ਲਏ ਫੜ, ਦਿਸ ਕਿਸੇ ਨਾ ਆਇਆ । ਆਪਣੇ ਅੰਦਰ ਆਪੇ ਜਾਏ ਚੜ੍ਹ, ਏਕਾ ਪੌੜਾ ਰਿਹਾ ਰਖਾਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਗੁਰ ਪੀਰ ਨਾ ਕੋਈ ਮਨਾਇਆ । ਨਾ ਕੋਈ ਅਗਨੀ ਹਵਨ ਗਿਆ ਸੜ, ਜਲ ਧਾਰ ਨਾ ਕੋਈ ਚੜ੍ਹਾਇਆ । ਨਾੜ ਬਹੱਤਰ ਘਾੜਨ ਘਾੜ, ਆਪ ਆਪਣਾ ਤੰਦ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਜਗਾਇਆ । ਗੁਰਮੁਖ ਸਾਜਨ ਆਪ ਜਗਾਇਆ, ਆਪਣੀ ਦਇਆ ਕਮਾਈਆ । ਹਉਮੇ ਹੰਗਤਾ ਰੋਗ ਗਵਾਇਆ, ਮਮਤਾ ਨੇੜ ਨਾ ਆਈਆ । ਜਿਉਂ ਨਾਨਕ ਅੰਗਦ ਅੰਗ ਲਗਾਇਆ, ਅੰਗੀਕਾਰ ਆਪ ਅਖਵਾਈਆ । ਸਾਚੀ ਸੰਗਤਾ ਮੇਲ ਮਿਲਾਇਆ, ਸਗਲਾ ਸੰਗ ਨਿਭਾਇਆ । ਭਗਤ ਦਵਾਰੇ ਪੁਰਖ ਅਬਿਨਾਸ਼ੀ ਜੋਤ ਸਰੂਪੀ ਮੰਗਤਾ ਮੰਗਣ ਆਇਆ, ਆਪਣੀ ਝੋਲੀ ਅੱਗੇ ਡਾਹੀਆ । ਚਰਨ ਪ੍ਰੀਤੀ ਸਾਚੀ ਰੀਤੀ ਆਤਮ ਅਤੀਤੀ ਏਕਾ ਮਾਰਗ ਦਿਸ ਨਾ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਗੁਰਮੁਖ ਸਾਜਨ ਮਨ ਚਾਓ ਘਨੇਰਾ, ਹਰਿ ਹਰਿ ਦਰਸ਼ਨ ਪਾਇਆ । ਦੂਰ ਦੁਰਾਡਾ ਵਸੇ ਨੇੜਾ, ਨਿਝ ਘਰ ਬੈਠਾ ਆਸਣ ਲਾਇਆ । ਆਤਮ ਸੇਜਾ ਏਕਾ ਵੇਖੇ ਸੰਝ ਸਵੇਰਾ, ਦਿਵਸ ਰੈਣ ਨਾ ਕੋਈ ਜਣਾਇਆ । ਲੇਖਾ ਚੁੱਕੇ ਮੇਰਾ ਤੇਰਾ, ਤੇਰਾ ਮੇਰਾ ਰੂਪ ਦਰਸਾਇਆ । ਆਪੇ ਬੰਨਣਹਾਰਾ ਬੇੜਾ, ਬੇੜਾ ਆਪਣੇ ਕੰਧ ਉਠਾਇਆ । ਗੁਰਸਿਖ ਤੇਰਾ ਵਸੇ ਕਾਇਆ ਖੇੜਾ, ਹਰਿ ਸਾਚੇ ਭਾਗ ਲਗਾਇਆ । ਬਿਨ ਗੁਰ ਪੂਰੇ ਅਵਰ ਨਾ ਕੋਈ ਜਾਣੇ ਕਿਹੜਾ, ਕਵਣ ਦਵਾਰ ਹੋਏ ਰੁਸ਼ਨਾਇਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਕਰੇ ਹੱਕ ਨਿਬੇੜਾ, ਲਹਿਣਾ ਦੇਣਾ ਮੂਲ ਚੁਕਾਇਆ । ਸਿੰਘ ਮਾਨ ਮਨ ਲੈਣਾ ਜਿਤ, ਮਨਮਤ ਜਗਤ ਤਜਾਈਆ । ਹਰਿ ਸਾਜਨ ਕਰੇ ਸਾਚਾ ਹਿਤ, ਆਵੇ ਜਾਵੇ ਫੇਰਾ ਪਾਈਆ । ਨਾ ਕੋਈ ਜਣਾਈ ਵਾਰ ਥਿਤ, ਅੱਠੇ ਪਹਿਰ ਰੰਗ ਰੰਗਾਈਆ । ਆਪੇ ਮਾਤਾ ਆਪੇ ਪਿਤ, ਆਪਣੀ ਗੋਦ ਲਏ ਉਠਾਈਆ । ਪੰਚ ਵਿਕਾਰਾ ਲੈਣਾ ਜਿਤ, ਹਰਿ ਸਚ ਸੱਚੀ ਸਰਨਾਈਆ । ਖੇਲੇ ਖੇਲ ਬੂੰਦ ਰੱਤ, ਮਾਤ ਕੁੱਖ ਸੁਫ਼ਲ ਕਰਾਈਆ । ਮੇਲ ਮਿਲਾਵਾ ਨਿਤ ਨਵਿਤ, ਆਦਿ ਜੁਗਾਦੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਈਆ । ਜੁਗ ਜੁਗ ਆਵੇ ਜੋਤ ਜਗਾ, ਹਰਿ ਸਚ ਵੱਡੀ ਵਡਿਆਈਆ । ਭਗਤ ਸੁਹੇਲੇ ਨਾਲ ਰਲਾ ਲੋਕਮਾਤ ਕਰੇ ਕੁੜਮਾਈਆ । ਮਾਨਸ ਮਾਨਸ ਲਏ ਉਪਜਾ, ਮਾਨਸ ਜੋਤ ਜਗਾਈਆ । ਚਰਨ ਕਵਲ ਪ੍ਰੀਤੀ ਨਾਤਾ ਲਏ ਬੰਧਾ, ਆਪਣੇ ਹੱਥ ਰੱਖੀ ਵਡਿਆਈਆ । ਸ੍ਰਿਸ਼ਟ ਸਬਾਈ ਮੂਰਖ ਮੂੜ ਮੁਗਧ ਜੀਵ ਜੰਤ ਦਏ ਸਮਝਾ, ਹਰਿ ਸੰਤਨ ਦਏ ਵਡਿਆਈਆ । ਜੂਠ ਝੂਠ ਕੂੜੋ ਕੂੜ ਦਏ ਖਪਾ, ਸਚ ਸੁੱਚ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਏ ਦਇਆ ਕਮਾਏ ਭਗਤ ਸੁਹੇਲਾ ਸੰਗ ਨਿਭਾਏ, ਸਗਲਾ ਸੰਗ ਨਿਭਾਈਆ । ਮਾਤ ਪਿਤਾ ਘਰ ਜੰਮਿਆ ਲਾਲ, ਲੋਕਮਾਤ ਵੱਜੀ ਵਧਾਈਆ । ਗੁਰ ਪੂਰੇ ਹਾਜ਼ਰ ਹਜ਼ੂਰੇ ਆਪੇ ਲਿਆ ਭਾਲ, ਜਗਤ ਵਿਚੋਲਾ ਨਾ ਕੋਈ ਬਣਾਈਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਜੋਤੀ ਨੂਰ ਡਗਮਗਾਈਆ । ਸਾਚਾ ਦੀਪਕ ਸਾਚੇ ਥਾਲ, ਗਗਨ ਮੰਡਲ ਆਪ ਟਿਕਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਦਰ ਦਵਾਰੇ ਰਿਹਾ ਦੁਰਕਾਈਆ । ਏਕਾ ਮਾਰੇ ਸਚ ਉਛਾਲ, ਸਚ ਦਵਾਰਾ ਵੇਖ ਵਖਾਈਆ । ਪੁਰਖ ਅਬਿਨਾਸ਼ੀ ਨਿਰਗੁਣ ਰੂਪ ਚਲੇ ਨਾਲ ਨਾਲ,

ਗੁਰਮੁਖ ਵੱਡੀ ਵਡਿਆਈਆ । ਕਲਜੁਗ ਅੰਤਮ ਬਣਿਆ ਆਪ ਦਲਾਲ, ਭੇਖਾਧਾਰੀ ਭੇਖ ਵਟਾਈਆ । ਗੁਰਮੁਖ ਬਣਾਇਆ ਸੱਚਾ ਸ਼ਾਹ ਦਰ ਬਣਿਆ ਆਪ ਕੰਗਾਲ, ਪ੍ਰੇਮ ਭਿਛਿਆ ਮੰਗੇ ਵਾਹੋ ਦਾਹੀਆ । ਗੁਰਸਿਖ ਤੇਰੀ ਜਗਤ ਅਵੱਲੜੀ ਚਲੇ ਚਾਲ, ਮਿਲਿਆ ਮੇਲ ਬੇਪਰਵਾਹੀਆ । ਮਾਤ ਪਿਤ ਘਾਲਨਾ ਲਈ ਘਾਲ, ਅੰਤਮ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਣ ਬਿਨੰਤੀ ਇਕ ਇਕੰਤੀ, ਏਕਾ ਵੇਖ ਵਖਾਈਆ । ਗੁਰਸਿਖ ਸਾਜਨ ਕਰ ਬਿਨੰਤੀ, ਆਪਣਾ ਆਪ ਦਰਸਾਇਆ । ਪੂਰਨ ਜੋਤ ਸ੍ਰੀ ਭਗਵੰਤੀ, ਭਗਵਨ ਵੇਸ ਵਟਾਇਆ । ਨਾ ਕੋਈ ਜਾਣੇ ਸਾਧਨ ਸੰਤੀ, ਲੱਖ ਚੁਰਾਸੀ ਨਾ ਵੇਖ ਵਖਾਇਆ । ਹਰਿਜਨ ਨਾਰੀ ਵਰ ਪਾਇਆ ਸਾਚਾ ਕੰਤੀ, ਘਰ ਮੰਦਰ ਇਕ ਸੁਹਾਇਆ । ਸਾਚਾ ਵੇਸ ਰੰਗ ਬਸੰਤੀ, ਕੰਚਨ ਰੂਪ ਵਟਾਇਆ । ਲਾਲ ਭੂਸ਼ਨ ਰੰਗ ਰਗੰਤੀ, ਸਾਚਾ ਸਗਨ ਮਨਾਇਆ । ਸੂਹਾ ਵੇਸ ਇਕ ਵਖੰਤੀ, ਆਪਣਾ ਮੰਗਲ ਗਾਇਆ । ਚਿੱਟੀ ਧਾਰੀ ਧਾਰ ਬਧੰਤੀ, ਬੰਧਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਤੇਰੇ ਦਰ, ਤੇਰਾ ਲਹਿਣਾ ਝੋਲੀ ਪਾਇਆ । ਜਗਤ ਨਾਤਾ ਜਗਤ ਬੰਸ, ਜਗਤ ਮੋਹ ਰਖਾਇਆ । ਗੁਰਮੁਖ ਸਾਜਨ ਸਾਚਾ ਹੰਸ, ਸਤਿ ਸਰੂਪ ਸਮਾਇਆ । ਸਤਿਗੁਰ ਪੂਰਾ ਬਣਾਏ ਆਪਣੀ ਅੰਸ, ਸਹੰਸ ਸਹੰਸੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਮਾਨ ਬਾਲ ਨਿਧਾਨ, ਬਾਲੀ ਬੁਧ ਲਏ ਤਰਾਇਆ ।



## * ੨੦ ਸਾਵਣ ੨੦੧੫ ਬਿਕ੍ਰਮੀ ਮੱਖਣ ਸਿੰਘ ਦੇ ਘਰ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ *

੫੦੩
੦੨

ਹਰਿ ਪੁਰਖ ਅਕਾਲ ਅਗੰਮੜਾ, ਪਾਰਬ੍ਰਹਮ ਬੇਅੰਤ । ਨਾ ਹੱਡ ਮਾਸ ਨਾੜੀ ਚਮੜਾ, ਨਾ ਰੂਪ ਸਾਧ ਸੰਤ । ਨਾ ਮਿਲੇ ਕੋਈ ਦਮੜਾ, ਨਾ ਕੋਈ ਧਨਾਢ ਧਨਵੰਤ । ਨਾ ਮਰੇ ਨਾ ਕਦੇ ਜੰਮੜਾ, ਹਰਿ ਏਕਾ ਆਦਿ ਅੰਤ । ਆਪੇ ਜਾਣੇ ਆਪਣਾ ਕੰਮੜਾ, ਮਹਿਮਾ ਗਣਤ ਅਗਣਤ । ਆਪੇ ਅੰਮੀ ਅੰਮੜਾ, ਆਪ ਬਣਾਏ ਆਪਣੀ ਬਣਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਭਗਵੰਤ । ਹਰਿ ਜੋਤ ਹਰਿ ਹਰਿ ਵਸਿਆ, ਹਰਿ ਹਰਿ ਰੂਪ ਅਪਾਰ । ਹਰਿ ਘਰ ਹਰਿ ਵਸਿਆ, ਮਹੱਲ ਅਟੱਲ ਨਾ ਕੋਈ ਚਾਰ ਦਿਵਾਰ । ਹਰਿ ਘਰ ਹਰਿ ਪਰਕਾਸਿਆ, ਰਵ ਸਸ ਨਾ ਕੋਈ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਤਮਾਸਿਆ । ਖੇਲੇ ਖੇਲ ਹਰਿ ਭਗਵਾਨ, ਆਪਣੀ ਕਲ ਵਰਤਾਈਆ । ਦੀਪਕ ਜੋਤੀ ਜੋਤ ਮਹਾਨ, ਇਕ ਅਕੇਲਾ ਰਿਹਾ ਜਗਾਈਆ । ਨਾ ਕੋਈ ਦੂਸਰ ਹੋਰ ਨਿਸ਼ਾਨ, ਨਾ ਕੋਈ ਰਚਨ ਰਚਾਈਆ । ਨਾ ਕੋਈ ਕਿਲਾ ਕੋਟ ਮਕਾਨ, ਕੰਚਨ ਗੜ੍ਹ ਨਾ ਕੋਈ ਸੁਹਾਈਆ । ਨਾ ਕੋਈ ਰਾਜ ਸ਼ਾਹ ਸੁਲਤਾਨ, ਦਰ ਦਰਬਾਨ ਨਾ ਕੋਈ ਵਖਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਮੰਡਲ ਰਾਸ ਨਾ ਕੋਈ ਨਚਾਈਆ । ਨਾ ਕੋਈ ਮਾਤ ਪਿਤਾ ਨਾ ਬਾਲ ਨਿਧਾਨ, ਸਾਕ ਸੈਣ ਨਾ ਕੋਈ ਜਣਾਈਆ । ਨਾ ਕੋਈ ਕਰਮ ਨਾ ਕੋਈ ਧਰਮ ਨਾ ਕੋਈ ਗਿਆਨ, ਨਾ ਕੋਈ ਸਿਖਿਆ ਰਿਹਾ ਸਿਖਾਈਆ । ਨਾ ਕੋਈ ਅੱਖਰ ਨਾ ਕੋਈ ਨਿਸ਼ਾਨ, ਨਾ ਕੋਈ ਰਸਨਾ ਰਿਹਾ ਅਲਾਈਆ । ਨਾ ਕੋਈ ਮਾਇਆ ਗੁਣ ਤ੍ਰੈ ਪਰਧਾਨ, ਪੰਜ ਤਤ ਨਾ ਕੋਈ ਵਡਿਆਈਆ । ਨਾ

ਕੋਈ ਬੁਧ ਮਤ ਮਨ ਸ਼ੈਤਾਨ, ਰਕਤ ਬੂੰਦ ਨਾ ਕੋਇ ਵਖਾਈਆ । ਨਾ ਕੋਈ ਨੈਣ ਨੇਤਰ ਨੱਕ ਕਾਨ, ਮੁਖ ਦੰਦ ਨਾ ਕੋਈ ਵਖਾਈਆ । ਭੁਜਾਂ ਸ਼ਸਤਰ ਨਾ ਕੋਈ ਜਵਾਨ, ਸੂਰਬੀਰ ਨਾ ਕੋਈ ਜਣਾਈਆ । ਚਰਨ ਕਵਲ ਨਾ ਕੋਈ ਧਿਆਨ, ਨਾ ਕੋਈ ਬੈਠਾ ਸੀਸ ਝੁਕਾਈਆ । ਨਾ ਕੋਈ ਬ੍ਰਹਮ ਕਰੇ ਗਿਆਨ, ਨਾ ਕੋਈ ਵਿਸ਼ਨੂੰ ਰੂਪ ਵਟਾਈਆ । ਨਾ ਕੋਈ ਸ਼ੰਕਰ ਵੇਖੇ ਮਾਰ ਧਿਆਨ, ਬਾਸ਼ਕ ਤਸ਼ਕਾ ਗਲ ਲਟਕਾਈਆ । ਨਾ ਕੋਈ ਇੰਦ ਇੰਦਰਾਸਨ ਬੈਠ ਹੋਏ ਪਰਧਾਨ, ਕਰੋੜ ਤੇਤੀਸਾ ਅੰਮ੍ਰਿਤ ਜਾਮ ਨਾ ਕੋਈ ਪਿਆਈਆ । ਚਾਰ ਵੇਦ ਨਾ ਕੋਈ ਨਿਸ਼ਾਨ, ਚਾਰ ਯੁਗ ਨਾ ਵੰਡ ਵੰਡਾਈਆ । ਪੁਰਾਨ ਅਠਾਰਾਂ ਨਾ ਕੋਈ ਵਖਾਨ, ਵੇਦ ਵਿਆਸ ਨਾ ਕਲਮ ਚਲਾਈਆ । ਨਾਰਦ ਮੁਨ ਨਾ ਕੋਇ ਜਵਾਨ, ਰਾਗ ਛਤੀਸ ਨਾ ਕੋਇ ਅਲਾਈਆ । ਰੂਪ ਰੰਗ ਨਾ ਕੋਈ ਵਖਾਨ, ਅਕਾਰ ਸਾਕਾਰ ਨਾ ਕੋਈ ਜਣਾਈਆ । ਰਾਜ ਜੋਗ ਨਾ ਕੋਈ ਅਭਿਮਾਨ, ਮਾਣ ਮੋਹ ਨਾ ਕੋਈ ਵਧਾਈਆ । ਤ੍ਰਿਆ ਸੇਜ ਨਾ ਕੋਈ ਸੁਆਣ, ਅੰਗੀਕਾਰ ਨਾ ਕੋਈ ਕਰਾਈਆ । ਪੰਚਮ ਨਾਤਾ ਨਾ ਕੋਈ ਜਹਾਨ, ਪੰਚਮ ਮੋਹ ਨਾ ਕੋਈ ਵਧਾਈਆ । ਗੁਰ ਦਾਤਾ ਨਾ ਦੇਵੇ ਕੋਈ ਬਲੀਦਾਨ, ਨਾਮ ਮੰਤਰ ਨਾ ਕੋਈ ਜਣਾਈਆ । ਦੁਰਗਾ ਗਾਇਤਰੀ ਨਾ ਕੋਈ ਰਕਾਨ, ਅੰਸ ਬੰਸ ਨਾ ਕੋਈ ਸਰਨਾਈਆ । ਸ਼ੇਸ਼ ਸਹੰਸ ਮੁਖ ਨਾ ਕੋਈ ਖੁਲ੍ਹਾਨ, ਦੋਏ ਸਹਿੰਸ ਨਾ ਜਿਹਵਾ ਹਿਲਾਈਆ । ਧਰਤ ਧਵਲ ਨਾ ਜਲ ਟਿਕਾਨ, ਜਲਬਿੰਬ ਨਾ ਰਚਨ ਰਚਾਈਆ । ਖੇਲੇ ਖੇਲ ਸ੍ਰੀ ਭਗਵਾਨ, ਖੇਲਣਹਾਰ ਆਪ ਅਖਵਾਈਆ । ਇਕ ਅਕੱਲਾ ਹੋ ਪਰਧਾਨ, ਆਪ ਆਪਣਾ ਰੰਗ ਰੰਗਾਈਆ ।

੫੦੪ ਨਾ ਕੋਈ ਗੀਤਾ ਨਾ ਗਿਆਨ, ਨਾ ਕੋਈ ਕ੍ਰਿਸ਼ਨਾ ਬੰਸਰੀ ਵਜਾਈਆ । ਨਾ ਕੋਈ ਰਾਮਾ ਰਾਮ ਪਰਧਾਨ, ਸੀਤਾ ਸੁਰਤ ਨਾ ਕੋਈ ਰਖਾਈਆ । ੫੦੪

੦੨ ਨਾ ਕੋਈ ਈਸਾ ਮੂਸਾ ਕਰੇ ਗਿਆਨ, ਮੁਹੰਮਦ ਯਾਰ ਨਾ ਕੋਈ ਜਣਾਈਆ । ਅੱਲਾ ਰਾਣੀ ਨਾ ਹੋ ਪਰਧਾਨ, ਨੇਤਰ ਕੱਜਲ ਕੋਈ ਨਾ ਪਾਈਆ । ੦੨

ਅਬਲੀਸ ਨਾ ਦਿਸੇ ਨਾਲ ਸ਼ੈਤਾਨ, ਅਲੀ ਸ਼ਾਹ ਨਾ ਨਾਅਰਾ ਲਾਈਆ । ਹੱਕ ਹਕੀਕਤ ਨਾ ਕੋਈ ਗੁਣ ਨਿਧਾਨ, ਸ਼ਰਅ ਸ਼ਰੀਅਤ ਨਾ ਕੋਈ ਵਖਾਈਆ । ਮੁਕਾਮੇ ਹੱਕ ਨਾ ਕੋਈ ਸਕੇ ਪਛਾਨ, ਐਨਲਹੱਕ ਨਾ ਕੋਈ ਅਲਾਈਆ । ਨਾ ਕੋਈ ਅੰਜੀਲ ਨਾ ਕੋਈ ਕੁਰਾਨ, ਬੰਸ ਬੰਸਾ ਨਾ ਕੋਇ ਗਾਈਆ । ਨਾ ਕੋਈ ਨਾਨਕ ਪੰਜ ਤਤ ਫਿਰੇ ਵਿਚ ਜਹਾਨ, ਨੇਤਰ ਨੈਣ ਦਰਸ ਨਾ ਪਾਈਆ । ਨਾ ਗੋਬਿੰਦ ਤੀਰ ਕਮਾਨ, ਨਾ ਕੋਈ ਭੱਥਾ ਪਿਠ ਉਠਾਈਆ । ਨਾ ਕੋਈ ਅਰਜਨ ਕਰੇ ਗਿਆਨ, ਬੋਧ ਅਗਾਧ ਨਾ ਸ਼ਬਦ ਜਣਾਈਆ । ਗੁਰੂ ਗ੍ਰੰਥ ਨਾ ਦਿਸੇ ਕਿਸੇ ਮਕਾਨ, ਨਾ ਕਰੇ ਕੋਈ ਪੜ੍ਹਾਈਆ । ਇਕ ਅਕੱਲਾ ਏਕਾ ਏਕੰਕਾਰ ਆਪਣੇ ਘਰ ਆਪੇ ਬੈਠਾ ਮਿਹਰਵਾਨ, ਦੂਸਰ ਕੋਈ ਦਿਸ ਨਾ ਆਈਆ । ਆਪਣੀ ਕਰੇ ਆਪ ਪਛਾਨ, ਆਪ ਆਪਨਾ ਵੇਖ ਵਖਾਈਆ । ਆਪਨਾ ਦੇਵੇ ਆਪ ਗਿਆਨ, ਆਪਣੀ ਕਰੇ ਆਪ ਪੜ੍ਹਾਈਆ । ਆਪ ਆਪਣੇ ਵਸਿਆ ਮਕਾਨ, ਨਾ ਕੋਈ ਬਾਢੀ ਬਣਤ ਬਣਾਈਆ । ਲਾਲ ਕੰਚਨ ਸੂਹਾ ਚਿੱਟਾ ਨਾ ਦਿਸੇ ਕੋਈ ਨਿਸ਼ਾਨ, ਪੀਲਾ ਰੰਗ ਨਾ ਕੋਈ ਵਖਾਈਆ । ਨੀਲੀ ਧਾਰ ਨਾ ਕੋਈ ਜਹਾਨ, ਕਾਲਾ ਸੂਸਾ ਦਿਸ ਨਾ ਆਈਆ । ਨਿਰਮਲ ਜੋਤ ਜਗੇ ਮਹਾਨ, ਘਰ ਸਾਚੇ ਡਗਮਗਾਈਆ । ਸ਼ਾਹੋ ਭੂਪ ਸੱਚਾ ਸੁਲਤਾਨ, ਪਾਰਬ੍ਰਹਮ ਆਪ ਅਖਵਾਈਆ । ਆਪੇ ਹੋਏ ਮੰਤਰੀ ਪਰਧਾਨ, ਆਪ ਆਪਣੀ ਦਏ ਸਲਾਹੀਆ । ਆਪੇ ਜੋਗ ਰਾਜ ਰਾਜ ਜੋਗ ਕਰੇ ਪਰਵਾਨ, ਆਪ ਆਪਣੀ ਕਾਰ ਕਮਾਈਆ । ਆਪਨਾ ਆਪੇ ਦੇਵੇ ਹੁਕਮ ਫ਼ਰਮਾਨ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਆਪੇ ਵਸਿਆ ਆਪਣੇ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਨਿਰੰਕਾਰ, ਆਪਣਾ ਆਪ ਉਪਾਇਆ । ਆਪੇ ਬੈਠ ਸਿਰਜਣਹਾਰ, ਸਾਚਾ ਤਖ਼ਤ ਸੁਹਾਇਆ । ਨਿਰਗੁਣ ਜੋਤ ਜਗੇ ਅਗੰਮ ਅਪਾਰ, ਨੂਰੋ ਨੂਰ ਦਰਸਾਇਆ । ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਆਪ ਸੁਹਾਇਆ । ਆਪਣਾ ਦਰ ਆਪ ਸੁਹਾ, ਆਪਣੀ ਦਇਆ ਕਮਾਈਆ । ਦਰ ਦਰਵਾਜ਼ਾ ਨਾ ਕੋਈ ਲਿਆ ਲਗਾ, ਨਾ ਕੋਈ ਉਪਰ ਛੰਨ ਟਿਕਾਈਆ । ਬੰਦ ਕਿਵਾੜ ਨਾ ਲਿਆ ਰਖਾ, ਨਾ ਕੋਈ ਕੁੰਡਾ ਲਾਹੀਆ । ਉਤਰ ਪੂਰਬ ਪੱਛਮ ਦੱਖਣ ਦਿਸ਼ਾ ਨਾ ਲਈ ਕੋਈ ਜਣਾ, ਦਹਿ ਦਿਸ਼ਾ ਨਾ ਵੰਡ ਵੰਡਾਈਆ । ਗਗਨ ਪਤਾਲ ਮੰਡਲ ਮੰਡਪ ਨਾ ਬੈਠਾ ਮੁਖ ਛੁਪਾ, ਪੜਦਾ ਉਹਲਾ ਨਾ ਕੋਈ ਰਖਾਈਆ । ਨਿਰਗੁਣ ਦਾਤਾ ਬੇਪਰਵਾਹ, ਅਲੱਖ ਨਿਰੰਜਣ ਨਾਉਂ ਧਰਾਈਆ । ਆਪਣੇ ਦਰ ਆਪਣੀ ਅਲੱਖ ਜਗਾ, ਆਪ ਆਪਣੀ ਮੰਗ ਮੰਗਾਈਆ । ਆਪਣੀ ਭਿਛਿਆ ਆਪਣੀ ਝੋਲੀ ਆਪੇ ਪਾ, ਦੇਵਣਹਾਰ ਦਾਤਾਰ ਆਪ ਅਖਵਾਈਆ । ਸਚ ਭੰਡਾਰ ਲਿਆ ਉਪਾ, ਤੋਟ ਰਹੇ ਨਾ ਰਾਈਆ । ਹਰਿ ਦਵਾਰ ਹਰਿ ਆਪਣੇ ਲਿਆ ਟਿਕਾ, ਦਿਸ ਕਿਸੇ ਨਾ ਆਈਆ । ਜੋਤੀ ਪਹਿਰਾ ਲਿਆ ਲੱਗਾ, ਜੋਤ ਹੁਕਮ ਜਣਾਈਆ । ਸ਼ਬਦ ਸੁਤ ਸੰਗ ਰਖਾ, ਅੱਠੇ ਪਹਿਰ ਵੇਖ ਵਖਾਈਆ । ਆਪਣਾ ਲੇਖਾ ਆਪ ਗਣਾ, ਆਪੇ ਪੂਰ ਕਰਾਈਆ । ਆਪਣੀ ਜਨਨੀ ਆਪਣਾ ਆਪ ਲਏ ਜਣਾ, ਆਪ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਚਾ ਧਾਮ ਸੁਹਾਈਆ । ਸਾਚਾ ਧਾਮ ਪੁਰਖ ਅਕਾਲ, ਆਪਣਾ ਆਪ ਸੁਹਾਇਆ । ਆਪੇ ਹੋਇਆ ਦੀਨ ਦਿਆਲ, ਆਪਣਾ ਬੰਧਪ ਨਾਮ ਧਰਾਇਆ । ਆਪੇ ਸ਼ਾਹ ਆਪੇ ਕੰਗਾਲ, ਰਾਜ ਰਾਜਾਨ ਆਪ ਹੋ ਜਾਇਆ । ਆਪੇ ਪੁਰਖ ਆਪ ਸੁਲਤਾਨ, ਸਚ ਸਿਕਦਾਰ ਨਾਮ ਧਰਾਇਆ । ਆਪੇ ਜੋਤੀ ਦੀਪ ਮਹਾਨ, ਆਪੇ ਸ਼ਬਦ ਗਿਆਨ ਦ੍ਰਿੜਾਇਆ । ਆਪੇ ਬੂਝੇ ਆਪੇ ਕਰੇ ਪਰਵਾਨ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮਹੱਲਾ ਦਏ ਵਸਾਇਆ । ਵਸਿਆ ਘਰ ਸਚ ਮਹੱਲਾ, ਹਰਿ ਜੋਤੀ ਜੋਤ ਜਗਾਇਆ । ਅਬਿਨਾਸ਼ੀ ਕਰਤਾ ਬੈਠਾ ਇਕ ਅਕੱਲਾ, ਪਾਰਬ੍ਰਹਮ ਅਖਵਾਇਆ । ਆਦਿ ਪੁਰਖ ਨਾ ਜਨਮੇ ਨਾ ਕਦੇ ਮਰਤਾ, ਜੋਤ ਨਿਰੰਜਣ ਵੇਸ ਵਟਾਇਆ । ਆਪੇ ਆਪਣਾ ਘਾੜਣ ਘੜਤਾ, ਘੜਨਹਾਰ ਸਮਰਥ ਪੁਰਖ ਆਪ ਧਰਾਇਆ । ਆਪਣੇ ਡੰਡੇ ਆਪਣੇ ਪੌੜੇ ਆਪੇ ਚੜ੍ਹਦਾ, ਆਪੇ ਵੇਖ ਵਖਾਇਆ । ਆਪਣੀ ਇਛਿਆ ਆਪੇ ਲੜਦਾ, ਆਪਣਾ ਸ਼ਸਤਰ ਆਪ ਉਠਾਇਆ । ਆਪਣਾ ਅੱਖਰ ਆਪੇ ਪੜ੍ਹਦਾ, ਨਾ ਕੋਈ ਵਿਦਿਆ ਹੋਰ ਰਖਾਇਆ । ਆਪਣੀ ਜੋਤੀ ਆਪੇ ਸੜਦਾ, ਨਾ ਕੋਈ ਹਵਨ ਹਵਨ ਤਪਾਇਆ । ਘਰ ਸਚ ਸਚਖੰਡ ਦਵਾਰੇ ਆਪੇ ਵੜਦਾ, ਘਰ ਬਹਿ ਬਹਿ ਮੰਗਲ ਗਾਇਆ । ਨਾ ਕੋਈ ਨਾਤਾ ਸੀਸ ਧੜ ਦਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਆਪਣੇ ਅੱਗੇ ਆਪੇ ਮੇਟ ਮਿਟਾਇਆ । ਆਪੇ ਖੇਲੇ ਖੇਲ ਚੋਟੀ ਜੜ ਦਾ, ਆਪੇ ਅਧਵਿਚਕਾਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਇਆ । ਘਰ ਦਰ ਸਾਚਾ ਬੁਰਜ ਮੁਨਾਰਾ, ਹਰਿ ਹਰਿ ਆਪ ਉਪਾਇਆ । ਏਕਾ ਦੀਪਕ ਕਰ ਉਜਿਆਰਾ, ਪਰਕਾਸ਼ ਪਰਕਾਸ਼ ਰਖਾਇਆ । ਏਕਾ ਧੁਨ ਸ਼ਬਦ ਜੈਕਾਰਾ, ਏਕਾ ਘਰ ਅਲਾਇਆ । ਏਕਾ ਸੁਣੇ ਸੁਣਨੇਹਾਰਾ, ਸੁਣਨਹਾਰ ਆਪ ਅਖਵਾਇਆ । ਏਕਾ ਗਾਵੇ ਗਾਵਣਹਾਰਾ, ਏਕਾ ਤਾਲ ਵਜਾਇਆ । ਏਕਾ ਪਾਵੇ ਪਾਵਣਹਾਰਾ, ਘਰ ਆਪਣੇ


੫੦੫
੦੭

ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਦਏ ਸੁਹਾਇਆ । ਸਾਚਾ ਘਰ ਸਦ ਵਡ ਭਾਗਾ, ਹਰਿ ਹਰਿ ਆਪ ਉਪਾਇੰਦਾ । ਏਕਾ ਨੂਰ ਜਗੇ ਚਿਰਾਗ਼ਾ, ਨਾ ਕੋਈ ਮੇਟ ਮਿਟਾਇੰਦਾ । ਏਕਾ ਰਾਗ ਏਕਾ ਨਾਦਾ, ਏਕਾ ਧੁਨ ਵਜਾਇੰਦਾ । ਏਕਾ ਸ਼ਬਦ ਏਕਾ ਵਾਜਾ, ਏਕਾ ਤਾਲ ਰਖਾਇੰਦਾ । ਏਕਾ ਹਰਿ ਗਰੀਬ ਨਿਵਾਜਾ, ਏਕਾ ਧਰਮ ਧਰਾਇੰਦਾ । ਏਕਾ ਰੱਖਣਹਾਰਾ ਲਾਜਾ, ਲਾਜਾਵੰਤ ਆਪ ਹੋ ਜਾਇੰਦਾ । ਦਰ ਦਰਵਾਜਾ ਆਪੇ ਖੋਲ੍ਹ, ਆਪਣਾ ਮੁਖ ਵਖਾਇਆ । ਆਪਣੇ ਮੰਦਰ ਆਪੇ ਬੋਲ, ਆਪਣਾ ਦੁੱਖ ਮਿਟਾਇਆ । ਆਪਣਾ ਵਜਾਏ ਆਪੇ ਢੋਲ, ਆਪਣਾ ਮਰਦੰਗ ਆਪ ਉਠਾਇਆ । ਆਪਣੇ ਵੇਖੇ ਆਪੇ ਘੋਲ, ਆਪਣਾ ਵੇਸ ਆਪ ਵਟਾਇਆ । ਆਪਣੀ ਸ਼ਕਤੀ ਆਪੇ ਗਿਆ ਮੌਲ, ਆਦਿ ਸ਼ਕਤ ਨਾਮ ਧਰਾਇਆ । ਆਪਣਾ ਕਰੇ ਆਪੇ ਕੌਲ, ਘਰ ਆਪਣੇ ਮਤਾ ਪਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸਾਚਾ ਦਰ, ਦਰ ਸਾਚਾ ਇਕ ਸੁਹਾਇਆ । ਬੰਕ ਦਵਾਰਾ ਹਰਿ ਨਰਾਇਣ, ਏਕਾ ਇਕ ਖੁਲ੍ਹਾਇਆ । ਮਹਿਮਾ ਕੋਈ ਨਾ ਸਕੇ ਕਹਿਣ, ਵੇਦ ਕਤੇਬ ਕਿਸੇ ਨਾ ਜਾਇਆ । ਨਾ ਕੋਈ ਲਹਿਣ ਨਾ ਕੋਈ ਦੇਣ, ਹਿਸਾਬ ਕਿਤਾਬ ਨਾ ਕੋਈ ਪੁਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਸ਼ਬਦੀ ਲਏ ਵਰ, ਧਾਮ ਅਕੱਠੇ ਏਕਾ ਬਹਿਣ, ਘਰ ਸਾਚਾ ਦਏ ਸੁਹਾਇਆ । ਸਾਚਾ ਘਰ ਹਰਿ ਹਰਿ ਏਕ, ਏਕਾ ਏਕ ਵਖਾਇਆ । ਆਪ ਸੁਹਾਏ ਦਵਾਰ ਬੰਕ, ਬੰਕ ਦਵਾਰੀ ਨਾਮ ਧਰਾਇਆ । ਨਾ ਕੋਈ ਭਗਤ ਨਾ ਕੋਈ ਮਣਕ, ਨਾ ਕੋਈ ਸ਼ਬਦੀ ਸੀਤਾ ਜਾਇਆ । ਨਾ ਕੋਈ ਰਾਵਣ ਮਾਰੇ ਡੰਕ, ਕਾਲ ਨਗਾਰਾ ਨਾ ਕੋਈ ਰਖਾਇਆ । ਨਾ ਕੋਈ ਰਾਏ ਧਰਮ ਪਾਏ ਸ਼ਨਕ, ਚਿਤਰ ਗੁਪਤ ਨਾ ਕੋਈ ਜਣਾਇਆ । ਨਾ ਕੋਈ ਰਾਓ ਰੰਕ, ਰਘੁਪਤ ਨਾ ਕੋਈ ਮਨਾਇਆ । ਪਾਰਬ੍ਰਹਮ ਪ੍ਰਭ ਬੇਅੰਤ, ਬੇਅੰਤ ਘਰ ਬੈਠਾ ਆਸਣ ਲਾਇਆ । ਆਪਣੀ ਕਰੇ ਆਪੇ ਮੰਨਤ, ਆਪ ਆਪਣੀ ਪੂਜ ਪੁਜਾਇਆ । ਆਪਣਾ ਬਣੇ ਆਪੇ ਸੰਤ, ਆਪਣੀ ਸਤਿਆ ਵਿਚ ਟਿਕਾਇਆ । ਆਪੇ ਸ਼ਬਦ ਆਪੇ ਧਰ ਚਲੰਤਾ, ਆਪੇ ਤਾਲ ਵਜਾਇਆ । ਆਪਣਾ ਆਪ ਆਪੇ ਖੋਜ ਖੋਜੰਤਾ, ਖੋਜਤ ਖੋਜਤ ਆਪਣਾ ਮੂਲ ਆਪੇ ਪਾਇਆ । ਆਪਣਾ ਮਾਣ ਆਪੇ ਰਖੰਤਾ, ਦਰ ਆਪਣਾ ਮਾਣ ਰਖਾਇਆ । ਆਪਣਾ ਘਰ ਆਪ ਸੁਹੰਤਾ, ਆਪ ਆਪਣਾ ਆਸਣ ਲਾਇਆ । ਆਪਣੀ ਜੋਤ ਆਪ ਜਗੰਤਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਆਪਣਾ ਨਾਉਂ ਆਪ ਧਰਾਏ ਭਗਵੰਤਾ, ਆਪਣਾ ਆਪ ਨਾਉਂ ਸਲਾਹਿਆ । ਆਪ ਬਣਾਏ ਆਪਣੀ ਬਣਤਾ, ਆਪਣੀ ਇਛਿਆ ਵਿਚ ਸਮਾਇਆ । ਆਪਣੀ ਭਿਛਿਆ ਪਾਈ ਭਿਛਿਆ ਆਪੇ ਬਣੇ ਨਾਰੀ ਆਪੇ ਕੰਤਾ, ਆਪ ਆਪਣਾ ਮੇਲ ਮਿਲਾਇਆ । ਆਪੇ ਦਾਤਾ ਆਪ ਭਿਖਾਰੀ ਆਪ ਆਪਣੀ ਜਣਤਾ, ਆਪੇ ਪੂਤ ਸਪੂਤਾ ਜਾਇਆ । ਆਪੇ ਨਾਮ ਆਪੇ ਮਣੀਆ ਆਪੇ ਮਣਤਾ, ਆਪੇ ਰਿਹਾ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਸੇਰਾ ਸਾਚੇ ਘਰ, ਘਰ ਸਾਚਾ ਇਕ ਸੁਹਾਇਆ । ਸੋ ਦਰ ਸੋਹੇ, ਜਿਸ ਹਰਿ ਸੁਹਾਇਆ । ਸੁਹਾਇਆ ਘਰ ਆਪਣਾ, ਦੂਸਰ ਕੋਈ ਨਾ ਭਾਇਆ । ਨਾ ਕੋਈ ਪੂਜਾ ਪਾਠ ਜਪਾਨਿਆ, ਤੀਰਥ ਤਟ ਨਾ ਕੋਈ ਰਖਾਇਆ । ਨਾ ਕੋਈ ਪਿਤਾ ਪੂਤ ਬਾਣੀ ਬਾਨਿਆ, ਨਾ ਕੋਈ ਬਾਲਕ ਗੋਦ ਜਣਾਇਆ । ਨਾ ਕੋਈ ਤ੍ਰੈਗੁਣ ਮਾਰੇ ਤਾਨਿਆ, ਪੰਜ ਤਤ ਨਾ ਕੋਈ ਸਤਾਇਆ । ਨਾ ਕੋਈ ਪਾਪ ਪੁੰਨ ਕਰਾਨਿਆ, ਨਾ ਕੋਈ ਇਸ਼ਟ ਦ੍ਰਿਸ਼ਟ ਮਨਾਇਆ । ਆਪਣਾ ਪਰਗਟ ਕੀਤਾ ਆਪੇ ਆਨਿਆ, ਆਪੇ

੫੦੬
੦੨

ਪਿਤਾ ਆਪੇ ਮਾਇਆ । ਆਪੇ ਦੇਵੇ ਵਰ ਸਰਾਪਿਆ, ਆਪੇ ਰਿਹਾ ਭੁਗਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਘਰ ਵਸਿਆ ਸਾਚਾ ਹਰਿ, ਹਰਿ ਸੱਜਣ ਆਪ ਅਖਵਾਇਆ । ਆਪੇ ਸਾਜਨ ਆਪੇ ਮੀਤਾ, ਆਪੇ ਪ੍ਰੇਮ ਪਿਆਰਾ । ਆਪੇ ਠਾਂਡਾ ਆਪੇ ਸੀਤਾ, ਆਪੇ ਸਾਗਰ ਧਾਰਾ । ਆਪੇ ਰਾਗ ਰਾਗਨੀ ਹੋਏ ਗੀਤਾ, ਆਪੇ ਸ਼ਬਦ ਹੁਲਾਰਾ । ਆਪੇ ਦੇਹੁਰਾ ਆਪੇ ਮੰਦਰ ਆਪੇ ਗੁਰੂਦਵਾਰਾ ਹੋਏ ਮਸੀਤਾ, ਆਪੇ ਆਪਣਾ ਨਾਮ ਜਪਾਇਆ । ਆਪੇ ਮਰਿਆ ਆਪੇ ਜੀਤਾ, ਆਪੇ ਮੜ੍ਹੀ ਗੋਰ ਦਬਾਇਆ । ਆਪੇ ਹਸਤ ਆਪੇ ਕੀਟਾ, ਊਚਾ ਨੀਚਾਂ ਵਿਚ ਸਮਾਇਆ । ਆਪੇ ਹੋਏ ਕੌੜਾ ਰੀਠਾ, ਅੰਮ੍ਰਿਤ ਰਸ ਆਪ ਚਖਾਇਆ । ਆਪੇ ਸੁੱਤਾ ਦੇ ਕਰ ਪੀਠਾ, ਆਪੇ ਮੁਖ ਭਵਾਇਆ । ਹਰਿ ਕਾ ਰੂਪ ਸਦਾ ਅਨਡੀਠਾ, ਹਰਿ ਘਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਮੰਗਲ ਗਾਇਆ । ਮੰਗਲ ਗਾਏ ਅਨਾਦੀ ਧੁਨ, ਆਪਣੀ ਤਾਰ ਹਿਲਾਈਆ । ਆਪ ਆਪਣਾ ਰਾਗ ਰਿਹਾ ਸੁਣ, ਸੁੰਨ ਸਮਾਦ ਖੁਲ੍ਹਾਈਆ । ਆਪਣੇ ਪਰਖੇ ਆਪੇ ਗੁਣ, ਅਵਗੁਣ ਆਪਣਾ ਵੇਖ ਵਖਾਈਆ । ਆਪਣਾ ਆਪ ਆਪੇ ਲਿਆ ਚੁਣ, ਆਪ ਆਪਣਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਏਕਾ ਘਰ, ਏਕਾ ਘਰ ਵੱਜੇ ਵਧਾਈਆ । ਸਾਚੇ ਘਰ ਵੱਜੇ ਵਧਾਈ, ਪੁਰਖ ਅਨਾਦੀ ਆਪ ਵਜਾਇੰਦਾ । ਏਕਾ ਮੰਗਲ ਰਿਹਾ ਗਾਈ, ਏਕਾ ਰਾਗ ਅਲਾਇੰਦਾ । ਏਕਾ ਥਾਨ ਰਿਹਾ ਸੁਹਾਈ, ਏਕਾ ਰੰਗ ਰੰਗਾਇੰਦਾ । ਏਕਾ ਦਾਨ ਝੋਲੀ ਰਿਹਾ ਪਾਈ, ਇਕ ਭੰਡਾਰਾ ਆਪ ਭਰਾਇੰਦਾ । ਦੇਵਣਹਾਰ ਦਾਤਾਰ ਗੋਸਾਈਂ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਰੂਪ ਬੇਪਰਵਾਹੀ, ਬੇਪਰਵਾਹ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਆਪਣੇ ਘਰ, ਆਪਣੀ ਸੇਵਾ ਆਪੇ ਲਾਇੰਦਾ । ਆਪੇ ਹੁਕਮ ਧੁਰ ਫ਼ਰਮਾਣਾ, ਆਪੇ ਕਰੇ ਜਣਾਈਆ । ਆਪੇ ਬਣੇ ਸ਼ਾਹ ਸੁਲਤਾਨਾ, ਆਪੇ ਰਈਅਤ ਨਾਮ ਧਰਾਈਆ । ਆਪ ਆਪਣਾ ਲਿਖ ਪਰਵਾਨਾ, ਆਪਣੀ ਹੱਥੀਂ ਆਪ ਫੜਾਈਆ । ਆਪਣਾ ਲਿਖਿਆ ਆਪ ਸੁਨਾਣਾ, ਆਪੇ ਕਰੇ ਸ਼ਨਵਾਈਆ । ਆਪਣਾ ਕੀਤਾ ਆਪੇ ਜਾਣਾ, ਜਾਨਣਹਾਰ ਦਇਆ ਕਮਾਈਆ । ਆਪਣਾ ਵਰਤੇ ਆਪੇ ਭਾਣਾ, ਲੋਆਂ ਪੁਰੀਆਂ ਰਚਨ ਰਚਾਈਆ । ਰਵ ਸਸ ਕਰ ਪਰਵਾਨਾ, ਮੰਡਲ ਮੰਡਪ ਦਏ ਟਿਕਾਈਆ । ਏਕਾ ਜੋਤੀ ਦੇਵੇ ਨੂਰ ਧਿਆਨਾ, ਨੂਰੋ ਨੂਰ ਚਮਕਾਈਆ । ਤ੍ਰੈਗੁਣ ਮਾਇਆ ਕਰ ਪਰਧਾਨਾ, ਆਪਣੀ ਸ਼ਕਤ ਵਖਾਈਆ । ਆਪਣਾ ਰੂਪ ਕਰ ਜੁਦਾਨਾ, ਕਵਲੀ ਕਵਲ ਟਿਕਾਈਆ । ਕਾਇਆ ਰੰਗ ਸ੍ਰੀ ਭਗਵਾਨਾ, ਆਪਣੀ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਦਿਤਾ ਦਾਨਾ, ਬ੍ਰਹਮ ਲਿਆ ਉਪਜਾਈਆ । ਬ੍ਰਹਮਾ ਦੇਵੇ ਇਕ ਗਿਆਨਾ, ਸ਼ਬਦੀ ਸ਼ਬਦ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਪ ਆਪਣੀ ਰਚਨ ਰਚਾ, ਆਪਣਾ ਆਪ ਕਟਾਇਆ । ਨਿਰਗੁਣ ਆਪਣਾ ਅੰਗ ਕਟਾ, ਆਪਣੀ ਵੰਡ ਵੰਡਾਈਆ । ਲੱਖ ਚੁਰਾਸੀ ਅੰਦਰ ਗਿਆ ਸਮਾ, ਦਿਸ ਕਿਸੇ ਨਾ ਆਇਆ । ਆਵਣ ਜਾਵਣ ਜਾਣੇ ਆਪਣਾ ਰਾਹ, ਬੰਧਨ ਕੋਈ ਨਾ ਪਾਇਆ । ਪੰਜ ਤਤ ਅਕਾਰਾ ਵੇਖ ਵਖਾ, ਨੌਂ ਦਰ ਦਏ ਸੁਹਾਇਆ । ਨਿਰਗੁਣ ਮਤ ਨਿਰਗੁਣ ਬੁੱਧੀ, ਨਿਰਗੁਣ ਮਨ ਜੋਤੀ ਜੋਤ ਉਪਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਦੀਨ ਮਜ਼੍ਹਬ ਨਾ ਕੋਈ ਦੁੱਖ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਨਿਰਗੁਣ ਰੂਪ

੫੦੮ ੦੨

ਕਰ ਪਰਵੇਸ, ਪੰਜ ਤਤ ਸਵਾਰਿਆ । ਬ੍ਰਹਮਾ ਕਰੇ ਹਰਿ ਆਦੇਸ, ਚਰਨ ਕਵਲ ਨਿਮਸਕਾਰਿਆ । ਆਦਿ ਅੰਤ ਹਰਿ ਰਹੇ ਹਮੇਸ਼, ਖੇਲੇ ਖੇਲ ਨਿਆਰਿਆ । ਮਾਤ ਪਤਾਲ ਅਕਾਸ਼ ਵੇਖੇ ਦੇਸ ਪਰਦੇਸ, ਲੋਆਂ ਪੁਰੀਆਂ ਫੇਰਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਦਿ ਪੁਰਖ ਅਲੱਖ ਅਭੇਵ ਲੋਕਮਾਤੀ ਆਪੇ ਲਾ ਰਿਹਾ । ਲੋਕਮਾਤ ਹਰਿ ਸੇਵਾ ਲਾਈ, ਆਪਣਾ ਹੁਕਮ ਜਣਾਇਆ । ਲੱਖ ਚੁਰਾਸੀ ਰਚਨ ਰਚਾਈ, ਤ੍ਰੈਗੁਣ ਬੰਧਨ ਪਾਇਆ । ਰਾਜਸ ਰਾਜ ਵਖਾਇਆ । ਤਾਮਸ ਤ੍ਰਿਸਨਾ ਫਿਰੇ ਤਿਸਾਈ, ਤ੍ਰਿਖਾ ਨਾ ਕੋਈ ਬੁਝਾਇਆ । ਤਿਨ੍ਹਾਂ ਨਾ ਮਿਲਿਆ ਸੱਚਾ ਗੋਸਾਈਂ, ਆਪਣਾ ਮੁਖ ਰਿਹਾ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਹਰਿ ਹਰਿ ਕਰਤੋ, ਆਪਣੇ ਹੱਥ ਰਖਾਇਆ । ਹਰਿ ਕਰਤਾ ਹਰਿ ਕਰਨੇਹਾਰਾ, ਅਕਲ ਕਲਾ ਕਲ ਧਾਰੀਆ । ਆਪਣੀ ਜੋਤ ਕਰੇ ਉਜਿਆਰਾ, ਕਰੇ ਖੇਲ ਅਪਾਰੀਆ । ਲੋਕਮਾਤ ਲੈ ਅਵਤਾਰਾ, ਨਾਉਂ ਧਰਾਏ ਸਾਧ ਸੰਤ ਗੁਰ ਪੀਰ ਵੱਡਾ ਸਿਕਦਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਸਰਗੁਣ ਮੇਲ, ਖੇਲੇ ਖੇਲ ਅਪਰ ਅਪਾਰੀਆ । ਨਿਰਗੁਣ ਮੇਲਾ ਪੰਜ ਤਤ ਪਿਆਰਾ, ਜੋਤੀ ਜੋਤ ਜਗਾਇੰਦਾ । ਆਪ ਆਪਣਾ ਕਰ ਉਜਿਆਰਾ, ਆਪਣਾ ਨਾਉਂ ਧਰਾਇੰਦਾ । ਆਪੇ ਗੁਰੂ ਗੁਰਦੇਵ ਇਸ਼ਟ ਬਣ ਵਿਚ ਸੰਸਾਰਾ, ਆਪੇ ਸੀਸ ਝੁਕਾਇੰਦਾ । ਆਪੇ ਕਰੇ ਕਰਾਏ ਨਿਮਸਕਾਰਾ, ਨਿਉਂ ਨਿਉਂ ਮਸਤਕ ਚਰਨ ਧੂੜੀ ਆਪੇ ਲਾਇੰਦਾ । ਆਪੇ ਮੂਰਖ ਮੁਗਧ ਮੂੜ ਹੋਏ ਗਵਾਰਾ, ਆਪੇ ਹੰਕਾਰ ਵਿਕਾਰ ਨਾਉਂ ਧਰਾਇੰਦਾ । ਆਪੇ ਸ਼ਬਦ ਚੰਡ ਹੋਏ ਤੇਜ਼ ਕਟਾਰਾ, ਆਪੇ ਖੰਡਾ ਵਾਹਿੰਦਾ । ਆਪੇ ਰਣ ਭੂਮੀ ਸੁੱਤਾ ਪੈਰ ਪਸਾਰਾ, ਆਪੇ ਪਿਠ ਵਢਾਇੰਦਾ । ਆਪੇ ਮਾਰੇ ਆਪਣਾ ਨਾਅਰਾ, ਚਾਰੋਂ ਕੁੰਟ ਸੁਣਾਇੰਦਾ । ਆਪ ਆਪਣਾ ਬੋਲ ਜੈਕਾਰਾ, ਲੋਆਂ ਪੁਰੀਆਂ ਆਪ ਜਗਾਇੰਦਾ । ਆਪੇ ਬੰਨੇ ਆਪਣੀ ਧਾਰਾ, ਤਿੱਖੀ ਧਾਰ ਵਖਾਇੰਦਾ । ਖੇਲੇ ਖੇਲ ਵਿਚ ਸੰਸਾਰਾ, ਆਦਿ ਜੁਗਾਦੀ ਨਾਉਂ ਰਖਾਇੰਦਾ । ਇਕ ਅਕੱਲਾ ਏਕੰਕਾਰਾ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਰਗੁਣ ਮੇਲਾ ਹਰਿ ਕਰਤਾਰ, ਲੋਕਮਾਤ ਕਰਾਇਆ । ਗੁਰ ਚੇਲਾ ਸੋਹੇ ਇਕ ਦਵਾਰ, ਸੱਜਣ ਸੁਹੇਲਾ ਨਾਉਂ ਧਰਾਇਆ । ਇਕ ਅਕੇਲਾ ਖੇਲੇ ਖੇਲ ਅਪਾਰ, ਖਲਕ ਖ਼ੁਦਾਈ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਵਟਾਵਣਹਾਰਾ, ਹਰਿ ਹਰਿ ਸਾਜਣ ਮੀਤ । ਆਪ ਆਪਣਾ ਰੂਪ ਦਰਸਾਵਣਹਾਰਾ, ਆਦਿ ਜੁਗਾਦੀ ਸਦਾ ਅਤੀਤ । ਆਪਣਾ ਮਾਰਗ ਆਪੇ ਲਾਵਣਹਾਰਾ, ਜੁਗ ਜੁਗ ਚਲਾਏ ਰੀਤ । ਸਤਿਜੁਗ ਤ੍ਰੇਤਾ ਦੁਆਪਰ ਖੇਲ ਖਿਲਾਵਣਹਾਰਾ, ਖੇਲੇ ਖੇਲ ਸਦਾ ਅਨਡੀਠ । ਹਰਿ ਜੋਤੀ ਜੋਤ ਜਗਾਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੀ ਪੀਠ । ਆਪਣੀ ਪੀਠ ਆਪੇ ਲੇਟ, ਆਪੇ ਲਏ ਅੰਗੜਾਈਆ । ਮਾਇਆ ਮਮਤਾ ਹਉਮੇ ਹੰਗਤਾ ਦੱਬੀ ਹੇਠ, ਨਾ ਸਕੇ ਕੋਈ ਉਠਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਵਡ ਵਡ ਸੇਠ, ਹਰਿ ਹਰਿ ਨਾਮਾ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਿਹਕਾਮਾ, ਨਿਹਕਰਮੀ ਰਿਹਾ ਕਮਾਈਆ । ਕਲਜੁਗ ਝੂਠ ਜਗਤ ਪਸਾਰਾ, ਚਾਰੋਂ ਕੁੰਟ ਪਸਾਰਿਆ । ਨਾ ਕੋਈ ਮੰਦਰ ਮਸਜਿਦ ਗੁਰੂਦਵਾਰਾ, ਮਨਮਤੀ ਜੀਵ ਫਿਰੇ ਹੰਕਾਰਿਆ । ਨਾ ਕੋਈ ਰਾਮ ਕ੍ਰਿਸ਼ਨ ਨਾਨਕ ਗੋਬਿੰਦ ਮੇਲਾ

ਵਿਚ ਸੰਸਾਰਾ, ਨੇਤਰ ਦਰਸ਼ਨ ਕੋਈ ਨਾ ਪਾ ਰਿਹਾ । ਘਰ ਘਰ ਪੂਜਾ ਅੰਦਰ ਬਾਹਰਾ, ਆਤਮ ਧੁਨ ਨਾ ਕੋਈ ਉਪਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਅੰਤਮ ਵੇਖ ਵਖਾ ਰਿਹਾ । ਚਾਰੋਂ ਕੁੰਟ ਝੂਠਾ ਗੜ੍ਹ, ਕਲਜੁਗ ਆਪ ਉਪਾਇਆ । ਮਾਇਆ ਰਾਣੀ ਵੇਖੇ ਚੜ੍ਹ, ਤਨ ਸ਼ੰਗਾਰ ਕਰਾਇਆ । ਕੱਜਲ ਧਾਰ ਹਉਮੇ ਬੰਨ, ਲੱਖ ਚੁਰਾਸੀ ਰਹੀ ਭਰਮਾਇਆ । ਕਾਮਨ ਚੇਸ਼ਟਾ ਬੱਧਾ ਮਨ, ਚਿਤਵਿਤ ਠਗੌਰੀ ਪਾਇਆ । ਸਚ ਨਾ ਦਿਸੇ ਚੜਿਆ ਚੰਨ, ਦਹਿ ਦਿਸ਼ਾ ਅੰਧੇਰਾ ਛਾਇਆ । ਹਰਿ ਕਾ ਰਾਗ ਨਾ ਸੁਣਾਏ ਕੋਈ ਕੰਨ, ਰਾਗੀ ਰਾਗ ਰਹੇ ਸ਼ਰਮਾਇਆ । ਨਾ ਕੋਈ ਮੇਲ ਮਿਲਾਵਾ ਕਰਾਏ ਜਨ, ਹਰਿ ਧਨ ਨਾ ਪੱਲੇ ਗੰਢ ਬੰਧਾਇਆ । ਕਾਮ ਕਰੋਧ ਲੋਭ ਮੋਹ ਹੰਕਾਰਾ ਦੇਵੇ ਡੰਨ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਤੇਰੇ ਫੇਰਾ ਪਾਇਆ । ਕਲਜੁਗ ਭਰਿਆ ਇਕ ਹੰਕਾਰਾ, ਏਕਾ ਚੋਗ ਚੁਗਾਈਆ । ਚਾਰੋਂ ਕੁੰਟ ਲਾਏ ਨਾਅਰਾ, ਆਪਣੀ ਅਲੱਖ ਜਗਾਈਆ । ਪੰਡਤ ਪਾਂਧੇ ਕਰ ਖਵਾਰਾ, ਤਿਲਕ ਲਲਾਟੀ ਦਏ ਬੁਝਾਈਆ । ਮੁੱਲਾਂ ਸ਼ੇਖ਼ ਨਾ ਕੋਈ ਕਿਨਾਰਾ, ਪੀਰ ਦਸਤਗੀਰ ਵੇਖ ਵਖਾਈਆ । ਗ੍ਰੰਥੀ ਪੰਥੀ ਪਾਵੇ ਨਾ ਸਾਰਾ, ਆਤਮ ਬ੍ਰਹਮ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਥਾਉਂ ਥਾਈਂਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਬ੍ਰਹਮ ਦ੍ਰਿੜਾਇਆ । ਕਾਮ ਕਰੋਧ ਮਾਰੇ ਠਾਠ, ਗੁਰ ਮੰਦਰ ਇਕ ਟਿਕਾਇਆ । ਸਾਧ ਸੰਤ ਕਿਸੇ ਰਿਹਾ ਨਾ ਹਾਠ, ਤਨ ਲੰਗੋਟ ਨਾ ਕੋਈ ਬੰਨਾਇਆ । ਨਾ ਕੋਈ ਤੀਰਥ ਨਾ ਕੋਈ ਤਾਟ, ਤਟ ਕਿਨਾਰਾ ਦਿਸ ਨਾ ਆਇਆ । ਗੰਗਾ ਗੋਦਾਵਰੀ ਰੋ ਰੋ ਡਿਗੀ ਆਪਣੇ ਖਾਟ, ਮੁਖ ਨੇਤਰ ਨੀਰ ਵਹਾਇਆ । ਰਾਮਦਾਸ ਤੇਰਾ ਸਰ ਸਰੋਵਰ ਕਲਜੁਗ ਜੀਆਂ ਲਿਆ ਚਾਟ, ਮੁਖ ਵਿਸ਼ਟਾ ਇਕ ਰਖਾਇਆ । ਕੋਈ ਨਾ ਉਤਰਿਆ ਤੇਰੇ ਸਾਚੇ ਘਾਟ, ਧੀਆਂ ਭੈਣਾਂ ਰਿਹਾ ਤਕਾਇਆ । ਮਸਤਕ ਜੋਤ ਨਾ ਜਗੇ ਕਿਸੇ ਲਲਾਟ, ਹੈਡ ਗ੍ਰੰਥੀ ਨਾਮ ਧਰਾਇਆ । ਦੁਰਮਤ ਮੈਲ ਨਾ ਆਪਣੀ ਲਈ ਕਾਟ, ਦਿਵਸ ਰੈਣ ਪੜ੍ਹ ਪੜ੍ਹ ਗੁਰੂ ਗ੍ਰੰਥ ਸੁਣਾਇਆ । ਗੁਰੂ ਨਾਨਕ ਤੇਰਾ ਰਸ ਨਾ ਲਿਆ ਚਾਟ, ਰਸਨਾ ਲੋਭ ਮੋਹ ਹੰਕਾਰ ਹੋਏ ਹਲਕਾਇਆ । ਬਜਰ ਕਪਾਟੀ ਪੜਦਾ ਨਾ ਗਿਆ ਪਾਟ, ਦੂਈ ਦਵੈਤੀ ਨਾ ਗਲੋਂ ਲਾਹਿਆ । ਗੁਰ ਗੋਬਿੰਦ ਤੇਰਾ ਨਾਮ ਤੇਰਾ ਘਰ ਨਾ ਲਿਆ ਘਾਟ, ਬਸਤਰ ਸ਼ਸਤਰ ਤਨ ਸਜ਼ਾਇਆ । ਖੇਲੇ ਖੇਲ ਨਟੂਆਂ ਨਾਟ, ਹਰਿ ਕਾ ਸਵਾਂਗ ਦਿਸ ਨਾ ਆਇਆ । ਪੰਚਮ ਜੇਠ ਨੇੜੇ ਕੀਤੀ ਵਾਟ, ਮਨਮੁਖਾਂ ਦੂਰ ਕਰਾਇਆ । ਚਾਰ ਵਰਨ ਚਾਰ ਦਰਵਾਜੇ ਚਾਰੋਂ ਕੁੰਟ ਵੇਖੇ ਮਾਰ ਝਾਤ, ਵੇਖਣਹਾਰਾ ਆਪ ਰਘੁਰਾਇਆ । ਅੰਤਮ ਲਹਿਣਾ ਦੇਣਾ ਚੁਕੌਣ ਆਇਆ ਬਾਕੀ ਬਾਕ, ਤੇਗ ਬਹਾਦਰ ਗਿਆ ਲਿਖਾਇਆ । ਗੁਰਸਿਖਾਂ ਗੁਰ ਗੋਬਿੰਦ ਤੇਰਾ ਬਣਾਇਆ ਝੂਠਾ ਸਾਕ, ਤੇਰਾ ਝੂਠਾ ਰੂਪ ਵਟਾਇਆ । ਅੰਦਰੋਂ ਹੋਏ ਨਾ ਪਾਕੀ ਪਾਕ, ਨਿਰਗੁਣ ਜੋਤ ਨਾ ਕਰੇ ਰੁਸ਼ਨਾਇਆ । ਲੇਖੇ ਲੱਗਾ ਨਾ ਤਨ ਖ਼ਾਕੀ ਖ਼ਾਕ, ਹਰਿ ਕੀ ਪੌੜੀ ਡੇਰਾ ਲਾਇਆ । ਸੰਮਤ ਸਤਾਰਾਂ ਕੋਈ ਰਹਿਣ ਨਾ ਦੇਣਾ ਆਕੀ ਆਕ, ਫੜ ਬਾਹੋਂ ਬਾਹਰ ਕਢਾਇਆ । ਮਨਮੁਖ ਜੀਵ ਤੇਰੇ ਉਚ ਦਵਾਰੇ ਸਰ ਸਰੋਵਰ ਕੋਈ ਨਾ ਸਕੇ ਝਾਕ, ਜਿਸ ਮਦਿਰਾ ਮਾਸ ਮੁਖ ਰਖਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਲਿਖਾਏ ਭਵਿਖਤ ਵਾਕ, ਗੁਰ ਗੋਬਿੰਦ ਗਿਆ ਲਿਖਾਇਆ । ਸ਼ਬਦ ਸਰੂਪੀ ਨਕੇਲ ਪਾਏ ਨਾਕ, ਚਾਰੋਂ ਕੁੰਟ ਦਏ ਫਿਰਾਇਆ । ਜੋਤੀ ਨੂਰ ਜੋਤੀ ਘਰ ਹਰਿ ਮੰਦਰ ਵੜ

ਰਹੇ ਬਰਾਜ, ਜੋਤੀ ਜੋਤ ਕਰੇ ਰੁਸ਼ਨਾਇਆ । ਹਰਿ ਕਾ ਮੰਦਰ ਹਰਿ ਆਪੇ ਰੱਖਣਹਾਰਾ ਲਾਜ, ਖੰਡਾ ਤੀਰ ਕਮਾਨ ਕੋਇ ਨਾ ਹੱਥ ਉਠਾਇਆ । ਜੂਠੇ ਝੂਠੇ ਜਾਇਣ ਭਾਜ, ਅੱਗੇ ਠਹਿਰ ਕੋਈ ਨਾ ਪਾਇਆ । ਕਲਜੁਗ ਤੇਰਾ ਰਚਿਆ ਕਾਜ, ਦਸ ਦਸਮੇਸਾ ਸੇਵਾ ਲਾਇਆ । ਜਨ ਭਗਤਾਂ ਉਠਾਏ ਮਾਰੇ ਆਵਾਜ਼, ਜੋ ਸਰਸੇ ਗਿਆ ਰੁੜਾਇਆ । ਅੰਤਮ ਦੇਵਣ ਆਇਆ ਸ਼ਬਦ ਸਰੂਪੀ ਸਾਚਾ ਰਾਜ, ਥਿਰ ਘਰ ਸਾਚੇ ਦਏ ਬਹਾਇਆ । ਆਪੇ ਰਚਿਆ ਆਪਣਾ ਕਾਜ, ਸੰਬਲ ਨਗਰੀ ਵੇਖ ਵਖਾਇਆ । ਕਰੇ ਖੇਲ ਦੇਸ ਮਾਝ, ਭੇਵ ਕੋਈ ਨਾ ਪਾਇਆ । ਨਾਮ ਚਲਾਏ ਸਚ ਜਹਾਜ਼, ਏਕਾ ਚੱਪੂ ਲਾਇਆ । ਚਾਰ ਯੁਗ ਚੌਥੇ ਘਰ ਤੇਰਾ ਚੌਥਾ ਮੁਕਿਆ ਰਾਜ, ਨਾ ਦੇਵੇ ਕੋਈ ਬਚਾਇਆ । ਅੰਤਮ ਪੈਣੀ ਲੋਕਮਾਤ ਭਾਜ, ਪ੍ਰਭ ਸਾਚੇ ਖੰਡਾ ਹੱਥ ਉਠਾਇਆ । ਧੁਰਦਰਗਾਹੀ ਲਾਏ ਇਕ ਅਵਾਜ਼, ਲੋਆਂ ਪੁਰੀਆਂ ਬ੍ਰਹਿਮੰਡ ਖੰਡ ਉਤਭੁਜ ਸੇਤਜ ਜੇਰਜ ਅੰਡ ਦਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਅੱਖਰ ਚਾਰ ਯੁਗ ਚਾਰ ਗੁਰ ਆਪਣਾ ਰੂਪ ਦਰਸਾਇਆ । ਕਲਜੁਗ ਤੇਰਾ ਵੇਖਣ ਘਰ, ਜੋਤੀ ਜਾਮਾ ਭੇਖ ਵਟਾਨੀਆ । ਜੋਤੀ ਜਾਮਾ ਭੇਖ ਧਰ, ਕਰੇ ਖੇਲ ਹਰਿ ਹੈਰਾਨੀਆ । ਪੰਡਤ ਪਾਂਧੇ ਲਏ ਫੜ, ਜੋ ਕਰਨ ਜਗਤ ਸ਼ੈਤਾਨੀਆ । ਤੀਰਥ ਤਟਾਂ ਵੇਖੇ ਖੜ, ਪਾਏ ਫਾਸ ਬੇਈਮਾਨੀਆ । ਚੌਦਾਂ ਹੱਟਾਂ ਉਖੇੜੇ ਜੜ੍ਹ, ਨਾ ਕੋਈ ਦੀਸੇ ਜੀਵ ਸ਼ੈਤਾਨੀਆ । ਕਿਲਾ ਹੰਕਾਰੀ ਤੋੜ ਗੜ੍ਹ, ਮਾਰੇ ਤੀਰ ਸ਼ਬਦ ਕਾਨੀਆ । ਲੱਖ ਚੁਰਾਸੀ ਅੰਦਰ ਮੰਦਰ ਬੈਠਾ ਆਪੇ ਰਿਹਾ ਲੜ, ਜੋਧਾ ਸੂਰਬੀਰ ਬੜਾ ਬਲਵਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਾਰੇ ਦੁਸ਼ਟ ਜਗਤ ਦੁਰਾਨੀਆ । ਜਗਤ ਦੁਸ਼ਟ ਪੰਚ ਦੁਰਾਨੀ, ਪੰਚਮ ਤੀਰ ਚਲਾਇੰਦਾ । ਮਨੂਆਂ ਰਲਿਆ ਨਾਲ ਈਰਾਨੀ, ਸਾਚਾ ਸੰਗ ਰਖਾਇੰਦਾ । ਅੱਲਾ ਰਾਣੀ ਦੇਵੇ ਪਾਣੀ, ਜਗਤ ਕਟੋਰਾ ਇਕ ਵਖਾਇੰਦਾ । ਮਦੀਨਾ ਮੱਕਾ ਕਰ ਪਛਾਨੀ, ਸਾਚਾ ਰਾਹ ਤਕਾਇੰਦਾ । ਮਨਕਾ ਤਸਬੀ ਪਾਏ ਗਾਨੀ, ਮੌਲਾ ਮੁਸੱਲਾ ਹੱਥ ਉਠਾਇੰਦਾ । ਸ਼ਰਅ ਸ਼ਰੀਅਤ ਅੰਜੀਲ ਕੁਰਾਨੀ, ਨੂਰ ਅਲਾਹੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤੀ ਫੇਰਾ ਪਾਇੰਦਾ । ਲੋਕਮਾਤ ਹਰਿ ਹਰਿ ਆ, ਆਪਣਾ ਵੇਸ ਵਟਾਇਆ । ਜੋ ਜਨ ਪੜ੍ਹ ਪੜ੍ਹ ਬਹਿ ਬਹਿ ਰਹੇ ਗਾ, ਦਿਸ ਕਿਸੇ ਨਾ ਆਇਆ । ਜੋ ਜਨ ਲੜ ਲੜ ਮੰਗਣ ਥਾਂ, ਭੇਵ ਕੋਈ ਨਾ ਪਾਇਆ । ਜੋ ਜਨ ਵਿਚੋਲਾ ਰੱਖੇ ਸੂਰ ਗਾਂ, ਪਾਰ ਨਾ ਕੋਇ ਕਰਾਇਆ । ਜੋ ਜਨ ਪਛਾਣੇ ਏਕਾ ਹਰਿ ਹਰਿ ਨਾਂ, ਹਰਿ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੇ ਲਏ ਜਗਾਇਆ । ਆਪਣੇ ਆਪ ਜਗਾਵਣ ਆਇਆ, ਹਰਿ ਸਾਚਾ ਸਚ ਸਲਾਹੀ । ਮਨਮੁਖ ਜੀਆਂ ਸਵਾਵਣ ਆਇਆ, ਨਾ ਸਕੇ ਕੋਈ ਉਠਾਈ । ਕਲਜੁਗ ਤੇਰਾ ਅੰਤ ਕਰਾਵਣ ਆਇਆ, ਲੱਖ ਚੁਰਾਸੀ ਪਕੜ ਸਾਧ ਸੰਤ ਜੀਵ ਜਗਤ ਗੁਨਾਹੀ । ਗੁਰ ਸਾਜਣ ਮੇਲ ਮਿਲਾਵਣ ਆਇਆ, ਅੰਤਰ ਬੁਝੇ ਚਾਈਂ ਚਾਈਂ । ਕੂੜੀ ਕਿਰਿਆ ਮੇਟ ਮਿਟਾਵਣ ਆਇਆ, ਸਚ ਸੁੱਚ ਰਿਹਾ ਵਰਤਾਈ, ਚਾਰ ਵਰਨਾਂ ਏਕਾ ਰਾਹ ਵਖਾਵਣ ਆਇਆ, ਆਪ ਬਣਾਏ ਭੈਣਾਂ ਭਾਈ । ਏਕਾ ਸਾਚਾ ਨਾਮ ਜਪਾਵਣ ਆਇਆ, ਅੱਖਰ ਵੱਖਰ ਰਿਹਾ ਲਿਖਾਈ । ਸੋ ਪੁਰਖ ਨਿਰੰਜਣ ਦਇਆ ਕਮਾਵਣ ਆਇਆ, ਲੋਕਮਾਤ ਕਰਕੇ ਧਾਈ । ਹੰ ਹੰਗਤਾ ਮੇਟ ਮਿਟਾਵਣ ਆਇਆ, ਏਕਾ ਦੂਜਾ ਭੌ ਚੁਕਾਈ । ਬਰਨ ਅਠਾਰਾਂ ਸਾਚੀ ਸੰਗਤਾ ਆਪ ਬਣਾਵਣ ਆਇਆ, ਨੌਂ

ਖੰਡ ਪ੍ਰਿਥਮੀ ਬਹਾਏ ਏਕਾ ਥਾਈਂ । ਏਕਾ ਨਾਮ ਵੰਡ ਵੰਡਾਵਣ ਆਇਆ, ਜਨ ਭਗਤਾਂ ਝੋਲੀ ਰਿਹਾ ਭਰਾਈ । ਭੇਖ ਪਖੰਡਾ ਮਿਟਾਵਣ ਆਇਆ, ਲੋਕਮਾਤ ਕੋਈ ਦੀਸੇ ਨਾਹੀ । ਏਕਾ ਨਾਮ ਚੰਡ ਪਰਚੰਡ ਚਮਕਾਵਣ ਆਇਆ, ਦੁਰਗਾ ਅਸ਼ਟਭੁਜ ਵੇਖ ਵਖਾਈ । ਕਲਜੁਗ ਸੁੰਭ ਨਿਸੁੰਭ ਆਪ ਖਪਾਵਣ ਆਇਆ, ਆਪਣੀਆਂ ਭੁਜਾਂ ਆਪ ਉਠਾਈ । ਗੁਰਮੁਖ ਗੁਰਸਿਖ ਕਿਸੇ ਨਾਲ ਨਾ ਲੜਾਵਣ ਆਇਆ, ਦੇ ਮਤ ਰਿਹਾ ਸਮਝਾਇਆ । ਸਾਚੀ ਸਿਖਿਆ ਇਕ ਸਖਾਵਣ ਆਇਆ, ਏਕਾ ਰੰਗਣ ਰੰਗ ਰੰਗਾਈਆ । ਧੁਰ ਦਾ ਲਿਖਿਆ ਲੇਖਾ ਆਪ ਵਰਤਾਵਨ ਆਇਆ, ਨਾ ਕੋਈ ਦੂਜਾ ਸੰਗ ਰਲਾਈਆ । ਸੋਹੰ ਸ਼ਬਦ ਹਰਿ ਸਾਚਾ ਆਪਣਾ ਆਪ ਜਪਾਵਣ ਆਇਆ, ਸਤਿਜੁਗ ਸਾਚੀ ਕਰੇ ਕੁੜਮਾਈਆ । ਜੂਠ ਝੂਠ ਕਲਜੁਗ ਹੰਕਾਰੀ ਮਾਰਨ ਆਇਆ, ਰਾਮ ਰਾਮਾ ਰੂਪ ਵਟਾਈਆ । ਦੁਰਯੋਧਨ ਕੰਸਾ ਕੇਸੀ ਪਕੜ ਗਿਰਾਵਣ ਆਇਆ, ਕਾਹਨਾ ਕ੍ਰਿਸ਼ਨਾ ਬੇਪਰਵਾਹੀਆ । ਕਲਜੁਗ ਜੀਵਾਂ ਜੀਆ ਦਾਨ ਦੇ ਸਮਝਾਵਣ ਆਇਆ, ਨਾਨਕ ਨਿਰਗੁਣ ਨੂਰ ਅਲਾਹੀਆ । ਗੋਬਿੰਦ ਬਸਤਰ ਤਨ ਸਜਾਵਣ ਆਇਆ, ਚਾਰ ਵਰਨਾਂ ਬਣੇ ਮਲਾਹੀਆ । ਏਕਾ ਰੂਪ ਸਰਬ ਦਰਸਾਵਣ ਆਇਆ, ਏਕਾ ਇਸ਼ਟ ਅਕਾਲ ਮਨਾਈਆ । ਜ਼ੋਰੂ ਜ਼ਰ ਗ਼ਰੀਬ ਨਿਮਾਣਿਆਂ ਆਪ ਬਚਾਵਣ ਆਇਆ, ਬਲ ਰੱਖਿਆ ਆਪਣੀ ਬਾਹੀਂਆ । ਜਗਤ ਜੁਲਮ ਆਪ ਮਿਟਾਵਣ ਆਇਆ, ਬਲੀਦਾਨ ਆਪਣਾ ਆਪ ਕਰਾਈਆ । ਦੇ ਮਤ ਗੁਰਮਤ ਆਪ ਸਮਝਾਵਣ ਆਇਆ, ਏਕਾ ਧਰਮ ਏਕਾ ਜਰਮ ਏਕਾ ਕਰਮ ਸਾਚਾ ਵਰਨ ਹਰਿ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰੋਂ ਕੁੰਟ ਫੇਰੀਆਂ ਪਾਈਆ । ਚਾਰੋਂ ਕੁੰਟ ਪਾਏ ਫੇਰਾ, ਖੇਲੇ ਖੇਲ ਨਿਰਾਲਾ । ਸਾਧ ਸੰਤ ਕਰਨ ਹੇਰਾ ਫੇਰਾ, ਹੱਥ ਫੜੀ ਅਠੋਤਰ ਮਾਲਾ । ਨਾ ਕੋਈ ਗੁਰੂ ਨਾ ਕੋਈ ਚੇਲਾ, ਨਾ ਕੋਈ ਹੋਏ ਕਿਸੇ ਰਖਵਾਲਾ । ਤੀਰਥ ਤਟਾਂ ਗੁਰ ਦਰ ਮੰਦਰ ਲੱਗਾ ਮੇਲਾ, ਧਰਮ ਨਾ ਜਾਣੇ ਕੋਈ ਸੱਚੀ ਧਰਮਸਾਲਾ । ਹਰ ਘਟ ਹਰਿ ਮੰਦਰ ਹਰਿ ਅੰਦਰ ਵਸਿਆ ਇਕ ਅਕੇਲਾ, ਆਪੇ ਚਲੇ ਆਪਣੀ ਚਾਲਾ । ਨਾ ਕੋਈ ਸੱਜਣ ਨਾ ਕੋਈ ਮੀਤ ਨਾ ਕੋਈ ਸਹੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਆਪ ਨਿਰਾਲਾ । ਖੇਲ ਨਿਰਾਲੀ ਜੋਤ ਅਕਾਲੀ, ਚਾਰੋਂ ਕੁੰਟ ਉਠ ਧਾਈਆ । ਪੁਰੀਆਂ ਲੋਆਂ ਵੇਖੇ ਖਾਲੀ, ਕਲਜੁਗ ਕੂਕੇ ਦਏ ਦੁਹਾਈਆ । ਲੋਕਮਾਤ ਨਾ ਦੇਵੇ ਕੋਈ ਧੁਰ ਦਲਾਲੀ, ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਮੁਖ ਛੁਪਾਈਆ । ਕਿਸੇ ਨਜ਼ਰ ਨਾ ਆਏ ਜੋਤ ਜਵਾਲੀ, ਦੁਰਗਾ ਅਸ਼ਟਮੀ ਕਾਲੀ ਰਹੇ ਮਨਾਈਆ । ਕਿਸੇ ਨਾ ਦਿਸੇ ਗਊਆਂ ਰਖਵਾਲਾ ਪਾਲੀ, ਘਰ ਘਰ ਧੰਨੇ ਬਣ ਬਣ ਬੈਠੇ ਧਿਆਨ ਲਗਾਈਆ । ਸੁਰਤੀ ਗਾਂ ਨਾ ਮਰੀ ਕਿਸੇ ਜਵਾਲੀ, ਕੋਟਨ ਕੋਟ ਨਾਮ ਦੇਵ ਰਹੇ ਅਖਵਾਈਆ । ਕਿਸੇ ਨਾ ਮਿਲਿਆ ਧੁਰ ਦਾ ਵਾਲੀ, ਆਪ ਆਪਣੇ ਬੂਟੇ ਬੈਠੇ ਲਾਈਆ । ਕਲਜੁਗ ਹੋਏ ਸਰਬ ਬੇਹਾਲੀ, ਨਾ ਸਚ ਸੁੱਚ ਦੇਵੇ ਕਿਸੇ ਗਵਾਹੀਆ । ਕਲਜੁਗ ਗੁਰੂਆਂ ਸਦੀ ਚੌਧਵੀਂ ਮਸਤਕ ਲੱਗੀ ਸ਼ਾਹੀ, ਨਾ ਸਕੇ ਕੋਈ ਧੁਆਈਆ । ਆਪਣੀ ਆਤਮ ਹੋਈ ਅੰਧੀ, ਜੀਵਾਂ ਜੰਤਾਂ ਗੁਰੂ ਗਿਆਨ ਦ੍ਰਿੜਾਈਆ । ਸਾਧ ਸੰਤ ਜਗਤ ਪਾਂਧੀ ਭੁੱਲੇ ਰਾਹੀ, ਦੂਸਰਿਆਂ ਰਹੇ ਰਾਹ ਬਤਾਈਆ । ਆਪਣੀ ਸਵਾਣੀ ਕਿਸੇ ਨਾ ਬਾਂਧੀ, ਪੰਚਾਂ ਨਾਲ ਰੰਗ ਰਲੀਆਂ ਰਹੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੇਖਣ ਆਇਆ ਚਾਰੋਂ ਕੁੰਟ ਝੂਠੀ ਸ਼ਾਹੀਆ । ਚਾਰੋਂ ਕੁੰਟ ਝੂਠੀ ਸ਼ਾਹ, ਸਲਤਨਤ ਰਖਾਈਆ । ਸਾਧ ਸੰਤ ਚਲਾਵਣ ਆਪਣਾ ਰਾਹ, ਜਗਤ

੫੧੧ ੦੭

ਵੰਡ ਵੰਡਾਈਆ । ਬੇਪਰਵਾਹ ਨਾ ਸਕੇ ਕੋਈ ਮਿਲਾ, ਬੈਠੇ ਧੂਣੀਆਂ ਤਾਈਆ । ਵੇਲੇ ਅੰਤਮ ਸਾਰੇ ਕਰ ਜਾਣ ਨਾ, ਰਾਏ ਧਰਮ ਦਏ ਸਜਾਈਆ । ਬਿਨ ਗੁਰ ਪੂਰੇ ਕੋਈ ਨਾ ਪਕੜੇ ਬਾਂਹ, ਫੜ ਬਾਂਹੋਂ ਨਾ ਪਾਰ ਕਰਾਈਆ । ਗੱਦੀਦਾਰ ਬਣੇ ਹੰਸ ਕਾਂ, ਕਾਗ ਅਵਸਥਾ ਨਾ ਅੱਜੇ ਤਜਾਈਆ । ਸਚ ਦਵਾਰੇ ਨਾ ਮਿਲੇ ਕਿਸੇ ਥਾਂ, ਅੱਠੇ ਪਹਿਰ ਰਹੇ ਰਾਹ ਤਕਾਈਆ । ਜੋਗ ਅਭਿਆਸ ਆਸਣ ਸਿਧ ਨਿਓਲੀ ਕਰਮ ਰਹੇ ਰਖਾ, ਸਾਚੀ ਕਿਰਿਆ ਨਾ ਕਰਮ ਕਮਾਈਆ । ਨੌਂ ਨਿਧਾਂ ਅਠਾਰਾਂ ਸਿਧਾਂ ਰਹੇ ਮਨਾ, ਰੂਪ ਅਨੂਪ ਨਾ ਕੋਈ ਦਰਸਾਈਆ । ਮਨਮੁਖ ਜੀਵ ਨਾ ਦੇਵੇ ਕੋਈ ਸਮਝਾ, ਗੁਰ ਮੰਤਰ ਨਾ ਕੋਈ ਪੜ੍ਹਾਈਆ । ਗੁਰਦਰ ਮੰਦਰ ਹਰਿ ਦਵਾਰ ਤਟ ਵਸੇਰਾ ਵਸੇਰਾ ਘਰ ਲਿਆ ਬਣਾ, ਚੋਰ ਯਾਰ ਵੱਡੀ ਚਤੁਰਾਈਆ । ਜਗਤ ਕੂੜਿਆਰ ਹਿੱਸੇ ਬੈਠੇ ਪਾ, ਮਸਤਕ ਝੂਠੇ ਤਿਲਕ ਲਗਾਈਆ । ਸਾਚੇ ਸਰ ਆਤਮ ਸਰੋਵਰ ਅੰਮ੍ਰਿਤ ਸਰ ਨਾ ਸਕੇ ਕੋਈ ਨਹਾ, ਰਾਮਦਾਸ ਦਾਸ ਰਾਮ ਨਾ ਦਰਸ਼ਨ ਪਾਈਆ । ਕਾਗ ਹੰਸ ਦੁਰਮਤ ਮੈਲ ਧੋ ਚਿੱਟਾ ਰੰਗ ਨਾ ਸਕੇ ਵਖਾ, ਨਿਤ ਨਵਿਤ ਤਾਰੀਆਂ ਲਾਈਆ । ਆਪਣਾ ਆਪ ਨਾ ਸਕੇ ਬਣਾ, ਘਰ ਬੈਠੇ ਸੇਜ ਵਛਾਈਆ । ਸਤਿਗੁਰ ਪੂਰਾ ਪਾਰਬ੍ਰਹਮ ਨਿਰਗੁਣ ਜੋਤ ਗੁਰ ਅਰਜਨ ਘਰ ਵੇਖਣ ਆਏ ਹੋ ਕੇ ਨੇਰਾ, ਅੱਗੋਂ ਪਹਿਰੇ ਦੇਵਣ ਲਾਈਆ । ਸਤਿਗੁਰ ਪੂਰਾ ਕਰੇ ਅੰਤ ਨਿਬੇੜਾ, ਹੱਕ ਹਕੀਕਤ ਵੇਖ ਵਖਾਈਆ । ਵੀਹ ਸੌ ਪੰਦਰਾਂ ਪ੍ਰਭ ਛੇੜਣਹਾਰਾ ਛੇੜਾ, ਸੋਏ ਰਿਹਾ ਜਗਾਈਆ । ਸੰਮਤ ਸਤਾਰਾਂ ਦੇਵੇ ਗੇੜਾ, ਉਲਟੀ ਲੱਠ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖੇ ਸਰ, ਕਵਣ ਸਰ ਕਵਣ ਹਰਿ ਕਵਣ ਦਰ ਕਵਣ ਘਰ ਕਵਣ ਨਰ ਰਿਹਾ ਨੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸੇਵਾ ਆਪੇ ਰਿਹਾ ਕਮਾਈਆ ।



੫੧੨
੦੨

* ੨੧ ਸਾਵਣ ੨੦੧੫ ਬਿਕ੍ਰਮੀ ਮੱਸਾ ਸਿੰਘ ਦੇ ਘਰ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ *

ਹਰਿ ਜੋਤ ਗੁਰ ਨੁਰਾਨਿਆ, ਸ਼ਬਦ ਭੂਪ ਗੁਰ ਦੇਵ । ਪਾਰਬ੍ਰਹਮ ਪ੍ਰਭ ਖੇਲ ਮਹਾਨਿਆ, ਆਦਿ ਅੰਤ ਅਲੱਖ ਅਭੇਵ । ਸਤਿਗੁਰ ਪੁਰਖ ਗੁਣ ਨਿਧਾਨਿਆਂ, ਜੁਗਾ ਜੁਗੰਤ ਸਦਾ ਨਿਹਕੇਵ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਸੇਵ । ਜੋਤ ਧਾਰ ਗੁਰ ਪਿਆਰ, ਸ਼ਬਦੀ ਤੰਦ ਬੰਧਾਇਆ । ਰੰਗ ਰੂਪ ਅਗੰਮ ਅਪਾਰ, ਵੇਸ ਅਨੇਕ ਕਰਾਇਆ । ਖੇਲ ਖਿਲੰਤਾ ਸਿਰਜਣਹਾਰ, ਨਰ ਨਰੇਸ਼ ਅਖਵਾਇਆ । ਜੁਗਾ ਜੁਗੰਤਾ ਵਿਚ ਸੰਸਾਰ, ਜਗਤ ਜੁਗਤ ਆਪ ਬੰਧਾਇਆ । ਭੇਵ ਖੁਲੰਤਾ ਗੁਰ ਕਰਤਾਰ, ਸਰਗੁਣ ਮੇਲ ਮਿਲਾਇਆ । ਤਾਲ ਵਜੰਤਾ ਧੁਨ ਸਤਾਰ, ਨਾਦੀ ਰਾਗ ਇਕ ਅਲਾਇਆ । ਬੋਲ ਬੁਲੰਤਾ ਇਕ ਜੈਕਾਰ, ਅਨਹਦ ਮੰਗਲ ਗਾਇਆ । ਧਾਮ ਸੁਹੰਤਾ ਅਪਰ ਅਪਾਰ, ਨੂਰੋ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਨਾਉਂ ਧਰਾਇਆ । ਜੋਤੀ ਨੂਰ ਸਤਿਗੁਰ ਧਾਰ, ਗੁਰ ਗੁਰ ਦਏ ਉਪਾਈਆ । ਹਰਿ ਹਰਿ ਖੇਲ ਅਪਰ ਅਪਾਰ, ਸ਼ਬਦੀ ਸ਼ਬਦ ਜਣਾਈਆ । ਸ਼ਬਦ ਗੁਰ ਅੰਤ ਨਾ ਪਾਰਾਵਾਰ, ਲੇਖਾ ਲਿਖਤ ਵਿਚ ਨਾ ਆਈਆ । ਭੇਵ ਅਭੇਦਾ ਜਾਣੇ ਆਪਣੀ ਸਾਰ, ਆਪਣੀ ਕੀਮਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਹਰਿ ਸਤਿਗੁਰ ਵੇਸ ਵਟਾਈਆ । ਸਤਿਗੁਰ ਰੂਪ ਹਰਿ ਅਬਿਨਾਸ਼ਾ, ਗੁਰੂ ਗੁਰ ਨਾਮ ਧਰਾਇਆ । ਨਿਰਗੁਣ ਖੇਲੇ ਖੇਲ ਤਮਾਸ਼ਾ, ਸਰਗੁਣ ਕਾਰੇ ਲਾਇਆ । ਜੋਤ ਸਰੂਪੀ ਪਾਵੇ ਰਾਸਾ, ਕਾਇਆ ਮੰਡਲ ਦਏ ਸੁਹਾਇਆ । ਆਦਿ ਅੰਤ ਏਕਾ ਨੂਰ ਪਰਕਾਸ਼ਾ, ਪਰਮ ਪੁਰਖ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਨਾਮ ਧਰਾਇਆ । ਸਤਿਗੁਰ ਸਾਚਾ ਸਾਚਾ ਸੁਖ ਸਾਗਰ, ਗੁਰ ਗੁਰ ਤਾਲ ਭਰਾਇਆ । ਹਰਿ ਹਰਿ ਕਰਮ ਕਰੇ ਉਜਾਗਰ, ਧਰਮੀ ਧਰਮ ਧਰਾਇਆ । ਸਤਿਗੁਰ ਦਵਾਰ ਗੁਰ ਸੁਦਾਗਰ, ਹਰਿ ਹਰਿ ਨਾਮਾ ਵਣਜ ਕਰਾਇਆ । ਨਾਮਾ ਨਾਮ ਰੱਤੀ ਰਤਨਾਗਾਰ, ਕਰ ਕਰਤੇ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸ਼ਬਦ ਉਪਾਇਆ । ਹਰਿ ਕਾ ਸ਼ਬਦ ਸਤਿਗੁਰ ਧਾਰ, ਗੁਰ ਵਿਚ ਆਪ ਟਿਕਾਈਆ । ਗੁਰ ਕਾ ਸ਼ਬਦ ਜਗਤ ਪਿਆਰ, ਗੁਰਮੁਖਾਂ ਲਏ ਜਗਾਈਆ । ਗੁਰਮੁਖ ਮੇਲਾ ਮੀਤ ਮੁਰਾਰ, ਆਤਮ ਬੂਝ ਬੁਝਾਈਆ । ਮਨਮੁਖ ਡੁੱਬੇ ਵਹਿੰਦੀ ਧਾਰ, ਧੀਰਜ ਧੀਰ ਨਾ ਕੋਈ ਧਰਾਈਆ । ਕਲਜੁਗ ਕਪਟ ਕੂੜ ਕੁੜਿਆਰ, ਤਨ ਬੈਠਾ ਬਸਤਰ ਪਾਈਆ । ਝੂਠੀ ਸ਼ਾਹੀ ਮਸਤਕ ਛਾਰ, ਏਕਾ ਟਿੱਕਾ ਲਾਈਆ । ਨਾਰ ਦੁਹਾਗਣ ਜਗਤ ਵਿਭਚਾਰ, ਕੂੜੀ ਕਿਰਿਆ ਰਹੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਅ । ਹਰਿ ਡੰਕ ਨਾਮ ਅਪਾਰਾ, ਸਤਿਗੁਰ ਪੁਰਖ ਮਨਾਇੰਦਾ । ਸਤਿਗੁਰ ਪੁਰਖ ਰੂਪ ਅਪਾਰਾ, ਗੁਰ ਗੁਰ ਵੇਖ ਵਖਾਇੰਦਾ । ਗੁਰ ਗੁਰ ਸੋਹੇ ਬੰਕ ਦਵਾਰਾ, ਗੁਰਮੁਖਾਂ ਪੜਦਾ ਲਾਹਿੰਦਾ । ਗੁਰਮੁਖ ਸਾਜਣ ਪਾਵੇ ਸਾਰਾ, ਜਿਸ ਜਨ ਦਇਆ ਕਮਾਇੰਦਾ । ਮਨਮੁਖ ਸੁੱਤੇ ਪੈਰ ਪਸਾਰਾ, ਗੂੜ੍ਹੀ ਨੀਂਦੇ ਸਵਾਇੰਦਾ । ਸੰਗ ਰਲਾਇਆ ਕਾਮ ਕਰੋਧ ਲੋਭ ਮੋਹ ਹੰਕਾਰਾ, ਮਾਇਆ ਮਮਤਾ ਪੜਦਾ ਪਾਇੰਦਾ । ਜੂਠਾ ਝੂਠਾ ਵਣਜ ਵਾਪਾਰਾ, ਪੰਜ ਤਤ ਕਰਾਇੰਦਾ । ਮਨ ਮਤ ਦਏ ਸਹਾਰਾ, ਆਪਣਾ ਰਾਹ ਵਖਾਇੰਦਾ । ਬੁੱਧ ਬਿਬੇਕੀ ਕਰ ਕਿਨਾਰਾ, ਆਪਣਾ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਆਪਣਾ ਸ਼ਬਦ ਚਲਾਇੰਦਾ । ਸ਼ਬਦ ਗੁਰ ਧੁਨ ਸ਼ਬਦ ਅਨਾਦਿ, ਹਰਿ ਹਰਿ ਆਪ ਜਣਾਈਆ । ਗੁਰ ਕਾ ਸ਼ਬਦ ਬੋਧ ਅਗਾਧ, ਗੁਰਮੁਖਾਂ ਬੂਝ ਬੁਝਾਈਆ । ਗੁਰਮੁਖ ਸਾਚੇ ਰਹੇ ਅਰਾਧ, ਆਤਮ ਅੰਤਰ ਇਕ ਲਿਵ ਲਾਈਆ । ਮਨਮੁਖਾਂ ਵੰਡ ਵੰਡਾਈ ਵਾਦ ਵਿਵਾਦ, ਰਸਨਾ ਰਸਕ ਹੋਈ ਹਲਕਾਈਆ । ਰਸਨਾ ਲਾ ਨਾ ਸਕੇ ਸਵਾਦ, ਅੰਮ੍ਰਿਤ ਜਾਮ ਨਾ ਕੋਈ ਪਿਆਈਆ । ਮਿਲਿਆ ਮੇਲ ਨਾ ਮਾਧਵ ਮਾਧ, ਮਨ ਇਛਿਆ ਪੂਰ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸ੍ਰਿਸ਼ਟ ਸਬਾਈਆ । ਹਰਿ ਜੋਤ ਹਰਿ ਸ਼ਬਦ, ਸਤਿਗੁਰ ਨਾਮ ਅਧਾਰਿਆ । ਗੁਰ ਸ਼ਬਦ ਸਦਾ ਆਦੇਸ, ਗੁਰਮੁਖ ਕਰੇ ਨਿਮਸਕਾਰਿਆ । ਗੁਰਮੁਖ ਸਾਚਾ ਜਾਣੇ ਵੇਸ, ਜਨ ਖੋਲ੍ਹੇ ਬੰਦ ਕਿਵਾੜਿਆ । ਮਨਮੁਖ ਭੁੱਲੇ ਜਗਤ ਨਰੇਸ਼, ਭਰਮ ਭੁਲੇਖਾ ਜੀਵ ਗਵਾਰਿਆ । ਕਿਸੇ ਹੱਥ ਨਾ ਆਏ ਧਾਰੀ ਕੇਸ, ਫੜ ਸਕੇ ਨਾ ਮੂੰਡ ਮੁੰਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾ ਰਿਹਾ । ਜੋਤੀ ਹਰਿ ਸਤਿਗੁਰ ਦਾਤਾ, ਪਾਰਬ੍ਰਹਮ ਅਖਵਾਇੰਦਾ । ਗੁਰੂ ਕਾ ਰੂਪ ਨਾਮ ਗਿਆਤਾ, ਗਿਆਨ ਧਿਆਨ ਦ੍ਰਿੜਾਇੰਦਾ । ਗੁਰਮੁਖ ਵਿਰਲੇ ਸਾਜਣ ਮਾਤ ਪਛਾਤਾ, ਜਿਸ ਜਨ ਭੇਵ ਚੁਕਾਇੰਦਾ । ਮਨਮੁਖ ਸੁੱਤੇ ਅੰਧੇਰੀ ਰਾਤਾ, ਕਾਲਾ ਘੁੰਘਟ ਮੁਖ ਰਖਾਇੰਦਾ । ਮਾਤ ਪਿਤ ਬੱਧਾ ਨਾਤਾ, ਭਾਈ ਭੈਣ ਕੁਟੰਬ ਅਖਵਾਇੰਦਾ । ਉਤਮ ਹੋਈ ਨਾ ਮਾਤ ਜ਼ਾਤਾ, ਵਰਨਾਂ ਬਰਨਾਂ ਵੰਡ ਵੰਡਾਇੰਦਾ ।


੫੧੩ ੦੨

ਨਾ ਕੋਈ ਨਿਭਾਏ ਸਗਲਾ ਸਾਥਾ, ਸਗਲਾ ਸੰਗ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਹਰਿ ਅਗੰਮ ਪੁਰਖ ਸੁਲਤਾਨ, ਆਦਿ ਨਿਰੰਜਣ ਨਾਮ ਧਰਾਇਆ । ਸਤਿਗੁਰ ਪੂਰਾ ਹੋ ਮਿਹਰਵਾਨ, ਗੁਰ ਗੁਰ ਲਏ ਤਰਾਇਆ । ਗੁਰ ਗੁਰ ਦੇਵਣਹਾਰਾ ਦਾਨ, ਏਕਾ ਨਾਮ ਝੋਲੀ ਪਾਇਆ । ਗੁਰਮੁਖ ਸਾਚਾ ਕਰ ਪਰਵਾਨ, ਆਪ ਆਪਣੇ ਰੰਗ ਰੰਗਾਇਆ । ਮਨਮੁਖ ਭੁੱਲੇ ਜੀਵ ਨਿਧਾਨ, ਸਚ ਦਾਤਾ ਦਿਸ ਨਾ ਆਇਆ । ਕੂੜੀ ਕਿਰਿਆ ਜਗਤ ਗਿਆਨ, ਜਾਗਰਤ ਜੋਤ ਨਾ ਕੋਈ ਜਗਾਇਆ । ਸੁਣ ਸੁਣ ਥੱਕੇ ਰਾਗੀ ਕਾਨ, ਅਨਹਦ ਰਾਗ ਨਾ ਕੋਈ ਅਲਾਇਆ । ਦਏ ਸੁਨੇਹੜਾ ਪਵਣ ਮਸਾਣ, ਗੁਰ ਕਾ ਸ਼ਬਦ ਨਾ ਕੋਈ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਸ ਵਟਾਇਆ । ਨਿਰੰਕਾਰ ਸ਼ਬਦ ਗੁਰ ਦੀਨਾ, ਸਤਿ ਸਰੂਪ ਸਮਾਇਆ । ਸਤਿਗੁਰ ਪੁਰਖ ਸਦਾ ਪਰਬੀਨਾ, ਪਰਮ ਪੁਰਖ ਅਖਵਾਇਆ । ਗੁਰ ਮੂਰਤ ਅਕਾਲ ਚੀਨਾ, ਨਿਰਗੁਣ ਵੇਖ ਵਖਾਇਆ । ਗੁਰਮੁਖ ਸਾਜਣ ਠਾਡਾਂ ਸੀਨਾ, ਸਵੱਛ ਸਰੂਪੀ ਦਰਸ਼ਨ ਪਾਇਆ । ਮਨਮੁਖ ਤੜਫੇ ਜਿਉਂ ਜਲ ਮੀਨਾ, ਅੰਮ੍ਰਿਤ ਨੀਰ ਨਾ ਕੋਈ ਪਿਆਇਆ । ਮਿਲੇ ਵਡਿਆਈ ਨਾ ਲੋਕ ਤੀਨਾਂ, ਸਚਖੰਡ ਨਾ ਕੋਈ ਸੁਹਾਇਆ । ਲੇਖਾ ਚੁੱਕੇ ਨਾ ਮਰਨਾ ਜੀਣਾ, ਰਾਏ ਧਰਮ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਹਰਿ ਨੂਰ ਪਰਕਾਸ਼, ਹਰਿ ਹਰਿ ਆਪ ਕਰਾਇੰਦਾ । ਸਤਿਗੁਰ ਨਾਉਂ ਪੁਰਖ ਅਬਿਨਾਸ਼, ਆਪਣਾ ਆਪ ਧਰਾਇੰਦਾ । ਗੁਰ ਗੁਰ ਕਰਤਾ ਹੋਇਆ ਵਾਸ, ਸੇਵਕ ਸੇਵ ਕਮਾਇੰਦਾ । ਗੁਰਮੁਖਾਂ ਅੰਦਰ ਰੱਖੇ ਵਾਸ, ਦਿਸ ਕਿਸੇ ਨਾ ਆਇੰਦਾ । ਮਨਮੁਖ ਜੀਵ ਸਦਾ ਨਿਰਾਸ, ਨਿਝ ਘਰ ਤਾੜੀ ਕੋਇ ਨਾ ਲਾਇੰਦਾ । ਕਾਇਆ ਜੰਗਲ ਜੂਹ ਉਜਾੜ ਹੋਈ ਪਰਭਾਸ, ਚੰਦਨ ਨਿੰਮ ਨਾ ਕੋਈ ਮਹਿਕਾਇੰਦਾ । ਬਿਨ ਹਰਿ ਨਾਮੇ ਖਾਲੀ ਦਿਸਨ ਸਵਾਸ, ਰਸਨਾ ਜਿਹਵਾ ਕੋਈ ਨਾ ਗਾਇੰਦਾ । ਅੰਤਮ ਪੂਰੀ ਕੋਈ ਨਾ ਕਰੇ ਆਸ, ਨਾ ਕੋਈ ਬੰਧਨ ਬੰਧਾਇੰਦਾ । ਰਾਏ ਧਰਮ ਗਲ ਪਾਏ ਫਾਸ, ਅਠਾਈ ਕੁੰਡਾ ਆਪ ਫਿਰਾਇੰਦਾ । ਜਿਸ ਜਨ ਖਾਇਆ ਮਦਿਰਾ ਮਾਸ, ਲੱਖ ਚੁਰਾਸੀ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰਾਹ ਚਲਾਇੰਦਾ । ਹਰਿ ਕਾ ਨੂਰ ਜੋਤ ਉਜਾਲਾ, ਜੋਤੀ ਜੋਤ ਸਮਾਇਆ । ਸਤਿਗੁਰ ਪੂਰਾ ਦੀਨ ਦਿਆਲਾ, ਦਇਆਨਿਧ ਨਾਮ ਧਰਾਇਆ । ਗੁਰ ਗੁਰ ਰੂਪ ਹੋਏ ਅਕਾਲਾ, ਅਕਾਲ ਪੁਰਖ ਮਨਾਇਆ । ਗੁਰਮੁਖਾਂ ਹੋਏ ਸਦਾ ਰਖਵਾਲਾ, ਦਿਵਸ ਰੈਣ ਸੇਵ ਕਮਾਇਆ । ਮਨਮੁਖਾਂ ਮੁਖ ਕਰੇ ਕਾਲਾ, ਮੁਖ ਕਾਲੀ ਸ਼ਾਹੀ ਲਾਇਆ । ਕਿਸੇ ਹੱਥ ਨਾ ਆਏ ਸੱਚੀ ਧਰਮ ਧਰਮਸਾਲਾ, ਨਾ ਕੋਈ ਅੰਦਰ ਮੰਦਰ ਕੁੰਡਾ ਲਾਹਿਆ । ਉਚੇ ਟਿੱਲੇ ਕਿਸੇ ਹੱਥ ਨਾ ਆਏ ਜੋਤ ਜਵਾਲਾ, ਹਵਣ ਪਵਣ ਨਾ ਕੋਈ ਸਮਾਇਆ । ਸਰ ਸਰੋਵਰ ਅੰਮ੍ਰਿਤ ਆਤਮ ਕੋਈ ਨਾ ਨੁਹਾਏ ਸਾਚਾ ਨਾਲਾ, ਕਾਗ ਹੰਸ ਨਾ ਕੋਈ ਬਣਾਇਆ । ਫਲ ਨਾ ਦਿਸੇ ਕਿਸੇ ਡਾਲ੍ਹਾ, ਕਲਜੁਗ ਜੀਵ ਸਿਮਲ ਰਹੇ ਲਹਿਰਾਇਆ । ਅੰਤਮ ਹੋਏ ਹਾਲ ਬੇਹਾਲਾ, ਜਿਸ ਜਨ ਹਰਿ ਹਰਿ ਇਕ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਸੰਗ ਰਖਾਇਆ । ਹਰਿ ਅਲੱਖ ਅਲੱਖਣਾ ਰੂਪ, ਅਗੰਮ ਅਥਾਹ ਅਖਵਾਇਆ । ਸਤਿਗੁਰ ਪੂਰਾ ਸੱਚਾ ਭੂਪ, ਸਚ ਸੁਲਤਾਨ ਉਪਾਇਆ । ਗੁਰ ਗੁਰ ਵੇਖੇ ਚਾਰੋਂ ਕੁੰਟ, ਦਹਿ ਦਿਸ਼ਾ ਵੇਖ ਵਖਾਇਆ । ਗੁਰਮੁਖਾਂ ਆਪੇ ਜਾਏ

ਤੁਠ, ਆਪ ਆਪਣਾ ਮੇਲ ਮਿਲਾਇਆ । ਮਨਮੁਖ ਜੀਵ ਗਏ ਰੁੱਠ, ਬੈਠੇ ਮੁਖ ਭਵਾਇਆ । ਖਾਲੀ ਦਿਸਣ ਹੱਥ ਵਿਚ ਠੂਠ, ਨਾਮ ਵਸਤ ਕੋਈ ਨਾ ਪਾਇਆ । ਕਾਇਆ ਭੰਡਾਰਾ ਅਗਿਆਨ ਜੂਠ ਝੂਠ, ਮਾਇਆ ਮਮਤਾ ਰਹੀ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਹਰਿ ਭਗਵਾਨਾ ਧੁਰ ਫ਼ਰਮਾਣਾ, ਏਕਾ ਏਕ ਜਣਾਈਆ । ਸਤਿਗੁਰ ਪੂਰਾ ਹੋ ਮਿਹਰਵਾਨਾ, ਆਪੇ ਰਿਹਾ ਸੁਣਾਈਆ । ਗੁਰ ਗੁਰ ਗੁਰ ਕਰ ਪਰਵਾਨਾ, ਦੋਏ ਜੋੜ ਸੀਸ ਝੁਕਾਈਆ । ਗੁਰਮੁਖਾਂ ਦੇਵੇ ਸਤਿ ਨਿਸ਼ਾਨਾ, ਸਤਿ ਸਤਿਵਾਦ ਵੇਖ ਵਖਾਈਆ । ਮਨਮੁਖਾਂ ਨਾ ਦਿਸੇ ਕੋਈ ਟਿਕਾਣਾ, ਚਾਰੋਂ ਕੁੰਟ ਰਹੇ ਕੁਰਲਾਈਆ । ਆਪਣਾ ਆਪ ਨਾ ਕਿਸੇ ਪਛਾਣਾ, ਬ੍ਰਹਮ ਬ੍ਰਹਮੇ ਰਹੇ ਅਖਵਾਈਆ । ਜਗਤ ਵਿਕਾਰਾ ਤਣਿਆ ਤਾਣਾ, ਪੰਜ ਤਤ ਰਹੇ ਬੰਧਾਈਆ । ਵੇਲੇ ਅੰਤ ਨਾ ਕਿਸੇ ਛੁਡਾਣਾ, ਗੁਰਮਤ ਜਿਨ੍ਹਾਂ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖਣ ਆਇਆ ਆਪਣੀ ਜਗਤ ਲੋਕਾਈਆ । ਹਰਿ ਆਦੇਸ ਨਿਮਸਕਾਰ, ਦਰ ਕਰੇ ਪਰਵਾਨਿਆ । ਸਤਿਗੁਰ ਪੂਰਾ ਹੋ ਖ਼ਬਰਦਾਰ, ਖੇਲੇ ਖੇਲ ਦੋ ਜਹਾਨਿਆ । ਗੁਰ ਗੁਰ ਮੰਗੇ ਮੰਗ ਭਿਖਾਰ, ਸ਼ਬਦ ਭੰਡਾਰ ਭਰੇ ਖਜ਼ਾਨਿਆ । ਗੁਰਮੁਖਾਂ ਦੇਵੇ ਬਣ ਵਰਤਾਰ, ਆਪ ਆਪਣੀ ਦਇਆ ਕਮਾਨਿਆ । ਮਨਮੁਖ ਜੀਵ ਝੱਖ ਰਹੇ ਮਾਰ, ਨਾ ਟਿਕੇ ਕੋਈ ਕਿਸੇ ਟਿਕਾਨਿਆ । ਚਾਰੋਂ ਕੁੰਟ ਰੈਣ ਅੰਧਿਆਰ, ਸਾਚਾ ਚੰਨ ਨਾ ਕੋਈ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਕਰੇ ਪਛਾਨਿਆ । ਹਰਿ ਰੰਗ ਰਤੜਾ ਹਰਿ ਰੰਗ, ਹਰਿ ਹਰਿ ਰੰਗ ਅਮੋਲ । ਸਤਿਗੁਰ ਪੂਰਾ ਸਦਾ ਸੰਗ, ਸਦ ਤੋਲਣਹਾਰਾ ਤੋਲ । ਗੁਰ ਗੁਰ ਮੰਗੇ ਏਕਾ ਮੰਗ, ਅਨਾਦੀ ਧੁਨ ਏਕਾ ਬੋਲ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ, ਅੰਦਰ ਮੰਦਰ ਜਾਏ ਮੌਲ । ਮਨਮੁਖ ਜੀਵ ਫਿਰਨ ਨੰਗ, ਚਾਰੋਂ ਕੁੰਟ ਰਹੇ ਡੋਲ । ਕਲਜੁਗ ਕੂੜਾ ਬਣ ਮਲੰਘ, ਫੇਰਾ ਪਾਏ ਉਪਰ ਧੌਲ । ਚਰਨ ਛੁਹਾਏ ਗੋਦਾਵਰੀ ਗੰਗ, ਅਠ ਸਠ ਤੀਰਥ ਕਰੇ ਮਖੌਲ । ਕੂੜੀ ਕਿਰਿਆ ਚੜ੍ਹੀ ਕੰਗ, ਆਪ ਰੁੜ੍ਹਾਏ ਪੰਡਤ ਪਾਂਧੇ ਰੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੂਰਾ ਕਰਨ ਆਇਆ ਕੌਲ । ਹਰਿ ਇੰਦ ਮਰਗਿੰਦ, ਸ਼ਾਹੋ ਸ਼ਬਾਸ਼ਿਆ । ਸਤਿਗੁਰ ਪੂਰਾ ਸਾਗਰ ਸਿੰਧ, ਪੂਰਨ ਭਰਵਾਸਿਆ । ਗੁਰ ਗੁਰ ਸਦਾ ਬਖ਼ਸ਼ਿੰਦ, ਹੋਏ ਸਹਾਈ ਪ੍ਰਿਥਮੀ ਅਕਾਸਿਆ । ਗੁਰਮੁਖਾਂ ਲਾਹੇ ਆਪੇ ਚਿੰਦ, ਦੋ ਜਹਾਨ ਦੇਵੇ ਦਲਾਸਿਆ । ਮਨਮੁਖ ਲਗਾਏ ਆਪਣੀ ਨਿੰਦ, ਹਰਿ ਵੇਖੇ ਖੇਲ ਤਮਾਸਿਆ । ਧਰਮ ਰਾਏ ਕੱਢੇ ਜਿੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੇ ਮੰਦਰ ਕਰਿਆ ਵਾਸਿਆ । ਹਰਿ ਨਰਾਇਣ ਏਕਾ ਏਕਿਆ, ਏਕਾ ਏਕੰਕਾਰ । ਸਤਿਗੁਰ ਪੂਰਾ ਏਕਾ ਵੇਖਿਆ, ਪਾਰਬ੍ਰਹਮ ਰੂਪ ਅਪਾਰ । ਗੁਰ ਗੁਰ ਕਰਤਾ ਲਿਖੇ ਲੇਖਿਆ, ਲਿਖਣਹਾਰ ਸਰਬ ਸੰਸਾਰ । ਗੁਰਮੁਖ ਵਿਰਲੇ ਨੇਤਰ ਪੇਖਿਆ, ਜਿਸ ਖੋਲ੍ਹੇ ਬੰਦ ਕਿਵਾੜ । ਮਨਮੁਖ ਜੀਵ ਰਹੇ ਭਰਮ ਭੁਲੇਖਿਆ, ਵਾ ਲੱਗੀ ਤੱਤੀ ਹਾੜ । ਮਾਤਲੋਕ ਫਿਰਿਆ ਦੇਸ ਪਰਦੇਸਿਆ, ਨਜ਼ਰੀ ਆਈ ਜੰਗਲ ਜੂਹ ਉਜਾੜ ਪਹਾੜ । ਮਿਲਿਆ ਮੇਲ ਨਾ ਗੁਰ ਦਸ ਦਸਮੇਸਿਆ, ਜੋਤ ਜਗੀ ਨਾ ਨਾੜ ਨਾੜ । ਪਾਇਆ ਦਰਸ ਨਾ ਇਕ ਵਿਸ਼ੇਸ਼ਿਆ, ਸ਼ਬਦ ਡੰਕ ਨਾ ਵੱਜਾ ਕਾੜ ਕਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣ

ਆਇਆ ਤੇਰੀ ਧਾੜ । ਹਰਿ ਬੇਅੰਤ ਬੇਪਰਵਾਹ, ਬੇਪਰਵਾਹ ਅਖਵਾਇਆ । ਸਤਿਗੁਰ ਪੂਰਾ ਇਕ ਮਲਾਹ, ਜੁਗ ਜੁਗ ਬਣਦਾ ਆਇਆ । ਗੁਰ ਗੁਰ ਦੇਵੇ ਸਾਚਾ ਨਾਂ, ਨਾਮ ਮੰਤਰ ਇਕ ਦ੍ਰਿੜਾਇਆ । ਗੁਰਮੁਖਾਂ ਵਖਾਏ ਸਾਚਾ ਥਾਂ, ਥਿਰ ਘਰ ਨਾਉਂ ਰਖਾਇਆ । ਮਨਮੁਖ ਜੀਵ ਦਰ ਦਰ ਉਡਦੇ ਕਾਂ, ਵਿਸ਼ਟਾ ਮੁਖ ਚੁਗਾਇਆ । ਵੇਲੇ ਅੰਤ ਨਾ ਪਕੜੇ ਕੋਈ ਬਾਂਹ, ਸਹਿਸਾ ਦੁੱਖ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਾਨਸ ਮਾਨੁਖ ਵੇਖ ਵਖਾਇਆ । ਹਰਿ ਰਾਜਨ ਵਡ ਰਾਜ, ਸ਼ਾਹ ਰਾਜਾਨਿਆ । ਸਤਿਗੁਰ ਪੂਰਾ ਸੀਸ ਰੱਖੇ ਏਕਾ ਤਾਜ, ਸਿਕਦਾਰ ਦੋ ਜਹਾਨਿਆ । ਗੁਰ ਗੁਰ ਰੱਖਣਹਾਰਾ ਲਾਜ, ਸੇਵਕ ਸੇਵ ਕਮਾਨਿਆ । ਗੁਰਮੁਖਾਂ ਮਾਰ ਉਠਾਏ ਆਪਣੀ ਵਾਜ, ਦੇਵੇ ਧੁਰ ਫ਼ਰਮਾਨਿਆ । ਮਨਮੁਖ ਜੀਵ ਦਰ ਤੋਂ ਜਾਏ ਭਾਜ, ਮਾਰੇ ਤੀਰ ਤਿੱਖੀ ਕਾਨੀਆ । ਕਲਜੁਗ ਕੁੜਿਆਰੇ ਚੜ੍ਹੇ ਜਹਾਜ਼, ਸਚ ਮਲਾਹ ਨਾ ਕੋਈ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀਆਂ ਵੇਖਣ ਆਇਆ ਜਗਤ ਨਿਸ਼ਾਨੀਆਂ । ਹਰਿ ਸਾਚਾ ਸਿਕਦਾਰ, ਸਾਚੇ ਤਖ਼ਤ ਸੁਹਾਇੰਦਾ । ਸਤਿਗੁਰ ਪੂਰਾ ਪਹਿਰੇਦਾਰ, ਆਪ ਅਖਵਾਇੰਦਾ । ਗੁਰ ਗੁਰ ਮਾਰੇ ਮਾਰ, ਹੁਕਮ ਚਲਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਕਰਮ ਕਮਾਇੰਦਾ । ਮਨਮੁਖ ਡੋਬੇ ਅਧਵਿਚਕਾਰ, ਨਾ ਬੰਨੇ ਕੋਈ ਲਾਇੰਦਾ । ਕਰੇ ਖੇਲ ਅਗੰਮ ਅਪਾਰ, ਭੇਵ ਕੋਈ ਨਾ ਪਾਇੰਦਾ । ਮਰੇ ਨਾ ਜਨਮੇ ਵਿਚ ਸੰਸਾਰ, ਆਵਣ ਜਾਵਣ ਚਲਤ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਜੁਗ ਜੁਗ ਮੇਲ ਮਿਲਾਇੰਦਾ । ਗੁਰਮੁਖ ਚੇਲਾ ਗੁਰਮੁਖ ਮੇਲਾ, ਗੁਰ ਗੁਰ ਆਪ ਕਰਾਇਆ । ਗੁਰ ਗੁਰ ਸਾਚਾ ਸੱਜਣ ਸੁਹੇਲਾ, ਗੁਰ ਗੁਰ ਲਏ ਤਰਾਇਆ । ਗੁਰ ਗੁਰ ਵੇਖੇ ਇਕ ਅਕੇਲਾ, ਗੁਰ ਗੁਰ ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਵੇਖ ਵਖਾਇਆ । ਗੁਰ ਮਿਲਾਇਆ ਸਤਿਗੁਰ ਪਾਇਆ, ਆਤਮ ਵੱਜੀ ਵਧਾਈਆ । ਆਵਣ ਜਾਵਣ ਗੇੜ ਕਟਾਇਆ, ਲੱਖ ਚੁਰਾਸੀ ਰਹਿਣ ਨਾ ਪਾਈਆ । ਥਿਰ ਘਰ ਸਾਚੇ ਮੰਗਲ ਗਾਇਆ, ਮਿਲਿਆ ਮੇਲ ਸਾਚੇ ਮਾਹੀਆ । ਸਾਚੀ ਨਾਰੀ ਸਾਚਾ ਕੰਤ ਹੰਢਾਇਆ, ਨਾਤਾ ਜੁੜਿਆ ਬੇਪਰਵਾਹੀਆ । ਆਪਣੀ ਸੇਜ ਪਲੰਘ ਰੰਗੀਲੇ ਲਏ ਸਵਾਇਆ, ਊਪਰ ਫੂਲਨ ਬਰਖਾ ਲਾਈਆ । ਜ਼ਿਮੀ ਅਸਮਾਨਾਂ ਚਰਨਾ ਹੇਠ ਦਬਾਇਆ, ਗੁਰ ਪੂਰੇ ਵਡ ਵਡਿਆਈਆ । ਗੁਰਸਿਖ ਜੋਤੀ ਜੋਤ ਮਿਲਾਇਆ, ਏਕਾ ਦੂਜਾ ਭੌ ਚੁਕਾਈਆ । ਆਪਣੀ ਗੋਤੀ ਆਪ ਰਖਾਇਆ, ਅਕਾਲ ਮੂਰਤ ਵਿਚ ਸਮਾਈਆ । ਸਾਚੀ ਚੋਟੀ ਆਪ ਚੜ੍ਹਾਇਆ, ਉਤਰ ਕਦੇ ਨਾ ਜਾਈਆ । ਹਰਿ ਹਰਿ ਕੋਟਨ ਕੋਟੀ ਵੇਖ ਵਖਾਇਆ, ਗੁਰਮੁਖ ਤੇਰੇ ਤੁਲ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਲਹਿਣਾ ਦੇਣਾ ਨੇਤਰ ਨੈਣਾਂ ਰਿਹਾ ਚੁਕਾਈਆ । ਲਹਿਣਾ ਦੇਣਾ ਮੂਲ ਚੁਕੌਣਾ, ਸਿਰ ਹੱਥ ਰੱਖੀ ਵਡਿਆਈਆ । ਸਤਿਗੁਰ ਪੂਰੇ ਭੇਵ ਖੁਲੌਣਾ, ਪੂਰਨ ਬ੍ਰਹਮ ਜਣਾਈਆ । ਗੁਰ ਗੁਰ ਮੇਲਾ ਇਕ ਵਖੌਣਾ, ਏਕਾ ਧਾਮ ਸੁਹਾਈਆ । ਗੁਰਸਿਖ ਚੋਲੀ ਰੰਗ ਰੰਗੌਣਾ, ਉਤਰ ਕਦੇ ਨਾ ਜਾਈਆ । ਬ੍ਰਹਮਾ ਸ਼ਿਵ ਦੇਵਤ ਤੇਰਾ ਨਾਂ ਗੌਣਾ, ਰਸਨਾ ਜਿਹਵਾ ਹਿਲਾਈਆ । ਵਿਸ਼ਨੂੰ ਤੇਰਾ ਦਰਸ਼ਨ ਪੌਣਾ, ਧੰਨ ਤੇਰੀ ਵਡਿਆਈਆ । ਪਵਣ ਮਸਾਨਾ ਤੇਰੀ ਚਰਨ ਧੂੜੀ ਸੀਸ ਝੁਕੌਣਾ, ਉਣੰਜਾ ਪਵਣ ਸੇਵ ਕਮਾਈਆ । ਹਰਿ ਹਰਿ ਹਰਿ ਨਿਰਗੁਣ ਰੂਪ ਤੇਰਾ ਪਹਿਰੇਦਾਰ ਅਖਵੌਣਾ,

੫੧੬
੦੨

ਹੱਥ ਸ਼ਸਤਰ ਨਾ ਕੋਈ ਉਠਾਈਆ । ਸਚਖੰਡ ਦਵਾਰਾ ਇਕ ਸੁਹੌਣਾ, ਗੁਰਮੁਖਾਂ ਵੰਡ ਵੰਡਾਈਆ । ਕੋਟਨ ਬ੍ਰਹਿਮੰਡ ਗੁਰਮੁਖ ਤੇਰੀ ਭੇਟ ਚੜ੍ਹੌਣਾ, ਆਪਣੀ ਦਇਆ ਕਮਾਈਆ । ਤੇਰਾ ਰੰਗ ਆਪਣਾ ਰੂਪ ਵਖੌਣਾ, ਜੋਤੀ ਨੂਰ ਨੂਰ ਸਮਾਈਆ । ਬ੍ਰਹਮ ਪਾਰਬ੍ਰਹਮ ਇਕ ਵਖੌਣਾ, ਪੰਜ ਤਤ ਨਾ ਕੋਈ ਜਣਾਈਆ । ਦਰਗਹਿ ਸਾਚੀ ਸਾਚਾ ਧਾਮ ਸੁਹੌਣਾ, ਅਚਲ ਅਟੱਲ ਮਹੱਲ ਇਕ ਵਖਾਈਆ । ਹਰਿ ਗੋਦੀ ਗੂੜ੍ਹੀ ਨੀਂਦ ਸਵੌਣਾ, ਚਾਰ ਯੁਗ ਨਾ ਸਕੇ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵਣ ਆਇਆ, ਲੋਕਮਾਤ ਸੱਚੀ ਵਧਾਈਆ ।

## * ੨੧ ਸਾਵਣ ੨੦੧੫ ਬਿਕ੍ਰਮੀ ਸੇਵਾ ਸਿੰਘ ਦੇ ਘਰ ਪਿੰਡ ਗੋਲੇ ਵਾਲੀ ਪੰਡੋਰੀ ਜ਼ਿਲਾ ਅੰਮ੍ਰਿਤਸਰ *

ਹਰਿ ਸਤਿਗੁਰ ਪੁਰਖ ਮਨਾਇਆ, ਆਤਮ ਭਇਆ ਅਨੰਦ । ਗੁਰ ਮੰਤਰ ਨਾਮ ਦ੍ਰਿੜਾਇਆ, ਮਿਟਾਈ ਸਗਲੀ ਚਿੰਦ । ਗੁਰਮੁਖ ਸਾਜਨ ਬੂਝ ਬੁਝਾਇਆ, ਹਰਿਜਨ ਬਣਾਈ ਬਣਤ । ਮਨਮੁਖਾਂ ਦਿਸ ਨਾ ਆਇਆ, ਜਗ ਮਾਇਆ ਪਾਈ ਬੇਅੰਤ । ਹਰਿ ਜੋਤੀ ਨੂਰ ਉਪਾਇਆ, ਸ਼ਬਦ ਮਿਲਾਵਾ ਸਾਚੇ ਕੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਆਦਿ ਅੰਤ । ਗੁਰ ਸਤਿਗੁਰ ਪੂਰਾ ਸੇਵਿਆ, ਨਾਮ ਨਿਰੰਜਣ ਦੇਵ । ਗੁਰ ਪਾਇਆ ਅਲੱਖ ਅਭੇਵਿਆ, ਘਰ ਲੱਗਾ ਸਾਚਾ ਨੇਂਹ । ਕਲਜੁਗ ਗਾਇਆ ਰਸਨਾ ਜਿਹਵਿਆ, ਦਰ ਪਾਇਆ ਸਾਚਾ ਥਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਘਰ ਸਾਚੇ ਘਨੇਰਾ ਚਾਓ । ਹਰਿ ਸਤਿਗੁਰ ਸਾਚਾ ਪਾਰਬ੍ਰਹਮ, ਆਦਿ ਪੁਰਖ ਅਬਿਨਾਸ਼ਾ । ਆਦਿ ਜੁਗਾਦੀ ਜਾਣੇ ਕਰਮ, ਆਵੇ ਜਾਵੇ ਵੇਖੇ ਖੇਲ ਤਮਾਸ਼ਾ । ਲੱਖ ਚੁਰਾਸੀ ਤੇਰੇ ਕਰਮ, ਤੇਰੇ ਕਰਮ ਬਲ ਬਲ ਜਾਸਾ । ਨੌਂ ਖੰਡ ਵੇਖੇ ਚਾਰੇ ਵਰਨ, ਕਵਣ ਦਵਾਰ ਦਾਸੀ ਦਾਸਾ । ਭਗਤਨ ਮੇਲਾ ਇਕ ਪਿਆਰ, ਹਰਿ ਸ਼ਬਦ ਸੱਚਾ ਭਰਵਾਸਾ । ਮਨਮੁਖ ਭੁੱਲੇ ਜੀਵ ਗਵਾਰ, ਨਿਰਮਲ ਜੋਤ ਨਾ ਦੀਪ ਪਰਕਾਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਆਪਣੀ ਰਾਸਾ । ਹਰਿ ਸਤਿਗੁਰ ਸਾਜਨ ਪਾਇਆ, ਘਰ ਘਰ ਵੱਜੀ ਵਧਾਈਆ । ਗੁਰ ਪੂਰੇ ਮੇਲ ਮਿਲਾਇਆ, ਵਿਛੜ ਕਦੇ ਨਾ ਜਾਈਆ । ਗੁਰਮੁਖ ਸਾਚੇ ਮੰਗਲ ਗਾਇਆ, ਧੁਨ ਅਨਾਦੀ ਇਕ ਵਜਾਈਆ । ਮਨਮੁਖ ਮੂੜ੍ਹੇ ਜਨਮ ਗਵਾਇਆ, ਨੇਤਰ ਨੈਣ ਦਰਸ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਹਰ ਘਟ ਥਾਈਂਆ । ਪਾਰਬ੍ਰਹਮ ਹਰਿ ਬੇਅੰਤ, ਗੁਰ ਪੂਰੇ ਰਾਹ ਸਾਚਾ ਦੱਸਿਆ । ਮੇਲ ਮਿਲਾਵਾ ਸਾਚੇ ਸੰਤ, ਗੁਰਸਿਖ ਦਵਾਰੇ ਆਵੇ ਨੱਸਿਆ । ਭਰਮ ਭੁਲੇਖਾ ਜੀਵ ਜੰਤ, ਮਨਮੁਖ ਵੇਖੇ ਰੈਣ ਅੰਧੇਰੀ ਮੱਸਿਆ । ਮਿਲੇ ਮੇਲ ਨਾ ਸਾਚੇ ਕੰਤ, ਮਾਇਆ ਮਮਤਾ ਬਹਿ ਬਹਿ ਹੱਸਿਆ । ਝੂਠ ਵਿਕਾਰਾ ਬਣਿਆ ਸੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਮਹਿਮਾ ਆਪੇ ਜਾਣੇ ਖੇਲੇ ਖੇਲ ਆਦਿ ਅੰਤ । ਹਰਿ ਹਰਿ ਸਤਿਗੁਰ ਸਾਜਨ ਮੀਤਾ, ਪਰਮ ਪੁਰਖ ਅਖਵਾਇਆ । ਗੁਰ ਗੁਰ ਭਾਣਾ ਲਾਗਾ ਮੀਠਾ, ਧੁਰ ਫ਼ਰਮਾਣਾ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਦਰ ਦਵਾਰਾ ਇਕ ਖੁਲ੍ਹਾਇਆ । ਹਰਿ ਦਵਾਰਾ ਸਾਚਾ ਦਰ, ਹਰਿ ਸਾਚਾ ਆਪ ਖੁਲ੍ਹਾਇੰਦਾ । ਸਤਿਗੁਰ ਪੂਰਾ ਦੇਵਣਹਾਰਾ ਵਰ, ਪੂਰਨ ਇਛਿਆ ਆਪ ਕਰਾਇੰਦਾ । ਗੁਰੂ ਗੁਰ ਮੇਲਾ ਦਏ ਕਰ, ਵਿਛੜ ਕਦੇ ਨਾ ਜਾਇੰਦਾ । ਗੁਰਮੁਖ ਚੁਕਾਏ ਆਵਣ ਜਾਵਣ ਡਰ, ਲੱਖ ਚੁਰਾਸੀ ਫੰਦ ਕਟਾਇੰਦਾ । ਮਨਮੁਖ ਜੀਵ ਆਪਣਾ ਕੀਤਾ ਲੈਣ ਭਰ, ਰਾਏ ਧਰਮ ਵੇਖ ਵਖਾਇੰਦਾ । ਚਾਰੋਂ ਕੁੰਟ ਆਵੇ ਡਰ, ਦਹਿ ਦਿਸ਼ਾ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ ਤੇਰਾ ਖੇਲ ਖਿਲਾਇੰਦਾ । ਹਰਿ ਸਤਿਗੁਰ ਹਰਿ ਪਾਰਬ੍ਰਹਮ, ਹਰਿ ਹਰਿ ਪੁਰਖ ਅਬਿਨਾਸ਼ਾ । ਗੁਰ ਕਰਤਾ ਗੁਰ ਸਚ ਕਰਮ, ਗੁਰ ਖੇਲੇ ਖੇਲ ਤਮਾਸ਼ਾ । ਗੁਰਸਿਖ ਸਾਚਾ ਨਾ ਜਨਮੇ ਨਾ ਮਰਦਾ, ਮਿਲਿਆ ਮੇਲ ਸ਼ਾਹੋ ਸ਼ਬਾਸ਼ਾ । ਮਨਮੁਖ ਜੀਵ ਲਹਿਣਾ ਦੇਣਾ ਆਪਣਾ ਆਪੇ ਭਰਦਾ, ਨਾ ਕੋਈ ਘਟਾਏ ਤੋਲਾ ਮਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਪ੍ਰਿਥਮੀ ਅਕਾਸ਼ਾ । ਹਰਿ ਕਾ ਖੇਲ ਹਰਿ ਅਵੱਲਾ, ਸਤਿਗੁਰ ਆਪ ਕਰਾਇਆ । ਗੁਰ ਗੁਰ ਵੇਖੇ ਇਕ ਅਕੱਲਾ, ਦਰਸ ਦਰਸੀ ਕਿਸੇ ਨਾ ਆਇਆ । ਗੁਰਮੁਖ ਸਾਚੇ ਦਰ ਘਰ ਸਾਚਾ ਮੱਲਾ, ਥਿਰ ਘਰ ਨਾਉਂ ਰਖਾਇਆ । ਮਨਮੁਖ ਜੀਵ ਮੁਖ ਪਾਇਆ ਪੱਲਾ, ਨੇਤਰ ਨੈਣ ਨਾ ਕੋਈ ਖੁਲ੍ਹਾਇਆ । ਪੰਚ ਵਿਕਾਰਾ ਮਾਰੇ ਹੱਲਾ, ਦਿਵਸ ਰੈਣ ਰਿਹਾ ਤੜਫਾਇਆ । ਭਾਗ ਨਾ ਲੱਗਾ ਕਾਇਆ ਕੁੱਲਾ, ਅੰਧ ਅੰਧੇਰਾ ਛਾਇਆ । ਅੰਤਮ ਵੇਲੇ ਨਾ ਪਏ ਕੋਈ ਮੁੱਲਾ, ਰਾਏ ਧਰਮ ਦਏ ਸਜ਼ਾਇਆ । ਗੁਰਮੁਖ ਸਾਜਣ ਸੰਤ ਸੁਹੇਲਾ ਪੂਰੇ ਤੋਲ ਏਕਾ ਤੁਲਾ, ਤੋਲਣਹਾਰ ਆਪ ਰਘੁਰਾਇਆ । ਲੋਕਮਾਤ ਫਲਿਆ ਫੁਲਾ, ਭਗਤ ਭਗਤੀ ਵੇਖ ਵਖਾਇਆ । ਮੱਲਿਆ ਧਾਮ ਨਿਹਚਲ ਇਕ ਅਟੱਲਾ, ਊਚੋ ਊਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਵੇਖੇ ਆਪਣੇ ਨੇਤਰ, ਆਪਣੀ ਦਇਆ ਕਮਾਈਆ । ਭਾਗ ਲਗਾਏ ਕਾਇਆ ਖੇਤਰ, ਦਿਵਸ ਰੈਣ ਵੱਜੀ ਵਧਾਈਆ । ਰੁੱਤ ਬਸੰਤ ਰਹੇ ਚੇਤਰ, ਫਲ ਫੁਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਜੋਤੀ ਸ਼ਬਦੀ ਮੇਲ ਮਿਲਾਈਆ । ਜੋਤੀ ਸ਼ਬਦ ਹਰਿ ਪਿਆਰਾ, ਨਿਰਗੁਣ ਰੂਪ ਸਮਾਇਆ । ਸਰਗੁਣ ਮੇਲਾ ਵਿਚ ਸੰਸਾਰਾ, ਆਪਣਾ ਆਪ ਕਰਾਇਆ । ਆਪੇ ਵੇਖੇ ਪਰਖੇ ਪਰਖਣਹਾਰਾ, ਨਾਮ ਕਸਵਟੀ ਇਕ ਲਗਾਇਆ । ਗੁਰਮੁਖ ਸਾਚੇ ਰੱਖੇ ਰੱਖਣਹਾਰਾ, ਜੁਗ ਜੁਗ ਰੱਖਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਤੇਰਾ ਲਹਿਣਾ ਦੇਣਾ ਮਾਨਸ ਦੇਹੀ ਮੂਲ ਚੁਕਾਇਆ । ਮਾਨਸ ਦੇਹੀ ਮਾਨੁਖ ਜਿਤ, ਮਨ ਤਨ ਹੋਏ ਬੈਰਾਗਿਆ । ਹਰਿ ਚਰਨ ਪ੍ਰੀਤੀ ਸਾਚਾ ਹਿਤ, ਸੋਇਆ ਉਠੇ ਜਾਗਿਆ । ਸਤਿਗੁਰ ਪੂਰਾ ਸਾਚਾ ਮਿਤ, ਦੁਰਮਤ ਮੈਲ ਧੋਵੇ ਦਾਗ਼ਿਆ । ਦਰਸ ਦਿਖਾਏ ਨਿਤ ਨਵਿਤ, ਸਰਨ ਸਰਨਾਈ ਜੋ ਜਨ ਲਾਗਿਆ । ਆਪੇ ਮਾਤਾ ਆਪੇ ਪਿਤ, ਆਪੇ ਨਾਰੀ ਕੰਤ ਸੁਹਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸ਼ਬਦ ਗੁਰ ਗੁਰ ਸ਼ਬਦ ਸ਼ਬਦ ਸਰੂਪੀ ਫਿਰੇ ਭਾਜਿਆ । ਚਰਨ ਕਵਲ ਸਚ ਦਵਾਰਾ, ਗੁਰਮੁਖ ਵਿਰਲਾ ਪਾਇੰਦਾ । ਜੋ ਜਨ ਮੰਗੇ ਬਣ ਭਿਖਾਰਾ, ਦੇਵਣਹਾਰ ਦਇਆ ਕਮਾਇੰਦਾ । ਗੁਰ ਕਾ ਸ਼ਬਦ ਅਪਰ ਅਪਾਰਾ, ਕਿਸੇ ਹੱਟ ਹੱਥ ਨਾ ਆਇੰਦਾ । ਜੋਤੀ ਜੋਤ

੫੧੮
੦੨

੫੧੯
੦੭

ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਨਾਮ ਨਿਧਾਨਾ ਝੋਲੀ ਪਾਇੰਦਾ । ਗੁਰ ਕਾ ਚਰਨ ਜਗਤ ਭਰਵਾਸਾ, ਗੁਰ ਪੂਰਾ ਆਪ ਦ੍ਰਿੜਾਇੰਦਾ । ਜੋ ਜਨ ਤਜਾਏ ਮਦਿਰਾ ਮਾਸਾ, ਹਰਿ ਸਾਚਾ ਦਰਸ ਦਿਖਾਇੰਦਾ । ਕਾਇਆ ਮੰਦਰ ਅੰਦਰ ਵੇਖੇ ਨਿਰਮਲ ਜੋਤੀ ਕਰ ਪਰਕਾਸ਼ਾ, ਨੂਰੋ ਨੂਰ ਡਗਮਗਾਇੰਦਾ । ਸ਼ਬਦ ਭੰਡਾਰਾ ਭਰੇ ਮਾਟੀ ਦੇਹੀ ਕਾਸਾ, ਅਤੋਟ ਅਤੁਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸਤਿਗੁਰ ਸਾਜਨ ਮੀਤਾ, ਏਕਾ ਏਕ ਅਖਵਾਇਆ । ਅੱਠੇ ਪਹਿਰ ਪਰਖੇ ਨੀਤਾ, ਅੰਗ ਸੰਗ ਹੋ ਜਾਇਆ । ਨਾ ਮਰੇ ਨਾ ਕਦੇ ਜੀਤਾ, ਏਕਾ ਰੰਗ ਰੰਗਾਇਆ । ਵੇਖੇ ਵਿਗਸੇ ਹਸਤ ਕੀਟਾ, ਊਚਾਂ ਨੀਚਾਂ ਦਇਆ ਕਮਾਇਆ । ਨਾਮ ਨਿਧਾਨਾ ਜਿਸ ਜਨ ਪੀਤਾ, ਗੁਰਚਰਨ ਚਿਤ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਲੱਖ ਚੁਰਾਸੀ ਬੰਧਨ ਤੋੜ ਤੁੜਾਇਆ । ਚਰਨ ਪ੍ਰੀਤੀ ਨਾਤਾ ਜੋੜ, ਹਰਿ ਸ਼ਬਦੀ ਸ਼ਬਦ ਸੁਣਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਲੋਆਂ ਪੁਰੀਆਂ ਪਾਰ ਕਰਾਇੰਦਾ । ਧੁਰ ਦਰਗਾਹੀ ਆਪੇ ਬੌਹੜ, ਆਪ ਆਪਣਾ ਕਰਮ ਕਮਾਇੰਦਾ । ਜੀਵ ਜੰਤ ਵੇਖੇ ਮਿੱਠਾ ਕੌੜ, ਆਤਮ ਰਸ ਇਕ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਸੋਹੰ ਮੰਤਰ ਇਕ ਸੁਣਾਇੰਦਾ । ਭਵ ਸਾਗਰ ਜਨ ਉਤਰੇ ਪਾਰ, ਮਿਲੇ ਹਰਿ ਮੀਤ । ਕਾਇਆ ਗਾਗਰ ਡੂੰਘਾ ਤਾਲ, ਗੁਰ ਬੈਠਾ ਇਕ ਅਤੀਤ । ਗੁਰਸਿਖ ਵਰੋਲੇ ਮਾਰ ਉਛਾਲ, ਕਰੇ ਪਤਤ ਪੁਨੀਤ । ਸੋਹੰ ਸ਼ਬਦ ਸਚ ਦਲਾਲ, ਆਪ ਚਲਾਏ ਆਪਣੀ ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਵਰ, ਏਕਾ ਘਾਟ ਉਤਾਰੇ ਹਸਤ ਕੀਟ । ਕਲਜੁਗ ਸਾਗਰ ਪਾਰ ਕਿਨਾਰਾ, ਦਿਸ ਕਿਸੇ ਨਾ ਆਇਆ । ਮਨਮੁਖ ਡੁੱਬੇ ਵਿਚ ਮੰਝਧਾਰਾ, ਨਾ ਕੋਈ ਪਾਰ ਚੜ੍ਹਾਇਆ । ਗੁਰਮੁਖ ਵਿਰਲੇ ਮਿਲਿਆ ਗੁਰ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਫੜ ਬਾਂਹੋਂ ਪਾਰ ਕਰਾਇਆ ।

### * ੨੧ ਸਾਵਣ ੨੦੧੫ ਬਿਕ੍ਰਮੀ ਚਰਨ ਸਿੰਘ ਦੇ ਘਰ ਤਰਨ ਤਾਰਨ ਅੰਮ੍ਰਿਤਸਰ *

ਨਿਰਗੁਣ ਫੂਲ ਨਿਰਗੁਣ ਰੰਗ, ਨਿਰਗੁਣ ਆਪ ਰੰਗਾਇਆ । ਨਿਰਗੁਣ ਸੇਜ ਨਿਰਗੁਣ ਪਲੰਘ, ਨਿਰਗੁਣ ਆਸਣ ਲਾਇਆ । ਨਿਰਗੁਣ ਵੇਖੇ ਨਿਰਗੁਣ ਸੰਗ, ਨਿਰਗੁਣ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਫੂਲਨ ਰੂਪ ਸਮਾਇਆ । ਹਰਿ ਫੂਲਨ ਫੁਲਵਾੜੀਆ, ਨਾਮ ਸ਼ਬਦ ਅਨਮੋਲ । ਪੱਤ ਵੇਖੇ ਸੱਚੀ ਡਾਲ੍ਹੀਆ, ਘਟ ਘਟ ਆਪੇ ਟੋਲ । ਕਵਣ ਸ਼ੰਗਾਰੇ ਸਾਚੀ ਲਾੜੀਆ, ਕਵਣ ਦਵਾਰੇ ਕਰੇ ਚੋਹਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੜਦਾ ਆਪੇ ਖੋਲ੍ਹ । ਨਿਰਗੁਣ ਡਾਲ੍ਹੀ ਨਿਰਗੁਣ ਪਾਤੀ, ਨਿਰਗੁਣ ਫੂਲ ਮਹਿਕਾਈਆ । ਨਿਰਗੁਣ ਮੇਲਾ ਕਮਲਾਪਾਤੀ, ਸਾਚਾ ਕੰਤ ਮਨਾਈਆ । ਨਿਰਗੁਣ ਮੇਟੇ ਅੰਧੇਰੀ ਰਾਤੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਮਲ ਦੀਵਾ ਨਿਰਮਲ ਬਾਤੀ, ਨਿਰਮਲ ਅੰਮ੍ਰਿਤ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਪੰਖੜੀ ਆਪ

ਸਮਾਈਆ । ਆਪੇ ਫੂਲ ਆਪੇ ਫੁਲਾਏ, ਨਿਰਗੁਣ ਖੇਲ ਖਿਲਾਇੰਦਾ । ਵੇਖਣਹਾਰਾ ਦਿਸ ਨਾ ਆਏ, ਅਚਰਜ ਬਣਤ ਬਣਾਇੰਦਾ । ਆਪਣਾ ਹਿੱਸਾ ਆਪ ਵੰਡਾਏ, ਆਪਣੀ ਮੰਗ ਮੰਗਾਇੰਦਾ । ਦਹਿ ਦਿਸ਼ਾ ਹਰਿ ਫੇਰੀ ਪਾਏ, ਚਾਰੋਂ ਕੁੰਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਹਿਕ ਮਹਿਕਾਇੰਦਾ । ਆਪਣਾ ਨੂਰ ਆਪ ਨੁਰਾਨਾ, ਆਪੇ ਡਗਮਗਾਈਆ । ਆਪੇ ਖੇਲੇ ਖੇਲ ਦੋ ਜਹਾਨਾਂ, ਖੇਲਣਹਾਰ ਆਪ ਅਖਵਾਈਆ । ਆਪਣਾ ਸਗਨ ਆਪ ਮਨਾਣਾ, ਆਪਣੇ ਤੰਦਨ ਤੰਦ ਬੰਧਾਈਆ । ਆਪੇ ਬੰਨੇ ਆਪਣਾ ਗਾਨਾ, ਆਪ ਆਪਣੀ ਖੁਸ਼ੀ ਮਨਾਈਆ । ਆਪੇ ਅੰਤਰ ਵੇਖੇ ਮਾਰ ਧਿਆਨਾ, ਘਰ ਮੰਦਰ ਇਕ ਸੁਹਾਈਆ । ਨਿਰਗੁਣ ਸਰੂਪ ਸਦਾ ਨੌਜਵਾਨਾ, ਬਿਰਧ ਬਾਲ ਨਾ ਕੋਈ ਜਣਾਈਆ । ਨਿਰਗੁਣ ਨਾਰੀ ਕਰ ਪਰਵਾਨਾ, ਆਪਣੀ ਸੇਜ ਵਖਾਈਆ । ਹਰਿ ਹਰਿ ਹੋਏ ਮਿਹਰਵਾਨਾ, ਆਪਣੀ ਕਿਰਪਾ ਫੂਲਨ ਬਰਖਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੁਲ ਮਾਲਾ ਤਨ ਸੁਹਾਇਆ । ਕਰਿਆ ਤਨ ਸ਼ੰਗਾਰ, ਕਮਲਾਪਾਤੀ ਇਕ ਮਨਾਇਆ, ਢਹਿ ਢਹਿ ਪਏ ਦਵਾਰ । ਅੰਦਰ ਝਾਕੀ ਇਕ ਵਖਾਇਆ, ਖੋਲ੍ਹੇ ਬੰਦ ਕਿਵਾੜ । ਸਾਚਾ ਸਾਕੀ ਨਾਮ ਧਰਾਇਆ, ਜਾਮ ਪਿਆਏ ਅੰਮ੍ਰਿਤ ਧਾਰ । ਸ਼ਬਦ ਰਾਕੀ ਇਕ ਦੌੜਾਇਆ, ਨਿਰਗੁਣ ਰੂਪ ਸ਼ਾਹ ਅਸਵਾਰ । ਮਾਨਸ ਮਾਟੀ ਵੇਖ ਵਖਾਇਆ, ਵੇਖੇ ਵਿਗਸੇ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੇ ਰੰਗ ਸਮਾਇਆ । ਫੂਲਨ ਹਾਰ ਸਾਚੀ ਮਾਲਣ, ਹਰਿ ਹਰਿ ਏਕਾ ਏਕ ਉਠਾਈਆ । ਸੇਵਾ ਲੱਗੀ ਜੋਤ ਅਕਾਲਣ, ਆਪਣੀ ਇਛਿਆ ਪੂਰ ਕਰਾਈਆ । ਗੁਰਮੁਖ ਸਾਜਨ ਚਲੀ ਭਾਲਣ, ਆਪ ਆਪਣਾ ਵੇਸ ਵਟਾਈਆ । ਨਾ ਕੋਈ ਰੱਖਿਆ ਵਿਚ ਦਲਾਲਣ, ਨਾ ਕੋਈ ਪੁਛ ਪੁਛਾਈਆ । ਨੂਰੀ ਜੋਤ ਇਕ ਜਮਾਲਣ, ਅੱਠੇ ਪਹਿਰ ਡਗਮਗਾਈਆ । ਸਾਚੀ ਵੇਖੇ ਇਕ ਧਰਮ ਧਰਮਸਾਲਣ, ਹਰਿ ਬੈਠਾ ਬੇਪਰਵਾਹੀਆ । ਦਿਵਸ ਰੈਣ ਏਕ ਚਾਨਣ, ਅੰਧ ਅੰਧੇਰ ਦਿਸ ਨਾ ਆਈਆ । ਦਰ ਆਪਣੇ ਘਰ ਆਪਣੇ ਰੰਗ ਆਪਣਾ ਮਾਨਣ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੂਲਨ ਖਾਰੀ ਇਕ ਵਖਾਈਆ । ਫੂਲਨ ਖਾਰੀ ਸਾਚਾ

ਹਰਿ ਹਰਿ ਹਰਿ ਰੰਗ ਰੰਗਾਇਆ । ਨਿਰਗੁਣ ਰੂਪ ਕਰ ਪਿਆਰਾ, ਨਿਰਗੁਣ ਤਨ ਛੁਹਾਇਆ । ਨਿਰਗੁਣ ਵੇਖੇ ਅੰਦਰ ਬਾਹਰਾ, ਗੁਪਤ ਜ਼ਾਹਰਾ ਆਪ ਹੋ ਆਇਆ । ਨਿਰਗੁਣ ਖੇਲ ਏਕੰਕਾਰਾ, ਅਕਲ ਕਲਾ ਵਰਤਾਇਆ । ਨਿਰਗੁਣ ਰੂਪ ਪਾਰਬ੍ਰਹਮ ਕਰਤਾਰਾ, ਕਰਤਾ ਪੁਰਖ ਨਾਉਂ ਧਰਾਇਆ । ਨਿਰਗੁਣ ਭਰੇ ਇਕ ਭੰਡਾਰਾ, ਵਡ ਭੰਡਾਰੀ ਨਾਮ ਧਰਾਇਆ । ਆਦਿਨ ਅੰਤਾ ਹੋ ਵਰਤਾਰਾ, ਜੁਗ ਜੁਗ ਵਰਤੌਂਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮਾਲਾ ਵੇਖ ਵਖਾਇਆ । ਘਰ ਮਾਲਾ ਫੂਲਨ ਫੁਲਿਆ, ਵੇਖੇ ਹਰਿ ਬਸੰਤ । ਸਾਚੇ ਕੰਡੇ ਸਾਚਾ ਤੁਲਿਆ, ਮਹਿਮਾ ਗਣਤ ਅਗਣਤ । ਲੱਖ ਕਰੋੜੀ ਪਾਏ ਨਾ ਕੋਈ ਮੁਲਿਆ, ਭੇਵ ਨਾ ਜਾਣੇ ਕੋਈ ਜੀਵ ਜੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਭਗਵੰਤ । ਨਿਰਗੁਣ ਹਾਰ ਹਰਿ ਸ਼ਬਦ ਸ਼ੰਗਾਰਾ, ਹਰਿ ਜੋਤੀ ਭੇਟ ਚੜ੍ਹਾਈਆ । ਕਲੀ ਕਲੀ ਪਾਵੇ ਸਾਰਾ, ਪੰਖੜੀ ਵੇਖ ਵਖਾਈਆ । ਕਵਣ ਕੂਟੇ ਭਵਰ ਉਠੇ ਹੁਲਾਰਾ, ਆਪਣੀ ਗੂੰਜ ਗੁੰਜਾਈਆ । ਆਪੇ ਵੇਖੇ ਵੇਖਣਹਾਰਾ, ਨਿਰਗੁਣ ਵਡ ਵਡਿਆਈਆ । ਖੇਲੇ ਖੇਲ ਅਗੰਮ ਅਪਾਰਾ, ਅਗੰਮੜੇ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ


੫੨੦
੦੨

ਲੜ ਗੁੰਦਾਈਆ । ਲੜ ਗੁੰਦਾਇਆ ਦਇਆ ਕਮਾਇਆ, ਏਕਾ ਧਾਰ ਚਲਾਇੰਦਾ । ਨਿਰਗੁਣ ਸੇਵਕ ਸੇਵਾ ਲਾਇਆ, ਨਿਰਗੁਣ ਸੇਵ ਕਮਾਇੰਦਾ । ਨਿਰਗੁਣ ਨਾਰੀ ਨਾਲ ਪਰਨਾਇਆ, ਨਿਰਗੁਣ ਕੰਤ ਹੰਢਾਇੰਦਾ । ਨਿਰਗੁਣ ਕਜਲਾ ਧਾਰ ਬੰਧਾਇਆ, ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਆਪਣਾ ਸ਼ਬਦ ਚਲਾਇਆ, ਨਿਰਗੁਣ ਰਾਗ ਅਲਾਇੰਦਾ । ਨਿਰਗੁਣ ਸੇਜਾ ਦਏ ਸੁਹਾਇਆ, ਨਿਰਗੁਣ ਫੂਲ ਬਰਸਾਇੰਦਾ । ਨਿਰਗੁਣ ਨਿਰਗੁਣ ਵਿਚ ਦਏ ਟਿਕਾਇਆ, ਨਿਰਗੁਣ ਨਿਰਗੁਣ ਆਪ ਉਪਜਾਇੰਦਾ । ਨਿਰਗੁਣ ਦਾਈ ਨਿਰਗੁਣ ਦਾਇਆ, ਨਿਰਗੁਣ ਪੂਤ ਸਪੂਤਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੇਹਰਾ ਇਕ ਵਖਾਇੰਦਾ । ਸਾਚਾ ਸੇਹਰਾ ਹਰਿ ਜਗਦੀਸ਼, ਏਕਾ ਏਕ ਸੁਹਾਇਆ । ਆਪੇ ਕਰੇ ਆਪਣਾ ਆਦੇਸ਼, ਨਾ ਕੋਈ ਦੂਸਰ ਸੰਗ ਰਖਾਇਆ । ਆਪਣਾ ਛਤਰ ਝੁਲਾਏ ਆਪਣੇ ਸੀਸ, ਆਪ ਆਪਣਾ ਛਤਰ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਜਾਇਆ । ਸਾਚਾ ਸੇਹਰਾ ਬੰਨ ਡੋਰ, ਕਲੀ ਕਲੀ ਗੁੰਦਾਈਆ । ਆਪੇ ਚੜ੍ਹਿਆ ਆਪਣੇ ਘੋੜ, ਆਪਣਾ ਸਗਨ ਮਨਾਈਆ । ਆਪ ਉਠਾਇਆ ਆਪਣਾ ਪੌੜ, ਆਪਣੇ ਘਰ ਦਏ ਟਿਕਾਈਆ । ਆਪਣੇ ਘਰ ਆਪੇ ਬੌਹੜ, ਆਪਣਾ ਕੁੰਡਾ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਘਰ ਬੇਪਰਵਾਹੀਆ । ਆਪਣੇ ਘਰ ਆਪੇ ਆ, ਆਪਣਾ ਰਾਹ ਤਕਾਇਆ । ਆਪਣੀ ਨਾਰੀ ਆਪੇ ਵੇਖ ਵਖਾ, ਆਪਣਾ ਵੇਖ ਵਖਾਇਆ । ਜੋਤੀ ਜੋਤ ਲਈ ਪਰਨਾ, ਨਾਤਾ ਇਕ ਬੰਧਾਇਆ । ਵਰਨ ਗੋਤੀ ਗਿਆ ਸਮਾ । ਏਕਾ ਏਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੇਹਰਾ ਆਪਣੇ ਹੱਥ ਉਠਾਇਆ । ਸਾਚਾ ਸੇਹਰਾ ਜਗਤ ਹਾਰ, ਭਗਤੀ ਦਰ ਸੁਹਾਇੰਦਾ । ਸ਼ਬਦ ਵਿਚੋਲਾ ਕਰ ਪਿਆਰ, ਦੋਹਾਂ ਮੇਲ ਮਿਲਾਇੰਦਾ । ਹੋਇਆ ਗੋਲਾ ਦਰ ਦਰਬਾਰ, ਏਕਾ ਮੰਗ ਮੰਗਾਇੰਦਾ । ਕਾਇਆ ਚੋਲਾ ਰੰਗ ਕਰਤਾਰ, ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੂਲਨਹਾਰ ਵੇਖ ਵਖਾਇੰਦਾ । ਫੂਲਨ ਮਾਲਾ ਜੋਤ ਜਵਾਲਾ, ਆਦਿ ਸ਼ਕਤ ਭਵਾਨੀਆ । ਦੇਵਣਹਾਰਾ ਸਾਚਾ ਦਾਨਾ, ਵਡ ਦਾਤਾ ਦਾਨੀ ਮਿਹਰਵਾਨੀਆ । ਜੁਗ ਜੁਗ ਕਰੇ ਆਪ ਪਛਾਨਾ, ਆਪੇ ਵੇਖੇ ਵਡ ਨਿਗਹਬਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪਣਾ ਕਰ, ਖੇਲੇ ਖੇਲ ਆਪ ਮਹਾਨੀਆ । ਫੂਲਨਹਾਰ ਕਵਣ ਮੁੱਲ, ਕਵਣ ਤੋਲ ਤੁਲਾਇਆ । ਕਵਣ ਦਵਾਰੇ ਜਾਏ ਰੁਲ, ਕਵਣ ਕਰਤਾ ਕੀਮਤ ਪਾਇਆ । ਕਵਣ ਦਵਾਰੇ ਜਾਏ ਭੁੱਲ, ਬੰਧੀ ਬੰਧਨ ਤੋੜ ਤੁੜਾਇਆ । ਕਵਣ ਦਵਾਰੇ ਫਲ ਫੁਲਵਾੜੀ ਜਾਏ ਹੁਲ, ਪੱਤ ਡਾਲ੍ਹੀ ਰਹਿਣ ਨਾ ਪਾਇਆ । ਭਾਗ ਲਗਾਏ ਕਵਣ ਦਵਾਰੇ ਸਾਚੀ ਕੁਲ, ਭਗਤ ਭਗਵੰਤੀ ਮੇਲ ਮਿਲਾਇਆ । ਕਵਣ ਦਵਾਰੇ ਅੰਮ੍ਰਿਤ ਆਤਮ ਜਾਏ ਡੁੱਲ, ਤ੍ਰਿਸਨਾ ਭੁੱਖ ਗਵਾਇਆ । ਕਵਣ ਦਵਾਰਾ ਜਾਏ ਖੁੱਲ੍ਹ, ਹਰਿ ਸ਼ਬਦੀ ਸ਼ਬਦ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਫੂਲਨ ਵੇਖ ਵਖਾਇਆ । ਜਗ ਫੂਲਨ ਜਗ ਮੌਲਿਆ, ਜਗਤ ਖਿੜੀ ਗੁਲਜਾਰ । ਕਵਣ ਕਰੇ ਉਲਟਾ ਕਵਲਿਆ, ਅੰਮ੍ਰਿਤ ਭਰੇ ਭੰਡਾਰ । ਜਗਤ ਵਡਿਆਈ ਉਪਰ ਝੂਠੀ ਧਵਲਿਆ, ਥਿਰ ਘਰ ਮਿਲੇ ਨਾ ਕੋਈ ਦਰਬਾਰ । ਆਪਣੀ ਸੁਰਤੀ ਆਪਣੀ ਕਾਇਆ ਗੁਰ ਕੇ ਸ਼ਬਦ ਕਵਲ ਮੌਲਿਆ, ਕਵਣ ਚਾੜ੍ਹੇ ਰੰਗ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਕਵਣ ਅਪਾਰ ।

ਫਲ ਫਲਿਆ ਜਗ ਵੇਖਿਆ, ਜਗਤ ਹੋਇਆ ਉਜਾਲਾ । ਗੁਰਮਤ ਗੁਰ ਪੂਰੇ ਲਿਖਿਆ ਲੇਖਿਆ, ਹਰਿ ਬੈਠ ਸੱਚੀ ਧਰਮਸਾਲਾ । ਲੋਕਮਾਤੀ ਭਰਮ ਭੁਲੇਖਿਆ, ਭੇਵ ਨਾ ਜਾਣੇ ਜੋਤ ਅਕਾਲਾ । ਜਿਸ ਜਨ ਨੇਤਰ ਲੋਚਨ ਨੈਣ ਆਪਣੇ ਪੇਖਿਆ, ਤਿਸ ਜਨ ਮਿਲਿਆ ਦੀਨ ਦਿਆਲਾ । ਧੁਰਦਰਗਾਹੋਂ ਲਿਖੀ ਰੇਖਿਆ, ਜਨ ਬਖ਼ਸ਼ੇ ਫੂਲਨ ਮਾਲਾ । ਮਸਤਕ ਲਾਏ ਮੇਖਿਆ, ਸੁਹਾਏ ਦਰ ਸ਼ਾਹ ਕੰਗਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਅਵੱਲੜੀ ਚਾਲਾ । ਫੂਲਨ ਫਲ ਕੱਚਾ ਤੰਦ, ਜੋੜੀ ਜੋੜ ਜੁੜਾਇੰਦਾ । ਹਰਿ ਹਰਿਜਨ ਮੇਲਾ ਹਰਿ ਹਰਿ ਖ਼ੁਸ਼ੀ ਬੰਦ ਬੰਦ, ਤ੍ਰਿਸਨਾ ਅਗਨ ਬੁਝਾਇੰਦਾ । ਗਾ ਗਾ ਥੱਕੇ ਬੱਤੀ ਦੰਦ, ਬੱਤੀ ਧਾਰ ਨਾ ਕੋਈ ਬਖ਼ਸ਼ਾਇੰਦਾ । ਵਿਸਰਿਆ ਜਨ ਪਰਮਾਨੰਦ, ਨਿਜਾਨੰਦ ਨਾ ਕੋਈ ਦਰਸਾਇੰਦਾ । ਗਗਨ ਮੰਡਲ ਨਾ ਚੜ੍ਹਿਆ ਚੰਦ, ਸੀਤਲ ਧਾਰ ਨਾ ਕੋਈ ਸਮਾਇੰਦਾ । ਅਨਹਦ ਰਾਗੀ ਅਨਾਦੀ ਧੁਨ ਨਾ ਸੁਣਿਆ ਸਾਚਾ ਛੰਦ, ਤਾਲ ਤਲਵਾੜਾ ਨਾ ਕੋਈ ਵਜਾਇੰਦਾ । ਦੂਈ ਦਵੈਤੀ ਭਰਮਾ ਕੰਧ, ਪੜਦਾ ਕੋਈ ਨਾ ਲਾਹਿੰਦਾ । ਜੂਠ ਝੂਠ ਰਸਨਾ ਗੰਦ, ਸਚ ਸੁੱਚ ਜਾਮ ਨਾ ਕੋਈ ਪਿਆਇੰਦਾ । ਗੁਰਮੁਖ ਵਿਰਲਾ ਮੁਕਾਏ ਆਪਣਾ ਪੰਧ, ਘਰ ਆਪਣੇ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਆਪ ਆਪਣੀ ਦਇਆ ਕਮਾਇੰਦਾ । ਗੁਰਮੁਖ ਸਾਜਨ ਘਰ ਨਿਜ ਵੇਖੇ, ਨਿਜ ਘਰ ਵੱਜੇ ਵਧਾਈਆ । ਗੁਰ ਕਿਰਪਾ ਕੱਢੇ ਭਰਮ ਭੁਲੇਖੇ, ਭਰਮੇ ਗੜ੍ਹ ਤੁੜਾਈਆ । ਸਤਿਗੁਰ ਸ਼ਬਦ ਨੇਤਰ ਪੇਖੇ, ਸਵੱਛ ਸਰੂਪੀ ਉਤੋਂ ਆਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸੇ, ਨਾ ਕੋਈ ਮੂੰਡ ਮੁੰਡਾਈਆ । ਸੋ ਪੁਰਖ ਸਦਾ ਅਦੇਸੇ, ਨਿਉਂ ਨਿਉਂ ਸੀਸ ਝੁਕਾਈਆ । ਗੁਰਮੁਖਾਂ ਮੇਲ ਮਿਲਾਏ ਕਰ ਕਰ ਵੇਸੇ, ਹਰਿ ਵਿਚ ਵੱਡੀ ਵਡਿਆਈਆ । ਕੋਟਨ ਕੋਟ ਨਚਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੇ, ਦਰ ਬੈਠੇ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਾਲਾ ਆਪਣੇ ਹੱਥ ਰਖਾਈਆ । ਆਪਣੀ ਮਾਲਾ ਆਪਣੇ ਹੱਥ ਉਠਾ, ਚਾਰੋਂ ਕੁੰਟ ਵੇਖ ਵਖਾਇੰਦਾ । ਗੁਰਮੁਖ ਜੋ ਜਨ ਦਿਸੇ ਰੁੱਠਾ, ਫੜ ਬਾਂਹੋਂ ਆਪ ਮਨਾਇੰਦਾ । ਨਿਰਗੁਣ ਰੂਪ ਆਪੇ ਤੁੱਠਾ, ਆਪੇ ਵੇਖ ਵਖਾਇੰਦਾ । ਲੁਕਿਆ ਕੋਈ ਨਾ ਰਹੇ ਗੁੱਠਾ, ਹਰ ਘਟ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੂਲਣਹਾਰ ਵਿਚ ਸੰਸਾਰ ਗੁਰਮੁਖਾਂ ਕਰ ਪਿਆਰ, ਪਿਆਰ ਭੇਟ ਇਕ ਚੜ੍ਹਾਇੰਦਾ ।

### * ੨੧ ਸਾਵਣ ੨੦੧੫ ਬਿਕ੍ਰਮੀ ਸੁਰੈਣ ਸਿੰਘ ਦੇ ਘਰ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ *

ਹਰਿ ਹਰਿ ਰੂਪ ਆਪ ਸਮਾ, ਹਰਿ ਹਰਿ ਨਾਉਂ ਧਰਾਇਆ । ਸਤਿਗੁਰ ਪੂਰਾ ਜੋਤ ਜਗਾ, ਜੋਤੀ ਨੂਰ ਕਰੇ ਰੁਸ਼ਨਾਇਆ । ਗੁਰ ਗੁਰ ਇਸ਼ਟ ਇਕ ਜਣਾ, ਏਕਾ ਰੂਪ ਦਰਸਾਇਆ । ਗੁਰਸਿਖ ਸਾਜਣ ਲਏ ਜਗਾ, ਜਾਗਰਤ ਦਿਸ਼ਾ ਵਖਾਇਆ । ਮੂਰਖ ਮੂੜ੍ਹੇ ਦਏ ਭੁੱਲਾ, ਮਨਮੁਖਤਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਰਚਾਇਆ । ਹਰਿ ਸੁਲਤਾਨ ਤਖ਼ਤ ਤਾਜਾ, ਧੁਰ ਦਰਗਾਹ ਸਮਾਏ । ਸਤਿਗੁਰ ਸਾਜਨ ਗ਼ਰੀਬ ਨਿਵਾਜਾ, ਆਪਣੀ ਦਇਆ ਕਮਾਏ । ਗੁਰ ਗੁਰ ਰੱਖਣਹਾਰਾ ਲਾਜਾ ਗੁਰ ਕਰਣਹਾਰ ਕਰਾਏ ।

ਗੁਰਮੁਖ ਸਾਚੇ ਮਾਰੇ ਵਾਜਾ, ਸੋਈ ਸੁਰਤ ਉਠਾਏ । ਮਨਮੁਖ ਦਰ ਤੋਂ ਜਾਏ ਭਾਜਾ, ਨੇਤਰ ਨੈਣ ਛੁਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਏ । ਹਰਿ ਰਾਜਨ ਸ਼ਾਹ ਭੂਪ, ਸਚ ਸੱਚਾ ਸਿਕਦਾਰਾ । ਸਤਿਗੁਰ ਪੂਰਾ ਸਤਿ ਸਰੂਪ, ਜੋਤੀ ਜੋਤ ਨੂਰ ਚਮਤਕਾਰਾ । ਗੁਰ ਗੁਰ ਵੇਖੇ ਚਾਰੇ ਕੂਟ, ਦਹਿ ਦਿਸ਼ਾ ਪਾਵੇ ਸਾਰਾ । ਗੁਰਮੁਖ ਨਾਤਾ ਤੋੜੇ ਜੂਠ ਝੂਠ, ਏਕਾ ਸ਼ਬਦ ਕਰੇ ਪਿਆਰਾ । ਮਨਮੁਖ ਜੀਵ ਗਏ ਰੁੱਠ, ਵਿਸਰਿਆ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਹਾਏ ਬੰਕ ਦਵਾਰਾ । ਹਰਿ ਸਾਜਨ ਹਰਿ ਭਾਲਿਆ ਹਰਿ ਹਰਿ ਵੇਖ ਵਖਾਏ । ਸਤਿਗੁਰ ਪੂਰਾ ਚਲੇ ਨਾਲ ਨਾਲਿਆ, ਵਿਛੜ ਕਦੇ ਨਾ ਜਾਏ । ਗੁਰ ਗੁਰ ਸ਼ਾਹ ਕੰਗਾਲਿਆ, ਸ਼ਾਹ ਕੰਗਾਲਾ ਨਾਉਂ ਧਰਾਏ । ਗੁਰਮੁਖਾਂ ਦੇਵੇ ਨਾਮ ਧਨ ਸੱਚਾ ਖਜਾਨਿਆ, ਸਚ ਖਜ਼ਾਨਾ ਇਕ ਖੁਲ੍ਹਾਏ । ਮਨਮੁਖ ਭੁੱਲੇ ਜੀਵ ਨਿਧਾਨਿਆ, ਮਾਇਆ ਭਰਮੀ ਭਰਮ ਭੁਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਖਿਲਾਏ । ਹਰਿ ਹਰਿ ਮੀਤ ਸਚ ਗੋਬਿੰਦ, ਰੂਪ ਅਨੂਪ ਦਰਸਾਇਆ । ਸਤਿਗੁਰ ਪੂਰਾ ਮੇਟੇ ਸਗਲੀ ਚਿੰਦ, ਹਰਖ ਸੋਗ ਰਹਿਣ ਨਾ ਪਾਇਆ । ਗੁਰ ਗੁਰ ਹੋਏ ਸਦਾ ਬਖ਼ਸ਼ਿੰਦ, ਆਪਣੀ ਬਖ਼ਸ਼ਿਸ਼ ਹੱਥ ਰਖਾਇਆ । ਗੁਰਮੁਖਾਂ ਮੇਲਾ ਗੁਣੀ ਗਹਿੰਦ, ਘਰ ਸਾਚਾ ਸਾਜਨ ਪਾਇਆ । ਮਨਮੁਖ ਲਗਾਏ ਆਪਣੀ ਨਿੰਦ, ਕੂੜੇ ਧੰਦੇ ਮੋਹ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬੰਧਨ ਪਾਇਆ । ਹਰਿ ਬੰਧਨ ਹਰਿ ਬੰਧਿਆ, ਡੋਰੀ ਨਾਮ ਕਰਤਾਰ । ਸਤਿਗੁਰ ਪੂਰਾ ਵੇਖੇ ਸਾਚਾ ਚੰਦਿਆ, ਨੂਰੋ ਨੂਰ ਹੋਏ ਉਜਿਆਰ । ਗੁਰ ਗੁਰ ਏਕਾ ਸ਼ਬਦ ਗੁਰ ਸਾਚਾ ਮੰਨਿਆ, ਆਦਿ ਅੰਤ ਲਏ ਅਵਤਾਰ । ਗੁਰਮੁਖਾਂ ਕੱਢੇ ਤਨ ਜਨਿਆ, ਦੇਵੇ ਨਾਮ ਅਧਾਰ । ਮਨਮੁਖ ਜਾਏ ਦਰ ਤੋਂ ਭੰਨਿਆ, ਮਾਨਸ ਜਨਮ ਆਈ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਅਪਾਰ । ਹਰਿ ਸਾਜਨ ਹਰਿ ਖੇਲਿਆ, ਖੇਲੇ ਖੇਲ ਅਗੰਮ ਅਪਾਰ । ਸਤਿਗੁਰ ਪੂਰੇ ਮੇਲਨ ਮੇਲਿਆ, ਹੱਡ ਮਾਸ ਨਾੜੀ ਨਾ ਚੰਮ । ਗੁਰ ਗੁਰ ਪਾਇਆ ਸੱਜਣ ਸੁਹੇਲਿਆ, ਪਵਣ ਸਵਾਮੀ ਲਏ ਨਾ ਦਮ । ਗੁਰਮੁਖ ਮੇਲਾ ਇਕ ਇਕੇਲਿਆ, ਆਪ ਸਵਾਰੇ ਆਪਣਾ ਕੰਮ । ਮਨਮੁਖਾਂ ਦਿਸੇ ਵਕਤ ਦੁਹੇਲਿਆ, ਨੇਤਰ ਨੀਰ ਵਹਾਇਨ ਛੰਮ ਛੰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਭਿੰਨ ਭਿੰਨ । ਖੇਲੇ ਖੇਲ ਹਰਿ ਭਗਵਾਨਾ, ਜੁਗ ਜੁਗ ਖੇਲ ਖਿਲਾਇੰਦਾ । ਜੋਤੀ ਜੋਤ ਜਗੇ ਮਹਾਨਾ, ਨਿਰਗੁਣ ਰੂਪ ਡਗਮਗਾਇੰਦਾ । ਆਪ ਆਪਣਾ ਕਰ ਪਛਾਨਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਕਰ ਪਰਧਾਨਾ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣਾ ਬਣ ਨਿਸ਼ਾਨਾ, ਆਪ ਆਪਣਾ ਆਪ ਝੁਲਾਇੰਦਾ । ਆਪ ਆਪਣਾ ਦੇਵੇ ਧੁਰ ਫ਼ਰਮਾਣਾ, ਆਪ ਆਪਣਾ ਰਾਜ ਕਮਾਇੰਦਾ । ਆਪੇ ਆਪਣਾ ਵੇਖੇ ਤਖ਼ਤ ਸ਼ਾਹ ਸੁਲਤਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਭਗਵੰਤ, ਆਪਣਾ ਆਪ ਉਪਾਇਆ । ਭੇਵ ਨਾ ਜਾਣੇ ਕੋਈ ਸੰਤ, ਦਿਸ ਕਿਸੇ ਨਾ ਆਇਆ । ਕਲਜੁਗ ਮਾਇਆ ਪਾਏ ਬੇਅੰਤ, ਚਾਰੋਂ ਕੁੰਟ ਅੰਧੇਰਾ ਛਾਇਆ । ਮਾਇਆ ਭਰਮੇ ਜੀਵ ਜੰਤ, ਹਉਮੇ ਹੰਗਤਾ ਰੋਗ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਸ੍ਰਿਸ਼ਟ ਸਬਾਇਆ । ਨਿਰਗੁਣ ਖੇਲ ਖੇਲਣਹਾਰਾ, ਆਦਿ ਪੁਰਖ ਅਖਵਾਇਆ । ਆਦਿ ਨਿਰੰਜਣ ਪਾਵੇ ਸਾਰਾ, ਭੇਵ ਕੋਈ

੫੨੩
੦੭

ਨਾ ਰਾਇਆ । ਅਗੰਮ ਅਗੰਮੜਾ ਕਰੇ ਕਾਰਾ, ਅਗੰਮੜਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਨੂਰ ਹਰਿ ਦਾਤਾਰ, ਆਪਣਾ ਆਪ ਕਰਾਈਆ । ਆਪੇ ਬੈਠ ਸੱਚੇ ਦਰਬਾਰ, ਸਾਚਾ ਮਤਾ ਪਕਾਈਆ । ਕਲਜੁਗ ਵੇਖੇ ਅੰਤਮ ਵਾਰ, ਲੱਖ ਚੁਰਾਸੀ ਦਏ ਦੁਹਾਈਆ । ਸਾਧ ਸੰਤ ਨਾਰ ਹੋਈ ਵਿਭਚਾਰ, ਹਰਿ ਹਰਿ ਕੰਤ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਆਵੇ ਕਰ ਕਰ ਧਾਈਆ । ਲੋਕਮਾਤ ਹਰਿ ਉਠ ਉਠ ਧਾਇਆ, ਘਰ ਸਾਚੇ ਵੱਜੀ ਵਧਾਈਆ । ਅਗੰਮ ਅਗੰਮੜਾ ਅਲੱਖ ਅਲੱਖਣਾ ਆਪਣਾ ਲੇਖਾ ਵੇਖ ਵਖਾਇਆ, ਦੂਸਰ ਜਾਣੇ ਕੋਈ ਨਾ ਰਾਈਆ । ਸਚਖੰਡ ਦਵਾਰਾ ਫੋਲ ਫੋਲਾਇਆ, ਸਾਧ ਸੰਤ ਕੋਈ ਨਜ਼ਰ ਨਾ ਆਈਆ । ਆਪਣਾ ਰਾਹ ਆਪ ਤਕਾਇਆ, ਲੋਆਂ ਪੁਰੀਆਂ ਫੇਰਾ ਪਾਈਆ । ਬ੍ਰਹਮ ਬਾਂਹੋਂ ਫੜ ਹਿਲਾਇਆ, ਅੱਠੇ ਨੇਤਰ ਦਏ ਖੁਲ੍ਹਾਈਆ । ਕਲਜੁਗ ਅੰਤਮ ਵੇਲਾ ਆਇਆ, ਹਰਿ ਵੇਖੇ ਕਾਲੀ ਸ਼ਾਹੀਆ । ਸ਼ਿਵ ਸ਼ੰਕਰ ਨੇਤਰ ਇਕ ਖੁਲ੍ਹਾਇਆ, ਲੋਆਂ ਪੁਰੀਆਂ ਫੇਰਾ ਪਾਈਆ । ਬਾਸ਼ਕ ਤਸ਼ਕਾ ਜਿਸ ਲਟਕਾਇਆ, ਦੇਵੇ ਗਲੋਂ ਲਾਹੀਆ । ਬਾਰ ਅੰਕਾ ਖੇਲ ਖਿਲਾਇਆ, ਜੁਗ ਜੁਗ ਵੱਡੀ ਵਡਿਆਈਆ । ਆਦਿ ਜੁਗਾਦੀ ਨਾਮ ਧਰਾਇਆ, ਆਦਿ ਨਿਰੰਜਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਈਆ । ਵਿਸ਼ਨੂੰ ਰੂਪ ਵਿਸ਼ਨ ਅਕਾਰਾ, ਆਪਣਾ ਆਪ ਕਰਾਇਆ । ਆਪਣਾ ਦਏ ਆਪ ਹੁਲਾਰਾ, ਆਪੇ ਰਿਹਾ ਜਗਾਇਆ । ਆਪਣੀ ਪਾਵੇ ਆਪੇ ਸਾਰਾ, ਆਪਣਾ ਦਰ ਸੁਹਾਇਆ । ਆਪਣੀ ਲਾਏ ਆਪੇ ਕਾਰਾ, ਕਰਨ ਕਰਾਵਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਥਾਉਂ ਥਾਂਇਆ । ਕਰੋੜ ਤੇਤੀਸਾ ਲਏ ਉਠਾ, ਸੁਰਪਤ ਇੰਦ ਸੰਗ ਰਲਾਇਆ । ਏਕਾ ਅੱਖਰ ਦਏ ਪੜ੍ਹਾ, ਭੁੱਲ ਰਹੇ ਨਾ ਰਾਇਆ । ਏਕਾ ਡੰਡਾ ਦੇਵੇ ਲਾ, ਧਰਤ ਧਵਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖਣ ਆਇਆ । ਆਪ ਆਪਣਾ ਵੇਖਣਹਾਰਾ, ਲੋਕਮਾਤ ਉਠ ਧਾਇਆ । ਕਲਜੁਗ ਵੇਖੇ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਨਾਉਂ ਧਰਾਏ ਨਰ ਨਿਰੰਕਾਰਾ, ਨਿਰਗੁਣ ਰੂਪ ਅਖਵਾਇਆ । ਸਰਗੁਣ ਮੇਲਾ ਅਪਰ ਅਪਾਰਾ, ਭੇਵ ਅਭੇਦਾ ਭੇਵ ਰਖਾਇਆ । ਖੇਲੇ ਖੇਲ ਵਿਚ ਸੰਸਾਰਾ, ਲੇਖਾ ਲੇਖ ਨਾ ਕੋਈ ਜਣਾਇਆ । ਚਾਰ ਵਰਨ ਹਾਹਾਕਾਰਾ, ਬਰਨੀ ਬਰਨ ਰਹੇ ਕੁਰਲਾਇਆ । ਗੁਰਮੁਖ ਵਿਰਲਾ ਦਿਸੇ ਸੰਤ ਦੁਲਾਰਾ, ਜਿਸ ਹਰਿ ਹਰਿ ਰਸਨਾ ਗਾਇਆ । ਮਨਮੁਖ ਜੀਵ ਰੁਲੇ ਜਗਤ ਪੰਚ ਵਿਕਾਰਾ, ਪੰਚਮ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਵੇਖੇ ਪਾਰ ਕਿਨਾਰਾ, ਵੇਖਣਹਾਰ ਅਕਾਲ ਪੁਰਖ ਅਕਾਲਾ । ਜੁਗ ਜੁਗ ਵੇਖੇ ਜਗਤ ਦਵਾਰਾ, ਦੀਪਕ ਜੋਤੀ ਇਕ ਜਵਾਲਾ । ਲੋਆਂ ਪੁਰੀਆਂ ਗਗਨ ਪਤਾਲਾਂ ਦਿਸੇ ਨਿਆਰਾ, ਖੇਲੇ ਖੇਲ ਹਰਿ ਗੋਪਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਚਲੇ ਚਾਲ ਨਿਰਾਲਾ । ਚਾਲ ਅਵੱਲੜੀ ਹਰਿ ਨਿਰੰਕਾਰ, ਲੋਕਮਾਤ ਚਲਾਈਆ । ਵੇਦ ਪੁਰਾਨ ਨਾ ਪਾਇਣ ਸਾਰ, ਅੰਜੀਲ ਕੁਰਾਨ ਨਾ ਕੋਈ ਦ੍ਰਿੜਾਈਆ । ਸ਼ਾਸਤਰ ਸਿਮਰਤ ਹੋਏ ਖਵਾਰ, ਲੇਖਾ ਲੇਖ ਨਾ ਕੋਈ ਜਣਾਈਆ । ਖਾਣੀ ਬਾਣੀ ਵਸਿਆ ਬਾਹਰ, ਵਡ ਦਾਤਾ ਬੇਪਰਵਾਹੀਆ । ਆਵਣ ਜਾਣ ਖੇਲ ਮਹਾਨ, ਆਪ ਆਪਣੀ


੫੨੪
੦੨

ਰਚਨ ਰਚਾਈਆ । ਸ਼ਬਦ ਨਿਧਾਨੀ ਕਰ ਤਿਆਰ, ਆਪਣੀ ਦਇਆ ਕਮਾਈਆ । ਧੁਰ ਫ਼ਰਮਾਨੀ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਆਪਣੀ ਕਰ ਆਪ ਕੁਰਬਾਨੀ, ਹਰਿ ਆਪਣਾ ਭੇਟ ਚੜ੍ਹਾਈਆ । ਗੁਰਮੁਖਾਂ ਵਖਾਏ ਪਦ ਨਿਰਬਾਨੀ, ਮਨਮੁਖਾਂ ਦਿਸ ਨਾ ਆਈਆ । ਹਰ ਘਟ ਅੰਦਰ ਜਾਣ ਜਾਣੀ, ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਟੇ ਕੂੜੀ ਸ਼ਾਹੀਆ । ਕੂੜੀ ਸ਼ਾਹੀ ਕੂੜ ਪਸਾਰਾ, ਕੂੜੋ ਕੂੜ ਕਮਾਇੰਦਾ । ਕੂੜ ਰਾਜ ਕੂੜ ਸਿਕਦਾਰਾ, ਕੂੜਾ ਕਰਮ ਕਮਾਇੰਦਾ । ਕੂੜਾ ਘਰ ਕੂੜ ਦਰਬਾਰਾ, ਕੂੜਾ ਹੁਕਮ ਸੁਣਾਇੰਦਾ । ਕੂੜੋ ਕੂੜ ਕਰ ਪਸਾਰਾ, ਕੂੜੀ ਕਿਰਿਆ ਵਿਚ ਟਿਕਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਉਚ ਅਗੰਮਾ ਵੇਖ ਵਖਾਇੰਦਾ । ਲੋਕਮਾਤ ਲੈ ਅਵਤਾਰਾ, ਲੱਖ ਚੁਰਾਸੀ ਧਾਰ ਬੰਧਾਇੰਦਾ । ਨਿਹਕਲੰਕ ਨਰਾਇਣ ਨਰ ਜੋਤੀ ਨੂਰ ਕਰ ਉਜਿਆਰਾ, ਸ਼ਬਦੀ ਡੰਕ ਵਜਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ ਚੇਲੇ ਵੇਖ ਵਖਾਇੰਦਾ । ਗੁਰ ਚੇਲਾ ਜਗ ਜਾਨਿਆ, ਹਰਿ ਸਾਚੇ ਮੂਲ ਪਛਾਨ । ਚਲੇ ਚਲਾਏ ਆਪਣੇ ਭਾਣਿਆ, ਦੇਵੇ ਨਾਮ ਨਿਧਾਨ । ਇਕ ਸੁਣਾਏ ਸਾਚਾ ਗਾਣਿਆ, ਧੁਨ ਅਨਾਦੀ ਧੁਰ ਫ਼ਰਮਾਣ । ਦਰ ਦਵਾਰੇ ਦੇਵੇ ਮਾਣਿਆ, ਨਿਮਾਣਿਆਂ ਦੇਵੇ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਹਰਿ ਕਰੇ ਪਰਵਾਨ । ਹਰਿਸੰਗਤ ਹਰਿ ਮੇਲਿਆ, ਹਰਿਜਨ ਰੂਪ ਕਰਤਾਰ । ਪੂਰ ਕਰਾਏ ਲੇਖਾ ਗੁਰ ਗੁਰ ਚੇਲਿਆ, ਚੇਲਾ ਗੁਰ ਇਕ ਦਵਾਰ । ਹਰਿ ਹੋਏ ਸੱਜਣ ਸੁਹੇਲਿਆ, ਦਰ ਠਾਂਡੇ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਮੇਲੇ ਵਿਚ ਸੰਸਾਰ । ਹਰਿਸੰਗਤ ਹਰਿ ਵੇਖਿਆ, ਨੇਤਰ ਲੋਚਨ ਖੋਲ੍ਹ । ਹਰਿਸੰਗਤ ਹਰਿ ਪੇਖਿਆ, ਆਪ ਆਪਣਾ ਵੇਖਿਆ ਕੌਲ । ਹਰਿਸੰਗਤ ਲਿਖੇ ਲੇਖਿਆ, ਆਦਿ ਅੰਤ ਨਾ ਜਾਏ ਡੋਲ । ਹਰਿਸੰਗਤ ਹਰਿ ਲਾਏ ਮੇਖਿਆ, ਜੜ੍ਹ ਲਗਾਏ ਉਪਰ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਜੋਤੀ ਜਾਏ ਮੌਲ । ਹਰਿਸੰਗਤ ਹਰਿ ਪਾਇਆ, ਸਾਗਰ ਗਹਿਰ ਗੰਭੀਰ । ਹਰਿਸੰਗਤ ਹਰਿ ਗਾਇਆ, ਠਾਂਡਾ ਤਨ ਸਰੀਰ । ਹਰਿਸੰਗਤ ਦਰ ਸੁਹਾਇਆ, ਕੱਢੇ ਹਉਮੇ ਪੀੜ । ਹਰਿਸੰਗਤ ਦਰ ਮਨਾਇਆ, ਸ਼ਾਹ ਸੁਲਤਾਨਾ ਪੀਰਨ ਪੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਸਾਚੀ ਧੀਰ । ਹਰਿਸੰਗਤ ਧੀਰਜ ਜਤ, ਏਕਾ ਏਕ ਅਖਵਾਇਆ । ਹਰਿਸੰਗਤ ਦੇਵਣਹਾਰਾ ਮਤ, ਏਕਾ ਬੂਝ ਬੁਝਾਇਆ । ਹਰਿਸੰਗਤ ਵੇਖੇ ਏਕਾ ਤੱਤ, ਏਕਾ ਧਾਰ ਚਲਾਇਆ । ਹਰਿਸੰਗਤ ਲੇਖੇ ਲਾਏ ਰੱਤ, ਦਸ ਪੰਜ ਮੇਲ ਮਿਲਾਇਆ । ਪੰਜ ਦਸ ਬੀਜੇ ਵਤ, ਆਪ ਆਪਣਾ ਹਲ ਚਲਾਇਆ । ਵੇਖੇ ਫਲ ਫੁਲਵਾੜੀ ਪੱਤ, ਡਾਲ੍ਹੀ ਡਾਲ੍ਹੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਲਏ ਤਰਾਇਆ । ਹਰਿਸੰਗਤ ਹਰਿ ਤਾਰਨਾ, ਤਰਨ ਤਾਰਨ ਸਮਰਥ । ਏਕਾ ਬਖ਼ਸ਼ੇ ਚਰਨ ਪਿਆਰਨਾ, ਸਦਾ ਰੱਖੇ ਦੇ ਕਰ ਹੱਥ । ਮੂਰਖ ਮੁਗਧ ਪਾਰ ਉਤਾਰਨਾ, ਜਿਸ ਜਨ ਜਣਾਏ ਆਪਣੀ ਗਾਥ । ਘਰ ਸਾਚਾ ਇਕ ਸਵਾਰਨਾ, ਲਹਿਣਾ ਚੁੱਕੇ ਸਾਢੇ ਤਿੰਨ ਤਿੰਨ ਹੱਥ । ਕਰ ਕਿਰਪਾ ਪਾਰ ਉਤਰਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਸਾਚੀ ਵੱਥ । ਸਾਚੀ ਵੱਥ ਸਾਚੀ ਵੱਖਰ, ਨਾਮ ਗਿਆਨ ਦ੍ਰਿੜਾਈਆ । ਬਜਰ ਕਪਾਟੀ ਪਾੜੇ ਪੱਥਰ, ਏਕਾ ਚੋਟ ਲਗਾਈਆ । ਪੰਚ ਵਿਕਾਰਾ

੫੨੫ ੦੭

ਕਰੇ ਸੱਥਰ, ਪੰਚਾਂ ਮੋਹ ਵਧਾਈਆ । ਗੁਰਮੁਖ ਨੇਤਰ ਨੀਰ ਨਾ ਵਿਰੋਲੇ ਅੱਥਰ, ਰੋਗ ਸੋਗ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮਤ ਰਿਹਾ ਸਮਝਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਹਰਿਸੰਗਤ ਵਿਚ ਵਿਆਪਿਆ । ਏਕਾ ਮਾਂਗੇ ਦਰਸ ਅਮੋਘ, ਹਰਿ ਰਸਨਾ ਜਿਹਵਾ ਜਾਪਿਆ । ਸ਼ਬਦ ਚੁਗੇ ਸਾਚੀ ਚੋਗ, ਆਪ ਆਪਣਾ ਥਾਪਨ ਥਾਪਿਆ । ਨਾਤਾ ਤੋੜੇ ਤੀਨੋ ਲੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਕਰੇ ਵਡ ਪਰਤਾਪਿਆ । ਹਰਿਸੰਗਤ ਹਰਿ ਤੇਰਾ ਮੂਲ, ਕਲਜੁਗ ਅੰਤਮ ਚੁਕਾਵਣਾ । ਮਾਤਲੋਕ ਨਾ ਜਾਣਾ ਭੂਲ, ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਸੰਮਤ ਪੰਦਰਾਂ ਸਾਵਨ ਸੁਰਤੀ ਕਰੇ ਸੂਲੀਉਂ ਸੂਲ, ਏਕਾ ਇਕੀ ਪਾਵਣਾ । ਏਕਾ ਇਕੀ ਪਾਵਾ ਚੂਲ, ਸ਼ਬਦ ਸਿੰਘਾਸਣ ਆਪ ਟਿਕਾਵਣਾ । ਉਪਰ ਬੈਠ ਕੰਤ ਕੰਤੂਹਲ, ਸਾਚੀ ਸਖੀਆਂ ਮੇਲ ਮਿਲਾਵਣਾ । ਸਾਚੀ ਸਖੀਆਂ ਬਰਖਨ ਫੂਲ, ਨੇਤਰ ਨੀਰ ਮਾਣਕ ਮੋਤੀ ਆਪ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਤੇਰਾ ਮੂਲ, ਚੁਕਾਵਣਾ । ਹਰਿਸੰਗਤ ਤੇਰਾ ਸਚ ਪਿਆਰਾ, ਹਰਿ ਸਾਚਾ ਆਪ ਨਿਭਾਇੰਦਾ । ਏਕਾ ਇਕੀ ਕਰ ਤਿਆਰਾ, ਸਾਚੀ ਸਿਖੀ ਨਾਉਂ ਧਰਾਇੰਦਾ । ਧਾਰੋਂ ਤਿਖੀ ਵਿਚ ਸੰਸਾਰਾ, ਨਿੱਕੀ ਨਿੱਕੀ ਦਿਸ ਨਾ ਪਾਇੰਦਾ । ਲੇਖ ਲਿਖੀ ਧੁਰ ਦਰਬਾਰਾ, ਨਾ ਕੋਈ ਮੇਟ ਮਿਟਾਇੰਦਾ । ਨੇਤਰ ਪੇਖੀ ਹਰਿ ਗਿਰਧਾਰਾ, ਆਪ ਆਪਣਾ ਰੰਗ ਰੰਗਾਇੰਦਾ । ਮਰੇ ਨਾ ਜਨਮੇ ਵਿਚ ਸੰਸਾਰਾ, ਜਲ ਧਾਰਾ ਨਾ ਕੋਈ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵਣਹਾਰਾ ਵਰ, ਏਕਾ ਬੇੜੇ ਪਾਰ ਕਰਾਇੰਦਾ । ਏਕਾ ਬੇੜਾ ਕਰ ਤਿਆਰ, ਹਰਿਸੰਗਤ ਲਏ ਚੜ੍ਹਾਈਆ । ਜਗਤ ਖੇੜਾ ਕਰ ਖ਼ਵਾਰ, ਉਚੇ ਮੰਦਰ ਦੇਵੇ ਢਾਹੀਆ । ਕਰੇ ਨਿਬੇੜਾ ਸਿਰਜਣਹਾਰ, ਦੋ ਜਹਾਨਾਂ ਬਣ ਮਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਸਚ ਸਲਾਹੀਆ । ਸਚ ਸਲਾਹੀ ਦੇਵਣਹਾਰਾ, ਆਪਣਾ ਕਰਮ ਕਮਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਭੁੱਲ ਵਿਚ ਕਦੇ ਨਾ ਆਇੰਦਾ । ਭਾਣਾ ਵਰਤੇ ਅਪਰ ਅਪਾਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਸਤਿਜੁਗ ਬੇੜਾ ਕਰ ਤਿਆਰਾ, ਗੁਰਮੁਖ ਸਾਚੇ ਆਪ ਚੜ੍ਹਾਇੰਦਾ । ਆਪੇ ਲਾਏ ਪਾਰ ਕਿਨਾਰਾ, ਏਕਾ ਚੱਪੂ ਵਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਵੇਖ ਵਖਾਇੰਦਾ । ਹਰਿਸੰਗਤ ਵੇਖਣਹਾਰ ਦਿਆਲਾ, ਏਕਾ ਏਕ ਅਖਵਾਇਆ । ਆਦਿ ਜੁਗਾਦਿ ਸਦਾ ਰਖਵਾਲਾ, ਸਚ ਸਚ ਸੇਵ ਕਮਾਇਆ । ਨਾਮ ਪਾਏ ਗਲ ਸਾਚੀ ਮਾਲਾ, ਅਜੱਪਾ ਜਾਪ ਜਪਾਇਆ । ਧੁਨ ਅਨਾਦੀ ਵੱਜੇ ਤਾਲਾ, ਤਾਲ ਤਲਵਾੜਾ ਰਿਹਾ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਵੇਖੇ ਸਾਚਾ ਦਰ, ਦਰ ਸਾਚਾ ਹਰਿ ਸੁਹਾਇਆ ।

ਪਾਰਬ੍ਰਹਮ ਗੁਰ ਅਵਤਾਰਾ, ਹਰਿ ਹਰਿ ਆਪ ਅਖਵਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਮਾਇੰਦਾ । ਅਲੱਖ ਨਿਰੰਜਣ ਜੋਤ ਉਜਿਆਰਾ, ਜੋਤੀ ਨੂਰ ਦਰਸਾਇੰਦਾ । ਜੋਤ ਨਿਰੰਜਣ ਕਰ ਪਸਾਰਾ, ਹਰ ਘਟ ਆਪ ਜਗਾਇੰਦਾ । ਏਕੰਕਾਰਾ ਬੰਨੇ ਧਾਰਾ, ਅਕਲ ਕਲਾ ਅਖਵਾਇੰਦਾ । ਆਦਿ ਪੁਰਖ ਹਰਿ ਕਰਤਾਰਾ, ਕਰਨੀ ਕਰਤਾ ਨਾਉਂ ਧਰਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਆਪੇ ਖੇਲ ਖਿਲਾਇੰਦਾ । ਲੋਆਂ ਪੁਰੀਆਂ ਪਾਵੇ ਸਾਰਾ, ਬ੍ਰਹਿਮੰਡ ਖੰਡ ਰਹਾਇੰਦਾ । ਉਤਭੁਜ ਸੇਤਜ ਜੇਰਜ ਅੰਡ ਕਰ ਅਧਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਪੇ

੫੨੬
੦੭

ਵਸੇ ਸਭ ਤੋਂ ਬਾਹਰਾ, ਹਰ ਘਟ ਆਪ ਟਿਕਾਇੰਦਾ । ਪੰਜ ਤਤ ਕਰ ਪਿਆਰਾ, ਤ੍ਰੈਗੁਣ ਮੇਲ ਮਿਲਾਇੰਦਾ । ਮਨ ਮਤ ਬੁੱਧ ਬੰਨੇ ਧਾਰਾ, ਨੌਂ ਦਰ ਸੁਹਾਇੰਦਾ । ਅੰਗ ਸੰਗ ਹਰਿ ਕਰਤਾਰਾ, ਨਿਝ ਘਰ ਆਸਣ ਲਾਇੰਦਾ । ਮੰਦਰ ਅੰਦਰ ਉਚ ਮੁਨਾਰਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਇੰਦਾ । ਕਾਇਆ ਮੰਦਰ ਸਚ ਦਵਾਰ, ਹਰਿ ਸਾਚਾ ਆਪ ਸੁਹਾਇੰਦਾ । ਅੰਦਰ ਬੈਠ ਸੱਚੀ ਸਰਕਾਰ, ਸਾਚਾ ਤਖ਼ਤ ਸੁਹਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਨੂਰੋ ਨੂਰ ਉਪਾਇੰਦਾ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਆਪੇ ਵੇਖੇ ਖੋਲ੍ਹ ਬੰਦ ਕਿਵਾੜ, ਆਪੇ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਦਰਸਾਇੰਦਾ । ਪੰਜ ਤਤ ਕਰ ਪਿਆਰਾ, ਜੋਤੀ ਜੋਤ ਧਰਾਇਆ । ਸ਼ਬਦ ਧੁਨ ਅਨਾਦ ਅਨਾਦੀ ਧਾਰਾ, ਆਪੇ ਰਿਹਾ ਸੁਣਾਇਆ । ਜੀਉ ਪਿੰਡ ਖੋਜ ਨਿਰੰਕਾਰਾ, ਆਪਣਾ ਵੇਖ ਵਖਾਇਆ । ਵਸੇ ਘਰ ਸਚ ਦਵਾਰਾ, ਦਰ ਦਰਵਾਜਾ ਦਿਸ ਨਾ ਆਇਆ । ਭਰੇ ਨਾਮ ਸੱਚਾ ਭੰਡਾਰਾ, ਸ਼ਬਦ ਭੰਡਾਰੀ ਆਪ ਹੋ ਆਇਆ । ਵਰਤੇ ਵਰਤਾਵੇ ਵਿਚ ਸੰਸਾਰਾ, ਅਤੋਟ ਅਤੁਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਦਏ ਸੁਹਾਇਆ । ਕਾਇਆ ਮੰਦਰ ਸਾਚਾ ਗੜ੍ਹ, ਹਰਿ ਜੋਤ ਕਰੇ ਰੁਸ਼ਨਾਈਆ । ਆਪੇ ਵੇਖੇ ਉਪਰ ਚੜ੍ਹ, ਵਡ ਦਾਤਾ ਬੇਪਰਵਾਹੀਆ । ਕਰੇ ਪਰਕਾਸ਼ ਬਹੱਤਰ ਨੜ, ਅੱਠੇ ਪਹਿਰ ਡਗਮਗਾਈਆ । ਨਾ ਕੋਈ ਸੀਸ ਨਾ ਕੋਈ ਧੜ, ਗੁਰ ਸ਼ਬਦ ਵੱਡੀ ਵਡਿਆਈਆ । ਪੰਜਾਂ ਚੋਰਾਂ ਨਾਲ ਰਿਹਾ ਲੜ, ਆਪ ਆਪਣੀ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਮੇਲ ਮਿਲਾਈਆ । ਹਰਿ ਭਗਤ ਹਰਿ ਭਗਵਾਨਨਾ, ਹਰਿ ਹਰਿ ਰੂਪ ਸਮਾਇਆ । ਸਤਿਗੁਰ ਕਰੇ ਪਛਾਨਨਾ, ਅਕਾਲ ਮੂਰਤ ਵੇਖ ਵਖਾਇਆ । ਆਦਿ ਸ਼ਕਤ ਦੇਵੇ ਚਾਨਨਾ, ਅੰਧ ਅੰਧੇਰ ਗਵਾਇਆ । ਗੁਰ ਕਾ ਸ਼ਬਦ ਹਰਿ ਹਰਿ ਗਿਆਨਨਾ, ਗੁਰਮੁਖ ਵਿਰਲੇ ਪਾਇਆ । ਜੋਤੀ ਨੂਰ ਤੇਜ਼ ਕੋਟਨ ਭਾਨਨਾ, ਰਵ ਸਸ ਰਹੇ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਸਾਚੇ ਲਏ ਉਠਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ਾ ਸ਼ਾਹ ਸੁਲਤਾਨ, ਘਟ ਘਟ ਅੰਦਰ ਰੱਖੇ ਵਾਸਾ । ਨਾ ਦੀਸੇ ਕੋਈ ਨਿਸ਼ਾਨ, ਸਾਚੇ ਮੰਡਲ ਪਾਵੇ ਰਾਸਾ । ਆਪੇ ਗੋਪੀ ਆਪੇ ਕਾਹਨ, ਸੀਤਾ ਸੁਰਤੀ ਨਾ ਹੋਏ ਉਦਾਸਾ । ਮੇਲ ਮਿਲੇ ਰਮਈਆ ਰਾਮ, ਨਿਝ ਘਰ ਆਤਮ ਰੱਖੇ ਵਾਸਾ । ਲੇਖੇ ਲਾਏ ਕਾਇਆ ਮਾਟੀ ਚਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਨਾਮ । ਸਾਚਾ ਨਾਮ ਧੁਰਦਰਗਾਹੀ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਜੋ ਜਨ ਆਤਮ ਮੰਗੇ ਮੰਗ, ਪੂਰਨ ਇਛਿਆ ਆਪ ਕਰਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਫੰਦ ਕਟਾਇੰਦਾ । ਰਸਨਾ ਗਾਏ ਬੱਤੀ ਦੰਦ, ਦੁਰਮਤ ਮੈਲ ਧਵਾਇੰਦਾ । ਆਤਮ ਉਪਜਾਏ ਪਰਮਾਨੰਦ, ਪਰਮ ਪੁਰਖ ਅਖਵਾਇੰਦਾ । ਜੋ ਜਨ ਤਜਾਏ ਮਦਿਰਾ ਮਾਸ ਗੰਦ, ਹਰਿ ਸਾਚਾ ਦਰਸ ਦਿਖਾਇੰਦਾ । ਸੋਹੰ ਸ਼ਬਦ ਸੁਹਾਗੀ ਛੰਦ, ਜਨ ਭਗਤਾਂ ਝੋਲੀ ਪਾਇੰਦਾ । ਬਜਰ ਕਪਾਟੀ ਤੋੜੇ ਜੰਦ, ਆਪ ਆਪਣੀ ਦਇਆ ਕਮਾਇੰਦਾ । ਦੂਈ ਦਵੈਤੀ ਢਾਹੇ ਕੰਧ, ਵਰਨ ਬਰਨ ਨਾ ਕੋਈ ਰਖਾਇੰਦਾ । ਦਾਤਾ ਦਾਨੀ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਇੰਦਾ । ਹਰਿ ਨਾਮ ਹਰਿ ਰੰਗ ਰਾਤਾ, ਹਰਿ ਹਰਿ ਕਰੇ ਜਣਾਈਆ । ਹਰਿ ਕਾ

ਸ਼ਬਦ ਪਿਤਾ ਮਾਤਾ, ਗੁਰ ਗੁਰ ਰੂਪ ਵਟਾਈਆ । ਗੁਰਮੁਖ ਹੋਏ ਉਤਮ ਜਾਤਾ, ਜਿਸ ਜਨ ਬੂਝ ਬੁਝਾਈਆ । ਚਰਨ ਕਵਲ ਬੰਧਾਏ ਸਾਚਾ ਨਾਤਾ, ਸਾਵਲ ਸੁੱਤਾ ਆਪ ਅਖਵਾਈਆ । ਦਰਸ ਦਿਖਾਏ ਇਕ ਅਕਾਂਤਾ, ਆਪ ਆਪਣਾ ਵੇਖ ਵਖਾਈਆ । ਅੰਦਰ ਬਹਿ ਬਹਿ ਮਾਰੇ ਝਾਤਾ, ਲੁਕਿਆ ਬੇਪਰਵਾਹੀਆ । ਆਤਮ ਸੇਜ ਸੁਹਾਈ ਸਾਚੀ ਖਾਟਾ, ਪਾਵਾ ਚੂਲ ਨਾ ਕੋਈ ਰਖਾਈਆ । ਨਾ ਕੋਈ ਤਾਣਾ ਨਾ ਕੋਈ ਪੇਟਾ, ਆਰ ਪਾਰ ਨਾ ਕੋਈ ਜਣਾਈਆ । ਸ਼ਬਦ ਰੰਗੀਲੇ ਪਟ ਲਪੇਟਾ, ਸਚ ਸਿੰਘਾਸਣ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਹਰਿ ਮੰਤਰ ਨਾਮ ਦ੍ਰਿੜਾਈਆ । ਨਾਮ ਮੰਤਰ ਸ਼ਬਦ ਗਿਆਨ, ਗੁਰਮੁਖ ਵਿਰਲੇ ਪਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਚਰਨ ਚਰਨੋਦਕ ਮੁਖ ਛੁਹਾਇਆ । ਅੰਧ ਅੰਧੇਰ ਸਰਬ ਮਿਟ ਜਾਣ, ਭਰਮੀ ਭਰਮ ਗੜ੍ਹ ਤੁੜਾਇਆ । ਧਰਮ ਰਖਾਏ ਇਕ ਨਿਸ਼ਾਨ, ਜਾਤ ਪਾਤ ਨਾ ਕੋਇ ਵਡਿਆਇਆ । ਚਾਰ ਵਰਨਾਂ ਇਕ ਭਗਵਾਨ, ਊਚਾਂ ਨੀਚਾਂ ਵਿਚ ਸਮਾਇਆ । ਜੀਆਂ ਦਾਤਾ ਦੇਵੇ ਦਾਨ, ਦਾਤਾ ਦਾਨੀ ਨਾਮ ਧਰਾਇਆ । ਸੋ ਪੁਰਖ ਨਿਰੰਜਣ ਰਾਗ ਸੁਣਾਏ ਕਾਨ, ਅਨਹਦ ਤਾਲ ਵਜਾਇਆ । ਕਾਇਆ ਮੰਦਰ ਬੈਠ ਮਕਾਨ, ਹਰਿ ਮੰਦਰ ਦਏ ਸੁਹਾਇਆ । ਦੀਪਕ ਜੋਤੀ ਜਗੇ ਮਹਾਨ, ਦਿਵਸ ਰੈਣ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਨਾਮ ਨਿਧਾਨਾ ਝੋਲੀ ਪਾਇਆ । ਨਾਮ ਨਿਧਾਨਾ ਹਰਿਜਨ ਅਤੁਟ, ਏਕਾ ਏਕ ਵਖਾਈਆ । ਜਗਤ ਜਗਿਆਸੂ ਖੋਲ੍ਹੇ ਦ੍ਰਿਸ਼ਟ, ਜੋਗ ਜੁਗਤ ਆਪਣੇ ਹੱਥ ਰਖਾਈਆ । ਭਰਮੇ ਭੁੱਲੀ ਸਰਬ ਸ੍ਰਿਸ਼ਟ, ਹਰਿ ਕਾ ਭੇਵ ਕੋਈ ਨਾ ਪਾਈਆ । ਆਪੇ ਰਾਮਾ ਆਪੇ ਗੁਰ ਵਸ਼ਿਸਟ, ਆਪੇ ਸਿਖਿਆ ਰਿਹਾ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਰੇ ਆਪਣੀ ਆਪ ਪੜ੍ਹਾਈਆ । ਹਰਿ ਕਾ ਸ਼ਬਦ ਸ਼ਾਹ ਸੁਲਤਾਨ, ਸ਼ਾਹੋ ਭੂਪ ਅਖਵਾਇਆ । ਖੇਲੇ ਖੇਲ ਦੋ ਜਹਾਨ, ਦਿਸ ਕਿਸੇ ਨਾ ਆਇਆ । ਸਤਿਗੁਰ ਪੂਰਾ ਹੋ ਮਿਹਰਵਾਨ, ਲੋਕਮਾਤ ਉਠ ਉਠ ਧਾਇਆ । ਨਿਰਗੁਣ ਨਿਰਗੁਣ ਕਰ ਪਛਾਣ, ਨਿਰਗੁਣ ਖੇਲ ਕਰੇ ਰਘੁਰਾਇਆ । ਸਰਗੁਣ ਮੇਲਾ ਵਿਚ ਜਹਾਨ, ਆਪ ਆਪਣਾ ਲਏ ਕਰਾਇਆ । ਕਾਇਆ ਮੰਦਰ ਅੰਦਰ ਬੈਠ ਮਕਾਨ, ਦਸਮ ਦਵਾਰੀ ਡੇਰਾ ਲਾਇਆ । ਧੁਨ ਅਨਾਦੀ ਦੇਵੇ ਧੁਰ ਫ਼ਰਮਾਣ, ਅਨਹਦ ਸੇਵਾ ਲਾਇਆ । ਜੋਤ ਨਿਰੰਜਣ ਜਗੇ ਮਹਾਨ, ਅੰਧ ਅੰਧੇਰਾ ਦਏ ਮਿਟਾਇਆ । ਨੇੜ ਨਾ ਆਇਣ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਏਕਾ ਨਾਮ ਦ੍ਰਿੜਾਇਆ । ਨਾਮ ਜਪਤ ਜਗਤ ਸੁਖ ਸਾਗਰ, ਗਹਿਰ ਗੰਭੀਰ ਅਖਵਾਇੰਦਾ । ਭਾਗ ਲਗਾਏ ਕਾਇਆ ਗਾਗਰ, ਨਿਰਮਲ ਨੀਰ ਵਹਾਇੰਦਾ । ਜੋ ਜਨ ਬਣੇ ਸਚ ਸੌਦਾਗਰ, ਹਰਿ ਮਾਣਕ ਝੋਲੀ ਪਾਇੰਦਾ । ਨਿਰਮਲ ਕਰਮ ਹੋਏ ਉਜਾਗਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਮਿਲੇ ਨਾਮ ਰੱਤੀ ਰਤਨਾਗਰ, ਕਾਇਆ ਚੋਲੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਕਾਇਆ ਕੰਚਨ ਨਾਮ ਸੁਹਾਗਾ, ਗੁਰ ਪੂਰੇ ਆਪ ਲਗਾਇਆ । ਦੁਰਮਤ ਮੈਲ ਧੋਵੇ ਦਾਗ਼ਾ, ਹਉਮੇ ਰੋਗ ਜਲਾਇਆ । ਇਕ ਸੁਣਾਏ ਸਾਚਾ ਰਾਗਾ, ਤਾਰ ਸਤਾਰ ਆਪ ਹਿਲਾਇਆ । ਅਗੰਮ ਅਗੰਮੀ ਮਾਰੇ ਵਾਜਾ, ਸ਼ਬਦੀ ਸ਼ਬਦ ਉਠਾਇਆ । ਲੋਕਮਾਤ ਰੱਖੇ ਲਾਜਾ, ਜਿਸ ਜਨ ਆਪਣੇ ਅੰਗ ਲਗਾਇਆ । ਕਰੇ ਕਰਾਏ ਸਾਚਾ ਕਾਜਾ, ਕਰਤੇ ਕਾਰਜ ਆਪ ਕਰਾਇਆ । ਜੋਤੀ ਜੋਤ ਸਰੂਪ

੫੨੮
੦੭

ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਾਮ ਜਗਤ ਅਨਮੋਲ, ਪੁਰਖ ਅਬਿਨਾਸ਼ੀ ਆਪਣੇ ਕੰਡੇ ਆਪੇ ਤੋਲ, ਮਾਸਾ ਤੋਲਾ ਰੱਤੀ ਨਾ ਕੋਈ ਰਖਾਇਆ । ਨਾ ਕੋਈ ਮਾਸਾ ਨਾ ਕੋਈ ਤੋਲਾ, ਨਾ ਰੱਤੀ ਰੱਤ ਵਖਾਈਆ । ਆਪੇ ਕੰਡੇ ਰਿਹਾ ਚੜ੍ਹਾਈਆ । ਜਨ ਭਗਤ ਦਵਾਰੇ ਹੋਇਆ ਗੋਲਾ, ਦਰ ਦਰਵੇਸ਼ਾ ਫੇਰੀ ਪਾਈਆ । ਸੋਹੰ ਸ਼ਬਦ ਸੁਣਾਏ ਸਾਚਾ ਢੋਲਾ, ਹੰ ਹੰਗਤਾ ਦਏ ਮਿਟਾਈਆ । ਸਾਚੇ ਮੰਦਰ ਸਾਚਾ ਬੋਲਾ, ਸਚ ਜੈਕਾਰਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਵਰ ਭਿਛਿਆ ਝੋਲੀ ਪਾਈਆ । ਭਿਛਿਆ ਪਾ ਹਰਿ ਹਰਿ ਨਾਮਾ, ਨਾਮਾ ਵਣਜ ਕਰਾਇਆ । ਕਰੇ ਕਰਾਏ ਪੂਰਨ ਕਾਮਾ, ਜਿਸ ਜਨ ਰਸਨਾ ਗਾਇਆ । ਕੋਈ ਨਾ ਲੱਗੇ ਹਰਿ ਘਰ ਦਾਮਾ, ਨਾ ਕੋਈ ਮੂਲ ਚੁਕਾਇਆ । ਘਟ ਘਟ ਅੰਤਰਜਾਮਾ, ਘਟ ਘਟ ਵੇਖ ਵਖਾਇਆ । ਕਲਜੁਗ ਬਸੰਤਰ ਪੰਜ ਸ਼ੈਤਾਨਾ, ਜੀਵਾਂ ਜੰਤਾਂ ਰਹੇ ਸਤਾਇਆ । ਗੁਰ ਪੂਰਾ ਮਾਰੇ ਤੀਰ ਨਿਸ਼ਾਨਾ, ਸ਼ਬਦ ਚਿੱਲਾ ਇਕ ਉਠਾਇਆ । ਗੁਰਮੁਖਾਂ ਬੰਨੇ ਹੱਥੀਂ ਗਾਨਾ, ਸਾਚਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਨਾਮ ਮੰਤਰ ਧੁਰ ਫ਼ਰਮਾਣ, ਆਤਮ ਬ੍ਰਹਮ ਪਾਰਬ੍ਰਹਮ ਮਿਲਾਇਆ । ਟੇਕ ਏਕ ਰਘੁਨਾਥ, ਤ੍ਰਿਲੋਕੀ ਨਾਥਿਆ । ਕਰੇ ਬੁਧ ਬਿਬੇਕ, ਸਗਲਾ ਸਾਥਿਆ । ਕਾਇਆ ਤਨ ਨਾ ਲਾਗੇ ਸੇਕ, ਲੇਖਾ ਲਿਖੇ ਮਸਤਕ ਮਾਥਿਆ । ਆਪਣੇ ਲੋਚਨ ਨੈਣਾਂ ਵੇਖ, ਸੋਹੰ ਗੌਣੀ ਸਾਚੀ ਗਾਥਿਆ । ਨਾ ਕੋਈ ਮੁੱਛ ਦਾੜ੍ਹੀ ਨਾ ਕੇਸ, ਜੋਤੀ ਨੂਰ ਪੁਰਖ ਸਮਰਾਥਿਆ । ਮੂੰਡ ਮੁੰਡਾਏ ਨਾ ਕਦੇ ਹਮੇਸ਼, ਸ਼ਬਦ ਸਰੂਪੀ ਚੜ੍ਹਿਆ ਸਾਚੇ ਰਾਥਿਆ । ਜੁਗ ਜੁਗ ਕਰੇ ਆਪਣਾ ਵੇਸ, ਦੋ ਜਹਾਨਾਂ ਫਿਰੇ ਨਾਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਪੂਜਾ ਪਾਠਿਆ । ਏਕਾ ਟੇਕ ਸਗਲਾ ਸੰਗ, ਹਰਿ ਚਰਨ ਵੱਡੀ ਵਡਿਆਈਆ । ਕਾਇਆ ਚੋਲੀ ਚੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਅੰਮ੍ਰਿਤ ਆਤਮ ਨਹੌਣਾ ਸਾਚੀ ਗੰਗ, ਸਾਚੀ ਸੁਰਸਤੀ ਵੇਖ ਵਖਾਈਆ । ਮੰਦਰ ਬੈਠ ਦਰ ਪਲੰਘ, ਸੀਤਲ ਸੇਜਾ ਇਕ ਵਿਛਾਈਆ । ਆਪਣਾ ਦਵਾਰਾ ਆਪੇ ਜਾਏ ਲੰਘ, ਅੱਗੇ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਮੇਟੇ ਕਾਲੀ ਸ਼ਾਹੀਆ । ਇਕ ਟੇਕ ਚਰਨ ਦਵਾਰ, ਹਰਿਜਨ ਆਪ ਰਖਾਈਆ । ਮੰਗੇ ਮੰਗ ਬਣ ਭਿਖਾਰ, ਅੱਗੇ ਝੋਲੀ ਆਪਣੀ ਡਾਹੀਆ । ਦੇਵੇ ਨਾਮ ਸ਼ਬਦ ਭੰਡਾਰ, ਕਿਰਪਾਨਿਧ ਦਇਆ ਕਮਾਈਆ । ਸੋਲਾਂ ਕਰਾਏ ਤਨ ਸ਼ੰਗਾਰ, ਸੋਲਾਂ ਇਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿਛਲਾ ਲਿਖਿਆ ਅੱਗੇ ਵੇਖ ਵਖਾਈਆ । ਲੇਖਾ ਲਿਖਣਹਾਰ ਨਿਰੰਜਣ, ਆਦਿ ਪੁਰਖ ਅਖਵਾਇਆ । ਭਗਤ ਸੁਹੇਲਾ ਸਦਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇਆ । ਨੇਤਰ ਪਾਏ ਏਕਾ ਅੰਜਨ, ਨਾਮ ਨਾਮਾ ਆਪ ਰਖਾਇਆ । ਸਾਚਾ ਬਣੇ ਹਰਿ ਹਰਿ ਸੱਜਣ, ਸਚ ਸੁਨੇਹੜਾ ਰਿਹਾ ਘਲਾਇਆ । ਸ਼ਬਦ ਨਗਾਰੇ ਭਗਤ ਦਵਾਰੇ ਵੱਜਣ, ਸਾਚਾ ਤਾਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਨੁਹਾਏ ਆਪਣੇ ਮਜਨ, ਤੀਰਥ ਤਟ ਕਿਨਾਰਾ ਇਕ ਵਖਾਇਆ । ਚਰਨ ਟੇਕ ਸਾਚਾ ਟਿੱਕਾ, ਧੁਰ ਦੀਬਾਣ ਰਖਾਈਆ । ਰਸਨਾ ਰਸ ਤਜੌਣਾ ਫਿਕਾ, ਆਤਮ ਰਸ ਵਖਾਈਆ । ਨਾ ਕੋਈ ਵੱਡਾ ਵੱਡਾ ਨਿੱਕਾ, ਨਾਮ ਨਾਮਾ ਤੋਲ ਤੁਲਾਈਆ । ਤੋਲਾ ਬਣਿਆ ਜੀ ਜੀ ਕਾ, ਜੀਵਣ ਦਾਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਚਾ ਦੇਵੇ ਨਾਮ ਵਰ, ਸੱਚੀ ਸਿਖਿਆ ਇਕ ਸਿਖਾਈਆ ।



੫੨੯ ੦੨

## ✻ ਪਹਿਲੀ ਭਾਦਰੋਂ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✻

ਦਰ ਭਿਖਾਰ ਦਰ ਦਰਵੇਸ਼, ਆਦਿ ਪੁਰਖ ਅਖਵਾਇੰਦਾ । ਸ਼ਬਦ ਲਿਖਾਰ ਨਰ ਨਰੇਸ਼, ਜੋਤੀ ਜਾਮਾ ਭੇਖ ਵਟਾਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਮੁੰਡ ਮੁੰਡਾਏ ਨਾ ਕੋਈ ਰਖਾਇੰਦਾ । ਏਕੰਕਾਰਾ ਕਰ ਵੇਸ, ਨਿਰਗੁਣ ਧਾਰਾ ਆਪ ਚਲਾਇੰਦਾ । ਆਪ ਆਪਣੇ ਵਿਚ ਕਰ ਪਰਵੇਸ਼, ਆਪ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਸੇਵ ਕਮਾਇੰਦਾ । ਦਰ ਦਰਵੇਸ਼ ਸਰਬ ਗੁਣਵੰਤਾ, ਜੋਤੀ ਨੂਰ ਅਕਾਲਿਆ । ਪੂਰਨ ਪੁਰਖ ਸ੍ਰੀ ਭਗਵੰਤਾ, ਆਦਿ ਸ਼ਕਤ ਜੋਤ ਜਵਾਲਿਆ । ਮਹਿਮਾ ਜਾਣੇ ਆਪ ਅਗਣਤਾ, ਆਪ ਆਪਣਾ ਭੇਵ ਛੁਪਾ ਲਿਆ । ਬਣਾਏ ਆਪਣੀ ਆਪ ਬਣਤਾ, ਆਪਣੇ ਦਰ ਬਣੇ ਸਵਾਲੀਆ । ਦਰ ਦਰਵੇਸ਼ ਹੋਇਆ ਮੰਗਤਾ, ਆਪਣੀ ਝੋਲੀ ਅੱਗੇ ਡਾਹ ਲੀਆ । ਜੋਤ ਸਰੂਪੀ ਭੁੱਖਾ ਨੰਗਤਾ, ਦੋਵੇ ਹੱਥੀਂ ਫਿਰੇ ਖਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਹੋਏ ਸਵਾਲੀਆ । ਆਦਿ ਨਿਰੰਜਣ ਹਰਿ ਹਰਿ ਸੱਜਣ, ਹਰ ਘਟ ਰੂਪ ਸਮਾਇੰਦਾ । ਕਰਨ ਆਇਆ ਆਪਣਾ ਮਜਨ, ਆਪਣੀ ਧੂੜੀ ਆਪ ਰਮਾਇੰਦਾ । ਆਪਣਾ ਪੜਦਾ ਆਇਆ ਕੱਜਣ, ਏਕਾ ਪੜਦਾ ਨਾਮ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਪੁਰਖ ਹਰਿ ਅਬਿਨਾਸ਼ਾ, ਏਕਾ ਏਕੰਕਾਰਿਆ । ਆਪੇ ਖੇਲੇ ਖੇਲ ਤਮਾਸ਼ਾ, ਖੇਲਣਹਾਰ ਆਪ ਅਖਵਾ ਰਿਹਾ । ਆਪੇ ਰੋਵੇ ਆਪੇ ਜਾਣੇ ਆਪਣਾ ਹਾਸਾ, ਆਪ ਆਪਣਾ ਰੰਗ ਰੰਗਾ ਲਿਆ । ਆਪ ਆਪਣੇ ਅੰਦਰ ਕਰਿਆ ਵਾਸਾ, ਆਪ ਆਪਣਾ ਦਰ ਸੁਹਾ ਰਿਹਾ । ਆਪੇ ਸ਼ਾਹ ਸੁਲਤਾਨ ਸ਼ਾਹੋ ਸ਼ਾਬਾਸ਼ਾ, ਦਰ ਦਰਬਾਨ ਆਪ ਅਖਵਾ ਰਿਹਾ । ਆਪੇ ਮੰਡਲ ਪਾਵੇ ਰਾਸਾ, ਆਪੇ ਗੋਪੀ ਕਾਹਨ ਨਾਮ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਰੂਪ ਵਟਾ ਰਿਹਾ । ਰੂਪ ਅਨਾਦਿ ਸਰਬ ਗੁਰ ਦੇਵਾ, ਆਦਿ ਅੰਤ ਅਖਵਾ ਲਿਆ । ਪਾਰਬ੍ਰਹਮ ਪ੍ਰਭ ਕਰਨ ਆਇਆ ਸੇਵਾ, ਭੇਖਾਧਾਰੀ ਭੇਖ ਵਟਾ ਲਿਆ । ਇਕ ਲਿਆਇਆ ਆਪਣਾ ਸਾਚਾ ਮੇਵਾ, ਸ਼ਬਦੀ ਸ਼ਬਦ ਨਾਉਂ ਰਖਾ ਲਿਆ । ਨਾ ਕੋਈ ਰਸਨਾ ਨਾ ਕੋਈ ਜਿਹਵਾ, ਬੱਤੀ ਦੰਦ ਨਾ ਕੋਈ ਗਾ ਲਿਆ । ਨਾ ਕੋਈ ਮਸਤਕ ਮਣੀਆ ਲਾਏ ਥੇਵਾ, ਜੋਤ ਨਿਰੰਜਣ ਨਾ ਕੋਇ ਜਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾ ਲਿਆ । ਆਦਿ ਨਿਰੰਜਣ ਕਰਨ ਯੋਗ, ਏਕਾ ਏਕ ਅਖਵਾਇੰਦਾ । ਆਪ ਆਪਣਾ ਕਰ ਸੰਜੋਗ, ਆਪ ਆਪਣਾ ਮੇਲ ਮਿਲਾਇੰਦਾ । ਆਪ ਆਪਣਾ ਕਰਿਆ ਭੋਗ, ਆਪ ਆਪਣਾ ਸੁਤ ਉਪਜਾਇੰਦਾ । ਆਪ ਆਪਣਾ ਕਰਿਆ ਜੋਗ, ਜੋਗ ਜੁਗਤ ਆਪਣੇ ਹੱਥ ਰਖਾਇੰਦਾ । ਆਦਿ ਅੰਤ ਨਾ ਹੋਏ ਵਿਜੋਗ, ਗੁਣਵੰਤਾ ਗੁਣ ਜਣਾਇੰਦਾ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗਮ ਨਾ ਕੋਈ ਰਖਾਇੰਦਾ । ਆਪਣਾ ਕਰ ਆਪੇ ਦਰਸ ਅਮੋਘ, ਆਪ ਆਪਣੀ ਹਰਸ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਏਕਾ ਚੋਗ, ਆਪਣੀ ਮੁਖ ਰਖਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਦਿ ਆਦਿ ਅਖਵਾਇਆ । ਆਪੇ ਵਸੇ ਹਰ ਘਟ ਥਾਂ, ਥਾਨ ਥਨੰਤਰ ਆਪ ਸੁਹਾਇਆ । ਆਪੇ ਬਣਿਆ ਪਿਤਾ ਮਾਂ, ਪੂਤ ਸਪੂਤਾ ਨਾਉਂ ਧਰਾਇਆ । ਆਪੇ ਦੇਵੇ ਠੰਡੀ ਛਾਂ, ਥਿਰ ਘਰ ਸਾਚੇ ਆਸਣ ਲਾਇਆ । ਆਪ ਆਪਣੀ ਪਕੜੀ ਬਾਂਹ, ਆਪ ਆਪਣਾ ਲਏ

੫੩੦
੦੨

ਉਠਾਇਆ । ਦਰ ਦਰਵੇਸ਼ ਆਪਣੇ ਘਰ ਆਪਣੀ ਕਰੇ ਹਾਂ, ਸੇਵਕ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਆਪਣਾ ਲੇਖ ਆਪੇ ਆਪ ਲਿਖਾਇਆ । ਆਦਿ ਨਿਰੰਜਣ ਲੇਖ ਲਿਖੰਤਾ, ਆਪੇ ਲੇਖ ਲਿਖਾ ਰਿਹਾ । ਆਪ ਬਣਾਏ ਆਪਣੀ ਬਣਤਾ, ਆਪੇ ਪਾਵੇ ਸਾਰੀਆ । ਆਪੇ ਨਾਰੀ ਆਪੇ ਕੰਤਾ, ਆਪੇ ਖੇਲ ਪਿਆਰੀਆ । ਆਪਣੀ ਚੋਲੀ ਆਪੇ ਰੰਗਤਾ, ਆਪੇ ਬਣੇ ਸਚ ਲਲਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਖੇਲੇ ਖੇਲ ਅਪਾਰੀਆ । ਆਦਿ ਨਿਰੰਜਣ ਹਰ ਘਟ ਵਾਸਾ, ਹਰਿ ਹਰਿ ਰੂਪ ਸਮਾਇਆ । ਆਪੇ ਉਪਜੇ ਆਪ ਆਪਣਾ ਕਰੇ ਵਿਨਾਸਾ, ਆਪ ਆਪਣੇ ਵਿਚ ਟਿਕਾਇਆ । ਨਾ ਕੋਈ ਪਵਣ ਨਾ ਸਵਾਸਾ, ਪੰਜ ਤਤ ਨਾ ਕੋਈ ਰਖਾਇਆ । ਨਾ ਕੋਈ ਪ੍ਰਿਥਮੀ ਨਾ ਅਕਾਸਾ, ਮੰਡਲ ਮੰਡਪ ਨਾ ਕੋਈ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ, ਏਕਾ ਏਕ ਅਖਵਾਇਆ । ਏਕਾ ਏਕ ਹਰਿ ਨਰਾਇਣ ਨਿਰਗੁਣ ਰੂਪ ਸਮਾਇੰਦਾ । ਆਪਣਾ ਵੇਖੇ ਆਪੇ ਨੈਣ, ਦੋਏ ਲੋਚਨ ਨਾ ਬਣਤ ਬਣਾਇੰਦਾ । ਆਪਣਾ ਬਣੇ ਸਾਕ ਸੱਜਣ ਸੈਣ, ਬੰਧਨ ਬੰਧ ਨਾ ਕੋਈ ਪਾਇੰਦਾ । ਆਪ ਆਪਣਾ ਬਣੇ ਮਾਤ ਪਿਤ ਭਾਈ ਭੈਣ, ਪਿਤਾ ਪੂਤ ਆਪ ਅਖਵਾਇੰਦਾ । ਆਪ ਆਪਣਾ ਚੁਕਾਏ ਲਹਿਣ ਦੇਣ, ਲਹਿਣਾ ਦੇਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਕਰਨ ਕਰਾਵਣਹਾਰਾ ਏਕਾ ਏਕੰਕਾਰਾ ਨਾਉਂ ਧਰਾਇੰਦਾ । ਏਕਾ ਏਕੰਕਾਰਾ ਇਕ ਅਕੱਲਾ, ਅਕਲ ਕਲਾ ਸਮਾਇਆ । ਪਾਰਬ੍ਰਹਮ ਪ੍ਰਭ ਬੈਠ ਅਕੱਲਾ, ਆਪ ਆਪਣਾ ਮਤਾ ਪਕਾਇਆ । ਨਿਰਗੁਣ ਵਸਾਏ ਸਚ ਮਹੱਲਾ, ਥਿਰ ਘਰ ਨਾਉਂ ਰਖਾਇਆ । ਥਾਨ ਸੁਹਾਏ ਉਚ ਅਟੱਲਾ, ਸਿੰਘਾਸਣ ਆਸਣ ਲਾਇਆ । ਨਾ ਕੋਈ ਜਲ ਨਾ ਕੋਈ ਥਲਾ, ਜੰਗਲ ਜੂਹ ਉਜਾੜ ਪਹਾੜ ਨਾ ਨਜ਼ਰੀ ਆਇਆ । ਦਰ ਦਰਵੇਸ਼ ਆਪਣਾ ਦਵਾਰ ਆਪੇ ਮੱਲਾ, ਦਵਾਰਪਾਲ ਨਾ ਕੋਈ ਰਖਾਇਆ । ਆਪਣੀ ਜੋਤੀ ਆਪੇ ਬਲਾ, ਦੀਪਕ ਆਪਣਾ ਆਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਹਰਿ ਰਘੁਰਾਇਆ । ਆਦਿ ਨਿਰੰਜਣ ਏਕ ਓਅੰਕਾਰਾ, ਏਕਾ ਏਕ ਅਖਵਾਈਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਈਆ । ਆਪ ਆਪਣੀ ਬੰਨੇ ਧਾਰਾ, ਨਿਰਗੁਣ ਧਾਰ ਆਪ ਚਲਾਈਆ । ਜੋਤ ਸਰੂਪੀ ਕਰ ਅਕਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਸਰੂਪੀ ਇਕ ਜੈਕਾਰਾ, ਥਿਰ ਘਰ ਲਾਏ ਬੇਪਰਵਾਹੀਆ । ਦਹਿ ਦਿਸ਼ਾ ਪਾਵੇ ਸਾਰਾ, ਚਾਰੋਂ ਕੁੰਟ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਸੋਹੇ ਦਰ, ਦਰ ਦਰਵੇਸ਼ਾ ਨਾਉਂ ਧਰਾਈਆ । ਦਰ ਦਰਵੇਸ਼ਾ ਦੀਨਾ ਨਾਥ, ਦਰਦ ਦੁੱਖ ਭੈ ਭੰਜਨਾ । ਆਪ ਆਪਣਾ ਰੱਖਿਆ ਸਾਥ, ਆਪ ਆਪਣੇ ਨੇਤਰ ਪਾਏ ਆਪਣਾ ਅੰਜਨਾ । ਆਪ ਆਪਣੀ ਜਾਣੇ ਗਾਥ, ਆਪ ਕਰਾਏ ਆਪਣਾ ਮਜਨਾ । ਆਪ ਚਲਾਏ ਆਪਣਾ ਰਾਥ, ਆਪ ਬਣੇ ਸਾਚਾ ਸੱਜਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਜੋਤ ਜਗਾਏ ਇਕ ਨਿਰੰਜਣਾ । ਆਦਿ ਨਿਰੰਜਣ ਜੋਤ ਜਗਾ, ਆਪਣੀ ਦਇਆ ਕਮਾਈਆ । ਜੋਤ ਨਿਰੰਜਣ ਵੇਸ ਵਟਾ, ਰੂਪ ਅਨੂਪ ਸਮਾਈਆ । ਸੇਵਕ ਸੇਵਾ ਆਪਣੀ ਲਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੱਡੀ ਵਡਿਆਈਆ । ਆਦਿ ਪੁਰਖ ਹਰਿ ਦੀਨ ਦਿਆਲਾ, ਦਇਆਨਿਧ ਅਖਵਾਇਆ । ਖੇਲੇ ਖੇਲ ਜੋਤ ਅਕਾਲਾ, ਕਲ ਧਾਰੀ

ਨਾਉਂ ਧਰਾਇਆ । ਥਿਰ ਘਰ ਵਖਾਏ ਸੱਚੀ ਧਰਮਸਾਲਾ, ਚਾਰ ਦਿਵਾਰ ਨਾ ਕੋਈ ਰਖਾਇਆ । ਜੋਤੀ ਨੂਰ ਇਕ ਜਵਾਲਾ, ਲਾਟ ਲਿਲਾਟ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਦਰ ਸੁਹਾਇਆ । ਦਰ ਸੁਹੰਜਣਾ ਆਦਿ ਪੁਰਖ, ਸੇਵਾ ਸੇਵ ਕਮਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਦਿਆ ਚਿੰਤਾ ਰਹਿਣ ਨਾ ਪਾਈਆ । ਆਪਣੀ ਕਰਣਹਾਰਾ ਆਪੇ ਪਰਖ, ਨਾ ਕੋਈ ਦੂਸਰ ਸੰਗ ਰਖਾਈਆ । ਆਪਣੇ ਉਪਰ ਆਪੇ ਕਰੇ ਆਪਣਾ ਤਰਸ, ਆਪ ਆਪਣੀ ਦਇਆ ਕਮਾਈਆ । ਆਪਣੀ ਮੇਟਣਹਾਰਾ ਆਪੇ ਹਰਸ, ਆਪਣੀ ਇਛਿਆ ਪੂਰ ਕਰਾਈਆ । ਆਦਿ ਨਿਰੰਜਣ ਜੋਤ ਸਰੂਪ ਹਰਿ ਲੋਕਮਾਤ ਆਇਆ ਉਤੇ ਧਰਤੀ ਖਾਕ ਫਰਸ਼, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾ ਕੋਈ ਅਰਸ਼ ਨਾ ਕੋਈ ਕੁਰਸ਼, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਆਦਿ ਪੁਰਖ ਬੇਪਰਵਾਹ, ਏਕਾ ਨਾਮ ਧਰਾਇਆ । ਆਪੇ ਜਾਣੇ ਆਪਣਾ ਰਾਹ, ਆਪੇ ਵੇਖ ਵਖਾਇਆ । ਆਪਣਾ ਬਣੇ ਆਪ ਮਲਾਹ, ਆਪਣਾ ਬੇੜਾ ਰਿਹਾ ਚਲਾਇਆ । ਆਪਣਾ ਚੱਪੂ ਆਪੇ ਦੇਵੇ ਲਾ, ਆਪਣੇ ਹੱਥ ਫੜਾਇਆ । ਪਾਰ ਕਿਨਾਰਾ ਦਏ ਵਖਾ, ਮੰਝਧਾਰ ਨਾ ਕੋਈ ਰੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਕਰ, ਵੇਸ ਅਨੇਕਾ ਆਪ ਅਖਵਾਇਆ । ਵੇਸ ਅਨੇਕ ਅਕਲ ਕਲਧਾਰੀ, ਜੋਤੀ ਨੂਰ ਕਰੇ ਰੁਸ਼ਨਾਈਆ । ਜੁਗ ਜੁਗ ਲੋਕਮਾਤ ਲੈ ਅਵਤਾਰੀ, ਕਰਤਾ ਪੁਰਖ ਵੱਡੀ ਵਡਿਆਈਆ । ਸੇਵਕ ਸੇਵਾ ਕਰੇ ਨਿਆਰੀ, ਕਰਣਹਾਰ ਆਪ ਅਖਵਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਨਿਉਂ ਨਿਉਂ ਕਰਨ ਨਿਮਸਕਾਰੀ, ਦਿਵਸ ਰੈਣ ਸੀਸ ਝੁਕਾਈਆ । ਰਵ ਸਸ ਅਕਾਸ਼ ਪਰਕਾਸ਼ ਚੰਦ ਸਤਾਰੀ, ਗਗਨ ਮੰਡਲ ਦਏ ਦੁਹਾਈਆ । ਧਰਤ ਮਾਤ ਨੇਤਰ ਨੀਰ ਵਹਾਏ ਵਹਿੰਦੀ ਧਾਰੀ, ਧੀਰਨ ਧੀਰ ਨਾ ਕੋਈ ਧਰਾਈਆ । ਲੱਖ ਚੁਰਾਸੀ ਹੋਏ ਖਵਾਰੀ, ਨਾ ਕੋਈ ਕੱਢੇ ਪੀਰ ਪਰਾਈਆ । ਜੂਠੀ ਝੂਠੀ ਲੱਗੀ ਯਾਰੀ, ਮਾਇਆ ਮਮਤਾ ਮੋਹ ਵਧਾਈਆ । ਹਉਮੇ ਹੰਗਤਾ ਵਡ ਸਿਕਦਾਰੀ, ਚਾਰੋਂ ਕੁੰਟ ਡੌਰੂ ਵਾਹੀਆ । ਨਾ ਕੋਈ ਪੁਰਖ ਨਾ ਕੋਈ ਨਾਰੀ, ਨਾਰੀ ਪੁਰਖ ਨਾ ਕੋਈ ਸੇਜ ਹੰਢਾਈਆ । ਜੀਵ ਜੰਤ ਸਾਧ ਸੰਤ ਹੋਏ ਵਿਭਚਾਰੀ, ਕਿਰਿਆ ਕਰਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਖੇ ਘਰ, ਘਰ ਸਾਚਾ ਇਕ ਸੁਹਾਈਆ । ਸਾਚੇ ਘਰ ਸਰਬ ਗੁਣ ਗਿਆਤਾ, ਜੋਤ ਸਰੂਪ ਸਮਾਇਆ । ਆਪਣਾ ਬੰਨੇ ਆਪੇ ਨਾਤਾ, ਆਪੇ ਤੋੜ ਤੁੜਾਇਆ । ਆਪ ਆਪਣੀ ਦੇਵਣਹਾਰਾ ਦਾਤਾ, ਦੇਵਣਹਾਰ ਨਾਉਂ ਧਰਾਇਆ । ਜੁਗ ਜੁਗ ਵੇਖੇ ਅੰਧੇਰੀ ਰਾਤਾ, ਲੋਕਮਾਤ ਅੰਧੇਰਾ ਛਾਇਆ । ਪੁਰਖ ਅਕਾਲ ਉਚ ਅਗੰਮਾ ਅਲੱਖ ਅਲੱਖਣਾ ਵੇਖੇ ਮਾਰ ਝਾਤਾ, ਦਿਸ ਕਿਸੇ ਨਾ ਆਇਆ । ਨਾ ਮਰਿਆ ਨਾ ਕਦੇ ਜੰਮਾ ਜਨ ਭਗਤਾਂ ਪੁੱਛੇ ਸਦਾ ਵਾਤਾ, ਆਵਣ ਜਾਵਣ ਖੇਲ ਬਣਾਇਆ । ਖੇਲੇ ਖੇਲ ਬਹੁ ਬਹੁ ਭਾਂਤਾ, ਵੇਦ ਕਤੇਬ ਭੇਵ ਨਾ ਰਾਇਆ । ਨਿਰਗੁਣ ਰੂਪ ਨਾ ਕੋਈ ਜ਼ਾਤ ਨਾ ਕੋਈ ਪਾਤਾ, ਵਰਨ ਗੋਤ ਨਾ ਕੋਈ ਉਪਾਇਆ । ਆਪੇ ਬੈਠ ਇਕ ਅਕੱਲਾ ਏਕੰਕਾਰਾ ਸਦਾ ਅਕਾਂਤਾ, ਏਕਾ ਧਾਰ ਚਲਾਇਆ । ਨਾ ਕੋਈ ਜੁਮਲਾ ਨਾ ਜਮਾਤਾ, ਸ਼ਰਅ ਸ਼ਰਾਇਤ ਨਾ ਕੋਈ ਜਣਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਹਵਨ ਕਰਾਇਆ । ਨਾ ਕੋਈ ਤਟ ਤੀਰਥ ਸਰੋਵਰ ਮਾਰੇ ਠਾਠਾ, ਜਲ ਧਾਰ ਨਾ ਕੋਈ ਵਹਾਇਆ । ਨਿਰਗੁਣ ਜੋਤੀ ਜੋਤ ਜਗਾਏ ਗੁਰਸਿਖ ਤੇਰੇ ਮਸਤਕ ਮਾਥਾ, ਜੋਤ ਨਿਰੰਜਣ ਸੇਵਾ ਲਾਇਆ । ਅਨਹਦ ਸ਼ਬਦ ਸੁਣਾਏ ਸਾਚੀ ਗਾਥਾ, ਅੰਦਰ ਮੰਦਰ

੫੩੨
੦੨

ਤਾਲ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਖੇਲ ਖਿਲਾਇਆ । ਆਦਿ ਨਿਰੰਜਣ ਖੇਲ ਨਿਰਾਲਾ, ਆਪਣਾ ਆਪ ਕਰਾਇੰਦਾ । ਆਪੇ ਜੋਤੀ ਜੋਤ ਜਵਾਲਾ, ਆਦਿ ਸ਼ਕਤ ਨਾਉਂ ਧਰਾਇੰਦਾ । ਆਪੇ ਪੁਰਖ ਅਕਾਲ ਅਕਾਲਾ, ਅਕਲ ਕਲਾ ਸਮਾਇੰਦਾ । ਆਪੇ ਆਪਣਾ ਦੀਨ ਦਿਆਲਾ, ਦੀਨਾ ਬੰਧਪ ਆਪ ਅਖਵਾਇੰਦਾ । ਆਪੇ ਵਸਿਆ ਧਰਮ ਸੱਚੀ ਧਰਮਸਾਲਾ, ਧਰ ਧਰਨੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਕਰਨੀ ਆਪ ਕਰਾਇੰਦਾ । ਕਰਨੀ ਕਰਤਾ ਹਰਿ ਕਰਤਾਰਾ, ਏਕਾ ਏਕ ਅਖਵਾਇਆ । ਜੁਗ ਜੁਗ ਲੋਕਮਾਤ ਲੈ ਅਵਤਾਰਾ, ਨਾਮ ਨਾਮਾ ਲਏ ਵਟਾਇਆ । ਭੇਖੀ ਭੇਖ ਕਰੇ ਨਿਆਰਾ, ਭੇਵ ਅਭੇਦਾ ਭੇਵ ਛੁਪਾਇਆ । ਲੱਖ ਚੁਰਾਸੀ ਵਸੇ ਬਾਹਰਾ, ਲੱਖ ਚੁਰਾਸੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਹਰਿ ਨਾਮ ਧਰਾਇਆ । ਹਰਿ ਸਾਗਰ ਗੁਣ ਗਹਿਰ ਗੰਭੀਰ, ਕਰਤਾ ਕਰਮ ਕਮਾਇੰਦਾ । ਪੰਜ ਤਤ ਵਸੇਰਾ ਤਨ ਸਰੀਰ, ਤ੍ਰੈਗੁਣ ਬਸਤਰ ਤਨ ਪਹਿਨਾਇੰਦਾ । ਆਪਣੇ ਅੰਦਰ ਮੰਦਰ ਆਪੇ ਚੜ੍ਹੇ ਘੱਤ ਵਹੀਰ, ਉਚੇ ਟਿੱਲੇ ਫੋਲ ਫੋਲਾਇੰਦਾ । ਗੁਰਮੁਖ ਬਜਰ ਆਪੇ ਚੀਰ, ਦੂਈ ਦਵੈਤੀ ਪੜਦਾ ਲਾਹਿੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸੀਰ, ਏਕਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਧਰ, ਜੁਗ ਜੁਗ ਸੇਵ ਕਮਾਇੰਦਾ । ਜੁਗ ਜੁਗ ਸੇਵਾ ਕਰਨਹਾਰ, ਲੋਕਮਾਤ ਉਠ ਧਾਇਆ । ਕਲਜੁਗ ਵੇਖ ਕੂੜ ਪਸਾਰ, ਕੂੜ ਕੂੜਾ ਦਏ ਮਿਟਾਇਆ । ਚਾਰੋਂ ਕੁੰਟ ਧੂੰਆਂਧਾਰ, ਜਗਤ ਅੰਧੇਰਾ ਛਾਇਆ । ਨਾ ਕੋਈ ਸਾਜਨ ਮੀਤ ਮੁਰਾਰ, ਨਾ ਕੋਈ ਸਗਲਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਕਰ, ਆਪ ਆਪਣਾ ਰੂਪ ਵਟਾਇਆ । ਰੂਪ ਵਟਾਇਆ ਕਾਦਰ ਕਰਤਾ, ਕਰਨੀ ਕਿਰਤ ਕਮਾਈਆ । ਆਪਣੇ ਦਰ ਆਪਣੇ ਘਰ ਆਪਣਾ ਅੱਖਰ ਏਕਾ ਪੜ੍ਹਦਾ, ਏਕਾ ਕਰੇ ਪੜ੍ਹਾਈਆ । ਅਗਨੀ ਹਵਨ ਕਦੇ ਨਾ ਸੜਦਾ, ਮੜੀ ਗੋਰ ਨਾ ਕੋਈ ਦਬਾਈਆ । ਉਚ ਮਹੱਲੇ ਆਪੇ ਚੜ੍ਹਦਾ, ਨਿਹਚਲ ਧਾਮ ਸੁਹਾਈਆ । ਤੋੜੇ ਕਿਲਾ ਹੰਕਾਰ ਗੜ੍ਹ ਦਾ, ਨਾਮ ਖੰਡਾ ਇਕ ਉਠਾਈਆ । ਲੱਖ ਚੁਰਾਸੀ ਆਪੇ ਲੜਦਾ, ਆਪੇ ਫੜ ਫੜਾਈਆ । ਗੁਰਮੁਖ ਸਾਜਨ ਤੇਰੇ ਮੰਦਰ ਅੰਦਰ ਵੜਦਾ, ਤੇਰੀ ਸੇਵਾ ਰਿਹਾ ਕਮਾਈਆ । ਲੇਖਾ ਚੁਕਾਏ ਚੋਟੀ ਜੜ ਦਾ, ਲੱਖ ਚੁਰਾਸੀ ਫੰਦ ਕਟਾਈਆ । ਲਹਿਣਾ ਦੇਣਾ ਮੁਕਾਏ ਬਹੱਤਰ ਨੜ ਦਾ, ਰਕਤ ਬੂੰਦ ਲੇਖੇ ਲਾਈਆ । ਅੱਗੇ ਕੋਈ ਨਾ ਦਿਸੇ ਅੜਦਾ, ਪ੍ਰਭ ਮਾਰੇ ਮਾਰ ਬੇਪਰਵਾਹੀਆ । ਕਲਜੁਗ ਵਿਕਾਰ ਆਪਣੀ ਅਗਨੀ ਆਪੇ ਸੜਦਾ, ਚਾਰੋ ਕੁੰਟ ਪਏ ਦੁਹਾਈਆ । ਖੇਲੇ ਖੇਲ ਸੀਸ ਧੜ ਦਾ, ਮਨਮਤ ਕਰੇ ਚੜ੍ਹਾਈਆ । ਕਰੋਧ ਹੰਕਾਰੀ ਆਪੇ ਫੜਦਾ, ਲੋਭ ਮੋਹ ਨਾਲ ਰਲਾਈਆ । ਕਾਮੀ ਕਿਰਿਆ ਆਪਣੀ ਕਰਦਾ, ਤਿਰੀਆ ਵੇਸ ਵਟਾਈਆ । ਹਰਿਜਨ ਅੱਖਰ ਏਕਾ ਪੜਦਾ, ਦੋ ਜਹਾਨ ਮਿਲੇ ਵਡਿਆਈਆ । ਸੋ ਪੁਰਖ ਨਿਰੰਜਣ ਘਾੜਨ ਘੜਦਾ, ਨਾ ਕੋਈ ਦੂਸਰ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਕਿਰਪਾ ਕਰ, ਸੋਹੰ ਸ਼ਬਦ ਕਰੇ ਜਣਾਈਆ । ਸੋਹੰ ਸ਼ਬਦ ਸਤਿ ਸਰੂਪ, ਸਤਿ ਸਤਿ ਸਮਾਇਆ । ਨਾ ਕੋਈ ਰੰਗ ਨਾ ਕੋਈ ਰੂਪ, ਨਾ ਕੋਈ ਵੇਸ ਵਟਾਇਆ । ਪਾਰਬ੍ਰਹਮ ਜਾਣੇ ਮਹਿਮਾ ਅਨੂਪ, ਨਾਨਕ ਰਸਨਾ ਗਾਇਆ । ਆਤਮ ਸੁਗੰਧੀ ਦੇਵੇ ਸਾਚਾ ਧੂਪ, ਇਛਿਆ ਹਵਨ ਭਰਾਇਆ । ਕਰੇ ਜਣਾਈ

ਚਾਰੇ ਕੂਟ, ਕਵਣ ਕਵਣ ਲੇਖ ਲਿਖਾਇਆ । ਹਰਿ ਕਾ ਨੂਰ ਹਰਿ ਮੰਦਰ ਆਪੇ ਗਿਆ ਫੂਟ, ਏਕਾ ਦੂਜਾ ਵੇਖ ਵਖਾਇਆ । ਤੀਜੇ ਨੇਤਰ ਪਈ ਲੂਟ, ਤੀਜਾ ਦਰ ਸੁਹਾਇਆ । ਚੌਥੇ ਘਰ ਸੁਹਾਈ ਸਾਚੀ ਕੂਟ, ਏਕਾ ਪਦ ਰਖਾਇਆ । ਗੁਰਮੁਖ ਕਾਇਆ ਮੰਦਰ ਜਗਤ ਅੰਧੇਰੇ ਪਹੁ ਗਈ ਫੁਟ, ਹਰਿ ਸਾਚਾ ਚੰਦ ਚੜ੍ਹਾਇਆ । ਲਹਿਣਾ ਦੇਣਾ ਮੁਕਾਏ ਜੂਠ ਝੂਠ, ਏਕਾ ਨੇਤਰ ਗਿਆਨ ਦ੍ਰਿੜਾਇਆ । ਸਤਿਗੁਰ ਪੂਰਾ ਸਤਿ ਪੁਰਖ ਆਪੇ ਜਾਏ ਤੁਠ, ਆਪ ਆਪਣਾ ਦਏ ਜਣਾਇਆ । ਲੱਖ ਚੁਰਾਸੀ ਜਗਤ ਦਲਾਲ ਰੱਖੇ ਏਕਾ ਮੁੱਠ, ਆਪ ਆਪਣੇ ਹੱਥ ਉਠਾਇਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਉਤਭੁਜ ਸੇਤਜ ਜੇਰਜ ਅੰਡ ਦੇਵੇ ਤੋਲ, ਕੰਡਾ ਆਪਣੇ ਹੱਥ ਰਖਾਇਆ । ਸ਼ਬਦ ਗੁਰ ਹਰਿ ਸੇਵਾ ਲਾਈ ਸੋਹੰ ਵਜਾਏ ਸਾਚਾ ਢੋਲ, ਸੋਇਆ ਕੋਈ ਰਹਿਣ ਨਾ ਪਾਇਆ । ਜਨ ਭਗਤਾਂ ਵਸੇ ਸਦਾ ਕੋਲ, ਬੇਮੁਖਾਂ ਗੂੜ੍ਹੀ ਨੀਂਦ ਰਿਹਾ ਸਵਾਇਆ । ਜੋਤ ਜਗਾਈ ਉਪਰ ਧਵਲ, ਤ੍ਰੈਲੋਕ ਕਰੇ ਰੁਸ਼ਨਾਇਆ । ਗੁਰਸਿਖ ਤੇਰਾ ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਧਾਰਾ ਮੁਖ ਚੁਆਇਆ । ਦਰਸ ਦਿਖਾਏ ਸਾਵਲ ਸਵਲ, ਮੁਕੰਦ ਮਨੋਹਰ ਲੱਖਮੀ ਨਰਾਇਣ ਨਰ ਨਰਾਇਣ ਰੂਪ ਵਟਾਇਆ । ਲੱਖ ਚੁਰਾਸੀ ਰਿਹਾ ਮੌਲ, ਮੌਲਾ ਮੌਲਾ ਵਿਚ ਸਮਾਇਆ । ਸਾਧ ਸੰਤ ਰਹੇ ਅਨਭੋਲ, ਮਾਇਆ ਮਮਤਾ ਰਹੀ ਭੁਲਾਇਆ । ਗੁਰ ਗੋਬਿੰਦ ਕਰਿਆ ਕੌਲ, ਹਰਿ ਪੂਰਾ ਦਏ ਕਰਾਇਆ । ਨਾਨਕ ਆਪਣਾ ਆਪ ਗਿਆ ਫੋਲ, ਆਪਣੀ ਜੋਤੀ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਦਰ, ਦਰ ਦਰਵੇਸਾ ਰਿਹਾ ਸੁਹਾਇਆ । ਦਰ ਦਰਵੇਸ਼ ਹਰਿ ਨਿਰੰਕਾਰਾ ਲੋਕਮਾਤ ਅਖਵਾਇੰਦਾ । ਜੋਤੀ ਜਾਮਾ ਭੇਖ ਨਿਆਰਾ, ਸ਼ਬਦੀ ਡੰਕ ਵਜਾਇੰਦਾ । ਅਕਾਲ ਮੂਰਤ ਨੂਰ ਅਪਾਰਾ, ਨੂਰੋ ਨੂਰ ਦਰਸਾਇੰਦਾ । ਧੁੰਨ ਅਨਾਦੀ ਅਨਹਦ ਧਾਰਾ, ਤਾਲ ਤਲਵਾੜਾ ਇਕ ਵਜਾਇੰਦਾ । ਸ਼ਬਦ ਅਗੰਮੀ ਸਚ ਜੈਕਾਰਾ, ਏਕਾ ਨਾਅਰਾ ਲਾਇੰਦਾ । ਖੇਲੇ ਖੇਲ ਅਪਰ ਅਪਾਰਾ, ਪਰਵਰਦਿਗਾਰ ਨਾਉਂ ਧਰਾਇੰਦਾ । ਹੱਕ ਹਕੀਕਤ ਪਾਵੇ ਸਾਰਾ, ਲਾਸ਼ਰੀਕ ਇਕ ਅਖਵਾਇੰਦਾ । ਅਜ਼ਮਤੇ ਕਸਮਤੇ ਪਾਰ ਕਿਨਾਰਾ, ਅਤੋਲ ਅਤੁਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਚੁਕਾਏ ਡਰ, ਨਾ ਦੂਸਰ ਕੋਈ ਡਰਾਇੰਦਾ । ਆਪਣਾ ਡਰ ਆਪ ਚੁਕਾ, ਆਪਣੀ ਲਏ ਅੰਗੜਾਈਆ । ਆਪਣਾ ਪੈਂਡਾ ਆਪ ਮੁਕਾ, ਆਪੇ ਬੈਠਾ ਸਾਚਾ ਰਾਹੀਆ । ਆਪਣਾ ਰਾਹ ਆਪੇ ਰਿਹਾ ਤਕਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਕਰ ਉਜਿਆਰ, ਨਿਰਗੁਣ ਕਰਮ ਕਮਾਇਆ । ਪਾਰਬ੍ਰਹਮ ਲੈ ਅਵਤਾਰ, ਲੋਕਮਾਤ ਡੇਰਾ ਲਾਇਆ । ਗੁਰ ਸ਼ਬਦ ਪਹਿਰੇਦਾਰ, ਸੇਵਕ ਸੇਵਾ ਰਿਹਾ ਕਮਾਇਆ । ਜਨ ਭਗਤਾਂ ਕਰੇ ਖ਼ਬਰਦਾਰ, ਜੁਗ ਜੁਗ ਵਿਛੜੇ ਲਏ ਮਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਮਿਲਿਆ ਸਾਂਝਾ ਯਾਰ, ਵਿਛੜ ਕਦੇ ਨਾ ਜਾਇਆ । ਆਏ ਦਰ ਬਣ ਭਿਖਾਰ, ਦਰ ਦਰਵੇਸ਼ਾ ਨਾਉਂ ਧਰਾਇਆ । ਗੁਰਮੁਖਾਂ ਚਰਨੀ ਢਹਿ ਢਹਿ ਮੰਗੇ ਇਕ ਪਿਆਰ, ਪੀਆ ਪ੍ਰੀਤਮ ਅੱਗੇ ਝੋਲੀ ਡਾਹੀਆ । ਸਖਾ ਸੁਹੇਲਾ ਬਣਿਆ ਸਾਚੀ ਨਾਰ, ਗਲ ਫੂਲਨ ਮਾਲਾ ਪਾਇਆ । ਨਾਤਾ ਜੋੜੇ ਵਿਚ ਸੰਸਾਰ, ਗੁਰਮੁਖ ਸਾਚੇ ਦਰ ਵੇਖਣ ਆਇਆ । ਜੋਤ ਨਿਰੰਜਣ ਹੋਈ ਮੁਟਿਆਰ, ਹਰਿ ਸ਼ਬਦ ਲਏ ਪਰਨਾਇਆ । ਦੋਹਾਂ ਵਿਚੋਲਾ ਆਪ ਕਰਤਾਰ, ਕਲਜੁਗ ਅੰਤਮ ਲਏ ਮਿਲਾਇਆ । ਸੋਹੰ ਢੋਲਾ ਸਿਰਜਣਹਾਰ, ਘਰ ਸਾਚੇ ਆਪ ਗਾਇਆ । ਬਦਲਿਆ ਚੋਲਾ ਖੇਲ ਅਪਾਰ, ਦਿਸ ਕਿਸੇ ਨਾ ਆਇਆ । ਲੱਭਦੇ

ਫਿਰਦੇ ਕਲਾਂ ਸੋਲਾ, ਅਕਲ ਕਲਾ ਕਲਧਾਰੀ ਨਾਉਂ ਧਰਾਇਆ । ਸ੍ਰਿਸ਼ਟ ਸਬਾਈ ਖੇਲਣ ਆਇਆ ਹੋਲਾ, ਗੁਰਮੁਖ ਸਾਚੇ ਲਏ ਜਗਾਇਆ । ਜਗਤ ਭੁਲਾਇਆ ਸਿੰਘ ਪੂਰਨ ਬਣਾਇਆ ਭੋਲਾ, ਪੰਜ ਤਤ ਕਰੀ ਕੁੜਮਾਇਆ । ਪ੍ਰਭ ਚੁੱਕੀ ਫਿਰਦਾ ਆਪਣੀ ਕੰਧੀ ਡੋਲਾ, ਸੇਵਕ ਸੇਵ ਰਿਹਾ ਕਮਾਇਆ । ਗੁਰਸਿਖਾਂ ਆਪਣੀ ਹੱਥੀਂ ਬੰਨੇ ਤੰਦ ਮੌਲੀ ਮੌਲਾ, ਸਾਚਾ ਸਗਨ ਮਨਾਇਆ । ਮਨਮੁਖਾਂ ਸਿਰ ਗੁਰਸਿਖ ਤੇਰੀ ਪਾਹਨੀ ਮਾਰਨ ਆਇਆ ਪੌਲਾ, ਕਬੀਰ ਕਬੀਰਾ ਵੇਖ ਵਖਾਇਆ । ਧਰਨੀ ਧਰਤ ਸਿਰ ਹੋਇਆ ਧੌਲਾ, ਅੰਤ ਬੁਢੇਪਾ ਆਇਆ । ਨੌਂ ਖੰਡ ਪ੍ਰਿਥਮੀ ਲਏ ਝਕੋਲਾ, ਨਾ ਸਕੇ ਭਾਰ ਉਠਾਇਆ । ਸੱਤਾਂ ਦੀਪਾਂ ਪਿਆ ਰੌਲਾ, ਰਾਮ ਰੌਲਾ ਨਾ ਕੋਇ ਹਟਾਇਆ । ਗੁਰ ਗੋਬਿੰਦ ਪੂਰਾ ਕਰਨ ਆਇਆ ਕੋਲਾ, ਕਵਲ ਕੌਲ ਇਕਰਾਰ ਜੋ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਲਏ ਵਰ, ਵਰ ਦਾਤਾ ਨਾਮ ਰਖਾਇਆ । ਵਰ ਮੰਗਿਆ ਪਾਰਬ੍ਰਹਮ, ਗੁਰਮੁਖ ਵੱਜੀ ਵਧਾਈਆ । ਪੂਰਬ ਹੋਇਆ ਮਾਨਸ ਕਰਮ, ਕਰਮਗਤ ਜਣਾਈਆ । ਲੇਖੇ ਲੱਗਾ ਪੰਜ ਤਤ ਜਨਮ, ਤ੍ਰੈਗੁਣ ਸੰਗ ਰਖਾਈਆ । ਚਰਨ ਦਵਾਰੇ ਸਾਚਾ ਧਰਮ, ਧਰਮੀ ਧਰਮ ਕਮਾਈਆ । ਗੁਰਮੁਖ ਉਤਮ ਤੇਰਾ ਵਰਨ, ਜੋਤ ਨਿਰੰਜਣ ਵੇਖ ਵਖਾਈਆ । ਜੋਤ ਨਿਰੰਜਣ ਆਈ ਚਰਨ, ਆਦਿ ਪੁਰਖ ਲਏ ਉਠਾਈਆ । ਆਦਿ ਪੁਰਖ ਪ੍ਰਭ ਕਰਨੀ ਕਰਨ, ਜੁਗ ਜਗ ਵੱਡੀ ਵਡਿਆਈਆ । ਹਰਿਜਨ ਸੀਸ ਨਿਵਾਇਆ ਸਾਚੇ ਚਰਨ, ਚਰਨ ਕਵਲ ਇਕ ਸਰਨਾਈਆ । ਆਵਣ ਜਾਵਣ ਚੁੱਕੇ ਮਰਨ ਡਰਨ, ਮਾਤ ਗਰਭ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਨਾਅਰਾ ਨਰ ਨਰਾਇਣ ਆਪ ਲਗਾਈਆ । ਨਰ ਨਰਾਇਣ ਏਕਾ ਨਾਅਰਾ, ਏਕਾ ਤਤ ਸੁਹਾਗੀਆ । ਲੱਖ ਚੁਰਾਸੀ ਲਏ ਵਰ, ਵਡ ਦਾਤਾ ਵਡ ਵਡ ਭਾਗੀਆ । ਆਪਣੀ ਕਰਨੀ ਆਪੇ ਕਰ, ਆਪੇ ਬਣੇ ਵੈਰਾਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਹੰਸ ਬਣਾਏ ਕਾਗੀਆ । ਹੰਸ ਸਰੋਵਰ ਮਾਣਕ ਮੋਤੀ, ਗੁਰਮੁਖ ਤਾਲ ਸੁਹਾਇਆ । ਨਿਰਗੁਣ ਜੋਤ ਜਗਾਏ ਜੋਤੀ, ਜੋਤੀ ਜੋਤ ਜਗਾਇਆ । ਸ਼ਬਦ ਫੜਾਏ ਸਾਚੀ ਸੋਟੀ, ਨਾਮ ਸਹਾਰਾ ਇਕ ਰਖਾਇਆ । ਆਪ ਚੜ੍ਹਾਏ ਏਕਾ ਚੋਟੀ, ਏਕਾ ਦਰ ਸੁਹਾਇਆ । ਗੁਰਮੁਖ ਲੱਭੇ ਵਿਚੋਂ ਕੋਟਨ ਕੋਟੀ, ਕੋਟ ਕੋਟੀ ਫੋਲ ਫੁਲਾਇਆ । ਕੋਟਨ ਕੋਟ ਬੰਨੀ ਫਿਰਨ ਲੰਗੋਟੀ, ਤਟ ਤੀਰਥ ਫੇਰਾ ਪਾਇਆ । ਕੋਟਨ ਕੋਟ ਤਨ ਕਟਾਇਣ ਬੋਟੀ ਬੋਟੀ, ਕੀਮਿਆ ਕਬਾਬ ਬਣਾਇਆ । ਬਿਨ ਗੁਰ ਪੂਰੇ ਕੋਈ ਨਾ ਕੱਢੇ ਵਾਸਨਾ ਖੋਟੀ, ਦੁਰਮਤ ਮੈਲ ਨਾ ਕੋਈ ਧੁਆਇਆ । ਕੋਟਨ ਕੋਟੀ ਸਾਧ ਸੰਤ ਮੰਗਦੇ ਫਿਰਨ ਰੋਟੀ, ਪੇਟ ਕਾਰਨ ਤਾਲ ਵਜਾਇਆ । ਕੋਟਨ ਕੋਟ ਮਦਿ ਪਿਆਲੇ ਭੰਗ ਪੀਤੀ ਘੋਟੀ, ਆਤਮ ਰਸ ਨਾ ਕੋਈ ਪਿਆਇਆ । ਕੋਟਨ ਕੋਟੀ ਛੱਪਰ ਛੰਨ ਬਣਾਈ ਬੈਠੇ ਛੋਟੀ, ਮਨ ਛੋਟਾ ਨਾ ਕਿਸੇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਆਦਿ ਨਿਰੰਜਣ ਵਡ ਬਲਕਾਰਾ, ਸਤਿ ਪੁਰਖ ਅਖਵਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕ ਨਾਉਂ ਧਰਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਭੇਵ ਅਭੇਦ ਖੁਲ੍ਹਾਇੰਦਾ । ਨਾਨਕ ਗੁਰ ਕਰ ਪਿਆਰਾ, ਏਕਾ ਰਾਹ ਤਕਾਇੰਦਾ । ਗੁਰ ਗੋਬਿੰਦ ਮੰਗ ਸਹਾਰਾ, ਅਕਾਲ ਪੁਰਖ ਮਨਾਇੰਦਾ । ਅਕਾਲ ਪੁਰਖ ਪਾਵੇ ਸਾਰਾ, ਸ਼ਬਦੀ ਸ਼ਬਦ ਜਣਾਇੰਦਾ । ਏਕਾ ਚੋਟ ਲੱਗੇ ਨਗਾਰਾ, ਏਕਾ ਡੰਕ ਵਜਾਇੰਦਾ । ਲੋਆਂ ਪੁਰੀਆਂ

ਕਰੇ ਖ਼ਬਰਦਾਰਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਇੰਦਾ । ਲੱਖ ਚੁਰਾਸੀ ਤੋੜੇ ਗੜ੍ਹ ਹੰਕਾਰਾ, ਮਨ ਮਤ ਦਰ ਦੁਰਕਾਇੰਦਾ । ਸ਼ਬਦ ਖੰਡਾ ਤੇਜ਼ ਕਟਾਰਾ, ਨਿਰਗੁਣ ਆਪ ਚਮਕਾਇੰਦਾ । ਆਦਿ ਸ਼ਕਤ ਸੰਗ ਸੁਤ ਦੁਲਾਰਾ, ਜੋੜੀ ਜੋੜ ਜੁੜਾਇੰਦਾ । ਅਸ਼ਟਭੁਜ ਦਏ ਲਲਕਾਰਾ, ਸਿੰਘ ਸ਼ੇਰ ਨਾਉਂ ਰਖਾਇੰਦਾ । ਚੌਥੇ ਜੁਗ ਪਾਵੇ ਸਾਰਾ, ਅਸ਼ਟਭੁਜ ਸ਼ਸਤਰ ਇਕ ਵਖਾਇੰਦਾ । ਰਾਵਣ ਤੋੜ ਗੜ੍ਹ ਹੰਕਾਰਾ, ਲੰਕਾ ਗੜ੍ਹ ਤੁੜਾਇੰਦਾ । ਸ਼ਾਹ ਭਬੀਖਣ ਕਰ ਪਿਆਰਾ, ਆਪਣੇ ਅੰਗ ਲਗਾਇੰਦਾ । ਦਰਯੋਧਨ ਤੇਰਾ ਪਾਰ ਕਿਨਾਰਾ, ਨਾ ਕੋਈ ਧੀਰ ਧਰਾਇੰਦਾ । ਅਰਜਨ ਤੇਰਾ ਬਣ ਲਿਖਾਰਾ, ਗੀਤਾ ਗਿਆਨ ਜਣਾਇੰਦਾ । ਅਠਾਰਾਂ ਧਿਆਏ ਏਕਾ ਧਾਰਾ, ਏਕਾ ਰੂਪ ਦਰਸਾਇੰਦਾ । ਏਕਾ ਜੋਤ ਦਸ ਅਵਤਾਰਾ, ਪੰਜ ਤਤ ਪਰਨਾਇੰਦਾ । ਗੁਰ ਰੂਪ ਵਿਚ ਸੰਸਾਰਾ, ਗਿਆਨ ਗੁਰ ਦ੍ਰਿੜਾਇੰਦਾ । ਸ਼ਬਦ ਸ਼ਬਦ ਸ਼ਬਦ ਕਰ ਪਿਆਰਾ, ਸ਼ਬਦੀ ਸ਼ਬਦ ਵਜਾਇੰਦਾ । ਸਤਿ ਸਤਿ ਸਤਿ ਕਰ ਵਰਤਾਰਾ, ਸਤਿ ਸਤਿ ਸਤਿ ਵਣਜ ਕਰਾਇੰਦਾ । ਮਿਤ ਗਤ ਜਾਣੇ ਜੀਵ ਜੰਤ ਗਵਾਰਾ, ਸਾਧ ਸੰਤ ਮਾਰਗ ਲਾਇੰਦਾ । ਮਾਤ ਪਿਤ ਇਕ ਕਰਤਾਰਾ, ਏਕਾ ਇਸ਼ਟ ਵਖਾਇੰਦਾ । ਅਠਸਠ ਤਟ ਕਿਨਾਰਾ, ਧੁਰ ਦਰਬਾਰਾ ਆਪ ਜਣਾਇੰਦਾ । ਮਸਜਿਦ ਮਠ ਮੰਦਰ ਗੁਰਦਵਾਰਾ, ਗੁਰਚਰਨ ਇਕ ਸੁਹਾਇੰਦਾ । ਨਿਰਗੁਣ ਜੋਤ ਦੀਪ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਸਾਚੇ ਮੰਦਰ ਬਹਿ ਨਿਆਰਾ, ਆਪ ਆਪਣਾ ਰੰਗ ਰੰਗਾਇੰਦਾ । ਡੂੰਘੀ ਭਵਰੀ ਪਾਰ ਕਿਨਾਰਾ, ਜੋਤੀ ਸੇਵਾ ਲਾਇੰਦਾ । ਸ਼ਬਦ ਧੁਨ ਅਨਾਦੀ ਆਤਮਕ ਗਾਏ ਵਾਰੋ ਵਾਰਾ, ਗਾਵਣਹਾਰ ਆਪ ਅਖਵਾਇੰਦਾ । ਸੁਰ ਤਾਲ ਵੱਜੇ ਤਲਵਾੜਾ, ਰਾਗ ਛੱਤੀ ਭੇਵ ਨਾ ਪਾਇੰਦਾ । ਜੋਤ ਜਗੇ ਬਹੱਤਰ ਨਾੜਾ, ਬੱਤੀ ਦੰਦ ਨਾ ਲੇਖ ਲਿਖਾਇੰਦਾ । ਵਾ ਨਾ ਲੱਗੇ ਤੱਤੀ ਹਾੜਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਪੰਚ ਵਿਕਾਰਾ ਚਬਾਏ ਆਪਣੀ ਦਾੜ੍ਹਾ, ਗੁਰਮੁਖ ਮੇਲ ਮਿਲਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਪਾੜੇ ਪਾੜਾ, ਬਜਰ ਕਪਾਟੀ ਤੋੜ ਤੁੜਾਇੰਦਾ । ਭਗਤਨ ਮੀਤਾ ਸਦਾ ਅਤੀਤਾ ਨਿਰਗੁਣ ਰੂਪ ਗੁਰਮੁਖਾਂ ਅੱਗੇ ਕੱਢੇ ਹਾੜਾ, ਵੇਲਾ ਗਿਆ ਹੱਥ ਨਾ ਆਇੰਦਾ । ਅਛਲ ਅਛੱਲ ਪਾਰਬ੍ਰਹਮ ਲੱਖ ਚੁਰਾਸੀ ਲੁੱਟੀ ਜਾਏ ਦਿਨ ਦਿਹਾੜਾ, ਦਿਸ ਕਿਸੇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਲੋਆਂ ਪੁਰੀਆਂ ਵੇਖੇ ਇਕ ਅਖਾੜਾ, ਆਪ ਆਪਣੀ ਰਚਨ ਰਚਾਇੰਦਾ । ਮਨਮੁਖਾਂ ਕਰੇ ਬੰਦ ਕਿਵਾੜਾ, ਮਾਇਆ ਪੜਦਾ ਏਕਾ ਪਾਇੰਦਾ । ਫਿਰਾਏ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਖ਼ੁਦੀ ਖ਼ੁਦਾਈ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਸੇਵਕ ਸੇਵਾਦਾਰ ਆਪ ਅਖਵਾਇੰਦਾ । ਸੇਵਾਦਾਰ ਹਰਿ ਭਗਵਾਨ, ਪਾਰਬ੍ਰਹਮ ਅਤੀਤ । ਗੁਰਮੁਖਾਂ ਵਖਾਏ ਸਚ ਨਿਸ਼ਾਨ, ਦਿਸ ਨਾ ਆਏ ਕਿਸੇ ਮੰਦਰ ਮਸੀਤ । ਪਰਗਟ ਹੋਇਆ ਵਾਲੀ ਦੋ ਜਹਾਨ, ਲੱਖ ਚੁਰਾਸੀ ਜਾਏ ਜੀਤ । ਏਕਾ ਰਾਗ ਸੁਣਾਏ ਕਾਨ, ਮੇਟ ਮਿਟਾਏ ਹਸਤ ਕੀਟ । ਚਰਨ ਧੂੜ ਬਖ਼ਸ਼ੇ ਸੱਚਾ ਅਸ਼ਨਾਨ, ਆਤਮ ਰਸ ਚਖਾਏ ਮੀਠ । ਗੁਰਮੁਖਾਂ ਦੇਵੇ ਇਕ ਗਿਆਨ, ਚਰਨ ਪ੍ਰੀਤ ਅਨਡੀਠ । ਮਨਮੁਖ ਜੀਵ ਸਰਬ ਪਛਤਾਨ, ਸੁੱਤੇ ਦੇ ਕਰ ਪੀਠ । ਰਾਏ ਧਰਮ ਮੰਗੇ ਧੁਰ ਫ਼ਰਮਾਣ, ਬਨਾਸਪਤ ਤਪਾਏ ਅੰਗੀਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਜਨ ਭਗਤਾਂ ਵਸਿਆ ਚੀਤ । ਚੇਤਨ ਚਿਤ ਵਸੰਦੜਾ, ਸਦਾ ਸਦਾ ਕਿਰਪਾਲ । ਗੁਰਮੁਖ ਸਾਜਨ ਮੇਲ ਮਲੰਦੜਾ, ਦੀਨਾ ਬੰਧਪ ਦੀਨ ਦਿਆਲ । ਚਰਨ ਪ੍ਰੀਤੀ ਇਕ ਰਖੰਦੜਾ, ਕਾਇਆ ਗੜ੍ਹ ਸੱਚੀ ਧਰਮਸਾਲ । ਮਨਮੁਖ ਜੀਵ ਭਾਗਾਂ


Rev-01

ਮੰਦੜਾ, ਦੋ ਜਹਾਨ ਰਹੇ ਕੰਗਾਲ । ਮਾਇਆ ਮਮਤਾ ਆਤਮ ਅੰਧੜਾ, ਫਲ ਦਿਸੇ ਨਾ ਕਿਸੇ ਡਾਲ । ਦੂਈ ਦਵੈਤੀ ਹੋਈ ਕੰਧੜਾ, ਆਪ ਆਪਣਾ ਨਾ ਸਕੇ ਭਾਲ । ਮਦਿਰਾ ਮਾਸੀ ਗੰਦੜਾ, ਅੰਤਮ ਸ਼ੌਹ ਦਰਯਾਏ ਮਾਰੇ ਛਾਲ । ਜਨ ਭਗਤਾਂ ਹਰਿ ਭਗਵਾਨ ਆਪ ਬਖ਼ਸ਼ੰਦੜਾ, ਬਖ਼ਸ਼ਣਹਾਰ ਸਦਾ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਸੋਹੇ ਦਰ ਬੰਕ ਦਵਾਰ ਇਕ ਪਰਵਾਨ । ਬੰਕ ਦਵਾਰਾ ਹਰਿ ਭਗਵੰਤਾ, ਭਰਮੀ ਗੜ੍ਹ ਤੁੜਾਇਆ । ਮੇਲ ਮਿਲਾਇਆ ਸਾਚੇ ਸੰਤਾ, ਸਤਿਗੁਰ ਪੁਰਖ ਮਿਲਾਇਆ । ਸੁਹਾਵੀ ਸੇਜ ਨਾਰੀ ਕੰਤਾ, ਕੰਤ ਕੰਤੂਹਲਾ ਪਾਇਆ । ਚੋਲੀ ਰੰਗੇ ਰੰਗ ਬਸੰਤਾ, ਰੰਗ ਮਜੀਠੀ ਇਕ ਚੜ੍ਹਾਇਆ । ਆਪ ਬਣਾਏ ਸਾਚੀ ਬਣਤਾ, ਬੇੜਾ ਬੰਨਣਹਾਰ ਆਪ ਅਖਵਾਇਆ । ਗੁਰਮੁਖ ਲਗਾਏ ਆਪਣੇ ਅੰਗਾ, ਅੰਗੀਕਾਰ ਨਾਉਂ ਧਰਾਇਆ । ਹਰਿਸੰਗਤ ਤੇਰੀ ਚਰਨ ਧੂੜੀ ਹਰਿ ਸਾਚਾ ਮੰਗਦਾ, ਕਲਜੁਗ ਉਲਟਾ ਵਹਿਣ ਵਹਾਇਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਆਕਾਸ਼ ਪਰਕਾਸ਼ ਲੋਕ ਪਰਲੋਕ ਗਗਨ ਮੰਡਲ ਆਪੇ ਲੰਘਦਾ, ਹਰਿਜਨ ਮੰਦਰ ਡੇਰਾ ਲਾਇਆ । ਜੋਤੀ ਨੂਰ ਹਾਜ਼ਰ ਹਜ਼ੂਰ ਨਿਹਕਲੰਕ ਸ਼ਬਦ ਗੁਰ ਕਦੇ ਨਾ ਸੰਗਦਾ, ਭਗਤ ਦਵਾਰੇ ਆਵੇ ਜਾਵੇ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰਿਖੀ ਕੇਸ਼ ਗਵਰਧਨ ਧਾਰ, ਜੋਤ ਸਰੂਪੀ ਕਰ ਅਕਾਰ, ਨਾਨਕ ਗੋਬਿੰਦ ਇਕ ਵਿਹਾਰ, ਗੁਰਮੁਖ ਮੇਲਾ ਵਿਚ ਸੰਸਾਰ, ਆਪ ਆਪਣਾ ਰਿਹਾ ਕਰਾਇਆ ।



## * ੧੨ ਭਾਦਰੋਂ ੨੦੧੫ ਬਿਕ੍ਰਮੀ ਫੂਲਾ ਸਿੰਘ ਦੇ ਘਰ ਪਿੰਡ ਗੰਡੀ ਵਿੰਡ ਜ਼ਿਲਾ ਅੰਮ੍ਰਿਤਸਰ *

ਆਦਿ ਪੁਰਖ ਸਰਬ ਗੁਣਵੰਤਾ, ਏਕਾ ਏਕੰਕਾਰਿਆ । ਪੂਰਨ ਜੋਤ ਜਗੇ ਭਗਵੰਤਾ, ਪਾਰਬ੍ਰਹਮ ਪ੍ਰਭ ਪੁਰਖ ਅਪਾਰਿਆ । ਨਿਰਗੁਣ ਨੂਰ ਇਕ ਰਖੰਤਾ, ਆਪ ਆਪਣੀ ਧਾਰ ਚਲਾ ਰਿਹਾ । ਸਾਚਾ ਧਾਮ ਹਰਿ ਸੁਹੰਤਾ, ਥਿਰ ਘਰ ਆਸਣ ਲਾ ਰਿਹਾ । ਸਚ ਸਿੰਘਾਸਣ ਇਕ ਰਖੰਤਾ, ਪਾਵਾ ਚੂਲ ਨਾ ਕੋਈ ਰਖਾ ਰਿਹਾ । ਖੇਲੇ ਖੇਲ ਨਾਰੀ ਕੰਤਾ, ਕੰਤ ਕੰਤੂਹਲ ਸੇਜ ਹੰਢਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ ਧਰਾ ਰਿਹਾ । ਆਦਿ ਪੁਰਖ ਹਰਿ ਭਗਵਾਨਾ, ਏਕਾ ਏਕ ਅਖਵਾਇਆ । ਦੀਪਕ ਜੋਤੀ ਜਗੇ ਮਹਾਨਾ, ਭੇਵ ਕੋਈ ਨਾ ਪਾਇਆ । ਖੇਲੇ ਖੇਲ ਦੋ ਜਹਾਨਾ, ਦੋ ਜਹਾਨਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰਜੰਣ ਆਪਣਾ ਵੇਸ ਵਟਾਇਆ । ਆਦਿ ਪੁਰਖ ਹਰਿ ਭਗਵੰਤਾ, ਹਰਿ ਹਰਿ ਰੂਪ ਸਮਾਇਆ । ਆਪਣਾ ਖੇਲ ਆਪ ਖਿਲੰਤਾ, ਖੇਲਣਹਾਰ ਆਪ ਹੋ ਜਾਇਆ । ਆਪਣੀ ਜੋਤੀ ਆਪ ਜਗੰਤਾ, ਜੋਤੀ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਸਿਆ ਏਕਾ ਘਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਦਰ ਦਰਬਾਰਾ, ਹਰਿ ਏਕਾ ਏਕ ਸੁਹਾਇੰਦਾ । ਇਕ ਇਕੱਲਾ ਕਰ ਪਸਾਰਾ, ਆਪ ਆਪਣੀ ਧਾਰ ਚਲਾਇੰਦਾ । ਨਿਰਗੁਣ ਰੂਪ ਖੇਲ ਨਿਰੰਕਾਰਾ, ਨਿਰਵੈਰ ਨਾਉਂ ਧਰਾਇੰਦਾ । ਸੁਹਾਇਆ ਬੰਕ ਸਚ ਦਵਾਰਾ, ਥਿਰ ਘਰ ਵੇਖ ਵਖਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਆਪ ਆਪਣਾ ਆਸਣ ਲਾਇੰਦਾ । ਗਗਨ ਮੰਡਲ ਨਾ ਪਾਵੇ ਸਾਰਾ, ਧਰਤ ਧਵਲ ਨਾ

ਕੋਈ ਰਖਾਇੰਦਾ । ਬ੍ਰਹਿਮੰਡ ਖੰਡ ਨਾ ਕਰੇ ਵਿਚਾਰਾ, ਰਵ ਸਸ ਦਿਸ ਨਾ ਆਇੰਦਾ । ਅਲੱਖ ਅਗੰਮ ਬੇਪਰਵਾਹ ਬੇਐਬ ਪਰਵਰਦਿਗਾਰਾ, ਆਪ ਆਪਣਾ ਧਾਮ ਸੁਹਾਇੰਦਾ । ਨੂਰੋ ਨੂਰ ਹੋਇਆ ਉਜਿਆਰਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਾ ਅੰਤਾ, ਏਕਾ ਦਰ ਸੁਹਾਇੰਦਾ । ਏਕਾ ਦਰ ਹਰਿ ਦਰਵੇਸ਼, ਆਪਣੀ ਅਲੱਖ ਜਗਾਈਆ । ਅਲੱਖ ਨਿਰੰਜਣ ਕਰ ਕਰ ਵੇਸ, ਆਪਣੀ ਅੱਗੇ ਝੋਲੀ ਡਾਹੀਆ । ਆਪੇ ਦਾਤਾ ਦਾਨੀ ਬਣ ਨਰ ਨਰੇਸ਼, ਆਪਣੀ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਕਰ, ਆਪ ਆਪਣੀ ਕਲ ਵਰਤਾਈਆ । ਆਪਣੀ ਕਲ ਆਪੇ ਧਾਰ, ਅਕਲ ਕਲਾ ਅਖਵਾਇਆ । ਮੰਗੀ ਮੰਗ ਹਰਿ ਦਵਾਰ, ਹਰਿ ਹਰਿ ਭਿਛਿਆ ਪਾਇਆ । ਗ਼ਰੀਬ ਨਿਵਾਜ਼ਾ ਬਣ ਭਿਖਾਰ, ਦਰ ਠਾਂਡਾ ਮੰਗਣ ਆਇਆ । ਸਵਾਰੇ ਕਾਜਾ ਆਪਣੀ ਕਰੇ ਕਾਰ, ਕਾਜ ਕਰਤਾ ਪ੍ਰਭ ਨਾਉਂ ਧਰਾਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਾਹ ਸੁਲਤਾਨ ਇਕ ਰਘੁਰਾਇਆ । ਜੋਤੀ ਨੂਰ ਹਾਜ਼ਰ ਹਜ਼ੂਰਾ ਅਗੰਮ ਅਗੰਮੜੀ ਮਾਰੇ ਵਾਜਾ, ਭੇਵ ਕੋਈ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਧਰ, ਜੋਤੀ ਨੂਰ ਲਏ ਉਪਾਇਆ । ਜੋਤੀ ਜੋਤ ਦੇ ਦੇ ਵਰ, ਹਰਿ ਸਾਚੀ ਬਣਤ ਬਣਾਈਆ । ਥਿਰ ਘਰ ਵਸਿਆ ਸਾਚਾ ਘਰ, ਘਰ ਬੈਠਾ ਬੇਪਰਵਾਹੀਆ । ਆਪਣੀ ਕਿਰਪਾ ਆਪੇ ਕਰ, ਘਰ ਆਪਣੇ ਖ਼ੁਸ਼ੀ ਮਨਾਈਆ । ਆਪਣੀ ਝੋਲੀ ਆਪੇ ਭਰ, ਆਪਣਾ ਭੰਡਾਰ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਏਕਾ ਕਰਤਾ ਨਾਉਂ ਧਰਾਈਆ । ਕਰਤਾ ਪੁਰਖ ਕਰਨੇਹਾਰਾ, ਆਪਣੀ ਕਾਰ ਕਮਾਇੰਦਾ । ਆਪੇ ਦੇਵੇ ਵਡ ਭੰਡਾਰਾ, ਆਪੇ ਦਰ ਸੁਹਾਇੰਦਾ । ਆਪਣੀ ਜੋਤੀ ਜੋਤ ਕਰ ਪਿਆਰਾ, ਜੋਤੀ ਮੇਲ ਮਿਲਾਇੰਦਾ । ਆਪੇ ਪੁਰਖ ਆਪੇ ਨਾਰਾ, ਨਾਰੀ ਕੰਤ ਵੇਸ ਵਟਾਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਹਰਿ ਆਪਣਾ ਆਪੇ ਡਾਹਿੰਦਾ । ਉਪਰ ਬੈਠ ਨਿਰਗੁਣ ਨਿਰੰਕਾਰਾ, ਸਾਚਾ ਵੇਸ ਵਟਾਇੰਦਾ । ਕਰਿਆ ਖੇਲ ਅਪਰ ਅਪਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨਾਰੀ ਦਿਤਾ ਵਰ, ਏਕਾ ਸੁਤ ਉਪਜਾਇੰਦਾ । ਏਕਾ ਸੁਤ ਸੁਤ ਦੁਲਾਰਾ, ਹਰਿ ਆਪਣਾ ਆਪ ਉਪਾਇਆ । ਪੁਰਖ ਅਬਿਨਾਸ਼ੀ ਕਰ ਪਿਆਰਾ, ਸਾਚਾ ਨਾਉਂ ਧਰਾਇਆ । ਸ਼ਬਦੀ ਸ਼ਬਦ ਕਰ ਜੈਕਾਰਾ, ਸ਼ਬਦ ਸ਼ਬਦੀ ਡੰਕ ਵਜਾਇਆ । ਦੇਵੇ ਵਰ ਜੋਧਾ ਸੂਰ ਬਲੀ ਬਲਕਾਰਾ, ਬਲੀ ਬਲਵਾਨ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਧਰ, ਸਾਚਾ ਸੁਤ ਲਏ ਉਪਜਾਇਆ । ਸ਼ਬਦ ਸੁਤ ਵਡ ਬਲਵਾਨਾ, ਏਕਾ ਏਕ ਉਪਾਇਆ । ਪੁਰਖ ਅਬਿਨਾਸ਼ੀ ਕਰ ਧਿਆਨਾ, ਸਿਰ ਆਪਣਾ ਹੱਥ ਟਿਕਾਇਆ । ਏਕਾ ਦੂਜਾ ਏਕਾ ਗਿਆਨਾ, ਏਕਾ ਸਿਖਿਆ ਰਿਹਾ ਸਿਖਾਇਆ । ਏਕਾ ਤੀਰ ਇਕ ਨਿਸ਼ਾਨਾ, ਏਕਾ ਚਿੱਲਾ ਰਿਹਾ ਚੜ੍ਹਾਇਆ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਵਸਾਇਆ । ਏਕਾ ਦੀਪਕ ਦੀਪ ਜਗੇ ਮਹਾਨਾ, ਦਿਵਸ ਰੈਣ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਘਰ ਸਾਚੇ ਮੇਲ ਮਿਲਾਇਆ । ਸ਼ਬਦ ਸੁਤ ਘਰ ਸਾਚੇ ਮੇਲਾ, ਹਰਿ ਸਾਚੇ ਆਪ ਕਰਾਇਆ । ਪਾਰਬ੍ਰਹਮ ਪ੍ਰਭ ਬਣਿਆ ਗੁਰ ਗੁਰ ਚੇਲ, ਗੁਰ ਚੇਲਾ ਰੂਪ ਦਰਸਾਇਆ । ਸ਼ਬਦ ਚੇਲਾ ਮਿਲਿਆ ਮੇਲ, ਵਿਛੜ ਕਦੇ ਨਾ ਜਾਇਆ । ਏਕਾ ਰਾਗ ਏਕਾ ਤਾਲ, ਏਕਾ ਸੁਰ

੫੩੮
੦੨

ਏਕਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਸਿਆ ਘਰ, ਸੁਤ ਅਨਾਦੀ ਏਕਾ ਸ਼ਬਦ ਜਾਇਆ । ਅਨਾਦੀ ਸੁਤ ਸ਼ਬਦ ਗੁਰ ਪੂਰਾ, ਹਰਿ ਸਾਚੇ ਆਪ ਉਪਾਇਆ । ਆਸਾ ਮਨਸਾ ਕਰ ਕਰ ਪੂਰਾ, ਪੂਰੀ ਇਛਿਆ ਦਏ ਕਰਾਇਆ । ਆਦਿ ਅੰਤ ਹਾਜ਼ਰ ਹਜ਼ੂਰਾ, ਹਾਜ਼ਰ ਹਜ਼ੂਰਾ ਨਾਉਂ ਧਰਾਇਆ । ਸਰਬ ਗੁਣਾ ਆਪੇ ਭਰਪੂਰਾ, ਪੂਰਨ ਪੁਰਖ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਖੇ ਦਰ, ਪੂਤ ਸਪੂਤਾ ਲੇਖੇ ਲਾਇਆ । ਪੂਤ ਸਪੂਤਾ ਸਾਚਾ ਮੀਤ, ਹਰਿ ਹਰਿ ਆਪ ਉਪਾਇੰਦਾ । ਇਕ ਸੁਣਾਏ ਅਨਾਦੀ ਗੀਤ, ਸੁਹਾਗੀ ਛੰਦ ਅਲਾਇੰਦਾ । ਏਕਾ ਚੇਤਨ ਏਕਾ ਚੀਤ, ਏਕਾ ਚਿਤ ਵਸਾਇੰਦਾ । ਏਕਾ ਨੇਤਰ ਏਕਾ ਨੈਣ, ਏਕਾ ਨਿਤ ਨਵਿਤ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਆਪਣੀ ਇਛਿਆ ਪਾਏ ਭਿਛਿਆ ਆਪਣਾ ਭੰਡਾਰ ਆਪ ਵਰਤਾਇੰਦਾ । ਆਪਣੀ ਭਿਛਿਆ ਝੋਲੀ ਪਾ, ਆਪਣੀ ਦਇਆ ਕਮਾਈਆ । ਸ਼ਬਦ ਸੁਤ ਦਿਤਾ ਸਮਝਾ, ਏਕਾ ਬੂਝ ਬੁਝਾਈਆ । ਲੋਆਂ ਪੁਰੀਆਂ ਬਣਤ ਬਣਾ, ਬ੍ਰਹਿਮੰਡ ਖੰਡ ਵਿਚ ਸਮਾਈਆ । ਬ੍ਰਹਮਾ ਵੇਤਾ ਸੇਵਾ ਲਾ, ਕਵਲ ਕਵਲਾ ਮੁਖ ਭਵਾਈਆ । ਸ਼ਿਵ ਸ਼ੰਕਰ ਲੇਖਾ ਆਪ ਗਣਾ ਅੰਧ ਅੰਧੇਰ ਸਮਾਈਆ । ਵਿਸ਼ਨੂੰ ਵੰਸੀ ਵੇਸ ਵਟਾ, ਆਪਣੀ ਕਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਸੁਹਾਏ ਦਰ, ਦਰ ਦਰਵਾਜਾ ਇਕ ਖੁਲ੍ਹਾਈਆ । ਸ਼ਬਦ ਸੁਤ ਦਰਵਾਜਾ ਖੋਲ੍ਹ, ਆਪਣਾ ਕਰਮ ਕਮਾਇਆ । ਬ੍ਰਹਿਮੰਡ ਖੰਡ ਰਿਹਾ ਬੋਲ, ਦਿਸ ਕਿਸੇ ਨਾ ਆਇਆ । ਤ੍ਰੈਗੁਣ ਮਾਇਆ ਗਿਆ ਡੋਲ, ਭੇਵ ਅਭੇਦਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਵਰ ਦਾਤਾ ਨਾਮ ਧਰਾਇਆ । ਵਰ ਦਾਤਾ ਆਦਿ ਨਿਰੰਜਣ, ਏਕਾ ਏਕ ਅਖਵਾਇੰਦਾ । ਸ਼ਬਦ ਗਿਆਨ ਪਾਇਆ ਅੰਜਨ, ਨੇਤਰ ਨਿਤ ਖੁਲ੍ਹਾਇੰਦਾ । ਬਣਿਆ ਦਾਤਾ ਦਰਦ ਦੁੱਖ ਭੈ ਭੰਜਨ, ਸਗਲਾ ਸੰਗ ਨਿਭਾਇੰਦਾ । ਆਪਣੀ ਚਰਨ ਧੂੜ ਕਰੇ ਸਾਚਾ ਮਜਨ, ਸਰ ਸਰੋਵਰ ਇਕ ਨੁਹਾਇੰਦਾ । ਦੋ ਜਹਾਨਾਂ ਸਾਚਾ ਸੱਜਣ, ਸਤਿਗੁਰ ਪੂਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਮੂਰਤ ਇਕ ਵਜਾਏ ਸਾਚੀ ਤੂਰਤ, ਧੁਨ ਅਨਾਦੀ ਸ਼ਬਦ ਬ੍ਰਹਿਮਾਦੀ ਆਪੇ ਆਪ ਅਖਵਾਇੰਦਾ । ਸ਼ਬਦ ਬ੍ਰਹਿਮਾਦਿ ਡੰਕ ਵਜਾ, ਹਰਿ ਆਪਣੀ ਬਣਤ ਬਣਾਈਆ । ਅਗੰਮ ਅਗੰਮੜਾ ਧਾਮ ਸੁਹਾ, ਅਗੰਮ ਅਗੰਮੜੀ ਖੇਲ ਖਿਲਾਈਆ । ਅਲੱਖ ਅਲੱਖਣਾ ਆਪਣੀ ਅਲੱਖ ਜਗਾ, ਆਪਣੀ ਭਿਛਿਆ ਆਪੇ ਪਾਈਆ । ਥਿਰ ਘਰ ਸਾਚਾ ਦਏ ਵਸਾ, ਆਦਿ ਪੁਰਖ ਵੱਡੀ ਵਡਿਆਈਆ । ਜੋਤ ਸਰੂਪੀ ਰਿਹਾ ਡਗਮਗਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਸਚਖੰਡ ਦਵਾਰਾ ਸੁਹਾਏ ਸਾਚਾ ਥਾਂ, ਘਰ ਸਾਚੇ ਬੈਠਾ ਆਸਣ ਲਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਾਈ ਨਾ ਕੋਈ ਜਣਾਈਆ । ਇਕ ਅਕੱਲਾ ਆਪੇ ਜਾਣੇ ਆਪਣਾ ਨਾਂ, ਏਕੰਕਾਰਾ ਨਾਉਂ ਧਰਾਈਆ । ਸ਼ਬਦ ਸ਼ਬਦੀ ਖੇਲ ਖਿਲਾ, ਖੇਲਣਹਾਰ ਆਪ ਹੋ ਜਾਈਆ । ਲੋਆਂ ਪੁਰੀਆਂ ਡੇਰਾ ਲਾ, ਬ੍ਰਹਿਮੰਡ ਖੰਡ ਵੇਸ ਵਟਾਈਆ । ਤ੍ਰੈਗੁਣ ਤੇਲ ਚੜ੍ਹਾ, ਜੋਤ ਨਿਰੰਜਣ ਸੇਵਾ ਲਾਈਆ । ਬ੍ਰਹਮਾ ਵੇਤਾ ਝੋਲੀ ਪਾ, ਪੰਜ ਤਤ ਕਰੇ ਕੁੜਮਾਈਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਡੇਰਾ ਲਾ, ਮਨ ਮਤ ਬੁਧ ਕਰੇ ਪੜ੍ਹਾਈਆ । ਨੌਂ ਦਵਾਰੇ ਖੋਲ੍ਹ ਖੁਲ੍ਹਾ, ਲੋਕਮਾਤ ਵੱਡੀ ਵਡਿਆਈਆ । ਆਪਣੇ ਮੰਦਰ ਆਪੇ ਬੈਠਾ ਆਸਣ ਲਾ, ਬਜਰ ਕਪਾਟੀ ਕੁੰਡਾ ਲਾਈਆ । ਪੁਰਖ ਅਬਿਨਾਸ਼ੀ ਬੇਪਰਵਾਹ,

ਕੋਇ ਭੇਵ ਨਾ ਜਾਣੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਸੁਤ ਦੁਲਾਰਾ ਹਰਿ ਨਿਰੰਕਾਰਾ ਤ੍ਰੈਲੋਕ ਕਰੇ ਰੁਸ਼ਨਾਈਆ । ਤ੍ਰੈਲੋਕ ਏਕਾ ਨਾਅਰਾ, ਏਕਾ ਸ਼ਬਦ ਜਣਾਈਆ । ਲੋਆਂ ਪੁਰੀਆਂ ਦਏ ਹੁਲਾਰਾ, ਏਕਾ ਖੇਲ ਖਿਲਾਈਆ । ਚੌਦਾਂ ਲੋਕ ਹੱਟ ਪਸਾਰਾ, ਏਕਾ ਵਣਜ ਵਖਾਈਆ । ਗਗਨ ਮੰਡਲ ਪਾਵੇ ਸਾਰਾ, ਰਵ ਸਸ ਮੇਲ ਮਿਲਾਈਆ । ਧਰਤ ਧਵਲ ਦਏ ਸਹਾਰਾ, ਜਲ ਬਿੰਬ ਆਪ ਟਿਕਾਈਆ । ਆਪੇ ਵਸਿਆ ਸਭ ਤੋਂ ਬਾਹਰਾ, ਪਾਰਬ੍ਰਹਮ ਵੱਡੀ ਵਡਿਆਈਆ । ਇਕ ਅਕੱਲਾ ਏਕੰਕਾਰਾ, ਅਕਲ ਕਲਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਦਰ ਘਰ ਸਾਚੇ ਇਕ ਸਲਾਹੀਆ । ਸ਼ਬਦ ਸੁਤ ਸਚ ਸਲਾਹ, ਹਰਿ ਸਾਚਾ ਆਪ ਸੁਣਾਇੰਦਾ । ਲੱਖ ਚੁਰਾਸੀ ਬਣ ਮਲਾਹ, ਹਰ ਘਟ ਡੇਰਾ ਲਾਇੰਦਾ । ਨਿਰਗੁਣ ਨਾਤਾ ਜੋੜ ਜੁੜਾ, ਪੁਰਖ ਬਿਧਾਤਾ ਸਗਨ ਮਨਾਇੰਦਾ । ਇਕ ਅਕਾਂਤਾ ਬੈਠਾ ਡੇਰਾ ਲਾ, ਅੰਦਰ ਮੰਦਰ ਆਪ ਸੁਹਾਇੰਦਾ । ਜੋਤੀ ਨੂਰ ਡਗਮਗਾ, ਨੂਰੋ ਨੂਰ ਅਖਵਾਇੰਦਾ । ਅਨਹਦ ਸਾਚਾ ਤਾਲ ਵਜਾ, ਪੰਚਮ ਰਾਗ ਅਲਾਇੰਦਾ । ਪੰਚਮ ਸਖੀਆਂ ਮੰਗਲ ਗਾ, ਸਾਚਾ ਦਰ ਸੁਹਾਇੰਦਾ । ਏਕਾ ਰੰਗਨ ਰੰਗ ਰੰਗਾ, ਰੰਗ ਰੰਗੀਲਾ ਮੋਹਣ ਮਾਧਵ ਕਾਇਆ ਚੋਲੀ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਆਦਿ ਜੁਗਾਦਿ ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਵੇਸ ਸ਼ਬਦ ਗੁਰਦੇਵ, ਹਰਿ ਹਰਿ ਵੇਸ ਵਟਾਇਆ । ਪਾਰਬ੍ਰਹਮ ਅਲੱਖ ਅਭੇਵ, ਭੇਵ ਕੋਈ ਨਾ ਪਾਇਆ । ਆਪ ਲਗਾਏ ਆਪਣੀ ਸੇਵ, ਸੇਵਕ ਸੇਵਾਦਾਰ ਅਖਵਾਇਆ । ਅਕਾਲ ਮੂਰਤ ਸਦਾ ਨਿਹਕੇਵ, ਨਿਹਚਲ ਧਾਮ ਸੁਹਾਇਆ । ਗੁਣ ਨਾ ਜਾਣੇ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਚਲਾਇਆ । ਸਾਚਾ ਹੁਕਮ ਧੁਰ ਫ਼ਰਮਾਣ, ਹਰਿ ਸਾਚਾ ਆਪ ਚਲਾਇੰਦਾ । ਕਰਮੀ ਕਰਮ ਕਰੇ ਪਰਵਾਨ, ਕਰਮ ਕਰਮਾਂ ਵੇਖ ਵਖਾਇੰਦਾ । ਗੁਰ ਗੁਰ ਮੂਰਤ ਇਕ ਧਿਆਨ, ਗੁਰ ਗੁਰ ਇਸ਼ਟ ਮਨਾਇੰਦਾ । ਸ਼ਬਦ ਸ਼ਬਦੀ ਸ਼ਬਦ ਗਿਆਨ, ਸ਼ਬਦੀ ਸ਼ਬਦ ਪੜ੍ਹਾਇੰਦਾ । ਆਦਿ ਜੁਗਾਦਿ ਹਰਿ ਭਗਵਾਨ, ਹਰਿ ਭਗਤਨ ਮੇਲ ਮਿਲਾਇੰਦਾ । ਹੋਏ ਵਿਚੋਲਾ ਦੋ ਜਹਾਨ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਸਿਆ ਘਰ, ਸ਼ਬਦ ਸ਼ਬਦੀ ਨਾਉਂ ਧਰਾਇੰਦਾ । ਸ਼ਬਦ ਸੁਤ ਸਤਿਗੁਰ ਪੂਰਾ, ਅਕਾਲ ਪੁਰਖ ਉਪਾਇਆ । ਅਜੂਨੀ ਰਹਿਤ ਸਰਬ ਗੁਣ ਭਰਪੂਰਾ, ਨਾ ਮਰੇ ਨਾ ਜਾਇਆ । ਆਪੇ ਵਸੇ ਦੂਰ ਨੇੜਾ, ਨੇੜੇ ਦੂਰ ਇਕ ਰਖਾਇਆ । ਹਰਿਜਨ ਨਾਤਾ ਤੋੜੇ ਕੂੜੇ ਕੂੜਾ, ਸਚ ਸਾਚੇ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣਾ ਖੇਲ ਰਿਹਾ ਖਿਲਾਇਆ । ਖੇਲ ਖਿਲਾਵਣਹਾਰ ਦਾਤਾਰਾ, ਏਕ ਏਕ ਅਖਵਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਆਪ ਆਪਣਾ ਵੇਸ ਵਟਾਇੰਦਾ । ਨਿਤ ਨਵਿਤ ਸਾਚੀ ਕਾਰਾ, ਸਾਚਾ ਧਰਮ ਧਰਾਇੰਦਾ । ਸ਼ਬਦੀ ਸ਼ਬਦ ਲਗਾਏ ਸਚ ਜੈਕਾਰਾ, ਸਾਚਾ ਖੰਡਾ ਹੱਥ ਉਠਾਇੰਦਾ । ਰੂਪ ਰੰਗ ਹਰਿ ਵਸਿਆ ਬਾਹਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਕੋਟਨ ਕੋਟ ਕੋਟ ਲਿਖ ਲਿਖ ਥੱਕੇ ਵਿਚ ਸੰਸਾਰਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਵੇਤਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣ ਉਠਾਇੰਦਾ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲ ਪਾਇਆ ਹਾਰਾ, ਕੰਠ ਮਾਲਾ ਇਕ ਲਟਕਾਇੰਦਾ ।

ਕਰੋੜ ਤੇਤੀਸਾ ਕਰੇ ਪਿਆਰਾ, ਸੁਰਪਤ ਰਾਜਾ ਇੰਦ ਕੁਰਲਾਇੰਦਾ । ਵਿਸ਼ਨੂੰ ਵੰਸੀ ਖੇਲ ਨਿਆਰਾ, ਜੁਗ ਜੁਗ ਖੇਲ ਖਿਲਾਇੰਦਾ । ਚਤੁਰਭੁਜ ਭੇਵ ਅਪਾਰਾ, ਆਪਣਾ ਰੂਪ ਵਟਾਇੰਦਾ । ਆਦਿ ਸ਼ਕਤ ਦਏ ਲਲਕਾਰਾ, ਆਪਣਾ ਤੇਜ਼ ਰਖਾਇੰਦਾ । ਸਤਿ ਸਤਿਵਾਦ ਥਿਰ ਘਰ ਵੇਖੇ ਧੁਰ ਦਰ ਦਰਬਾਰਾ, ਬੋਧ ਅਗਾਧ ਸ਼ਬਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਸ ਵਟਾਇੰਦਾ । ਆਦਿ ਅੰਤ ਹਰਿ ਅਵਤਾਰਾ, ਏਕਾ ਏਕ ਅਖਵਾਇਆ । ਨਿਰਗੁਣ ਰੂਪ ਕਰ ਉਜਿਆਰਾ, ਸਰਗੁਣ ਵਿਚ ਸਮਾਇਆ । ਸ਼ਬਦ ਬੋਲੇ ਸਚ ਜੈਕਾਰਾ, ਏਕਾ ਨਾਅਰਾ ਲਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਉਤਭੁਜ ਸੇਤਜ ਜੇਰਜ ਅੰਡ ਲਏ ਵਖਾਇਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ, ਸਮੁੰਦ ਸਾਗਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਆਪਣੇ ਮੰਦਰ, ਹਰਿ ਮੰਦਰ ਨਾਉਂ ਧਰਾਇਆ । ਹਰਿ ਮੰਦਰ ਸ਼ਬਦ ਸਿੰਘਾਸਣ, ਹਰਿ ਸਾਚਾ ਸ਼ਬਦ ਵੈਰਾਗੀਆ । ਖੇਲੇ ਖੇਲ ਪੁਰਖ ਅਬਿਨਾਸ਼, ਲੋਆਂ ਪੁਰੀਆਂ ਬਣ ਤਿਆਗੀਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਲੱਖ ਚੁਰਾਸੀ ਸੁਣੇ ਸੁਣਾਏ ਸਾਚਾ ਰਾਗੀਆ । ਘਟ ਘਟ ਅੰਦਰ ਰੱਖੇ ਵਾਸ, ਆਪ ਆਪਣਾ ਸਾਜਨ ਸਾਜੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਮਾਰ ਝਾਤ, ਪਰਗਟ ਹੋਏ ਸਵਾਂਗ ਸਵਾਂਗੀਆ । ਲੋਕਮਾਤ ਤੇਰੀ ਧਾਰ, ਹਰਿ ਸਾਚੇ ਆਪ ਚਲਾਈਆ । ਸਤਿਜੁਗ ਸਾਚਾ ਵੇਖ ਵਿਚਾਰ, ਸਤਿ ਪੁਰਖਾ ਨਾਉਂ ਧਰਾਈਆ । ਏਕਾ ਏਕ ਏਕੰਕਾਰ ਇਕ ਅਕਾਰ, ਅੱਠਾਂ ਤੱਤਾਂ ਬੰਧ ਬੰਧਾਈਆ । ਬੰਧਨ ਪਾਵੇ ਅਪਰ ਅਪਾਰ, ਨਾ ਕੋਈ ਤੋੜੇ ਤੋੜ ਤੁੜਾਈਆ । ਮਾਨਸ ਮਾਨੁਖ ਕਰ ਪਿਆਰ, ਭਗਵਨ ਭਗਤੀ ਦਏ ਜਣਾਈਆ । ਨਾਮ ਸ਼ਕਤੀ ਅਪਰ ਅਪਾਰ, ਹਰਿਜਨ ਵਿਚ ਟਿਕਾਈਆ । ਅੰਮ੍ਰਿਤ ਆਤਮ ਠੰਡੀ ਧਾਰ, ਭਰ ਪਿਆਲਾ ਰਿਹਾ ਪਿਆਈਆ । ਨਿਰਗੁਣ ਜੋਤੀ ਕਰ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਨਾਨਕ ਜੋਤੀ ਗੁਰਮੁਖ ਵਿਚਾਰ, ਹੰਸ ਚੋਗ ਚੁਗਾਈਆ । ਨਾ ਕੋਈ ਵਰਨ ਨਾ ਕੋਈ ਗੋਤੀ, ਜ਼ਾਤ ਪਾਤ ਨਾ ਕੋਈ ਰਖਾਈਆ । ਭਰਮੀ ਭਰਮ ਭੁਲਾਏ ਕੋਟਨ ਕੋਟੀ, ਕੋਟੀ ਕੋਟ ਰਿਹਾ ਫਿਰਾਈਆ । ਬਿਨ ਗੁਰ ਪੂਰੇ ਨਾ ਕੋਇ ਚੜ੍ਹੇ ਉਪਰ ਚੋਟੀ, ਘਰ ਮੰਦਰ ਨਾ ਕੋਈ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਸਤਿਜੁਗ ਸਾਚੇ ਪਾਰ ਕਿਨਾਰਾ, ਵਾਰ ਅਠਾਰਾਂ ਬਰਨ ਅਠਾਰਾਂ ਤਰਾਈਆ । ਚਾਰ ਵਰਨਾਂ ਖੇਲ ਨਿਆਰਾ, ਊਚ ਨੀਚ ਵਡਿਆਈਆ । ਰਾਓ ਰੰਕ ਰਾਜ ਰਾਜਨ ਸ਼ਾਹ ਸੁਲਤਾਨ ਭਰ ਭੰਡਾਰਾ, ਭਰਮੀ ਭਰਮ ਭੁਲਾਈਆ । ਆਪੇ ਤੋੜੇ ਗੜ੍ਹ ਹੰਕਾਰਾ, ਘੜਨ ਭੰਨਣਹਾਰ ਸਮਰਥ ਪੁਰਖ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਸਤਿਜੁਗ ਸਾਚੇ ਪਾਰ ਕਿਨਾਰਾ, ਤ੍ਰੇਤੇ ਵੱਜੀ ਵਧਾਈਆ । ਰਾਮ ਰਮਈਆ ਖੇਲ ਨਿਆਰਾ, ਹਰਿ ਖੇਲੇ ਬੇਪਰਵਾਹੀਆ । ਲੰਕਾ ਗੜ੍ਹ ਤੋੜੇ ਹੰਕਾਰਾ, ਦੁਸ਼ਟ ਹੰਕਾਰੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਤ੍ਰੇਤੇ ਤੇਰਾ ਪੂਰਾ ਵੇਸ, ਹਰਿ ਪੂਰੇ ਆਪ ਕਰਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰੇ ਆਦੇਸ, ਨਿਉਂ ਨਿਉਂ ਸੀਸ ਝੁਕਾਇਆ । ਰਿਖ ਮੁਨ ਖੁਲ੍ਹੜੇ ਕੇਸ, ਕੇਸੀ ਚਵਰ ਕਰਾਇਆ । ਪੂਜ ਪੁਜਾਏ ਗਣਪਤ ਗਣੇਸ਼, ਰਾਮ ਸੀਤਾ ਨਾਮ ਧਿਆਇਆ । ਦੁਆਪਰ ਹੋਏ ਦਰ ਦਰਵੇਸ਼, ਆਪ ਆਪਣੀ ਅਲੱਖ ਜਗਾਇਆ ।

ਵੇਖ ਵਖਾਣੇ ਨਰ ਨਰੇਸ਼, ਹਉਮੇ ਗੜ੍ਹ ਤੁੜਾਇਆ । ਪਰਗਟ ਹੋਏ ਰਿਖੀ ਕੇਸ਼, ਗਵਰਧਨ ਧਾਰੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਿਆ ਵੇਸ, ਨਾਮ ਬੰਸਰੀ ਇਕ ਵਜਾਇਆ । ਨਾਮ ਬੰਸਰੀ ਸਾਚੀ ਫੂਕ, ਹਰਿ ਸਾਚੇ ਆਪ ਸੁਣਾਈਆ । ਲੋਆਂ ਪੁਰੀਆਂ ਸੁਣਾਏ ਸਾਚੀ ਕੂਕ, ਏਕਾ ਨਾਮ ਵਡਿਆਈਆ । ਮੂਰਖ ਮੁਗਧ ਸੁੱਤੇ ਘੂਕ, ਗੂੜ੍ਹੀ ਨੀਂਦ ਨਾ ਕੋਇ ਉਠਾਈਆ । ਦੁਆਪਰ ਖੇਲ ਗਈ ਚੂਕ, ਹਰਿ ਭਗਤ ਨਿਸ਼ਾਨਾ ਲਾਈਆ । ਏਕਾ ਸ਼ਬਦ ਰਿਹਾ ਫੂਕ, ਗੀਤਾ ਗਿਆਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਵਡ ਦਾਤਾ ਬੇਪਰਵਾਹੀਆ । ਦੁਆਪਰ ਅੰਤਮ ਗਿਆ ਰੁੱਠ, ਵੇਲਾ ਵਕ਼ਤ ਚੁਕਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖਾਲੀ ਠੂਠ, ਦਰ ਮੰਗਨ ਭਿਖ ਨਾ ਪਾਇਆ । ਹੰਕਾਰੀ ਵਿਕਾਰੀ ਟੰਗੇ ਪੁਠ, ਰਾਏ ਧਰਮ ਦਏ ਸਜ਼ਾਇਆ । ਆਪਣਾ ਦਵਾਰਾ ਆਪੇ ਲੁੱਟ, ਕਾਹਨਾ ਕ੍ਰਿਸ਼ਨਾ ਮੁਖ ਛੁਪਾਇਆ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਪੀਤਾ ਘੁੱਟ, ਜਿਸ ਜਨ ਦਇਆ ਕਮਾਇਆ । ਆਵਣ ਜਾਵਣ ਗਿਆ ਛੁੱਟ, ਲੱਖ ਚੁਰਾਸੀ ਵਿਚ ਨਾ ਆਇਆ । ਕਲਜੁਗ ਕੂੜ ਕੁੜਿਆਰੀ ਪੌਹ ਗਈ ਫੁੱਟ, ਚਾਰੋਂ ਕੁੰਟ ਅੰਧੇਰਾ ਛਾਇਆ । ਨਾਲ ਲਿਆਇਆ ਜੂਠ ਝੂਠ, ਮੋਹ ਵਿਕਾਰਾ ਬੰਧ ਬੰਧਾਇਆ । ਪੁਰਖ ਅਬਿਨਾਸ਼ੀ ਗਿਆ ਤੁਠ, ਹਉਮੇ ਹੰਗਤਾ ਗੜ੍ਹ ਸੁਹਾਇਆ । ਸਚ ਵਸਤ ਨਾ ਦਿਤੀ ਇਕ ਮੁੱਠ, ਖਾਲੀ ਹੱਥ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਭੰਡਾਰ ਇਕ ਭਰਾਇਆ । ਜਗਤ ਭੰਡਾਰਾ ਮਾਇਆ ਮੋਹ, ਹਰਿ ਸਾਚਾ ਆਪ ਭਰਾਇੰਦਾ । ਕਲਜੁਗ ਕੂੜਾ ਘਰ ਘਰ ਮੰਦਰ ਅੰਦਰ ਰਿਹਾ ਛੋਹ, ਆਪ ਆਪਣਾ ਤਨ ਕਟਾਇੰਦਾ । ਸਾਧ ਸੰਤ ਜੀਵ ਜੰਤ ਬਚਿਆ ਰਹੇ ਨਾ ਕੋ, ਦਹਿ ਦਿਸ਼ਾ ਫੇਰੀ ਪਾਇੰਦਾ । ਚਾਰੋਂ ਕੁੰਟ ਦਹਿ ਦਿਸ਼ਾ ਗੁਰਮੁਖ ਆਤਮ ਪੰਚ ਵਿਕਾਰਾ ਰਹੀ ਰੋ, ਨੇਤਰ ਰੋ ਰੋ ਨੀਰ ਵਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਤੁਧ ਬਿਨ ਕੋਈ ਨਾ ਸੁਣੇ ਸੋ, ਸੋ ਪੁਰਖ ਨਿਰੰਜਣ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਕਲਜੁਗ ਆਪ ਵਰਤਾਇੰਦਾ । ਕਲਜੁਗ ਕੂੜਾ ਹੋ ਜਵਾਨ, ਚਾਰ ਕੁੰਟ ਉਠ ਧਾਇਆ । ਜੂਠ ਝੂਠ ਫੜ ਨਿਸ਼ਾਨ, ਏਕਾ ਝੰਡਾ ਰਿਹਾ ਝੁਲਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਸ਼ੈਤਾਨ, ਸਗਲਾ ਸੰਗ ਨਿਭਾਇਆ । ਮਾਇਆ ਮਮਤਾ ਖੋਲ੍ਹ ਦੁਕਾਨ, ਜੀਵਾਂ ਜੰਤਾਂ ਰਿਹਾ ਵਖਾਇਆ । ਤੋਲਾ ਬੈਠਾ ਬੇਈਮਾਨ, ਪੂਰਾ ਤੋਲ ਨਾ ਕੋਈ ਤੁਲਾਇਆ । ਕਾਲਾ ਚੋਲਾ ਵਿਚ ਜਹਾਨ, ਏਕਾ ਬਸਤਰ ਤਨ ਛੁਹਾਇਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਹਰਿ ਸਾਚਾ ਖ਼ੁਸ਼ੀ ਮਨਾਇਆ । ਕਲਜੁਗ ਮਿਲਿਆ ਧੁਰ ਫ਼ਰਮਾਣ, ਲੋਕਮਾਤ ਪੂਰਾ ਕਰਮ ਰਿਹਾ ਕਰਾਇਆ । ਪੰਡਤ ਪਾਂਧੇ ਮਿਲੇ ਨਾ ਮੇਲ ਸ੍ਰੀ ਭਗਵਾਨ, ਜੂਠਾ ਝੂਠਾ ਮਸਤਕ ਤਿਲਕ ਲਗਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਵੇਦ ਪੁਰਾਨੀ ਦਿਸ ਨਾ ਆਇਆ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨ, ਆਪ ਆਪਣਾ ਰੂਪ ਵਟਾਇਆ । ਸ਼ਬਦ ਸੁਤ ਕਰ ਬਲਵਾਨ, ਏਕਾ ਹੁਕਮ ਸੁਣਾਇਆ । ਲੋਕਮਾਤ ਨੌਜਵਾਨ, ਆਪ ਆਪਣਾ ਦਰਸਾਇਆ । ਪੰਜ ਤਤ ਕਰ ਪਰਵਾਨ, ਈਸਾ ਮੂਸਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਹਦੀਸਾ ਏਕਾ ਰਿਹਾ ਪੜ੍ਹਾਇਆ । ਇਕ ਹਦੀਸਾ ਏਕਾ ਰਾਗ, ਏਕਾ ਰਿਹਾ ਅਲਾਈਆ । ਏਕਾ ਸੀਸਾ ਏਕਾ ਤਾਜ, ਏਕਾ ਰਿਹਾ ਹੰਢਾਈਆ । ਏਕਾ ਕਰਤਾ ਏਕਾ ਕਾਜ, ਏਕਾ ਰਿਹਾ ਕਰਾਈਆ । ਏਕਾ ਮਾਰਨਹਾਰਾ ਵਾਜ, ਆਪ ਆਪਣੀ

ਵਾਜ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸਦਾ ਵਾਹਿਦ ਖ਼ੁਦਾ ਆਪਣੀ ਆਪ ਅਲਾਈਆ । ਆਪਣੀ ਸਦਾ ਆਪ ਲਗਾ, ਆਪਣਾ ਦਰ ਖੁਲ੍ਹਾਇਆ । ਆਪਣਾ ਗਦਾ ਆਪ ਅਖਵਾ, ਘਰ ਆਪਣਾ ਵੇਖ ਵਖਾਇਆ । ਆਪਣਾ ਮਤਾ ਆਪ ਪਕਾ, ਆਪਣਾ ਹੁਕਮ ਚਲਾਇਆ । ਲੋਕਮਾਤ ਵੇਖੇ ਆਪਣਾ ਰਾਹ, ਆਪ ਆਪਣਾ ਮਾਰਗ ਲਾਇਆ । ਸ਼ਬਦ ਸਰੂਪੀ ਬਣ ਮਲਾਹ, ਇਕ ਮੁਹੰਮਦ ਲਿਆ ਉਠਾਇਆ । ਏਕਾ ਅਲਫ ਲਿਆ ਪੜ੍ਹਾ, ਏਕਾ ਦਰ ਖੁਲ੍ਹਾਇਆ । ਏਕਾ ਨਾਅਰਾ ਲਿਆ ਸੁਣਾ, ਏਕਾ ਆਇਤ ਪੜ੍ਹਾਇਆ । ਕਾਇਨਾਤ ਸਾਰੀ ਵੇਖ ਵਖਾ, ਕਲਮੀ ਕਲਮਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਵੇਸ ਵਟਾਇਆ । ਸ਼ਬਦ ਅਮਾਮ ਕਲਮਾ ਏਕ, ਏਕ ਨੂਰ ਅਲਾਹੀਆ । ਏਕਾ ਨੇਤਰ ਰਿਹਾ ਵੇਖ, ਏਕਾ ਦੀਨ ਸਲਾਹੀਆ । ਏਕਾ ਔਲੀਆ ਏਕਾ ਪੀਰ ਸ਼ੇਖ਼, ਦਸਤਗੀਰ ਇਕ ਅਖਵਾਈਆ । ਏਕਾ ਮੁੱਲਾਂ ਇਕ ਮੁਸਾਇਕ ਏਕਾ ਧਾਰੇ ਭੇਖ, ਪਰਵਰਦਿਗਾਰ ਇਕ ਅਖਵਾਈਆ । ਏਕਾ ਲਾਵਣਹਾਰਾ ਮੇਖ, ਏਕਾ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਦਏ ਵਡਿਆਈਆ । ਸ਼ਬਦੀ ਸ਼ਬਦ ਕਰ ਪਸਾਰਾ, ਸ਼ਬਦੀ ਵੇਸ ਵਟਾਇਆ । ਮਹਿਬਾਨ ਬੀਦੋ ਬੀ ਖੈਰ ਯਾ ਅੱਲਾ ਏਕੰਕਾਰਾ, ਏਕਾ ਕਰਨੀ ਰਿਹਾ ਕਰਾਇਆ । ਆਦਿ ਸ਼ਕਤ ਸੇਵਾਦਾਰਾ, ਆਦਿ ਨਿਰੰਜਣ ਸੰਗ ਰਖਾਇਆ । ਜੋਤ ਨਿਰੰਜਣ ਮੇਲਾ ਕੰਤ ਭਤਾਰਾ, ਨਾਰੀ ਪੁਰਖਾ ਰੂਪ ਵਟਾਇਆ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਇਆ । ਹੱਕ ਹਕੀਕਤ ਵੇਖ ਕਿਨਾਰਾ, ਲਾਸ਼ਰੀਕ ਆਪ ਖ਼ੁਦਾਇਆ । ਐਨਲਹੱਕ ਕਰ ਪਿਆਰਾ, ਮੁਕਾਮੇ ਹੱਕ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਦਿਤਾ ਵਰ, ਸ਼ਬਦ ਸ਼ਬਦੀ ਰਿਹਾ ਚਲਾਇਆ । ਸ਼ਬਦ ਡੋਰ ਹੱਥ ਕਰਤਾਰ, ਆਪਣੀ ਆਪ ਰਖਾਈਆ । ਵੇਖ ਵਖਾਣੇ ਚਾਰ ਯਾਰ, ਸੰਗ ਮੁਹੰਮਦ ਦਏ ਸਲਾਹੀਆ । ਅੱਲਾ ਰਾਣੀ ਇਕ ਪਿਆਰ, ਸਿਰ ਬਸਤਰ ਏਕਾ ਪਾਈਆ । ਵੇਖ ਵਖਾਣੇ ਹਰਿ ਪਰਵਰਦਿਗਾਰ, ਚੌਦਾਂ ਤਬਕਾਂ ਫੋਲ ਫੋਲਾਈਆ । ਚੌਦਾਂ ਹੱਟਾਂ ਵਣਜ ਵਾਪਾਰ, ਏਕਾ ਰਿਹਾ ਕਰਾਈਆ । ਤੋਲਾ ਤੋਲ ਤੋਲੇ ਅਪਰ ਅਪਾਰ, ਨਾਮ ਵਟਾ ਏਕਾ ਪਾਈਆ । ਬੋਲੀ ਬੋਲਾ ਬੋਲੇ ਸ਼ਬਦ ਜੈਕਾਰ, ਏਕਾ ਨਾਅਰਾ ਲਾਈਆ । ਕਲਜੁਗ ਵੇਖੇ ਤੇਰਾ ਕੂੜ ਪਸਾਰ, ਕੂੜੀ ਕਿਰਿਆ ਕਿਰਤ ਕਮਾਈਆ । ਮਿਲਿਆ ਮੇਲ ਮੀਤ ਮੁਰਾਰ, ਮੁਹੰਮਦ ਮੁਹੰਮਦੀ ਸੰਗ ਰਖਾਈਆ । ਅੰਤਮ ਅਹਿਮਦੀ ਪਾਰ ਕਿਨਾਰ, ਚੌਦਾਂ ਚੌਦਾਂ ਦਏ ਦੁਹਾਈਆ । ਚੌਦਾਂ ਚੌਦਾਂ ਰੋਵਣ ਜ਼ਾਰੋ ਜ਼ਾਰ, ਸਤਿ ਸਤਿ ਪੁਰਖ ਵੱਡੀ ਵਡਿਆਈਆ । ਏਕਾ ਸ਼ਰਅ ਸ਼ਰਾਇਤ ਕਰ ਤਿਆਰ, ਸ਼ਾਹ ਸ਼ਹਾਨਾ ਦਏ ਜਣਾਈਆ । ਤੀਸ ਬਤੀਸਾ ਸੇਵਾਦਾਰ, ਰਸਨਾ ਜਿਹਵਾ ਰਿਹਾ ਹਿਲਾਈਆ । ਕੁਰਾਨ ਹਦੀਸਾ ਅਪਰ ਅਪਾਰ, ਬੀਸ ਬੀਸਾ ਆਪ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਗ ਮੁਹੰਮਦ ਵੇਖ ਵਖਾਈਆ । ਸੰਗ ਮੁਹੰਮਦ ਚਾਰ ਯਾਰ, ਚਾਰ ਯਾਰੀ ਵਡ ਵਡਿਆਈਆ । ਚਾਰੋਂ ਕੁੰਟ ਹਾਹਾਕਾਰ, ਜੀਵ ਜੰਤ ਰਹੇ ਕੁਰਲਾਈਆ । ਧਰਤ ਮਾਤ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਸਾਧਾਂ ਸੰਤਾਂ ਹਾਹਾਕਾਰ, ਅੱਠੇ ਪਹਿਰ ਧੁਨ ਉਪਜਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਆਪ ਆਪਣੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਆਪ ਆਪਣੀ ਬੂਝ ਬੁਝਾਈਆ । ਸ਼ਬਦ ਗੁਰ ਵਡ ਵਡ ਗਿਆਤਾ, ਹਰਿ ਆਪਣਾ ਆਪ

੫੪੩ ੦੨

ਉਪਾਇਆ । ਉਤਮ ਰੱਖਣੀ ਏਕਾ ਜਾਤਾ, ਵਰਨ ਬਰਨ ਵਿਚ ਨਾ ਆਇਆ । ਆਦਿ ਸ਼ਕਤ ਬਣੀ ਸਾਚੀ ਮਾਤਾ, ਅਕਾਲ ਪੁਰਖ ਪਿਤਾ ਨਾਉਂ ਧਰਾਇਆ । ਜੁਗ ਜੁਗ ਲੋਕਮਾਤ ਮਿਟੇ ਅੰਧੇਰੀ ਰਾਤਾ, ਏਕਾ ਸਾਚਾ ਚੰਦ ਚੜ੍ਹਾਇਆ । ਧੁਰਦਰਗਾਹੀ ਦੇਵੇ ਸਾਚੀ ਦਾਤਾ, ਸਾਚੀ ਭਿਛਿਆ ਝੋਲੀ ਪਾਇਆ । ਗਊ ਗ਼ਰੀਬਾਂ ਪੁੱਛੇ ਵਾਤਾ, ਆਵੇ ਜਾਵੇ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਤ ਮਾਤ ਦਿਤਾ ਵਰ, ਏਕਾ ਧੀਰਜ ਧੀਰ ਬੰਧਾਇਆ । ਧਰਤ ਮਾਤ ਸੁਣ ਪੁਕਾਰ, ਹਰਿ ਸਾਚੇ ਨੈਣ ਉਘਾੜਿਆ । ਨੇਤਰ ਨੀਰ ਨਾ ਵਹੌਣਾ ਜ਼ਾਰੋ ਜ਼ਾਰ, ਪ੍ਰਭ ਪਾਵਣਹਾਰਾ ਸਾਰਿਆ । ਲੋਕਮਾਤ ਕਰੇ ਵਿਚਾਰ, ਆਪ ਆਪਣਾ ਖੇਲ ਖਿਲਾ ਰਿਹਾ । ਆਪਣਾ ਅੰਗ ਕਰੇ ਭੰਗ, ਚਾੜ੍ਹੇ ਰੰਗ ਸ੍ਰਿਸ਼ਟ ਸਬਾਈ ਅਪਰ ਅਪਾਰਿਆ । ਅਨਾਥ ਅਨਾਥਾਂ ਕਟੇ ਭੁੱਖ ਨੰਗ, ਦੇਵੇ ਨਾਮ ਸ਼ਬਦ ਸਹਾਰਿਆ । ਇਕ ਵਜਾਏ ਸੱਚਾ ਮਰਦੰਗ, ਤਾਲ ਆਪਣਾ ਆਪ ਵਖਾ ਰਿਹਾ । ਸ਼ਬਦ ਗੁਰ ਲੋਆਂ ਪੁਰੀਆਂ ਆਪੇ ਲੰਘ, ਲੋਕਮਾਤ ਧਰਤ ਸੁਹਾ ਰਿਹਾ । ਨਾਨਕ ਆਤਮ ਸੇਜ ਵਛਾਈ ਸਚ ਪਲੰਘ, ਹਰਿ ਸਾਚਾ ਆਸਣ ਲਾ ਰਿਹਾ । ਨਿਰਗੁਣ ਰੂਪ ਲਾਇਆ ਆਪਣੇ ਅੰਗ, ਨਿਰਗੁਣ ਨਿਰਗੁਣ ਵਿਚ ਸਮਾ ਰਿਹਾ । ਸਰਗੁਣ ਹੋਇਆ ਸੂਰਾ ਸਰਬੰਗ, ਹਰਿ ਸਾਚੇ ਦਰਸ਼ਨ ਪਾ ਰਿਹਾ । ਦੋਏ ਜੋੜ ਏਕਾ ਦਾਤ ਲਈ ਮੰਗ, ਖਿਮਾ ਗ਼ਰੀਬੀ ਤੇਰੇ ਚਰਨ ਦਵਾਰਿਆ । ਮਨ ਮਤ ਲੱਖ ਚੁਰਾਸੀ ਲੱਗਾ ਜੰਗ, ਨਾਮ ਸ਼ਸਤਰ ਸ਼ਬਦ ਖੰਡਾ ਦੇ ਅਪਰ ਅਪਾਰਿਆ । ਪਾਰਬ੍ਰਹਮ ਦਰ ਦਰਵੇਸ਼ ਨਾ ਗਿਆ ਸੰਗ, ਰਸਨਾ ਬੋਲੇ ਨਿਰੰਕਾਰ ਨਿਰੰਕਾਰ ਨਿਰੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਸਾਚਾ ਦਰ ਵਖਾ ਲਿਆ । ਦਰ ਦਰਵੇਸ਼ ਦਰ ਪਰਵਾਨਾ, ਨਾਨਕ ਨਿਰਗੁਣ ਰੂਪ ਵਟਾਇਆ । ਨਾ ਕੋਈ ਦੀਸੇ ਪੰਜ ਤਤ ਨਿਸ਼ਾਨਾ, ਘਰ ਸਾਚੇ ਆਸਣ ਲਾਇਆ । ਮਿਲਿਆ ਮੇਲ ਸ੍ਰੀ ਭਗਵਾਨਾ, ਥਿਰ ਘਰ ਸਾਚਾ ਵੇਖ ਵਖਾਇਆ । ਏਕਾ ਖੇਲ ਖੇਲ ਮਹਾਨਾ, ਨਿਰਗੁਣ ਨੂਰ ਹੋਏ ਰੁਸ਼ਨਾਇਆ । ਏਕਾ ਸ਼ਬਦ ਇਕ ਤਰਾਨਾ, ਏਕਾ ਗਾਣਾ ਰਿਹਾ ਗਾਇਆ । ਛੱਤੀ ਰਾਗ ਨਾ ਕੋਈ ਪਰਵਾਨਾ, ਰਾਗ ਰਾਗਨੀ ਨਾ ਕੋਈ ਸੁਣਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨਾ, ਆਪ ਆਪਣਾ ਨਾਦ ਰਿਹਾ ਵਜਾਇਆ । ਨਾਨਕ ਨਿਰਗੁਣ ਸੁਣੇ ਕਾਨਾ, ਏਕਾ ਕਾਨ ਰਖਾਇਆ । ਪਾਇਆ ਪਦ ਹਰਿ ਨਿਰਬਾਨਾ, ਹਰਿ ਹਰਿ ਵਿਚ ਸਮਾਇਆ । ਮਿਲਿਆ ਨਾਮ ਧੁਰ ਫ਼ਰਮਾਨਾ, ਨਾਮ ਸਤਿ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਰੱਖਣਹਾਰਾ ਪੱਤ ਦੋ ਜਹਾਨਾ ਹੋਏ ਸਹਾਇਆ । ਨਾਨਕ ਦਰ ਘਰ ਸਾਚਾ ਪਾ, ਦੋਏ ਜੋੜ ਕਰੇ ਨਿਮਸਕਾਰਾ । ਪ੍ਰਭ ਅਬਿਨਾਸ਼ੀ ਬੇਪਰਵਾਹ, ਦੇਵੇ ਸ਼ਬਦ ਹੁਲਾਰਾ । ਦੋਹਾਂ ਵਿਚੋਲਾ ਏਕਾ ਥਾਂ, ਨਾ ਕੋਈ ਦੂਸਰ ਪਾਰ ਕਿਨਾਰਾ । ਏਕਾ ਅੱਖਰ ਏਕਾ ਨਾਂ, ਚੌਥੇ ਜੁਗ ਆਪ ਵਿਚਾਰਾ । ਚੌਥੇ ਜੁਗ ਦਿਸੇ ਰਾਹ, ਚਾਰ ਅੱਖਰ ਕਰ ਪਿਆਰਾ । ਚਾਰ ਅੱਖਰ ਰੱਖੇ ਵੱਖਰ, ਸਤਿ ਨਾਮ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਅੱਖਰ ਖੋਲ੍ਹੇ ਕਿਵਾੜਾ । ਊੜਾ ਓਅੰਕਾਰ, ਹਰਿ ਰਘੁਰਾਇਆ । ਐੜਾ ਅੱਖ ਉਘਾੜ, ਹਰਿ ਹਰਿ ਦਰਸ਼ਨ ਪਾਇਆ । ਈੜੀ ਇਸ਼ਟ ਅਪਾਰ, ਨਾਨਕ ਗੁਰ ਇਕ ਮਨਾਇਆ । ਸੱਸਾ ਸਤਿਗੁਰ ਪੁਰਖ ਅਪਾਰ, ਸਤਿ ਸਰੂਪ ਸਮਾਇਆ । ਤਿੰਨ ਤਤ ਨਾ ਕਰੇ ਅਕਾਰ, ਨਾ ਕੋਈ ਅਕਾਰ ਰਖਾਇਆ । ਨੱਨਾ ਨਿਰਗੁਣ ਵੇਸ ਅਪਰ ਅਪਾਰ, ਨਿਝਧਾਰਾ ਰਿਹਾ ਚਲਾਇਆ । ਮੰਮਾ ਮੇਲਾ ਵਿਚ ਸੰਸਾਰ, ਨਾਨਕ ਨਾਮੇ ਨਾਮ ਮਿਲਾਇਆ । ਗੁਰ ਚੇਲਾ ਸੋਹੇ ਇਕ ਦਵਾਰਾ,


੫੪੪ ੦੭

Rev-01

ਚੇਲਾ ਗੁਰ ਵੇਖ ਵਖਾਇਆ । ਨਾਮ ਸਤਿ ਕਰ ਪਰਧਾਨ, ਚਾਰ ਕੁੰਟਾਂ ਚੱਕਰ ਚਲਾਇਆ । ਚਾਰ ਵਰਨਾਂ ਇਕ ਗਿਆਨ, ਏਕਾ ਮੰਤਰ ਦ੍ਰਿੜਾਇਆ । ਏਕਾ ਆਤਮ ਏਕਾ ਹਰਿ ਹਰਿ ਏਕਾ ਧਿਆਨ, ਪਾਰਬ੍ਰਹਮ ਇਕ ਅਖਵਾਇਆ । ਭਰਮੇ ਭੁੱਲੇ ਜੀਵ ਨਿਧਾਨ, ਮਾਇਆ ਬੰਧਨ ਬੰਧ ਬੰਧਾਇਆ । ਏਕਾ ਕਲਮਾ ਇਕ ਈਮਾਨ, ਏਕਾ ਪੂਜਾ ਪਾਠ ਵੇਦ ਪੁਰਾਨ, ਏਕਾ ਇਸ਼ਟ ਦੇਵ ਗੁਰ ਮਨਾਇਆ । ਏਕਾ ਜੋਤ ਸ੍ਰੀ ਭਗਵਾਨ, ਏਕਾ ਸ਼ਬਦ ਕਰੇ ਜਣਾਇਆ । ਜੁਗ ਜੁਗ ਖੇਲੇ ਖੇਲ ਮਹਾਨ, ਆਪ ਆਪਣੀ ਖੇਲ ਖਿਲਾਇਆ । ਕਲਜੁਗ ਕੂੜਾ ਕਰ ਪਰਵਾਨ, ਕੂੜ ਕੂੜੇ ਨਿਹੋਂ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸਤ ਹਰਿਜਨ ਝੋਲੀ ਪਾਈਆ । ਨਾਨਕ ਗੁਰ ਵਸਤ ਅਨਮੋਲ, ਚਾਰ ਵਰਨਾਂ ਰਿਹਾ ਵੰਡਾਈਆ । ਤੇਰਾਂ ਤੇਰਾਂ ਤੋਲੇ ਤੋਲ, ਕਲਜੁਗ ਕੰਡਾ ਹੱਥ ਉਠਾਈਆ । ਮਨਮੁਖ ਜੀਵ ਰਹੇ ਅਨਭੋਲ, ਭੇਵ ਕੋਈ ਨਾ ਪਾਈਆ । ਕਲਜੁਗ ਅੰਤਮ ਵੱਜਣ ਢੋਲ, ਚਾਰੋਂ ਕੁੰਟ ਹੋਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਇਹ ਸਮਝਾਈਆ । ਨਾਨਕ ਗੁਰ ਕਰ ਵਿਚਾਰ, ਸਤਿਗੁਰ ਪੁਰਖ ਮਨਾਇਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਸਦਾ ਸਦਾ ਚਿਤ ਲਾਇਆ । ਸਦਾ ਸੁਹੇਲਾ ਦੋ ਜਹਾਨ, ਨਿਤ ਨਵਿਤ ਵੇਖ ਵਖਾਇਆ । ਵੇਖ ਵਖਾਏ ਗੋਪੀ ਕਾਹਨ, ਰਾਸ ਮੰਡਲ ਡੇਰਾ ਲਾਇਆ । ਕਲਜੁਗ ਤੇਰੀ ਕੂੜ ਦੁਕਾਨ, ਸ੍ਰਿਸ਼ਟ ਸਬਾਈ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਦਿਤਾ ਵਰ, ਤੀਰ ਨਿਸ਼ਾਨਾ ਇਕ ਸਿਖਾਇਆ । ਤੀਰ ਨਿਸ਼ਾਨਾ ਮਾਰੇ ਮਾਰ, ਸ਼ਬਦ ਗੁਰ ਵਡਿਆਈਆ । ਨਾਨਕ ਗੁਰ ਆਰ ਪਾਰ, ਅੰਗਦ ਅੰਗ ਤੁੜਾਈਆ । ਅੰਗਦ ਹੋਇਆ ਖ਼ਬਰਦਾਰ, ਅਮਰਦਾਸੇ ਲਏ ਜਗਾਈਆ । ਅਮਰਦਾਸ ਮੀਤ ਮੁਰਾਰ, ਅਰਜਨ ਸੇਵ ਕਮਾਈਆ । ਅਰਜਨ ਹੋਇਆ ਠਾਂਡਾ ਦਰਬਾਰ, ਹਰਿਗੋਬਿੰਦ ਲਏ ਅੰਗੜਾਈਆ । ਹਰਿਗੋਬਿੰਦ ਜੋਧਾ ਸੂਰਬੀਰ ਬਲੀ ਧੀਰ ਬਲਵਾਨ, ਹਰਿ ਹਰਿ ਦਏ ਬੂਝ ਬੁਝਾਈਆ । ਹਰਿਰਾਏ ਹਰਿ ਪਾਏ ਸਾਰ, ਹਰਿਕ੍ਰਿਸ਼ਨਾ ਦਏ ਵਡਿਆਈਆ । ਹਰਿਕ੍ਰਿਸ਼ਨਾ ਬਾਲ ਨਿਧਾਨ, ਬਾਲ ਬਾਲਾ ਰੂਪ ਵਟਾਈਆ । ਤੇਗ ਬਹਾਦਰ ਹੋ ਮਿਹਰਵਾਨ, ਆਪ ਆਪਣਾ ਭੇਟ ਚੜ੍ਹਾਈਆ । ਗੁਰ ਗੋਬਿੰਦ ਕਰ ਨਿਸ਼ਾਨ, ਪੰਚਮ ਪੰਚਾਂ ਕਰੇ ਪੜ੍ਹਾਈਆ । ਪੰਚਮ ਮੇਲਾ ਦੋ ਜਹਾਨ, ਦਰ ਦਵਾਰੇ ਰਿਹਾ ਕਰਾਈਆ । ਮੰਦਰ ਵੇਖੇ ਸਚ ਮਕਾਨ, ਕਾਇਆ ਖੋਜ ਖੋਜਾਈਆ । ਏਕਾ ਦੇਵੇ ਧੁਰ ਫ਼ਰਮਾਣ, ਏਕਾ ਨਾਮ ਪੜ੍ਹਾਈਆ । ਊਚਾਂ ਨੀਚਾਂ ਇਕ ਗਿਆਨ, ਵਰਨ ਗੋਤ ਇਕ ਰਖਾਈਆ । ਅੰਮ੍ਰਿਤ ਸਾਚਾ ਪੀਣ ਖਾਣ, ਲੋਕਮਾਤ ਵੰਡ ਵੰਡਾਈਆ । ਸ਼ਬਦ ਖੰਡਾ ਤੀਰ ਕ੍ਰਿਪਾਨ, ਤਨ ਗਾਤਰੇ ਰਿਹਾ ਲਟਕਾਈਆ । ਕੇਸ ਸੀਸ ਹਰਿ ਜਗਦੀਸ, ਮੇਲ ਮੇਲਾ ਸਹਿਜ ਸੁਭਾਈਆ । ਧੀਰਜ ਯਤ ਸਤਿ ਸੰਤੋਖੀ ਕੱਛ ਗੁਰਮੁਖ ਤਨ ਪਹਿਨਾਈਆ । ਨਾਮ ਕੜਾ ਤੋੜ ਹੰਕਾਰੀ ਗੜਾ, ਏਕਾ ਤੰਦਨ ਹੱਥ ਬੰਧਾਈਆ । ਸਚ ਕੰਘਾ ਆਪਣੇ ਨਾਮ ਰੰਗਾ, ਦੁਰਮਤ ਮੈਲ ਦਏ ਗਵਾਈਆ । ਰਣਜੀਤ ਨਗਾਰਾ ਵੱਜੇ ਮਰਦੰਗਾ, ਅਨਹਦ ਢੋਲ ਸੇਵਾ ਲਾਈਆ । ਅੰਦਰ ਮੰਦਰ ਮਿਲੇ ਮੇਲ ਸੂਰਾ ਸਰਬੰਗਾ, ਨਾ ਮਰੇ ਨਾ ਜਾਈਆ । ਗੁਰਮੁਖ ਤੇਰੀ ਆਤਮ ਸੇਜਾ ਸ਼ਬਦ ਰੰਗੀਲੇ ਬੈਠ ਪਲੰਘਾ, ਦਿਵਸ ਰੈਣ ਨੈਣ ਉਠਾਈਆ । ਸਰ ਸਰੋਵਰ ਵਖਾਏ ਗੋਦਾਵਰੀ ਕੰਢਾ, ਨਾਦੇਰ ਦੇਰ ਲਾਈਆ । ਗੁਰਮੁਖਾਂ ਵੰਡਾਈ ਆਪਣੀ ਵੰਡਾ, ਆਪ ਆਪਣਾ ਭੇਟ ਚੜ੍ਹਾਈਆ । ਪਾਰਬ੍ਰਹਮ ਪ੍ਰਭ ਵੇਖਣਹਾਰਾ ਕੋਟਨ ਕੋਟ ਕੋਟ ਬ੍ਰਹਿਮੰਡਾ, ਬ੍ਰਹਿਮੰਡ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ

੫੪੫
੦੭

ਰਿਹਾ ਜਣਾਈਆ । ਗੁਰ ਗੋਬਿੰਦ ਜਗਤ ਜਣਾ, ਆਪਣਾ ਰੂਪ ਵਟਾਇਆ । ਪੁਰਖ ਅਬਿਨਾਸ਼ੀ ਦਏ ਸਲਾਹ, ਸਾਚਾ ਮਾਰਗ ਲਾਇਆ । ਸ਼ਬਦੀ ਸ਼ਬਦ ਬਣ ਮਲਾਹ, ਹਰਿਜਨ ਲਏ ਉਠਾਇਆ । ਜੋ ਖੋਜੇ ਸੋ ਲੇਵੇ ਪਾ, ਆਪਣਾ ਬੋਲ ਅਲਾਇਆ । ਮਨਮੁਖ ਭੁੱਲੇ ਕੋਈ ਜਾਣੇ ਨਾ, ਰਾਹ ਖੈਹਿੜਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਦਸਾਇਆ । ਗੁਰ ਗੋਬਿੰਦ ਹਰਿ ਕਰਤਾਰ, ਏਕਾ ਰੰਗ ਰੰਗਾਇਆ । ਦੋਹਾਂ ਮੇਲਾ ਇਕ ਦਵਾਰ, ਏਕਾ ਘਰ ਸੁਹਾਇਆ । ਏਕਾ ਮੰਗੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹਿਆ । ਏਕਾ ਬਣੇ ਦਾਤਾ ਦਾਨੀ ਵਡ ਦਾਤਾਰ, ਆਪਣੀ ਭਿਛਿਆ ਦੇਵੇ ਝੋਲੀ ਪਾਇਆ । ਸੁਣਾਏ ਸ਼ਬਦ ਅਪਰ ਅਪਾਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਜੁਗ ਜੁਗ ਖੇਲ ਹਰਿ ਨਿਰੰਕਾਰ, ਲੋਕਮਾਤੀ ਵੇਸ ਵਟਾਇਆ । ਆਵਣ ਜਾਵਣ ਜਗਤ ਪਿਆਰ, ਗੁਰਮੁਖਾਂ ਲਏ ਤਰਾਇਆ । ਗੁਰ ਗੋਬਿੰਦ ਬੋਲੇ ਲਲਕਾਰ, ਤੇਰਾ ਭਾਣਾ ਮੋਹੇ ਭਾਇਆ । ਸੱਥਰ ਵਿਛਾਇਆ ਤੇਰਾ ਯਾਰ, ਸੂਲਾ ਸੇਜ ਹੰਢਾਇਆ । ਖੰਜਰ ਪਿਆਲਾ ਕਰ ਤਿਆਰ, ਗੁਰਮੁਖਾਂ ਲਹੂ ਚੁਆਇਆ । ਤੇਰੇ ਦਰ ਦਿਤਾ ਵਾਰ, ਤੇਰਾ ਤੇਰੀ ਝੋਲੀ ਪਾਇਆ । ਤੇਰਾ ਮੇਰਾ ਰਿਹਾ ਆਧਾਰ, ਮੇਰਾ ਕਰਜ਼ਾ ਤੇਰੇ ਸਿਰ ਰਖਾਇਆ । ਅੱਗੋਂ ਬੋਲੇ ਨਰ ਨਿਰੰਕਾਰ, ਗੁਰ ਗੋਬਿੰਦ ਆਪ ਮਨਾਇਆ । ਗੁਰ ਗੋਬਿੰਦ ਤੇਰਾ ਬੋਲਾ ਹੋਏ ਜੈਕਾਰ, ਜੈ ਜੈਕਾਰਾ ਨਾਉਂ ਧਰਾਇਆ । ਨਿਰਗੁਣ ਜੋਤ ਜਗੇ ਅਗੰਮ ਅਪਾਰ, ਦਿਸ ਕਿਸੇ ਨਾ ਆਇਆ । ਗੁਰਸਿਖ ਉਠਾਏ ਜਿਉਂ ਆਲਣਿਉਂ ਡਿਗੇ ਬੋਟ, ਆਪ ਆਪਣੀ ਗੋਦ ਉਠਾਇਆ । ਤੇਰੇ ਤਨ ਸ਼ਬਦ ਨਗਾਰੇ ਲੱਗੇ ਚੋਟ, ਦੋ ਜਹਾਨਾਂ ਦਏ ਸੁਣਾਇਆ । ਲੱਖ ਚੁਰਾਸੀ ਕੱਢੇ ਖੋਟ, ਭੁੱਲ ਰਹੇ ਨਾ ਰਾਇਆ । ਭੇਖ ਪਖੰਡੀ ਸਾਧ ਸੰਤ ਪਕੜ ਉਠਾਏ ਕੋਟੀ ਕੋਟ, ਤੀਰਥ ਤੱਟਾਂ ਫੇਰਾ ਪਾਇਆ । ਕਲਜੁਗ ਕਾਲਾ ਕਾਲੀ ਬੰਨੀ ਫਿਰੇ ਲੰਗੋਟ, ਚਾਰੋਂ ਕੁੰਟ ਉਠ ਉਠ ਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਲਏ ਵਡਿਆਇਆ । ਗੁਰ ਗੋਬਿੰਦ ਹਰਿ ਦਰ ਪਾ, ਨੇਤਰ ਨੈਣ ਉਘਾੜਿਆ । ਤੇਰਾ ਤੇਰੇ ਲਹਿਣੇ ਦਿਤਾ ਪਾ, ਤੇਰਾ ਕਾਰਜ ਤੇਰੇ ਆਪ ਸਵਾਰਿਆ । ਤੇਰਾ ਭਾਣਾ ਸਹਿਣਾ ਤੇਰੇ ਦਰ ਰਿਹਾ ਸੁਣਾ, ਮੇਰਾ ਤੇਰਾ ਇਕ ਕਿਨਾਰਿਆ । ਵੰਞ ਮੁਹਾਨਾ ਏਕਾ ਚੱਪੂ ਲਾ, ਏਕਾ ਬੇੜਾ ਅਪਰ ਅਪਾਰਿਆ । ਏਕਾ ਖੇਵਟ ਖੇਟ ਨਾਮ ਧਰਾ, ਏਕਾ ਧੱਕਾ ਲਾ ਰਿਹਾ । ਪਿਤਾ ਪੂਤ ਮਾਤ ਪਿਤ ਬੇਟਾ ਗੋਦ ਉਠਾ, ਪਿਛਲਾ ਮੂਲ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣਾ ਵੇਸ ਵਟਾ ਰਿਹਾ । ਇਕ ਅਕੱਲਾ ਪੁਰਖ ਅਗੰਮ ਅਪਾਰਾ । ਆਪੇ ਵਸਿਆ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜਾ । ਆਪਣੀ ਜੋਤੀ ਦੀਪਕ ਆਪੇ ਬਲਾ, ਆਪਣਾ ਆਪ ਕੀਆ ਉਜਿਆਰਾ । ਆਪਣਾ ਘਰ ਆਪਣਾ ਦਰ ਹਰਿ ਆਪੇ ਮੱਲਾ, ਆਪੇ ਕਰੇ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਆਪ ਲਿਆ ਅਵਤਾਰਾ । ਹਰਿ ਅਵਤਾਰ ਜੋਤ ਸਰੂਪ, ਜੋਤੀ ਜਾਮਾ ਪਾਇਆ । ਰਾਜ ਰਾਜਨ ਸ਼ਾਹ ਭੂਪ, ਵਡ ਸਿਕਦਾਰ ਅਖਵਾਇਆ । ਡੰਕ ਵਜਾਏ ਚਾਰੋਂ ਕੁੰਟ, ਨਿਹਕਲੰਕਾ ਨਾਉਂ ਧਰਾਇਆ । ਮੇਟ ਮਿਟਾਏ ਜੂਠ ਝੂਠ ਪਖੰਡ, ਸਚ ਸੁੱਚ ਦਏ ਵਰਤਾਇਆ । ਜਨ ਭਗਤਾਂ ਆਪੇ ਜਾਏ ਤੁਠ, ਆਪ ਆਪਣਾ ਮੇਲ ਮਿਲਾਇਆ । ਅੰਤਮ ਕਰੇ ਏਕਾ ਮੁਠ, ਪੰਚਮ ਪੰਚਮ ਗੰਢ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ

ਅਖਵਾਇਆ । ਨਿਹਕਲੰਕ ਹਰਿ ਨਰਾਇਣ, ਨਿਰਗੁਣ ਜੋਤ ਜਗਾਈਆ । ਰਸਨਾ ਕਿਸੇ ਨਾ ਸਕੇ ਕਹਿਣ, ਵੇਦ ਪੁਰਾਨ ਨਾ ਕੋਈ ਅਲਾਈਆ । ਅੰਜੀਲ ਕੁਰਾਨ ਪਾਵੇ ਵੈਣ, ਅੰਤਮ ਰੋ ਰੋ ਦਏ ਦੁਹਾਈਆ । ਕਲਜੁਗ ਕੂੜਾ ਨਾਤਾ ਸਾਕ ਸੱਜਣ ਸੈਣ, ਪ੍ਰਭ ਸਾਚਾ ਰਿਹਾ ਤੁੜਾਈਆ । ਲਾੜੀ ਮੌਤ ਕਰੇ ਸ਼ੰਗਾਰ ਧਰਮ ਸਪੁਤਰੀ ਡੈਣ, ਚਾਰੋਂ ਕੁੰਟ ਨੈਣ ਉਠਾਈਆ । ਰਾਏ ਧਰਮ ਚੁਕਾਏ ਲਹਿਣ ਦੇਣ, ਲੱਖ ਚੁਰਾਸੀ ਵੇਖ ਵਖਾਈਆ । ਚਿਤਰ ਗੁਪਤ ਕਿਸੇ ਨਾ ਦੇਵੇ ਬਹਿਣ, ਲਿਖਿਆ ਲੇਖਾ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਅਖਵਾਈਆ । ਏਕਾ ਏਕ ਅਕਲ ਕਲ ਧਾਰੀ, ਆਦਿ ਪੁਰਖ ਅਖਵਾਇਆ । ਜੋਤੀ ਜਾਮਾ ਭੇਖਾ ਨਿਆਰੀ, ਏਕਾ ਡੰਕ ਵਜਾਇਆ । ਸ਼ਬਦ ਖੰਡਾ ਤੇਜ਼ ਕਟਾਰੀ, ਸੋ ਪੁਰਖ ਨਿਰੰਜਣ ਹੱਥ ਉਠਾਇਆ । ਹੰ ਹੰਗਤਾ ਕਰੇ ਖ਼ਵਾਰੀ, ਪੰਜ ਤਤ ਕਰੇ ਜਣਾਇਆ । ਮਤ ਬੁਧ ਹੋਏ ਪਨਹਾਰੀ, ਮਨ ਮਨੂਆ ਦਏ ਸਜਾਇਆ । ਸੁਰਤ ਸੁਰਤੀ ਕਰ ਪਿਆਰੀ, ਸ਼ਬਦ ਸ਼ਬਦੀ ਮੇਲ ਮਿਲਾਇਆ । ਖਿਚੀ ਜਾਏ ਵਾਰੋ ਵਾਰੀ, ਏਕਾ ਦੂਜਾ ਪੰਧ ਮੁਕਾਇਆ । ਤੀਜਾ ਨੈਣ ਰਿਹਾ ਉਘਾੜੀ, ਅੰਧ ਅੰਧੇਰ ਮਿਟਾਇਆ । ਚੌਥਾ ਪਦ ਇਕ ਨਿਰਬਾਨੀ, ਪਰਮ ਪੁਰਖ ਸਮਾਇਆ । ਪੰਚਮ ਮੇਲਾ ਸਾਚੇ ਹਾਣੀ, ਸਤਿਗੁਰ ਘਰ ਸੁਹਾਇਆ । ਛੇਵੇਂ ਛੱਪਰ ਛੰਨ ਨਾ ਕੋਇ ਵਖਾਨੀ, ਮੰਦਰ ਮਸਜਿਦ ਗੁਰੂਦਵਾਰ ਦਿਸ ਨਾ ਆਇਆ । ਸੱਤਵੇਂ ਮੇਲਾ ਪੁਰਖ ਸੁਲਤਾਨੀ, ਸਤਿ ਪੁਰਖਾ ਵੇਖ ਵਖਾਇਆ । ਅੱਠਵੇਂ ਅੱਠਾਂ ਤੱਤਾਂ ਕਰ ਕੁਰਬਾਨੀ, ਆਪ ਆਪਣਾ ਭੇਟ ਚੜ੍ਹਾਇਆ । ਨੌਵੇਂ ਨੌ ਦਰ ਹੋਏ ਖਾਲੀ, ਦਰ ਸਾਚਾ ਏਕਾ ਭਾਇਆ । ਦਸਵੇਂ ਮੇਲਾ ਹਰਿ ਸ਼ਬਦ ਪਾਲੀ, ਜੋਤੀ ਜੋਤ ਲਏ ਮਿਲਾਇਆ । ਅੰਮ੍ਰਿਤ ਨੀਰ ਸੁਹਾਏ ਸਾਚੇ ਤਾਲੀ, ਸਰ ਸਰੋਵਰ ਇਕ ਵਖਾਇਆ । ਅੰਮ੍ਰਿਤ ਫਲ ਲੱਗੇ ਕਾਇਆ ਡਾਲ੍ਹੀ, ਰਸ ਮਿਠਾ ਇਕ ਚਖਾਇਆ । ਪਾਰਬ੍ਰਹਮ ਪੁਰਖ ਪਰਖੋਤਮ ਮੂਰਤ ਅਕਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਏਕਾ ਦਰ ਏਕਾ ਹਰਿ ਏਕਾ ਘਰ ਏਕਾ ਦਏ ਸੁਹਾਇਆ । ਏਕਾ ਦਰ ਹਰਿ ਸੁਹੌਣਾ, ਘਰ ਸਾਚੇ ਵੱਜੀ ਵਧਾਈਆ । ਕਲਜੁਗ ਅੰਤਮ ਮੇਟ ਮਿਟੌਣਾ, ਜੂਠ ਝੂਠ ਰਹਿਣ ਨਾ ਪਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਚਾਰ ਵਰਨਾਂ ਕਰੇ ਕੁੜਮਾਈਆ । ਊਚਾਂ ਨੀਚਾਂ ਰਾਓ ਰੰਕਾਂ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹੌਣਾ, ਏਕਾ ਦਰ ਸੁਹਾਈਆ । ਏਕਾ ਰਾਗ ਸ੍ਰਿਸ਼ਟ ਸਬਾਈ ਗੌਣਾ, ਮੁਸਲਮ ਹਿੰਦੂ ਸਿਖ ਈਸਾਈ ਇਕ ਪੜ੍ਹਾਈਆ । ਸੋ ਪੁਰਖ ਨਿਰੰਜਣ ਸਾਚਾ ਜਾਪ ਜਪੌਣਾ, ਹੰ ਹੰਗਤਾ ਦਏ ਮਿਟਾਈਆ । ਧਰਮ ਨਿਸ਼ਾਨਾ ਇਕ ਝਲੌਣਾ, ਸੱਤਾਂ ਦੀਪਾਂ ਦਏ ਰਖਾਈਆ । ਨੌਂ ਖੰਡ ਏਕਾ ਮਾਰਗ ਲੌਣਾ, ਨੌਂ ਦਰ ਵੇਖ ਵਖਾਈਆ । ਕੋਟਨ ਕੋਟ ਕਾਇਆ ਗੜ੍ਹ ਬੰਕ ਦਵਾਰ ਸੁਹੌਣਾ, ਆਪ ਆਪਣੀ ਜੋਤ ਕਰੇ ਰੁਸ਼ਨਾਈਆ । ਸਚ ਸੁੱਚ ਸਤਿ ਸੰਤੋਖ ਸਤਿ ਵਰਤੌਣਾ, ਸਾਂਤਕ ਸਤਿ ਸਮਾਈਆ । ਕਲਜੁਗ ਜੀਵ ਕਾਗ ਫੜ ਫੜ ਹੰਸ ਬਣੌਣਾ, ਸੋਹੰ ਚੋਗ ਚੁਗਾਈਆ । ਚਰਨ ਦਵਾਰੇ ਆਪ ਰਖੌਣਾ, ਸਚਖੰਡ ਵੱਡੀ ਵਡਿਆਈਆ । ਲੱਖ ਚੁਰਾਸੀ ਫੰਦ ਕਟੌਣਾ, ਮਾਤ ਗਰਭ ਫੇਰ ਨਾ ਆਈਆ । ਰਾਏ ਧਰਮ ਦਰ ਬੰਦ ਕਰੌਣਾ, ਲਾੜੀ ਮੌਤ ਨਾ ਕਰੇ ਕੁੜਮਾਈਆ । ਸਤਿਗੁਰ ਪੂਰੇ ਹਾਜ਼ਰ ਹਜ਼ੂਰੇ ਏਕਾ ਸਗਨ ਮੁਖ ਲਗੌਣਾ, ਏਕਾ ਗੀਤ ਸੁਹਾਗੀ ਗਾਈਆ । ਧਾਮ ਅਵੱਲੜੇ ਮੇਲ ਮਿਲੌਣਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਪੰਚਮ ਸਖੀਆਂ ਮਿਲ ਮਿਲ ਮੰਗਲ ਗੌਣਾ, ਅਨਹਦ ਢੋਲ ਵਜਾਈਆ । ਨਿਰਗੁਣ ਰੂਪ ਸਤਿ ਸਾਂਤਕ ਜਿਸ ਜਨ ਪੌਣਾ, ਨਿਹਕਲੰਕ ਸੱਚੀ ਸਰਨਾਈਆ ।

ਗੋਬਿੰਦ ਗੋਬਿੰਦ ਸਿੰਘ ਹਰਿ ਦਰਸ ਦਿਖੌਣਾ, ਕਲਗੀ ਤੋੜਾ ਸੀਸ ਟਿਕਾਈਆ । ਮੁਕੰਦ ਮਨੋਹਰ ਹਰਿ ਨਜ਼ਰੀ ਔਣਾ, ਕਾਹਨਾ ਬੰਸਰੀ ਇਕ ਵਜਾਈਆ । ਰਾਮ ਰਾਮਾ ਵੇਸ ਵਟੌਣਾ, ਚਿੱਲਾ ਤੀਰ ਕਮਾਨ ਚੜ੍ਹਾਈਆ । ਅਸ਼ਟਭੁਜ ਹਰਿ ਸੰਗ ਰਖੌਣਾ, ਸਿੰਘ ਸ਼ੇਰ ਵੱਡੀ ਵਡਿਆਈਆ । ਆਦਿ ਸ਼ਕਤ ਹਰਿ ਖੇਲ ਖਿਲੌਣਾ, ਖੇਲੇ ਖੇਲ ਹਰ ਘਟ ਥਾਈਆ । ਆਦਿ ਨਿਰੰਜਣ ਆਪਣਾ ਕਰਮ ਕਮੌਣਾ, ਆਦਿ ਪੁਰਖ ਆਪ ਅਖਵਾਈਆ । ਅਕਾਲ ਮੂਰਤ ਨਾਉਂ ਧਰੌਣਾ, ਅਕਲ ਕਲਾ ਸਮਾਈਆ । ਅਜੂਨੀ ਰਹਿਤ ਇਕ ਸੁਤ ਉਪਜੌਣਾ, ਹਰਿ ਸ਼ਬਦੀ ਨਾਉਂ ਧਰਾਈਆ । ਪਾਰਬ੍ਰਹਮ ਅਬਿਨਾਸ਼ੀ ਆਪਣੀ ਗੋਦ ਉਠੌਣਾ, ਆਪੇ ਰਿਹਾ ਹਿਲਾਈਆ । ਜਿਸ ਜਨ ਆਪਣਾ ਆਪ ਆਪਣੇ ਮੰਦਰ ਆਪੇ ਪੌਣਾ, ਆਏ ਚਲ ਸੱਚੀ ਸਰਨਾਈਆ । ਪਰਖਣਹਾਰਾ ਅਵਣਾ ਗਵਣਾ, ਅਵਣ ਗਵਣ ਪਾਰ ਕਰਾਈਆ । ਜੁਗ ਜੁਗ ਪੂਰਨ ਭਗਵੰਤ ਭਗਤ ਪੂਰੀ ਕਰਨਹਾਰਾ ਭਾਵਨਾ, ਜੋ ਭਾਵਨੀ ਮਨ ਰਖਾਈਆ । ਭੇਸ ਵਟਾਏ ਜਿਉਂ ਬਲ ਦਵਾਰੇ ਬਾਵਨਾ, ਕਲਜੁਗ ਸ਼ੁਕਰ ਪਰੋਹਤ ਆਪਣੀ ਅੱਖ ਕਢਾਈਆ । ਗੁਰਸਿਖ ਪਕੜਨ ਆਇਆ ਦਾਮਨਾ, ਗੁਰ ਗੋਬਿੰਦ ਹੱਥ ਵਡਿਆਈਆ । ਸਤਿਗੁਰ ਪੂਰਾ ਬਣਿਆ ਜ਼ਾਮਨਾ, ਨਾ ਸਕੇ ਕੋਇ ਲੜ ਛੁਡਾਈਆ । ਨੇੜ ਨਾ ਆਏ ਤ੍ਰਿਸਨਾ ਕਾਮਨਾ, ਤਾਮਸ ਤ੍ਰਿਸਨਾ ਦਏ ਜਲਾਈਆ । ਮੋਹ ਚੁਕਾਏ ਕਾਮਨ ਕਾਮਨਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਮਿਟੇ ਰੈਣ ਅੰਧੇਰੀ ਸ਼ਾਮਨਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਗੁਰਸਿਖਾਂ ਲਹਿਣਾ ਦੇਣਾ ਚੁੱਕੇ ਆਹਮਣੇ ਸਾਮ੍ਹਣਾ, ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਮੇਟਣ ਆਇਆ ਕਾਲੀ ਸ਼ਾਹੀਆ । ਕਲਜੁਗ ਕੂੜਾ ਲੱਗਾ ਦਾਗ਼, ਨਾ ਕੋਇ ਮਾਤ ਧੁਆਇਆ । ਜੀਵ ਜੰਤ ਬਣੇ ਕਾਗ, ਜੂਠ ਝੂਠ ਵਿਸ਼ਟਾ ਮੁਖ ਰਖਾਇਆ । ਕੋਇ ਨਾ ਸੁਣੇ ਆਤਮ ਅੰਤਰ ਅਨਹਦ ਰਾਗ, ਘਰ ਘਰ ਵਾਜੇ ਰਿਹਾ ਵਜਾਇਆ । ਸੁਰਤ ਸਵਾਣੀ ਨਾ ਗਈ ਜਾਗ, ਪੰਚ ਵਿਕਾਰਾ ਰਿਹਾ ਜਗਾਇਆ । ਘਰ ਸਾਜਨ ਸਾਚੇ ਨਾ ਲਾਇਆ ਭਾਗ, ਤਨ ਮੁਨਾਰਾ ਖਾਲੀ ਇਕ ਦਿਸਾਇਆ । ਦੀਪਕ ਜੋਤ ਨਾ ਜਗੇ ਚਿਰਾਗ਼, ਦੀਵਾ ਬੱਤੀ ਨਾ ਕੋਇ ਟਿਕਾਇਆ । ਨਹਾਵਣ ਨਹਾਏ ਨਾ ਮਜਨ ਮਾਘ, ਸਰ ਸਰੋਵਰ ਨਾ ਵੇਖ ਵਖਾਇਆ । ਕਲਜੁਗ ਜੀਵ ਹੋਏ ਕਾਗ, ਦਿਵਸ ਰੈਣ ਰਹੇ ਕੁਰਲਾਇਆ । ਮੰਦਰ ਮਸਜਿਦ ਗੁਰੂਦਵਾਰੇ ਗਾ ਗਾ ਥੱਕੇ ਆਪਣਾ ਰਾਗ, ਨਾਦੀ ਰਾਗ ਕਿਸੇ ਨਾ ਗਾਇਆ । ਘਰ ਘਰ ਨਾਰੀ ਸੇਜ ਹੰਢਾਏ ਜਗਤ ਸੁਹਾਗ, ਸਾਚਾ ਕੰਤ ਨਾ ਕਿਸੇ ਹੰਢਾਇਆ । ਘਰ ਘਰ ਚੁੱਲੇ ਅਗਨੀ ਮਿਲੇ ਆਗ, ਅਗਨ ਤਤ ਨਾ ਕਿਸੇ ਜਲਾਇਆ । ਮਾਤ ਪਿਤ ਪੁੱਤਰ ਧੀਆਂ ਹੋਇਆ ਵੈਰਾਗ, ਬਿਰਹੋਂ ਵੈਰਾਗ ਨਾ ਕੋਈ ਸਤਾਇਆ । ਆਪਣੀ ਕਰਨੀ ਆਪੇ ਗਏ ਲਾਗ, ਆਪ ਆਪਣਾ ਕਰਮ ਕਮਾਇਆ । ਆਪਣਾ ਮੰਦਰ ਮਹੱਲ ਅਟੱਲ ਨਾ ਵੇਖਿਆ ਭਾਗ, ਚਾਰੋਂ ਕੁੰਟ ਉਠ ਉਠ ਧਾਇਆ । ਸਤਿਗੁਰ ਪੂਰੇ ਚਰਨੀ ਗਿਆ ਨਾ ਲਾਗ, ਮੂਰਖ ਮੂੜ੍ਹੇ ਜਨਮ ਗਵਾਇਆ । ਕਾਇਆ ਮਾਟੀ ਝੂਠੀ ਦੇਹ ਮਲੰਮਾ ਪਾਜ, ਜਗਤ ਕੁਠਾਲੀ ਦਏ ਤਪਾਇਆ । ਗੁਰਮੁਖ ਨਾਮ ਸਵਰਨ ਉਤੇ ਲੱਗੇ ਸੁਹਾਗ, ਕੰਚਨ ਰੂਪ ਵਟਾਇਆ । ਸਤਿ ਸੰਤੋਖ ਤਨ ਬੱਧਾ ਕਿਸੇ ਨਾ ਤਾਗ, ਮਾਵਾਂ ਪੁਤਰਾਂ ਤਨ ਤੜਾਗ ਰਖਾਇਆ । ਅੰਤਮ ਕਿਸੇ ਨਾ ਪਕੜੀ ਵਾਗ, ਬੇਮੁਹਾਰਾ ਉਠ ਉਠ ਧਾਇਆ । ਮਨੂਆ ਮਨ ਨਾ ਲਿਆ ਸਾਧ, ਮਨ ਕਾ ਮਣਕਾ ਨਾ ਫੇਰ ਫਿਰਾਇਆ । ਮਤ ਮਤਵਾਲੀ ਨਾ ਸੁਣਿਆ ਰਾਗ, ਆਪ ਆਪਣਾ ਮਤਾ ਪਕਾਇਆ । ਬੁੱਧੀ ਸੋਈ ਨਾ ਗਈ ਜਾਗ, ਕਲਜੁਗ ਪੜਦਾ ਪਾਇਆ । ਨਾਤਾ ਜੋੜਿਆ ਜਗਤ ਸੱਜਣ

੫੪੮
੦੨

ਸਾਕ, ਹਰਿ ਸੱਜਣ ਦਿਸ ਨਾ ਆਇਆ । ਗੁਰ ਦਰ ਮੰਦਰ ਧੀਆਂ ਭੈਣਾਂ ਰਹੇ ਝਾਕ, ਆਪਣੇ ਅੰਦਰ ਝਾਕ ਨਾ ਕੋਈ ਲਗਾਇਆ । ਰੈਣ ਸਬਾਈ ਮੂਰਖ ਝੂਠੇ ਧੰਦੇ ਖੋਲ੍ਹਣ ਤਾਕ, ਆਪਣਾ ਤਾਕ ਨਾ ਕੋਈ ਖੁਲ੍ਹਾਇਆ । ਹਉਮੇ ਹੰਗਤਾ ਮਾਇਆ ਮਮਤਾ ਚੜ੍ਹੇ ਰਾਕ, ਸ਼ਬਦ ਅਸਵ ਨਾ ਕੋਈ ਦੌੜਾਇਆ । ਸਾਧ ਸੰਤ ਜੀਵ ਜੰਤ ਬਣ ਬਣ ਬੈਠੇ ਪਾਕੀ ਪਾਕ, ਪੱਤਤ ਪਾਵਨ ਨਾ ਕੋਈ ਮਨਾਇਆ । ਦੂਰ ਦੁਰੇਡੇ ਦੇਸ ਪਰਦੇਸ ਲਿਖ ਲਿਖ ਭੇਜਣ ਡਾਕ, ਆਪਣਾ ਸੁਨੇਹੜਾ ਗੁਰ ਗੋਬਿੰਦ ਨਾ ਕਿਸੇ ਘਲਾਇਆ । ਘਰ ਘਰ ਬੈਠੇ ਕਰੋੜੀ ਲੱਖ, ਨਾਮ ਵਣਜ ਨਾ ਕੋਈ ਰਖਾਇਆ । ਰੁੱਤ ਬਸੰਤ ਵੇਖੇ ਫੁੱਲ ਫਲ ਡਾਲ੍ਹੀ ਪਤ, ਆਪਣਾ ਸਿਮਲ ਨਾ ਕਿਸੇ ਲਹਿਰਾਇਆ । ਭੈਣ ਭਰਾਵਾਂ ਪੁੱਛਦੇ ਫਿਰਦੇ ਵਾਤ, ਆਪਣੀ ਸੂਝ ਨਾ ਕੋਈ ਕਰਾਇਆ । ਸ਼ਾਹ ਬਾਣੀਆ ਲੇਖਾ ਕੱਢੀ ਫਿਰਦੇ ਬਾਕੀ ਬਾਕ, ਆਪਣੀ ਬਾਕੀ ਨਾ ਕੋਈ ਜਣਾਇਆ । ਭਰ ਭਰ ਪਿਆਲੇ ਮਦਿ ਪਿਆਵਣ ਬਣ ਬਣ ਸਾਕ, ਸਾਚਾ ਸਾਕੀ ਦਿਸ ਨਾ ਆਇਆ । ਮਨ ਮਤ ਬੁਧ ਕਰ ਕਰ ਵੇਸ ਹੋਏ ਚਲਾਕ, ਗੁਰਮਤ ਭੇਵ ਨਾ ਰਾਇਆ । ਕਰ ਕਰ ਥੱਕੇ ਪੂਜਾ ਪਾਠ, ਇਸ਼ਟ ਦੇਵ ਦਿਸ ਨਾ ਆਇਆ । ਨਹਾ ਨਹਾ ਥੱਕੇ ਤੀਰਥ ਤਾਟ, ਦੁਰਮਤ ਮੈਲ ਨਾ ਕੋਈ ਗਵਾਇਆ । ਵਣਜ ਕਰ ਕਰ ਅੱਕੇ ਹਾਟੇ ਹਾਟ, ਨਾਮ ਹੱਟ ਨਾ ਕੋਈ ਖੁਲਾਇਆ । ਕਾਇਆ ਬਸਤਰ ਅੰਤਮ ਜਾਣਾ ਪਾਟ, ਥਿਰ ਕੋਈ ਰਹਿਣ ਨਾ ਪਾਇਆ । ਗੁਰਸਿਖ ਗੁਰਚਰਨ ਦਵਾਰਾ ਔਖਾ ਘਾਟ, ਗੁਰਮੁਖ ਵਿਰਲੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਘਰ ਏਕਾ ਦਰ ਏਕਾ ਹਰਿ ਸੁਹਾਇਆ ।



### * ੧੩ ਭਾਦਰੋਂ ੨੦੧੫ ਬਿਕ੍ਰਮੀ ਮਹਿੰਦਰ ਸਿੰਘ ਦੇ ਘਰ ਪਿੰਡ ਬਸਤੀ ਖ਼ਲੀਲ ਜ਼ਿਲਾ ਫਿਰੋਜ਼ਪੁਰ *

ਹਰਿ ਪੁਰਖ ਸਮਰਥ, ਹਰਿ ਹਰਿ ਨਾਉਂ ਧਰਾਇਆ । ਹਰਿ ਹਰਿਜਨ ਰੱਖੇ ਦੇ ਕਰ ਹੱਥ, ਆਦਿ ਜੁਗਾਦੀ ਸੇਵ ਕਮਾਇਆ । ਏਕਾ ਬਖ਼ਸ਼ੇ ਨਾਮ ਵੱਥ, ਧੁਰਦਰਗਾਹੀ ਝੋਲੀ ਪਾਇਆ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਦਰ ਦਵਾਰੇ ਆਇਆ । ਭਗਤ ਜਣਾਈ ਅਕਥਨਾ ਅਕਥ, ਅਕਥ ਕਥਾ ਸੁਣਾਇਆ । ਸ਼ਬਦ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਨਾਉਂ ਧਰਾਇਆ । ਜਗਤ ਵਿਕਾਰਾ ਦੇਵੇ ਮਥ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਇਆ । ਹਰਿ ਪੁਰਖ ਸਮਰਥ ਸਰਬ ਗੁਰ ਦੀਨਾ, ਸਾਰਿੰਗ ਧਰ ਅਖਵਾਇਆ । ਗੁਰਸਿਖ ਮੇਲ ਮਿਲਾਏ ਜਿਉਂ ਜਲ ਮੀਨਾ, ਜਲ ਧਾਰਾ ਮੁਖ ਚੁਆਇਆ । ਨੇਤਰ ਲੋਚਣ ਨੈਣ ਦਰਸ ਅਮੋਘ ਠਾਂਡਾ ਸੀਨਾ, ਤ੍ਰਿਸਨਾ ਭੁੱਖ ਮਿਟਾਇਆ । ਤਨ ਚੋਲੀ ਪੰਜ ਤਤ ਭੀਨਾ, ਭਿੰਨੜੀ ਰੈਣ ਸੁਹਾਇਆ । ਸਰਬ ਜੀਆਂ ਪ੍ਰਭ ਦਾਤਾ ਦਾਨਾ ਬੀਨਾ, ਬੀਨਾ ਦਾਨਾ ਆਪ ਹੋ ਆਇਆ । ਵੇਖ ਵਖਾਏ ਲੋਕਾਂ ਤੀਨਾਂ, ਲੋਕ ਪਰਲੋਕ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਹਰਿ ਪੁਰਖ ਸਮਰਥ ਗਹਿਰ ਗੰਭੀਰ, ਗੁਣਵੰਤ ਗੁਣ ਦਾਨਾ । ਜਨ ਭਗਤਾਂ ਦੇਵੇ ਆਤਮ ਨੀਰ, ਚਰਨ ਧੂੜ ਸੱਚਾ ਅਸ਼ਨਾਨਾ । ਕੱਟਣਹਾਰਾ ਅੰਤਮ ਭੀੜ, ਦੇਵੇ ਨਾਮ ਗੁਣ ਨਿਧਾਨਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਰਾਜ ਰਾਜਾਨਾ । ਜੋਤੀ

੫੫੦
੦੨

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤੀ ਖੇਲ ਖਿਲਾਨਾ । ਭਗਤੀ ਮੇਲ ਹਰਿ ਨਿਰੰਕਾਰ, ਹਰਿ ਹਰਿ ਆਪ ਕਰਾਇਆ । ਭਗਤ ਵਛਲ ਸੱਚੀ ਸਰਕਾਰ, ਸਚ ਸੁੱਚ ਰਿਹਾ ਵਰਤਾਇਆ । ਅਛਲ ਅਛੱਲ ਕਰੇ ਵਿਚ ਸੰਸਾਰ, ਭੇਵ ਕੋਈ ਨਾ ਰਾਇਆ । ਹਰਿਜਨ ਮੇਲਾ ਇਕ ਦਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਠਾਂਡਾ ਵੇਖਣ ਆਇਆ । ਠਾਂਡਾ ਘਰ ਸਚ ਦਵਾਰਾ, ਹਰਿ ਹਰਿ ਆਪ ਉਪਾਇਆ । ਆਪੇ ਵੇਖੇ ਏਕੰਕਾਰਾ, ਓਅੰਕਾਰਾ ਵੇਸ ਵਟਾਇਆ । ਕਰੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚੇ ਆਪ ਜਗਾ, ਆਪਣੀ ਕਲ ਵਰਤਾਈਆ । ਏਕਾ ਰਾਗ ਰਿਹਾ ਸੁਣਾ, ਨਾਦੀ ਧੁਨ ਵਜਾਈਆ । ਲਹਿਣਾ ਦੇਣਾ ਰਿਹਾ ਚੁਕਾ, ਹਰਿ ਵੱਡ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚੇ ਆਪ ਜਗਾ, ਆਪਣੀ ਕਲ ਵਰਤਾਈਆ । ਏਕਾ ਰਾਗ ਰਿਹਾ ਸੁਣਾ, ਨਾਦੀ ਧੁਨ ਵਜਾਈਆ । ਲਹਿਣਾ ਦੇਣਾ ਰਿਹਾ ਚੁਕਾ, ਹਰਿ ਵਡ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੇਲਾ ਮੇਲ ਮਿਲਾਈਆ । ਘਰ ਮੇਲਾ ਸਾਜਨ ਮੀਤੜਾ, ਹਰਿ ਹਰਿ ਪੁਰਖ ਅਪਾਰ । ਘਰ ਆਇਆ ਇਕ ਅਤੀਤੜਾ, ਸੋਹਿਆ ਬੰਕ ਦਵਾਰ । ਮਿਠਾ ਕਰੇ ਕਾਇਆ ਕੌੜਾ ਰੀਠੜਾ, ਦੇਵੇ ਨਾਮ ਅਧਾਰ । ਧਾਮ ਵਖਾਏ ਇਕ ਅਨਡੀਠੜਾ, ਦਿਸ ਨਾ ਆਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚਾ ਬਾਲ ਨਿਧਾਨ, ਹਰਿ ਸਾਚਾ ਵੇਖ ਵਖਾਇੰਦਾ । ਦਰ ਦਵਾਰਾ ਕਰ ਪਰਵਾਨ, ਭਗਤ ਭਗਵਾਨ ਮੇਲ ਮਿਲਾਇੰਦਾ । ਸ਼ਬਦ ਜਣਾਈ ਇਕ ਨਿਸ਼ਾਨ, ਦੋ ਜਹਾਨਾਂ ਵੇਖ ਵਖਾਇੰਦਾ । ਸਾਚੀ ਗੋਪੀ ਮੇਲਾ ਸਾਚੇ ਕਾਹਨ, ਹਰਿ ਸਾਚਾ ਧਾਮ ਸੁਹਾਇੰਦਾ । ਨਿਰਗੁਣ ਜੋਤ ਜਗੇ ਮਹਾਨ, ਸ਼ਬਦੀ ਡੰਕ ਵਜਾਇੰਦਾ । ਨਾਰਦ ਮੁਨ ਹੋ ਪਰਧਾਨ, ਏਕਾ ਦੂਜਾ ਰਾਹ ਵਖਾਇੰਦਾ । ਖੇਲੇ ਖੇਲ ਹੋ ਮਿਹਰਵਾਨ, ਮਿਹਰਵਾਨਾ ਨਾਉਂ ਧਰਾਇੰਦਾ । ਬਾਲ ਬਾਲੇ ਦੇਵੇ ਸ਼ਬਦ ਗਿਆਨ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਬਾਲ ਅਵਾਣਾ ਸਚ ਸੰਦੇਸ਼, ਏਕਾ ਸ਼ਬਦ ਜਣਾਈਆ । ਨਿਰਗੁਣ ਰੂਪ ਸਦਾ ਅਦੇਸ, ਅੰਦਰ ਮੰਦਰ ਸੀਸ ਝੁਕਾਈਆ । ਪਰਗਟ ਹੋਏ ਕਰ ਕਰ ਵੇਸ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵਣਹਾਰਾ ਵਰ, ਜੁਗ ਜੁਗ ਵੱਡੀ ਵਡਿਆਈਆ । ਭਗਤਨ ਮੇਲਾ ਭਗਤ ਦਵਾਰ, ਹਰਿ ਹਰਿ ਆਪ ਕਰਾਇੰਦਾ । ਆਪੇ ਖੇਲੇ ਖੇਲ ਖੇਲਣਹਾਰ, ਖੇਲ ਖਿਲੰਤਾ ਨਾਉਂ ਧਰਾਇੰਦਾ । ਸੱਜਣ ਸੁਹੇਲਾ ਮੀਤ ਮੁਰਾਰ, ਆਪ ਆਪਣਾ ਵੇਸ ਵਟਾਇੰਦਾ । ਦਰ ਸੁਹਾਏ ਬੰਕ ਦਵਾਰ, ਦਰ ਦਵਾਰੇ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖਣਹਾਰ ਬੇਅੰਤਾ, ਏਕਾ ਏਕ ਅਖਵਾਇਆ । ਗੁਰਮੁਖ ਉਧਾਰੇ ਸਾਚੇ ਸੰਤਾ, ਸਤਿਗੁਰ ਨਾਮ ਧਰਾਇਆ । ਬੈਠਾ ਰਹੇ ਇਕ ਇਕੰਤਾ, ਆਦਿ ਜੁਗਾਦੀ ਲੇਖ ਲਿਖਾਇਆ । ਲੋਕਮਾਤ ਹੋਏ ਮੰਗਤਾ, ਭਗਤ ਭਿਖਾਰੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਆਏ ਦਰ, ਬਾਲ ਅਵਾਣਾ ਗੋਦ ਉਠਾਇਆ । ਧਰੂ ਬਾਲਾ ਕਰ ਪਿਆਰ, ਆਪਣੀ ਦਇਆ ਕਮਾਈਆ ।

ਦੇਵੇ ਦਰਸ ਦਰ ਦਿਦਾਰ, ਹਰਿ ਹਰੀ ਵਡਿਆਈਆ । ਬਾਲ ਪ੍ਰਹਿਲਾਦ ਕਰ ਉਜਿਆਰ, ਨਿਰਗੁਣ ਜੋਤ ਰਿਹਾ ਦਰਸਾਈਆ । ਬਲ ਬਾਵਨ ਖੇਲ ਅਪਾਰ, ਗੁਰਮੁਖ ਸਾਚੇ ਮੇਲ ਮਿਲਾਈਆ । ਅਮਰੀਕ ਕਰਿਆ ਇਕ ਪਿਆਰ, ਦੁਰਬਾਸ਼ੇ ਮੁਖ ਭਵਾਈਆ । ਜਨਕ ਜਨ ਲਿਆ ਉਧਾਰ, ਆਪ ਆਪਣਾ ਸਿਰ ਹੱਥ ਟਿਕਾਈਆ । ਹਰੀ ਚੰਦ ਸੋਹੇ ਦਵਾਰ, ਰਾਣੀ ਤਾਰਾ ਨਾਲ ਰਲਾਈਆ । ਬਿਦਰ ਸੁਦਾਮਾ ਉਤਰਿਆ ਪਾਰ, ਨੇਤਰ ਨੈਣਾਂ ਦਰਸ਼ਨ ਪਾਈਆ । ਦਰੋਪਦ ਲੱਜਿਆ ਰੱਖੇ ਮੁਰਾਰ, ਹਰਿ ਵਡ ਵੱਡੀ ਵਡਿਆਈਆ । ਜੈ ਦੇਵ ਕਰੇ ਉਧਾਰ, ਪੱਤ ਪੱਤ ਡਾਲ੍ਹੀ ਵੇਖ ਵਖਾਈਆ । ਕਬੀਰ ਕਬੀਰਾ ਸੋਹੇ ਦਵਾਰ, ਚਰਨ ਕਵਲ ਕਵਲ ਚਰਨ ਟੇਕ ਰਖਾਈਆ । ਸੈਣ ਨਾਈ ਹੋਇਆ ਸਾਂਝਾ ਯਾਰ, ਰਾਜ ਦਵਾਰ ਸੇਵ ਕਮਾਈਆ । ਰੱਖੇ ਪੱਤ ਰਵਦਾਸ ਚੁਮਾਰ, ਸ਼ਬਦ ਕੰਗਨ ਇਕ ਪਹਿਨਾਈਆ । ਨਾਮਦੇਵ ਕਰਿਆ ਪਾਰ, ਸੱਤ ਦੋ ਨਾਲ ਰਲਾਈਆ । ਧੰਨਾ ਧੰਨ ਵਡਭਾਗਾ ਪਾਇਆ ਏਕਾ ਯਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਜੁਗ ਜੁਗ ਜਨ ਭਗਤਾਂ ਦਏ ਆਪ ਵਡਿਆਈਆ । ਭਗਤਨ ਮੀਤਾ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਹਰਿ ਅਪਾਰ, ਜੁਗ ਜੁਗ ਵੇਸ ਵਟਾਇੰਦਾ । ਪਤਤ ਪਾਪੀ ਲਾਵੇ ਪਾਰ, ਜਿਸ ਜਨ ਦਇਆ ਕਮਾਇੰਦਾ । ਗਣਕਾ ਅਜਾਮਲ ਨਾ ਹੋਏ ਖਵਾਰ, ਰਸਨਾ ਗੋਬਿੰਦ ਗਾਇੰਦਾ । ਪਾਪਨ ਪੂਤਨਾ ਦਿਤੀ ਤਾਰ, ਆਪ ਆਪਣੇ ਭਾਰ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਸਾਕ ਸੈਣ, ਹਰਿ ਸੇਣ ਆਪ ਤਰਾਇਆ । ਨਾਤਾ ਤੋੜੇ ਭਾਈ ਭੈਣ, ਏਕਾ ਨੇਤਰ ਨਾਮ ਦ੍ਰਿੜਾਇਆ । ਏਕਾ ਧਾਮ ਅਕੱਠੇ ਬਹਿਣ, ਘਰ ਸਾਚੇ ਮੰਗਲ ਗਾਇਆ । ਨਾ ਕੋਈ ਦਿਵਸ ਨਾ ਕੋਈ ਰੈਣ, ਘੜੀ ਪਲ ਨਾ ਕੋਈ ਜਣਾਇਆ । ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ ਪਾਤ, ਊਚ ਨੀਚ ਰਾਓ ਰੰਕ ਨਾ ਵੇਖ ਵਖਾਇਆ । ਜਿਸ ਜਨ ਮਿਲਿਆ ਹਰਿ ਕਮਲਾਪਾਤ, ਸੋ ਜਨ ਸਾਚਾ ਘਰ ਸਾਚੇ ਡੇਰਾ ਲਾਇਆ । ਅਬਿਨਾਸ਼ੀ ਕਰਤਾ ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਪੁੱਛਣਹਾਰਾ ਵਾਤ, ਲੋਕਮਾਤ ਆਵੇ ਜਾਵੇ ਫੇਰਾ ਪਾਇਆ । ਚਰਨ ਕਵਲ ਬੰਧਾਏ ਸਾਚਾ ਨਾਤ, ਚਰਨ ਦਵਾਰਾ ਇਕ ਵਖਾਇਆ । ਆਪ ਸੁਣਾਏ ਆਪਣੀ ਗਾਥ, ਗਾਵਣਹਾਰਾ ਨਾਮ ਧਰਾਇਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਧੁਰ ਦਾ ਲੇਖਾ ਰਹਿਣ ਨਾ ਪਾਇਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਤੀਰਥ ਨਹਾਏ ਅਠਸਠ, ਨਾ ਪਲੰਘ ਨਾ ਕੋਈ ਵਛੌਣਾ ਨਾ ਖਾਟ, ਨਾ ਕੋਈ ਕਿਨਾਰਾ ਤਟ ਨਾ ਕੋਈ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪ ਆਪਣੀ ਦਇਆ ਕਮਾਇਆ । ਭਗਤ ਅਧਾਰੀ ਆਪ ਹਰਿ, ਆਪਣੀ ਕਰਨੀ ਆਪੇ ਕਰ, ਆਪੇ ਵੇਖਣ ਆਇਆ । ਆਪਣੀ ਧਰਨੀ ਧਰਤ ਧਰਨੀ ਉਪਰ ਧਰ, ਆਪੇ ਧਰਤ ਧਵਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਡਿਆਇਆ । ਹਰਿਜਨ ਸਾਚਾ ਵਡ ਬਲਕਾਰ, ਹਰਿ ਹਰਿ ਆਪ ਉਪਾਇਆ । ਦੇਵੇ ਨਾਮ ਸ਼ਬਦ ਕਟਾਰ, ਸਾਚਾ ਖੰਡਾ ਹੱਥ ਉਠਾਇਆ । ਪੰਚਮ ਮਾਰੇ ਕਾਮ ਕਰੋਧ ਲੋਭ ਮੋਹ ਹੰਕਾਰ, ਪੰਚਮ ਲਏ ਜਗਾਇਆ । ਪੰਚਮ ਧੁਨ ਅਨਾਦੀ ਧਾਰ, ਪੰਚਮ ਰਾਗ ਅਲਾਇਆ । ਪੰਚਮ ਸੁਨ ਸਮਾਧੀ ਡਿਗੇ ਮੂਹ ਦੇ ਭਾਰ, ਪੰਚਮ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚੇ ਤੇਰਾ ਲਹਿਣਾ, ਜੁਗ ਜੁਗ ਆਪ ਚੁਕਾਇਆ । ਆਪੇ ਬਸਤਰ ਪਾਏ

ਗਹਿਣਾ, ਤਨ ਸ਼ੰਗਾਰ ਆਪ ਰਖਾਇਆ । ਆਪੇ ਵੇਖੇ ਨੇਤਰ ਨੈਣਾਂ, ਨੇਤਰ ਇਕ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਧੰਦੇ ਲਾਇਆ । ਧੰਦੇ ਲਾਏ ਵਡ ਬਜਵਾੜਾ, ਆਪਣਾ ਕਰਮ ਕਮਾਇੰਦਾ । ਡਾਕਾ ਮਾਰੇ ਦਿਨ ਦਿਹਾੜਾ, ਬਾਲਮੀਕ ਸਦਾਇੰਦਾ । ਮਿਲੇ ਮੇਲ ਜੰਗਲ ਜੂਹ ਉਜਾੜ ਪਹਾੜਾ, ਦੇ ਮਤ ਆਪ ਸਮਝਾਇੰਦਾ । ਪੰਚ ਤਤ ਨੌਂ ਦਰ ਮਨ ਮਤ ਬੁਧ ਇਕ ਅਖਾੜਾ, ਧਰਮ ਗਤ ਨਾ ਕੋਇ ਜਣਾਇੰਦਾ । ਬਹੱਤਰ ਨਾੜ ਵੱਜੇ ਤਾੜਾ, ਸਾਰਿੰਗੀ ਸਾਰੰਗ ਧਾਰ ਗੁਰਮਤ ਗੁਰਮੁਖ ਦਰ ਬਹਿ ਬਹਿ ਕੱਢੇ ਹਾੜਾ, ਗੁਰ ਪੂਰਾ ਸੇਵਾ ਲਾਇੰਦਾ । ਹਰਿ ਭਗਤ ਬਣਾਏ ਸਾਚਾ ਲਾੜਾ, ਸੀਸ ਸੇਹਰਾ ਨਾਮ ਗੁੰਦਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਦਰ, ਦਰ ਸਾਚਾ ਇਕ ਸੁਹਾਇੰਦਾ । ਦਰ ਸਾਚਾ ਹਰਿ ਦਇਆਵਾਨ, ਏਕਾ ਏਕ ਅਖਵਾਇਆ । ਭਗਤ ਵਛਲ ਸ੍ਰੀ ਭਗਵਾਨ, ਭਗਤ ਭਗਤੀ ਵੇਖ ਵਖਾਇਆ । ਜੀਵ ਜੰਤ ਨਾ ਜਾਣੇ ਜਗਤ ਨਿਧਾਨ, ਭੇਵ ਅਭੇਦਾ ਭੇਵ ਰਿਹਾ ਛੁਪਾਇਆ । ਬੱਧਕ ਮਾਰੇ ਤੀਰ ਬਾਣ, ਚਰਨ ਚਰਨਾ ਪਾਰ ਕਰਾਇਆ । ਬਾਂਹੋਂ ਪਕੜ ਗੁਣ ਨਿਧਾਨ, ਆਪ ਆਪਣੇ ਗਲੇ ਲਗਾਇਆ । ਤੇਰਾ ਮੇਰਾ ਮੇਲਾ ਦੋ ਜਹਾਨ, ਜੁਗ ਜੁਗ ਕਰਦਾ ਆਇਆ । ਦੁਆਪਰ ਚੁੱਕਿਆ ਤ੍ਰੇਤਾ ਕਾਨ, ਤੇਰਾ ਤੇਰੀ ਝੋਲੀ ਪਾਇਆ । ਕਲਜੁਗ ਅੰਤਮ ਹੋ ਪਰਧਾਨ, ਮੇਲ ਮੇਲਾ ਲਏ ਮਿਲਾਇਆ । ਬਾਲਮੀਕ ਚੜ੍ਹਾਏ ਇਕ ਨਿਸ਼ਾਨ, ਰਵਦਾਸ ਚੁਮਿਆਰਾ ਨਾਲ ਰਲਾਇਆ । ਬਿਦਰ ਮੇਲਾ ਹਰਿ ਭਗਵਾਨ, ਬਿਪਰ ਸੁਦਾਮਾ ਲਏ ਤਰਾਇਆ । ਧਰੂ ਭਗਤ ਇਕ ਗਿਆਨ, ਪ੍ਰਹਿਲਾਦ ਨਜ਼ਰੀ ਆਇਆ । ਬਲ ਦਵਾਰਾ ਕਰ ਪਰਵਾਨ, ਵੇਸ ਵੇਸੀ ਵੇਸ ਵਟਾਇਆ । ਗੁਰਮੁਖ ਆਤਮ ਜਨਕ ਸਪੁਤਰੀ ਸੀਤਾ ਸੁਰਤੀ ਲਏ ਵਿਆਹਿਆ । ਹਰੀ ਚੰਦ ਸਚ ਦੁਕਾਨ, ਗੁਰਮਤ ਰਾਣੀ ਤਾਰਾ ਨਾਮ ਧਰਾਇਆ । ਜੈਦੇਵ ਦੇ ਗਿਆਨ, ਗੁਰਮੁਖ ਉਠਾਏ ਬਾਲ ਨਿਧਾਨ, ਏਕਾ ਸੋਹੰ ਨਾਮ ਪੜ੍ਹਾਇਆ । ਕਬੀਰ ਕਬੀਰਾ ਕਰ ਪਰਵਾਨ, ਸੈਣ ਸੈਣ ਕਰ ਜਵਾਨ, ਏਕਾ ਘਰ ਸੁਹਾਇਆ । ਪੂਤਨਾ ਮੇਲਾ ਵਿਚ ਜਹਾਨ, ਹਰਿ ਜੋੜੀ ਜੋੜ ਜੁੜਾਇਆ । ਤੋਤਾ ਤਮਾਂ ਮੇਟ ਨਿਸ਼ਾਨ, ਤੋਏ ਤਲਬ ਮਿਟਾਇਆ । ਅਲਫ ਏਕਾ ਕਰ ਪਰਧਾਨ, ਐਨ ਅੱਖ ਖੁਲ੍ਹਾਇਆ । ਗੈਨ ਗਫ਼ਲਤ ਸੁੱਤਾ ਸਰਬ ਜਹਾਨ, ਗੁੜ੍ਹੀ ਨੀਂਦ ਸਰਬ ਸੁਆਇਆ । ਗੁਰਮੁਖ ਉਠਾਏ ਚਤੁਰ ਸੁਜਾਨ, ਜਿਸ ਜਨ ਆਪਣੀ ਦਇਆ ਕਮਾਇਆ । ਆਪੇ ਬਖ਼ਸ਼ੇ ਚਰਨ ਧਿਆਨ, ਚਰਨ ਦਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਧੁਰ ਧੁਰ ਮੇਲਾ ਗ਼ਰੀਬ ਨਿਵਾਜ਼, ਹਰਿਜਨ ਆਪ ਕਰਾਇਆ । ਜੁਗ ਜੁਗ ਸਾਜਨ ਸਾਚਾ ਸਾਜ, ਘਰ ਸਾਚੇ ਡੇਰਾ ਲਾਇਆ । ਮਹੱਲ ਅਟੱਲ ਉਚ ਮੁਨਾਰ, ਛੱਡਣੇ ਤਖ਼ਤ ਤਾਜ, ਖ਼ਾਕੀ ਖ਼ਾਕ ਵੇਖ ਵਖਾਇਆ । ਭਗਤਨ ਮੀਤਾ ਲੋਕਮਾਤ ਰੱਖਣਹਾਰਾ ਲਾਜ, ਲਾਜਾਵੰਤ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਦਰ, ਦਰ ਦਰਵੇਸ਼ਾ ਫੇਰੀ ਪਾਇਆ । ਦਰ ਦਰਬਾਨ ਹਰਿ ਭਗਵਾਨਾ, ਏਕਾ ਨਾਮ ਧਰਾਇਆ । ਕਲਜੁਗ ਅੰਤਮ ਲੈ ਕੇ ਆਇਆ ਧੁਰ ਫ਼ਰਮਾਣਾ, ਸਾਧਾਂ ਸੰਤਾਂ ਰਿਹਾ ਜਣਾਇਆ । ਹੱਥੀਂ ਬੰਨੇ ਸਾਚਾ ਗਾਨਾ, ਨਾਮ ਤੰਦਨ ਤੰਦ ਰਖਾਇਆ । ਖੇਲੇ ਖੇਲ ਜਗਤ ਮਹਾਨਾ, ਜਗਤ ਜਲੰਦਾ ਲਏ ਤਰਾਇਆ । ਪਾਰ ਕਰਾਏ ਜ਼ਿਮੀਂ ਅਸਮਾਨਾ, ਗਗਨ ਗਗਨੰਤਰ ਚਰਨਾ ਹੇਠ ਦਬਾਇਆ । ਰਵ ਸਸ ਉਠ ਉਠ ਮਾਰਨ ਧਿਆਨਾ, ਹਰਿਜਨ ਤੇਰਾ ਆਸਣ ਹਰਿ ਦਰ ਪੁਰਖ ਅਬਿਨਾਸ਼ਨ ਦਿਸ ਨਾ ਆਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਗ਼ਰੀਬ ਨਿਮਾਣੇ ਗਲੇ ਲਗਾਇਆ । ਹਰਿ ਭਗਤ ਜਗ ਆਸਰਾ, ਪਾਰਬ੍ਰਹਮ ਪ੍ਰਭ ਓਟ । ਹਰਿ ਆਪੇ ਹੋਏ ਨਿਆਸਰਾ, ਹਰਿ ਭਗਤੀ ਹਰਿਜਨ ਫੜੀ ਹੱਥ ਸੋਟ । ਵੇਖਣ ਆਇਆ ਜਗਤ ਤਮਾਸ਼ੜਾ, ਭਰਮ ਭੁਲਾਏ ਕੋਟੀ ਕੋਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬਖ਼ਸ਼ਣਹਾਰਾ ਹਰਿ, ਹਰਿਜਨ ਤਨ ਨਗਾਰੇ ਲਾਏ ਸ਼ਬਦ ਚੋਟ । ਸ਼ਬਦ ਚੋਟ ਤਨ ਨਗਾਰਾ, ਗੁਰਮੁਖ ਆਪ ਵਜਾਇਆ । ਮਹੱਲ ਅਟੱਲ ਉਚ ਮੁਨਾਰਾ, ਹਰਿ ਸਾਚਾ ਵੇਖ ਵਖਾਇਆ । ਏਕਾ ਵਸਿਆ ਏਕੰਕਾਰਾ, ਦੂਸਰ ਕੋਇ ਨਾ ਸੰਗ ਰਲਾਇਆ । ਰਾਜ ਰਾਜਾਨਾ ਸ਼ਾਹ ਸੁਲਤਾਨਾ, ਨਾ ਕੋਈ ਵੇਖੇ ਹਰਿ ਦਵਾਰਾ ਦਰ ਘਰ ਨਾ ਦਰਸ਼ਨ ਪਾਇਆ । ਗੁਰਮੁਖ ਗੁਰਸਿਖ ਸਾਜਨ ਉਤਰੇ ਪਾਰਾ, ਪ੍ਰਭ ਪੂਰੇ ਪਾਰ ਕਰਾਇਆ । ਥਿਰ ਘਰ ਸੋਹੇ ਸਚ ਦਵਾਰਾ, ਥਿਰ ਘਰ ਵਾਸੀ ਮੇਲ ਮਿਲਾਇਆ । ਆਦਿ ਅੰਤ ਅੰਤ ਆਦਿ ਹਰਿ ਨਰ ਗੁਰ ਇਕ ਅਵਤਾਰਾ, ਏਕਾ ਰੂਪ ਵਟਾਇਆ । ਭਗਤਨ ਭਗਤੀ ਭਰੇ ਭੰਡਾਰਾ, ਅਤੋਟ ਅਤੁਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੋਹੇ ਦਰ, ਦਰ ਦਵਾਰ ਇਕ ਸੁਹਾਇਆ । ਕਲਜੁਗ ਡੂੰਘੀ ਧਾਰ, ਵਹਿੰਦੀ ਵਹੰਣਿਆ । ਮਨਮੁਖ ਡੁੱਬੇ ਵਿਚ ਸੰਸਾਰ, ਨਾ ਲਾਏ ਕੋਈ ਬੰਨਿਆ । ਗੁਰਮੁਖ ਉਧਰੇ ਪਾਰ, ਜਿਨ ਹਰਿ ਹਰਿ ਭਾਣਾ ਮੰਨਿਆ । ਦਰਸ ਦਿਖਾਏ ਦਰ ਘਰ ਸੱਚੇ ਦਰਬਾਰ, ਭਾਗ ਲਗਾਏ ਛੱਪਰ ਛੰਨਿਆ । ਗੁਰਮੁਖ ਸੋਹੇ ਬੰਕ ਦਵਾਰ, ਕਲਜੁਗ ਦਿਸੇ ਜੀਵ ਨਾ ਅੰਨਿਆ । ਪੰਜ ਤਤ ਸਤਿਗੁਰ ਪੂਰੇ ਗੁਰਮੁਖਾਂ ਦਿਤਾ ਉਤੋਂ ਵਾਰ, ਜੋਤ ਸਰੂਪੀ ਚਾੜ੍ਹੇ ਸਾਚਾ ਚੰਨਿਆ । ਮੇਟ ਮਿਟਾਏ ਅੰਧ ਅੰਧਿਅਰ, ਦਰ ਆਇਆ ਜਿਉਂ ਕਿਆਰੇ ਮੋੜੇ ਧੰਨਿਆ । ਦੇਵੇ ਦਰਸ ਅਗੰਮ ਅਪਾਰ, ਰਾਏ ਧਰਮ ਨਾ ਦੇਵੇ ਡੰਨਿਆ । ਜਨ ਜਨਨੀ ਦੋਵੇਂ ਉਧਰੇ ਪਾਰ, ਜਨ ਭਗਤ ਜਿਸ ਜਨਨੀ ਜਣਿਆ । ਸੁਣਾਏ ਰਾਗ ਅਪਰ ਅਪਾਰ, ਬੰਦ ਕਿਵਾੜ ਖੋਲ੍ਹੇ ਕੰਨਿਆ । ਫੜ ਫੜ ਬਾਂਹੋਂ ਲਿਆ ਉਭਾਰ, ਆਪਣਾ ਕੀਤਾ ਆਪੇ ਮੰਨਿਆ । ਗੁਰਮੁਖਾਂ ਕਰੇ ਸਚ ਪਿਆਰ, ਮਾਟੀ ਭਾਂਡਾ ਆਪੇ ਘੜੇ ਆਪੇ ਭੰਨਿਆ । ਭਵ ਜਲ ਉਤਰੇ ਸਾਗਰ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਲੱਖ ਚੁਰਾਸੀ ਲਾਵੇ ਸੰਨਿਆ । ਗੁਰਮੁਖ ਮੰਗ ਅਪਾਰ, ਏਕਾ ਏਕ ਰਖਾਈਆ । ਮੰਗੇ ਦਰਸ ਅਗੰਮ ਅਪਾਰ, ਆਤਮ ਤ੍ਰਿਸਨਾ ਤ੍ਰਿਖ ਵਧਾਈਆ । ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਨਿਰਗੁਣ ਵੇਖੇ ਵੇਖਣਹਾਰ, ਵੇਖਣਹਾਰਾ ਦਿਸ ਨਾ ਆਈਆ । ਸਰਗੁਣ ਕਰਨ ਆਇਆ ਸਚ ਪਿਆਰ, ਲੋਕਮਾਤ ਵੱਡੀ ਵਡਿਆਈਆ । ਜਨ ਭਗਤ ਦਵਾਰੇ ਹੋਇਆ ਪਹਿਰੇਦਾਰ, ਸੇਵਕ ਸੇਵਾ ਰਿਹਾ ਕਮਾਈਆ । ਆਦਿ ਜੁਗਾਦਿ ਜੁਗ ਜੁਗ ਭਰਦਾ ਰਹੇ ਭੰਡਾਰ, ਨਾਮ ਭੰਡਾਰਾ ਆਪ ਵਰਤਾਈਆ । ਦੇਵਣਹਾਰਾ ਸਰਬ ਸੰਸਾਰ, ਆਪਣੇ ਹੱਥ ਰੱਖੇ ਵਡਿਆਈਆ । ਆਪ ਆਪੇ ਜਨ ਭਗਤਾਂ ਢਹਿ ਪਏ ਦਵਾਰ, ਸੋਇਆ ਭਗਤ ਆਪ ਉਠਾਈਆ । ਜਨ ਭਗਤਨ ਮੰਗਣ ਆਏ ਦਵਾਰ, ਆਪ ਆਪਣੀ ਭਿਛਿਆ ਪਾਈਆ । ਅੰਦਰ ਮੰਦਰ ਖੋਲ੍ਹੇ ਬੰਦ ਕਿਵਾੜ, ਨਾਮ ਵਸਤੂ ਇਕ ਟਿਕਾਈਆ । ਅੰਮ੍ਰਿਤ ਆਤਮ ਉਤੋਂ ਦੇਵੇ ਵਾਰ, ਜੋਤੀ ਮਾਤਾ ਸਗਨ ਮਨਾਈਆ । ਪੰਚਮ ਸਖੀਆਂ ਮੰਗਲ ਗਾਇਣ ਵਾਰੋ ਵਾਰ, ਅਨਹਦ ਸਾਚੀ ਸੇਵਾ ਲਾਈਆ । ਗੁਰਮੁਖ ਸੁਰਤੀ ਕਰੇ ਸਚ ਪਿਆਰ, ਗੁਰ ਕਾ ਸ਼ਬਦ ਹੋਏ ਕੁੜਮਾਈਆ । ਸੋਹੇ ਦਰ ਸੱਚਾ ਦਵਾਰ, ਘਰ ਸੁਹੰਜਣਾ ਇਕ ਸੁਹਾਈਆ । ਇਕ ਅਕੱਲਾ ਬੈਠ ਨਿਰੰਕਾਰ, ਆਦਿ ਨਿਰੰਜਣ ਵੇਖ ਵਖਾਈਆ । ਕਰੇ ਕਰਾਏ ਆਪਣੀ

ਕਾਰ, ਦਰਦ ਦੁੱਖ ਭੈ ਭੰਜਨ ਨਾਉਂ ਧਰਾਈਆ । ਗੁਰਮੁਖ ਆਤਮ ਸੇਜਾ ਕਰ ਪਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਉਪਰ ਰੱਖੇ ਫੁਲਨਹਾਰ, ਗੁਰਮੁਖਾਂ ਭੇਟ ਚੜ੍ਹਾਈਆ । ਕਰੇ ਕਰਾਏ ਸਾਂਝਾ ਇਕ ਪਿਆਰ, ਲੇਖਾ ਲਿਖਤ ਵਿਚ ਨਾ ਆਈਆ । ਵੇਦ ਪੁਰਾਨ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਜੋਗ ਜੁਗੀਸ਼ਰ ਲਿਖ ਲਿਖ ਗਏ ਹਾਰ, ਹਰਿਜਨ ਤੇਰਾ ਲੇਖ ਨਾ ਕੋਈ ਲਿਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮੇਲ ਮਿਲਾਇਆ ਸਭ ਤੋਂ ਬਾਹਰ, ਮਹੱਲ ਅਟੱਲ ਉਚ ਮੁਨਾਰਾ ਇਕ ਵਖਾਈਆ । ਸਿੰਘ ਪਾਲ ਮੰਗੀ ਮੰਗ ਦਵਾਰ, ਪ੍ਰਭ ਦੇਵੇ ਸਚ ਵਡਿਆਈਆ । ਮਿਲੇ ਮੇਲ ਹਰਿ ਕੰਤ ਭਤਾਰ, ਥਿਰ ਘਰ ਬੈਠਾ ਆਸਣ ਲਾਈਆ । ਚਤੁਰਭੁਜ ਆਪਣੀਆਂ ਭੁਜਾਂ ਰਿਹਾ ਪਸਾਰ, ਗੁਰਮੁਖਾਂ ਗਲਵਕੜੀ ਰਿਹਾ ਪਾਈਆ । ਜੋਤੀ ਜੋਤ ਕਰੇ ਪਿਆਰ, ਜੋਤ ਨਿਰੰਜਣ ਆਦਿ ਨਿਰੰਜਣ ਵਿਚ ਟਿਕਾਈਆ । ਵਰਨ ਗੋਤੀ ਪਾਰ ਕਿਨਾਰ, ਵਰਨ ਬਰਨ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖਣਹਾਰਾ ਦਰ, ਜਨ ਭਗਤਾਂ ਦਰ ਸੁਹਾਈਆ । ਭਗਤ ਭਗਵੰਤ ਸਾਚਾ ਨਾਤਾ, ਹਰਿ ਹਰਿ ਆਪ ਬੰਧਾਇਆ । ਕਲਜੁਗ ਵੇਖ ਅੰਧੇਰੀ ਰਾਤਾ, ਪਾਰਬ੍ਰਹਮ ਉਠ ਧਾਇਆ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਭਰਮ ਭੁਲਾਏ ਜਾਤਾ ਪਾਤਾ, ਹਰਿ ਹਰਿ ਰੂਪ ਦਿਸ ਨਾ ਆਇਆ । ਮਨਮੁਖ ਮਨਮਤ ਨਾਰ ਹੋਈ ਕਮਜ਼ਾਤਾ, ਘਰ ਘਰ ਵੇਸ ਵਟਾਇਆ । ਧੁਰ ਦੀਬਾਣ ਨਾ ਦੇਵੇ ਕੋਈ ਸਚ ਸੁਗਾਤਾ, ਸ਼ਬਦ ਨਿਸ਼ਾਨ ਨਾ ਕੋਈ ਝੁਲਾਇਆ । ਕੂੜ ਕੁੜਿਆਰਾ ਪਿਤਾ ਮਾਤਾ, ਭਾਈ ਭੈਣ ਬੰਧਪ ਬੰਧ ਬੰਧਾਇਆ । ਲਹਿਣਾ ਮੁਕਾਏ ਅਠਸਠ ਤੀਰਥ ਤਾਟਾ, ਗੰਗਾ ਗੋਦਾਵਰੀ ਫੇਰਾ ਪਾਇਆ । ਦੂਈ ਦਵੈਤੀ ਪੜਦਾ ਕਿਸੇ ਨਾ ਪਾਟਾ, ਮਾਇਆ ਮਮਤਾ ਮੋਹ ਵਧਾਇਆ । ਕਰ ਕਰ ਥੱਕੇ ਪੂਜਾ ਪਾਠਾ, ਅੰਮ੍ਰਿਤ ਆਤਮ ਰਸ ਕਿਸੇ ਹੱਥ ਨਾ ਆਇਆ । ਸਾਧ ਸੰਤ ਚਾਰੋਂ ਕੁੰਟ ਉਠ ਉਠ ਨਾਠਾ, ਧੀਰਜ ਧੀਰ ਨਾ ਕੋਇ ਧਰਾਇਆ । ਉਚੇ ਪਰਬਤ ਵੇਖੇ ਜੋਤ ਲਿਲਾਟਾ, ਜਗਤ ਜਵਾਲਾ ਰਹੇ ਮਨਾਇਆ । ਗੁਰ ਦਰ ਮੰਦਰ ਮਸਜਿਦ ਏਕਾ ਘਾਟਾ, ਹਰਿ ਕਾ ਸ਼ਬਦ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵਣ ਆਇਆ ਨਾਮ ਵਰ, ਕਲਜੁਗ ਅੰਤਮ ਫੇਰਾ ਪਾਇਆ ।

ਕੁੱਲੀ ਕੱਖ ਰੈਣ ਸੁਹੰਜਣੀ, ਹਰਿ ਸਾਚੇ ਖ਼ੁਸ਼ੀ ਮਨਾਈਆ । ਜਗੇ ਜੋਤ ਦਰਸ ਦਿਖਾਏ ਹੋ ਪਰਤੱਖ ਜੋਤ ਆਦਿ ਨਿਰੰਜਣੀ, ਲੋਕਮਾਤ ਵੱਡੀ ਵਡਿਆਈਆ । ਮਿਲਿਆ ਸਾਕ ਸੈਣ ਹਰਿ ਸੱਜਣੀ, ਸਾਧ ਸੰਗਤ ਵੱਜੀ ਵਧਾਈਆ । ਚਰਨ ਧੂੜ ਕਰਾਇਆ ਸਾਚਾ ਮਜਨੀ, ਦੁਰਮਤ ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੁਹਾਏ ਏਕਾ ਦਰ, ਦਰ ਦਵਾਰਾ ਇਕ ਸੁਹਾਈਆ । ਭਗਤ ਦਵਾਰਾ ਆਪੇ ਖੋਲ੍ਹ, ਆਪਣਾ ਬਿਰਧ ਰਖਾਇਆ । ਸ਼ਬਦ ਅਨਾਦੀ ਆਪੇ ਬੋਲ, ਆਪਣਾ ਰੂਪ ਵਟਾਇਆ । ਪਾਰਬ੍ਰਹਮ ਬ੍ਰਹਿਮਾਦੀ ਆਪਣੇ ਕੰਡੇ ਤੋਲ, ਨਾਮ ਤੋਲਾ ਤੋਲ ਤੁਲਾਇਆ । ਸੋਹੰ ਢੋਲਾ ਸਾਚਾ ਬੋਲ, ਗੁਰਮੁਖਾਂ ਆਖ ਸੁਣਾਇਆ । ਪੰਜ ਤਤ ਬਦਲਿਆ ਚੋਲਾ, ਗੁਰ ਸ਼ਬਦੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਖੇਲਣ ਆਇਆ ਹੋਲਾ, ਗੁਰਮੁਖਾਂ ਲਾਲ ਗੁਲਾਲ ਗੂੜ੍ਹੀ ਰੰਗਣ ਰੰਗ ਰੰਗਾਇਆ । ਗੂੜ੍ਹਾ ਰੰਗ ਲਾਲ ਅਨਮੁਲੜਾ, ਹਰਿ ਸਾਚੇ ਰੰਗ ਰੱਤਿਆ । ਦਰ ਪਾਵਨ ਆਇਆ ਮੁਲੜਾ, ਤੋਲੇ ਨਾਮ ਸਾਚੇ ਵੱਟਿਆ । ਸਦ ਦਵਾਰਾ ਰੱਖੇ


Rev-01

ਖੁਲ੍ਹੜਾ, ਵੇਖ ਵਖਾਏ ਏਕਾ ਹੱਟਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਘਰ ਮੇਲਾ ਏਕਾ ਰੱਖਿਆ । ਧੰਨ ਸੁਭਾਗੀ ਰੈਣ ਵਡ ਵੱਡੀ ਵਡਿਆਈਆ । ਜਨ ਵੇਖੇ ਆਪਣੇ ਨੈਣ, ਆਪਣੀ ਅੱਖ ਖੁਲ੍ਹਾਈਆ । ਆਪਣੀ ਰਸਨਾ ਗੁਣ ਆਪਣਾ ਕਹਿਣ, ਗੁਣਵੰਤਾ ਗੁਣ ਵਧਾਈਆ । ਜਗ ਚੁਕਿਆ ਜੁਗ ਲਹਿਣਾ ਦੇਣ, ਹਰਿ ਜਾਗਰਤ ਜੋਤ ਜਗਾਈਆ । ਸਾਧ ਸੰਗਤ ਨਾਤਾ ਭਾਈ ਭੈਣ, ਪੁਰਖ ਬਿਧਾਤਾ ਆਪ ਬਣਾਈਆ । ਚਾਰ ਵਰਨ ਸੱਜਣ ਸੈਣ, ਬਰਨ ਅਠਾਰਾਂ ਮੇਟ ਮਿਟਾਈਆ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਊਚ ਨੀਚ ਧਾਮ ਅਕੱਠੇ ਬਹਿਣ, ਧਰਮ ਦਵਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਹਰਿ ਹਰਿ ਵੇਖ ਵਖਾਈਆ । ਚਾਰ ਵਰਨ ਸ਼ਬਦ ਉਪਦੇਸ਼, ਗੁਰ ਮੰਤਰ ਨਾਮ ਦ੍ਰਿੜਾਇਆ । ਪਾਰਬ੍ਰਹਮ ਸਚ ਸੰਦੇਸ਼, ਅਨਾਦੀ ਨਾਦ ਸੁਣਾਇਆ । ਜੋਤ ਸਰੂਪੀ ਕਰ ਪਰਵੇਸ਼, ਬ੍ਰਹਿਮਾਦੀ ਖੋਜ ਖੁਜਾਇਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਇਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇਆ । ਆਪਣੀ ਬਖ਼ਸ਼ਿਸ਼ ਆਪੇ ਕਰੇ ਦਸ ਦਸ ਦਸਮੇਸ, ਦਸ ਦਵਾਰੇ ਵੇਖ ਵਖਾਇਆ । ਆਪਣੀ ਰਖਸ਼ਸ਼ ਆਪੇ ਕਰੇ ਨਰ ਨਰੇਸ਼, ਆਪਣਾ ਖੰਡਾ ਤੀਰ ਕਮਾਨ ਚਿੱਲਾ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤੀ ਫੇਰਾ ਪਾਇਆ । ਲੋਕਮਾਤ ਤੇਰੀ ਧਾਰ, ਤੇਰਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਕਰ ਪਿਆਰ, ਗੁਰਮੁਖਾਂ ਵੇਖ ਵਖਾਇਆ । ਗੁਰਮੁਖ ਸਾਜਨ ਲਾਏ ਪਾਰ, ਆਪ ਆਪਣੇ ਕੰਧ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤੀ ਭਗਤ ਲੇਖੇ ਲਾਇਆ ।



ਲੇਖਾ ਲਿਖਿਆ ਧੁਰ ਦਰਗਹਿ, ਬਣਿਆ ਧੁਰ ਲਿਖਾਰਾ । ਲੋਕਮਾਤ ਬਣ ਮਲਾਹ, ਬੇੜਾ ਲਾਏ ਪਾਰ ਕਿਨਾਰਾ । ਚਾਰ ਵਰਨਾਂ ਦੇਵੇ ਇਕ ਸਲਾਹ, ਸੋਹੰ ਸ਼ਬਦ ਸੱਚਾ ਜੈਕਾਰਾ । ਕਲਜੁਗ ਅੰਤਮ ਰੈਣ ਅੰਧੇਰੀ ਕਿਸੇ ਨਾ ਦਿਸੇ ਕੋਈ ਰਾਹ, ਚਾਰੋਂ ਕੁੰਟ ਧੁੰਧੂਕਾਰਾ । ਜਰਮ ਕਰਮ ਧਰਮ ਗਲ ਪਾਈ ਬੈਠੇ ਫਾਹ, ਨਾ ਕਰੇ ਕੋਈ ਅਧਾਰਾ । ਬਿਨ ਹਰਿ ਸਾਚੇ ਕੋਈ ਨਾ ਪਕੜੇ ਬਾਂਹ, ਨਾਨਕ ਗੋਬਿੰਦ ਹਰਿ ਢਹਿ ਪਿਆ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਬਣੇ ਪਿਤਾ ਮਾਂ, ਆਏ ਦਰ ਵੇਖੇ ਘਰ ਸੁਹਾਏ ਬੰਕ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਸੰਗਤ ਦੇਵੇ ਜੀਆ ਦਾਨ, ਜੀ ਆਤਮ ਭਰਿਆ ਰਹੇ ਭੰਡਾਰਾ । ਜੀਵ ਆਤਮ ਭਰ ਭੰਡਾਰ, ਆਪਣੀ ਬੂਝ ਬੁਝਾਈਆ । ਧਰਮ ਸਨਾਤਨ ਨਾ ਕਰੇ ਵਿਚਾਰ, ਸਨਿਆਸ ਵੈਰਾਗ ਨਾ ਬੂਝ ਬੁਝਾਈਆ । ਹਰਿ ਕਾ ਭੇਵ ਬਾਤਨ ਨਾ ਜਾਣੇ ਕੋਈ ਜਮਾਲ, ਨੂਰੋ ਨੂਰ ਨਾ ਕੋਈ ਦਰਸਾਈਆ । ਅੰਧੇਰੀ ਰਾਤਨ ਕਲ ਖੇਲ ਕਮਾਲ, ਗੁਰਮੁਖ ਸੋਏ ਰਿਹਾ ਉਠਾਈਆ । ਕੱਖਾ ਕੁਲੀ ਰੱਖੇ ਅਨਮੁਲੜੇ ਲਾਲ, ਜਗਤ ਜਵਾਹਿਰੀ ਕੀਮਤ ਕੋਈ ਨਾ ਪਾਈਆ । ਨਾ ਕੋਈ ਰੱਖਿਆ ਵਿਚ ਦਲਾਲ, ਭਗਤ ਵਿਚੋਲਾ ਆਪ ਹੋ ਜਾਈਆ । ਵੇਖੇ ਛੱਪਰੀ ਕਾਇਆ ਧਰਮ ਸੱਚੀ ਧਰਮਸਾਲ, ਅੰਦਰ ਮੰਦਰ ਖੋਜ ਖੋਜਾਈਆ । ਫਲ ਲਗਾਏ ਸਾਚੇ ਡਾਲ੍ਹ, ਫਲ ਫੁਲਵਾੜੀ ਇਕ ਮਹਿਕਾਈਆ । ਸੁਹਾਇਆ ਅੰਮ੍ਰਿਤ ਸਾਚਾ ਤਾਲ, ਕਾਗੋਂ ਹੰਸ



Rev-01

ਬਣਾਈਆ । ਗੁਰਸਿਖ ਮਾਰੀ ਇਕ ਉਛਾਲ, ਤ੍ਰੈ ਲੋਕਾਂ ਪਾਰ ਕਰਾਈਆ । ਆਪੇ ਮੇਲ ਮਿਲਾਵਾ ਦੀਨ ਦਿਆਲ, ਜੁਗ ਵਿਛੜੇ ਮੇਲ ਮਿਲਾਈਆ । ਚਲੇ ਚਲਾਏ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਗੁਰਸਿਖ ਦਰ ਦਵਾਰ ਦੁਰਕਾਏ ਕਾਲ ਮਹਾਂਕਾਲ, ਦੋਏ ਬੈਠੇ ਨੇਤਰ ਨੀਰ ਵਹਾਈਆ । ਅੰਤਮ ਅੰਤ ਗੁਰਮੁਖ ਸਾਜਣ ਸੰਤ ਆਪ ਆਪਣੇ ਲਏ ਭਾਲ, ਚਾਰੋਂ ਕੁੰਟ ਫੇਰਾ ਪਾਈਆ । ਥਿਰ ਘਰ ਵਾਸੀ ਥਿਰ ਘਰ ਸਾਚੇ ਰੱਖੇ ਸੰਭਾਲ, ਘਰ ਸਾਚਾ ਇਕ ਵਖਾਈਆ । ਜਿਸ ਜਨ ਹਰਿਸੰਗਤ ਸੇਵਾ ਹਰਿ ਚਰਨ ਪ੍ਰੀਤੀ ਲਈ ਘਾਲ, ਨਾ ਮਰੇ ਨਾ ਜਾਈਆ । ਸਤਿਗੁਰ ਪੂਰਾ ਆਪੇ ਚਲੇ ਨਾਲ ਨਾਲ । ਆਪ ਆਪਣਾ ਲੜ ਫੜਾਈਆ । ਦੇਵੇ ਨਾਮ ਸੱਚਾ ਧਨ ਮਾਲ, ਚੋਰ ਯਾਰ ਠੱਗ ਲੁੱਟ ਕੋਈ ਨਾ ਜਾਈਆ । ਗੁਰਸਿਖ ਸੱਚਾ ਨਾ ਸ਼ਾਹ ਕੰਗਾਲ, ਗੁਰਚਰਨਾਂ ਓਟ ਰਖਾਈਆ । ਕਰਣਹਾਰ ਸਦਾ ਪ੍ਰਿਤਪਾਲ, ਹਰਿ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਦੇਵੇ ਵਰ, ਦਰ ਦਵਾਰਾ ਏਕਾ ਏਕ ਸੁਹਾਈਆ । ਕੁਲੀ ਕੱਖ ਕਰ ਵੱਖ, ਜਗਤ ਮਹੱਲ ਤਜਾਇਆ । ਜਗਤ ਮਹੱਲ ਹੋਣ ਸੱਖ, ਕੱਖ ਕੱਖੋਂ ਲੱਖ ਬਣਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਸਕੇ ਰੱਖ, ਚਾਰੋਂ ਕੁੰਟ ਦੇਣ ਦੁਹਾਇਆ । ਗੁਰਮੁਖਾਂ ਦਰਸ ਦਿਖਾਏ ਹੋ ਪਰਤੱਖ, ਘਰ ਘਰ ਫੇਰਾ ਪਾਇਆ । ਲੱਖ ਚੁਰਾਸੀ ਛਾਛ ਵਰੋਲੇ ਗੁਰਮੁਖ ਕੱਢੇ ਮੱਖ, ਨਾਮ ਮਧਾਣਾ ਏਕਾ ਪਾਇਆ । ਆਦਿ ਜੁਗਾਦਿ ਜਨ ਭਗਤਾਂ ਕਰਦਾ ਆਇਆ ਪੱਖ, ਮਨਮੁਖਾਂ ਦਏ ਸਜਾਇਆ । ਕਲਜੁਗ ਕੂੜ ਕੁੜਿਆਰਾ ਮਾਰੇ ਝੱਖ, ਨਿੰਦਕ ਨਿੰਦਿਆ ਰਿਹਾ ਲਗਾਇਆ । ਸ੍ਰਿਸ਼ਟ ਸਬਾਈ ਲੋੜੇ ਭੱਖ, ਹਰਿ ਅੰਗਿਆਰਾ ਇਕ ਤਪਾਇਆ । ਜਨ ਭਗਤਾਂ ਮੀਤਾ ਇਕ ਅਤੀਤਾ ਪੜਦੇ ਲਏ ਢਕ, ਆਪ ਆਪਣਾ ਪੜਦਾ ਪਾਇਆ । ਭਗਤ ਭਗਤੀ ਫਲ ਗਿਆ ਪੱਕ, ਅੰਤਮ ਝੋਲੀ ਦਏ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚਾ ਮੇਲਾ ਏਕਾ ਦਰ, ਦਰ ਦਵਾਰਾ ਦਏ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਸਰਗੁਣ ਸੋਏ ਰਿਹਾ ਉਠਾਇਆ ।



## * ੧੪ ਭਾਦਰੋਂ ੨੦੧੫ ਬਿਕ੍ਰਮੀ ਬੀਬੀ ਗੁਰਚਰਨ ਕੌਰ ਦੇ ਘਰ ਹੀਰਾ ਮੰਡੀ ਦਰਵਾਜ਼ਾ ਫਿਰੋਜ਼ਪੁਰ ਸ਼ਹਿਰ *

ਆਦਿ ਪੁਰਖ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਇਆ । ਜੋਤੀ ਜੋਤ ਕਰ ਉਜਿਆਰਾ, ਜੋਤੀ ਨੂਰ ਦਰਸਾਇਆ । ਖੇਲੇ ਖੇਲ ਅਗੰਮ ਅਪਾਰਾ, ਭੇਵ ਕੋਈ ਨਾ ਰਾਇਆ । ਇਕ ਦਿਸਾਏ ਸਚ ਮਨਾਰਾ, ਥਿਰ ਘਰ ਸਾਚੇ ਨਾਉਂ ਧਰਾਇਆ । ਇਕ ਅਕੱਲਾ ਬੈਠ ਏਕੰਕਾਰਾ, ਅਕਲ ਕਲਾ ਅਖਵਾਇਆ । ਸਤਿ ਸਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਦਿ ਪੁਰਖ ਹਰਿ ਭਗਵਾਨਾ, ਪਾਰਬ੍ਰਹਮ ਬੇਅੰਤਾ । ਖੇਲੇ ਖੇਲ ਦੋ ਜਹਾਨਾਂ, ਆਦਿ ਜੁਗਾਦਿ ਜੁਗਾ ਜੁਗੰਤਾ । ਰੂਪ ਰੰਗ ਨਾ ਕੋਈ ਵਖਾਨਾ, ਤਤਵ ਤਤ ਨਾ ਕੋਈ ਬਣੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲੰਤਾ । ਆਦਿ ਪੁਰਖ ਆਦਿ ਨਿਰੰਜਣ, ਆਦਿ ਅੰਤ ਅਖਵਾਇਆ । ਆਪ ਆਪਣਾ ਬਣੇ ਸੱਜਣ, ਸਾਜਣ ਮੀਤ ਨਾਮ ਧਰਾਇਆ । ਆਪ ਆਪਣਾ ਕਰੇ ਮਜਨ, ਆਪ ਆਪਣੇ ਤੀਰਥ ਨੁਹਾਇਆ । ਆਪ ਆਪਣਾ ਪੜਦਾ ਆਪੇ ਕੱਜਣ, ਆਪ ਆਪਣਾ ਪੜਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ

ਧਰਾਇਆ । ਆਦਿ ਪੁਰਖ ਹਰਿ ਅਕਾਲਾ, ਅਕਲ ਕਲਾ ਅਖਵਾਇਆ । ਜੋਤੀ ਨੂਰ ਦੀਨ ਦਿਆਲਾ, ਦਿਸ ਕਿਸੇ ਨਾ ਆਇਆ । ਆਪੇ ਵੇਖ ਆਪਣੀ ਧਰਮ ਸੱਚੀ ਧਰਮਸਾਲਾ, ਥਿਰ ਘਰ ਸਾਚੇ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਡ ਵਡਿਆਇਆ । ਆਦਿ ਪੁਰਖ ਸਰਬ ਗੁਣਵੰਤਾ, ਏਕਾ ਏਕ ਅਖਵਾਇੰਦਾ । ਆਪੇ ਨਾਰੀ ਆਪੇ ਕੰਤਾ, ਆਪੇ ਆਪਣਾ ਵੇਸ ਵਟਾਇੰਦਾ । ਆਪ ਆਪਣਾ ਚਾੜ੍ਹੇ ਰੰਗ ਬਸੰਤਾ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ ਧਰਾਇੰਦਾ । ਆਦਿ ਪੁਰਖ ਸਰਬ ਘਟ ਵਾਸੀ, ਆਦਿ ਅੰਤ ਅਖਵਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ੀ, ਏਕਾ ਨਾਉਂ ਧਰਾਇਆ । ਥਿਰ ਘਰ ਵਾਸੀ, ਥਿਰ ਘਰ ਸਾਚੇ ਵੇਖ ਵਖਾਇਆ । ਸਚ ਤਖ਼ਤ ਸੁਲਤਾਨ ਸ਼ਾਹੋ ਸਬਾਸ਼ੀ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੇਸ ਧਰ, ਦਰ ਦਵਾਰਾ ਇਕ ਸੁਹਾਇਆ । ਦਰ ਦਵਾਰ ਹਰਿ ਨਿਰੰਕਾਰਾ, ਆਪਣਾ ਆਪ ਸੁਹਾਇੰਦਾ । ਨਿਰਗੁਣ ਜੋਤੀ ਕਰ ਉਜਿਆਰਾ, ਪਰਕਾਸ਼ ਪਰਕਾਸ਼ ਰਖਾਇੰਦਾ । ਨਾ ਕੋਈ ਮਹੱਲ ਅਟੱਲ ਉਚ ਮਨਾਰਾ, ਚਾਰ ਦਿਵਾਰ ਦਿਸ ਨਾ ਆਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਆਪ ਆਪਣਾ ਆਸਣ ਲਾਇੰਦਾ । ਉਪਰ ਬੈਠ ਸੱਚੀ ਸਰਕਾਰਾ, ਸਾਚਾ ਹੁਕਮ ਆਪਣਾ ਆਪ ਜਣਾਇੰਦਾ । ਆਪ ਆਪਣੀ ਬੰਨੇ ਧਾਰਾ, ਆਪ ਆਪਣੇ ਵਿਚੋਂ ਪਰਗਟਾਇੰਦਾ । ਆਪ ਆਪਣੀ ਪਾਵੇ ਸਾਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਨਾਉਂ ਧਰਾਇੰਦਾ । ਨਾਉਂ ਧਰ ਹਰਿ ਨਿਰੰਕਾਰਾ, ਆਪ ਆਪਣੀ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਖਵਾਇੰਦਾ । ਅਗੰਮ ਅਗੰਮੜਾ ਬੇਪਰਵਾਹ, ਆਦਿ ਪੁਰਖ ਅਖਵਾਇਆ । ਆਦਿ ਨਿਰੰਜਣ ਵਸੇ ਆਪਣੇ ਥਾਂ, ਭੇਵ ਕਿਸੇ ਨਾ ਪਾਇਆ । ਥਿਰ ਘਰ ਵਾਸੀ ਸ਼ਾਹੋ ਸ਼ਬਾਸ਼ੀ ਰਾਹ, ਆਪਣਾ ਆਪੇ ਦੱਸਣਾ ਲੇਖਾ, ਲੇਖ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਦਿਤਾ ਵਰ, ਆਪ ਆਪਣੀ ਝੋਲੀ ਪਾਇਆ । ਆਦਿ ਪੁਰਖ ਬਣ ਭਿਖਾਰ, ਆਪ ਆਪਣੀ ਮੰਗ ਮੰਗਾਈਆ । ਆਪ ਆਪਣੇ ਖੜ ਦਵਾਰ, ਆਪ ਆਪਣੀ ਝੋਲੀ ਭਿਛਿਆ ਪਾਈਆ । ਆਪ ਆਪਣਾ ਭਰ ਭੰਡਾਰ, ਆਪ ਆਪਣਾ ਵੇਖ ਵਖਾਈਆ । ਥਿਰ ਘਰ ਬੈਠ ਦਰ ਦਵਾਰ, ਦਰ ਦਵਾਰ ਇਕ ਸੁਹਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਸੇਜ ਹੰਢਾਈਆ । ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਵਿਚ ਸਮਾਈਆ । ਨਿਰਗੁਣ ਜੋਤ ਨਿਰਗੁਣ ਆਕਾਰ, ਨਿਰਗੁਣ ਵੇਸ ਵਟਾਈਆ । ਨਿਰਗੁਣ ਖੇਲ ਅਪਰ ਅਪਾਰ, ਨਰ ਨਿਰੰਕਾਰ ਆਪ ਕਰਾਈਆ । ਆਪ ਸੁਹਾਏ ਆਪਣਾ ਬੰਕ ਦਵਾਰ, ਦਰ ਦਵਾਰ ਵੇਖ ਵਖਾਈਆ । ਆਪ ਆਪਣਾ ਖੋਲ੍ਹ ਕਿਵਾੜ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਦੇਵੇ ਵਰ, ਘਰ ਸਾਚੇ ਵੱਜੀ ਵਧਾਈਆ । ਮਿਲਿਆ ਵਰ ਧੁਰਦਰਗਾਹ, ਹਰਿ ਸਾਚੇ ਆਪ ਦਵਾਇਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਪਣਾ ਲੇਖਾ ਆਪ ਲਿਖਾਇਆ । ਆਪ ਆਪਣਾ ਬਣਾਏ ਮਲਾਹ, ਆਪਣਾ ਬੇੜਾ ਆਪ ਚਲਾਇਆ । ਆਪਣਾ ਮਾਰਗ ਆਪੇ ਲਏ ਲਾ, ਆਪ ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਸਿਆ ਘਰ, ਘਰ ਸਾਚਾ ਇਕ ਸੁਹਾਇਆ । ਘਰ ਵਸੇਰਾ ਹਰਿ ਨਿਰੰਕਾਰ, ਘਰ ਸਾਚੇ



੫੫੭ ੦੭

ਵੱਜੀ ਵਧਾਈਆ । ਨਿਰਗੁਣ ਜੋਤ ਹੋਈ ਉਜਿਆਰ, ਏਕਾ ਨੂਰ ਕਰੇ ਰੁਸ਼ਨਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਵੇਖ ਵਖਾਈਆ । ਆਪਣੀ ਭਿਛਿਆ ਆਪੇ ਧਾਰ, ਆਪੇ ਪੂਰ ਕਰਾਈਆ । ਪਾਏ ਭਿਛਿਆ ਭਰ ਭੰਡਾਰ, ਆਪਣੀ ਘੜੀ ਆਪ ਸੁਹਾਈਆ । ਆਪਣੇ ਘਰ ਲਏ ਉਤਾਰ, ਆਪ ਆਪਣਾ ਰੂਪ ਵਟਾਈਆ । ਜੋਤੀ ਮਾਤਾ ਕਰ ਸ਼ੰਗਾਰ, ਸਾਚੇ ਸੁਤ ਵੇਖ ਵਖਾਈਆ । ਸਾਚਾ ਸੁਤ ਅਪਰ ਅਪਾਰ, ਏਕਾ ਰੰਗ ਸਮਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਸਗਨ ਮਨਾਈਆ । ਜੋਤੀ ਮਾਤਾ ਕਰੇ ਪਿਆਰ, ਪ੍ਰਭ ਅੱਗੇ ਸੀਸ ਝੁਕਾਈਆ । ਬਾਲਕ ਅਵਾਣਾ ਕਵਣ ਗੁਣ ਲਵਾਂ ਪੁਕਾਰ, ਕਵਣ ਨਾਉਂ ਧਰਾਈਆ । ਪਾਰਬ੍ਰਹਮ ਰਿਹਾ ਉਚਾਰ, ਆਪਣਾ ਗੁਣ ਆਪੇ ਗਾਈਆ । ਸ਼ਬਦ ਸੁਤ ਬਾਲ ਬਲਕਾਰ, ਏਕਾ ਏਕ ਸੁਹਾਈਆ । ਨਾ ਮਰੇ ਨਾ ਜਨਮੇ ਨਾ ਆਵੇ ਜਾਵੇ ਵਾਰੋ ਵਾਰ, ਏਕਾ ਰੰਗ ਰੰਗਾਈਆ । ਗਗਨ ਪਤਾਲਾ ਆਕਾਸ਼ ਪਰਕਾਸ਼ ਆਪੇ ਵੇਖੇ ਆਪ ਆਪਣਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਏ ਵਡਿਆਈਆ । ਸ਼ਬਦ ਸੁਤ ਆਪ ਉਪਾ, ਆਪਣੀ ਦਇਆ ਕਮਾਈਆ । ਆਪਣੇ ਘਰ ਦਏ ਵਸਾ, ਆਪ ਆਪਣੀ ਦਇਆ ਕਮਾਈਆ । ਆਪਣੀ ਸਿਖਿਆ ਦਏ ਸਿਖਾ, ਏਕਾ ਸਿਖਿਆ ਵਡ ਵਡਿਆਈਆ । ਆਪਣੀ ਭਿਛਿਆ ਦੇਵੇ ਪਾ, ਏਕਾ ਭਿਛਿਆ ਝੋਲੀ ਪਾਈਆ । ਦਹਿ ਦਿਸ਼ਾ ਦਏ ਦਿਖਾ, ਪੜਦਾ ਰਹੇ ਨਾ ਰਾਈਆ । ਥਿਰ ਘਰ ਸਾਚਾ ਧਾਮ ਸੁਹਾ, ਸੁਤ ਸ਼ਬਦ ਕਰੇ ਕੁੜਮਾਈਆ । ਸਾਚੇ ਸੁਤ ਸਗਨ ਮਨਾ, ਹਰਿ ਪੂਰਨ ਖ਼ੁਸ਼ੀ ਮਨਾਈਆ । ਪਤਿਪਰਮੇਸ਼ਵਰ ਆਪ ਅਖਵਾ, ਅਕਾਲ ਮੂਰਤ ਵੇਖ ਵਖਾਈਆ । ਅਕਾਲ ਮੂਰਤ ਰੰਗ ਰੰਗਾ, ਨਾਦਿ ਤੂਰਤ ਇਕ ਵਜਾਈਆ । ਨਾਦਿ ਤੂਰਤ ਇਕ ਸੁਣਾ, ਧੁਨ ਆਪਣੇ ਹੱਥ ਰਖਾਈਆ । ਧੁਨ ਅਨਾਦੀ ਆਪ ਉਪਾ, ਆਪੇ ਬੰਦ ਕਰਾਈਆ । ਥਿਰ ਘਰ ਵਾਸੀ ਪਾਰਬ੍ਰਹਮ ਬੇਅੰਤ ਬੇਪਰਵਾਹ ਆਪਣੇ ਘਰ ਬੈਠਾ ਡੇਰਾ ਲਾ, ਘਰ ਸਾਚਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਐਬ ਪਰਵਰਦਿਗਾਰ ਨਾਉਂ ਧਰਾਈਆ । ਧਾਮ ਵਸੇਰਾ ਇਕ ਅਕੱਲਾ, ਹਰਿ ਹਰਿ ਆਪ ਸੁਹਾਇਆ । ਆਪੇ ਵਸਿਆ ਸਚ ਮਹੱਲਾ, ਨਿਝ ਘਰ ਡੇਰਾ ਲਾਇਆ । ਨਾ ਕੋਈ ਜਲ ਨਾ ਕੋਈ ਥਲਾ, ਜੰਗਲ ਜੂਹ ਉਜਾੜ ਪਹਾੜ ਦਿਸ ਨਾ ਆਇਆ । ਗਗਨ ਪਤਾਲ ਨਾ ਕੋਈ ਮਲਾ, ਆਕਾਸ਼ ਪਰਕਾਸ਼ ਨਾ ਕੋਈ ਵਖਾਇਆ । ਨਾ ਕੋਈ ਰਵ ਸਸ ਨਾ ਸੂਰਜ ਚੰਨਾ, ਤਾਰਾ ਮੰਡਲ ਨਾ ਕੋਈ ਸੁਹਾਇਆ । ਨਾ ਕੋਈ ਬ੍ਰਹਿਮੰਡ ਖੰਡ ਪਾਏ ਵੰਡ, ਉਤਭੁਜ ਸੇਤਜ ਨਾ ਕੋਈ ਰਖਾਇਆ । ਨਾ ਕੋਈ ਬ੍ਰਹਮਾ ਸ਼ਿਵ ਦੇਵਤ ਸੁਰ ਦੇਵੇ ਕੰਡ, ਨਾ ਕੋਈ ਪੂਜ ਗਣੇਸ਼ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਇਆ । ਥਿਰ ਘਰ ਸਾਚਾ ਸਚ ਦਰਬਾਰਾ, ਹਰਿ ਸਾਚੇ ਆਪ ਦਸਾਇਆ । ਇਕ ਅਕੱਲਾ ਬੈਠ ਨਰ ਨਿਰੰਕਾਰਾ, ਆਪ ਆਪਣੀ ਕਲ ਵਰਤਾਇਆ । ਕਰੇ ਕਰਾਏ ਆਪ ਪਸਾਰਾ, ਪਸਰ ਪਸਾਰੀ ਨਾਉਂ ਧਰਾਇਆ । ਨਿਰਗੁਣ ਖੇਲ ਖੇਲੇ ਖੇਲਣਹਾਰਾ, ਸਰਗੁਣ ਰੂਪ ਦਿਸ ਨਾ ਆਇਆ । ਜੋਤੀ ਸ਼ਬਦੀ ਏਕਾ ਧਾਰਾ, ਪੂਤ ਸਪੂਤਾ ਨਾਉਂ ਧਰਾਇਆ । ਮਾਤ ਪਿਤ ਇਕ ਪਿਆਰਾ, ਏਕਾ ਨਾਤਾ ਜੋੜ ਜੁੜਾਇਆ । ਪੁਰਖ ਅਕਾਲ ਹੋਇਆ ਖ਼ਬਰਦਾਰਾ, ਸਾਚੇ ਸੁਤ ਦਏ ਜਗਾਇਆ । ਆਪ ਆਪਣਾ ਦਏ ਹੁਲਾਰਾ, ਨਾਮ ਹੁਲਾਰਾ ਇਕ ਰਖਾਇਆ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਥਿਰ ਘਰ ਬੈਠ ਸਾਚੇ ਘਰ, ਘਰ ਸਾਚੇ ਮੰਗਲ ਗਾਇਆ । ਥਿਰ ਘਰ ਸਾਚਾ ਸ਼ਬਦ ਅਨਾਦਿ, ਹਰਿ ਸਾਚੇ ਆਪ ਵਜਾਇਆ । ਆਪੇ ਖੋਜੀ ਖੋਜ ਕਰੇ ਬ੍ਰਿਹਮਾਦਿ, ਪਾਰਬ੍ਰਹਮ ਨਾਉਂ ਧਰਾਇਆ । ਆਪੇ ਵੇਖੇ ਆਦਿ ਜੁਗਾਦਿ, ਜੁਗ ਜੁਗ ਵੇਖ ਵਖਾਇਆ । ਆਪੇ ਜਾਣੇ ਆਪਣਾ ਬੋਧ ਅਗਾਧ, ਬੋਧ ਅਗਾਧਾ ਨਾਮ ਧਰਾਇਆ । ਆਪ ਆਪਣਾ ਲਿਆ ਅਰਾਧ, ਆਪ ਆਪਣੀ ਸੇਵ ਕਮਾਇਆ । ਆਪ ਆਪਣਾ ਬਣਿਆ ਮੋਹਣ ਮਾਧਵ ਮਾਧ, ਆਪ ਆਪਣਾ ਸੀਸ ਝੁਕਾਇਆ । ਆਪ ਆਪਣੀ ਸੁਣ ਫ਼ਰਯਾਦ, ਆਪ ਆਪਣਾ ਰੂਪ ਵਟਾਇਆ । ਆਪ ਆਪਣੀ ਦੇਵੇ ਦਾਦ, ਨਾਮ ਦਾਦ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਏਕਾ ਹਰਿ, ਏਕਾ ਦਰ ਸੁਹਾਇਆ । ਦਰ ਦਰਵਾਜ਼ਾ ਥਿਰ ਘਰ ਖੋਲ੍ਹ, ਹਰਿ ਸਾਚੇ ਖ਼ੁਸ਼ੀ ਮਨਾਈਆ । ਸ਼ਬਦ ਅਗੰਮੜਾ ਆਪਣਾ ਬੋਲ, ਆਪ ਆਪਣਾ ਰਿਹਾ ਸੁਣਾਈਆ । ਦੂਸਰ ਕੋਈ ਨਾ ਦਿਸੇ ਕੋਲ, ਨਾ ਕੋਈ ਵੇਖ ਵਖਾਈਆ । ਘਰ ਆਪਣੇ ਤੋਲਿਆ ਆਪਣਾ ਤੋਲ, ਤੋਲਣਹਾਰ ਆਪ ਹੋ ਜਾਈਆ । ਆਪਣਾ ਜੈਕਾਰਾ ਆਪੇ ਬੋਲ, ਆਪ ਆਪਣੀ ਕਰੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਚਾ ਵੇਖ ਘਰ, ਨਿਰਗੁਣ ਨਿਰਗੁਣ ਕਰੇ ਰੁਸ਼ਨਾਈਆ । ਨਿਰਗੁਣ ਰੂਪ ਕਰ ਉਜਾਲਾ, ਆਪਣਾ ਆਪ ਦਰਸਾਇਆ । ਆਪੇ ਬਣਿਆ ਗੁਰ ਗੋਪਾਲਾ ਗੁਰ ਗੁਰ ਰੂਪ ਵਟਾਇਆ । ਆਪ ਆਪਣਾ ਬਣ ਦੀਨ ਦਿਆਲਾ, ਦਇਆ ਨਿਧ ਨਾਮ ਧਰਾਇਆ । ਥਿਰ ਘਰ ਬਣਿਆ ਧਰਮ ਸੱਚੀ ਧਰਮਸਾਲਾ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਆਪੇ ਚਲੇ ਆਪਣੀ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਚਲਾਇਆ । ਅਕਾਲ ਮੂਰਤ ਜੋਤ ਅਕਾਲਾ, ਨਿਰਗੁਣ ਨਾਉਂ ਧਰਾਇਆ । ਆਪ ਆਪਣਾ ਬਣ ਰਖਵਾਲਾ, ਆਪ ਆਪਣੀ ਸੇਵ ਕਮਾਇਆ । ਸ਼ਬਦ ਸੁਤ ਕਰ ਦਲਾਲਾ, ਆਪ ਆਪਣਾ ਬਿਰਧ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖ ਸਾਚਾ ਘਰ, ਘਰ ਮੰਦਰ ਇਕ ਸੁਹਾਇਆ । ਦਰ ਮੰਦਰ ਸਚ ਅਨਾਦੀ, ਥਿਰ ਘਰ ਆਪ ਸੁਹਾਇੰਦਾ । ਜਗੇ ਜੋਤ ਇਕ ਨਿਰੰਕਾਰੀ, ਏਕਾ ਰੂਪ ਦਰਸਾਇੰਦਾ । ਆਪ ਆਪਣੀ ਪਾਵੇ ਸਾਰੀ, ਆਪ ਆਪਣਾ ਭੇਵ ਚੁਕਾਇੰਦਾ । ਆਪ ਆਪਣਾ ਬਣਿਆ ਮੀਤ ਮੁਰਾਰੀ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣੀ ਪੈਜ ਰਿਹਾ ਸਵਾਰੀ, ਆਪ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਘਰ, ਸ਼ਬਦ ਸੁਤ ਦੇਵੇ ਵਰ, ਵਰ ਦਾਤਾ ਨਾਉਂ ਧਰਾਇੰਦਾ । ਵਰ ਦਾਤਾ ਹਰਿ ਭਗਵਾਨਾ, ਏਕਾ ਏਕ ਅਖਵਾਇਆ । ਸ਼ਬਦ ਸੁਤ ਦੇਵੇ ਦਾਨਾ, ਆਪ ਆਪਣੀ ਦਇਆ ਕਮਾਇਆ । ਏਕਾ ਬੰਨ੍ਹੇ ਸਾਚਾ ਗਾਨਾ, ਤੰਦਨ ਤੰਦ ਰਖਾਇਆ । ਮੇਲ ਮਿਲਾਏ ਦੋ ਜਹਾਨਾਂ, ਦੋ ਜਹਾਨਾਂ ਵੇਖ ਵਖਾਇਆ । ਲੋਆਂ ਪੁਰੀਆਂ ਕਰ ਪਰਵਾਨਾ, ਗਗਨ ਮੰਡਲ ਆਸਣ ਲਾਇਆ । ਬ੍ਰਿਹਿਮੰਡ ਖੰਡ ਕਰ ਪਰਧਾਨਾ, ਏਕਾ ਹੁਕਮ ਜਣਾਇਆ । ਸ਼ਬਦੀ ਸ਼ਬਦ ਸ਼ਬਦ ਧੁਰ ਫ਼ਰਮਾਣਾ, ਧੁਰ ਦਾ ਲੇਖਾ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖ ਸਾਚਾ ਘਰ, ਦਰ ਦਰਵਾਜਾ ਪਾਰ ਕਰਾਇਆ । ਦਰ ਦਰਵਾਜਾ ਪਾਰ ਕਿਨਾਰਾ, ਸ਼ਬਦ ਸੁਤ ਉਠ ਧਾਇਆ । ਲੋਆਂ ਪੁਰੀਆਂ ਪਤਾਲ ਆਕਾਸ਼ ਸੁਹਾਇਆ । ਗਗਨ ਮੰਡਲ ਰਵ ਸਸ ਸਤਾਰਾਂ, ਆਪਣੇ ਬੰਧ ਬੰਧਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰਾ, ਰੂਪ ਅਨੂਪ ਦਰਸਾਇਆ । ਸ਼ਬਦ ਸ਼ਬਦੀ ਭਰ ਭੰਡਾਰਾ, ਬ੍ਰਹਮ ਬ੍ਰਹਮ ਉਪਾਇਆ । ਪਾਰਬ੍ਰਹਮ ਗੁਰ ਇਕ ਅਵਤਾਰਾ,

੫੫੯ ੦੭

ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਦਰ, ਦਰ ਦਰਵੇਸ਼ਾ ਫੇਰੀ ਪਾਇਆ । ਦਰ ਦਰਵੇਸ਼ਾ ਹਰਿ ਹਰਿ ਧਾਰ, ਦਰ ਦਰ ਅਲੱਖ ਜਗਾਈਆ । ਸਰਬ ਰੰਗ ਅਪਰ ਅਪਾਰ, ਦਿਸ ਕਿਸੇ ਨਾ ਆਈਆ । ਘਟ ਘਟ ਕਰੇ ਖ਼ਬਰਦਾਰ, ਘਰ ਘਰ ਬੈਠਾ ਆਸਣ ਲਾਈਆ । ਬ੍ਰਹਮਾ ਵੇਤਾ ਕਰ ਪਿਆਰ, ਆਪਣੀ ਬੂਝ ਬੁਝਾਈਆ । ਸ਼ਬਦ ਗੁਰ ਭਰ ਭੰਡਾਰ, ਲੇਖ ਰਿਹਾ ਲਿਖਾਈਆ । ਪੰਜ ਤਤ ਕਰ ਪਿਆਰ, ਮਨ ਮਤ ਬੁਧ ਟਿਕਾਈਆ । ਨਿਰਗੁਣ ਰੂਪ ਹਰਿ ਕਰਤਾਰ, ਆਪ ਆਪਣਾ ਵੇਖ ਵਖਾਈਆ । ਸ਼ਬਦ ਡੰਕ ਅਪਰ ਅਪਾਰ, ਆਤਮ ਧੁਨ ਉਪਜਾਈਆ । ਨੌਂ ਦਵਾਰ ਖੋਲ੍ਹ ਕਿਵਾੜ, ਘਰ ਆਪਣੇ ਬੈਠਾ ਮੁਖ ਛੁਪਾਈਆ । ਜਗੇ ਜੋਤ ਅਗੰਮ ਅਪਾਰ, ਦਿਵਸ ਰੈਣ ਕਰੇ ਰੁਸ਼ਨਾਈਆ । ਕਰੇ ਖੇਲ ਅਪਰ ਅਪਾਰ, ਆਪ ਆਪਣਾ ਪੜਦਾ ਪਾਈਆ । ਬਜਰ ਕਪਾਟੀ ਲਾਏ ਤਾਲ, ਨਾ ਕੋਈ ਖੋਲ ਖੁਲ੍ਹਾਈਆ । ਸਾਚੀ ਹਾਟੀ ਏਕਾ ਕਰੇ ਵਣਜ ਵਪਾਰ, ਆਪਣੇ ਹੱਟ ਆਪੇ ਬੰਦ ਕਰਾਈਆ । ਤੀਰਥ ਤਾਟੀ ਅੰਮ੍ਰਿਤ ਧਾਰ, ਕਾਇਆ ਮੰਦਰ ਇਕ ਸੁਹਾਈਆ । ਜੋਤ ਲਿਲਾਟੀ ਅਪਰ ਅਪਾਰ, ਪੁਰਖ ਅਬਿਨਾਸ਼ੀ ਆਪ ਜਗਾਈਆ । ਔਖੀ ਘਾਟੀ ਅਧਵਿਚਕਾਰ, ਟੇਢੀ ਬੰਕ ਸੁਹਾਈਆ । ਜੀਵ ਜੰਤ ਕੋਈ ਨਾ ਉਤਰੇ ਪਾਰ, ਖੇਲੇ ਖੇਲ ਆਪ ਰਘੁਰਾਈਆ । ਲੋਕਮਾਤ ਕਰ ਪਸਾਰ, ਲੱਖ ਪਰਤੱਖ ਰਿਹਾ ਸਮਾਈਆ । ਚਾਰ ਧਾਰ ਪੰਜ ਪਿਆਰ ਸਤ ਉਜਿਆਰ ਅੱਠ ਘਰ ਬਾਰ, ਨੌਂ ਦਵਾਰ ਵੱਡੀ ਵਡਿਆਈਆ । ਦਸਵੇਂ ਜੋਤ ਜਗੇ ਅਗੰਮ ਅਪਾਰ, ਬੈਠਾ ਬੇਪਰਵਾਹੀਆ । ਮਾਨਸ ਦੇਹੀ ਸਚ ਸਿਕਦਾਰ, ਲੱਖ ਚੁਰਾਸੀ ਵਿਚ ਬਣਾਈਆ । ਦੇਵਤ ਦੇਵ ਲਏ ਅਧਾਰ, ਸੁਰ ਨਰ ਮੁਨ ਜਨ ਵੇਖ ਵਖਾਈਆ । ਗਣ ਗਧੰਰਬ ਬੰਨ੍ਹੇ ਧਾਰ, ਭੁੱਲ ਰਹੇ ਨਾ ਰਾਈਆ । ਧਰਮ ਰਾਏ ਦਏ ਉਚਾਰ, ਦਰ ਦਵਾਰ ਇਕ ਸੁਹਾਈਆ । ਚਿਤਰ ਗੁਪਤ ਬਣਾਏ ਸਾਚੀ ਨਾਰ, ਘਰ ਘਰ ਵੇਖ ਵਖਾਈਆ । ਲਾੜੀ ਮੌਤ ਨਾਰ ਮੁਟਿਆਰ, ਲੱਖ ਚੁਰਾਸੀ ਲਏ ਪਰਨਾਈਆ । ਕਰੇ ਖੇਲ ਪ੍ਰਭ ਖੇਲਣਹਾਰ, ਦਿਸ ਕਿਸੇ ਨਾ ਆਈਆ । ਆਪ ਆਪਣੀ ਕਰੇ ਕਾਰ, ਕਰਤਾ ਪੁਰਖ ਨਾਉਂ ਧਰਾਈਆ । ਧਰਨੀ ਧਰਤ ਜਲ ਧਾਰ, ਜਲ ਬਿੰਬ ਟਿਕਾਈਆ । ਕਰੇ ਖੇਲ ਪ੍ਰਭ ਖੇਲਣਹਾਰ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਘਰ, ਸ਼ਬਦ ਸੁਤ ਦੇਵੇ ਵਰ, ਲੋਆਂ ਪੁਰੀਆਂ ਲਏ ਉਸਾਰ, ਮਾਤ ਅਕਾਸ਼ ਧਰਤ ਧਵਲ ਲੋਕ ਪਰਲੋਕ ਅਵਣ ਗਵਣ ਫੇਰਾ ਪਾਈਆ । ਅਵਣ ਗਵਣ ਪੁਰੀ ਅਕਾਸ਼, ਹਰਿ ਹਰਿ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਪਾਏ ਰਾਸ, ਮੰਡਲ ਮੰਡਪ ਦਏ ਸੁਹਾਇਆ । ਆਪੇ ਵਸਿਆ ਪ੍ਰਿਥਮੀ ਆਕਾਸ਼, ਸਮੁੰਦ ਸਾਗਰ ਵੇਖ ਵਖਾਇਆ । ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤਾ ਨਾਉਂ ਧਰਾਇਆ । ਵੇਖੇ ਖੇਲ ਦਸ ਦਸ ਮਾਸ, ਮਾਨਸ ਮਾਨੁਖ ਲਏ ਪਰਨਾਇਆ । ਨਿਝ ਘਰ ਆਤਮ ਰੱਖੇ ਵਾਸ, ਨਿਝ ਆਤਮ ਨਾਉਂ ਧਰਾਇਆ । ਪਰਮ ਪੁਰਖ ਪ੍ਰਭ ਹੋਇਆ ਦਾਸ, ਸੇਵਕ ਸੇਵਾ ਰਿਹਾ ਕਮਾਇਆ । ਆਪ ਚਲਾਏ ਪਵਣ ਸਵਾਸ, ਪਵਣ ਪਵਣਾ ਵਿਚ ਟਿਕਾਇਆ । ਰਕਤ ਬੂੰਦ ਸੁਹਾਏ ਹੱਡ ਨਾੜੀ ਮਾਸ, ਪੰਜ ਤਤ ਸੁਹਾਇਆ । ਮੇਲ ਮਿਲਾਏ ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼, ਤ੍ਰੈਗੁਣ ਰੂਪ ਵਟਾਇਆ । ਮੰਦਰ ਅੰਦਰ ਮੰਡਲ ਮੰਡਪ ਪਾਵੇ ਰਾਸ, ਆਪ ਆਪਣਾ ਸਾਂਗ ਵਰਤਾਇਆ । ਖੇਲੇ ਖੇਲ ਪੁਰਖ ਅਬਿਨਾਸ਼, ਪੁਰਖ ਅਬਿਨਾਸ਼ੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖਣ ਆਇਆ ।

ਜੋਤ ਧਰ ਪੁਰਖ ਅਕਾਲ, ਆਪਣੀ ਦਇਆ ਕਮਾਇੰਦਾ । ਧਰਤ ਮਾਤ ਸਾਚੀ ਧਰਮਸਾਲ, ਧਰਤ ਧਵਲ ਸੁਹਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਜੁਗ ਕਰਤਾ ਨਾਉਂ ਰਖਾਇੰਦਾ । ਨਾਲ ਰਖਾਏ ਕਾਲ ਮਹਾਂਕਾਲ, ਆਦਿ ਅੰਤ ਵੇਸ ਵਟਾਇੰਦਾ । ਆਦਿ ਸ਼ਕਤ ਰੂਪ ਅਪਾਰ, ਭਗਤ ਭਗੌਤੀ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਗਿਆਨ ਕਰ ਧਿਆਨ, ਲੋਕਮਾਤ ਆਪ ਦ੍ਰਿੜਾਇੰਦਾ । ਆਪੇ ਸ਼ਬਦ ਆਪੇ ਗਿਆਨਾ, ਆਪੇ ਬੂਝ ਬੁਝਾਈਆ । ਆਪੇ ਰਸਨਾ ਆਪੇ ਜਿਹਵਾ ਆਪੇ ਕਾਹਨਾ, ਆਪੇ ਰਾਗ ਅਲਾਈਆ । ਆਪੇ ਦਾਤਾ ਆਪੇ ਦਾਨੀ ਗੁਣ ਨਿਧਾਨਾ, ਗੁਣ ਕਰਤਾ ਭੇਵ ਨਾ ਰਾਈਆ । ਆਪੇ ਸ਼ਬਦ ਆਪੇ ਗੁਰ ਆਪ ਆਪਣਾ ਬਣੇ ਹਾਣੀ, ਆਪ ਆਪਣਾ ਮੇਲ ਮਿਲਾਈਆ । ਆਪੇ ਅੰਡਜ ਆਪੇ ਜੇਰਜ ਆਪੇ ਉਤਭੁਜ ਸੇਤਜ ਖਾਣੀ, ਆਪੇ ਵੇਖ ਵਖਾਈਆ । ਆਪੇ ਪਰਾ ਆਪੇ ਪਸੰਤੀ ਆਪੇ ਮਧਮ ਆਪੇ ਬੈਖਰੀ ਬਾਣੀ,, ਆਪੇ ਰਿਹਾ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਸ਼ਬਦ ਦਏ ਵਡਿਆਈਆ । ਸ਼ਬਦ ਸ਼ਾਹ ਸੁਲਤਾਨ, ਹਰਿ ਹਰਿ ਆਪ ਉਪਾਇਆ । ਖੇਲੇ ਖੇਲ ਦੋ ਜਹਾਨ, ਜੁਗ ਜੁਗ ਵੇਸ ਵਟਾਇਆ । ਬ੍ਰਹਮੇ ਦੇਵੇ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇਆ । ਪਾਰਬ੍ਰਹਮ ਪ੍ਰਭ ਮਿਹਰਵਾਨ, ਮਿਹਰਵਾਨ ਅਖਵਾਇਆ । ਧੁਰ ਦਾ ਦਾਤਾ ਧੁਰ ਦੀਬਾਣ, ਧੁਰਦਰਗਾਹੀ ਝੋਲੀ ਪਾਇਆ । ਅੱਠੇ ਨੇਤਰ ਵੇਖੇ ਖੋਲ੍ਹ ਨਿਧਾਨ, ਸ਼ਬਦ ਸਨੇਹੜਾ ਇਕ ਘਲਾਇਆ । ਆਪੇ ਲੇਖਾ ਲਿਖਣਹਾਰ ਜੀਵ ਜਹਾਨ, ਜੀਵ ਜੰਤ ਲਏ ਉਪਾਇਆ । ਤੇਰੀ ਖੋਲ੍ਹੇ ਮਾਤ ਦੁਕਾਨ, ਤੇਰਾ ਹੱਟ ਚਲਾਇਆ । ਕਰਾਏ ਵਣਜ ਹਰਿ ਭਗਵਾਨ, ਚੌਦਾਂ ਲੋਕ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖ ਸਾਚਾ ਘਰ, ਲੋਕਮਾਤੀ ਰਾਹ ਤਕਾਇਆ । ਲੋਕਮਾਤੀ ਬਣਤ ਬਣਾ ਆਪਣੀ ਕਲ ਵਰਤਾਇੰਦਾ । ਲੱਖ ਚੁਰਾਸੀ ਰਚਨ ਰਚਾ, ਨੌਂ ਦਸ ਗਿਆਰਾ ਬੀਸ ਤੀਸ ਲੱਖ ਚਾਰ ਵੇਖ ਵਖਾਇੰਦਾ । ਭਾਂਡਾ ਕੱਚਾ ਨੌਂ ਦਰ ਨਚਾ, ਨੌਂ ਨੌਂ ਖੇਲ ਖਿਲਾਇੰਦਾ । ਸ਼ਬਦ ਅਗੰਮੀ ਅਨਹਦ ਵਾਜਾ ਆਪ ਵਜਾ, ਗੁਰਮੁਖ ਸਾਚੇ ਆਪ ਜਗਾਇੰਦਾ । ਅਸਵ ਘੋੜਾ ਰੱਖੇ ਤਾਜਾ, ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਫੋਲ ਫੋਲਾਇੰਦਾ । ਪਾਰਬ੍ਰਹਮ ਪ੍ਰਭ ਗਰੀਬ ਨਿਵਾਜਾ, ਗਊ ਗ਼ਰੀਬਾਂ ਗਲੇ ਲਗਾਇੰਦਾ । ਧਰਤ ਧਵਲ ਮਾਰੇ ਵਾਜਾਂ, ਪੱਤਤ ਪਾਪੀ ਭਾਰ ਦਬਾਇੰਦਾ । ਵੇਖਣ ਆਏ ਆਪਣਾ ਕਾਜਾ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਵੇਸ ਕਰ, ਲੋਕਮਾਤ ਖੇਲ ਖਿਲਾਇੰਦਾ । ਲੋਕਮਾਤ ਖੇਲ ਖਿਲਾਰੀ, ਹਰਿ ਹਰਿ ਆਪ ਅਖਵਾਇਆ । ਆਦਿ ਅੰਤ ਇਕ ਅਵਤਾਰੀ, ਏਕਾ ਗੁਰ ਸਮਝਾਇਆ । ਜਗੇ ਜੋਤ ਅਗੰਮ ਅਪਾਰੀ, ਨਿਰਗੁਣ ਵੇਸ ਵਟਾਇਆ । ਸ਼ਬਦ ਖੰਡਾ ਤੇਜ਼ ਕਟਾਰੀ, ਜੋਧਾ ਸੂਰਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਰਚਨ ਰਚਾਇਆ । ਜੁਗ ਨਾਤਾ ਜਗ ਜੋੜਿਆ, ਆਪਣੀ ਕਿਰਪਾ ਧਾਰ, ਜਨ ਭਗਤਾਂ ਆਪੇ ਬੌਹੜਿਆ, ਲੋਕਮਾਤ ਲੈ ਅਵਤਾਰ । ਧੁਰ ਦਰਗਾਹੀ ਆਏ ਦੌੜਿਆ, ਕਰੇ ਵੇਸ ਨਿਰੰਕਾਰ । ਫਲ ਵੇਖੇ ਮਿੱਠਾ ਕੌੜਿਆ, ਧਰਤ ਧਵਲ ਲੱਖ ਚੁਰਾਸੀ ਪਾਵੇ ਸਾਰ । ਨਾ ਕੋਈ ਜਾਣੇ ਪੈਂਡਾ ਲੰਮਾ ਚੌੜਿਆ, ਆਪੇ ਵਸਿਆ ਆਰ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੰਨ੍ਹੇ ਆਪਣੀ ਧਾਰ । ਲੋਕਮਾਤ ਹਰਿ ਧੀਰ ਧਰਾ, ਧੀਰਜ ਵੇਖ ਵਖਾਇੰਦਾ । ਜੁਗ ਜੁਗ ਆਪਣਾ ਵੇਸ ਧਰਾ, ਅਛਲ ਅਛੱਲ ਛਲ ਕਮਾਇੰਦਾ । ਸਤਿਜੁਗ ਲੇਖਾ ਆਪ ਲਿਖਾ,

ਆਪਣਾ ਮੂਲ ਚੁਕਾਇੰਦਾ । ਵਾਰ ਅਠਾਰਾਂ ਜੋਤ ਜਗਾ, ਜਾਗਰਤ ਜੋਤ ਦਰਸਾਇੰਦਾ । ਨੇਤਰ ਨੈਣਾਂ ਦਰਸ ਦਿਖਾ, ਭਗਤ ਭਗਵੰਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਸਤਿਜੁਗ ਸਾਚੇ ਪਾਰ ਕਿਨਾਰਾ, ਸਚ ਸੁੱਚ ਕੁੜਮਾਈਆ । ਤ੍ਰੇਤਾ ਲਏ ਮਾਤ ਅਵਤਾਰਾ, ਰਾਮ ਰਾਮਾ ਸੰਗ ਰਲਾਈਆ । ਬਰਸ ਬਰਸਾ ਕਰ ਅਧਾਰਾ, ਲੰਕਾ ਗੜ੍ਹ ਤੁੜਾਈਆ । ਗਊ ਗਰੀਬਾਂ ਪਾਵੇ ਸਾਰਾ, ਤਾਲ ਸੁਹਾਵਾ ਇਕ ਸੁਹਾਈਆ । ਅੰਤਮ ਕਰੇ ਪਾਰ ਕਿਨਾਰਾ, ਦੁਆਪਰ ਜੋਤ ਜਗਾਈਆ । ਦੁਆਪਰ ਤੇਰਾ ਸਚ ਮੁਨਾਰਾ, ਵੇਦ ਵਿਆਸਾ ਰਿਹਾ ਲਿਖਾਈਆ । ਸਾਵਲ ਸੁੰਦਰ ਰੂਪ ਅਪਾਰਾ, ਕਾਹਨਾ ਬੰਸਰੀ ਇਕ ਵਜਾਈਆ । ਗੀਤਾ ਗਿਆਨ ਭੇਵ ਨਿਆਰਾ, ਅਰਜਨ ਮੁਖ ਸਾਲਾਹੀਆ । ਤੋੜੇ ਗੜ੍ਹ ਮਾਣ ਹੰਕਾਰਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਬਿਦਰ ਸੁਦਾਮਾ ਉਤਰੇ ਪਾਰਾ, ਦਰੋਪਦ ਲੱਜਿਆ ਆਪ ਰਖਾਈਆ । ਆਪਣੇ ਦਰ ਆਪਣੇ ਘਰ ਆਪਣਾ ਕੀਆ ਪਾਰ ਉਤਾਰਾ, ਆਪ ਆਪਣਾ ਲਏ ਮਨਾਈਆ । ਕਲਜੁਗ ਖੇਲ ਕਰੇ ਨਿਆਰਾ, ਕਾਲੀ ਰੈਣ ਅੰਧੇਰੀ ਛਾਈਆ । ਜੂਠ ਝੂਠ ਕਰ ਪਸਾਰਾ, ਪੰਜ ਤਤ ਕਰੇ ਕੁੜਮਾਈਆ । ਮਾਇਆ ਮਮਤਾ ਕਰ ਪਿਆਰਾ, ਜੂਠਾ ਝੂਠਾ ਬੰਧਨ ਪਾਈਆ । ਚਾਰੋਂ ਕੁੰਟ ਧੂੰਆਂਧਾਰਾ, ਅਗਿਆਨ ਅੰਧੇਰਾ ਛਾਈਆ । ਈਸਾ ਮੂਸਾ ਕਰ ਉਜਿਆਰਾ, ਏਕਾ ਹੱਕ ਖ਼ੁਦਾਈਆ । ਇਕ ਵਖਾਏ ਸਾਚਾ ਨਾਅਰਾ, ਸਾਚਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖ਼ੁਸ਼ੀ ਮਨਾਈਆ । ਕਲਜੁਗ ਤੇਰੀ ਕਾਲੀ ਧਾਰ, ਹਰਿ ਸਾਚੇ ਰੰਗ ਰੰਗਾਇਆ । ਨਾਲ ਰਲਾਇਆ ਮੁਹੰਮਦ ਯਾਰ, ਸਾਚਾ ਮਤਾ ਪਕਾਇਆ । ਚਾਰ ਯਾਰੀ ਕਰੇ ਖ਼ਬਰਦਾਰ, ਏਕਾ ਰਾਹ ਵਖਾਇਆ । ਕਰਮ ਧਰਮ ਜਰਮ ਦਿਤਾ ਧੱਕਾ ਮਾਰ, ਬੇੜਾ ਰਿਹਾ ਰੁੜ੍ਹਾਇਆ । ਮਦੀਨਾ ਮੱਕਾ ਕਰ ਉਜਿਆਰ, ਮੱਕਾ ਕਾਅਬਾ ਮੁਖ ਰਖਾਇਆ । ਖੇਲੇ ਖੇਲ ਅਪਰ ਅਪਾਰ, ਦੋ ਦੋ ਆਬਾ ਵੇਖ ਵਖਾਇਆ । ਪੁਨ ਸਵਾਬਾ ਨਾ ਕੋਈ ਵਿਚਾਰ, ਐਨਹਲਹੱਕ ਨਾਅਰਾ ਲਾਇਆ । ਮੁਕਾਮੇ ਹੱਕ ਖ਼ੁਦਾਈ ਸਾਂਝਾ ਯਾਰ, ਦਿਸ ਕਿਸੇ ਨਾ ਆਇਆ । ਪੀਰ ਫ਼ਕੀਰ ਸ਼ਾਹ ਹਕੀਰ ਕੁਤਬ ਗੌਂਸ ਔਲੀਏ ਗਏ ਹਾਰ, ਹਰਿ ਕਾ ਭੇਵ ਕਿਸੇ ਨਾ ਪਾਇਆ । ਅੰਦਰ ਮੰਦਰ ਇਕ ਦਵਾਰ, ਨਾ ਕੋਈ ਦੇਵੇ ਪੜਦਾ ਲਾਹਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣਾ ਖੇਲ ਖਿਲਾਇਆ । ਨਾਨਕ ਗੁਰ , ਮੰਤਰ ਨਾਮ ਦ੍ਰਿੜਾਇਆ । ਨਾਮ ਸਤਿ ਕਰ ਵਿਚਾਰ, ਲੋਕਮਾਤੀ ਝੋਲੀ ਪਾਇਆ । ਚਾਰੋਂ ਕੁੰਟ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਏਕਾ ਜੋਤ ਦਸ ਗੁਰ ਅਵਤਾਰ, ਗੁਰ ਗੋਬਿੰਦ ਇਹ ਸਮਝਾਇਆ । ਪੂਰਬ ਲਹਿਣਾ ਕਰਮ ਵਿਚਾਰ, ਪੁਰਖ ਅਕਾਲਾ ਮੂਲ ਚੁਕਾਇਆ । ਦੀਨ ਦਿਆਲਾ ਕਰੇ ਪਿਆਰ, ਸੂਲਾਂ ਸੱਥਰ ਵੇਖ ਵਖਾਇਆ । ਗਲੇ ਲਗਾਏ ਦਏ ਆਧਾਰ, ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਜੁਗ ਜੁਗ ਆਪਣਾ ਵੇਸ ਵਟਾਇਆ । ਵੇਸ ਵਟਾ ਪੁਰਖ ਬਿਧਾਤਾ, ਆਪਣੀ ਕਲ ਵਰਤਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਅਗਿਆਨ ਅੰਧੇਰ ਗਵਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤਾ, ਧੁਰ ਦਾ ਕਰਮ ਕਮਾਇੰਦਾ । ਆਪੇ ਪਿਤਾ ਆਪੇ ਮਾਤਾ, ਗੁਰਮੁਖ ਬਾਲ ਅੰਵਾਣੇ ਗੋਦ ਉਠਾਇੰਦਾ । ਨਾ ਕੋਈ ਵੇਖੇ ਔਣਾ ਜਾਣਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾ ਸ਼ਾਹ ਸੁਲਤਾਨਾ ਏਕਾ ਧਾਮ ਸੁਹਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਗੁਰ ਗੋਬਿੰਦ ਮੇਲ ਮਿਲਾਇੰਦਾ । ਅੰਤਮ ਕਲਜੁਗ ਪੁੱਛੇ ਵਾਤਾ, ਜੋਤੀ ਜਾਮਾ ਵੇਸ

੫੬੩
੦੨

ਵਟਾਇੰਦਾ । ਦਰਸ ਦਿਖਾਏ ਬਹੁ ਬਹੁ ਭਾਤਾਂ, ਰਾਮ ਕ੍ਰਿਸ਼ਨਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਤੇਰਾ ਵੇਸ ਅਵੱਲਾ, ਹਰਿ ਹਰਿ ਆਪ ਕਰਾਇਆ । ਖੇਲੇ ਖੇਲ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਲਾਇਆ । ਭੇਵ ਖੁਲਾਏ ਜਲਾ ਥਲਾ, ਡੂੰਘੀ ਕੰਦਰ ਵੇਖ ਵਖਾਇਆ । ਵੇਖ ਵਖਾਏ ਉਚ ਮਹੱਲਾ, ਪਰਬਤ ਟਿੱਲੇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾ ਹਰਿ ਨਿਰੰਕਾਰ ਆਪਣੀ ਕਲ ਵਰਤਾਈਆ । ਬ੍ਰਹਮੇ ਕੀਤਾ ਖ਼ਬਰਦਾਰ, ਏਕਾ ਸ਼ਬਦ ਜਣਾਈਆ । ਮਨ ਮਨਵੰਤਰ ਗਏ ਹਾਰ, ਇਕੱਤਰ ਚੌਕੜੀ ਵੇਖ ਵਖਾਈਆ । ਨੌਂ ਨੌਂ ਚਾਰ ਪਾਵੇ ਸਾਰ, ਨੌਂ ਨੌਂ ਦਏ ਸੁਹਾਈਆ । ਅਠ ਸਠ ਅਖਾੜ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਪੁਰਖ ਅਗੰਮੀ ਵੇਖ ਧਾੜ, ਏਕਾ ਨਾਅਰਾ ਰਹੀ ਲਾਈਆ । ਪੁਰੀ ਬ੍ਰਹਮ ਹੋਈ ਉਜਾੜ, ਸੁੰਵ ਮਸਾਣ ਵਖਾਈਆ । ਪੁਰਖ ਅਬਿਨਾਸ਼ੀ ਵੇਖੇ ਇਕ ਅਖਾੜ, ਜੋਧੇ ਸੂਰ ਵੱਡੀ ਵਡਿਆਈਆ । ਨਿਰਗੁਣ ਸਰਗੁਣ ਟੋਹੇ ਨਾੜ ਨਾੜ, ਤਿੰਨ ਸੌ ਸੱਠ ਹਾਡੀ ਵੇਖ ਵਖਾਈਆ । ਚਿੱਟੇ ਅਸਵ ਚੜ੍ਹਿਆ ਸਾਚਾ ਲਾੜ, ਵਡ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਰਿਹਾ ਸੁਣਾਈਆ । ਬ੍ਰਹਮਾ ਸੁਣ ਸ਼ਬਦ ਜੈਕਾਰਾ, ਆਪਣੀ ਲਏ ਅੰਗੜਾਈਆ । ਕਵਣ ਪੁਰਖ ਬੰਨੇ ਧਾਰਾ, ਕਵਣ ਵੇਖ ਵਖਾਈਆ । ਕਵਣ ਅਸਵ ਆਏ ਅਸਵਾਰਾ, ਕਵਣ ਕੂਟੇ ਫੇਰਾ ਪਾਈਆ । ਕਵਣ ਮਾਰਨਹਾਰਾ ਨਾਅਰਾ, ਥਿਰ ਕੋਈ ਰਹਿਣ ਨਾ ਪਾਈਆ । ਸੋ ਪੁਰਖ ਨਿਰੰਜਣ ਲੈ ਅਵਤਾਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਸਚਖੰਡ ਖੋਲ੍ਹ ਦਵਾਰਾ, ਪੁਰੀਆਂ ਲੋਆਂ ਆਇਆ ਕਰ ਕਰ ਧਾਹੀਆ । ਬ੍ਰਹਮ ਵੇਤਾ ਪਾਰ ਕਿਨਾਰਾ, ਬੀਸ ਬੀਸਾ ਇਹ ਸਮਝਾਈਆ । ਜਗਤ ਜਗਦੀਸਾ ਖੇਲ ਕਿਨਾਰਾ, ਸ਼ਿਵ ਸ਼ੰਕਰ ਦਏ ਉਠਾਈਆ । ਬਾਸ਼ਕ ਤਸ਼ਕਾ ਗਲ ਵਿਚੋਂ ਲਾਹੇ ਹਾਰਾ, ਹੱਥ ਤ੍ਰਿਸੂਲ ਸੁਟਾਈਆ । ਦੋਏ ਜੋੜ ਕਰੇ ਨਿਮਸਕਾਰਾ, ਪ੍ਰਭ ਆਏ ਸੀਸ ਝੁਕਾਈਆ । ਪ੍ਰਭ ਕਾ ਸ਼ਬਦ ਜੈਕਾਰਾ, ਏਕਾ ਹੁਕਮ ਸੁਣਾਈਆ । ਅੰਤਮ ਛੱਡਣਾ ਪਿਆ ਦਵਾਰਾ, ਭੋਲੇ ਨਾਥ ਵੱਡੀ ਵਡਿਆਈਆ । ਗੁਰਮੁਖ ਸਚ ਘਰ ਸੱਚੇ ਹੋਏ ਸਿਕਦਾਰਾ, ਸਤਿਗੁਰ ਸਾਚੀ ਬਣਤ ਬਣਾਈਆ । ਜੋਤੀ ਜੋਤ ਅਪਰ ਅਪਾਰਾ, ਜੋਤੀ ਜੋਤ ਲਏ ਮਿਲਾਈਆ । ਸੁਰਪਤ ਰਾਜਾ ਇੰਦ ਕਰੇ ਖ਼ਬਰਦਾਰਾ, ਕਰੋੜ ਤੇਤੀਸਾ ਨਾਲ ਰਲਾਈਆ । ਕਲਜੁਗ ਅੰਤਮ ਆਏ ਪਾਰ ਕਿਨਾਰਾ, ਬਲ ਬਾਵਨ ਕੋਈ ਨਾ ਸੁਹਾਈਆ । ਮਾਤ ਸੁਲੱਖਣੀ ਨਾ ਕਰੇ ਪਿਆਰਾ, ਨਾ ਰੋ ਰੋ ਨੀਰ ਵਹਾਈਆ । ਪੁਰਖ ਅਬਿਨਾਸ਼ੀ ਆਪਣੀ ਬੰਨੇ ਆਪੇ ਧਾਰਾ, ਹਰਿ ਦਰ ਵੱਡੀ ਵਡਿਆਈਆ । ਜੋਤ ਸਰੂਪ ਲੈ ਅਵਤਾਰਾ, ਨਿਰਗੁਣ ਖੇਲ ਕਰੇ ਰਘੁਰਾਈਆ । ਬ੍ਰਹਮਾ ਸੁਤ ਨਾਰਦ ਮੁਨ ਰੋਵੇ ਜ਼ਾਰੋ ਜ਼ਾਰਾ, ਚੋਟੀ ਸੀਸ ਮੁੰਡਾਈਆ । ਵੇਦ ਸ਼ਾਸਤਰ ਕਰਨ ਪੁਕਾਰਾ, ਬ੍ਰਹਮਾ ਇਹ ਸਮਝਾਈਆ । ਵੇਦ ਵਿਆਸਾ ਬਣ ਲਿਖਾਰਾ, ਪੁਰਾਨ ਅਠਾਰਾਂ ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਿਆ ਜਣਾਈਆ । ਖੇਲੇ ਖੇਲ ਕਿਸ਼ਨ ਮੁਰਾਰਾ, ਗਿਆਨ ਗੀਤਾ ਇਕ ਦ੍ਰਿੜਾਈਆ । ਅੰਜੀਲ ਕੁਰਾਨ ਵੇਖ ਜਹਾਨ, ਬੰਸ ਬੰਸਾ ਏਕ ਗੁਣ ਵਖਾਈਆ । ਨਾਨਕ ਅਰਜਨ ਕਰ ਪਛਾਨ, ਬਾਣੀ ਬੋਧ ਇਕ ਗਿਆਨ, ਰਾਗ ਛਤੀਸਾ ਰਿਹਾ ਅਲਾਈਆ । ਗੁਰ ਗੋਬਿੰਦੇ ਅੰਮ੍ਰਿਤ ਆਤਮ ਦਿਤਾ ਪੀਣ ਖਾਣ, ਬਸਤਰ ਸ਼ਸਤਰ ਇਕ ਸਮਾਈਆ । ਨਾਮ ਖੰਡਾ ਤੀਰ ਕਿਰਪਾਨ, ਬ੍ਰਹਿਮੰਡਾਂ ਹੋਏ ਸਹਾਈਆ । ਜੇਰਜ ਅੰਡਾ

ਵੇਖ ਵਖਾਨ ਝੂਠ ਦੁਕਾਨ, ਚੌਦਾਂ ਹੱਟਾਂ ਵੇਖ ਵਖਾਈਆ । ਇੱਤਲ ਵਿਤਲ ਸਿਤਲ ਹੋ ਮਿਹਰਾਵਾਨ, ਤਲਾਤਲ ਮਹਾਤਲ ਰਸਾਤਲ ਪਤਾਲ ਲੋਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾਈਆ । ਚੌਦਾਂ ਲੋਕ ਚੌਦਾਂ ਤਬਕ ਚੌਦਾਂ ਹਰਿ ਹੁਲਾਰਾ । ਚੌਦਾਂ ਖੇਲ ਖੇਲ ਤਬਰੇਜ਼ ਸ਼ਮਸ, ਚੌਦਾਂ ਅੱਲਾ ਰਾਣੀ ਨਾਅਰਾ । ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਚੌਦਾਂ ਹੋਏ ਖਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਸਿਰਜਣਹਾਰਾ । ਬ੍ਰਹਮਾ ਸ਼ਿਵ ਦੇਵਤ ਸੁਰ, ਪ੍ਰਭ ਸਾਚੇ ਇਕ ਸਮਝਾਇਆ । ਰਿਖ ਮੁਨ ਸਾਧ ਸੰਤ ਜੋ ਬੈਠੇ ਜੁੜ, ਤੀਰਥ ਤੱਟਾਂ ਲਏ ਉਠਾਇਆ । ਗੁਰਦਰ ਮੰਦਰ ਸ਼ਿਵਦਵਾਲੇ ਜੋ ਰਹੇ ਰੁੜ, ਪਾਰ ਕੰਢਾ ਦਏ ਵਖਾਇਆ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜਾ, ਅੰਦਰ ਮੰਦਰ ਖੋਜ ਖੋਜਾਇਆ । ਲੇਖ ਲਿਖਾਏ ਪੂਤ ਸਪੂਤਾ ਬ੍ਰਿਹਮਣ ਗੌੜਾ, ਵੇਖ ਵਖਾਇਆ । ਕਲਜੁਗ ਅੰਤਮ ਜੋਤ ਅਕਾਲੀ ਜੋਤ ਸਰੂਪੀ ਲੋਕਮਾਤੀ ਆਇਆ ਦੌੜਾ, ਸ਼ਬਦ ਡੰਕਾ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾਇਆ ਹਰਿ ਨਿਰੰਕਾਰ, ਆਪਣੇ ਹੱਥ ਰੱਖੀ ਵਡਿਆਈਆ । ਲੋਆਂ ਪੁਰੀਆਂ ਬੰਨੇ ਧਾਰ, ਲੋਕਮਾਤ ਵੱਜੇ ਵਧਾਈਆ । ਸਤਿ ਸਤਿ ਪਾਰ ਕਿਨਾਰ, ਸਤਿ ਸਤਿ ਵੇਖ ਵਖਾਈਆ । ਭੂ ਲੋਕ ਖ਼ਬਰਦਾਰ, ਦੂਵਰ ਕਰੇ ਜਣਾਈਆ । ਸਵਰਗ ਲੋਕ ਕਰ ਪਿਆਰ, ਮਹਰਹ ਨਾਮ ਜਪਾਈਆ । ਜਪ ਲੋਕ ਪਾਰ ਕਿਨਾਰ, ਤਪ ਤਪਸਵੀ ਇਕ ਵਖਾਈਆ । ਸਤਿ ਲੋਕ ਸਤਿ ਪੁਰਖ ਨਿਰੰਜਣ ਸਿਰਜਣਹਾਰ, ਬੈਠਾ ਬੇਪਰਵਾਹੀਆ । ਲੋਕਮਾਤ ਆਇਆ ਸਾਂਝਾ ਯਾਰ, ਚਾਰ ਵਰਨਾਂ ਕਰੇ ਜਣਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਕੁਲਾ ਖੰਡ ਡੇਰਾ ਲਾਈਆ । ਇੱਲਾਬ੍ਰਤ ਮਾਰੇ ਮਾਰ, ਕੇਤਮਾਲ ਵੱਜੀ ਵਧਾਈਆ । ਹਰਣਯਮਹ ਵੇਖ ਵਿਚਾਰ, ਭਦਰ ਖੇਲ ਖਿਲਾਈਆ । ਰਮਕ ਰੋਵੇ ਜ਼ਾਰੋ ਜ਼ਾਰ, ਹਰਿਵਰਖ ਫੋਲ ਫੋਲਾਈਆ । ਕਿੰ ਪੁਰਖ ਪਾਵੇ ਸਾਰ, ਭਾਰਤ ਖੰਡ ਹੋਏ ਜੈ ਜੈਕਾਰ, ਸੱਤਾਂ ਦੀਪਾਂ ਮੇਲਾ ਨਾਰੀ ਕੰਤ ਦਰ ਸੁਹਾਈਆ । ਲੱਖਣ ਦੀਪ ਹੋ ਉਜਿਆਰ, ਕਰੌਚ ਫੇਰਾ ਪਾਈਆ । ਪੁਸ਼ਕਰ ਤੇਰੀ ਬੰਨੇ ਧਾਰ, ਜੰਬੂ ਦੀਪ ਆਪ ਆਪਣਾ ਰੰਗ ਵਟਾਈਆ । ਸਲਮਲ ਤੇਰਾ ਇਕ ਪਿਆਰ, ਭੁੱਲ ਰਹੇ ਨਾ ਰਾਈਆ । ਸ਼ਾਨ ਤੇਰੀ ਬੰਨੇ ਧਾਰ, ਏਕਾ ਗੁਣ ਰਖਾਈਆ । ਕੁਸ਼ਾ ਵੇਖ ਸੱਚੀ ਸਰਕਾਰ, ਸੀਸ ਸਾਚਾ ਤਾਜ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌਂ ਸਤ ਦੇ ਮਤ ਇਕ ਤਤ ਰਿਹਾ ਸਮਝਾਈਆ । ਏਕਾ ਤਤ ਇਕ ਗਿਆਨ, ਏਕਾ ਨਾਮ ਦ੍ਰਿੜਾਇਆ । ਏਕਾ ਧੀਰਜ ਏਕਾ ਯਤ ਇਕ ਧਿਆਨ, ਏਕਾ ਮਾਰਗ ਲਾਇਆ । ਇਕ ਦਵਾਰਾ ਇਕ ਅਸਥਾਨ, ਗੁਰਚਰਨ ਦਵਾਰਾ ਇਕ ਵਖਾਇਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਇਆ । ਏਕਾ ਰਾਗ ਸੁਣਾਏ ਕਾਨ, ਧੁੰਨ ਅਨਾਦੀ ਤਾਲ ਵਜਾਇਆ । ਏਕਾ ਮਾਰੇ ਸਾਚਾ ਬਾਣ, ਬਜਰ ਕਪਾਟੀ ਚੀਰ ਵਖਾਇਆ । ਸੋ ਪੁਰਖ ਹਰਿ ਮਿਹਰਵਾਨ, ਹੰ ਹੰਗਤਾ ਦਏ ਗਵਾਇਆ । ਏਕਾ ਚਿੱਲਾ ਇਕ ਕਮਾਨ, ਏਕਾ ਤੀਰ ਰਿਹਾ ਉਠਾਇਆ । ਏਕਾ ਕਿਲਾ ਏਕਾ ਧਰਮ ਨਿਸ਼ਾਨ, ਏਕਾ ਦਏ ਝੁਲਾਇਆ । ਏਕਾ ਵਰਨ ਏਕਾ ਗੋਤ ਏਕਾ ਘਰ ਇਕ ਮਕਾਨ, ਏਕਾ ਬ੍ਰਹਮ ਦਏ ਜਣਾਇਆ । ਏਕਾ ਨਾਰੀ ਏਕਾ ਕਮਲਾਪਾਤ, ਏਕਾ ਸੇਜ ਰਿਹਾ ਹੰਢਾਇਆ । ਏਕਾ ਮੰਦਰ ਅੰਦਰ ਰਿਹਾ ਝਾਕ, ਪੜਦਾ ਓਹਲਾ ਇਕ ਰਖਾਇਆ । ਏਕਾ ਖੋਲ੍ਹਣਹਾਰਾ ਤਾਕ, ਅੰਧ ਅੰਧੇਰਾ ਦਏ ਗਵਾਇਆ । ਏਕਾ ਸੱਜਣ ਆਪਣਾ ਸਾਕ,

ਏਕਾ ਮੀਤ ਮੁਰਾਰ ਬਣਾਇਆ । ਏਕਾ ਪਾਕੀ ਏਕਾ ਪਾਕ, ਪੱਤਤ ਪਾਪੀ ਪੁਨੀਤ ਦਏ ਕਰਾਇਆ । ਏਕਾ ਜਾਣੇ ਜਣਾਏ ਭਵਿਖਤ ਵਾਕ, ਨਾ ਕੋਈ ਦੂਸਰ ਲੇਖ ਲਿਖਾਇਆ । ਜੁਗ ਜੁਗ ਜਨ ਭਗਤਾਂ ਪੜਦਾ ਰਿਹਾ ਢਾਕ, ਸ਼ਬਦ ਦੋਸ਼ਾਲਾ ਉਪਰ ਪਾਇਆ । ਕੋਈ ਨਾ ਰਹੇ ਅੱਗੇ ਆਕੀ ਆਕ, ਸ਼ਾਹ ਸੁਲਤਾਨਾਂ ਖਾਕ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇਆ । ਜੋਤੀ ਜਾਮਾ ਹਰਿ ਹਰਿ ਅਵੱਲੜਾ, ਹਰਿ ਹਰਿ ਜੋਤ ਜਗਾਈਆ । ਸ਼ਬਦੀ ਡੰਕ ਵੱਜੇ ਘਰ ਘਰਾ, ਘਰ ਘਰ ਵਿਚ ਕਰੇ ਜਣਾਈਆ । ਵੇਖ ਵਖਾਏ ਦਰ ਦਰ ਦਰਾ, ਦਰ ਦਰਵਾਜਾ ਖੋਲ੍ਹ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਾਈਆ । ਆਪ ਆਪਣਾ ਨਾਉਂ ਰੱਖ, ਆਪਣਾ ਬਿਰਧ ਰਖਾਇਆ । ਆਪ ਆਪਣਾ ਕਰ ਵੱਖ, ਆਪ ਆਪਣਾ ਵੇਖਣ ਆਇਆ । ਆਪ ਆਪਣਾ ਕਰ ਪਰਤੱਖ, ਆਪ ਆਪਣਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਧਰ ਹਰਿ ਨਿਹਕਲੰਕ, ਸ਼ਬਦ ਡੰਕ ਵਜਾਇੰਦਾ । ਲੋਕਮਾਤ ਉਠਾਏ ਰਾਓ ਰੰਕ, ਰੰਕ ਰਾਜਾਨਾ ਆਪ ਜਗਾਇੰਦਾ । ਜਨ ਭਗਤ ਸੁਹਾਏ ਦਵਾਰ ਬੰਕ, ਬੰਕ ਦਵਾਰੀ ਨਾਉਂ ਧਰਾਇੰਦਾ । ਦਰਸ ਦਿਖਾਏ ਵਾਰ ਅਨਕ, ਅਨਕ ਕਲ ਵਰਤਾਇੰਦਾ । ਪਰਗਟ ਹੋਇਆ ਵਾਸੀ ਪੁਰੀ ਘਨਕ, ਸੰਬਲ ਨਗਰੀ ਡੇਰਾ ਲਾਇੰਦਾ । ਗੁਰਮੁਖ ਆਤਮ ਸੀਤਾ ਸਪੁੱਤਰੀ ਜਨਕ, ਘਰ ਸਾਚੇ ਆਪ ਪਰਨਾਇੰਦਾ । ਆਪੇ ਰੂਪ ਵਟਾਏ ਸਨੰਦਨ ਸਨਕ, ਸਨਾਤਨ ਸੰਤ ਕੁਮਾਰਾ ਵੇਖ ਵਖਾਇੰਦਾ । ਰੂਪ ਬਰਾਹ ਵਜਾਏ ਡੰਕ, ਯਗੈ ਪੁਰਸ਼ ਕੁਰਲਾਇੰਦਾ । ਹਾਵ ਗਰੀਵ ਲਾਏ ਅੰਕ, ਨਰ ਨਰਾਇਣ ਧਾਰ ਰਖਾਇੰਦਾ । ਕਪਲ ਮੁਨ ਲਾਏ ਤਨਕ, ਦਤਾ ਤ੍ਰੈ ਸਮਝਾਇੰਦਾ । ਰਿੱਖਭ ਦੇਵ ਕੱਢੇ ਸ਼ਨਕ, ਪ੍ਰਿਥੂ ਮਥ ਵਖਾਇੰਦਾ । ਮਤਸਯ ਲੇਖਾ ਇਕ ਅਕੰਤ, ਕਛਪ ਭਾਰ ਉਠਾਇੰਦਾ । ਧਨੰਤਰ ਉਠਾਇਆ ਏਕਾ ਧਨਖ, ਔਸ਼ਦ ਮੇਟ ਮਿਟਾਇੰਦਾ । ਬਾਵਨ ਹੰਸਾ ਹਰੀ ਨਰਾਇਣ ਨਰ ਸਿੰਘ ਰੂਪ ਇਕ ਅਕੰਤਾ, ਏਕਾ ਧਾਰ ਬੰਧਾਇੰਦਾ । ਮੋਹਣੀ ਰੂਪ ਖੇਲ ਖਿਲੰਤਾ, ਬਲ ਰਾਜਾ ਦਰ ਸੁਹਾਇੰਦਾ । ਪਰਸਰਾਮਾ ਵੇਖ ਵਖੰਤਾ, ਕਿਰਿਆ ਕਰਮ ਕਮਾਇੰਦਾ । ਵੇਦ ਵਿਆਸਾ ਕ੍ਰਿਸ਼ਨ ਭਗਵੰਤਾ, ਮੁਖੀ ਮੁਖ ਸਲਾਹਿੰਦਾ । ਬੋਧ ਬੋਧਾ ਧਾਮ ਸੁਹੰਤਾ, ਜਗਤ ਗਿਆਨ ਦ੍ਰਿੜਾਇੰਦਾ । ਅੰਤਮ ਕਲਜੁਗ ਨਿਹਕਲੰਕ ਵਜਾਏ ਡੰਕਾ, ਨਾਨਕ ਗੋਬਿੰਦ ਲੇਖ ਲਿਖਾਇੰਦਾ । ਲੱਖ ਚੁਰਾਸੀ ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਕੱਢੇ ਸ਼ੰਕਾ, ਆਪ ਆਪਣੀ ਕਲ ਵਰਤਾਇੰਦਾ । ਜਿਸ ਜਨ ਲਾਏ ਜੋਤੀ ਤਨਕਾ, ਸ਼ਬਦੀ ਸ਼ਬਦ ਉਠਾਇੰਦਾ । ਆਪੇ ਫੇਰਨਹਾਰਾ ਮਨ ਕਾ ਮਣਕਾ, ਮਨ ਮਨੂਆ ਮੇਟ ਮਿਟਾਇੰਦਾ । ਬੁੱਧੀ ਮਤ ਵੱਜੇ ਡੰਕਾ, ਸੁਰ ਤਾਲ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਦਰ ਘਰ ਘਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੰਜ ਤਤ ਕਾਇਆ ਰਥ ਵੇਖ ਵਖਾਇੰਦਾ । ਕਾਇਆ ਰਥ, ਹਰਿ ਰਥਵਾਹੀ ਘਟ ਘਟ ਆਪ ਚਲਾਇੰਦਾ । ਆਪਣੇ ਹੱਥ ਰੱਖੇ ਨੱਥ, ਚਾਰੋਂ ਕੁੰਟ ਫਿਰਾਇੰਦਾ । ਜਨ ਭਗਤਾਂ ਦੇਵੇ ਆਪਣੀ ਵਥ, ਆਪ ਆਪਣੀ ਬੂਝ ਬੁਝਾਇੰਦਾ । ਸ੍ਰਿਸ਼ਟ ਸਬਾਈ ਲੱਭੀ ਸਥ, ਪੰਜ ਵਿਕਾਰਾ ਸੱਥਰ ਹੇਠ ਵਿਛਾਇੰਦਾ । ਜੂਠਾ ਝੂਠਾ ਬੁਰਜ ਜਾਣਾ ਢੱਠ, ਥਿਰ ਕੋਈ ਰਹਿਣ ਨਾ ਪਾਇੰਦਾ । ਨਾਮ ਸ਼ਬਦ ਗੁਰਦਰ ਮੰਦਰ ਮਸਜਿਦ ਨਾ ਕੋਈ ਸੰਗ ਰਖਾਇੰਦਾ । ਅਕਾਲ ਪੁਰਖ ਚਰਨ ਦਵਾਰੇ ਇਕ ਅਕੱਠ, ਜੁਗ ਜੁਗ ਵਿਛੜੇ ਮੇਲ ਮਿਾਇੰਦਾ ।

ਮਾਣ ਦਵਾਏ ਤੀਰਥ ਅਠ ਸਠ, ਜੋ ਜਨ ਨੇਤਰ ਦਰਸ਼ਨ ਪਾਇੰਦਾ । ਉਲਟੀ ਗੇੜਨਹਾਰਾ ਲੱਠ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਅਗਨੀ ਲਾਏ ਮੱਠ, ਤਤਵ ਤਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਲ ਵਰਤਾਇੰਦਾ । ਕਰਨ ਕਰਾਵਨ ਜੋਗ, ਹਰਿ ਭਗਵੰਤਿਆ । ਆਦਿ ਅੰਤ ਜੁਗਾ ਜੁਗੰਤ ਨਾ ਹਰਖ ਨਾ ਕਦੇ ਸੋਗ, ਆਪ ਆਪਣਾ ਖੇਲ ਖਿਲੰਤਿਆ । ਸ੍ਰਿਸ਼ਟ ਸਬਾਈ ਕਲਜੁਗ ਚੁਗੌਣੀ, ਜੂਠੀ ਝੂਠੀ ਚੋਗ, ਮਾਨ ਅਭਿਮਾਨ ਜੀਵ ਨਿਧਾਨ ਜੀਵ ਜੰਤਿਆ । ਗੁਰਮੁਖ ਵਿਰਲੇ ਦੇਵੇ ਦਰਸ ਅਮੋਘ, ਸਾਚਾ ਮੇਲਾ ਨਾਰੀ ਕੰਤਿਆ । ਲੇਖਾ ਲਿਖਿਆ ਧੁਰ ਸੰਜੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲੰਤਿਆ । ਕਲਜੁਗ ਧਾਰ ਹਰਿ ਨਿਰਾਲੀ, ਆਪਣੀ ਆਪ ਚਲਾਈਆ । ਖੇਲੇ ਖੇਲ ਜੋਤ ਅਕਾਲੀ, ਨਿਰਗੁਣ ਰੂਪ ਵਟਾਈਆ । ਗੁਰਮੁਖਾਂ ਬਣਿਆ ਸਾਚਾ ਮਾਲੀ, ਧੁਰ ਦਾ ਵਾਲੀ ਬੇਪਰਵਾਹੀਆ । ਦੂਰ ਦੁਰਾਡੇ ਕਾਇਆ ਮੰਦਰ ਅੰਦਰ ਬਹਿ ਬਹਿ ਜਾਏ ਭਾਲੀ, ਮਨਮੁਖ ਜੀਵਾਂ ਦਿਸ ਨਾ ਆਈਆ । ਮਨਮੁਖ ਜੀਵ ਸੁਰਤ ਸਵਾਣੀ ਹੋਈ ਬੇਹਾਲੀ, ਦਿਵਸ ਰੈਣ ਰਹੀ ਕੁਰਲਾਈਆ । ਮਨਮਤ ਵਜਾਇਆ ਆਪਣੀ ਤਾਲੀ, ਤਾਲ ਤਲਵਾੜਾ ਨਾ ਕੋਈ ਰਖਾਈਆ । ਅੰਤਮ ਫਲ ਨਾ ਦਿਸੇ ਕਿਸੇ ਡਾਲ੍ਹੀ, ਸਿਮਲ ਬੈਠਾ ਮੁਖ ਭਵਾਈਆ । ਮਾਇਆ ਮਮਤਾ ਜਗਤ ਜੰਜਾਲੀ, ਜਗਤ ਜੰਜੀਰ ਬੰਨਾਈਆ । ਹਉਮੇ ਹੰਗਤਾ ਕਾਇਆ ਢਾਲੀ, ਜੂਠ ਝੂਠ ਕੁਠਾਲੀ ਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖਣ ਆਇਆ, ਆਪ ਆਪਣਾ ਰੂਪ ਵਟਾਇਆ । ਕਵਣ ਸਾਧ ਕਵਣ ਸੰਤ, ਕਵਣ ਜੀਵ ਕਵਣ ਜੰਤ, ਕਵਣ ਮਣੀਆ ਕਵਣ ਮੰਤ, ਕਵਣ ਰਸਨਾ ਰਸ ਰਹੀ ਪਾਈਆ । ਕਵਣ ਰਸ ਜਗਤ ਸੰਸਾਰਾ, ਕਵਣ ਰੂਪ ਦਰਸਾਇਆ । ਕਲਜੁਗ ਮਾਇਆ ਮੇਲਾ ਹੱਸ ਹੱਸ, ਘਰ ਘਰ ਸਗਨ ਮਨਾਇਆ । ਮਨਮਤ ਫਿਰੇ ਨੱਸ ਨੱਸ, ਆਪ ਆਪਣਾ ਕਰਮ ਕਮਾਇਆ । ਸਚ ਪਰਕਾਸ਼ ਛੁਪਾ ਬੈਠੇ ਰਵ ਸਸ, ਮੁਖ ਏਕਾ ਪੱਲੂ ਪਾਇਆ । ਧਰਤ ਮਾਤ ਆਪਣੇ ਅੰਦਰ ਆਪੇ ਗਈ ਧਸ, ਪਾਪਾਂ ਭਾਰ ਝੱਲਿਆ ਨਾ ਜਾਇਆ । ਭਾਈਆਂ ਭੈਣਾਂ ਮਾਣਿਆ ਏਕਾ ਰਸ, ਕਾਮ ਕਰੋਧ ਹੋਏ ਹਲਕਾਇਆ । ਪਾਰਬ੍ਰਹਮ ਅਕਾਲ ਮੂਰਤ ਜੋਤ ਨਿਰੰਜਣ ਆਦਿ ਨਿਰੰਜਣ ਤੇਰਾ ਕਿਸੇ ਨਾ ਗਾਇਆ ਸਾਚਾ ਜਸ, ਰਸਨਾ ਗਾ ਗਾ ਵਾਦ ਵਧਾਇਆ । ਜਿਹਵਾ ਲਾਇਆ ਮਦਿਰਾ ਮਾਸ, ਗੁਰ ਕਾ ਸ਼ਬਦ ਭੁਲਾਇਆ । ਲੇਖੇ ਲੱਗਾ ਨਾ ਇਕ ਸਵਾਸ, ਗੁਰ ਗੋਬਿੰਦ ਲੇਖ ਲਿਖਾਇਆ । ਨਾ ਕੋਈ ਸਹਾਈ ਪ੍ਰਿਥਮੀ ਅਕਾਸ਼, ਨਾਨਕ ਗੁਰ ਧੱਕਾ ਲਾਇਆ । ਗੁਰ ਅਰਜਨ ਨਾ ਦਏ ਦਰ ਧਰਵਾਸ, ਜਿਸ ਜਨ ਹਰਿ ਹਰਿ ਦਿਸ ਨਾ ਆਇਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਬੰਦ ਖਲਾਸ, ਵੇਦ ਪੁਰਾਨਾ ਏਕਾ ਗਾਇਆ । ਜਨ ਭਗਤਾਂ ਪੂਰੀ ਕਰੇ ਆਸ, ਜੁਗ ਜੁਗ ਜੋਤੀ ਜਾਮਾ ਭੇਖ ਵਟਾਇਆ । ਲਹਿਣਾ ਦੇਣ ਚੁਕਾਏ ਦਸ ਦਸ ਮਾਸ, ਮਾਤ ਗਰਭ ਫੇਰ ਨਾ ਆਇਆ । ਨਿਝ ਘਰ ਆਪਣੇ ਆਪ ਰਖਾਏ ਵਾਸ, ਥਿਰ ਘਰ ਵਾਸੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਅਬਿਨਾਸ਼ੀ ਕਰਤਾ ਨਿਹਕਲੰਕ ਵੇਸ ਵਟਾਇਆ । ਨਿਹਕਲੰਕ ਅਕਲ ਕਲ ਧਾਰ, ਲੋਕਮਾਤ ਉਠ ਧਾਇਆ । ਪੰਜ ਤਤ ਨਾ ਕਰਿਆ ਕੋਈ ਪਿਆਰ, ਸ਼ਬਦੀ ਡੰਕ ਵਜਾਇਆ । ਕਲਜੁਗ ਮੇਟੇ ਕੂੜਾ ਕੂੜ ਕੁੜਿਆਰ, ਰੈਣ ਅਧਿਆਰੀ ਰਹਿਣ ਨਾ ਪਾਇਆ । ਸਤਿਜੁਗ ਸਾਚੇ ਸਾਚੀ ਬੰਨੇ ਧਾਰ, ਆਪ ਆਪਣਾ

ਮਾਰਗ ਲਾਇਆ । ਪਰਗਟ ਹੋਏ ਵਿਚ ਸੰਸਾਰ, ਭੁੱਲ ਰਹੇ ਨਾ ਰਾਇਆ । ਵੇਖ ਵਖਾਏ ਮੁਹੰਮਦੀ ਯਾਰ, ਅੱਲਾ ਰਾਣੀ ਸੰਗ ਰਖਾਇਆ । ਈਸਾ ਮੂਸਾ ਕਰ ਵਿਚਾਰ, ਕਾਲਾ ਸੂਸਾ ਤਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਬਿਰਧ ਧਰਾਇਆ । ਕਵਣ ਹਰਿ ਕਵਣ ਸਿੰਘਾਸਣ, ਕਵਣ ਜੋਤ ਜਗਾਇੰਦਾ । ਕਵਣ ਪੁਰਖ ਕਵਣ ਅਬਿਨਾਸ਼ਨ, ਕਵਣ ਮੇਲ ਮਿਲਾਇੰਦਾ । ਕਵਣ ਨਿਵਾਸੀ ਘਟ ਘਟ ਵਾਸਨ, ਘਟ ਘਟ ਧਾਮ ਸੁਹਾਇੰਦਾ । ਕਵਣ ਗੁਰ ਸਦ ਬਲ ਬਲ ਜਾਸਨ, ਬਲਹਾਰੀ ਨਾਉਂ ਉਪਾਇੰਦਾ । ਕਵਣ ਪ੍ਰਿਥਮੀ ਕਵਣ ਅਕਾਸ਼ਨ, ਕਵਣ ਖੋਜ ਖੋਜਾਇੰਦਾ । ਕਵਣ ਦਾਸ ਕਵਣ ਦਾਸੀ ਦਾਸਨ, ਕਵਣ ਸੇਵਕ ਸੇਵਾ ਕਮਾਇੰਦਾ । ਕਵਣ ਪੂਰੀ ਕਰੇ ਕਰਾਏ ਜਨ ਭਗਤਾਂ ਤ੍ਰਿਸਨਾ ਆਸਨ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਪਾਰਬ੍ਰਹਮ ਪ੍ਰਭ ਸ਼ਾਹੋ ਸ਼ਬਾਸ਼ਨ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚਾ ਲੋਕਮਾਤ, ਪੰਜ ਤਤ ਸਮਾਇਆ । ਸਤਿਗੁਰ ਪੂਰਾ ਵੇਖੇ ਮਾਰ ਝਾਤ, ਦੂਸਰ ਕਿਸੇ ਦਿਸ ਨਾ ਆਇਆ । ਜਿਸ ਜਨ ਮਿਟਾਏ ਅੰਧੇਰੀ ਰਾਤ, ਅਗਿਆਨ ਅੰਧੇਰ ਗਵਾਇਆ । ਦੀਪਕ ਜੋਤੀ ਕਰੇ ਪਰਕਾਸ਼, ਸਚ ਮਹੱਲ ਦਰਸਾਇਆ । ਆਪ ਰਖਾਇਆ ਆਪਣਾ ਵਾਸ, ਜੋਤੀ ਜੋਤ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖਣਹਾਰਾ ਦਰ, ਦਰ ਦਵਾਰਾ ਇਕ ਸੁਹਾਇਆ । ਦਰ ਦਵਾਰਾ ਗੁਰਮੁਖ ਖੇੜਾ, ਹਰਿ ਸਾਚੇ ਆਪ ਸੁਹਾਇਆ । ਆਪੇ ਮੇਟੇ ਪੰਚਮ ਝੇੜਾ, ਪੰਚਮ ਮੋਹ ਚੁਕਾਇਆ । ਆਪੇ ਕਰੇ ਹੱਕ ਨਿਬੇੜਾ, ਹੱਕ ਹਕੀਕਤ ਵੇਖ ਵਖਾਇਆ । ਆਪੇ ਬੰਨਣਹਾਰਾ ਬੇੜਾ, ਲਾਸ਼ਰੀਕ ਖ਼ੁਦਾ ਅਖਵਾਇਆ । ਬਿਨ ਸਤਿਗੁਰ ਪੂਰੇ ਜਾਣੇ ਕੇਹੜਾ, ਕਵਣ ਦਵਾਰੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਵਰ, ਆਪ ਆਪਣਾ ਬੰਧਨ ਪਾਇਆ । ਬੰਧਨ ਪਾਇਆ ਨਾਮ ਡੋਰ, ਸ਼ਬਦੀ ਤੰਦ ਬੰਧਾਇਆ । ਮੇਟ ਮਿਟਾਏ ਪੰਜ ਚੋਰ, ਪੰਚਮ ਲਏ ਜਗਾਇਆ । ਪੰਚ ਸੁਣਾਏ ਸ਼ਬਦ ਘਨਘੋਰ, ਪੰਚਮ ਸੇਵਾ ਲਾਇਆ । ਅਨਹਦ ਵਜਾਏ ਸਾਚਾ ਢੋਲ, ਮਰਦੰਗਾ ਆਪਣੇ ਹੱਥ ਉਠਾਇਆ । ਆਤਮਕ ਧੁਨ ਅਨਾਦੀ ਬੋਲ, ਬੋਧ ਅਗਾਧਾ ਦਏ ਜਣਾਇਆ । ਅੰਮ੍ਰਿਤ ਆਤਮ ਦੇਵੇ ਸਾਚੀ ਪੌਹਲ, ਏਕਾ ਅੰਮ੍ਰਿਤ ਮੁਖ ਚੁਆਇਆ । ਉਲਟਾ ਕਰੇ ਨਾਭ ਕਵਲ, ਨਿਝਰ ਧਾਰਾ ਰਸ ਭਰਾਇਆ । ਮਿਲੇ ਵਡਿਆਈ ਉਪਰ ਧਵਲ, ਜਿਸ ਜਨ ਆਪਣਾ ਮੋਹ ਚੁਕਾਇਆ । ਮੇਲ ਮਿਲਾਵਾ ਸਾਵਲ ਸਵਲ, ਸਾਲਸ ਨਾਮ ਵਿਚੋਲਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਅੰਦਰ ਵੜ, ਦਰ ਮੰਦਰ ਇਕ ਸੁਹਾਇਆ । ਕਾਇਆ ਮੰਦਰ ਸਚ ਦਵਾਰਾ, ਹਰਿ ਹਰਿ ਵੇਖ ਵਖਾਇਆ । ਗੁਰਮੁਖ ਸਾਜਨ ਮੀਤ ਮੁਰਾਰਾ, ਆਪ ਆਪਣਾ ਮੇਲ ਮਿਲਾਇਆ । ਆਪੇ ਖੋਲ੍ਹੇ ਬੰਦ ਕਿਵਾੜਾ, ਨਿਝਧਾਰਾ ਦਏ ਚੁਆਇਆ । ਧਰਮ ਵਖਾਏ ਸਚ ਅਖਾੜਾ, ਪੰਚਮ ਸਖੀਆਂ ਮੰਗਲ ਗਾਇਆ । ਆਤਮ ਸੇਜਾ ਕਰ ਪਿਆਰਾ, ਆਪ ਆਪਣਾ ਵੇਸ ਵਟਾਇਆ । ਸੋਲਾਂ ਇਛਿਆ ਕਰ ਸ਼ੰਗਾਰਾ, ਤੰਦਨ ਤੰਦ ਰਖਾਇਆ । ਪਾਏ ਭਿਛਿਆ ਅਗੰਮ ਅਪਾਰਾ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਸੁਰਤ ਸਵਾਣੀ ਲਏ ਵਰ, ਏਕਾ ਗੀਤ ਸੁਹਾਗੀ ਗਾਇਆ । ਗੀਤ ਸੁਹਾਗੀ ਸਾਚਾ ਢੋਲਾ, ਅਨਹਦ ਰਾਗ ਵਜੰਤਾ । ਸੁਰਤ ਸਵਾਣੀ ਬਦਲਿਆ ਚੋਲਾ, ਪਾਇਆ ਹਰਿ ਭਗਵੰਤਾ ।

੫੬੭ ੦੭

ਦਰ ਦਵਾਰੇ ਹੋਇਆ ਗੋਲਾ, ਮਹਿਮਾ ਅਗਣਤ ਅਗਣਤਾ । ਦਿਵਸ ਰੈਣ ਵਸਿਆ ਕੋਲਾ, ਮੇਲ ਮਿਲਾਵਾ ਸਾਚੇ ਸੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਤਮ ਵੇਖ ਘਰ ਸਾਚਾ ਇਕ ਸੁਹੰਤਾ । ਘਰ ਵਸਿਆ ਹਰਿ ਨਿਰੰਕਾਰ, ਘਰ ਘਰ ਵਿਚ ਵੱਜੀ ਵਧਾਈਆ । ਹਰਿ ਪਾਇਆ ਕੰਤ ਭਤਾਰ, ਵਿਛੜ ਕਦੇ ਨਾ ਜਾਈਆ । ਸਾਚੀ ਸਈਆ ਮੰਗਲਾਚਾਰ, ਅਨਹਦ ਰਾਗ ਅਲਾਈਆ । ਤਾਲ ਸੁਹਾਵਾ ਅੰਮ੍ਰਿਤ ਆਤਮ ਠੰਡੀ ਠਾਰ, ਗੁਰਮੁਖਾਂ ਮੁਖ ਚੁਆਈਆ । ਪਾਰ ਕਿਨਾਰਾ ਨੌਂ ਦਵਾਰ, ਦਸਵਾਂ ਦਰ ਸੁਹਾਈਆ । ਨਿਰਗੁਣ ਜੋਤ ਕਰ ਉਜਿਆਰ, ਚਿੱਟੀ ਧਾਰਾ ਇਕ ਵਿਛਾਈਆ । ਸ਼ਬਦ ਸਿੰਘਾਸਣ ਅਪਰ ਅਪਾਰ, ਹਰਿ ਸਾਚਾ ਰਿਹਾ ਤਰਾਈਆ । ਪਾਵਾ ਚੂਲ ਨਾ ਕੋਈ ਕਿਨਾਰ, ਨਾ ਕੋਈ ਬਾਡੀ ਬਣਤ ਬਣਾਈਆ । ਗੁਰਸਿਖ ਤੇਰੀ ਆਤਮ ਅਪਰ ਅਪਾਰ, ਗੁਰ ਮਿਲਿਆ ਸਹਿਜ ਸੁਭਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਏਕਾ ਰੂਪ ਸੁਹਾਈਆ । ਸ਼ਬਦੀ ਸ਼ਬਦੀ ਕਰ ਪਿਆਰ, ਜੋਤੀ ਜੋਤ ਮਿਲਾਈਆ । ਜੋਤ ਅਗੰਮੀ ਹੋਈ ਬਾਹਰ, ਦਸਮ ਦਵਾਰਾ ਦਏ ਤਜਾਈਆ । ਸੁਨ ਸਮਾਧੀ ਵੇਖ ਵਿਚਾਰ, ਨਿਰਗੁਣ ਖੇਲ ਖਲਾਈਆ । ਸਚਖੰਡ ਕਰ ਅਕਾਰ, ਸੰਤਾਂ ਭਗਤਾਂ ਮੇਲ ਮਿਲਾਈਆ । ਅਲੱਖ ਅਗੋਚਰ ਅਗੰਮ ਅਪਾਰ, ਘਰ ਸਾਚੇ ਅਲੱਖ ਜਗਾਈਆ । ਆਪਣਾ ਕਰੇ ਆਪੇ ਪਾਰ ਕਿਨਾਰ, ਛੱਪਰ ਛੰਨ ਨਾ ਕੋਈ ਜਣਾਈਆ । ਏਕਾ ਸ਼ਬਦ ਏਕਾ ਧੁਨਕਾਰ, ਸੁਨਣਹਾਰ ਇਕ ਅਖਵਾਈਆ । ਨਾ ਕੋਈ ਰੂਪ ਰੰਗ ਨਾ ਕੋਈ ਪਸਾਰ, ਨਾ ਕੋਈ ਤਤ ਵਖਾਈਆ । ਪੁਰਖ ਅਗੰਮੜਾ ਅਗੰਮੜੀ ਧਾਰ, ਉਚ ਅਗੰਮੜਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਏਕਾ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਦਰ ਦਰਬਾਰਾ, ਹਰਿ ਸਾਚੇ ਆਪ ਸੁਹਾਇਆ । ਆਵਣ ਜਾਵਣ ਖੇਲ ਅਪਾਰਾ, ਨਿਤ ਨਵਿਤ ਫੇਰੀ ਪਾਇਆ । ਕਲਜੁਗ ਤੇਰਾ ਵੇਖ ਕੂੜ ਪਸਾਰਾ, ਆਪ ਆਪਣਾ ਕਰਮ ਕਮਾਇਆ । ਜੋਤੀ ਨੂਰ ਨਿਰਗੁਣ ਧਾਰ ਨਿਹਕਲੰਕ ਨਰਾਇਣ ਲਏ ਅਵਤਾਰਾ, ਗੁਰ ਗੋਬਿੰਦ ਮੇਲ ਮਿਲਾਇਆ । ਸੰਬਲ ਨਗਰੀ ਵੇਖ ਮੁਨਾਰਾ, ਸਾਢੇ ਤਿੰਨ ਹੱਥ ਡੇਰਾ ਲਾਇਆ । ਹੱਡ ਮਾਸ ਰਕਤ ਬੂੰਦ ਚਾਰ ਦਿਵਾਰਾ, ਪ੍ਰਭ ਅਬਿਨਾਸ਼ੀ ਆਪ ਰਚਾਇਆ । ਆਪੇ ਅੰਦਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕਿਲਾ ਨਾ ਕੋਈ ਗੜ੍ਹ, ਰਾਜ ਰਾਜਾਨ ਸ਼ਾਹ ਸੁਲਤਾਨ ਜੀਵ ਜੰਤ ਨਾ ਸਕੇ ਕੋਈ ਫੜ, ਆਪ ਆਪਣਾ ਮੁਖ ਛੁਪਾਇਆ । ਜਨ ਭਗਤਾਂ ਫੜਾਏ ਆਪਣਾ ਲੜ, ਅੰਦਰ ਮੰਦਰ ਮੇਲ ਮਲਾਇਆ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇਆ । ਨਾ ਕੋਈ ਘਾੜਨ ਦੂਜਾ ਲਏ ਘੜ, ਘੜਨਹਾਰ ਪੁਰਖ ਸਮਰਥ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਵੇਸ ਵਟਾਇਆ । ਨਰ ਨਰਾਇਣ ਸ੍ਰੀ ਭਗਵਾਨਾ, ਬੀਠਲੋ ਬੀਠ ਅਖਵਾਇੰਦਾ । ਭਗਤ ਸੁਹੇਲਾ ਬੰਨੇ ਗਾਨਾ, ਅਨਡੀਠਲਾ ਦਿਸ ਨਾ ਆਇੰਦਾ । ਨਾਮ ਵਖਾਏ ਸਚ ਨਿਸ਼ਾਨਾ, ਸਾਚੀ ਰੀਤਲਾ ਇਕ ਚਲਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਮੰਦਰ ਮਸੀਤਲਾ ਆਪੇ ਢਾਇੰਦਾ । ਦੋ ਜਹਾਨਾਂ ਮਾਰੇ ਇਕ ਨਿਸ਼ਾਨਾ, ਲੱਖ ਚੁਰਾਸੀ ਪਾਰ ਕਰਾਇੰਦਾ । ਜਨ ਭਗਤਾਂ ਤੋੜੇ ਬੰਦੀਖਾਨਾ, ਰਾਏ ਧਰਮ ਨੇੜ ਨਾ ਆਇੰਦਾ । ਇਕ ਵਖਾਏ ਪਦ ਨਿਰਬਾਣਾ, ਪਰਮ ਪੁਰਖ ਸਦਵਾਇੰਦਾ । ਸ਼ਬਦ ਸੁਣਾਏ ਸਚ ਤਰਾਨਾ, ਏਕਾ ਰਾਗ ਅਲਾਇੰਦਾ । ਏਕਾ ਪੀਣਾ ਏਕਾ ਖਾਣਾ, ਏਕਾ

੫੬੮ ੦੨

ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੇ ਨੈਣਾਂ ਤੇਰੀ ਝੋਲੀ ਪਾਇੰਦਾ । ਕਲਜੁਗ ਕੂੜਾ ਲੈ ਅੰਗੜਾਈ, ਰੋ ਰੋ ਨੀਰ ਵਹਾਇੰਦਾ । ਚਾਰੋਂ ਕੁੰਟ ਖ਼ਲਕ ਖ਼ੁਦਾਈ, ਨਾ ਕੋਈ ਧੀਰ ਧਰਾਇੰਦਾ । ਅੰਜੀਲ ਕੁਰਾਨਾ ਪਈ ਦੁਹਾਈ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਚਾਰ ਯਾਰ ਕਰਨ ਜੁਦਾਈ, ਨਾ ਮੁਹੰਮਦ ਮੂੰਹ ਵਖਾਇੰਦਾ । ਨਾ ਕੋਈ ਕਲਮਾ ਅਮਾਮ ਰਿਹਾ ਪੜ੍ਹਾਈ, ਕਾਇਨਾਤ ਨਾ ਕੋਈ ਦਿਸਾਇੰਦਾ । ਨਾ ਕੋਈ ਜਣਾਏ ਦੀਨ ਅਲਾਹੀ, ਰੋਜ਼ਾ ਬਾਂਗ ਨਾ ਕੋਈ ਰਖਾਇੰਦਾ । ਸਚ ਮਸੱਲਾ ਨਾ ਕੋਈ ਰਿਹਾ ਵਿਛਾ, ਨਾ ਕੋਈ ਕੂਜ਼ਾ ਹੱਥ ਉਠਾਇੰਦਾ । ਨਾ ਕੋਈ ਅਜਾ ਨਾ ਕੋਈ ਕਜ਼ਾ, ਮਿਟਾਇੰਦਾ । ਪਾਰਬ੍ਰਹਮ ਤੇਰੀ ਇਕ ਰਜ਼ਾ, ਰਾਜ਼ਕ ਰਹੀਮ ਆਪ ਅਖਵਾਇੰਦਾ । ਜੁਗ ਜੁਗ ਦੇਵਣਹਾਰਾ ਸਜ਼ਾ, ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਜੋਤੀ ਜੋਤ ਜਗਾ, ਜੁਗ ਜੁਗ ਕਰਮ ਕਮਾਇੰਦਾ । ਜੁਗ ਜੁਗ ਵਰਨ ਗੋਤੀ ਲਏ ਉਪਾ, ਜੁਗ ਜੁਗ ਵੇਖ ਵਖਾਇੰਦਾ । ਜੁਗ ਜੁਗ ਜੰਤ ਜੀਵ ਚੋਟੀ ਲਏ ਚੜ੍ਹਾ, ਜੁਗ ਜੁਗ ਆਪੇ ਢਾਹਿੰਦਾ । ਜੁਗ ਜੁਗ ਕੋਟ ਕੋਟ ਲਏ ਭੱਲਾ, ਕੂੜ ਕੂੜੇ ਧੰਦੇ ਲਾਇੰਦਾ । ਜੁਗ ਜੁਗ ਵਾਸਨਾ ਖੋਟੀ ਦਏ ਭਰਾ, ਮਨਮਤ ਵਿਕਾਰ ਧਰਾਇੰਦਾ । ਜੁਗ ਜੁਗ ਗੁਰਮੁਖ ਸਾਚੇ ਸੰਤ ਸੁਹੇਲੇ ਇਕ ਅਕੇਲੇ ਲਏ ਜਗਾ, ਜਾਗਰਤ ਦਿਸ਼ਾ ਇਕ ਵਖਾਇੰਦਾ । ਸੁਫਨ ਸਖੋਪਤ ਲਏ ਭੁੱਲਾ, ਤੁਰੀਆ ਮੇਲ ਮਿਲਾਇੰਦਾ । ਤੁਰੀਆ ਧਾਮ ਅਗੰਮ ਅਥਾਹ, ਲੇਖਾ ਲਿਖਤ ਨਾ ਕੋਈ ਜਣਾਇੰਦਾ । ਪੁਰਖ ਅਗੰਮਾ ਆਪੇ ਵਸਿਆ ਆਪਣੇ ਗਰਾਂ, ਨਗਰ ਖੇੜਾ ਆਪ ਸੁਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਸੋਹੰ ਮੋਤੀ ਚੋਗ ਚੁਗਾਇੰਦਾ । ਪਾਰ ਕਰਾਏ ਫੜ ਫੜ ਬਾਂਹ, ਅਧਵਿਚਕਾਰ ਨਾ ਕੋਈ ਡੁਬਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਤੇਰਾ ਨਾਂ, ਹਰਿ ਹਰਿ ਸਾਚਾ ਆਪ ਗਾਇੰਦਾ । ਆਦਿ ਜੁਗਾਦਿ ਸੁਹਾਏ ਤੇਰਾ ਥਾਂ, ਤੇਰੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਵੇਖ ਘਰ, ਹਰਿਸੰਗਤ ਮੇਲ ਮਿਲਾਇੰਦਾ । ਹਰਿਸੰਗਤ ਹਰਿ ਨਾਤਾ ਜੋੜ, ਆਪਣਾ ਕਰਮ ਕਮਾਇਆ । ਇਕ ਚੜ੍ਹਾਏ ਸ਼ਬਦ ਘੋੜ, ਲੋਆਂ ਪੁਰੀਆਂ ਪਾਰ ਕਰਾਇਆ । ਦੋ ਜਹਾਨੀ ਜਾਏ ਬੌਹੜ, ਜੋਤੀ ਜੋਤ ਕਰੇ ਰੁਸ਼ਨਾਇਆ । ਸੱਸਾ ਕਿਲਾ ਸਤਿ ਪੁਰਖ ਨਿਰੰਜਣ ਲਾਇਆ ਏਕਾ ਹੋੜ, ਏਕਾ ਪੌੜਾ ਨਿਰਗੁਣ ਸਰਗੁਣ ਮੇਲ ਮਿਲਾਇਆ । ਦੋਹਾਂ ਦਰ ਦਵਾਰ ਆਇਆ ਦੌੜ, ਹੰ ਹੰਗਤਾ ਦਏ ਮਿਟਾਇਆ । ਲੱਗੀ ਪ੍ਰੀਤ ਨਾ ਸਕੇ ਕੋਈ ਤੋੜ, ਗੁਰ ਸ਼ਬਦੀ ਡੋਰ ਰਖਾਇਆ । ਮਨਮੁਖ ਜੀਵ ਦਰ ਦਵਾਰਿਉਂ ਦੇਵੇ ਹੋੜ, ਦਰ ਦਵਾਰੇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਨਮੁਖ ਗੁਰਮੁਖ ਵੇਖ ਵਖਾਇਆ । ਗੁਰਮੁਖਾਂ ਹਰਿ ਪਿਆਰ, ਆਪਣਾ ਆਪ ਕਰਾਇਆ । ਮਨਮੁਖਾਂ ਮਾਰੇ ਮਾਰ, ਚਾਰੋਂ ਕੁੰਟ ਦਏ ਸਜਾਇਆ । ਦੋਹਾਂ ਵਿਚੋਲਾ ਆਪ ਨਿਰੰਕਾਰ, ਆਪਣੀ ਕਰਨੀ ਰਿਹਾ ਕਮਾਇਆ । ਗੁਰਮੁਖਾਂ ਢੋਲਾ ਸੁਣਾਏ ਸ਼ਬਦ ਧੁਨਕਾਰ, ਸੋਏ ਰਿਹਾ ਜਗਾਇਆ । ਬੇਮੁਖਾ ਰੌਲਾ ਪਾਇਆ ਵਿਚ ਸੰਸਾਰ, ਦਿਵਸ ਰੈਣ ਰਿਹਾ ਕੁਰਲਾਇਆ । ਖੇਲੇ ਖੇਲ ਅਨਭੋਲਾ ਅਪਰ ਅਪਾਰ, ਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਡੰਕ ਵਜਾਇਆ ।

੫੬੯
੦੨

੫੭੦
੦੨

ਜਰਮ ਜਰਮ ਕਰਮ ਪ੍ਰਭ ਹੱਥ, ਹਰਿ ਵਡਿਆਈਆ । ਖੇਲੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਈਆ । ਪੰਜ ਤਤ ਮਾਨਸ ਵਥ, ਕਾਇਆ ਮੰਦਰ ਇਕ ਸੁਹਾਈਆ । ਜੋੜ ਜੁੜਾਇਆ ਹੱਡ ਮਾਸ ਨਾੜੀ ਰੱਤ, ਬਣਤੀ ਬਣਤ ਬਣਾਈਆ । ਅੰਦਰ ਵਸਿਆ ਕਮਲਾਪਤ, ਸਚ ਸਿੰਘਾਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖ ਵਖਾਈਆ । ਪੂਰਬ ਲਹਿਣਾ ਮਾਨਸ ਜਗ, ਹਰਿ ਹਰਿ ਆਪ ਚੁਕਾਇੰਦਾ । ਜਗਤ ਵਿਛੋੜਾ ਹਰਿ ਚਰਨ ਪਗ, ਗੁਰਮੁਖ ਮੁਖ ਭਵਾਇੰਦਾ । ਦਰ ਗਵਾਇਆ ਉਪਰ ਸ਼ਾਹ ਰਗ, ਹਰਿ ਸਾਚਾ ਮੂਲ ਗਵਾਇੰਦਾ । ਆਪਣੀ ਹੱਥੀਂ ਲਾਏ ਆਪੇ ਅੱਗ, ਤਗ ਨਾ ਕੋਈ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਿਖਿਆ ਧੁਰ, ਧੁਰ ਲੇਖ ਆਪੇ ਮਸਤਕ ਰਿਹਾ ਵੇਖ, ਲੇਖਾ ਵੇਖ ਵਖਾਈਆ । ਧੁਰ ਦਾ ਮਸਤਕ ਲੇਖ ਲਹਿਣਾ ਦਰ ਦਰ ਹੋਏ ਸੁਹੰਜਣਾ । ਪੰਚਮ ਪਾਇਆ ਸਾਚਾ ਗਹਿਣਾ, ਘਰ ਖੇਲ ਸਾਚਾ ਸਜਣਾ । ਦਰਸ ਗਵਾਇਆ ਆਪਣਾ ਨੈਣਾ, ਦਰ ਆਪਣਾ ਆਪੇ ਤਜਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਪੜਦੇ ਕੱਜਣਾ । ਐੜਾ ਅੱਖਰ ਅੱਖਰ ਵਿਚਾਰ, ਰਾਰਾ ਰਾਮ ਦੁਹਾਈਆ । ਜੱਜਾ ਜਨ ਜਗ ਦਵਾਰ, ਨਾ ਨਿਉਂ ਲਗਾਈਆ । ਕਮਾਇਆ ਧ੍ਰੋ ਵਿਚ ਸੰਸਾਰ, ਭੇਵ ਨਾ ਜਾਣੇ ਰਾਈਆ । ਤਪਿਆ ਮੱਠ ਇਕ ਅੰਗਿਆਰ, ਆਪਣੀ ਹੱਥੀਂ ਬਾਲਣ ਡਾਹੀਆ । ਧੂੰਆਂ ਮਿਟੇ ਧੂੰਆਂਧਾਰ, ਆਸਮਾਨਾਂ ਮੁਖ ਛੁਪਾਈਆ । ਰਸਨ ਨਾ ਆਈ ਸੀਤਲ ਧਾਰ, ਨੇਤਰ ਨੈਣ ਰਹੇ ਸ਼ਰਮਾਈਆ । ਆਤਮ ਤਪਿਆ ਇਕ ਅੰਗਿਆਰ, ਹਉਮੇ ਰੋਗ ਸਤਾਈਆ । ਘਰ ਮੰਦਰ ਵੇਖ ਮਹੱਲ ਅਟਾਰ, ਹੋਇਆ ਵਡ ਗੁਮਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਬੇਪਰਵਾਹੀਆ । ਆਪਣੇ ਤਨ ਹੋ ਬਲਵਾਨ, ਆਪਣਾ ਹੁਕਮ ਚਲਾਇਆ । ਨਾ ਕੋਈ ਲੇਖਾ ਸ਼ਾਹੀ ਧੁਰ ਫ਼ਰਮਾਣ, ਨਾ ਕੋਈ ਕਲਮ ਲਿਖਾਇਆ । ਆਪਣੀ ਕਿਰਿਆ ਆਪੇ ਕਰ ਆਪਣਾ ਕਰੇ ਨਾਮ ਪਰਧਾਨ, ਆਪਣਾ ਹੁਕਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖੇ ਦਰ, ਨੇਤਰ ਨੈਣਾਂ ਦਿਸ ਨਾ ਆਇਆ । ਮਨ ਹੰਕਾਰ ਜਗਤ ਤੱਤ, ਹਉਮੇਂ ਰੋਗ ਜਲਾਇਆ । ਆਪਣੀ ਵੇਖ ਆਪੇ ਕਾਰ, ਆਪਣਾ ਕਰਮ ਕਮਾਇਆ । ਸਚ ਸਪੁੱਤਰੀ ਹੋਈ ਮੁਟਿਆਰ, ਕਵਲ ਨਾਤਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਵਿਚ ਸਮਾਇਆ ।

ਜਗ ਨਾਤਾ ਜਗ ਬੰਧਿਆ, ਪਰਮ ਪੁਰਖ ਕਰਤਾਰ । ਦਿਸ ਨਾ ਆਏ ਆਤਮ ਅੰਧਿਆ, ਭਰਮੇ ਭੁੱਲੇ ਸਰਬ ਸੰਸਾਰ । ਸ਼ਬਦ ਧਾਰ ਸੁਹਾਗੀ ਛੰਦਿਆ, ਗਾਵਣਹਾਰ ਸਿਰਜਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਲਏ ਉਭਾਰ । ਜਗ ਨਾਤਾ ਜੁਗ ਜੋੜਿਆ, ਜੋਗ ਜੁਗਤ ਸਮਰਥ । ਵੇਖੇ ਪਰਖੇ ਮਿਠੇ ਕੌੜਿਆ, ਪੰਜ ਤਤ ਕਾਇਆ ਜਗਤ ਰਥ । ਗੁਰਮੁਖ ਸਾਜਨ ਆਪੇ ਬੌਹੜਿਆ, ਜਿਸ ਜਨ ਰੱਖਣਹਾਰਾ ਦੇ ਕਰ ਹੱਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਸਾਜਨ ਲਏ ਰੱਖ । ਜਗ ਨਾਤਾ ਜਗ ਫਾਸ ਹੈ, ਫਾਂਦਕ ਫੰਦ ਫੰਦਾਏ । ਗੁਰਮੁਖਾਂ ਪੂਰਨ ਕਰਾਏ ਆਸ ਹੈ, ਆਸ ਨਿਰਾਸਾ ਨਾ ਕੋਈ ਜਾਏ । ਚਿੰਤਾ ਰੋਗ ਸੋਗ ਕਰੇ ਬੰਦ ਖੁਲਾਸ ਹੈ, ਬੰਦੀ

ਤੋੜ ਨਾਮ ਧਰਾਏ । ਲੇਖੇ ਲਾਏ ਕਾਇਆ ਹੱਡ ਨਾੜੀ ਚੰਮ ਮਾਸ ਹੈ, ਪੰਜ ਤਤ ਹੋਏ ਸੁਹਾਏ । ਨਿਝ ਘਰ ਆਪਣੇ ਆਤਮ ਰੱਖੇ ਵਾਸ ਹੈ, ਆਤਮ ਬ੍ਰਹਮ ਜਣਾਏ । ਜਨ ਗਾਇਆ ਰਸਨ ਸਵਾਸ ਹੈ, ਲਹਿਣਾ ਦੇਣਾ ਮੂਲ ਚੁਕਾਏ । ਕਿਸੇ ਹੱਥ ਨਾ ਆਏ ਪ੍ਰਿਥਮੀ ਆਕਾਸ ਹੈ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਏ । ਹਰਿਜਨ ਮੇਲਾ ਸ਼ਾਹੋ ਸ਼ਾਬਾਸ਼ ਹੈ, ਘਰ ਸਾਚੇ ਲਏ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਧਰਾਏ । ਜਗ ਨਾਤਾ ਜਗ ਪੇਖਿਆ, ਪੇਖਤ ਪੇਖਤ ਮੀਤ । ਪ੍ਰਭ ਲਿਖਣਹਾਰਾ ਲੇਖਿਆ, ਜੁਗ ਜੁਗ ਚਲਾਏ ਰੀਤ । ਨੇਤਰ ਲੋਚਣ ਨੈਣ ਗੁਰਮੁਖ ਵਿਰਲੇ ਪੇਖਿਆ, ਚਰਨ ਕਵਲ ਵਖਾਈ ਸਚ ਪ੍ਰੀਤ । ਮਨਮੁਖ ਭੁੱਲੇ ਭਰਮ ਭੁਲੇਖਿਆ, ਹਰਿ ਦਿਸ ਨਾ ਆਇਆ ਸਦਾ ਅਤੀਤ । ਲੇਖੇ ਲੱਗਾ ਨਾ ਮੁੱਛ ਦਾੜ੍ਹੀ ਕੇਸਿਆ, ਪਾਇਆ ਗੋਬਿੰਦ ਨਾ ਹਰਿ ਹਰਿ ਮੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਤਮ ਅੰਦਰ ਪਰਖੇ ਨੀਤ । ਜਗ ਨਾਤਾ ਜਗ ਵੇਸ ਹੈ, ਵੇਸ ਅਨੇਕ ਕਰਾਏ । ਹਰਿਜਨ ਸਾਚਾ ਘਰ ਸਾਚੇ ਕਰੇ ਇਕ ਆਦੇਸ਼ ਹੈ, ਆਦਿ ਜੁਗਾਦੀ ਲੇਖੇ ਲਾਏ । ਜਨ ਹਰਿ ਬਾਲ ਅੰਞਾਣਾ ਅਲੜ ਵਰੇਸ ਹੈ, ਹਰਿ ਭੋਲੇ ਭਾਓ ਮਿਲਾਏ । ਜਗਤ ਭੁਲਾਏ ਨਰ ਨਰੇਸ਼ ਹੈ, ਨਰ ਨਰਾਇਣ ਦਿਸ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਜੁਗ ਜੁਗ ਵੇਖ ਵਖਾਏ । ਜਗਤ ਨਾਤਾ ਜਗਤ ਦੁੱਖ, ਜਗਤ ਜੀਵ ਵਿਹਾਜਿਆ । ਉਜਲ ਹੋਇਆ ਨਾ ਮਾਤ ਮੁਖ, ਕੂੜਾ ਲਾਏ ਪਾਜਿਆ । ਸੁਫਲ ਨਾ ਕਰੇ ਮਾਤ ਕੁੱਖ, ਫਿਰੇ ਭਟਕੇ ਨੌਂ ਦਰਵਾਜਿਆ । ਸਤਿਗੁਰ ਪੂਰਾ ਗੁਰਮੁਖ ਸਾਚੇ ਆਪ ਆਪਣੀ ਗੋਦੀ ਲਏ ਚੁੱਕ, ਕਰ ਕਿਰਪਾ ਗ਼ਰੀਬ ਨਿਵਾਜਿਆ । ਮਨਮੁਖਾਂ ਮੁਖ ਪਾਏ ਥੁੱਕ, ਅੰਤਮ ਪੜਦਾ ਕਿਸੇ ਨਾ ਕਾਜਿਆ । ਕਾਇਆ ਬੂਟਾ ਜਾਏ ਸੁੱਕ, ਦਿਸ ਨਾ ਆਏ ਜਿਸ ਸਾਜਨ ਸਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਨਿਵਾਜਿਆ । ਜਗਤ ਦੁੱਖ ਕਾਇਆ ਅੱਗ, ਤ੍ਰਿਖਾ ਤ੍ਰਿਸਨਾ ਰਹੀ ਤਿਹਾਈਆ । ਮਾਨਸ ਹੰਸ ਹੋਇਆ ਕਗ, ਜੂਠ ਝੂਠ ਚੋਗ ਚੁਗਾਈਆ । ਪੰਚ ਤਤ ਵਿਕਾਰਾ ਸਰਨੀ ਗਿਆ ਲੱਗ, ਢਹਿ ਢਹਿ ਪਿਠ ਵਢਾਈਆ । ਦੀਪਕ ਜੋਤੀ ਨਾ ਗਈ ਜਗ, ਅੰਧ ਅੰਧੇਰ ਨਾ ਕੋਈ ਮਿਟਾਈਆ । ਮਿਲਿਆ ਮੇਲ ਨਾ ਸੂਰੇ ਸਰਬੱਗ, ਸਰਨਗਤ ਨਾ ਕੋਈ ਵਡਿਆਈਆ । ਦਰਸ ਨਾ ਪਾਇਆ ਉਪਰ ਸ਼ਾਹ ਰਗ, ਸ਼ਹਿਨਸ਼ਾਹ ਬੇਪਰਵਾਹੀਆ । ਸਤਿ ਸੰਤੋਖ ਨਾਮ ਸੂਤ ਨਾ ਬੱਧਾ ਤਗ, ਧੀਰਜ ਧੀਰ ਨਾ ਕੋਈ ਰਖਾਈਆ । ਖੰਡਾ ਸ਼ਬਦ ਨਾ ਫੜਿਆ ਖੜਗ ਖਗ, ਚੰਡ ਪਰਚੰਡ ਨਾ ਕੋਈ ਉਠਾਈਆ । ਜੀਵ ਜੰਤ ਹੋਏ ਨੰਗ, ਕਲਜੁਗ ਕੂੜੀ ਕਿਰਿਆ ਛਾਈਆ । ਮਨੂਆ ਫਿਰੇ ਦਰ ਮਲੰਘ, ਅੱਠੇ ਪਹਿਰ ਅਲੱਖ ਜਗਾਈਆ । ਮਨਮਤ ਮੰਗੀ ਮੰਗ, ਗੁਰਮਤ ਰਹੀ ਸ਼ਰਮਾਈਆ । ਬੁਧੀ ਦੇਵੇ ਨਾ ਕੋਈ ਸੰਗ, ਨੇਤਰ ਨੀਰ ਵਹਾਈਆ । ਪੰਚ ਵਿਕਾਰਾ ਲੱਗਾ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਰਹੇ ਲੜਾਈਆ । ਮਾਨਸ ਜਨਮ ਹੋਇਆ ਭੰਗ, ਲੱਖ ਚੁਰਾਸੀ ਨਾ ਕੋਈ ਛੁਡਾਈਆ । ਹਰਿ ਚਰਨ ਦਵਾਰਾ ਜੋ ਜਨ ਵੇਖੇ ਲੰਘ, ਮਿਲੇ ਮੇਲ ਬੇਪਰਵਾਹੀਆ । ਸੁਹਾਏ ਥਾਨ ਆਤਮ ਸੇਜਾ ਪਲੰਘ, ਥਾਨ ਥਨੰਤਰ ਵਡ ਵਡਿਆਈਆ । ਅੰਮ੍ਰਿਤ ਧਾਰ ਵਹਾਏ ਸਾਚੀ ਗੰਗ, ਗੰਗਾ ਗੋਦਾਵਰੀ ਮੁਖ ਭਵਾਈਆ । ਨਾਮ ਰੰਗਣ ਚਾੜ੍ਹੇ ਰੰਗ, ਕਾਇਆ ਚੋਲੀ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਮੇਲਾ ਲਏ ਕਰਾਈਆ ।

ਦੁੱਖ ਭੁੱਖ ਜਗਤ ਸੰਤਾਪ, ਹਉਮੇ ਰੋਗ ਚਲਾਇਆ । ਨਾ ਕੋਈ ਜਾਣੇ ਆਪਣਾ ਆਪ, ਆਪਣਾ ਆਪ ਨਾ ਖੋਜ ਖੋਜਾਇਆ । ਨਾਤਾ ਬੱਧਾ ਮਾਈ ਬਾਪ, ਭੈਣ ਭਾਈ ਕਟੁੰਬ ਰਚਾਇਆ । ਹਰਿ ਹਰਿ ਮਿਲਿਆ ਨਾ ਸਾਕ, ਸੱਜਣ ਸੈਣ ਦਿਸ ਨਾ ਆਇਆ । ਜਗਤ ਵਾਸਨਾ ਸੁੰਘੇ ਨਾਕ, ਸਚ ਸੁਗੰਧ ਨਾ ਕੋਈ ਸੁੰਘਾਇਆ । ਰਸਨਾ ਰਸ ਨਾ ਪਾਇਆ ਪਾਕ, ਪੱਤਤ ਪਵਿਤ ਨਾ ਕੋਈ ਕਰਾਇਆ । ਦੋਏ ਲੋਚਣ ਰਹੇ ਝਾਕ, ਤੀਜਾ ਲੋਇਣ ਨਾ ਕੋਇ ਖੁਲ੍ਹਾਇਆ । ਬੱਤੀ ਦੰਦ ਕੱਢਣ ਵਾਕ, ਕਾਇਆ ਮੁਖ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਦਰ ਦਰ ਆਪਣਾ ਵੇਖ ਵਖਾਇਆ । ਜਗਤ ਨਾਤਾ ਜਗਤ ਦੁੱਖ ਜਗਤ ਸੁਹੇਲਾ, ਜੁਗ ਜੁਗ ਆਪ ਕਰਾਇਆ । ਖੇਲੇ ਖੇਲ ਇਕ ਅਕੇਲਾ, ਆਪ ਆਪਣਾ ਵੇਸ ਵਟਾਇਆ । ਆਪੇ ਗੁਰ ਆਪੇ ਚੇਲਾ, ਚੇਲਾ ਗੁਰ ਨਾਮ ਧਰਾਇਆ । ਸਦਾ ਵਸੇ ਰੰਗ ਨਵੇਲਾ, ਲੱਖ ਚੁਰਾਸੀ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਪੰਜ ਤਤ ਨਾੜੀ ਰੱਤ, ਅਗਨੀ ਤਤ ਜਲਾਇਆ । ਪੰਚਮ ਵਿਕਾਰਾ ਜਗਤ ਪਿਆਰਾ ਬੀਜੇ ਵਤ, ਸਤਿ ਸੰਤੋਖ ਨਾ ਕੋਈ ਉਪਜਾਇਆ । ਪੰਚਮ ਕਰਿਆ ਇਕ ਅਕੱਠ, ਉਲਟੀ ਗੇੜੇ ਆਪੇ ਲੱਠ, ਧਰਮ ਕਰਮ ਨਾ ਕੋਈ ਜਣਾਇਆ । ਫਿਰ ਫਿਰ ਥੱਕੇ ਅਠਸਠ, ਗੁਰ ਮੰਦਰ ਵੇਖੇ ਨੱਠ ਨੱਠ, ਆਤਮ ਹੱਠ ਨਾ ਕੋਈ ਰਖਾਇਆ । ਝੂਠਾ ਬੁਰਜ ਜਾਣਾ ਢੱਠ, ਥਿਰ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਇਹ ਸਮਝਾਇਆ । ਹਰਿਜਨ ਸਾਚੇ ਸ਼ਬਦ ਜਣਾ, ਆਪਣੀ ਬੂਝ ਬੁਝਾਇੰਦਾ । ਨੇਤਰ ਨੈਣਾ ਨਾਮ ਕਜਲਾ ਪਾ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਸੁਹਾਗੀ ਗੀਤ ਸੁਣਾ, ਅਨਹਦ ਤਾਲ ਵਜਾਇੰਦਾ । ਰਾਗ ਅਨਾਦੀ ਇਕ ਉਪਾ, ਆਪਣੇ ਦਰ ਸੁਹਾਇੰਦਾ । ਸੇਜ ਸੁਹੰਜਣੀ ਦਏ ਵਿਛਾ, ਉਪਰ ਆਸਣ ਲਾਇੰਦਾ । ਜੋਤ ਨਿਰੰਜਣ ਸੇਵਾ ਲਾ, ਹਰਿ ਸਾਚਾ ਕਰਮ ਕਮਾਇੰਦਾ । ਦੁੱਖ ਦਰਦ ਭੈ ਭੰਜਨ ਨਾਮ ਧਰਾ, ਜਨ ਭਗਤਾਂ ਦੁੱਖ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰ ਮੰਦਰ ਵੇਖ ਵਖਾਇੰਦਾ । ਅੰਦਰ ਮੰਦਰ ਡੂੰਘਾ ਆਸਣ, ਹਰਿ ਸਾਚੇ ਆਪ ਵਿਛਾਇਆ । ਉਪਰ ਬੈਠ ਪੁਰਖ ਅਬਿਨਾਸ਼, ਆਪਣਾ ਡੇਰਾ ਲਾਇਆ । ਹਰਿਜਨ ਮੇਲਾ ਸ਼ਾਹੋ ਸ਼ਬਾਸ਼, ਸ਼ਾਹ ਸੁਲਤਾਨਾ ਵੇਖ ਵਖਾਇਆ । ਨਿਜ ਘਰ ਆਤਮ ਰੱਖੇ ਵਾਸ, ਨਿਜ ਘਰ ਵਾਸੀ ਨਾਉਂ ਧਰਾਇਆ । ਆਪਣੇ ਮੰਡਲ ਪਾਵੇ ਰਾਸ, ਕਾਹਨਾ ਗੋਪੀ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੰਦਰ ਦਏ ਸੁਹਾਇਆ । ਹਰਿਜਨ ਮੰਦਰ ਹਰਿ ਦਵਾਰਾ, ਹਰਿ ਹਰਿ ਜੋਤ ਜਗਾਈਆ । ਆਪੇ ਵੇਖੇ ਨਰ ਨਿਰੰਕਾਰਾ, ਨਿਰਗੁਣ ਰੂਪ ਵਟਾਈਆ । ਸ਼ਬਦ ਅਗੰਮੀ ਸਾਚੀ ਧਾਰਾ, ਅਨਾਦੀ ਨਾਦ ਵਜਾਈਆ । ਸੁਣੇ ਸੁਣਾਏ ਸੁਨਣੇਹਾਰਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਡੇਰਾ ਲਾਈਆ । ਹਰਿ ਮੰਦਰ ਗੁਰਮੁਖ ਤੇਰਾ ਕਾਇਆ ਗੜ੍ਹ, ਹਰਿ ਸਾਚੇ ਆਪ ਸੁਹਾਇਆ । ਨਿਰਗੁਣ ਬੈਠਾ ਅੰਦਰ ਵੜ, ਦਿਸ ਕਿਸੇ ਨਾ ਆਇਆ । ਆਪਣੇ ਪੌੜੇ ਆਪੇ ਗਿਆ ਚੜ੍ਹ, ਨਾ ਡੰਡਾ ਕੋਈ ਰਖਾਇਆ । ਜੋਤ ਸਰੂਪੀ ਅੱਗੇ ਖੜ, ਨੂਰੋ ਨੂਰ ਕਰੇ ਰੁਸ਼ਨਾਇਆ । ਗੁਰਮੁਖ ਸਾਚੇ ਲਏ ਫੜ, ਆਪ ਆਪਣੀ ਗੋਦ ਉਠਾਇਆ । ਪੰਚ ਵਿਕਾਰਾ ਜਾਏ ਝੜ, ਆਲਸ ਤ੍ਰਿਸਨਾ ਹਉਮੇ ਰੋਗ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ

੫੭੨
੦੭

ਦਰ ਦਰ ਅੰਦਰ ਮੰਦਰ ਖੋਜ ਖੁਜਾਇਆ । ਅੰਦਰ ਮੰਦਰ ਸਚ ਦਰਬਾਰਾ, ਹਰਿ ਸਾਚੇ ਇਕ ਸੁਹਾਇਆ । ਇਕ ਅਕੱਲਾ ਕਰ ਪਸਾਰਾ, ਬੈਠਾ ਆਸਣ ਲਾਇਆ । ਦੀਪਕ ਜੋਤੀ ਕਰ ਉਜਿਆਰਾ, ਅਗਿਆਨ ਗਿਆਨ ਸਮਾਇਆ । ਸ਼ਬਦ ਸਰੂਪੀ ਬੰਨੇ ਧਾਰਾ, ਸ਼ਬਦੀ ਤਾਲ ਵਜਾਇਆ । ਆਪੇ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਕੁੰਡਾ ਲਾਹਿਆ । ਸ਼ਾਹੋ ਭੂਪ ਹਰਿ ਸਾਚਾ ਲਾੜਾ, ਆਤਮ ਸੇਜਾ ਨਜ਼ਰੀ ਆਇਆ । ਆਪੇ ਵੇਖੇ ਸਚ ਅਖਾੜਾ, ਆਪ ਆਪਣਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰੇ ਸਾਚੇ ਘਰ, ਘਰ ਸਾਚਾ ਆਪ ਸੁਹਾਇਆ । ਹਰਿਜਨ ਤੇਰਾ ਕਾਇਆ ਘਰ, ਅੰਦਰ ਅੰਦਰ ਜੋਤ ਜਗਾਈਆ । ਪਾਰਬ੍ਰਹਮ ਪ੍ਰਭ ਦਿਤਾ ਵਰ, ਆਪਣੀ ਆਪ ਕਰੇ ਰੁਸ਼ਨਾਈਆ । ਨਾ ਉਹ ਨਾਰੀ ਨਾ ਉਹ ਨਰ, ਨਿਰਗੁਣ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰੇ ਕਾਇਆ ਮੰਦਰ ਬੈਠਾ ਡਗਮਗਾਈਆ । ਡਗਮਗਾਈ ਨਿਰਗੁਣ ਜੋਤ, ਨਰ ਨਰਾਇਣ ਨਿਰੰਕਾਰਾ । ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਬਰਨ ਪਸਾਰਾ । ਨਾ ਕੋਈ ਨਗਾਰਾ ਨਾ ਕੋਈ ਚੋਟ, ਨਾ ਕੋਈ ਗਾਵੇ ਗਾਵਣਹਾਰਾ । ਨਾ ਕੋਈ ਤਨ ਭਿਬੂਤੀ ਬੰਨੇ ਲੰਗੋਟ, ਨਾ ਪਾਣੀ ਵੇਖੇ ਜਲ ਜਲ ਧਾਰਾ । ਨਾ ਕੋਈ ਪਰਬਤ ਚੜ੍ਹੇ ਚੋਟ, ਨਾ ਕੋਈ ਵੇਖੇ ਮਹੱਲ ਮੁਨਾਰਾ । ਨਾ ਕੋਈ ਦਰਸ਼ਨ ਪਾਏ ਕੋਟੀ ਕੋਟ, ਕੋਟੀ ਕੋਟ ਨਾ ਕੋਈ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖ ਘਰ, ਘਰ ਸਾਚਾ ਕਰੇ ਪਸਾਰਾ । ਸਾਚੇ ਘਰ ਹਰਿ ਪਸਾਰਾ, ਅਚਰਜ ਬਣਤ ਬਣਾਈਆ । ਪਾਰਬ੍ਰਹਮ ਹਰਿ ਕਰਨੇਹਾਰਾ, ਕਰਨੀ ਰਿਹਾ ਕਮਾਈਆ । ਦਸਮ ਦਵਾਰੀ ਖੋਲ੍ਹ ਦਵਾਰਾ, ਆਪ ਆਪਣਾ ਵੇਖ ਵਖਾਈਆ । ਮਹੱਲ ਅਟੱਲ ਉਚ ਮੁਨਾਰਾ, ਚਾਰ ਦਿਵਾਰਾ ਨਾ ਕੋਇ ਜਣਾਈਆ । ਸ਼ਬਦ ਰੰਗੀਲਾ ਪਲੰਘ ਨਿਵਾਰਾ, ਹਰਿ ਬੈਠਾ ਆਪੇ ਡਾਹੀਆ । ਗੁਰਮੁਖਾਂ ਕਰੇ ਸਚ ਪਿਆਰਾ, ਅੱਠੇ ਪਹਿਰ ਰਾਹ ਤਕਾਈਆ । ਮੇਲ ਮਿਲਾਵਾ ਵਾਰੋ ਵਾਰਾ, ਕਲਜੁਗ ਜੀਵਾਂ ਦਿਸ ਨਾ ਆਈਆ । ਭਰਮੇ ਭੁੱਲੇ ਭਰਮ ਸੰਸਾਰਾ, ਭਰਮ ਗੜ੍ਹ ਨਾ ਕੋਈ ਤੁੜਾਈਆ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਕਾਇਆ ਮੰਦਰ ਅੰਦਰ ਵਖਾਏ ਇਕ ਗੁਰੂਦਵਾਰਾ, ਗੁਰ ਬੈਠਾ ਆਸਣ ਲਾਈਆ । ਅੱਠੇ ਪਹਿਰ ਰਹੇ ਉਜਿਆਰਾ, ਦੀਵਾ ਬੱਤੀ ਨਾ ਕੋਈ ਟਿਕਾਈਆ । ਅਨਾਦੀ ਧੁਨ ਅਨਹਦ ਵਜਾਏ ਸੱਚੀ ਧੁਨਕਾਰਾ, ਢੋਲਕ ਛੈਣਾ ਨਾ ਕੋਈ ਖੜਕਾਈਆ । ਬੋਧ ਅਗਾਧੀ ਸ਼ਬਦ ਅਪਾਰਾ, ਨਾ ਕੋਈ ਗ੍ਰੰਥੀ ਰਿਹਾ ਪੜ੍ਹਾਈਆ । ਗੁਰਮੁਖਾਂ ਕਰੇ ਆਪ ਪਿਆਰਾ, ਆਪ ਆਪਣਾ ਮੇਲ ਮਿਲਾਈਆ । ਨਾਤਾ ਤੋੜੇ ਜਗਤ ਸੰਸਾਰਾ, ਜਗਤ ਪ੍ਰੀਤੀ ਰਹਿਣ ਨਾ ਪਾਈਆ । ਨਾ ਕੋਈ ਨਾਰੀ ਨਾ ਕੋਈ ਕੰਤ ਭਤਾਰਾ, ਪੁੱਤਰ ਧੀਆਂ ਨਾ ਧੀ ਕੋਈ ਜਵਾਈਆ । ਜਿਸ ਜਨ ਮਿਲਿਆ ਹਰਿ ਮੀਤ ਮੁਰਾਰਾ, ਵਿਸਰ ਗਈ ਦਾਤ ਪਰਾਈਆ । ਚਰਨ ਕਵਲ ਢਹਿ ਪਿਆ ਚਰਨ ਦਵਾਰਾ, ਪ੍ਰਭ ਸਾਚੇ ਲਾਜ ਰਖਾਈਆ । ਮੰਗੇ ਮੰਗ ਬਣ ਭਿਖਾਰਾ, ਆਤਮ ਝੋਲੀ ਦਏ ਭਰਾਈਆ । ਸੁਹਾਏ ਹਰਿ ਬੰਕ ਦਵਾਰਾ, ਦਵਾਰ ਬੰਕ ਆਪ ਸੁਹਾਈਆ । ਨਿਰਗੁਣ ਰੂਪ ਨਿਰਵੈਰ ਨਿਰੰਕਾਰਾ, ਨਿਸ਼ਅੱਖਰ ਵੱਖਰ ਡੇਰਾ ਲਾਈਆ । ਜਨ ਭਗਤਾਂ ਕਰੇ ਲੋਕਮਾਤ ਪਿਆਰਾ, ਬਖ਼ਸ਼ੇ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਪਰਖੇ ਜਨ ਜਨ ਹਰਿ ਹਰਿ ਸਾਚੇ ਲਏ ਉਠਾਈਆ ।

ਜੰਗਲ ਜੂਹ ਉਜਾੜ ਪਰਭਾਸ਼, ਹਰਿ ਹਰਿ ਰੰਗ ਰੰਗਾਇਆ । ਜਗੇ ਜੋਤ ਪੁਰਖ ਅਬਿਨਾਸ਼, ਸਾਚਾ ਥਾਨ ਸੁਹਾਇਆ । ਹਰ ਘਟ ਸਤਿਗੁਰ ਪੂਰਾ ਰੱਖੇ ਵਾਸ, ਮਹੱਲ ਅਟੱਲ ਨਾ ਕੋਈ ਜਣਾਇਆ । ਹਰਿਜਨ ਸਾਚੇ ਸਦ ਵਸੇ ਪਾਸ, ਦੂਰ ਨੇੜਾ ਨਾ ਵੇਖ ਵਖਾਇਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਖੋਜ ਖੋਜਾਇਆ । ਸੰਤ ਸੁਹੇਲਾ ਹੋਇਆ ਦਾਸੀ ਦਾਸ, ਦਾਸਨ ਦਾਸ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਸਾਜਣ ਵੇਖ ਵਖਾਇਆ ।ਜੰਗਲ ਜੂਹ ਜਗਤ ਪਹਾੜਾ, ਹਰਿ ਹਰਿ ਆਸਣ ਲਾਇਆ । ਹਰਿ ਭਗਤ ਵਖਾਏ ਸਚ ਅਖਾੜਾ, ਧਰਨੀ ਧਰਤ ਸੁਹਾਇਆ । ਮੇਟ ਮਿਟਾਏ ਪੰਚਮ ਧਾੜਾ, ਹਉਮੇ ਰੋਗ ਜਲਾਇਆ । ਨਾੜ ਬਹੱਤਰ ਵੱਜੇ ਤਾੜਾ, ਅਨਹਦ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਰਮੀ ਕਰਮ ਕਮਾਇਆ । ਜਲ ਥਲ ਜੰਗਲ ਜੂਹ, ਹਰਿ ਹਰਿ ਜੋਤ ਜਗਾਇੰਦਾ । ਗੁਰਮੁਖਾਂ ਲੋਕਮਾਤ ਧਵਾਏ ਮੁਖੜਾ ਮੂੰਹ, ਅੰਮ੍ਰਿਤ ਨੀਰ ਬਰਸਾਇੰਦਾ । ਕਰੇ ਮਿਹਰ ਨਦਰ ਆਏ ਤੂਹੇ ਤੂੰ, ਤੂਹੀ ਤੂੰ ਗੀਤ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਲ ਜਲ ਵੇਖ ਵਖਾਇੰਦਾ । ਜਗਤ ਥਲ ਤਿਨਕਾ ਘਾਸ, ਫੂਲਨ ਸੇਜ ਵਿਛਾਈਆ ।ਪੁਰਖ ਅਗੰਮਾ ਸ਼ਾਹੋ ਸ਼ਬਾਸ, ਬੈਠਾ ਆਸਣ ਲਾਈਆ । ਆਪਣੇ ਮੰਡਲ ਆਪਣੀ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਹਰਿਜਨ ਲੇਖੇ ਲਾਏ ਰਸਨ ਸਵਾਸ, ਜਿਹਵਾ ਹਰਿ ਗੁਣ ਗਾਈਆ । ਲਹਿਣਾ ਦੇਣਾ ਚੁੱਕੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਈਆ । ਨਿਝ ਦਾਤਾ ਨਿਝ ਘਰ ਰੱਖੇ ਵਾਸ, ਸਵੱਛ ਸਰੂਪੀ ਦਰਸ ਦਿਖਾਈਆ । ਗੁਰਮੁਖ ਸਾਜਣ ਮੀਤ ਮੁਰਾਰ, ਜਗਤ ਜਗ ਨਾ ਹੋਏ ਉਦਾਸ, ਗੁਰ ਸਾਚਾ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਲ ਥਲ ਰਿਹਾ ਸੁਹਾਈਆ । ਜਗਤ ਥਲ ਜਗਤ ਖੇਤ ਹਰਿ ਸਾਚਾ ਬੀਜ ਬਿਜਾਇੰਦਾ । ਹਰਿਜਨ ਵੇਖੇ ਨੇਤਨ ਨੇਤ, ਨੇਤਰ ਗਿਆਨ ਦ੍ਰਿੜਾਇੰਦਾ । ਬੁਧ ਬਿਬੇਕੀ ਚੇਤਨ ਚੇਤ, ਚਾਤ੍ਰਿਕ ਤ੍ਰਿਖਾ ਮਿਟਾਇੰਦਾ । ਭੇਵ ਅਭੇਦਾ ਖੋਲ੍ਹ ਭੇਤ, ਅਨਭਵ ਪਰਕਾਸ਼ ਵਖਾਇੰਦਾ । ਰੁੱਤ ਬਸੰਤੀ ਰਹੇ ਚੇਤ, ਫੂਲਨ ਬਰਖਾ ਏਕਾ ਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤ ਹਰਿਜਨ ਕਰਦਾ ਆਇਆ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਥਲ ਦੀਪਕ ਜੋਤੀ ਰਿਹਾ ਬਲ, ਅਗਿਆਨ ਅੰਧੇਰ ਮਿਟਾਇੰਦਾ । ਜਗਤ ਥਲ ਜਗਤ ਅਸਗਾਹ, ਹਰਿ ਹਰਿ ਆਸਣ ਲਾਇਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਗੁਰਮੁਖ ਲਏ ਤਰਾਇਆ । ਸੱਜਣ ਸੁਹੇਲਾ ਪਕੜੇ ਬਾਂਹ, ਆਪ ਆਪਣੀ ਦਇਆ ਕਮਾਇਆ । ਥਿਰ ਘਰ ਵਾਸ ਜਪਾਏ ਏਕਾ ਨਾਂ, ਏਕਾ ਮੰਤਰ ਗਿਆਨ ਦ੍ਰਿੜਾਇਆ । ਇਕ ਸੁਹਾਏ ਸਾਚਾ ਥਾਂ, ਥਾਨ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੂਹ ਪਾਰ ਕਰਾਇਆ । ਜਗਤ ਜੂਹ ਡੂੰਘੀ ਕੰਦਰ, ਹਰਿਜਨ ਪਾਰ ਕਰਾਈਆ । ਆਪੇ ਤੋੜੇ ਲੱਗਾ ਜੰਦਰ, ਤਨ ਹਾਟੀ ਵੇਖ ਵਖਾਈਆ । ਮਨਮੁਖ ਜੀਵ ਭੌਂਦੇ ਬੰਦਰ, ਹਰਿ ਰੂਪ ਦਿਸ ਨਾ ਆਈਆ । ਉਚੇ ਟਿੱਲੇ ਚੜ੍ਹ ਚੜ੍ਹ ਬੈਠੇ ਗੋਰਖ ਮਛੰਦਰ, ਗੁਰ ਗਿਆਨ ਨਾ ਕੋਈ ਦ੍ਰਿੜਾਈਆ । ਮਾਇਆ ਮਮਤਾ ਭਾਗਾਂ ਮੰਦੜ, ਭਰਮੇ ਭੁੱਲੀ ਸਰਬ ਲੋਕਾਈਆ । ਮਦਿਰਾ ਮਾਸੀ ਜੀਵ ਗੰਦੜ, ਰਸ ਰਸਨਾ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੂਹ ਵੇਖ ਵਖਾਈਆ । ਜਗਤ ਜੂਹ ਡੂੰਘਾ ਸਾਗਰ, ਗਹਿਰ ਗੰਭੀਰ ਸਮਾਇਆ । ਕਾਇਆ ਵੇਖੇ ਹਰਿਜਨ ਗਾਗਰ, ਅੰਮ੍ਰਿਤ

ਤਾਲ ਭਰਾਇਆ । ਵਣਜ ਕਰਾਏ ਨਾ ਸੁਦਾਗਰ, ਏਕਾ ਵਸਤ ਝੋਲੀ ਪਾਇਆ । ਨਿਰਮਲ ਕਰਮ ਕਰੇ ਉਜਾਗਰ, ਜੋ ਜਨ ਆਏ ਸਰਨਾਇਆ । ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੂਹ ਡੇਰਾ ਲਾਇਆ । ਜਗਤ ਜੂਹ ਕਾਚੀ ਧਾਰ, ਰੈਣ ਅੰਧੇਰਾ ਛਾਇਆ । ਚਾਰੋਂ ਕੁੰਟ ਧੁੰਆਂਧਾਰ, ਰਵ ਸਸ ਰਹੇ ਸਜਾਇਆ । ਦੀਵਾ ਬਾਤੀ ਨਾ ਕੋਈ ਉਜਿਆਰ, ਮੰਡਲ ਮੰਡਪ ਨਾ ਕੋਈ ਸੁਹਾਇਆ । ਕਮਲਾਪਾਤੀ ਨਾ ਮਿਲਿਆ ਮੀਤ ਮੁਰਾਰ, ਨਾਰੀ ਕੰਤ ਨਾ ਕੋਈ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਜਗਤ ਟਿੱਲਾ ਉਚ ਮੁਨਾਰਾ, ਹਰਿ ਹਰਿ ਜੋਤ ਜਗਾਈਆ । ਉਪਰ ਬੈਠ ਬੇਐਬ ਪਰਵਰਦਿਗਾਰਾ, ਬੇਪਰਵਾਹ ਨਾਉਂ ਧਰਾਈਆ । ਹਰਿਜਨ ਸਾਜਨ ਪਾਏ ਸਾਰਾ, ਮੀਤ ਮੁਰਾਰਾ ਸਹਿਜ ਸੁਖਦਾਈਆ । ਏਕਾ ਦੇਵੇ ਨਾਮ ਅਧਾਰਾ, ਵਸਤ ਅਨਮੋਲ ਝੋਲੀ ਪਾਈਆ । ਜੋਤੀ ਨੂਰ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਵਰਨ ਗੋਤੀ ਪਾਰ ਕਿਨਾਰਾ, ਬਰਨ ਬਰਨਾ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਾਚਾ ਮੇਲਾ ਜਗਤ ਰੁੱਖ, ਉਲਟੀ ਜੜ੍ਹ ਲਗਾਈਆ । ਲੇਖੇ ਲੱਗਾ ਮਾਨੁਸ ਮਨੁਖ, ਮਾਇਆ ਭਰਮ ਗਵਾਈਆ । ਸਫਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਈਆ । ਰੋਗ ਨਿਵਾਰੇ ਹਉਮੇ ਦੁੱਖ, ਚਿੰਤਾ ਸੋਗ ਰਹਿਣ ਨਾ ਪਾਈਆ । ਜਗਤ ਮਿਟਾਏ ਤ੍ਰਿਸਨਾ ਭੁੱਖ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਸਤਾਈਆ । ਹਰਿਜਨ ਬੂਟਾ ਨਾ ਜਾਏ ਸੁੱਕ, ਅੰਮ੍ਰਿਤ ਆਤਮ ਮੁਖ ਚੁਆਈਆ । ਮਨਮੁਖਾਂ ਮੁਖ ਪਾਏ ਥੁੱਕ, ਜੋ ਜਨ ਬੈਠੇ ਹਰਿ ਭੁਲਾਈਆ । ਸੰਤ ਸੁਹੇਲੇ ਇਕ ਅਕੇਲੇ ਜੁਗ ਜੁਗ ਸੁਖਣਾ ਰਹੇ ਸੁਖ, ਮਿਲੇ ਮੇਲ ਸਹਿਜ ਸੁਖਦਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਜਨ ਭਗਤਾਂ ਆਪਣੀ ਗੋਦੀ ਆਪੇ ਲਏ ਚੁੱਕ, ਦੇਵੇ ਮਾਤ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਰਮ ਕਰਮ ਧਰਮ ਗੁਰਮੁਖ ਉਤਮ ਜਾਤੀ ਨਾਮ ਵਰਨ ਬਰਨ ਸ਼ੰਕਰ ਨਾ ਕੋਈ ਜਣਾਈਆ ।



### * ੧੫ ਭਾਦਰੋਂ ੨੦੧੫ ਬਿਕ੍ਰਮੀ ਕਰਨੈਲ ਸਿੰਘ ਦੇ ਘਰ ਡੋਗਰ ਬਸਤੀ ਫਰੀਦਕੋਟ ਸ਼ਹਿਰ *

ਨਿਰਗੁਣ ਜੋਤ ਹਰਿ ਨਿਰੰਕਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਆਦਿ ਅੰਤਾ ਏਕਾ ਏਕੰਕਾਰ, ਏਕਾ ਕਲ ਵਰਤਾਈਆ । ਲੋਆਂ ਪੁਰੀਆਂ ਪਸਰ ਪਸਾਰ, ਬ੍ਰਹਿਮੰਡਾਂ ਖੰਡਾਂ ਵੰਡ ਵੰਡਾਈਆ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਰਿਹਾ ਸਮਾਈਆ । ਚੌਦਾਂ ਲੋਕ ਹੱਟ ਵਪਾਰ, ਏਕਾ ਵਣਜ ਕਰਾਈਆ । ਤਿੰਨਾਂ ਲੋਕਾਂ ਪਹਿਰੇਦਾਰ, ਸੇਵਕ ਸੇਵ ਕਮਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰੇ ਖ਼ਬਰਦਾਰ, ਏਕਾ ਸ਼ਬਦ ਜਣਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਲੱਖ ਚੁਰਾਸੀ ਡੇਰਾ ਲਾਈਆ । ਹਰਿ ਕਾ ਰੂਪ ਅਗੰਮ ਅਪਾਰ, ਦਿਸ ਕਿਸੇ ਨਾ ਆਈਆ । ਹੱਡ ਮਾਸ ਨਾੜੀ ਚੰਮ ਨਾ ਕੋਈ ਅਕਾਰ, ਪੰਜ ਤਤ ਨਾ ਮੇਟ ਮਿਟਾਈਆ । ਰੰਗ ਰੂਪ ਨਾ ਕੋਈ ਸੰਸਾਰ, ਲੇਖਾ ਲਿਖਤ ਵਿਚ ਨਾ ਆਈਆ । ਜੁਗ ਜੁਗ ਖੇਲੇ ਖੇਲ ਅਪਾਰ, ਜੁਗ ਕਰਤਾ ਨਾਮ ਧਰਾਈਆ । ਸਤਿਜੁਗ ਤ੍ਰੇਤਾ ਕਰਿਆ ਪਾਰ, ਦੁਆਪਰ ਧਾਰ ਬੰਧਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ

ਨਾਉਂ ਰਖਾਈਆ । ਸ਼ਬਦ ਡੰਕਾ ਵਿਚ ਸੰਸਾਰ, ਆਪਣਾ ਰਿਹਾ ਲਗਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਮਾਰੇ ਮਾਰ, ਚਾਰੋਂ ਕੁੰਟਾਂ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨੂਰ ਅੱਲਾ, ਏਕਾ ਨੂਰ ਦਰਸਾਇਆ । ਪਾਰਬ੍ਰਹਮ ਪ੍ਰਭ ਇਕ ਅਕੱਲਾ, ਆਪ ਆਪਣਾ ਕਰਮ ਕਮਾਇਆ । ਵੇਖ ਵਖਾਏ ਜਲਾਂ ਥਲਾਂ, ਜਲ ਥਲ ਡੇਰਾ ਲਾਇਆ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਊਚ ਅਗੰਮ ਸਮਾਇਆ । ਕਰੇ ਖੇਲ ਘੜੀ ਘੜੀ ਪਲ ਪੱਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਹਰਿ ਰਘੁਰਾਈ ਆਪ ਭੁਲਾਏ ਕਰ ਕਰ ਵਲ ਛਲਾ, ਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕਾ ਹਰਿ ਮਿਹਰਵਾਨ, ਨਿਰਗੁਣ ਰੂਪ ਅਖਵਾਇੰਦਾ । ਸ਼ਬਦ ਗੁਰ ਕਰ ਪਰਧਾਨ, ਲੋਕਮਾਤ ਧਰਾਇੰਦਾ । ਚਾਰ ਵਰਨ ਦੇਵੇ ਇਕ ਗਿਆਨ, ਊਚਾਂ ਨੀਚਾਂ ਇਹ ਸਮਝਾਇੰਦਾ । ਏਕਾ ਪੁਰਖ ਹਰਿ ਸੁਲਤਾਨ, ਦੂਸਰ ਕੋਈ ਦਿਸ ਨਾ ਆਇੰਦਾ । ਆਦਿ ਜੁਗਾਦੀ ਜੀਵਾਂ ਜੰਤਾਂ ਦੇਵੇ ਜੀਆ ਦਾਨ, ਦਾਤਾ ਦਾਨੀ ਨਾਮ ਧਰਾਇੰਦਾ । ਮੇਟ ਮਿਟਾਏ ਕੂੜ ਨਿਸ਼ਾਨ, ਕੂੜੀ ਕਿਰਿਆ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਹੋਈ ਵੈਰਾਨ, ਚਾਰੋਂ ਕੁੰਟ ਧੁੰਆਂਧਾਰ ਕਰਾਇੰਦਾ । ਮੰਦਰ ਮਸਜਿਦ ਗੁਰ ਦਰ ਮੱਠ ਸਰਬ ਕੁਰਲਾਨ, ਹਰਿ ਹਰਿ ਰੂਪ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਜਗਾਇੰਦਾ । ਨਿਹਕਲੰਕ ਕਲ ਜਾਮਾ ਧਾਰ, ਲੋਕਮਾਤ ਕਰੇ ਰੁਸ਼ਨਾਈਆ । ਰਾਜ ਰਾਜਾਨਾ ਦਏ ਹੁਲਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਸ਼ਬਦ ਖੰਡਾ ਤੇਜ ਕਟਾਰ, ਹਰਿ ਸਾਚਾ ਰਿਹਾ ਉਠਾਈਆ । ਮਨਮੁਖਾਂ ਜੀਵਾਂ ਮਾਰੇ ਮਾਰ, ਚਾਰੋਂ ਕੁੰਟ ਪਏ ਦੁਹਾਈਆ । ਦਰ ਦਰ ਘਰ ਘਰ ਰੋਵੇ ਨਾਰੀ ਨਾਰ, ਨੇਤਰ ਨੈਣਾਂ ਨੀਰ ਵਹਾਈਆ । ਗੁਰਮੁਖ ਵਿਰਲੇ ਕਰੇ ਹਰਿ ਪਿਆਰ, ਜਿਸ ਜਨ ਆਪਣੀ ਬੂਝ ਬੁਝਾਈਆ । ਦੇਵੇ ਦਰਸ ਅਗੰਮ ਅਪਾਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਰਿਹਾ ਜਣਾਈਆ । ਲੱਖ ਚੁਰਾਸੀ ਜਗਤ ਮਹੱਲਾ, ਲੋਕਮਾਤ ਪਸਾਰਾ । ਹਰਿ ਵੇਖਣਹਾਰਾ ਇਕ ਅਕੱਲਾ, ਜੁਗ ਜੁਗ ਲਏ ਮਾਤ ਅਵਤਾਰਾ । ਗੁਰਮੁਖਾਂ ਮੇਟੇ ਦੂਈ ਦਵੈਤੀ ਸੱਲਾ, ਏਕਾ ਦੇਵੇ ਨਾਮ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਪਾਰ ਕਿਨਾਰਾ । ਕਲਜੁਗ ਤੇਰਾ ਪਾਰ ਕਿਨਾਰਾ, ਅੰਤਮ ਵੇਖ ਵਖਾਈਆ । ਚਾਰੋਂ ਕੁੰਟ ਹਾਹਾਕਾਰਾ, ਨਾ ਕੋਈ ਧੀਰ ਧਰਾਈਆ । ਨਾਤਾ ਤੁਟੇ ਮੁਹੰਮਦੀ ਯਾਰਾ, ਚਾਰ ਯਾਰੀ ਮੁਖ ਭਵਾਈਆ । ਅੰਜੀਲ ਕੁਰਾਨਾ ਆਈ ਹਾਰਾ, ਨਾ ਦੀਸੇ ਕੋਈ ਸਹਾਈਆ । ਵੇਦ ਪੁਰਾਨੀ ਕਰੇ ਖ਼ਬਰਦਾਰ, ਆਪ ਆਪਣੀ ਬੂਝ ਬੁਝਾਈਆ । ਸ਼ਬਦ ਨਿਸ਼ਾਨੀ ਇਕ ਸੰਸਾਰ, ਧੁਰ ਦਰਗਾਹੀ ਰਿਹਾ ਦਿਖਾਈਆ । ਤੀਰ ਕਾਨੀ ਮਾਰੇ ਮਾਰ, ਰਸਨਾ ਚਿੱਲਾ ਇਕ ਚੜ੍ਹਾਈਆ । ਦੋ ਜਹਾਨੀ ਕਰੇ ਵਿਚਾਰ, ਜੋਤ ਸਰੂਪੀ ਬੇਪਰਵਾਹੀਆ । ਸ੍ਰਿਸ਼ਟ ਨਿਧਾਨ ਹੋਈ ਗਵਾਰ, ਹਰਿ ਕਾ ਭੇਵ ਨਾ ਜਾਣੇ ਰਾਈਆ । ਸਿਖ ਹਿੰਦੂ ਈਸਾਈ ਮੁਸਲਮਾਨੀ ਆਪਣੀ ਵੰਡ ਵੰਡਾਈਆ । ਜੋਤੀ

੫੭੬
੦੨

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਨਿਰੰਕਾਰ, ਆਪਣਾ ਆਪ ਉਪਾਇੰਦਾ । ਜੀਵਾਂ ਜੰਤਾਂ ਪਾਵੇ ਸਾਰ, ਸਾਧਾਂ ਸੰਤਾਂ ਵੇਖ ਵਖਾਇੰਦਾ । ਰਾਓ ਰੰਕਾਂ ਪਾਰ ਕਿਨਾਰ, ਖ਼ਾਕੀ ਖ਼ਾਕ ਸਮਾਇੰਦਾ । ਗੁਰਮੁਖ ਵਿਰਲਾ ਜਨਕਾ ਲਾਏ ਪਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਸ਼ਬਦ ਹੁਲਾਰ, ਹਰਿ ਆਪਣਾ ਆਪ ਦਵਾਇੰਦਾ । ਕਲਜੁਗ ਵਖਾਏ ਧੁੰਧੂਕਾਰ, ਧੂੰਆਂਧਾਰ ਨਾ ਕੋਈ ਮਿਟਾਇੰਦਾ । ਕਾਇਆ ਗੜ੍ਹ ਹਉਮੇ ਹੰਗਤਾ ਭਰ ਭੰਡਾਰ, ਕਲਜੁਗ ਮਾਰਗ ਲਾਇੰਦਾ । ਜੂਠ ਝੂਠ ਵਡ ਸਿਕਦਾਰ, ਸਾਚੇ ਤਖ਼ਤ ਸੁਹਾਇੰਦਾ । ਧਰਤ ਮਾਤ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚਾ ਉਠ ਉਠ ਜਾਗ, ਹਰਿ ਸਾਚੇ ਜੋਤ ਜਗਾਈਆ । ਲੋਕਮਾਤ ਲੱਗਾ ਭਾਗ, ਭਾਰਤ ਵੱਜੀ ਵਧਾਈਆ । ਸ੍ਰਿਸ਼ਟ ਸਬਾਈ ਵੇਖੇ ਹੰਸ ਕਾਗ, ਕਾਗੋਂ ਕਾਗ ਰਹੇ ਕੁਰਲਾਈਆ । ਦੁਰਮਤ ਮੈਲ ਲੱਗਾ ਦਾਗ, ਨਾ ਸਕੇ ਕੋਈ ਧੁਆਈਆ । ਮਾਇਆ ਡੱਸੇ ਡੱਸਨੀ ਨਾਗ, ਅੱਠੇ ਪਹਿਰ ਹਲਕਾਈਆ । ਦੀਪਕ ਜੋਤ ਨਾ ਜਗੇ ਚਿਰਾਗ, ਮੰਦਰ ਅੰਦਰ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤ ਸਰਬ ਗੁਣਵੰਤਾ, ਹਰਿ ਹਰਿ ਆਪ ਅਖਵਾਇਆ । ਹਰਿਜਨ ਵੇਖੇ ਸਾਚੇ ਸੰਤਾਂ, ਸਤਿਗੁਰ ਪੁਰਖ ਮਨਾਇਆ । ਦੇਵੇ ਵਡਿਆਈ ਜੀਆਂ ਜੰਤਾਂ, ਜੀਆ ਦਾਨ ਝੋਲੀ ਪਾਇਆ । ਆਪ ਬਣਾਵਣਹਾਰਾ ਬਣਤਾ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਵੇ ਸਾਚੇ ਸੰਤ, ਦਰ ਘਰ ਡੇਰਾ ਲਾਇਆ । ਸਾਚਾ ਸੁਤ ਸੰਤ ਦੁਲਾਰਾ, ਹਰਿ ਹਰਿ ਆਪ ਉਪਾਇੰਦਾ । ਏਕਾ ਘਰ ਨਾਮ ਭੰਡਾਰਾ, ਲੋਕਮਾਤ ਵਰਤਾਇੰਦਾ । ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਆਵਣ ਜਾਵਣ ਖੇਲ ਅਪਾਰਾ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਡੰਕ ਵਜਾਇੰਦਾ । ਨਿਹਕਲੰਕਾ ਆਦਿ ਨਿਰੰਜਣ ਏਕਾ ਏਕ ਅਖਵਾਇਆ । ਭਗਤ ਸੁਹੇਲਾ ਸਾਚਾ ਸੱਜਣ, ਲੋਕਮਾਤ ਵੇਖ ਵਖਾਇਆ । ਹਰਿਜਨ ਕਰਾਏ ਸਾਚਾ ਮਜਨ, ਧੂੜੀ ਚਰਨ ਨੁਹਾਇਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਜਿਸ ਜਨ ਦਰਸ਼ਨ ਪਾਇਆ । ਅਨਹਦ ਤਾਲ ਤਲਵਾੜੇ ਵੱਜਣ, ਰਾਗ ਅਨਾਦੀ ਏਕਾ ਗਾਇਆ । ਨੌਂ ਦਵਾਰੇ ਜਗਤ ਤਜਣ, ਘਰ ਸਾਚਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਮਿਲਿਆ ਸਾਚਾ ਸੱਜਣ, ਕਲਜੁਗ ਵੇਲਾ ਅੰਤ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਰਿਹਾ ਉਠਾਇਆ । ਨੌਂ ਖੰਡ ਸ਼ਬਦ ਜੈਕਾਰਾ, ਏਕਾ ਏਕ ਸੁਣਾਇੰਦਾ । ਵਰਨ ਬਰਨਾਂ ਪਾਰ ਕਿਨਾਰਾ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਇਕ ਅਕੱਲਾ ਏਕੰਕਾਰਾ, ਕਾਇਨਾਤ ਸਮਾਇੰਦਾ । ਜਲਾਂ ਥਲਾਂ ਵੇਖੇ ਸਮੁੰਦ ਸਾਗਰ ਡੂੰਘੀ ਗਾਰਾ, ਟਿੱਲੇ ਪਰਬਤ ਫੋਲ ਫੋਲਾਇੰਦਾ । ਲੱਖ ਚੁਰਾਸੀ ਅੰਦਰ ਕਰ ਪਸਾਰਾ, ਆਪ ਆਪਣਾ ਮੁਖ ਛੁਪਾਇੰਦਾ । ਗੁਰਮੁਖ ਵਿਰਲਾ ਕਰੇ ਪਿਆਰਾ, ਆਪ ਆਪਣਾ ਪੜਦਾ ਲਾਹਿੰਦਾ । ਜੋਤੀ ਨੂਰ ਕਰ ਉਜਿਆਰਾ, ਮੰਦਰ ਅੰਦਰ ਡਗਮਗਾਇੰਦਾ । ਦੇਵੇ ਸ਼ਬਦ ਸੱਚੀ ਧੁਨਕਾਰਾ, ਧੁਨ

ਅਨਾਦੀ ਤਾਲ ਵਜਾਇੰਦਾ । ਸੁਣੇ ਸੁਣਾਏ ਸੁਨਣੇਹਾਰਾ, ਜੀਵਾਂ ਜੰਤਾਂ ਦਿਸ ਨਾ ਆਇੰਦਾ । ਭਗਤਨ ਮੀਤਾ ਕਰ ਪਿਆਰਾ, ਹਰਿ ਭਗਤੀ ਮੇਲ ਮਿਲਾਇੰਦਾ । ਬੈਠਾ ਰਹੇ ਇਕ ਅਤੀਤਾ ਨਰ ਨਿਰੰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰਾ, ਅਲੱਖ ਅਲੱਖਣਾ ਨਾਉਂ ਰਖਾਇੰਦਾ । ਸਚਖੰਡ ਸੁਹਾਏ ਸਚ ਦਵਾਰਾ, ਥਿਰ ਘਰ ਵਾਸੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਜੋਤੀ ਜਾਮਾ ਵੇਸ ਵਟਾਇੰਦਾ । ਕਲਜੁਗ ਤੇਰਾ ਅੰਤਮ ਮੂਲ, ਹਰਿ ਸਾਚੇ ਆਪ ਚੁਕਾਵਣਾ । ਲੱਖ ਚੁਰਾਸੀ ਗਈ ਭੂਲ, ਹਰਿ ਏਕਾ ਮਾਰਗ ਲਾਵਣਾ । ਨਾਰੀ ਮੇਲਾ ਕੰਤ ਕੰਤੂਹਲ, ਸਾਚਾ ਕੰਤ ਸੁਹਾਗ ਵਖਾਵਣਾ । ਸਤਿਜੁਗ ਫੁਲਵਾੜੀ ਲਾਏ ਫੂਲ, ਰੁੱਤ ਬਸੰਤੀ ਵੇਖ ਵਖਾਵਣਾ । ਸ਼ਬਦ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਸਾਚਾ ਧਾਮ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਪੂਰ ਕਰਾਏ ਭਾਵਨਾ । ਕਲਜੁਗ ਤੇਰੀ ਅੰਤਮ ਆਸ, ਹਰਿ ਸਾਚਾ ਪੂਰ ਕਰਾਇੰਦਾ । ਵੇਖ ਵਖਾਏ ਜੰਗਲ ਜੂਹ ਉਜਾੜ ਪਰਭਾਸ, ਘਰ ਘਰ ਡੇਰਾ ਲਾਇੰਦਾ । ਸਾਧਾਂ ਸੰਤਾਂ ਵੇਖੇ ਪਵਣ ਸਵਾਸ, ਰਸਨਾ ਜਿਹਵਾ ਕਵਣ ਗੁਣ ਗਾਇੰਦਾ । ਕਵਣ ਬੈਰਾਗੀ ਹੋਏ ਉਦਾਸੀ, ਕਵਣ ਤਿਆਗੀ ਨਾਉਂ ਧਰਾਇੰਦਾ । ਕਵਣ ਸੁਰਤ ਸਵਾਣੀ ਸੋਈ ਜਾਗੀ, ਸ਼ਬਦ ਹਾਣੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਕਿਰਿਆ ਕਰਮ ਵੇਖ ਵਖਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਕੂੜਾ ਡੰਕ ਵਜਾਇਆ । ਚਾਰੋਂ ਕੁੰਟ ਏਕਾ ਨਾਅਰਾ, ਏਕਾ ਕੂਕ ਸੁਣਾਇਆ । ਸ੍ਰਿਸ਼ਟ ਸਬਾਈ ਹੋਏ ਖ਼ਵਾਰਾ, ਵੇਲਾ ਨੇੜੇ ਆਇਆ । ਰਾਣੀ ਅੱਲਾ ਲਾਏ ਨਾਅਰਾ, ਚੌਦਾਂ ਤਬਕਾਂ ਦਏ ਹਿਲਾਇਆ । ਸੰਗ ਮੁਹੰਮਦ ਪਾਰ ਕਿਨਾਰਾ, ਨਾ ਕੋਈ ਧੀਰ ਧਰਾਇਆ । ਪੁਰਖ ਅਬਿਨਾਸ਼ੀ ਕਰੇ ਖੇਲ ਅਪਾਰਾ, ਖੇਲਣਹਾਰ ਸ੍ਰਿਸ਼ਟ ਸਬਾਇਆ । ਆਦਿਨ ਅੰਤਾ ਏਕਾ ਏਕੰਕਾਰਾ, ਅਕਲ ਕਲਾ ਅਖਵਾਇਆ । ਕਲਜੁਗ ਤੇਰੀ ਅੰਤਮ ਵਾਰਾ, ਲੋਕਮਾਤ ਲਏ ਅੰਗੜਾਇਆ । ਸ਼ਬਦ ਖੰਡਾ ਤੇਜ਼ ਕਟਾਰਾ, ਦਹਿ ਦਿਸ਼ਾ ਰਿਹਾ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰਤਾ ਪੁਰਖ ਆਪ ਅਖਵਾਇਆ । ਚੌਦਾਂ ਲੋਕ ਚੌਦਾਂ ਹੱਟ, ਹਰਿ ਚੌਦਾਂ ਵੇਖ ਵਖਾਈਆ । ਚੌਦਾਂ ਖੇਲ ਬਾਜ਼ੀਗਰ ਨੱਟ, ਸਵਾਂਗ ਸਵਾਂਗੀ ਵਰਤਾਈਆ । ਚੌਦਾਂ ਲੋਕ ਪਏ ਭੱਠ, ਹਰਿ ਭਠਿਆਲਾ ਏਕਾ ਤਾਈਆ । ਅੰਤਮ ਕਰਨ ਆਇਆ ਕੱਠ, ਏਕਾ ਦਿਵਸ ਮਨਾਈਆ । ਝੂਠ ਮੁਨਾਰਾ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁੱਕੇ ਤੀਰਥ ਅਠ ਸਠ, ਗੰਗਾ ਗੋਦਾਵਰੀ ਕੋਈ ਨਾ ਨਹਾਈਆ । ਸ੍ਰਿਸ਼ਟ ਸਬਾਈ ਗੇੜਨਹਾਰਾ ਉਲਟੀ ਲੱਠ, ਆਪੇ ਦਾਤਾ ਸ਼ਬਦ ਸਲਾਹੀਆ । ਧੂੰਆਂਧਾਰ ਚੌਦਾਂ ਹੱਟ, ਪ੍ਰਿਥਮੀ ਆਕਾਸ਼ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸ੍ਰਿਸ਼ਟ ਸਬਾਈਆ । ਅੱਲਾ ਰਾਣੀ ਕਰ ਪਿਆਰ, ਕਲਜੁਗ ਰੂਪ ਦਰਸਾਇਆ । ਨੇਤਰ ਨੈਣ ਵੇਖ ਉਘਾੜ, ਚਾਰੋਂ ਕੁੰਟ ਹੋਏ ਦੁਹਾਇਆ । ਈਸਾ ਮੂਸਾ ਇਕ ਅਖਾੜ, ਏਕਾ ਮਹੱਲਾ ਦਏ ਵਸਾਇਆ । ਪੁਰਖ ਅਬਿਨਾਸ਼ੀ ਆਪ ਚੜ੍ਹਾਏ ਅਗੰਮੀ ਧਾੜ, ਦਿਸ ਕਿਸੇ ਨਾ ਆਇਆ । ਲੁਕਿਆ ਰਹਿਣ ਨਾ ਦੇਵੇ ਕੋਈ ਝਾੜ, ਦਹਿ ਦਿਸ਼ਾ ਫੋਲ ਫੋਲਾਇਆ । ਅਗਨੀ ਲੱਗੇ ਸਤਾਰਾਂ ਹਾੜ, ਨਾ ਕੋਈ ਲੇਖਾ ਮੇਟ ਮਿਟਾਇਆ । ਸ੍ਰਿਸ਼ਟ ਸਬਾਈ

ਆਪ ਚਬਾਏ ਆਪਣੀ ਦਾੜ੍ਹ, ਆਪ ਆਪਣਾ ਹੁਕਮ ਸੁਣਾਇਆ । ਧਰਤ ਮਾਤ ਵੇਖੇ ਇਕ ਅਖਾੜ, ਨੌਂ ਖੰਡ ਰੂਪ ਵਟਾਇਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜ, ਖ਼ੁਦੀ ਖ਼ੁਦਾਈ ਰਹਿਣ ਨਾ ਪਾਇਆ । ਗੁਰਮੁਖ ਸਾਜਣ ਵੇਖੇ ਸਾਚੇ ਲਾੜ, ਚਾਰੋਂ ਕੁੰਟ ਫੋਲ ਫੋਲਾਇਆ । ਸ਼ਬਦ ਘੋੜੇ ਦੇਵੇ ਚਾੜ੍ਹ, ਆਪ ਆਪਣੀ ਦਇਆ ਕਮਾਇਆ । ਥਿਰ ਘਰ ਸਾਚੇ ਦੇਵੇ ਵਾੜ, ਮਹੱਲ ਅਟੱਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਨਿਹਕਲੰਕਾ ਹਰਿ ਨਿਰੰਕਾਰਾ, ਏਕਾ ਰੂਪ ਸਮਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਆਪਣੀ ਕਾਰ ਕਮਾਇੰਦਾ । ਨਾਨਕ ਗੁਰ ਲਾਇਆ ਨਾਅਰਾ, ਸ੍ਰਿਸ਼ਟ ਸਬਾਈ ਇਹ ਸਮਝਾਇੰਦਾ । ਗੁਰ ਗੋਬਿੰਦ ਬਣ ਵਣਜਾਰਾ, ਹਰਿ ਹਰਿ ਵਣਜ ਕਰਾਇੰਦਾ । ਮੰਗੇ ਮੰਗ ਅਪਰ ਅਪਾਰਾ, ਅਕਾਲ ਪੁਰਖ ਧਿਆਇੰਦਾ । ਅਕਾਲ ਮੂਰਤ ਅਜੂਨੀ ਰਹਿਤ ਦਰਦ ਦੁੱਖ ਭੈ ਭੰਜਨ ਪ੍ਰਭ ਪਾਵੇ ਸਾਰਾ, ਦੇ ਮਤ ਆਪ ਸਮਝਾਇੰਦਾ । ਕਲਜੁਗ ਅੰਤਮ ਵੇਖੇ ਪਾਰ ਕਿਨਾਰਾ, ਪ੍ਰਭ ਆਪਣਾ ਰਾਹ ਤਕਾਇੰਦਾ । ਨਿਹਕਲੰਕਾ ਲਏ ਅਵਤਾਰਾ, ਸੰਬਲ ਨਗਰੀ ਧਾਮ ਸੁਹਾਇੰਦਾ । ਸੰਬਲ ਨਗਰ ਧਾਮ ਅਪਾਰਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਜਗੇ ਜੋਤ ਅਗੰਮ ਅਪਾਰਾ, ਗਿਆਨ ਗਿਆਨ ਸਮਾਇੰਦਾ । ਸ਼ਬਦ ਧੁਨ ਵੱਜੇ ਧੁਨਕਾਰਾ, ਅਨਹਦ ਸੇਵਾ ਲਾਇੰਦਾ । ਰਾਗ ਰਾਗਨੀ ਨਾ ਪਾਇਣ ਸਾਰਾ, ਵੇਦ ਪੁਰਾਨ ਨਾ ਭੇਦ ਚੁਕਾਇੰਦਾ । ਆਦਿ ਪੁਰਖ ਅਪਰੰਪਰ ਸਵਾਮੀ ਖੇਲ ਕਰੇ ਨਿਆਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਤੇਰਾ ਦਰ ਦਵਾਰਾ, ਹਰਿ ਸਾਚਾ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਬਿਕ੍ਰਮੀ ਆਪ ਵਡਿਆਇੰਦਾ । ਵੀਹ ਸਦ ਹਰਿ ਜੋਤ ਜਗਾ, ਜੋਤੀ ਨੂਰ ਕਰੇ ਰੁਸ਼ਨਾਈਆ । ਏਕਾ ਏਕ ਆਪ ਅਖਵਾ, ਏਕਾ ਨਾਉਂ ਧਰਾਈਆ । ਦੂਜਾ ਦਰ ਡੇਰਾ ਲਾ, ਦਵਾਰ ਬੰਕ ਵੇਖ ਵਖਾਈਆ । ਤੀਜਾ ਨੇਤਰ ਨੈਣ ਖੁਲ੍ਹਾ, ਆਪਣਾ ਦਰਸ ਦਿਖਾਈਆ । ਚੌਥੇ ਘਰ ਗਿਆ ਸਮਾ, ਵੀਹ ਸੌ ਚਾਰ ਬਿਕ੍ਰਮੀ ਵੱਜੀ ਵਧਾਈਆ । ਪੰਚਮ ਮੇਲਾ ਸਹਿਜ ਸਭਾ, ਬ੍ਰਹਮ ਰਿਹਾ ਕਰਾਈਆ । ਛੇਵੇਂ ਛੱਪਰ ਛੰਨ ਕੋਈ ਦਿਸੇ ਨਾ, ਹਰਿ ਬੈਠਾ ਬੇਪਰਵਾਹੀਆ । ਸੱਤਵੇਂ ਸਤਿ ਪੁਰਖ ਨਿਰੰਜਣ ਆਪ ਜਪਾਏ ਆਪਣਾ ਨਾਂ, ਆਪਣੇ ਨਾਮ ਕਰੇ ਵਡਿਆਈਆ । ਅੱਠਾਂ ਤੱਤਾਂ ਵੇਖੇ ਥਾਉਂ ਥਾਂ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਹੋਏ ਸਹਾਈਆ । ਨੌਂ ਦਰ ਕੋਈ ਜੀਵ ਜੰਤ ਭੁੱਲੇ ਨਾ, ਵੇਲਾ ਗਿਆ ਹੱਥ ਨਾ ਆਈਆ । ਦਸਵਾਂ ਘਰ ਬਿਨ ਗੁਰ ਪੂਰੇ ਖੁਲ੍ਹੇ ਨਾ, ਵੀਹ ਸੌ ਦਸ ਬਿਕ੍ਰਮੀ ਖ਼ੁਸ਼ੀ ਮਨਾਈਆ । ਪੂਰੇ ਕੰਡੇ ਸਾਚੇ ਤੋਲ ਕੋਈ ਤੁਲੇ ਨਾ, ਨਾ ਕੋਈ ਤੋਲੇ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੀਹ ਸਦ ਗਿਆਰਾ, ਏਕਾ ਧਾਰਾ ਚਾਰ ਵਰਨਾਂ ਰਿਹਾ ਚਲਾਈਆ । ਚਾਰ ਵਰਨਾਂ ਏਕਾ ਰੰਗ, ਹਰਿ ਸਾਚੇ ਆਪ ਰੰਗਾਇਆ । ਅੰਦਰ ਮੰਦਰ ਵਜਾਏ ਸੱਚਾ ਮਰਦੰਗ, ਏਕਾ ਢੋਲਾ ਗਾਇਆ । ਅੰਮ੍ਰਿਤ ਆਤਮ ਨੁਹਾਏ ਸਾਚੀ ਗੰਗ, ਦੁਰਮਤ ਮੈਲ ਰਹਿਣ ਨਾ ਪਾਇਆ । ਕੱਟਣਹਾਰਾ ਭੁੱਖ ਨੰਗ, ਗਊ ਗ਼ਰੀਬਾਂ ਹੋਏ ਸਹਾਇਆ । ਜਗਤ ਹੰਕਾਰੀ ਭੰਨੇ ਕਾਚੀ ਵੰਗ, ਸ਼ਬਦ ਹਥੌੜਾ ਏਕਾ ਲਾਇਆ । ਜਨ ਭਗਤਾਂ ਖ਼ੁਸ਼ੀ ਕਰਾਏ ਬੰਦ ਬੰਦ, ਵੀਹ ਸਦ ਬਾਰਾਂ ਮੂਲ ਚੁਕਾਇਆ । ਸੁਤ ਸੁਲਤਾਨੀ ਆਪ ਬਣਾਏ ਆਪਣੇ ਫਰਜ਼ੰਦ, ਆਪ ਆਪਣੀ ਗੋਦ ਉਠਾਇਆ । ਤੇਰਾਂ ਤੇਰਾ ਚਾੜ੍ਹੇ ਚੰਦ, ਨਾਨਕ ਤੋਲਾ ਤੋਲ ਤੁਲਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਸੁਣਾਏ ਆਪਣਾ ਛੰਦ, ਸੋਹੰ ਸਾਚਾ ਮੰਗਲ ਗਾਇਆ । ਤੀਜੀ

੫੭੯
੦੭

ਚੇਤਰ ਹਰਿ ਆਏ ਗੋਬਿੰਦ, ਕੋਟ ਫਰੀਦ ਡੇਰਾ ਲਾਇਆ । ਭੇਵ ਨਾ ਪਾਇਣ, ਰਾਜ ਰਾਜਾਨ ਵਡ ਨਰਿੰਦ, ਨਰ ਹਰਿ ਸਾਚਾ ਦਿਸ ਨਾ ਆਇਆ । ਪਾਰਬ੍ਰਹਮ ਪ੍ਰਭ ਜੋਤ ਜਗਾਈ ਵਿਚ ਹਿੰਦ, ਨਿਹਕਲੰਕਾ ਨਾਉਂ ਰਖਾਇਆ । ਸ਼ਬਦ ਚਲਾਏ ਧਾਰ ਸਾਗਰ ਸਿੰਧ, ਮਨਮੁਖ ਜੀਵਾਂ ਦਏ ਰੁੜ੍ਹਾਇਆ । ਗੁਰਮੁਖ ਉਪਜਾਏ ਸਾਚੀ ਬਿੰਦ, ਆਪ ਆਪਣਾ ਹੁਕਮ ਸੁਣਾਇਆ । ਮਨਮੁਖ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਮੁਖ ਟਿਕਾਇਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਜੁਗ ਜੁਗ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਤੇਰਾਂ ਤੇਰੀ ਧਾਰ ਚਲਾਇਆ । ਵੀਹ ਸਦ ਚੌਦਾਂ ਤੇਰੀ ਧਾਰ, ਏਕਾ ਇਕੀ ਪਾਈਆ । ਗੁਰਮੁਖ ਸਾਚੇ ਕਰ ਪਿਆਰ, ਵੰਡਨ ਵੰਡ ਵੰਡਾਈਆ । ਨਿੱਕੀ ਤਿਖੀ ਏਕਾ ਧਾਰ, ਪਾਰਬ੍ਰਹਮ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਮਾਰ ਝਾਤ, ਏਕਾ ਡੰਕਾ ਰਿਹਾ ਵਜਾਈਆ । ਸ਼ਬਦ ਡੰਕਾ ਹਰਿ ਭਗਵਾਨਾ, ਏਕਾ ਏਕ ਵਜਾਇਆ । ਉਠਿਆ ਜੋਧਾ ਸੂਰਬੀਰ ਵਡ ਮਰਦਾਨਾ, ਸ਼ਾਹ ਸੁਲਤਾਨਾ ਦਏ ਹਿਲਾਇਆ । ਸੋਹੰ ਚਿਲਾ ਰਸਨਾ ਤੀਰ ਕਮਾਨਾ, ਸੱਸਾ ਕਿਲਾ ਇਕ ਬਣਾਇਆ । ਹੰ ਹੰਗਤਾ ਮੇਟ ਮਿਟਾਣਾ, ਮੇਟਣਹਾਰ ਆਪ ਰਘੁਰਾਇਆ । ਕਲਜੁਗ ਤੇਰਾ ਵੇਖੇ ਕੂੜ ਕੁੜਿਆਰਾ ਪਰਧਾਨਾ, ਚਾਰੋਂ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਵੇਸ ਵਟਾਇਆ । ਵੀਹ ਸਦ ਪੰਦਰਾਂ ਹਰਿ ਹਰਿ ਨਿਰੰਕਾਰਾ, ਆਪਣੀ ਕਲ ਵਰਤਾਇੰਦਾ । ਉਠਿਆ ਜੋਧਾ ਸੂਰ ਬਲੀ ਬਲਕਾਰਾ, ਸ਼ਬਦ ਖੰਡਾ ਇਕ ਚਮਕਾਇੰਦਾ । ਖੰਡ ਬ੍ਰਹਿਮੰਡ ਦੇਵੇ ਹੁਲਾਰਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਕਰੇ ਖਵਾਰਾ, ਲੇਖਾ ਲਿਖਤ ਲਿਖਾਇੰਦਾ । ਕਲਜੁਗ ਰਾਵਣ ਹੋ ਤਿਆਰਾ, ਆਪਣਾ ਦਰ ਸੁਹਾਇੰਦਾ । ਦਿਵਸ ਰੈਣ ਮਾਰੇ ਲਲਕਾਰਾ, ਮਨ ਮਤ ਬੁਧ ਨਾਲ ਰਲਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਆਪੇ ਰਾਮਾਂ ਰਾਮ ਅਵਤਾਰਾ, ਲੰਕਾ ਗੜ੍ਹ ਤੁੜਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਚਰਨ ਛੁਹਾਏ ਦਿਲੀ ਦਰਬਾਰਾ, ਸ਼ਾਹ ਭਬੀਖਨ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਪੰਦਰਾਂ ਦੇਵੇ ਵਰ, ਲੇਖਾ ਲਿਖਤ ਵਿਚ ਨਾ ਆਇੰਦਾ । ਲੇਖਾ ਲਿਖਤ ਹਰਿ ਨਿਰੰਕਾਰ, ਆਪਣੇ ਹੱਥ ਰਖਾਇੰਦਾ । ਵੇਦ ਪੁਰਾਨ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਨਾ ਸਕੇ ਵਿਚਾਰ, ਭੇਵ ਅਭੇਦਾ ਭੇਵ ਛੁਪਾਇਆ । ਖਾਣੀ ਬਾਣੀ ਪੜ੍ਹ ਪੜ੍ਹ ਗਏ ਹਾਰ, ਪਾਰ ਕਿਨਾਰਾ ਦਿਸ ਨਾ ਆਇਆ । ਗਿਆਨੀ ਧਿਆਨੀ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਵਡ ਵਿਦਵਾਨੀ ਹੋਇਣ ਖਵਾਰ, ਹਰਿ ਕਾ ਰੂਪ ਦਿਸ ਨਾ ਆਇਆ । ਪੰਡਤ ਪਾਂਧੇ ਕਰ ਵਿਚਾਰ, ਤਿਲਕ ਲਿਲਾਟੀ ਰਹੇ ਲਗਾਇਆ । ਪੰਡਤ ਕਾਸ਼ੀ ਨਾ ਹੋਏ ਅਧਾਰ, ਠੱਗ ਠਗੋਰੀ ਪਾਇਆ । ਕਲਮਾ ਅਮਾਮ ਨਾ ਕੋਈ ਯਾਰ, ਨਬੀ ਰਸੂਲਾ ਨਾ ਕੋਈ ਸਹਾਇਆ । ਐਨਲਹਕ ਨਾ ਕੋਈ ਵਿਚਾਰ, ਮੁਕਾਮੇ ਹੱਕ ਨਾ ਕੋਈ ਖ਼ੁਦਾਇਆ । ਹਿੰਦੂ ਮੁਸਲਮ ਸਿਖ ਈਸਾਈ ਇਕ ਦੂਜੇ ਦਾ ਰਾਹ ਰਹੇ ਤੱਕ, ਦਰ ਦਵਾਰ ਨਾ ਕੋਈ ਖੁਲ੍ਹਾਇਆ । ਅੰਤਮ ਮੇਲਾ ਹੋਣਾ ਵਿਚ ਢੱਕ, ਧਰਤ ਮਾਤ ਰਹੀ ਬੁਲਾਇਆ । ਲਾੜੀ ਮੌਤ ਨਕੇਲ ਪਾਏ ਨੱਕ, ਧਰਮ ਦਵਾਰਾ ਦਏ ਦਿਖਾਇਆ । ਕੂੜ ਕੁੜਿਆਰਾ ਫਲ ਗਿਆ ਪੱਕ, ਪ੍ਰਭ ਸਾਚਾ ਵੇਖਣ ਆਇਆ । ਮਹੱਲ ਅਟੱਲ ਨਾ ਸਕੇ ਕੋਈ ਰੱਖ, ਰਾਜ ਰਾਜਾਨ ਨਾ ਕੋਈ ਸੁਹਾਇਆ । ਜੋਗੀ ਜਤੀਏ ਅਭਿਆਸ਼ੀ

ਹਠੀਏ ਚੜ੍ਹ ਚੜ੍ਹ ਪੌੜੇ ਗਏ ਥੱਕ, ਹਰਿ ਕਾ ਪੌੜਾ ਦਿਸ ਨਾ ਆਇਆ । ਬ੍ਰਹਿਮਣ ਗੌੜੇ ਰਾਹ ਰਹੇ ਤੱਕ, ਪੂਤ ਸਪੂਤਾ ਫੇਰਾ ਪਾਇਆ । ਨੀਲੇ ਵਾਲਾ ਕਰੇ ਵੱਖ, ਨੀਲ ਧਾਰੀ ਪਾਰ ਕਰਾਇਆ । ਸ੍ਰਿਸ਼ਟ ਸਬਾਈ ਭਾਂਡੇ ਸੱਖ, ਨਾਮ ਭੰਡਾਰਾ ਦਿਸ ਨਾ ਆਇਆ । ਪਾਰਬ੍ਰਹਮ ਹੋ ਪਰਤੱਖ, ਨੇਤਰ ਲੋਚਣ ਨੈਣਾਂ ਵੇਖਣ ਆਇਆ । ਵੇਖੇ ਭਾਗ ਲੱਗਾ ਕੁਲੀ ਕੱਖ, ਕਵਣ ਗੁਰਮੁਖ ਡੇਰਾ ਲਾਇਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਸਿਰ ਆਪਣਾ ਹੱਥ ਟਿਕਾਇਆ । ਸੰਮਤ ਪੰਦਰਾਂ ਦੇਵਣਹਾਰਾ ਸਾਚੀ ਵੱਥ, ਏਕਾ ਨਾਮ ਝੋਲੀ ਪਾਇਆ । ਸਮਰਥ ਕਲ ਆਪੇ ਸਮਰਥ, ਜਗਤ ਨਿਵਾਸੀ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਬਿਕ੍ਰਮੀ ਕਰ ਵਿਚਾਰ, ਸ੍ਰਿਸ਼ਟ ਸਬਾਈ ਦਏ ਹੁਲਾਰ, ਨਾਮ ਹੁਲਾਰਾ ਏਕਾ ਲਾਇਆ । ਸੰਮਤ ਪੰਦਰਾਂ ਪੰਦਰਾਂ ਕੱਤਕ, ਲੰਕਾ ਗੜ੍ਹ ਚੜ੍ਹਾਈਆ । ਨਾ ਕੋਈ ਜਾਣੇ ਪਾਂਧਾ ਪੰਡਤ, ਕਵਣ ਕੂਟੇ ਹਰਿ ਸਾਚੇ ਜੋਤ ਜਗਾਈਆ । ਨਾ ਕੋਈ ਜਾਣੇ ਜੇਰਜ ਅੰਡਜ, ਪੰਜ ਤਤ ਨਾ ਕੋਈ ਰੁਸ਼ਨਾਈਆ । ਨਾ ਕੋਈ ਵਖਾਏ ਸਾਚੀ ਸੰਗਤ, ਹਰਿ ਹਰਿ ਰੂਪ ਦਿਸ ਨਾ ਆਈਆ । ਗੁਰ ਦਰ ਮੰਦਰ ਮਸਜਿਦ ਬੈਠੇ ਨੰਗਤ, ਤ੍ਰਿਸਨਾ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਖਲਕ ਖ਼ੁਦਾਈਆ । ਖ਼ਲਕ ਖ਼ੁਦਾਈ ਤੇਰਾ ਰੂਪ, ਹਰਿ ਸਾਚਾ ਵੇਖ ਵਖਾਇੰਦਾ । ਸਦੀ ਚੌਧਵੀਂ ਚੌਥੀ ਕੂਟ, ਲਹਿੰਦੀ ਦਿਸ਼ਾ ਫੇਰਾ ਪਾਇੰਦਾ । ਜ਼ਿਮੀ ਅਸਮਾਨਾ ਪਾੜਾ ਜਾਏ ਫੂਟ, ਨਾ ਕੋਈ ਬੰਧਨ ਬੰਧ ਬੰਧਾਇੰਦਾ । ਦਿਨ ਦਿਹਾੜੇ ਪਏ ਲੁੱਟ, ਸੰਮਤ ਸੋਲਾਂ ਰਾਹ ਤਕਾਇੰਦਾ । ਜਗਤ ਚੋਗ ਜਾਏ ਨਿਖੁਟ, ਨਾ ਕੋਈ ਆਲਣਿਓਂ ਡਿਗੇ ਬੋਟ ਉਠਾਇੰਦਾ । ਆਪਣੀ ਹੱਥੀਂ ਜੜ ਦੇਵੇ ਪੁੱਟ, ਨਾ ਕੋਈ ਬੂਟਾ ਮਾਤ ਧਰਾਇੰਦਾ । ਸ਼ੌਹ ਦਰਯਾਏ ਦਏ ਸੁੱਟ, ਲਹਿੰਦੀ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਸੋਲਾਂ ਤਨ ਸ਼ੰਗਾਰ, ਨਿਹਕਲੰਕੀ ਲੈ ਅਵਤਾਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਕਰ ਉਜਾਲਾ, ਸੰਮਤ ਸੋਲਾ ਕਰੇ ਰੁਸ਼ਨਾਈਆ । ਪਰਗਟ ਹੋਏ ਗੁਰ ਗੋਪਾਲਾ, ਨੌਂ ਖੰਡ ਪ੍ਰਿਥਮੀ ਵੱਜੇ ਵਧਾਈਆ । ਸੱਤਾਂ ਦੀਪਾਂ ਜਗਾਏ ਦੀਪ ਮਾਲਾ, ਜੋਤੀ ਨੂਰ ਡਗਮਗਾਈਆ । ਬ੍ਰਹਮਾ ਵੇਖੇ ਮਾਰ ਧਿਆਨਾ, ਨੇਤਰ ਨੈਣ ਖੁਲ੍ਹਾਈਆ । ਭੋਲਾ ਨਾਥ ਹੋਏ ਸਵਾਧਾਨਾ, ਆਪ ਆਪਣੀ ਲਏ ਅੰਗੜਾਈਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਵੇਖ ਵਖਾਨਾ, ਨਿਉਂ ਨਿਉਂ ਸੀਸ ਝੁਕਾਇਆ । ਲੋਆਂ ਪੁਰੀਆਂ ਕਰੇ ਪਛਾਨਾ, ਜੋਤੀ ਜੋਤ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਬੰਨੇ ਗਾਨਾ, ਹਾੜ ਸਤਾਰਾਂ ਸਗਨ ਮਨਾਈਆ । ਰਾਜ ਰਾਜਾਨ ਦਰ ਦਰਬਾਨ ਨਾ ਕੋਈ ਵਖਾਨਾ, ਸੀਸ ਤਾਜ ਨਾ ਕੋਈ ਟਿਕਾਈਆ । ਜੰਗਲ ਜੂਹ ਉਜਾੜ ਪਹਾੜ ਮਿਲੇ ਟਿਕਾਨਾ, ਰਾਜ ਮਹੱਲ ਨਾ ਲੇਫ ਤਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਦੇਵੇ ਵਰ, ਸ੍ਰਿਸ਼ਟ ਸਬਾਈ ਕਰੇ ਹਲਕਾਈਆ । ਸ੍ਰਿਸ਼ਟ ਸਬਾਈ ਤੇਰੀ ਧਾਰ, ਹਰਿ ਸਾਚੇ ਆਪ ਚਲਾਈਆ । ਘਰ ਘਰ ਰੋਵੇ ਨਰ ਨਾਰ, ਨਾਰੀ ਨਰ ਰਿਹਾ ਕੁਰਲਾਈਆ । ਜੀਵ ਜੰਤ ਹੋਏ ਗਵਾਰ, ਸਾਧ ਸੰਤ ਰਸਨ ਹਲਕਾਈਆ । ਮਾਇਆ ਮਦਿ ਮਤੇ ਭਰੇ ਭੰਡਾਰ, ਨਾਮ ਵਸਤ ਨਾ ਕੋਈ ਰਖਾਈਆ । ਜਗਤ ਕਾਮਨਾ ਕਰ ਸ਼ੰਗਾਰ, ਸੋਲਾਂ ਇਛਿਆ ਪੂਰ ਕਰਾਈਆ । ਪਾਰਬ੍ਰਹਮ ਨਾ ਪਾਏ ਸਾਰ, ਗੁਰ ਪੂਰਾ ਦਿਸ ਨਾ ਆਈਆ । ਹਉਮੇ ਹੰਗਤਾ ਗੜ੍ਹ ਹੰਕਾਰ ਕਾਇਆ ਤਨ ਸਜਾਈਆ । ਨਿਰਗੁਣ ਜੋਤ ਨਾ ਜਗੇ ਅਗੰਮ ਅਪਾਰ, ਬਿਨ ਦੀਵਾ ਬਾਤੀ ਨਾ ਹੋਏ ਰੁਸ਼ਨਾਈਆ ।

ਕੂੜੀ ਕਿਰਿਆ ਕਰਿਆ ਜਗਤ ਪਸਾਰ, ਝੂਠਾ ਬੰਧਨ ਬੰਧ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਬਦਲੇ ਚੋਲਾ ਸ੍ਰਿਸ਼ਟ ਸਬਾਈ ਖੇਲੇ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਈਆ । ਲਾਲ ਗੁਲਾਲ ਰੰਗ ਚਲੂਲ, ਹਰਿ ਖ਼ਾਕੀ ਖ਼ਾਕ ਰੰਗਾਇੰਦਾ । ਸ਼ਿਵ ਸ਼ੰਕਰ ਸੁੱਟੇ ਹੱਥ ਤ੍ਰਿਸੂਲ, ਬ੍ਰਹਮਾ ਮੁਖ ਭਵਾਇੰਦਾ । ਕਰੋੜ ਤੇਤੀਸਾ ਨਾ ਬਰਸੇ ਫੂਲ, ਨਾ ਕੋਈ ਸੇਜ ਹੰਢਾਇੰਦਾ । ਸਚ ਪੰਘੂੜਾ ਨਾ ਕੋਈ ਲਏ ਝੂਲ, ਨਾਮ ਹੁਲਾਰਾ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਦੇਵੇ ਵਰ, ਭਾਣਾ ਆਪਣੇ ਹੱਥ ਰਖਾਇੰਦਾ । ਭਾਣਾ ਹੱਥ ਕਰਤਾਰ, ਭੇਵ ਕੋਈ ਨਾ ਪਾਇਆ । ਜੁਗ ਜੁਗ ਲਹਿਣਾ ਦੇਣਾ ਰਿਹਾ ਕਰਜ ਉਤਾਰ, ਚਾਰੇ ਪਗ ਵੇਖ ਵਖਾਇਆ । ਕਲਜੁਗ ਆਯੂ ਲੱਖ ਚਾਰ ਬੱਤੀ ਹਜ਼ਾਰ, ਪੰਜ ਪੰਜ ਵਿਚ ਸਮਾਇਆ । ਪੰਜ ਪੰਜ ਮਾਰੇ ਮਾਰ, ਪੰਚਮ ਨਰਾਇਣ ਮੇਟ ਮਿਟਾਇਆ । ਪੰਚਮ ਪੰਚਮ ਭੁਲਿਆ ਸੰਸਾਰ, ਸਾਚਾ ਮਾਰਗ ਗਏ ਭੁਲਾਇਆ । ਭਰਮੇ ਭੁੱਲਿਆ ਜੀਵ ਗਵਾਰ, ਜੀਵ ਧਰਮ ਨਾ ਕੋਈ ਧਰਾਇਆ । ਕਰਮੀ ਕਰਮ ਨਾ ਕਰੇ ਵਿਚਾਰ, ਕੁਕਰਮਾ ਲੇਖ ਲਿਖਾਇਆ । ਹਰਿ ਦਾਤਾ ਬੇਪਰਵਾਹ ਸ੍ਰਿਸ਼ਟ ਸਬਾਈ ਵੇਖਣਹਾਰ, ਵੇਖਣਹਾਰ ਦਿਸ ਨਾ ਆਇਆ । ਸੇਵਕ ਸੇਵਾ ਲਾਏ ਆਪ ਆਪ ਉਪਾਏ ਧਰਮ ਦਵਾਰ, ਚਿਤਰ ਗੁਪਤ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਦਏ ਵਡਿਆਇਆ । ਸੰਮਤ ਸੋਲਾਂ ਕਰ ਵਿਚਾਰ, ਰਾਏ ਧਰਮ ਉਠ ਧਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਨੇਤਰ ਰੋ ਰੋ ਨੀਰ ਵਹਾਇਆ । ਖਾਲੀ ਭਰ ਮੇਰੇ ਭੰਡਾਰ, ਦਰ ਸਾਚਾ ਦਏ ਸੁਹਾਇਆ । ਪਾਰਬ੍ਰਹਮ ਸੁਣ ਪੁਕਾਰ, ਦੇ ਮਤ ਇਹ ਸਮਝਾਇਆ । ਖੋਲ੍ਹ ਕਿਵਾੜ ਸਤਾਰਾਂ ਹਾੜ, ਸੰਮਤ ਸੋਲਾਂ ਦਿਨ ਮਨਾਇਆ । ਧਰਤ ਮਾਤ ਵੇਖ ਅਖਾੜ, ਚਾਰੋਂ ਕੁੰਟ ਦਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸਗਨ ਮਨਾਇਆ । ਚਿਤਰ ਗੁਪਤ ਕਰ ਵਿਚਾਰ, ਆਪਣਾ ਮਤਾ ਪਕਾਇੰਦਾ । ਲੇਖਾ ਵੇਖੇ ਸਰਬ ਸੰਸਾਰ, ਸਾਚੇ ਕੰਡੇ ਤੋਲ ਤੁਲਾਇੰਦਾ । ਸਚ ਸੁੱਚ ਨਾ ਕਰੇ ਕੋਈ ਵਣਜ ਵਾਪਾਰ, ਝੂਠ ਝੂਠ ਝੋਲੀ ਭਰਾਇੰਦਾ । ਅੰਤਮ ਬੇੜਾ ਹੋਇਆ ਤਿਆਰ, ਕਲਜੁਗ ਕੂੜਾ ਆਪ ਚਲਾਇੰਦਾ । ਨਾਲ ਰਲਾਇਆ ਮੁਹੰਮਦੀ ਯਾਰ, ਚਾਰ ਯਾਰੀ ਜੀਵ ਇਕ ਵਖਾਇੰਦਾ । ਸੰਸਾਰ ਸਾਗਰ ਨਾ ਦੀਸੇ ਪਾਰ ਕਿਨਾਰ, ਪਾਰ ਕਿਨਾਰਾ ਨਾ ਕੋਈ ਜਣਾਇੰਦਾ । ਸੰਮਤ ਸਤਾਰਾਂ ਹੁਲਾਰਾ ਦਏ ਮਾਰ, ਏਕਾ ਧੱਕਾ ਲਾਇੰਦਾ । ਸ੍ਰਿਸ਼ਟ ਸਬਾਈ ਦੋ ਦੋ ਧਾਰ, ਵੱਖ ਵੱਖ ਕਰਾਇੰਦਾ । ਹੋ ਪਰਤੱਖ ਵਿਚ ਸੰਸਾਰ, ਰੂਸਾ ਚੀਨਾ ਚਰਨ ਛੁਹਾਇੰਦਾ । ਸੰਮਤ ਸੋਲਾਂ ਲਾਏ ਨਾਅਰ, ਲਾਹੌਰ ਸ਼ਹਿਰ ਵੇਖ ਵਖਾਇੰਦਾ । ਉਮਤੀ ਉਮਤ ਹੋ ਤਿਆਰ, ਪੀਰ ਦਸਤਗੀਰਾਂ ਇਹ ਸਮਝਾਇੰਦਾ । ਸ਼ਾਹ ਹਕੀਰਾਂ ਕਰੇ ਖ਼ਬਰਦਾਰ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਇੰਦਾ । ਸੰਮਤ ਸਤਾਰਾਂ ਸੱਤ ਰੰਗ, ਸਤਿ ਸਤਿ ਆਪ ਸਮਾਇਆ । ਭੇਖ ਵਟਾਏ ਸ਼ਬਦ ਮਲੰਘ, ਗੁਰ ਗੁਰ ਰੂਪ ਦਰਸਾਇਆ । ਸ੍ਰਿਸ਼ਟ ਸਬਾਈ ਕਰੇ ਨੰਗ, ਤਨ ਕਪੜ ਰਹਿਣ ਨਾ ਪਾਇਆ । ਸੀਲ ਸੰਤੋਖ ਸਤਿ ਰਹਿਣ ਨਾ ਪਾਏ ਰਾਜ ਰਾਜਾਨ ਸ਼ਾਹ ਸੁਲਤਾਨ ਦਰ ਦਰ ਮੰਗਣ ਮੰਗ, ਦਰ ਭਿਛਿਆ ਕੋਈ ਨਾ ਪਾਇਆ । ਗੁਰਮੁਖ ਮਿਲੇ ਮੇਲ ਹਰਿ ਸੂਰੇ ਸਰਬੰਗ, ਪੂਰਬ ਲਹਿਣਾ ਝੋਲੀ ਦਏ ਭਰਾਇਆ । ਚਰਨ ਪ੍ਰੀਤੀ ਮੰਗੇ ਸਾਚੀ

ਮੰਗ, ਚਰਨ ਨਾਤਾ ਜੋੜ ਜੁੜਾਇਆ । ਚਿੱਟੇ ਅਸਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤ ਸਤਾਰਾਂ ਵੇਖ ਵਖਾਇਆ । ਸਤ ਸਤਾਰਾਂ ਵੇਖ ਪੁਕਾਰ, ਸਤਿ ਸਤਿ ਜਣਾਈਆ । ਕਰਤਾ ਪੁਰਖ ਕਰੇ ਕਰਾਏ ਆਪਣੀ ਕਾਰ, ਕਰਨੀ ਕਰਤਾ ਨਾਉਂ ਧਰਾਈਆ । ਮਰਨੀ ਮਰੇ ਨਾ ਵਿਚ ਸੰਸਾਰ, ਜਨਮ ਮਰਨ ਵਿਚ ਨਾ ਆਈਆ । ਆਦਿ ਜੁਗਾਦੀ ਜੁਗ ਜੁਗ ਕਾਰ, ਜਨ ਭਗਤਾਂ ਹੋਏ ਸਹਾਈਆ । ਖੋਜੇ ਖੋਜ ਸ਼ਬਦ ਬ੍ਰਹਿਮਾਦੀ ਬ੍ਰਹਿਮਾਦ ਡੇਰਾ ਲਾਈਆ । ਬਾਣ ਚਲਾਏ ਬੋਧ ਅਗਾਧ, ਬੋਧ ਅਗਾਧੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਠ ਅਠਾਰਾਂ ਦਏ ਉਠਾਈਆ । ਵੀਹ ਸਦ ਅਠਾਰਾਂ ਤੇਰਾ ਲੇਖ, ਹਰਿ ਸਾਚੇ ਆਪ ਲਿਖਾਇਆ । ਨਾ ਕੋਈ ਲਾਏ ਮਸਤਕ ਮੇਖ, ਨਾ ਕੋਈ ਭਰਮ ਗਵਾਇਆ । ਨਾ ਕੋਈ ਸਹਾਈ ਔਲੀਆ ਪੀਰ ਸ਼ੇਖ਼, ਪੀਰ ਫ਼ਕੀਰ ਨਾ ਕੋਇ ਦਸਾਇਆ । ਨਾ ਕੋਈ ਪੰਡਤ ਪਾਂਧਾ ਨੇਤਰ ਲਏ ਪੇਖ, ਗਿਆਨ ਨੇਤਰ ਨਾ ਕੋਈ ਖੁਲ੍ਹਾਇਆ । ਨਾ ਕੋਈ ਗ੍ਰੰਥੀ ਪੰਥੀ ਜਾਣੇ ਧਾਰੀ ਕੇਸ, ਦਸ ਦਸਮੇਸ ਫੇਰਾ ਪਾਇਆ । ਨਾ ਕੋਈ ਵਿਚਾਰੇ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਗਣੇਸ਼ ਨਾ ਕੋਈ ਦਸਾਇਆ । ਪਾਰਬ੍ਰਹਮ ਦਰ ਦਰਵੇਸ਼, ਲੋਕਮਾਤ ਆਪਣੀ ਅਲੱਖ ਰਿਹਾ ਜਗਾਇਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਵੰਡ ਵੰਡਾਇਆ । ਆਦਿ ਜੁਗਾਦਿ ਜੁਗ ਜੁਗ ਰਹੇ ਸਦਾ ਹਮੇਸ਼, ਆਵਣ ਜਾਵਣ ਚਲਤ ਚਲਾਇਆ । ਪਾਰਬ੍ਰਹਮ ਪ੍ਰਭ ਸਦਾ ਆਦੇਸ਼, ਨਿਰਗੁਣ ਸਰਗੁਣ ਵਿਚ ਸਮਾਇਆ । ਸਰਗੁਣ ਬਣਾਏ ਰਿਖੀ ਕੇਸ਼, ਜਗਤ ਗਵਰਧਨ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਅਠਾਰਾਂ ਵੇਖ ਵਖਾਇਆ । ਵੀਹ ਸਦ ਅਠਾਰਾਂ ਗੰਗਾ ਧਾਰ, ਜਲ ਜਲ ਰੂਪ ਸਮਾਇਆ । ਮੇਘਾ ਬਰਸੇ ਕਰ ਪਿਆਰ, ਅੰਦਰ ਅੰਦਰ ਆਸਣ ਦਏ ਤਜਾਇਆ । ਖਿਜ਼ਰ ਰੋਵੇ ਜ਼ਾਰੋ ਜ਼ਾਰ, ਖਵਾਜਾ ਖ਼ੁਸ਼ੀ ਮਨਾਇਆ । ਨੌਂ ਖੰਡ ਪ੍ਰਿਥਮੀ ਏਕਾ ਧਾਰ, ਜਲ ਧਾਰਾ ਦਏ ਰੁੜ੍ਹਾਇਆ । ਗੁਰਮੁਖ ਸਾਚੇ ਲਏ ਉਭਾਰ, ਸਾਚੇ ਬੇੜੇ ਨਾਮ ਚੜ੍ਹਾਇਆ । ਸੋਹੰ ਗਾਇਨ ਰਸਨਾ ਜੈ ਜੈਕਾਰ, ਜਲ ਚਰਨ ਛੋਹ ਮੁੜ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਵੇਖਣ ਆਇਆ । ਸੰਮਤ ਉਨੀਸਾ, ਅਕਲ ਕਲ ਆਪਣੀ ਆਪ ਰਖਾਇੰਦਾ । ਨਾ ਕੋਈ ਪੜ੍ਹੇ ਕੁਰਾਨ ਹਦੀਸਾ, ਤੀਸ ਬਤੀਸਾ ਨਾ ਕੋਈ ਸੁਹਾਇੰਦਾ । ਅੱਲਾ ਰਾਣੀ ਖਾਲੀ ਖੀਸਾ, ਖਾਲੀ ਹੱਥ ਫਿਰਾਇੰਦਾ । ਵਕ਼ਤ ਚੁਕਾਏ ਮੂਸਾ ਈਸਾ, ਚੌਦਾਂ ਤਬਕਾਂ ਮੇਟ ਮਿਟਾਇੰਦਾ । ਮਾਇਆ ਰਾਣੀ ਤ੍ਰੈਗੁਣ ਪੀਸਨ ਪੀਸਾ, ਕਲਜੁਗ ਚੱਕੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਉਨੀਸਾ ਨਾ ਕੋਈ ਦੀਸੇ ਮੁਸਲਮ ਸੁੰਨੀ, ਨਾ ਕੋਈ ਚੋਟੀ ਮੂੰਡ ਮੁੰਡਾਇੰਦਾ । ਸੰਮਤ ਬੀਸ ਬੀਸ ਸਦ ਧਾਰਾ, ਹਰਿ ਹਰਿ ਜੋਤ ਜਗਾਏ । ਵੇਖ ਵਖਾਏ ਜਮਨ ਕਿਨਾਰਾ, ਆਪ ਆਪਣਾ ਚਰਨ ਛੁਹਾਏ ਦਿਲੀ ਦਰਬਾਰਾ, ਨੌਂ ਖੰਡ ਕਰੇ ਰੁਸ਼ਨਾਏ । ਨੌਂ ਖੰਡ ਢਹਿ ਪਏ ਦਵਾਰਾ, ਪ੍ਰਭ ਸਾਚਾ ਵੇਖ ਵਖਾਏ । ਸ਼ਬਦ ਸੁਣਾਏ ਇਕ ਜੈਕਾਰਾ, ਸੋ ਪੁਰਖ ਨਿਰੰਜਣ ਲੇਖ ਲਿਖਾਏ । ਹੰ ਹੰਗਤਾ ਦੂਰ ਕਿਨਾਰਾ, ਦੂਈ ਦਵੈਤੀ ਰਹਿਣ ਨਾ ਪਾਏ । ਹੋਏ ਮੰਗਤਾ ਸੱਤ ਦੀਪ ਵਿਚਾਰਾ, ਅੱਗੇ ਆਪਣੀ ਝੋਲੀ ਡਾਹੇ । ਸਤਿਗੁਰ ਪੂਰਾ ਭਰੇ ਭੰਡਾਰਾ, ਨਾਮ ਭਿਛਿਆ ਇਕ ਵਖਾਏ । ਇਕ ਸੁਣਾਏ ਸੱਚੀ ਧੁਨਕਾਰਾ, ਏਕਾ ਤਾਲ ਵਜਾਏ । ਹਿੰਦੂ ਮੁਸਲਮ ਸਿਖ ਈਸਾਈ ਆਪ ਲਿਆਏ ਸਚ ਦਵਾਰਾ, ਏਕਾ ਕਲਮਾ ਦਏ ਪੜ੍ਹਾਏ । ਜੋਤੀ ਜੋਤ

੫੮੩ ੦੨

ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਹਰਿ ਜਗਦੀਸਾ ਆਪਣੇ ਛੱਤਰ ਝੁਲਾਏ ਸੀਸਾ, ਪੰਦਰਾਂ ਕੱਤਕ ਵੇਖ ਵਖਾਏ । ਵੀਹ ਸਦ ਬੀਸ ਪੰਦਰਾਂ ਕੱਤਕ ਪੰਦਰਾਂ ਸੋਹੇ ਸੀਸ ਹਰਿ ਤਾਜਾ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ, ਨਾਮ ਧਰਾਏ ਗ਼ਰੀਬ ਨਿਵਾਜਾ । ਨਾ ਕੋਈ ਦੀਸੇ ਮਦਿਰਾ ਮਾਸੀ, ਸ੍ਰਿਸ਼ਟ ਸਬਾਈ ਏਕਾ ਕਾਜਾ । ਨਾ ਕੋਈ ਬੋਲੇ ਪੰਡਤ ਕਾਸੀ, ਮੱਕਾ ਮਦੀਨਾ ਨਾ ਕੋਈ ਹਾਜੀ ਹਾਜਾ । ਗੁਰਮੁਖ ਵੇਖੇ ਸ਼ਬਦ ਸਵਾਸੀ, ਹਰਿ ਚੜ੍ਹਿਆ ਸਾਚੇ ਤਾਜਾ । ਜੋਤ ਜਗਾਏ ਘਨਕ ਪੁਰ ਵਾਸੀ, ਸਤਿਜੁਗ ਰੱਖੇ ਸਾਚੀ ਲਾਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਸਾਜਣ ਸਾਜਾ । ਸਾਜਣ ਸਾਜ ਗੁਰੂ ਗ਼ਰੀਬ ਨਿਵਾਜ, ਗੋਬਿੰਦ ਰੂਪ ਵਟਾਇਆ । ਪਰਗਟ ਹੋਇਆ ਦੇਸ ਮਾਝ, ਸੰਬਲ ਨਗਰੀ ਆਸਣ ਲਾਇਆ । ਦੋ ਜਹਾਨਾਂ ਰਚਿਆ ਕਾਜ, ਲੋਆਂ ਪੁਰੀਆਂ ਵੇਖ ਵਖਾਇਆ । ਸਤਿਜੁਗ ਚਲਾਏ ਸਚ ਜਹਾਜ਼, ਸੋਹੰ ਚੱਪੂ ਏਕਾ ਲਾਇਆ । ਚਾਰ ਵਰਨ ਸੁਣਾਏ ਇਕ ਅਵਾਜ਼, ਏਕਾ ਗਿਆਨ ਦ੍ਰਿੜਾਇਆ । ਧੁਰਦਰਗਾਹੀ ਦੇਵੇ ਸਾਚਾ ਦਾਜ, ਧੁਰਦਰਗਾਹੀ ਲੈ ਕੇ ਆਇਆ । ਊਚਾਂ ਨੀਚਾਂ ਰਾਓ ਰੰਕਾਂ ਆਪ ਬਣਾਏ ਇਕ ਸਮਾਜ, ਨਾ ਕੋਈ ਵੰਡਨ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਇਕੀ ਤੇਰੀ ਰੱਖੇ ਧਾਰ ਤਿਖੀ, ਨੌਂ ਖੰਡ ਪ੍ਰਿਥਮੀ ਨਿੱਕੀ ਸਿਖੀ ਲਏ ਬਣਾਇਆ । ਨੌਂ ਖੰਡ ਪ੍ਰਿਥਮੀ ਏਕਾ ਸਿਖਿਆ ਹਰਿ ਸਾਚਾ ਦਏ ਸਿਖਾਈਆ । ਸ੍ਰਿਸ਼ਟ ਸਬਾਈ ਦਿਸੇ ਮਿਥਿਆ, ਥਿਰ ਕੋਈ ਕਹਿਣ ਨ ਪਾਈਆ । ਜੁਗ ਜੁਗ ਲੇਖਾ ਲਿਖਣਹਾਰ ਪ੍ਰਭ ਲਿਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੀ ਕਰੇ ਪੜ੍ਹਾਈਆ । ਸਤਿਜੁਗ ਸਾਚੀ ਸਤਿਗੁਰ ਧਾਰ ਆਪਣੀ ਆਪ ਚਲਾਇੰਦਾ । ਚਾਰ ਵਰਨਾਂ ਇਕ ਪਿਆਰ, ਏਕਾ ਨਾਮ ਸੁਣਾਇੰਦਾ । ਜ਼ਾਤ ਪਾਤ ਪਾਰ ਕਿਨਾਰ, ਵਰਨ ਬਰਨ ਨਾ ਕੋਈ ਰਖਾਇੰਦਾ । ਸ਼ੱਤਰੀ ਬ੍ਰਹਿਮਣ ਵੈਸ਼ ਸ਼ੂਦਰ ਨਾ ਦੇਵੇ ਕੋਈ ਦੁਰਕਾਰ, ਨਾ ਕੋਈ ਮੁਖ ਭਵਾਇੰਦਾ । ਨਾ ਕੋਈ ਧਨ ਧਨਾਡ ਕਰੇ ਹੰਕਾਰ, ਮਾਇਆ ਭੰਡਾਰ ਨਾ ਕੋਈ ਭਰਾਇੰਦਾ । ਜਗਤ ਵਿਦਿਆ ਨਾ ਕਰੇ ਕੋਈ ਵਿਚਾਰ, ਬ੍ਰਹਮ ਵਿਦਿਆ ਇਕ ਸਿਖਾਇੰਦਾ । ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ, ਸਾਂਤਕ ਸਤਿ ਵਖਾਇੰਦਾ । ਧੀਰਜ ਯਤ ਬੰਨੇ ਵਿਚ ਸੰਸਾਰ, ਸਤਿ ਸੰਤੋਖ ਮੋਖ ਰਖਾਇੰਦਾ । ਦੇਵੇ ਮਤ ਆਪ ਨਿਰੰਕਾਰ, ਗੁਰਮਤ ਇਹ ਸਮਝਾਇੰਦਾ । ਦਵੈਤੀ ਦੂਈ ਮੇਟੇ ਫਟ, ਡੂੰਘੀ ਗਾਰ ਵੇਖ ਵਖਾਇੰਦਾ । ਏਕਾ ਵਣਜ ਏਕਾ ਹੱਟ, ਦੂਜਾ ਹੱਟ ਨਾ ਕੋਈ ਰਖਾਇੰਦਾ । ਨਾ ਕੋਈ ਤੀਰਥ ਨਾ ਕੋਈ ਤਟ, ਮੰਦਰ ਮਸਜਿਦ ਨਾ ਕੋਈ ਸੁਹਾਇੰਦਾ । ਪ੍ਰਭ ਦਰਸ ਦਿਖਾਏ ਨਿਰਗੁਣ ਜੋਤ ਹੋ ਪਰਗਟ, ਸਰਗੁਣ ਵਿਚ ਸਮਾਇੰਦਾ । ਦੀਪਕ ਜਗੇ ਲਟ ਲਟ, ਜੋਤੀ ਜੋਤ ਉਪਾਇੰਦਾ । ਵੇਖ ਵਖਾਏ ਘਟ ਘਟ, ਨਾ ਕੋਈ ਪੜਦਾ ਪਾਇੰਦਾ । ਵੀਹ ਸਦ ਇਕੀ ਤੇਰੇ ਨਗਾਰੇ ਸ਼ਬਦ ਅਗੰਮੀ ਲੱਗੇ ਸੱਟ, ਚਾਰੋਂ ਕੁੰਟ ਸੁਣਾਇੰਦਾ । ਸ਼ਬਦ ਚੋਟ ਸਚ ਨਗਾਰੇ, ਹਰਿ ਸਾਚੇ ਆਪ ਲਗਾਈਆ । ਕਰੇ ਖੇਲ ਅਗੰਮ ਅਪਾਰੇ, ਭੇਵ ਕੋਇ ਨਾ ਪਾਈਆ । ਵੇਦ ਕਤੇਬ ਲਿਖ ਲਿਖ ਥੱਕੇ ਹਾਰੇ, ਹਰਿ ਕਾ ਰੂਪ ਨਾ ਕੋਈ ਦਰਸਾਈਆ । ਪੜ੍ਹ ਪੜ੍ਹ ਭਰੇ ਭੰਡਾਰੇ, ਨਾਮ ਭੰਡਾਰਾ ਦਿਸ ਨਾ ਆਈਆ । ਚੜ੍ਹ ਚੜ੍ਹ ਬੈਠੇ ਉਚ ਚੁਬਾਰੇ, ਜਗਤ ਮਹੱਲ ਸੁਹਾਈਆ । ਅੰਦਰ ਮੰਦਰ ਨਾ ਕੋਈ ਮਿਲਾਵੇ ਨਰ ਨਿਰੰਕਾਰੇ, ਘਰ ਬੈਠਾ ਬੇਪਰਵਾਹੀਆ । ਵੀਹ ਸਦ ਇਕੀ ਆਪ ਖੁਲ੍ਹਾਏ ਬੰਦ ਕਿਵਾੜੇ, ਸਵੱਛ ਸਰੂਪੀ ਦਰਸ

ਦਿਖਾਈਆ । ਸਤਿਜੁਗ ਤੇਰੀ ਸਾਚੀ ਨੀਂਹ ਰੱਖੇ ਸਤਾਰਾਂ ਹਾੜੇ, ਕਲਜੁਗ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੁਣ ਵੱਡੀ ਵਡਿਆਈਆ ।

* ੧੬ ਭਾਦਰੋਂ ੨੦੧੫ ਬਿਕ੍ਰਮੀ ਮੁਕੰਦ ਸਿੰਘ ਦੇ ਘਰ ਪਿੰਡ ਮਹਰਾਜ ਜ਼ਿਲਾ ਬਠਿੰਡਾ *

ਆਦਿ ਨਿਰੰਜਣ ਜੋਤ ਸਰੂਪ, ਹਰਿ ਹਰਿ ਨਿਰੰਕਾਰਿਆ । ਰਾਜ ਰਾਜਾਨ ਸ਼ਾਹ ਸੁਲਤਾਨ ਵਡ ਵਡ ਭੂਪ, ਪਾਰਬ੍ਰਹਮ ਬੇਅੰਤ ਪਰਵਰਦਿਗਾਰਿਆ । ਨਾ ਕੋਈ ਰੰਗ ਨਾ ਕੋਈ ਰੂਪ, ਨਾ ਕੋਈ ਰੇਖ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਆਪ ਉਪਾ ਰਿਹਾ । ਆਦਿ ਪੁਰਖ ਹਰਿ ਭਗਵਾਨਾ, ਏਕਾ ਏਕੰਕਾਰਾ । ਏਕਾ ਜੋਤ ਜਗੇ ਮਹਾਨਾ, ਰੂਪ ਰੰਗ ਅਪਾਰਾ । ਖੇਲੇ ਖੇਲ ਹਰਿ ਮਹਾਨਾ, ਨਾ ਕੋਈ ਲੇਖਾ ਲੇਖ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰੇ ਪਸਾਰਾ । ਆਦਿ ਪੁਰਖ ਹਰਿ ਭਗਵੰਤ, ਏਕਾ ਏਕ ਅਖਵਾਇਆ । ਏਕਾ ਏਕ ਆਦਿ ਅੰਤ, ਏਕਾ ਰੰਗ ਰੰਗਾਇਆ । ਆਪ ਬਣਾਏ ਆਪਣੀ ਬਣਤ, ਆਪ ਆਪਣੀ ਰਚਨ ਰਚਾਇਆ । ਆਪੇ ਬਣਿਆ ਆਪਣਾ ਕੰਤ, ਆਪ ਆਪਣੀ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਰੂਪ ਉਪਾਇਆ । ਨਿਰਗੁਣ ਰੂਪ ਸਾਚੀ ਧਾਰ, ਹਰਿ ਆਪਣੀ ਆਪ ਉਪਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਸੰਗ ਰਖਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਬੂਝ ਬੁਝਾਈਆ । ਆਪ ਆਪਣਾ ਕਰ ਪਸਾਰ, ਵੇਖਣਹਾਰਾ ਆਪ ਹੋ ਜਾਈਆ । ਆਪ ਆਪਣਾ ਨਾਉਂ ਧਰ ਨਿਰੰਕਾਰ, ਆਪ ਆਪਣਾ ਲਏ ਬੁਲਾਈਆ । ਆਪ ਆਪਣਾ ਕਰੇ ਖ਼ਬਰਦਾਰ, ਆਪ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਕਰ ਉਜਾਲਾ, ਹਰਿ ਆਪਣਾ ਕਰਮ ਕਮਾਇਆ । ਆਪ ਆਪਣਾ ਬਣ ਦੀਨ ਦਿਆਲਾ, ਦਇਆ ਨਿਧ ਨਾਉਂ ਰਖਾਇਆ । ਆਪ ਆਪਣੀ ਸੁਹਾਏ ਧਰਮਸਾਲਾ, ਆਪ ਆਪਣਾ ਦਰ ਵਖਾਇਆ । ਆਪ ਆਪਣਾ ਤੋੜ ਜੰਜਾਲਾ, ਆਪ ਆਪਣਾ ਬੰਦ ਕਟਾਇਆ । ਆਪ ਆਪਣਾ ਖੇਲੇ ਖੇਲ ਨਿਰਾਲਾ, ਖੇਲਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਜੋਤੀ ਨੂਰ ਬੇਪਰਵਾਹ, ਏਕਾ ਏਕ ਅਖਵਾਇਆ । ਆਪੇ ਜਾਣੇ ਆਪਣਾ ਰਾਹ, ਆਪੇ ਮਾਰਗ ਲਾਇਆ । ਆਪ ਆਪਣਾ ਬਣ ਮਲਾਹ, ਆਪੇ ਬੇੜਾ ਰਿਹਾ ਚਲਾਇਆ । ਆਪ ਆਪਣੀ ਦਏ ਸਲਾਹ, ਸਿਫ਼ਤ ਸਲਾਹ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਨਿਰਗੁਣ ਜੋਤ ਪੁਰਖ ਅਬਿਨਾਸ਼, ਆਪਣੀ ਕਲ ਵਰਤਾਈਆ । ਆਪ ਆਪਣਾ ਹੋਇਆ ਦਾਸ, ਆਪ ਆਪਣੀ ਸੇਵ ਕਮਾਈਆ । ਆਪ ਆਪਣੀ ਪਾਏ ਰਾਸ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਕਰੇ ਬਿਲਾਸ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵੱਡੀ ਵਡਿਆਈਆ । ਆਦਿ ਪੁਰਖ ਗਹਿਰ ਗੰਭੀਰ, ਏਕਾ ਏਕ ਅਖਵਾਇਆ । ਆਪੇ ਦਾਤਾ ਜੋਧਾ ਸੂਰਬੀਰ, ਸੂਰਬੀਰ ਨਾਮ ਧਰਾਇਆ ।

੫੮੬
੦੨

ਆਪੇ ਆਪਣੇ ਘਰ ਚੋਟੀ ਚੜ੍ਹੇ ਅਖ਼ੀਰ, ਦੂਸਰ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ ਧਰਾਇਆ । ਆਦਿ ਪੁਰਖ ਦਰਦ ਦੁੱਖ ਭੈ ਭੰਜਨ, ਆਪਣਾ ਰੋਗ ਮਿਟਾਇੰਦਾ । ਆਪ ਆਪਣਾ ਬਣਿਆ ਸੱਜਣ, ਮੀਤ ਮੁਰਾਰਾ ਆਪ ਅਖਵਾਇੰਦਾ । ਆਪੇ ਹੋਇਆ ਪੜਦੇ ਕੱਜਣ, ਆਪਣਾ ਪੜਦਾ ਆਪੇ ਪਾਇੰਦਾ । ਆਪ ਆਪਣਾ ਕਰੇ ਮਜਨ, ਆਪ ਆਪਣਾ ਤਾਲ ਸੁਹਾਇੰਦਾ । ਆਪ ਆਪਣੇ ਚੜ੍ਹੇ ਜਹਾਜਨ, ਆਪ ਆਪਣਾ ਚੱਪੂ ਲਾਇੰਦਾ । ਆਪ ਆਪਣਾ ਬਣਿਆ ਰਾਜਨ, ਰਾਜਨ ਰਾਜਾਨ ਆਪ ਅਖਵਾਇੰਦਾ । ਆਪ ਆਪਣਾ ਰਚਿਆ ਕਾਜਨ, ਕਰਤਾ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਇਕ ਚਮਕਾਇੰਦਾ । ਜੋਤੀ ਨੂਰ ਕਰ ਅਕਾਰ, ਆਪਣਾ ਕਰਮ ਕਮਾਇਆ । ਆਪ ਆਪਣੀ ਪਾਏ ਸਾਰ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਬੰਨੇ ਧਾਰ, ਆਪ ਆਪਣੀ ਬਣਤ ਬਣਾਇਆ । ਆਪ ਆਪਣਾ ਮਹੱਲ ਲਏ ਉਸਾਰ, ਆਪ ਆਪਣਾ ਆਸਣ ਲਾਇਆ । ਆਪ ਸੁਹਾਏ ਆਪਣਾ ਦਰ ਦਰਬਾਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਖੇਲ ਕਰ ਕਰਤਾਰ, ਕਰਨੀ ਕਰਤਾ ਆਪ ਅਖਵਾਇਆ । ਆਪ ਆਪਣਾ ਘਾੜਨ ਘੜ ਅਪਰ ਅਪਾਰ, ਆਪ ਆਪਣਾ ਬਾਢੀ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਸੇ ਆਪਣੇ ਘਰ, ਘਰ ਸਾਚਾ ਇਕ ਸੁਹਾਇਆ । ਘਰ ਮਹੱਲ ਉਚ ਅਟਾਰੀ, ਹਰਿ ਆਪਣੀ ਆਪ ਬਣਾਈਆ । ਜਗੇ ਜੋਤ ਇਕ ਨਿਰੰਕਾਰੀ, ਨਿਰਗੁਣ ਧਾਰਾ ਇਕ, ਵਖਾਈਆ । ਇਕ ਅਕੱਲਾ ਏਕਾ ਏਕੰਕਾਰੀ, ਏਕਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਸਿਆ ਘਰ, ਆਪ ਆਪਣਾ ਮੇਲ ਮਿਲਾਈਆ । ਆਦਿ ਪੁਰਖ ਹਰਿ ਹਰਿ ਮੇਲਾ, ਪਾਰਬ੍ਰਹਮ ਕਰਾਇਆ । ਆਪ ਆਪਣਾ ਬਣ ਸੱਜਣ ਸੁਹੇਲਾ, ਸਾਜਣ ਮੀਤ ਨਾਮ ਧਰਾਇਆ । ਆਪ ਆਪਣਾ ਜਾਣੇ ਵੇਲਾ, ਆਪ ਆਪਣਾ ਲਏ ਉਪਾਇਆ । ਅਚਰਜ ਖੇਲ ਆਪ ਆਪਣੀ ਆਪੇ ਖੇਲਾ, ਖੇਲਣਹਾਰ ਦਿਸ ਨਾ ਆਇਆ । ਆਪ ਆਪਣੇ ਰੰਗ ਰਵੇ ਨਵੇਲਾ, ਰੂਪ ਰੰਗ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਦਰ, ਏਕਾ ਏਕਾ ਘਰ ਸੁਹਾਇਆ । ਘਰ ਸੁਹਾਇਆ ਆਦਿ ਨਿਰੰਜਣ, ਆਪਣਾ ਕਰਮ ਕਮਾਇਆ । ਆਪਣੇ ਨੇਤਰ ਪਾਏ ਅੰਜਨ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਭਾਗ ਲਗਾਇਆ । ਸਾਚਾ ਘਰ ਹਰਿ ਅਵੱਲਾ, ਏਕਾ ਏਕ ਉਪਾਇਆ । ਏਕਾ ਬੈਠਾ ਰਹੇ ਅਕੱਲਾ, ਏਕਾ ਵੇਖ ਵਖਾਇਆ । ਏਕਾ ਜੋਤੀ ਆਪਣੀ ਰੱਲਾ, ਏਕਾ ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪ ਆਪਣਾ ਦੇਵੇ ਵਰ, ਆਪ ਆਪਣੀ ਝੋਲੀ ਅੱਗੇ ਡਾਹਿਆ । ਦੇਵੇ ਵਰ ਹਰਿ ਦਾਤਾਰਾ, ਆਪਣਾ ਕਰਮ ਕਮਾਇੰਦਾ । ਆਪਣੇ ਦਰ ਬਣ ਭਿਖਾਰਾ, ਦਰ ਆਪਣੇ ਸਗਨ ਮਨਾਇੰਦਾ । ਆਪਣੀ ਜੋਤੀ ਆਪੇ ਕਰੇ ਨਿਮਸਕਾਰਾ, ਆਪੇ ਸੀਸ ਨਿਵਾਇੰਦਾ । ਆਪਣਾ ਭਰੇ ਆਪ ਭੰਡਾਰਾ, ਆਪੇ ਹਰਿ ਵਰਤਾਇੰਦਾ । ਆਪ ਸੁਹਾਏ ਆਪਣਾ ਬੰਕ ਦਵਾਰਾ, ਥਿਰ ਘਰ ਸਾਚਾ ਨਾਉਂ ਰਖਾਇੰਦਾ । ਥਿਰ ਘਰ ਸਾਚਾ ਸਚ ਮੁਨਾਰਾ, ਚਾਰ ਦਿਵਾਰ ਨਾ ਕੋਈ ਰਖਾਇੰਦਾ । ਛੱਪਰ ਛੰਨ ਨਾ ਕੋਈ ਉਸਾਰਾ, ਨਾ ਕੋਈ ਬਾਢੀ ਬਣਤ ਬਣਾਇੰਦਾ । ਅਨਭਵ ਪਰਕਾਸ਼ ਕਰ ਉਜਿਆਰਾ, ਨੂਰੋ ਨੂਰ ਸਮਾਇੰਦਾ । ਅਗੰਮ ਅਗੰਮੜੀ ਕਰੇ ਕਾਰਾ,

ਅਗੰਮ ਅਗੰਮੜੇ ਧਾਮ ਟਿਕਾਇੰਦਾ । ਉਪਰ ਬੈਠ ਸੱਚੀ ਸਰਕਾਰਾ, ਸਚ ਤਖ਼ਤ ਸੁਲਤਾਨ ਸੁਹਾਇੰਦਾ । ਨਾਉਂ ਨਰਾਇਣ ਨਰ ਨਿਰੰਕਾਰਾ, ਅਕਲ ਕਲਾ ਵਰਤਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਭੇਵ ਕੋਈ ਨਾ ਪਾਇੰਦਾ । ਆਦਿ ਪੁਰਖ ਹੋ ਉਜਿਆਰਾ, ਆਪਣੀ ਧਾਰ ਚਲਾਇੰਦਾ । ਅਕਾਲ ਪੁਰਖ ਖੇਲ ਅਪਾਰਾ, ਆਪਣੀ ਖੇਲ ਖਿਲਾਇੰਦਾ । ਕਰਤਾ ਕਰੇ ਕਰਨੀ ਕਰਨੇਹਾਰਾ, ਕਾਦਰ ਕਰਤਾ ਨਾਉਂ ਧਰਾਇੰਦਾ । ਮਰਨੀ ਮਰੇ ਨਾ ਪਰਵਰਦਿਗਾਰਾ, ਨਾ ਕੋਈ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਘਰ, ਸਚ ਸਿੰਘਾਸਣ ਆਸਣ ਲਾਇੰਦਾ । ਥਿਰ ਘਰ ਸਾਚਾ ਧੁਰ ਦਰਬਾਰਾ, ਹਰਿ ਹਰਿ ਆਪ ਉਪਾਇਆ । ਉਪਰ ਬੈਠ ਪੁਰਖ ਕਰਤਾਰਾ, ਆਪ ਆਪਣਾ ਵੇਖ ਵਖਾਇਆ । ਨਿਰਗੁਣ ਜੋਤੀ ਨੂਰ ਅਪਾਰਾ, ਨੂਰੋ ਨੂਰ ਸਮਾਇਆ । ਆਪਣੀ ਇਛਿਆ ਪਾਏ ਭਿਛਿਆ ਭਰ ਭੰਡਾਰਾ, ਆਪਣਾ ਲਹਿਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਸਾਚੇ ਹਰਿ, ਘਰ ਸਾਚੇ ਆਸਣ ਲਾਇਆ । ਥਿਰ ਘਰ ਸਾਚੇ ਜੋਤ ਜਗਾ, ਹਰਿ ਸਾਚੇ ਖ਼ੁਸ਼ੀ ਮਨਾਈਆ । ਸਚ ਸਿੰਘਾਸਣ ਬੈਠਾ ਬੇਪਰਵਾਹ, ਆਪ ਆਪਣਾ ਮਤਾ ਪਕਾਈਆ । ਆਪ ਆਪਣੀ ਦਏ ਸਲਾਹ, ਆਪੇ ਬੂਝ ਬੁਝਾਈਆ । ਆਪ ਆਪਣਾ ਨਾਰੀ ਰੂਪ ਵਟਾ, ਕੰਤ ਕੰਤੂਹਲ ਆਪ ਹੋ ਜਾਈਆ । ਆਪਣੀ ਸੇਜਾ ਆਪ ਵਿਛਾ, ਆਪੇ ਰਿਹਾ ਹੰਢਾਈਆ । ਨਿਰਗੁਣ ਨਿਰਗੁਣ ਵਿਚ ਦਏ ਟਿਕਾ, ਨਿਰਗੁਣ ਨਿਰਗੁਣ ਕਰੇ ਕੁੜਮਾਈਆ । ਨਿਰਗੁਣ ਨਿਰਗੁਣ ਦਏ ਉਪਾ, ਨਿਰਗੁਣ ਦਏ ਵਧਾਈਆ । ਨਿਰਗੁਣ ਆਪਣਾ ਨਾਉਂ ਧਰਾ, ਆਪੇ ਰਿਹਾ ਸੁਣਾਈਆ । ਨਿਰਗੁਣ ਆਪਣੀ ਸੁਫਲ ਕੁੱਖ ਆਪ ਕਰਾ, ਆਪ ਆਪਣੀ ਦਏ ਵਧਾਈਆ । ਸ਼ਬਦ ਸੁਤ ਬਣਤ ਬਣਾ, ਜੋਤੀ ਮਾਤ ਦਏ ਵਧਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਪਣੀ ਕਰਨੀ ਰਿਹਾ ਕਮਾਈਆ । ਥਿਰ ਘਰ ਵਸਾਏ ਸਾਚਾ ਥਾਂ, ਸ਼ਬਦ ਸਰੂਪੀ ਨਾਅਰਾ ਲਾਈਆ । ਸ਼ਬਦ ਸੁਤ ਬੱਧਾ ਨਾਤਾ, ਮਾਂ ਪਿਤਾ ਪੂਤ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਵਸਿਆ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਏਕਾ ਏਕ ਡਗਮਗਾਈਆ । ਥਿਰ ਘਰ ਸਾਚਾ ਧੁਰ ਦਰਬਾਰਾ, ਥਾਨ ਥਨੰਤਰ ਸੋਹਿਆ । ਆਪੇ ਵੇਖੇ ਪੁਰਖ ਕਰਤਾਰਾ, ਨਾ ਕੋਈ ਦੂਸਰ ਹੂਆ ਨਾ ਹੋਇਆ । ਕਰੇ ਖੇਲ ਅਗੰਮ ਅਪਾਰਾ, ਆਪ ਆਪਣਾ ਦਏ ਢੋਆ । ਸ਼ਬਦ ਸੁਤ ਸਚ ਦੁਲਾਰਾ, ਆਦਿ ਜੁਗਾਦਿ ਨਵਾਂ ਨਰੋਆ । ਅਬਿਨਾਸ਼ੀ ਕਰਤਾ ਕਰੇ ਖੇਲ ਅਪਾਰਾ, ਏਕਾ ਅੰਮ੍ਰਿਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਦਰ, ਦਰ ਦਵਾਰ ਨਾ ਕੋਈ ਸੁਹਾਈਆ । ਦਰ ਦਵਾਰ ਗ਼ਰੀਬ ਨਿਵਾਜ਼, ਏਕਾ ਏਕ ਸੁਹਾਇਆ । ਆਪ ਦਰਬਾਨ ਆਪਣੀ ਮਾਰੇ ਆਪੇ ਆਵਾਜ਼, ਆਪ ਆਪਣਾ ਲਏ ਜਗਾਇਆ । ਆਪ ਆਪਣਾ ਰਚੇ ਕਾਜ, ਆਪ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਫ਼ਰਮਾਣਾ ਸ੍ਰੀ ਭਗਵਾਨਾ, ਆਪ ਆਪਣਾ ਹੁਕਮ ਸੁਣਾਇਆ । ਸਾਚਾ ਸੁਤ ਹਰਿ ਉਠਾ, ਏਕਾ ਰਾਗ ਸੁਣਾਇਆ । ਏਕਾ ਦੂਜਾ ਭੇਵ ਚੁਕਾ, ਏਕਾ ਮਾਰਗ ਲਾਇਆ । ਏਕਾ ਸਾਚਾ ਨਾਉਂ ਰਖਾ, ਏਕਾ ਡੰਕ ਵਜਾਇਆ । ਏਕਾ ਬੰਕ ਦਵਾਰਾ ਦਏ ਸੁਹਾ, ਏਕਾ ਧਾਮ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਥਿਰ ਘਰ ਸਾਚੇ ਆਸਣ ਲਾਇਆ । ਸ਼ਬਦ ਸੁਤ ਦੇ ਹੁਲਾਰਾ, ਆਪਣਾ ਕਰਮ ਕਮਾਇੰਦਾ । ਸ਼ਬਦ ਅਗੰਮੀ ਏਕਾ ਧਾਰਾ, ਏਕਾ ਆਪ

ਸੁਣਾਇੰਦਾ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਕਰ ਪਸਾਰਾ, ਅਕਾਸ਼ ਪਰਕਾਸ਼ ਰਖਾਇੰਦਾ । ਗਗਨ ਮੰਡਲ ਕਰ ਤਿਆਰਾ, ਰਵ ਸਸ ਉਪਾਇੰਦਾ । ਧਰਨੀ ਧਰ ਉਪਰ ਜਲ ਧਾਰਾ, ਸ਼ਬਦੀ ਸ਼ਬਦ ਬੰਧਾਇੰਦਾ । ਸ਼ਬਦ ਸੁਤ ਵਡ ਬਲਕਾਰਾ, ਚਾਰ ਕੁੰਟ ਦਹਿ ਦਿਸ਼ਾ ਫੇਰੀ ਪਾਇੰਦਾ । ਆਪਣਾ ਦਏ ਆਪ ਸਹਾਰਾ, ਆਪ ਆਪਣੀ ਬਣਤ ਬਣਾਇੰਦਾ । ਆਪੇ ਅੰਦਰ ਆਪੇ ਬਾਹਿਰਾ, ਗੁਪਤ ਜ਼ਾਹਰ ਆਪ ਹੋ ਜਾਇੰਦਾ । ਆਪੇ ਕਰਤਾ ਪੁਰਖ ਹਰਿ ਕਰਤਾਰਾ, ਨਰ ਨਿਰੰਕਾਰਾ ਆਪ ਅਖਵਾਇੰਦਾ । ਆਪ ਆਪਣਾ ਵੇਖ ਪਸਾਰਾ, ਆਪੇ ਲੇਖ ਲਿਖਾਇੰਦਾ । ਆਪ ਆਪਣੇ ਘਰ ਬਣ ਵਣਜਾਰਾ, ਆਪ ਆਪਣਾ ਵਣਜ ਕਰਾਇੰਦਾ । ਆਪਣਾ ਦੇਵੇ ਨਾਮ ਅਧਾਰਾ, ਨਾਮ ਅਧਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਏਕਾ ਕਰਮ ਕਮਾਇੰਦਾ । ਏਕਾ ਹਰਿ ਇਕ ਵਰਤੰਤਾ, ਏਕਾ ਰਿਹਾ ਕਰਾਈਆ । ਏਕਾ ਜੋਤ ਸ੍ਰੀ ਭਗਵੰਤਾ, ਨਿਰਗੁਣ ਰੂਪ ਸਮਾਈਆ । ਏਕਾ ਬੈਠਾ ਰਹੇ ਇਕ ਅਕੰਤਾ, ਏਕਾ ਵੇਖ ਵਖਾਈਆ । ਏਕਾ ਮਹਿਮਾ ਅਗਣਤ ਅਗਣਤਾ, ਏਕਾ ਲੇਖਾ ਵਿਚ ਨਾ ਆਈਆ । ਏਕਾ ਖੇਲੇ ਖੇਲ ਆਦਿਨ ਅੰਤਾ, ਆਦਿ ਅੰਤ ਵੱਡੀ ਵਡਿਆਈਆ । ਏਕਾ ਜੋਤ ਹਰਿ ਭਗਵੰਤਾ, ਥਿਰ ਘਰ ਕਰੇ ਰੁਸ਼ਨਾਈਆ । ਥਿਰ ਘਰ ਸਾਚਾ ਧਾਮ ਸੁਹੰਤਾ, ਆਪ ਆਪਣੀ ਬਣਤ ਬਣਾਈਆ । ਬਣਤ ਬਣਾਏ ਸਾਚਾ ਕੰਤਾ, ਜੋਤੀ ਨਾਰੀ ਖ਼ੁਸ਼ੀ ਮਨਾਈਆ । ਪੂਤ ਸਪੂਤਾ ਵਡ ਧਨਵੰਤਾ, ਸ਼ਬਦੀ ਨਾਉਂ ਧਰਾਈਆ । ਅਕਾਲ ਪੁਰਖ ਹੋਏ ਪਤ ਪਤਵੰਤਾ, ਪੱਤਤ ਪਾਵਣ ਨਾਮ ਧਰਾਈਆ । ਜਾਣੇ ਭੇਵ ਅਗੰਮ ਅਗੰਮਤਾ, ਅਗੰਮ ਪੁਰਖ ਵਡਿਆਈਆ । ਅਲੱਖ ਅਲੱਖਣਾ ਹੋਏ ਮੰਗਤਾ, ਆਪ ਆਪਣੀ ਅਲੱਖ ਜਗਾਈਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਆਪੇ ਰੰਗਤਾ, ਕੋਟਨ ਕੋਟ ਵਖਾਈਆ । ਆਪਣਾ ਦਵਾਰਾ ਆਪੇ ਲੰਘਦਾ, ਆਪੇ ਪਾਰ ਕਰਾਈਆ । ਆਪਣੇ ਅਸਵ ਆਪਣਾ ਤੰਗ ਆਪੇ ਕਸਦਾ, ਸ਼ਾਹ ਅਸਵਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਤ ਪਤਾਲ ਅਕਾਸ਼ ਰਿਹਾ ਸੁਹਾਈਆ । ਮਾਤ ਪਤਾਲ ਹਰਿ ਬਣਤ ਬਣਾ, ਸ਼ਬਦੀ ਸ਼ਬਦ ਕਮਾਇਆ । ਚੌਦਾਂ ਹੱਟ ਦਏ ਖੁਲ੍ਹਾ, ਚੋਦਾਂ ਲੋਕ ਜਣਾਇਆ । ਰਵ ਸਸ ਲਏ ਲਗਾ, ਸੇਵਕ ਸੇਵਾ ਲਾਇਆ । ਬ੍ਰਹਮਾ ਵੇਤਾ ਵੇਖ ਵਖਾ, ਪਾਰਬ੍ਰਹਮ ਬ੍ਰਹਮ ਉਪਜਾਇਆ । ਤ੍ਰੈਗੁਣ ਮਾਇਆ ਝੋਲੀ ਪਾ, ਰਾਜਸ ਤਾਮਸ ਸਾਂਤਕ ਸਤਿ ਵਰਤਾਇਆ । ਪੰਜ ਪੰਜੀ ਮੇਲ ਮਿਲਾ, ਕਿਰਤੀ ਕਿਰਤ ਕਮਾਇਆ । ਨਿਰਗੁਣ ਆਪਣਾ ਖੇਲ ਖਿਲਾ, ਮਨ ਮਤ ਬੁਧ ਲਏ ਪਰਨਾਇਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਲਏ ਸੁਹਾ, ਆਪੇ ਖੇਲ ਖਿਲਾਇਆ । ਆਪਣੀ ਬਾਤੀ ਆਪਣਾ ਦੀਵਾ ਆਪ ਜਗਾ, ਆਪੇ ਕਰੇ ਰੁਸ਼ਨਾਇਆ । ਆਪਣਾ ਕਮਲਾਪਾਤੀ ਆਪ ਮਨਾ, ਆਪਣੀ ਸੇਜੇ ਆਸਣ ਲਾਇਆ । ਆਪਣੇ ਦਰ ਦਵਾਰੇ ਲਏ ਸੁਹਾ, ਨੌਂ ਦਰਵਾਜੇ ਖੋਲ੍ਹ ਖੁਲ੍ਹਾਇਆ । ਆਪਣਾ ਪੜਦਾ ਆਪੇ ਲਏ ਪਾ, ਆਪ ਆਪਣਾ ਬੰਦ ਕਰਾਇਆ । ਪੰਜ ਤਤ ਹਰਿ ਵੰਡ ਵੰਡਾ, ਮਹੱਲ ਅਟੱਲ ਸੁਹਾਇਆ । ਘਰ ਵਿਚ ਘਰ ਲਿਆ ਬਣਾ, ਹਰਿ ਸਾਚੇ ਡੇਰਾ ਲਾਇਆ । ਜੋਤੀ ਨੂਰ ਡਗਮਗਾ, ਨਿਰਗੁਣ ਵੇਸ ਵਟਾਇਆ । ਅੰਮ੍ਰਿਤ ਤਾਲ ਆਪ ਸੁਹਾ, ਅੰਤਰ ਆਪ ਭਰਾਇਆ । ਰਾਗ ਅਨਾਦੀ ਰਹੇ ਸੁਣਾ, ਧੁਨ ਅਨਾਦੀ ਰਿਹਾ ਵਜਾਇਆ । ਸ਼ਬਦ ਬ੍ਰਹਿਮਾਦੀ ਖੋਜ ਖੁਜਾ, ਅਨਹਦ ਵੇਖ ਵਖਾਇਆ । ਡੂੰਘੀ ਭਵਰੀ ਦਏ ਭੁਲਾ, ਆਪ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਵਖਾਇਆ । ਥਿਰ ਘਰ ਸਚ ਦਵਾਰ ਦਰਵਾਜ਼ਾ ਖੋਲ੍ਹ, ਹਰਿ ਆਪਣੀ ਖੇਲ

੫੮੮
੦੨

ਖਿਲਾਈਆ । ਸ਼ਬਦ ਅਨਾਦੀ ਆਪੇ ਬੋਲ, ਬ੍ਰਹਿਮਾਦੀ ਗਿਆ ਸਮਾਈਆ । ਆਦਿ ਜੁਗਾਦੀ ਵੱਜੇ ਢੋਲ, ਲੋਆਂ ਪੁਰੀਆਂ ਰਿਹਾ ਸੁਣਾਈਆ । ਬ੍ਰਹਮਾ ਵਿਸ਼ਨ ਸ਼ਿਵ ਤੋਲੇ ਆਪਣੇ ਤੋਲ, ਕੰਡਾ ਆਪਣੇ ਹੱਥ ਰਖਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰਿਹਾ ਏਕਾ ਮੁਖ ਸਲਾਹੀਆ । ਲੱਖ ਚੁਰਾਸੀ ਗਿਆ ਮੌਲ, ਪਾਰਬ੍ਰਹਮ ਵੱਡੀ ਵਡਿਆਈਆ । ਅੰਮ੍ਰਿਤ ਭਰਿਆ ਸਾਚੇ ਕੌਲ, ਕਵਲ ਨਾਭੀ ਮੁਖ ਭਵਾਈਆ । ਆਪ ਸੁਹਾਏ ਧਵਲ ਧੌਲ, ਧਰ ਧਰਨੀ ਵੇਖ ਵਖਾਈਆ । ਇਕ ਅਤੀਤਾ ਰਿਹਾ ਅਡੋਲ, ਡੋਲ ਕਦੇ ਨਾ ਜਾਈਆ । ਹਰ ਘਟ ਅੰਦਰ ਵਸਿਆ ਕੋਲ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਘਰ, ਆਪ ਆਪਣੀ ਬੂਝ ਬੁਝਾਈਆ । ਲੋਕਮਾਤ ਕਰ ਉਜਿਆਰਾ, ਪੰਜ ਤਤ ਸੁਹਾਇਆ । ਨਿਰਗੁਣ ਰੂਪ ਕਰ ਪਸਾਰਾ, ਸਰਗੁਣ ਮੇਲ ਮਿਲਾਇਆ । ਸ਼ਬਦ ਵਿਚੋਲਾ ਬਣ ਕਰਤਾਰਾ, ਸਾਚਾ ਖੇਲ ਖਿਲਾਇਆ । ਅੰਦਰ ਮੰਦਰ ਪਾਵੇ ਸਾਰਾ, ਆਪੇ ਖੋਜ ਖੋਜਾਇਆ । ਸ੍ਰਿਸ਼ਟ ਚਲਾਏ ਆਪਣੀ ਧਾਰਾ, ਦੋ ਦੋ ਮੁਖ ਭਵਾਇਆ । ਨੌਂ ਦਸ ਕਰ ਪਿਆਰਾ, ਗਿਆਰਾਂ ਬੀਸ ਵੇਖ ਵਖਾਇਆ । ਤੀਸ ਨੂਰ ਕਰ ਉਜਿਆਰਾ, ਚਾਰ ਕਰੇ ਕੁੜਮਾਇਆ । ਮਾਨਸ ਦੇਹੀ ਖੇਲ ਅਪਾਰਾ, ਗਗਨ ਮੰਡਲ ਦਏ ਸੁਹਾਇਆ । ਅੰਦਰ ਮੰਦਰ ਇਕ ਚੁਬਾਰਾ, ਹਰਿ ਸਾਚੇ ਆਸਣ ਲਾਇਆ । ਏਕਾ ਪੜਦਾ ਪਾਇਆ ਭਾਰਾ, ਨਾ ਕੋਈ ਮੇਟੇ ਮੇਟ ਮਿਟਾਇਆ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਵੇਖ ਵਖਾਇਆ । ਸ੍ਰਿਸ਼ਟ ਸਬਾਈ ਬੰਨੇ ਧਾਰਾ, ਮਾਰਗ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਘਰ ਘਰ ਵਸੇਰਾ ਆਪ ਕਰਾਇਆ । ਘਰ ਵਸੇਰਾ ਸਰਬ ਸੁਖ ਦਾਤਾ, ਆਦਿ ਨਿਰੰਜਣ ਦੀਨਾ । ਗਿਆਨ ਧਿਆਨ ਹੋਏ ਗਿਆਤਾ, ਆਪਣੀ ਰਸਨਾ ਆਪੇ ਚੀਨਾ । ਆਪੇ ਰੱਖੇ ਉਤਮ ਜ਼ਾਤਾ, ਆਪੇ ਮਜ਼੍ਹਬੀ ਦੀਨਾ । ਆਪੇ ਪੁੱਛਣਹਾਰਾ ਵਾਤਾ, ਆਪੇ ਅੱਖਰ ਵੱਖਰ ਵੱਖ ਕੀਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਮਾਰ ਝਾਤ ਖੇਲੇ ਖੇਲ ਵਡ ਰੀਤਾ । ਖੇਲੇ ਖੇਲ ਨਰ ਨਿਰੰਕਾਰਾ, ਆਦਿ ਜੁਗਾਦਿ ਸਮਾਇਆ । ਸ਼ਬਦ ਜੋਤ ਜੋਤ ਸ਼ਬਦ ਭੇਵ ਨਿਆਰਾ, ਹੱਥ ਕਿਸੇ ਨਾ ਆਇਆ । ਸ਼ਬਦ ਡੰਕਾ ਇਕ ਨਗਾਰਾ, ਜਨ ਭਗਤਾਂ ਵੰਡ ਵੰਡਾਇਆ । ਮੇਟ ਮਿਟਾਏ ਪੰਜ ਵਿਕਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਨੇੜੇ ਆਇਆ । ਆਸਾ ਤ੍ਰਿਸਨਾ ਪਾਰ ਕਿਨਾਰਾ, ਹਉਮੇ ਰੋਗ ਨਾ ਕੋਈ ਸਤਾਇਆ । ਨੇਤਰ ਨੈਣ ਲੋਚਨ ਏਕਾ ਹਰਿ ਹਰਿ ਦਿਸਨਾ, ਦੂਸਰ ਦਿਸ ਕੋਈ ਨਾ ਪਾਇਆ । ਤ੍ਰੈਗੁਣ ਮਾਇਆ ਕੋਈ ਨਾ ਚਾੜ੍ਹੇ ਵਿਸਨਾ, ਜਗਤ ਜੰਜਾਲ ਨਾ ਕੋਈ ਬੰਧਾਇਆ । ਸੇਵਕ ਸੇਵ ਲਗਾਏ ਬ੍ਰਹਮਾ ਸ਼ਿਵ ਵਿਸ਼ਨਾ, ਸੇਵਕ ਸੇਵਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਜੋਤ ਕਰੇ ਰੁਸ਼ਨਾਇਆ । ਲੋਕਮਾਤ ਹਰਿ ਬਣਤ ਬਣਾ, ਜੀਵ ਜੰਤ ਉਪਾਇਆ । ਸਾਚੇ ਸੰਤ ਬੂਝ ਬੁਝਾ, ਸਤਿ ਸਰੂਪ ਦਰਸਾਇਆ । ਆਪਣੀ ਮਹਿਮਾ ਆਪ ਜਣਾ, ਆਪਣਾ ਨਾਉਂ ਵਡਿਆਇਆ । ਆਪਣੇ ਭਾਣੇ ਆਪ ਸਮਾ, ਹਰਿ ਭਾਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਜੋਤ ਧਰ ਭਗਤ ਭਗਵੰਤ ਮੇਲ ਮਿਲਾਇਆ । ਭਗਤਨ ਮੇਲਾ ਸਚ ਦਵਾਰ, ਆਤਮ ਬ੍ਰਹਮ ਜਣਾਈਆ । ਪਾਰਬ੍ਰਹਮ ਲੈ ਅਵਤਾਰ, ਵੇਖੇ ਖੇਲ ਥਾਉਂ ਥਾਈਆ । ਨਿਰਗੁਣ ਰੂਪ ਅਪਰ ਅਪਾਰ, ਸਰਗੁਣ ਖੇਲ ਖਿਲਾਈਆ । ਸਰਗੁਣ ਬੱਧਾ ਮੋਹ ਪਿਆਰ, ਤੰਦਨ ਤੰਦ ਬੰਧਾਈਆ । ਸ਼ਬਦ ਗੁਰ ਵਡ ਬਲਕਾਰ, ਹੋਏ ਮਾਤ ਸਹਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਉਂ ਕਰੇ ਰੁਸ਼ਨਾਈਆ । ਆਦਿ ਪੁਰਖ ਦਇਆ ਕਮਾ, ਆਪਣੀ ਜੋਤ ਜਗਾਇੰਦਾ । ਸਾਧ ਸੰਤ ਸੇਵਾ ਲਾ, ਗੁਰ ਸਤਿਗੁਰ ਵੇਸ ਵਟਾਇੰਦਾ । ਧਰਮੀ ਧਰਮ ਇਕ ਕਮਾ, ਧਰਤ ਧਵਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਲਿਖਤ ਭਵਿਖਤ ਆਪੇ ਆਪ ਲਿਖਾਇੰਦਾ । ਆਪਣਾ ਲੇਖਾ ਬਣ ਲਿਖਾਰਾ, ਆਪੇ ਰਿਹਾ ਲਿਖਾਇਆ । ਬ੍ਰਹਮਾ ਵੇਤਾ ਬਣ ਲਿਖਾਰਾ, ਚਾਰੇ ਵੇਦਾਂ ਦਏ ਜਣਾਇਆ । ਚਾਰੇ ਕਰੇ ਪਾਰ ਕਿਨਾਰਾ, ਚਾਰੇ ਵੰਡ ਵੰਡਾਇਆ । ਚਾਰ ਚਾਰ ਦਰ ਦਰਬਾਰਾ, ਦਰ ਦਰਬਾਨ ਚਾਰ ਰਖਾਇਆ । ਚਾਰ ਘਰ ਪਾਵੇ ਸਾਰਾ, ਚਾਰ ਮਹੱਲ ਕਰੇ ਰੁਸ਼ਨਾਇਆ । ਚਾਰ ਦੀਵਾਰ ਦਏ ਅਧਾਰਾ, ਸ੍ਰਿਸ਼ਟ ਸਬਾਈ ਪੜਦਾ ਪਾਇਆ । ਚਾਰ ਯੁਗ ਕਰ ਪਸਾਰਾ, ਚਾਰ ਯਾਰੀ ਇਕ ਕਰਾਇਆ । ਚਾਰੇ ਵਿਦਿਆ ਕਰ ਉਜਿਆਰਾ, ਏਕਾ ਸ਼ਬਦ ਪੜ੍ਹਾਇਆ । ਚਾਰੇ ਮੁਖ ਗਾਇਣ ਵਾਰੋ ਵਾਰਾ, ਅੱਠੇ ਨੇਤਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਖੋਲ੍ਹ ਦਰ, ਆਪ ਆਪਣਾ ਰੰਗ ਰੰਗਾਇਆ । ਚਾਰ ਯੁਗ ਵੰਡ ਵੰਡਾ, ਹਰਿ ਆਪਣੀ ਬਣਤ ਬਣਾਇੰਦਾ । ਕਰਮ ਧਰਮ ਪੱਲੇ ਗੰਢ ਬੰਨਾ, ਸਾਚਾ ਭਾਰ ਚੁਕਾਇੰਦਾ । ਜੇਰਜ ਅੰਡ ਵੇਖ ਵਖਾ, ਉਤਭੁਜ ਸੇਤਜ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਰੂਪ ਵਟਾਇੰਦਾ । ਜੁਗ ਜੁਗ ਸਾਚੇ ਸਾਚਾ ਰੰਗ ਹਰਿ ਸਾਚੇ ਆਪ ਚੜ੍ਹਾਇਆ । ਏਕਾ ਨਾਮ ਵੱਜੇ ਮਰਦੰਗ, ਨਾ ਕੋਈ ਦੂਸਰ ਹੋਰ ਸੁਣਾਇਆ । ਏਕਾ ਕੱਟਣਹਾਰਾ ਭੁੱਖ ਨੰਗ, ਗੁਰ ਪੀਰ ਨਾ ਕੋਇ ਮਨਾਇਆ । ਏਕਾ ਏਕ ਦਰਵਾਜਾ ਬੈਠਾ ਲੰਘ, ਕਾਇਆ ਮੰਦਰ ਅੰਦਰ ਡੇਰਾ ਲਾਇਆ । ਇਕ ਸੁਣਾਏ ਛੰਦ, ਅਨਹਦ ਤਾਲ ਵਜਾਇਆ । ਨਾਮ ਰੰਗੀਲੇ ਬੈਠ ਪਲੰਘ, ਸਾਚਾ ਸਗਨ ਮਨਾਇਆ । ਸੰਤ ਸੁਹੇਲੇ ਇਕ ਅਕੇਲੇ ਮੰਗੀ ਮੰਗ, ਹਰਿ ਨੇਤਰ ਦਰਸ਼ਨ ਪਾਇਆ । ਮਾਨਸ ਜਨਮ ਨਾ ਹੋਏ ਭੰਗ, ਕਾਚੀ ਵੰਗ ਨਾ ਕੋਈ ਤੁੜਾਇਆ । ਨਾਮ ਤੰਦਨ ਬੰਨੇ ਤੰਦ ਏਕਾ ਡੋਰੀ ਪਾਇਆ । ਨਾੜ ਬਹੱਤਰ ਖ਼ੁਸ਼ੀ ਖ਼ੁਸ਼ੀ ਬੰਦ ਬੰਦ, ਤਿੰਨ ਸੌ ਸੱਠ ਹਾਡੀ ਜੋੜ ਜੁੜਾਇਆ । ਆਤਮ ਢਾਏ ਦੂਈ ਦਵੈਤੀ ਕੰਧ, ਬਜਰ ਕਪਾਟੀ ਪੜਦਾ ਲਾਹਿਆ । ਇਕ ਉਪਜਾਏ ਪਰਮਾਨੰਦ, ਪਰਮ ਪੁਰਖ ਅਖਵਾਇਆ । ਭਗਤ ਸੁਹੇਲਾ ਸਦਾ ਬਖ਼ਸ਼ੰਦ, ਲੋਕਮਾਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਜੋਤ ਨਿਰੰਕਾਰ ਜਗਤ ਮਹੱਲਾ, ਆਪੇ ਵੇਖ ਵਖਾਈਆ । ਆਪੇ ਵਸਿਆ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਰਿਹਾ ਸਮਾਈਆ । ਆਪੇ ਜਾਣੇ ਨਿਹਚਲ ਧਾਮ ਅਟੱਲਾ, ਊਚ ਅਗੰਮ ਅਥਾਹ ਦਾਤਾ ਬੇਪਰਵਾਹੀਆ । ਆਪੇ ਦੋ ਜਹਾਨੀ ਕਰਣਹਾਰਾ ਸਚ ਨਿਆਂ, ਸਚ ਤਖ਼ਤ ਸੁਲਤਾਨ ਸਚ ਸਿਕਦਾਰ ਅਖਵਾਈਆ । ਆਪੇ ਜਾਣੇ ਜਣਾਏ ਆਪਣਾ ਨਾਂ, ਆਪ ਆਪਣਾ ਨਾਉਂ ਧਰਾਈਆ । ਆਪੇ ਵੇਖੇ ਥਾਉਂ ਥਾਂ, ਗਗਨ ਗਗਨੰਤਰ ਫੋਲ ਫੋਲਾਈਆ । ਲੋਆਂ ਪੁਰੀਆਂ ਪਕੜੇ ਬਾਂਹ, ਪੁਰੀ ਸ਼ਿਵ ਦੇਵਤ ਸੁਰ ਸੋਇਆ ਕੋਈ ਰਹਿਣ ਨਾ ਪਾਈਆ । ਲੋਕਮਾਤ ਮਾਰ ਝਾਤ, ਜਨ ਭਗਤਾਂ ਵੇਖ ਵਖਾਈਆ । ਸ਼ਬਦ ਦੇਵੇ ਸਾਚੀ ਦਾਤ, ਵਡ ਦਾਤਾ ਬੇਪਰਵਾਹੀਆ । ਸੁਫਲ ਕਰਾਏ ਕੁੱਖ ਧਰਤ ਮਾਤ, ਆਪ ਆਪਣਾ ਵੇਸ ਵਟਾਈਆ । ਪੰਜ ਤਤ ਵਿਛਾਏ ਸਾਚੀ ਖਾਟ, ਉਪਰ ਆਪਣਾ ਆਸਣ ਲਾਈਆ । ਮਾਤ ਗਰਭ ਨਾ ਆਏ ਆਨ ਬਾਟ, ਦਸ ਮਾਸ ਨਾ ਕੋਈ ਅਟਕਾਈਆ । ਨਾ ਕੋਈ ਦੀਸੇ ਔਖਾ ਘਾਟ, ਲੱਖ ਚੁਰਾਸੀ ਨਾ ਕੋਈ ਫਿਰਾਈਆ । ਨਾ

ਕੋਈ ਤੀਰਥ ਨਾ ਕੋਈ ਤਾਟ, ਤਟ ਕਿਨਾਰਾ ਨਾ ਕੋਈ ਵਖਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਰਸਨਾ ਰਿਹਾ ਹਿਲਾਈਆ । ਆਪੇ ਜਾਣੇ ਆਪਣੀ ਵਾਟ, ਘਰ ਆਪਣਾ ਵੇਖ ਵਖਾਈਆ । ਆਦਿ ਨਿਰੰਜਣ ਜੋਤ ਸਰੂਪ ਆਪਣਾ ਰਸ ਆਪੇ ਰਿਹਾ ਚਾਟ, ਘਟ ਘਟ ਅੰਦਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਘਰ, ਜੁਗ ਜੁਗ ਵੇਸ ਵਟਾਈਆ । ਜੁਗ ਜੁਗ ਵੇਸ ਹਰਿ ਮਿਹਰਵਾਨਾ, ਆਪਣਾ ਆਪ ਕਰਾਇਆ । ਜਨ ਭਗਤਾਂ ਦੇਵੇ ਜੀਆ ਦਾਨਾ, ਆਤਮ ਬ੍ਰਹਮ ਜਣਾਇਆ । ਮੇਲ ਮਿਲਾਏ ਸ੍ਰੀ ਭਗਵਾਨਾ, ਜਗਤ ਵਿਛੋੜਾ ਦਏ ਕਟਾਇਆ । ਹੱਥੀਂ ਬੰਨੇ ਨਾਮ ਗਾਨਾ, ਸਾਚਾ ਸਗਨ ਮਨਾਇਆ । ਸਾਚਾ ਮੰਗਲ ਗਾਏ ਗਾਣਾ, ਅਨਹਦ ਸੇਵਾ ਲਾਇਆ । ਸਖੀਆਂ ਮੇਲਾ ਕਰ ਪਰਵਾਨਾ, ਦਰ ਦਰ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਮਾਤਲੋਕ ਹਰਿ ਜੋਤ ਜਗਾ, ਆਪਣੀ ਕਲ ਵਰਤਾਈਆ । ਸਤਿਜੁਗ ਸਾਚੀ ਸਿਖਿਆ ਇਕ ਸਿਖਾ, ਏਕਾ ਕਰੇ ਪੜ੍ਹਾਈਆ । ਏਕਾ ਲਹਿਣਾ ਝੋਲੀ ਪਾ, ਏਕਾ ਮੂਲ ਚੁਕਾਈਆ । ਏਕਾ ਧਾਰ ਅਨੇਕ ਵੇਸ ਕਰਾ, ਵਾਰ ਅਠਾਰਾਂ ਕਰ ਰੁਸ਼ਨਾਈਆ । ਜਗਤ ਮਾਰਗ ਆਪੇ ਪਾ, ਆਪੇ ਗਿਆ ਸਿਖਾਈਆ । ਰਾਜ ਬਣਤਰ ਜਗਤ ਬਣਾ, ਜੋਗ ਜੁਗਤ ਵਡਿਆਈਆ । ਕਰਮ ਆਸਣ ਦਏ ਸਿਖਾ, ਅਭਿਆਸ ਤਿਆਗ ਵਡਿਆਈਆ । ਨਾਰੀ ਕੰਤ ਲਏ ਮਿਲਾ, ਸਚ ਸੁਹਾਗ ਰਘੁਰਾਈਆ । ਭਗਤਨ ਵੇਖੇ ਸਾਚਾ ਥਾਂ, ਸਾਚਾ ਧਾਮ ਸੁਹਾਈਆ । ਵੇਲੇ ਅੰਤਮ ਹੋਏ ਸਹਾ, ਆਪ ਆਪਣੀ ਦਇਆ ਕਮਾਈਆ । ਰੱਖੇ ਲਾਜ ਆਪਣੇ ਨਾਂ, ਨਾਮ ਨਾਮਾ ਝੋਲੀ ਪਾਈਆ । ਫੜ ਫੜ ਹੰਸ ਬਣਾਏ ਕਾਂ, ਜੋ ਜਨ ਰਸਨਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਵੇਖ ਵਖਾਈਆ । ਸਤਿਜੁਗ ਉਤਰਿਆ ਆਪੇ ਘਾਟ, ਹਰਿ ਸਾਚੇ ਤੋਲ ਤੁਲਾਇਆ । ਤ੍ਰੇਤਾ ਰਿਹਾ ਆਪਣੇ ਆਨ ਬਾਟ, ਧਰਤ ਮਾਤ ਗੋਦ ਬਾਹਰ ਕਢਾਇਆ । ਲੋਕਮਾਤ ਰਾਮ ਵਿਕਿਆ ਆਪਣੇ ਹਾਟ, ਰਾਮ ਰਾਮਾਂ ਨਾਉਂ ਧਰਾਇਆ । ਦੋਏ ਦਰ ਏਕਾ ਖਾਟ, ਏਕਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰੀ ਵੇਖੇ ਧਾਰ, ਤੋੜੇ ਗੜ੍ਹ ਜਗਤ ਹੰਕਾਰ, ਹਉਮੇ ਰੋਗ ਰਹਿਣ ਨਾ ਪਾਇਆ । ਤ੍ਰੇਤਾ ਸੁੱਤਾ ਪੈਰ ਪਸਾਰ, ਆਪਣਾ ਪੱਲਾ ਪਾਇਆ । ਦੁਆਪਰ ਅੱਖ ਰਿਹਾ ਉਘਾੜ, ਨੇਤਰ ਨੈਣ ਖੁਲ੍ਹਾਇਆ । ਵੇਖ ਵਖਾਏ ਸ੍ਰਿਸ਼ਟ ਸਬਾਈ ਜਗਤ ਉਜਾੜ, ਕਵਣ ਆਸਣ ਹਰਿ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਜਣਾਇਆ । ਆਪਣਾ ਲੇਖਾ ਆਪੇ ਵੇਖ, ਆਪੇ ਕਰੇ ਜਣਾਈਆ । ਵੇਦ ਵਿਆਸਾ ਧਾਰੇ ਭੇਖ, ਪਿਤਾ ਪੂਤ ਸਮਝਾਈਆ । ਪੁਰਾਨ ਅਠਾਰਾਂ ਲਿਖਿਆ ਲੇਖ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਗਿਣਾਈਆ । ਨਾਰਦ ਮੁਨ ਰਿਹਾ ਵੇਖ, ਸਾਚਾ ਸੰਗ ਸਮਾਈਆ । ਬ੍ਰਹਮਾ ਕਰੇ ਇਕ ਸਲੋਕ, ਚਾਰ ਬਾਰਾਂ ਵਡ ਵਡਿਆਈਆ । ਚਾਰ ਸਲੋਕ ਦਰ ਦਰਵੇਸ਼, ਤੀਜੇ ਜੁਗ ਦਏ ਸੁਲਾਹੀਆ । ਤੀਜਾ ਜੁਗ ਨੇਤਰ ਪੇਖ, ਬਾਰਾਂ ਅੱਖਰੀ ਰਾਸ ਬਣਾਈਆ । ਬਾਰਾਂ ਕੁੰਡਲ ਕਰ ਅਦੇਸ਼, ਏਕਾ ਕੁੰਡਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੰਡਲ ਮੰਡਲੀ ਵੇਖ ਵਖਾਈਆ । ਲੋਕਮਾਤ ਜਗਤ ਦੁਆਪਰ, ਹਰਿ ਸਾਚੇ ਰੂਪ ਦਰਸਾਇਆ । ਮਨਮੁਖ ਸਵਾਏ ਮਾਇਆ ਪੜਦਾ ਥਾਪੜ, ਗੁਰਮੁਖ ਲਏ ਉਠਾਇਆ । ਭਰਮ ਭੁਲਾਇਆ ਭਾਈ ਬਾਪੜ, ਨਾਤਾ ਬਿਧਾਤਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਜਗਤ ਦੁਆਪਰ ਵੇਖ ਘਰ, ਆਪ ਆਪਣਾ ਕਾਜ ਰਚਾਇਆ । ਜਗਤ ਕਾਜ ਏਕਾ ਘਾਟ, ਹਰਿ ਸਾਚੇ ਬਣਤ ਬਣਾਈਆ । ਦੋਹਾਂ ਵਿਚੋਲਾ ਤ੍ਰਿਲੋਕੀ ਨਾਥ, ਨੱਥ ਆਪਣੇ ਹੱਥ ਰਖਾਈਆ । ਦੋਹਾਂ ਦੇਵੇ ਸਾਚਾ ਸਾਥ, ਲਹਿਣਾ ਰਿਹਾ ਚੁਕਾਈਆ । ਏਕਾ ਮਸਤਕ ਲੇਖ ਲਿਖਾਏ ਜੋਤ ਲਿਲਾਟ, ਏਕਾ ਲੇਖਾ ਰਿਹਾ ਮਿਟਾਈਆ । ਅੰਤ ਉਤਾਰੇ ਆਪਣੇ ਘਾਟ, ਆਪਣੀ ਕਰੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਮ ਕਰੇ ਵਡਿਆਈਆ । ਆਪਣਾ ਨਾਮ ਭਗਤ ਗਿਆਨ, ਏਕਾ ਏਕ ਦ੍ਰਿੜਾਇਆ । ਅਠਾਰਾਂ ਧਿਆਏ ਕਰ ਪਰਧਾਨ, ਅਰਜਨ ਮੋਖ ਰਖਾਇਆ । ਭਗਤ ਵਛਲ ਆਪ ਭਗਵਾਨ, ਭਗਵਾਨ ਹਿਤ ਨਵਿਤ ਨਿਤ ਅਬਿਨਾਸ਼ੀ ਅਚੁੱਤ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਵੇਖ ਘਰ, ਤੇਰਾ ਲਹਿਣਾ ਤੇਰੀ ਝੋਲੀ ਪਾਇਆ । ਦੁਆਪਰ ਲਹਿਣਾ ਗਿਆ ਚੁੱਕ, ਅੰਤਮ ਵੱਜੀ ਵਧਾਈਆ । ਲੋਕਮਾਤ ਪੈਂਡਾ ਗਿਆ ਮੁੱਕ, ਘਰ ਸਾਚੇ ਗਿਆ ਕਰ ਕਰ ਧਾਹੀਆ । ਕਲਜੁਗ ਭਾਰ ਆਪਣਾ ਰਿਹਾ ਚੁੱਕ, ਆਪਣੀ ਵੰਡ ਵੰਡਾਈਆ । ਧੁਰ ਦਰਗਾਹੋਂ ਆਇਆ ਰੁੱਠ, ਹਰਿ ਸਾਚਾ ਮੁਖ ਭਵਾਈਆ । ਜੂਠ ਝੂਠ ਫੜਾਏ ਏਕਾ ਮੁਠ, ਏਕਾ ਭਿਛਿਆ ਪਾਈਆ । ਆਤਮ ਵਿਦਿਆ ਰਿਹਾ ਲੁੱਟ, ਜਗਤ ਵਿਦਿਆ ਕਰੇ ਪੜ੍ਹਾਈਆ । ਘਰ ਘਰ ਪੌਂਦਾ ਜਾਏ ਫੁੱਟ, ਨਾ ਦੀਸੇ ਕੋਈ ਸਹਾਈਆ । ਸਤਿ ਸੰਤੋਖ ਕੱਢਿਆ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਤੇਰੀ ਜੜ੍ਹ ਆਪੇ ਦੇਵੇ ਪੁੱਟ, ਈਸਾ ਮੂਸਾ ਸੰਗ ਰਲਾਈਆ ।
੫੯੨ ਏਕਾ ਕਲਮਾ ਅਮਾਮ ਕਾਇਨਾਤ ਲਗਾਏ ਚੋਟ, ਚਾਰੋਂ ਕੁੰਟ ਖ਼ੁਦੀ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ੫੯੨
੦੨ ਖੇਲ ਖਿਲਾਈਆ । ਲੋਕਮਾਤ ਹਰਿ ਅਵਤਾਰਾ, ਜੁਗ ਜੁਗ ਕਰਦਾ ਆਇਆ । ਕਲਜੁਗ ਵੇਖੇ ਖੇਲ ਪਸਾਰਾ, ਆਪ ਆਪਣਾ ਰੂਪ ਵਟਾਇਆ । ੦੨
ਹੱਕ ਮੁਹੰਮਦੀ ਚਾਰ ਯਾਰਾ, ਸਗਲਾ ਸੰਗ ਰਖਾਇਆ । ਅੱਲਾ ਰਾਣੀ ਕਰ ਪਿਆਰਾ, ਨਾਤਾ ਜੋੜ ਜੁੜਾਇਆ । ਕਾਲਾ ਸੂਸਾ ਤਨ ਸ਼ੰਗਾਰਾ, ਮੁਖ ਘੁੰਘਟ ਰਿਹਾ ਵਖਾਇਆ । ਨੇਤਰ ਨੈਣਾਂ ਕਜਲਾ ਭਾਰਾ, ਤਾਮਸ ਤ੍ਰਿਸਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਮ ਆਪੇ ਜਾਨਣਹਾਰ ਹੋਇਆ ਖ਼ੁਦਾਇਆ । ਸਚ ਖ਼ੁਦਾ ਬੇਐਬ ਪਰਵਰਦਿਗਾਰ, ਨੂਰੋ ਨੂਰ ਅਲਾਹੀਆ । ਨੂਰੀ ਅੱਲਾ ਕਰ ਪਿਆਰ, ਬਿਸਮਲ ਗਿਆ ਸਮਾਈਆ । ਜਗਤ ਮਸੱਲਾ ਕਰ ਤਿਆਰ, ਧਰਤ ਮਾਤ ਉਪਰ ਰਿਹਾ ਵਿਛਾਈਆ । ਏਕਾ ਕਲਮਾ ਕਰ ਤਿਆਰ, ਨਬੀ ਰਸੂਲਾਂ ਰਿਹਾ ਪੜ੍ਹਾਈਆ । ਜਲਵਾ ਜਲਾਲ ਹੱਕ ਕਰਤਾਰ, ਹੱਕ ਹਕੀਕਤ ਵੇਖ ਵਖਾਈਆ । ਮੱਕਾ ਕਾਅਬਾ ਚਾਰ ਦਿਵਾਰ, ਸਾਚੀ ਦਿਸ਼ਾ ਆਪ ਟਿਕਾਈਆ । ਦੋ ਦੋ ਆਬਾ ਮੇਲ ਵਿਚ ਸੰਸਾਰ, ਸ਼ਾਹ ਨਵਾਬਾ ਖੋਜ ਖੋਜਾਈਆ । ਪੁਨ ਸਵਾਬਾ ਬੰਨੇ ਧਾਰ, ਇਕ ਅਹਿਬਾਬਾ ਵੇਖ ਵਖਾਈਆ । ਚਰਨ ਘੋੜੇ ਦੇ ਰਕਾਬਾ, ਹਰਿ ਉਠੇ ਬੇਪਰਵਾਹੀਆ । ਆਪੇ ਦੇਵਣਹਾਰਾ ਅਜਾਬਾ, ਆਪੇ ਦਏ ਸਜਾਈਆ । ਆਪੇ ਮਾਰਨਹਾਰਾ ਵਾਜਾ, ਆਪੇ ਰਿਹਾ ਉਠਾਈਆ । ਆਪੇ ਸ਼ਾਹੋ ਭੂਪ ਵਡ ਰਾਜਨ ਰਾਜਾ, ਰਾਜ ਰਾਜਾਨ ਆਪ ਅਖਵਾਈਆ । ਆਪੇ ਆਪਣੀ ਰੱਖੇ ਲਾਜਾ, ਲਾਜਾਵੰਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਵਟਾਇਆ ਰਾਣੀ ਅੱਲਾ, ਨੂਰੋ ਨੂਰ ਸਮਾਇਆ । ਕਰੇ ਖੇਲ ਇਕ ਅਕੱਲਾ, ਭੇਵ ਕੋਈ ਨਾ ਪਾਇਆ । ਸ਼ਾਹ ਸ਼ਮਸ ਤਬਰੇਜ਼ ਤੇਰੀ ਲੱਥੀ ਖੱਲਾ, ਰੱਤੀ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਵੇਸ ਅਵੱਲਾ ਪਰਵਰਦਿਗਾਰ, ਆਪਣਾ ਰੰਗ ਰੰਗਾਈਆ । ਕਾਇਆ ਚੋਲਾ ਵੇਖ ਸੰਸਾਰ, ਆਪਣਾ ਬੋਲਾ ਰਿਹਾ ਅਲਾਈਆ । ਸੁਣਾਏ ਢੋਲਾ ਹੋ ਤਿਆਰ, ਸਾਚਾ ਗੋਲਾ ਨਾਉਂ ਰਖਾਈਆ । ਭੋਲਾ ਭਾਲਾ ਖੇਲ ਅਪਾਰ, ਦਿਸ ਕਿਸੇ ਨਾ ਆਈਆ । ਤੋਲਣ ਤੋਲ ਤੋਲੇ ਜਗਤ ਸੰਸਾਰ, ਏਕਾ ਕੰਡਾ ਹੱਥ ਉਠਾਈਆ । ਆਪੇ ਕਰਨਹਾਰ ਆਰ ਪਾਰ, ਮੰਝਧਾਰ ਆਪ ਰੁੜਾਈਆ । ਆਪੇ ਵੇਖੇ ਸਮੁੰਦਰ ਸਾਗਰ ਡੂੰਘੀ ਗਾਰ, ਉਚੇ ਟਿੱਲੇ ਫੋਲ ਫੋਲਾਈਆ । ਲਹਿਣਾ ਦੇਣਾ ਚੁਕਾਏ ਮੁਹੰਮਦੀ ਯਾਰ, ਅਨਹਦ ਰਾਣੀ ਤਾਲ ਰਲਾਈਆ । ਚੌਦਾਂ ਤਬਕਾਂ ਰਿਹਾ ਵਿਚਾਰ, ਭੁੱਲ ਰਹੇ ਨਾ ਰਾਈਆ । ਚੌਦਾਂ ਹੱਟ ਨਾ ਕਰਾਏ ਵਣਜ ਵਪਾਰ, ਜਗਤ ਵਸਤ ਝੋਲੀ ਪਾਈਆ । ਜੂਠ ਝੂਠ ਭਰ ਭੰਡਾਰ, ਆਤਮ ਵੇਖ ਵਖਾਈਆ । ਮਨਮਤ ਰਲਾਈ ਨਾਲ ਕਮਜ਼ਾਤ ਨਾਰ, ਦਿਵਸ ਰੈਣ ਦਏ ਸਲਾਹੀਆ । ਅੱਲਾ ਰਾਣੀ ਰਹੀ ਪੁਕਾਰ, ਉਚੀ ਕੂਕੇ ਦਏ ਸਲਾਹੀਆ । ਅੰਜੀਲ ਕੁਰਾਨਾ ਆਏ ਹਾਰ, ਵੇਲਾ ਵਕਤ ਦਏ ਗਵਾਹੀਆ । ਕਾਲਾ ਸੂਸਾ ਦਏ ਉਤਾਰ, ਮੁਖ ਨਕਾਬ ਰਹਿਣ ਨਾ ਪਾਈਆ । ਪਰਗਟ ਹੋਏ ਹੱਕ ਜਨਾਬ, ਮਰੀਆ ਸੁਤ ਗਿਆ ਲਿਖਾਈਆ । ਸ੍ਰਿਸ਼ਟ ਸਬਾਈ ਜਾਏ ਹਾਰ, ਲੱਖ ਚੁਰਾਸੀ ਧੀਰ ਨਾ ਕੋਈ ਧਰਾਈਆ । ਜ਼ਿਮੀ ਅਸਮਾਨਾ ਪਾੜਾ ਜਾਏ ਪਾਟ, ਕਰੇ ਖੇਲ ਬੇਪਰਵਾਹੀਆ । ਇਕ ਅਕੱਲਾ ਆਪ ਉਤਾਰੇ ਆਪਣੇ ਘਾਟ, ਨਾ ਦੂਸਰ ਕੋਈ ਸਾਲਾਹੀਆ । ਪੁਰਖ ਅਬਿਨਾਸ਼ੀ ਅਗਨੀ ਲਾਏ ਲਾਟ, ਚਾਰੋਂ ਕੁੰਟ ਧੂੰਆਂਧਾਰ ਰਖਾਈਆ । ਸਰ ਸਰੋਵਰ ਅੰਮ੍ਰਿਤ ਜਲ ਕੋਈ ਨਾ ਮਾਰੇ ਠਾਠ, ਅਗਨੀ ਤਤ ਨਾ ਕੋਈ ਬੁਝਾਈਆ । ਕਿਸੇ ਨਾ ਸੁਝੇ ਪੂਜਾ ਪਾਠ, ਨੇਤੀ ਧੋਤੀ ਨਾ ਕੋਈ ਜਣਾਈਆ । ਨਾ ਕੋਈ ਮਸਤਕ ਤਿਲਕ ਲਗਾਏ ਲਿਲਾਟ, ਨਾ ਕੋਈ ਜੰਞੂ ਤਨ ਲਟਕਾਈਆ । ਨਾ ਕੋਈ ਮਸੱਲਾ ਨਾ ਕੋਈ ਕੁਰਾਨ ਨਾ ਕੋਈ ਬਾਂਗ ਨਾਅਰਾ ਲਾਏ ਇਕ ਸਦਾ ਉਚ ਅਵਾਜ਼, ਨਾ ਕੋਈ ਕੂਕ ਦਏ ਸੁਣਾਈਆ । ਨਾ ਕੋਈ ਸ਼ਾਹ ਸੁਲਤਾਨ ਮਾਰੇ ਆਵਾਜ਼, ਪ੍ਰਭ ਬੇਐਬ ਪਰਵਰਦਿਗਾਰ ਧੁਰਦਰਗਾਹੀਆ । ਲੋਕਮਾਤ ਆਵੇ ਭਾਜ, ਭਾਰਤ ਵੰਡ ਵੰਡਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਵਰਨਾਂ ਬਰਨਾਂ ਚਲਾਏ ਇਕ ਜਹਾਜ਼, ਏਕਾ ਚੱਪੂ ਲਾਈਆ । ਕਲਜੁਗ ਅੰਤਮ ਕਰਨ ਆਇਆ ਆਪਣਾ ਕਾਜ, ਨਾ ਦੂਸਰ ਕੋਈ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਜੋਤੀ ਨੂਰ ਕਰ ਅਲ੍ਹਾ, ਬਿਸਮਿੱਲਾ ਬਿਸਮਿਲ ਰਹੇ ਕਰਾਈਆ । ਬਿਸਮਲ ਹੱਕ ਹਲਾਲ, ਆਪ ਖ਼ੁਦਾਇਆ । ਆਪੇ ਨੂਰੀ ਜਲਵਾ ਹੱਕ ਜਲਾਲ, ਨੂਰੋ ਨੂਰ ਸਮਾਇਆ । ਆਪੇ ਵਸਿਆ ਗਗਨ ਗਗਨੰਤਰ ਆਪੇ ਥਾਲ, ਦੀਪਕ ਜੋਤ ਕਰੇ ਰੁਸ਼ਨਾਇਆ । ਆਪੇ ਮੰਦਰ ਮਸਜਿਦ ਕਾਅਬਾ ਹੋਏ ਧਰਮਸਾਲ, ਆਪੇ ਆਪਣਾ ਦਰਸ ਦਿਖਾਇਆ । ਆਪੇ ਅਰਸ਼ ਫਰਸ਼ ਮਾਰੇ ਏਕਾ ਛਾਲ, ਆਪ ਆਪਣਾ ਰੰਗ ਰੰਗਾਇਆ । ਭਗਤ ਸੁਹੇਲੇ ਕਰ ਲਏ ਸੰਭਾਲ, ਦੂਸਰ ਕੋਈ ਰਹਿਣ ਨਾ ਪਾਇਆ । ਚਾਰੋਂ ਕੁੰਟ ਅਗਨੀ ਦੇਵੇ ਬਰਸ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਇਆ । ਮਨਮੁਖ ਜੀਵਾਂ ਨਾਤਾ ਤੋੜੇ ਜਗਤ ਹਰਸ, ਅਜ਼ਰਾਈਲ ਜਬਰਾਈਲ ਮੇਕਾਈਲ ਅਸਰਾਫੀਲ ਸੇਵਾ ਲਾਇਆ । ਮਿਹਬਾਨ ਬੀਦੋ ਬੀ ਖੈਰ ਯਾ ਅੱਲਾਹ, ਏਕਾ ਨਾਅਰਾ ਦਏ ਸੁਣਾਇਆ । ਪੀਰ ਦਸਤਗੀਰ ਸ਼ਾਹ ਹਕੀਰ ਨਾ ਕੋਈ ਕਰਾਏ ਆਪਣਾ ਜਲਵਾ, ਨਾ ਕੋਈ ਪੱਲੂ ਰਿਹਾ ਫੜਾਇਆ । ਖ਼ੁਦਾਈ ਹੁਕਮ ਅਲਾਹੀ ਨੂਰ ਏਕਾ ਬਲਵਾ, ਕਾਇਆ ਨਾਤਾ ਦਏ ਕਰਾਇਆ । ਚੁੱਲੇ ਚੜ੍ਹਿਆ ਰਹਿ ਜਾਏ ਹਲਵਾ, ਮੁਖ ਕੋਏ ਪਾਣ ਨਾ ਪਾਇਆ । ਸਿਰ ਨੀਵਾਂ ਕਰ ਨਾ ਪੜ੍ਹੇ ਕੋਈ ਕਲਮਾ,

ਨਾ ਕੋਈ ਸਯਦ ਮਸਜਦ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾ ਹਰਿ ਨਿਰੰਕਾਰ, ਨਾਨਕ ਜੋਤ ਜਗਾਈਆ । ਪੰਜ ਤਤ ਕੀਆ ਖ਼ਬਰਦਾਰ, ਲੋਕਮਾਤ ਵੱਜੀ ਵਧਾਈਆ । ਮਾਤ ਪਿਤਾ ਘਰ ਸੁਤ ਦੁਲਾਰ, ਭੇਵ ਕੋਈ ਨਾ ਪਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਏਕਾ ਧਾਰ ਰਖਾਈਆ । ਨਿਰਗੁਣ ਸਰਗੁਣ ਸਾਚੀ ਕਾਰ, ਕਰਤਾ ਪੁਰਖ ਰਿਹਾ ਕਰਾਈਆ । ਏਕਾ ਸ਼ਬਦ ਵਿਚੋਲਾ ਨਜ਼ਰ ਨਾ ਆਏ ਵਿਚ ਸੰਸਾਰ, ਨੇਤਰ ਨੈਣਾਂ ਦਿਸ ਨਾ ਆਈਆ । ਅਕਾਲ ਪੁਰਖ ਹਰਿ ਮੀਤ ਮੁਰਾਰ, ਗੁਰ ਨਾਨਕ ਦਏ ਸਲਾਹੀਆ । ਉਜਲ ਰੂਪ ਸਚ ਦਰਬਾਰ, ਮਿਲੇ ਮੇਲ ਸਾਚੇ ਮਾਹੀਆ । ਮਾਰੇ ਗੋਤਾ ਅਪਰ ਅਪਾਰ, ਪਾਇਆ ਘਰ ਬੇਪਰਵਾਹੀਆ । ਨਿਰਗੁਣ ਰੂਪ ਖੜਾ ਦਰ ਦਵਾਰ, ਦੋਏ ਜੋੜ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਸੁਣੇ ਧੁਨਕਾਰ, ਕਵਣ ਦਰ ਦਰਵਾਜ਼ਾ ਰਿਹਾ ਖੜਕਾਈਆ । ਕੋਈ ਨਾ ਆਇਆ ਪਹਿਰੇਦਾਰ, ਨਾ ਸੋਇਆ ਕੋਈ ਜਗਾਈਆ । ਕਰਨੇਹਾਰਾ ਆਪੇ ਹੋਇਆ ਖ਼ਬਰਦਾਰ, ਆਪਣੀ ਉਠ ਲਏ ਅੰਗੜਾਈਆ । ਨਿਰਗੁਣ ਰੂਪ ਕਰ ਪਸਾਰ, ਆਪਣਾ ਤਾਕ ਖੁਲਾਈਆ । ਨਾਨਕ ਗੁਰ ਵੇਖੇ ਨੇਤਰ ਨੈਣ ਉਘਾੜ, ਬੈਠਾ ਦਾਤਾ ਬੇਪਰਵਾਹੀਆ । ਸਾਚੀ ਨਾਰੀ ਪਾਇਆ ਕੰਤ ਲਾੜ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਾਨਕ ਨਿਰਗੁਣ ਦਰਸ਼ਨ ਪਾ, ਨਿਰਗੁਣ ਵਿਚ ਸਮਾਇਆ । ਤੂਹੀ ਪਿਤਾ ਤੂਹੀ ਮਾਂ, ਤੇਰਾ ਪੂਤ ਅਖਵਾਇਆ । ਆਦਿ ਜੁਗਾਦਿ ਪਕੜੇ ਤੂੰ ਬਾਂਹ,
੫੯੪ ਤੇਰਾ ਮੇਰਾ ਤੇਰੇ ਹੱਥ ਫੜਾਇਆ । ਦੋ ਜਹਾਨੀ ਦੇਵੇ ਠੰਡੀ ਛਾਂ, ਤੇਰਾ ਤੇਰੀ ਝੋਲੀ ਪਾਇਆ । ਤੇਰੇ ਚਰਨ ਕਵਲਾਂ ਸਦ ਬਲ ਬਲ ਜਾਂ, ਚਰਨ ੫੯੪
੦੭ ਦਵਾਰਾ ਇਕ ਸੁਹਾਇਆ । ਤੇਰਾ ਸਿੰਘਾਸਣ ਵੇਖੇ ਸਾਚੇ ਥਾਂ, ਦੂਸਰ ਨਾ ਕੋਈ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ੦੭
ਧਰ, ਸਤਿਗੁਰ ਨਾਨਕ ਵਖਾਇਆ ਘਰ, ਆਪ ਆਪਣਾ ਰੰਗ ਰੰਗਾਇਆ । ਅੰਗੀਕਾਰ ਨਾਨਕ ਕਰ, ਨੱਨ੍ਹਾ ਮੁਕਤਾ ਆਪ ਕਰਾਈਆ । ਨਿਰਗੁਣ ਵਿਚ ਨਿਰਗੁਣ ਧਰ, ਸਿਹਾਰੀ ਰਿਹਾ ਵਖਾਈਆ । ਨਿਰਗੁਣ ਬੈਠ ਸਰਗੁਣ ਵੜ, ਔਂਕੜ ਇਕ ਵਧਾਈਆ । ਤਿੰਨੇ ਨਾਨਕ ਗਏ ਬਣ, ਸਚ ਘਰ ਮਿਲੀ ਵਧਾਈਆ । ਤ੍ਰੈਲੋਕ ਤ੍ਰੈਗੁਣ ਮਾਇਆ ਰਹੀ ਡਰ, ਨਾਨਕ ਨਾਮ ਲਿਆ ਸ਼ਰਮਾਈਆ । ਪਾਰਬ੍ਰਹਮ ਪ੍ਰਭ ਦੇਵੇ ਵਰ, ਕਰਤਾ ਪੁਰਖ ਝੋਲੀ ਰਿਹਾ ਭਰਾਈਆ । ਸਤਿਨਾਮ ਭੰਡਾਰਾ ਦਿਤਾ ਭਰ, ਭੁੱਖ ਰਹੇ ਨਾ ਰਾਈਆ । ਸ੍ਰਿਸ਼ਟ ਸਬਾਈ ਅੱਗੇ ਧਰ, ਏਕਾ ਹੁਕਮ ਜਣਾਈਆ । ਗੁਰ ਨਾਨਕ ਬੋਲੇ ਅੱਗੇ ਖੜ, ਪ੍ਰਭ ਤੇਰੀ ਵਡ ਵਡਿਆਈਆ । ਏਕਾ ਵੇਖਿਆ ਤੇਰਾ ਦਰ, ਸੋ ਦਰ ਸਹਿਜ ਸੁਖਦਾਈਆ । ਕਵਣ ਅੱਖਰ ਲਵਾਂ ਪੜ੍ਹ, ਸ਼ਬਦੀ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਬੋਲੇ ਨਾ ਕੋਈ ਸੀਸ ਨਾ ਕੋਈ ਧੜ, ਏਕਾ ਸ਼ਬਦ ਸੁਣਾਈਆ । ਸੋਹੰ ਅੱਖਰ ਕਿਸੇ ਬੰਦ ਨਾ ਹੋਏ ਕਿਲੇ ਗੜ੍ਹ, ਚਾਰ ਦੀਵਾਰੀ ਨਾ ਕੋਈ ਰਖਾਈਆ । ਮੰਦਰ ਮਸਜਿਦ ਗੁਰਦਵਾਰ ਕੋਈ ਨਾ ਸਕੇ ਫੜ, ਨਿਰਗੁਣ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭਿਛਿਆ ਆਪੇ ਰਿਹਾ ਵਰਤਾਈਆ । ਆਪ ਆਪਣੀ ਭਿਛਿਆ ਪਾ, ਆਪਣੀ ਦਇਆ ਕਮਾਇਆ । ਸਾਚੀ ਸਿਖਿਆ ਇਕ ਸਮਝਾ, ਏਕਾ ਮਾਰਗ ਲਾਇਆ । ਦਹਿ ਦਿਸ਼ਾ ਫੇਰੀ ਪਾ, ਚਾਰੇ ਕੂਟਾਂ ਵੇਖ ਵਖਾਇਆ । ਏਕਾ ਮੰਤਰ ਨਾਮ ਦਿਤਾ ਦ੍ਰਿੜਾ, ਸਤਿ ਨਾਮ ਝੋਲੀ ਪਾਇਆ । ਨਾਮ ਸਤਿ ਹੋਏ ਸਹਾ, ਜਿਸ ਜਨ ਰਸਨਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਆਪ ਆਪਣਾ ਵੇਸ ਵਟਾਇਆ । ਹਰਿ ਜੋਤੀ ਹਰਿ ਨਿਰੰਕਾਰ, ਲੋਕਮਾਤ ਰਚਨ ਰਚਾਇੰਦਾ । ਪੰਜ ਤਤ ਕਰ ਪਿਆਰ, ਨਾਨਕ ਵਿਚ ਸਮਾਇੰਦਾ । ਨਾਨਕ ਕਰਤਾ ਗੁਰ ਕਰਤਾਰ, ਗੁਰ ਕਰਤਾਰ ਗੁਰ ਗੁਰ ਰੂਪ ਵਟਾਇੰਦਾ । ਧਰਤੀ ਦੱਬੀ ਪਾਪਾਂ ਭਾਰ, ਕੋਈ ਨਾ ਭਾਰ ਚੁਕਾਇੰਦਾ । ਕਿਰਪਾ ਕਰ ਅਪਰ ਅਪਾਰ, ਜੀਵਾਂ ਜੰਤਾਂ ਇਹ ਸਮਝਾਇੰਦਾ । ਨਾਮ ਚੱਪੂ ਸਤਿ ਨਾਮ ਨਾਮ ਸਤਿ ਸਤਿ ਸਤਿ ਕਰਤਾਰ, ਸਤਿ ਸਤਿ ਵਿਚ ਸਮਾਇੰਦਾ । ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ, ਸਾਚੇ ਪੌੜੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਦਿਤਾ ਇਕ ਵਰ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਗੁਰ ਆਪੇ ਚੇਲਾ, ਆਪੇ ਸਤਿਗੁਰ ਰੂਪ ਸਮਾਇਆ । ਆਪੇ ਨਿਰੰਕਾਰ ਆਪੇ ਨਾਨਕ ਮੇਲਾ, ਆਪੇ ਰਿਹਾ ਛੁਪਾਇਆ । ਆਪੇ ਖੇਲ ਪੰਜ ਤਤ ਖੇਲਾ, ਆਪੇ ਪੰਜ ਤਤ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਜੋਤੀ ਵੇਸ ਵਟਾਇਆ । ਹਰਿ ਜੋਤ ਗੁਰ ਉਜਾਗਰ, ਸਤਿਗੁਰ ਵਡ ਵਡਿਆਈਆ । ਚਾਰ ਬਣਾਏ ਘਰ ਸਚ ਸੌਦਾਗਰ, ਏਕਾ ਵਸਤ ਵਖਾਈਆ । ਭਾਗ ਲਗਾਏ ਕਾਇਆ ਗਾਗਰ, ਜੋ ਜਨ ਆਏ ਸਰਨਾਈਆ । ਨਿਰਗੁਣ ਕਰਮ ਕਰੇ ਉਜਾਗਰ, ਦੁਰਮਤ ਮੈਲ ਕਟਾਈਆ । ਦੇਵੇ ਨਾਮ ਰੱਤੀ ਰਤਨਾਗਰ, ਕਾਇਆ ਰੰਗਨ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਜੋਤ ਨਿਰਗੁਣ ਧਾਰ, ਸਤਿਗੁਰ ਸਤਿ ਪੁਰਖ ਆਪ ਅਖਵਾਈਆ । ਸਤਿ ਪੁਰਖ ਸਰਬ ਗੁਣਵੰਤਾ, ਸਾਰੰਗ ਧਰ ਅਖਵਾਇਆ । ਪੂਰਨ ਜੋਤ ਸ੍ਰੀ ਭਗਵੰਤਾ, ਨਾਨਕ ਵੇਸ ਵਟਾਇਆ । ਜਗਤ ਵਿਚਾਰੇ ਨਾਰੀ ਕੰਤਾ, ਦਿਸ ਕਿਸੇ ਨਾ ਆਇਆ । ਨਾਦ ਵਜਾਇਆ ਕਿੰਗਰੇ ਕਿੰਗਰੇ, ਇਕ ਮਰਦੰਗ ਵਖਾਇਆ । ਜੀਵ ਆਤਮ ਕੱਢੀ ਪੰਜ ਤਤ ਵਿਕਾਰ ਬੱਧੀ ਪਿੰਜਰੇ, ਏਕਾ ਧਿਆਨ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨਿਰਗੁਣ ਵੇਖ ਵਖਾਇਆ । ਨਾਨਕ ਨਿਰਗੁਣ ਧਾਰ ਅਵੱਲੀ, ਲੋਕਮਾਤ ਚਲਾਈਆ । ਨਿਰੰਕਾਰ ਕਰੇ ਖੇਲ ਜੋਤ ਜੋਤ ਅਕੱਲੀ, ਜੋਤੀ ਜੋਤ ਨਾਉਂ ਧਰਾਈਆ । ਆਦਿ ਅੰਤ ਵਲੀ ਛਲੀ, ਵਲੀਆ ਛਲੀਆ ਭੇਖ ਵਟਾਈਆ । ਹੋਕਾ ਦੇਵੇ ਗਲੀਓ ਗਲੀ, ਚਾਰੇ ਕੁੰਟਾਂ ਰਿਹਾ ਉਠਾਈਆ । ਨਾਮ ਸਤਿ ਅੰਮ੍ਰਿਤ ਫਲੀ, ਗੁਰਮੁਖਾਂ ਮੁਖ ਲਗਾਈਆ । ਆਤਮ ਖਿੜੇ ਸਾਚੀ ਕਲੀ, ਅੱਠੇ ਪੰਖੜੀਆਂ ਖੋਲ੍ਹ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣਿਆ ਨਾਨਕ ਵਲੀ, ਮੁੱਲਾਂ ਸ਼ੇਖ਼ ਪੀਰ ਮੁਸਾਇਕ ਕੁਤਬ ਗੌਂਸ ਆਪ ਸਮਝਾਈਆ । ਆਪੇ ਸ਼ਰਅ ਸ਼ਰੀਅਤ, ਆਪੇ ਕਰਮ ਕਮਾਇਆ । ਆਪੇ ਹੱਕ ਹਕੀਕਤ ਵੇਖੇ ਕਾਇਨਾਤ, ਆਪੇ ਕਾਅਬਾ ਫੇਰੀ ਪਾਇਆ । ਆਪੇ ਪੁਛਣਹਾਰ ਵਾਤ, ਆਪੇ ਲੇਖਾ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਵਸਿਆ ਸਾਚੇ ਘਰ, ਪੰਡਤ ਪਾਂਧੇ ਦਏ ਪੜ੍ਹਾਇਆ । ਪੰਡਤ ਪਾਂਧੇ ਆਤਮ ਗਿਆਨ, ਨਾਨਕ ਗੁਰ ਸਮਝਾਈਆ । ਏਕਾ ਸ਼ਬਦ ਮਾਰੇ ਬਾਨ, ਏਕਾ ਤੀਰ ਚਲਾਈਆ । ਏਕਾ ਅੰਮ੍ਰਿਤ ਦਿਸੇ ਪੀਣ ਖਾਣ, ਸੁੱਚ ਸੰਜਮ ਇਕ ਜਣਾਈਆ । ਏਕਾ ਧੂਪ ਦੀਪ ਇਕ ਮਕਾਨ, ਏਕਾ ਕ੍ਰਿਸ਼ਨ ਮਨਾਈਆ । ਏਕਾ ਰਾਮ ਪਕੜੇ ਦਾਮ, ਸੀਤਾ ਰਾਮ ਸੀਤਾ ਸੁਰਤੀ ਲਏ ਪਰਨਾਈਆ । ਏਕਾ ਗੀਤਾ ਇਕ ਗਿਆਨ, ਏਕਾ ਅਰਜਨ ਭਗਤ ਸਬਾਈਆ । ਏਕਾ ਵੇਦ ਇਕ ਪੁਰਾਨ, ਏਕਾ ਰਿਹਾ ਲਿਖਾਈਆ । ਏਕਾ ਕਰੇ ਆਪ ਵਖਿਆਨ, ਏਕਾ ਕਰੇ ਪੜ੍ਹਾਈਆ । ਜੀਵ ਜੰਤ ਕਲਜੁਗ ਖੋਲ੍ਹ ਬੈਠੇ ਦੁਕਾਨ, ਹਰਿ ਕਾ ਨਾਮ ਨਾ ਕੋਈ ਵਿਕਾਈਆ । ਘਰ ਘਰ


੫੯੫ ੦੨

ਮਸਤਕ ਤਿਲਕ ਸਾਰੇ ਲਾਣ, ਜੋਤ ਲਿਲਾਟ ਨਾ ਕੋਈ ਜਗਾਈਆ । ਦੇ ਦੇ ਚੌਕਾ ਬਹਿੰਦੇ ਪੀਣ ਖਾਣ, ਮਨ ਕਿਰਿਆ ਨਾ ਕੋਈ ਸਾਫ ਕਰਾਈਆ । ਪੜ੍ਹ ਪੜ੍ਹ ਕਰਦੇ ਰਹੇ ਜਗਤ ਗਿਆਨ, ਆਤਮ ਵਿਦਿਆ ਨਾ ਕੋਈ ਪੜ੍ਹਾਈਆ । ਫੜ ਫੜ ਕਰੌਂਦੇ ਅਠਸਠ ਅਸਨਾਨ, ਦੁਰਮਤ ਮੈਲ ਨਾ ਕੋਈ ਗਵਾਈਆ । ਦੁਰਗਾ ਮੰਤਰ ਸੁਣੌਂਦੇ ਕਾਨ, ਦੂਈ ਦਵੈਤੀ ਪੜਦਾ ਕੋਈ ਨਾ ਲਾਹੀਆ । ਟੱਲੀਆਂ ਵਜੌਣ ਵਿਚ ਚਾਰ ਦਿਵਾਰ ਮਾਟੀ ਮਕਾਨ, ਕਾਇਆ ਮੰਦਰ ਅੰਦਰ ਅਨਹਦ ਤਾਲ ਨਾ ਕੋਈ ਵਜਾਈਆ । ਨਾਨਕ ਗੁਰ ਹੋ ਮਿਹਰਵਾਨ, ਲੋਕਮਾਤ ਕਰੇ ਸ਼ਬਦ ਜਣਾਈਆ । ਏਕਾ ਗੁਰ ਇਕ ਧਿਆਨ, ਏਕਾ ਬੂਝ ਬੁਝਾਈਆ । ਏਕਾ ਦਾਤਾ ਸ੍ਰੀ ਭਗਵਾਨ, ਜੀਆਂ ਦਾਨ ਰਿਜ਼ਕ ਸਬਾਈਆ । ਏਕਾ ਦੇਵੇ ਪੀਣ ਖਾਣ, ਸੇਵਕ ਸੇਵਾ ਰਿਹਾ ਕਰਾਈਆ । ਦੀਨ ਮਜ਼੍ਹਬ ਨਾ ਕੋਈ ਈਮਾਨ, ਜ਼ਾਤ ਪਾਤ ਵਿਚ ਨਾ ਆਈਆ । ਨਾ ਕੋਈ ਹਿੰਦੂ ਨਾ ਮੁਸਲਮਾਨ, ਏਕਾ ਬ੍ਰਹਮ ਰਖਾਈਆ । ਸ਼ੂਦਰ ਵੈਸ਼ ਬ੍ਰਹਿਮਣ ਸ਼ੱਤਰੀ ਨਾ ਕੋਈ ਵਿਧਾਨ, ਏਕਾ ਬਣਤ ਬਣਾਈਆ । ਹਰ ਘਟ ਬੈਠਾ ਹੋ ਪਰਧਾਨ, ਆਪਣਾ ਥਾਨ ਸੁਹਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਸਕੇ ਪਛਾਨ, ਪੜ੍ਹ ਪੜ੍ਹ ਥੱਕੇ ਸਰਬ ਲੋਕਾਈਆ । ਜਿਸ ਜਨ ਹੋਏ ਆਪ ਮਿਹਰਵਾਨ, ਆਪ ਆਪਣਾ ਦਰਸ ਦਿਖਾਈਆ । ਏਕਾ ਮੰਡਲ ਏਕਾ ਮੰਡਪ ਏਕਾ ਗੋਪੀ ਏਕਾ ਕਾਹਨ, ਏਕਾ ਰਾਸ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਨਾਨਕ ਨਾਉਂ ਰਖਾਈਆ । ਨਾਨਕ ਧਰਿਆ ਜਗਤ ਨਾਂ, ਨਿਰਗੁਣ ਦਿਸ ਨਾ ਆਇਆ । ਪੂਤ ਪੁਕਾਰੇ ਪਿਤਾ ਮਾਂ, ਬਾਲਕ ਲਾਡ ਲਡਾਇਆ । ਹਰਿ ਕਾ ਭੇਵ ਕੋਈ ਜਾਣੇ ਨਾ, ਨਾ ਕੋਈ ਵੇਖ ਵਖਾਇਆ । ਨਾਨਕ ਨਿਰਗੁਣ ਕੋਈ ਪਛਾਣੇ ਨਾ, ਚਾਰੋਂ ਕੁੰਟ ਧੱਕੇ ਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਪੇ ਰਿਹਾ ਕਰਾਇਆ । ਨਾਨਕ ਨਿਰਗੁਣ ਕਰ ਪਿਆਰਾ, ਚਾਰੋਂ ਕੁੰਟ ਉਠ ਧਾਇੰਦਾ । ਪੰਜ ਤਤ ਜਗਤ ਵਿਕਾਰਾ, ਮਾਇਆ ਮੋਹ ਲੋਭ ਹਲਕਾਇੰਦਾ । ਆਸਾ ਤ੍ਰਿਸਨਾ ਨਾ ਕੋਈ ਬੰਨੇ ਧਾਰਾ, ਜਗਤ ਜੰਜਾਲਾ ਨਾ ਕੋਈ ਤੁੜਾਇੰਦਾ । ਸਤਿਨਾਮ ਦੇਵੇ ਖੰਡਾ ਦੋ ਧਾਰਾ, ਜਨ ਭਗਤਾਂ ਹੱਥ ਉਠਾਇੰਦਾ । ਕਲਜੁਗ ਜੀਵ ਸੁੱਤੇ ਪੈਰ ਪਸਾਰਾ, ਕੋਈ ਨਾ ਅੱਖ ਖੁਲ੍ਹਾਇੰਦਾ । ਨਾਨਕ ਗੁਰ ਕਰ ਵਿਚਾਰਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਤੇਰੀ ਧਾਰਾ, ਤੇਰੇ ਅੱਗੇ ਟਿਕਾਇੰਦਾ । ਆਪਣਾ ਕਰਮ ਆਪ ਵਿਚਾਰਾ, ਲਹਿਣੇ ਝੋਲੀ ਪਾਇੰਦਾ । ਅੰਗਦ ਅੰਗ ਠੰਡਾ ਕੀਆ ਅੰਗਿਯਾਰਾ, ਜਗਤ ਤ੍ਰਿਸਨ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਦਰ, ਤੇਰਾ ਦਰ ਹਰਿ ਸੁਹਾਇੰਦਾ । ਨਾਨਕ ਗੁਰ ਅਗੰਮਾ ਬੋਲ, ਹਰਿ ਹਰਿ ਆਪ ਸੁਣਾਇਆ । ਜਗਤ ਤੋਲਿਆ ਆਪਣੇ ਤੋਲ, ਪੂਰਾ ਤੋਲ ਨਾ ਕੋਇ ਕਰਾਇਆ । ਤ੍ਰੈਗੁਣ ਮਾਇਆ ਪਾਇਆ ਘੋਲ, ਪੰਜ ਤਤ ਅਖਾੜਾ ਲਾਇਆ । ਜੂਠ ਝੂਠ ਵੱਜੇ ਢੋਲ, ਜਗਤ ਨਗਾਰਾ ਰਿਹਾ ਸੁਣਾਇਆ । ਸਚ ਵਸਤ ਨਾ ਰੱਖੇ ਕੋਈ ਕੋਲ, ਬੈਠੇ ਮੁਖ ਭਵਾਇਆ । ਤੇਰੀ ਕਰਨੀ ਕਾਦਰ ਕਰਤੇ ਸ੍ਰਿਸ਼ਟ ਸਬਾਈ ਕਰੀ ਅਨਭੋਲ, ਭੁੱਲ ਭੁੱਲ ਆਪਣਾ ਮਾਰਗ ਰਹੇ ਗਵਾਇਆ । ਨਾਨਕ ਬੁਲਾਇਆ ਤੇਰਾ ਬੋਲ, ਚਾਰੋਂ ਕੁੰਟ ਸੁਣਾਇਆ । ਮਨਮਤ ਕਰੇ ਜਗਤ ਮਖੌਲ, ਦੋਏ ਜੋੜ ਸੀਸ ਨਾ ਕੋਈ ਝੁਕਾਇਆ । ਤੇਰਾ ਮੇਰਾ ਪੂਰਾ ਹੋਇਆ ਕੌਲ, ਤੇਰਾ ਤੇਰੇ ਅੱਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਸ਼ਬਦ ਜਣਾਇਆ । ਨਾਨਕ ਗੁਰ ਤੇਰੀ ਧਾਰ, ਮੇਰੇ ਵਿਚ ਸਮਾਈਆ । ਤੇਰਾਂ ਤੇਰਾਂ ਤੋਲਿਆ ਵਿਚ ਸੰਸਾਰ, ਤੇਰਾ ਬੋਲਾ ਪੂਰਾ ਦਏ ਕਰਾਈਆ ।

ਕਲਜੁਗ ਅੰਤਮ ਲੱਖ ਚੁਰਾਸੀ ਨਾਰ ਹੋਏ ਵਿਭਚਾਰ, ਨਾ ਕੋਈ ਕੰਤ ਮਨਾਈਆ । ਕਵਾਰ ਕੰਨਿਆ ਕਰਨ ਸ਼ੰਗਾਰ, ਕੱਜਲ ਧਾਰ ਬੰਧਾਈਆ । ਪੂਤ ਮਾਤ ਸੇਜ ਭਤਾਰ, ਭੈਣਾਂ ਭਈਆ ਸੰਗ ਰਖਾਈਆ । ਸੁਤ ਦੁਲਾਰੀ ਤੱਕੇ ਨਾਰ, ਪਿਤਾ ਨੈਣ ਸ਼ਰਮਾਈਆ । ਦੁਸ਼ਟ ਦੁਰਾਚਾਰੀ ਹੋਏ ਹੰਕਾਰ, ਚਾਰੋਂ ਕੁੰਟ ਗੜ੍ਹ ਸੁਹਾਈਆ । ਵਰਨ ਬਰਨ ਹਾਹਾਕਾਰ, ਘਰ ਘਰ ਪਏ ਲੜਾਈਆ । ਨਾਤਾ ਤੁਟੇ ਕੰਤ ਭਤਾਰ, ਸੱਥਰ ਸੇਜ ਨਾ ਕੋਈ ਹੰਢਾਈਆ । ਵੇਸਵਾ ਘਰ ਬਣੇ ਮਸਜਦ ਮੰਦਰ ਗੁਰੂਦਵਾਰ, ਮਤ ਬੁਧ ਨਾ ਕੋਈ ਰੁਸ਼ਨਾਈਆ । ਕਲਜੁਗ ਰੈਣ ਹੋਈ ਅੰਧਿਆਰ, ਰਵ ਸਸ ਬੈਠਣ ਮੁਖ ਛੁਪਾਈਆ । ਰਿਖੀ ਮੁਨੀ ਜੰਗਲ ਜੂਹ ਵੇਖ ਪਹਾੜ, ਸੁਨ ਸਮਾਧ ਨਾ ਕੋਈ ਖੁਲ੍ਹਾਈਆ । ਅਠਸਠ ਤੀਰਥ ਝੂਠੀ ਧਾੜ, ਤਨ ਲੰਗੋਟ ਨਾ ਕੋਈ ਬੰਧਾਈਆ । ਸਾਧਾਂ ਸੰਤਾਂ ਅਗਨੀ ਲੱਗੇ ਤੱਤੀ ਹਾੜ, ਸਾਂਤਕ ਸਤਿ ਨਾ ਕੋਈ ਵਰਤਾਈਆ । ਜੋਤ ਨਾ ਜਗਾਏ ਕੋਈ ਬਹੱਤਰ ਨਾੜ, ਲਿਖ ਲਿਖ ਨਾਉਂ ਝੋਲੀ ਪਾਈਆ । ਬਜਰ ਕਪਾਟੀ ਕੋਈ ਨਾ ਦੇਵੇ ਪਾੜ, ਨਾਮ ਖੰਡਾ ਨਾ ਕੋਈ ਉਠਾਈਆ । ਨਾ ਕੋਈ ਮੇਟੇ ਪੰਚਮ ਧਾੜ, ਜੂਠੇ ਝੂਠੇ ਬੈਠੇ ਧੂਣੀਆਂ ਤਾਈਆ । ਸਰ ਸਰੋਵਰ ਲੱਗਾ ਇਕ ਅਖਾੜ, ਨਾਰੀ ਪੁਰਸ਼ ਨੰਗੇ ਰਹੇ ਤਾਰੀਆਂ ਲਾਈਆ । ਬਣ ਮਰਗ ਨਾ ਵੇਖੇ ਕੋਈ ਉਜਾੜ, ਪਸੂ ਪ੍ਰੇਤਾਂ ਮੂਲ ਚੁਕਾਈਆ । ਪੰਖੀ ਪੰਛੀ ਸਰਵਰ ਤਰਵਰ ਹੋਏ ਭਾਗ ਮਾੜ, ਆਪ ਆਪਣੇ ਘੌਸਲੇ ਰਹੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦੇਵੇ ਵਰ, ਗੁਰ ਨਾਨਕ ਕਰੇ ਜਣਾਈਆ । ਗੁਰ ਨਾਨਕ ਸੁਣ ਹਰਿ ਹਰਿ ਧਾਰ, ਘਰ ਘਰ ਖ਼ੁਸ਼ੀ ਮਨਾਈਆ । ਤੇਰਾ ਖੇਲ ਹਰਿ ਨਿਰੰਕਾਰ, ਤੇਰਾ ਤੋਹੇ ਭਾਈਆ । ਕਵਣ ਰੂਪ ਆਵੇਂ ਵਿਚ ਸੰਸਾਰ, ਕਵਣ ਨਾਉਂ ਧਰਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬੋਲੇ ਇਕ ਜੈਕਾਰ, ਏਕਾ ਨਾਉਂ ਉਪਾਈਆ । ਨਿਹਕਲੰਕਾ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਇਕ ਬਣਾਏ ਬੰਕ ਦਵਾਰ, ਚਾਰ ਵਰਨ ਅਠਾਰਾਂ ਬਰਨ ਰਹਿਣ ਨਾ ਪਾਈਆ । ਰਾਜ ਰਾਜਾਨ ਸ਼ਾਹ ਸੁਲਤਾਨਾਂ ਊਚਾਂ ਨੀਚਾਂ ਵਖਾਏ ਇਕ ਦਰਬਾਰ, ਏਕਾ ਥਾਨ ਸੁਹਾਈਆ । ਸ਼ਬਦ ਖੰਡਾ ਫੜੇ ਹੱਥ ਤੇਜ਼ ਕਟਾਰ, ਸੋਹੰ ਨਾਉਂ ਧਰਾਈਆ । ਮਨਮੁਖ ਕਰੇ ਖਵਾਰ, ਗੁਰਮੁਖਾਂ ਚੋਗ ਚੁਗਾਈਆ । ਤੇਰਾ ਨਾਮ ਸਤਿ ਹੋਏ ਉਜਿਆਰ, ਸਤਿਜੁਗ ਸਾਚੀ ਬਣਤ ਬਣਾਈਆ । ਏਕਾ ਤਤ ਕਰੇ ਸੰਸਾਰ, ਤਤਵ ਤਤ ਇਕ ਜਣਾਈਆ । ਏਕਾ ਰੱਤ ਭਰੇ ਅਪਰ ਅਪਾਰ, ਆਪ ਆਪਣੇ ਅੰਗ ਲਗਾਈਆ । ਬੀਜੇ ਨਾਮ ਸਾਚੇ ਵਤ ਸੱਚੀ ਸਰਕਾਰ, ਫਲ ਸਾਚਾ ਇਕ ਉਗਾਈਆ । ਫਲ ਲਗਾਏ ਸਤਿ ਸੰਤੋਖ ਧੀਰਜ ਯਤ ਹਠ ਤਪ ਇਕ ਵਖਾਈਆ । ਏਕਾ ਗਿਆਨ ਏਕਾ ਮਤ, ਗੁਰਮਤ ਇਕ ਬੁਝਾਈਆ । ਏਕਾ ਪੂਜਾ ਏਕਾ ਪਾਠ, ਏਕਾ ਕਰੇ ਪੜ੍ਹਾਈਆ । ਏਕਾ ਸ਼ਬਦ ਏਕਾ ਸੋਟੀ ਏਕਾ ਲਾਠ, ਲੱਖ ਚੁਰਾਸੀ ਹੱਥ ਫੜਾਈਆ । ਏਕਾ ਵਣਜ ਏਕਾ ਹਾਟ, ਏਕਾ ਹੱਟ ਕਰਾਈਆ । ਏਕਾ ਤੀਰਥ ਏਕਾ ਤਾਟ, ਸਰ ਸਰੋਵਰ ਇਕ ਵਖਾਈਆ । ਏਕਾ ਰਸ ਲੈਣਾ ਚਾਟ, ਨੌਂ ਰਸ ਰਹੇ ਸ਼ਰਮਾਈਆ । ਨੌਂ ਦਵਾਰੇ ਪਾਰ ਘਾਟ, ਨੌਂ ਖੰਡ ਵੱਡੀ ਵਡਿਆਈਆ । ਨੌਂ ਚਾਰ ਮਾਰੇ ਠਾਠ, ਨਾਨਕ ਲੇਖਾ ਗਿਆ ਲਿਖਾਈਆ । ਨੌਂ ਨੌਂ ਯੁਗ ਬਾਕੀ ਵਾਟ, ਚੌਕਾ ਦਏ ਸਲਾਹੀਆ । ਛੱਤੀ ਯੁਗ ਤੇਰੀ ਨੇੜੇ ਵਾਟ, ਨੌਂ ਸਦ ਚੁਰਾਨਵੇ ਚੌਕੜੀ ਆਪਣਾ ਵਕ਼ਤ ਰਹੀ ਵੰਡਾਈਆ । ਬ੍ਰਹਮੇ ਮਨਵੰਤਰ ਨਾ ਵਿਕੇ ਕਿਸੇ ਹਾਟ, ਨਾ ਕੋਈ ਮੁਲ ਪਵਾਈਆ । ਲਹਿਣਾ ਦੇਣਾ ਚੁੱਕੇ ਭੋਲੇ ਨਾਥ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਆਪਣਾ ਆਪੇ ਲਿਆ ਚਾਟ,

੫੯੭
੦੭

ਅੰਤਮ ਕਰੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਾਨਕ ਇਹ ਬੁਝਾਈਆ । ਨਿਰਗੁਣ ਸੁਣ ਹਰਿ ਸਲਾਹ, ਵਡ ਵੱਡਾ ਵਡਿਆਇਆ । ਤੂੰ ਦਾਤਾ ਦਾਨੀ ਬੇਪਰਵਾਹ, ਤੇਰਾ ਅੰਤ ਕਿਸੇ ਨਾ ਪਾਇਆ । ਜੁਗ ਜੁਗ ਬਣੇ ਜਗਤ ਮਲਾਹ, ਸੇਵਕ ਸੇਵਾ ਰਿਹਾ ਕਮਾਇਆ । ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣਿਆਂ ਲਏ ਉਠਾਇਆ । ਭਗਤ ਜਨਾ ਜਨ ਪਕੜੇ ਬਾਂਹ, ਜਨ ਜਣੇਂਦੀ ਲਏ ਤਰਾਇਆ । ਆਦਿ ਜੁਗਾਦਿ ਦੇਵਣਹਾਰ ਭੰਡਾਰ, ਸਿਰ ਰਿਹਾ ਹੱਥ ਟਿਕਾਇਆ । ਆਪੇ ਪਿਤਾ ਆਪੇ ਮਾਂ, ਸਖਾ ਸਖਾਈ ਨਾਮ ਧਰਾਇਆ । ਤੇਰਾ ਮੇਰਾ ਏਕਾ ਥਾਂ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਇਕ ਘਰ, ਘਰ ਸੁਹੰਜਣਾ ਆਦਿ ਪੁਰਖ ਨਿਰੰਜਣਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣੇ ਵਿਚ ਸਮਾ, ਆਪਣੀ ਖੇਲ ਖਿਲਾਇੰਦਾ । ਅੰਗਦ ਅੰਗੀ ਅੰਗ ਕਰਾ, ਲਹਿਣਾ ਲਹਿਣੇ ਝੋਲੀ ਪਾਈਆ । ਜੋਤੀ ਜੋਤ ਜੋਤ ਜਗਾ, ਸ਼ਬਦੀ ਸ਼ਬਦ ਉਪਜਾਇੰਦਾ । ਸ਼ਬਦੀ ਸ਼ਬਦ ਰਚਨ ਰਚਾ, ਸ਼ਬਦੀ ਨਾਦ ਵਜਾਇੰਦਾ । ਸ਼ਬਦ ਨਾਦ ਮਾਤ ਪਰਗਟਾ, ਸ਼ਬਦ ਗਹਿਣਾ ਬਸਤਰ ਪਾਇੰਦਾ । ਸ਼ਬਦ ਨੇਤਰ ਕਜਲਾ ਪਾ, ਏਕਾ ਧਾਰ ਬੰਧਾਇੰਦਾ । ਨਿਰਗੁਣ ਨੂਰ ਦਰਸ਼ਨ ਪਾ, ਨਾਨਕ ਨਾਨਕ ਰਸਨਾ ਗਾਇੰਦਾ । ਮਿਲਿਆ ਮੇਲ ਸਹਿਜ ਸੁਭਾ, ਪੂਰਾ ਗੁਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਅੰਗਦ ਜੋਤ ਅਮਰਦਾਸ ਜਗਾਈ, ਨੂਰੋ ਨੂਰ ਸਮਾਇਆ । ਸ਼ਬਦ ਗੁਰ ਕਰ ਕੁੜਮਾਈ, ਸਾਚਾ ਸਗਨ ਮਨਾਇਆ । ਬਾਲ ਬਿਰਧ ਨਾ ਕੋਈ ਜਣਾਈ, ਏਕਾ ਰੰਗ ਰੰਗਾਇਆ । ਏਕਾ ਮੰਗਲ ਏਕਾ ਗੀਤ ਸੁਹਾਗੀ ਗਾਈ, ਏਕਾ ਛੰਦ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਮਰ ਅਮਰਾਪਦ ਵਖਾਇਆ । ਅਮਰਾਪਦ ਪਦ ਨਿਰਬਾਣਾ, ਗੁਰਮਤ ਗੁਰ ਆਪ ਟਿਕਾਇਆ । ਰਾਮ ਦਾਸ ਧੁਰ ਨਿਸ਼ਾਨਾ, ਤੀਰ ਨਿਸ਼ਾਨਾ ਇਕ ਚਲਾਇਆ । ਸਤਿ ਸੰਤੋਖੀ ਬੱਧਾ ਗਾਨਾ, ਆਪ ਆਪਣਾ ਲਿਆ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਦਾਸ ਰਾਮ ਹੋ ਆਇਆ । ਰਾਮਦਾਸ ਦਾਸ ਗੁਰ ਮੰਤਰ, ਨਾਨਕ ਗੁਰ ਜਣਾਈਆ । ਸ੍ਰਿਸ਼ਟ ਸਬਾਈ ਵੇਖੇ ਖੇਤਰ, ਏਕਾ ਅੱਖ ਖੁਲ੍ਹਾਈਆ । ਲੱਖ ਚੁਰਾਸੀ ਫੁਲਵਾੜੀ ਬਸੰਤ ਰੁੱਤ ਮਹੀਨਾ ਚੇਤਰ, ਫੁਲ ਡਾਲ੍ਹੀ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਵੇਖ ਵਖਾਈਆ । ਗੁਰ ਅਰਜਨ ਇਕ ਗਿਆਨਾ, ਏਕਾ ਗੁਰ ਦ੍ਰਿੜਾਇਆ । ਅੱਠੇ ਪਹਿਰ ਇਕ ਧਿਆਨਾ, ਏਕਾ ਰੂਪ ਸਮਾਇਆ । ਏਕਾ ਰੂਪ ਸ੍ਰੀ ਭਗਵਾਨਾ, ਏਕਾ ਮੰਗ ਮੰਗਾਇਆ । ਏਕਾ ਸ਼ਬਦ ਇਕ ਤਰਾਨਾ, ਏਕਾ ਮੰਗਲ ਗਾਇਆ । ਏਕਾ ਲੇਖਾ ਲਿਖੇ ਧੁਰ ਮਹਾਨਾ, ਚੌਥੇ ਅੰਕ ਰਲਾਇਆ । ਚਾਰੇ ਘਰ ਹੋਏ ਪਰਧਾਨਾ, ਗੁਰ ਅਰਜਨ ਮੇਲ ਮਿਲਾਇਆ । ਪੰਚਮ ਮੇਲ ਗੁਣੀ ਨਿਧਾਨਾ, ਹਰਿ ਹਰਿ ਵੇਖ ਵਖਾਇਆ । ਹਰਿ ਹਰਿ ਖੇਲੇ ਖੇਲ ਮਹਾਨਾ, ਆਪਣਾ ਹੁਕਮ ਜਣਾਇਆ । ਬੋਧ ਅਗਾਧਾ ਇਕ ਗਿਆਨਾ, ਏਕਾ ਮਾਰਗ ਲਾਇਆ । ਲੇਖਾ ਲਿਖਤ ਜਗਤ ਜਹਾਨਾਂ, ਹਰਿ ਮੰਤਰ ਨਾਮ ਦ੍ਰਿੜਾਇਆ । ਸੰਤ ਭਗਤ ਭਗਵੰਤ ਬੈਠਣ ਇਕ ਮਕਾਨਾ, ਗੁਰੂ ਗ੍ਰੰਥ ਬਣਾਇਆ । ਜਗਤ ਵਿਦਿਆ ਹੋਈ ਨਿਧਾਨਾ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖਾ ਆਪ ਲਿਖਾਇਆ । ਹਰਿ ਕਾ ਲੇਖਾ ਅਗੰਮ ਅਪਾਰ, ਨਾਨਕ ਗੁਰ ਵਡਿਆਈਆ । ਅੰਗਦ ਗੁਰ ਬੰਨੇ ਧਾਰ, ਨਾਨਕ ਰਸਨਾ ਗਾਈਆ ।

੫੯੮
੦੨

ਅਮਰਦਾਸ ਢਹਿ ਪਿਆ ਦਵਾਰ, ਕਾਇਆ ਮਹੱਲ ਅਟੱਲ ਇਕ ਸੁਹਾਈਆ । ਵੇਖੇ ਉਚ ਅਟੱਲ ਮਿਨਾਰ, ਜੋਤ ਜਗੇ ਬੇਪਰਵਾਹੀਆ । ਲੇਖ ਲਿਖਾਇਆ ਅਪਰ ਅਪਾਰ, ਆਪ ਆਪਣੀ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਦਰਸਾਈਆ । ਰਾਮਦਾਸ, ਅੰਦਰ ਮੰਦਰ ਲੇਖ ਲਿਖਾਇਆ । ਰਾਮਦਾਸ ਰਸਨ ਸਵਾਸ, ਹਰਿ ਹਰਿ ਸਾਚਾ ਗਾਇਆ । ਪੁਰਖ ਅਬਿਨਾਸ਼ ਵਸਿਆ ਪਾਸ, ਦਿਵਸ ਰੈਣ ਸੇਵ ਕਮਾਇਆ । ਹਰਿ ਮੰਦਰ ਲੋਕਮਾਤ ਕਰ ਪਰਕਾਸ਼, ਭੇਦ ਅਭੇਦ ਅਭੇਵ ਖੁਲ੍ਹਾਇਆ । ਸਰ ਸਰੋਵਰ ਇਕ ਬਣਾਇਆ ਚਾਰੇ ਕੂੰਟਾਂ ਖੋਲ੍ਹ ਕਿਵਾੜ ਕਰੇ ਬੰਦ ਖਲਾਸ, ਉਤਰ ਪੂਰਬ ਪੱਛਮ ਦੱਖਣ ਏਕਾ ਰੰਗ ਰੰਗਾਇਆ । ਨਾ ਕੋਈ ਹੱਡ ਨਾੜੀ ਮਾਸ, ਚੰਮ ਦ੍ਰਿਸ਼ਟੀ ਨਾ ਕੋਈ ਰਖਾਇਆ । ਇੱਟਾਂ ਗਾਰਾ ਜਗਤ ਤਮਾਸ਼, ਦੇ ਮਤ ਰਿਹਾ ਸਮਝਾਇਆ । ਅੰਦਰ ਵੇਖ ਮਾਰ ਧਿਆਨ ਹਰਿ ਬੈਠਾ ਸ਼ਾਹੋ ਸ਼ਬਾਸ਼, ਨਿਰਗੁਣ ਜੋਤ ਕਰੇ ਰੁਸ਼ਨਾਇਆ । ਗੁਰਸਿਖ ਰਾਮਦਾਸ ਤੇਰਾ ਹੋਏ ਦਾਸੀ ਦਾਸ, ਜੋ ਜਨ ਕਾਗ ਹੰਸ ਬਣ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਤਾਲ ਵਖਾਇਆ । ਹਰਿ ਮੰਦਰ ਹਰਿ ਦਵਾਰ ਹਰਿ ਸਾਚਾ ਤਾਲ ਸੁਹਾਇਆ । ਨਿਰਗੁਣ ਜੋਤੀ ਕਰ ਉਜਿਆਰ, ਗੁਰ ਅਰਜਨ ਵੇਖ ਵਖਾਇਆ । ਅੱਠੇ ਪਹਿਰ ਰੰਗ ਕਰਤਾਰ, ਅੰਧ ਅੰਧੇਰ ਦਿਸ ਨਾ ਆਇਆ । ਦਿਵਸ ਰੈਣ ਸ਼ਬਦ ਧੁੰਨਕਾਰ, ਧੁਨ ਅਨਾਦੀ ਰਿਹਾ ਵਜਾਇਆ । ਚਰਨ ਕਵਲ ਹਰਿ ਕਰ ਪਿਆਰ, ਗੁਰ ਨਾਨਕ ਨਜ਼ਰੀ ਆਇਆ । ਨਾਨਕ ਬੋਲੇ ਕਰ ਪਿਆਰ, ਅਰਜਨ ਵੇਖ ਵਖਾਇਆ । ਆਏ ਦਾਨ ਧੁਰ ਫ਼ਰਮਾਣ, ਲੇਖਾ ਇਹ ਸਮਝਾਇਆ । ਚਿੱਟੇ ਉਤੇ ਲਿਖ ਕਾਲਾ ਨਿਸ਼ਾਨ, ਨਾ ਕੋਈ ਸਕੇ ਮੇਟ ਮਿਟਾਇਆ । ਕਲਜੁਗ ਮੇਟੇ ਝੂਠ ਦੁਕਾਨ, ਭੇਖ ਪਖੰਡ ਰਹਿਣ ਨਾ ਪਾਇਆ । ਗੁਰ ਕਾ ਗਿਆਨ ਨਾ ਕੋਈ ਵੇਚੇ ਵਿਚ ਦੁਕਾਨ, ਨਾ ਹੱਟੋ ਹੱਟ ਫਿਰਾਇਆ । ਦੋ ਜਹਾਨ ਕੀਮਤ ਕੋਈ ਨਾ ਸਕੇ ਚੁਕਾਨ, ਨਾ ਕੋਈ ਮੁੱਲ ਪਵਾਇਆ । ਧੁਰ ਦੀ ਬਾਣੀ ਧੁਰ ਦੀਬਾਣ, ਧੁਰ ਕਰਤਾ ਰਿਹਾ ਲਿਖਾਇਆ । ਅਕਾਲ ਪੁਰਖ ਹੋਇਆ ਮਿਹਰਵਾਨ, ਗੁਰ ਅਰਜਨ ਸੇਵਾ ਲਾਇਆ । ਸ਼ਬਦ ਗੁਰ ਆਇਆ ਵਿਚ ਮੈਦਾਨ, ਆਪਣਾ ਪੜਦਾ ਲਾਹਿਆ । ਗੁਰਮੁਖ ਵਿਰਲਾ ਕਰੇ ਧਿਆਨ, ਜਿਸ ਜਨ ਬੂਝ ਬੁਝਾਇਆ । ਜਗਤ ਗਿਆਨ ਨਾ ਸਕੇ ਪਛਾਨ, ਪੜ੍ਹ ਪੜ੍ਹ ਵਾਦਿ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਦਿਤਾ ਏਕਾ ਵਰ, ਏਕਾ ਗੁਰ ਵਖਾਇਆ । ਏਕਾ ਗੁਰ ਇਕ ਗ੍ਰੰਥ, ਏਕਾ ਰੂਪ ਦਰਸਾਇੰਦਾ । ਏਕਾ ਸਿਖ ਏਕਾ ਸਿਖਿਆ ਏਕਾ ਪੰਥ, ਏਕਾ ਮਾਰਗ ਲਾਇੰਦਾ । ਸ੍ਰਿਸ਼ਟ ਸਬਾਈ ਦੀਸੇ ਮਿਥਿਆ ਨਾ ਕੋਈ ਰਹੇ ਅੰਤ, ਅਸਥਿਲ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਜਣਾਈ ਲੋਕਮਾਤ ਵੱਜੇ ਵਧਾਈ ਧਾਮ ਸੁਹਾਏ ਇਕ ਅਨਡੀਠਿਆ । ਗੁਰੂ ਗ੍ਰੰਥ ਸ਼ਬਦ ਚੋਟ, ਏਕਾ ਤਨ ਲਗਾਈਆ । ਮਨਮੁਖਾਂ ਕੱਢੇ ਕਾਇਆ ਖੋਟ, ਜੋ ਜਨ ਹਿਰਦੇ ਰਿਹਾ ਵਸਾਈਆ । ਗ੍ਰੰਥੀ ਪੰਥੀ ਮਾਇਆ ਭਰੇ ਨਾ ਕੋਈ ਪੋਟ, ਨਾ ਕੋਈ ਵਿਸ਼ਟਾ ਵੱਢੀ ਲੈ ਲੈ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਸ਼ਬਦ ਧਰ, ਸ਼ਬਦ ਗੁਰ ਰਿਹਾ ਸਲਾਹੀਆ । ਸ਼ਬਦ ਗੁਰ ਗੁਰ ਦੀਨਾਂ, ਸ਼ਬਦੀ ਲੇਖ ਲਿਖਾਇਆ । ਸ਼ਬਦੀ ਸ਼ਬਦ ਸ਼ਬਦ ਰਸ ਭੀਨਾ, ਸ਼ਬਦੀ ਰੰਗ ਚੜ੍ਹਾਇਆ । ਸ਼ਬਦ ਜਲ ਸ਼ਬਦ ਮੀਨਾ, ਸ਼ਬਦ ਸ਼ਬਦ ਵਿਚ ਸਮਾਇਆ । ਸ਼ਬਦ ਬੰਨੇ ਲੋਕ ਤੀਨਾਂ, ਅਕਾਸ਼ ਪਰਕਾਸ਼ ਸ਼ਬਦ ਟਿਕਾਇਆ । ਸ਼ਬਦ ਦਾਨਾ ਸ਼ਬਦ ਬੀਨਾ, ਦਾਨਾ ਬੀਨਾ ਸ਼ਬਦ ਅਖਵਾਇਆ । ਸ਼ਬਦ ਖਾਣਾ ਸ਼ਬਦ ਪੀਣਾ, ਸ਼ਬਦ

ਤ੍ਰਿਸਨਾ ਤ੍ਰਿਪਤ ਕਰਾਇਆ । ਸ਼ਬਦ ਮਰਨਾ ਸ਼ਬਦ ਜੀਣਾ, ਸ਼ਬਦ ਸ਼ਬਦ ਲਏ ਉਪਾਇਆ । ਸ਼ਬਦ ਜੋਧਾ ਸ਼ਬਦ ਪਰਬੀਨਾ, ਸ਼ਬਦ ਡੰਕ ਵਜਾਇਆ । ਸ਼ਬਦ ਪੰਚਮ ਨੀਚੋ ਨੀਚ ਸ਼ਬਦ ਹੀਣਾ, ਸ਼ਬਦ ਨਿਊਂ ਨਿਊਂ ਸੀਸ ਝੁਕਾਇਆ । ਸ਼ਬਦ ਰਾਜ ਸ਼ਬਦ ਰਾਜਾਨਾ, ਸ਼ਬਦ ਸ਼ਾਹ ਸੁਲਤਾਨ ਅਖਵਾਇਆ । ਸ਼ਬਦ ਕਾਜ ਸ਼ਬਦ ਸਾਜ, ਸ਼ਬਦ ਬੰਧ ਬੰਧਾਇਆ । ਸ਼ਬਦ ਸੀਸ ਸ਼ਬਦ ਤਾਜ, ਸ਼ਬਦ ਰਿਹਾ ਟਿਕਾਇਆ । ਸ਼ਬਦ ਮੰਤਰੀ ਸ਼ਬਦ ਜੋਗ ਰਾਜ, ਸ਼ਬਦ ਰਯੀਅਤ ਰਿਹਾ ਅਖਵਾਇਆ । ਸ਼ਬਦ ਰੱਖੇ ਜਗਤ ਸਾਂਝ, ਸ਼ਬਦ ਨਾਤਾ ਦਏ ਤੁੜਾਇਆ । ਸ਼ਬਦ ਗੁਰ ਆਏ ਲੋਕਮਾਤ ਭਾਜ, ਸ਼ਬਦ ਗੁਰ ਰੂਪ ਵਟਾਇਆ । ਸ਼ਬਦ ਗੁਰ ਰੱਖੇ ਲਾਜ, ਸ਼ਬਦ ਗੁਰ ਹੋਏ ਸਹਾਇਆ । ਨਾਨਕ ਸੁਣਾਈ ਨੌਂ ਖੰਡ ਪ੍ਰਿਥਮੀ ਇਕ ਅਵਾਜ਼, ਗੁਰ ਅਰਜਨ ਲੇਖ ਲਿਖਾਇਆ । ਗੁਰ ਅਰਜਨ ਮਾਰੇ ਇਕ ਅਵਾਜ਼, ਹਰਿ ਮੰਦਰ ਦਏ ਸੁਹਾਇਆ । ਹਰਿ ਜੂ ਸਵਾਰੇ ਆਪਣਾ ਕਾਜ, ਗੁਰ ਅਰਜਨ ਇਹ ਸਮਝਾਇਆ । ਕਲਜੁਗ ਅੰਤਮ ਆਵੇ ਭਾਜ, ਜੋਤੀ ਜਾਮਾ ਭੇਖ ਵਟਾਇਆ । ਭਾਗ ਲਗਾਏ ਦੇਸ ਮਾਝ, ਛੇ ਯੋਜਨ ਵੰਡ ਵੰਡਾਇਆ । ਛੇ ਸ਼ਾਸਤਰ ਖੋਲ੍ਹੇ ਪਾਜ, ਚਾਰ ਵੇਦ ਫੋਲ ਫੋਲਾਇਆ । ਕਲਜੁਗ ਰਾਵਣ ਗੜ੍ਹ ਹੰਕਾਰੀ ਤੋੜੇ ਜਗਤ ਸਮਾਜ, ਕੂੜੀ ਕਿਰਿਆ ਦਏ ਮਿਟਾਇਆ । ਸੱਜਾ ਚਰਨ ਛੁਹਾਏ ਦਿਲੀ ਦਿਲੀਜ, ਆਰ ਪਾਰ ਆਪ ਹੋ ਜਾਇਆ । ਗੁਰੂ ਗ੍ਰੰਥ ਉਪਰ ਬਾਣੀ ਕਲਜੁਗ ਜੀਵਾਂ ਇਕ ਨਕਾਬ, ਪੜਦਾ ਇਕ ਰਖਾਇਆ । ਅਕਾਲ ਤਖ਼ਤ ਅਕਾਲ ਮੂਰਤ ਨਿਰਗੁਣ ਸੁਣਾਏ ਨਾ ਕੋਈ ਅਵਾਜ਼, ਢੱਡ ਸਾਰੰਗੇ ਰਹੇ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਵੇਖੇ ਤੇਰਾ ਦਰ, ਹਰਿ ਮੰਦਰ ਸੋਹੇ ਸਾਚਾ ਘਰ, ਗੁਰੂ ਗ੍ਰੰਥ ਮਿਲੇ ਵਰ, ਭੇਵ ਚੁਕਾਏ ਨਾਰੀ ਨਰ, ਹਰਿ ਸਾਚਾ ਢਾਡੀ ਦੋ ਜਹਾਨੀ ਬਣੇ ਗਾਡੀ, ਦੂਈ ਦਵੈਤੀ ਜਾਏ ਵਾਡੀ, ਏਕਾ ਦਰ ਰਖਾਇਆ । ਗੁਰ ਗੋਬਿੰਦ ਹਰਿ ਭਗਵੰਤ, ਆਪਣੀ ਦਇਆ ਕਮਾਇੰਦਾ । ਅਕੱਠੇ ਕਰਾਏ ਸਾਚੇ ਸੰਤ, ਵਾਗ ਅਰਜਨ ਹੱਥ ਫੜਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਲੋਕਮਾਤ ਕਾਜ ਰਚਾਇੰਦਾ । ਦੇ ਮਤ ਸਮਝਾਵੇ ਜੀਵ ਜੰਤ, ਗਿਆਨ ਗੁਰ ਮੰਤਰ ਦ੍ਰਿੜਾਇੰਦਾ । ਕਲਜੁਗ ਮਾਇਆ ਨਾਲ ਰਲਾਏ ਬੇਅੰਤ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਘਰ ਸੁਹਾਇੰਦਾ । ਹਰਿਜੂ ਹਰਿ ਮੰਦਰ ਫੇਰਾ ਪਾ, ਆਪਣਾ ਮੂਲ ਚੁਕਾਵਣਾ । ਚਾਰੋਂ ਕੁੰਟਾਂ ਦਏ ਹਿਲਾ, ਏਕਾ ਡੰਕ ਵਜਾਵਣਾ । ਰਸਨਾ ਚਿੱਲਾ ਲਏ ਚੜ੍ਹਾ, ਏਕਾ ਤੀਰ ਉਠਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਵੇਖਿਆ ਸਾਚਾ ਘਰ, ਘਰ ਸਾਚਾ ਇਕ ਸੁਹਾਵਣਾ । ਸਾਚਾ ਘਰ ਹਰਿ ਸੁਹਾਏ, ਹਰਿ ਗੋਬਿੰਦ ਵੱਜੇ ਵਧਾਈਆ । ਪੀਰ ਫਕੀਰ ਆਪ ਹੋ ਜਾਏ, ਬਸਤਰ ਚੀਰ ਬੰਧਾਈਆ । ਸ਼ਾਹ ਫਕੀਰ ਇਕ ਬਣਾਏ, ਹਉਮੇ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਮ ਕਰੇ ਵਡਿਆਈਆ । ਹਰਿ ਗੋਬਿੰਦਾ ਜੋਧਾ ਬਲਵਾਨਾ, ਖੰਡਾ ਖੜਗ ਖੜਕਾਇੰਦਾ । ਧਰਮੀ ਧਰਮ ਰੱਖੇ ਨਿਸ਼ਾਨਾ, ਧਰਤ ਧਵਲ ਸੁਹਾਇੰਦਾ । ਪਕੜ ਪਛਾੜੇ ਬੇਈਮਾਨਾ, ਹੰਕਾਰੀ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਹਰਿਰਾਏ, ਰਾਏ ਰਾਮ ਸਮਾਇਆ । ਅਕਥਨਾ ਅਕਥ ਕਥਾ ਸੁਣਾ, ਅਕਥ ਕਥਾ ਸਮਝਾਇਆ । ਸਮਰਥ ਪੁਰਖ ਸਿਰ ਹੱਥ ਟਿਕਾ, ਸਾਚਾ ਮੇਲ ਮਿਲਾਇਆ । ਨਾਨਕ ਜੋਤੀ ਏਕਾ ਰਾਹ, ਨਾ ਸਕੇ ਕੋਈ ਉਲਟਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਵੇਸ ਕਰਾਏ ਹਰਿਕ੍ਰਿਸ਼ਨਾ, ਬਾਲ ਨਿਧਾਨਾ ਨਾਉਂ ਧਰਾਈਆ । ਜੋਤੀ ਜਗੇ ਨੂਰ ਮਹਾਨਾਂ, ਗਿਆਨੀਆਂ ਗਿਆਨ ਜਣਾਈਆ । ਗੁਰਮੁਖ ਕਰ ਪਰਵਾਨਾ, ਪੂਰਨ ਬੂਝ ਬੁਝਾਈਆ । ਅੰਤਮ ਲੇਖ ਚੁਕਾਇਆ ਜਗਤ ਜਹਾਨਾਂ, ਏਕਾ ਰਾਹ ਵਖਾਈਆ । ਲੁਕ ਲੁਕ ਬੈਠਾ ਕਰੇ ਪਛਾਨਾ, ਕਵਣ ਸੇਵਕ ਸੇਵਾ ਰਿਹਾ ਕਮਾਈਆ । ਸਤਿਗੁਰ ਸਤਿਗੁਰ ਕਵਣ ਅਖਵਾਨਾ, ਕਵਣ ਗੁਰ ਨਾਮ ਧਰਾਈਆ । ਘਰ ਘਰ ਬੈਠੇ ਹੋ ਪਰਧਾਨਾ, ਬੈਠੇ ਆਸਣ ਲਾਈਆ । ਬਿਨ ਸਤਿਗੁਰ ਪੂਰੇ ਨਾ ਕੋਈ ਚੁੱਕੇ ਵੰਝ ਮੁਹਾਣਾ, ਨਾ ਕੋਈ ਪਾਰ ਕਰਾਈਆ । ਇਕ ਅਕੱਲਾ ਗੁਰਸਿਖ ਮੱਖਣ ਹੋਏ ਸ਼ਾਹ ਲਬਾਨਾ, ਏਕਾ ਵਣਜ ਕਰਾਈਆ । ਅੰਤਮ ਮੰਨੇ ਤੇਰਾ ਭਾਣਾ, ਤੇਰੇ ਭਾਣੇ ਵਿਚ ਟਿਕਾਈਆ । ਤੇਰਾ ਸੀਸ ਹਰਿ ਜਗਦੀਸ ਤੇਰੀ ਭੇਟਾ ਆਪ ਚੜ੍ਹਾਈਆ । ਤੇਰਾ ਗੁਰ ਤੇਰੇ ਘਰ ਕਰ ਪਰਧਾਨਾ, ਤੇਰੇ ਹੱਥ ਰੱਖੀ ਵਡਿਆਈਆ । ਅਕਾਲ ਮੂਰਤ ਰੂਪ ਪਛਾਨਾ, ਗੁਰ ਗੋਬਿੰਦ ਵਿਚ ਸਮਾਈਆ । ਸਤਿ ਦਵਾਰਾ ਕਰ ਪਿਆਰਾ ਹਰਿ ਮਿਹਰਵਾਨਾ, ਏਕਾ ਬੂਝ ਬੁਝਾਈਆ । ਏਕਾ ਵਸੇ ਧਾਮ ਨਿਆਰਾ, ਹਵਨ ਪਵਨ ਇਕ ਜਣਾਈਆ । ਏਕਾ ਅਗਨੀ ਏਕਾ ਜੋਤ ਜਵਾਲਾ, ਏਕਾ ਦਰਗਹਿ ਵੇਖ ਵਖਾਈਆ । ਏਕਾ ਕਾਲ ਏਕਾ ਮਹਾਂਕਾਲਾ, ਏਕਾ ਕਿਰਿਆ ਰਿਹਾ ਕਰਾਈਆ । ਏਕਾ ਤਖ਼ਤ ਇਕ ਧਰਮਸਾਲਾ, ਏਕਾ ਬੈਠਾ ਆਸਣ ਲਾਈਆ । ਏਕਾ ਬਸਤਰ ਇਕ ਦੋਸ਼ਾਲਾ, ਏਕਾ ਤਨ ਪਹਿਨਾਈਆ । ਏਕਾ ਖੰਡਾ ਹੋਏ ਰਖਵਾਲਾ, ਏਕਾ ਕਰੇ ਸਹਾਈਆ । ਏਕਾ ਕੜਾ ਕਰ ਨਿਸ਼ਾਨਾ, ਹੰਕਾਰੀ ਗੜ੍ਹ ਤੁੜਾਈਆ । ਏਕਾ ਕੱਛ ਕਰ ਪਰਧਾਨਾ, ਤਨ ਢਕਨ ਕੋ ਪਤ ਆਪ ਅਖਵਾਈਆ । ਏਕਾ ਕੇਸ ਦਸ ਦਸਮੇਸ਼, ਸਾਚੀ ਸੂਰਤ ਇਕ ਵਖਾਈਆ । ਪਰਗਟ ਹੋਏ ਦਰਸ ਦਿਖਾਇਆ ਅਕਾਲ ਪੁਰਖ ਨਰ ਨਰੇਸ਼, ਆਪ ਆਪਣਾ ਵੇਸ ਵਟਾਈਆ । ਗੁਰ ਗੋਬਿੰਦ ਆਪਣੇ ਨੇਤਰ ਪੇਖ, ਲੋਕਮਾਤ ਰਾਹ ਚਲਾਈਆ । ਨਾਨਕ ਗੁਰ ਮੋਢੇ ਉਠਾਈ ਭੂਰੀ ਖੇਸ, ਤੇਰੇ ਹੱਥ ਕਟਾਰ ਫੜਾਈਆ । ਤੇਰੇ ਦਰ ਭਿਖਾਰ ਹੋਏ ਅਕਾਲ ਪੁਰਖ ਦਰ ਦਰਵੇਸ਼, ਤੇਰੀ ਸੇਵ ਕਮਾਈਆ । ਦੂਰ ਦੁਰਾਡੇ ਤੱਕਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਨਿਉਂ ਨਿਉਂ ਸੀਸ ਝੁਕਾਈਆ । ਰਾਮ ਕ੍ਰਿਸ਼ਨ ਨਾ ਕੋਈ ਆਦੇਸ਼, ਗੁਰ ਪੀਰ ਨਾ ਕੋਈ ਮਨਾਈਆ । ਪਾਰਬ੍ਰਹਮ ਪ੍ਰਭ ਨਜ਼ਰੀ ਆਏ ਹਮੇਸ਼, ਅੱਠੇ ਪਹਿਰ ਵੇਖ ਵਖਾਈਆ । ਤੇਰਾ ਰੂਪ ਮੁੱਛ ਦਾੜ੍ਹੀ ਕੇਸ, ਕਲਜੁਗ ਅੰਤਮ ਵੰਡ ਵੰਡਾਈਆ । ਧੁਰਦਰਗਾਹੀ ਰਿਹਾ ਵੇਖ, ਦੂਸਰ ਕੋਈ ਭੇਵ ਨਾ ਪਾਈਆ । ਬ੍ਰਹਮਾ ਲਿਖ ਲਿਖ ਥੱਕਾ ਵੇਦ, ਹਰਿ ਕਾ ਲੇਖ ਨਾ ਲਿਖਿਆ ਜਾਈਆ । ਜੁਗ ਜੁਗ ਆਪੇ ਜਾਣੇ ਆਪਣੀ ਕਤੇਬ, ਆਪੇ ਕਰੇ ਪੜ੍ਹਾਈਆ । ਨਾ ਕੋਈ ਇਸ਼ਟ ਨਾ ਕੋਈ ਤੇਰਾ ਦੇਵ, ਨਾ ਕੋਈ ਪੂਜ ਪੁਜਾਈਆ । ਇਕ ਅਕੱਲਾ ਅਕਾਲ ਪੁਰਖ ਸਦਾ ਨਿਹਕੇਵ, ਤੇਰੇ ਸੰਗ ਸਮਾਈਆ । ਬਿਰਥਾ ਜਾਏ ਨਾ ਤੇਰੀ ਸੇਵ, ਪ੍ਰਭ ਸਾਚਾ ਰਿਹਾ ਕਰਵਾਈਆ । ਤੇਰੇ ਕਾਇਆ ਫਲ ਲੱਗਾ ਸਾਚਾ ਮੇਵ, ਸ੍ਰਿਸ਼ਟ ਸਬਾਈ ਦਏ ਖੁਆਈਆ । ਏਕਾ ਕੌਸਤਕ ਮਨੀਆ ਮਸਤਕ ਲੌਣਾ ਥੇਵ, ਏਕਾ ਕਰੇ ਰੁਸ਼ਨਾਈਆ । ਦਾਤਾ ਦਾਨੀ ਅਲੱਖ ਅਭੇਵ, ਤੇਰੀ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾ ਨਾਉਂ ਪਰਚੰਡਾ ਰਿਹਾ ਚਮਕਾਈਆ । ਨਾਮ ਪਰਚੰਡਾ ਖਿਚ ਕਟਾਰ, ਨੈਣਾਂ ਰੂਪ ਵਟਾਇਆ । ਪਾਇਆ ਪੁਰਖ ਅਗੰਮ ਅਪਾਰ, ਹਰਿ ਸਾਚੇ ਦਰਸ ਦਿਖਾਇਆ । ਕੇਸ਼ੋ ਪੰਡਤ ਗਿਆ ਹਾਰ, ਸਾਚਾ ਹਵਨ ਨਾ ਕੋਈ ਕਰਾਇਆ । ਗੁਰ ਗੋਬਿੰਦ ਤੇਰੀ ਕੋਈ ਨਾ ਪਾਏ ਸਾਰ, ਤੇਰਾ ਭੇਵ ਤੇਰੇ ਵਿਚ ਛੁਪਾਇਆ । ਅਕਾਲ ਪੁਰਖ ਤੇਰਾ ਪਹਿਰੇਦਾਰ,

੬੦੧
੦੨

ਅੱਠੇ ਪਹਿਰ ਰਿਹਾ ਜਗਾਇਆ । ਦਿਵਸ ਰੈਣ ਹੋਇਆ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਬਨ ਬਿੰਦਰਾ ਨਾ ਕੋਈ ਪਿਆਰ, ਮੁਕੰਦ ਮਨੋਹਰ ਲੱਖਮੀ ਨਰਾਇਣ ਘਰ ਸਾਚੇ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਆਪ ਆਪਣਾ ਰੂਪ ਦਰਸਾਇਆ । ਆਪ ਆਪਣਾ ਰੂਪ ਵਟਾ, ਗੋਬਿੰਦ ਗੁਰ ਦਰਸਾਇੰਦਾ । ਮੁੱਛ ਦਾੜ੍ਹੀ ਕੇਸ ਲਿਆ ਲਗਾ, ਤਨ ਚੋਲਾ ਇਕ ਵਖਾਇੰਦਾ । ਤਨ ਗਾਤਰੇ ਖੰਡਾ ਲਿਆ ਲਟਕਾ, ਮੁੱਠ ਆਪਣੇ ਹੱਥ ਰਖਾਇੰਦਾ । ਏਕਾ ਕੰਗਨ ਰਿਹਾ ਪਹਿਨਾ, ਦੋ ਜਹਾਨਾਂ ਪਾਰ ਕਰਾਇੰਦਾ । ਧੀਰਜ ਯਤ ਰਿਹਾ ਸਿਖਾ, ਮਾਂ ਭੈਣ ਸਰਬ ਜਣਾਇੰਦਾ । ਏਕਾ ਨਾਰੀ ਕੰਤ ਲਏ ਹੰਢਾ, ਸੋ ਸਿਖ ਮੇਰਾ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਇਹ ਸਮਝਾਇੰਦਾ । ਗੁਰ ਗੋਬਿੰਦ ਵਰ ਘਰ ਪਾਇਆ, ਆਤਮ ਵੱਜੀ ਵਧਾਈਆ । ਆਪਣਾ ਬਾਣਾ ਆਪ ਰੰਗਾਇਆ, ਆਪਣੀ ਚੋਲੀ ਵੇਖ ਵਖਾਈਆ । ਆਪਣਾ ਵੇਲਾ ਆਪ ਸੁਹਾਇਆ, ਆਪਣੀ ਆਪ ਕਰੇ ਕੁੜਮਾਈਆ । ਆਪਣਾ ਡੇਰਾ ਆਪੇ ਲਾਇਆ, ਆਪੇ ਵੇਖ ਵਖਾਈਆ । ਆਪਣੀ ਸੰਗਤ ਆਪ ਬਣਾਇਆ, ਆਪੇ ਵਿਚ ਰਿਹਾ ਸਮਾਈਆ । ਆਪੇ ਮੰਗਤ ਦਰ ਦਰਵੇਸ਼ਾ ਬਣ ਕੇ ਆਇਆ, ਦਰ ਦਵਾਰੇ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖ ਵਖਾਈਆ । ਗੁਰ ਗੋਬਿੰਦ ਸੂਰਾ ਦਾਤਾ, ਹੱਥ ਖੜਗ ਉਠਾਇੰਦਾ । ਗੁਰਮੁਖਾਂ ਕਰਨ ਆਇਆ ਪਛਾਨਾ, ਆਪੇ ਪੁੱਛ ਪੁਛਾਇੰਦਾ । ਚਾਰ ਵਰਨ ਬਣਾਏ ਇਕ ਜਮਾਤਾ, ਊਚਾਂ ਨੀਚਾਂ ਮੇਟ ਮਿਟਾਇੰਦਾ । ਲੋਕਮਾਤ ਧੁਰ ਦੀ ਦੇਵਣ ਆਇਆ ਸਾਚੀ ਦਾਤਾ, ਜੋ ਜਨ ਸੀਸ ਭੇਟ ਚੜ੍ਹਾਇੰਦਾ । ਆਪਣੇ ਸਿਖ ਆਪੇ ਕਰੇ ਗਿਆਨਾ, ਆਪੇ ਫੜ ਉਠਾਇੰਦਾ । ਆਪਣੇ ਅੰਦਰ ਆਪੇ ਮਾਰੇ ਝਾਤਾ, ਨਾ ਕੋਈ ਦੂਸਰ ਵੇਖ ਵਖਾਇੰਦਾ । ਪੰਜ ਪਿਆਰੇ ਫੜ ਫੜ ਅੰਦਰ ਮੰਦਰ ਖੋਲ੍ਹੇ ਤਾਕਾ, ਅਗਿਆਨ ਅੰਧੇਰ ਮਿਟਾਇੰਦਾ । ਵਾਹਿਗੁਰੂ ਸ਼ਬਦ ਚੜ੍ਹਾਏ ਸਾਚੇ ਰਾਕਾ, ਵਾਹ ਵਾਹ ਗੁਰ ਪੂਰਾ ਦਇਆ ਕਮਾਇੰਦਾ । ਕਲਜੁਗ ਤੇਰਾ ਲਹਿਣਾ ਦੇਣਾ ਚੁਕੌਣਾ ਬਾਕਾ, ਆਪ ਆਪਣੀ ਬਣਤ ਬਣਾਇੰਦਾ । ਕਿਸੇ ਹੱਥ ਨਾ ਔਣਾ ਖ਼ਾਕੀ ਖ਼ਾਕਾ, ਤਨ ਮਾਟੀ ਖੇਹ ਰਖਾਇੰਦਾ । ਹਰਿਸੰਗਤ ਬਣੌਣਾ ਸਾਚਾ ਸਾਕਾ, ਸਾਕ ਸੱਜਣ ਆਪ ਸਮਝਾਇੰਦਾ । ਊਚਾਂ ਨੀਚਾਂ ਅੰਮ੍ਰਿਤ ਪਿਆਇਆ ਏਕਾ ਬਾਟਾ, ਭਾਂਡਾ ਭਰਮ ਭੰਨਾਇੰਦਾ । ਏਕਾ ਅੰਮ੍ਰਿਤ ਆਤਮ ਮਾਰੇ ਠਾਠਾ, ਸਰ ਸਰੋਵਰ ਇਕ ਸੁਹਾਇੰਦਾ । ਗੁਰ ਗੋਬਿੰਦ ਗੁਰਸਿਖ ਤੇਰੇ ਘਰ ਆਏ ਨਾਠਾ, ਦੂਈ ਦਵੈਤੀ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਪੰਚ ਪਿਆਰੇ ਪੰਚ ਪਿਆਰ ਪੰਚਮ ਮੋਹ ਚੁਕਾਇਆ । ਪੰਚਮ ਗੁਰ ਪੰਚ ਸ਼ੰਗਾਰ, ਪੰਚਮ ਤਨ ਸਜਾਇਆ । ਪੰਚਮ ਬੰਨ ਸੀਸ ਦਸਤਾਰ, ਆਪਣਾ ਰੂਪ ਦਰਸਾਇਆ । ਪੰਚਮ ਤਨ ਰੱਖ ਕਟਾਰ, ਸ਼ਸਤਰ ਹੱਥ ਫੜਾਇਆ । ਪੰਚਮ ਪੰਚਮ ਰੱਖ ਦਰ ਦਰਬਾਰ, ਪੰਚਾਂ ਤਾਜ ਸੁਹਾਇਆ । ਪੰਚਮ ਮੀਤਾ ਹੋਇਆ ਖ਼ਬਰਦਾਰ, ਸੋਏ ਰਿਹਾ ਜਗਾਇਆ । ਊਚਾਂ ਨੀਚਾਂ ਇਕ ਪਿਆਰ, ਚਾਰ ਵਰਨਾਂ ਰਿਹਾ ਸਮਝਾਇਆ । ਸਾਂਝੀ ਵੰਡ ਕਰੇ ਕਰਤਾਰ, ਨਾ ਕੋਈ ਹਿੱਸਾ ਵੰਡ ਵੰਡਾਇਆ । ਆਪੇ ਗੁਰੂ ਰੂਪ ਹੋ ਕਰਤਾਰ, ਗੁਰਮੁਖ ਸਾਚੇ ਲਏ ਸਜਾਇਆ । ਗੁਰਮੁਖਾਂ ਕਰੇ ਇਕ ਪਿਆਰ, ਗੁਰਸਿਖ ਨਾਉਂ ਧਰਾਇਆ । ਸਿੰਘ ਸ਼ੇਰ ਸ਼ੇਰ ਕਹੇ ਲਲਕਾਰ, ਏਕਾ ਬੁਰਕਾ ਤਨ ਪਹਿਨਾਇਆ । ਤੇਰਾ ਰੂਪ ਵੇਖ ਕਰਤਾਰ, ਪੰਚਮ ਤਨ ਸਜਾਇਆ । ਆਪੇ ਪੰਚਾਂ ਢਹਿ ਪਿਆ ਦਵਾਰ, ਗੁਰਸਿਖ ਆਪ ਅਖਵਾਇਆ ।


੬੦੨ ੦੨

ਮੰਗੇ ਮੰਗ ਬਣ ਭਿਖਾਰ, ਆਪ ਆਪਣਾ ਅੱਗੇ ਡਾਹਿਆ । ਗੁਰਸਿਖਾਂ ਉਤੋਂ ਪਹਿਲਾਂ ਆਪਣਾ ਆਪ ਦਿਤਾ ਵਾਰ, ਸੀਸ ਚਰਨਾਂ ਹੇਠ ਦਬਾਇਆ । ਸਾਚੀ ਸਿਖੀ ਕਰ ਪਿਆਰ, ਸਾਚੀ ਸੇਵਾ ਰਿਹਾ ਕਮਾਇਆ । ਧਾਰੋਂ ਤਿਖੀ ਕਰੇ ਵਿਚਾਰ, ਆਪਣੇ ਤਨ ਪਾਰ ਕਰਾਇਆ । ਕਿਸੇ ਕਲਮ ਨਾ ਲਿਖਿਆ ਵਿਚ ਸੰਸਾਰ, ਨਾ ਕੋਈ ਲੇਖਾ ਦਏ ਜਣਾਇਆ । ਕਰੇ ਖੇਲ ਜੋਤ ਦਸ ਦਸਮੇਸੀ, ਗੁਰ ਨਾਨਕ ਵੇਸ ਵਟਾਇਆ । ਦਰ ਦਵਾਰੇ ਆਏ ਤਰਸਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਅੰਮ੍ਰਿਤ ਚੂਲ਼ੂ ਨਾ ਕੋਈ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੁਰ ਰੂਪ ਵਟਾਇਆ । ਗੁਰ ਚੇਲਾ ਗੁਰ ਗੁਰ ਕਰਤਾਰ, ਗੁਰ ਗੁਰਮੁਖ ਵਿਚ ਸਮਾਈਆ । ਗੁਰ ਸੱਜਣ ਸੁਹੇਲਾ ਹਰਿ ਨਿਰੰਕਾਰ, ਗੁਰ ਸੇਵਕ ਸੇਵ ਕਮਾਈਆ । ਗੁਰ ਮੇਲਾ ਅਪਰ ਅਪਾਰ, ਗੁਰ ਖੇਲੇ ਖੇਲ ਖਿਲਾਈਆ । ਵਕ਼ਤ ਦੁਹੇਲਾ ਆਪੇ ਜਾਣੇ ਨਿਰੰਕਾਰ, ਨਾ ਦੂਸਰ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਪੁਰਖ ਦਿਤਾ ਵਰ, ਗੁਰ ਗੋਬਿੰਦ ਸੰਗ ਨਿਭਾਈਆ । ਅਕਾਲ ਪੁਰਖ ਅਕਾਲ ਮੂਰਤ, ਅਕਲ ਕਲਾ ਅਖਵਾਇਆ । ਅਜੂਨੀ ਰਹਿਤ ਗੁਰ ਗੋਬਿੰਦ ਵਖਾਲ ਆਪਣੀ ਮੂਰਤ, ਆਪਣਾ ਰੂਪ ਵਟਾਇਆ । ਨਾਦ ਵਜਾਇਆ ਸਾਚਾ ਤੂਰਤ, ਵਾਹਿਗੁਰੂ ਫਤਿਹ ਗਜਾਇਆ । ਆਸਾ ਮਨਸਾ ਜੁਗ ਜੁਗ ਪੂਰਤ, ਜਗ ਜੀਵਣ ਦਾਤਾ ਨਾਮ ਧਰਾਇਆ । ਸਦਾ ਹਜ਼ੂਰ ਨਾ ਨੇੜੇ ਦੂਰਤ, ਦੂਰ ਨੇੜੇ ਨਾ ਕੋਈ ਰਖਾਇਆ । ਕਲਜੁਗ ਅੰਤਮ ਨਾਤਾ ਤੋੜੇ ਕੂੜੇ ਕੂੜਤ, ਕੂੜੀ ਕਿਰਿਆ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਏਕਾ ਮਾਰਗ ਲਾਇਆ । ਏਕਾ ਮਾਰਗ ਹਰਿ ਨਿਸ਼ਾਨ, ਪੰਜ ਤਤ ਸਜਾਇਆ । ਪੰਜ ਤਤ ਕਰ ਪਰਧਾਨ, ਪੰਚਮ ਮੇਲ ਮਿਲਾਇਆ । ਪੰਚਮ ਜੋਧਾ ਸੂਰਬੀਰ ਬਲਵਾਲ, ਪੰਚਮ ਵੇਖ ਵਖਾਇਆ । ਪੰਚਮ ਵੇਖੇ ਧਰਮ ਨਿਸ਼ਾਨ, ਪੰਚਮ ਰਿਹਾ ਉਠਾਇਆ । ਪੰਚਮ ਪਾਏ ਏਕਾ ਆਣ, ਏਕਾ ਤੰਦ ਬੰਧਾਇਆ । ਪੰਚਮ ਗੀਤ ਏਕਾ ਗਾਣ, ਪੰਚਮ ਰਾਗ ਅਲਾਇਆ । ਪੰਚਮ ਬੈਠ ਇਕ ਮਕਾਨ, ਏਕਾ ਥਾਨ ਸੁਹਾਇਆ । ਲੋਕਮਾਤ ਕਰ ਧਿਆਨ, ਗੁਰ ਪੂਰੇ ਹੋ ਮਿਹਰਵਾਨ, ਆਪ ਆਪਣਾ ਨਿਸ਼ਾਨ ਤੁੜਾਇਆ । ਪੰਥ ਖਾਲਸਾ ਕਰ ਪਰਧਾਨ, ਆਪਣਾ ਹੁਕਮ ਜਣਾਇਆ । ਅੰਮ੍ਰਿਤ ਆਤਮ ਪੀਣ ਖਾਣ, ਨਾ ਕੋਈ ਦੂਸਰ ਵਸਤ ਤਕਾਇਆ । ਧੀ ਭੈਣ ਨਾ ਕੋਈ ਧਿਆਨ, ਠੱਗ ਚੋਰ ਯਾਰ ਨਾ ਕੋਈ ਅਖਵਾਇਆ । ਕਾਇਆ ਕੱਪੜ ਨਾ ਕੋਈ ਸ਼ੰਗਾਰ, ਰੂਪ ਵੇਸਵਾ ਨਾ ਕੋਈ ਬਣਾਇਆ । ਗੁਰਮੁਖ ਸਾਚੇ ਸੋਹੇ ਗੁਰੂ ਦਵਾਰ, ਗੁਰਚਰਨ ਧਿਆਨ ਰਖਾਇਆ । ਪੰਚਮ ਮਾਰੇ ਪੰਚਾਂ ਮਾਰ, ਪੰਚਮ ਕਟਾਰਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਏਕਾ ਕਰਮ ਕਮਾਇਆ । ਆਪਣਾ ਕਰਮ ਆਪ ਕਮਾ, ਗੁਰ ਗੋਬਿੰਦ ਵਡ ਵਡਿਆਈਆ । ਅਨੰਦ ਅਨੰਦ ਗਿਆ ਸਮਾ, ਪੂਰੀ ਬਣਤ ਬਣਾਈਆ । ਗੜ੍ਹ ਕੇਸ ਡੇਰਾ ਲਾ, ਗੜ੍ਹੀ ਦਏ ਵਡਿਆਈਆ । ਸੀਸ ਧੜ ਲੇਖੇ ਲਾ, ਗੁਰਮੁਖਾਂ ਖ਼ੁਸ਼ੀ ਮਨਾਈਆ । ਅੰਤਮ ਲੇਖਾ ਦਏ ਚੁਕਾ, ਭਾਣਾ ਆਪਣੇ ਹੱਥ ਰਖਾਈਆ । ਆਪਣੀ ਭੇਟਾ ਆਪੇ ਰਿਹਾ ਸੁਟਾ, ਸਰਸੇ ਵਿਚ ਟਿਕਾਈਆ । ਗੁਰਮੁਖ ਸਾਚੇ ਸੰਤ ਸੁਹੇਲੇ ਸੇਵਾ ਲਾ, ਸ਼ਬਦੀ ਸ਼ਬਦ ਸਮਾਈਆ । ਆਪੇ ਵੇਖੇ ਆਪਣਾ ਥਾਂ, ਜਾਏ ਅਠਸਠ ਧਾਈਆ । ਕੱਚੀ ਗੜ੍ਹੀ ਡੇਰਾ ਲਾ, ਪੂਰਬ ਲਹਿਣਾ ਭਾਰ ਚੁਕਾਈਆ । ਚਾਰੇ ਚਾਰ ਘਰ ਦਏ ਸਹਾ, ਸੁੰਵਾ ਕੋਈ ਰਹਿਣ ਨਾ ਪਾਈਆ । ਆਪੇ ਸੁੱਤਾ ਬੇਪਰਵਾਹ, ਸੂਲਾਂ ਸੱਥਰ ਹੇਠ ਵਿਛਾਈਆ । ਏਕਾ ਸੁਣਾਵੇ ਸਾਚਾ

ਰਾਹ, ਤੇਰਾ ਰਾਹ ਤਕਾਈਆ । ਤੇਰਾ ਲਹਿਣਾ ਤੇਰੀ ਝੋਲੀ ਦਿਤਾ ਪਾ, ਤੇਰਾ ਤੇਰੇ ਵਿਚ ਟਿਕਾਈਆ । ਦੋਵੇਂ ਹੱਥ ਚਾਰੇ ਕਾਨੀਆਂ ਖਾਲੀ ਰਿਹਾ ਵਖਾ, ਪੱਲੇ ਗੰਢ ਨਾ ਕੋਈ ਬਣਾਈਆ । ਗੁਰਸਿਖਾਂ ਗਿਆ ਇਹ ਸਮਝਾ, ਵੰਡ ਖਾਣਾ ਰੀਤ ਚਲਾਈਆ । ਗੁਰੂ ਗ੍ਰੰਥ ਲੈਣਾ ਮਨਾ, ਏਕਾ ਗੁਰ ਬੁਝਾਈਆ । ਘਰ ਘਰ ਦਰ ਦਰ ਇਹਦੀ ਕੀਮਤ ਨਾ ਦੇਣੀ ਪਾ, ਇਹਦੀ ਮੋਖ ਨਾ ਕੋਈ ਚੁਕਾਈਆ । ਏਕਾ ਮੋਖ ਗਿਆ ਸਮਝਾ, ਦੋਏ ਜੋੜ ਸੀਸ ਝੁਕਾਈਆ । ਕਲਜੁਗ ਜੀਵ ਅੰਤਮ ਭੁੱਲਣਾ ਮੇਰਾ ਨਾਉਂ, ਹੱਟੋ ਹੱਟ ਵਿਕਾਈਆ । ਕਰਨ ਆਵਾਂ ਸਚ ਨਿਆਂ, ਭੁੱਲ ਰਹੇ ਨਾ ਰਾਈਆ । ਫੜ ਦਾੜ੍ਹੀ ਦਿਆਂ ਹਿਲਾ, ਜੋ ਮੇਰਾ ਅੰਗ ਕਟਾਈਆ । ਦੋ ਜਹਾਨਾਂ ਨਾ ਦੇਵਾ ਥਾਂ, ਜੋ ਰਹੇ ਵਣਜ ਕਰਾਈਆ । ਵਿਚ ਵਿਚੋਲਾ ਕੋਈ ਦਿਸੇ ਨਾ, ਨਾ ਵਿਦਿਆ ਕੋਈ ਸਿਖਾਈਆ । ਧੁਰ ਦਾ ਗੋਲਾ ਆਪ ਅਖਵਾ, ਗੁਰਮੁਖਾਂ ਸੇਵ ਕਮਾਈਆ । ਸਾਚਾ ਤੋਲਾ ਤੋਲ ਤੁਲਾ, ਏਕਾ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਹੋਇਆ ਮੇਲਾ ਏਕਾ ਘਰ, ਏਕਾ ਦਰ ਸੁਹਾਈਆ । ਸੱਥਰ ਸੂਲਾਂ ਜਗਤ ਵਿਛੌਣਾ, ਗੋਬਿੰਦ ਆਪ ਵਿਛਾਇਆ । ਨੇਤਰ ਨੈਣਾਂ ਦਰਸ਼ਨ ਪੌਣਾ, ਏਕਾ ਰਾਹ ਤਕਾਇਆ । ਧਾਮ ਅਕੱਠੇ ਏਕਾ ਬਹਿਣਾ, ਮੇਰਾ ਦੁੱਖ ਤੇਰੀ ਵੰਡ ਵੰਡਾਇਆ । ਤੇਰੀ ਸੁਫਲ ਹੋਣੀ ਕੁੱਖ, ਪੂਤ ਸਪੂਤਾ ਗੋਬਿੰਦ ਜਾਇਆ । ਅਕਾਲ ਪੁਰਖ ਮੇਰੀ ਉਤਰੀ ਭੁੱਖ, ਤੇਰਾ ਦਰਸ਼ਨ ਪਾਇਆ । ਸ੍ਰਿਸ਼ਟੀ ਵੇਖੇ ਮੈਨੂੰ ਮਨੁਖ, ਮੈਂ ਤੇਰੀ ਨਾਰ ਅਖਵਾਇਆ । ਮਾਤਾ ਗੁਜਰੀ ਗਰਭ ਨਾ ਹੋਇਆ ਉਲਟਾ ਰੁਖ, ਬਾਹਰ ਆਇਆ ਜੋਤ ਜਗਾਇਆ । ਗੁਰ ਤੇਗ ਬਹਾਦਰ ਮੰਗੀ ਮੰਗ ਸੁਖਣਾ ਸੁਖ, ਘਰ ਸਾਚੇ ਮੇਲ ਮਿਲਾਇਆ । ਦੁਸ਼ਟ ਦਮਨ ਬੂਟਾ ਨਾ ਜਾਏ ਸੁੱਕ, ਹੇਮ ਕੁੰਟ ਤਪ ਤਪਾਇਆ । ਕਲਜੁਗ ਪੈਂਡਾ ਅੱਜੇ ਨਾ ਗਿਆ ਮੁੱਕ, ਪ੍ਰਭ ਤੇਰਾ ਰਾਹ ਤਕਾਇਆ । ਲੱਖ ਚੁਰਾਸੀ ਚਾਰ ਕੁੰਟ ਮੁਖ ਪੈਣਾ ਬੁੱਕ, ਕੋਇ ਨਾ ਹੋਏ ਸਹਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਜੋਤ ਸਰੂਪ ਨਿਰਗੁਣ ਧਾਰ ਗੁਰ ਗੋਬਿੰਦੇ ਆਪਣੀ ਗੋਦੀ ਲਏ ਚੁੱਕ, ਆਪਣੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਚਲਾਇਆ । ਉਠ ਗੁਰ ਗੋਬਿੰਦ ਹੋ ਬਲਵਾਨ, ਤੇਰਾ ਰੰਗ ਰੰਗਾਇਆ । ਚਾਰੋਂ ਕੁੰਟ ਇਕ ਨਿਸ਼ਾਨ, ਤੇਰਾ ਰਿਹਾ ਝੁਲਾਇਆ । ਗੋਦਾਵਰੀ ਵੇਖ ਮਾਰ ਧਿਆਨ, ਕੰਢਾ ਰਿਹਾ ਤਰਸਾਇਆ । ਗੁਰ ਨਾਨਕ ਲਾਇਆ ਇਕ ਨਿਸ਼ਾਨ, ਤੇਰਾ ਲਹਿਣਾ ਤੇਰੇ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰ ਦਾਤਾ ਆਪ ਅਖਵਾਇਆ । ਆਪੇ ਦਾਤਾ ਦਰ ਭੰਡਾਰਾ, ਆਪੇ ਦੇਵਣਹਾਰਾ । ਆਪੇ ਵਸੇ ਧਾਮ ਨਿਆਰਾ, ਆਪੇ ਦੇਵੇ ਸ਼ਬਦ ਹੁਲਾਰਾ । ਆਪੇ ਕਰੇ ਜੋਤੀ ਨੂਰ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦੇਵੇ ਪਿਆਰਾ । ਗੁਰ ਗੋਬਿੰਦ ਉਠ ਉਠ ਧਾ, ਆਪਣਾ ਕਰਮ ਕਮਾਇਆ । ਆਪਣੀ ਬਣਤ ਆਪ ਬਣਾ, ਆਪ ਆਪਣਾ ਵੇਖ ਵਖਾਇਆ । ਦੇਸ ਮਾਲਵੇ ਚਰਨ ਟਿਕਾ, ਰਾਹ ਨਦੇੜ ਰਿਹਾ ਤਕਾਇਆ । ਬੰਦਾ ਬੰਦੀਖਾਨਿਉਂ ਦਿਤਾ ਛੁਡਾ, ਆਪਣਾ ਬੰਦਾ ਆਪ ਬਣਾਇਆ । ਏਕਾ ਅੰਮ੍ਰਿਤ ਜਾਮ ਪਿਆ, ਦੇ ਮਤ ਸਮਝਾਇਆ । ਗੋਦਾਵਰੀ ਕੰਢਾ ਚਰਨ ਛੁਹਾ, ਏਕਾ ਘਾਟ ਉਪਾਇਆ । ਏਕਾ ਤੀਰ ਲਿਆ ਚਲਾ, ਇਕ ਕਮਾਨ ਕਸਾਇਆ । ਏਕਾ ਦਿਸ਼ਾ ਲਿਆ ਉਠਾ, ਏਕਾ ਤੰਦ ਖਿਚਾਇਆ । ਛੇ ਛੇ ਛਿਆਠ ਗਿਆ ਲਗਾ, ਅਠਸਠ ਮੇਟ ਮਿਟਾਇਆ । ਏਕਾ ਮੱਠ ਲਿਆ ਤਪਾ, ਸਾਚਾ ਧਾਮ ਸੁਹਾਇਆ । ਨੀਲੇ ਘੋੜੇ ਤੰਗ ਕਸਾ, ਉਤੇ ਆਸਣ ਲਾਇਆ ।

ਚਰਨੀ ਜੋੜਾ ਇਕ ਛੁਹਾ, ਚਰਨ ਕਵਲ ਮਨਾਇਆ । ਜਗਤ ਕਿਨਾਤਾ ਰਿਹਾ ਵਖਾ, ਅਗਨੀ ਹਵਨ ਤਪਾਇਆ । ਆਪ ਆਪਣਾ ਵਿਚ ਲਿਆ ਟਿਕਾ, ਔਦਾਂ ਜਾਂਦਾ ਦਿਸ ਨਾ ਆਇਆ । ਗੁਰਸਿਖਾਂ ਇਹ ਗਿਆ ਸਮਝਾ, ਮੇਰਾ ਪੜਦਾ ਕੋਈ ਨਾ ਲਾਹਿਆ । ਗੁਰਸਿਖ ਕਲਜੁਗ ਮਾਇਆ ਕਰੇ ਗੁਮਰਾਹ, ਗੁਰ ਕਾ ਹੁਕਮ ਭੁਲਾਇਆ । ਆਪਣੀ ਹੱਥੀਂ ਫੋਲੀ ਜਗਤ ਸਵਾਹ, ਸਿਰ ਆਪਣੇ ਰਹੇ ਪਵਾਇਆ । ਸਤਿਗੁਰ ਪੂਰਾ ਕਦੇ ਨਾ ਹੋਵੇ ਦਾਹ, ਨਾ ਮਰੇ ਨਾ ਜਾਇਆ । ਸ਼ਬਦ ਸਰੂਪੀ ਗੁਰ ਗੋਬਿੰਦ ਅੱਗੋਂ ਰਿਹਾ ਸੁਣਾ, ਮਨਮੁਖਾਂ ਦਵਾਂ ਸਜ਼ਾਇਆ । ਮੇਰਾ ਮੇਰੇ ਜੋ ਗਏ ਭੁਲਾ, ਮੈਂ ਮੇਰਾ ਵਿਚ ਸਮਾਇਆ । ਹਉਮੇ ਡੇਰਾ ਦੇਵੇ ਢਾਹ, ਗੜ੍ਹ ਹੰਕਾਰ ਰਹਿਣ ਨਾ ਪਾਇਆ । ਸੰਬਲ ਨਗਰੀ ਵੇਖਾਂ ਸਾਚਾ ਥਾਂ, ਆਪ ਆਪਣਾ ਆਸਣ ਲਾਇਆ । ਅਕਾਲ ਪੁਰਖ ਲਵਾਂ ਮਨਾ, ਸਾਚਾ ਸੰਗ ਨਿਭਾਇਆ । ਦੋਹਾਂ ਮੇਲਾ ਹੋਵੇ ਏਕਾ ਥਾਂ, ਸੁਧਾ ਸਰ ਡੇਰਾ ਲਾਇਆ । ਸੁਧਾ ਸਰ ਵਖਾਏ ਅੰਮ੍ਰਿਤ ਆਤਮ ਸਾਢੇ ਤਿੰਨ ਹੱਥ ਬਣਤ ਬਣਾ, ਉਚ ਮਹੱਲੇ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਸਾਚਾ ਘਰ ਆਪ ਸੁਹਾਇਆ । ਗੁਰ ਗੋਬਿੰਦ ਕਹੇ ਲਲਕਾਰ, ਕਲਜੁਗ ਹੋਏ ਕੁੜਮਾਈਆ । ਪਾਰਬ੍ਰਹਮ ਪ੍ਰਭ ਲਏ ਅਵਤਾਰ, ਗੁਰ ਗੋਬਿੰਦ ਵਿਚ ਸਮਾਈਆ । ਦੋਹਾਂ ਮੇਲਾ ਹੋਏ ਸੰਸਾਰ, ਭੇਵ ਕੋਈ ਨਾ ਪਾਈਆ । ਸੰਬਲ ਨਗਰੀ ਧਾਮ ਨਿਆਰ, ਬੈਠੇ ਆਸਣ ਲਾਈਆ । ਨੌਂ ਖੁਲ੍ਹਾਏ ਜਗਤ ਕਿਵਾੜ, ਬੇਮੁਖਾਂ ਦਏ ਸਜ਼ਾਈਆ । ਦਸਮੇਂ ਜੋਤ ਜਗੇ ਅਗੰਮ ਅਪਾਰ, ਹਰਿ ਦਾਤਾ ਬੈਠਾ ਆਸਣ ਲਾਈਆ । ਗੁਰਸਿਖ ਆਏ ਦਰ ਦਵਾਰ, ਨੌਂ ਦਰ ਕਰੇ ਪਾਰ, ਅੱਗੇ ਜਾਣਾ ਸੀਸ ਝੁਕਾਈਆ । ਕਲਜੁਗ ਅੰਤਮ ਲਾਏ ਪਾਰ, ਫੜ ਬਾਂਹੋਂ ਲਏ ਤਰਾਈਆ । ਸ਼ਬਦ ਖੰਡਾ ਫੜ, ਤੇਜ਼ ਕਟਾਰ, ਦਿਵਸ ਰੈਣ ਸੇਵ ਕਮਾਈਆ । ਗੁਰਸਿਖ ਲੜ ਨਾ ਮਰੇ ਵਿਚ ਸੰਸਾਰ, ਚਰਨ ਪ੍ਰੀਤੀ ਘੋਲ ਘੁਮਾਈਆ । ਸ਼ਬਦ ਯੁੱਧ ਕਰੇ ਗੁਰ ਕਰਤਾਰ, ਲੋਆਂ ਪੁਰੀਆਂ ਫੇਰਾ ਪਾਈਆ । ਮਨ ਮਤ ਬੁਧ ਨਾ ਕੋਈ ਵਿਹਾਰ, ਨਾ ਕੋਈ ਜਗਤ ਕਰੇ ਪੜ੍ਹਾਈਆ । ਕਾਰਜ ਸਿਧ ਆਪ ਕਰੇ ਨਿਰੰਕਾਰ, ਕਲਜੁਗ ਅੰਤਮ ਮੇਟ ਮਿਟਾਈਆ । ਨਿਹਕਲੰਕਾ ਲੈ ਅਵਤਾਰ, ਗੁਰ ਗੋਬਿੰਦ ਕਰੇ ਪਿਆਰ, ਸੰਬਲ ਨਗਰੀ ਧਾਮ ਸੁਹਾਈਆ । ਸੰਮਤ ਸੰਮਤੀ ਮਾਰੇ ਮਾਰ, ਗੇੜਾ ਆਪਣੇ ਹੱਥ ਰਖਾਈਆ । ਖੇਲੇ ਖੇਲ ਗੁਰੂ ਰੂਪ ਗੁਰ ਕਰਤਾਰ, ਕਰਤਾ ਪੁਰਖ ਵਡ ਵਡਿਆਈਆ । ਧਰਮੀ ਧਰਮ ਧਰਮ ਕਰੇ ਜੈਕਾਰ, ਕਰਮਾਂ ਗਤ ਨਾ ਵੇਖ ਵਖਾਈਆ । ਨੌਂ ਖੰਡ ਸਤ ਦੀਪ ਏਕਾ ਧਾਰ, ਏਕਾ ਰਿਹਾ ਬੰਧਾਈਆ । ਜਗਤ ਨਿਸ਼ਾਨਾ, ਕਰ ਤਿਆਰ, ਸਤ ਰੰਗਾ ਰੰਗ ਰੰਗਾਈਆ । ਸ੍ਰਿਸ਼ਟ ਦੱਬੀ ਆਪਣੇ ਭਾਰ, ਨਾ ਕੋਈ ਸਕੇ ਪਿਠ ਉਠਾਈਆ । ਘਰ ਘਰ ਦਰ ਦਰ ਰੌਂਦੇ ਜ਼ਾਰੋ ਜ਼ਾਰ, ਗੁਰ ਗੋਬਿੰਦ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਰਿਹਾ ਸੇਵ ਕਮਾਈਆ ।

* ੧੬ ਭਾਦਰੋਂ ੨੦੧੫ ਬਿਕਰਮੀ ਵਧਾਵਾ ਸਿੰਘ ਦੇ ਘਰ ਪਿੰਡ ਮਹਰਾਜ *

ਹਰਿ ਸੱਜਣ ਅਨਡੀਠੜਾ, ਘਰ ਘਰ ਰਿਹਾ ਸਮਾਏ । ਗੁਰਸਿਖ ਪ੍ਰੇਮ ਪਿਆਲਾ ਲੱਗੇ ਮੀਠੜਾ, ਆਤਮ ਰਿਹਾ ਪਿਆਏ । ਸੁਫਲ ਕਰਾਏ


Rev-01

ਮਾਤ ਕੁਖੜਾ, ਮੋਖ ਮੁਖੰਤਰ ਇਕ ਵਖਾਏ । ਹਉਮੇ ਰੋਗ ਕਟੇ ਦੁਖੜਾ, ਦਰਦ ਦੁੱਖ ਰਹਿਣ ਨਾ ਪਾਏ । ਨੇਤਰ ਨੈਣ ਲੋਚਨ ਜੋ ਜਨ ਦਰਸ਼ਨ ਭੁਖੜਾ, ਦੇ ਦਰਸ ਤ੍ਰਿਸਨ ਬੁਝਾਏ । ਹਰਿਜਨ ਬੂਟਾ ਕਦੇ ਨਾ ਸੁਕੜਾ, ਫਲ ਫੁਲਵਾੜੀ ਇਕ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਵੇਖ ਵਖਾਏ । ਹਰਿ ਸਾਜਨ ਜਗ ਮੀਤੜਾ, ਪਰਮ ਪੁਰਖ ਕਰਤਾਰ । ਕਾਇਆ ਰੰਗੇ ਚੋਲੀ ਚੀਥੜਾ, ਰੰਗਨ ਰੰਗ ਅਪਾਰ । ਸਾਂਤਕ ਸਤਿ ਕਰਾਏ ਠਾਂਡਾ ਸੀਤੜਾ, ਅਗਨੀ ਤਤ ਨਿਵਾਰ । ਮਿਠਾ ਕਰੇ ਕੌੜਾ ਰੀਠੜਾ, ਜੋ ਜਨ ਢਹਿ ਪਏ ਦਵਾਰ । ਆਪ ਚਲਾਏ ਆਪਣੀ ਰੀਤੜਾ, ਜੁਗ ਜੁਗ ਵੇਸ ਕਰੇ ਕਰਤਾਰ । ਪੱਤਤ ਪਵਿਤ ਕਰੇ ਪੁਨੀਤੜਾ, ਪੱਤਤ ਪਾਵਣਹਾਰ ਸਿਰਜਣਹਾਰ । ਇਕ ਸੁਣਾਏ ਸੁਹਾਗੀ ਗੀਤੜਾ, ਸੋਹੰ ਸ਼ਬਦ ਜੈ ਜੈ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਪਾਵੇ ਸਾਰ । ਹਰਿ ਸੱਜਣ ਹਰਿ ਸਾਖਿਆਤ, ਸਾਜਨ ਮੀਤ ਮੁਰਾਰਾ । ਗੁਰਸਿਖ ਬਣਾਏ ਪਾਰਜਾਤ, ਦੇਵੇ ਨਾਮ ਅਧਾਰਾ । ਮੇਲ ਮਿਲਾਵਾ ਕਮਲਾਪਾਤ, ਨਾਰੀ ਕੰਤ ਪਿਆਰਾ । ਜੋਤ ਨਿਰੰਜਣ ਦੇਵੇ ਧੁਰ ਸੁਗਾਤ, ਸ਼ਬਦੀ ਸ਼ਬਦ ਧੁੰਨਕਾਰਾ । ਮੇਟ ਮਿਟਾਏ ਅੰਧੇਰੀ ਰਾਤ, ਦੀਪਕ ਜੋਤੀ ਕਰ ਉਜਿਆਰਾ । ਸਚ ਚੜ੍ਹਾਏ ਨਾਮ ਰਾਥ, ਰਥ ਰਥਵਾਹੀ ਗੁਰ ਕਰਤਾਰਾ । ਸਦਾ ਸੁਹੇਲਾ ਸਗਲਾ ਸਾਥ, ਆਦਿ ਅੰਤ ਹੋਏ ਰਖਵਾਰਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਜੋ ਜਨ ਢਹਿ ਪਏ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਪਾਵੇ ਸਾਰਾ । ਹਰਿ ਸਾਜਣ ਹਰਿ ਰਤਿਆ, ਰਤਨ ਨਾਮ ਅਮੋਲ । ਆਪੇ ਦੇ ਸਮਝਾਵੇ ਮਤਿਆ, ਪਤਿਪਰਮੇਸ਼ਵਰ ਵਸੇ ਕੋਲ । ਇਕ ਵਖਾਏ ਤੀਰਥ ਤਟਿਆ, ਤਟ ਕਿਨਾਰਾ ਅੰਦਰ ਫੋਲ । ਸਚ ਦਵਾਰਾ ਏਕਾ ਵਸਿਆ, ਦਰ ਦਰਵਾਜ਼ਾ ਏਕਾ ਖੋਲ੍ਹ । ਮੇਟੇ ਰੈਣ ਅੰਧੇਰੀ ਮੱਸਿਆ, ਗੀਤ ਅਨਾਦੀ ਸ਼ਬਦੀ ਬੋਲ । ਦਰ ਦਰ ਘਰ ਘਰ ਫਿਰੇ ਨੱਸਿਆ, ਗੁਰਸਿਖ ਰਹੇ ਨਾ ਕੋਈ ਅਨਭੋਲ । ਮਨਮੁਖ ਜੀਵ ਵੇਖ ਵੇਖ ਕਲ ਹੱਸਿਆ, ਕਾਲ ਨਗਾਰਾ ਵੱਜੇ ਢੋਲ । ਤੀਰ ਨਿਰਾਲਾ ਏਕਾ ਕਸਿਆ, ਸ੍ਰਿਸ਼ਟ ਸਬਾਈ ਖੇਲੇ ਹੋਲ । ਜਨ ਭਗਤਾਂ ਹਿਰਦੇ ਅੰਦਰ ਆਪੇ ਵਸਿਆ, ਆਪੇ ਕਰੇ ਚੋਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਰਿਹਾ ਮੌਲ । ਹਰਿ ਸੱਜਣ ਹਰਿ ਜਾਗਿਆ, ਜਾਗਰਤ ਜੋਤ ਜਗਾਏ । ਚਰਨ ਕਵਲ ਜੋ ਜਨ ਲਾਗਿਆ, ਦੁਰਮਤ ਮੈਲ ਧਵਾਏ । ਜਗਤ ਤ੍ਰਿਸਨਾ ਬੁਝੇ ਆਗਿਆ, ਅਗਿਆਨ ਅੰਧੇਰ ਰਹਿਣ ਨਾ ਪਾਏ । ਫੜ ਫੜ ਹੰਸ ਬਣਾਏ ਕਾਗਿਆ, ਅੰਮ੍ਰਿਤ ਏਕਾ ਜਾਮ ਪਿਆਏ । ਮੇਲ ਮਿਲਾਵਾ ਕੰਤ ਸੁਹਾਗਿਆ, ਸਤਿ ਸਤਿਵੰਤੀ ਨਾਰ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖੇ ਸਾਚਾ ਦਰ, ਦਰ ਮੰਦਰ ਇਕ ਸੁਹਾਏ । ਹਰਿ ਸਾਜਣ ਹਰਿ ਮੰਦਰ, ਹਰਿ ਹਰਿ ਜੋਤ ਜਗਾਈਆ । ਭਾਗ ਲਗਾਏ ਕਾਇਆ ਕੰਦਰ, ਡੂੰਘੀ ਭਵਰੀ ਪਾਰ ਕਰਾਈਆ । ਆਪੇ ਤੋੜਨਹਾਰਾ ਜੰਦਰ, ਚਿੰਤਾ ਸਗਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਮੇਲਾ ਸਹਿਜ ਸਭਾਈਆ । ਹਰਿ ਸੱਜਣ ਹਰਿ ਮੇਲਿਆ, ਹਰਿ ਹਰਿ ਰੂਪ ਗੋਬਿੰਦ । ਹਰਿ ਵਸੇ ਧਾਮ ਅਕੇਲਿਆ, ਵਡ ਦਾਤਾ ਗੁਣੀ ਗਹਿੰਦ । ਹਰਿ ਹੋਇਆ ਸੱਜਣ ਸੁਹੇਲਿਆ, ਹਰਿਜਨ ਉਪਜਾਏ ਸਾਚੀ ਬਿੰਦ । ਅਚਰਜ ਖੇਲ ਪਾਰਬ੍ਰਹਮ ਕਲ ਖੇਲਿਆ, ਸ੍ਰਿਸ਼ਟ ਸਬਾਈ ਲਗਾਈ ਆਪਣੀ ਨਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਹਰਿਜਨ ਸਦਾ ਬਖ਼ਸ਼ਿੰਦ । ਹਰਿ ਸਾਜਨ ਜਿਨ ਜਾਣਿਆ,

੬੦੬
੦੭

ਆਪਣਾ ਮੂਲ ਪਛਾਣ । ਚਲੇ ਚਲਾਏ ਗੁਰ ਗੁਰ ਭਾਣਿਆ, ਸੁਣੇ ਸੁਣਾਏ ਧੁਰ ਫ਼ਰਮਾਣ । ਲੇਖਾ ਚੁੱਕੇ ਆਵਣ ਜਾਣਿਆ, ਧਰਮ ਰਾਏ ਨਾ ਕੋਈ ਆਨ । ਪਾਇਆ ਪਰਮ ਪੁਰਖ ਸੁਲਤਾਨਿਆ, ਘਰ ਸਾਚੇ ਸਚ ਮਕਾਨ । ਜੋਤੀ ਨੂਰ ਜਗੇ ਮਹਾਨਿਆ, ਉਪਜੇ ਧੁਨ ਸੱਚੀ ਧੁਨਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿ ਸੱਜਣ ਲਏ ਪਛਾਨ ।



### * ੧੭ ਭਾਦਰੋਂ ੨੦੧੫ ਬਿਕ੍ਰਮੀ ਗੁਲਜ਼ਾਰ ਸਿੰਘ ਦੇ ਘਰ ਪਿੰਡ ਸਾਹੋ ਜ਼ਿਲਾ ਫੀਰੋਜ਼ਪੁਰ *

ਆਦਿ ਜੋਤ ਹਰਿ ਨਿਰੰਕਾਰ, ਪਾਰਬ੍ਰਹਮ ਅਖਵਾਇਆ । ਨੂਰੋ ਨੂਰ ਅਪਰ ਅਪਾਰ, ਨੂਰੋ ਨੂਰ ਸਮਾਇਆ । ਕਰਤਾ ਪੁਰਖ ਖੇਲ ਅਪਾਰ, ਭੇਵ ਕੋਈ ਨਾ ਰਾਇਆ । ਅਗੰਮ ਅਗੰਮੜੇ ਵਸਿਆ ਧਾਮ ਨਿਆਰ, ਧਾਮ ਅਵੱਲੜਾ ਇਕ ਵਖਾਇਆ । ਹੱਡ ਮਾਸ ਨਾੜੀ ਚਮੜਾ ਨਾ ਕੋਈ ਪੰਜ ਤਤ ਅਕਾਰ, ਰੂਪ ਰੰਗ ਦਿਸ ਨਾ ਆਇਆ । ਨਾ ਕੋਈ ਸਾਧ ਸੰਤ ਗੁਰ ਪੀਰ ਅਵਤਾਰ, ਨਾ ਕੋਈ ਸੱਜਣ ਵੇਖ ਵਖਾਇਆ । ਲੱਖ ਚੁਰਾਸੀ ਨਾ ਕੋਈ ਪਿਆਰ, ਬ੍ਰਹਮ ਬ੍ਰਹਮ ਨਾ ਕੋਇ ਵੰਡ ਵੰਡਾਇਆ । ਸ਼ਿਵ ਸ਼ੰਕਰ ਨਾ ਕਰੇ ਕੋਈ ਵਿਚਾਰ, ਕਰੋੜ ਤੇਤੀਸਾ ਨਾ ਦਏ ਸੁਣਾਇਆ । ਸਰਬ ਕਲਾ ਏਕਾ ਏਕੰਕਾਰ, ਅਕਲ ਕਲਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਪਣਾ ਰੂਪ ਉਪਾਇਆ । ਪਾਰਬ੍ਰਹਮ ਹਰਿ ਬੇਪਰਵਾਹ, ਏਕਾ ਏਕ ਏਕੰਕਾਰਿਆ । ਨਿਰਗੁਣ ਜੋਤ ਹਰਿ ਅਥਾਹ, ਭੇਵ ਕੋਇ ਨਾ ਪਾ ਰਿਹਾ । ਆਪ ਆਪਣਾ ਜਾਣੇ ਥਾਂ, ਥਾਨ ਥਨੰਤਰ ਇਕ ਸੁਹਾ ਰਿਹਾ । ਨਾ ਕੋਈ ਗਗਨ ਮੰਡਲ ਕਰੇ ਛਾਂ, ਧਰਤ ਧਵਲ ਨਾ ਕੋਈ ਰਖਾ ਰਿਹਾ । ਰਵ ਸਸ ਨਾ ਕਰੇ ਕੋਈ ਛਾਂ, ਤਾਰਾ ਮੰਡਲ ਨਾ ਕੋਈ ਦਿਸ਼ਾ ਰਿਹਾ । ਪਵਣ ਹਵਨ ਨਾ ਕੋਈ ਕਰਾ, ਨਾ ਕੋਈ ਅਗਨ ਹਵਨ ਕਰਾ ਰਿਹਾ । ਦੀਵਾ ਬੱਤੀ ਨਾ ਕੋਈ ਜਗਾ, ਨਾ ਕੋਈ ਤੇਲ ਧਾਰ ਬੰਧਾ ਰਿਹਾ । ਕਮਲਾਪਤੀ ਆਪ ਅਖਵਾ, ਆਪ ਆਪਣਾ ਰੂਪ ਵਟਾ ਰਿਹਾ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਬਣਤ ਬਣਾ ਰਿਹਾ । ਨਾ ਕੋਈ ਭੈਣ ਨਾ ਭਰਾ, ਸਾਕ ਸੱਜਣ ਨਾ ਕੋਈ ਅਖਵਾ ਰਿਹਾ । ਨਾ ਕੋਈ ਨਗਰ ਨਾ ਗਿਰਾਂ, ਨਾ ਕੋਈ ਕੂਚਾ ਗਲੀ ਸੁਹਾ ਰਿਹਾ । ਨਾ ਕੋਈ ਰਾਗ ਧੁਨੀ ਰਿਹਾ ਸੁਣਾ, ਤਾਲ ਤਲਵਾੜਾ ਨਾ ਕੋਈ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਘਰ ਡਗਮਗਾ ਰਿਹਾ । ਜੋਤੀ ਨੂਰ ਪੁਰਖ ਅਕਾਲਾ, ਏਕਾ ਰੂਪ ਸਮਾਇਆ । ਆਪ ਅਪਰੰਪਰ ਹੋਏ ਦੀਨ ਦਿਆਲਾ, ਦਇਆਨਿਧ ਨਾਮ ਧਰਾਇਆ । ਪੀਰ ਪੈਗ਼ੰਬਰ ਨਾ ਕੋਈ ਸਵਾਲਾ, ਨਾ ਕੋਈ ਆਏ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਪਾਰਬ੍ਰਹਮ ਬੇਅੰਤ ਕੰਤ ਆਪ ਆਪਣੇ ਦਰ ਸੁਹਾਇਆ । ਹਰਿ ਪੁਰਖ ਹਰਿ ਭਗਵਾਨ, ਹਰਿ ਹਰਿ ਰੂਪ ਸਮਾਇਆ । ਆਪੇ ਜਾਣੇ ਆਪਣੀ ਆਣ, ਆਪ ਆਪਣਾ ਧਰਮ ਧਰਾਇਆ । ਆਪ ਬਣਾਏ ਆਪਣਾ ਮਕਾਨ, ਆਪ ਆਪਣਾ ਆਸਣ ਲਾਇਆ । ਆਪ ਝੁਲਾਏ ਆਪਣਾ ਇਕ ਨਿਸ਼ਾਨ, ਦੂਸਰ ਦਿਸ ਕਿਸੇ ਨਾ ਆਇਆ । ਆਪੇ ਸ਼ਾਹ ਆਪੇ ਸੁਲਤਾਨ, ਗ਼ਰੀਬ ਨਿਮਾਣਾ ਆਪ ਹੋ ਜਾਇਆ । ਆਪੇ ਰਾਜ ਆਪ ਰਾਜਾਨ, ਆਪੇ ਤਾਜ ਸੀਸ ਟਿਕਾਇਆ । ਆਪੇ ਤੇਜ਼ ਕੋਟਨ ਭਾਨ, ਆਪੇ ਨੂਰੋ ਨੂਰ ਕਰੇ ਰੁਸ਼ਨਾਇਆ । ਆਪੇ ਕਰਮ ਆਪੇ ਧਰਮ ਆਪੇ

ਦੀਨ ਮਜ਼੍ਹਬ ਈਮਾਨ, ਜ਼ਾਤ ਪਾਤ ਨਾ ਕੋਈ ਰਖਾਇਆ । ਆਪੇ ਵੇਦ ਆਪ ਪੁਰਾਨ, ਸਿਮਰਤ ਸ਼ਾਸਤਰ ਵੇਖੇ ਮਾਰ ਧਿਆਨ, ਆਪ ਆਪਣਾ ਲੇਖ ਲਿਖਾਇਆ । ਆਪੇ ਗੀਤਾ ਆਪੇ ਗਿਆਨ, ਆਪੇ ਭਗਤ ਵਛਲ ਭਗਵਾਨ, ਆਪ ਆਪਣਾ ਰੂਪ ਵਟਾਇਆ । ਆਪੇ ਅੰਜੀਲ ਆਪੇ ਕੁਰਾਨ, ਆਪੇ ਬੇਐਬ ਪਰਵਰਦਿਗਾਰ ਕਰੇ ਖੇਲ ਮਹਾਨ, ਖੇਲਣਹਾਰ ਆਪ ਹੋ ਜਾਇਆ । ਆਪੇ ਖਾਣੀ ਬਾਣੀ ਕਰੇ ਪਛਾਣ, ਗਾਵਣਹਾਰਾ ਨਾਮ ਧਰਾਇਆ । ਆਪੇ ਜੋਧਾ ਸੂਰਬੀਰ ਬਲੀ ਬਲਵਾਨ, ਦਾਨੀ ਦਾਤਾ ਆਪ ਅਖਵਾਇਆ । ਆਪੇ ਤੀਰ ਆਪੇ ਕਮਾਨ, ਸ਼ਸਤਰ ਬਸਤਰ ਆਪ ਸਮਾਇਆ । ਆਪੇ ਰਾਗ ਆਪੇ ਕਾਨ, ਆਪੇ ਨਾਦੀ ਨਾਦ ਵਜਾਇਆ । ਆਪੇ ਪਾਰਬ੍ਰਹਮ ਬ੍ਰਹਮ ਕਰੇ ਨਿਸ਼ਾਨ, ਭੇਵ ਕੋਈ ਨਾ ਰਾਇਆ । ਆਦਿ ਅੰਤਾ ਹਰਿ ਭਗਵੰਤਾ ਏਕਾ ਏਕ ਪੁਰਖ ਸੁਲਤਾਨ, ਸਤਿ ਸਤਿਵਾਦੀ ਨਾਉਂ ਧਰਾਇਆ । ਜੁਗਾ ਜੁਗੰਤ ਖੇਲੇ ਖੇਲ ਮਹਾਨ, ਜੁਗ ਜੁਗ ਵੇਸ ਵਟਾਇਆ । ਜਨ ਭਗਤਾਂ ਦੇਵੇ ਨਾਮ ਦਾਨ, ਆਤਮ ਬ੍ਰਹਮ ਜਣਾਇਆ । ਏਕਾ ਦੂਜਾ ਭੌ ਚੁਕਾਨ, ਤੀਜਾ ਨੈਣ ਖੁਲ੍ਹਾਇਆ । ਚੌਥੇ ਪਦ ਕਰ ਪਰਵਾਨ, ਆਪਣਾ ਮੇਲ ਮਿਲਾਇਆ । ਪੰਚਮ ਮੇਲਾ ਧੁਰ ਫ਼ਰਮਾਣ, ਵਿਛੜ ਕਦੇ ਨਾ ਜਾਇਆ । ਛੇਵੇਂ ਛੱਪਰ ਛੰਨ ਨਾ ਕੋਈ ਮਕਾਨ, ਥਿਰ ਘਰ ਸਾਚੇ ਡੇਰਾ ਲਾਇਆ । ਸੱਤਵੇਂ ਸਤਿ ਪੁਰਖ ਹੋ ਮਿਹਰਵਾਨ, ਆਪ ਆਪਣਾ ਆਸਣ ਡਾਹਿਆ । ਨਿਰਮਲ ਜੋਤੀ ਜਗੇ ਮਹਾਨ, ਨੂਰੋ ਨੂਰ ਕਰੇ ਰੁਸ਼ਨਾਇਆ । ਨਾ ਕੋਈ ਗੋਪੀ ਨਾ ਕਾਹਨ, ਰਾਮ ਰਾਮਾ ਦਿਸ ਨਾ ਆਇਆ । ਇਕ ਅਕੱਲਾ ਖੇਲੇ ਖੇਲ ਮਹਾਨ, ਏਕੰਕਾਰਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼, ਆਪ ਆਪਣਾ ਘਰ ਸੁਹਾਇਆ । ਪੁਰਖ ਅਬਿਨਾਸ਼ ਪਾਰਬ੍ਰਹਮ, ਆਪ ਆਪਣਾ ਦਰ ਸੁਹਾਇੰਦਾ । ਆਪੇ ਜਾਣੇ ਆਪਣਾ ਵਰਨ, ਆਪ ਆਪਣੀ ਬਣਤ ਬਣਾਇੰਦਾ । ਆਪ ਆਪਣੀ ਲਾਗੇ ਸਰਨ, ਸਰਨਗਤ ਆਪ ਅਖਵਾਇੰਦਾ । ਆਪ ਆਪਣੀ ਕਰਨੀ ਕਰਨ, ਕਰਤਾ ਪੁਰਖ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਸਦਾ ਆਦੇਸ, ਜੁਗ ਜੁਗ ਵੇਸ ਵਟਾਇੰਦਾ । ਹਰਿ ਹਰਿ ਵੇਸ ਹਰਿ ਅਵੱਲਾ, ਏਕਾ ਏਕ ਕਰਾਇਆ । ਥਿਰ ਘਰ ਵਸਾਏ ਸਚ ਮਹੱਲਾ, ਏਕੰਕਾਰਾ ਰੂਪ ਵਟਾਇਆ । ਏਕੰਕਾਰਾ ਖੇਲੇ ਖੇਲ ਅਕੱਲਾ, ਅਕਲ ਕਲ ਅਖਵਾਇਆ । ਆਪੇ ਵਸਿਆ ਜਲਾ ਥਲਾ ਡੂੰਘੇ ਸਾਗਰ ਡੇਰਾ ਲਾਇਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ, ਉਚਾਂ ਟਿੱਲਾ ਫੋਲ ਫੋਲਾਇਆ । ਆਦਿ ਜੁਗਦਿ ਜੁਗ ਜੁਗ ਜਨ ਭਗਤਾਂ ਰੱਖੇ ਲਾਜ, ਲੋਕਮਾਤ ਰਾਹ ਚਲਾਇਆ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਰਹਿਣ ਨਾ ਪਾਇਆ । ਮੇਟ ਮਿਟਾਏ ਪੰਚਮ ਧਾੜ, ਹਉਮੇਂ ਰੋਗ ਗਵਾਇਆ । ਹਉਮੇ ਹੰਗਤਾ ਦੇਵੇ ਸਾੜ, ਮਾਇਆ ਮਮਤਾ ਮੋਹ ਚੁਕਾਇਆ । ਧਰਮ ਵਖਾਏ ਇਕ ਅਖਾੜ, ਅਨਹਦ ਵਾਜ਼ਾ ਇਕ ਵਜਾਇਆ । ਕਾਇਆ ਸੁਹਾਏ ਗਾਗਰ ਤਾਲ, ਅੰਮ੍ਰਿਤ ਜਲ ਭਰਾਇਆ । ਹਰਿਜਨ ਮਾਰੇ ਇਕ ਉਛਾਲ, ਕਾਗੋਂ ਹੰਸ ਬਣਾਇਆ । ਮੇਲ ਮਿਲਾਵਾ ਦੀਨ ਦਿਆਲ, ਗੁਰ ਸ਼ਬਦੀ ਮੇਲ ਮਿਲਾਇਆ । ਪਾਇਆ ਗੋਬਿੰਦ ਹਰਿ ਗੋਪਾਲ, ਗੋਬਿੰਦ ਰੂਪ ਸਮਾਇਆ । ਵੇਖ ਧਰਮ ਸੱਚੀ ਧਰਮਸਾਲ, ਮੰਦਰ ਅੰਦਰ ਕੁੰਡਾ ਲਾਹਿਆ । ਜੋਤੀ ਨੂਰ ਜਗੇ ਮਹਾਨ, ਅੱਠੇ ਪਹਿਰ ਡਗਮਗਾਇਆ । ਗੁਰਮੁਖ ਲੇਖੇ ਲੱਗੇ ਕਾਇਆ ਮਾਟੀ ਖਾਲ, ਪੰਜ ਤਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਹਰਿ ਭਗਵੰਤਾ, ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣੀ ਧਾਰ ਚਲਾਇਆ । ਹਰਿ ਨਿਰੰਕਾਰਾ ਖੇਲ ਅਪਾਰਾ, ਇਕ ਅਕਾਰ

੬੦੮ ੦੭

ਕਰਾਇਆ । ਕੋਟਨ ਕੋਟੀ ਕੋਟ ਨਾ ਪਾਵਣ ਸਾਰਾ, ਕੋਟ ਕੋਟੀ ਵੇਖ ਵਖਾਇਆ । ਚੋਟੀ ਜੜ੍ਹ ਨਾ ਵੇਖੇ ਕੋਈ ਧਾਰਾ, ਕਵਣ ਰੂਪ ਹਰਿ ਸਹਾਇਆ । ਪਾਰਬ੍ਰਹਮ ਬੇਅੰਤ ਬੇਅੰਤ ਆਪੇ ਗੁਰ ਆਪੇ ਅਵਤਾਰਾ, ਆਪ ਆਪਣਾ ਲੇਖ ਲਿਖਾਇਆ । ਅਲੱਖ ਅਗੰਮ ਅਗੋਚਰ ਭੇਵ ਅਭੇਦ ਨਾ ਕੋਈ ਬੁਝੇ ਨਾ ਕਿਸੇ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਪਾਰਾ । ਖੇਲ ਖਿਲੰਤਾ ਹਰਿ ਗੋਬਿੰਦ, ਹਰਿ ਹਰਿ ਰੂਪ ਸਮਾਇਆ । ਆਪੇ ਮੇਟੇ ਆਪਣੀ ਚਿੰਤ, ਚਿੰਤਾ ਚਿਖਾ ਰਹਿਣ ਨਾ ਪਾਇਆ । ਆਪ ਉਪਜਾਏ ਆਪਣੀ ਬਿੰਦ, ਆਪ ਆਪਣਾ ਨਾਉਂ ਉਪਾਇਆ । ਆਪੇ ਗਹਿਰ ਗੰਭੀਰ ਸਾਗਰ ਸਿੰਧ, ਡੂੰਘਾ ਸਾਗਰ ਆਪ ਅਖਵਾਇਆ । ਆਪੇ ਦਾਤਾ ਦਾਨੀ ਆਪ ਬਖ਼ਸ਼ਿੰਦ, ਆਪਣੀ ਝੋਲੀ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਏਕਾ ਏਕ ਸਮਾਇਆ । ਆਦਿ ਅੰਤ ਏਕੰਕਾਰਾ, ਏਕਾ ਰੰਗ ਸਮਾਇੰਦਾ । ਪਾਰਬ੍ਰਹਮ ਪ੍ਰਭ ਲੈ ਅਵਤਾਰਾ, ਗੁਰ ਗੁਰ ਵੇਸ ਵਟਾਇੰਦਾ । ਗੁਰ ਮੂਰਤ ਅਕਾਲ ਵਿਚ ਸੰਸਾਰਾ, ਪੰਜ ਤਤ ਸਮਾਇੰਦਾ । ਨਿਰਗੁਣ ਜੋਤੀ ਸ਼ਬਦ ਧਾਰਾ, ਸ਼ਬਦੀ ਡੰਕ ਵਜਾਇੰਦਾ । ਬ੍ਰਹਮਾ ਵੇਦ ਨਾ ਪਾਏ ਸਾਰਾ, ਸ਼ਿਵ ਸ਼ੰਕਰ ਨਾ ਗਣਤ ਗਣਾਇੰਦਾ । ਕਰੋੜ ਤੇਤੀਸਾ ਰਿਹਾ ਪੁਕਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਅਕਾਲ ਪੁਰਖ ਦੀਨ ਦਿਆਲ ਮਾਰੇ ਏਕਾ ਨਾਅਰਾ, ਲੋਆਂ ਪੁਰੀਆਂ ਆਪ ਜਗਾਇੰਦਾ । ਮਾਤ ਪਤਾਲ ਅਕਾਸ਼ ਦਏ ਸਹਾਰਾ, ਗਗਨ ਮੰਡਲ ਵੇਖ ਵਖਾਇੰਦਾ । ਰਵ ਸਸ ਜੋਤੀ ਨੂਰ ਮੰਡਲ ਮੰਡਪ ਦਏ ਸਹਾਰਾ, ਸਤਿ ਪੁਰਖ ਨਾਉਂ ਧਰਾਇੰਦਾ । ਧਰਨੀ ਧਰਤ ਧਵਲ ਜਲ ਧਾਰਾ, ਜਲ ਬਿੰਬ ਆਪ ਉਪਾਇੰਦਾ । ਆਪ ਆਪਣਾ ਕਰ ਪਿਆਰਾ, ਪਾਰਬ੍ਰਹਮ ਅਖਵਾਇੰਦਾ । ਆਪ ਆਪਣਾ ਕਰ ਕਿਨਾਰਾ, ਆਪ ਆਪਣੀ ਵੰਡ ਵੰਡਾਇੰਦਾ । ਤ੍ਰੈਗੁਣ ਮਾਇਆ ਕਰ ਪਸਾਰਾ, ਪੰਜ ਤਤ ਅਖਵਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਬੰਨ੍ਹੇ ਧਾਰਾ, ਰਤ ਬੂੰਦ ਹੱਡ ਮਾਸ ਨਾੜੀ ਚੰਮ ਬਣਤ ਬਣਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜਾ, ਜਗਤ ਵੇਖ ਵਖਾਇੰਦਾ । ਮਹੱਲ ਅੰਦਰ ਧਰ ਮੁਨਾਰਾ, ਘਰ ਵਿਚ ਘਰ ਟਿਕਾਇੰਦਾ । ਉਚ ਮਹੱਲ ਅਟੱਲ ਚੜ੍ਹ ਉਚ ਮੁਨਾਰਾ, ਆਪਣਾ ਆਸਣ ਲਾਇੰਦਾ । ਡੂੰਘੀ ਭਵਰੀ ਪਾਰ ਕਿਨਾਰਾ, ਦਿਸ ਕਿਸੇ ਨਾ ਆਇੰਦਾ । ਪੰਚਮ ਗਾਇਣ ਵਾਰੋ ਵਾਰਾ, ਸਾਚੀ ਸੇਵਾ ਲਾਇੰਦਾ । ਜੋਤ ਨਿਰੰਜਣ ਹੋਏ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਆਤਮ ਰੱਖੇ ਠੰਡੀ ਠਾਰਾ, ਏਕਾ ਜਲ ਭਰਾਇੰਦਾ । ਬਜਰ ਕਪਾਟੀ ਤੋੜੇ ਤਾਲਾ, ਆਪਣੀ ਹੱਥੀ ਕੁੰਡਾ ਲਾਹਿੰਦਾ । ਦਸਮ ਦਵਾਰੀ ਬੈਠਾ ਦੀਨ ਦਿਆਲਾ, ਜਨ ਭਗਤਾਂ ਰਾਹ ਤਕਾਇੰਦਾ । ਗੁਰ ਸ਼ਬਦ ਆਦਿ ਅੰਤ ਜੁਗੋ ਜੁਗੰਤ ਹੋਏ ਰਖਵਾਲਾ, ਸਦਾ ਸਦ ਸੇਵ ਕਮਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਧਰਮ ਰਾਏ ਮੁਖ ਛੁਪਾਇੰਦਾ । ਅਗਨੀ ਸਾੜੇ ਨਾ ਜੋਤ ਜਵਾਲਾ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਜਿਸ ਜਨ ਪਾਇਆ ਗੁਰ ਧੁਰ ਪੁਰਖ ਅਕਾਲਾ, ਜੋਤੀ ਜੋਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਦਿ ਜੁਗਾਦਿ ਆਪਣੀ ਰਚਨ ਰਚਾਇੰਦਾ । ਆਦਿ ਪੁਰਖ ਸਰਬ ਘਟ ਦੀਨਾ, ਘਟ ਘਟ ਆਪ ਨਿਵਾਜਿਆ । ਆਪੇ ਖਾਣਾ ਆਪੇ ਪੀਣਾ, ਆਪੇ ਸਾਜਨ ਸਾਜਿਆ । ਆਪੇ ਮਰਨਾ ਆਪੇ ਜੀਨਾ, ਆਪੇ ਖੋਲ੍ਹਣਹਾਰਾ ਪਾਜਿਆ । ਆਪੇ ਜਲ ਆਪੇ ਮੀਨਾ, ਆਪੇ ਰੱਖਣਹਾਰਾ ਲਾਜਿਆ । ਆਪੇ ਚਾੜ੍ਹੇ ਰੰਗ ਭੀਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਮਾਤ ਧਰ ਜਨ ਭਗਤਾਂ ਸਵਾਰੇ ਕਾਜਿਆ । ਭਗਤ ਵਛਲ ਕਰਤਾਰ, ਆਪਣੀ ਕਲ ਧਾਰੀਆ । ਲੋਕਮਾਤ

੬੦੯
੦੨

ਲੈ ਅਵਤਾਰ, ਖੇਲੇ ਖੇਲ ਅਗੰਮ ਅਪਾਰੀਆ । ਪੰਜ ਤਤ ਕਰ ਪਿਆਰ, ਨਿਰਗੁਣ ਸਰਗੁਣ ਮੇਲ ਮਿਲਾ ਰਿਹਾ । ਸਰਗੁਣ ਬੰਨੇ ਸਾਚੀ ਧਾਰ, ਸ਼ਬਦੀ ਸ਼ਬਦ ਸਮਾ ਰਿਹਾ । ਸ਼ਬਦੀ ਡੰਕ ਅਪਰ ਅਪਾਰ, ਲੋਆਂ ਪੁਰੀਆਂ ਆਪ ਹਿਲਾ ਰਿਹਾ । ਰਾਮ ਰਾਮਾ ਸ਼ਾਹ ਸੁਲਤਾਨਾ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾ ਰਿਹਾ । ਸਾਧਾਂ ਸੰਤਾਂ ਦਏ ਆਧਾਰ, ਆਦਿ ਜੁਗਾਦੀ ਕਰਮ ਕਮਾ ਰਿਹਾ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਖਿਮਾ ਗ਼ਰੀਬੀ ਝੋਲੀ ਪਾ ਰਿਹਾ । ਜੀਵਾਂ ਜੰਤਾਂ ਕਰ ਪਿਆਰ, ਕਰਤਾ ਕੀਮਤ ਆਪਣੀ ਆਪ ਚੁਕਾ ਰਿਹਾ । ਨੌਂ ਖੰਡ ਪ੍ਰਿਥਮੀ ਵੇਖੇ ਗੜ੍ਹ ਹੰਕਾਰ, ਨਾਮ ਖੰਡਾ ਇਕ ਉਠਾ ਰਿਹਾ । ਵੇਦ ਵਿਆਸਾ ਬਣ ਲਿਖਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਨਾਮ ਧਰਾ ਲਿਆ । ਉਚੇ ਟਿੱਲੇ ਕਰੇ ਵਿਹਾਰ, ਹਰਿ ਕਾ ਪਰਬਤ ਦਿਸ ਨਾ ਆ ਰਿਹਾ । ਬਜਰ ਕਪਾਟੀ ਲਾਈ ਸਿਲਾ, ਨਾ ਕੋਈ ਪਾੜ ਪਾਰ ਕਰਾ ਰਿਹਾ । ਰਸਨਾ ਏਕਾ ਚੜ੍ਹਿਆ ਚਿੱਲਾ, ਹਰਿ ਸ਼ਬਦੀ ਤੀਰ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾ ਰਿਹਾ । ਆਦਿ ਪੁਰਖ ਹਰਿ ਹਰਿ ਦੇਵਾ, ਏਕਾ ਏਕ ਅਖਵਾਇਆ । ਜਨ ਭਗਤਾਂ ਕਰੇ ਜੁਗ ਜੁਗ ਸੇਵਾ, ਆਪ ਆਪਣਾ ਵੇਸ ਵਟਾਇਆ । ਅੰਮ੍ਰਿਤ ਆਤਮ ਦੇਵੇ ਸਾਚਾ ਮੇਵਾ, ਨਿਹਚਲ ਧਾਮ ਖਵਾਇਆ । ਜੋ ਜਨ ਗਾਏ ਰਸਨਾ ਜਿਹਵਾ, ਜਨ ਜਨਨੀ ਲੇਖੇ ਲਾਇਆ । ਕੌਸਤਕ ਮਣੀਆ ਮਸਤਕ ਲਾਏ ਥੇਵਾ, ਜੋਤੀ ਜੋਤ ਕਰੇ ਰੁਸ਼ਨਾਇਆ । ਮਿਲੇ ਮੇਲ ਪੁਰਖ ਅਗੰਮ ਅਲੱਖ ਅਭੇਵਾ, ਅਭੇਦ ਅਭੇਦਾ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਕਰੇ ਰੁਸ਼ਨਾਇਆ । ਨਾਉਂ ਹਰਿ ਨਿਰੰਕਾਰ, ਨਾਨਕ ਨਿਰਗੁਣ ਅਖਵਾਈਆ । ਤ੍ਰੈਗੁਣ ਮਾਇਆ ਮਾਰੇ ਮਾਰ, ਪੰਜ ਤਤ ਦੁਰਕਾਈਆ । ਸ਼ਬਦ ਖੰਡਾ ਇਕ ਕਟਾਰ, ਨਾਮ ਸਤਿ ਰਿਹਾ ਚਲਾਈਆ । ਬੀਜੇ ਬੀਜ ਸਰਬ ਸੰਸਾਰ, ਕਾਇਆ ਖੇਤ ਹੱਲ ਚਲਾਈਆ । ਡਾਲ੍ਹੀ ਪੱਤ ਲੱਗੇ ਫੁਲ ਫੁਲਵਾੜ, ਸਿੰਚ ਕਿਆਰੀ ਅੰਮ੍ਰਿਤ ਇਕ ਭਰਾਈਆ । ਵਾ ਨਾ ਲੱਗੇ ਤੱਤੀ ਹਾੜ, ਅਗਨੀ ਤਤ ਨਾ ਕੋਈ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਗੁਰ ਨਾਨਕ ਨਿਰਗੁਣ ਰੂਪ ਨਰ ਹਰਿ ਨਿਰਵੈਰ ਆਪ ਅਖਵਾਈਆ । ਨਿਰਵੈਰ ਮੂਰਤ ਅਕਾਲ, ਦਰਦ ਦੁੱਖ ਭੈ ਭੰਜਨਾ । ਨਾਨਕ ਪਾਇਆ ਹਰਿ ਘਰ ਸੱਚੀ ਧਰਮਸਾਲ, ਮਿਲਿਆ ਮੇਲ ਸਾਚੇ ਸੱਜਣਾ । ਅਕਾਲ ਪੁਰਖ ਬਣਾਇਆ ਸਾਚਾ ਲਾਲ, ਆਪ ਆਪਣਾ ਪੜਦਾ ਕਜਨਾ । ਦੋਹਾਂ ਵਿਚੋਲਾ ਨਾਮ ਸਤਿ ਦਲਾਲ, ਨਾ ਘੜਿਆ ਨਾ ਭੱਜਣਾ । ਲੋਕਮਾਤ ਕਰੇ ਰਖਵਾਲ, ਪੰਚਮ ਵਿਕਾਰਾ ਜਿਸ ਜਨ ਤਜਨਾ । ਆਪ ਵਖਾਈ ਅਵੱਲੜੀ ਚਾਲ, ਨਾ ਕੋਈ ਮੱਕਾ ਕਾਅਬਾ ਹਾਜੀ ਹਜਨਾ । ਕਾਇਆ ਤਤ ਪੰਚ ਮੁਨਾਰਾ ਭਾਗ ਲਗਾਏ ਮਾਟੀ ਖਾਲ, ਅਨਹਦ ਸ਼ਬਦ ਨਗਾਰਾ ਏਕਾ ਵੱਜਣਾ । ਆਪ ਆਪਣਾ ਲਏ ਭਾਲ, ਆਪ ਆਪਣਾ ਕਰੇ ਮਜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਨਾਨਕ ਧਰ, ਦਰ ਦਰਵੇਸ਼ ਨਰ ਨਰੇਸ਼ ਆਪੇ ਰੱਖੇ ਆਪਣੀ ਲਜਨਾ । ਆਪਣੀ ਲੱਜਿਆ ਆਪੇ ਰੱਖ, ਕਰਨੀ ਕਿਰਤ ਕਮਾਈਆ । ਨਾਨਕ ਰੂਪ ਹੋ ਪਰਤੱਖ, ਸ੍ਰਿਸ਼ਟ ਸਬਾਈ ਡੇਰਾ ਲਾਈਆ । ਸੰਤ ਸੁਹੇਲੇ ਲਏ ਰੱਖ, ਮਨਮੁਖਾਂ ਦਏ ਸਜ਼ਾਈਆ । ਏਕਾ ਦੇ ਸਮਝਾਵੇ ਮਤ, ਮੁਸਲਮ ਹਿੰਦੂ ਨਾ ਕੋਈ ਜਣਾਈਆ । ਏਕਾ ਬੀਜ ਹਰ ਘਟ ਅੰਦਰ ਦੇਵੇ ਘਤ, ਗੁਰ ਪੂਰੇ ਵਡ ਵਡਿਆਈਆ । ਪਾਰਬ੍ਰਹਮ ਬੰਧਾਏ ਨਾਤ, ਚਰਨ ਨਤ ਨਾ ਕੋਈ ਤੋੜੇ ਤੋੜ ਤੁੜਾਈਆ । ਲਹਿਣਾ ਦੇਣਾ ਚੁਕਾਏ ਜ਼ਾਤ ਪਾਤ, ਊਚਾਂ ਨੀਚਾਂ ਭੇਵ ਨਾ ਰਾਈਆ । ਸਰਬ ਜੀਆਂ

ਦਾ ਦਾਤਾ ਹਰਿ ਹਰਿ ਕਮਲਾਪਾਤ, ਬ੍ਰਹਮ ਭਿਛਿਆ ਝੋਲੀ ਪਾਈਆ । ਅੰਤਮ ਵੇਲੇ ਪੁੱਛੇ ਵਾਤ, ਮਾਤ ਪਿਤ ਭਾਈ ਭੈਣ ਸਾਕ ਸੱਜਣ ਕੋਇ ਸੰਗ ਨਾ ਜਾਈਆ । ਕਲਜੁਗ ਰੈਣ ਅੰਧੇਰੀ ਰਾਤ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲਹਿਣੇ ਦਿਤੀ ਏਕਾ ਦਾਤ, ਅੰਗੀ ਅੰਗ ਸਮਾਈਆ । ਵੇਖ ਵਖਾਏ ਕਾਇਆ ਨਾਤ, ਕਾਇਆ ਗੜ੍ਹ ਮਹੱਲ ਅਟੱਲ ਲਾਜ ਰਖਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਮਾਰ ਝਾਤ, ਲੁਕਿਆ ਕੋਈ ਰਹਿਣ ਨਾ ਪਾਈਆ । ਗੁਰ ਨਾਨਕ ਬਖ਼ਸ਼ੀ ਸ਼ਬਦ ਦਾਤ, ਜੋਤੀ ਸੇਵਾ ਲਾਈਆ । ਏਕਾ ਸ਼ਬਦ ਵਡ ਕਰਾਮਾਤ, ਨਾ ਦੂਸਰ ਬੂਝ ਬੁਝਾਈਆ । ਅਮਰ ਮਿਲਾਵਾ ਕਮਲਾਪਾਤ, ਕੰਤ ਕੰਤੂਹਲਾ ਸੇਜ ਹੰਢਾਈਆ । ਲਹਿਣਾ ਚੁੱਕਿਆ ਤੀਰਥ ਅਠ ਸਾਠ, ਤੱਟ ਕਿਨਾਰਾ ਨਾ ਕੋਈ ਵਖਾਈਆ । ਗੁਰ ਸੇਵ ਵਖਾਈ ਸਾਚੀ ਪੂਜਾ ਪਾਠ, ਪੂਰਨ ਇਛਿਆ ਆਪ ਕਰਾਈਆ । ਕਾਇਆ ਖੁਲ੍ਹਾਇਆ ਸਾਚਾ ਹਾਟ, ਨਾਮ ਵਸਤ ਵਿਚ ਰਖਾਈਆ । ਜੋਤੀ ਨਿਕਲੇ ਸਚ ਲਾਟ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਏਕਾ ਉਤਰਿਆ ਪੂਰੇ ਘਾਟ, ਪਾਰ ਕਿਨਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਦਾਸ ਰਾਮ ਹੋ ਹੋ ਸੇਵ ਕਮਾਈਆ । ਰਾਮਦਾਸ ਜੋਤ ਨਿਰੰਜਣ, ਆਦਿ ਨਿਰੰਜਣ ਅਖਵਾਇਆ । ਨੇਤਰ ਪਾਏ ਏਕਾ ਅੰਜਨ, ਏਕਾ ਮੰਤਰ ਦ੍ਰਿੜਾਇਆ । ਏਕਾ ਮਿਲਿਆ ਸਾਚਾ ਸੱਜਣ, ਵਰ ਘਰ ਸਾਚਾ ਪਾਇਆ । ਏਕਾ ਤਾਲ ਏਕਾ ਮਜਨ, ਏਕਾ ਨੁਹਾਵਣ ਨੁਹਾਇਆ । ਏਕ ਨਗਾਰਾ ਏਕਾ ਧੁਨ ਅਨਾਦ ਬ੍ਰਹਿਮਾਦ ਤਾਲ ਸੁਹਾਵੇ ਵੱਜਣ, ਤਾਲ ਤਲਵਾੜਾ ਇਕ ਵਖਾਇਆ । ਲੱਖ ਚੁਰਾਸੀ ਭਾਂਡੇ ਘੜੇ ਅੰਤਮ ਭੱਜਨ, ਥਿਰ ਕੋਈ ਰਹਿਣ ਨਾ ਪਾਇਆ । ਗੁਰੂ ਗੁਰ ਗੁਰ ਆਏ ਪਰਦੇ ਕੱਜਣ, ਨਾਮ ਪਰਦਾ ਏਕਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਲਏ ਜਗਾਇਆ । ਜੋਤੀ ਜੋਤ ਅਰਜਨ ਦੇਵ, ਹਰਿ ਹਰਿ ਆਪ ਟਿਕਾਇਆ । ਨਾਨਕ ਜੋਤ ਸਾਚੀ ਸੇਵ, ਨਿਰਗੁਣ ਰਿਹਾ ਕਮਾਈਆ । ਨਿਰਗੁਣ ਰੂਪ ਸਦਾ ਨਿਹਕੇਵ, ਨਿਹਚਲ ਧਾਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਸਾਚਾ ਦਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਮੇਲਾ ਹਰਿ ਕਰਤਾਰਾ, ਪੰਚਮ ਰੂਪ ਸਮਾਇਆ । ਪੰਚਮ ਜੋਤੀ ਕਰ ਉਜਿਆਰਾ, ਪੰਚਮ ਵੇਖ ਵਖਾਇਆ । ਪੰਚਮ ਬੰਨ੍ਹੇ ਸਾਚੀ ਧਾਰਾ, ਪੰਚਮ ਮੋਹ ਚੁਕਾਇਆ । ਪੰਚਮ ਰਾਜ ਜੋਗ ਸੱਚਾ ਦਰਬਾਰਾ, ਪੰਚਮ ਤਖ਼ਤ ਸੁਹਾਇਆ । ਪੰਚਮ ਸ਼ਬਦ ਸ਼ਬਦ ਧੁਨਕਾਰਾ, ਪੰਚਮ ਸ਼ਬਦੀ ਨਾਦ ਵਜਾਇਆ । ਪੰਚਮ ਸੁਣੇ ਸੁਣਾਏ ਸੁਨਣੇਹਾਰਾ, ਦਿਸ ਕਿਸੇ ਨਾ ਆਇਆ । ਪੰਚਮ ਵਸੇ ਧਾਮ ਨਿਆਰਾ, ਗੁਰ ਅਰਜਨ ਵੇਖ ਵਖਾਇਆ । ਪੰਚਮ ਬੋਲੇ ਏਕਾ ਨਾਅਰਾ, ਵਾਹ ਵਾਹ ਗੁਰੂ ਮਨਾਇਆ । ਏਕਾ ਏਕ ਧੁਰ ਫ਼ੁਰਮਾਣਾ, ਪੰਚਮ ਰਿਹਾ ਸੁਣਾਇਆ । ਅਬਿਨਾਸ਼ੀ ਕਰਤਾ ਵਡ ਜਰਵਾਨਾ, ਲੇਖਾ ਲੇਖ ਲਿਖਾਇਆ । ਸਚ ਤਖ਼ਤ ਹਰਿ ਬੈਠ ਸੁਲਤਾਨਾ, ਥਿਰ ਘਰ ਡੇਰਾ ਲਾਇਆ । ਖੇਲੇ ਖੇਲ ਦੋ ਜਹਾਨਾ, ਨਾਨਕ ਗੁਰ ਵਿਚੋਲਾ ਵਿਚ ਟਿਕਾਇਆ । ਸਤਿਨਾਮ ਕਰ ਪਰਧਾਨਾ, ਸਤਿ ਸਤਿ ਸਤਿ ਰਿਹਾ ਵਰਤਾਇਆ । ਗੁਰ ਅਰਜਨ ਦੇਵੇ ਧੁਰ ਫ਼ਰਮਾਣਾ, ਏਕਾ ਬੂਝ ਬੁਝਾਇਆ । ਆਦਿ ਪੁਰਖ ਸੰਤ ਸਤਿਗੁਰ ਭਗਤ ਭਗਵੰਤ ਬਣੇ ਜਗਤ ਨਿਸ਼ਾਨਾ, ਸਾਚੀ ਰਚਨ ਰਚਾਇਆ । ਲਿਖਿਆ ਲੇਖ ਵਡ ਮਹਾਨਾ, ਦੋ ਜਹਾਨਾਂ ਭੇਵ ਨਾ ਰਾਇਆ । ਗੁਰ ਨਾਨਕ ਗਾਇਆ ਇਕ ਤਰਾਨਾ, ਅਕਾਲ ਪੁਰਖ ਮਨਾਇਆ । ਗੁਰ ਅੰਗਦ ਪਾਇਆ ਪਦ ਨਿਰਬਾਣਾ, ਗੁਰ ਜੋਤੀ ਜੋਤ ਸਮਾਇਆ । ਅਮਰ ਦਾਸ ਬਿਰਧ ਬਾਲ ਨਿਧਾਨਾ, ਸ਼ਬਦੀ ਡੰਕ ਇਕ ਵਜਾਇਆ ।


੬੧੧ ੦੨

ਅਮਰ ਦਾਸ ਹੋ ਮਿਹਰਵਾਨਾ, ਰਾਮ ਦਾਸ ਵੇਖ ਵਖਾਇਆ । ਰਾਮ ਦਾਸਾ ਧੁਰ ਭਰਵਾਸਾ, ਹਰਿ ਹਰਿ ਮੇਲ ਮਿਲਾਇਆ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਅਕਾਸ਼ ਅਕਾਸ਼ ਪ੍ਰਕਾਸ਼ ਸਮਾਇਆ । ਗੁਰ ਅਰਜਨ ਦੇਵੇ ਹਰਿ ਦਿਲਾਸਾ, ਤੇਰਾ ਲਿਖਿਆ ਲੇਖ ਨਾ ਸਕੇ ਕੋਈ ਮਿਟਾਇਆ । ਚਾਰ ਵਰਨਾਂ ਪਾਵੇ ਏਕਾ ਰਾਸਾ, ਏਕਾ ਰਾਹ ਜਣਾਇਆ । ਨਾ ਕੋਈ ਖਾਏ ਮਦਿਰਾ ਮਾਸਾ, ਮਾਇਆ ਮਮਤਾ ਮੋਹ ਚੁਕਾਇਆ । ਜੋ ਜਨ ਹੋਏ ਅੰਮ੍ਰਿਤ ਆਤਮ ਪਿਆਸਾ, ਨਿਜ ਨੇਤਰ ਵੇਖ ਵਖਾਇਆ । ਕਾਇਆ ਮੰਦਰ ਅੰਦਰ ਜੋਤ ਜਗੇ ਪੁਰਖ ਅਬਿਨਾਸ਼ਾ, ਹਰਿ ਮੰਦਰ ਡੇਰਾ ਲਾਇਆ । ਆਪੇ ਪਵਣ ਆਪ ਸਵਾਸਾ, ਆਪੇ ਰਿਹਾ ਚਲਾਇਆ । ਆਪੇ ਸਰਗੁਣ ਨਿਰਗੁਣ ਖੇਲ ਤਮਾਸ਼ਾ, ਖੇਲਣਹਾਰ ਆਪ ਅਖਵਾਇਆ । ਗੁਰ ਸਤਿਗੁਰ ਜਾਏ ਬਲ ਬਲ ਜਾਸਾ, ਹਰਿ ਚਰਨੀ ਸੀਸ ਝੁਕਾਇਆ । ਆਪੇ ਵੇਖੇ ਆਪਣਾ ਜਗਤ ਤਮਾਸ਼ਾ, ਹਰਿ ਗੋਬਿੰਦ ਰੂਪ ਵਟਾਇਆ । ਬਸਤਰ ਸ਼ਸਤਰ ਸ਼ਾਹ ਨਵਾਬਾ, ਤਨ ਸ਼ਿੰਗਾਰ ਕਰਾਇਆ । ਚਰਨ ਘੋੜੇ ਦੇ ਰਕਾਬ, ਸੋਲਾਂ ਕਲੀਆ ਆਸਣ ਲਾਇਆ । ਸੋਲਾਂ ਕਲੀਆਂ ਗੁਰਮੁਖਾਂ ਉਠਾਏ ਮਾਰੇ ਵਾਜਾਂ, ਏਕਾ ਸ਼ਬਦ ਅਲਾਇਆ । ਵਾਹਿਗੁਰੂ ਰੱਖਣਹਾਰਾ ਲਾਜਾ, ਜੋ ਜਨ ਸਰਨਾਈ ਆਇਆ । ਅਸਵ ਰੱਖਿਆ ਸਾਚਾ ਤਾਜਾ, ਲੋਆਂ ਪੁਰੀਆਂ ਰਿਹਾ ਦੌੜਾਇਆ । ਲੋਕਮਾਤ ਰਚਿਆ ਕਾਜਾ, ਨਾਨਕ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਕਰ ਹਰਿ, ਹਰਿਰਾਏ ਡੇਰਾ ਲਾਇਆ । ਹਰਿਰਾਏ ਹਰਿ ਹਰਿ ਜਾਣ, ਆਪਣਾ ਮੂਲ ਚੁਕਾਇਆ । ਪਾਰਬ੍ਰਹਮ ਪ੍ਰਭ ਕਰ ਪਛਾਣ, ਪਰਮਾਨੰਦ ਸਮਾਇਆ । ਏਕਾ ਜੋਤੀ ਏਕਾ ਸ਼ਬਦ ਏਕਾ ਧੁਨ ਏਕਾ ਕਾਨ, ਇਕ ਮਕਾਨ ਇਕ ਤਾਲ ਵਜਾਇਆ । ਏਕਾ ਏਕ ਰਿਹਾ ਸੁਣ, ਇਕ ਬੈਰਾਗੀ ਨਾਮ ਰਖਾਇਆ । ਏਕਾ ਏਕ ਰਿਹਾ ਚੁਣ, ਲੱਖ ਚੁਰਾਸੀ ਵੇਖ ਵਖਾਇਆ । ਅਕਾਲ ਪੁਰਖ ਦੀਨ ਦਿਆਲ ਸਰਬ ਘਟ ਵਾਸੀ ਕਵਣ ਜਾਣੇ ਹਰਿ ਤੇਰੇ ਗੁਣ, ਤੇਰਾ ਤੇਰੇ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਹਰਿ, ਹਰਿ ਹਰਿ ਵੇਖ ਵਖਾਇਆ । ਹਰਿ ਰੂਪ ਹਰਿ ਭਗਵਾਨ, ਹਰਿ ਹਰਿ ਰਿਹਾ ਸਮਾਈਆ । ਹਰਿ ਜੋਤ ਹਰਿ ਸ਼ਬਦ ਹਰਿ ਪਦ ਨਿਰਬਾਣ, ਪੁਰਖ ਬੈਠਾ ਆਸਣ ਲਾਈਆ । ਹਰਿ ਗੁਰ ਹਰਿ ਅਵਤਾਰ, ਹਰਿ ਨਾਮ ਹਰਿ ਭੰਡਾਰ, ਹਰਿ ਹਰਿ ਰਿਹਾ ਵਰਤਾਈਆ । ਬਾਲ ਕ੍ਰਿਸ਼ਨਾ ਕਰ ਪਿਆਰ, ਸੇਵਕ ਸੇਵਾ ਰਿਹਾ ਕਮਾਈਆ । ਬਾਲੀ ਬੁੱਧ ਹੋ ਉਜਿਆਰ, ਪੰਡਤ ਪਾਂਧੇ ਰਿਹਾ ਪੜ੍ਹਾਈਆ । ਅੰਤਮ ਲੇਖਾ ਲਿਖਿਆ ਦਿਲੀ ਦਰਬਾਰ, ਹੰਕਾਰੀਆਂ ਜੜ੍ਹ ਗਵਾਈਆ । ਮਿਲੇ ਮੇਲ ਸਾਂਝਾ ਯਾਰ, ਏਕਾ ਗਿਆ ਰਾਹ ਵਖਾਈਆ । ਦੋ ਦੋ ਧਾਰ ਕਰ ਖ਼ਵਾਰ, ਗੁਰ ਤੇਗ ਬਹਾਦਰ ਜੋਤ ਜਗਾਈਆ । ਚਿੱਟੀ ਚਾਦਰ ਕਰ ਤਿਆਰ, ਆਪਣੀ ਰੱਤ ਨਾਲ ਰੰਗਾਈਆ । ਰੱਤੀ ਰੱਤ ਕਰ ਉਜਿਆਰ, ਗੁਰਮੁਖਾਂ ਵਿਚ ਰਿਹਾ ਸਮਾਈਆ । ਗੁਰਮੁਖ ਵਿਰਲਾ ਉਤਰੇ ਪਾਰ, ਭਰਮੇ ਭੁੱਲੀ ਸਰਬ ਲੋਕਾਈਆ । ਲਾਈ ਮੇਖ ਦਿਲੀ ਦਰਬਾਰ, ਸੀਸ ਆਪਣਾ ਭੇਟ ਚੜ੍ਹਾਈਆ । ਕਲਜੁਗ ਅੰਤਮ ਸੋਹੇ ਬੰਕ ਦੁਆਰ, ਨਿਹਕਲੰਕਾ ਡੰਕ ਵਜਾਈਆ । ਚਾਰੋਂ ਕੁੰਟ ਹੋਏ ਖੁਆਰ, ਦਹਿ ਦਿਸ਼ਾ ਦਏ ਦੁਹਾਈਆ । ਤੇਰਾ ਲਹਿਣਾ ਤੇਰੇ ਉਤੋਂ ਦਿਤਾ ਵਾਰ, ਆਪਣਾ ਮੂਲ ਚੁਕਾਈਆ । ਤੇਰਾ ਸੁਤ ਹਰਿ ਗੋਬਿੰਦ ਦੁਲਾਰ, ਤੇਰੀ ਝੋਲੀ ਪਾਈਆ । ਅਕਾਲ ਪੁਰਖ ਕਰ ਪਿਆਰ, ਲੋਕਮਾਤ ਦਏ ਵਡਿਆਈਆ । ਸਿੰਘ ਰੂਪ ਭਰ ਭੰਡਾਰ, ਸ਼ੇਰਾ ਸ਼ੇਰਾ ਵਿਚ ਬਣਾਈਆ । ਸਿਖ ਸਿੰਘ ਕਰ ਤਿਆਰ, ਸਾਚੀ ਸਿਖਿਆ ਗਿਆ ਸਮਝਾਈਆ । ਪੰਜ ਤਤ ਇਕ ਅਕਾਰ, ਪੰਜ ਕਰੇ ਕੁੜਮਾਈਆ । ਪੰਜੇ


੬੧੨ ੦੨

ਕੱਕੇ ਕਰੇ ਖਬਰਦਾਰ, ਪੰਜਾਂ ਮੋਹ ਚੁਕਾਈਆ । ਭੁੱਖੇ ਨੰਗਿਆਂ ਕਰ ਤਿਆਰ, ਸਿਰ ਸੀਸ ਤਾਜ ਬੰਧਾਈਆ । ਮੁੱਛ ਦਾੜ੍ਹੀ ਕੇਸ ਅਪਰ ਅਪਾਰ, ਅਕਾਲ ਮੂਰਤ ਇਕ ਦਰਸਾਈਆ । ਸੀਸ ਬੱਧੀ ਇਕ ਨਾਮ ਦਸਤਾਰ, ਤਨ ਗਾਤਰਾ ਸ਼ਬਦ ਇਕ ਲਟਕਾਈਆ । ਕੱਛਾ ਕੜਾ ਕਿਰਪਾਨ ਵਿਚ ਮੈਦਾਨ, ਗੁਰਮੁਖਾਂ ਹੋਏ ਸਹਾਈਆ । ਧਰਮ ਝਲੌਣਾ ਇਕ ਨਿਸ਼ਾਨ, ਨਾ ਦੂਸਰ ਸੀਸ ਝੁਕਾਈਆ । ਧਰਮ ਹੇਤ ਮਰਨਾ ਵਿਚ ਮੈਦਾਨ, ਨਾ ਸਿਖਿਆ ਅਵਰ ਕੋਈ ਪੜ੍ਹਾਈਆ । ਅੰਮ੍ਰਿਤ ਪੀਣਾ ਆਤਮ ਪੀਣ ਖਾਣ, ਦੁਰਮਤ ਮੈਲ ਗਵਾਈਆ । ਮੇਰਾ ਰੂਪ ਤੇਰੀ ਧਾਰ, ਗੁਰਸਿਖ ਵੱਡੀ ਵਡਿਆਈਆ । ਪੰਚਮ ਨਾਤਾ ਜੋੜ ਸੰਸਾਰ, ਗੁਰ ਨਾਨਕ ਜੋਤ ਕਰੇ ਰੁਸ਼ਨਾਈਆ । ਆਪੇ ਪੰਚਾਂ ਢਹਿ ਪਿਆ ਦੁਆਰ, ਆਪ ਆਪਣਾ ਭੇਟ ਚੜ੍ਹਾਈਆ । ਬੰਸ ਸਰਬੰਸਾ ਦਿਤਾ ਵਾਰ, ਪੂਤ ਸਪੂਤਾ ਸੇਵ ਕਮਾਈਆ । ਸਾਚੀ ਸਿਖੀ ਕਰ ਤਿਆਰ, ਵਾਲੋਂ ਤਿਖੀ ਧਾਰ ਚਲਾਈਆ । ਮੁਨੀ ਰਿਖੀ ਨਾ ਪਾਇਣ ਸਾਰ, ਵੇਦ ਕਤੇਬ ਨਾ ਕੋਈ ਜਣਾਈਆ । ਗੁਰੂ ਗ੍ਰੰਥ ਸੱਚਾ ਸਿਕਦਾਰ, ਦੋ ਜਹਾਨਾਂ ਆਪ ਬਣਾਈਆ । ਅਕਾਲ ਪੁਰਖ ਬਿਨ ਤੇਰੇ ਚਰਨ ਗੁਰਸਿਖ ਨਾ ਕਰੇ ਕਿਸੇ ਨਿਮਸਕਾਰ, ਗੁਰ ਗੋਬਿੰਦ ਸੀਸ ਨਾ ਕੋਈ ਝੁਕਾਈਆ । ਚੰਡੀ ਚਮਕੇ ਅਪਰ ਅਪਾਰ, ਚੰਡ ਪਰਚੰਡ ਨਾਉਂ ਰਖਾਈਆ । ਪਾਏ ਵੰਡ ਬ੍ਰਹਿਮੰਡ ਆਪ ਕਰਤਾਰ, ਨੌਂ ਖੰਡ ਭੇਖ ਪਖੰਡ ਦਏ ਮਿਟਾਈਆ । ਪੁਰੀ ਅਨੰਦ ਹੋਇਆ ਅੱਡ, ਸਰਸੇ ਭੇਟ ਚੜ੍ਹਾਈਆ । ਸ਼ਬਦ ਦਾਤ ਰੱਖੀ ਛੱਡ, ਵੇਲੇ ਅੰਤਮ ਲਏ ਕਢਾਈਆ । ਗੁਰਸਿਖਾਂ ਲੇਖੇ ਲਾਇਆ ਹੱਡ, ਜੋ ਸੇਵ ਗਏ ਕਮਾਈਆ । ਆਪਣੀ ਗੋਦੀ ਆਪ ਲਡਾਇਆ ਲਡ, ਸਾਚੇ ਪੂਤ ਬਣਾਈਆ । ਲੱਖ ਚੁਰਾਸੀ ਵਿਚੋਂ ਕੱਢ, ਏਕਾ ਬਖ਼ਸ਼ੀ ਹਰਿ ਸਰਨਾਈਆ । ਧਰਮ ਰਾਏ ਦੀ ਕੋਈ ਨਾ ਡਿਗੇ ਡੂੰਘੀ ਖੱਡ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਝੋਲੀ ਰਹੀ ਅੱਗੇ ਅੱਡ, ਨਾ ਲਛਮੀ ਸ਼ਿੰਗਾਰ ਕਰਾਈਆ । ਵਾਲੀ ਹਿੰਦਾ ਗੁਣੀ ਗਹਿੰਦਾ ਫੜ ਫੜ ਬਾਹੋਂ ਬਾਹਰ ਲਏ ਕੱਢ, ਆਪਣੇ ਅੰਗ ਲਗਾਈਆ । ਏਕਾ ਲਿਵ ਹਰਿ ਕਰਤਾਰ, ਦੂਜਾ ਦਰ ਨਾ ਰਖਾਈਆ । ਅਕਾਲ ਮੂਰਤ ਰੂਪ ਅਪਾਰ, ਹਰ ਘਰ ਬੈਠਾ ਆਸਣ ਲਾਈਆ । ਅਨਭਵ ਪ੍ਰਕਾਸ਼ ਹਰਿ ਉਜਿਆਰ, ਪੂਰਬ ਲਹਿਣਾ ਝੋਲੀ ਪਾਈਆ । ਮੇਰਾ ਸਾਂਝਾ ਇਕ ਪਿਆਰ, ਏਕਾ ਦੂਜਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੋਬਿੰਦ ਵਿਚ ਸਮਾਈਆ । ਗੋਬਿੰਦ ਗੁਰ ਹਰਿ ਕਰਤਾਰ, ਕਰਤਾ ਪੁਰਖ ਅਖਵਾਇਆ । ਪੂਤ ਸਪੂਤਾ ਕਰ ਉਜਿਆਰ, ਸੇਵਕ ਸੇਵਾ ਰਿਹਾ ਕਮਾਇਆ । ਹਉਂ ਸੇਵਕ ਚਾਕਰ ਗੁਰਮੁਖਾਂ ਦਰ, ਗੁਰ ਗੁਰ ਆਪਣਾ ਬਚਨ ਸੁਣਾਇਆ । ਪਾਰਬ੍ਰਹਮ ਬੇਐਬ ਪਰਵਰਦਿਗਾਰ, ਏਕਾ ਨਾਮ ਖ਼ੁਦਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਨਾ ਕੋਈ ਵੰਡ ਵੰਡਾਇਆ । ਇਕ ਇਕੱਲਾ ਖੇਲੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੋਬਿੰਦ ਏਕਾ ਘਰ, ਏਕਾ ਡੇਰਾ ਲਾਇਆ । ਏਕਾ ਘਰ ਇਕ ਟਿਕਾਣਾ, ਏਕਾ ਜੋਤ ਜਗਾਈਆ । ਏਕਾ ਸ਼ਬਦ ਇਕ ਬਬਾਣਾ, ਏਕਾ ਰਿਹਾ ਚੜ੍ਹਾਈਆ । ਏਕਾ ਚਰਨ ਇਕ ਧਿਆਨਾ, ਏਕਾ ਬੂਝ ਬੁਝਾਈਆ । ਏਕਾ ਗੁਰ ਇਕ ਗਿਆਨਾ, ਏਕਾ ਨਾਮ ਦ੍ਰਿੜ੍ਹਾਈਆ । ਏਕਾ ਰਾਜ ਜੋਗ ਜਗਤ ਕਮਾਨਾ, ਸਚ ਸੁੱਚ ਵੱਡੀ ਵਡਿਆਈਆ । ਏਕਾ ਧੀਰਜ ਯਤ ਰਖਾਨਾ, ਆਤਮ ਤ੍ਰਿਸ਼ਨਾ ਮੇਟ ਮਿਟਾਈਆ । ਪੀਰ ਫ਼ਕੀਰ ਨਾ ਕੋਈ ਮਨਾਣਾ, ਨਾ ਕੋਈ ਸੀਸ ਝੁਕਾਈਆ । ਬ੍ਰਹਮਾ ਵਿਸ਼ਨ ਮਹੇਸ਼ ਗਨੇਸ਼ ਦਰ ਦਵਾਰ ਨਾ ਕੋਈ ਰਖਾਨਾ, ਨਾ ਕੋਈ ਭਿਛਿਆ ਝੋਲੀ ਪਾਈਆ । ਸ਼ਬਦ ਰਾਗ ਅਨਾਦੀ ਧੁਨ ਸੁਣਾ ਸਾਚਾ ਗਾਣਾ, ਹਰਿ ਅਨਹਦ

ਧੁਨ ਵਜਾਈਆ । ਜੋਤੀ ਜੋਤ ਡਗਮਗਾਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਕਾਲ ਪੁਰਖ ਅਜੂਨੀ ਰਹਿਤ ਇਕ ਮਨਾਣਾ, ਪੰਜ ਤਤ ਨਾ ਕੋਈ ਗੁਰਆਈਆ । ਸ਼ਬਦ ਗੁਰ ਵਡ ਬਲਵਾਨਾ, ਜੁਗ ਜੁਗ ਆਵੇ ਵੇਸ ਵਟਾਈਆ । ਖੇਲੇ ਖੇਲ ਦੋ ਜਹਾਨਾਂ, ਦੋ ਜਹਾਨੀ ਖੇਲ ਖਲਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨਾ, ਆਪ ਆਪਣੀ ਬੂਝ ਬੁਝਾਈਆ । ਸੱਤਾਂ ਦੀਪਾਂ ਮਿਟੇ ਨਿਸ਼ਾਨਾ, ਨੌਂ ਖੰਡ ਕਰੇ ਜਣਾਈਆ । ਲੱਖ ਚੁਰਾਸੀ ਭੇੜ ਭਿੜਾਨਾ, ਖੜਗ ਖੰਡਾ ਇਕ ਉਠਾਈਆ । ਤੀਰ ਕਮਾਨ ਸ਼ਸਤਰ ਬਸਤਰ ਇਕ ਰਖਾਣਾ, ਦਿਸ ਕਿਸੇ ਨਾ ਆਈਆ । ਏਕਾ ਚਿਲਾ ਇਕ ਉਠਾਣਾ, ਇਕ ਕਮੰਦ ਖਿਚਾਈਆ । ਲੋਆਂ ਪੁਰੀਆਂ ਵੇਖ ਵਖਾਣਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹਿਲਾਈਆ । ਚਾਰ ਵਰਨਾਂ ਦੇਵੇ ਇਕ ਗਿਆਨਾ, ਬਰਨ ਅਠਾਰਾਂ ਦਏ ਮਿਟਾਈਆ । ਪੰਚਮ ਘਰ ਪੰਚ ਪਰਧਾਨਾ, ਪੰਚਮ ਮੋਖ ਰਖਾਈਆ । ਸ੍ਰਿਸ਼ਟ ਸਬਾਈ ਬੰਨ੍ਹੇ ਗਾਨਾ, ਆਪ ਆਪਣਾ ਸਗਨ ਮਨਾਈਆ । ਭਰਮੇ ਭੁੱਲੇ ਜੀਵ ਨਿਧਾਨਾ, ਕਲਜੁਗ ਰੈਣ ਅੰਧੇਰੀ ਛਾਈਆ । ਹਰਿ ਕਾ ਭੇਵ ਕਿਸੇ ਨਾ ਜਾਣਾ, ਘਰ ਘਰ ਪਏ ਲੜਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ, ਅੰਜੀਲ ਕੁਰਾਨਾ ਖੋਜ ਖੁਜਾਈਆ । ਦਿਸ ਨਾ ਆਇਆ ਹਰਿ ਭਗਵਾਨਾ, ਨੂਰੋ ਨੂਰ ਨਾ ਕੋਈ ਰੁਸ਼ਨਾਈਆ । ਮੱਕਾ ਕਾਅਬਾ ਵੇਖ ਦੁਕਾਨਾ, ਹਾਜੀ ਹੱਜ ਰਹੇ ਵਖਾਈਆ । ਪੰਡਤ ਪਾਂਧੇ ਪੜ੍ਹ ਸੁਣੌਣ ਕਾਨਾ, ਆਤਮ ਬ੍ਰਹਮ ਨਾ ਕੋਇ ਜਣਾਈਆ । ਗ੍ਰੰਥ ਪੰਥ ਲਾਇਣ ਤਰਾਨਾ, ਨਾਨਕ ਗੋਬਿੰਦ ਦਿਸ ਨਾ ਆਈਆ । ਨਾਨਕ ਰੂਪ ਨਿਰਗੁਣ ਧਾਰ ਸਦਾ ਮਿਹਰਬਾਨਾ, ਹਰ ਘਟ ਬੈਠਾ ਆਸਣ ਲਾਈਆ । ਜੋ ਜਨ ਆਪਣੀ ਕਰੇ ਆਪ ਪਛਾਣਾ, ਹਰਿ ਜੋਤੀ ਜੋਤ ਡਗਮਗਾਈਆ । ਕਲਜੁਗ ਕੂੜਾ ਹੋ ਪਰਧਾਨਾ, ਸ੍ਰਿਸ਼ਟ ਸਬਾਈ ਰਿਹਾ ਭਵਾਈਆ । ਧਰਮ ਨਾ ਝੁਲਾਏ ਕੋਈ ਨਿਸ਼ਾਨਾ, ਵੰਡੀਆਂ ਰਹੇ ਵੰਡਾਈਆ । ਗੁਰ ਗੋਬਿੰਦ ਮਾਰੇ ਇਕ ਧਿਆਨਾ, ਸਿੰਘ ਰੂਪ ਵਟਾਈਆ । ਸਿੰਘ ਸ਼ੇਰ ਸੂਰਬੀਰ ਆਪ ਅਖਵਾਣਾ, ਸਗਲੀ ਚਿੰਤ ਮਿਟਾਈਆ । ਫੜੇ ਖੰਡਾ ਨਾਮ ਪ੍ਰਚੰਡਾ ਤਿਖੀ ਧਾਰ ਵਖਾਣਾ, ਆਰ ਪਾਰ ਆਪ ਕਰਾਈਆ । ਨਾਉਂ ਰਖਾਏ ਨਿਹਕਲੰਕ ਨਰਾਇਣ ਨਰ ਵਾਲੀ ਦੋ ਜਹਾਨ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਹੱਥੀਂ ਬੰਨ੍ਹੇ ਗਾਨਾ, ਵੀਹ ਸਦ ਸੋਲਾਂ ਸਗਨ ਮਨਾਈਆ । ਸੋਇਆ ਕੋਈ ਨਾ ਰਹੇ ਜੀਵ ਨਿਧਾਨਾ, ਹਰਿ ਸ਼ਬਦੀ ਡੰਕ ਉਠਾਈਆ । ਤਖ਼ਤ ਤਾਜ ਨਾ ਦਿਸੇ ਕਿਸੇ ਰਾਜ ਰਾਜਾਨਾ, ਖ਼ਾਕੀ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਆਪੇ ਕਰ, ਪੰਚਮ ਦੇਵੇ ਰਾਜ ਜੋਗ ਭਗਤ ਭਗਵੰਤ, ਅੰਤ ਕੰਤ ਸੰਤ ਵੱਡੀ ਵਡਿਆਈਆ ।

ਹਰਿ ਖੇਲ ਅਭੇਦਾ, ਹਰਿ ਹਰਿ ਆਪ ਖੁਲ੍ਹਾਇੰਦਾ । ਭੇਵ ਨਾ ਪਾਇਣ ਚਾਰੇ ਵੇਦਾ, ਨਾ ਕੋਈ ਵੇਖ ਵਖਾਇੰਦਾ । ਭੇਵ ਨਾ ਪਾਏ ਵੇਦ ਕਤੇਬਾ, ਨਾ ਕੋਈ ਪੜ੍ਹ ਪੜ੍ਹ ਬੂਝ ਬੁਝਾਇੰਦਾ । ਭੇਵ ਨਾ ਪਾਏ ਰਸਨਾ ਜਿਹਵਾ, ਮਨ ਮਤ ਬੁੱਧ ਨਾ ਕੋਈ ਜਣਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਜੁਗ ਜੁਗ ਜਾਣੇ ਆਪਣਾ ਵੇਸਾ, ਆਪੇ ਵੇਸ ਵਟਾਇੰਦਾ । ਹਰਿ ਅਵਤਾਰਾ ਹਰਿ ਹਰਿ ਰੂਪ, ਹਰਿ ਹਰਿ ਆਪ ਕਰਾਇੰਦਾ । ਖੇਲੇ ਖੇਲ ਸਤਿ ਸਰੂਪ, ਸਤਿ ਪੁਰਖ ਅਖਵਾਇੰਦਾ । ਦਾਤਾ ਦਾਤਾਰ ਸ਼ਾਹੋ ਭੂਪ, ਸ਼ਾਹ ਸਹਾਨਾ ਆਪ ਅਖਵਾਇੰਦਾ । ਵੇਖ ਵਖਾਏ ਖੰਡ ਬ੍ਰਹਿਮੰਡ ਜੇਰਜ

੬੧੪ ੦੨

ਅੰਡ, ਉਤਭੁਜ ਸੇਤਜ ਆਪ ਆਪਣੀ ਬਣਤ ਬਣਾਇੰਦਾ । ਨਿਰਗੁਣ ਧਾਰ ਆਪੇ ਜਾਣੇ ਆਪਣੀ ਵੰਡ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਨਿਰਗੁਣ ਜੋਤ ਨਿਰਗੁਣ ਧਾਰ, ਲੋਕਮਾਤ ਕਰੇ ਕੁੜਮਾਈਆ । ਪੰਜ ਤਤ ਕਰ ਪਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਵਰਤੇ ਵਰਤਾਵੇ ਵਿਚ ਸੰਸਾਰ, ਆਪਣੀ ਬੂਝ ਬੁਝਾਈਆ । ਗਿਆਨ ਗੋਝ ਦੇਵੇ ਭੇਵ ਨਿਵਾਰ, ਅੰਤਰ ਰਾਗ ਸਮਝਾਈਆ । ਗੁਰ ਰੂਪ ਅਪਰ ਅਪਾਰ, ਬੇਅੰਤ ਆਪ ਹੋ ਜਾਈਆ । ਸੰਤ ਸਾਜਣ ਲਏ ਉਭਾਰ, ਹਰਿ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਵਤਾਰ ਆਪ ਅਖਵਾਈਆ । ਗੁਰ ਅਵਤਾਰਾ ਹਰਿ ਨਿਰੰਕਾਰਾ, ਸ਼ਬਦੀ ਸ਼ਬਦ ਡੰਕ ਵਜਾਇਆ । ਵੇਖੇ ਵਿਗਸੇ ਸਰਬ ਸੰਸਾਰਾ, ਹਰ ਘਟ ਫੋਲ ਫੁਲਾਇਆ । ਆਦਿ ਜੁਗਾਦੀ ਏਕਾ ਕਾਰਾ, ਏਕਾ ਕਰਮ ਕਮਾਇਆ । ਨਿਤ ਨਵਿਤ ਬੰਨ੍ਹੇ ਧਾਰਾ, ਵਾਰ ਥਿਤ ਆਪਣੇ ਹੱਥ ਰਖਾਇਆ । ਕਦੀ ਨਾਉਂ ਰਖਾਏ ਮਾਤ ਪਿਤ, ਪਿਤਾ ਪੂਤ ਆਪ ਹੋ ਜਾਇਆ । ਕਦੇ ਆਪੇ ਕਰੇ ਆਪਣਾ ਹਿੱਤ, ਸ਼ਬਦੀ ਸ਼ਬਦ ਕਰੇ ਜਣਾਇਆ । ਆਪੇ ਹੋਏ ਆਪਣੇ ਘਰ ਉਤਪਤ, ਆਪ ਆਪਣਾ ਵੇਸ ਵਟਾਇਆ । ਨਾ ਕੋਈ ਬੂੰਦ ਨਾ ਕੋਈ ਰਿਤ, ਮਾਤ ਗਰਭ ਨਾ ਫੇਰਾ ਪਾਇਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਹਰਿ ਅਵਤਾਰ ਸੁਧਾਰ, ਗੁਰ ਗੁਰ ਮਾਰਗ ਲਾਈਆ । ਸਾਧਾਂ ਸੰਤਾਂ ਕਰ ਪਿਆਰ, ਏਕਾ ਬੂਝ ਬੁਝਾਈਆ । ਮੂਰਖ ਮੁਗਧ ਬਾਲ ਅੰਞਾਣੇ ਕਰੇ ਪਾਰ, ਆਪ ਆਪਣੀ ਦਇਆ ਕਮਾਈਆ । ਡੂੰਘਾ ਸਾਗਰ ਵੇਖ ਸੰਸਾਰ, ਸਤਿਗੁਰ ਵੇਸ ਵਟਾਈਆ । ਭਵ ਸਾਗਰ ਜਲ ਕਰੇ ਪਾਰ, ਵਹਿੰਦੀ ਧਾਰ ਨਾ ਕੋਈ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਕਰਤਾ ਆਪ ਅਖਵਾਈਆ । ਗੁਰ ਕਰਤਾ ਕਾਦਰ ਕਰੀਮ, ਕਰਨੇਹਾਰ ਅਖਵਾਇਆ । ਆਪੇ ਹੋਇਆ ਖ਼ੁਦੀ ਖ਼ੁਦਾਈ ਗਨੀਮ, ਗ਼ਫ਼ਲਤ ਵਿਚ ਰਹਿਣ ਨਾ ਪਾਇਆ । ਆਪੇ ਐਨ ਅੱਖ ਮੁਕਤਾ ਡੰਡਾ ਬਣਿਆ ਮੀਮ, ਆਪੇ ਅਲਫ਼ ਅਲਫ਼ੀ ਪਾਇਆ । ਆਪੇ ਮੁਖ ਰਖਾਏ ਤਿੰਨੋ ਸੀਨ, ਸਹਿਸਾ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਮਾਰਗ ਵੇਖ ਵਖਾਇਆ । ਜੁਗ ਮਾਰਗ ਜਗ ਰਚਨ, ਹਰਿ ਹਰਿ ਆਪ ਰਚਾਇੰਦਾ । ਆਪ ਜਣਾਏ ਆਪਣਾ ਬਚਨ, ਆਪਣਾ ਨਾਉਂ ਧਰਾਇੰਦਾ । ਆਪ ਸਾਚੋ ਸਾਚ ਹੋਏ ਸੱਜਣ, ਸਚ ਸੁੱਚ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੁਰ ਰੂਪ ਹਰਿ ਅਵਤਾਰ, ਪਾਰਬ੍ਰਹਮ ਵੇਸ ਵਟਾਇੰਦਾ । ਗੁਰ ਅਵਤਾਰਾ ਹਰਿ ਨਿਰੰਕਾਰਾ, ਲੋਕਮਾਤ ਵੱਜੇ ਵਧਾਈਆ । ਹਰਿ ਕਾ ਭੇਵ ਰਹੇ ਨਿਆਰਾ, ਭੇਵ ਕੋਈ ਨਾ ਪਾਈਆ । ਖੇਲੇ ਖੇਲ ਅਗੰਮ ਅਪਾਰਾ, ਜੁਗ ਜੁਗ ਵੱਡੀ ਵਡਿਆਈਆ । ਜਿਸ ਜਨ ਬੁਝਾਏ ਸੋ ਜਨ ਬੂਝੇ, ਅਵਰ ਭੇਵ ਨਾ ਰਾਈਆ । ਸ੍ਰਿਸ਼ਟ ਸਬਾਈ ਓਟ ਰਖਾਈ ਏਕਾ ਦੂਜੇ, ਪੜ੍ਹ ਪੜ੍ਹ ਰਹੇ ਸੁਣਾਈਆ । ਭੇਵ ਨਾ ਪਾਇਣ ਦਰਸ਼ਨ ਨਾ ਨੈਣ ਤੀਜੇ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਰਾਗ ਨਾਦ ਨਾ ਹਰਿ ਹਰਿ ਭੀਜੇ, ਪਾਰਬ੍ਰਹਮ ਬੇਅੰਤ ਆਪ ਸਮਝਾਈਆ । ਆਦਿ ਜੁਗਾਦੀ ਆਪਣੀ ਖੇਲ ਆਪੇ ਕੀਜੇ, ਆਪਣਾ ਬਿਰਦ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਨਾਉਂ ਰਖਾਈਆ । ਸੰਤ ਸਤਿਗੁਰ ਜਗਤ ਮਲਾਹ, ਏਕਾ ਮਾਰਗ ਲਾਇਆ । ਭਗਤ ਭਗਵੰਤ ਬਣ ਮਲਾਹ, ਆਪਣਾ ਵੇਸ ਵਟਾਇਆ । ਥਿਤ ਵਾਰ ਕੋਈ ਜਾਣੇ

੬੧੫
੦੨

ਨਾ, ਨਿਤ ਨਿਤ ਹਿੱਤ ਕਰਾਇਆ । ਬੇਅੰਤ ਬੇਪਰਵਾਹ ਅਥਾਹ, ਵੇਸ ਅਨੇਕਾ ਲਏ ਕਰਾਇਆ । ਆਪ ਉਪਾਏ ਆਪ ਮਿਟਾਏ ਜੁਗ ਜੁਗ ਚਲਾਏ ਆਪਣਾ ਨਾਂ, ਜੁਗ ਜੁਗ ਵੇਸ ਵਟਾਇਆ । ਅਕਾਲ ਪੁਰਖ ਅਕਾਲ ਮੂਰਤ ਅਜੂਨੀ ਰਹਿਤ ਪ੍ਰਗਟ ਹੋ, ਜੋਤ ਸਰੂਪ ਹਰਿ ਭਗਤਨ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਭਗਤਨ ਮੀਤਾ ਇਕ ਅਤੀਤਾ, ਅਕਲ ਕਲਾ ਕਲ ਧਾਰੀਆ । ਧਰੂ ਪ੍ਰਹਿਲਾਦ ਕਰੇ ਠੰਡਾ ਸੀਤਾ, ਨਿਰਗੁਣ ਜੋਤ ਕਰੇ ਉਜਿਆਰੀਆ । ਕਿਸੇ ਨਾ ਵਸਿਆ ਮੰਦਰ ਮਸੀਤਾ, ਗੁਰਦੁਆਰ ਬੰਦ ਨਾ ਚਾਰ ਦਿਵਾਰੀਆ । ਪ੍ਰਗਟ ਹੋਇਆ ਪਤਿਤ ਪੁਨੀਤਾ, ਹਰਿ ਸਾਜਣ ਪਾਰ ਕਰਾਏ ਭਵ ਸਾਗਰ ਪਾਰ ਉਤਾਰੀਆ । ਆਪ ਚਲਾਏ ਆਪਣੀ ਰੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਆਵੇ ਜਾਵੇ ਖੇਲੇ ਖੇਲ ਅਪਰ ਅਪਾਰੀਆ । ਖੇਲੇ ਖੇਲ ਹਰਿ ਭਗਵਾਨਾ, ਵਡ ਵੱਡਾ ਸਿਕਦਾਰਾ । ਆਪੇ ਜਾਣੇ ਆਪਣਾ ਧੁਰ ਨਿਸ਼ਾਨਾ, ਧੁਰ ਬੈਠ ਸਾਚੇ ਦਰਬਾਰਾ । ਗੁਰ ਸੰਤ ਸੁਣਾਏ ਸਚ ਤਰਾਨਾ, ਲਿਖੇ ਲੇਖ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਬਣਤ, ਕਵਣ ਰੂਪ ਲਏ ਅਵਤਾਰਾ । ਦੋ ਧਾਰ ਦੋ ਜਹਾਨ, ਦੋਏ ਦੋਏ ਰੂਪ ਸਮਾਈਆ । ਨਿਰਗੁਣ ਸਰਗੁਣ ਕਰ ਪਛਾਣ, ਸਤਿਗੁਰ ਵੱਡੀ ਵਡਿਆਈਆ । ਸ਼ਬਦ ਦੇਵੇ ਧੁਰ ਫ਼ਰਮਾਣ, ਲੋਕਮਾਤ ਕਰੇ ਕੁੜਮਾਈਆ । ਦੁਸ਼ਟ ਦੁਰਾਚਾਰ ਭੇਖ ਪਖੰਡ ਕਰੇ ਕੁਰਬਾਨ, ਆਪ ਆਪਣਾ ਖੰਡਾ ਵਾਹੀਆ । ਸੰਤ ਸਾਜਣ ਗੁਰਸਿਖ ਗੁਰਮੁਖ ਮੇਲ ਵਿਚ ਜਹਾਨ, ਆਪ ਆਪਣਾ ਮੇਲ ਮਿਲਾਈਆ । ਕਰੇ ਕਰਾਏ ਕਰਨੇਹਾਰ ਨਿਗਹਬਾਨ, ਕਰਨੀ ਕਰਤਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜੁਗ ਜਗਤ ਆਪਣੇ ਹੱਥ ਰੱਖੇ ਵਡਿਆਈਆ ।



ਨਿਹਕਲੰਕ ਹਰਿ ਰੂਪ ਹੈ, ਨਿਰਗੁਣ ਜੋਤ ਸਮਾਏ । ਸ਼ਬਦ ਸਰੂਪੀ ਡੰਕ ਹੈ, ਨਾ ਕੋਈ ਦੂਸਰ ਤਾਲ ਵਜਾਏ । ਹਰ ਘਟ ਵਸਿਆ ਰਾਓ ਰੰਕ ਹੈ, ਘਟ ਘਟ ਬੈਠਾ ਆਸਣ ਲਾਏ । ਪਾਰਬ੍ਰਹਮ ਬੇਅੰਤ, ਹਰਿ ਠਾਕਰ ਕਲ ਨਾ ਲਖਿਆ ਜਾਏ । ਗੁਰਮੁਖ ਵੇਖੇ ਸਾਚੇ ਸੰਤ, ਨਿਰਗੁਣ ਧਾਰ ਚਲਾਏ । ਕਲਜੁਗ ਮਾਇਆ ਪਾਏ ਆਪਣੀ ਬੇਅੰਤ, ਨੇਤਰ ਨੈਣ ਨਾ ਕੋਈ ਖੁਲ੍ਹਾਏ । ਆਦਿ ਜੁਗਾਦਿ ਜੁਗ ਜੁਗ ਮਹਿੰਮਾ ਅਗਣਤ, ਅਗਣਤ ਨਾ ਲੇਖਾ ਕੋਈ ਲਿਖਾਏ । ਗਾ ਗਾ ਥੱਕੇ ਸਾਧ ਸੰਤ, ਖਾਣੀ ਬਾਣੀ ਰਹੇ ਸੁਣਾਏ । ਨਾਨਕ ਗਾਇਆ ਹਰਿ ਬੇਅੰਤ, ਸੋ ਨਿਹਕਲੰਕ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਜੋਤੀ ਵਿਚ ਟਿਕਾਏ । ਗੁਰ ਬ੍ਰਹਮ ਪਾਰਬ੍ਰਹਮ, ਏਕਾ ਏਕ ਅਖਵਾਇਆ । ਨਾ ਮਰੇ ਨਾ ਪਏ ਜੰਮ, ਜੂਨਾਂ ਵਿਚ ਕਦੇ ਨਾ ਆਇਆ । ਨਾ ਕੋਈ ਤ੍ਰਿਸ਼ਨਾ ਭੁੱਖ ਨਾ ਕੋਈ ਤਮ, ਆਲਸ ਨਿੰਦਰਾ ਨਾ ਕੋਈ ਰਖਾਇਆ । ਨੇਤਰ ਨੀਰ ਵਹਾਏ ਨਾ ਕੋਈ ਛੰਮ ਛੰਮ, ਮਾਤਾ ਗੋਦ ਨਾ ਕੋਈ ਉਠਾਇਆ । ਪਵਣ ਸਵਾਸੀ ਲਏ ਨਾ ਦਮ, ਰਸਨਾ ਜਿਹਵਾ ਨਾ ਕੋਈ ਜਪਾਇਆ । ਆਪਣੇ ਘਰ ਪ੍ਰਭ ਆਪੇ ਪਏ ਜੰਮ, ਜੋਤੀ ਮਾਤਾ ਸ਼ਬਦ ਸੁਤ ਬਣਾਇਆ । ਦੋ ਜਹਾਨਾਂ ਰੱਖੇ ਏਕਾ ਥੰਮ, ਨਾਮ ਸਹਾਰਾ ਦਏ ਲਗਾਇਆ । ਵੇਦ ਵਿਆਸਾ ਲਿਖਿਆ ਲੇਖ ਪ੍ਰਭ ਅੰਤਮ ਪੂਰਾ ਕਰੇ ਕੰਮ, ਭਵਿਖਤ ਪੁਰਾਨ ਨੌਂ ਹਜ਼ਾਰ ਸਲੋਕ ਜਣਾਇਆ । ਹੱਡ ਮਾਸ ਨਾੜੀ ਨਾ ਕੋਈ ਚੰਮ, ਰਕਤ

ਬੂੰਦ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬ੍ਰਹਮ ਲਏ ਉਪਾਇਆ । ਬ੍ਰਹਮ ਰੂਪ ਆਪ ਜਗਤ ਸਹਾਰਾ, ਪਾਰਬ੍ਰਹਮ ਅਖਵਾਇਆ । ਸ਼ਬਦੀ ਸ਼ਬਦ ਪਏ ਜੰਮ, ਸ਼ਬਦੀ ਸ਼ਬਦ ਡੰਕ ਵਜਾਇਆ । ਜੋਤੀ ਨੂਰ ਹਾਜ਼ਰ ਹਜ਼ੂਰ ਜਾਣੇ ਆਪਣਾ ਕੰਮ, ਕਾਦਰ ਕਰਤਾ ਆਪ ਅਖਵਾਇਆ । ਆਦਿ ਜੁਗਾਦਿ ਨਾ ਖ਼ੁਸ਼ੀ ਨਾ ਗਮ, ਨਾ ਕੋਈ ਜਗਤ ਤ੍ਰਿਸ਼ਨਾ ਭੁੱਖ ਨਾ ਰਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੌੜ ਬ੍ਰਹਿਮਣ ਪੂਤ ਸਪੂਤਾ ਉਚਾ ਟਿੱਲਾ ਸਾਚਾ ਪਰਬਤ ਏਕਾ ਰਿਹਾ ਵਖਾਇਆ । ਉਚਾ ਟਿੱਲਾ ਜਗਤ ਪਹਾੜ, ਦਿਸ ਕਿਸੇ ਨਾ ਆਇੰਦਾ । ਪੰਜ ਤਤ ਜੋੜ ਜੁੜਾਇਆ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਵੇਖ ਵਖਾਇੰਦਾ । ਨਾਉਂ ਧਰਾਏ ਨੌਂ ਦਵਾਰ, ਸਰਗੁਣ ਵੇਸ ਵਟਾਇੰਦਾ । ਬਜ਼ਰ ਕਪਾਟੀ ਲਾਏ ਤਾਲ, ਨਾ ਕੋਈ ਤੋੜ ਤੁੜਾਇੰਦਾ । ਬ੍ਰਹਮ ਸਰੂਪ ਆਪ ਨਿਰਾਧਾਰ, ਆਪਣਾ ਰੂਪ ਛੁਪਾਇੰਦਾ । ਆਪਣੀ ਜਾਣੇ ਕਾਰ, ਆਪ ਆਪਣਾ ਰੰਗ ਰੰਗਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਬ੍ਰਹਮ ਪਾਰਬ੍ਰਹਮ ਹੋਏ ਉਜਿਆਰ, ਸ਼ਬਦੀ ਧਾਰ ਚਲਾਇੰਦਾ । ਡੰਕਾ ਵੱਜੇ ਵਿਚ ਸੰਸਾਰ, ਨੌਂ ਖੰਡ ਆਪ ਉਠਾਇੰਦਾ । ਸੱਤਾਂ ਦੀਪਾਂ ਦਏ ਹੁਲਾਰ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ ਸਤਿ ਸਰੂਪ ਹਰਿ ਮਿਹਰਵਾਨ, ਗੌੜ ਬ੍ਰਹਿਮਣ ਪਾਰਬ੍ਰਹਮ ਏਕਾ ਏਕ ਅਖਵਾਇੰਦਾ । ਥਾਨ ਥਨੰਤਰ ਵਸਿਆ, ਪਾਰਬ੍ਰਹਮ ਬ੍ਰਹਮ ਗੌੜ । ਘਰ ਆਪਣਾ ਆਪੇ ਦੱਸਿਆ, ਨਾ ਕੋਈ ਜਾਣੇ ਲੰਮਾ ਚੌੜ । ਸਾਢੇ ਤਿੰਨ ਹੱਥ ਲੰਮਾ ਚੌੜ ਅੰਦਰ ਮੰਦਰ ਫਿਰੇ ਨੱਸਿਆ, ਧੁਰਦਰਗਾਹੀ ਆਇਆ ਦੌੜ । ਤੀਰ ਨਿਰਾਲਾ ਏਕਾ ਕੱਸਿਆ, ਲੋਆਂ ਪੁਰੀਆਂ ਗਗਨ ਪਤਾਲਾਂ ਖੰਡਾਂ ਬ੍ਰਹਿਮੰਡਾਂ ਏਕਾ ਲਾਇਆ ਸੱਚਾ ਪੌੜ । ਤ੍ਰੈਗੁਣ ਮਾਇਆ ਨਾਗਨੀ ਜਗਤ ਡੱਸਿਆ, ਸ੍ਰਿਸ਼ਟ ਸਬਾਈ ਹੋਈ ਕੌੜ । ਕਲਜੁਗ ਰੈਣ ਅੰਧੇਰੀ ਮੱਸਿਆ, ਕੋਈ ਨਾ ਸਕੇ ਕਿਸੇ ਹੋੜ, ਸੁਰਤੀ ਸੁਰਤ ਸ਼ਬਦ ਰਾਹ ਕਿਸੇ ਨਾ ਦੱਸਿਆ, ਸੁਰਤ ਸਵਾਣੀ ਹੋਈ ਪਿਆਸੀ ਹਉਮੇ ਲੱਗੀ ਔੜ । ਪਾਰਬ੍ਰਹਮ ਬ੍ਰਹਮ ਅੰਦਰ ਨਿਰਗਣ ਰੂਪ ਹੋ ਹੋ ਅੰਦਰ ਧਸਿਆ, ਜੁੜਿਆ ਜੋੜਾ ਜੋੜੀ ਜੋੜ । ਕੋਟਨ ਕੋਟ ਬ੍ਰਹਿਮੰਡ ਪ੍ਰਕਾਸ਼ ਕਰੇ ਰਵ ਸਸਿਆ, ਸ਼ਬਦ ਸਰੂਪੀ ਚੜ੍ਹਿਆ ਸਾਚੇ ਘੋੜ । ਜਨ ਭਗਤਾਂ ਪੂਰਨ ਸੰਤਾਂ ਰਾਹ ਪੂਰਾ ਦੱਸਿਆ, ਕਲਜੁਗ ਮਾਇਆ ਅੱਗੋਂ ਨਾ ਸਕੇ ਮੋੜ । ਸਾਧ ਸੰਗਤ ਹਰਿ ਰੰਗਤ, ਨਾਮ ਮੰਗਤ ਆਈ ਦੌੜ । ਹਰਿ ਜੋਤੀ ਨੂਰ ਹਾਜ਼ਰ ਹਜ਼ੂਰ, ਹਰਿਸੰਗਤ ਕਰੇ ਨਿਮਸਕਾਰ ।

ਗੁਰ ਗੋਬਿੰਦ ਲੇਖ ਲਿਖਾਇਆ, ਲੋਕਮਾਤ ਵਧਾਈਆ । ਭਰਮ ਭੁਲੇਖਾ ਸਰਬ ਕਢਾਇਆ, ਭੁੱਲ ਰਹੇ ਨਾ ਰਾਈਆ । ਸ੍ਰਿਸ਼ਟ ਸਬਾਈ ਇਹ ਸਮਝਾਇਆ, ਦੇ ਮਤ ਗਿਆ ਸਮਝਾਈਆ । ਰਾਓ ਰੰਕਾਂ ਆਖ ਜਣਾਇਆ, ਹਰਿ ਵਡ ਵੱਡੀ ਵਡਿਆਈਆ । ਏਕਾ ਜੋਤੀ ਨੂਰ ਕਰੇ ਰੁਸ਼ਨਾਇਆ, ਜੋਤੀ ਜੋਤ ਡਗਮਗਾਈਆ । ਸਗਲਾ ਮੇਰਾ ਸੰਗ ਰਖਾਇਆ, ਵਿਛੜ ਕਦੇ ਨਾ ਜਾਈਆ । ਕਲਜੁਗ ਵੇਲਾ ਅੰਤ ਦਸਾਇਆ, ਨਿਹਕਲੰਕ ਵੱਜੇ ਜਗਤ ਵਧਾਈਆ । ਗੁਰ ਗੋਬਿੰਦਾ ਸੇਵਾ ਲਾਇਆ, ਪ੍ਰਭ ਹੱਥ ਵੱਡੀ ਵਡਿਆਈਆ । ਨਾਨਕ ਗੁਰ ਵੇਖਣ ਆਇਆ, ਨੇਤਰ ਨੈਣ ਉਠਾਈਆ । ਗੁਰ ਅਰਜਨ ਸਾਚਾ ਭੇਖ ਵਟਾਇਆ, ਸ਼ਬਦੀ ਸ਼ਬਦ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਤੇਰਾ

੬੧੭
੦੨

ਲੇਖਾ ਸਾਚੇ ਦਰ, ਆਪੇ ਪੂਰ ਕਰਾਈਆ । ਗੁਰ ਗੋਬਿੰਦ ਲਿਖਿਆ ਲੇਖ ਅਪਾਰਾ, ਹਰਿ ਜੋਤੀ ਜੋਤ ਜਗਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਪੂਰਨ ਬੂਝ ਬੁਝਾਇੰਦਾ । ਸਾਢੇ ਤਿੰਨ ਹੱਥ ਬਣਾਇਆ ਇਕ ਮੁਨਾਰਾ, ਹਰਿ ਸਾਚਾ ਆਸਣ ਲਾਇੰਦਾ । ਨਾ ਕੋਈ ਲਾਇਆ ਇੱਟਾਂ ਗਾਰਾ, ਨਾ ਕੋਈ ਬਾਢੀ ਬਣਤ ਬਣਾਇੰਦਾ । ਛੱਪਰ ਛੰਨ ਨਾ ਲਿਆ ਸਹਾਰਾ, ਨਾ ਕੋਈ ਸੀਸ ਟਿਕਾਇੰਦਾ । ਘਰ ਵਿਚ ਘਰ ਕਰ ਉਜਿਆਰਾ, ਆਪ ਆਪਣਾ ਆਸਣ ਲਾਇੰਦਾ । ਗੁਰ ਗੋਬਿੰਦ ਪੰਜ ਤਤ ਪਿਆਰਾ, ਹਰਿ ਨਿਰਗੁਣ ਰੂਪ ਸਮਾਇੰਦਾ । ਜੂਠ ਝੂਠ ਨਾ ਕੋਈ ਕਿਨਾਰਾ, ਮਾਇਆ ਮਮਤਾ ਨਾ ਕੋਈ ਰਖਾਇੰਦਾ । ਠੱਗ ਚੋਰ ਯਾਰ ਨਾ ਕੋਈ ਠਠਿਆਰਾ, ਠਗ ਠਗੌਰੀ ਨਾ ਕੋਈ ਪਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਕੋਈ ਨਾ ਲਾਏ ਆਪਣਾ ਨਾਅਰਾ, ਹਰਿ ਏਕਾ ਰਾਗ ਅਲਾਇੰਦਾ । ਆਪੇ ਵਸਿਆ ਉਚ ਮਹੱਲ ਅਟੱਲ ਮੁਨਾਰਾ, ਸੰਬਲ ਨਗਰੀ ਧਾਮ ਸੁਹਾਇੰਦਾ । ਦੀਪਕ ਜੋਤੀ ਕਰ ਉਜਿਆਰਾ, ਦੀਵਾ ਬਾਤੀ ਨਾ ਕੋਈ ਜਗਾਇੰਦਾ । ਇਕ ਇਕੱਲਾ ਏਕੰਕਾਰਾ, ਪਾਰਬ੍ਰਹਮ ਅਖਵਾਇੰਦਾ । ਨਾਮ ਖੰਡਾ ਹੱਥ ਕਟਾਰਾ, ਹਰਿ ਸਾਚਾ ਆਪ ਉਠਾਇੰਦਾ । ਵੀਹ ਸੌ ਬਿਕਰਮੀ ਹੋ ਉਜਿਆਰਾ, ਲੋਕਮਾਤ ਜੋਤ ਜਗਾਇੰਦਾ । ਵੀਹ ਸੌ ਇਕ ਪਾਰ ਕਿਨਾਰਾ, ਵੀਹ ਸੌ ਦੋ ਰਚਨ ਰਚਾਇੰਦਾ । ਵੀਹ ਸੌ ਤਿੰਨ ਖੇਲ ਅਪਾਰਾ, ਵੀਹ ਸੌ ਚਾਰ ਜਗਤ ਹਲਾਇੰਦਾ । ਵੀਹ ਸੌ ਪੰਜ ਧਰਮ ਜੈਕਾਰਾ, ਵੀਹ ਸੌ ਛੇ ਆਪਣੇ ਅੰਦਰ ਵੇਖ ਵਖਾਇੰਦਾ । ਵੀਹ ਸੌ ਸੱਤ ਖੇਲ ਨਿਆਰਾ, ਸਤਿ ਪੁਰਖ ਨਾਉਂ ਧਰਾਇੰਦਾ । ਵੀਹ ਸੌ ਅੱਠ ਅੱਠਾਂ ਤੱਤਾਂ ਵਸੇ ਬਾਹਰਾ, ਤਤਵ ਤਤ ਨਾ ਕੋਈ ਰਖਾਇੰਦਾ । ਵੀਹ ਸੌ ਨੌਂ ਵੇਖੇ ਦਵਾਰਾ, ਸ੍ਰਿਸ਼ਟ ਸਬਾਈ ਖੋਜ ਖੁਜਾਇੰਦਾ । ਵੀਹ ਸੌ ਦਸ ਦਸਵੇਂ ਘਰ ਕਰ ਪਿਆਰਾ, ਗੁਰਮੁਖ ਸਾਚੇ ਆਪ ਉਠਾਇੰਦਾ । ਵੀਹ ਸੌ ਗਿਆਰਾਂ ਹੋ ਜ਼ਾਹਰਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਵੀਹ ਸੌ ਬਾਰਾਂ ਖੋਲ੍ਹ ਕਿਵਾੜਾ, ਨੌਂ ਦਰਵਾਜੇ ਜਗਤ ਰਖਾਇੰਦਾ । ਵੀਹ ਸੌ ਤੇਰਾਂ ਖ਼ਬਰਦਾਰ ਕਰਾਏ ਰਾਜ ਰਾਜਾਨਾ, ਸ਼ਾਹ ਸੁਲਤਾਨਾਂ ਸਾਧਾਂ ਸੰਤਾਂ ਆਪ ਉਠਾਇੰਦਾ । ਵੀਹ ਸੌ ਚੌਦਾਂ ਗੁਰਮੁਖਾਂ ਕਰ ਪਿਆਰਾ, ਘਰ ਘਰ ਆਪਣੀ ਇਕੀ ਪਾਇੰਦਾ । ਸਾਚੀ ਸਿਖੀ ਕਰ ਤਿਆਰਾ, ਗੁਰ ਗੋਬਿੰਦ ਦਰਸ ਦਖਾਇੰਦਾ । ਸੰਮਤ ਪੰਦਰਾਂ ਬੰਨ੍ਹੇ ਧਾਰਾ, ਲੰਕਾ ਗੜ੍ਹ ਤੁੜਾਇੰਦਾ । ਪੰਦਰਾਂ ਕੱਤਕ ਦਿਵਸ ਵਿਚਾਰਾ, ਆਪਣਾ ਚਰਨ ਛੁਹਾਇੰਦਾ । ਕਲਜੁਗ ਰਾਵਣ ਵੇਖੇ ਦੁਸ਼ਟ ਦੁਰਾਚਾਰਾ, ਸ਼ਾਹ ਭਬੀਖਣ ਮੇਲ ਮਿਲਾਇੰਦਾ । ਸੰਮਤ ਸੋਲਾਂ ਹੋ ਤਿਆਰਾ, ਚਿੱਟੇ ਅਸਵ ਆਸਣ ਲਾਇੰਦਾ । ਸੋਲਾਂ ਕਲੀਆਂ ਤਨ ਸ਼ਿੰਗਾਰਾ, ਸ਼ਬਦ ਖੰਡਾ ਇਕ ਚਮਕਾਇੰਦਾ । ਲੋਆਂ ਪੁਰੀਆਂ ਮਾਰੇ ਮਾਰਾ, ਬਚਿਆ ਕੋਈ ਰਹਿਣ ਨਾ ਪਾਇੰਦਾ । ਸ੍ਰਿਸ਼ਟ ਸਬਾਈ ਬਣੇ ਅਖਾੜਾ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਲੱਖ ਚੁਰਾਸੀ ਲੱਗੇ ਅੱਗ ਬਹੱਤਰ ਨਾੜਾ, ਨਾ ਕੋਈ ਤਤ ਬੁਝਾਇੰਦਾ । ਸੰਮਤ ਸਤਾਰਾਂ ਮਾਰੇ ਮਾਰ ਅਗੰਮੀ ਧਾੜਾ, ਧੁਰਦਰਗਾਹੀ ਖੇਲ ਖਲਾਇੰਦਾ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਆਪ ਫਿਰਾਏ ਜੰਗਲ ਜੂਹ ਉਜਾੜ ਪਹਾੜਾ, ਮਹੱਲ ਅਟੱਲ ਨਾ ਕੋਈ ਸੁਹਾਇੰਦਾ । ਘਰ ਘਰ ਰੋਵੇ ਨਾਰੀ ਨਾਰਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਨਾਰੀ ਮੇਲ ਨਾ ਹੋਏ ਭਤਾਰਾ, ਭੈਣਾਂ ਭਈਆ ਨਾ ਸੰਗ ਨਿਭਾਇੰਦਾ । ਚਾਰੋਂ ਕੁੰਟ ਹੋਏ ਖਵਾਰਾ, ਕਲਜੁਗ ਆਪਣਾ ਰੰਗ ਰੰਗਾਇੰਦਾ । ਅੱਲਾ ਰਾਣੀ ਮਾਰੇ ਨਾਅਰਾ, ਰੋ ਰੋ ਨੀਰ ਵਹਾਇੰਦਾ । ਹਰਿ ਵੇਖ ਵਖਾਏ ਸੰਗ ਮੁਹੰਮਦ ਚਾਰ ਯਾਰਾ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਪ੍ਰਗਟ ਹੋਏ ਬੇਐਬ ਪਰਵਰਦਿਗਾਰਾ, ਅਮਾਮ ਮਹਿੰਦੀ ਨਾਉਂ ਧਰਾਇੰਦਾ । ਗਲ ਚੋਲੀ ਪਾਏ ਸ਼ਿੰਗਾਰਾ, ਕਾਲਾ ਸੂਸਾ ਵੇਖ

ਵਖਾਇੰਦਾ । ਹੱਥ ਤਸਬੀ ਗਲ ਕੰਠ ਮਾਲਾ, ਕਾਸਾ ਏਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ
ਵੇਸ ਆਪੇ ਕਰ ਮੱਕਾ ਕਾਅਬਾ ਵੇਖ ਵਖਾਇੰਦਾ । ਸੰਮਤ ਅਠਾਰਾਂ ਬੀਸ, ਹਰਿ ਸਾਚੇ ਖੇਲ ਖਿਲਾਵਣਾ । ਮਨਮੁਖਤਾ ਤੇਰੀ ਪਾਰ ਹੱਦ, ਸ਼ੌਹ
ਦਰਿਆ ਰੁੜ੍ਹਾਵਨਾ । ਕੋਈ ਨਾ ਲਾਏ ਰਸਨਾ ਮਦਿ, ਜਾਮ ਕਿਸੇ ਹੱਥ ਨਾ ਆਵਣਾ । ਸਾਕ ਸੱਜਣ ਨਾ ਕੋਈ ਬਹਾਏ ਘਰ ਸੱਦ, ਨਾ ਕੋਈ
ਮੇਲ ਮਿਲਾਵਣਾ । ਨਾ ਕੋਈ ਹਿੰਦੂ ਮੁਸਲਮ ਸਿਖ ਈਸਾਈ ਦੀਸੇ ਯਦ, ਨਾ ਕੋਈ ਵਰਨ ਸੁਹਾਵਣਾ । ਆਪਣਾ ਆਪਣਾ ਭਾਰ ਸਭ ਨੇ ਜਾਣਾ
ਲਦ, ਕਲਜੁਗ ਬੇੜਾ ਆਪਣਾ ਆਪ ਚਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਏਕਾ ਜਲ ਧਾਰ ਰੁੜ੍ਹਾਵਣਾ ।
ਵੀਹ ਸਦ ਬੀਸਾ ਜਗਤ ਰੀਤਾ, ਹਰਿ ਸਾਚਾ ਖੇਲ ਖਲਾਇੰਦਾ । ਈਸਾ ਮੂਸਾ ਖ਼ਾਲੀ ਖ਼ੀਸਾ, ਕੋਈ ਨਾ ਦਰ ਸੁਹਾਇੰਦਾ । ਚਰਨ ਲਗਾਏ ਚੀਨਾ
ਰੂਸਾ, ਸ਼ਾਹ ਅਬਿਨੂਸ਼ਾ ਮੂਲ ਚੁਕਾਇੰਦਾ । ਅੰਜੀਲ ਕੁਰਾਨ ਕੋਈ ਨਾ ਗਾਏ ਤੀਸ ਬਤੀਸਾ, ਨਾਂ ਕੋਈ ਬਾਂਗ ਸੁਣਾਇੰਦਾ । ਨਾ ਕੋਈ ਕਲਮਾ
ਨਾ ਨਬੀ ਰਸੂਲ ਪੜ੍ਹੇ ਹਦੀਸਾ, ਨਾ ਕੋਈ ਅਮਾਮ ਅਖਵਾਇੰਦਾ । ਅੱਲਾ ਰਾਣੀ ਮਾਰੇ ਚੀਸਾ, ਨਾ ਕੋਈ ਧੀਰ ਧਰਾਇੰਦਾ । ਪ੍ਰਗਟ ਹੋਏ ਹਰਿ
ਸ਼ਾਹੋ ਸ਼ਬਾਸਾ, ਬੀਸ ਬੀਸਾ ਖ਼ੁਸ਼ੀ ਮਨਾਇੰਦਾ । ਛਤਰ ਝੁਲਾਏ ਆਪਣੇ ਸੀਸਾ, ਦਿਲੀ ਦਰਬਾਰ ਸੁਹਾਇੰਦਾ । ਪੰਦਰਾਂ ਕੱਤਕ ਕਰੇ ਖੇਲ ਇਕ
ਅਕੀਸਾ, ਏਕਾ ਇਕੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਹਰਿ ਨਿਰੰਕਾਰ, ਆਪ ਆਪਣੀ ਬੰਨੇ
ਧਾਰ, ਸਾਚੀ ਸਿਖੀ ਚਲਾਇੰਦਾ । ਵੀਹ ਸਦ ਇਕੀ ਸਾਚੀ ਧਾਰ, ਹਰਿ ਸਾਚੇ ਸਚ ਵਡਿਆਈਆ । ਨੌਂ ਖੰਡ ਪ੍ਰਿਥਮੀ ਇਕ ਪਿਆਰ, ਏਕਾ

ਸ਼ਬਦ ਜਣਾਈਆ । ਏਕਾ ਰਾਜ ਜੋਗ ਸੱਚਾ ਸਿਕਦਾਰ, ਪੰਚਮ ਬੂਝ ਬੁਝਾਈਆ । ਲਿਖਿਆ ਲੇਖ ਦਿੱਲੀ ਦਰਬਾਰ, ਰਾਜ ਇੰਦਰ ਪ੍ਰਸ਼ਾਦ ਸਮਝਾਈਆ ।
ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਅੰਤ ਜੁਦਾਈਆ । ਪੰਚਮ ਮੀਤਾ ਪੰਚਮ ਕਰੇ ਪਿਆਰ,
ਪੰਚਮ ਦੇਵੇ ਹੱਥ ਵਡਿਆਈਆ । ਸਤ ਰੰਗਾਂ ਨਿਸ਼ਾਨਾ ਚੜ੍ਹੇ ਵਿਚ ਸੰਸਾਰ, ਸੱਤਾਂ ਦੀਪਾਂ ਆਪ ਹਿਲਾਈਆ । ਲੱਖਣ ਦੀਪ ਪਾਵੇ ਸਾਰ, ਕਰੌਚ
ਰਿਹਾ ਸਮਝਾਈਆ । ਪੁਸ਼ਕਰ ਤੇਰਾ ਕਰ ਪਿਆਰ, ਜੰਬੂ ਦੀਪ ਕਰੇ ਰੁਸ਼ਨਾਈਆ । ਸਲਮਲ ਸਾਚਾ ਇਕ ਆਧਾਰ, ਸਾਨ ਰੱਖੇ ਵਡਿਆਈਆ ।
ਕੁਸ਼ਾ ਖੇਲ ਹਰਿ ਕਰਤਾਰ, ਕਾਲੀ ਧਾਰਾ ਦਏ ਮਿਟਾਈਆ । ਲਾਲ ਰੰਗ ਅਪਰ ਅਪਾਰ, ਕੰਚਨ ਹੇਠ ਬੰਧਾਈਆ । ਸੂਹਾ ਵੇਸ ਅਪਰ ਅਪਾਰ,
ਚਿੱਟੇ ਨਾਲ ਸਲਾਹੀਆ । ਨੀਲਾ ਨੀਲੀ ਧਾਰੋਂ ਕਰੇ ਪਾਰ, ਪੀਲਾ ਵੇਸ ਵਟਾਈਆ । ਕਲਜੁਗ ਤੇਰੀ ਕਾਲੀ ਮਿਟੇ ਧਾਰ, ਸੱਤ ਰੰਗ ਨਿਸ਼ਾਨ ਵਖਾਈਆ ।
ਸਾਢੇ ਤਿੰਨ ਹੱਥ ਰੱਖਿਆ ਚਾਰ ਦਿਵਾਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ
ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰਨੀ ਕਰਤਾ ਕਰਨੀ ਰਿਹਾ ਕਮਾਈਆ । ਪੂਰਬ ਦਿਸ਼ਾ ਪੂਰਨ ਪ੍ਰਕਾਸ਼, ਪ੍ਰਭ ਪੂਰਨ ਰਿਹਾ ਕਰਾਈਆ ।
ਚੜ੍ਹਦਿਉਂ ਆਇਆ ਵਿਚ ਪ੍ਰਭਾਸ, ਕਾਇਆ ਮੰਦਰ ਡੇਰਾ ਲਾਈਆ । ਗੋਬਿੰਦ ਪੂਰੀ ਕਰੇ ਆਸ, ਅੱਠੇ ਪਹਿਰ ਰਹੇ ਰੁਸ਼ਨਾਈਆ । ਲਹਿਦੀ ਦਿਸ਼ਾ
ਚਲੇ ਸਵਾਸ, ਉਪਰੋਂ ਹੇਠਾਂ ਧਾਰ ਚਲਾਈਆ । ਆਪੇ ਵਸੇ ਆਸ ਪਾਸ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਉਤਰ ਦਿਸ਼ਾ ਨਾਨਕ ਲਿਖਿਆ ਬੋਲ, ਆਪੇ ਗਿਆ ਸਮਝਾਈਆ । ਮਹਾਂਬਲੀ ਹੋਏ ਉਤਰਸੀ, ਨਾਨਕ ਲੇਖ ਲਿਖਾਏ । ਪੁੱਤਰ ਧੀਆਂ

ਕੋਈ ਨਾ ਜੰਮਸੀ, ਮਾਤ ਪਿਤਾ ਨਾ ਕੋਈ ਅਖਵਾਏ । ਵਾਰ ਥਿਤ ਨਾ ਜਾਣੇ ਅਸ਼ਟਮੀ, ਨਾ ਨੌਮੀ ਵੇਖ ਵਖਾਏ । ਜੋਤ ਜਗਾਏ ਦਿਸ਼ਾ ਦਸਮੀ, ਬ੍ਰਹਮ ਪਾਰਬ੍ਰਹਮ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਸ਼ਾ ਪੂਰਬ ਹਿੱਸਾ ਪੂਰਬ ਲਹਿਣਾ ਨੇਤਰ ਨੈਣਾਂ ਗੁਰਮੁਖਾਂ ਝੋਲੀ ਪਾਏ । ਅਨਹਦ ਸ਼ਬਦ ਅਨਾਹਦ ਬਾਣੀ, ਧੁਨੀ ਧੁਨ ਸਮਾਈਆ । ਬੋਧ ਅਗਾਧ ਆਪੇ ਜਾਣੀ, ਆਪੇ ਬੂਝ ਬੁਝਾਈਆ । ਪਰਾ ਪਸੰਤੀ ਸਾਚੀ ਰਾਣੀ, ਸਾਚੀ ਸੇਵ ਕਮਾਈਆ । ਗੁਰਮੁਖ ਵਿਰਲਾ ਜਾਣੇ ਜਾਣ ਜਾਣੀ, ਜਿਸ ਜਨ ਬੂਝ ਬੁਝਾਈਆ । ਅੰਮ੍ਰਿਤ ਵਾਰੇ ਠੰਡਾ ਪਾਣੀ, ਸਾਚਾ ਸਗਨ ਮਨਾਈਆ । ਸ਼ਬਦ ਮਿਲਾਏ ਸਾਚੇ ਹਾਣੀ, ਵਿਛੜ ਕਦੇ ਨਾ ਜਾਈਆ । ਆਤਮ ਸੇਜਾ ਇਕ ਸੁਹਾਣੀ, ਸਾਚਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੇ ਘਰ, ਅਨਹਦ ਅਨਾਹਦ ਆਪ ਅਖਵਾਈਆ ।

### * ੧੮ ਭਾਦਰੋਂ ੨੦੧੫ ਬਿਕ੍ਰਮੀ ਹਾਕਮ ਸਿੰਘ ਦੇ ਘਰ ਪਿੰਡ ਸਮਾਲ ਸਰ ਜ਼ਿਲਾ ਫ਼ਿਰੋਜ਼ਪੁਰ *

ਤ੍ਰੈਗੁਣ ਮਾਇਆ ਰੂਪ ਅਪਾਰ, ਹਰਿ ਹਰਿ ਬਣਤ ਬਣਾਈਆ । ਬ੍ਰਹਮਾ ਵਿਸ਼ਨ ਸ਼ਿਵ ਲਾਏ ਸੇਵਾਦਾਰ, ਸੇਵਕ ਸੇਵ ਕਮਾਈਆ । ਪੰਚ ਤਤ ਕਰ ਪਿਆਰ, ਪੰਚਮ ਜੋੜ ਜੁੜਾਈਆ । ਰਕਤ ਬੂੰਦ ਹੱਡ ਮਾਸ ਨਾੜੀ ਚੰਮ ਮੇਲ ਅਪਾਰ, ਹਾਡੀ ਹਾਡੀ ਜੋੜ ਜੁੜਾਈਆ । ਮਨ ਮਤ ਕਰ ਤਿਆਰ, ਬੁੱਧੀ ਸੰਗ ਰਲਾਈਆ । ਨੂਰੋ ਨੂਰ ਹਰਿ ਉਜਿਆਰ, ਜੋਤੀ ਜੋਤ ਜਗਾਈਆ । ਨੌਂ ਦਰ ਖੋਲ੍ਹੇ ਆਪ ਕਿਵਾੜ, ਦਸਵਾਂ ਬੰਦ ਕਰਾਈਆ । ਮਾਨੁਖ ਮਾਨੁਸ ਮੇਲ ਸੰਸਾਰ, ਮਾਤਲੋਕ ਵਡਿਆਈਆ । ਆਲਸ ਨਿੰਦਰਾ ਦੇ ਵਿਚਾਰ, ਜਾਗਰਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਧਰਤ ਵਡਿਆਈਆ । ਪੰਚਮ ਤਤ ਤਨ ਬਣਾ, ਹਰਿ ਹਰਿ ਜੋਤ ਜਗਾਈਆ । ਜੀਵ ਜੰਤ ਅਗਣਤ ਗਣਾ, ਭੇਵ ਅਭੇਦ ਭੇਵ ਛੁਪਾਈਆ । ਸਾਚੇ ਸੰਤਾਂ ਹਿੱਸਾ ਦਏ ਵੰਡਾ, ਆਪਣੀ ਵੰਡ ਵੰਡਾਈਆ । ਦਹਿ ਦਿਸ਼ਾ ਚਾਰੇ ਕੁੰਟਾਂ ਫੇਰਾ ਪਾ, ਦਿਵਸ ਰੈਣ ਕਰੇ ਰੁਸ਼ਨਾਈਆ । ਰਵ ਸਸ ਸੂਰਜ ਚੰਨ ਰਹੇ ਸ਼ਰਮਾ, ਨੇਤਰ ਨੈਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵੇਖ ਵਖਾਈਆ । ਗੁਰਮੁਖ ਸਾਜਣ ਤੇਰੀ ਰਾਸ, ਹਰਿ ਸਾਚੇ ਆਪ ਬਣਾਈਆ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਗਗਨ ਮੰਡਲ ਵਡ ਵਡਿਆਈਆ । ਖੇਲੇ ਖੇਲ ਸਰਬ ਗੁਣਤਾਸ, ਗੁਣ ਦਾਤਾ ਬੇਪਰਵਾਹੀਆ । ਆਦਿ ਜੁਗਾਦਿ ਜਗਤ ਤਮਾਸ਼, ਵੇਖਣਹਾਰ ਹਰ ਘਟ ਥਾਈਂਆ । ਲੇਖਾ ਜਾਣੇ ਪਵਣ ਸਵਾਸ, ਆਪਣੀ ਜਿਹਵਾ ਵੇਖ ਵਖਾਈਆ । ਵਾਸਨਾ ਵੇਖੇ ਨਾਸਕਾ ਨਾਸ, ਸਰਵਨ ਕੰਨ ਸੁਣੇ ਸ਼ਨਵਾਈਆ । ਦੰਦ ਬਤੀਸਾ ਕਰੇ ਹਾਸ, ਮੁਖੜਾ ਮੁਖ ਬਿਗਸਾਈਆ । ਨੇਤਰ ਨੈਣਾਂ ਵਸੇ ਪਾਸ, ਨਿਝ ਨੇਤਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਈਆ । ਗੁਰਮੁਖ ਸਾਜਣ ਤੇਰੀ ਧਾਰ, ਹਰਿ ਹਰਿ ਆਪ ਚਲਾਈਆ । ਪੰਚ ਤਤ ਤੱਤ ਕਰ ਪਿਆਰ, ਆਤਮ ਬ੍ਰਹਮ ਜਣਾਈਆ । ਹਉਮੇ ਹੰਗਤਾ ਰੋਗ ਨਿਵਾਰ, ਚਿੰਤਾ ਸੋਗ ਮਿਟਾਈਆ । ਮਾਇਆ ਮਮਤਾ ਦਏ ਦੁਰਕਾਰ, ਦਰ ਦਵਾਰ ਰਹਿਣ ਨਾ ਪਾਈਆ । ਆਸਾ ਮਨਸਾ ਤ੍ਰਿਸ਼ਨਾ ਦੇਵੇ ਮਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਮਨ ਮਨਸਾ ਨਾ ਕਹੇ ਲਲਕਾਰ, ਏਕਾ ਖੰਡਾ ਰਿਹਾ ਵਖਾਈਆ ।

ਮਤ ਮਤਵਾਲੀ ਕਰੇ ਵਿਚਾਰ, ਏਕਾ ਵਿਦਿਆ ਸਚ ਪੜ੍ਹਾਈਆ । ਬੁੱਧ ਬਬੇਕੀ ਵਿਚ ਸੰਸਾਰ, ਏਕਾ ਏਕੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਸਾਚੇ ਤੇਰੀ ਰਿਹਾ ਬਣਤ ਬਣਾਈਆ । ਪੰਜ ਤਤ ਹਰਿ ਸਮਰਥ, ਆਪਣਾ ਆਪ ਟਿਕਾਇੰਦਾ । ਹਰਿਜਨ ਰਾਖੇ ਦੇ ਕਰ ਹੱਥ, ਹਰਿ ਆਪੇ ਵੇਖ ਵਖਾਇੰਦਾ । ਸ਼ਬਦ ਜਣਾਈ ਅਕੱਥਨਾ ਅਕੱਥ, ਕਥਨੀ ਕਥ ਕਥ ਨਾ ਕੋਈ ਸੁਣਾਇੰਦਾ । ਨਾਮ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਪੰਚ ਵਿਕਾਰਾ ਪਾਏ ਨੱਥ, ਏਕਾ ਡੋਰੀ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਇੰਦਾ । ਗੁਰਮੁਖ ਸੱਜਣ ਕਾਇਆ ਚੋਲਾ, ਗੁਰ ਸਤਿਗੁਰ ਆਪ ਰੰਗਾਇਆ । ਪੰਜ ਤਤ ਦਵਾਰੇ ਹੋਇਆ ਗੋਲਾ, ਦਿਵਸ ਰੈਣ ਵੇਖ ਵਖਾਇਆ । ਨਾਦੀ ਸ਼ਬਦ ਵਜਾਏ ਸਾਚਾ ਢੋਲਾ, ਏਕਾ ਮੰਗਲ ਗਾਇਆ । ਦਰ ਦਵਾਰਾ ਏਕਾ ਖੋਲ੍ਹਾ, ਏਕਾ ਭਿਛਿਆ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਇਆ । ਗੁਰਸਿਖ ਸਾਚੇ ਤੇਰੀ ਪ੍ਰੀਤ, ਹਰਿ ਹਰਿ ਆਪ ਉਪਾਈਆ । ਆਪੇ ਵੇਖੇ ਹਸਤ ਕੀਟ, ਊਚਾਂ ਨੀਚਾਂ ਆਪ ਸਮਾਈਆ । ਆਪੇ ਜਾਣੇ ਆਪਣੀ ਰੀਤ, ਹਰਿਜਨ ਸਾਚੇ ਰਿਹਾ ਸਮਝਾਈਆ । ਸਦਾ ਸੁਹੇਲਾ ਹੋਏ ਪਤਤ ਪੁਨੀਤ, ਪਤਤ ਪਾਵਣ ਪਤਤ ਪਾਪੀ ਰਿਹਾ ਤਰਾਈਆ । ਇਕ ਵਖਾਏ ਧਾਮ ਅਨਡੀਠ, ਹਰਿ ਸਾਚੇ ਜੋਤ ਜਗਾਈਆ । ਦਿਵਸ ਰੈਣ ਅੱਠੇ ਪਹਿਰ ਲੱਖ ਚੁਰਾਸੀ ਪਰਖੇ ਨੀਤ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖੇ ਸਹਿਜ ਸੁਭਾਈਆ । ਗੁਰਸਿਖ ਸਾਜਣ ਤੇਰਾ ਬਾਣਾ, ਹਰਿ ਹਰਿ ਆਪ ਸੁਹਾਇਆ । ਕੋਟਨ ਕੋਟ ਕੋਟੀ ਤਰਸੇ ਰਾਜਾ ਰਾਣਾ, ਹੱਥ ਕਿਸੇ ਨਾ ਆਇਆ । ਕੋਟਨ ਕੋਟ ਵਸਣ ਜਗਤ ਮਕਾਨਾ, ਉਚ ਮਹੱਲਾ ਨਜ਼ਰ ਨਾ ਆਇਆ । ਗੁਰਮੁਖਾਂ ਦੇਵੇ ਨਾਮ ਬਬਾਨਾ, ਘਰ ਘਰ ਫੇਰਾ ਪਾਇਆ । ਮੂਰਖ ਮੂੜ ਮੁਗਧ ਬਣਾਏ ਚਤੁਰ ਸੁਘੜ ਸਿਆਣਾ, ਏਕਾ ਮੰਤਰ ਨਾਮ ਦ੍ਰਿੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰੀ ਸੇਵਾ ਸੇਵਕ ਆਪ ਕਮਾਇਆ । ਗੁਰਮੁਖ ਸਾਚਾ ਸੱਜਣ ਸ਼ਾਹ, ਹਰਿ ਸੋਹੇ ਬੰਕ ਦਵਾਰ । ਦਰ ਦਰ ਮੰਗੇ ਬੇਪਰਵਾਹ, ਭੇਖੀ ਭੇਖ ਅਪਾਰ । ਸਿਫ਼ਤੀ ਸਿਫ਼ਤ ਕਰੇ ਸਲਾਹ, ਲੇਖਾ ਲਿਖ ਲਿਖੇ ਵਿਚ ਸੰਸਾਰ, ਦੋ ਜਹਾਨੀ ਬਣ ਮਲਾਹ, ਬੇੜਾ ਕਰਨ ਆਇਆ ਪਾਰ । ਨਿਥਾਵਿਆਂ ਦੇਵੇ ਸਾਚਾ ਥਾਂ, ਸਾਚਾ ਧਾਮ ਚਰਨ ਦਵਾਰ । ਆਪੇ ਪਿਤਾ ਆਪੇ ਮਾਂ, ਗੁਰਮੁਖ ਉਠਾਏ ਬਾਲ ਅੰਵਾਣ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਵੇਖੇ ਦਰ, ਦਰ ਸਾਚਾ ਘਰ ਸਾਚਾ ਹਰਿ ਹਰਿ ਕਰੇ ਪਰਵਾਨ । ਗੁਰਮੁਖ ਤੇਰਾ ਸਾਚਾ ਰਾਜ, ਹਰਿ ਹਰਿ ਚਰਨ ਦਵਾਰਿਆ । ਕਲਜੁਗ ਅੰਤਮ ਧਰੂ ਪ੍ਰਹਿਲਾਦ ਆਵੇ ਲਾਜ, ਨਿਉਂ ਨਿਉਂ ਵੇਖਣ ਨੈਣ ਉਘਾੜਿਆ । ਪਾਰਬ੍ਰਹਮ ਪ੍ਰਭ ਲੋਕਮਾਤ ਰਚਿਆ ਕਾਜ, ਕਵਣ ਦਵਾਰੇ ਜੋਤ ਜਗਾ ਰਿਹਾ । ਕਵਣ ਭਗਤ ਕਵਣ ਗੁਰਸਿਖ ਕਵਣ ਸੰਤ ਕਵਣ ਗੁਰਮੁਖ ਮਾਰੇ ਵਾਜ, ਸੋਏ ਆਪ ਉਠਾ ਰਿਹਾ । ਧੁਰਦਰਗਾਹੀ ਸੋਹੰ ਸ਼ਬਦ ਦੇਵੇ ਸਾਚੀ ਦਾਤ, ਦਾਤਾ ਦਾਨੀ ਝੋਲੀ ਪਾ ਰਿਹਾ । ਹਰਿਸੰਗਤ ਬਣਾਏ ਸਚ ਬਰਾਤ, ਗੁਰਮੁਖ ਆਤਮ ਨਾਰੀ ਇਕ ਪਰਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਮਲਾਪਾਤੀ ਸਗਨ ਮਨਾ ਰਿਹਾ । ਕਮਲਾਪਾਤੀ ਸਾਜਣ ਹਰਿ, ਹਰਿ ਰਚਨ ਰਚਾਇੰਦਾ । ਆਪੇ ਫੂਲਨ ਮਾਲਾ ਹਾਰ ਪਾਏ ਗਲ, ਆਪੇ ਵੇਖ ਵਖਾਇੰਦਾ । ਆਪ ਸੀਸ ਸੇਹਰਾ ਲਏ ਧਰ, ਆਪ ਵਾਗ

੬੨੧ ੦੭

ਗੁੰਦਾਇੰਦਾ । ਆਪੇ ਰਾਂਗਲੀ ਮਹਿੰਦੀ ਹੱਥ ਲਾਲ ਲਏ ਕਰ, ਆਪੇ ਗਾਨਾ ਤੰਦ ਰਖਾਇੰਦਾ । ਸ਼ਬਦ ਵਿਚੋਲਾ ਵੇਖੇ ਦੋਵੇਂ ਦਰ, ਏਕਾ ਦੂਜੇ ਘਰ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰਸ ਦਿਖਾਇੰਦਾ । ਸ਼ਬਦ ਰੰਗੀਲਾ ਸਾਚਾ ਲਾੜਾ, ਹਰਿ ਸਾਚੇ ਆਪ ਸਜਾਇਆ । ਆਪਣੇ ਘੋੜੇ ਆਪੇ ਚਾੜ੍ਹਾ, ਆਪੇ ਵੇਖਣ ਆਇਆ । ਬਹੱਤਰ ਨਾੜੀ ਵੱਜੇ ਤਾੜਾ, ਸਾਚਾ ਵਾਜਾ ਇਕ ਵਜਾਇਆ । ਪੰਚਮ ਸਖੀਆਂ ਲਾਇਆ ਅਖਾੜਾ, ਗੀਤ ਸੁਹਾਗੀ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸਗਨ ਮਨਾਇਆ । ਸੁਰਤ ਸਵਾਣੀ ਕਰ ਪਿਆਰੀ, ਗੁਰਮੁਖ ਘਰ ਵਧਾਈਆ । ਚੜ੍ਹਿਆ ਤੇਲ ਹਾਣੀਆਂ ਹਾਣੀ, ਏਕਾ ਵਟਨਾ ਲਾਈਆ । ਹੱਥ ਕਲੀਰੇ ਬੈਠੀ ਬੰਨ੍ਹ ਸਵਾਣੀ, ਸਾਚਾ ਸਗਨ ਮਨਾਇਆ । ਮਾਤਾ ਉਤੋਂ ਵਾਰੇ ਪਾਣੀ, ਅੰਮ੍ਰਿਤ ਧਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣਾ ਆਪ ਸੁਹਾਈਆ । ਸਾਚਾ ਲਾੜਾ ਹੋ ਤਿਆਰ, ਸੀਸ ਦਸਤਾਰ ਟਿਕਾਇੰਦਾ । ਪੁਰਖ ਅਗੰਮਾ ਕਰ ਪਿਆਰ, ਆਪਣੇ ਰਾਹੇ ਪਾਇੰਦਾ । ਆਪੇ ਹੋਇਆ ਅਸਵ ਅਸਵਾਰ, ਸ਼ਾਹ ਅਸਵਾਰਾ ਨਾਉਂ ਧਰਾਇੰਦਾ । ਲੋਆਂ ਪੁਰੀਆਂ ਆਇਆ ਬਾਹਰ, ਲੋਕਮਾਤ ਵੇਖ ਵਖਾਇੰਦਾ । ਗੁਰਮੁਖ ਵੇਖੇ ਤੇਰਾ ਇਕ ਦਵਾਰ, ਦਰ ਦਵਾਰੇ ਡੇਰਾ ਲਾਇੰਦਾ । ਸ਼ਬਦ ਵਿਚੋਲਾ ਖ਼ਬਰਦਾਰ, ਘਰ ਸੁਤਿਆਂ ਜਾ ਜਗਾਇੰਦਾ । ਬਾਹਰ ਬੈਠਾ ਹਰਿ ਨਿਰੰਕਾਰ, ਆਪਣੇ ਨੂਰ ਸਮਾਇੰਦਾ । ਜੋਤੀ ਚਮਕੇ ਅਪਰ ਅਪਾਰ, ਭੇਵ ਕੋਈ ਨਾ ਪਾਇੰਦਾ । ਲਸ਼ਕਰ ਫ਼ੌਜ ਨਾ ਕੋਈ ਸ਼ਾਹੀ ਦਰਬਾਰ, ਦਰ ਦਰਬਾਨ ਨਾ ਕੋਈ ਵਖਾਇੰਦਾ । ਬਰਛੀ ਤੀਰ ਨਾ ਕੋਈ ਕਟਾਰ, ਖੰਡਾ ਖੜਗ ਨਾ ਕੋਈ ਚਮਕਾਇੰਦਾ । ਇਕ ਇਕੱਲਾ ਏਕਾ ਏਕੰਕਾਰ, ਆਪ ਆਪਣੀ ਕਲ ਵਰਤਾਇੰਦਾ । ਆਦਿ ਨਿਰੰਜਣ ਲੈ ਅਵਤਾਰ, ਜੋਤ ਨਿਰੰਜਣ ਵੇਖਣ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਿਚੋਲਾ ਏਹ ਸਮਝਾਇੰਦਾ । ਸ਼ਬਦ ਵਿਚੋਲਾ ਧੁਰ ਸੰਦੇਸ਼ਾ ਏਕਾ ਏਕ ਸੁਣਾਈਆ । ਦਰ ਦਵਾਰ ਆਇਆ ਹਰਿ ਨਰ ਨਰ ਨਰੇਸ਼ਾ, ਸੀਸ ਸੇਹਰਾ ਇਕ ਬੰਧਾਈਆ । ਸਰਬਾਲਾ ਬਣਿਆ ਗੁਰ ਦਸਮੇਸ਼ਾ, ਦੋਹਾਂ ਜੋੜ ਜੁੜਾਈਆ । ਲੱਖ ਚੁਰਾਸੀ ਕਿਸੇ ਨਾ ਦੇਖਾ, ਨਾ ਕੋਈ ਸੀਸ ਝੁਕਾਈਆ । ਪੰਡਤ ਪਾਂਧਾ ਨਾ ਕੋਈ ਦੱਸੇ ਰੇਖਾ, ਨਾ ਕੋਈ ਦਿਵਸ ਸੁਹਾਈਆ । ਨਾ ਕੋਈ ਮੁੱਛ ਦਾੜ੍ਹੀ ਨਾ ਰੱਖੇ ਕੇਸਾ, ਨਾ ਕੋਈ ਮੂੰਡ ਮੁੰਡਾਈਆ । ਤਿਸ ਪੁਰਖ ਕੋ ਸਦਾ ਅਦੇਸਾ, ਨਿਰਗੁਣ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਏ ਸੁਨੇਹੜਾ ਕਾਇਆ ਘਰ, ਘਰ ਸਾਚਾ ਆਪ ਸੁਹਾਈਆ । ਕਾਇਆ ਘਰ ਵੇਖ ਮਹੱਲਾ, ਸੁਰਤੀ ਸੁਰਤ ਜਗਾਈਆ । ਵਰੁਨ ਆਇਆ ਇਕ ਅਕੱਲਾ, ਬਾਹਰ ਬੈਠਾ ਬੇਪਰਵਾਹੀਆ । ਆਪਣੇ ਤਨ ਵਟਨਾ ਆਪੇ ਮਲਾ, ਆਪੇ ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਖੀਆਂ ਰਿਹਾ ਉਠਾਈਆ । ਸਾਚੀ ਸਖੀ ਉਠ ਨਿਧਾਨ, ਸ਼ਬਦੀ ਸ਼ਬਦ ਜਣਾਇਆ । ਬਸਤਰ ਕਰ ਤਨ ਪਰਵਾਨ, ਸੋਲਾਂ ਸ਼ਿੰਗਾਰ ਵਖਾਇਆ । ਨੇਤਰ ਕਜਲਾ ਨਾਮ ਦਾਨ, ਏਕਾ ਧਾਰ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਰਤ ਸਵਾਣੀ ਦਏ ਵਖਾਇਆ । ਸੁਰਤ ਸਵਾਣੀ ਲੈ ਅੰਗੜਾਈ, ਆਪਣਾ ਨੈਣ ਉਘਾੜਿਆ । ਸਾਚੇ ਘਰ ਹੋਈ ਕੁੜਮਾਈ, ਕੰਤ ਵੇਖਿਆ ਹਾਣੀ ਹਾਣੀਆਂ । ਮਾਪਿਆਂ ਘਰ ਬੈਠੀ ਧੀ ਬਾਹਰ ਬੈਠਾ ਇਕ ਜਵਾਈ, ਨਾ ਮੰਗੇ ਪੀਣਾ ਖਾਣਿਆਂ । ਨਾ ਬੋਲੇ ਕਿਸੇ ਨਾਲ ਚਾਚੀ ਤਾਈ, ਭੈਣ ਭਾਈ ਨਾ ਕੋਈ ਸਿਆਣਿਆਂ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਚੋਲਾ ਵੇਖ ਵਖਾਣਿਆਂ । ਜਗਤ ਵਿਚੋਲਾ ਸ਼ਬਦ ਗੁਰ, ਏਕਾ ਏਕ ਰਖਾਇਆ । ਦੋਹਾਂ ਮਿਲਾਵਾ ਕਰੇ ਧੁਰ, ਸਾਚਾ ਰਾਹ ਜਣਾਇਆ । ਸਾਚੀ ਜੋੜੀ ਜਾਏ ਜੁੜ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਕੰਤ ਭਤਾਰਾ ਹਰਿ ਭਗਵੰਤ, ਵੇਖੇ ਦਰ ਦਰਵਾਜਿਆ । ਕਵਣ ਦਵਾਰੇ ਸਾਜਣ ਸੰਤ, ਗੁਰਮੁਖ ਗ਼ਰੀਬ ਨਿਵਾਜ਼ਿਆ । ਆਪੇ ਜਾਣੇ ਆਪਣੀ ਖੇਲ ਭੇਵ ਨਾ ਜਾਣੇ ਜੀਵ ਜੰਤ, ਖੇਲੇ ਖੇਲ ਆਦਿ ਜੁਗਾਦਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਰਬ੍ਰਹਮ ਬ੍ਰਹਮ ਬ੍ਰਹਿਮਾਦਿਆ । ਸੁਰਤ ਸਵਾਣੀ ਕਰ ਸ਼ਿੰਗਾਰ, ਨੇਤਰ ਨੈਣ ਰਹੀ ਸ਼ਰਮਾਈਆ । ਆਪਣੇ ਅੰਦਰੋਂ ਆਈ ਬਾਹਰ, ਨੌਂ ਦਵਾਰੇ ਦਏ ਤਜਾਈਆ । ਮਿਲੇ ਮੇਲ ਮੀਤ ਮੁਰਾਰ, ਏਕਾ ਆਸ ਰਖਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਆਪ ਆਪਣੀ ਭੁਜਾਂ ਉਠਾਈਆ । ਅੰਦਰ ਮੰਦਰ ਖੋਲ੍ਹ ਕਿਵਾੜ, ਏਕਾ ਧਾਮ ਰਖਾਈਆ । ਸਾਚੀ ਸੇਜਾ ਕਰ ਪਿਆਰ, ਆਤਮ ਵੇਖ ਵਖਾਈਆ । ਮੇਲ ਮਿਲਾਵਾ ਹਰਿ ਮੀਤ ਮੁਰਾਰ, ਕੰਤ ਕੰਤੂਹਲਾ ਨਾਉਂ ਧਰਾਈਆ । ਸ਼ਬਦ ਝੂਲਾ ਝੁਲਾਏ ਅਪਰ ਅਪਾਰ, ਇਕ ਹੁਲਾਰਾ ਰਿਹਾ ਦਵਾਈਆ । ਨਿਰਮਲ ਜੋਤੀ ਜਗੇ ਅਗੰਮ ਅਪਾਰ, ਦੀਵਾ ਬਾਤੀ ਨਾ ਕੋਈ ਰਖਾਈਆ । ਗੁਰਮੁਖ ਨਾਰੀ ਕਰ ਪਿਆਰ, ਹਰਿ ਹਰਿ ਕੰਤ ਰਹੀ ਹੰਢਾਈਆ । ਮਿਲਿਆ ਮੇਲ ਵਿਚ ਸੰਸਾਰ, ਲੋਕਮਾਤ ਵੱਜੀ ਵਧਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕ ਵੱਡੀ ਵਡਿਆਈਆ । ਗੁਰਮੁਖਾਂ ਸੁਹਾਏ ਬੰਕ ਦਵਾਰ, ਦਰ ਦਵਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਪਾਨਿਧ ਨਾਉਂ ਰਖਾਈਆ । ਹਰਿ ਚਰਨ ਦਵਾਰਾ ਸਚ ਹੈ, ਸਾਚੋ ਸਾਚ ਸਮਾਏ । ਕਾਇਆ ਮਾਟੀ ਭਾਂਡਾ ਕੱਚ ਹੈ, ਥਿਰ ਰਹਿਣ ਨਾ ਪਾਏ । ਨੌਂ ਦਵਾਰੇ ਰਿਹਾ ਨੱਚ ਹੈ, ਮਨ ਮਨੂਆ ਹੋ ਹਲਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਤਰਾਏ । ਹਰਿ ਚਰਨ ਦਵਾਰਾ ਹਰਿ ਰੰਗ, ਹਰਿ ਹਰਿ ਰੰਗ ਰੰਗਾਇੰਦਾ । ਗੁਰਮੁਖ ਮੰਗੀ ਸਾਚੀ ਮੰਗ, ਪ੍ਰਭ ਪੂਰਨ ਭਿਛਿਆ ਪਾਇੰਦਾ । ਆਤਮ ਵਖਾਏ ਸਚ ਪਲੰਘ, ਸਚ ਸਿੰਘਾਸਣ ਆਸਣ ਲਾਇੰਦਾ । ਏਕਾ ਸ਼ਬਦ ਇਕ ਤਰੰਗ, ਏਕਾ ਧਾਰ ਵਹਾਇੰਦਾ । ਏਕਾ ਤੀਰਥ ਏਕਾ ਤਟ, ਏਕਾ ਗੋਦਾਵਰੀ ਏਕਾ ਗੰਗ, ਏਕਾ ਜਲ ਸਮਾਇੰਦਾ । ਏਕਾ ਰੂਪ ਏਕਾ ਰੰਗ ਕੱਟਣਹਾਰਾ ਭੁੱਖ ਨੰਗ, ਜਨ ਭਗਤਾਂ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰ ਇਕ ਵਖਾਇੰਦਾ । ਚਰਨ ਦਵਾਰ ਹਰਿ ਰੰਗ ਰਾਤਾ, ਗੁਰਮੁਖਾਂ ਮੁਖ ਸਲਾਹੀਆ । ਮੇਟ ਮਿਟਾਏ ਅੰਧੇਰੀ ਰਾਤਾ, ਏਕਾ ਚੰਦ ਚੜ੍ਹਾਈਆ । ਚਰਨ ਕਵਲ ਬੰਧਾਏ ਸਾਚਾ ਨਾਤਾ, ਦੋ ਜਹਾਨਾਂ ਵੇਖ ਵਖਾਈਆ । ਦਰਸ ਦਿਖਾਏ ਇਕ ਇਕਾਂਤਾ, ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਏਕਾ ਬੂਝ ਬੁਝਾਈਆ । ਚਰਨ ਦਵਾਰ ਹਰਿ ਸਾਚਾ ਸੱਜਣ, ਗੁਰਮੁਖਾਂ ਮੇਲ ਮਿਲਾਇੰਦਾ । ਨੇਤਰ ਨੈਣ ਪਾਏ ਕੱਜਲ, ਅੰਧ ਅੰਧੇਰ ਗਵਾਇੰਦਾ । ਦੁਰਮਤ ਮੈਲ ਧਵਾਏ ਕਰਾਏ ਮਜਨ, ਸਾਚਾ ਧਾਮ ਸੁਹਾਇੰਦਾ । ਆਦਿ ਜੁਗਾਦੀ ਆਇਆ ਪਰਦੇ ਕੱਜਣ, ਨਾਮ ਪਰਦਾ ਏਕਾ ਪਾਇੰਦਾ । ਕਾਲ ਨਗਾਰੇ ਘਰ ਘਰ ਸਿਰ ਸਿਰ ਵੱਜਣ, ਧਰਮ ਰਾਏ ਡੌਰੂ ਵਾਇੰਦਾ । ਕਿਸੇ ਨਾ ਮੇਲ ਕੋਈ ਸੱਜਣ, ਨਾ ਕੋਈ ਮੇਲ ਮਿਲਾਇੰਦਾ । ਲਾੜੀ ਮੌਤ ਚਾਰੇ ਕੁੰਟ ਆਏ ਨੱਚਣ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰ ਹਰਿ ਨਿਰੰਕਾਰ ਏਕਾ

੬੨੩
੦੨

ਬੂਝ ਬੁਝਾਇੰਦਾ । ਚਰਨ ਦਵਾਰ ਹਰਿ ਗੋਬਿੰਦ, ਹਰਿ ਹਰਿ ਨਜ਼ਰੀ ਆਇਆ । ਮੇਟ ਮਿਟਾਏ ਸਗਲੀ ਚਿੰਦ, ਚਿੰਤਾ ਚਿਖਾ ਗਵਾਇਆ । ਗੁਰਮੁਖ ਉਪਜਾਏ ਆਪਣੀ ਬਿੰਦ, ਆਪ ਆਪਣੀ ਰਕਤ ਤਰਾਇਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਗਹਿਰ ਗੰਭੀਰ ਸਮਾਇਆ । ਮਨਮੁਖ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਮੁਖ ਭਰਾਇਆ । ਜੋਧਾ ਸੂਰਾ ਵਡ ਮਰਗਿੰਦ, ਗੁਰਮੁਖ ਲਏ ਉਠਾਇਆ । ਦਾਤਾ ਦਾਨੀ ਦੇਵੇ ਦਾਨ ਗੁਣੀ ਗਹਿੰਦ, ਨਾਮ ਝੋਲੀ ਦਏ ਭਰਾਇਆ । ਪ੍ਰਗਟ ਹੋਏ ਧਰਤ ਧਵਲ ਹਿੰਦ, ਭਾਰਤ ਖੰਡੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਨਾਤਾ ਇਕ ਬੰਧਾਇਆ । ਚਰਨ ਨਾਤਾ ਧੁਰ ਸੰਜੋਗ, ਗੁਰਮੁਖ ਵਡ ਵਡਿਆਈਆ । ਆਦਿ ਜੁਗਾਦਿ ਨਾ ਹੋਏ ਵਿਜੋਗ, ਨਾ ਕੋਈ ਮੁਖ ਭਵਾਈਆ । ਆਤਮ ਰਸ ਸਾਚਾ ਭੋਗੇ ਭੋਗ, ਰਸ ਰਸੀਆ ਆਪ ਅਖਵਾਈਆ । ਸ਼ਬਦ ਚੁਗਾਏ ਸਾਚੀ ਚੋਗ, ਮਾਣਕ ਮੋਤੀ ਹੰਸ ਸੁਹਾਈਆ । ਏਕਾ ਦੇਵੇ ਸਾਚਾ ਜੋਗ, ਚਰਨ ਪ੍ਰੀਤੀ ਇਕ ਸਿਖਾਈਆ । ਪ੍ਰਗਟ ਹੋ ਦਰਸ ਦੇਵੇ ਹਰਿ ਅਮੋਘ, ਗੁਰਮੁਖਾਂ ਵੱਜੇ ਵਧਾਈਆ । ਦੂਈ ਦਵੈਤੀ ਹਉਮੇ ਹੰਗਤਾ ਕਟੇ ਰੋਗ, ਮਹੱਲ ਅਟੱਲ ਅਚਲ ਉਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਕਵਲ ਉਪਰ ਧਵਲ, ਜਨ ਭਗਤਾਂ ਮੇਲ ਮਿਲਾਈਆ । ਧਰਤ ਧਵਲ ਸਹਾਰਾ, ਬ੍ਰਹਿਮੰਡਾਂ ਰਾਹ ਤਕਾਈਆ । ਗਗਨ ਮੰਡਲ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਵਹਾਈਆ । ਬ੍ਰਹਮਾ ਚਾਰੇ ਮੁਖ ਕਰੇ ਪੁਕਾਰਾ, ਅੱਠੇ ਪਹਿਰ ਗਾਈਆ । ਸ਼ਿਵ ਸ਼ੰਕਰ ਮੁੰਡੀਆਂ ਪਾਵੇ ਹਾਰਾ, ਸੀਸ ਆਪਣਾ ਭੇਟ ਚੜ੍ਹਾਈਆ । ਕਰੋੜ ਤੇਤੀਸਾ ਕਰੇ ਵਿਚਾਰਾ, ਸੁਰਪਤ ਰਾਜਾ ਇੰਦ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਕਰੇ ਕਾਰਾ, ਕਰਨ ਕਾਰਨ ਆਪ ਹੋ ਜਾਈਆ । ਲੱਖ ਚੁਰਾਸੀ ਜਨਮ ਹਾਰਾ, ਜੂਏ ਜਨਮ ਗਵਾਈਆ । ਗੁਰਮੁਖ ਵਿਰਲੇ ਪਾਵੇ ਸਾਰਾ, ਜਿਸ ਜਨ ਬੂਝ ਬੁਝਾਈਆ । ਚਰਨ ਕਵਲ ਕਵਲ ਚਰਨ ਢਹਿ ਪਏ ਦਵਾਰਾ, ਮੋਖ ਮੁਕਤ ਗੁਰਚਰਨ ਹੇਠਾਂ ਰਹੀ ਸ਼ਰਮਾਈਆ । ਗੁਰਮੁਖ ਤੇਰਾ ਉਚ ਮੁਨਾਰਾ, ਦਿਸ ਕਿਸੇ ਨਾ ਆਈਆ । ਭਰਿਆ ਰਹੇ ਹਰਿ ਭੰਡਾਰਾ, ਪ੍ਰਭ ਸਾਚਾ ਆਪ ਵਰਤਾਈਆ । ਦੀਪਕ ਜੋਤੀ ਜਗੇ ਅਪਾਰਾ, ਨੂਰੋ ਨੂਰ ਸਮਾਈਆ । ਇਕ ਇਕੱਲਾ ਬੈਠਾ ਏਕਾ ਏਕੰਕਾਰਾ, ਗੁਰਮੁਖਾਂ ਰਾਹ ਤਕਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਪਾਵੇ ਸਾਰਾ, ਦਰ ਦਰ ਘਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਸਾਚਾ ਘਰ, ਘਰ ਸਾਚਾ ਇਕ ਸੁਹਾਈਆ । ਚਰਨ ਦਵਾਰ ਹਰਿਜਨ ਵੇਖ, ਆਪਣਾ ਮੂਲ ਚੁਕਾਈਆ । ਨੇਤਰ ਲੋਚਣ ਨੈਣ ਪੇਖ, ਤ੍ਰਿਸ਼ਨਾ ਤ੍ਰਿਪਤ ਕਰਾਇਆ । ਮੇਟਣਹਾਰਾ ਬਿਧਨਾ ਲੇਖ, ਲੇਖਾ ਲੇਖੇ ਲਏ ਲਗਾਇਆ । ਵੇਖ ਵਖਾਏ ਦੇਸ ਪ੍ਰਦੇਸ਼, ਦੂਰ ਨੇੜ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਈਆ ।

ਪਾਰਬ੍ਰਹਮ ਪੁਰਖ ਅਬਿਨਾਸ਼ਾ, ਘਟ ਘਟ ਆਪ ਸਮਾਇਆ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਅਕਾਸ਼ ਅਕਾਸ਼ਾ ਵਿਚ ਸਮਾਇਆ । ਭਗਤ ਸੁਹੇਲਾ ਹੋਏ ਦਾਸਨ ਦਾਸਾ, ਲੋਕਮਾਤ ਫੇਰਾ ਪਾਇਆ । ਨਿਜ ਘਰ ਆਤਮ ਰੱਖੇ ਵਾਸਾ, ਦਰ ਦਰਵਾਜ਼ਾ ਵੇਖ ਵਖਾਇਆ । ਸ਼ਾਹੋ ਭੂਪ ਹਰਿ ਗ਼ਰੀਬ ਨਿਵਾਜ਼ਾ, ਸ਼ਾਹ ਸੁਲਤਾਨਾ ਆਪ ਅਖਵਾਇਆ । ਸ਼ਬਦ ਅਨਾਦੀ ਧੁਨ ਵਜਾਏ ਅਨਹਦ ਵਾਜਾ, ਰਾਗ ਰਾਗਨੀ ਸੇਵਾ ਲਾਇਆ । ਸ਼ਬਦ ਰੱਖੇ ਚਿੱਟਾ ਅਸਵ ਤਾਜਾ, ਸਚ ਸਿੰਘਾਸਣ ਆਸਣ ਲਾਇਆ । ਜਨ ਭਗਤ ਸਵਾਰੇ ਆਪੇ ਕਾਜਾ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਸ਼ਬਦ

੬੨੪
੦੨

ਸ਼ਬਦੀ ਮਾਰੇ ਵਾਜਾ, ਦਿਵਸ ਰੈਣ ਰਿਹਾ ਜਗਾਇਆ । ਕਲਜੁਗ ਜੋਤ ਅੰਤਮ ਪ੍ਰਗਟਾਏ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਇਆ । ਧੁਰਦਰਗਾਹੀ ਆਇਆ ਭਾਜਾ, ਰਾਮ ਰਾਮਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨਾ, ਏਕਾ ਏਕੰਕਾਰਿਆ । ਜੋਤੀ ਨੂਰ ਜਗੇ ਮਹਾਨਾ, ਜੋਤੀ ਜੋਤ ਡਗਮਗਾ ਰਿਹਾ । ਸ਼ਬਦੀ ਸ਼ਬਦ ਇਕ ਤਰਾਨਾ, ਏਕਾ ਨਾਦ ਵਜਾ ਰਿਹਾ । ਲੋਆਂ ਪੁਰੀਆਂ ਵੇਖ ਵਖਾਣਾ, ਬ੍ਰਹਿਮੰਡਾਂ ਖੰਡਾਂ ਆਪ ਸਮਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦੇਵੇ ਦਾਨਾ, ਨਾਮ ਭਿਛਿਆ ਝੋਲੀ ਪਾ ਰਿਹਾ । ਲੱਖ ਚੁਰਾਸੀ ਕਰ ਪਛਾਣਾ, ਗੁਰਮੁਖ ਸੋਏ ਮਾਤ ਉਠਾ ਰਿਹਾ । ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਹੱਥੀਂ ਬੰਨ੍ਹੇ ਗਾਨਾ, ਭਗਤ ਵਛਲ ਨਾਮ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾ ਰਿਹਾ । ਪਾਰਬ੍ਰਹਮ ਹਰਿ ਦਾਤਾਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਖੇਲ ਅਪਰ ਅਪਾਰ, ਵੇਦ ਕਤੇਬ ਭੇਵ ਨਾ ਰਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਸਮਾਇਆ । ਆਵੇ ਜਾਵੇ ਵਿਚ ਸੰਸਾਰ, ਆਪ ਆਪਣਾ ਵੇਸ ਵਟਾਇਆ । ਜਲਾਂ ਥਲਾਂ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਇਆ । ਲੱਖ ਚੁਰਾਸੀ ਮੀਤ ਮੁਰਾਰ, ਘਟ ਘਟ ਬੈਠਾ ਆਸਣ ਲਾਇਆ । ਭਰਮ ਭੁਲਾਏ ਜੀਵ ਗਵਾਰ, ਮਾਇਆ ਮਮਤਾ ਮੋਹ ਰਖਾਇਆ । ਹਉਮੇ ਹੰਗਤਾ ਗੜ੍ਹ ਹੰਕਾਰ, ਤਨ ਅੰਦਰ ਇਕ ਟਿਕਾਇਆ । ਗੁਰਮੁਖ ਸਾਚੇ ਕਰ ਉਜਿਆਰ, ਮਨ ਮਨੂਆ ਬੰਧ ਬੰਧਾਇਆ । ਮਤ ਬੁੱਧ ਕਰ ਪਿਆਰ, ਏਕਾ ਬੂਝ ਬੁਝਾਇਆ । ਸ਼ਬਦ ਧੁਨ ਸੱਚੀ ਧੁਨਕਾਰ, ਅੰਦਰ ਮੰਗਲ ਏਕਾ ਗਾਇਆ । ਗਾਵਤ ਗਾਏ ਮੀਤ ਮੁਰਾਰ, ਪੰਚਮ ਪੰਚਮ ਵੇਖ ਵਖਾਇਆ । ਜੋਤ ਨਿਰੰਜਣ ਸੇਵਾਦਾਰ, ਜੋਤੀ ਨੂਰ ਕਰੇ ਰੁਸ਼ਨਾਇਆ । ਆਪੇ ਖੋਲ੍ਹਣਹਾਰਾ ਬੰਦ ਕਵਾੜ, ਆਪੇ ਕੁੰਡਾ ਲਾਹਿਆ । ਗੁਰਮੁਖ ਸਾਜਣ ਸੰਤ ਸੁਹੇਲੇ ਕਰ ਪਿਆਰ, ਆਪ ਆਪਣਾ ਰਾਹ ਰਖਾਇਆ । ਜੁਗ ਜੁਗ ਜੋਤੀ ਜਗੇ ਅਪਾਰ, ਦਸਮ ਦਵਾਰੀ ਡੇਰਾ ਲਾਇਆ । ਅਲੱਖ ਅਗੋਚਰ ਭੇਵ ਨਿਆਰ, ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸੇਜਾ ਇਕ ਸੁਹਾਇਆ । ਆਤਮ ਸੇਜਾ ਸਚ ਸਿੰਘਾਸਣ, ਹਰਿ ਸਾਚੀ ਜੋਤੀ ਜੋਤ ਜਗਾਈਆ । ਬੈਠਾ ਇਕ ਪੁਰਖ ਅਬਿਨਾਸ਼ਣ, ਪਾਰਬ੍ਰਹਮ ਵੱਡੀ ਵਡਿਆਈਆ । ਸਾਚੇ ਮੰਡਲ ਪਾਵੇ ਰਾਸਨ, ਗੋਪੀ ਕਾਹਨ ਆਪ ਅਖਵਾਈਆ । ਖੇਲੇ ਖੇਲ ਸ਼ਾਹੋ ਸ਼ਬਾਸ਼ਣ, ਤਖ਼ਤ ਤਾਜ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਭਗਵਨ ਰੂਪ ਆਪ ਹੋ ਜਾਈਆ । ਆਦਿ ਪੁਰਖ ਸ਼ਾਹ ਸੁਲਤਾਨਾ, ਨਰ ਨਰਾਇਣ ਅਖਵਾਇਆ । ਖੇਲੇ ਖੇਲ ਦੋ ਜਹਾਨਾਂ, ਪਤਿਤ ਪਾਵਣ ਨਾਮ ਧਰਾਇਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਡੇਰਾ ਲਾਇਆ । ਲੱਖ ਚੁਰਾਸੀ ਕਰ ਪਰਧਾਨਾ, ਤ੍ਰੈਗੁਣ ਮਾਇਆ ਜੋੜ ਜੁੜਾਇਆ । ਪੰਚਮ ਮੇਲਾ ਖੇਲ ਮਹਾਨਾ, ਪੰਚਮ ਪੰਚਮ ਵੇਖ ਵਖਾਇਆ । ਦਰ ਘਰ ਬੈਠਾ ਹਰਿ ਭਗਵਾਨਾ, ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਜਿਸ ਜਨ ਆਪਣੀ ਬੂਝ ਬੁਝਾਇਆ । ਆਤਮ ਅੰਤਰ ਦੇਵੇ ਨਾਮ ਨਿਧਾਨਾ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਏਕਾ ਰਾਗ ਇਕ ਤਰਾਨਾ, ਏਕਾ ਕਾਨ ਸੁਣਾਇਆ । ਏਕਾ ਘਰ ਇਕ ਟਿਕਾਣਾ, ਏਕਾ ਏਕ ਹਰਿ ਹਰਿ ਨਜ਼ਰੀ ਆਇਆ । ਏਕਾ ਸ਼ਬਦ ਇਕ ਬਿਬਾਨਾ, ਏਕਾ ਰਿਹਾ ਚੜ੍ਹਾਇਆ । ਭੇਵ ਨਾ ਪਾਏ ਕੋਈ ਰਾਜਾ ਰਾਣਾ, ਰਾਜ

ਰਾਜਾਨਾਂ ਦਿਸ ਨਾ ਆਇਆ । ਮੇਲ ਮਿਲਾਏ ਗ਼ਰੀਬ ਨਿਮਾਣਾ, ਗ਼ਰੀਬ ਨਿਵਾਜ਼ਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪ ਆਪਣਾ ਵੇਸ ਵਟਾਇਆ । ਵੇਸ ਵਟਾਏ ਹਰਿ ਨਿਰੰਕਾਰ, ਅਕਲ ਕਲਾ ਅਖਵਾਇਆ । ਜੁਗ ਜੁਗ ਲੋਕਮਾਤ ਲੈ ਅਵਤਾਰ, ਆਪ ਆਪਣੀ ਰਚਨ ਰਚਾਈਆ । ਨਿਰਗੁਣ ਸਰਗੁਣ ਕਰ ਉਜਿਆਰ, ਧਰਤ ਮਾਤ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰ, ਅਗੰਮ ਅਥਾਹ ਬੇਪਰਵਾਹ ਖੇਲੇ ਖੇਲ ਹਰ ਘਟ ਥਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਸਗਲਾ ਸੰਗ ਨਿਭਾਈਆ । ਸਗਲ ਸੰਗ ਸਗਲ ਹਰਿ ਸਾਥਾ, ਆਪਣੀ ਕਲ ਵਰਤਾਈਆ । ਆਪੇ ਪੂਤ ਸਪੂਤਾ ਰਾਮਾ ਦਸਰਾਥਾ, ਲੰਕਾ ਗੜ੍ਹ ਆਪ ਤੁੜਾਈਆ । ਆਪੇ ਹੋਏ ਮੁਕੰਦ ਮਨੋਹਰ ਲਖ਼ਮੀ ਨਰਾਇਣ ਰਥ ਰਥਵਾਹੀ ਆਪ ਅਖਵਾਈਆ । ਆਪੇ ਨਾਨਕ ਗੋਬਿੰਦ ਗਾਏ ਗਾਥਾ, ਗੁਰ ਗੁਰ ਵੱਡੀ ਵਡਿਆਈਆ । ਆਪੇ ਪੂਜਾ ਆਪੇ ਪਾਠਾ, ਆਪੇ ਮੰਤਰ ਨਾਮ ਦ੍ਰਿੜਾਈਆ । ਆਪੇ ਸਰ ਸਰੋਵਰ ਮਾਰੇ ਠਾਠਾ, ਜਲ ਧਾਰਾ ਆਪ ਵਹਾਈਆ । ਆਪੇ ਖੇਲੇ ਖੇਲ ਬਾਜ਼ੀਗਰ ਨਾਟਾ, ਨਟੂਆ ਸਾਂਗ ਵਰਤਾਈਆ । ਆਪੇ ਜੋਤ ਜਵਾਲਾ ਅਗਨੀ ਲਟ ਲਾਟਾ, ਆਦਿ ਸ਼ਕਤ ਆਪ ਅਖਵਾਈਆ । ਆਪੇ ਜੁਗ ਜੁਗ ਪੂਰਾ ਕਰਣਹਾਰਾ ਘਾਟਾ, ਜੀਵਾਂ ਜੰਤਾਂ ਵੇਖ ਵਖਾਈਆ । ਵੇਖ ਵਖਾਣੇ ਤੀਰਥ ਤਾਟਾ, ਤੱਟ ਕਿਨਾਰਾ ਵੇਖ ਵਖਾਈਆ । ਚੌਦਾਂ ਲੋਕਾਂ ਖੋਲ੍ਹੇ ਹਾਟਾ, ਲੁਕਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਏਕਾ ਏਕ ਅਖਵੰਤਿਆ । ਆਦਿ ਅੰਤ ਲੈ ਅਵਤਾਰਾ, ਖੇਲੇ ਖੇਲ ਸੂਰਾ ਸਰਬੰਗਿਆ । ਚਲੇ ਚਲਾਏ ਆਪਣੀ ਧਾਰਾ, ਆਪੇ ਸ਼ਾਹ ਕੰਗਾਲ ਆਪੇ ਭੁੱਖਾ ਨੰਗਿਆ । ਆਪੇ ਰਾਜ ਜੋਗ ਸ਼ਾਹ ਸੁਲਤਾਨ ਸਚ ਸਿਕਦਾਰਾ, ਆਪਣਾ ਦਰ ਆਪੇ ਮੰਗਿਆ । ਆਪੇ ਲੋਆਂ ਪੁਰੀਆਂ ਆਪੇ ਖੰਡ ਮੰਡਲ ਬ੍ਰਹਿਮੰਡ ਜੇਰਜ ਅੰਡ ਉਤਭੁਜ ਸੇਤਜ ਦੇ ਸਹਾਰਾ, ਆਪੇ ਵੇਖ ਵਿਖੰਤਿਆ । ਆਪੇ ਜਾਣੇ ਆਪਣਾ ਆਰ ਪਾਰ ਕਿਨਾਰਾ, ਡੂੰਘਾ ਸਾਗਰ ਖੋਜ ਖੁਜੰਤਿਆ । ਜੋਤੀ ਨੂਰ ਕਰ ਉਜਿਆਰਾ, ਖੇਲੇ ਖੇਲ ਸ੍ਰੀ ਭਗਵੰਤਿਆ । ਭਗਤਨ ਮੀਤਾ ਵਿਚ ਸੰਸਾਰਾ, ਦੇਵੇ ਨਾਮ ਸਚ ਸੁਗੰਤਿਆ । ਕਲਜੁਗ ਤੇਰੀ ਅੰਤਮ ਵਾਰਾ, ਸ੍ਰਿਸ਼ਟ ਸਬਾਈ ਵੇਖ ਵਖੰਤਿਆ । ਚਾਰ ਵਰਨ ਲਗਾਇਣ ਆਪਣਾ ਨਾਅਰਾ, ਏਕਾ ਸ਼ਬਦ ਨਾ ਕੋਈ ਰਖੰਤਿਆ । ਪਾਰਬ੍ਰਹਮ ਪ੍ਰਭ ਲੈ ਅਵਤਾਰਾ, ਲੱਖ ਚੁਰਾਸੀ ਬੂਝ ਬੁਝੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਖੁਲ੍ਹਾਏ ਸਾਚੇ ਸੰਤਿਆ । ਸਾਚਾ ਸੰਤ ਹਰਿ ਰੰਗ ਰਾਤਾ, ਦਿਵਸ ਰੈਣ ਪ੍ਰਭਾਤ । ਹੋਏ ਸਹਾਈ ਪਿਤਾ ਮਾਤਾ, ਮੇਟ ਮਿਟਾਏ ਜਾਤ ਪਾਤ । ਸ਼ਬਦ ਦੇਵੇ ਸਾਚੀ ਦਾਤਾ, ਬੈਠਾ ਰਹੇ ਇਕ ਇਕਾਂਤ । ਚਾਰ ਵਰਨ ਬੰਧਾਏ ਏਕਾ ਨਾਤਾ, ਅੰਮ੍ਰਿਤ ਆਤਮ ਪਿਆਏ ਬੂੰਦ ਸਵਾਂਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਵਾਟ । ਕਲਜੁਗ ਅੰਤਮ ਅੰਧੇਰੀ ਰੈਣ, ਜਗਤ ਅੰਧੇਰਾ ਛਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਨਾ ਕੋਈ ਲੇਖ ਲਿਖਾਇਆ । ਗੁਰਮੁਖ ਆਤਮ ਪਾਏ ਵੈਣ, ਨੇਤਰ ਰੋ ਰੋ ਨੀਰ ਵਹਾਇਆ । ਨਾਤਾ ਤੁਟਾ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ, ਸਤਿਗੁਰ ਪੂਰਾ ਦਿਸ ਨਾ ਆਇਆ । ਮੰਦਰ ਮਸਜਿਦ ਗੁਰੂਦੁਆਰੇ ਸਾਰੇ ਬਹਿਣ, ਗੁਰ ਕਾ ਸ਼ਬਦ ਨਾ ਕਿਸੇ ਕਮਾਇਆ । ਖਾਣੀ ਬਾਣੀ ਵੇਖੇ ਨੈਣ, ਨੈਣ ਨੈਣਾਂ ਇਕ ਦਰਸਾਇਆ । ਕਲਜੁਗ ਮਾਇਆ ਮਮਤਾ

ਲੋਭ ਮੋਹ ਹੰਕਾਰ ਕਿਸੇ ਲੈਣ ਨਾ ਦੇਵੇ ਚੈਨ, ਚਾਰੋਂ ਕੁੰਟ ਫਿਰੇ ਦੁਹਾਇਆ । ਵਰ ਵੇਖੇ ਲਾੜੀ ਮੌਤ ਡੈਣ, ਉਚੇ ਟਿੱਲੇ ਡੇਰਾ ਲਾਇਆ । ਧਰਮ ਰਾਏ ਚੁਕਾਏ ਲਹਿਣ ਦੇਣ, ਲੇਖਾ ਆਪਣਾ ਵੇਖ ਵਖਾਇਆ । ਚਿਤਰ ਗੁਪਤ ਅੱਗੇ ਹੋ ਸਾਰੇ ਕਹਿਣ, ਨਾ ਕੋਈ ਮੇਟੇ ਮੇਟ ਮਿਟਾਇਆ । ਕਲਜੁਗ ਤੇਰੀ ਅੰਤਮ ਧਾਰ, ਕਲਜੁਗ ਵਰਤੀ ਵਿਚ ਸੰਸਾਰ, ਪੁਰਖ ਅਬਿਨਾਸ਼ੀ ਆਇਆ ਲੈਣ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜਾਮਾ ਹਰਿ ਭਗਵਾਨਾ, ਜੋਤੀ ਜੋਤ ਜਗਾਈਆ । ਸ਼ਬਦ ਖੰਡਾ ਸ਼ਬਦ ਤੀਰ ਕਮਾਨਾ, ਸ਼ਬਦ ਗੁਰ ਰਿਹਾ ਉਠਾਈਆ । ਸ਼ਬਦ ਜੋਧਾ ਸ਼ਬਦ ਸੂਰਬੀਰ ਬਲਵਾਨਾ, ਸ਼ਬਦ ਸ਼ਬਦੀ ਨਾਉਂ ਉਪਾਈਆ । ਸ਼ਬਦੀ ਆਏ ਵਿਚ ਮੈਦਾਨਾ, ਸ਼ਬਦ ਸ਼ਬਦ ਕਰੇ ਕੁੜਮਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਹੋਈ ਨਿਧਾਨਾ, ਕਲਜੁਗ ਕੂੜਾ ਰਿਹਾ ਸਵਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਭੁੱਲੇ ਪੀਣਾ ਖਾਣਾ, ਮਦਿਰਾ ਜਾਮ ਇਕ ਪਿਆਈਆ । ਅੰਦਰ ਮੰਦਰ ਨਾ ਸੁਣਿਆ ਗਾਣਾ, ਰਾਗ ਤਾਲ ਰਹੇ ਵਜਾਈਆ । ਪਾਇਆ ਪਦ ਨਾ ਇਕ ਨਿਰਬਾਣਾ, ਭਰਮੇ ਭੁੱਲੀ ਸਰਬ ਲੋਕਾਈਆ । ਜਗਤ ਭੇਖ ਨਾ ਪਾਰ ਕਰਾਨਾ, ਬਿਨ ਗੁਰ ਪੂਰੇ ਨਾ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਏਕਾ ਡੰਕਾ ਹਰਿ ਨਿਰੰਕਾਰ, ਆਪਣਾ ਆਪ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸੋਇਆ ਕੋਈ ਰਹਿਣ ਨਾ ਪਾਇੰਦਾ । ਸੱਤਾਂ ਦੀਪਾਂ ਨੌਆਂ ਖੰਡਾਂ ਬੰਨ੍ਹੇ ਧਾਰ, ਏਕਾ ਨਾਅਰਾ ਲਾਇੰਦਾ । ਵਰਨਾਂ ਬਰਨਾਂ ਰਿਹਾ ਵੇਖ ਵਿਚਾਰ, ਚਾਰ ਯਾਰੀ ਫੋਲ ਫੁਲਾਇੰਦਾ । ਸੰਗ ਮੁਹੰਮਦ ਚੁੱਕਣਾ ਪਏ ਭਾਰ, ਵੇਲਾ ਅੰਤਮ ਆਇੰਦਾ । ਅੱਲਾ ਰਾਣੀ ਕਰੇ ਵਿਚਾਰ, ਨੇਤਰ ਰੋ ਰੋ ਨੀਰ ਵਹਾਇੰਦਾ । ਪ੍ਰਗਟ ਹੋਇਆ ਬੇਐਬ ਪਰਵਰਦਿਗਾਰ, ਹੱਕ ਹਕੀਕਤ ਵੇਖ ਵਖਾਇੰਦਾ । ਖ਼ਲਕ ਖ਼ੁਦਾਈ ਸਾਂਝਾ ਯਾਰ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਐਨਲਹੱਕ ਨਾ ਕਰੇ ਕੋਈ ਪੁਕਾਰ, ਮੁਕਾਮੇ ਹੱਕ ਨਾ ਕੋਈ ਵਖਾਇੰਦਾ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਕਾਇਆ ਕੁਰਾ ਨਾ ਕੋਈ ਪਾਰ ਕਰਾਇੰਦਾ ।

### * ੧੯ ਭਾਦਰੋਂ ੨੦੧੫ ਬਿਕ੍ਰਮੀ ਸਾਧੂ ਸਿੰਘ ਦੇ ਘਰ ਪਿੰਡ ਰੋਡੇ ਜ਼ਿਲਾ ਫ਼ਿਰੋਜ਼ਪੁਰ *

ਹਰਿ ਦਾਤਾ ਮਿਹਰਵਾਨ, ਆਦਿ ਜੁਗਾਦਿ ਸਮਾਇਆ । ਜੋਤੀ ਨੂਰ ਹਰਿ ਭਗਵਾਨ, ਏਕਾ ਏਕ ਅਖਵਾਇਆ । ਪਾਰਬ੍ਰਹਮ ਪੁਰਖ ਸੁਲਤਾਨ, ਸਤਿਗੁਰ ਨਾਮ ਧਰਾਇਆ । ਆਦਿ ਨਿਰੰਜਣ ਇਕ ਨਿਸ਼ਾਨ, ਏਕਾ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਾਇਆ । ਜੋਤੀ ਨੂਰ ਹਰਿ ਕਰ ਕਰਤਾਰ, ਕਰਤਾ ਪੁਰਖ ਨਾਉਂ ਧਰਾਈਆ । ਅਲੱਖ ਅਗੋਚਰ ਅਗੰਮ ਅਪਾਰ, ਅਗੰਮੜੇ ਧਾਮ ਸੁਹਾਈਆ । ਮਹੱਲ ਅਟੱਲ ਉਚ ਮਿਨਾਰ, ਨਿਹਚਲ ਧਾਮ ਸੁਹਾਈਆ । ਕਰੇ ਖੇਲ ਖੇਲਣਹਾਰ, ਖੇਲ ਖਲੰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਹਰਿ ਰੂਪ ਸਮਾਈਆ । ਹਰਿ ਰੂਪ ਹਰਿ ਰਤੜਾ, ਹਰਿ ਹਰਿ ਪੁਰਖ ਸੁਜਾਨ । ਵਸੇ ਏਕਾ ਧਾਮ ਅਨਡੀਠੜਾ, ਨਾ ਲੇਖਾ ਲਿਖੇ ਕੋਈ ਜਹਾਨ । ਦਾਤਾ ਦਾਨੀ ਹਰਿ ਬਸੀਠੜਾ, ਪਰਮ ਪੁਰਖ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਦਿ ਅੰਤ ਏਕਾ ਕਾਹਨ । ਆਦਿ ਪੁਰਖ ਹਰਿ ਅਬਿਨਾਸ਼ਾ, ਪਰਮ ਪੁਰਖ ਸੁਲਤਾਨਿਆ । ਜੋਤੀ ਨੂਰ ਖੇਲ ਤਮਾਸ਼ਾ, ਨੂਰੋ ਨੂਰ ਕਰੇ ਮਹਾਨਿਆ । ਆਪਣਾ ਵੇਖੇ ਆਪ ਤਮਾਸ਼ਾ, ਆਪਣਾ ਮੰਡਲ ਆਪ ਸੁਹਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਪਾਏ ਜਗਾਏ ਇਕ ਭਗਵਾਨਿਆਂ । ਜੋਤੀ ਨੂਰ ਕਰੇ ਉਜਾਲਾ, ਹਰਿ ਨੂਰ ਕਰੇ ਰੁਸ਼ਨਾਈਆ । ਦੀਨਾਂ ਬੰਧਪ ਦੀਨ ਦਿਆਲਾ, ਦਇਆਨਿਧ ਅਖਵਾਈਆ । ਥਿਰ ਘਰ ਵੇਖ ਸੱਚੀ ਧਰਮਸਾਲਾ, ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਹਰਿ ਗੋਬਿੰਦ, ਆਪਣੀ ਆਪ ਉਪਾਇੰਦਾ । ਆਪ ਆਪਣੀ ਮੇਟੇ ਚਿੰਦ, ਆਪ ਆਪਣਾ ਦੁੱਖ ਗਵਾਇੰਦਾ । ਆਪ ਆਪਣਾ ਬਣੇ ਬਖ਼ਸ਼ਿੰਦ, ਆਪ ਆਪਣੀ ਭਿਛਿਆ ਝੋਲੀ ਪਾਇੰਦਾ । ਆਪ ਆਪਣੀ ਉਪਜਾਏ ਬਿੰਦ, ਜੋਤੀ ਜੋਤ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ ਧਰਾਇੰਦਾ । ਆਦਿ ਪੁਰਖ ਹਰਿ ਪੁਰਖ ਅਕਾਲਾ, ਨਿਰਗੁਣ ਰੂਪ ਸਮਾਈਆ । ਆਪੇ ਚਲੇ ਆਪਣੀ ਚਾਲਾ, ਚਾਲ ਅਵਲੜੀ ਇਕ ਰਖਾਈਆ । ਆਪਣੇ ਫਲ ਲਾਏ ਡਾਲਾ, ਫਲ ਫੁਲਵਾੜੀ ਆਪ ਸੁਹਾਈਆ । ਆਪਣੇ ਦਰ ਸੁਹਾਏ ਤਾਲਾ, ਅੰਮ੍ਰਿਤ ਤਾਲ ਭਰਾਈਆ । ਆਪਣੇ ਦਰ ਵਖਾਏ ਜੋਤ ਜਵਾਲਾ, ਆਦਿ ਸ਼ਕਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਰੂਪ ਹਰਿ ਕਰਤਾਰ, ਏਕਾ ਏਕ ਅਖਵਾਇਆ । ਇਕ ਇਕੱਲਾ ਏਕੰਕਾਰ, ਏਕਾ ਨਾਮ ਧਰਾਇਆ । ਏਕਾ ਵਸੇ ਧਾਮ ਨਿਆਰ, ਧਾਮ ਅਵੱਲੜਾ ਆਪ ਸੁਹਾਇਆ । ਨਾ ਕੋਈ ਦੂਸਰ ਦਿਸੇ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਰਖਾਇਆ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਜਣਾਇਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕਰੇ ਕੋਈ ਪਿਆਰ, ਕਰੋੜ ਤੇਤੀਸਾ ਨਾ ਵੇਸ ਵਟਾਇਆ । ਬ੍ਰਹਿਮੰਡ ਖੰਡ ਨਾ ਕੋਈ ਅਧਾਰ, ਉਤਭੁਜ ਸੇਤਜ ਨਾ ਬਣਤ ਬਣਾਇਆ । ਰਵ ਸਸ ਨਾ ਕੋਈ ਉਜਿਆਰ, ਮੰਡਲ ਮੰਡਪ ਨਾ ਕੋਈ ਸਹਾਇਆ । ਲੱਖ ਚੁਰਾਸੀ ਨਾ ਪਸਰ ਪਸਾਰ, ਤ੍ਰੈਗੁਣ ਮਾਇਆ ਨਾ ਕੋਈ ਉਪਾਇਆ । ਪੰਜ ਤਤ ਨਾ ਕੋਈ ਅਧਾਰ, ਨਾ ਕੋਈ ਪੰਜੀ ਮੇਲ ਮਿਲਾਇਆ । ਅਪ ਵਾਏ ਤੇਜ ਪ੍ਰਿਥਮੀ ਅਕਾਸ਼ ਨਾ ਕੋਈ ਕਰੇ ਖ਼ਬਰਦਾਰ, ਮਨ ਮਤ ਬੁੱਧ ਨਾ ਕੋਇ ਟਿਕਾਇਆ । ਨੌਂ ਦਵਾਰ ਨਾ ਪਾਰ ਕਿਨਾਰ, ਦਸਵਾਂ ਗੁਪਤ ਨਾ ਕੋਈ ਰਖਾਇਆ । ਨਾ ਕੋਈ ਰਸਨਾ ਜਿਹਵਾ ਗਾਏ ਰਾਗ ਮਲਾਰ, ਬੱਤੀ ਦੰਦ ਨਾ ਕੋਈ ਹਿਲਾਇਆ । ਨਾ ਕੋਈ ਸਰ ਸਰੋਵਰ ਤੀਰਥ ਤਟ ਕਿਨਾਰ, ਨਾ ਕੋਈ ਨੁਹੌਣੀ ਨੁਹਾਵਣ ਜਾਇਆ । ਚੌਦਾਂ ਲੋਕ ਚੌਦਾਂ ਤਬਕ ਨਾ ਹੱਟ ਬਜ਼ਾਰ, ਨਾ ਕੋਈ ਵੇਸੀ ਵੇਸ ਵਟਾਇਆ । ਖਾਣੀ ਬਾਣੀ ਨਾ ਕੋਈ ਰਿਹਾ ਉਚਾਰ, ਵੇਦ ਪੁਰਾਨ ਨਾ ਕੋਈ ਲਿਖਾਇਆ । ਸ਼ਾਸਤਰ ਸਿਮਰਤ ਨਾ ਬੰਨ੍ਹੇ ਧਾਰ, ਅੰਜੀਲ ਕੁਰਾਨ ਨਾ ਕੋਈ ਗਾਇਆ । ਮੰਦਰ ਮਸਜਿਦ ਨਾ ਕੋਈ ਗੁਰੂਦੁਆਰ, ਸ਼ਿਵਦੁਆਲਾ ਮੱਠ ਨਾ ਕੋਈ ਰਖਾਇਆ । ਥਿਰ ਘਰ ਬੈਠ ਸੱਚੀ ਸਰਕਾਰ, ਆਪ ਆਪਣਾ ਕਰਮ ਕਮਾਇਆ । ਇਕ ਇਕੱਲਾ ਏਕੰਕਾਰ, ਏਕਾ ਰਿਹਾ ਰਾਹ ਵਖਾਇਆ । ਜੋਤੀ ਜੋਤ ਕਰ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਇਆ । ਧਰਿਆ ਨਾਉਂ ਨਰ ਨਿਰੰਕਾਰ, ਨਿਰਗੁਣ ਵੇਸ ਵਟਾਇਆ । ਜੋਤੀ ਸੇਜਾ ਕਰ ਪਿਆਰ, ਆਪੇ ਰਿਹਾ ਹੰਢਾਇਆ । ਸ਼ਬਦ ਸੁਤ ਜਨ ਦੁਲਾਰ, ਆਪਣਾ ਵੇਸ ਵਟਾਇਆ । ਆਪ ਸੁਣਾਏ ਕਰੇ ਖ਼ਬਰਦਾਰ, ਏਕਾ ਬੂਝ ਬੁਝਾਇਆ । ਪਿਤਾ ਪੂਤ ਇਕ ਪਿਆਰ, ਪਾਰਬ੍ਰਹਮ ਸਮਝਾਇਆ । ਅਕਾਲ


੬੨੮
੦੭


Rev-01

੬੨੯
੦੭

ਪੁਰਖ ਤੇਰੀ ਬੰਨ੍ਹੇ ਧਾਰ, ਅਕਾਲ ਮੂਰਤ ਨਜ਼ਰੀ ਆਇਆ । ਨਾਦ ਤੂਰਤ ਵਿਚ ਅਪਰ ਅਪਾਰ, ਹਰਿ ਸਾਚਾ ਰਿਹਾ ਵਜਾਇਆ । ਆਪੇ ਨੇੜੇ ਦੂਰਤ ਦਰ ਘਰ ਸਚ ਦਰਬਾਰ, ਦਰ ਦਰਵਾਜ਼ਾ ਇਕ ਵਖਾਇਆ । ਆਸਾ ਮਨਸਾ ਪੂਰਤ ਹਰਿ ਨਿਰੰਕਾਰ, ਸਿਰ ਆਪਣਾ ਹੱਥ ਟਿਕਾਇਆ । ਸ਼ਬਦ ਸੁਤ ਉਠ ਬਲਕਾਰ, ਆਪਣਾ ਸੀਸ ਰਿਹਾ ਝੁਕਾਇਆ । ਪਾਰਬ੍ਰਹਮ ਪ੍ਰਭ ਢਹਿ ਪਿਆ ਦਵਾਰ, ਤੇਰਾ ਤੇਰੀ ਸੇਵ ਕਮਾਇਆ । ਕਰਤਾ ਪੁਰਖ ਕਰੇ ਖ਼ਬਰਦਾਰ, ਏਕਾ ਹੁਕਮ ਸੁਣਾਇਆ । ਸਚ ਤਖ਼ਤ ਬੈਠ ਸੁਲਤਾਨ, ਸਤਿ ਸਰੂਪਾ ਵੇਖ ਵਖਾਇਆ । ਨਾਦੀ ਸੁਤ ਦੇਵੇ ਧੁਰ ਫ਼ਰਮਾਣ, ਲੇਖਾ ਲਿਖਤ ਵਿਚ ਨਾ ਆਇਆ । ਰਚਨਾ ਆਪ ਕਰੇ ਹੋ ਮਿਹਰਵਾਨ, ਬ੍ਰਹਿਮੰਡ ਖੰਡ ਰਿਹਾ ਉਪਾਇਆ । ਲੋਕ ਪਰਲੋਕ ਕਰ ਪਰਧਾਨ, ਪਤਿਪਰਮੇਸ਼ਵਰ ਵੇਖ ਵਖਾਇਆ । ਵੇਖੇ ਖੇਲ ਧਰਤ ਧਵਲ ਜਲ ਬਿੰਬ ਜ਼ਿਮੀ ਅਸਮਾਨ, ਅਕਾਸ਼ ਅਕਾਸ਼ ਪ੍ਰਕਾਸ਼ ਰਖਾਇਆ । ਤ੍ਰੈਗੁਣ ਮਾਇਆ ਕਰ ਪਰਵਾਨ, ਤ੍ਰੈ ਤ੍ਰੈ ਵੇਸ ਵਟਾਇਆ । ਆਪ ਆਪਣਾ ਦਰ ਪਛਾਣ, ਦਰ ਸਾਚੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਸ਼ਬਦ ਸੁਤ ਇਕ ਉਪਜਾਇਆ । ਸ਼ਬਦ ਸੁਤ ਵਡ ਬਲਕਾਰਾ, ਏਕਾ ਏਕ ਅਖਵਾਇੰਦਾ । ਆਪਣਾ ਕਰੇ ਆਪ ਵਿਹਾਰਾ, ਆਪ ਆਪਣੀ ਰਚਨ ਰਚਾਇੰਦਾ । ਕਵਲ ਕਵਲਾ ਦੇਵੇ ਧਾਰਾ, ਅੰਮ੍ਰਿਤ ਮੁਖ ਚੁਆਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਬ੍ਰਹਮੇ ਝੋਲੀ ਪਾਇੰਦਾ । ਲੱਖ ਚੁਰਾਸੀ ਕਰ ਉਜਿਆਰਾ, ਆਪ ਆਪਣਾ ਵਿਚ ਟਿਕਾਇੰਦਾ । ਖੇਲੇ ਖੇਲ ਵਿਚ ਸੰਸਾਰਾ, ਹਰ ਘਟ ਆਸਣ ਲਾਇੰਦਾ । ਆਪੇ ਜਾਣੇ ਆਪਣੀ ਕਾਰਾ, ਆਪ ਆਪਣਾ ਧਰਮ ਧਰਾਇੰਦਾ । ਸ਼ਬਦ ਸੁਤ ਬਣ ਲਿਖਾਰਾ, ਬ੍ਰਹਮ ਏ ਸਮਝਾਇੰਦਾ । ਵੇਦ ਵੇਦਾ ਕਰ ਉਜਿਆਰਾ, ਚਾਰੇ ਜੁਗ ਵੰਡਾਇੰਦਾ । ਸਤਿਜੁਗ ਤੇਰਾ ਸੋਹੇ ਦਵਾਰਾ, ਹਰਿ ਨਿਰੰਕਾਰਾ ਵਾਰ ਅਠਾਰਾਂ ਮੇਲ ਮਿਲਾਇੰਦਾ । ਤ੍ਰੇਤਾ ਤੇਰਾ ਰੂਪ ਅਪਾਰਾ, ਦੋਏ ਧਾਰਾ ਆਪ ਰਖਾਇੰਦਾ । ਜਨ ਭਗਤਾਂ ਕਰੇ ਪਾਰ ਕਿਨਾਰਾ, ਹੰਕਾਰੀ ਗੜ੍ਹ ਤੁੜਾਇੰਦਾ । ਦੁਆਪਰ ਤੇਰੀ ਬੰਨੇ ਧਾਰਾ, ਪੁਰਾਨ ਅਠਾਰਾਂ ਵੇਖ ਵਖਾਇੰਦਾ । ਵੇਦ ਵਿਆਸਾ ਮੀਤ ਮੁਰਾਰਾ, ਏਕਾ ਗੁਣ ਸੁਣਾਇੰਦਾ । ਕਾਹਨਾ ਕ੍ਰਿਸ਼ਨਾ ਖੇਲ ਨਿਆਰਾ, ਨਾਮ ਬੰਸਰੀ ਇਕ ਵਜਾਇੰਦਾ । ਦੂਤਾਂ ਦੁਸ਼ਟਾਂ ਕਰ ਸੰਘਾਰਾ, ਬੰਸ ਸਰਬੰਸਾ ਆਪ ਆਪਣਾ ਮੇਟ ਮਿਟਾਇੰਦਾ । ਕਲਜੁਗ ਵੇਖੇ ਤੇਰੀ ਧਾਰਾ, ਤੇਰੇ ਰੰਗ ਸਮਾਇੰਦਾ । ਈਸਾ ਮੂਸਾ ਕਰ ਪਿਆਰਾ, ਏਕਾ ਬੂਝ ਬੁਝਾਇੰਦਾ । ਵੇਖ ਵਖਾਵੇ ਮੁਹੰਮਦੀ ਯਾਰਾ, ਚਾਰ ਯਾਰੀ ਸੰਗ ਰਖਾਇੰਦਾ । ਆਪੇ ਲਾਏ ਆਪਣਾ ਨਾਅਰਾ, ਹੱਕ ਬਹੱਕ ਆਪ ਜਣਾਇੰਦਾ । ਆਪੇ ਪਾਵਣਹਾਰਾ ਸਾਰਾ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਬੰਧਾਇੰਦਾ । ਕਲਜੁਗ ਤੇਰੀ ਕਾਲੀ ਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਨਕ ਗੁਰ ਹਰਿ ਕਰ ਪਿਆਰ, ਪੰਜ ਤਤ ਕਰੇ ਕੁੜਮਾਈਆ । ਸ਼ਬਦ ਖੰਡਾ ਤੇਜ ਕਟਾਰ, ਨਾਮ ਸਤਿ ਹੱਥ ਫੜਾਈਆ । ਹਉਮੇ ਹੰਗਤਾ ਕਰ ਖਵਾਰ, ਦੂਈ ਦਵੈਤੀ ਮੇਟ ਮਿਟਾਈਆ । ਰੰਗਨ ਰੰਗ ਚਾੜ੍ਹੇ ਜਗਤ ਅਪਾਰ, ਰੰਗਣਹਾਰਾ ਆਪ ਅਖਵਾਈਆ । ਚਾਰੋਂ ਕੁੰਟ ਦਹਿ ਦਿਸ਼ਾ ਕਰੇ ਵਿਚਾਰ, ਦਰ ਦਰ ਫੇਰੀ ਪਾਈਆ । ਏਕਾ ਜੋਤੀ ਨੂਰ ਦਸ ਕਰ ਉਜਿਆਰ, ਗੋਬਿੰਦ ਧਾਰ ਇਕ ਬੰਧਾਈਆ । ਸ਼ਸਤਰ ਬਸਤਰ ਕਰ ਤਿਆਰ, ਤਨ ਗਾਤਰਾ ਇਕ ਸਜਾਈਆ । ਏਕਾ ਰੱਖੇ ਖੰਡੇ ਧਾਰ, ਤਿਖੀ ਸਿਖੀ ਬਣਤ ਬਣਾਈਆ । ਲੇਖਾ ਲਿਖੇ ਅਪਰ ਅਪਾਰ, ਅੰਤਮ ਸਰਸੇ ਗਿਆ ਰੁੜਾਈਆ । ਦੇਵੇ ਸੁਨੇਹੜਾ ਸਾਚੇ ਯਾਰ, ਸੱਥਰ ਹੇਠ ਵਿਛਾਈਆ । ਅਕਾਲ ਪੁਰਖ ਪ੍ਰਭ ਸੁਣ

ਪੁਕਾਰ, ਵੇਖੇ ਰਾਹ ਵਾਹੋ ਦਾਹੀਆ । ਤੇਰਾ ਮੇਰਾ ਇਕ ਪਿਆਰ, ਪੂਤ ਸਪੂਤਾ ਏਕਾ ਜਾਈਆ । ਤੇਰਾ ਸੋਹੇ ਬੰਕ ਦਵਾਰ, ਦਰ ਦਵਾਰਾ ਵੇਖ ਵਖਾਈਆ । ਭਰਿਆ ਰਹੇ ਜਗਤ ਭੰਡਾਰ, ਨਾ ਖ਼ਾਲੀ ਕੋਈ ਕਰਾਈਆ । ਪਹਿਰੇਦਾਰ ਆਪ ਕਰਤਾਰ, ਤੇਰੀ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਸਾਚਾ ਵੇਖ ਵਿਖਾਈਆ । ਸਾਚਾ ਘਰ ਧੁਰ ਦਰਬਾਰਾ, ਹਰਿ ਏਕਾ ਏਕ ਵਿਖਾਨਿਆਂ । ਆਦਿ ਪੁਰਖ ਆਦਿ ਨਿਰੰਜਣ ਜਗੇ ਜੋਤ ਅਗੰਮ ਅਪਾਰਾ, ਜੋਤੀ ਨੂਰੋ ਨੂਰ ਮਹਾਨਿਆਂ । ਸ਼ਬਦ ਸੁਤ ਵਡ ਸਿਕਦਾਰਾ, ਖੇਲੇ ਖੇਲ ਵਿਚ ਜਹਾਨਿਆਂ । ਆਦਿ ਜੁਗਾਦਿ ਜੁਗ ਜੁਗ ਆਵੇ ਵਾਰੋ ਵਾਰ, ਲੋਕਮਾਤ ਹੋ ਪਰਧਾਨਿਆਂ । ਗੁਰ ਗੋਬਿੰਦ ਲਿਖਿਆ ਲੇਖ ਅਪਾਰਾ, ਲੇਖਾ ਲਿਖਤ ਨਾ ਕੋਈ ਮਿਟਾਨਿਆਂ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸ਼ਬਦ ਖੰਡਾ ਇਕ ਚਮਕਾਨਿਆਂ । ਲੋਆਂ ਪੁਰੀਆਂ ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਸ੍ਰਿਸ਼ਟ ਸਬਾਈ ਪੁਣ ਛਾਣ ਕਰਾਨਿਆਂ । ਲੱਖ ਚੁਰਾਸੀ ਵੇਖੇ ਪਰਖੇ ਜੀਵ ਜੰਤ ਗਵਾਰਾ, ਅੰਦਰ ਮੰਦਰ ਫੋਲ ਫੁਲਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਸ਼ਬਦ ਸੁਣਾਏ ਸਚ ਤਰਾਨਿਆਂ । ਸ਼ਬਦ ਗਾਣਾ ਸਾਚਾ ਰਾਗ, ਹਰਿ ਸਾਚਾ ਆਪ ਗਾਈਆ । ਹਰਿਜਨ ਸੋਏ ਜਾਇਣ ਜਾਗ, ਮਨਮਤ ਗੂੜ੍ਹੀ ਨੀਂਦ ਸਵਾਈਆ । ਜਨ ਭਗਤਾਂ ਬੁਝਾਏ ਤ੍ਰਿਸ਼ਨਾ ਆਗ, ਮਨਮੁਖਾਂ ਰਹੀ ਸਤਾਈਆ । ਗੁਰਸਿਖ ਬਣਾਏ ਫੜ ਫੜ ਹੰਸ ਕਾਗ, ਗੁਰ ਪੂਰੇ ਹੱਥ ਵਡਿਆਈਆ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਗਵਾਈਆ । ਸ਼ਬਦ ਕਵਾੜਾ ਖੋਲ੍ਹੇ ਤਾਕ, ਆਪਣੀ ਬੂਝ ਬੁਝਾਈਆ । ਭਗਤ ਸੁਹੇਲਾ ਵੇਖੇ ਮਾਰੇ ਝਾਕ, ਏਕਾ ਦੂਜਾ ਪਰਦਾ ਲਾਹੀਆ । ਤੀਜੇ ਨੈਣ ਮਿਲੇ ਪਾਕੀ ਪਾਕ, ਚੌਥੇ ਪਦ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਤੇਰਾ ਖੇਲ, ਹਰਿ ਸਾਚੇ ਸਚ ਖਿਲਾਇਆ । ਆਦਿ ਜੁਗਾਦੀ ਕਰਿਆ ਮੇਲ, ਜਗਤ ਵਿਛੋੜਾ ਆਪ ਕਟਾਇਆ । ਆਪੇ ਹੋਏ ਸੱਜਣ ਸੁਹੇਲ, ਆਪੇ ਬੈਠਾ ਮੁਖ ਭਵਾਇਆ । ਆਪੇ ਵਸਿਆ ਰੰਗ ਨਵੇਲ, ਹਰ ਘਟ ਆਪੇ ਡੇਰਾ ਲਾਇਆ । ਆਪੇ ਗੁਰੂ ਗੁਰ ਚੇਲ, ਗੁਰ ਚੇਲਾ ਨਾਮ ਧਰਾਇਆ । ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲ, ਫੰਦਨ ਫੰਦ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਡੰਕ ਵਜਾਇਆ । ਸ਼ਬਦ ਡੰਕ ਹਰਿ ਨਿਰੰਕਾਰ, ਜੁਗ ਜੁਗ ਆਪ ਵਜਾਇੰਦਾ । ਕਲਜੁਗ ਅੰਤਮ ਹੋ ਤਿਆਰ, ਜੋਤੀ ਜਾਮਾ ਭੇਖ ਵਟਾਇੰਦਾ । ਨਿਰਗੁਣ ਰੂਪ ਖੇਲ ਅਪਾਰ, ਨਿਰਗੁਣ ਧਾਰਾ ਇਕ ਚਲਾਇੰਦਾ । ਨਿਰਗੁਣ ਖੰਡਾ ਤੇਜ਼ ਕਟਾਰ, ਨਿਰਗੁਣ ਆਪਣੇ ਹੱਥ ਉਠਾਇੰਦਾ । ਨਿਰਗੁਣ ਬ੍ਰਹਿਮੰਡਾਂ ਪਾਵਣਹਾਰਾ ਸਾਰ, ਜੇਰਜ ਅੰਡਾਂ ਵੇਖ ਵਖਾਇੰਦਾ । ਨਿਰਗੁਣ ਭੇਖ ਪਖੰਡਾ ਦਏ ਨਿਵਾਰ, ਏਕਾ ਖੰਡਾ ਆਪ ਉਠਾਇੰਦਾ । ਨਿਰਗੁਣ ਉਚਾ ਡੰਡਾ ਲਾਏ ਅਪਰ ਅਪਾਰ, ਸੋ ਪੁਰਖ ਨਿਰੰਜਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸ਼ਬਦ ਉਪਜਾਇੰਦਾ । ਸ਼ਬਦ ਗੁਰ ਜਗਤ ਅਵਤਾਰਾ, ਹਰਿ ਹਰਿ ਆਪ ਕਰਾਇਆ । ਹਰਿ ਹਰਿ ਬਣਿਆ ਮੀਤ ਮੁਰਾਰਾ, ਏਕਾ ਧਾਮ ਸੁਹਾਇਆ । ਦੋਹਾਂ ਮੇਲਾ ਵਿਚ ਸੰਸਾਰਾ, ਭੇਵ ਕੋਈ ਨਾ ਰਾਇਆ । ਵੇਦ ਕਤੇਬ ਨਾ ਕਿਸੇ ਵਿਚਾਰਾ, ਨਾ ਕੋਈ ਲੇਖਾ ਲੇਖ ਲਿਖਾਇਆ । ਰਸਨਾ ਜਿਹਵ ਕਿਸੇ ਨਾ ਗਾਇਆ, ਨਾ ਪਾਇਆ ਧੁਰ ਦਰਬਾਰਾ । ਕਲਜੁਗ ਮਾਇਆ ਪਾਇਆ ਛਾਇਆ, ਭੁੱਲਿਆ

੬੩੦ ੦੨

ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖਣਹਾਰ ਪਸਾਰਾ । ਜੋਤੀ ਨੂਰੀ ਹਰਿ ਦਾਤਾਰ, ਆਪਣੀ ਆਪ ਜਗਾਈਆ । ਕਲਜੁਗ ਕੂੜਾ ਵੇਖ ਸੰਸਾਰ, ਲੋਕਮਾਤ ਕਰੇ ਰੁਸ਼ਨਾਈਆ । ਮਨਮਤ ਹੋਈ ਖਵਾਰ, ਬੁੱਧੀ ਰਹੀ ਸ਼ਰਮਾਈਆ । ਧੀਰਜ ਯਤ ਸਤਿ ਸੰਤੋਖ ਨਾ ਕੋਈ ਅਧਾਰ, ਸਾਂਤਕ ਸਤਿ ਨਾ ਕੋਈ ਕਰਾਈਆ । ਹਉਮੇ ਹੰਗਤਾ ਗੜ੍ਹ ਹੰਕਾਰ, ਜੀਵਾਂ ਜੰਤਾਂ ਵੰਡ ਵੰਡਾਈਆ । ਸਾਧ ਸੰਤ ਹੋਏ ਨਾਰ ਵਿਭਚਾਰ, ਹਰਿ ਹਰਿ ਕੰਤ ਨਾ ਕੋਈ ਹੰਢਾਈਆ । ਖਾਲੀ ਹੋਏ ਨਾਮ ਭੰਡਾਰ, ਨਾਮ ਭੰਡਾਰ ਨਾ ਕੋਈ ਵਰਤਾਈਆ । ਦਰ ਦਰ ਮੰਗਣ ਬਣ ਭਿਖਾਰ, ਸਾਧ ਸੰਤ ਨਾ ਕੋਈ ਵਡਿਆਈਆ । ਮਿਲਿਆ ਮੇਲ ਨਾ ਹਰਿ ਮੀਤ ਮੁਰਾਰ, ਨੇਤਰ ਨੈਣ ਨਾ ਦਰਸ਼ਨ ਪਾਈਆ । ਮਾਨਸ ਜਨਮ ਨਾ ਲਿਆ ਸਵਾਰ, ਲੱਖ ਚੁਰਾਸੀ ਫੰਦ ਨਾ ਤੋੜ ਤੁੜਾਈਆ । ਗੁਰ ਕਾ ਸ਼ਬਦ ਅਪਰ ਅਪਾਰ, ਗੁਰਮੁਖਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਈਆ । ਨਿਹਕਲੰਕ ਡੰਕ ਅਪਾਰ, ਹਰਿ ਹਰਿ ਆਪ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਵਾਸੀ ਪੁਰੀ ਘਨਕਾ ਹੋ ਤਿਆਰ, ਸੰਬਲ ਨਗਰੀ ਡੇਰਾ ਲਾਇਆ । ਜਨਨੀ ਜਨ ਜਨ ਗਾ ਲਏ ਅਧਾਰ, ਭਗਤ ਵਛਲ ਆਪ ਅਖਵਾਇਆ । ਜੋਤੀ ਸ਼ਬਦੀ ਤਿਨਕਾ ਇਕ ਹੁਲਾਰ, ਸ੍ਰਿਸ਼ਟ ਸਬਾਈ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮਰਦੰਗ ਰਿਹਾ ਵਜਾਇਆ । ਸ਼ਬਦ ਮਰਦੰਗਾ ਵਜਾਇਆ ਢੋਲ, ਸਤਿਗੁਰ ਪੂਰਾ ਆਪ ਵਜਾਇੰਦਾ । ਸ੍ਰਿਸ਼ਟ ਸਬਾਈ ਪਰਦੇ ਖੋਲ੍ਹ, ਲੁਕਿਆ ਕੋਈ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਖੇਲੇ ਹੋਲ, ਹੌਲੀ ਹੌਲੀ ਬਣਤ ਬਣਾਇੰਦਾ । ਨਾਮ ਕੰਡੇ ਦੇਵੇ ਤੋਲ, ਤੋਲਣਹਾਰ ਆਪ ਅਖਵਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਸੁੱਤੇ ਅਨਭੋਲ, ਮਾਇਆ ਪਰਦਾ ਏਕਾ ਪਾਇੰਦਾ । ਸੰਮਤ ਸੋਲਾਂ ਰਚਿਆ ਘੋਲ, ਵੇਖਣਹਾਰਾ ਵੇਖ ਵਖਾਇੰਦਾ । ਨਾਮ ਵਸਤ ਜਿਸ ਜਨ ਸਾਚੇ ਕੋਲ, ਅੱਗੇ ਹੋ ਹੋ ਦਰਸ਼ਨ ਪਾਇੰਦਾ । ਮਨ ਮਤ ਮਾਇਆ ਜਗਤ ਕਰੇ ਮਖੌਲ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਨਾਨਕ ਗੋਬਿੰਦ ਕੀਤਾ ਕੌਲ, ਹਰਿ ਜੋਤੀ ਪੂਰ ਕਰਾਇੰਦਾ । ਜਨ ਭਗਤਾਂ ਆਤਮ ਅੰਤਰ ਪਰਦੇ ਦੇਵੇ ਖੋਲ੍ਹ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਅਨਹਦ ਸ਼ਬਦ ਅਨਾਦੀ ਧੁਨ ਵਜਾਏ ਢੋਲ, ਅਨਹਦ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬ੍ਰਹਮ ਬ੍ਰਹਮ ਫੋਲ ਫੁਲਾਇੰਦਾ । ਪਾਰਬ੍ਰਹਮ ਵੇਖ ਬ੍ਰਿਮਾਦ, ਆਪਣਾ ਰੂਪ ਵਟਾਇਆ । ਸ਼ਬਦ ਵਜਾਏ ਸਾਚਾ ਨਾਦ, ਅਨਾਦੀ ਧੁਨ ਰਖਾਇਆ । ਲੇਖ ਲਿਖਾਏ ਬੋਧ ਅਗਾਧ, ਬੋਧ ਅਗਾਧ ਆਪ ਅਖਵਾਇਆ । ਜੀਵਾਂ ਜੰਤਾਂ ਲੱਖ ਚੁਰਾਸੀ ਦੇਵੇ ਦਾਦ, ਕਲਜੁਗ ਅੰਤਮ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਮ ਰਖਾਇਆ । ਨਿਹਕਲੰਕ ਹਰਿ ਅਕਾਲਾ, ਏਕਾ ਏਕ ਅਖਵਾਇਆ । ਦੂਜਾ ਵਸਾਏ ਸਚ ਮਹੱਲਾ, ਤੀਜਾ ਦਰ ਸੁਹਾਇਆ । ਚੌਥੇ ਪਦ ਆਪੇ ਮਲਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਪੰਚਮ ਮੇਟੇ ਦਵੈਤੀ ਸਲਾ, ਸਾਲਸ ਨਾਮ ਰਖਾਇਆ । ਛੇਵੇਂ ਵਸਿਆ ਨਾ ਛੱਪਰ ਛੰਨਾ, ਛੱਪਰ ਛੰਨ ਨਾ ਕੋਈ ਸੁਹਾਇਆ । ਸਤਿ ਪੁਰਖ ਨਿਰੰਜਣ ਸਤਿ ਸਤਿ ਸਤਿ ਕਰ ਆਪ ਆਪਣਾ ਆਪੇ ਮੰਨਾ, ਨਾ ਕੋਈ ਦੂਸਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ

ਨਰਾਇਣ ਨਰ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚੇ ਜਗਾਵਣਹਾਰਾ, ਏਕਾ ਪੁਰਖ ਅਕਾਲਿਆ । ਆਵੇ ਜਾਵੇ ਵਿਚ ਸੰਸਾਰਾ, ਦੀਨਾਂ ਬੰਧਪ ਦੀਨ ਦਿਆਲਿਆ । ਦੇਵੇ ਨਾਮ ਸੱਚਾ ਸਹਾਰਾ, ਸ਼ਬਦ ਸਹਾਰਾ ਦੋ ਜਹਾਨਿਆਂ । ਇਕ ਵਖਾਏ ਪਾਰ ਕਿਨਾਰਾ, ਮੰਝਧਾਰ ਨਾ ਕੋਈ ਰੁੜ੍ਹਾਨਿਆਂ । ਚਾਰ ਵਰਨ ਸੁਹਾਏ ਇਕ ਦਵਾਰਾ, ਊਚਾਂ ਨੀਚਾਂ ਭੇਵ ਮਿਟਾਨਿਆਂ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਭੀਖ ਮੰਗਾਏ, ਘਰ ਘਰ ਫੇਰ ਫਿਰਾਨਿਆਂ । ਗੁਰਮੁਖ ਸੁਹਾਏ ਬੰਕ ਦਵਾਰਾ, ਬੰਕ ਦਵਾਰੀ ਹਰਿ ਭਗਵਾਨਿਆਂ । ਨਾਮ ਖੰਡਾ ਸ਼ਸਤਰ ਬਣ ਕਟਾਰਾ, ਅੰਮ੍ਰਿਤ ਆਤਮ ਇਕ ਪਿਆਨਿਆਂ । ਕਾਇਆ ਕਰੇ ਠੰਡੀ ਠਾਰਾ, ਸੀਤਲ ਸਾਂਤਕ ਧਾਰ ਵਹਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਜਗਤ ਜਹਾਨਿਆਂ । ਜਗਤ ਜਹਾਨਾਂ ਹਰਿ ਭਗਵਾਨਾ, ਆਪ ਆਪਣਾ ਖੇਲ ਖਲਾਇੰਦਾ । ਸ਼ਬਦ ਚਿੱਲਾ ਤੀਰ ਕਮਾਨਾ, ਰਸਨਾ ਆਪ ਚਲਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਬਲ ਧਾਰੀ ਆਪ ਅਖਵਾਇੰਦਾ । ਲੋਆਂ ਪੁਰੀਆਂ ਕਰੇ ਇਕ ਨਿਸ਼ਾਨਾ, ਰਾਹ ਵਿਚ ਨਾ ਕੋਈ ਅਟਕਾਇੰਦਾ । ਸ੍ਰਿਸ਼ਟ ਸਬਾਈ ਵੇਖ ਵਖਾਣਾ, ਵੇਖਣਹਾਰ ਦਿਸ ਨਾ ਆਇੰਦਾ । ਗੁਰਮੁਖਾਂ ਵੇਖੇ ਕਾਇਆ ਮੰਦਰ ਅੰਦਰ ਸਚ ਮਕਾਨਾ, ਘਰ ਘਰ ਵਿਚ ਆਪ ਬਣਾਇੰਦਾ । ਜੋਤੀ ਨੂਰ ਜਗੇ ਮਹਾਨਾ, ਜੋਤ ਨਿਰੰਜਣ ਸੇਵਾ ਲਾਇੰਦਾ । ਪੰਚਮ ਸਖੀਆਂ ਏਕਾ ਗਾਣਾ, ਏਕਾ ਰਾਗ ਅਲਾਇੰਦਾ । ਆਤਮ ਸੇਜਾ ਧਾਮ ਸੁਹਾਨਾ, ਸਚ ਸੁਹੰਜਣੀ ਸੇਜ ਵਿਛਾਇੰਦਾ । ਸ਼ਬਦ ਸਰੂਪੀ ਗੁਰ ਬੰਨੇ ਗਾਨਾ, ਦਿਸ ਕਿਸੇ ਨਾ ਆਇੰਦਾ । ਅੰਮ੍ਰਿਤ ਆਤਮ ਸਰ ਸਰੋਵਰ ਇਕ ਕਰਾਏ ਅਸ਼ਨਾਨਾ, ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਇੰਦਾ । ਕਲਜੁਗ ਤੇਰਾ ਕਾਲਾ ਵੇਸ, ਹਰਿ ਸਾਚਾ ਵੇਖ ਵਖਾਇੰਦਾ । ਚਾਰੋਂ ਕੁੰਟ ਦਰ ਦਰਵੇਸ਼, ਦਰ ਦਰ ਫੇਰੀ ਪਾਇੰਦਾ । ਭਰਮੇ ਭੁੱਲੇ ਨਰ ਨਰੇਸ਼, ਰਾਜ ਰਾਜਾਨ ਨਾ ਕੋਈ ਉਠਾਇੰਦਾ । ਜੋਤੀ ਜੋਤ ਜਗੇ ਦਸ ਦਸਮੇਸ਼, ਦਹਿਸਰ ਰਾਵਣ ਕਲਜੁਗ ਰਾਮਾ ਮੇਟ ਮਿਟਾਇੰਦਾ । ਆਦਿ ਜੁਗਾਦਿ ਜੁਗ ਜੁਗ ਖੇਲੇ ਖੇਲ ਹਮੇਸ਼, ਆਦਿ ਜੁਗਾਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਆਪ ਚਮਕਾਇੰਦਾ । ਜੋਤੀ ਨੂਰ ਹਰਿ ਚਮਤਕਾਰ, ਜੁਗ ਚੌਥੇ ਆਪ ਚਮਕਾਇਆ । ਸ੍ਰਿਸ਼ਟ ਸਬਾਈ ਹੋਏ ਉਜਿਆਰ, ਨਾ ਕੋਈ ਪਰਦਾ ਸਕੇ ਪਾਇਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਬੰਨੇ ਧਾਰ, ਏਕਾ ਧਰਮ ਵਖਾਇਆ । ਏਕਾ ਰੰਗ ਰੰਗੇ ਕਰਤਾਰਾ, ਕਰਤਾ ਕਰਨੀ ਰਿਹਾ ਕਰਾਇਆ । ਏਕਾ ਦਰ ਭਰੇ ਭੰਡਾਰਾ, ਚਾਰ ਵਰਨ ਮੰਗਣ ਆਇਆ । ਅਠਾਰਾਂ ਬਰਨ ਪਾਰ ਕਿਨਾਰਾ, ਨੀਚ ਊਚ ਨਾ ਕੋਈ ਵਖਾਇਆ । ਬ੍ਰਹਮ ਬ੍ਰਹਮ ਕਰ ਪਸਾਰਾ, ਹੱਡ ਮਾਸ ਨਾੜੀ ਚੰਮ ਇੱਟਾਂ ਗਾਰਾ ਲਾਇਆ । ਆਦਿ ਪੁਰਖ ਅਬਿਨਾਸ਼ੀ ਕਰਤਾ ਨਾ ਮਰੇ ਨਾ ਪਏ ਜੰਮ, ਜੁਗ ਜੁਗ ਵੇਸ ਵਟਾਇਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਨਾ ਕੋਈ ਆਲਸ ਨਿੰਦਰਾ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੋਏ ਧਾਰ ਵੇਖ ਵਖਾਇਆ । ਦੋਏ ਧਾਰ ਹਰਿ ਨਿਰੰਕਾਰ, ਆਪਣੇ ਹੱਥ ਰਖਾਈਆ । ਕਲਜੁਗ ਕੂੜਾ ਮੇਟ ਪਸਾਰ, ਕੂੜੀ ਕਿਰਿਆ ਦਏ ਗਵਾਈਆ । ਸਤਿਜੁਗ ਸਾਚੇ ਕਰ ਪਿਆਰ, ਸੋਇਆ ਸੁਤ ਲਏ ਉਠਾਈਆ । ਦੋਹਾਂ ਮੇਲਾ ਵਿਚ ਸੰਸਾਰ, ਅੰਤਮ ਦਏ ਕਰਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸਤਿਜੁਗ ਸਾਚਾ ਹੋ ਉਜਿਆਰ,

ਧਰਤ ਮਾਤ ਗੋਦ ਸੁਹਾਈਆ । ਦੋਹਾਂ ਵਿਚੋਲਾ ਮੀਤ ਮੁਰਾਰ, ਹਰਿ ਸ਼ਬਦ ਆਪ ਅਖਵਾਈਆ । ਕਲਜੁਗ ਕੂੜਾ ਨੇਤਰ ਖੋਲ੍ਹ, ਚਾਰੋਂ ਕੁੰਟਾਂ ਵੇਖ ਵਖਾਈਆ । ਸਤਿਜੁਗ ਸਾਚਾ ਬੋਲੇ ਬੋਲ, ਇਕ ਜੈਕਾਰਾ ਲਾਈਆ । ਗੁਰ ਕਾ ਸ਼ਬਦ ਤੋਲਣਹਾਰਾ ਤੋਲ, ਵਿਚ ਵਿਚੋਲਾ ਇਕ ਰਖਾਈਆ । ਕਲਜੁਗ ਕੂੜਾ ਕੂੜ ਪਸਾਰਾ, ਚਾਰੋਂ ਕੁੰਟ ਵੇਖ ਵਿਚਾਰਿਆ । ਸਤਿਜੁਗ ਸਾਚਾ ਹੋ ਤਿਆਰਾ, ਅੰਦਰੋਂ ਨਿਕਲਿਆ ਬਾਹਰਿਆ । ਹਰਿ ਕਾ ਸ਼ਬਦ ਤੇਜ ਕਟਾਰਾ, ਦੇ ਮਤ ਆਪ ਸਮਝਾ ਰਿਹਾ । ਕਲਜੁਗ ਤੇਰੀ ਅੰਤਮ ਰੈਣ, ਲੋਕਮਾਤ ਜਗ ਆਈਆ । ਸਤਿਜੁਗ ਉਠਿਆ ਸਾਚਾ ਸੈਣ, ਸੱਜਣ ਮੀਤ ਸਹਿਜ ਸੁੱਖ ਦਾਈਆ । ਗੁਰ ਕਾ ਸ਼ਬਦ ਗੁਰ ਗੁਰ ਰਸਨੀ ਕਹਿਣ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਕਲਜੁਗ ਤੇਰਾ ਕੂੜ ਪਸਾਰਾ, ਅੰਤਮ ਰੂਪ ਵਟਾਇਆ । ਸਤਿਜੁਗ ਸਾਚਾ ਹੋ ਉਜਿਆਰਾ, ਲੋਕਮਾਤ ਕਰੇ ਰੁਸ਼ਨਾਇਆ । ਗੁਰ ਕਾ ਸ਼ਬਦ ਕਰੇ ਪਿਆਰਾ, ਗੁਰ ਗੁਰ ਵੇਸ ਵਟਾਇਆ । ਕਲਜੁਗ ਤੇਰਾ ਕੂੜਾ ਨਾਤਾ, ਹਰਿ ਸਾਚੇ ਤੋੜ ਤੁੜਾਵਣਾ । ਸਤਿਜੁਗ ਤੇਰੀ ਉਤਮ ਜ਼ਾਤਾ, ਲੋਕਮਾਤ ਆਪ ਧਰਾਵਨਾਂ । ਦੋਹਾਂ ਵਿਚੋਲਾ ਪੁਰਖ ਬਿਧਾਤਾ, ਵੇਲਾ ਅੰਤ ਸੁਹਾਵਣਾ । ਕਲਜੁਗ ਪੈਂਡਾ ਜਾਏ ਮੁੱਕ, ਹਰਿ ਸਾਚਾ ਆਪ ਮੁਕਾਈਆ । ਚਾਰੋਂ ਕੁੰਟ ਮੁਖ ਪੈਣੇ ਥੁੱਕ, ਸਗਲਾ ਸੰਗ ਨਾ ਕੋਈ ਰਖਾਈਆ । ਸੁਫਲ ਨਾ ਹੋਈ ਧਰਤ ਮਾਤ ਕੁੱਖ, ਕੂੜਾ ਨਾਤਾ ਜੋੜ ਜੁੜਾਈਆ । ਜਗਤ ਤ੍ਰਿਸ਼ਨਾ ਨਾ ਉਤਰੀ ਭੁੱਖ, ਜੂਠ ਝੂਠ ਨਾ ਮਾਤ ਤਜਾਈਆ । ਅੰਤਮ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰ ਘਰ ਘਰ ਵੇਖ ਵਖਾਈਆ । ਸਤਿਜੁਗ ਸਾਚਾ ਬਾਲ ਨਿਧਾਨਾ, ਏਕਾ ਲੈ ਅੰਗੜਾਈਆ । ਹਰਿ ਕਾ ਸ਼ਬਦ ਕਰ ਪਰਵਾਨਾ, ਨੇਤਰ ਰਿਹਾ ਖੁਲ੍ਹਾਈਆ । ਜਨ ਭਗਤਾਂ ਬੰਨੇ ਹੱਥੀਂ ਗਾਨਾ, ਲੋਕਮਾਤ ਸਗਨ ਮਨਾਈਆ । ਆਤਮ ਦੇਵੇ ਜੀਆ ਦਾਨਾ, ਆਤਮ ਬ੍ਰਹਮ ਜਣਾਈਆ । ਦਰ ਦਵਾਰ ਵਖਾਏ ਇਕ ਮਹਾਨਾ, ਏਕਾ ਘਰ ਸੁਹਾਈਆ । ਏਕਾ ਜੋਤ ਸ੍ਰੀ ਭਗਵਾਨਾ, ਪੁਰਖ ਅਕਾਲ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਸਤਿਜੁਗ ਵੇਖੇ ਸਾਚਾ ਦਰ, ਦਰ ਦਰਬਾਰਾ ਆਪ ਸੁਹਾਈਆ । ਦਰ ਦਰਬਾਰਾ ਹਰਿ ਹਰਿ ਲਾ, ਆਪਣਾ ਤਖ਼ਤ ਸੁਹਾਈਆ । ਕਲਜੁਗ ਕੂੜਾ ਲਿਆ ਬੁਲਾ, ਏਕਾ ਹੁਕਮ ਜਣਾਇਆ । ਝੂਠਾ ਜਗਤ ਝੂਠਾ ਮਲਾਹ, ਝੂਠਾ ਬੇੜਾ ਰਿਹਾ ਚਲਾਇਆ । ਝੂਠਾ ਧੰਧਾ ਝੂਠਾ ਰਾਹ, ਝੂਠਾ ਮਾਰਗ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਏ ਸਜਾਇਆ । ਬੈਠ ਤਖ਼ਤ ਹਰਿ ਸੁਲਤਾਨ, ਆਪਣੀ ਬੂਝ ਬੁਝਾਈਆ । ਸਤਿਜੁਗ ਸਾਚੇ ਦੇਵੇ ਦਾਨ, ਏਕਾ ਵਸਤ ਝੋਲੀ ਪਾਈਆ । ਚਾਰ ਵਰਨ ਇਕ ਗਿਆਨ, ਹਿੰਦੂ ਮੁਸਲਿਮ ਸਿਖ ਈਸਾਈ ਨਾ ਕੋਈ ਜਣਾਈਆ । ਏਕਾ ਮੰਦਰ ਇਕ ਮਕਾਨ, ਇਸ਼ਟ ਗੁਰਦੇਵ ਇਕ ਮਨਾਈਆ । ਏਕਾ ਪੀਣ ਏਕਾ ਖਾਣ, ਏਕਾ ਬਸਤਰ ਤਨ ਪਹਿਨਾਈਆ । ਏਕਾ ਰਾਗ ਏਕਾ ਨਾਦ ਸਾਰੇ ਗਾਣ, ਗਾਵਤ ਗਾਵਤ ਮੁਖ ਸੁਹਾਈਆ । ਚੌਦਾਂ ਹੱਟ ਵਖਾਏ ਦੁਕਾਨ, ਚੌਦਾਂ ਤਬਕ ਇਕ ਦਰ ਬਣਾਈਆ । ਵੇਖ ਵਖਾਣੇ ਲੋਆਂ ਪੁਰੀਆਂ ਜ਼ਿਮੀ ਅਸਮਾਨ, ਖੰਡਾਂ ਬ੍ਰਹਿਮੰਡਾਂ ਇਕ ਵਡਿਆਈਆ । ਏਕਾ ਗੋਪੀ ਏਕਾ ਕਾਹਨ, ਏਕਾ ਸੀਤਾ ਰਾਮ ਜਣਾਈਆ । ਏਕਾ ਅੱਲਾ ਰਾਣੀ ਕਰ ਪਰਨਾਮ, ਪਰਵਰਦਿਗਾਰ ਇਕ ਖ਼ੁਦਾਈਆ । ਏਕਾ ਬ੍ਰਹਮ ਕਰ ਪਛਾਣ, ਬ੍ਰਹਮ ਵਿਦਿਆ ਦਏ ਪੜ੍ਹਾਈਆ । ਸਤਿਜੁਗ ਸਾਚੇ ਹੋ ਮਿਹਰਵਾਨ, ਹਰਿ ਸਾਚੀ ਭਿਛਿਆ ਝੋਲੀ ਪਾਈਆ । ਉਠ ਬਾਲਕ ਬਾਲ ਨਿਧਾਨ, ਬਾਲੀ ਬੁੱਧ ਵਡਿਆਈਆ ।

੬੩੩
੦੭

ਧਰਤ ਧਵਲ ਮੰਗੇ ਇਕ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਈਆ । ਸਤ ਰੰਗ ਰੰਗੇ ਮਹਾਨ, ਸਤਿ ਸਤਿਵਾਦੀ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਬੂਝ ਬੁਝਾਈਆ । ਕਲਜੁਗ ਨੇਤਰ ਨੀਰ ਵਹਾ, ਰੋ ਰੋ ਦਰ ਪੁਕਾਰਿਆ । ਕੋਈ ਨਾ ਪਕੜੇ ਮੇਰੀ ਬਾਂਹ, ਨਾ ਕੋਈ ਦਿਸੇ ਮੀਤ ਮੁਰਾਰਿਆ । ਨਾ ਕੋਈ ਦੇਵੇ ਠੰਡੀ ਛਾਂ, ਨਾ ਕੋਈ ਸਗਲਾ ਸੰਗ ਨਿਭਾ ਰਿਹਾ । ਜੀਵ ਜੰਤ ਬੁੱਧੀ ਹੋਈ ਕਾਂ, ਕਾਗ ਕਾਗ ਵਾਂਗ ਕੁਰਲਾ ਰਿਹਾ । ਕਿਸੇ ਹੱਥ ਨਾ ਆਏ ਸਾਚਾ ਨਾ, ਨਾਮ ਭੰਡਾਰਾ ਨਾ ਕੋਈ ਰਖਾ ਰਿਹਾ । ਮੁਖ ਲਗਾਈ ਬੈਠੇ ਸੂਰ ਗਾਂ, ਅੰਤਮ ਕੋਈ ਨਾ ਲੜ ਫੜਾ ਰਿਹਾ । ਨਾਤਾ ਤੁੱਟਾ ਪੁੱਤਰਾਂ ਮਾਂ, ਭੈਣ ਭਾਈ ਨਾ ਕੋਈ ਮਿਲਾ ਰਿਹਾ । ਦਰਗਹਿ ਸਾਚੀ ਨਾ ਮਿਲੇ ਸੱਚਾ ਥਾਂ, ਰਾਏ ਧਰਮ ਰਾਹ ਅਟਕਾ ਰਿਹਾ । ਚਿਤਰ ਗੁਪਤ ਕਰੇ ਸਚ ਨਿਆਂ, ਲਿਖਿਆ ਲੇਖ ਖੋਲ੍ਹ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਾਚਾ ਵੇਖ ਵਖਾ ਰਿਹਾ । ਸਤਿਜੁਗ ਸਾਚੇ ਤੇਰੀ ਸਾਚੀ ਰੀਤ, ਹਰਿ ਸਾਚੇ ਮਾਤ ਚਲਾਈਆ । ਨਾ ਕੋਈ ਮੰਦਰ ਨਾ ਮਸੀਤ, ਦੇਹੁਰਾ ਮੱਠ ਨਾ ਕੋਈ ਵਖਾਈਆ । ਨਾ ਕੋਈ ਹਸਤ ਨਾ ਕੋਈ ਕੀਟ, ਵਰਨ ਬਰਨ ਨਾ ਵੰਡ ਵੰਡਾਈਆ । ਦੇਵੇ ਧਾਮ ਅਵੱਲਾ ਇਕ ਅਨਡੀਠ, ਧਾਮ ਅਨਡੀਠੜਾ ਡੇਰਾ ਲਾਈਆ । ਸੰਤ ਸਹੇਲੇ ਰੱਖਣੇ ਚੀਤ, ਚਿਤ ਵਿਤ ਠਗੌਰੀ ਨਾ ਪਾਈਆ । ਸੋਹੰ ਸ਼ਬਦ ਸੁਣੌਣਾ ਸੁਹਾਗੀ ਗੀਤ, ਸਤਿਜੁਗ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਆਪ ਚਲਾਏ ਆਪਣੀ ਰੀਤ, ਸ਼ਬਦ ਗੁਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਸ੍ਰਿਸ਼ਟ ਸਬਾਈਆ ।



## * ੨੦ ਭਾਦਰੋਂ ੨੦੧੫ ਬਿਕ੍ਰਮੀ ਨਾਜ਼ਰ ਸਿੰਘ ਦੇ ਘਰ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ *

ਹਰਿ ਰੂਪ ਅਪਾਰ, ਹਰਿ ਹਰਿ ਸਮਾਇਆ । ਹਰਿ ਭੂਪ ਸਿਕਦਾਰ, ਸ਼ਾਹੋ ਭੂਪ ਅਖਵਾਇਆ । ਰੰਗ ਰੂਪ ਅਪਰ ਅਪਾਰ, ਰੰਗ ਰੰਗਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰਸ ਦਿਖਾਇਆ । ਪਾਰਬ੍ਰਹਮ ਹਰਿ ਦਾਤਾਰ, ਹਰਿ ਸਾਜਣ ਸ਼ਾਹੋ ਸ਼ਾਬਾਸਾ । ਨਿਰਮਲ ਦੀਆ ਕਰ ਉਜਿਆਰ, ਘਰ ਆਪਣੇ ਕਰੇ ਵਾਸਾ । ਸ਼ਬਦ ਸ਼ਬਦੀ ਬੰਨ੍ਹੇ ਧਾਰ, ਸ਼ਬਦ ਸ਼ਬਦੀ ਖੇਲ ਤਮਾਸ਼ਾ । ਸ਼ਬਦ ਸ਼ਬਦੀ ਕਰ ਸ਼ਿੰਗਾਰ, ਸ਼ਬਦੀ ਸ਼ਬਦ ਪਾਵੇ ਰਾਸਾ । ਸ਼ਬਦ ਖੜਗ ਖੰਡਾ ਕਟਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਏ ਆਧਾਰ । ਆਪਣਾ ਮੀਤ ਹਰਿ ਭਗਵਾਨਾ, ਪਾਰਬ੍ਰਹਮ ਬੇਅੰਤਾ । ਸ਼ਬਦ ਗੁਰ ਵਡ ਬਲਵਾਨਾ, ਏਕਾ ਏਕ ਸੰਗ ਰਖੰਤਾ । ਆਪ ਉਠਾਏ ਸਚ ਨਿਸ਼ਾਨਾ, ਸਾਚੇ ਧਾਮ ਆਪ ਸੁਹੰਤਾ । ਲੇਖ ਲਿਖਾਏ ਆਪ ਮਹਾਨਾ, ਨਾ ਕੋਈ ਵੇਖ ਵਖੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਧਾਮ ਸੁਹੰਤਾ, ਧਾਮ ਸੁਹੰਤਾ ਧੁਰ ਦਰਬਾਰਾ, ਹਰਿ ਹਰਿ ਥਾਨ ਸੁਹਾਇਆ । ਘਰ ਮੰਦਰ ਬੈਠ ਹਰਿ ਨਿਰੰਕਾਰਾ, ਆਪ ਆਪਣਾ ਖੇਲ ਖਿਲਾਇਆ । ਸ਼ਬਦੀ ਡੰਕ ਅਪਰ ਅਪਾਰ, ਸ਼ਬਦ ਸ਼ਬਦੀ ਰਿਹਾ ਵਜਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਘਟ ਘਟ ਅੰਦਰ ਵੇਖ ਵਖਾਇਆ । ਕਾਇਆ ਚੜ੍ਹ ਉਚ ਮੁਨਾਰ, ਦਰ ਸਾਚਾ ਵੇਖ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ

ਖੰਡਾ ਇਕ ਚਮਕਾਇਆ । ਸ਼ਬਦ ਖੰਡਾ ਖੜਗ ਖਗ, ਪੁਰਖ ਅਕਾਲ ਰਖਾਇੰਦਾ । ਉਪਰ ਟਿਕਾਏ ਸ਼ਾਹ ਰਗ, ਆਰ ਪਾਰ ਆਪ ਕਰਾਇੰਦਾ । ਵੇਖ ਵਖਾਏ ਸ੍ਰਿਸ਼ਟ ਜਗ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧੀਰ ਧਰਾਇੰਦਾ । ਖੜਗ ਖੰਡਾ ਤੇਜ਼ ਕਟਾਰੀ, ਸ਼ਬਦੀ ਧਾਰ ਚਲਾਈਆ । ਗੁਰ ਗੋਬਿੰਦ ਬਣ ਠਠਿਆਰੀ, ਸਾਚੀ ਬਣਤ ਬਣਾਈਆ । ਖੇਲੇ ਖੇਲ ਵਡ ਬਲਕਾਰੀ, ਜੋਧਾ ਸੂਰਾ ਨਾਉਂ ਧਰਾਈਆ । ਕਲਜੁਗ ਅੰਤਮ ਖੇਲ ਨਿਆਰੀ, ਆਪ ਆਪਣਾ ਥਾਨ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਈਆ । ਹਰਿ ਸੱਜਣ ਸਾਈਂ ਮੈਂਡੜਾ, ਨਢੜੀ ਸ਼ਾਹੋ ਨਾਲ । ਲਹਿਣਾ ਦੇਣਾ ਚੁਕਾਏ ਤੈਂਦੜਾ, ਗੁਰ ਸ਼ਬਦੀ ਸੁਰਤ ਸੰਭਾਲ । ਲੋਕਮਾਤ ਚੁੱਕੇ ਪੈਂਡੜਾ, ਲੋਆਂ ਪੁਰੀਆਂ ਕਰੇ ਖਾਲ । ਇਕ ਜੈਕਾਰਾ ਅਲੱਖ ਅਲਖ ਆਪੇ ਕਹਿੰਦੜਾ, ਏਕਾ ਜਲਵਾ ਨੂਰ ਜਲਾਲ । ਧਾਮ ਅਵੱਲੇ ਆਪੇ ਰਹਿੰਦੜਾ, ਨਾ ਕੋਈ ਵੇਖੇ ਜੀਵ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਚਲੇ ਚਾਲ । ਸਖੀ ਮੈਂਡੀ ਸਖੀਆ, ਸਾਜਣ ਪੂਰੀ ਆਸ । ਆਸ ਏਕਾ ਰਖੀਆ, ਮਿਲੇ ਮੇਲ ਸਰਬ ਗੁਣਤਾਸ । ਕਾਇਆ ਚੋਲੀ ਲਾਈ ਪੱਖੀਆ, ਛੱਪਰ ਛੰਨ ਨਿਵਾਸ । ਅੰਦਰ ਬਹਿ ਬਹਿ ਆਪੇ ਹੱਸੀਆ, ਆਪੇ ਕਰੇ ਹਾਸ ਬਿਲਾਸ । ਆਪਣੇ ਆਪ ਆਪੇ ਆਵੇ ਨੱਸੀਆ, ਵੇਖ ਵਖਾਏ ਪ੍ਰਿਥਮੀ ਅਕਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦ ਕਰੇ ਬੰਦ ਖਲਾਸ । ਸਖੀ ਮੈਂਡੜਾ ਰੰਗੀਲਾ ਕੰਤ, ਨੱਢੜਾ ਰੂਪ ਅਪਾਰ । ਦਿਸ ਨਾ ਆਵੇ ਜੀਵ ਜੰਤ, ਜਗਤ ਖੇਲ ਕਰਤਾਰ । ਲੱਭ ਲੱਭ ਥੱਕੇ ਸਾਧ ਸੰਤ, ਮਿਲਿਆ ਮੇਲ ਨਾ ਮੀਤ ਮੁਰਾਰ । ਕਲਜੁਗ ਮਾਇਆ ਪਾਏ ਬੇਅੰਤ, ਚਾਰੋਂ ਕੁੰਟ ਅੰਧ ਅੰਧਿਆਰ । ਬੂਝ ਬੁਝਾਏ ਪੂਰਨ ਸੰਤ, ਨਿਰਮਲ ਜੋਤ ਕਰ ਉਜਿਆਰ । ਸੁਣਾਏ ਇਕ ਸੁਹਾਗੀ ਛੰਤ, ਹਰਿ ਸ਼ਬਦੀ ਰਸਨ ਉਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਵੇਖੇ ਦਰ ਦਵਾਰ । ਹਰਿ ਸੱਜਣ ਅਨਡੀਠੜਾ, ਰੰਗ ਰੰਗੀਲਾ ਰਾਮ । ਆਪੇ ਸੁੱਤਾ ਦੇ ਕਰ ਪਿੱਠੜਾ, ਛੈਲ ਛਬੀਲਾ ਨੌਂ ਜਵਾਨ । ਸਾਚਾ ਧਾਮ ਇਕ ਸੁਹੰਦੜਾ, ਨਾ ਦਿਸੇ ਕੋਈ ਨਿਸ਼ਾਨ । ਗੁਰਮੁਖ ਸਾਚੇ ਵੇਖ ਵਖੰਦੜਾ, ਸ਼ਬਦੀ ਦੇਵੇ ਧੁਰ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਮਾਰ ਧਿਆਨ । ਸਾਈਂ ਮੇਰਾ ਸਾਖਯਾਤ, ਸਖੀ ਸੁਹੇਲੀ ਸੰਗ । ਵੇਖ ਵਖਾਏ ਕਾਇਨਾਤ, ਘਰ ਘਰ ਵਜਾਏ ਮਰਦੰਗ । ਸਚ ਸਵਾਣੀ ਵੇਖੇ ਮਾਰ ਝਾਤ, ਕਵਣ ਰੰਗੀਲੇ ਬੈਠਾ ਇਕ ਪਲੰਘ । ਕਵਣ ਮੁਖ ਗਾਏ ਵਾਕ, ਕਵਣ ਮੰਗ ਰਹੀ ਮੰਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸਾਚਾ ਸਾਕ । ਨਾਰੀ ਕੰਤ ਪਛਾਨਣਾ, ਮੁਖੜਾ ਘੁੰਗਟ ਖੋਲ੍ਹ । ਘਰ ਮੰਦਰ ਹੋਏ ਚਾਨਣਾ, ਸ਼ਾਹੋ ਸੱਜਣ ਸੱਚਾ ਪਏ ਬੋਲ । ਨਾਮ ਫੜਾਏ ਏਕਾ ਦਾਮਨਾ, ਤਨ ਕਾਇਆ ਜਾਏ ਮੌਲ । ਧੁਰਦਰਗਾਹੀ ਹੋਏ ਜਾਮਨਾ, ਪੂਰ ਕਰਾਏ ਆਪਣਾ ਕੌਲ । ਪੂਰੀ ਕਰੇ ਤ੍ਰਿਸ਼ਨਾ ਕਾਮਨਾ, ਚਰਨ ਪ੍ਰੀਤੀ ਜਨ ਜਨ ਘੋਲ । ਮੇਲ ਮਿਲਾਵਾ ਰਾਮ ਰਾਮਨਾ, ਰਾਮ ਰਾਮਾ ਵਸੇ ਕੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦ ਕੰਡੇ ਰਿਹਾ ਤੋਲ । ਹਰਿ ਸੱਜਣ ਵੇਖ ਵਖਾਨਿਆਂ, ਪਰਮ ਪੁਰਖ ਕਰਤਾਰ । ਛੈਲ ਛਬੀਲਾ ਨੌਂਜਵਾਨਿਆਂ, ਬਿਰਧ ਬਾਲ ਨਾ ਕੋਈ ਅਕਾਰ । ਏਕਾ ਜੋਬਨ ਰੰਗ ਮਸਤਾਨਿਆਂ, ਏਕਾ ਨੈਣਾਂ ਕਜਲ ਧਾਰ । ਬਸਤਰ ਭੂਸ਼ਨ ਇਕ ਵਿਖਾਨਿਆਂ, ਘੜੇ ਘੜਾਏ ਨਾ ਕੋਈ ਸੁਨਿਆਰ । ਪਲੰਘ ਰੰਗੀਲਾ ਇਕ ਪਰਵਾਨਿਆਂ, ਰੂਪ

੬੩੫ ੦੨

ਰੰਗ ਅਪਰ ਅਪਾਰ । ਦੀਪਕ ਜੋਤੀ ਸਚ ਮਕਾਨਿਆਂ, ਜਗੇ ਅਗੰਮ ਅਪਾਰ । ਆਪਣਾ ਘਰ ਆਪੇ ਕਰੇ ਪਰਵਾਨਿਆਂ, ਗੁਰ ਸ਼ਬਦੀ ਵਡ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰ । ਸਖੀ ਸੁਹੰਜਣੀ ਨਿਰੰਜਣੀ ਜੋਤ, ਆਪਣਾ ਵੇਸ ਵਟਾਈਆ । ਆਪਣਾ ਵੇਖ ਕਿਲਾ ਕੋਟ, ਬੈਠੇ ਘਰ ਸੁਹਾਈਆ । ਸ਼ਬਦ ਰੰਗੀਲੇ ਲਾਏ ਚੋਟ, ਕਰੇ ਆਪ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਖੀ ਸਾਚਾ ਮੰਗਲ, ਘਰ ਸਾਚੇ ਆਪ ਗਾਈਆ । ਦਰ ਸੱਚਾ ਸ਼ਾਹ ਸੁਲਤਾਨ, ਹਰਿ ਹਰਿ ਅਖਵਾਇਆ । ਹੱਥੀਂ ਗਾਨਾ ਨਾਮ ਨਿਸ਼ਾਨ, ਸੋਹਣਾ ਸਗਨ ਮਨਾਇਆ । ਅਸਵ ਘੋੜੇ ਚੜ੍ਹਿਆ ਹੋ ਮਿਹਰਵਾਨ, ਚਰਨ ਰਕਾਬੇ ਲਏ ਟਿਕਾਇਆ । ਨਾਮ ਪਲਾਣਾ ਸਿਫ਼ਤ ਮਹਾਨ, ਸੋਲਾਂ ਕਲੀਆਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਸਾਚੀ ਸਖੀ ਕਰ ਸ਼ਿੰਗਾਰ, ਆਪਣਾ ਆਪ ਸਵਾਰਿਆ । ਆਪਣੇ ਘਰ ਹੋ ਤਿਆਰ, ਸਖੀਆਂ ਮੇਲ ਮਿਲਾ ਰਿਹਾ । ਸਖੀਆਂ ਮੇਲਾ ਅਪਰ ਅਪਾਰ, ਏਕਾ ਰਾਗ ਅਲਾ ਰਿਹਾ । ਏਕਾ ਤੰਦ ਬਣ ਕਰ ਵਿਹਾਰ, ਏਕਾ ਘਰ ਸੁਹਾ ਲਿਆ । ਗਾਇਆ ਛੰਦ ਹਰਿ ਨਿਰੰਕਾਰ, ਏਕਾ ਮੰਗਲ ਆਪ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸੱਜਣ ਵੇਖ ਵਿਖਾ ਲਿਆ । ਪੁਰਖ ਸੁਲਤਾਨ ਸਾਚਾ ਕੰਤ, ਕੰਤਾ ਰੂਪ ਵਟਾਇਆ । ਆਪਣੀ ਚੋਲੀ ਰੰਗੇ ਬਸੰਤ, ਏਕਾ ਰੰਗ ਰੰਗਾਇਆ ਮਿਲੇ ਮੇਲ ਖੇਲੇ ਖੇਲ ਆਦਿ ਅੰਤ ਜੁਗ ਜੁਗ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸੱਜਣ ਸੱਚਾ ਆਇਆ । ਸਖੀ ਸਹੇਲੀ ਮੰਗਲਾਚਾਰ, ਸ਼ਬਦੀ ਗਾਵਣ ਗਾਇਆ । ਦਰ ਦਵਾਰੇ ਆਏ ਕੰਤ ਭਤਾਰ, ਨੇਤਰ ਨੈਣ ਰਹੇ ਸ਼ਰਮਾਇਆ । ਉਠ ਉਠ ਵੇਖੇ ਮਾਰ ਧਿਆਨ, ਕਵਣ ਕੂਟੇ ਡੇਰਾ ਲਾਇਆ । ਗੁਰ ਕਾ ਸ਼ਬਦ ਦਏ ਗਿਆਨ, ਗੁਰ ਗੁਰ ਭੇਵ ਖੁਲ੍ਹਾਇਆ । ਉਠੀ ਸਖੀ ਨੌਜਵਾਨ, ਆਪ ਆਪਣਾ ਪੱਲੂ ਆਪਣੇ ਲੜ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਇਕ ਸੁਹਾਇਆ । ਸਾਜਣ ਹਰਿ ਕਰਤਾਰ, ਮੰਦਰ ਡੇਰਾ ਲਾਈਆ । ਆਪੇ ਕਰੇ ਆਪਣੀ ਕਾਰ, ਕਰਤਾ ਪੁਰਖ ਨਾਉਂ ਧਰਾਈਆ । ਚਰਨ ਟਿਕਾਏ ਦਰ ਦਲੀਜ਼ ਅੰਦਰ ਬਾਹਰ, ਦਰ ਸਾਚਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਰਘੁਰਾਈਆ । ਆਇਆ ਕੰਤ ਸਾਚੇ ਮੰਦਰ, ਸਖੀ ਨੈਣ ਉਘਾੜਿਆ । ਭਾਗ ਲਗਾ ਡੂੰਘੀ ਕੰਦਰ, ਨਾਤਾ ਤੁੱਟਾ ਜੰਗਲ ਜੂਹ ਉਜਾੜ ਪਹਾੜਿਆ । ਲਹਿਣਾ ਦੇਣਾ ਚੁੱਕਿਆ ਜੀਵ ਜੰਤ, ਹਉਮੇ ਤਨ ਅਗਨੀ ਅੱਗ ਸਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਲੜ ਬੰਧਾ ਲਿਆ । ਆਪਣਾ ਲੜ ਆਪ ਫੜਾ, ਆਪਣਾ ਸਗਨ ਮਨਾਇਆ । ਆਪਣਾ ਆਸਣ ਆਪੇ ਡਾਹ, ਆਪੇ ਆਸਣ ਲਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਆਪ ਆਪਣੇ ਗਿਰਦ ਰਿਹਾ ਫਿਰਾਇਆ । ਪਹਿਲਾ ਗੇੜਾ ਦਏ ਦਵਾ, ਜਗਤ ਨਾਤਾ ਤੋੜ ਤੁੜਾਇਆ । ਦੂਜਾ ਗੇੜਾ ਦੱਸੇ ਰਾਹ, ਕਾਇਆ ਖੇੜਾ ਰਹਿਣ ਨਾ ਪਾਇਆ । ਤੀਜਾ ਗੇੜਾ ਝੇੜਾ ਦਏ ਚੁਕਾ, ਨੇਤਰ ਲੋਚਣ ਇਕ ਵਖਾਇਆ । ਚੌਥਾ ਗੇੜਾ ਚੌਥੇ ਪਦ ਪੁਰਖ ਅਬਿਨਾਸ਼ੀ ਦਏ ਮਿਲਾ, ਸਾਚਾ ਦਰ ਸੁਹਾਇਆ । ਸਾਚੇ ਘਰ ਸੇਜ ਸੁਹੰਜਣੀ ਦਏ ਵਿਛਾ, ਫੂਲਣ ਬਰਖਾ ਲਾਇਆ । ਨਾਦ ਅਨਾਦੀ ਪੁਰਖ ਅਗੰਮਾ ਧੁਨ ਅਨਾਹਦ ਦਏ ਵਜਾ, ਸਾਚਾ ਤਾਲ ਰਖਾਇਆ । ਨਿਰਗੁਣ ਜੋਤੀ ਕਰ ਰੁਸ਼ਨਾ, ਨੂਰੋ ਨੂਰ ਡਗਮਗਾਇਆ । ਸਖੀ

੬੩੬
੦੭

ਸਹੇਲੀ ਲਏ ਮਿਲਾ, ਸਾਚਾ ਸਗਨ ਮਨਾਇਆ । ਜੋਤੀ ਜੋਤ ਲਏ ਟਿਕਾ, ਜੋਤੀ ਜੋਤ ਸਮਾਇਆ । ਕਲਜੁਗ ਅੰਤਮ ਬੇਪਰਵਾਹ, ਨਿਹਕਲੰਕਾ ਨਾਉਂ ਰਖਾਇਆ । ਗੋਬਿੰਦ ਨਾਰੀ ਆਪ ਬਣਾ, ਲੋਕਮਾਤ ਉਠ ਧਾਇਆ । ਜੋੜੀ ਵਸੇ ਏਕਾ ਥਾਂ, ਏਕਾ ਪਲੰਘ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਹਰਿ ਕੰਤ ਪੁਰਖ ਅਬਿਨਾਸ਼, ਸਾਚਾ ਹੁਕਮ ਸੁਣਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਦੇ ਮਤ ਰਿਹਾ ਸਮਝਾਈਆ । ਲੋਆਂ ਪੁਰੀਆਂ ਵੇਖ ਰਾਸ, ਗਗਨ ਮੰਡਲ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਨਾਰੀ ਇਹ ਜਣਾਈਆ । ਗੋਬਿੰਦ ਨਾਰੀ ਸੁਣ ਧੁਰ ਫ਼ੁਰਮਾਣਾ, ਦੋਏ ਜੋੜ ਕਰੇ ਨਿਮਸਕਾਰਾ । ਕੰਤ ਮੈਂਡੜੇ ਤੇਰਾ ਧੁਰ ਫ਼ਰਮਾਣਾ, ਲੱਗੇ ਮੋਹੇ ਪਿਆਰਾ । ਖੇਲੇ ਖੇਲ ਦੋ ਜਹਾਨਾਂ, ਲੋਕਮਾਤ ਕਰਾਂ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਧੁਰ ਕਰਤਾਰਾ । ਪੁਰਖ ਸੁਲਤਾਨ ਸਤਿ ਸਤਿਵਾਦੀ, ਆਪਣਾ ਹੁਕਮ ਜਣਾਇੰਦਾ । ਨਾਮ ਰਖਾਏ ਬੋਧ ਅਗਾਧੀ, ਆਪਣੀ ਬੂਝ ਬੁਝਾਇੰਦਾ । ਸਾਚੇ ਘਰ ਹੋਏ ਸ਼ਾਦੀ, ਸਾਚਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇੰਦਾ । ਨਾਰੀ ਗੋਬਿੰਦ ਕਰ ਪਿਆਰ, ਏਕਾ ਕਰੇ ਸੁਣਾਈਆ । ਸੱਜਣ ਮੈਂਡੜੇ ਮੀਤ ਮੁਰਾਰ, ਤੈਂਡੜੇ ਚਰਨਾਂ ਘੋਲ ਘੁੰਮਾਈਆ । ਨੈਣ ਮੰਗੇਦੜੇ ਦਰਸ ਅਪਾਰ, ਰੋ ਰੋ ਨੀਰ ਵਹਾਈਆ । ਦੋਹਾਂ ਮੇਲਾ ਹੋਇਆ ਅਪਰ ਅਪਾਰ, ਘਰ ਸਾਚੇ ਵੱਜੀ ਵਧਾਈਆ । ਉਪਜਿਆ ਸੁਤ ਨਾ ਕੋਈ ਦੁਲਾਰ, ਮੇਰੀ ਗੋਦ ਨਾ ਹਰੀ ਕਰਾਈਆ । ਤੇਰਾ ਨਾਉਂ ਨਰ ਨਿਰੰਕਾਰ, ਤੇਰੀ ਸੇਵਾ ਬਿਰਥਾ ਨਾ ਜਾਈਆ । ਖੜਗ ਖੰਡਾ ਖੜਕਾਇਆ ਵਿਚ ਸੰਸਾਰ, ਦੁਸ਼ਟ ਦਮਨਾ ਸੇਵ ਕਮਾਈਆ । ਹੱਡ ਮਾਸ ਨਾੜੀ ਚੰਮ ਤੇਰੇ ਉਤੋਂ ਦਿਤਾ ਵਾਰ, ਪੂਤ ਸਪੂਤਾ ਵੇਖ ਵਖਾਈਆ । ਪੰਜ ਤਤ ਨਾ ਕਰਿਆ ਕੋਈ ਪਿਆਰ, ਮਾਤ ਪਿਤ ਨਾ ਵੇਖ ਵਖਾਈਆ । ਏਕਾ ਮੰਗੀ ਮੰਗ ਦਵਾਰ, ਹਉਂ ਨਾਰ ਤੂੰ ਕੰਤ ਕੰਤੂਹਲਾ ਸਾਚਾ ਸਾਈਆ । ਨਾ ਜ਼ੋਰਾਵਰ ਸਿੰਘ ਫਤਿਹ ਨਾ ਅਜੀਤ ਜੁਝਾਰ, ਰਕਤ ਬੂੰਦ ਸੁਤ ਨਾ ਕੋਈ ਰਖਾਈਆ । ਪੰਜ ਤਤ ਇਸਤ੍ਰੀ ਨਾ ਕਰ ਵਿਹਾਰ, ਨਾ ਕੋਈ ਸੇਜ ਹੰਢਾਈਆ । ਅੰਤਮ ਮੰਗਿਆ ਕਰ ਪਿਆਰ, ਤੇਰਾ ਦਰਸ ਸਾਚੇ ਮਾਹੀਆ । ਢਹਿ ਢਹਿ ਪਈ ਚਰਨ ਦਵਾਰ, ਚਰਨ ਦਾਸੀ ਨਾਮ ਰਖਾਈਆ । ਕਿਰਪਾ ਕਰ ਏਕੰਕਾਰ, ਲੱਖ ਚੁਰਾਸੀ ਜੂਨ ਤਜਾਈਆ । ਵੇਖਿਆ ਦਰ ਸੱਚਾ ਦਰਬਾਰ, ਅੱਗੇ ਬੈਠਾ ਝੋਲੀ ਡਾਹੀਆ । ਨਾਰੀ ਕੰਤ ਇਕ ਪਿਆਰ, ਏਕਾ ਘਰ ਸੁਹਾਈਆ । ਸਾਚਾ ਬਖ਼ਸ਼ ਸੁਤ ਦੁਲਾਰ, ਨਾ ਮਰੇ ਨਾ ਜਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਰੇ ਸਚ ਵਿਹਾਰ, ਏਕਾ ਰੰਗ ਰੰਗਾਈਆ । ਪਾਰਬ੍ਰਹਮ ਹਰਿ ਖੇਲ ਨਿਆਰਾ, ਆਪਣਾ ਆਪ ਕਰਾਇਆ । ਸਾਚੀ ਨਾਰੀ ਕਰ ਪਿਆਰਾ, ਸਾਚਾ ਧਾਮ ਸੁਹਾਇਆ । ਭਾਗ ਲਗਾਏ ਮਹੱਲ ਅਟੱਲ ਉਚ ਮੁਨਾਰਾ, ਊਚੋ ਊਚ ਸੁਹਾਇਆ । ਸ਼ਬਦੀ ਸ਼ਬਦ ਆਪ ਉਪਾਏ ਸੁਤ ਦੁਲਾਰਾ, ਸਾਚਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖ ਵਖਾਇਆ । ਉਪਜਿਆ ਪੂਤ ਸੁਤ ਦੁਲਾਰ, ਘਰ ਸਾਚੇ ਵੱਜੇ ਵਧਾਈਆ । ਗੋਬਿੰਦ ਨਾਰੀ ਕਰੇ ਪਿਆਰ, ਆਪਣੀ ਗੋਦ ਉਠਾਈਆ । ਪਾਰਬ੍ਰਹਮ ਪ੍ਰਭ ਪਾਏ ਸਾਰ, ਦੇਵੇ ਸਚ ਸਲਾਹੀਆ । ਕਲਜੁਗ ਅੰਤਮ ਲੋਕਮਾਤ ਕਰਨਾ ਇਕ ਵਿਹਾਰ, ਤੇਰੇ ਨਾਉਂ ਵੱਡੀ ਵਡਿਆਈਆ । ਹਰਿ ਕਾ ਸੁਤ ਸਚ ਜੈਕਾਰ, ਸੋਹੰ ਨਾਉਂ ਰਖਾਈਆ । ਪ੍ਰਗਟ ਹੋਏ ਵਿਚ ਸੰਸਾਰ, ਗੁਰ ਗੋਬਿੰਦ ਖ਼ੁਸ਼ੀ ਮਨਾਈਆ । ਸਾਚਾ ਸੁਤ ਫੜ ਦੁਲਾਰ, ਆਪਣੀ ਹੱਥੀਂ

੬੩੭
੦੭

ਘੋੜੀ ਦਿਤਾ ਚਾੜ੍ਹ, ਚਾਰੋਂ ਕੁੰਟ ਵੇਖ ਵਖਾਈਆ । ਲੱਖ ਚੁਰਾਸੀ ਟੋਹੇ ਨਾੜ ਨਾੜ, ਬਚਿਆ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਫਿਰੇ ਪਿੱਛੇ ਅਗਾੜ, ਅੱਠੇ ਪਹਿਰ ਸੇਵ ਕਮਾਈਆ । ਲੋਕਮਾਤ ਮੇਲ ਮਿਲਾਇਆ ਸਤਾਰਾਂ ਹਾੜ, ਵੀਹ ਸਦ ਬਾਰਾਂ ਖ਼ੁਸ਼ੀ ਮਨਾਈਆ । ਅੰਤਮ ਅੰਤ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਸੁਤ ਦੁਲਾਰਾ ਸਾਚਾ ਸੂਰਬੀਰਾ, ਲੋਕਮਾਤ ਉਠ ਧਾਇਆ । ਵੇਖ ਵਖਾਣੇ ਹਸਤ ਕੀਟਾ, ਊਚ ਨੀਚ ਭੇਵ ਖੁਲ੍ਹਾਇਆ । ਤ੍ਰੈਗੁਣ ਮਾਇਆ ਜੂਠਾ ਝੂਠਾ ਪੀਸਣ ਪੀਠਾ, ਕਲਜੁਗ ਚੱਕੀ ਰਿਹਾ ਚਲਾਇਆ । ਮਨਮੁੱਖ ਹੋਇਆ ਕੌੜਾ ਰੀਠਾ, ਅੰਮ੍ਰਿਤ ਰਸ ਨਾ ਕੋਇ ਵਖਾਇਆ । ਮਾਤਾ ਪੁੱਤਰਾਂ ਸੁੱਤੀ ਦੇ ਕਰ ਪਿੱਛਾ, ਛਾਤੀ ਨਾਲ ਨਾ ਕੋਈ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਰਖਾਏ ਸਾਚਾ ਦੀਵਾ ਬਾਤੀ, ਬਾਤੀ ਦੀਵਾ ਨਾਮ ਰਖਾਇਆ । ਸ਼ਬਦ ਦੀਵਾ ਸ਼ਬਦ ਬਾਤੀ, ਸ਼ਬਦ ਕਰੇ ਰੁਸ਼ਨਾਈਆ । ਸ਼ਬਦ ਸ਼ਾਹ ਸ਼ਬਦ ਮਲਾਹ ਸ਼ਬਦ ਗੁਰ ਕਮਲਾਪਾਤੀ, ਸ਼ਬਦ ਕਵਲ ਕਵਲ ਵਿਚ ਸਮਾਈਆ । ਸ਼ਬਦ ਅੰਮ੍ਰਿਤ ਬੂੰਦ ਸਵਾਂਤੀ, ਸ਼ਬਦ ਮੁੱਖੜਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੂਤ ਸਪੂਤਾ ਇਕ ਵਖਾਈਆ । ਪੂਤ ਸਪੂਤਾ ਨੌਜਵਾਨਾ, ਚਾਰੋਂ ਕੁੰਟ ਲਏ ਅੰਗੜਾਈਆ । ਪੁਰੀਆਂ ਲੋਆਂ ਵੇਖੇ ਮਾਰ ਧਿਆਨਾ, ਆਪ ਆਪਣਾ ਨੈਣ ਉਠਾਈਆ । ਸ਼ਸਤਰ ਉਠਾਏ ਤੀਰ ਕਮਾਨਾ, ਰਸਨਾ ਚਿੱਲਾ ਤੀਰ ਚੜ੍ਹਾਈਆ । ਮਾਰੇ ਮਾਰ ਸ਼ਾਹ ਸੁਲਤਾਨਾ, ਸ਼ਾਹ ਅਫਗਾਨਾ ਮੇਟ ਮਿਟਾਈਆ । ਦੀਨ ਮਜ਼੍ਹਬ ਨਾ ਕੋਈ ਵਿਖਾਨਾ, ਵਰਨ ਬਰਨ ਕਰੇ ਸਫਾਈਆ । ਲੱਖ ਚਰਾਸੀ ਬੰਨ੍ਹੇ ਗਾਨਾ, ਲਾੜੀ ਮੌਤ ਸੇਵ ਕਮਾਈਆ । ਗੁਰਮੁਖ ਵੇਖੇ ਮਾਰ ਧਿਆਨਾ, ਜੋ ਜਨ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੁਤ ਵਸਿਆ ਘਰ, ਘਰ ਮੰਦਰ ਇਕ ਸੁਹਾਈਆ । ਮੰਦਰ ਘਰ ਵਸਿਆ ਖੇੜਾ, ਭਗਤਨ ਮੇਲ ਮਿਲਾਇਆ । ਪੰਚ ਵਿਕਾਰਾ ਚੁੱਕੇ ਝੇੜਾ, ਜਗਤ ਨਿਬੇੜਾ ਆਪ ਕਰਾਇਆ । ਖੁਲ੍ਹਾ ਰਖਾਏ ਆਪਣਾ ਵੇਹੜਾ, ਦਰ ਦਵਾਰ ਨਾ ਕੋਈ ਰਖਾਇਆ । ਆਪੇ ਦੂਰ ਆਪੇ ਨੇੜਾ, ਹਾਜ਼ਰ ਹਜ਼ੂਰ ਨਾਮ ਧਰਾਇਆ । ਆਪੇ ਉਲਟਾ ਦੇਵਣਹਾਰਾ ਗੇੜਾ, ਆਪੇ ਚਾਰੋਂ ਕੁੰਟ ਰਿਹਾ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਾਰੀ ਕੰਤ ਦਿਤਾ ਵਰ, ਸ਼ਬਦ ਸੁਤ ਸੁਤ ਦੁਲਾਰ ਕਰ ਪਿਆਰ, ਜਨ ਭਗਤਾਂ ਰਿਹਾ ਜਗਾਇਆ ।



੬੩੮
੦੭

### * ੨੧ ਭਾਦਰੋਂ ੨੦੧੫ ਬਿਕ੍ਰਮੀ ਗੁਰਦਿਆਲ ਸਿੰਘ ਦੇ ਘਰ ਰਾਮੂਵਾਲਾ ਜ਼ਿਲਾ ਫ਼ਿਰੋਜ਼ਪੁਰ *

ਹਰਿ ਜੋਤ ਨੂਰ ਅਕਾਰ, ਪੁਰਖ ਅਕਾਲਿਆ । ਨਿਰਗੁਣ ਜੋਤ ਕਰੇ ਉਜਿਆਰ, ਦੀਨ ਦਿਆਲਿਆ । ਪਾਰਬ੍ਰਹਮ ਇਕ ਅਵਤਾਰ, ਆਦਿ ਅੰਤ ਖੇਲ ਨਿਰਾਲਿਆ । ਆਦਿ ਪੁਰਖ ਪੁਰਖ ਅਪਾਰ, ਜੋਤੀ ਜੋਤ ਅਕਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਆਪ ਕਰੇ ਪ੍ਰਿਤਪਾਲਿਆ । ਹਰਿ ਅਗੰਮ ਅਗੰਮ, ਅਗੰਮ ਸੁਹਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਰਚਾਇਆ । ਆਪੇ ਜਾਣੇ ਆਪਣਾ ਕੰਮ, ਕਾਰਜ ਕਰਤਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਾਇਆ । ਨੂਰ


Rev-01

ਉਜਾਲਾ ਹਰਿ ਕਰਤਾਰ, ਆਪਣਾ ਆਪ ਕਰਾਇੰਦਾ । ਆਪ ਆਪਣੀ ਪਾਵੇ ਸਾਰ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣੀ ਬੰਨ੍ਹੇ ਧਾਰ, ਧਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਨੂਰ ਉਪਾਇੰਦਾ । ਜੋਤੀ ਨੂਰ ਪੁਰਖ ਅਬਿਨਾਸ਼, ਆਪਣਾ ਆਪ ਕਰਾਇਆ । ਆਪ ਆਪਣੇ ਮੰਡਲ ਪਾਵੇ ਰਾਸ, ਆਪ ਆਪਣਾ ਥਾਨ ਸੁਹਾਇਆ । ਆਪ ਆਪਣਾ ਖੇਲੇ ਖੇਲ ਤਮਾਸ਼, ਵੇਖਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਟਿਕਾਇਆ । ਨਿਰਗੁਣ ਰੂਪ ਅਪਰ ਅਪਾਰ, ਹਰਿ ਆਪਣਾ ਆਪ ਉਪਾਇੰਦਾ । ਜੋਤੀ ਜੋਤ ਪਸਰ ਪਸਾਰ, ਜੋਤੀ ਜੋਤ ਜਗਾਇੰਦਾ । ਵਰਨ ਗੋਤ ਨਾ ਕਰ ਵਿਚਾਰ, ਏਕਾ ਏਕ ਦਿਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਘਰ ਸੁਹਾਇੰਦਾ । ਜੋਤੀ ਨੂਰ ਹਰ ਘਟ ਵਾਸ, ਹਰਿ ਹਰਿ ਰਿਹਾ ਕਰਾਇਆ । ਆਪੇ ਪ੍ਰਿਥਮੀ ਆਪ ਆਕਾਸ਼, ਗਗਨ ਮੰਡਲ ਆਪ ਸਮਾਇਆ । ਆਪੇ ਉਪਜੇ ਆਪੇ ਹੋਏ ਵਿਨਾਸ, ਆਪੇ ਆਪ ਆਪਣਾ ਲਏ ਤਰਾਇਆ । ਆਪੇ ਜੋਤੀ ਆਪ ਸਵਾਸ, ਪਵਣ ਸਵਾਸਾ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਸਮਾਇਆ । ਹਰਿ ਕਾ ਨੂਰ ਹਰਿ ਹਰਿ ਧਾਰ, ਹਰਿ ਸਾਚੇ ਆਪ ਉਪਾਈਆ । ਹਰਿ ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਆਦਿ ਪੁਰਖ ਵੇਖ ਵਖਾਈਆ । ਆਦਿ ਨਿਰੰਜਣ ਕਰਨੇਹਾਰ, ਹਰਿ ਕਰਤਾ ਨਾਉਂ ਧਰਾਈਆ । ਏਕਾ ਘਰ ਸੋਹੇ ਬੰਕ ਦਵਾਰ, ਘਰ ਸਾਚਾ ਇਕ ਸੁਹਾਈਆ । ਜੋਤ ਨਿਰੰਜਣ ਅਪਰ ਅਪਾਰ, ਏਕਾ ਰੂਪ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਘਰ ਕਰੇ ਰੁਸ਼ਨਾਈਆ । ਘਰ ਦੀਵਾ ਘਰ ਬਾਤੀ, ਘਰ ਵਸਤ ਰੁਸ਼ਨਾਇਆ । ਘਰ ਮੇਲ ਹਰਿ ਕਮਲਾਪਾਤੀ, ਘਰ ਬੈਠਾ ਆਸਣ ਲਾਇਆ । ਘਰ ਵੇਖੇ ਮਾਰ ਝਾਤੀ, ਆਪ ਆਪਣਾ ਪਰਦਾ ਪਾਇਆ । ਆਪੇ ਆਪਣੀ ਦੇਵਣਹਾਰਾ ਬਾਕੀ, ਲਹਿਣਾ ਦੇਣਾ ਆਪਣੇ ਹੱਥ ਰਖਾਇਆ । ਪਾਰਬ੍ਰਹਮ ਸਾਚਾ ਸਾਕੀ, ਨਿਰਗੁਣ ਆਪਣਾ ਜਾਮ ਆਪ ਪਿਆਇਆ । ਆਪੇ ਜਾਣੇ ਆਪਣਾ ਵਾਕੀ, ਲੇਖਾ ਲਿਖਤ ਨਾ ਆਇਆ । ਆਪੇ ਚੜ੍ਹੇ ਆਪਣੇ ਰਾਕੀ, ਨੇਤਰ ਨੈਣ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਘਰ ਸਾਚਾ ਪੁਰਖ ਅਬਿਨਾਸ਼ੀ, ਆਪਣਾ ਆਪ ਉਪਾਇਆ । ਇਕ ਇਕੱਲਾ ਸਰਬ ਗੁਣ ਤਾਸੀ, ਆਪ ਆਪਣਾ ਵੇਖ ਵਿਖਾਇਆ । ਆਦਿ ਸ਼ਕਤ ਨਾ ਹੋਏ ਨਿਰਾਸ, ਆਸ ਨਿਰਾਸਾ ਆਪ ਹੋ ਜਾਇਆ । ਆਪੇ ਕਰੇ ਆਪਣੀ ਬੰਦ ਖ਼ੁਲਾਸ, ਬੰਦੀ ਛੋੜ ਆਪ ਅਖਵਾਇਆ । ਆਪ ਆਪਣੇ ਘਰ ਰੱਖੇ ਵਾਸ, ਘਰ ਸਾਚਾ ਇਕ ਸੁਹਾਇਆ । ਥਿਰ ਘਰ ਤਖ਼ਤ ਹਰਿ ਸ਼ਾਹੋ ਸ਼ਾਬਾਸ਼, ਹਰਿ ਸਾਚਾ ਨਾਉਂ ਧਰਾਇਆ । ਆਪ ਆਪਣੇ ਵਸਾਇਆ ਪਾਸ, ਸੱਜਣ ਸੁਹੇਲ ਆਪ ਅਖਵਾਇਆ । ਆਪ ਆਪਣਾ ਹੋਇਆ ਦਾਸ, ਦਾਸੀ ਦਾਸ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਏਕਾ ਰਾਹ, ਏਕਾ ਕਾਰ ਕਮਾਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਦਰ ਦਰਵਾਜ਼ਾ ਖੋਲ੍ਹ ਵਖਾਇੰਦਾ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਉਪਾਇੰਦਾ । ਮਹੱਲ ਅਟੱਲ ਉਚ ਮੁਨਾਰ, ਕਰਤਾ ਪੁਰਖ ਵੇਖ ਵਖਾਇੰਦਾ । ਆਦਿ ਨਿਰੰਜਣ ਜਗੇ ਜੋਤ ਅਗੰਮ ਅਪਾਰ, ਤੇਲ ਬਾਤੀ ਨਾ ਕੋਈ ਪਾਇੰਦਾ । ਨੂਰੋ ਨੂਰ ਹਰਿ ਕਰਤਾਰ, ਨੂਰੋ ਨੂਰ ਧਰਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਸਿੰਘਾਸਣ


Rev-01

ਵੇਖ ਵਖਾਇੰਦਾ । ਨਾ ਕੋਈ ਦੀਸੇ ਜੀਵ ਗਵਾਰ, ਨਾ ਕੋਈ ਵੇਖ ਵਖਾਇੰਦਾ । ਰਾਜ ਜੋਗ ਨਾ ਕੋਈ ਦੁਆਰਪਾਲ, ਨਾ ਕੋਈ ਸੀਸ ਝੁਕਾਇੰਦਾ । ਗੁਰੂ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਨਾ ਪਹਿਰੇਦਾਰ, ਤ੍ਰੈਗੁਣ ਵੇਸ ਵਟਾਇੰਦਾ । ਪੰਜ ਤਤ ਨਾ ਕੋਈ ਅਕਾਰ, ਰਕਤ ਬੂੰਦ ਨਾ ਕੋਈ ਤਰਾਇੰਦਾ । ਤੀਰਥ ਤਟ ਨਾ ਕੋਈ ਕਿਨਾਰ, ਸਰ ਸਰੋਵਰ ਨਾ ਕੋਈ ਨੁਹਾਇੰਦਾ । ਵੇਦ ਪੁਰਾਨ ਨਾ ਕੋਈ ਰਿਹਾ ਉਚਾਰ, ਬ੍ਰਹਮਾ ਮੁਖ ਨਾ ਕੋਈ ਖੁਲ੍ਹਾਇੰਦਾ । ਸ਼ਿਵ ਸ਼ੰਕਰ ਬਾਸ਼ਕ ਨਾ ਕੋਈ ਪਾਵੇ ਹਾਰ, ਗਲ ਮਾਲਾ ਨਾ ਕੋਈ ਰਖਾਇੰਦਾ । ਕਰੋੜ ਤੇਤੀਸਾ ਨਾ ਕੋਈ ਆਧਾਰ, ਸੁਰਪਤ ਰਾਜਾ ਇੰਦ ਨਾ ਮੁਖ ਵਖਾਇੰਦਾ । ਵਿਸ਼ਨੂੰ ਵੰਸੀ ਨਾ ਕਰੇ ਅਕਾਰ, ਚਤੁਰਭੁਜਾ ਨਾ ਅੰਗ ਰਖਾਇੰਦਾ । ਆਦਿ ਸ਼ਕਤ ਨਾ ਹੋ ਤਿਆਰ, ਸਿੰਘ ਸ਼ੇਰ ਨਾ ਆਸਣ ਲਾਇੰਦਾ । ਸ਼ਸਤਰ ਬਸਤਰ ਨਾ ਕੋਈ ਕਟਾਰ, ਨਾ ਕੋਈ ਮੁੱਠ ਹੱਥ ਫੜਾਇੰਦਾ । ਨਾ ਕੋਈ ਸ਼ਤਰੂ ਨਾ ਮੀਤ ਮੁਰਾਰ, ਹਾਰ ਜਿਤ ਨਾ ਕੋਈ ਵਖਾਇੰਦਾ । ਨਾ ਕੋਈ ਪਸਰ ਨਾ ਪਸਾਰ, ਪਹਾੜ ਉਜਾੜ ਨਾ ਕੋਈ ਵਿਖਾਇੰਦਾ । ਕੰਦਰ ਮੰਦਰ ਨਾ ਡੂੰਘੀ ਗਾਰ, ਉਚੇ ਟਿੱਲੇ ਨਾ ਕੋਈ ਰਖਾਇੰਦਾ । ਗੁਰ ਦਰ ਮੰਦਰ ਮਸਜਿਦ ਨਾ ਕੋਈ ਚਾਰ ਦੀਵਾਰ, ਨਾ ਕੋਈ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹਰਿ ਨਿਰੰਕਾਰ, ਏਕਾ ਘਰ ਸਾਚੇ ਵੇਖ ਵਖਾਇੰਦਾ ।

* ਪਹਿਲੀ ਅੱਸੂ ੨੦੧੫ ਬਿਕ੍ਰਮੀ ਠਾਕਰ ਸਿੰਘ ਦੇ ਘਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ *

ਆਦਿ ਪੁਰਖ ਹਰਿ ਅਬਿਨਾਸ਼, ਜੋਤ ਸਰੂਪ ਸਮਾਇਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਅਕਾਸ਼ ਅਕਾਸ਼ਾਂ ਡੇਰਾ ਲਾਇਆ । ਆਪਣੇ ਮੰਡਲ ਪਾਵੇ ਰਾਸ, ਮੰਡਲ ਮੰਡਪ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਰੂਪ ਉਪਾਇਆ । ਆਦਿ ਪੁਰਖ ਦੀਨ ਦਿਆਲਾ, ਪਾਰਬ੍ਰਹਮ ਅਖਵਾਇੰਦਾ । ਨੂਰੀ ਜੋਤ ਇਕ ਅਕਾਲਾ, ਅਕਲ ਕਲਾ ਸਮਾਇੰਦਾ । ਆਪ ਆਪਣਾ ਬਣ ਰਖਵਾਲਾ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਨਾਉਂ ਧਰਾਇੰਦਾ । ਆਦਿ ਨਿਰੰਜਣ ਹਰਿ ਬੇਅੰਤ, ਪਾਰਬ੍ਰਹਮ ਅਖਵਾਇਆ । ਆਦਿ ਜੁਗਾਦਿ ਮਹਿਮਾ ਅਗਣਤ, ਭੇਵ ਕਿਸੇ ਨਾ ਪਾਇਆ । ਵੇਖ ਵਖਾਏ ਸਾਜਣ ਸੰਤ, ਸਾਜਣ ਮੀਤ ਆਪ ਹੋ ਜਾਇਆ । ਮੇਲ ਮਿਲਾਵਾ ਨਾਰੀ ਕੰਤ, ਕੰਤ ਕੰਤੂਹਲਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਹਰਿ ਅਗੰਮ, ਏਕਾ ਏਕ ਅਖਵਾਇੰਦਾ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਖਲਾਇੰਦਾ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਗੁਰ ਪੀਰ ਅਵਤਾਰ ਸੇਵਾ ਲਾਇੰਦਾ । ਗਗਨ ਪਤਾਲ ਰਹਾਏ ਬਿਨ ਬਿਨ ਥੰਮ, ਸ਼ਬਦੀ ਸ਼ਬਦ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਆਪ ਅਖਵਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਕਲ ਧਾਰੀਆ । ਨਿਰਗੁਣ ਜੋਤੀ ਕਰ ਉਜਿਆਰ, ਪਾਰਬ੍ਰਹਮ ਰੂਪ ਅਪਾਰੀਆ । ਨਾਦੀ ਪੂਤ ਕਰੇ ਪਿਆਰ, ਆਪੇ ਨਰ ਨਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਫਲ ਖਿਲਾਰੀਆ । ਆਦਿ ਪੁਰਖ ਹਰਿ ਭਗਵੰਤ, ਏਕਾ ਏਕ ਅਖਵਾਇਆ । ਖੇਲੇ ਖੇਲ ਜੁਗਾ ਜੁਗੰਤ, ਜੁਗ

ਜੁਗ ਵੇਸ ਵਟਾਇਆ । ਆਪ ਬਣਾਏ ਆਪਣੀ ਬਣਤ, ਤਤਵ ਤਤ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਦਰ ਸੁਹੰਜਣਾ ਪੁਰਖ ਅਕਾਲ, ਏਕਾ ਬੰਕ ਦਵਾਰਿਆ । ਜੋਤੀ ਨੂਰ ਇਕ ਜਮਾਲ, ਨੂਰੋ ਨੂਰ ਵਿਖਾ ਰਿਹਾ । ਨਾ ਕੋਈ ਦੂਸਰ ਵਿਚ ਦਲਾਲ, ਸਗਲਾ ਸੰਗ ਨਾ ਕੋਈ ਨਿਭਾ ਰਿਹਾ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਆਪ ਰਖਾ ਲਿਆ । ਆਪਣੀ ਘਾਲ ਆਪੇ ਘਾਲ, ਆਪ ਆਪਣਾ ਥਾਨ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਵਟਾ ਲਿਆ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਕਰਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਸੇਜ ਹੰਢਾਈਆ । ਆਪੇ ਨਾਰੀ ਕੰਤ ਭਤਾਰ, ਪਤਿਪਰਮੇਸ਼ਵਰ ਆਪ ਸਮਾਈਆ । ਆਪੇ ਰਾਗੀ ਨਾਦੀ ਵੇਖੇ ਵਿਗਸੇ ਕਰੇ ਵਿਚਾਰ, ਆਪੇ ਗਾਵੇ ਸ਼ਬਦ ਧੁਨ ਵਜਾਈਆ । ਆਪੇ ਪਾਰਬ੍ਰਹਮ ਬ੍ਰਹਮ ਬ੍ਰਹਿਮਾਦ, ਖੋਜਤ ਖੋਜਤ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਈਆ । ਆਦਿ ਪੁਰਖ ਹਰਿ ਭਗਵਾਨਾ, ਏਕਾ ਧਾਮ ਸੁਹਾਇੰਦਾ । ਦੀਪਕ ਜੋਤੀ ਜਗੇ ਮਹਾਨਾ, ਤੇਲ ਬਾਤੀ ਨਾ ਕੋਈ ਟਿਕਾਇੰਦਾ । ਨਾ ਕੋਈ ਪਵਣ ਨਾ ਮਸਾਣਾ, ਨਾ ਕੋਈ ਹਵਨੀ ਹਵਨ ਕਰਾਇੰਦਾ । ਨਾ ਕੋਈ ਰਾਗ ਨਾ ਕੋਈ ਗਾਣਾ, ਨਾ ਕੋਈ ਤਾਲ ਵਜਾਇੰਦਾ । ਨਾ ਕੋਈ ਸ਼ਬਦ ਨਾ ਬਿਬਾਨਾ, ਨਾ ਕੋਈ ਉਡਾਨ ਰਖਾਇੰਦਾ । ਨਾ ਕੋਈ ਜਣਾਏ ਪਦ ਨਿਰਬਾਣਾ, ਹੰ ਬ੍ਰਹਮ ਭੇਵ ਨਾ ਪਾਇੰਦਾ । ਇਕ ਇਕੱਲਾ ਸਚ ਤਖ਼ਤ ਬੈਠ ਸੁਲਤਾਨਾ, ਆਪ ਆਪਣਾ ਥਾਨ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਥਾਉਂ ਸੁਹਾਇੰਦਾ । ਆਪਣਾ ਥਾਨ ਆਪ ਸੁਹਾ, ਆਪਣੀ ਜੋਤ ਜਗਾਈਆ । ਆਪੇ ਦਾਤਾ ਬੇਪਰਵਾਹ, ਬੈਠਾ ਬੇਪਰਵਾਹੀਆ । ਰੂਪ ਰੰਗ ਕੋਈ ਜਾਣੇ ਨਾ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਤਖ਼ਤ ਸਚ ਸੁਲਤਾਨ, ਬੈਠਾ ਨੂਰ ਇਲਾਹੀਆ । ਸਚ ਤਖ਼ਤ ਹਰਿ ਸੁਲਤਾਨ, ਬੈਠਾ ਬੇਐਬ ਪਰਵਰਦਿਗਾਰਿਆ । ਆਪ ਆਪਣਾ ਹੋ ਮਿਹਰਵਾਨ, ਆਪ ਆਪਣੀ ਕਰੇ ਸਿਕਦਾਰਿਆ । ਆਪ ਆਪਣਾ ਕਰ ਪਛਾਣ, ਆਪੇ ਵੇਖੇ ਅੰਦਰ ਬਾਹਰਿਆ । ਨਿਰਗੁਣ ਜੋਤੀ ਇਕ ਮਹਾਨ, ਨਿਰਗੁਣ ਨੂਰ ਹੋਏ ਉਜਿਆਰਿਆ । ਨਾ ਕੋਈ ਦੂਸਰ ਦਿਸੇ ਨਿਸ਼ਾਨ, ਨਾ ਕੋਈ ਬਣਤ ਬਣਾ ਰਿਹਾ । ਪੁਰਖ ਅਗੰਮ ਅਗੰਮੜੇ ਧਾਮ ਬੈਠਾ ਨੌਜਵਾਨ, ਏਕਾ ਆਪਣਾ ਜੋਬਨ ਹੰਢਾ ਰਿਹਾ । ਆਪ ਆਪਣਾ ਵੇਖੇ ਮਾਰ ਧਿਆਨ, ਆਪਣੀ ਕਲ ਵਰਤਾ ਰਿਹਾ । ਨਿਰਗੁਣ ਜੋਤੀ ਇਕ ਰਕਾਨ, ਅਕਾਲ ਪੁਰਖ ਮੇਲ ਮਿਲਾ ਰਿਹਾ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਦਇਆ ਕਮਾ ਰਿਹਾ । ਕਾਰਜ ਕਰੇ ਸਿਧ ਹਰਿ ਭਗਵਾਨ, ਭਗਵਨ ਭਗਵਾਨ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਮ ਹਰਿ ਅਵੱਲਾ, ਨਿਝ ਘਰ ਆਸਣ ਲਾ ਲਿਆ । ਧਾਮ ਅਵੱਲਾ ਪੁਰਖ ਅਬਿਨਾਸ਼, ਏਕਾ ਏਕ ਰਖਾਇਆ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਗਗਨ ਮੰਡਲ ਨਾ ਕੋਈ ਵਖਾਇਆ । ਨਾ ਕੋਈ ਮੰਡਲ ਮੰਡਪ ਪਾਵੇ ਰਾਸ, ਜਲ ਬਿੰਬ ਨਾ ਕੋਈ ਧਰਾਇਆ । ਆਪ ਆਪਣੇ ਵਸਿਆ ਪਾਸ, ਆਪ ਆਪਣਾ ਦਰ ਸੁਹਾਇਆ । ਆਪ ਆਪਣਾ ਵੇਖੇ ਖੇਲ ਤਮਾਸ਼, ਖੇਲਣਹਾਰ ਆਪ ਹੋ ਜਾਇਆ । ਆਦਿ ਅੰਤ ਨਾ ਜਾਏ ਵਿਨਾਸ, ਆਦਿ ਜੁਗਾਦੀ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਏਕਾ ਏਕ ਸੁਹਾਇਆ । ਏਕਾ

੬੪੧ ੦੭

ਘਰ ਇਕ ਨਿਰੰਜਣ, ਆਦਿ ਪੁਰਖ ਅਖਵਾਇਆ । ਆਪ ਆਪਣਾ ਬਣਿਆ ਸੱਜਣ, ਸਾਜਣ ਮੀਤ ਨਾਮ ਧਰਾਇਆ । ਆਪ ਆਪਣਾ ਕਰਿਆ ਮਜਨ, ਆਪ ਆਪਣੇ ਦਰ ਨੁਹਾਇਆ । ਆਪ ਆਪਣਾ ਹੋਇਆ ਪਰਦੇ ਕੱਜਣ, ਆਪਣਾ ਪਰਦਾ ਆਪੇ ਪਾਇਆ । ਆਪ ਚਲਾਏ ਆਪਣਾ ਜਹਾਜ਼ਨ, ਆਪ ਆਪਣੀ ਧਾਰ ਬੰਧਾਇਆ । ਆਪ ਆਪਣਾ ਬਣਿਆ ਸ਼ਾਹ ਰਾਜ ਰਾਜਨ, ਸ਼ਾਹੋ ਭੂਪ ਆਪ ਅਖਵਾਇਆ । ਆਪ ਆਪਣਾ ਕਰੇ ਕਾਜਣ, ਕਰਤਾ ਪੁਰਖ ਨਾਉਂ ਧਰਾਇਆ । ਆਪ ਆਪਣੀ ਰੱਖੇ ਲਾਜਣ, ਆਪ ਆਪਣਾ ਸੰਗ ਨਿਭਾਇਆ । ਆਪ ਆਪਣੇ ਚੜ੍ਹੇ ਤਾਜਨ, ਆਪ ਆਪਣਾ ਅਸਵ ਰਿਹਾ ਦੌੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਹਰਿ ਦਾਤਾਰ, ਆਪਣਾ ਆਪ ਕਰਾਇੰਦਾ । ਆਪੇ ਖੇਲੇ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਧੁਰਦਰਗਾਹੀ ਨਾਉਂ ਧਰਾਇੰਦਾ । ਬੇਐਬ ਹੋਵੇ ਪਰਵਰਦਿਗਾਰ, ਖ਼ੁਦੀ ਖ਼ੁਦ ਖ਼ੁਦਾ ਮਿਟਾਇੰਦਾ । ਇਕ ਇਕੱਲਾ ਸਾਚਾ ਯਾਰ, ਹੱਕ ਹਕੀਕਤ ਵੇਖ ਵਖਾਇੰਦਾ । ਆਪੇ ਅੱਲਾ ਰਾਮ ਰੂਪ ਅਪਾਰ, ਬਿਸਮਿਲਾ ਵਿਚ ਸਮਾਇੰਦਾ । ਜੋਤੀ ਜੋਤ ਕਰ ਅਕਾਰ, ਨਿਰਾਕਾਰ ਆਪ ਹੋ ਜਾਇੰਦਾ । ਅਗੰਮ ਅਗੰਮੜਾ ਅਗੰਮੜੀ ਕਰੇ ਕਾਰ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਧਰਾਇੰਦਾ । ਥਿਰ ਘਰ ਬੈਠ ਹਰਿ ਹਰਿ ਹਰਿ, ਆਪਣੀ ਆਪ ਕਰੇ ਵਡਿਆਈਆ । ਆਪਣੀ ਜੋਤੀ ਨੂਰ ਆਪੇ ਵਰ, ਆਪੇ ਕਰੇ ਕੁੜਮਾਈਆ । ਆਪਣਾ ਨਾਮ ਸੁਤ ਦੁਲਾਰਾ ਆਪੇ ਧਰ, ਆਪ ਆਵਾਜ਼ ਲਗਾਈਆ । ਆਪੇ ਵਸਿਆ ਆਪਣੇ ਗੜ੍ਹ, ਚਾਰ ਦਿਵਾਰ ਨਾ ਕੋਈ ਰਖਾਈਆ । ਸਚ ਮਹੱਲੇ ਰਿਹਾ ਚੜ੍ਹ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਉਜਾਲਾ, ਖੇਲੇ ਖੇਲ ਅਪਾਰਿਆ । ਪਾਰਬ੍ਰਹਮ ਪ੍ਰਭ ਗੁਰ ਗੋਪਾਲਾ, ਗੋਬਿੰਦ ਨਾਮ ਧਰਾ ਰਿਹਾ । ਵਿਖਾਏ ਦਿਸਾਏ ਸੱਚੀ ਧਰਮਸਾਲਾ, ਥਿਰ ਘਰ ਡੇਰਾ ਲਾ ਰਿਹਾ । ਆਦਿ ਸ਼ਕਤ ਵੇਖੇ ਜੋਤ ਜਵਾਲਾ, ਲਿਲਾਟ ਲਿਲਾਟੀ ਡਗਮਗਾ ਰਿਹਾ । ਦੀਨਾਂ ਨਾਥ ਪੁਰਖ ਅਕਾਲਾ, ਸਰਬ ਕਲਾ ਸਮਰਥ ਨਾਮ ਧਰਾ ਰਿਹਾ । ਹਰਿ ਕਾ ਮੰਦਰ ਥਿਰ ਘਰ ਨਾਉਂ, ਆਦਿ ਜੁਗਾਦਿ ਜਾਏ ਨਾ ਢੱਠ, ਨਾ ਕੋਈ ਬਣਤ ਬਣਾ ਰਿਹਾ । ਨਾ ਕੋਈ ਸ਼ਿਵਦਵਾਲਾ ਮੰਦਰ ਮਸਜਿਦ ਦਿਸੇ ਮੱਠ, ਗੁਰੂ ਦਵਾਰ ਨਾ ਕੋਈ ਵਖਾ ਰਿਹਾ । ਨਾ ਕੋਈ ਲੱਖ ਚੁਰਾਸੀ ਮਾਨਸ ਦੇਹੀ ਚਾਰ ਚਾਰ ਕਰੇ ਇਕੱਠ, ਪੰਜ ਤਤ ਨਾ ਕੋਈ ਉਪਾ ਰਿਹਾ । ਨਾ ਕੋਈ ਪੂਜਾ ਨਾ ਕੋਈ ਪਾਠ, ਇਸ਼ਟ ਦੇਵ ਨਾ ਕੋਈ ਮਨਾ ਰਿਹਾ । ਨਾ ਕੋਈ ਤੀਰਥ ਨਾ ਕੋਈ ਤੱਟ, ਸਾਧ ਸੰਤ ਨਾ ਕੋਈ ਧੂਣੀਆਂ ਤਾਅ ਰਿਹਾ । ਨਾ ਕੋਈ ਚੌਦਾਂ ਲੋਕ ਦਿਸੇ ਹੱਟ, ਤ੍ਰੈਲੋਕ ਨਾ ਵੇਖ ਵਖਾ ਰਿਹਾ । ਨਾ ਕੋਈ ਬ੍ਰਹਮਾ ਵਿਸ਼ਨ ਸ਼ਿਵ ਕਰੇ ਹੱਠ, ਨਾ ਕੋਈ ਰੂਪ ਅਨੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਪੁਰਖ ਅਕਾਲਾ ਦੀਨ ਦਿਆਲਾ ਜੋਤੀ ਨੂਰ ਡਗਮਗਾ ਰਿਹਾ । ਜੋਤ ਸਰੂਪ ਹਰਿ ਸਮਰਥ, ਵੱਡ ਵੱਡੀ ਵਡਿਆਈਆ । ਆਪ ਆਪਣਾ ਆਪੇ ਮੱਥ, ਆਪ ਆਪਣਾ ਲਏ ਉਪਾਈਆ । ਆਪ ਆਪਣੇ ਚਾੜ੍ਹੇ ਰਥ, ਆਪ ਆਪਣਾ ਰਥ ਚਲਾਈਆ । ਆਪ ਆਪਣੀ ਦੇਵੇ ਆਪੇ ਵੱਥ, ਆਪ ਆਪਣੀ ਝੋਲੀ ਅੱਗੇ ਡਾਹੀਆ । ਆਪ ਆਪਣੀ ਮਹਿਮਾ ਜਾਣੇ ਅਕੱਥ, ਅਕੱਥ ਕਥਾ ਅਖਵਾਈਆ । ਜੁਗ ਜੁਗ ਚਲਾਏ ਆਪਣੀ ਗਾਥ, ਹਰਿ ਦਾਤਾ ਬੇਪਰਵਾਹੀਆ । ਜੋਤੀ

੬੪੨
੦੭

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰੋ ਨੂਰ ਧਰਾਈਆ । ਧਰਿਆ ਨੂਰ ਅਬਿਨਾਸ਼ੀ ਅਚੁਤ, ਆਪਣੀ ਕਿਰਪਾ ਧਾਰੀਆ । ਆਪ ਸੁਹਾਏ ਆਪਣੀ ਰੁੱਤ, ਆਪ ਸੁਹਾਏ ਦਰ ਦਵਾਰੀਆ । ਆਪ ਉਪਜਾਏ ਆਪਣਾ ਸੁੱਤ, ਸ਼ਬਦੀ ਨਾਉਂ ਧਰਾ ਰਿਹਾ । ਆਪ ਆਪਣਾ ਸੀਰ ਲਿਆ ਘੁੱਟ, ਆਪ ਅੰਮ੍ਰਿਤ ਮੁਖ ਚੁਆ ਰਿਹਾ । ਆਪ ਆਪਣਾ ਲਾਹਾ ਲਿਆ ਲੁੱਟ, ਅਤੁੱਟ ਭੰਡਾਰ ਭਰਾ ਲਿਆ । ਆਦਿ ਜੁਗਾਦਿ ਨਾ ਜਾਏ ਨਿਖੁਟ, ਘਰ ਸਾਚੇ ਆਪ ਭਰਾ ਲਿਆ । ਸੇਵਾ ਕਰੇ ਆਦਿ ਨਿਰੰਜਣ ਸਰੂਪ ਜੋਤ, ਜੋਤੀ ਜੋਤ ਜਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਧਾਰ ਵਹਾ ਰਿਹਾ । ਨਿਰਗੁਣ ਧਾਰ ਆਪ ਚਲਾ, ਨਿਰਗੁਣ ਵੇਸ ਵਟਾਇਆ । ਨਿਰਗੁਣ ਅਖਾੜਾ ਆਪ ਲਗਾ, ਨਿਰਗੁਣ ਵੇਖ ਵਿਖਾਇਆ । ਨਿਰਗੁਣ ਲਾੜਾ ਆਪ ਸਜਾ, ਆਪੇ ਤੇਲ ਚੜ੍ਹਾਇਆ । ਨਿਰਗੁਣ ਸਾਚਾ ਸਗਨ ਮਨਾ, ਸਾਚਾ ਮੰਗਲ ਗਾਇਆ । ਨਿਰਗੁਣ ਵਿਚੋਲਾ ਵਿਚ ਰਖਾ, ਨਿਰਗੁਣ ਫੇਰਾ ਪਾਇਆ । ਨਿਰਗੁਣ ਜੋਤੀ ਲਏ ਮਨਾ, ਲਾਲ ਗੁਲਾਲਾ ਰੰਗ ਚੜ੍ਹਾਇਆ । ਨਿਰਗੁਣ ਕਜਲਾ ਦੇਵੇ ਪਾ, ਨਾਮ ਧਾਰਾ ਇਕ ਚਲਾਇਆ । ਨਿਰਗੁਣ ਬਸਤਰ ਭੂਸ਼ਨ ਦਏ ਸਜਾ, ਨਿਰਗੁਣ ਵੇਖ ਵਖਾਇਆ । ਨਿਰਗੁਣ ਨਿਰਗੁਣ ਮੇਲਾ ਦਏ ਕਰਾ, ਘਰ ਸੁਹੰਜਣਾ ਇਕ ਰਘੁਰਾਇਆ । ਨਿਰਗੁਣ ਕੰਤ ਨਿਰਗੁਣ ਨਾਰੀ ਨਿਰਗੁਣ ਜੋਤੀ ਲਏ ਪ੍ਰਨਾ, ਨਿਰਗੁਣ ਨਿਰਗੁਣ ਰੰਗ ਰੰਗਾਇਆ । ਨਿਰਗੁਣ ਸੇਜਾ ਮਾਣੇ ਨਿਰਗੁਣ ਥਾਂ, ਦਿਸ ਕਿਸੇ ਨਾ ਆਇਆ । ਨਿਰਗੁਣ ਪਿਤਾ ਨਿਰਗੁਣ ਮਾਂ, ਨਿਰਗੁਣ ਪੂਤ ਸਪੂਤਾ ਸ਼ਬਦੀ ਜਾਇਆ । ਪਾਰਬ੍ਰਹਮ ਪ੍ਰਭ ਪਕੜੀ ਬਾਂਹ, ਸਿਰ ਆਪਣਾ ਹੱਥ ਰਖਾਇਆ । ਇਕ ਵਖਾਏ ਥਿਰ ਘਰ ਗਿਰਾਂ, ਦੂਸਰ ਦਰ ਨਾ ਕੋਇ ਸੁਹਾਇਆ । ਬਿਨ ਹਰਿ ਭੇਵ ਕੋਈ ਜਾਣੇ ਨਾ, ਹਰਿ ਬੈਠਾ ਭੇਵ ਛੁਪਾਇਆ । ਆਦਿ ਪੁਰਖ ਕੋਈ ਪਛਾਣੇ ਨਾ, ਆਦਿ ਅੰਤ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇਆ । ਸੰਗ ਰਖਾਇਆ ਪਿਤਾ ਪੂਤ, ਨਿਰਗੁਣ ਜੋਤ ਜਗਾਈਆ । ਆਪੇ ਤਾਗਾ ਆਪੇ ਸੂਤ, ਤਾਣਾ ਪੇਟਾ ਆਪ ਅਖਵਾਈਆ । ਆਪੇ ਦਹਿ ਦਿਸ਼ਾ ਆਪੇ ਚਾਰੇ ਕੂਟ, ਹਰ ਘਟ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਸ਼ਬਦ ਸ਼ਬਦੀ ਰਚਨ ਰਚਾਈਆ । ਸ਼ਬਦ ਸੁਤ ਹਰਿ ਦੁਲਾਰਾ, ਹਰਿ ਸਾਚੇ ਆਪ ਉਠਾਇਆ । ਕਿਰਪਾ ਕਰੇ ਹਰਿ ਕਰਤਾਰਾ, ਕਰਤਾ ਕਰਨੀ ਰਿਹਾ ਕਮਾਇਆ । ਲੋਆਂ ਪੁਰੀਆਂ ਕਰ ਉਸਾਰਾ, ਬ੍ਰਹਿਮੰਡਾਂ ਖੰਡਾਂ ਬਣਤ ਬਣਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰਾ, ਜੋਤੀ ਜੋਤ ਜਗਾਇਆ । ਤ੍ਰੈਗੁਣ ਮਾਇਆ ਬੰਨੇ ਧਾਰਾ, ਤੇਰਾ ਮੇਰਾ ਰੂਪ ਵਟਾਇਆ । ਸੋ ਪੁਰਖ ਨਿਰੰਜਣ ਕਰ ਅਕਾਰਾ, ਆਪ ਆਪਣਾ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਸੇਵਕ ਸੇਵਾ ਰਿਹਾ ਕਮਾਇਆ । ਸ਼ਬਦੀ ਸੁਤ ਸੇਵਾਦਾਰ, ਬ੍ਰਹਿਮੰਡ ਖੰਡ ਰਚਨ ਰਚਾਈਆ । ਪਾਰਬ੍ਰਹਮ ਖੇਲੇ ਖੇਲ ਅਪਰ ਅਪਾਰ, ਆਪਣੇ ਹੱਥ ਰੱਖੇ ਵਡਿਆਈਆ । ਤ੍ਰੈ ਤ੍ਰੈ ਦੇਸਾ ਦੇਸ ਅਕਾਰ, ਤ੍ਰੈ ਤ੍ਰੈ ਰੰਗ ਰੰਗਾਈਆ । ਤ੍ਰੈ ਤ੍ਰੈ ਦੇਸਾ ਰੰਗ ਕਰਤਾ ਕਰੇ ਕਰਨੇਹਾਰ, ਅਕਾਲ ਪੁਰਖ ਵੱਡੀ ਵਡਿਆਈਆ । ਧਰਨੀ ਧਰਤ ਧਵਲ ਧਰੇ ਸੰਸਾਰ, ਜਲ ਬਿੰਬ ਆਪ ਧਰਾਈਆ । ਆਤਮ ਬ੍ਰਹਮ ਬ੍ਰਹਮ ਗਏ ਵਿਚਾਰ, ਕਵਲਾ ਕਵਲ ਰੂਪ ਵਟਾਈਆ । ਸ਼ਬਦ ਅਨਾਦੀ ਧੁਨ ਸੁਣੇ ਸੁਣਾਏ ਇਕ ਧੁਨਕਾਰ, ਆਪਣਾ ਤਾਲ ਵਜਾਈਆ । ਆਪੇ ਕੀਆ ਖ਼ਬਰਦਾਰ, ਆਪ ਆਪਣੀ ਬੂਝ ਬੁਝਾਈਆ । ਲੇਖ ਲਿਖਾਏ ਹਰਿ ਨਿਰੰਕਾਰ,


੬੪੩ ੦੭

ਸ਼ਬਦੀ ਚੋਟ ਨਗਾਰੇ ਲਾਈਆ । ਵੰਡੀ ਵੰਡ ਕਰੇ ਕਰਤਾਰ, ਏਕਾ ਵੰਡ ਵੰਡਾਈਆ । ਲੋਕਮਾਤ ਹੋਇਆ ਖ਼ਬਰਦਾਰ, ਪੰਜ ਤਤ ਕਰੇ ਕੁੜਮਾਈਆ । ਆਪ ਆਪਣਾ ਕਰ ਅਕਾਰ, ਮਨ ਮਤ ਬੁੱਧ ਨਾਲ ਰਲਾਈਆ । ਨੌਂ ਦਰ ਖੋਲ੍ਹ ਇਕ ਕਵਾੜ, ਨੌਂ ਖੰਡ ਬਣਤ ਬਣਾਈਆ । ਸੱਤ ਦੀਪ ਪਾਵੇ ਸਾਰ, ਜੋਤ ਨਿਰੰਜਣ ਸੇਵ ਕਮਾਈਆ । ਦਸਮ ਦਵਾਰੀ ਅੱਧਵਿਚਕਾਰ, ਪ੍ਰਭ ਸਾਚੇ ਆਪ ਰਖਾਈਆ । ਨਿਰਗੁਣ ਬੈਠ ਸੱਚੀ ਸਰਕਾਰ, ਚਿੱਟੀ ਧਾਰਾ ਇਕ ਵਹਾਈਆ । ਨੂਰੋ ਨੂਰ ਕਰੇ ਉਜਿਆਰ, ਆਸਣ ਸਿੰਘਾਸਣ ਇਕ ਵਿਛਾਈਆ । ਆਪੇ ਕਰਿਆ ਬੰਦ ਕਵਾੜ, ਆਪੇ ਲਏ ਖੁਲ੍ਹਾਈਆ । ਆਪੇ ਫਿਰੇ ਪਿਛੇ ਅਗਾੜ, ਗੁਰ ਸ਼ਬਦੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਗੁਣ ਧਾਰ, ਲੋਕਮਾਤ ਵੱਜੀ ਵਧਾਈਆ । ਸ਼ਬਦ ਡੰਕ ਏਕੰਕਾਰ, ਆਪਣਾ ਆਪ ਵਜਾਇਆ । ਬ੍ਰਹਮਾ ਵੇਤਾ ਕੀਆ ਖ਼ਬਰਦਾਰ, ਵੇਦ ਵਿਦਾਤਾ ਰਿਹਾ ਲਿਖਾਇਆ । ਚਾਰੇ ਮੁਖ ਗਏ ਹਾਰ, ਅੱਠੇ ਨੇਤਰ ਦਏ ਤਰਸਾਇਆ । ਪਾਇਆ ਪੁਰਖ ਨਾ ਅਗੰਮ ਅਪਾਰ, ਆਵਣ ਜਾਵਣ ਨਾ ਮੂਲ ਚੁਕਾਇਆ । ਨੇਤਰ ਰੋਵੇ ਜ਼ਾਰੋ ਜ਼ਾਰ, ਦਿਵਸ ਰੈਣ ਨੀਰ ਵਹਾਇਆ । ਲੱਖ ਚੁਰਾਸੀ ਕਰ ਤਿਆਰ, ਤੇਰਾ ਭੇਵ ਕੋਈ ਨਾ ਪਾਇਆ । ਵੰਡੇ ਵੰਡ ਵਿਚ ਸੰਸਾਰ, ਨੌਂ ਦਸ ਗਿਆਰਾਂ ਬੀਸ ਤੀਸ ਚਾਰ ਲਿਖਾਇਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਆਪੇ ਡੇਰਾ ਲਾਇਆ । ਮਾਨਸ ਮਾਨੁਖ ਕਰ ਉਜਿਆਰ, ਹਰਿ ਪੂਰਨ ਬੂਝ ਬੁਝਾਇਆ । ਪੂਰਨ ਪੁਰਖ ਕਿਰਪਾ ਧਾਰ, ਸਾਚੇ ਸੰਤ ਲਏ ਜਗਾਇਆ । ਜਨ ਸੰਤਾਂ ਦੇਵੇ ਨਾਮ ਅਧਾਰ, ਅੰਦਰ ਮੰਦਰ ਗਿਆਨ ਦ੍ਰਿੜਾਇਆ । ਮੇਟ ਮਿਟਾਏ ਅੰਧ ਅੰਧਿਆਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਨਿਰਗੁਣ ਜੋਤ ਹੋ ਉਜਿਆਰ, ਅੱਗੇ ਬੈਠੀ ਸੀਸ ਝੁਕਾਇਆ । ਆਦਿ ਨਿਰੰਜਣ ਪਾਵੇ ਸਾਰ, ਆਪੇ ਵੇਖੇ ਵੇਖ ਵਖਾਇਆ । ਸ਼ਬਦ ਜਣਾਈ ਅਪਰ ਅਪਾਰ, ਬੋਧ ਅਗਾਧ ਨਾਮ ਧਰਾਇਆ । ਅਨਹਦ ਵੱਜੇ ਸਾਚਾ ਤਾਲ, ਤਾਲ ਤਲਵਾੜਾ ਇਕ ਵਖਾਇਆ । ਪੰਚਮ ਗਾਇਣ ਵਾਰੋ ਵਾਰ, ਸਾਚੀ ਸਖੀਆਂ ਮੇਲ ਮਿਲਾਇਆ । ਕਰ ਕਿਰਪਾ ਹਰਿਜਨ ਲਏ ਉਭਾਰ, ਆਪ ਆਪਣੀ ਬੂਝ ਬੁਝਾਇਆ । ਆਪੇ ਖੋਲ੍ਹਣਹਾਰ ਬੰਦ ਕਵਾੜ, ਬਜ਼ਰ ਕਪਾਟੀ ਤੋੜ ਤੁੜਾਇਆ । ਮੇਟ ਮਿਟਾਏ ਪੰਚਮ ਧਾੜ, ਕਾਮ ਕਾਮਨੀ ਨੇੜ ਨਾ ਆਇਆ । ਤ੍ਰੈਗੁਣ ਮਾਇਆ ਦੇਵੇ ਸਾੜ, ਪੰਚਮ ਤਤ ਨਾ ਤਤ ਜਲਾਇਆ । ਜੋਤ ਜਗਾਏ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਵੇਖ ਵਖਾਇਆ । ਅਗਨੀ ਤਪੇ ਨਾ ਤੱਤੀ ਹਾੜ, ਸੀਤਲ ਧਾਰ ਨਾ ਕੋਈ ਠਰਾਇਆ । ਆਪੇ ਹੋਏ ਪਿਛੇ ਅਗਾੜ, ਆਪ ਆਪਣਾ ਬਿਰਧ ਰਖਾਇਆ । ਸੰਤਨ ਦੋਖੀ ਆਪ ਚਬਾਏ ਆਪਣੀ ਦਾੜ੍ਹ, ਵੇਸ ਅਨੇਕ ਨਿਤ ਨਵਿਤਾ ਕਰਦਾ ਆਇਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੋਲ ਫੁਲਾਇਆ । ਆਦਿ ਜੁਗਾਦੀ ਧੁਰਦਰਗਾਹੀ ਸਾਚਾ ਲਾੜ, ਆਦਿ ਨਿਰੰਜਣ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ, ਅਕਾਲ ਮੂਰਤ ਵਿਚ ਟਿਕਾਇਆ । ਮੂਰਤ ਅਕਾਲ ਰਹਿਤ ਅਜੂਨੀ, ਏਕਾ ਏਕ ਅਖਵਾਇੰਦਾ । ਦਾਤਾ ਦਾਨੀ ਵਡ ਗੁਣ ਗੁਣੀ, ਗੁਣਵੰਤਾ ਨਾਮ ਧਰਾਇੰਦਾ । ਆਪ ਆਪਣਾ ਆਪੇ ਛਾਣੀ ਪੁਣੀ, ਪੁਣ ਛਾਣ ਆਪ ਕਰਾਇੰਦਾ । ਆਪਣੀ ਪੁਕਾਰ ਆਪੇ ਸੁਣੀ, ਸੁਣਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮਾਤ ਵੇਸ ਕਰ, ਆਪ ਆਪਣਾ ਨਾਉਂ ਧਰਾਇੰਦਾ । ਲੋਕਮਾਤ ਵੇਸ ਅਵੱਲਾ, ਕਰੇ ਹਰਿ ਨਿਰੰਕਾਰਿਆ । ਆਵੇ ਜਾਵੇ ਇਕ ਇਕੱਲਾ, ਖੇਲੇ ਖੇਲ ਵਡ ਸੰਸਾਰਿਆ । ਸ਼ਬਦ ਰਖਾਏ

ਏਕਾ ਭੱਲਾ, ਤਿੱਖੀ ਰੱਖੇ ਧਾਰਿਆ। ਭਗਤਨ ਮੀਤਾ ਕਰੇ ਹੱਲਾ, ਬੁਲਾਏ ਨਾਮ ਜੈਕਾਰਿਆ। ਧਾਮ ਸੁਹਾਏ ਨਿਹਚਲ ਇਕ ਅਟੱਲਾ, ਉਚ ਮਹੱਲ ਮੁਨਾਰਿਆ। ਆਪਣੀ ਜੋਤੀ ਆਪੇ ਬਲਾ, ਨੂਰੋ ਨੂਰ ਅਪਾਰਿਆ। ਆਪਣਾ ਦਰ ਆਪੇ ਖਲਾ, ਹਰਿ ਸਾਚਾ ਸਿਰਜਣ ਹਾਰਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਗੁਰ ਅਵਤਾਰਿਆ। ਆਦਿ ਅੰਤ ਹਰਿ ਅਵਤਾਰਾ, ਜੁਗ ਜੁਗ ਵੇਸ ਵਟਾਇਆ। ਵੇਦ ਕਤੇਬ ਨਾ ਪਾਏ ਸਾਰਾ, ਨਾ ਕੋਈ ਲੇਖ ਲਿਖਾਇਆ। ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਪੜ੍ਹ ਪੁਸਤਕ ਭੇਵ ਨਾ ਰਾਇਆ। ਚੋਟੀ ਚੜ੍ਹ ਚੜ੍ਹ ਥੱਕੇ ਜੀਵ ਅੰਜਾਣਾ, ਦਰ ਸਾਚਾ ਦਿਸ ਨਾ ਆਇਆ। ਕਿਸੇ ਹੱਥ ਨਾ ਆਏ ਰਾਜਾ ਰਾਣਾ, ਸ਼ਾਹ ਸੁਲਤਾਨ ਨਾ ਵੇਖ ਵਖਾਇਆ। ਗੁਰਮੁਖ ਵਿਰਲਾ ਸੰਤ ਸੁਹੇਲਾ ਦਰ ਹੋਏ ਨਿਮਾਣਾ, ਢਹਿ ਢਹਿ ਚਰਨੀ ਸੀਸ ਨਿਵਾਇਆ। ਦੇਵੇ ਦਰਸ ਸ੍ਰੀ ਭਗਵਾਨਾ, ਆਦਿ ਜੁਗਾਦੀ ਮੇਲ ਮਿਲਾਇਆ। ਸਤਿਜੁਗ ਸਾਚਾ ਵੇਖ ਵਖਾਣਾ, ਦੁਆਪਰ ਮੂਲ ਚੁਕਾਇਆ। ਕਲਜੁਗ ਲੋਕਮਾਤ ਹੋ ਪਰਧਾਨਾ, ਆਪਣਾ ਡੰਕ ਰਿਹਾ ਵਜਾਇਆ। ਜੂਠ ਝੂਠ ਇਕ ਨਿਸ਼ਾਨਾ, ਮਾਇਆ ਮਮਤਾ ਨਾਲ ਰਲਾਇਆ। ਕਾਮ ਕਰੋਧੀ ਬੱਧਾ ਗਾਨਾ, ਹਉਮੇ ਸਗਨ ਮਨਾਇਆ। ਜਗਤ ਵਿਕਾਰਾ ਕਰ ਇਸ਼ਨਾਨਾ, ਪੰਚ ਤਤ ਸੁਹਾਇਆ। ਆਪਣਾ ਮੂਲ ਨਾ ਆਪ ਪਛਾਣਾ, ਹਰਿ ਕਾ ਭੇਵ ਨਾ ਰਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ। ਕਲਜੁਗ ਜੋਧਾ ਸੂਰ ਬਲਕਾਰ, ਚਾਰ ਕੁੰਟ ਉਠ ਲਲਕਾਰਿਆ। ਦਿਤਾ ਵਰ ਪਰਵਰਦਿਗਾਰ, ਨਾਲ ਰਲਾਇਆ ਚਾਰ ਯਾਰਿਆ। ਅੱਲਾ ਰਾਣੀ ਕਰ ਪਿਆਰ, ਏਕਾ ਧਾਮ ਵਖਾ ਲਿਆ। ਏਕਾ ਕਲਮਾ ਰਸਨ ਉਚਾਰ, ਏਕਾ ਨਾਅਰਾ ਲਾ ਲਿਆ। ਏਕਾ ਕਾਅਬਾ ਕਰ ਪਿਆਰ, ਏਕਾ ਹਾਜੀ ਹਜ ਵਖਾ ਲਿਆ। ਦੋ ਦੋ ਆਬਾ ਮੇਲ ਵਿਚ ਸੰਸਾਰ, ਪੁੰਨ ਸਵਾਬਾ ਆਪ ਜਣਾ ਲਿਆ। ਸ਼ਾਹ ਨਵਾਬਾ ਆਪ ਕਰਤਾਰ, ਆਪਣਾ ਵੇਸ ਵਟਾ ਲਿਆ। ਚਰਨ ਘੋੜੇ ਦੇ ਰਕਾਬ, ਦੁਲਦੁਲ ਐਲੀ ਆਪ ਸੁਹਾ ਲਿਆ। ਮਾਰੇ ਵਾਜਾਂ ਮੁਖ ਨਕਾਬ, ਦੂਈ ਦਵੈਤੀ ਪਰਦਾ ਪਾ ਲਿਆ। ਅੰਤਮ ਕਿਸੇ ਹੱਥ ਨਾ ਔਣਾ ਆਬੇਹਯਾਤ, ਭਰ ਪਿਆਲਾ ਨਾ ਕੋਈ ਪਿਆ ਰਿਹਾ। ਚੌਦਾਂ ਲੋਕ ਵੇਖੇ ਕਾਇਨਾਤ, ਚੌਦਾਂ ਤਬਕਾਂ ਹੱਟ ਖੁਲ੍ਹਾ ਲਿਆ। ਪੁਰਖ ਅਗੰਮਾ ਵੇਖੇ ਮਾਰ ਝਾਤ, ਸ਼ਬਦ ਸਿੰਘਾਸਣ ਲਾ ਲਿਆ। ਜਗਤ ਮਸਲਾ ਵੇਖ ਜਮਾਤ, ਪੰਚਮ ਸੀਸ ਝੁਕਾ ਲਿਆ। ਰੈਣ ਅੰਧੇਰੀ ਵਸੇ ਰਾਤ, ਸਾਚਾ ਚੰਦ ਨਾ ਕੋਈ ਚੜ੍ਹਾ ਲਿਆ। ਅੱਗੇ ਦੂਰ ਨਾ ਕੋਈ ਵਾਟ, ਲੇਖਾ ਮੁਹੰਮਦ ਆਪ ਗਣਾ ਲਿਆ। ਸਦੀ ਚੌਧਵੀਂ ਚੜ੍ਹਿਆ ਘਾਟ, ਘਾਟਾ ਕਿਸੇ ਨਾ ਪੂਰ ਕਰਾ ਲਿਆ। ਲਹਿਣਾ ਦੇਣਾ ਚੁੱਕੇ ਧਰਤ ਮਾਤ, ਤੇਰੀ ਕੁੱਖ ਆਨ ਬਾਟ ਆਪ ਆਪਣਾ ਭਾਰ ਉਠਾ ਲਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਸੰਗ ਨਿਭਾ ਲਿਆ। ਕਲਜੁਗ ਸੂਰਾ ਵਡ ਬਲਵਾਨ, ਚਾਰੋਂ ਕੁੰਟ ਹੰਕਾਰਿਆ। ਜੂਠ ਝੂਠ ਲੈ ਨਿਸ਼ਾਨ, ਫਿਰੇ ਵਿਚ ਸੰਸਾਰਿਆ। ਚਾਰੋਂ ਕੁੰਟ ਪਾਏ ਆਣ, ਹਉਮੇ ਗੜ੍ਹ ਪਸਾਰਿਆ। ਸਾਧ ਸੰਤ ਨਾ ਕਰਨ ਪਛਾਣ, ਮਾਇਆ ਪਰਦਾ ਉਤੇ ਪਾ ਰਿਹਾ। ਮੁਲਾਂ ਸ਼ੇਖ਼ ਮੁਸਾਇਕ ਫੜ ਬਗਲ ਕੁਰਾਨ, ਜਗਤ ਕਲਮਾ ਇਕ ਪੜ੍ਹਾ ਲਿਆ। ਸਚ ਨਾ ਦਿਸੇ ਕੋਈ ਈਮਾਨ, ਨਾਮ ਅਮਾਮ ਨਾ ਕੋਈ ਵਖਾ ਰਿਹਾ। ਹਉਮੇ ਪੀਏ ਜਗਤ ਜਾਮ, ਆਬ ਪਿਆਲਾ ਨਾ ਮੁਖ ਲਗਾ ਲਿਆ। ਧੁਰਦਰਗਾਹੀ ਨਾ ਦੇਵੇ ਕੋਈ ਦਾਤ, ਜਗਤ ਝੋਲੀ ਸਰਬ ਭਰਾ ਰਿਹਾ। ਵੇਲੇ ਅੰਤ ਨਾ ਕੋਈ ਪੁੱਛੇ ਵਾਤ, ਇਕ ਮੁਹੰਮਦ ਲੇਖ ਲਿਖਾ ਲਿਆ। ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਧੀਰ ਧਰਾ ਲਿਆ । ਕਲਜੁਗ ਤੇਰਾ ਰੰਗ ਚਲੂਲ, ਚਾਰੋਂ ਕੁੰਟ ਰੰਗਾਇਆ । ਸ੍ਰਿਸ਼ਟ ਸਬਾਈ ਗਈ ਭੂਲ, ਭਰਮ ਗੜ੍ਹ ਨਾ ਕੋਈ ਤੁੜਾਇਆ । ਨਾ ਕੋਈ ਫਲ ਨਾ ਕੋਈ ਫੂਲ, ਅੰਮ੍ਰਿਤ ਮੇਵਾ ਨਾ ਕੋਈ ਵਿਖਾਇਆ । ਸ਼ਬਦ ਪੰਘੂੜਾ ਨਾ ਕੋਈ ਰਿਹਾ ਝੂਲ, ਜ਼ਿਮੀ ਅਸਮਾਨਾ ਵੇਖ ਵਖਾਇਆ । ਨਾ ਕੋਈ ਚੁਕਾਏ ਆਦਿ ਜੁਗਾਦਿ ਜੁਗ ਜੁਗ ਮੂਲ, ਲਹਿਣਾ ਲਹਿਣੇ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਮੁਹੰਮਦ ਵੇਖ ਵਖਾਇਆ । ਹਰਿ ਮੁਹੰਮਦ ਸ਼ਬਦ ਜਣਾ, ਆਪਣਾ ਆਪ ਦਰਸਾਇੰਦਾ । ਕਲਮਾ ਅਮਾਮ ਇਕ ਬਣਾ, ਕਾਇਨਾਤ ਵਸਾਇੰਦਾ । ਐਨਲਹੱਕ ਨਾਅਰਾ ਲਾ, ਹੱਕ ਹਕੀਕਤ ਆਪ ਜਣਾਇੰਦਾ । ਲਾਸ਼ਰੀਕ ਆਪ ਖ਼ੁਦਾ, ਖ਼ੁਦ ਖ਼ੁਦੀ ਵਿਚ ਨਾ ਆਇੰਦਾ । ਬੰਦਾ ਬੰਦਗੀ ਦਏ ਭੁਲਾ, ਖ਼ਾਲਕ ਖ਼ਲਕ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਰੰਗ, ਆਪ ਆਪਣਾ ਰੰਗ ਰੰਗਾਇੰਦਾ । ਚਾਰ ਯਾਰੀ ਰੰਗਿਆ ਰੰਗ, ਹਰਿ ਸਾਚੇ ਆਪ ਰੰਗਾਇਆ । ਚਾਰੋਂ ਕੁੰਟ ਵੱਜਾ ਮਰਦੰਗ, ਮਰਦੰਗਾ ਇਕ ਵਿਖਾਇਆ । ਸਚ ਸੁੱਚ ਹੋਈ ਨੰਗ, ਨਾ ਕੋਈ ਪਰਦਾ ਪਾਇਆ । ਵਰਨ ਬਰਨ ਵਹੇ ਗੰਗ, ਕਲਜੁਗ ਡੂੰਘੀ ਧਾਰ ਵਹਾਇਆ । ਕੋਈ ਨਾ ਦਿਸੇ ਕਿਸੇ ਸੰਗ, ਜੀਵ ਜੰਤ ਰਹੇ ਕੁਰਲਾਇਆ । ਧਰਤ ਮਾਤ ਮੰਗੀ ਮੰਗ, ਪ੍ਰਭ ਅੱਗੇ ਸੀਸ ਝੁਕਾਇਆ । ਨਾਮ ਰਤੜਾ ਚੋਲੀ ਦੇਣੀ ਰੰਗ, ਤੇਰਾ ਚੀਥੜਾ ਤਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇਆ । ਦਇਆ ਕਮਾ ਹਰਿ ਕਰਤਾਰ, ਆਪਣਾ ਕਰਮ ਕਮਾਇਆ । ਨਿਰਗੁਣ ਆਪਣਾ ਕਰਮ ਕਮਾ, ਆਪਣਾ ਵੇਸ ਵਟਾਇਆ । ਨਾਨਕ ਨਿਰਗੁਣ ਕਰਮ ਵਿਚਾਰ, ਕਰਮੀ ਕਰਮ ਕਮਾਇਆ । ਪੰਜ ਤਤ ਕਰ ਪਿਆਰ, ਜੋਤੀ ਨੂਰ ਦਰਸਾਇਆ । ਸ਼ਬਦੀ ਧੁਨ ਅਪਰ ਅਪਾਰ, ਅਨਹਦ ਤਾਲ ਵਜਾਇਆ । ਇਕ ਮਹੱਲ ਇਕ ਉਸਾਰ, ਸਾਢੇ ਤਿੰਨ ਹੱਥ ਬਣਤ ਬਣਾਇਆ । ਉਪਰ ਚੜ੍ਹ ਆਪ ਕਰਤਾਰ, ਘਰ ਸਾਚੇ ਡੇਰਾ ਲਾਇਆ । ਦਿਸ ਨਾ ਆਏ ਵਿਚ ਸੰਸਾਰ, ਨਾਨਕ ਗੁਰੂ ਦਰ ਦਰ ਫੇਰਾ ਪਾਇਆ । ਢੋਲਾ ਗਾਇਆ ਹਰਿ ਨਿਰੰਕਾਰ, ਘਰ ਸਾਚਾ ਇਕ ਸੁਹਾਇਆ । ਪੁਰਖ ਅਬਿਨਾਸ਼ੀ ਕਰ ਪਿਆਰ, ਘਰ ਆਪਣਾ ਇਕ ਸੁਹਾਇਆ । ਸੋਹੇ ਦਵਾਰਾ ਬੰਕ ਦਵਾਰ, ਪ੍ਰਭ ਅਬਿਨਾਸ਼ੀ ਡੇਰਾ ਲਾਇਆ । ਜਗੇ ਜੋਤ ਅਗੰਮ ਅਪਾਰ, ਨੂਰੋ ਨੂਰ ਦਰਸਾਇਆ । ਗਗਨ ਮੰਡਲ ਨਾ ਕੋਈ ਸੰਸਾਰ, ਚੰਦ ਸੂਰਜ ਦਿਸ ਨਾ ਆਇਆ । ਨਾਨਕ ਗੁਰ ਢਹਿ ਪਿਆ ਦਵਾਰ, ਦਰ ਦਰਵੇਸ਼ਾ ਨਾਉਂ ਧਰਾਇਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਫੜ ਬਾਹੋਂ ਗਲੇ ਲਗਾਇਆ । ਸਚਖੰਡ ਸਾਚੀ ਧਾਰ, ਹਰਿ ਸਾਚਾ ਰਿਹਾ ਚਲਾਇਆ । ਪੰਜ ਤਤ ਨਾ ਕੋਈ ਪਿਆਰ, ਨਾਨਕ ਨਿਰਗੁਣ ਨਿਰਗੁਣ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨੰਨਾ ਨਾਮ ਨਿਰਗੁਣ ਨਿਰਗੁਣ ਆਪ ਕਰਾਇਆ । ਨੰਨਾ ਮੁਕਤਾ ਨਿਰਗੁਣ ਧਾਰ, ਚਰਨ ਦਵਾਰ ਸੁਹਾਇੰਦਾ । ਨੰਨਾ ਸਿਹਾਰੀ ਕਰ ਪਿਆਰ, ਚਰਨ ਸੀਸ ਨਿਵਾਇੰਦਾ । ਨੰਨਾ ਔਂਕੜ ਹਰਿ ਵਿਚਾਰ, ਪ੍ਰਭ ਝੋਲੀ ਨਾਮ ਭਰਾਇੰਦਾ । ਸਤਿ ਨਾਮ ਭਰੇ ਭੰਡਾਰ, ਤ੍ਰੈਗੁਣ ਵਿਚ ਨਾ ਆਇੰਦਾ । ਤ੍ਰੈ ਲੋਕਾਂ ਵਸਿਆ ਬਾਹਰ, ਨਾਨਕ ਨਾਮ ਧਰਾਇੰਦਾ । ਪਾਇਆ ਵਰ ਪੁਰਖ ਕਰਤਾਰ, ਸਾਚੀ ਨਾਰੀ ਸੇਵ ਕਮਾਇੰਦਾ । ਦੋਏ ਜੋੜ ਕਰੇ ਨਿਮਸਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਤੇਰਾ ਘਰ ਤੇਰਾ ਦਰ ਹਰੀ ਹਰਿ ਮਿਲੇ ਵਰ ਵਿਚ ਸੰਸਾਰ, ਮੈਂ ਤੇਰਾ ਤੂੰ ਮੇਰਾ ਮੇਰਾ ਮੇਰਾ ਤੇਰਾ ਰੂਪ ਵਟਾਇੰਦਾ ।

ਪਾਰਬ੍ਰਹਮ ਅਬਿਨਾਸ਼ੀ ਕਰਤਾ ਕਿਰਪਾ ਧਾਰ, ਏਕਾ ਸ਼ਬਦ ਜਣਾਇੰਦਾ । ਸੋਹੰ ਸ਼ਬਦ ਰਸਨ ਉਚਾਰ, ਨਾਨਕ ਝੋਲੀ ਪਾਇੰਦਾ । ਨਾਨਕ ਮਿਲਿਆ ਵਿਚ ਕਰਤਾਰ, ਵਿਛੜ ਕਦੇ ਨਾ ਜਾਇੰਦਾ । ਹੰ ਹੰਗਤਾ ਦੇਵੇ ਮਾਰ, ਸੋ ਪੁਰਖ ਨਿਰੰਜਣ ਜੋ ਜਨ ਗਾਇੰਦਾ । ਨਾਨਕ ਗੁਰ ਪਾਈ ਸਾਰ, ਆਪਣਾ ਭੇਵ ਚੁਕਾਇੰਦਾ । ਸਚਖੰਡ ਸੁਹਾਇਆ ਏਕਾ ਥਾਨ, ਥਾਨ ਥਨੰਤਰ ਵੇਖ ਵਖਾਇੰਦਾ । ਨਿਰਗੁਣ ਜੋਤੀ ਹਰਿ ਭਗਵਾਨ, ਜੋਤੀ ਜੋਤ ਡਗਮਗਾਇੰਦਾ । ਸਤਿ ਸਰੂਪੀ ਦਿਸੇ ਨਿਸ਼ਾਨ, ਸਤ ਰੰਗਾ ਆਪ ਝੁਲਾਇੰਦਾ । ਸਤੇ ਜੋਤੀ ਇਕ ਮਕਾਨ, ਆਪੇ ਰੂਪ ਵਟਾਇੰਦਾ । ਪੰਜ ਤਤ ਕਰ ਪਰਧਾਨ, ਦੀਵਾ ਦੀਵਾ ਇਕ ਜਗਾਇੰਦਾ । ਘਰ ਘਰ ਵਿਚ ਘਰ ਮਹੱਲ ਅਟੱਲ ਇਕ ਮਕਾਨ, ਮਹੱਲ ਅਟੱਲ ਆਪ ਰਖਾਇੰਦਾ । ਆਪੇ ਜਾਣੇ ਜਾਣੀ ਜਾਣ, ਭੇਵ ਕੋਈ ਨਾ ਪਾਇੰਦਾ । ਨਾਨਕ ਗੁਰ ਗੁਰ ਨਾਨਕ ਨਾਨਕ ਹਰਿ ਦੇਵੇ ਦਾਨ, ਦੇ ਮਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇੰਦਾ । ਨਿਰਗੁਣ ਨਾਨਕ ਦਰਸ਼ਨ ਪਾ, ਆਪਣਾ ਮੂਲ ਚੁਕਾਇਆ । ਸੋ ਪੁਰਖ ਨਿਰੰਜਣ ਏਕਾ ਗਾ, ਹੰਗਤਾ ਰੋਗ ਮਿਟਾਇਆ । ਸੋਹੰ ਸ਼ਬਦ ਅਜਪਾ ਜਾਪ ਰਖਾ, ਜਪਤ ਜਪਤ ਸੁੱਖ ਪਾਇਆ । ਆਪਣੇ ਅੰਦਰ ਗਿਆ ਛੁਪਾ, ਨਾ ਦੂਸਰ ਕਿਸੇ ਹੱਥ ਫੜਾਇਆ । ਪੁਰਖ ਅਬਿਨਾਸ਼ੀ ਤੇਰੀ ਅਮਾਨਤ ਤੇਰੇ ਅੱਗੇ ਦਏ ਟਿਕਾ, ਤੇਰਾ ਤੇਰੀ ਝੋਲੀ ਪਾਇਆ । ਅੱਗੋਂ ਬੋਲੇ ਦਾਤਾ ਬੇਪਰਵਾਹ, ਨਾਨਕ ਤੋਲਾ ਆਪ ਬਣਾਇਆ । ਸੋਹੰ ਕੰਡਾ ਹੱਥ ਫੜਾ, ਮੋਦੀਖ਼ਾਨਾ ਇਕ ਚਲਾਇਆ । ਸਤਿ ਨਾਮ ਡੰਡਾ ਦਿਤਾ ਲਗਾ, ਜਗਤ ਜੀਵਾਂ ਆਪ ਵਖਾਇਆ । ਕਲਜੁਗ ਪਾਰ ਕੰਢਾ ਦਏ ਕਰਾ, ਜਿਸ ਜਨ ਰਸਨਾ ਗਾਇਆ । ਕਲਜੁਗ ਅੰਤਮ ਆਪਣੀ ਵੰਡਾ ਲਏ ਵੰਡਾ, ਲੱਖ ਚੁਰਾਸੀ ਫੋਲ ਫੁਲਾਇਆ । ਪਾਰਬ੍ਰਹਮ ਬੇਪਰਵਾਹ, ਅੰਤਮ ਖੇਲੇ ਖੇਲ ਸ੍ਰਿਸ਼ਟ ਸਬਾਇਆ । ਨਾਨਕ ਤੇਰਾ ਜੈਕਾਰਾ ਸੋਹੰ ਸ਼ਬਦ ਲੋਆਂ ਪੁਰੀਆਂ ਲੋਕਮਾਤ ਦਏ ਲਾ, ਜੋ ਅੰਦਰ ਮੁਖ ਰਖਾਇਆ । ਗੀਤ ਸੁਹਾਗੀ ਏਕਾ ਗਾ, ਏਕਾ ਢੋਲਾ ਦਏ ਜਣਾਇਆ । ਤਾਲ ਅਨਾਦੀ ਇਕ ਵਜਾ, ਏਕਾ ਰਾਗ ਅਲਾਇਆ । ਸ਼ਬਦ ਬ੍ਰਹਿਮਾਦੀ ਖੋਜ ਖੁਜਾ, ਬ੍ਰਹਿਮਾਦੀ ਵੇਖ ਵਖਾਇਆ । ਸੋਹੰ ਚੋਗ ਜਨ ਭਗਤਾਂ ਅੰਤਮ ਦਏ ਚੁਗਾ, ਕਾਗੋਂ ਹੰਸ ਬਣਾਇਆ । ਨਿਹਕਲੰਕੀ ਜਾਮਾ ਪਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਏਕਾ ਡੰਕ ਦਏ ਵਜਾ, ਲੱਖ ਚੁਰਾਸੀ ਦਏ ਉਠਾਇਆ । ਹਿੰਦੂ ਮੁਸਲਮ ਸਿਖ ਈਸਾਈ ਵਰਨ ਬਰਨ ਦਏ ਸਮਝਾ, ਏਕਾ ਮੰਤਰ ਨਾਮ ਦ੍ਰਿੜਾਇਆ । ਅੰਜੀਲ ਕੁਰਾਨ ਵੇਦ ਪੁਰਾਨ ਸ਼ਾਸਤਰ ਸਿਮਰਤ ਲੇਖ ਲਿਖਾ, ਲੇਖਾ ਆਪਣੇ ਹੱਥ ਰਖਾਇਆ । ਖਾਣੀ ਬਾਣੀ ਦਏ ਪੜ੍ਹਾ, ਲਹਿਣਾ ਲਹਿਣੇ ਝੋਲੀ ਪਾਇਆ । ਤਨ ਬਸਤਰ ਦੇਵੇ ਇਕ ਸਜਾ, ਅੰਗਦ ਅੰਗੀਕਾਰ ਕਰਾਇਆ । ਸ਼ਬਦ ਵਿਚੋਲਾ ਵਿਚ ਟਿਕਾ, ਜੋਤੀ ਜੋਤ ਕਰੇ ਰੁਸ਼ਨਾਇਆ । ਸਾਚਾ ਬੋਲਾ ਇਕ ਬੁਲਾ, ਬੋਲ ਬੁਲਾਰਾ ਇਕ ਰਖਾਇਆ । ਸਾਚੀ ਧਾਰਾ ਇਕ ਵਹਾ, ਨਿਰਗੁਣ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਵਕ ਸੇਵਾ ਵੇਖ ਵਖਾਇਆ । ਸੇਵਾ ਵੇਖ ਬਾਲ ਜਵਾਨੀ ਬਿਰਧ ਬੁੜੇਪਾ, ਇਕ ਵਖਾਈਆ । ਪੰਜ ਤਤ ਕੱਟਿਆ ਰੰਡ ਰੰਡੇਪਾ, ਨਾਰ ਸਵਾਣੀ ਰਹੀ ਕੁਰਲਾਈਆ । ਆਪਣਾ ਛੱਡਿਆ ਆਪੇ ਪੇਕਾ, ਘਰ ਸੌਹਰੇ ਆਈ ਘਰ ਘਰ ਧਾਈਆ । ਅਮਰੂ ਨਿਥਾਵਾਂ ਆਪੇ ਵੇਖਾ, ਆਪੇ ਲਏ ਪ੍ਰਨਾਈਆ । ਆਪੇ ਮਸਤਕ ਲਾਈ ਰੇਖਾ, ਆਪੇ ਜੋਤ ਜਗਾਈਆ । ਆਪ ਉਲਟਾਇਆ ਆਪਣਾ ਵੇਸਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਕਾਲ ਪੁਰਖ ਪ੍ਰਭ ਸਦਾ ਅਦੇਸਾ, ਪਾਰਬ੍ਰਹਮ ਵੱਜੀ ਵਧਾਈਆ । ਵੱਜੀ ਵਧਾਈ ਸਾਚੇ ਮੰਦਰ, ਕਾਇਆ ਗੜ੍ਹ ਸੁਹਾਇਆ । ਆਪ ਤੁੜਾਇਆ

ਵੱਜਾ ਜੰਦਰ, ਕਿਲਾ ਕੋਟ ਖੁਲ੍ਹਾਇਆ । ਜੋਤੀ ਸ਼ਬਦੀ ਮੇਲਾ ਅੰਦਰੇ ਅੰਦਰ, ਆਪਣਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਵਾ ਸਾਚੇ ਹਰਿ, ਹਰਿ ਮੰਦਰ ਆਪ ਸੁਹਾਇਆ । ਹਰਿ ਮੰਦਰ ਹਰਿ ਕਾਇਆ, ਘਰ ਏਕਾ ਏਕ ਵਿਖਾਇੰਦਾ । ਅਮਰਦਾਸ ਨਹਾਤਾ ਸਾਚੇ ਸਰ, ਸਚ ਸਰੋਵਰ ਇਕ ਜਣਾਇੰਦਾ । ਰਾਮਦਾਸ ਕਿਰਪਾ ਕਰ, ਆਪਣੀ ਬੂਝ ਬੁਝਾਇੰਦਾ । ਕੰਚਨ ਸੋਹੇ ਸਾਚਾ ਗੜ੍ਹ, ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਭਵਾਇੰਦਾ । ਅੰਮ੍ਰਿਤ ਸਰੋਵਰ ਤਾਲ ਭਰ, ਦਸਮ ਦਵਾਰੀ ਧਾਮ ਵਖਾਇੰਦਾ । ਗੁਰ ਕਿਰਪਾ ਹਰਿ ਕੀ ਪੌੜੀ ਗਿਆ ਚੜ੍ਹ, ਹਰਿ ਹਰਿ ਰੂਪ ਨਜ਼ਰੀ ਆਇੰਦਾ । ਆਪਣੇ ਅੰਦਰ ਆਪੇ ਵੜ, ਆਪਣਾ ਪੁਰਖ ਮਨਾਇੰਦਾ । ਅਗਨੀ ਹਵਨ ਨਾ ਗਿਆ ਸੜ, ਸੋ ਸਤਿਗੁਰ ਨਜ਼ਰੀ ਆਇੰਦਾ । ਨਾਨਕ ਗੁਰ ਲਾਈ ਜੜ੍ਹ, ਵੇਦੀ ਸੋਢੀ ਮੇਲ ਮਿਲਾਇੰਦਾ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਚਰਨ ਧਿਆਨ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਾ ਰੂਪ ਆਪ ਦਰਸਾਇੰਦਾ । ਹਰਿ ਕਾ ਮੰਦਰ ਹਰਿ ਦਵਾਰ, ਹਰਿ ਹਰਿ ਆਪ ਸੁਹਾਇਆ । ਰਾਮਦਾਸ ਗੁਰ ਕਰ ਪਿਆਰ, ਘਰ ਆਪਣਾ ਆਪ ਵਖਾਇਆ । ਮਹੱਲ ਅਟੱਲ ਸੋਹੇ ਇਕ ਮੁਨਾਰ, ਘਰ ਘਰ ਵਿਚ ਘਰ ਟਿਕਾਇਆ । ਸ਼ਬਦ ਧੁਨ ਨਾਦ ਅਨਾਦੀ ਵੱਜੇ ਧੁਨਕਾਰ, ਅਨਹਦ ਵੇਖ ਵਖਾਇਆ । ਸਖੀਆਂ ਮੰਗਲਚਾਰ, ਦਿਵਸ ਰੈਣ ਕਰਾਇਆ । ਅੰਮ੍ਰਿਤ ਬਰਖੇ ਠੰਡੀ ਠਾਰ, ਜਲ ਧਾਰਾ ਇਕ ਵਹਾਇਆ । ਸੁਰਤੀ ਸ਼ਬਦੀ ਇਕ ਪਿਆਰ, ਏਕਾ ਰੂਪ ਸਮਾਇਆ । ਏਕਾ ਗੁਰ ਕਰਤਾ ਕਰਨੇਹਾਰ, ਕਰਤਾ ਪੁਰਖ ਨਜ਼ਰੀ ਆਇਆ । ਅੰਦਰ ਬਾਹਰ ਪਾਵੇ ਸਾਰ, ਗੁਪਤ ਜ਼ਾਹਰ ਭੇਵ ਨਾ ਰਾਇਆ । ਅਮਰਦਾਸ ਕ੍ਰਿਪਾ ਧਾਰ, ਰਾਮਦਾਸ ਵੇਖ ਵਿਚਾਰ, ਨੇਤਰ ਨੈਣ ਦਰਸ਼ਨ ਪਾਇਆ । ਦਰਸ਼ਨ ਪਾਇਆ ਹਰਿ ਦਾਤਾਰ, ਹਰ ਘਰ ਵੱਜੀ ਵਧਾਈਆ । ਸੁਣਿਆ ਸ਼ਬਦ ਅਗੰਮ ਅਪਾਰ, ਅਗੰਮੜੀ ਧੁਨ ਰਖਾਈਆ । ਏਕਾ ਰੰਗ ਰਵੇ ਕਰਤਾਰ, ਆਦਿ ਜੁਗਾਦੀ ਬਣਤ ਬਣਾਈਆ । ਨਿਰਗੁਣ ਜੋਤੀ ਕਰ ਪਿਆਰ, ਸਰਗੁਣ ਵਿਚ ਸਮਾਈਆ । ਸਰਗੁਣ ਸਾਚਾ ਮੀਤ ਮੁਰਾਰ, ਨਿਰਗੁਣ ਡੇਰਾ ਲਾਈਆ । ਦੋਹਾਂ ਮਿਲਾਵਾ ਵਿਚ ਸੰਸਾਰ, ਪੰਜ ਤਤ ਵੇਖ ਵਖਾਈਆ । ਰਾਗ ਰਾਗਨੀ ਨਾ ਪਾਵੇ ਸਾਰ, ਰਾਗ ਛਤੀਸਾ ਰਹੇ ਗਾਈਆ । ਵੇਦ ਕਤੇਬ ਨਾ ਕੋਈ ਲੇਖ ਲਿਖਾਰ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਵਖਾਇਆ ਇਕ ਘਰ, ਘਰ ਸੁਹੰਜਣਾ ਜਗੇ ਜੋਤ ਨਿਰੰਜਣਾ, ਦਿਵਸ ਰੈਣ ਡਗਮਗਾਈਆ । ਸਾਚਾ ਘਰ ਗ਼ਰੀਬ ਨਿਵਾਜ਼ਾ, ਏਕਾ ਏਕ ਰਖਾਇਆ । ਆਪੇ ਖੋਲ੍ਹੇ ਬੰਦ ਦਰਵਾਜ਼ਾ, ਆਪੇ ਬੰਦ ਕਰਾਇਆ । ਆਪੇ ਬੈਠਾ ਰਾਜਨ ਰਾਜਾ, ਸ਼ਾਹੋ ਭੂਪ ਨਾਮ ਧਰਾਇਆ । ਆਪੇ ਮਾਰਨਹਾਰਾ ਵਾਜਾਂ, ਸ਼ਬਦੀ ਸ਼ਬਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਮਿਲਿਆ ਏਕਾ ਦਰ, ਘਰ ਸਾਚਾ ਦਏ ਦਰਸਾਇਆ । ਹਰਿ ਮੰਦਰ ਹਰਿ ਕਰਤਾਰ, ਗੁਰ ਗੁਰ ਦਏ ਸਮਝਾਈਆ । ਗੁਰ ਗੁਰ ਪੂਰਾ ਪਾਵੇ ਸਾਰ, ਸਤਿਗੁਰ ਵੇਖ ਵਖਾਈਆ । ਲੋਕਮਾਤ ਕਰ ਉਜਿਆਰ, ਇੱਟਾਂ ਗਾਰਾ ਰਚਨ ਰਚਾਈਆ । ਪੰਚਮ ਸ਼ਬਦੀ ਬੰਨ੍ਹੇ ਧਾਰ, ਸ਼ਬਦ ਕਰੇ ਕੁੜਮਾਈਆ । ਅਰਜਨ ਮੇਲਾ ਮੀਤ ਮੁਰਾਰ, ਪੁਰਖ ਅਬਿਨਾਸ਼ੀ ਪਾਇਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਬੁਝਾਈਆ । ਆਪੇ ਦੇਵੇ ਸ਼ਬਦ ਗਿਆਨਾ, ਆਪੇ ਬੂਝ ਬੁਝਾਇੰਦਾ । ਆਪੇ ਦੇਵੇ ਨਾਮ ਨਿਧਾਨਾ, ਆਪੇ ਜਾਮ ਪਿਆਇੰਦਾ । ਆਪੇ ਦੇਵੇ ਦੋ

ਜਹਾਨਾਂ ਮਾਣਾ, ਮਾਣ ਨਿਮਾਣਿਆਂ ਆਪ ਅਖਵਾਇੰਦਾ । ਆਪੇ ਬੰਨ੍ਹੇ ਹੱਥੀਂ ਗਾਨਾ, ਆਪੇ ਸਗਨ ਮਨਾਇੰਦਾ । ਆਪੇ ਲਿਖੇ ਲੇਖ ਮਹਾਨਾ, ਆਪਣਾ ਲੇਖਾ ਆਪ ਜਣਾਇੰਦਾ । ਸੰਤ ਭਗਤ ਭਗਵੰਤ ਹੋ ਪਰਧਾਨਾ, ਮੀਤ ਮੁਰਾਰਾ ਨਾਉਂ ਧਰਾਇੰਦਾ । ਗੁਰੂ ਗ੍ਰੰਥ ਇਕ ਵਖਾਣਾ, ਇਕਵੰਜਾ ਬਵੰਜਾ ਧਾਰ ਵਖਾਇੰਦਾ । ਸ਼ਬਦ ਗੁਰ ਗੁਰ ਸ਼ਬਦ ਨਾ ਕੋਈ ਦੂਸਰ ਹੋਰ ਮਨਾਣਾ, ਏਕਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਹੋ ਪਰਧਾਨਾ, ਸਾਚਾ ਮਾਰਗ ਲਾਇੰਦਾ । ਚਾਰ ਵਰਨਾਂ ਇਕ ਧਿਆਨਾ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੋਧ ਅਗਾਧ ਅਗਾਧ ਬੋਧ ਸ਼ਬਦ ਸ਼ਬਦੀ ਆਪ ਉਪਾਇੰਦਾ । ਸ਼ਬਦ ਅਨਾਦੀ ਧੁਰ ਤਰਾਨਾ, ਗੁਰ ਅਰਜਨ ਹਰਿ ਹਰਿ ਗਾਈਆ । ਪਾਇਆ ਪਦ ਇਕ ਨਿਰਬਾਨਾ, ਨਿਰਭੈ ਵਿਚ ਸਮਾਈਆ । ਅਕਾਲ ਮੂਰਤ ਵੇਖ ਵਿਖਾਣਾ, ਅਨਭਵ ਪ੍ਰਕਾਸ਼ ਕਰਾਈਆ । ਅਜੂਨੀ ਰਹਿਤ ਦੇਵੇ ਦਾਨਾ, ਅਕਾਲ ਪੁਰਖ ਵੱਡੀ ਵਡਿਆਈਆ । ਲੇਖ ਲਿਖਾਇਆ ਜਗਤ ਮਹਾਨਾ, ਧੁਰ ਦੀ ਬਾਣ ਚਲਾਈਆ । ਏਕਾ ਗੁਰੂ ਇਕ ਪਛਾਣਾ, ਏਕਾ ਗੋਬਿੰਦ ਵੇਖ ਵਖਾਈਆ । ਨਾ ਕੋਈ ਦਿਸੇ ਹੋਰ ਟਿਕਾਣਾ, ਨਾ ਕੋਈ ਸੀਸ ਝੁਕਾਈਆ । ਕਲਜੁਗ ਅੰਤਮ ਪ੍ਰਗਟੇ ਨਿਹਕਲੰਕ ਬਲੀ ਬਲਵਾਨਾ, ਹਰਿ ਮੰਦਰ ਫੇਰਾ ਪਾਈਆ । ਹਰਿ ਮੰਦਰ ਹੋਵਣ ਜੀਵ ਸ਼ੈਤਾਨਾ, ਮਦਿਰਾ ਮਾਸ ਮੁਖ ਲਗਾਈਆ । ਅਮਰਦਾਸ ਤੇਰਾ ਭੁੱਲਿਆ ਅੰਮ੍ਰਿਤ ਪੀਣਾ ਖਾਣਾ, ਸਾਚਾ ਜਾਮ ਨਾ ਕੋਈ ਪਿਆਈਆ । ਅਰਜਨ ਤੇਰੀ ਬਾਣੀ ਨਾ ਲਾਏ ਬਾਣਾ, ਮੂਰਖ ਮੂੜੇ ਗਏ ਭੁਲਾਈਆ । ਅਕਾਲ ਤਖ਼ਤ ਬਹਿ ਬਹਿ ਗਾਇਣ ਗਾਣਾ, ਅਕਾਲ ਪੁਰਖ ਨਜ਼ਰ ਨਾ ਆਈਆ । ਵਿਦਿਆ ਪੜ੍ਹ ਪੜ੍ਹ ਹੋਏ ਵਿਦਵਾਨਾ, ਬ੍ਰਹਮ ਵਿਦਿਆ ਨਾ ਕੋਈ ਜਣਾਈਆ । ਸ੍ਰਿਸ਼ਟ ਸਬਾਈ ਸੁਣਾਇਣ ਕਰ ਕਰ ਵਖਿਆਨਾ, ਆਪਣੀ ਵਿਆਖਿਆ ਨਾ ਕੋਈ ਕਰਾਇਆ । ਸਾਢੇ ਤਿੰਨ ਤਿੰਨ ਹੱਥ ਪਹਿਨ ਕਿਰਪਾਨਾ, ਸਾਢੇ ਤਿੰਨ ਹੱਥ ਰੱਛਿਆ ਨਾ ਕੋਈ ਕਰਾਈਆ । ਮਿਲਿਆ ਮੇਲ ਨਾ ਸ੍ਰੀ ਭਗਵਾਨਾ, ਧੁਰ ਧਾਮ ਨਾ ਕੋਈ ਜਣਾਈਆ । ਗੁਰੂ ਗ੍ਰੰਥ ਗੁਰ ਇਸ਼ਟ ਇਕ ਮਨਾਨਾ, ਅਕਾਲ ਪੁਰਖ ਗਿਆ ਸਮਝਾਈਆ । ਗੁਰੂ ਗ੍ਰੰਥ ਇਕ ਵਿਖਾਨਾ, ਬਿਨ ਹਰਿ ਹੋਏ ਨਾ ਕੋਈ ਸਹਾਈਆ । ਨਾਨਕ ਅੰਗਦ ਅਮਰਦਾਸ ਵਿਟਹੁ ਕੁਰਬਾਨਾ, ਨਿਉਂ ਨਿਉਂ ਰਹੇ ਸੀਸ ਝੁਕਾਈਆ । ਰਾਮਦਾਸ ਕਰ ਪਰਵਾਨਾ, ਹਰਿ ਮੰਦਰ ਆਪ ਟਿਕਾਈਆ । ਗੁਰ ਅਰਜਨ ਦੇਵੇ ਜਗਤ ਗਿਆਨਾ, ਸ਼ਬਦੀ ਸ਼ਬਦ ਜਣਾਈਆ । ਨਿਰਗੁਣ ਜੋਤ ਇਕ ਭਗਵਾਨਾ, ਖਾਣੀ ਬਾਣੀ ਜਿਸ ਰਚਨ ਰਚਾਈਆ । ਸੋ ਪੁਰਖ ਸੇਵੋ ਸਦਾ ਮਿਹਰਵਾਨਾ, ਅੰਤ ਜੋਤੀ ਜੋਤ ਮੇਲ ਮਿਲਾਈਆ । ਆਪੇ ਗੋਪੀ ਆਪੇ ਕਾਹਨਾ, ਸੀਤਾ ਰਾਮ ਆਪ ਅਖਵਾਈਆ । ਖੇਲੇ ਖੇਲ ਦੋ ਜਹਾਨਾਂ, ਦੋ ਜਹਾਨਾਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਗੋਬਿੰਦ ਵੇਖ ਵਖਾਈਆ । ਹਰਿਗੋਬਿੰਦ ਜੁੜਿਆ ਜੋੜਾ, ਜੋਤੀ ਜੋਤ ਜਗਾਇੰਦਾ । ਨਾਮ ਰਖਾਏ ਸਾਚਾ ਘੋੜਾ, ਸ਼ਬਦੀ ਸ਼ਬਦ ਦੌੜਾਇੰਦਾ । ਭਗਤ ਜਨਾਂ ਜਨ ਆਪੇ ਬੌਹੜਾ, ਆਪ ਆਪਣਾ ਬਿਰਧ ਰਖਾਇੰਦਾ । ਵੇਖੇ ਪਰਖੇ ਮਿੱਠਾ ਕੌੜਾ, ਮੇਰੀ ਤੇਰੀ ਤੇਰੀ ਮੇਰੀ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਰਾਏ ਏਕਾ ਨਈਆ ਨਾਮ ਚੜ੍ਹਾਏ, ਏਕਾ ਮਾਰਗ ਲਾਇੰਦਾ । ਏਕਾ ਮਾਰਗ ਏਕਾ ਧਾਰ, ਨਿਰਗੁਣ ਆਪ ਚਲਾਈਆ । ਨਾਨਕ ਸਰਗੁਣ ਕਰ ਪਿਆਰ, ਜੋਤੀ ਜੋਤ ਟਿਕਾਈਆ । ਜੋਤੀ ਖੇਲ ਅਗੰਮ ਅਪਾਰ, ਹਰਿਕ੍ਰਿਸ਼ਨ ਲਏ ਉਠਾਈਆ । ਹਰਿਕ੍ਰਿਸ਼ਨ ਪਾਇਆ ਹਰਿ ਦਵਾਰ, ਬਾਲ ਬਾਲੀ ਬੁੱਧ ਵਡਿਆਈਆ । ਗੁਰਮੁਖਾਂ ਇਹ ਗਿਆ ਪੁਕਾਰ, ਏਕਾ ਰਾਹ ਵਖਾਈਆ ।

੬੪੯
੦੨

ਦੋ ਦੋ ਕਰ ਖਵਾਰ, ਜਗਤ ਪਖੰਡਾ ਦਏ ਮਿਟਾਈਆ । ਪ੍ਰਗਟ ਹੋ ਵਿਚ ਸੰਸਾਰ, ਗੁਰਮੁਖਾਂ ਭਾਰ ਉਠਾਈਆ । ਅੰਤਮ ਲਹਿਣਾ ਦੇਣਾ ਦੇਵੇ ਕਰਜ ਉਤਾਰ, ਸੀਸ ਆਪਣਾ ਭੇਟ ਚੜ੍ਹਾਈਆ । ਦਿਲੀ ਵਖਾਏ ਇਕ ਦਰਬਾਰ, ਕਲਜੁਗ ਵੰਡ ਵੰਡਾਈਆ । ਗੋਬਿੰਦ ਸੁਤ ਇਕ ਦੁਲਾਰ, ਏਕਾ ਏਕ ਉਪਜਾਈਆ । ਅਬਿਨਾਸ਼ੀ ਅਚੁੱਤ ਕਿਰਪਾ ਧਾਰ, ਆਪਣਾ ਸੰਗ ਰਖਾਈਆ । ਮਾਤਾ ਗੁਜ਼ਰੀ ਜਗਤ ਸੁਹਾਏ ਰੁੱਤ ਫਲ ਫੁੱਲ ਖਿੜੀ ਗੁਲਜ਼ਾਰ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਈਆ । ਆਪਣਾ ਰੂਪ ਆਪ ਦਰਸਾ, ਆਪਣੀ ਕਲ ਵਰਤਾਇੰਦਾ । ਨੈਣਾਂ ਨੈਣਾਂ ਹਵਨ ਕਰਾ, ਏਕਾ ਮੰਗ ਮੰਗਾਇੰਦਾ । ਅਕਾਲ ਪੁਰਖ ਲਿਆ ਧਿਆ, ਅਕਾਲ ਮੂਰਤ ਨਜ਼ਰੀ ਆਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਪਣੀ ਦਇਆ ਕਮਾਇੰਦਾ । ਆਪਣਾ ਰੂਪ ਆਪ ਦਰਸਾ, ਤਨ ਸ਼ਸਤਰ ਇਕ ਲਟਕਾਇੰਦਾ । ਮੁੱਛ ਦਾੜ੍ਹੀ ਕੇਸ ਉਪਾ, ਸਤਿ ਸਰੂਪ ਬਣਾਇੰਦਾ । ਗੋਬਿੰਦ ਗੋਬਿੰਦ ਗੋਬਿੰਦ ਸਿੰਘ ਬਣਾ, ਸਿੰਘ ਅਸਵਾਰ ਕਰਾਇੰਦਾ । ਤੀਰ ਕਟਾਰ ਹੱਥ ਫੜਾ, ਏਕਾ ਧਾਰ ਵਹਾਇੰਦਾ । ਲੋਕਮਾਤ ਜੋਤ ਜਗਾ, ਪੰਚਮ ਪੰਚਮ ਉਠਾਇੰਦਾ । ਪੰਚਮ ਮੇਲਾ ਆਪ ਮਿਲਾ, ਪੰਚਮ ਮੋਹ ਚੁਕਾਇੰਦਾ । ਪੰਚਮ ਖੰਡਾ ਭੇਟ ਚੜ੍ਹਾ, ਪੰਚਮ ਆਪ ਉਠਾਇੰਦਾ । ਪੰਚਮ ਚੋਲੀ ਰੰਗ ਰੰਗਾ, ਰੰਗਣਹਾਰ ਆਪ ਹੋ ਜਾਇੰਦਾ । ਪੰਚਮ ਅੰਮ੍ਰਿਤ ਮੁਖ ਚੁਆ, ਪੰਚਮ ਜਾਮ ਪਿਆਇੰਦਾ । ਪੰਚਮ ਬਾਣੀ ਦਏ ਪੜ੍ਹਾ, ਪੰਚਮ ਰੋਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦਿਤਾ ਆਪਣਾ ਵਰ, ਹਰਿਗੋਬਿੰਦ ਰੂਪ ਵਟਾਇੰਦਾ । ਗੋਬਿੰਦ ਸਿੰਘ ਸਿੰਘ ਰੂਪ, ਹਰਿ ਹਰਿ ਨਾਮ ਧਰਾਇਆ । ਆਪੇ ਅੰਮ੍ਰਿਤ ਸੋਮਾ ਗਿਆ ਫੂਟ, ਆਪੇ ਧਾਰ ਵਹਾਇਆ । ਆਪੇ ਬਿਰਛ ਲਗਾਇਆ ਪੰਜ ਭੂਤ, ਆਪੇ ਵੇਖ ਵਖਾਇਆ । ਆਪੇ ਭਰ ਪਿਆਲਾ ਪਿਆਇਆ ਠੂਠ, ਊਚ ਨੀਚਾਂ ਮੇਟ ਮਿਟਾਇਆ । ਚੜ੍ਹਿਆ ਰੰਗ ਇਕ ਅਨੂਠ, ਕਾਇਆ ਚੋਲੀ ਰੰਗ ਰੰਗਾਇਆ । ਸਤਿਗੁਰ ਪੂਰਾ ਆਪੇ ਗਿਆ ਤੂਠ, ਆਪ ਆਪਣੀ ਦਇਆ ਕਮਾਇਆ । ਚਾਰ ਵਰਨ ਕਰਾਏ ਏਕਾ ਮੁੱਠ, ਦੂਈ ਦਵੈਤੀ ਪਰਦਾ ਲਾਹਿਆ । ਕਲਜੁਗ ਦਵਾਰੇ ਅੱਗੇ ਬੈਠਾ ਰੁੱਠ, ਨੇਤਰ ਰੋ ਰੋ ਨੀਰ ਵਹਾਇਆ । ਗੁਰ ਗੋਬਿੰਦ ਮੈਂ ਜਾਵਾਂ ਕਿਹੜੀ ਗੁੱਠ, ਮੇਰਾ ਵੇਲਾ ਅੰਤ ਨਹੀਂ ਆਇਆ । ਸੰਗ ਮੁਹੰਮਦ ਨਾ ਕੀਤਾ ਅਜੇ ਖ਼ਾਲੀ ਠੂਠ, ਚਾਰ ਯਾਰੀ ਨਾ ਪਰਦਾ ਪਾਇਆ । ਪੰਚ ਜੈਕਾਰਾ ਨਾ ਲਾਇਣ ਦਹਿ ਦਿਸ਼ਾ ਚਾਰੇ ਕੂਟ, ਹਰਿ ਕਾ ਭਾਣਾ ਨਾ ਕੋਈ ਮਿਟਾਇਆ । ਅੰਮ੍ਰਿਤ ਦੇ ਦੇ ਏਕਾ ਘੁੱਟ, ਤੇਰਾ ਢਈਆ ਵੇਖ ਵਖਾਇਆ । ਤੇਰੀ ਰਸਨਾ ਤੀਰ ਜਾਏ ਛੁੱਟ, ਨਾ ਕੋਈ ਰੋਕੇ ਸ੍ਰਿਸ਼ਟ ਸਬਾਇਆ । ਤੇਰਾ ਰੂਪ ਤੇਰਾ ਸਿਖ ਮੈਨੂੰ ਕੱਢੇ ਨਾ ਕੁੱਟ, ਮੈਂ ਵਾਸਤਾ ਤੇਰੇ ਅੱਗੇ ਪਾਇਆ । ਗੁਰ ਗੋਬਿੰਦਾ ਗਿਆ ਤੁਠ, ਆਇਆ ਦਰ ਨਿਰਾਸਾ ਕੋਈ ਨਾ ਜਾਇਆ । ਤੇਰੇ ਬੁੱਲਾਂ ਲਾਵਾਂ ਏਕਾ ਘੁੱਟ, ਅੰਦਰ ਬੂੰਦ ਨਾ ਕੋਈ ਕਰਾਇਆ । ਪੰਥ ਖ਼ਾਲਸੇ ਅੰਦਰ ਪਏ ਫੁੱਟ, ਤੇਰਾ ਲਹਿਣਾ ਦੇਵਾਂ ਚੁਕਾਇਆ । ਗੁਰਦਰ ਮੰਦਰ ਬਹਿ ਬਹਿ ਧੀਆਂ ਭੈਣਾਂ ਰਹੇ ਲੁੱਟ, ਵੇਸਵਾ ਘਰ ਬਣਾਇਆ । ਏਕਾ ਢਈਆ ਰੱਖੀ ਓਟ, ਕਲਜੁਗ ਤੇਰਾ ਤੇਰੇ ਅੱਗੇ ਰਖਾਇਆ । ਅੰਮ੍ਰਿਤ ਪੀ ਨਾ ਭਰੇ ਕਿਸੇ ਪੇਟ, ਤ੍ਰਿਸ਼ਨਾ ਅੱਗ ਵਧਾਇਆ । ਅਰਜਨ ਸ਼ਬਦ ਨਾ ਲਾਏ ਤਨ ਚੋਟ, ਬਾਣੀ ਬਾਣ ਨਾ ਕੋਈ ਵਖਾਇਆ । ਵੀਹ ਸੌ ਬਿਕ੍ਰਮੀ ਆਲ੍ਹਣਿਓਂ ਡਿਗਣੇ ਬੋਟ, ਨਾ ਸਕੇ ਕੋਈ ਉਠਾਇਆ । ਕੋਟੀ ਕੋਟ ਬੰਨੀ ਫਿਰਦੇ ਸਾਧ ਲੰਗੋਟ, ਧੀਰਜ ਯਤ ਨਾ ਕੋਈ ਰਖਾਇਆ । ਕੋਟੀ ਕੋਟ ਮੁਨੀ ਫਿਰਦੇ ਚੋਟ, ਚੋਟੀ ਚੜ੍ਹ ਦਰਸ ਕਿਸੇ ਨਾ ਪਾਇਆ ।


੬੫੦ ੦੭

ਕੋਟੀ ਕੋਟ ਭੰਗੀ ਭੰਗ ਰਹੇ ਘੋਟ, ਨਾਮ ਘੋਟਾ ਨਾ ਕੋਈ ਲਗਾਇਆ । ਕੋਟੀ ਕੋਟ ਦਰ ਦਰ ਮੰਗਦੇ ਫਿਰਨ ਰੋਟ, ਆਤਮ ਤ੍ਰਿਸ਼ਨਾ ਨਾ ਕੋਈ ਬੁਝਾਇਆ । ਕੋਟੀ ਕੋਟ ਜੀਵਾਂ ਜੰਤਾਂ ਕੱਢਦੇ ਫਿਰਨ ਖੋਟ, ਆਪਣਾ ਖੋਟ ਨਾ ਕੋਇ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖਿਆ ਘਰ, ਕਲਜੁਗ ਮੰਗਣ ਆਇਆ ਦਰ, ਦਰ ਦਰਵੇਸ਼ਾ ਝੋਲੀ ਪਾਇਆ । ਗੁਰ ਗੋਬਿੰਦਾ ਬੇਪਰਵਾਹ, ਪੁਰਖ ਅਕਾਲ ਮਨਾਇੰਦਾ । ਦੂਸਰ ਨਾ ਕੋਈ ਦਿਸੇ ਥਾਂ, ਨਾ ਕੋਈ ਧਾਮ ਸੁਹਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਗੁਜ਼ਰੀ ਲਾਲ ਨਾ ਕੋਈ ਜਣਾਇੰਦਾ । ਆਪੇ ਦੇਵਣਹਾਰਾ ਠੰਡੀ ਛਾਂ, ਦੁਸ਼ਟ ਦਮਨ ਸੁਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਗੁਰਮਤੀ ਆਪ ਸਮਝਾਇੰਦਾ । ਅੰਮ੍ਰਿਤ ਜਾਮ ਦਏ ਪਿਆ, ਪੀ ਅੰਮ੍ਰਿਤ ਦੁੱਖ ਮਿਟਾਇੰਦਾ । ਕਲਜੁਗ ਅੰਤਮ ਗਿਆ ਸਮਝਾ, ਆਪਣਾ ਰਾਹ ਵਖਾਇੰਦਾ । ਸੰਗ ਮੁਹੰਮਦ ਅੱਲਾ ਰਾਣੀ ਕਰ ਕਰ ਕੂਕੇ ਉਚੀ ਬਾਂਹ, ਉਚੇ ਟਿੱਲੇ ਬਾਂਗ ਸੁਣਾਇੰਦਾ । ਜਗਤ ਸਮੇਰੂ ਵੇਖੇ ਥਾਂ, ਕੋਹਤੂਰ ਫਿਰਾਇੰਦਾ । ਅਮਾਮ ਮਹਿੰਦੀ ਨਾਮ ਰਖਾ, ਨੂਰੋ ਨੂਰ ਦਰਸਾਇੰਦਾ । ਦਿਸ਼ਾ ਲਹਿੰਦੀ ਘੇਰਾ ਲਏ ਪਾ, ਪੀਰ ਫ਼ਕੀਰ ਔਲੀਆ ਕੁਤਬ ਸ਼ੇਖ਼ ਮੁਸਾਇਕ ਦਸਤਗੀਰ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੰਡ ਵੰਡਾਇੰਦਾ । ਕਲਜੁਗ ਵਰ ਘਰ ਸਾਚਾ ਪਾ, ਆਇਆ ਬੰਕ ਦਵਾਰ । ਸਿੰਘ ਗੋਬਿੰਦ ਤੇਰਾ ਨਾਂ, ਰਸਨਾ ਰਿਹਾ ਉਚਾਰ । ਫਤਿਹ ਡੰਕ ਇਕ ਵਜਾ, ਵਾਹਿਗੁਰੂ ਫਤਿਹ ਜੈਕਾਰ । ਰਾਓ ਰੰਕ ਦਈਂ ਭੁਲਾ, ਮਨ ਮਤ ਭਰ ਹੰਕਾਰ । ਜਗਤ ਅਖਾੜਾ ਦਈਂ ਵਖਾ, ਗੁਰ ਮੰਦਰ ਹਰਿ ਦਵਾਰ । ਸਿਆਸਤ ਲਾੜਾ ਘੋੜ ਚੜ੍ਹਾ, ਸੀਸ ਕਰੇ ਸ਼ਿੰਗਾਰ । ਸਿੰਘ ਤਾਰਾ ਭੇਵ ਨਾ ਰਾ, ਪ੍ਰਗਟ ਹੋਏ ਹਰਿ ਅਵਤਾਰ । ਗੁਰ ਗੋਬਿੰਦਾ ਲੇਖ ਲਿਖਾ, ਲਿਖਾਇਆ ਲੇਖ ਧੁਰ ਦਰਬਾਰ । ਮਾਤਲੋਕ ਨਾ ਸਕੇ ਕੋਈ ਮਿਟਾ, ਨਾ ਕੋਈ ਮਾਰੇ ਤੀਰ ਕਟਾਰ । ਸ਼ਬਦ ਗੁਰ ਉਠਿਆ ਦਾਤਾ ਬੇਪਰਵਾਹ, ਚਾਰੋਂ ਕੁੰਟ ਰਿਹਾ ਲਲਕਾਰ । ਲੱਖ ਚੁਰਾਸੀ ਦੇਣੀ ਫਾਹ, ਸੁਹਾਏ ਧਰਮ ਰਾਏ ਦਾ ਇਕ ਦਵਾਰ । ਸੰਤ ਸੁਹੇਲੇ ਲਏ ਜਗਾ, ਆਪ ਆਪਣੀ ਕਿਰਪਾ ਧਾਰ । ਸ਼ਬਦ ਖੋਜੀ ਲਏ ਬਚਾ, ਗੁਰ ਗੋਬਿੰਦ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਧੁਰ ਪਿਆਰ । ਗੁਰ ਗੋਬਿੰਦ ਸਿੰਘ ਤੇਰੀ ਬਣਤ ਬਣਾ, ਪੰਥੀ ਪੰਥ ਚਲਾਇੰਦਾ । ਘਰ ਬਾਹਰ ਦਰ ਦਰਬਾਰ ਗਿਆ ਤਜਾ, ਸੂਲਾਂ ਸੱਥਰ ਹੇਠ ਵਿਛਾਇੰਦਾ । ਅਕਾਲ ਪੁਰਖ ਇਕ ਮਨਾ, ਇਕ ਸੁਨੇਹੜਾ ਸਾਚੇ ਮਾਹੀ ਆਪ ਸੁਣਾਇੰਦਾ । ਤੇਰਾ ਤੇਰੀ ਝੋਲੀ ਦਿਤਾ ਪਾ, ਮੇਰਾ ਮੇਰਾ ਮੂਲ ਚੁਕਾਇੰਦਾ । ਅੰਤਮ ਮੇਲਾ ਕਿਹੜੇ ਥਾਂ, ਕਵਣ ਕੂਟ ਸੁਹਾਇੰਦਾ । ਪਾਰਬ੍ਰਹਮ ਪ੍ਰਭ ਰਿਹਾ ਜਣਾ, ਸ਼ਬਦੀ ਸ਼ਬਦ ਉਪਾਇੰਦਾ । ਕਲਜੁਗ ਅੰਤਮ ਮੇਲਾ ਲਵਾਂ ਮਿਲਾ, ਤੇਰਾ ਵਿਛੋੜਾ ਝੱਲਿਆ ਨਾ ਜਾਇੰਦਾ । ਤੇਰੀ ਨਗਰੀ ਡੇਰਾ ਲਾ, ਸੰਬਲ ਨਾਉਂ ਰਖਾਇੰਦਾ । ਸਾਢੇ ਤਿੰਨ ਹੱਥ ਬਣਤ ਬਣਾ, ਅੰਦਰ ਮੰਦਰ ਇਕ ਵਖਾਇੰਦਾ । ਨਾ ਕੋਈ ਬਾਢੀ ਬਣਤ ਦਏ ਬਣਾ, ਇੱਟਾਂ ਗਾਰਾ ਕੋਈ ਨਾ ਲਾਇੰਦਾ । ਨਾ ਕੋਈ ਦੂਈ ਦੁਸ਼ਟ ਦਏ ਵਸਾ, ਠੱਗ ਚੋਰ ਯਾਰ ਨਾ ਕੋਈ ਦਿਸ ਆਇੰਦਾ । ਨਾ ਕੋਈ ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਤੈਨੂੰ ਲਏ ਪੜ੍ਹਾ, ਜਗਤ ਵਿਦਿਆ ਨਾ ਕੋਈ ਰਖਾਇੰਦਾ । ਨਾ ਕੋਈ ਪੌੜੀ ਡੰਡਾ ਲਏ ਲਗਾ, ਨਾ ਕੋਈ ਸੁਖਮਨ ਰਾਹ ਤਕਾਇੰਦਾ । ਏਕਾ ਧਾਮ ਦਏ ਵਖਾ, ਸਚ ਸਿੰਘਾਸਣ ਫੂਲਣ ਆਸਣ ਆਪ ਵਿਛਾਇੰਦਾ । ਪੁਰਖ ਅਬਿਨਾਸ਼ੀ ਮੇਲ ਮਿਲਾ, ਬ੍ਰਹਮ


੬੫੧
੦੨

ਪਾਰਬ੍ਰਹਮ ਅਖਵਾਇੰਦਾ । ਪੂਰਨ ਗੋਤੀ ਇਕ ਕਰਾ, ਜੋਤੀ ਜੋਤ ਜਗਾਇੰਦਾ । ਸ਼ਬਦ ਸੋਟੀ ਹੱਥ ਫੜਾ, ਲੋਆਂ ਪੁਰੀਆਂ ਆਪ ਫਿਰਾਇੰਦਾ । ਕੋਟੀ ਕੋਟ ਬ੍ਰਹਿਮੰਡਾਂ ਦਏ ਜਗਾ, ਤੇਰੀ ਸੇਵਾ ਲਾਇੰਦਾ । ਜੇਰਜ ਅੰਡਾਂ ਵੇਖ ਵਖਾ, ਉਤਭੁਜ ਸੇਤਜ ਫੋਲ ਫੁਲਾਇੰਦਾ । ਕਲਜੁਗ ਭੇਖ ਪਖੰਡਾ ਦਏ ਮਿਟਾ, ਏਕਾ ਖੰਡਾ ਆਪ ਚਮਕਾਇੰਦਾ । ਨਾਰ ਦੁਹਾਗਣ ਰੰਡਾ ਕੋਈ ਦਿਸੇ ਨਾ, ਮਨਮੁੱਖ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੁਰ ਦਿਤਾ ਵਰ, ਕਲਜੁਗ ਤੇਰਾ ਮੇਰਾ ਮੇਰਾ ਘਰ ਏਕਾ ਘਰ ਸੁਹਾਇੰਦਾ । ਅਕਾਲ ਪੁਰਖ ਸੁਣ ਸੰਦੇਸ਼, ਗੁਰ ਗੋਬਿੰਦ ਵੱਜੀ ਵਧਾਈਆ । ਸੰਬਲ ਨਗਰੀ ਕਵਣ ਵੇਸ, ਕਵਣ ਕੂਟ ਵਸਾਈਆ । ਕਵਣ ਰਾਜਾ ਹੋਏ ਨਰੇਸ਼, ਕਵਣ ਸੁਲਤਾਨ ਅਖਵਾਈਆ । ਕਵਣ ਵੇਖੇ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਕਵਣ ਜਣਾਈਆ । ਕਵਣ ਬ੍ਰਹਮਾ ਕਰੇ ਅਦੇਸ਼, ਕਵਣ ਕਰੋੜ ਤੇਤੀਸਾ ਸੀਸ ਝੁਕਾਈਆ । ਕਵਣ ਦਵਾਰੇ ਹੋ ਪਰਵੇਸ਼, ਆਪਣੀ ਬੂਝ ਬੁਝਾਈਆ । ਮੰਗੇ ਮੰਗ ਦਸ ਦਸਮੇਸ਼, ਅੱਗੇ ਝੋਲੀ ਡਾਹੀਆ । ਪਾਰਬ੍ਰਹਮ ਪ੍ਰਭ ਸਦਾ ਅਦੇਸ਼, ਸਤਿਗੁਰ ਪੁਰਖ ਇਕ ਅਖਵਾਈਆ । ਆਪੇ ਹੋਏ ਨਰ ਨਰੇਸ਼, ਆਪੇ ਬੈਠੇ ਤਖ਼ਤ ਸੁਹਾਈਆ । ਆਪੇ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਆਪੇ ਕਰੋੜ ਤੇਤੀਸਾ ਵੇਖ ਵਖਾਈਆ । ਆਪੇ ਹੋਏ ਦਰ ਦਰਵੇਸ਼, ਲੋਕਮਾਤ ਫੇਰਾ ਪਾਈਆ । ਆਪ ਪਕੜ ਉਠਾਏ ਦਸ ਦਸਮੇਸ਼, ਸੰਬਲ ਨਗਰੀ ਧਾਮ ਸੁਹਾਈਆ । ਮੇਲ ਮਿਲਾਵਾ ਰਿਖੀ ਕੇਸ, ਜਗਤ ਗਵਰਧਨ ਭਾਰ ਚੁਕਾਈਆ । ਧਰਤ ਮਾਤ ਪੁਕਾਰੇ ਰੋਵੇ ਗਲ ਵਿਚ ਖੁਲ੍ਹੜੇ ਕੇਸ, ਦਿਵਸ ਰੈਣ ਰਹੀ ਕੁਰਲਾਈਆ । ਕਲਜੁਗ ਕੂੜ ਕੁੜਿਆਰਾ ਚਲਣ ਨਾ ਦੇਵੇ ਪੇਸ਼, ਭਰਮੇ ਭੁੱਲੀ ਲੋਕਾਈਆ । ਘਰ ਘਰ ਹੋਇਆ ਵੇਸਵਾ ਵੇਸ, ਨਾਰ ਦੁਹਾਗਣ ਸ੍ਰਿਸ਼ਟ ਸਬਾਈਆ । ਸਿਖ ਨਾ ਜਾਣੇ ਮੁੱਛ ਦਾੜ੍ਹੀ ਕੇਸ, ਮੂੰਡ ਮੁੰਡਾਏ ਭੇਵ ਨਾ ਰਾਈਆ । ਅੰਤਮ ਵੇਲੇ ਕਰ ਕਰ ਵੇਸ, ਆਪਣਾ ਵੇਸ ਲਏ ਵਟਾਈਆ । ਸ਼ਬਦ ਡੰਕ ਵਜਾਏ ਦੇਸ ਪਰਦੇਸ, ਨਿਹਕਲੰਕਾ ਨਾਉਂ ਰਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਚਲੇ ਪੇਸ਼, ਸਾਧਾਂ ਸੰਤਾਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਵੇਖਣਹਾਰ ਆਪ ਅਖਵਾਈਆ । ਕਲਜੁਗ ਅੰਤਮ ਕੂੜ ਹੁਲਾਰਾ, ਹਰਿ ਹਰਿ ਆਪ ਲਗਾਇਆ । ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਵੇਸ ਵਟਾਇਆ । ਚੌਦਾਂ ਤਬਕਾਂ ਏਕਾ ਨਾਅਰਾ, ਏਕਾ ਕਲਮਾ ਰਿਹਾ ਪੜ੍ਹਾਇਆ । ਸਾਚਾ ਸਬਕ ਨਾ ਕਰੇ ਪਿਆਰਾ, ਮੁਕਾਮੇ ਹੱਕ ਨਾ ਵੇਖ ਵਖਾਇਆ । ਅਮਾਮ ਮਹਿੰਦੀ ਕਰ ਅਵਤਾਰਾ, ਵੇਸੀ ਵੇਸ ਵਟਾਇਆ । ਮੱਕਾ ਮਦੀਨਾ ਪਾਵੇ ਸਾਰਾ, ਮੁਖ ਨਕਾਬ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਏ ਸਮਝਾਇਆ । ਕਲਜੁਗ ਅੰਤਮ ਜਗਤ ਪਾਂਧੇ, ਵਿਦਿਆ ਰਹੇ ਪੜ੍ਹਾਈਆ । ਪਾਰ ਕਿਨਾਰਾ ਦਿਸੇ ਨਾ ਥੱਕੇ ਮਾਂਦੇ, ਨੌਂ ਦਰ ਬੈਠੇ ਡੇਰੇ ਲਾਈਆ । ਢੋਲਕ ਛੈਣੇ ਗੀਤ ਆ ਗੌਂਦੇ, ਗੀਤ ਅਨਾਦੀ ਨਾ ਕੋਈ ਸੁਣਾਈਆ । ਤਿਲਕ ਲਲਾਟੀ ਬਹਿ ਬਹਿ ਲੌਂਦੇ, ਜੋਤ ਲਲਾਟੀ ਨਾ ਕੋਈ ਜਗਾਈਆ । ਨੇੜੇ ਵਾਟੀ ਸਰਬ ਵਖੌਂਦੇ, ਔਖੀ ਘਾਟੀ ਨਾ ਪਾਰ ਕਰਾਈਆ । ਬ੍ਰਹਿਮਣ ਗੌੜ ਪੂਤ ਸਪੂਤਾ ਊਚੇ ਟਿੱਲੇ ਪਰਬਤ ਕਿਸੇ ਨਾ ਪੌਂਦੇ, ਪੜ੍ਹ ਪੜ੍ਹ ਧੀਰ ਧਰਾਈਆ । ਲੰਕਾ ਗੜ੍ਹ ਨਾ ਕੋਈ ਤੁੜੌਂਦੇ, ਰਾਮ ਰਾਮਾ ਰਹੇ ਧਿਆਈਆ । ਕਲਜੁਗ ਕੰਸ ਨਾ ਕੋਈ ਮਟੌਂਦੇ, ਰਾਧਾ ਕ੍ਰਿਸ਼ਨ ਮੁਖ ਅਲਾਈਆ । ਮਾਇਆ ਡਸਨੀ ਜਗਤ ਨਾਗ ਗਲੋਂ ਨਾ ਲੌਂਹਦੇ, ਸ਼ਿਵ ਸ਼ੰਕਰ ਆਸ ਰਖਾਈਆ । ਬ੍ਰਹਮਾ ਬ੍ਰਹਮ ਘਰ ਘਰ ਧਿਔਂਦੇ,


੬੫੨ ੦੨

ਬ੍ਰਹਮ ਬ੍ਰਹਮ ਨਾ ਕੋਈ ਸੁਣਾਈਆ । ਜਪਿ ਜੀ ਸਾਹਿਬ ਰਸਨਾ ਧਿਔਂਦੇ, ਜੀ ਜਾਪ ਨਾ ਕੋਈ ਕਰਾਈਆ । ਰਹਿਰਾਸ ਨਿਤ ਵੇਖ ਵਖੌਂਦੇ, ਆਪਣੀ ਰਾਸ ਨਾ ਕੋਈ ਬਣਾਈਆ । ਕੀਰਤਨ ਸੋਹਲਾ ਕਹਿ ਕਹਿ ਸੁਣੌਂਦੇ, ਤਨ ਲਕੀਰ ਨਾ ਕੋਈ ਖਿਚਾਈਆ । ਸਾਧ ਸੰਤ ਜਗਤ ਜੰਜ਼ੀਰ ਤੁੜੌਂਦੇ, ਆਪਣਾ ਜੰਜ਼ੀਰ ਨਾ ਕੋਈ ਤੁੜਾਈਆ । ਘਰ ਘਰ ਪੂਜਾ ਪਾਠ ਸੁਣੌਂਦੇ, ਆਪਣਾ ਮਨ ਨਾ ਕੋਈ ਸਮਝਾਈਆ । ਜਗਤ ਪਾਠ ਅਖੰਡ ਕਰੌਂਦੇ, ਅਖੰਡ ਰਹਿਤ ਨਾ ਕੋਈ ਵਖਾਈਆ । ਮਨ ਮਤ ਨਾਰ ਰੰਡ ਹੰਡੌਂਦੇ, ਗੁਰ ਦਰ ਬੈਠੇ ਆਸਣ ਲਾਈਆ । ਆਪਣਾ ਭਾਰ ਨਾ ਆਪ ਵੰਡੌਂਦੇ, ਵੇਲੇ ਅੰਤ ਨਾ ਚੁੱਕਿਆ ਜਾਈਆ । ਪੂਜਾ ਧਾਨ ਨਾ ਪਾਰ ਕਰੌਂਦੇ, ਵਿਚ ਸਰਸੇ ਰਿਹਾ ਰੁੜ੍ਹਾਈਆ । ਸੰਧਿਆ ਉਠ ਉਠ ਸੰਖ ਵਜੌਂਦੇ, ਆਤਮ ਨਾਦ ਨਾ ਕੋਈ ਵਜਾਈਆ । ਗੁਰ ਦਰ ਮੰਦਰ ਬਹਿ ਬਹਿ ਧੂਪ ਧਖੌਂਦੇ, ਘਰ ਸੁਗੰਧੀ ਕਿਸੇ ਨਾ ਪਾਈਆ । ਜੀਵਾਂ ਜੰਤਾਂ ਦੀ ਵਾ ਤੱਤੀ ਹਟੌਂਦੇ, ਮੁਖ ਆਪਣੇ ਲੱਗੀ ਸ਼ਾਹੀਆ । ਗੀਤ ਸੁਹਾਗੀ ਸਾਰੇ ਗੌਂਦੇ, ਗੁਰਮੁਖ ਵਿਰਲੇ ਮਿਲਿਆ ਸਾਚਾ ਮਾਹੀਆ । ਲੱਖ ਚੁਰਾਸੀ ਔਂਦੇ ਜਾਂਦੇ, ਆਵਣ ਜਾਵਣ ਬਣਤ ਬਣਾਈਆ । ਗੁਰਸਿਖ ਸਾਚੇ ਹਰਿ ਦਵਾਰ ਆਪਣੀ ਭੁੱਲ ਬਖ਼ਸ਼ੌਂਦੇ, ਦੋਏ ਜੋੜ ਸੀਸ ਝੁਕਾਈਆ । ਮਨਮੁੱਖ ਦਰ ਤੋਂ ਮੁਖ ਭਵੌਂਦੇ, ਉਠਣ ਕਰ ਕਰ ਧਾਈਆ । ਨਾਨਕ ਢੋਲਾ ਜੋ ਜਨ ਗੌਂਦੇ, ਲੱਖ ਚੁਰਾਸੀ ਕੱਟੀ ਫਾਹੀਆ । ਗੁਰ ਗੋਬਿੰਦ ਜੋ ਦਰਸ਼ਨ ਪੌਂਦੇ, ਸਚਖੰਡ ਵੱਜੇ ਵਧਾਈਆ । ਸੋਹੰ ਸ਼ਬਦ ਜੋ ਜਨ ਬੱਤੀ ਦੰਦ ਗੌਂਦੇ, ਨਾਨਕ ਗੋਬਿੰਦ ਮੇਲ ਮਿਲਾਈਆ । ਸਾਚੇ ਗੁਰ ਧੁਰਦਰਗਾਹ ਗੁਰਮੁਖਾਂ ਆਪ ਬਖ਼ਸ਼ੌਂਦੇ, ਫੜ ਫੜ ਦੋਵੇਂ ਬਾਹੀਂਆ । ਮਨਮੁਖ ਜੀਵ ਜਗਤ ਸ਼ਰਮੌਂਦੇ, ਲੋਕ ਲਾਜ ਮਗਰ ਲਗਾਈਆ । ਨਿੰਦਿਆ ਗੀਤ ਏਕਾ ਗੌਂਦੇ, ਆਂਢ ਗਵਾਂਢ ਵੰਡ ਵੰਡਾਈਆ । ਧਰਮ ਰਾਏ ਨੂੰ ਅੰਤਮ ਭੌਂਦੇ, ਲਾੜੀ ਮੌਤ ਖ਼ੁਸ਼ੀ ਮਨਾਈਆ । ਚਿਤਰ ਗੁਪਤ ਦਾ ਲੇਖ ਲਿਖੌਂਦੇ, ਲੇਖਾ ਛੁਪਿਆ ਰਹੇ ਨਾ ਰਾਈਆ । ਸੰਮਤ ਸੋਲਾਂ ਰਾਹ ਤਕੌਂਦੇ, ਘਰ ਘਰ ਮਹਿੰਦੀ ਲਾਈਆ । ਔਸੀਆਂ ਪਾ ਪਾ ਸਗਨ ਮਨੌਂਦੇ, ਪੂਰੀ ਦੀ ਦੱਸਣ ਝੂਠੀ ਛਾਹੀਆ । ਸੰਮਤ ਸਤਾਰਾਂ ਵੇਖੇ ਕਾਗ ਉਡੌਂਦੇ, ਜਿਨ੍ਹਾਂ ਭੁੱਲਿਆ ਬੇਪਰਵਾਹੀਆ । ਪੰਥ ਖ਼ਾਲਸਾ ਦਰ ਆਏ ਕੁਰਲੌਂਦੇ, ਨਿਉਂ ਨਿਉਂ ਸੀਸ ਨਿਵੌਂਦੇ, ਹਰਿ ਬੈਠਾ ਮੁਖ ਭਵਾਈਆ । ਚਾਰ ਵਰਨ ਚੌਥੇ ਜੁਗ ਏਕਾ ਤਤ ਬਣੌਂਦੇ, ਵਰਨ ਬਰਨ ਮੇਟ ਮਿਟਾਈਆ । ਜੀਵ ਜੰਤ ਸਾਧ ਸੰਤ ਉਠੌਂਦੇ, ਜਮਨ ਕਿਨਾਰਾ ਧਾਮ ਸੁਹਾਈਆ । ਸੀਸ ਗੰਜ ਦਵਾਰਾ ਇਕ ਵਖੌਂਦੇ, ਗੋਬਿੰਦ ਮੇਲਾ ਸਾਚੇ ਮਾਹੀਆ । ਦਿਲੀ ਤਖ਼ਤ ਚਰਨ ਟਿਕੌਂਦੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਰਿਹਾ ਵਜਾਈਆ । ਨਿਹਕਲੰਕ ਪ੍ਰਭ ਪ੍ਰਗਟ ਹੋਇਆ, ਗੁਰ ਗੋਬਿੰਦ ਜੈਕਾਰਾ । ਵਰਨ ਬਰਨ ਕੋਈ ਰਹੇ ਨਾ ਸੋਇਆ, ਉਠਿਆ ਸੂਰਬੀਰ ਬਲਕਾਰਾ । ਅੱਠੇ ਪਹਿਰ ਨਵਾਂ ਨਰੋਇਆ, ਏਕਾ ਚੰਡ ਪ੍ਰਚੰਡ ਚਮਕਾਏ ਚਮਕ ਚਮਕਾਰਾ । ਜਨ ਭਗਤਾਂ ਗੁਰਮੁਖਾਂ ਦੇਵੇ ਸਾਚਾ ਢੋਆ, ਸੋਹੰ ਸ਼ਬਦ ਕਰ ਪਿਆਰਾ । ਬਿਨ ਹਰਿ ਤੇਰੇ ਅਵਰ ਨਾ ਜਾਣੇ ਕੋਆ, ਸ੍ਰਿਸ਼ਟ ਸਬਾਈ ਧੂਆਂਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਹੋਏ ਕਲਕੀ ਅਵਤਾਰਾ । ਕਲਕੀ ਅਵਤਾਰ ਦਸ ਦਸਮੇਸ਼, ਆਪੇ ਆਪ ਅਖਵਾਇੰਦਾ । ਆਪੇ ਬਣਿਆ ਨਰ ਨਰੇਸ਼, ਲੋਕਮਾਤ ਫੇਰਾ ਪਾਇੰਦਾ । ਗੁਰਮੁਖ ਦਵਾਰੇ ਦਰ ਦਰਵੇਸ਼, ਸੇਵਕ ਸੇਵ ਕਮਾਇੰਦਾ । ਨਾਨਕ ਹੱਥ ਉਠਾਏ ਮੋਢੇ ਭੂਰੀ ਖੇਸ, ਸਾਚੀ ਬਣਤ ਬਣਾਇੰਦਾ । ਗੁਰਮੁਖਾਂ ਭਾਰ ਉਠਾਇਆ ਦਸ ਦਸਮੇਸ਼, ਬਾਲ

੬੫੩
੦੭

ਅਵਾਣੇ ਨੀਆਂ ਹੇਠ ਦਬਾਇੰਦਾ । ਆਪਣੇ ਨੇਤਰ ਆਪੇ ਰਿਹਾ ਪੇਖ, ਜਗਤ ਲੋਚਣ ਬੰਦ ਕਰਾਇੰਦਾ । ਧਰਤ ਧਵਲ ਕੁਰਲਾਏ ਨੀਰ ਵਹਾਏ ਸ਼ੇਸ਼, ਸਹੰਸਰ ਮੁਖ ਦੋ ਸਹੰਸਰ ਰਸਨਾ ਗਾਇੰਦਾ । ਅਕਾਲ ਪੁਰਖ ਪ੍ਰਭ ਸਦਾ ਆਦੇਸ਼, ਜੁਗ ਜੁਗ ਨਾਉਂ ਧਰਾਇੰਦਾ । ਕਲਜੁਗ ਅੰਤਮ ਨਾਉਂ ਨਿਰੰਕਾਰ, ਨਿਹਕਲੰਕ ਰਖਾਇਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇਆ । ਸੋਲਾਂ ਕਰ ਤਨ ਸ਼ਿੰਗਾਰ, ਚਿੱਟੇ ਅਸਵ ਆਸਣ ਲਾਇਆ । ਚਿੱਟਾ ਅਸਵ ਹੋ ਤਿਆਰ, ਦੱਖਣ ਦਿਸ਼ਾ ਬਾਹਰ ਕਢਾਇਆ । ਪੂਰਬ ਆਵੇ ਪਹਿਲੀ ਵਾਰ, ਉਤਰ ਫੇਰਾ ਪਾਇਆ । ਉਪਰ ਬੈਠ ਸੱਚੀ ਸਰਕਾਰ, ਸਿੰਘ ਸਿੰਘਾਸਣ ਆਸਣ ਲਾਇਆ । ਲੋਆਂ ਪੁਰੀਆ ਪਾਵੇ ਸਾਰ, ਬ੍ਰਹਮਾ ਵੇਤਾ ਰਿਹਾ ਉਠਾਇਆ । ਦੇਵੇ ਸੁਨੇਹੁੜਾ ਏਕਾ ਵਾਰ, ਏਕਾ ਸੇਵਕ ਸੇਵਾ ਲਾਇਆ । ਵਿਸ਼ਨੂੰ ਵੰਸਾ ਹੋ ਤਿਆਰ, ਬਾਸ਼ਕ ਤਸ਼ਕਾ ਸ਼ਿਵ ਸ਼ੰਕਰ ਗਲ ਲਟਕਾਇਆ । ਹੱਥ ਤ੍ਰਿਸੂਲ ਵੇਖ ਕਟਾਰ, ਆਪਣਾ ਮੂਲ ਚੁਕਾਇਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਪੁਰੀ ਇੰਦਰ ਨਾ ਬੰਨੇ ਧਾਰ, ਨੇਤਰ ਨੀਰ ਵਹਾਇਆ । ਧਰੂ ਬਾਲਾ ਬਾਲ ਅੰਞਾਣਾ ਰੋਵੇ ਜ਼ਾਰੋ ਜ਼ਾਰ, ਵੇਲਾ ਅੰਤ ਅੰਤ ਨਜ਼ਰੀ ਆਇਆ । ਸਪਤ ਰਿਖੀ ਨਾ ਕਰੇ ਵਿਚਾਰ, ਸਾਂਤਕ ਸਤਿ ਨਾ ਕੋਈ ਰਖਾਇਆ । ਗਣ ਗਧੰਰਬ ਰਹੇ ਪੁਕਾਰ, ਯਸ਼ ਸੇਵ ਨਾ ਕੋਈ ਕਰਾਇਆ । ਅਪੱਛਰਾਂ ਨਾ ਲਾਏ ਕੋਈ ਸ਼ਿੰਗਾਰ, ਅਸਥੂਲ ਦੇਹ ਨਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਆਪਣਾ ਵੇਸ ਵਟਾਇਆ । ਨਿਹਕਲੰਕ ਕਲ ਜਾਮਾ ਧਾਰ, ਪੁਰੀਆਂ ਰਿਹਾ ਜਗਾਇਆ । ਏਕਾ ਖੰਡਾ ਇਕ ਕਟਾਰ, ਏਕਾ ਰਿਹਾ ਚਮਕਾਇਆ । ਏਕਾ ਮਾਰਨਹਾਰਾ ਮਾਰ, ਏਕਾ ਰੂਪ ਦਰਸਾਇਆ । ਅਸ਼ਟਭੁਜਾਂ ਕਰ ਪਿਆਰ, ਇਸ਼ਟ ਦੇਵ ਰਖਾਇਆ । ਸੁੰਭ ਨਿਸੁੰਭ ਹੋਏ ਹੰਕਾਰ, ਕਲਜੁਗ ਰੂਪ ਵਟਾਇਆ । ਚਾਰੋਂ ਕੁੰਟ ਧੂਆਂਧਾਰ, ਰਾਵਣ ਗੜ੍ਹ ਸੁਹਾਇਆ । ਏਕਾ ਪਾਵਣਹਾਰਾ ਸਾਰ, ਰਾਮ ਰਾਮਾ ਨਾਉਂ ਧਰਾਇਆ । ਪਕੜ ਉਠਾਏ ਭਭੀਖ਼ਣ ਯਾਰ, ਲਹਿਣਾ ਲਹਿਣੇ ਝੋਲੀ ਪਾਇਆ । ਗ਼ਰੀਬ ਨਿਮਾਣੇ ਲਏ ਆਧਾਰ, ਭੀਲਣੀ ਭੋਗ ਦਰ ਦਵਾਰ ਲਗਾਇਆ । ਗੌਤਮ ਅਹੱਲਿਆ ਦੇਵੇ ਤਾਰ, ਆਪਣਾ ਚਰਨ ਛੁਹਾਇਆ । ਸੀਤਾ ਸੁਰਤ ਸਵਾਣੀ ਕਰ ਪਿਆਰ, ਗੁਰਮੁਖ ਲਏ ਪ੍ਰਨਾਇਆ । ਮੇਲ ਮਿਲਾਵਾ ਹਾਣੀਆਂ ਹਾਣੀ ਵਿਚ ਸੰਸਾਰ, ਆਪ ਆਪਣਾ ਦਏ ਕਰਾਇਆ । ਬਾਲਮੀਕ ਬਜਵਾੜਾ ਤਨ ਸ਼ਿੰਗਾਰ, ਏਕਾ ਰੂਪ ਵਟਾਇਆ । ਤ੍ਰੇਤਾ ਤੇਰਾ ਕਰ ਵਿਚਾਰ, ਤੇਰੇ ਰੰਗ ਸਮਾਇਆ । ਦੁਆਪਰ ਬੰਨ੍ਹੇ ਆਪਣੀ ਧਾਰ, ਧਰਤ ਧਵਲ ਸੁਹਾਇਆ । ਵੇਦ ਵਿਆਸਾ ਕਰ ਤਿਆਰ, ਕਵਾਰੀ ਕੰਨਿਆ ਜਾਇਆ । ਨਾਰਦ ਮੁਨ ਕਰ ਪਿਆਰ, ਏਕਾ ਸੰਗ ਰਲਾਇਆ । ਚਾਰ ਸਲੋਕ ਬ੍ਰਹਮਾ ਉਚਾਰ, ਰਸਨਾ ਦਏ ਅਲਾਇਆ । ਬਾਰਾਂ ਅੱਖਰ ਵਿਚ ਸੰਸਾਰ, ਏਕਾ ਜਾਪ ਜਪਾਇਆ । ਪੁਰਾਨ ਅਠਾਰਾਂ ਲੇਖ ਲਿਖਾਰ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇਆ । ਦਵਾਪਰ ਤੇਰਾ ਸਤਿ ਸਰੂਪ, ਹਰਿ ਸਾਚੇ ਵੇਸ ਵਟਾਇਆ । ਆਦਿ ਜੁਗਾਦਿ ਮਹਿਮਾ ਅਨੂਪ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੇ ਸਾਥ, ਪ੍ਰਗਟ ਹੋ ਤ੍ਰਲੋਕੀ ਨਾਥ, ਤ੍ਰਲੋਕੀ ਨੰਦਨ ਨਾਮ ਰਖਾਇਆ । ਤ੍ਰਲੋਕੀ ਨਾਥ ਤ੍ਰਲੋਕੀ ਨੰਦਨ ਕ੍ਰਿਸ਼ਨਾ ਕਾਹਨਾ, ਮੋਹਣ ਰੂਪ ਵਟਾਇਆ । ਮੋਹਣ ਮਾਧਵ ਖੇਲ ਮਹਾਨਾ, ਲਖ਼ਮੀ ਨਰਾਇਣ ਆਪ ਅਖਵਾਇੰਦਾ । ਸੁੰਦਰ ਕੁੰਡਲ ਮੁਕਟ ਨੈਣ ਮਟਕਾਨਾ, ਪ੍ਰੇਮ ਕਜਲਾ ਏਕਾ ਪਾਇੰਦਾ । ਗੋਕਲ ਮਥਰਾ ਹੋ ਪਰਧਾਨਾ, ਬਿੰਦਰਾ ਬਨ ਸੁਹਾਇੰਦਾ । ਸਾਚੀ ਸਖੀਆਂ ਖੇਲ

ਖਿਲਾਨਾ, ਸਾਚੀ ਰਾਸ ਰਚਾਇੰਦਾ । ਮੁਕੰਦ ਮਨੋਹਰ ਆਪ ਅਖਵਾਣਾ, ਨਾਮ ਬੰਸਰੀ ਇਕ ਵਜਾਇੰਦਾ । ਗਵਾਲਾ ਬਣ ਗਊ ਚਰਾਣਾ, ਬਨ ਖੰਡ ਡੇਰਾ ਲਾਇੰਦਾ । ਜਮਨ ਕਿਨਾਰੇ ਜਲ ਧਾਰ ਆਪ ਵਿਖਾਣਾ, ਕਾਲੀ ਨੱਥ ਵਿਖਾਇੰਦਾ । ਦ੍ਰੋਪਦ ਲੱਜਿਆ ਆਪ ਜਗਤ ਰਖਾਣਾ, ਨਾਮ ਪਰਦਾ ਪਾਇੰਦਾ । ਬਿਪਰ ਸੁਦਾਮਾ ਗਲੇ ਲਗਾਣਾ, ਅਲੂਣਾ ਸਾਗ ਭੋਗ ਲਗਾਇੰਦਾ । ਦਲਿਦਰੀ ਸੁਦਾਮਾ ਕਰ ਪ੍ਰਧਾਨਾ, ਸਚ ਸਿੰਘਾਸਣ ਆਪ ਬਹਾਇੰਦਾ । ਆਪੇ ਹੋ ਨਿਮਾਣਿਆਂ ਨਿਮਾਣਾ, ਚਰਨੀ ਸੀਸ ਝੁਕਾਇੰਦਾ । ਭਗਤ ਵਛਲ ਆਪ ਭਗਵਾਨਾ, ਫੜ ਤੰਦਲ ਮੁਖ ਚਬਾਇੰਦਾ । ਖੇਲੇ ਖੇਲ ਜਗਤ ਮਹਾਨਾ, ਦੁਆਪਰ ਅੰਤਮ ਬਣਤ ਬਣਾਇੰਦਾ । ਪੰਚਾਂ ਦੇਵੇ ਹਰਿ ਹਰਿ ਗਿਆਨਾ, ਸਦ ਸਦ ਮੁਖ ਭਵਾਇੰਦਾ । ਰਣ ਭੂਮੀ ਵੇਖੇ ਇਕ ਮੈਦਾਨਾ, ਏਕਾ ਦਰ ਵਖਾਇੰਦਾ । ਜੋਧੇ ਸੂਰ ਵਡ ਵਡੇ ਬਲਵਾਨਾ, ਫੜ ਫੜ ਆਪ ਉਠਾਇੰਦਾ । ਅਰਜਨ ਬਣਿਆ ਇਕ ਨਿਧਾਨਾ, ਹਰਿ ਕਾ ਭੇਵ ਨਾ ਪਾਇੰਦਾ । ਛੱਡਿਆ ਤੀਰ ਚਿੱਲਾ ਕਮਾਨਾ, ਅੱਗੇ ਸੀਸ ਝੁਕਾਇੰਦਾ । ਕਵਣ ਛੱਤਰੂ ਵਿਚ ਜਹਾਨਾ, ਕਵਣ ਸੰਗ ਤੁੜਾਇੰਦਾ । ਕਹੇ ਬੋਲ ਕ੍ਰਿਸ਼ਨ ਭਗਵਾਨਾ, ਤੇਰਾ ਕੋਈ ਨਾ ਨਾ ਤੂੰ ਕਿਸੇ ਬਣ ਜਾਇੰਦਾ । ਮੇਰਾ ਮੇਰੇ ਵਿਚ ਸਮਾਨਾ, ਮੇਰਾ ਮੇਰੀ ਧਾਰ ਧਰਾਇੰਦਾ । ਚੌਦਾਂ ਲੋਕ ਕਰ ਪ੍ਰਧਾਨਾ, ਵਰਾਟ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਆਪਣਾ ਵਰ, ਇਕ ਗਿਆਨ ਦ੍ਰਿੜਾਇੰਦਾ । ਏਕਾ ਮੰਤਰ ਇਕ ਗਿਆਨ, ਏਕਾ ਭਗਤ ਦ੍ਰਿੜਾਇਆ । ਏਕਾ ਤੀਰ ਨਿਸ਼ਾਨ, ਏਕਾ ਚਿਲੇ ਚੜ੍ਹਾਇਆ । ਏਕਾ ਮੰਦਰ ਇਕ ਮਕਾਨ, ਏਕਾ ਗੜ੍ਹ ਤੁੜਾਇਆ । ਇਕ ਸੁਣਾਏ ਧੁਰ ਫ਼ਰਮਾਣ, ਅਠਾਰਾਂ ਧਿਆਏ ਦਏ ਲਿਖਾਇਆ । ਉਠਿਆ ਅਰਜਨ ਬਾਲ ਨਿਧਾਨ, ਆਪਣੀ ਭੁੱਲ ਬਖ਼ਸ਼ਾਇਆ । ਸੱਤ ਗਿਆਰਾਂ ਵੇਖ ਵਿਚ ਮੈਦਾਨ, ਅੱਠ ਅਠਾਰਾਂ ਲੇਖ ਚੁਕਾਇਆ । ਯੁਧਿਸ਼ਟਰ ਮੰਗੇ ਇਕ ਦਾਨ, ਅੱਗੇ ਝੋਲੀ ਡਾਹਿਆ । ਕਵਣ ਵਕਤ ਤੇਰਾ ਮੇਲਾ ਹੋਏ ਵਿਚ ਜਹਾਨ, ਪੰਜ ਤਤ ਸੁਹਾਇਆ । ਤ੍ਰਲੋਕੀ ਨਾਥ ਬੋਲੇ ਕ੍ਰਿਸ਼ਨਾ ਕਾਹਨ, ਏਕਾ ਸ਼ਬਦ ਸੁਣਾਇਆ । ਕਲਜੁਗ ਅੰਤਮ ਮੇਲਾ ਹੋਏ ਵਿਚ ਜਹਾਨ, ਵੇਲਾ ਆਪਣੇ ਹੱਥ ਰਖਾਇਆ । ਵੇਦ ਕਤੇਬ ਭੇਵ ਨਾ ਪਾਇਣ, ਲੇਖਾ ਲੇਖ ਨਾ ਕਿਸੇ ਲਿਖਾਇਆ । ਜੋਤ ਸਰੂਪੀ ਪਰਗਟ ਹੋਏ ਹਰਿ ਭਗਵਾਨ, ਵੀਹ ਸੌ ਪੰਦਰਾਂ ਬਿਕ੍ਰਮੀ ਵੇਖ ਵਖਾਇਆ । ਚਲ ਕੇ ਆਏ ਕੌਰੂ ਕੁਰਸ਼ੇਤਰ ਵਿਚ ਮੈਦਾਨ, ਪੰਦਰਾਂ ਮੱਘਰ ਰੁੱਤ ਸੁਹਾਇਆ । ਪਰਸ ਰਾਮ ਤੇਰੀ ਵੇਖੇ ਲੱਗੀ ਜਗਤ ਦੁਕਾਨ, ਇਕ ਕੁਹਾੜਾ ਹੱਥ ਉਠਾਇਆ । ਖ਼ਾਲੀ ਹੱਥ ਉਠੇ ਹਰਿ ਨੌਜਵਾਨ, ਰਥ ਰਥਵਾਹੀ ਨਾ ਰੂਪ ਵਟਾਇਆ । ਨਾ ਕੋਈ ਭੱਥਾ ਨਾ ਕੋਈ ਤੀਰ ਨਾ ਕੋਈ ਚਿੱਲਾ ਨਾ ਕਮਾਨ, ਨਾ ਖੰਡਾ ਰਿਹਾ ਵਖਾਇਆ । ਨਾ ਕੋਈ ਜੋਧਾ ਸੂਰਬੀਰ ਨਾ ਰੱਖੇ ਬਲਵਾਨ, ਗੁਰਸਿਖ ਸਿਖ ਨਿਮਾਣੇ ਨਾਲ ਰਖਾਇਆ । ਨੌਂ ਖੰਡ ਪ੍ਰਿਥਮੀ ਤੇਰਾ ਲਾਹੇ ਘਾਣ, ਸ਼ਬਦ ਖੰਡਾ ਸੇਵਾ ਲਾਇਆ । ਰਾਸ਼ਟਰਪਤਿ ਉਠਾਏ ਆਪ ਨਿਧਾਨ, ਪੰਦਰਾਂ ਕੱਤਕ ਲੰਕਾ ਗੜ੍ਹ ਲੇਖ ਲਿਖਾਇਆ । ਚਰਨ ਛੁਹਾਏ ਹਰਿ ਮਿਹਰਵਾਨ, ਪਹਿਲੀ ਕੱਤਕ ਰੁੱਤ ਸੁਹਾਇਆ । ਗੁਰ ਗੋਬਿੰਦ ਕੋਈ ਨਾ ਸਕੇ ਪਛਾਣ, ਮਨਮੁਖਾਂ ਦਏ ਸਜਾਇਆ । ਤਿੰਨ ਦਿਨ ਵੇਖੇ ਭੂਮਕਾ ਅਸਥਾਨ, ਤਿੰਨਾਂ ਲੋਕਾਂ ਬਾਹਰ ਰਖਾਇਆ । ਚੌਥੇ ਦਿਵਸ ਆਪਣਾ ਘਰ ਆਪ ਪਛਾਣ, ਆਪਣਾ ਸੰਦੇਸ਼ਾ ਜਾਏ ਸੁਣਾਇਆ । ਪੰਥ ਖ਼ਾਲਸਾ ਸੁੱਤਾ ਰਹੇ ਨਾ ਨਿਧਾਨ, ਨਿਹਕਲੰਕ ਕਲਗੀ ਧਰ ਆਇਆ । ਜਿਸ ਦਾ ਝੁੱਲਣਾ ਧਰਮ ਨਿਸ਼ਾਨ, ਸ੍ਰਿਸ਼ਟ ਸਬਾਈ ਰਿਹਾ ਵਖਾਇਆ । ਰਾਓ ਰੰਕਾਂ ਦੇਵੇ ਧੁਰ ਫ਼ੁਰਮਾਣ, ਦੇਸ ਪ੍ਰਦੇਸ਼ਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੫੫
੦੨

ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਇਆ । ਪੰਚਮ ਕੱਤਕ ਪੰਚਮ ਪਿਆਰ, ਪੰਚਮ ਮੂਲ ਚੁਕਾਇਆ । ਛੇਵੇਂ ਬੰਨੇ ਸਾਚੀ ਧਾਰ, ਛੱਪਰ ਛੰਨ ਟਿਕਾਇਆ । ਸਤਵੇਂ ਸਤਿ ਪੁਰਖ ਨਿਰੰਜਣ ਆਪ ਕਰਤਾਰ, ਨਾਨਕ ਦਵਾਰਾ ਵੇਖ ਵਖਾਇਆ । ਜਗਤ ਪੁਰੀ ਪਾਵੇ ਸਾਰ, ਜਗਨਨਾਥ ਨਾਮ ਧਰਾਇਆ । ਅੱਠਵੇਂ ਘਰੋਂ ਹੋਏ ਬਾਹਰ, ਆਪ ਆਪਣਾ ਰਾਹ ਤਕਾਇਆ । ਪੰਦਰਾਂ ਕੱਤਕ ਹੋ ਮਿਹਰਵਾਨ, ਲੰਕਾ ਪਤੀ ਦਏ ਸਮਝਾਇਆ । ਸੋਹੰ ਸ਼ਬਦ ਲਿਖਤ ਅਪਾਰ, ਇਕ ਨਿਸ਼ਾਨਾ ਦਏ ਵਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਕਾਰ ਆਪ ਸਮਝਾਇਆ । ਭੁੱਲ ਰਹੇ ਨਾ ਵਿਚ ਸੰਸਾਰ, ਭਰਮ ਭੁਲੇਖਾ ਰਿਹਾ ਕਢਾਇਆ । ਅੰਤਮ ਔਣਾ ਚਲ ਦਿਲੀ ਦਰਬਾਰ, ਵੀਹ ਸੌ ਬਿਕ੍ਰਮੀ ਲੇਖ ਲਿਖਾਇਆ । ਜਗੇ ਜੋਤ ਅਗੰਮ ਅਪਾਰ, ਪੁਰਖ ਅਬਿਨਾਸ਼ੀ ਸਚ ਸਿੰਘਾਸਣ ਡੇਰਾ ਲਾਇਆ । ਨੌਂ ਖੰਡ ਪ੍ਰਿਥਮੀ ਢਹਿ ਢਹਿ ਪਏ ਦਵਾਰ, ਦਰ ਦਵਾਰਾ ਇਕ ਖੁਲ੍ਹਾਇਆ । ਏਕਾ ਸ਼ਬਦ ਏਕਾ ਧੁਨਕਾਰ, ਏਕਾ ਮੰਗਲ ਏਕਾ ਗੀਤ ਏਕਾ ਰਾਗ ਇਕ ਸੰਗੀਤ, ਏਕਾ ਕਾਨ ਸੁਣਾਇਆ । ਨੌਂ ਖੰਡ ਸ੍ਰਿਸ਼ਟ ਸਬਾਈ ਆਪੇ ਲਏ ਜੀਤ, ਹਾਰ ਜਿਤ ਆਪਣੇ ਹੱਥ ਰਖਾਇਆ । ਧਰਮ ਨਿਸ਼ਾਨ ਸਤ ਰੰਗ ਵਖਾਏ ਸਿੰਘ ਮਨਜੀਤ, ਪ੍ਰਭ ਸਾਚੇ ਸੇਵਾ ਲਾਇਆ । ਨੌਂ ਦਵਾਰ ਨਾਤਾ ਤੁੱਟੇ ਜਗਤ ਜਗਦੀਸ਼, ਜੁਗ ਸਾਚੇ ਵੇਖ ਵਖਾਇਆ । ਨਾ ਕੋਈ ਪੜ੍ਹੇ ਕੁਰਾਨ ਹਦੀਸ, ਬਾਈਬਲ ਅੰਜੀਲ ਨਾ ਕੋਈ ਸੁਣਾਇਆ । ਅੱਲਾ ਰਾਣੀ ਨਾ ਗੁੰਦਾਏ ਆਪਣਾ ਸੀਸ, ਸਿਰ ਪੱਲੂ ਨਾ ਕੋਈ ਰਖਾਇਆ । ਨਾ ਕੋਈ ਗਾਏ ਰਾਗ ਛਤੀਸ, ਛੱਤੀ ਰਾਗਾਂ ਭੇਵ ਨਾ ਪਾਇਆ । ਵੇਦ ਪੁਰਾਨ ਪੀਸਨਾ ਰਹੇ ਪੀਸ, ਕਲਜੁਗ ਚੱਕੀ ਰਿਹਾ ਚਲਾਇਆ । ਨਾਨਕ ਸ਼ਬਦ ਇਕ ਹਦੀਸ, ਸ੍ਰਿਸ਼ਟ ਸਬਾਈ ਦਏ ਸੁਣਾਇਆ । ਸੋਹੰ ਗੌਣਾ ਦੰਦ ਬਤੀਸ, ਰਸਨਾ ਜਿਹਵਾ ਹਿਲਾਇਆ । ਮਾਰਗ ਲੱਗੇ ਤੇਰਾ ਬੀਸ ਬਿਕ੍ਰਮੀ ਵਿਚ ਇਕੀਸ, ਸਤਿਜੁਗ ਸਾਚਾ ਸਚ ਵਰਤਾਇਆ । ਏਕਾ ਛੱਤਰ ਝੁੱਲੇ ਪ੍ਰਭ ਸਾਚੇ ਸੀਸ, ਰਾਜ ਰਾਜਾਨ ਕੋਈ ਦਿਸ ਨਾ ਆਇਆ । ਤ੍ਰੈਗੁਣ ਮਾਇਆ ਖ਼ਾਲੀ ਖ਼ੀਸ, ਜਗਤ ਭੰਡਾਰ ਨਾ ਕੋਈ ਭਰਾਇਆ । ਸਾਧੋ ਸੰਤੋ ਉਠੋ ਗਾਓ ਸੁਹਾਗੀ ਗੀਤ, ਹਰਿ ਸਾਚੀ ਜੋਤ ਜਗਾਇਆ । ਥਿਰ ਨਾ ਰਹਿਣਾ ਵਸੇਰਾ ਮੰਦਰ ਮਸੀਤ, ਗੁਰ ਦਵਾਰ ਨਾ ਵੇਖ ਵਖਾਇਆ । ਆਪੇ ਵਸਿਆ ਹਸਤ ਕੀਟ, ਊਚਾਂ ਨੀਚਾਂ ਏਕਾ ਰੰਗ ਰੰਗਾਇਆ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਚਰਨ ਚਰਨੋਦਕ ਮੁਖ ਚੁਆਇਆ । ਬੈਠਾ ਰਹੇ ਸਦ ਅਤੀਤ, ਏਕਾ ਏਕੰਕਾਰਾ ਨਾਮ ਧਰਾਇਆ । ਜੁਗ ਜੁਗ ਚਲਾਏ ਆਪਣੀ ਰੀਤ, ਆਪਣੇ ਭਾਣੇ ਵਿਚ ਸਮਾਇਆ । ਆਪਣਾ ਸ਼ਬਦ ਜਾਣੇ ਜਣਾਏ ਅਨਡੀਠ, ਲਿਖਣ ਪੜ੍ਹਣ ਵਿਚ ਨਾ ਆਇਆ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਇਆ । ਮਨਮੁਖਾਂ ਸੁੱਤਾ ਦੇ ਕਰ ਪੀਠ, ਘਰ ਮੰਦਰ ਦਿਸ ਨਾ ਆਇਆ । ਹਰਿਜਨ ਮਿੱਠੇ ਕਰੇ ਕੌੜੇ ਰੀਠ, ਅੰਮ੍ਰਿਤ ਆਤਮ ਮੁਖ ਚੁਆਇਆ । ਹਰਿ ਸਾਜਣ ਬੀਠਲੋ ਬੀਠ, ਸੇਵਕ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਇਆ । ਵੱਜੇ ਡੰਕਾ ਖ਼ਬਰਦਾਰ, ਚਾਰ ਯਾਰੀ ਰਿਹਾ ਉਠਾਈਆ । ਲਹਿੰਦੀ ਦਿਸ਼ਾ ਹਾਹਾਕਾਰ, ਆਪੇ ਵੇਖ ਵਖਾਈਆ । ਡੂੰਘੀ ਕੰਦਰ ਮਾਰੇ ਮਾਰ, ਉਚੇ ਟਿੱਲੇ ਗੋਰਖ ਮਛੰਦਰ ਲਏ ਲਾਹੀਆ । ਲੱਖ ਚੁਰਾਸੀ ਜੀਵ ਜੰਤ ਮਨਮਤੀ ਭੌਂਦੇ ਬੰਦਰ, ਦਿਵਸ ਰੈਣ ਹੋਏ ਹਲਕਾਈਆ । ਕਲਜੁਗ ਮਾਇਆ ਕੀਤੇ ਅੰਧੜ, ਅੰਧ ਅੰਧੇਰ ਨਾ ਕੋਈ ਮਿਟਾਈਆ । ਮਦਿਰਾ ਮਾਸੀ

ਪਾਪੀ ਗੰਦੜ, ਵਿਸ਼ਟਾ ਮੁਖ ਰਖਾਈਆ । ਨਾਨਕ ਗੋਬਿੰਦ ਨਾ ਹੋਏ ਬਖ਼ਸ਼ੰਦੜ, ਗੁਰੂ ਅਰਜਨ ਨਾ ਦਏ ਗਵਾਹੀਆ । ਫਿਰ ਫਿਰ ਭੁੱਲੇ ਭਾਗਾਂ ਮੰਦੜ, ਗੁਰ ਵਾਕ ਮੁਖ ਗਵਾਈਆ । ਮਾਇਆ ਰਾਣੀ ਝੂਠਾ ਧੰਧੜ, ਥਿਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮੁਲਾਂ ਸ਼ੇਖ਼ ਮੁਸਾਇਕ ਪੀਰ ਪੰਡਤ, ਪਾਂਧੇ ਵੇਖ ਅਖੀਰ, ਗ੍ਰੰਥੀ ਪੰਥੀ ਆਵਣ ਆਇਆ ਸਮਝਾਈਆ । ਅਕਾਲ ਪੁਰਖ ਬੋਧ ਅਗਾਧਾ, ਸ਼ਬਦੀ ਸ਼ਬਦ ਭੰਡਾਰਿਆ । ਸ਼ਬਦ ਚਲਾਏ ਆਦਿ ਜੁਗਾਦਾ, ਜੁਗ ਜੁਗ ਲਏ ਅਵਤਾਰਿਆ । ਮਾਣ ਰਖਾਏ ਸੰਤਨ ਸਾਧਾ, ਗਰੀਬ ਨਿਮਾਣਿਆਂ ਗਲੇ ਲਗਾ ਰਿਹਾ । ਧੁਰਦਰਗਾਹੀ ਦੇਵੇ ਦਾਦਾਂ, ਨਾਮ ਵਸਤ ਝੋਲੀ ਪਾ ਰਿਹਾ । ਸੁਰਤ ਬਣਾਏ ਸਾਚੀ ਰਾਧਾ, ਸਵਾਮੀ ਕ੍ਰਿਸ਼ਨ ਵਖਾ ਰਿਹਾ । ਸੁਰਤੀ ਰਾਮ ਏਕਾ ਲਾਧਾ, ਸੀਤਾ ਸੰਗ ਨਿਭਾ ਰਿਹਾ । ਨਾਨਕ ਗੁਰ ਨਾਮ ਸਤਿ ਇਕ ਪਛਾਤਾ, ਏਕਾ ਬੂਝ ਬੁਝਾ ਰਿਹਾ । ਵਾਹ ਵਾਹ ਗੁਰੂ ਦੇਵੇ ਦਾਤਾਂ, ਵਾਹਿਗੁਰੂ ਰੂਪ ਵਟਾ ਰਿਹਾ । ਚੌਥੇ ਅੱਖਰ ਚੌਥੇ ਜੁਗ ਵਡ ਕਰਾਮਾਤਾ, ਕਰਮ ਕਰਮ ਮਿਟਾ ਰਿਹਾ । ਸਤਿਜੁਗ ਸਾਚੇ ਦੇਵੇ ਸਚ ਸੁਗਾਤਾ, ਦੋ ਦੋ ਮੇਲ ਮਿਲਾ ਰਿਹਾ । ਸੋ ਪੁਰਖ ਨਿਰੰਜਣ ਉਤਮ ਜਾਤਾ, ਪਾਰਬ੍ਰਹਮ ਅਖਵਾ ਰਿਹਾ । ਹੰ ਰੂਪ ਬ੍ਰਹਮ ਪਛਾਤਾ, ਬ੍ਰਹਮ ਬ੍ਰਹਮ ਆਪ ਸਮਾ ਰਿਹਾ । ਆਪੇ ਪਿਤਾ ਆਪੇ ਮਾਤਾ, ਪਿਤਾ ਪੂਤ ਨਾਮ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪਟ ਪਟਨਾ ਵੇਖ ਵਿਖਾ ਰਿਹਾ ।



## * ਪਹਿਲੀ ਅੱਸੂ ੨੦੧੫ ਬਿਕ੍ਰਮੀ ਹਰਿ ਮੰਦਰ ਸਾਹਿਬ ਪਟਨਾ ਨੂੰ ਸ਼ਬਦ ਭੇਜਿਆ *

ਪਟਨਾ ਜੋਤ ਜਗੇ ਅਕਾਲੀ, ਪਹਿਲੀ ਕੱਤਕ ਵਡ ਵਡਿਆਈਆ । ਗੁਰ ਗੋਬਿੰਦ ਆਇਆ ਪੰਥ ਦਾ ਵਾਲੀ, ਪੰਥ ਮਾਰਗ ਵੇਖ ਵਿਖਾਈਆ । ਆਪੇ ਜਲਵਾ ਨੂਰ ਜਲਾਲੀ, ਜਲਵਾ ਜਲਾਲ ਆਪ ਅਖਵਾਈਆ । ਆਪੇ ਕਰੇ ਕਰਾਏ ਸਦਾ ਪ੍ਰਿਤਪਾਲੀ, ਪ੍ਰਿਤਪਾਲਕ ਨਾਉਂ ਧਰਾਈਆ । ਆਪਣਾ ਗਗਨ ਬਣਾਏ ਆਪਣੀ ਥਾਲੀ, ਆਪਣਾ ਦੀਪਕ ਵਿਚ ਟਿਕਾਈਆ । ਆਪਣੀ ਜੋਤੀ ਆਪ ਜਗਾਲੀ, ਆਪੇ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖ਼ੁਸ਼ੀ ਮਨਾਈਆ । ਆਪਣੀ ਜੋਤ ਆਪ ਜਗਾ, ਆਪਣਾ ਘਰ ਸੁਹਾਇੰਦਾ । ਆਪਣੀ ਮਾਤ ਆਪ ਉਪਾ, ਆਪੇ ਵੇਖ ਵਿਖਾਇੰਦਾ । ਆਪਣਾ ਪਿਤਾ ਆਪ ਬਣਾ, ਆਪੇ ਨਾਉਂ ਧਰਾਇੰਦਾ । ਆਪਣੀ ਸੇਜਾ ਆਪ ਹੰਢਾ, ਆਪੇ ਵਿਚ ਸਮਾਇੰਦਾ । ਆਪਣਾ ਜਨਮ ਆਪ ਦਵਾ, ਆਪੇ ਨਾਉਂ ਰਖਾਇੰਦਾ । ਨਿਹਕਲੰਕ ਨਾਉਂ ਰਖਾ, ਗੁਰ ਗੋਬਿੰਦ ਸੰਗ ਵਖਾਇੰਦਾ । ਪਟਨੇ ਕਰੇ ਸਚ ਨਿਆਂ, ਸਾਚਾ ਕਰਮ ਕਮਾਇੰਦਾ । ਨਿਰਗੁਣ ਵੇਖੇ ਸਾਚਾ ਥਾਂ, ਭਰਮ ਭੁਲੇਖਾ ਦੂਰ ਕਰਾਇੰਦਾ । ਦੂਜੀ ਵਾਰ ਗੋਬਿੰਦ ਨਾ ਜਨਮੇ ਗੁਜਰੀ ਮਾਂ, ਤੇਗ ਬਹਾਦਰ ਨਾ ਗੋਦ ਉਠਾਇੰਦਾ । ਰਾਣੀ ਘਰ ਨਾ ਦੇਵੇ ਭੋਗ ਲਗਾ, ਪੰਡਤ ਪਾਂਧਾ ਨਾ ਕੋਈ ਸਮਝਾਇੰਦਾ । ਮੁਸਲਮ ਸਜਦਾ ਨਾ ਰਿਹਾ ਕਰਾ, ਨਾ ਕੋਈ ਸੀਸ ਝੁਕਾਇੰਦਾ । ਸਭ ਤੋਂ ਬੈਠਾ ਮੁਖ ਛੁਪਾ, ਦਿਸ ਕਿਸੇ ਨਾ ਆਇੰਦਾ । ਪਹਿਲੀ ਕੱਤਕ ਚਰਨ ਟਿਕਾ, ਸਾਚੀ ਜੜ੍ਹ ਲਗਾਇੰਦਾ । ਚਾਰੋਂ ਕੁੰਟ ਕਟਕ ਉਠਾ, ਆਪਣੀ ਧਾਰ ਬਣਾਇੰਦਾ । ਮੋਰ ਮੁਕਟ ਸਿਰ ਟਿਕਾ, ਲੰਕਾ ਗੜ੍ਹ ਸੁਹਾਇੰਦਾ । ਸ਼ਾਹ ਸ਼ਹਾਨਾ ਜੋਤੀ ਤਿਨਕਾ ਦਏ ਲਗਾ,


Rev-01

ਰਾਜ ਰਾਜਾਨਾ ਆਪ ਉਠਾਇੰਦਾ । ਵਾਸੀ ਪੁਰੀ ਘਨਕਾ ਆਪ ਅਖਵਾ, ਸੰਬਲ ਨਗਰੀ ਡੇਰਾ ਲਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣੇ ਸੰਗ ਰਖਾਇੰਦਾ । ਲਹਿਣਾ ਦੇਣਾ ਝੋਲੀ ਦੇਵੇ ਪਾ, ਜਿਉਂ ਨਾਨਕ ਅੰਗਦ ਅੰਗ ਲਗਾਇੰਦਾ । ਸਿਖਾਂ ਅੰਦਰ ਸਿਖ ਸਿਖ ਗੁਰ ਜਾਏ ਸਮਾ, ਗੁਰ ਚੇਲਾ ਰੂਪ ਵਟਾਇੰਦਾ । ਗੁਰ ਗੋਬਿੰਦ ਤੇਰਾ ਲੇਖਾ ਲਿਖਿਆ ਪੂਰਾ ਦਏ ਕਰਾ, ਨਾ ਕੋਈ ਮੇਟ ਮਿਟਾਇੰਦਾ । ਪੁਰਖ ਅਕਾਲ ਸਾਚਾ ਸੁਤ ਕਲਜੁਗ ਅੰਤਮ ਲਿਆ ਮਨਾ, ਸ਼ਬਦੀ ਨਾਉਂ ਧਰਾਇੰਦਾ । ਦੁਸ਼ਟ ਦਮਨ ਦੀ ਸੇਵਾ ਲਾ, ਗੁਰ ਗੋਬਿੰਦ ਨਾਉਂ ਰਖਾਇੰਦਾ । ਗੁਰ ਗੋਬਿੰਦੇ ਘਾਲ ਘਾਲੀ ਖ਼ੁਸ਼ੀ ਹੋਇਆ ਬੇਪਰਵਾਹ, ਬੰਸ ਸਰਬੰਸ ਵੇਖ ਵਖਾਇੰਦਾ । ਸਤਿਜੁਗ ਚਲਾਏ ਸਾਚਾ ਰਾਹ, ਗੁਰ ਗੋਬਿੰਦਾ ਅੱਗੇ ਲਾਇੰਦਾ । ਅਕਾਲ ਪੁਰਖ ਬਣ ਮਲਾਹ, ਜੋਤੀ ਜਾਮਾ ਪਾਇੰਦਾ । ਪਟਨੇ ਡੰਕ ਦਏ ਵਜਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਅਕਾਲ ਤਖ਼ਤ ਲੇਖਾ ਦਏ ਲਿਖਾ, ਹਰਿ ਮੰਦਰ ਆਪ ਜਗਾਇੰਦਾ । ਨਦੇੜ ਭੁਲੇਖਾ ਦਏ ਕਢਾ, ਗੋਦਾਵਰੀ ਕੰਢਾ ਡੇਰਾ ਲਾਇੰਦਾ । ਅਨੰਦ ਪੁਰੀ ਦਏ ਛੁਡਾ, ਵੇਲਾ ਅੰਤਮ ਆਇੰਦਾ । ਜੋ ਸਰਸੇ ਰੋੜੇ ਸੋ ਲਏ ਜਗਾ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਇਕੀ ਸਾਚੀ ਸਿਖੀ ਝੋਲੀ ਦਿਤੀ ਪਾ, ਆਪਣਾ ਪੱਲੂ ਅੱਗੇ ਡਾਹਿੰਦਾ । ਵਾਲੋਂ ਨਿੱਕੀ ਧਾਰੋਂ ਤਿਖੀ, ਕਲਜੁਗ ਅੰਤਮ ਵੇਖ ਵਖਾਇੰਦਾ । ਸੋਹੰ ਕੰਡੇ ਤੋਲ ਤੁਲਾ, ਨਾਨਕ ਤੇਰਾਂ ਧਾਰ ਚਲਾਇੰਦਾ । ਬਦਲਿਆ ਚੋਲਾ ਖੇਲੇ ਖੇਲ ਦੋ ਜਹਾਨ, ਦੋ ਜਹਾਨ ਆਪ ਅਖਵਾਇੰਦਾ । ਫੜ ਫੜ ਹੰਸ ਬਣਾਏ ਕਾਂ, ਜੋ ਜਨ ਸਰਨਾਈ ਆਇੰਦਾ । ਕੋਟ ਕੋਟ ਜਨਮ ਪੂਜਾ ਪਾਠ ਤਪ ਸੰਜਮ ਨੇਮ ਏਕਾ ਅੱਖਰ ਲੇਖੇ ਲਏ ਲਾ, ਜੋ ਜਨ ਸਨਮੁਖ ਰਸਨਾ ਗਾਇੰਦਾ । ਲੱਖ ਚੁਰਾਸੀ ਦੇਵੇ ਫੰਦ ਕਟਾ, ਧਰਮ ਰਾਏ ਨੇੜ ਨਾ ਆਇੰਦਾ । ਲਾੜੀ ਮੌਤ ਰਹੀ ਸ਼ਰਮਾ, ਗੁਰਸਿਖ ਦਰ ਨਾ ਵੇਖਣ ਪਾਇੰਦਾ । ਧਰਮ ਦਵਾਰੇ ਚਿਤਰ ਗੁਪਤ ਆਪਣਾ ਲੇਖਾ ਖੋਲ੍ਹ ਨਾ ਰਿਹਾ ਵਖਾ, ਨਾ ਅੱਗੇ ਕੋਈ ਟਿਕਾਇੰਦਾ । ਸਦਾ ਸੁਹੇਲਾ ਦੇਵਣ ਆਇਆ ਠੰਡੀ ਛਾਂ, ਕਲਜੁਗ ਅੰਤਮ ਵੇਖ ਵਖਾਇੰਦਾ । ਆਪੇ ਪਿਤਾ ਆਪੇ ਮਾਂ, ਗੁਰਸਿਖ ਬਾਲ ਅੰਞਾਣੇ ਗੋਦ ਉਠਾਇੰਦਾ । ਕਲਜੁਗ ਜੀਵ ਉਠ ਉਠ ਜਾਗ, ਰੈਣ ਅੰਧੇਰੀ ਛਾਈਆ । ਪਾਰਬ੍ਰਹਮ ਪ੍ਰਭ ਚਰਨੀ ਲਾਗ, ਦੁਰਮਤ ਮੈਲ ਧੋਵੇ ਸ਼ਾਹੀਆ । ਪੰਚ ਵਿਕਾਰਾ ਜਗਤ ਤਿਆਗ, ਦੁਰਮਤ ਮੈਲ ਗਵਾਈਆ । ਚਰਨ ਧੂੜ ਕਰਾਏ ਮਜਨ ਮਾਘ, ਅਠਸਠ ਮੂਲ ਚੁਕਾਈਆ । ਆਤਮ ਅੰਤਰ ਉਪਜਾਏ ਇਕ ਵੈਰਾਗ, ਆਤਮ ਬ੍ਰਹਮ ਜਣਾਈਆ । ਧੁਨ ਅਨਾਦੀ ਵਜਾਏ ਏਕਾ ਨਾਦ, ਅਨਹਦ ਤਾਲ ਉਠਾਈਆ । ਸ਼ਬਦ ਜਣਾਈ ਬੋਧ ਅਗਾਧ, ਕਾਇਆ ਮੰਦਰ ਜਣਾਈਆ । ਜੋ ਜਨ ਰਸਨਾ ਰਹੇ ਅਰਾਧ, ਸੇਵਕ ਸੇਵਾ ਵੇਖ ਵਖਾਈਆ । ਸਤਿਗੁਰ ਪੂਰਾ ਸਾਜਣ ਮੀਤ ਜਿਸ ਜਨ ਸਾਚੇ ਲਿਆ ਲਾਧ, ਏਕਾ ਦੂਜਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਖੇ ਸਾਚੇ ਘਰ, ਘਰ ਮੰਦਰ ਵੇਖ ਵਖਾਈਆ । ਗੁਰਸਿਖ ਸਚ ਦਵਾਰ, ਹਰਿ ਸੁਹਾਇਆ । ਹਰਿਸੰਗਤ ਕਰ ਪਿਆਰ, ਡੇਰਾ ਲਾਇਆ । ਵੱਜੇ ਸ਼ਬਦ ਸੱਚੀ ਧੁਨਕਾਰ, ਅਨਹਦ ਮੰਗਲ ਏਕਾ ਗਾਇਆ । ਧੁਰ ਦੀ ਗਾਏ ਸਾਚੀ ਵਾਰ, ਆਸਾ ਮਨਸਾ ਪੂਰ ਕਰਾਇਆ । ਜੋ ਜਨ ਆਏ ਚਲ ਦਵਾਰ, ਨਿਰਾਸਾ ਕੋਈ ਨਾ ਦਰ ਤੋਂ ਜਾਈਆ । ਭਰੇ ਨਾਮ ਸ਼ਬਦ ਭੰਡਾਰ, ਅਤੁਟ ਭੰਡਾਰਾ ਆਪ ਰਖਾਇਆ । ਵਰਤੇ ਵਰਤਾਏ ਵਿਚ ਸੰਸਾਰ, ਸਹਿੰਸਾ ਰੋਗ ਦਏ ਚੁਕਾਇਆ । ਅੰਦਰ ਮੰਦਰ ਗੁਪਤ ਜ਼ਾਹਰ ਪਾਵੇ ਸਾਰ, ਨਾ ਕੋਈ ਸਕੇ ਭੇਵ ਛੁਪਾਇਆ । ਲੱਖ ਚੁਰਾਸੀ ਵੇਖੇ ਸਾਚੀ ਨਾਰ, ਸਾਚਾ ਕੰਤ ਕਵਣ ਰਹੀ ਹੰਢਾਇਆ ।

੬੫੮
੦੭

ਕਵਣ ਦੁਹਾਗਣ ਹੋਈ ਵਿਭਚਾਰ, ਦਰ ਦਰ ਨੈਣ ਰਹੀ ਮਟਕਾਇਆ । ਬਿਨ ਹਰਿ ਸੇਜ ਨਾ ਸੋਏ ਕੋਈ ਪੈਰ ਪਸਾਰ, ਸੁਹੰਜਣੀ ਸੇਜ ਸਰਬ ਵਖਾਇਆ । ਕੰਤ ਕੰਤੂਹਲਾ ਕਰ ਪਿਆਰ, ਸ਼ਬਦ ਝੂਲਾ ਦਏ ਝੁਲਾਇਆ । ਆ ਸਖੀ ਇਕ ਦਵਾਰ, ਹਰਿ ਸਾਚੇ ਆਪ ਸੁਹਾਇਆ । ਮੰਗਲ ਗਾਏ ਵਾਰੋ ਵਾਰ, ਪੰਚਮ ਦਰ ਵਖਾਇਆ । ਚੌਥੇ ਘਰ ਪਾਵੇ ਸਾਰ, ਪ੍ਰਮਾਨੰਦ ਸਮਾਇਆ । ਤੀਜਾ ਨੈਣ ਦਏ ਉਘਾੜ, ਆਪਾ ਮੂਲ ਚੁਕਾਇਆ । ਦੋਏ ਦੋਏ ਲੋਚਣ ਨਾ ਵੇਖਣਾ ਪਾੜ, ਹਰਿ ਕਾ ਰੂਪ ਦੋਏ ਨੇਤਰ ਨਜ਼ਰ ਨਾ ਆਇਆ । ਦੋਏ ਨੇਤਰ ਵੇਖਣ ਉਘਾੜ, ਮਾਇਆ ਮਮਤਾ ਮੋਹ ਹਲਕਾਇਆ । ਪੰਚ ਵਿਕਾਰਾ ਰਚਿਆ ਨਾੜ ਨਾੜ, ਦਿਵਸ ਰੈਣ ਰਹੀ ਨਚਾਇਆ । ਕਲਜੁਗ ਕੂੜਾ ਘੜਿਆ ਘਾੜ, ਸਚ ਠਠਿਆਰਾ ਦਿਸ ਨਾ ਆਇਆ । ਅੰਤਮ ਭਾਂਡਾ ਭੱਜਣਾ ਵਿਚ ਉਜਾੜ, ਮੰਦਰ ਅੰਦਰ ਰਹਿਣ ਨਾ ਪਾਇਆ । ਲਿਖੀ ਥਿਤੀ ਸਤਾਰਾਂ ਹਾੜ, ਨਾ ਕੋਈ ਮੇਟੇ ਮੇਟ ਮਿਟਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਮੰਦਰ ਦੇਵੇ ਵਾੜ, ਸ਼ਬਦ ਦਵਾਰੀ ਇਕ ਵਖਾਇਆ । ਹਰਿਸੰਗਤ ਹਰਿ ਪਿਛੇ ਅਗਾੜ, ਸੇਵਕ ਸੇਵਾ ਰਿਹਾ ਕਮਾਇਆ । ਗੁਰਮੁਖ ਸਾਚੇ ਸਾਚੇ ਘੋੜੇ ਦੇਵੇ ਚਾੜ੍ਹ, ਏਕਾ ਅਸਵ ਨਾਲ ਰਖਾਇਆ । ਦਰਗਹਿ ਸਾਚੀ ਦੇਵੇ ਵਾੜ, ਧੁਰ ਧਾਮੀ ਧੁਰ ਦਾ ਮਾਣ ਰਖਾਇਆ । ਜਿਸ ਜਨ ਚਰਨ ਛੁਹਾਇਆ ਦਾੜ੍ਹ, ਅੱਧ ਵਿਚ ਰਹਿਣ ਨਾ ਪਾਇਆ । ਗਗਨ ਪਤਾਲਾਂ ਪਰਦਾ ਦੇਵੇ ਪਾੜ, ਗੁਰਸਿਖ ਤੇਰਾ ਰਾਹ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਕਲਜੁਗ ਅੰਤਮ ਵੇਖ ਵਖਾਇਆ । ਗੁਰਮੁਖਾਂ ਬੰਨ੍ਹੇ ਨਾਮ ਡੋਰੀ, ਗੁਰ ਪੂਰੇ ਹੱਥ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਕਰਦਾ ਆਇਆ ਚੋਰੀ, ਸੁੱਤੇ ਰਿਹਾ ਜਗਾਈਆ । ਕਲਜੁਗ ਅੰਤਮ ਰੈਣ ਅੰਧੇਰ ਘੋਰੀ, ਮੂਰਖ ਗੂੜ੍ਹੀ ਨੀਂਦ ਸਵਾਈਆ । ਹਰਿਸੰਗਤ ਆਪਣੇ ਨਾਲ ਜਾਏ ਤੋਰੀ, ਨੱਠਾ ਜਾਏ ਵਾਹੋ ਦਾਹੀਆ । ਸੋਹੰ ਸ਼ਬਦ ਚੁਕਾਏ ਮੋਰੀ ਤੋਰੀ, ਤੋਰਾ ਮੋਰਾ ਰਹਿਣ ਨਾ ਪਾਈਆ । ਪਾਰਬ੍ਰਹਮ ਚੜ੍ਹਾਏ ਸਾਚੀ ਘੋੜੀ, ਜੋਤੀ ਜੋਤ ਸੇਵਾ ਲਾਈਆ । ਗੁਰਸਿਖਾਂ ਘਾਲ ਘਾਲੀ ਰਹਿ ਗਈ ਥੋੜੀ, ਵੇਲਾ ਅੰਤ ਮੁਕਾਈਆ । ਵੇਖ ਵਖਾਏ ਪੂਤ ਸਪੂਤੇ ਬ੍ਰਹਿਮਣ ਗੌੜੀ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਚਾਰੋਂ ਕੁੰਟ ਹੋਏ ਬੌਹੜੀ ਬੌਹੜੀ, ਧੀਰਜ ਧੀਰ ਨਾ ਕੋਈ ਧਰਾਈਆ । ਉਚੇ ਮੰਦਰਾਂ ਜੋ ਲਾ ਲਾ ਥੱਕੇ ਪੌੜੀ, ਬਸਤਰ ਖ਼ਾਕ ਰਲਾਈਆ । ਕਿਸੇ ਯਾਦ ਨਾ ਆਏ ਰਾਗ ਗੌੜੀ, ਧਨਾਸਰੀ ਜੈਜੈਵੰਤੀ ਨਾ ਕੋਈ ਗਾਈਆ । ਵਾਰ ਆਸਾ ਨਾ ਪੜ੍ਹੇ ਕੋਈ ਸਲੋਕ ਪੌੜੀ, ਸੁਧਾਸਰ ਅਸ਼ਨਾਨ ਨਾ ਕੋਈ ਕਰਾਈਆ । ਸੰਮਤ ਪੰਦਰਾਂ ਸਭ ਨੂੰ ਰਿਹਾ ਹੋੜੀ, ਉਠੋ ਜਾਗੋ ਦਾਤਾ ਆਇਆ ਬੇਪਰਵਾਹੀਆ । ਰਾਮਦਾਸ ਸਰਵਰ ਮਨੁੱਖ ਮਨੁਸ਼ ਕਾਗ ਹੰਸ ਕਰੇ ਕੋਹੜੀ, ਗੁਰਸਿਖ ਦੁਰਮਤ ਮੈਲ ਨੁਹਾਵਨੀ ਕੋਈ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਚੁਕਾਇਆ ਡਰ, ਨਾ ਲੁਕਿਆ ਕਿਸੇ ਅੰਦਰ ਵੜ, ਸ਼ਬਦ ਡੰਕਾ ਰਿਹਾ ਵਜਾਈਆ । ਸਾਚੇ ਸਿਖ ਸੰਤ ਦੁਲਾਰ, ਪਾਇਆ ਪੁਰਖ ਅਬਿਨਾਸ਼ਾ । ਮਿਲਿਆ ਮੇਲ ਹਰਿ ਕੰਤ ਭਤਾਰ, ਜਗਤ ਦੁੱਖੜਾ ਨਾਸਾ । ਸਾਂਤਕ ਸਤਿ ਹੋਇਆ ਸੰਸਾਰ, ਬੁੱਝੀ ਤ੍ਰਿਸ਼ਨਾ ਪਿਆਸਾ । ਰੱਤੀ ਰੱਤ ਇਕ ਅਪਾਰ, ਤੁਲਿਆ ਤੋਲ ਨਾ ਤੋਲਾ ਮਾਸਾ । ਮਿਤ ਗਤ ਜਾਣੇ ਕਰਤਾਰ, ਜਿਸ ਜਨ ਕੀਆ ਅੰਦਰ ਵਾਸਾ । ਗੁਰਚਰਨ ਹਿੱਤ ਸਚ ਪਿਆਰ, ਚਰਨ ਕਵਲ ਭਰਵਾਸਾ । ਜੋ ਜਨ ਢਏ ਚਰਨ ਦਵਾਰ, ਮੇਲ ਮਿਲਾਵਾ ਸ਼ਾਹੋ ਸ਼ਾਬਾਸ਼ਾ । ਆਦਿ ਨਿਰੰਜਣ ਹਰਿ ਕਰਤਾਰ, ਨਿਹਕਲੰਕ ਜੋਤ ਸਰੂਪ ਵੇਖਣ ਆਇਆ ਜਗਤ ਤਮਾਸ਼ਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਵਰ, ਰਸਨ ਤਜੌਣਾ ਮਦਿਰਾ ਮਾਸਾ । ਮਦਿਰਾ ਮਾਸ ਰਸਨ ਤਜੌਣਾ, ਗੁਰਮਤ ਵਡ ਵਡਿਆਈਆ । ਪੁਰਖ ਅਬਿਨਾਸ਼ੀ ਘਰ ਮੇਂ ਪੌਣਾ, ਗੁਰ ਅਰਜਨ ਗਿਆ ਸਮਝਾਈਆ । ਏਕਾ ਪਦ ਇਕ ਨਿਸ਼ਾਨ ਰਖੌਣਾ, ਏਕਾ ਤੀਰ ਚਲਾਈਆ । ਏਕਾ ਮਦਿ ਜਾਮ ਪਿਔਣਾ, ਭਰ ਪਿਆਲਾ ਅੰਮ੍ਰਿਤ ਸਚ ਸੁਰਾਹੀਆ । ਆਪਣੀ ਯਦ ਭਾਗ ਲਗੌਣਾ, ਕੁਲਵੰਤ ਨਾਮ ਧਰਾਈਆ । ਨੌਂ ਦਵਾਰੇ ਹੱਦ ਪਾਰ ਕਰਾਣਾ, ਘਰ ਦਸਵਾਂ ਵੇਖ ਵਖਾਈਆ । ਜੋਤੀ ਦੀਪ ਇਕ ਜਗੌਣਾ, ਅੰਧ ਅੰਧੇਰ ਮਿਟਾਈਆ । ਸਤਿ ਪੁਰਖ ਨਿਰੰਜਣ ਦਰਸ਼ਨ ਪੌਣਾ, ਸਤਿ ਸਤਿ ਸਮਾਈਆ । ਅਲੱਖ ਨਿਰੰਜਣ ਅਲੱਖ ਜਗੌਣਾ, ਘਰ ਆਵੇ ਦਏ ਦੁਹਾਈਆ । ਅਗੰਮ ਅਗੋਚਰ ਅਥਾਹ, ਬੇਪਰਵਾਹ ਸਾਚਾ ਸੰਗ ਨਿਭੌਣਾ, ਵਿਛੜ ਕਦੇ ਨਾ ਜਾਈਆ । ਸਤਿਜੁਗ ਸਾਚੇ ਦੱਸੇ ਰਾਹ, ਚਾਰ ਵਰਨਾਂ ਇਕ ਪੜ੍ਹਾਈਆ । ਏਕਾ ਸ਼ਬਦ ਬਣੇ ਮਲਾਹ, ਗੁਰ ਸ਼ਬਦ ਹੋਏ ਸਹਾਈਆ । ਨਿਰਗੁਣ ਰੂਪ ਨਰ ਨਰਾਇਣ ਆਪਣੇ ਨੈਣ ਵੇਖੇ ਥਾਉਂ ਥਾ, ਥਾਨ ਥਨੰਤਰ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਰਨੀ ਕਿਰਤ ਰਿਹਾ ਕਮਾਈਆ ।

### * ੨੧ ਅੱਸੂ ੨੦੧੫ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ *

ਆਦਿ ਜੁਗਾਦਿ ਜੁਗ ਜੁਗ ਧਾਰ, ਹਰਿ ਹਰਿ ਆਪ ਚਲਾਈਆ । ਨਿਰਗੁਣ ਰੂਪ ਕਰ ਅਕਾਰ, ਨਿਰਾਕਾਰ ਸਮਾਈਆ । ਅਕਲ ਕਲ ਖੇਲ ਅਪਾਰ, ਅਕਾਲ ਪੁਰਖ ਅਖਵਾਈਆ । ਆਦਿ ਸ਼ਕਤ ਰੂਪ ਅਪਾਰ, ਅਨਭਵ ਪ੍ਰਕਾਸ਼ ਸਮਾਈਆ । ਅਲੱਖ ਅਗੰਮ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਰੁਸ਼ਨਾਈਆ । ਰਾਮ ਰੂਪ ਅਪਰ ਅਪਾਰ, ਰੂਪ ਰੇਖ ਨਾ ਕੋਈ ਜਣਾਈਆ । ਆਪੇ ਵਸਿਆ ਧਾਮ ਨਿਆਰ, ਧਾਮ ਅਵੱਲੜਾ ਇਕ ਸੁਹਾਈਆ । ਆਦਿ ਨਿਰੰਜਣ ਪੁਰਖ ਕਰਤਾਰ, ਅਜੂਨੀ ਰਹਿਤ ਨਾਮ ਰਖਾਈਆ । ਸਵੈ ਸ਼ਕਤ ਜੋਤ ਨਿਰਾਕਾਰ, ਰੂਪ ਅਨੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲ ਖਿਲਾਈਆ । ਆਦਿ ਜੁਗਾਦਿ ਹਰਿ ਨਿਰੰਕਾਰਾ, ਏਕਾ ਏਕ ਸਮਾਇਆ । ਪਾਰਬ੍ਰਹਮ ਪ੍ਰਭ ਹਰਿ ਅਵਤਾਰਾ, ਹਰਿ ਹਰਿ ਜੋਤ ਜਗਾਇਆ । ਕੋਟਨ ਕੋਟ ਕੋਟ ਕਰ ਪਸਾਰਾ, ਆਪ ਆਪਣਾ ਰਿਹਾ ਛੁਪਾਇਆ । ਮਹੱਲ ਅਟੱਲ ਉਚ ਮੁਨਾਰਾ, ਏਕਾ ਏਕ ਸੁਹਾਇਆ । ਆਪੇ ਬੈਠ ਸਿਰਜਣਹਾਰਾ, ਸਚ ਸਮਗਰੀ ਲਏ ਉਪਾਇਆ । ਜੋਤੀ ਜੋਤ ਧਰ ਪਿਆਰਾ, ਜੋਤੀ ਜੋਤ ਮੇਲ ਮਿਲਾਇਆ । ਸ਼ਬਦ ਅਨਾਦੀ ਉਪਜੇ ਬਾਹਿਰਾ, ਧੁਨ ਅਨਾਦ ਵਜਾਇਆ । ਗਾਏ ਗਵਾਏ ਗਾਵਣਹਾਰਾ, ਸੁਨਣਹਾਰ ਆਪ ਹੋ ਜਾਇਆ । ਵੇਖੇ ਵਿਗਸੇ ਕਰ ਵਿਚਾਰਾ, ਵੇਖਣਹਾਰਾ ਦਿਸ ਨਾ ਆਇਆ । ਬ੍ਰਹਿਮੰਡ ਖੰਡ ਕਰ ਪਸਾਰਾ, ਲੋਆਂ ਪੁਰੀਆਂ ਬਣਤ ਬਣਾਇਆ । ਲੋਕ ਪਰਲੋਕ ਦਏ ਸਹਾਰਾ, ਚੌਦਾਂ ਹੱਟ ਖੁਲ੍ਹਾਇਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰਾ, ਆਪਣਾ ਅੰਗ ਕਟਾਇਆ । ਤ੍ਰੈਗੁਣ ਮੇਲ ਅਪਰ ਅਪਾਰਾ, ਪ੍ਰਿਥਮੀ ਅਕਾਸ਼ ਟਿਕਾਇਆ । ਪੰਜ ਤਤ ਖੇਲ ਨਿਆਰਾ, ਮਨ ਮਤ ਬੁੱਧ ਮੇਲ ਮਿਲਾਇਆ । ਨਿਰਗੁਣ ਬ੍ਰਹਮ ਕਰ ਪਸਾਰਾ, ਆਤਮ ਆਪ ਦਰਸਾਇਆ ।

ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਭੇਵ ਕਿਸੇ ਨਾ ਪਾਇਆ । ਜੁਗ ਜੁਗ ਚਲੇ ਆਪਣੀ ਧਾਰਾ, ਧਾਰ ਅਵੱਲੀ ਇਕ ਰਖਾਇਆ । ਗੁਰ ਪੀਰ ਸਾਧ ਸੰਤ ਸੇਵਕ ਲਾਏ ਸੇਵਾਦਾਰਾ, ਮਾਰਗ ਪੰਥ ਚਲਾਇਆ । ਜੋਗ ਤਪ ਹੱਠ ਸਨਿਆਸ ਵੈਰਾਗ ਤਿਆਗ ਦਿਸੇ ਵਿਚ ਸੰਸਾਰਾ, ਤਨ ਲੰਗੋਟ ਬੰਧਾਇਆ । ਕਪੜ ਕੂੜ ਕਿਰਿਆ ਕਰ ਉਜਿਆਰਾ, ਮਾਣ ਮੋਹ ਬੰਧਾਇਆ । ਪੰਜ ਤਤ ਕਰ ਹਿਤਕਾਰਾ, ਹਉਮੇ ਗੜ੍ਹ ਸੁਹਾਇਆ । ਰਕਤ ਬੂੰਦ ਮੇਲ ਕੰਤ ਭਤਾਰਾ, ਨਾਰੀ ਨਾਰਾ ਵੇਸ ਵਟਾਇਆ । ਉਪਜੇ ਸੁਤ ਜਗਤ ਦੁਲਾਰਾ, ਧਰਤ ਮਾਤ ਗੋਦ ਸੁਹਾਇਆ । ਵੇਖ ਵਖਾਏ ਰਵ ਸਸ ਸੂਰਜ ਚੰਨ ਸਤਾਰਾ, ਮੰਡਲ ਮੰਡਪ ਸੁਹਾਇਆ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਕਿਸੇ ਨਾ ਪਾਇਆ । ਪੜ੍ਹ ਪੜ੍ਹ ਥੱਕੇ ਜੀਵ ਜੰਤ ਗਵਾਰਾ, ਲੇਖਾ ਲਿਖਤ ਵਿਚ ਨਾ ਆਇਆ । ਬ੍ਰਹਮਾ ਵੇਤਾ ਬਣ ਲਿਖਾਰਾ, ਚਾਰੇ ਮੁਖ ਰਿਹਾ ਖੁਲ੍ਹਾਇਆ । ਪ੍ਰਭ ਅਬਿਨਾਸ਼ੀ ਖੇਲ ਨਿਆਰਾ, ਭੇਵ ਅਭੇਦਾ ਭੇਵ ਛੁਪਾਇਆ । ਕਰੇ ਕਰਾਏ ਕਰਨੇਹਾਰਾ, ਕਾਦਰ ਕਰਤਾ ਆਪ ਅਖਵਾਇਆ । ਘੜਣ ਭੰਨਣਹਾਰ ਸਮਰਥ ਪੁਰਖ ਅਪਾਰਾ, ਸਾਰੰਗ ਧਰ ਨਾਮ ਧਰਾਇਆ । ਮਰੇ ਜੰਮੇ ਵਿਚ ਸੰਸਾਰਾ, ਆਵਣ ਜਾਵਣ ਖੇਲ ਰਚਾਇਆ । ਬਿਨ ਥੰਮੇ ਗਗਨ ਦਏ ਸਹਾਰਾ, ਧਰਤ ਧਵਲ ਜਲ ਬਿੰਬ ਟਿਕਾਇਆ । ਥਿਰ ਘਰ ਸੁਹਾਏ ਨਾ ਕੋਈ ਲਾਏ ਇੱਟਾਂ ਗਾਰਾ, ਹਰਿ ਮੰਦਰ ਨਾਉਂ ਰਖਾਇਆ । ਨਿਰਮਲ ਜੋਤੀ ਕਰ ਉਜਿਆਰਾ, ਦੀਪਕ ਇਕ ਸੁਹਾਇਆ । ਨਾਦੀ ਸ਼ਬਦ ਵੱਜੇ ਧੁੰਨਕਾਰਾ, ਰਾਗ ਰਾਗਨੀ ਨਾ ਕੋਈ ਗਾਇਆ । ਬੋਧ ਅਗਾਧ ਸ਼ਬਦ ਜੈਕਾਰਾ, ਸੁਨ ਸਮਾਧ ਸੁਣਾਇਆ । ਵੇਖੇ ਖੇਲ ਆਪ ਨਿਰੰਕਾਰਾ, ਨਿਰਵੈਰ ਨਾਮ ਧਰਾਇਆ । ਨੂਰੋ ਨੂਰ ਨੂਰ ਚਮਤਕਾਰਾ, ਆਪ ਆਪਣਾ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਹਰਿ ਅਵੱਲਾ, ਹਰਿ ਆਪਣੀ ਜੋਤ ਜਗਾਈਆ । ਖੇਲੇ ਖੇਲ ਸ੍ਰਿਸ਼ਟ ਸਬਾਈ ਇਕ ਇਕੱਲਾ, ਘਟ ਘਟ ਬੈਠਾ ਆਸਣ ਲਾਈਆ । ਸੁਹਾਏ ਨਿਹਚਲ ਧਾਮ ਅਟੱਲਾ, ਉਚ ਮਹੱਲਾ ਡੇਰਾ ਲਾਈਆ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਆਪਣੇ ਹੱਥ ਰੱਖੀ ਵਡਿਆਈਆ । ਆਦਿ ਪੁਰਖ ਹਰਿ ਦੀਨ ਦਿਆਲਾ, ਅਕਲ ਕਲਾ ਅਖਵਾਇੰਦਾ । ਆਦਿ ਸ਼ਕਤੀ ਜੋਤ ਜਵਾਲਾ, ਏਕਾ ਏਕ ਡਗਮਗਾਇੰਦਾ । ਆਪੇ ਕਾਲ ਆਪੇ ਮਹਾਂਕਾਲਾ, ਮਹਾਂਕਾਲ ਆਪ ਖਪਾਇੰਦਾ । ਆਪੇ ਧਰਮ ਰਾਏ ਧਰਮਸਾਲਾ, ਧਰ ਧਰਨੀ ਆਪ ਸੁਹਾਇੰਦਾ । ਆਪੇ ਪ੍ਰਿਥਮੀ ਕਰੇ ਪ੍ਰਿਤਪਾਲਾ, ਅਕਾਸ਼ ਪ੍ਰਕਾਸ਼ ਆਪ ਰਖਾਇੰਦਾ । ਆਪੇ ਖੇਲੇ ਖੇਲ ਨਿਰਾਲਾ, ਖੇਲਣਹਾਰ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਵੇਸ ਸਤਿ ਪੁਰਖ ਸਦਾ ਅਦੇਸ, ਜੂਨੀ ਰਹਿਤ ਭੇਵ ਕੋਈ ਨਾ ਪਾਇੰਦਾ । ਮੂਰਤ ਅਕਾਲ ਜੋਤ ਨਿਰੰਜਣ, ਜੂਨੀ ਰਹਿਤ ਅਖਵਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਸਗਲਾ ਸੰਗ ਨਿਭਾਇਆ । ਲੱਖ ਚੁਰਾਸੀ ਨੇਤਰ ਗਿਆਨ ਦੇਵੇ ਅੰਜਨ, ਨਿਰਤ ਸੁਰਤ ਵੇਖ ਵਖਾਇਆ । ਕਾਇਆ ਗੜ੍ਹ ਸੁਹਾਏ ਕੰਚਨ, ਉਪਰ ਚੜ੍ਹ ਡੇਰਾ ਲਾਇਆ । ਆਪ ਕਰਾਏ ਆਤਮ ਸਰ ਆਪਣਾ ਮਜਨ, ਸਰ ਸਰੋਵਰ ਇਕ ਨੁਹਾਇਆ । ਆਤਮ ਅੰਤਰ ਸ਼ਬਦ ਅਨਾਦੀ ਏਕਾ ਭਜਨ, ਦਿਵਸ ਰੈਣ ਰਿਹਾ ਸੁਣਾਇਆ । ਅਨਹਦ ਅਨਹਤ ਤਾਲ ਆਪੇ ਵੱਜਣ, ਤਾਲ ਤਲਵਾੜਾ ਇਕ ਰਖਾਇਆ । ਸੇਵਾ ਕਰੇ ਪ੍ਰਭ ਸਾਚਾ ਸੱਜਣ, ਪੰਜ ਤਤ ਡੇਰਾ ਲਾਇਆ । ਹਉਮੇ ਗੜ੍ਹ ਹੰਕਾਰੀ ਭੱਜਣ, ਨਾਮ ਖੰਡਾ ਇਕ ਚਮਕਾਇਆ ।

ਨੌਂ ਦਵਾਰ ਗੁਰਮੁਖ ਸਾਚੇ ਤਜਣ, ਦਰ ਦਵਾਰਾ ਇਕ ਸੁਹਾਇਆ । ਕਾਇਆ ਕਾਅਬਾ ਸਾਚਾ ਹਾਜਨ, ਹਾਜੀ ਹੱਜ ਵਖਾਇਆ । ਸ਼ਬਦ ਅਗੰਮੀ ਚੜ੍ਹਿਆ ਤਾਜਨ, ਲੋਕਮਾਤ ਫੇਰਾ ਪਾਇਆ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜ਼ਨ, ਗ਼ਰੀਬ ਨਿਮਾਣੇ ਵੇਖ ਵਖਾਇਆ । ਜੋਤ ਜਗਾਏ ਦੇਸ ਮਾਝਨ, ਨਿਹਕਲੰਕੀ ਨਾਉਂ ਰਖਾਇਆ । ਗੋਬਿੰਦ ਰੱਖੇ ਤੇਰੀ ਲਾਜਣ, ਸੰਬਲ ਨਗਰੀ ਡੇਰਾ ਲਾਇਆ । ਸੁਤ ਦੁਲਾਰੇ ਮਾਰੇ ਵਾਜਨ, ਜੋ ਸਰਸੇ ਗਿਆ ਰੁੜਾਇਆ । ਮਨਮੁਖਾਂ ਖੋਲ੍ਹਣ ਆਇਆ ਪਾਜਣ, ਵੀਹ ਸਦ ਪੰਦਰਾਂ ਵੇਖ ਵਖਾਇਆ । ਪ੍ਰਗਟ ਹੋਇਆ ਸ਼ਾਹੋ ਭੂਪ ਵਡ ਰਾਜ ਰਾਜਾਨ, ਰਾਜ ਰਾਜਾਨਾ ਦਏ ਹਿਲਾਇਆ । ਵੇਖੇ ਸ਼ੇਖ਼ ਮੁਸਾਇਕ ਨਵਾਬਨ, ਪੀਰ ਫ਼ਕੀਰ ਦਸਤਗੀਰ ਦਏ ਉਠਾਇਆ । ਜਗਤ ਮਸਲਾ ਵੇਖੇ ਸਾਚਾ ਹਾਜੀ ਹਾਜਨ, ਮੁਖ ਨਕਾਬ ਪਰਦਾ ਲਾਹਿਆ । ਤਾਲਬ ਤਲਬ ਕਰੇ ਗਾਲਬ ਗਲਬ ਕਰੇ ਵੇਖੇ ਖੇਲ ਪੁਨ ਸਵਾਬਨ, ਅਹਿਬਾਬ ਰਬਾਬ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਨਾਉਂ ਧਰਾਇਆ । ਜੋਤੀ ਜਾਮਾ ਹਰਿ ਗੋਬਿੰਦ, ਸਗਲੀ ਚਿੰਤ ਮਿਟਾਈਆ । ਪ੍ਰਗਟ ਹੋਏ ਭਾਰਤ ਹਿੰਦ, ਨੌਂ ਖੰਡ ਕਰੇ ਰੁਸ਼ਨਾਈਆ । ਸ਼ਬਦ ਧਾਰ ਵਹਾਏ ਸਾਗਰ ਸਿੰਧ, ਬੇਮੁੱਖਾਂ ਦਏ ਰੁੜਾਈਆ । ਸ਼ਬਦ ਗੁਰੂ ਦਾਤਾ ਸੂਰਾ ਵਡ ਮਰਗਿੰਦ, ਨਾਮ ਖੰਡਾ ਹੱਥ ਉਠਾਈਆ । ਪੰਡਤ ਪਾਂਧਿਆਂ ਮੇਟੇ ਚਿੰਦ, ਜੋ ਬੈਠੇ ਮਸਤਕ ਤਿਲਕ ਲਗਾਈਆ । ਦਰ ਦਰ ਘਰ ਕਰਨ ਨਿੰਦ, ਨੇਤਰ ਗਿਆਨ ਨਾ ਕੋਈ ਰਖਾਈਆ । ਪੂਜ ਪੂਜ ਥੱਕੇ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਸ਼ਿਵ ਸ਼ੰਕਰ ਸੀਸ ਭੇਟ ਚੜ੍ਹਾਈਆ । ਬ੍ਰਹਮਾ ਬ੍ਰਹਮਾ ਅਖਵਾਏ ਆਪਣੀ ਬਿੰਦ, ਬ੍ਰਹਮ ਅਸਮੀ ਬ੍ਰਹਮ ਸਮਾਈਆ । ਪਾਰਬ੍ਰਹਮ ਪ੍ਰਭ ਮੇਟਣਹਾਰਾ ਸਗਲੀ ਚਿੰਦ, ਕਲਜੁਗ ਅੰਤਮ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਵੇਸ ਆਦਿ ਪੁਰਖ ਆਪ ਕਰਾਈਆ । ਲੋਕਮਾਤ ਧਰ ਧਰ ਵੇਸ, ਆਪਣਾ ਕਰਮ ਕਮਾਇੰਦਾ । ਆਪੇ ਬ੍ਰਹਮਾ ਵਿਸ਼ਨ ਮਹੇਸ਼, ਆਪੇ ਸੀਸ ਨਿਵਾਇੰਦਾ । ਆਪੇ ਪੂਜਾ ਗਣਪਤ ਗਣੇਸ਼, ਆਪੇ ਪਾਹਨ ਗਲ ਲਟਕਾਇੰਦਾ । ਆਪੇ ਦੇਵਣਹਾਰਾ ਸ਼ਬਦ ਸੰਦੇਸ਼, ਭਗਤ ਭਗਤੀ ਆਪ ਕਰਾਇੰਦਾ । ਆਪੇ ਰਿਖ ਮੁਨ ਕਰੇ ਆਦੇਸ਼, ਆਪ ਆਪਣਾ ਵੇਸ ਵਟਾਇੰਦਾ । ਆਪੇ ਰਾਜ ਰਾਜਾਨਾ ਸ਼ਾਹ ਨਰ ਨਰੇਸ਼, ਭੇਖ ਭਿਖਾਰੀ ਆਪ ਹੋ ਜਾਇੰਦਾ । ਆਪੇ ਬਣੇ ਦਰ ਦਰਵੇਸ਼, ਆਪਣੀ ਭਿਛਿਆ ਆਪੇ ਪਾਇੰਦਾ । ਆਪੇ ਮੂੰਡ ਮੁੰਡਾਏ ਧਾਰੀ ਕੇਸ, ਆਪੇ ਮਸਤਕ ਤਿਲਕ ਲਗਾਇੰਦਾ । ਆਪੇ ਪੰਜ ਕਕਾਰਾ ਦਸ ਦਸਮੇਸ਼, ਆਪੇ ਲਬਾਂ ਮੁਖ ਕਟਾਇੰਦਾ । ਆਪੇ ਕਰਾਏ ਆਪਣਾ ਵੇਸ, ਆਪੇ ਵੇਖ ਵਖਾਇੰਦਾ । ਕਿਸੇ ਨਾ ਚਲੇ ਅੱਗੇ ਪੇਸ਼, ਹੁਕਮੀ ਹੁਕਮ ਸਰਬ ਫਿਰਾਇੰਦਾ । ਆਪੇ ਪਾਵੇ ਸਾਰ ਨੌਂ ਖੰਡ ਪ੍ਰਿਥਮੀ ਸਾਚੇ ਦੇਸ, ਸੱਤਾਂ ਦੀਪਾਂ ਆਪ ਜਗਾਇੰਦਾ । ਆਪੇ ਖੂੰਡੀ ਓਡੇ ਭੂਰੀ ਖੇਸ, ਆਪੇ ਮੱਝੀਆਂ ਬਣ ਚਰਾਇੰਦਾ । ਆਦਿ ਜੁਗਾਦਿ ਆਪੇ ਰਹੇ ਹਮੇਸ਼, ਆਦਿ ਅੰਤ ਆਪ ਅਖਵਾਇੰਦਾ । ਕਲਜੁਗ ਤੇਰੀ ਅੰਤਮ ਵਰ ਪ੍ਰਗਟ ਹੋਏ ਨਰ ਨਰੇਸ਼, ਨਿਹਕਲੰਕਾ ਨਾਉਂ ਰਖਾਇੰਦਾ । ਕਿਸੇ ਹੱਥ ਨਾ ਆਏ ਪੁਸਤਕ ਰੇਖ, ਪੰਡਤ ਪਾਂਧਾ ਨਾ ਕੋਈ ਵਖਾਇੰਦਾ । ਫਿਰੀ ਦੁਹਾਈ ਚਾਰ ਕੁੰਟ ਦਹਿ ਦਿਸ਼ਾ ਗਗਨ ਮੰਡਲ ਸਭ ਰਹੇ ਵੇਖ, ਕਵਣ ਕੂਟੇ ਕਵਣ ਧਾਰ ਹਰਿ ਨਿਰੰਕਾਰ ਜੋਤੀ ਜੋਤ ਜਗਾਇੰਦਾ । ਸਾਧ ਸੰਤ ਅੰਦਰ ਵੜ ਰਹੇ ਵੇਖ, ਕਾਇਆ ਜਿੰਦਾ ਕਵਣ ਤੁੜਾਇੰਦਾ । ਪੰਡਤ ਪਾਂਧੇ ਮੰਦਰ ਬੈਠ ਰਹੇ ਪੜ੍ਹ, ਗੀਤਾ ਗਿਆਨ ਗਾਇਤਰੀ ਦੁਰਗਾ ਰਾਮ ਕਹਾਇੰਦਾ । ਗ੍ਰੰਥੀ ਪੰਥੀ ਰਹੇ ਫੜ,

੬੬੨ ੦੨

੬੬੩
੦੨

ਹੱਥ ਕਿਸੇ ਨਾ ਆਇੰਦਾ । ਪੀਰ ਫ਼ਕੀਰ ਉਚੇ ਟਿੱਲੇ ਰਹੇ ਚੜ੍ਹ, ਜਗਤ ਮਹਿਰਾਬੇ ਬਾਂਗ ਸੁਣਾਇੰਦਾ । ਕਿਸੇ ਹੱਥ ਨਾ ਆਇਆ ਪੰਜ ਤਤ ਕਾਇਆ ਧੜ, ਰੋ ਰੋ ਸਰਬ ਕੁਰਲਾਇੰਦਾ । ਕਲਜੁਗ ਵਗਾਇਆ ਆਪਣਾ ਹੜ, ਕਾਮ ਕਰੋਧ ਲੋਭ ਮੋਹ ਹੰਕਾਰ ਧਾਰ ਇਕ ਵਖਾਇੰਦਾ । ਹਉਮੇ ਹੰਗਤਾ ਗਏ ਸੜ, ਤ੍ਰਿਸ਼ਨਾ ਤ੍ਰਿਪਤ ਨਾ ਕੋਈ ਕਰਾਇੰਦਾ । ਕੋਈ ਨਾ ਵੇਖੇ ਚੋਟੀ ਚੜ੍ਹ, ਨਿਝ ਘਰ ਨਾ ਕੋਈ ਸੁਹਾਇੰਦਾ । ਸੰਮਤ ਪੰਦਰਾਂ ਰਾਹ ਵਿਚ ਸਾਰੇ ਬੈਠੇ ਅੜ, ਅੱਗੇ ਦਿਸ ਕੁਛ ਨਾ ਪਾਇੰਦਾ । ਲੱਗੇ ਅੱਗ ਬਹੱਤਰ ਨਾੜ, ਕਾਇਆ ਧੂਣੀ ਮੱਠ ਤਪਾਇੰਦਾ । ਆਪਣਾ ਮੂਲ ਜਾਨਣ ਜੜ੍ਹ, ਸਾਚਾ ਲੜ ਨਾ ਕੋਈ ਵਖਾਇੰਦਾ । ਵੇਦ ਕਤੇਬਾਂ ਗ੍ਰੰਥਾਂ ਰਹੇ ਪੜ੍ਹ, ਹਰਿ ਕੀ ਪੌੜੀ ਚੜ੍ਹ ਦਰਸ ਕੋਈ ਨਾ ਪਾਇੰਦਾ । ਆਪਣੇ ਅੰਦਰ ਆਪੇ ਰਹੇ ਲੜ, ਨਾ ਝਗੜਾ ਕੋਈ ਮਿਟਾਇੰਦਾ । ਡੂੰਘੀ ਭਵਰੀ ਬੈਠੇ ਵੜ, ਨਾ ਪਾਰ ਕੋਈ ਕਰਾਇੰਦਾ । ਸੂਫ਼ੀ ਮੱਤ ਮਾਰੀ ਦੜ, ਸਚ ਨਿਸ਼ਾਨ ਨਾ ਕੋਈ ਲਗਾਇੰਦਾ । ਸਨਾਤਨ ਧਰਮ ਰਿਹਾ ਸੜ, ਧਰਨੀ ਧਵਲ ਨਾ ਕੋਈ ਸੁਹਾਇੰਦਾ । ਭਗਵੇ ਵੇਸ ਘਰ ਘਰ ਕਰ, ਦਾੜ੍ਹੀ ਮੁੱਛ ਕਟਾਇੰਦਾ । ਵੇਸਵਾ ਵੇਸ ਲਿਆ ਕਰ, ਦਰ ਦਰ ਗੁਰੂ ਫਿਰਾਇੰਦਾ । ਸਨਿਆਸ ਆਸ ਪੂਰੀ ਨਾ ਰਿਹਾ ਕਰ, ਸੁਰਤ ਗਿਆਨ ਨਾ ਕੋਈ ਦ੍ਰਿੜਾਇੰਦਾ । ਪੰਚਮ ਵਿਕਾਰਾ ਰਿਹਾ ਸੜ, ਤਤਵ ਤਤ ਜਲਾਇੰਦਾ । ਪੰਡਤ ਪਾਂਧਾ ਪੀ ਪੀ ਨੜ, ਆਪਣਾ ਮੂਲ ਚੁਕਾਇੰਦਾ । ਮੁਸਲਮ ਸੁਨੀ ਤੀਸ ਬਤੀਸ ਅੱਖਰ ਪੜ੍ਹ, ਸਚ ਆਇਤ ਨਾ ਕੋਈ ਸੁਣਾਇੰਦਾ । ਗ੍ਰੰਥੀ ਪੰਥੀ ਬਣਿਆ ਗੜ੍ਹ, ਹਉਮੇ ਗੜ੍ਹ ਨਾ ਕੋਈ ਤੁੜਾਇੰਦਾ । ਇਕ ਇਕੱਲਾ ਪਾਰਬ੍ਰਹਮ ਕਲਜੁਗ ਅੰਤਮ ਲਏ ਫੜ, ਲੇਖਾ ਕੋਈ ਰਹਿਣ ਨਾ ਪਾਇੰਦਾ । ਪਹਿਲੀ ਕੂਟੇ ਰਿਹਾ ਚੜ੍ਹ, ਸ਼ਬਦੀ ਡੰਕ ਵਜਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਹਰ ਘਟ ਆਪ ਸੁਹਾਇੰਦਾ । ਗੋਬਿੰਦ ਬਾਲਾ ਲਏ ਫੜ, ਆਪਣੀ ਗੋਦ ਉਠਾਇੰਦਾ । ਮਨਮੁਖਾਂ ਨਾਲ ਰਿਹਾ ਲੜ, ਮਾਇਆ ਪਰਦਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਇਕ ਇਕੱਲਾ, ਖੇਲੇ ਖੇਲ ਜਗਤ ਮਹੱਲਾ, ਆਪ ਆਪਣਾ ਵੇਸ ਵਟਾਇੰਦਾ ।

ਗੋਬਿੰਦ ਗੁਰ ਕਰ ਪਿਆਰ, ਰਾਮ ਰੂਪ ਸਮਾਈਆ । ਕਾਹਨਾ ਕ੍ਰਿਸ਼ਨਾ ਖੇਲ ਨਿਆਰ, ਨਾਮ ਬੰਸਰੀ ਇਕ ਵਜਾਈਆ । ਅਹਿਮਦ ਮੁਹੰਮਦ ਪਾਵੇ ਸਾਰ, ਐਨਲਹੱਕ ਜਣਾਈਆ । ਸਚ ਖ਼ੁਦਾਈ ਪਰਵਰਦਿਗਾਰ, ਪਾਰਬ੍ਰਹਮ ਅਖਵਾਈਆ । ਖੇਲੇ ਖੇਲ ਵਿਚ ਸੰਸਾਰ, ਗੁਰਮੁਖਾਂ ਰਿਹਾ ਉਠਾਈਆ । ਤੋੜੇ ਗੜ੍ਹ ਲੰਕਾ ਹੰਕਾਰ, ਬਜ਼ਰ ਕਪਾਟੀ ਇਕ ਜਣਾਈਆ । ਰਾਵਣ ਰੋਵੇ ਧਾਹਾਂ ਮਾਰ, ਮਨ ਰਾਵਣ ਰਹਿਣ ਨਾ ਪਾਈਆ । ਸੀਤਾ ਸੁਰਤੀ ਕਰ ਪਿਆਰ, ਸ਼ਬਦ ਰਾਮਾ ਲਏ ਪ੍ਰਨਾਈਆ । ਗੁਰਸਿਖ ਤੇਰਾ ਸਚ ਪਿਆਰ, ਸ਼ਾਹ ਭਬੀਖ਼ਣ ਨਾਉਂ ਰਖਾਈਆ । ਰਾਸ਼ਟਰਪਤਿ ਮੀਤ ਮੁਰਾਰ, ਸੋਇਆ ਸੁਤ ਉਠਾਈਆ । ਅੰਤਮ ਮੇਲਾ ਵਿਚ ਸੰਸਾਰ, ਸੰਮਤ ਸੋਲਾਂ ਦਏ ਸਮਝਾਈਆ । ਥਿਤ ਵਾਰ ਰਿਹਾ ਵਿਚਾਰ, ਆਪਣੇ ਹੱਥ ਰੱਖੇ ਵਡਿਆਈਆ । ਹਰਿਸੰਗਤ ਹਰਿ ਸੇਵਾਦਾਰ, ਰਾਜ ਰਾਜਾਨਾ ਸ਼ਾਹ ਸੁਲਤਾਨਾ ਦੇਵੇ ਖ਼ਾਕ ਮਿਲਾਈਆ । ਜੋਧਾ ਸੂਰਬੀਰ ਵਡ ਮਰਦ ਮਰਦ ਮਰਦਾਨਾ, ਏਕਾ ਖੰਡਾ ਰਿਹਾ ਚਮਕਾਈਆ । ਪਹਿਲੀ ਕੱਤਕ ਬੰਨੇ ਗਾਨਾ, ਸਾਚਾ ਸਗਨ ਮਨਾਈਆ । ਗੁਰਸਿਖ ਨਾ ਫੜੇ ਤੀਰ ਕਮਾਨਾ, ਰਸਨਾ ਸੋਹੰ ਏਕਾ ਗਾਈਆ ।

ਖੇਲੇ ਖੇਲ ਹਰਿ ਦੋ ਜਹਾਨਾਂ, ਦੋ ਜਹਾਨਾਂ ਵਾਲੀ ਆਪ ਅਖਵਾਈਆ । ਜਨ ਭਗਤਾਂ ਦੇਵੇ ਪਦ ਨਿਰਬਾਨਾ, ਦੂਸਰ ਹੱਥ ਕਿਸੇ ਨਾ ਆਈਆ । ਅੰਦਰ ਬੈਠੇ ਕਰਨ ਧਿਆਨਾ, ਹਰਿ ਧਿਆਨ ਵਿਚ ਨਾ ਆਈਆ । ਗੁਰਦਰ ਮੰਦਰ ਮਸਜਿਦ ਮੱਠ, ਸ਼ਿਵਦਵਾਲੇ ਬਹਿ ਬਹਿ ਕਰਨ ਗਿਆਨਾ, ਗਿਆਨ ਧਿਆਨ ਨਾ ਕੋਈ ਜਣਾਈਆ । ਛੱਤੀ ਰਾਗ ਗਾ ਗਾ ਗਾਣਾ, ਨਾਦ ਧੁਨ ਕਾਨ ਨਾ ਕੋਈ ਸੁਣਾਈਆ । ਭਾਈ ਭੈਣ ਸਾਕ ਸੱਜਣ ਸੈਣ ਧੀਆਂ ਪੁੱਤਰ ਰਹੇ ਪਛਾਨਾ, ਪੂਰਾ ਸਤਿਗੁਰ ਦਿਸ ਨਾ ਆਈਆ । ਉਚੇ ਮੰਦਰ ਬੈਠੇ ਵਿਚ ਮਕਾਨਾ, ਨਿਝ ਅਸਥਾਨ ਨਾ ਵੇਖ ਵਖਾਈਆ । ਜਗਤ ਪਦਾਰਥ ਰਸ ਭੋਗ ਖਾਇਆ ਖਾਣਾ, ਆਤਮ ਰਸ ਨਾ ਕੋਈ ਖਵਾਈਆ । ਤਖ਼ਤ ਤਾਜ ਬਹਿ ਬਹਿ ਸਜਣ ਰਾਜਾ ਰਾਣਾ, ਰਾਜ ਜੋਗ ਨਾ ਕੋਈ ਦਵਾਈਆ । ਕਲਜੁਗ ਅੰਤਮ ਪ੍ਰਗਟੇ ਨਿਹਕਲੰਕ ਬਲੀ ਬਲਵਾਨਾ, ਆਪ ਆਪਣਾ ਤੇਜ ਰਿਹਾ ਚਮਕਾਈਆ । ਚਾਤ੍ਰਿਕ ਤ੍ਰਿਖਾ ਆਪ ਬੁਝਾਣਾ, ਚੇਤਨ ਸਤਾ ਜਗਾਈਆ । ਏਕਾ ਨਾਮ ਦੇਵੇ ਧੁਰ ਫ਼ੁਰਮਾਣਾ, ਲਿਖਣ ਪੜ੍ਹਣ ਵਿਚ ਨਾ ਆਈਆ । ਭੇਵ ਨਾ ਪਾਇਣ ਅੰਜੀਲ ਕੁਰਾਨਾ, ਵੇਦ ਪੁਰਾਨ ਰਹੇ ਸਦ ਗਾਈਆ । ਖਾਣੀ ਬਾਣੀ ਹੋਏ ਹੈਰਾਨਾ, ਨਾਨਕ ਨਿਰਗੁਣ ਗਿਆ ਸਮਝਾਈਆ । ਅਰਜਨ ਲਿਖਿਆ ਲੇਖ ਮਹਾਨਾ, ਭੇਵ ਕੋਇ ਨਾ ਪਾਈਆ । ਹਰਿ ਮੰਦਰ ਸੁਹਾਏ ਇਕ ਟਿਕਾਣਾ, ਗੁਰ ਗੋਬਿੰਦ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਏਕਾ ਡੰਕ ਹਰਿ ਨਿਰੰਕਾਰ, ਆਪਣਾ ਆਪ ਵਜਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਇਕ ਇਕੱਲਾ ਬੰਨੇ ਧਾਰ, ਧਰਤ ਧਵਲ ਸੁਹਾਇੰਦਾ । ਜਗਤ ਮਹੱਲਾ ਵੇਖ ਪਸਾਰ, ਕਿਰਿਆ ਕੂੜੀ ਮੇਟ ਮਿਟਾਇੰਦਾ । ਸ਼ਬਦ ਪੱਲਾ ਫੜਾਏ ਅਪਰ ਅਪਾਰ, ਆਪ ਆਪਣੀ ਬਣਤ ਬਣਾਇੰਦਾ । ਜੋਗ ਜੁਗਤ ਜਗ ਹਰਿ ਕਰਤਾਰ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਸੂਰਾ ਸਰਬੰਗ ਸਿਰਜਣਹਾਰ, ਅਲਪਗ ਜੀਵ ਤਰਾਇੰਦਾ । ਦਰਸ ਦਖਾਏ ਉਪਰ ਸ਼ਾਹ ਰਗ, ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਫੜ ਫੜ ਹੰਸ ਬਣਾਏ ਕਗ, ਕਾਗੋਂ ਹੰਸ ਬਣਾਇੰਦਾ । ਸੀਸ ਬੰਧਾਏ ਨਾਮ ਦਸਤਾਰ ਸਾਚੀ ਪਗ, ਸੀਸ ਜਗਦੀਸ਼ ਲੇਖੇ ਲਾਇੰਦਾ । ਸੋਹੰ ਬੰਨੇ ਤਨ ਤਗ, ਲੋਕਮਾਤ ਨਾ ਕੋਈ ਤੁੜਾਇੰਦਾ । ਜੋਤ ਨਿਰਾਲੀ ਪੁਰਖ ਅਕਾਲੀ ਰਹੀ ਜਗ, ਨਾ ਕੋਈ ਮਾਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸੰਤ ਵੇਖੇ ਧਰਮ ਰਾਏ ਦਾ ਝੂਠਾ ਵਗ, ਆਤਮ ਅੰਤਰ ਫੋਲ ਫੁਲਾਇੰਦਾ । ਗਿਆਨ ਸੁਣਾਏ ਸ਼ਾਮ ਅਥਰਬਣ ਯੁਜਰ ਰਿਗ, ਵੇਦ ਵਿਦਾਂਤਾ ਭਰਮ ਭੁਲਾਇੰਦਾ । ਅਗਨੀ ਲਾ ਲਾ ਕਾਠ ਬਹਿਣ ਯਗ, ਤਨ ਬਭੂਤ ਰਮਾਇੰਦਾ । ਦਰ ਦਰ ਨਾਦ ਵਜੌਂਦੇ ਫਿਰਦੇ ਮਰਦੰਗ, ਮਿਰਗ ਸਿੰਗ ਸਵਾਂਗੀ ਸਵਾਂਗ ਰਖਾਇੰਦਾ । ਜੋਗੀ ਜੁਗੀਸ਼ਰ ਹੱਥ ਉਠਾਈ ਫਿਰਦੇ ਕਿੰਗ, ਮਨ ਦਾ ਕਿੰਗਰਾ ਕੋਈ ਨਾ ਢਾਇੰਦਾ । ਗੁੰਬੀ ਪੰਥੀ ਰਹੇ ਅੜਿੰਗ, ਸਾਚਾ ਤਾਲ ਨਾ ਕੋਈ ਵਜਾਇੰਦਾ । ਸੂਫ਼ੀ ਸੰਤ ਫ਼ਕੀਰ ਪੋਸਤ ਅਫੀਮ ਖਾ ਖਾ ਬੈਠੇ ਭੰਗ, ਮਸਤ ਆਤਮ ਨਾ ਕੋਈ ਦਸਾਇੰਦਾ । ਨਾ ਕੋਈ ਕੱਢੇ ਦੂਈ ਦਵੈਤੀ ਵਿੰਗ, ਸਿਧੀ ਧਾਰ ਨਾ ਕੋਈ ਚਲਾਇੰਦਾ । ਮੰਦਰ ਮੱਠ ਪੂਜਨ ਲਿੰਗ, ਸ਼ਿਵ ਸ਼ੰਕਰ ਦਰਸ਼ਨ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸਪਤ ਸਰਿੰਗ, ਹੇਮ ਕੁੰਟ ਫੇਰਾ ਪਾਇੰਦਾ । ਹੇਮ ਕੁੰਡ ਠਾਂਡੀ ਧਾਰ, ਕਲਜੁਗ ਕਰਮਾਂ ਬੰਦ ਕਰਾਇਆ । ਸ਼ਬਦ ਗੰਢ ਨਾ ਖੋਲ੍ਹੇ ਕੋਈ ਵਿਚ ਸੰਸਾਰ, ਗੁਰ ਨਾਨਕ ਗਾਨਾ ਏਕਾ ਹੱਥ ਬੰਧਾਇਆ ।

ਆਪਣੀ ਰਸਨਾ ਹਰਿ ਕਾ ਬੋਲਾ ਗਿਆ ਉਚਾਰ, ਸੋਹੰ ਢੋਲਾ ਗਾਇਆ । ਜਾਮੇ ਦਸ ਸੇਵਾਦਾਰ, ਗੋਬਿੰਦ ਵੇਸ ਵਟਾਇਆ । ਅੰਤਮ ਢਹਿ ਪਏ ਦਵਾਰ, ਪਾਰਬ੍ਰਹਮ ਤੇਰੀ ਇਕ ਸਰਨਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਸਿਰ ਆਪਣਾ ਹੱਥ ਟਿਕਾਇਆ । ਨਾਨਕ ਗੋਬਿੰਦ ਬਣ ਭਿਖਾਰ, ਏਕਾ ਮੰਗ ਮੰਗਾਇਆ । ਕਲਜੁਗ ਰੈਣ ਅੰਧੇਰੀ ਅੰਧ ਅੰਧਿਆਰ, ਤੇਰਾ ਮੇਰਾ ਦਿਸ ਨਾ ਆਇਆ । ਚਾਰੋਂ ਕੁੰਟ ਧੂਆਂਧਾਰ, ਸਚ ਚੰਦ ਨਾ ਕੋਈ ਚੜ੍ਹਾਇਆ । ਰਵ ਸਸ ਰਹੇ ਹਾਰ, ਪ੍ਰਕਾਸ਼ ਪ੍ਰਕਾਸ਼ ਪ੍ਰਕਾਸ਼ ਮੁਖ ਛੁਪਾਇਆ । ਧਰਤ ਧਵਲ ਕਰੇ ਪੁਕਾਰ, ਅੱਗੇ ਆਪਣੀ ਝੋਲੀ ਡਾਹਿਆ । ਤੇਰੇ ਤੇਰੀ ਕਰਨ ਵਿਚਾਰ, ਤੇਰਾ ਰਾਹ ਤਕਾਇਆ । ਕਵਣ ਘਰ ਕਵਣ ਦਰ ਕਵਣ ਦਰਬਾਰ, ਕਵਣ ਕੂਟੇ ਡੇਰਾ ਲਾਇਆ । ਪਾਰਬ੍ਰਹਮ ਪ੍ਰਭ ਰਿਹਾ ਪੁਕਾਰ, ਗੋਬਿੰਦ ਏਹ ਸੁਣਾਇਆ । ਤੇਰਾ ਧੜ੍ਹ ਮੇਰਾ ਗੜ੍ਹ, ਸੰਬਲ ਨਗਰੀ ਨਾਉਂ ਰਖਾਇਆ । ਕਲਜੁਗ ਅੰਤਮ ਵੇਖਾਂ ਉਪਰ ਚੜ੍ਹ, ਹਰਿ ਜੂ ਹਰਿ ਮੰਦਰ ਬੈਠਾ ਆਇਆ । ਅਗਨੀ ਹਵਨ ਨਾ ਜਾਵਾਂ ਸੜ, ਮਾਤ ਗਰਭ ਨਾ ਕੋਈ ਰਖਾਇਆ । ਹੱਥੋ ਹੱਥੀ ਨਾ ਕੋਈ ਲਏ ਫੜ, ਕਿਲੇ ਕੋਟ ਨਾ ਬੰਦ ਕਰਾਇਆ । ਸ੍ਰਿਸ਼ਟ ਸਬਾਈ ਆਪੇ ਲਵਾਂ ਆਪਣੇ ਨਾਲ ਫੜ, ਆਪ ਆਪਣੇ ਨਾਲ ਲੜਾਇਆ । ਕੋਟਨ ਕੋਟੀ ਕੋਟਾਂ ਵਿਚੋਂ ਸੀਸ ਚਰਨ ਲਏ ਧਰ, ਦੂਸਰ ਦਰ ਨਾ ਕੋਈ ਭਾਇਆ । ਨਿਹਕਲੰਕ ਨਾਉਂ ਧਰ, ਨਾਨਕ ਗੋਬਿੰਦ ਤੇਰੀ ਪੂਰੀ ਆਸਾ ਦਏ ਕਰਾਇਆ । ਚਾਰ ਵਰਨ ਇਕ ਦਵਾਰੇ ਧਰ, ਏਕਾ ਮੰਤਰ ਨਾਮ ਜਪਾਇਆ । ਏਕਾ ਵਰਨ ਦੇਵੇ ਕਰ, ਏਕਾ ਬਰਨ ਰਿਹਾ ਸਮਝਾਇਆ । ਸਾਚੀ ਸਰਨ ਤਰਨੀ ਤਰਨ, ਜਗਤ ਜਗਦੀਸ਼ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰਤਾ ਕਰਨੀ ਕਾਰ ਕਲਜੁਗ ਤੇਰੀ ਅੰਤਮ ਵਾਰ, ਵਿਚ ਸੰਸਾਰ ਕਰਨੇ ਆਇਆ । ਸ਼ਬਦ ਗੁਰਦੇਵ ਹਰਿ ਹਰਿ ਰਾਖਾ, ਸਖਾ ਸਖਾਈ ਅਖਵਾਏ । ਲਹਿਣਾ ਦੇਣਾ ਮਸਤਕ ਮਾਥਾ, ਏਕਾ ਝੋਲੀ ਨਾਮ ਭਰਾਏ । ਭਗਤ ਭਗਤੀ ਸਾਚੀ ਗਾਥਾ, ਮੰਤਰ ਇਕ ਦ੍ਰਿੜਾਏ । ਜਗਤ ਚਲਾਏ ਸਾਚਾ ਰਾਥਾ, ਰਥ ਰਥਵਾਹੀ ਸੇਵ ਕਮਾਏ । ਸਾਚਾ ਸੰਗੀ ਸਗਲਾ ਸਾਥਾ, ਸਗਲਾ ਦੁੱਖ ਮਿਟਾਏ । ਦਿਵਸ ਰੈਣ ਰੈਣ ਦਿਵਸ ਅੱਠ ਸਾਠਾ, ਨੈਣੀ ਰੈਣ ਦਿਸਾਏ । ਉਤਮ ਸੁੱਖ ਕਾਇਆ ਮਾਟਾ, ਸਾਂਤਕ ਸਤਿ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਟਿਕਾਏ । ਜਗਤ ਸਮਗਰੀ ਸਾਚੀ ਰਾਸ, ਗੁਰਚਰਨ ਟਿਕਾਈਆ । ਸਤਿ ਸੰਤੋਖ ਰਖਿਆ ਪਾਸ, ਸਚ ਸੱਚੀ ਵਡਿਆਈਆ । ਪੂਰਾ ਪੂਰੀ ਕਰੇ ਆਸ, ਨਿਰਾਸ ਰਹੇ ਨਾ ਰਾਈਆ । ਸਦਾ ਸੁਹੇਲਾ ਵਸੇ ਪਾਸ, ਸਤਿਗੁਰ ਪੂਰੇ ਹੱਥ ਵਡਿਆਈਆ । ਸੇਵਕ ਸੇਵਾ ਵਿਟੋਂ ਬਲ ਬਲ ਜਾਸ, ਬਲਿਹਾਰੀ ਹਰਿ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮੰਡਲ ਰਾਸ ਸੁਹਾਈਆ । ਸੁਤ ਦੁਲਾਰਾ ਜੋਤ ਜਗਾ, ਜਾਗਰਤ ਦਇਆ ਕਮਾਈਆ । ਪਰਬਤ ਟਿੱਲੇ ਫੋਲ ਫੁਲਾ, ਪਾਰਬ੍ਰਹਮ ਉਠਾਈਆ । ਲਹਿਣਾ ਦੇਣਾ ਮੂਲ ਚੁਕਾ, ਆਪ ਆਪਣੇ ਮਾਰਗ ਲਾਈਆ । ਸ਼ਬਦ ਸਨੇਹੁੜਾ ਇਕ ਸੁਣਾ, ਸ਼ਬਦੀ ਸ਼ਬਦ ਜਗਾਈਆ । ਲੋਕਮਾਤ ਵਖਾਏ ਜਗਤ ਰਾਹ, ਭਗਤ ਭਗਵੰਤ ਵੱਡੀ ਵਡਿਆਈਆ । ਪੰਜ ਤਤ ਕਾਇਆ ਭਾਗ ਲਗਾ, ਪਟ ਪਟਨਾ ਇਕ ਸੁਹਾਈਆ । ਗੋਬਿੰਦ ਰੂਪ ਵੇਖ ਵਖਾ, ਗੋਬਿੰਦ ਘਾਟ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਤ ਸਪੂਤਾ ਨਾਉਂ ਧਰਾਈਆ । ਪੂਤ ਸਪੂਤੇ ਮੰਗੀ ਮੰਗ, ਮੇਲਾ ਦੋ ਜਹਾਨਾ । ਪੁਰਖ ਅਬਿਨਾਸ਼ੀ ਚਾੜ੍ਹੇ ਰੰਗ, ਖੇਲੇ ਖੇਲ

੬੬੫
੦੭

ਮਹਾਨਾ । ਆਪ ਲਗਾਇਆ ਆਪਣੇ ਅੰਗ, ਅੰਗੀਕਾਰ ਸ੍ਰੀ ਭਗਵਾਨਾ । ਬ੍ਰਹਿਮੰਡ ਵਜਾਏ ਇਕ ਮਰਦੰਗ, ਪੁਰਖ ਅਕਾਲ ਗਾਣਾ । ਆਦਿ ਸ਼ਕਤ ਰੋਵੇ ਨੀਰ ਧਾਰਾ ਗੰਗ, ਚਰਨ ਧੂੜ ਕਰੇ ਅਸ਼ਨਾਨਾ । ਵਿਸ਼ਨ ਵੰਸੀ ਕਸ ਤੰਗ, ਵੇਖੇ ਰਾਹ ਬਿਬਾਨਾ । ਬ੍ਰਹਮਾ ਵੇਤਾ ਦਰ ਆਪਣਾ ਲੰਘ, ਆਪੇ ਹੋਏ ਬਾਲ ਬਿਰਧ, ਬਿਰਧ ਬਾਲ ਨੌਜਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖੇ ਸਾਚਾ ਧਾਮ ਅਸਥਾਨਾ । ਧਾਮ ਅਸਥਾਨ ਜਗਤ ਗੁਰਦੇਵ, ਭਾਰਤ ਵੰਡ ਵੰਡਾਈਆ । ਪੁਰਖ ਅਕਾਲ ਕਰੀ ਸੇਵ, ਦਿਵਸ ਰੈਣ ਗਾਈਆ । ਅੰਤਮ ਮਹੱਲਾ ਅਲੱਖ ਅਭੇਵ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖੇ ਰਿਹਾ ਲਗਾਈਆ । ਹਰਿ ਹਰਿ ਲੇਖਾ ਆਪ ਚੁਕੌਣਾ, ਜੋਤੀ ਨੂਰ ਰੁਸ਼ਨਾਈਆ । ਪੰਜ ਤਤ ਨਾ ਕੋਈ ਜਣੌਣਾ, ਸ਼ਬਦੀ ਸੁਤ ਸਮਝਾਈਆ । ਨਿਰਗੁਣ ਨਿਰਗੁਣ ਨਿਰਗੁਣ ਸਰਗੁਣ ਸੰਗ ਮਿਲੌਣਾ, ਨਾਮ ਮਿਲਾਵਾ ਸਹਿਜ ਸੁਭਾਈਆ । ਹਰਿਸੰਗਤ ਪਿਆਰ ਸਾਚੀ ਸੇਜ ਆਸਣ ਲੌਣਾ, ਸਚ ਸਿੰਘਾਸਣ ਇਕ ਵਿਖਾਈਆ । ਚਰਨ ਕਵਲ ਕਵਲ ਚਰਨ ਆਪ ਛਪੌਣਾ, ਜਗਤ ਨੇਤਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭੇਵ ਅਭੇਦਾ ਆਪ ਆਪਣਾ ਦਏ ਖੁਲ੍ਹਾਈਆ ।



## * ੨੨ ਅੱਸੂ ੨੦੧੫ ਬਿਕ੍ਰਮੀ ਇੰਦਰ ਸਿੰਘ ਦੇ ਘਰ ਕਰੋਲ ਬਾਗ ਨਵੀ ਦਿਲੀ *

ਹਰਿ ਜੋਤ ਹਰਿ ਨੂਰ ਅਪਾਰ, ਹਰੀ ਹਰਿ ਹਰਿ ਆਪ ਉਪਾਈਆ । ਆਦਿ ਪੁਰਖ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਨਿਰਗੁਣ ਨਾਂ ਹਰਿ ਨਿਰੰਕਾਰ, ਰੂਪ ਰੇਖ ਨਾ ਕੋਈ ਜਣਾਈਆ । ਆਦਿ ਸ਼ਕਤ ਵੇਖ ਵਿਚਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਨਾਮਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਪੁਰਖ ਅਕਾਲਾ, ਅਕਲ ਕਲਾ ਅਖਵਾਇਆ । ਠਾਕਰ ਕਰਤਾ ਦੀਨ ਦਿਆਲਾ, ਏਕਾ ਏਕ ਏਕ ਰੂਪ ਦਰਸਾਇਆ । ਆਦਿ ਸ਼ਕਤੀ ਜੋਤ ਜਵਾਲਾ, ਜਾਗਰਤ ਜੋਤ ਜਗਾਇਆ । ਹੱਕ ਹਕੀਕਤ ਖੇਲ ਨਿਰਾਲਾ, ਖੇਲਣਹਾਰ ਦਿਸ ਨਾ ਆਇਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਇਆ । ਅਬਿਨਾਸ਼ੀ ਕਰਤਾ ਗੁਰ ਕਰਤਾਰ, ਗੁਰ ਗੁਰ ਵੇਸ ਵਟਾਇਆ । ਥਾਨ ਥਨੰਤਰ ਸੋਹੇ ਦਵਾਰ, ਥਿਰ ਘਰ ਡੇਰਾ ਲਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਸ਼ਾਹੋ ਭੂਪ ਸੁਹਾਇਆ । ਰਾਜ ਰਾਜਾਨਾ ਏਕਾ ਏਕੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਜੋਤ ਅਕਾਲਾ ਪੁਰਖ ਕਰਤਾਰ, ਆਪਣੀ ਆਪ ਜਗਾਇੰਦਾ । ਆਦਿ ਜੁਗਾਦੀ ਜਾਣੇ ਸਾਰ, ਲਿਖਿਆ ਲੇਖ ਨਾ ਕੋਈ ਵਖਾਇੰਦਾ । ਗੁਣਵੰਤਾ ਹਰਿ ਗੁਣ ਦਾਤਾਰ, ਗੁਣ ਗੁਣ ਗੁਣ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਭੇਵ ਅਭੇਦ ਅਛਲ ਅਛੇਦ, ਆਪਣਾ ਆਪ ਕਰਾਇੰਦਾ । ਅਛਲ ਅਛੇਦ ਹਰਿ ਭਗਵਾਨਾ, ਏਕਾ ਏਕ ਅਖਵਾਈਆ । ਏਕਾ ਜੋਧਾ ਸੂਰ ਬਲੀ ਬਲਵਾਨਾ, ਏਕਾ ਤੀਰ ਚਲਾਈਆ । ਏਕਾ ਸ਼ਸਤਰ ਦੋ ਜਹਾਨਾਂ, ਆਪ ਆਪਣਾ ਰਿਹਾ ਚਮਕਾਈਆ । ਏਕਾ ਲੋਆਂ ਪੁਰੀਆਂ ਵੇਖੇ

ਮਾਰ ਧਿਆਨਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਵੇਖ ਵਖਾਈਆ । ਰਾਗ ਅਨਾਦੀ ਦੇਵੇ ਧੁਰ ਫ਼ਰਮਾਣਾ, ਸ਼ਬਦੀ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਦਰ ਦਰਵੇਸ਼ ਅਲੱਖ ਨਿਰੰਜਣ ਏਕਾ ਅਲਖ ਜਣਾਈਆ । ਅਲੱਖ ਨਿਰੰਜਣ ਨਾਮ ਜੈਕਾਰਾ, ਏਕਾ ਏਕ ਅਲਾਇੰਦਾ । ਸੁਹਾਏ ਘਰ ਥਿਰ ਦਰਬਾਰਾ, ਥਿਰ ਘਰ ਵੇਖ ਵਖਾਇੰਦਾ । ਨਿਰਮਲ ਜੋਤੀ ਕਰ ਉਜਿਆਰਾ, ਨੂਰੋ ਨੂਰ ਦਰਸਾਇੰਦਾ । ਸ਼ਬਦ ਸਿੰਘਾਸਣ ਬੈਠ ਸੱਚੀ ਸਰਕਾਰਾ, ਸਚ ਸੁਲਤਾਨਾ ਨਾਉਂ ਧਰਾਇੰਦਾ । ਲੋਆਂ ਪੁਰੀਆਂ ਬੰਨੇ ਧਾਰਾ, ਬ੍ਰਹਿਮੰਡ ਖੰਡ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਨਿਰਗੁਣ ਰੂਪ ਹਰਿ ਕਰਤਾਰ, ਆਪਣੀ ਕਲ ਵਰਤਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਆਪ ਆਪਣਾ ਸੁਹਾਏ ਬੰਕ ਦਵਾਰ, ਦਰ ਆਪਣੇ ਅਲੱਖ ਜਗਾਈਆ । ਮੰਗੇ ਮੰਗ ਨਿਰਾਕਾਰ, ਨਿਰਗੁਣ ਝੋਲੀ ਅੱਗੇ ਡਾਹੀਆ । ਸ਼ਬਦੀ ਭਰ ਸ਼ਬਦ ਭੰਡਾਰ, ਅਤੋਟ ਅਤੁੱਟ ਰਖਾਈਆ । ਵਰਤੇ ਵਰਤਾਵੇ ਆਪ ਸੰਸਾਰ, ਤ੍ਰੈਗੁਣ ਮਾਇਆ ਰੰਗ ਰੰਗਾਈਆ । ਤ੍ਰੈਗੁਣ ਮਾਇਆ ਵੇਸ ਅਪਾਰ, ਪੰਜ ਤਤ ਕਰੇ ਕੁੜਮਾਈਆ । ਬ੍ਰਹਮਾ ਵੇਤਾ ਕਰ ਪਿਆਰ, ਏਕਾ ਅੰਗ ਲਗਾਈਆ । ਲੱਖ ਚੁਰਾਸੀ ਪਾਵੇ ਸਾਰ, ਮਨ ਮਤ ਬੁੱਧ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਕਟਾਈਆ । ਆਪ ਆਪਣਾ ਅੰਗ ਦਏ ਕੱਟ, ਆਪਣੀ ਦਇਆ ਕਮਾਇੰਦਾ । ਵੇਖ ਵਖਾਏ ਚੌਦਾਂ ਲੋਕ ਚੌਦਾਂ ਹੱਟ, ਦਹਿ ਦਿਸ਼ਾ ਫੇਰੀ ਪਾਇੰਦਾ । ਖੇਲੇ ਖੇਲ ਬਾਜ਼ੀਗਰ ਨਟੂਆ ਨਟ, ਹਰਿ ਸਵਾਂਗੀ ਸਵਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਲਟ ਲਟ, ਪਾਰਬ੍ਰਹਮ ਅਖਵਾਇੰਦਾ । ਪਾਰਬ੍ਰਹਮ ਬ੍ਰਹਮ ਪਿਆਰ, ਭੇਦ ਅਭੇਦ ਕਰਾਇਆ । ਪੰਜ ਤਤ ਕਰ ਪਸਾਰਾ, ਨੌਂ ਦਰ ਫੇਰਾ ਪਾਇਆ । ਨੌਂ ਦਰ ਵੇਖੇ ਜਗਤ ਦਵਾਰਾ, ਆਪਣੀ ਖੇਲ ਖਿਲਾਇਆ । ਉਚ ਮਹੱਲਾ ਇਕ ਅਟੱਲਾ ਘਰ ਘਰ ਵਿਚ ਆਪ ਟਿਕਾਇਆ । ਆਪੇ ਬੈਠ ਇਕ ਇਕੱਲਾ ਆਪ ਆਪਣੀ ਰਚਨ ਰਚਾਇਆ । ਦੀਪਕ ਜੋਤੀ ਏਕਾ ਬਲਾ, ਅਗਿਆਨ ਅੰਧੇਰ ਗਵਾਇਆ । ਸ਼ਬਦੀ ਧੁਨ ਅਨਾਦੀ ਵਜਾਏ ਤਾਲਾ, ਤਲਵਾੜਾ ਇਕ ਸੁਣਾਇਆ । ਗਗਨ ਮੰਡਲ ਗਗਨ ਗਗਨੰਤਰ ਵੇਖੇ ਧਰਮ ਸੱਚੀ ਧਰਮਸਾਲਾ, ਸਾਚਾ ਸੁੰਦਰ ਰੂਪ ਸੁਹਾਇਆ । ਬਜ਼ਰ ਕਪਾਟੀ ਤੋੜੇ ਜ਼ਿੰਦਾ, ਦੂਈ ਦਵੈਤੀ ਮੇਟ ਮਿਟਾਇਆ । ਮੇਲ ਮਿਲਾਵਾ ਅੰਦਰੇ ਅੰਦਰ, ਕਰ ਕਿਰਪਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਵੇਸ ਪੁਰਖ ਅਕਾਲਾ ਦੀਨ ਦਿਆਲਾ, ਆਪ ਆਪਣਾ ਰਿਹਾ ਕਰਾਇਆ । ਦੀਨ ਦਿਆਲ ਹਰਿ ਭਗਵੰਤਾ, ਹਰਿ ਹਰਿ ਆਪ ਅਖਵਾਇਆ । ਆਪ ਉਪਾਏ ਸਾਚੇ ਸੰਤਾਂ, ਸਤਿਗੁਰ ਮੇਲ ਮਿਲਾਇਆ । ਵੇਖ ਵਖਾਏ ਲੱਖ ਚੁਰਾਸੀ ਜੀਵ ਜੰਤਾਂ, ਉਤਭੁਜ ਸੇਤਜ ਜੇਰਜ ਅੰਡ ਫੋਲ ਫੁਲਾਇਆ । ਗੁਰਮੁਖ ਵਿਰਲੇ ਮੇਲ ਮਿਲਾਵਾ ਨਾਰੀ ਕੰਤਾ, ਆਤਮ ਸੇਜਾ ਇਕ ਵਿਛਾਇਆ । ਫੁੱਲ ਫੁਲਵਾੜੀ ਨਾਮ ਸੁਹਾਏ ਰੁੱਤ ਬਸੰਤਾ, ਸਾਚਾ ਧਾਮ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਪਣਾ ਵੇਸ ਕਰੇ ਕਰਾਏ ਨਰ ਹਰਿ ਨਿਰਗੁਣ ਸਰਗੁਣ ਵੇਖ ਵਖਾਇਆ । ਨਿਰਗੁਣ ਸਰਗੁਣ ਸਾਚੀ ਧਾਰ, ਹਰਿ ਹਰਿ ਆਪ ਚਲਾਈਆ । ਆਪ ਉਪਾਏ ਆਪ ਖਪਾਏ ਵਿਚ ਸੰਸਾਰ, ਦੂਸਰ ਦਿਸ ਕਿਸੇ ਨਾ ਆਈਆ । ਹਰ ਘਟ ਬੈਠਾ ਦੀਪਕ ਜੋਤੀ ਕਰ ਉਜਿਆਰ, ਸਚ ਸਿੰਘਾਸਣ ਡੇਰਾ ਲਾਈਆ ।

ਚਾਰੋਂ ਕੁੰਟ ਦਹਿ ਦਿਸ਼ਾ ਗੁਰਦਰ ਮੰਦਰ ਮਸਜਿਦ ਜੀਵ ਜੰਤ ਕਰਨ ਵਿਚਾਰ, ਹੱਥ ਕਿਸੇ ਨਾ ਆਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਸੋ ਜਨ ਬੂਝੇ ਦਰ ਸਾਚਾ ਸੂਝੇ, ਏਕਾ ਦੂਜਾ ਭੇਵ ਗਵਾਈਆ । ਤੀਜੇ ਨੈਣ ਆਪੇ ਲੂਝੇ, ਚੌਥੇ ਪਦ ਸਮਾਈਆ । ਪੰਚਮ ਪਾਰਬ੍ਰਹਮ ਪ੍ਰਭ ਆਪੇ ਬੂਝੇ, ਮਿਲੇ ਸਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਆਦਿ ਪੁਰਖ ਸਰਬ ਘਟ ਦੇਵਾ, ਹਰਿ ਹਰਿ ਰੂਪ ਸਮਾਇਆ । ਅਜੂਨੀ ਰਹਿਤ ਅਲੱਖ ਅਭੇਵਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਹਰਿ ਸੰਤਨ ਵੇਖੇ ਸਾਚੀ ਸੇਵਾ, ਲੋਕਮਾਤ ਫੇਰੀ ਪਾਇਆ । ਗੁਣ ਵਿਖਾਏ ਰਸਨਾ ਜਿਹਵਾ, ਜੋ ਜਨ ਰਸਨਾ ਰਹੇ ਗਾਇਆ । ਕੌਸਤਕ ਮਣੀਆ ਮਸਤਕ ਲਾਏ ਥੇਵਾ, ਲਹਿਣਾ ਦੇਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿਨ ਅੰਤਾ ਹਰਿ ਭਗਵੰਤਾ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਕਰਨੇਹਾਰਾ, ਕਰਤਾ ਪੁਰਖ ਅਖਵਾਈਆ । ਆਦਿ ਸ਼ਕਤ ਖੇਲ ਅਪਾਰਾ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਨਾਮ ਭਗੌਤੀ ਖੰਡਾ ਅਪਾਰਾ, ਬ੍ਰਹਿਮੰਡਾਂ ਰਿਹਾ ਚਮਕਾਈਆ । ਮੇਟ ਮਿਟਾਏ ਧੂਆਂਧਾਰਾ, ਰੈਣ ਅੰਧੇਰਾ ਰਹਿਣ ਨਾ ਪਾਈਆ । ਰਵ ਸਸ ਕਰਨ ਨਿਮਸਕਾਰਾ, ਬੈਠੇ ਸੀਸ ਝੁਕਾਈਆ । ਮੰਡਲ ਮੰਡਪ ਦਏ ਸਹਾਰਾ, ਗਗਨ ਪਤਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਈਆ । ਆਪ ਆਪਣੀ ਵੰਡ ਵੰਡਾ, ਆਪਣੀ ਦਇਆ ਕਮਾਇੰਦਾ । ਆਪਣਾ ਲਹਿਣਾ ਆਪਣੀ ਝੋਲੀ ਪਾ, ਆਪੇ ਵੇਖ ਵਖਾਇੰਦਾ । ਭਾਣਾ ਸਹਿਣਾ ਹੁਕਮ ਜਣਾ, ਗੁਰ ਪੀਰ ਅਵਤਾਰ ਲੋਕਮਾਤ ਧਰਾਇੰਦਾ । ਸ਼ਬਦ ਸੁਨੇਹੜਾ ਇਕ ਘਲਾ, ਜੋਤੀ ਜੋਤ ਜਗਾਇੰਦਾ । ਨੇਤਰ ਨੈਣਾਂ ਦਰਸ ਦਿਖਾ, ਆਤਮ ਤ੍ਰਿਸ਼ਨਾ ਬੁਝਾਇੰਦਾ । ਬਸਤਰ ਗਹਿਣਾ ਏਕਾ ਪਾ, ਸ਼ਬਦ ਸ਼ਿੰਗਾਰ ਕਰਾਇੰਦਾ । ਸਾਚੇ ਘੋੜੇ ਰਿਹਾ ਚੜ੍ਹਾ, ਚਿਟਾ ਅਸਵ ਇਕ ਦੌੜਾਇੰਦਾ । ਸੋਲਾਂ ਕਲੀਆਂ ਆਸਣ ਲਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਅਨੂਪ ਸ਼ਾਹੋ ਭੂਪ ਹਰਿ ਭਗਵਾਨਾ, ਦੋ ਜਹਾਨਾਂ ਆਪਣਾ ਆਪ ਵਟਾਇੰਦਾ । ਭਗਵਨ ਰੂਪ ਭਗਤਨ ਲੇਖਾ, ਜੁਗ ਜੁਗ ਆਪ ਚੁਕਾਇਆ । ਲੱਖ ਚੁਰਾਸੀ ਪਾਏ ਭਰਮ ਭੁਲੇਖਾ, ਦਿਸ ਕਿਸੇ ਨਾ ਆਇਆ । ਆਪੇ ਲਿਖਣਹਾਰਾ ਮਸਤਕ ਰੇਖਾ, ਆਪੇ ਦਏ ਮਿਟਾਇਆ । ਆਪੇ ਵੇਖੇ ਮੂੰਡ ਮੁੰਡਾਏ ਧਾਰੀ ਕੇਸਾ, ਹਰ ਘਟ ਬੈਠਾ ਆਸਣ ਲਾਇਆ । ਆਪੇ ਜੋਤੀ ਰਾਮ ਕ੍ਰਿਸ਼ਨਾ ਰੂਪ ਵਟਾਇਆ । ਆਪੇ ਬ੍ਰਹਮਾ ਵਿਸ਼ਨ ਮਹੇਸ਼ਾ ਗਣਪਤ ਦਰ ਦਰਵੇਸ਼ਾ, ਆਪੇ ਅਲੱਖ ਜਗਾਇਆ । ਆਪੇ ਸ਼ਬਦ ਸਿੰਘਾਸਣ ਬੈਠ ਨਰ ਨਰੇਸ਼ਾ, ਆਪ ਆਪਣਾ ਹੁਕਮ ਸੁਣਾਇਆ । ਆਪੇ ਲੋਕਮਾਤ ਕਰੇ ਕਰਾਏ ਵੇਸਾ, ਜੁਗ ਜੁਗ ਵੇਸ ਵਟਾਇਆ । ਏਕਾ ਰੂਪ ਨਾ ਕੋਈ ਦਾੜ੍ਹੀ ਮੁੱਛ ਕੇਸਾ, ਪੰਜ ਤਤ ਨਾ ਕੋਈ ਜਣਾਇਆ । ਸੰਤ ਸੁਹੇਲੇ ਵਿਰਲੇ ਵੇਖਾ, ਦਰ ਕਬੀਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਖੇਲੇ ਖੇਲ ਘਨਕ ਪੁਰ ਵਾਸੀ, ਘਟ ਘਟ ਵਾਸੀ ਨਾਮ ਰਖਾਇਆ । ਘਟ ਘਟ ਅੰਤਰ ਹਰਿ ਨਿਰੰਕਾਰਾ, ਘਟ ਘਟ ਜੋਤ ਜਗਾਈਆ । ਘਟ ਘਟ ਕਰੇ ਆਪ ਪਸਾਰਾ, ਘਟ ਘਟ ਬੈਠਾ ਡੇਰਾ ਲਾਈਆ । ਘਟ ਘਟ ਜੋਤ ਨਿਰੰਜਣ ਕਰ ਉਜਿਆਰਾ, ਘਟ ਘਟ ਆਦਿ ਨਿਰੰਜਣ ਵੇਖ ਵਖਾਈਆ । ਘਟ ਘਟ ਅਨਹਦ ਸ਼ਬਦ ਵਜਾਏ ਸੱਚੀ ਧੁਨਕਾਰਾ, ਘਟ ਅਨਹਦ ਤਾਲ ਵਜਾਈਆ । ਘਟ ਘਟ ਆਤਮ ਸੇਜਾ ਕਰ ਪਿਆਰਾ, ਘਟ ਘਟ ਆਪੇ

੬੬੮
੦੭

ਮੇਲ ਮਿਲਾਈਆ । ਘਟ ਘਟ ਅੰਦਰ ਪੁਰਖ ਪ੍ਰਖੋਤਮ ਨਾਰੀ ਨਾਰਾ, ਘਟ ਘਟ ਸੁਹੰਜਣੀ ਸੇਜ ਜਣਾਈਆ । ਗੁਰਮੁਖ ਵਿਰਲੇ ਮੇਲੇ ਵਿਚ ਸੰਸਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਇਕ ਇਕੱਲਾ ਪਾਵੇ ਸਾਰਾ, ਲੱਖ ਚੁਰਾਸੀ ਵੇਖ ਵਿਖਾਈਆ । ਤ੍ਰੇਤਾ ਤੇਰਾ ਪਾਰ ਕਿਨਾਰਾ, ਹਰਿ ਸਾਚਾ ਆਪ ਕਰਾਈਆ । ਵੇਦ ਵਿਆਸਾ ਬਣ ਲਿਖਾਰਾ, ਲੇਖਾ ਗਿਆ ਲਿਖਾਈਆ । ਨਾਨਕ ਗੋਬਿੰਦ ਬਣ ਭਿਖਾਰਾ, ਮੰਗੇ ਮੰਗ ਬੇਪਰਵਾਹੀਆ । ਪਾਰਬ੍ਰਹਮ ਲੈ ਅਵਤਾਰਾ, ਕਲਜੁਗ ਮੇਟੇ ਝੂਠੀ ਸ਼ਾਹੀਆ । ਸ਼ਬਦ ਖੰਡਾ ਤੇਜ ਕਟਾਰਾ, ਦੋ ਜਹਾਨਾਂ ਆਪ ਚਮਕਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹੰ ਹੰਗਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਰੂਪ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਕਰਤਾਰ, ਆਪਣਾ ਆਪ ਕਰਾਇਆ । ਗੋਬਿੰਦ ਮੇਲਾ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਪੰਚਮ ਮੀਤਾ ਕਰ ਪਿਆਰ, ਪੰਚਮ ਮੋਹ ਚੁਕਾਇਆ । ਪੰਚਮ ਢਹਿ ਪਏ ਦਵਾਰ, ਪੰਚਮ ਗਲੇ ਲਗਾਇਆ । ਪੰਚਮ ਮਾਰੇ ਤੇਜ ਕਟਾਰ, ਪੰਚਮ ਖੰਡਾਂ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਨਿਰੰਕਾਰ ਤੇਰਾ ਤੇਰੀ ਝੋਲੀ ਪਾਈਆ ।

* ੨੩ ਅੱਸੂ ੨੦੧੫ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ੧੨ ਏ, ੧੬ ਡਬਲੀਉ ਈ ਐਫ ਕਰੋਲ ਬਾਗ ਨਵੀਂ ਦਿਲੀ-੫ *

ਸੱਚ ਦਵਾਰ ਸਚ ਸਿੰਘਾਸਣ, ਜੋਤੀ ਨੂਰ ਡਗਮਗਾਈਆ । ਸ਼ਾਹੋ ਭੂਪ ਪੁਰਖ ਅਬਿਨਾਸ਼, ਉਪਰ ਬੈਠਾ ਬੇਪਰਵਾਹੀਆ । ਸ਼ਾਹ ਸੁਲਤਾਨ ਸਰਬ ਘਟ ਵਾਸ, ਰੂਪ ਰੰਗ ਨਾ ਕੋਈ ਜਣਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਲੋਆਂ ਪੁਰੀਆਂ ਲੋਕਮਾਤ ਵੇਖੇ ਖੇਲ ਤਮਾਸ਼, ਖੇਲ ਖਿਲਾਰੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰੰਕਾਰ ਨਿਰਵੈਰ ਨਾਉਂ ਧਰਾਈਆ । ਸਚ ਦਵਾਰ ਸਚ ਦਰਬਾਰਾ, ਹਰਿ ਸਾਚਾ ਤਖ਼ਤ ਸੁਹਾਇਆ । ਉਪਰ ਬੈਠ ਹਰਿ ਨਿਰੰਕਾਰਾ, ਆਪ ਆਪਣਾ ਵੇਖ ਵਖਾਇਆ । ਆਪ ਸੁਹਾਏ ਸੱਚਾ ਘਰ ਬਾਰਾ, ਥਿਰ ਘਰ ਸਾਚਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਿਰਗੁਣ ਨੂਰ ਉਪਾਇਆ । ਸਚ ਦਰ ਸਚ ਦਰਬਾਰ, ਹਰਿ ਸਾਚੇ ਵਡ ਵਡਿਆਈਆ । ਅਕਾਲ ਮੂਰਤ ਜੋਤ ਨਿਰੰਕਾਰ, ਆਦਿ ਸ਼ਕਤ ਵੇਸ ਵਟਾਈਆ । ਪਾਰਬ੍ਰਹਮ ਰੂਪ ਅਪਾਰ, ਸਤਿ ਸਰੂਪ ਸਮਾਈਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਈਆ । ਰਾਜ ਰਾਜਾਨ ਸ਼ਾਹ ਸਿਕਦਾਰ, ਭੂਪਤ ਭੂਪ ਆਪ ਅਖਵਾਈਆ । ਦਰ ਦਰਵੇਸ਼ਾ ਬਣ ਭਿਖਾਰ, ਦਰ ਆਪਣੇ ਸੀਸ ਝੁਕਾਈਆ । ਆਪਣਾ ਖੰਡਾ ਕਰ ਤਿਆਰ, ਆਪ ਆਪਣਾ ਲਏ ਉਠਾਈਆ । ਦੂਸਰ ਕੋਈ ਨਾ ਪਾਵੇ ਸਾਰ, ਲਿਖਤ ਲੇਖਾ ਨਾ ਕੋਈ ਲਿਖਾਈਆ । ਆਦਿ ਜੁਗਾਦੀ ਏਕਾ ਧਾਰ, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਬਾਰਾ ਏਕੰਕਾਰਾ ਇਕ ਦਿਸਾਈਆ । ਵਸਿਆ ਘਰ ਆਦਿ ਨਿਰੰਜਣ, ਤਖ਼ਤ ਤਾਜ ਸੁਹਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਕਲ ਭਰਪੂਰ ਅਖਵਾਇਆ । ਆਪਣੇ ਨੇਤਰ ਆਪੇ ਪਾਏ ਅੰਜਨ, ਗਿਆਨ ਨੇਤਰ ਆਪ ਰਖਾਇਆ । ਆਪਣੀ ਧੂੜੀ ਆਪੇ ਕਰੇ ਮਜਨ, ਆਪ ਆਪਣੇ ਸਰ ਸਰੋਵਰ ਨੁਹਾਇਆ । ਆਪ ਆਪਣਾ ਬਣਿਆ

ਸੱਜਣ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਦਰਬਾਰ ਦਏ ਵਡਿਆਇਆ । ਦਰ ਦਰਬਾਰਾ ਧੁਰ ਦਰਗਾਹ, ਧੁਰ ਦੀ ਬਾਣ ਰਖਾਈਆ । ਬੇਐਬ ਪਰਵਰਦਿਗਾਰ ਬੇਪਰਵਾਹ, ਬੈਠਾ ਆਸਣ ਲਾਈਆ । ਸਚ ਸਿੰਘਾਸਣ ਸੇਜ ਵਿਛਾ, ਧਾਮ ਅਵੱਲਾ ਇਕ ਸੁਹਾਈਆ । ਨਿਹਚਲ ਅਟੱਲਾ ਆਪ ਜਣਾ, ਇਕ ਇਕੱਲਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਜੁਗ ਜੁਗ ਵੇਸ ਵਟਾਈਆ । ਸ਼ਬਦ ਸਿੰਘਾਸਣ ਹਰਿ ਨਿਰੰਕਾਰਾ, ਥਿਰ ਘਰ ਆਪ ਰਖਾਇਆ । ਆਪ ਆਪਣਾ ਪਹਿਰੇਦਾਰਾ, ਆਪ ਆਪਣੀ ਸੇਵ ਕਮਾਇਆ । ਆਪ ਆਪਣਾ ਚੋਬਦਾਰਾ, ਆਪ ਆਪਣਾ ਰਿਹਾ ਉਠਾਇਆ । ਆਪ ਆਪਣਾ ਮੀਤ ਮੁਰਾਰਾ, ਆਪ ਆਪਣਾ ਹੁਕਮ ਚਲਾਇਆ । ਆਪ ਆਪਣੀ ਲਾਏ ਕਾਰਾ, ਆਪ ਆਪਣਾ ਮੋਹ ਵਧਾਇਆ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਅੰਗ ਕਟਾਇਆ । ਆਪ ਆਪਣਾ ਕਰ ਪਸਾਰਾ, ਬ੍ਰਹਮ ਬ੍ਰਹਮ ਰੂਪ ਪਾਰਬ੍ਰਹਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਰਖਾਇਆ । ਸਚ ਦਵਾਰ ਆਦਿ ਅੰਤ, ਹਰਿ ਹਰਿ ਆਪ ਰਖਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਧਾਰ ਚਲਾਇੰਦਾ । ਸ਼ਬਦ ਜਣਾਈ ਸਾਚੇ ਸੰਤ, ਆਪ ਆਪਣਾ ਬਚਨ ਅਲਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਘਰ ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਕਰਤਾ ਨਾਉਂ ਰਖਾਇੰਦਾ । ਜੋਤੀ ਕਰਤਾ ਹਰਿ ਕਰਤਾਰਾ, ਜੋਤੀ ਜੋਤ ਜਗਾਈਆ । ਲੱਖ ਚੁਰਾਸੀ ਕਰ ਪਸਾਰਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਈਆ । ਖੇਲੇ ਖੇਲ ਅਪਰ ਅਪਾਰਾ, ਆਪ ਆਪਣਾ ਭੇਵ ਛੁਪਾਈਆ । ਪੰਜ ਪੰਜੀ ਕਰ ਪਿਆਰਾ, ਤ੍ਰੈਗੁਣ ਤੰਦ ਬੰਧਾਈਆ । ਅੱਠਾਂ ਤੱਤਾਂ ਵਸੇ ਬਾਹਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਨਾ ਕੋਈ ਰਖਾਈਆ । ਪਵਣ ਪਵਣੀ ਪਵਣ ਸਵਾਸ, ਸਾਚੀ ਰਾਸ ਚਲਾਈਆ । ਗਗਨ ਮੰਡਲ ਪ੍ਰਿਥਮੀ ਅਕਾਸ਼, ਕਾਇਆ ਖੰਡ ਬ੍ਰਹਿਮੰਡ ਇੰਡ ਪਿੰਡ ਵਖਾਈਆ । ਜੇਰਜ ਅੰਡ ਸ਼ਾਹੋ ਸ਼ਾਬਾਸ਼, ਉਤਭੁਜ ਸੇਤਜ ਰਿਹਾ ਸਮਾਈਆ । ਵੰਡੇ ਵੰਡ ਸਰਬ ਗੁਣਤਾਸ, ਲੇਖਾ ਲੇਖ ਨਾ ਕੋਈ ਜਣਾਈਆ । ਰਵ ਸਸ ਮੰਡਲ ਮੰਡਪ ਹੋਏ ਦਾਸ, ਦਿਵਸ ਰੈਣ ਰਿਹਾ ਭਵਾਈਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਰੱਖੀ ਆਸ, ਨੇਤਰ ਨੈਣ ਰਿਹਾ ਉਠਾਈਆ । ਸਾਧ ਸੰਤ ਆਤਮ ਮੰਗਣ ਸਾਚੀ ਰਾਸ, ਗੋਪੀ ਕਾਹਨ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦਵਾਰਾ ਹਰਿ ਨਿਰੰਕਾਰਾ, ਏਕਾ ਘਰ ਸੁਹਾਈਆ । ਹਰਿ ਦਵਾਰ ਹਰਿ ਅਵੱਲਾ, ਹਰਿ ਹਰਿ ਆਪ ਉਪਾਇਆ । ਆਪੇ ਵਸਿਆ ਇਕ ਇਕੱਲਾ, ਨਾ ਕੋਈ ਦੂਸਰ ਸੰਗ ਰਖਾਇਆ । ਪਾਵੇ ਸਾਰ ਜਲਾਂ ਥਲਾਂ, ਡੂੰਘੀ ਕੰਦਰ ਵੇਖ ਵਖਾਈਆ । ਭਾਗ ਲਗਾਏ ਕਾਇਆ ਖਲਾ, ਜੋਤ ਨਿਰੰਜਣ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਸਰਗੁਣ ਮੇਲਾ ਵਿਚ ਸੰਸਾਰ, ਹਰਿ ਸਾਚੇ ਰਚਨ ਰਚਾਈਆ । ਪੰਜ ਤਤ ਕਰ ਪਿਆਰ, ਪੰਜੀ ਪ੍ਰਕਿਰਤੀ ਵੇਖ ਵਿਖਾਈਆ । ਨਾਤਾ ਜੋੜ ਅਪਰ ਅਪਾਰ, ਰਕਤ ਬੂੰਦ ਮਿਲਾਈਆ । ਹੱਡ ਮਾਸ ਨਾੜੀ ਚੰਮ ਕਰ ਅਕਾਰ, ਏਕਾ ਗੜ੍ਹ ਵਖਾਈਆ । ਨੌਂ ਦਰ ਖੋਲ੍ਹ ਕਵਾੜ, ਸਾਚੀ ਬਣਤ ਬਣਾਈਆ । ਉਪਰ ਚੜ੍ਹ ਪਾਵੇ ਸਾਰ, ਘਰ ਘਰ ਵਿਚ ਰਿਹਾ ਟਿਕਾਈਆ । ਨਿਰਗੁਣ ਜੋਤ ਕਰ ਉਜਿਆਰ, ਦਿਵਸ ਰੈਣ ਡਗਮਗਾਈਆ । ਸ਼ਬਦ ਅਨਾਦੀ ਸਾਚੀ ਧਾਰ, ਧੁਨ ਆਤਮਕ ਰਿਹਾ ਵਜਾਈਆ । ਬੋਧ ਅਗਾਧੀ

ਖੇਲ ਅਪਾਰ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਆਪੇ ਵੇਖ, ਆਪਣੀ ਬਣਤ ਬਣਾਇੰਦਾ । ਆਪ ਆਪਣਾ ਲਿਖੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਆਪ ਆਪਣਾ ਧਾਰੇ ਭੇਖ, ਭੇਖਾਧਾਰੀ ਨਾਉਂ ਉਪਾਇੰਦਾ । ਆਪ ਆਪਣੇ ਉਪਾਏ ਮੁੱਛ ਦਾੜ੍ਹੀ ਕੇਸ, ਆਪ ਆਪਣਾ ਮੂੰਡ ਮੁੰਡਾਇੰਦਾ । ਆਪੇ ਦਾਤਾ ਦਸ ਦਸਮੇਸ, ਨਾਨਕ ਗੋਬਿੰਦ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਜੁਗ ਜੁਗ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰ, ਕਲਜੁਗ ਮੋਖ ਵਡਿਆਈਆ । ਰੈਣ ਅੰਧੇਰੀ ਅੰਧ ਅੰਧਿਆਰ, ਧੂਆਂਧਾਰ ਸ੍ਰਿਸ਼ਟ ਸਬਾਈਆ । ਨੌਂ ਖੰਡ ਪ੍ਰਿਥਮੀ ਰੋਵੇ ਜ਼ਾਰੋ ਜ਼ਾਰ, ਲੱਖ ਚੁਰਾਸੀ ਰਹੀ ਕੁਰਲਾਈਆ । ਸਾਧਾਂ ਸੰਤਾਂ ਆਈ ਹਾਰ, ਸਚ ਘਰ ਨਾ ਕੋਈ ਸੁਹਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਜਗਤ ਵਿਦਿਆ ਮਾਤ ਪੜ੍ਹਾਈਆ । ਗੁਰ ਕਾ ਸ਼ਬਦ ਨਾ ਸਕੇ ਵਿਚਾਰ, ਗੁਰ ਮੂਰਤ ਨਜ਼ਰ ਨਾ ਆਈਆ । ਫਿਰ ਫਿਰ ਥੱਕੇ ਹਰਿਦਵਾਰ, ਹਰੀ ਹਰਿ ਦਿਸ ਨਾ ਆਈਆ । ਗੁਰਦਰ ਮੰਦਰ ਮਸਜਿਦ ਕਰ ਰਹੇ ਪੁਕਾਰ, ਪੂਰੀ ਆਸ ਨਾ ਕੋਈ ਰਖਾਈਆ । ਗੀਤਾ ਗਿਆਨ ਰਹੇ ਉਚਾਰ, ਕਾਹਨਾ ਕ੍ਰਿਸ਼ਨਾ ਨਿਹਕਲੰਕ ਹੰਢਾਈਆ । ਸੀਤਾ ਰਾਮ ਜੈ ਜੈ ਜੈਕਾਰ, ਸੀਤਾ ਸੁਰਤ ਨਾ ਕੋਈ ਪਰਨਾਈਆ । ਅੱਲਾ ਹੂ ਲਾਇਆ ਨਾਅਰ, ਐਨਲਹੱਕ ਨਾ ਕੋਈ ਮਿਲਾਈਆ । ਮਿਲਿਆ ਮੇਲ ਨਾ ਸਾਂਝੇ ਯਾਰ, ਮੁਕਾਮੇ ਹੱਕ ਨਾ ਕੋਈ ਪੁਚਾਈਆ । ਗਿਆਨੀ ਧਿਆਨੀ ਗਿਆਨ ਧਿਆਨ ਰਹੇ ਉਚਾਰ, ਨੇਤਰ ਗਿਆਨ ਨਾ ਕੋਈ ਖੁਲ੍ਹਾਈਆ । ਨਾਨਕ ਨਾਨਕ ਰਹੇ ਉਚਾਰ, ਨਾਨਕ ਨਿਰਗੁਣ ਦਿਸ ਨਾ ਆਈਆ । ਪੰਚਮ ਪੰਚਮ ਰਹੇ ਸੁਧਾਰ, ਪੰਚਮ ਮਿਲਿਆ ਨਾ ਸਾਚਾ ਮਾਹੀਆ । ਪੰਚਮ ਕੱਕੇ ਕਰ ਸ਼ਿੰਗਾਰ, ਤਨ ਗਾਤਰਾ ਰਹੇ ਲਟਕਾਈਆ । ਮਰਿਆ ਦੁਸ਼ਟ ਨਾ ਕਾਮ ਕਰੋਧ ਲੋਭ ਮੋਹ ਹੰਕਾਰ, ਧੀਰਜ ਧੀਰ ਨਾ ਕੋਈ ਧਰਾਈਆ । ਸੀਸ ਬੰਨ੍ਹ ਕਾਲੇ ਦਸਤਾਰ, ਮਨ ਕਾਲਾ ਦੁਰਮਤ ਮੈਲ ਨਾ ਕੋਈ ਧਵਾਈਆ । ਵਾਹਿਗੁਰੂ ਫਤਿਹ ਬੋਲ ਜੈਕਾਰ, ਸ਼ਬਦ ਡੰਕ ਨਾ ਕੋਈ ਵਜਾਈਆ । ਦਰ ਸੁਹਾਇਆ ਨਾ ਬੰਕ ਦਵਾਰ, ਨਿਰਗੁਣ ਜੋਤ ਨਾ ਹੋਏ ਰੁਸ਼ਨਾਈਆ । ਜਗਤ ਨੈਣ ਡੁੱਬਾ ਮੰਝਧਾਰ, ਕਲਜੁਗ ਬੇੜਾ ਰਿਹਾ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਹਰਿ ਭਗਵਾਨ, ਆਪਣਾ ਆਪ ਵਟਾਇੰਦਾ । ਧਰਮੀ ਧਰਮ ਝੁਲਾਏ ਇਕ ਨਿਸ਼ਾਨ, ਲੋਆਂ ਪੁਰੀਆਂ ਫੇਰਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸਰਬ ਕੁਰਲਾਣ, ਨੇਤਰ ਨੈਣ ਵੇਖ ਵਖਾਇੰਦਾ । ਗਣ ਗਣਧੰਰਬ ਰਸਨਾ ਗਾਣ, ਯਸ ਕਿੰਨਰ ਮਰਦੰਗ ਵਜਾਇੰਦਾ । ਭੂਤ ਪ੍ਰੇਤ ਪਚਾਸ ਮਿਲ ਮਿਲ ਮੰਗਲ ਇਕ ਵਖਾਣ, ਧਰਮ ਰਾਏ ਦਰ ਸੁਹਾਇੰਦਾ । ਚਿਤਰ ਗੁਪਤ ਨੌਜਵਾਨ, ਲੇਖਾ ਲਿਖਿਆ ਲੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਾਨਕ ਗੋਬਿੰਦ ਲੇਖ ਲਿਖਾਇੰਦਾ । ਮਿਟੇ ਨਾ ਲੇਖਾ ਦੋ ਜਹਾਨ, ਨਾ ਕੋਈ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਕਰਮ ਕਮਾਇੰਦਾ । ਕਲਜੁਗ ਤੇਰੀ ਸਾਚੀ ਰਾਸ, ਤੇਰੀ ਝੋਲੀ ਪਾਈਆ । ਕੂੜ ਕੁੜਿਆਰਾ ਤਨ ਮਾਸ, ਤੇਰੀ ਵੰਡ ਵੰਡਾਈਆ । ਜਗਤ ਲੁਭਾਇਆ ਹਾਸ ਬਿਲਾਸ, ਬਿਮਲ ਰੂਪ ਨਾ ਕੋਈ ਸਮਾਈਆ । ਪੰਜ ਤਤ ਵਿਕਾਰਾ ਹੋਇਆ ਵਾਸ, ਪੰਚਮ ਮੋਹ ਰਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਨੂਰ ਕਰ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਉਜਾਲਾ, ਹਰਿ ਹਰਿ ਰੂਪ ਵਟਾਇਆ । ਪ੍ਰਗਟ ਹੋਏ ਦੀਨ ਦਿਆਲਾ, ਦੀਨਾਂ ਅਨਾਥਾਂ ਹੋਏ ਸਹਾਇਆ । ਵਖਾਏ ਧਰਮ ਸੱਚੀ ਧਰਮਸਾਲਾ, ਘਰ ਮੰਦਰ ਅੰਦਰ ਫੇਰਾ ਪਾਇਆ । ਫਲ ਲਗਾਏ ਕਾਇਆ ਡਾਲਾ, ਹਰਿਸੰਗਤ ਵੇਖ ਵਖਾਇਆ । ਹਰਿਸੰਗਤ ਤੇਰਾ ਖੇਲ ਨਿਰਾਲਾ, ਦਿਸ ਕਿਸੇ ਨਾ ਆਇਆ । ਇਕ ਸਦ ਇਕ ਇਕ ਕੱਢਿਆ ਜਗਤ ਦਵਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲਹਿਣਾ ਤੇਰੀ ਝੋਲੀ ਪਾਇਆ । ਇਕ ਸਦ ਇਕ ਅੱਗੇ ਧਰ, ਹਰਿਸੰਗਤ ਚਰਨ ਨਿਮਸਕਾਰਿਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਚੌਥੇ ਜੁਗ ਚੌਥੀ ਵੰਡ ਚਾਰੇ ਝੋਲੀ ਪਾ ਰਿਹਾ । ਪਹਿਲੇ ਮੇਟੇ ਭੇਖ ਪਖੰਡ, ਦਰ ਦਰਬਾਰੇ ਨੀਹਾਂ ਹੇਠ ਦਬਾ ਰਿਹਾ । ਨੌਂ ਦਵਾਰ ਜਗਤ ਜੀਵ ਦਿਸਣ ਰੰਡ, ਦਸਮ ਦਵਾਰ ਨਾ ਕੋਈ ਮਿਲਾ ਰਿਹਾ । ਹੋਏ ਖਵਾਰੀ ਵਿਚ ਵਰਭੰਡ, ਹਰਿ ਭੰਡੀ ਡਾਹਢੀ ਪਾ ਰਿਹਾ । ਨਾਰ ਦੁਹਾਗਣ ਦਿਸੇ ਰੰਡ, ਸਾਚਾ ਕੰਤ ਨਾ ਕੋਈ ਮਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਗਿਆਰਾਂ ਤੇਰੀ ਧਾਰ, ਦਸਵੇਂ ਘਰੋਂ ਕਰੇ ਬਾਹਰ, ਏਕਾ ਏਕ ਏਕਾ ਕਰਾ ਰਿਹਾ । ਦੂਜੀ ਵੰਡ ਹਰਿ ਨਿਰੰਕਾਰ, ਆਪਣੀ ਆਪ ਵੰਡਾਈਆ । ਹਰਿਸੰਗਤ ਤੇਰਾ ਸਤਿ ਪਿਆਰ, ਸ੍ਰਿਸ਼ਟ ਸਬਾਈ ਦਏ ਦਿਖਾਈਆ । ਸੱਤ ਰੰਗ ਨਿਸ਼ਾਨਾ ਕਰ ਤਿਆਰ, ਸੱਤਾਂ ਦੀਪਾਂ ਦਏ ਚੜ੍ਹਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਕਰਿਆ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਪ੍ਰਗਟ ਹੋਇਆ ਵਾਲੀ ਦੋ ਜਹਾਨ ਸਾਂਝਾ ਯਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਵਜਾਏ ਅਪਰ ਅਪਾਰ, ਲੋਕਮਾਤ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਹਿੱਸਾ ਆਪੇ ਰਿਹਾ ਪਾਈਆ । ਤੀਜੀ ਵੰਡ ਕਰ ਕਰਤਾਰ, ਕਰਤੇ ਕਰਮ ਕਮਾਇਆ । ਪੰਚਮ ਮੁਖ ਸੀਸ ਕਰ ਸ਼ਿੰਗਾਰ, ਸਾਚਾ ਤਾਜ ਸੁਹਾਇਆ । ਪੰਚ ਨਿਸ਼ਾਨਾ ਬੰਨੇ ਧਾਰ, ਪੰਚਮ ਰੂਪ ਵਟਾਇਆ । ਹੱਥ ਸੋਟਾ ਵਡ ਬਲਕਾਰ, ਸ਼ਬਦ ਡੰਡਾ ਰਿਹਾ ਵਖਾਇਆ । ਚਰਨ ਜੋੜਾ ਚਰਨ ਕਵਲ ਪਸਾਰ, ਚਰਨ ਚਰਨੋਦਕ ਇਕ ਉਪਾਇਆ । ਆਇਆ ਚਲ ਦਿਲੀ ਦਰਬਾਰ, ਅੱਸੂ ਤਿੰਨ ਰੁੱਤ ਸੁਹਾਇਆ । ਵੀਹ ਸਦ ਤੇਰਾਂ ਤੇਰੀ ਧਾਰ, ਰਾਸ਼ਟਰਪਤਿ ਏਹ ਸਮਝਾਇਆ । ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਗੋਬਿੰਦ ਵੇਸ ਵਟਾਇਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਅੰਤਮ ਬਾਜ਼ੀ ਜਾਣ ਹਾਰ, ਪਾਸ਼ਾ ਸਾਰ ਨਾ ਕੋਈ ਖੇਲ ਖਿਲਾਇਆ । ਨਾ ਕੋਈ ਦਿਸੇ ਵਡ ਸਿਕਦਾਰ, ਸੀਸ ਤਾਜ ਨਾ ਕੋਈ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲਿਖਤ ਲੇਖ ਹੱਥ ਫੜਾਇਆ । ਤੀਜੀ ਵੰਡ ਹਰਿ ਕਰ, ਆਪਣਾ ਕਰਮ ਕਮਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜਗਤ ਮਾਇਆ ਜਾਣਾ ਹਰ, ਦਰ ਦਰ ਆਪ ਫਿਰਾਇੰਦਾ । ਸੁੰਞੇ ਮਹੱਲ ਆਵੇ ਡਰ, ਦੀਵਾ ਬੱਤੀ ਨਾ ਕੋਈ ਜਗਾਇੰਦਾ । ਹਰਿਸੰਗਤ ਤੇਰਾ ਭੰਡਾਰਾ ਭਰ, ਪੰਚਮ ਪੰਚਮ ਸੇਵਾ ਲਾਇੰਦਾ । ਚਾਰ ਵਰਨਾਂ ਵਖਾਏ ਏਕਾ ਘਰ, ਊਚ ਨੀਚ ਕੋਈ ਰਹਿਣ ਨਾ ਪਾਇੰਦਾ । ਇਕ ਨੁਹਾਏ ਸਾਚੇ ਸਰ, ਕਾਗੋਂ ਹੰਸ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਰਿਹਾ ਲਿਖਾਈ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਚੌਥੀ ਵੰਡ ਕਰ ਤਿਆਰ, ਹਰਿ ਜੋਤ ਸੇਵਾ ਲਾਈਆ । ਹਰਿਸੰਗਤ ਅੱਗੇ ਕਰ

ਨਿਮਸਕਾਰ, ਹਰਿ ਬੈਠਾ ਜੋਧਾ ਸੂਰਬੀਰ, ਵਡ ਵਡਾ ਭੇਵ ਕੋਈ ਨਾ ਪਾਈਆ । ਮੇਟੀ ਜਾਏ ਧੁਰ ਦੀ ਲਿਖੀ ਤਕਦੀਰ, ਅਕਸੀਰ ਨਾ ਕੋਈ ਜਣਾਈਆ । ਚਿੱਟੇ ਉਪਰ ਕਾਲੀ ਖਿਚੀ ਜਾਏ ਲਕੀਰ, ਧੁਰ ਦਾ ਸ਼ਬਦ ਧੁਰ ਦੀ ਦਏ ਗਵਾਹੀਆ । ਆਪੇ ਬਣਿਆ ਸ਼ਾਹ ਫ਼ਕੀਰ, ਸ਼ਾਹ ਕੰਗਾਲਾ ਆਪ ਅਖਵਾਈਆ । ਜਨ ਭਗਤਾਂ ਕੱਟਣ ਆਇਆ ਤ੍ਰੈਗੁਣ ਮਾਇਆ ਵੱਝਾ ਜੰਜ਼ੀਰ, ਪੰਜ ਤਤ ਮੋਹ ਚੁਕਾਈਆ । ਅਠਸਠ ਤੀਰਥ ਅੰਮ੍ਰਿਤ ਰਹਿਣ ਨਾ ਦੇਵੇ ਕਿਸੇ ਨੀਰ, ਚਰਨ ਛੁਹਾਏ ਦਇਆ ਕਮਾਏ ਆਪ ਆਪਣੇ ਵਿਚ ਟਿਕਾਈਆ । ਹਿੰਦੂ ਮੁਸਲਮ ਸਿਖ ਈਸਾਈ ਸਭ ਦੇ ਸਿਰ ਤੇ ਆਏ ਭੀੜ, ਨਾ ਸਕੇ ਕੋਈ ਬਚਾਈਆ । ਲੱਖ ਚੁਰਾਸੀ ਅੰਦਰੇ ਅੰਦਰ ਉਠੇ ਪੀੜ, ਨਾਮ ਦਾਰੂ ਨਾ ਕੋਈ ਮੁਖ ਚੁਆਈਆ । ਨਾ ਕੋਈ ਸਗਲਾ ਸੰਗ ਰਖਾਏ ਪੀਰ ਦਸਤਗੀਰ, ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਦੇਵਤ ਸੁਰ ਨਾ ਕੋਈ ਭਾਰ ਉਠਾਈਆ । ਧੁਰ ਦੀਬਾਣ ਲਾਇਆ ਏਕਾ ਤੀਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਵੀਹ ਸੌ ਪੰਦਰਾਂ ਤੇਰੀ ਰੁੱਤ ਸੁਹਾਈਆ । ਵੀਹ ਸੌ ਪੰਦਰਾਂ ਚਵੀ ਅੱਸੂ ਚਵੀਆਂ ਅਵਤਾਰ, ਨਿਰਗੁਣ ਰੂਪ ਵਟਾਇਆ । ਨਿਵਾਏ ਸੀਸ ਦਿਲੀ ਦਰਵਾਰ, ਦਰ ਦਰਬਾਰਾ ਸਚ ਸਿੰਘਾਸਣ ਇਕ ਵਿਛਾਇਆ । ਚੌਥੀ ਭੇਟਾ ਅੱਗੇ ਚਾੜ੍ਹ, ਹਰਿਸੰਗਤ ਸੀਸ ਤਾਜ ਇਕ ਟਿਕਾਇਆ । ਚੌਥੇ ਘਰ ਚੌਥੇ ਪਦ ਚੌਥੇ ਯੁਗ ਦੇਵੇ ਵਾੜ, ਨਾ ਬਾਹਰ ਕੋਈ ਕਢਾਇਆ । ਸਵਾ ਪੰਜ ਖ਼ਾਲੀ ਕਰੇ ਕਾਰੂ ਗੰਜ, ਏਕਾ ਇਕੀ ਏਕਾ ਪਾਇਆ । ਨੂਰ ਨੁਰਾਨੀ ਸ਼ਾਹ ਸੁਲਤਾਨੀ ਨਾ ਸਵੇਰ ਨਾ ਸੰਞ, ਰਵ ਸਸ ਸੂਰਜ ਚੰਨ ਨਾ ਕੋਈ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਹਰਿ ਸੇਵਾ ਰਿਹਾ ਕਮਾਇਆ । ਸਵਾ ਪੰਜ ਕਰ ਅਰਦਾਸ, ਪੱਲੇ ਗੰਢ ਬੰਧਾਈਆ । ਪਟ ਪਟਨੇ ਕਰ ਨਿਵਾਸ, ਸਿਰ ਸਿਰ ਵੇਖ ਵਖਾਈਆ । ਪੁਰੀ ਅਨੰਦ ਕਰਨ ਆਇਆ ਤੇਰੀ ਪੂਰੀ ਆਸ, ਮਨਮੁਖ ਜੀਵਾਂ ਉਤੇ ਪਰਦਾ ਪਾਈਆ । ਹਰਿ ਵਸਤ ਸਚ ਹਰਿਸੰਗਤ ਤੇਰੀ ਰੱਖੀ ਆਪਣੇ ਪਾਸ, ਅੰਤ ਤੇਰੀ ਝੋਲੀ ਪਾਈਆ । ਗੁਰਸਿਖ ਗੁਰਮੁਖ ਨਾ ਹੋਏ ਕਦੇ ਉਦਾਸ, ਜਿਸ ਮਿਲਿਆ ਪੂਰਾ ਸਤਿਗੁਰ ਵਡ ਦਾਤਾ ਬੇਪਰਵਾਹੀਆ । ਪਹਿਲੀ ਕੱਤਕ ਸਾਚੇ ਘਰ ਕਰੇ ਵਾਸ, ਨਿਵਾਸਾ ਆਪ ਅਖਵਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਤਖ਼ਤ ਅਕਾਲ ਹਰਿ ਮੰਦਰ ਦਏ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੋਬਿੰਦ ਗੋਬਿੰਦ ਵੇਸ ਵਟਾਈਆ ।



੬੭੩
੦੨

* ੨੪ ਅੱਸੂ ੨੦੧੫ ਬਿਕ੍ਰਮੀ ਮਕਾਨ ਨੰ੦ ੯੭੯੯ ਗਲੀ ਨੰ੦ ੭ ਪਹਾੜ ਗੰਜ ਨਵੀਂ ਦਿਲੀ *

ਚੌਥੇ ਜੁਗ ਚੌਥੀ ਧਾਰ, ਚਾਰ ਵਰਨ ਚਲਾਈਆ । ਲੋਕਮਾਤ ਪੈਂਡਾ ਰਿਹਾ ਮੁੱਕ, ਪਾਂਧੀ ਪੰਧ ਮੁਕਾਈਆ । ਮਨਮੁਖ ਬੂਟਾ ਰਿਹਾ ਸੁੱਕ, ਗੁਰਮੁਖ ਹਰਾ ਕਰਾਈਆ । ਆਦਿ ਨਿਰੰਜਣ ਬੈਠਾ ਪਰਮੁਖ, ਭੁੱਲੀ ਸਰਬ ਲੋਕਾਈਆ । ਲੇਖਾ ਚੁਕਾਵੇ ਗੁਜਰੀ ਕੁੱਖ, ਤੇਗ ਬਹਾਦਰ ਹਰਿ ਵਡਿਆਈਆ । ਆਪਣੀ ਗੋਦੀ ਰਿਹਾ ਚੁੱਕ, ਆਪੇ ਰਿਹਾ ਖਿਡਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਭੁੱਖ, ਅੰਮ੍ਰਿਤ ਸੀਰ ਪਿਆਈਆ । ਨਾ ਮਾਨਸ ਨਾ ਦਿਸੇ ਮਨੁੱਖ, ਜੋਤ ਅਗੰਮ ਟਿਕਾਈਆ । ਹਰਿਸੰਗਤ ਹਰਿ ਰਿਹਾ ਝੁਕ, ਆਪ ਆਪਣਾ ਸੀਸ ਝੁਕਾਈਆ । ਉਜਲ ਹੋਇਆ ਮਾਤ ਮੁੱਖ, ਮਸਤਕ

ਮਿਟੀ ਕਾਲੀ ਸ਼ਾਹੀਆ । ਤ੍ਰਿਸ਼ਨਾ ਮਿਟੇ ਜਗਤ ਦੁੱਖ, ਚਿੰਤਾ ਰੋਗ ਗਵਾਈਆ । ਮਾਤ ਗਰਭ ਨਾ ਉਲਟਾ ਰੁਖ, ਦਸ ਮਾਸ ਕੁੰਡ ਨਾ ਕੋਈ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਇਆ ਸੰਗਤ ਸੱਚੀ ਸਰਨਾਈਆ । ਭਗਤ ਸਰਨ ਵਡ ਸਰਨਾਈ, ਹਰਿ ਹਰਿ ਆਪ ਤਕਾਈਆ । ਲੋਕ ਲੱਜਿਆ ਜਗਤ ਤਜਾਈ, ਪੰਜ ਤਤ ਕਰੇ ਕੁੜਮਾਈਆ । ਮਾਤ ਪਿਤਾ ਘਰ ਵੱਜੇ ਵਧਾਈ, ਸਾਚਾ ਮੰਗਲ ਗਾਈਆ । ਵੇਖੇ ਖੇਲ ਸਾਚਾ ਮਾਹੀ, ਹਰਿ ਦਾਤਾ ਧੁਰਦਰਗਾਹੀਆ । ਦੇਵਣਹਾਰ ਠੰਡੀਆਂ ਛਾਈਂ, ਬਿਨ ਛੱਪਰ ਛੰਨ ਸਮਾਈਆ । ਕਾਗ ਹੰਸ ਰਿਹਾ ਬਣਾਈ, ਕਾਗੋਂ ਕਾਗ ਸਮਝਾਈਆ । ਦਰਸ ਤਰਸ ਰਿਹਾ ਕਮਾਈ, ਸਾਂਤਕ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਮੂਲ ਚੁਕਾਈਆ । ਲਹਿਣਾ ਦੇਣਾ ਹਰਿ ਹਰਿ ਭਾਰ, ਹਰਿਸੰਗਤ ਸੀਸ ਉਠਾਇੰਦਾ । ਜੁਗ ਜੁਗ ਕਰਜ਼ਾ ਰਿਹਾ ਉਤਾਰ, ਆਪ ਆਪਣੀ ਵੰਡ ਵੰਡਾਇੰਦਾ । ਬੈਠੇ ਤਖ਼ਤ ਸੱਚੇ ਦਰਬਾਰ, ਸਚ ਸਲਾਹੀ ਸਚ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਵੇਖ ਵਖਾਇੰਦਾ । ਵੇਖੇ ਖੇਲ ਪੁਰਖ ਕਰਤਾਰਾ, ਵਡ ਵੱਡੀ ਵਡਿਆਈਆ । ਨਿਰਗੁਣ ਸਰਗੁਣ ਮੇਲ ਸੰਸਾਰਾ, ਗੁਰ ਸਤਿਗੁਰ ਰੂਪ ਸਮਾਈਆ । ਸੰਤ ਭਗਤ ਕਰ ਦੁਲਾਰਾ, ਏਕਾ ਦਰ ਵਿਖਾਈਆ । ਮਸਤਕ ਸਿਹਰਾ ਸੀਸ ਦਸਤਾਰਾ, ਸਾਚਾ ਸਗਨ ਮਨਾਈਆ । ਵੇਖੇ ਘਾਟ ਜਗਤ ਕਿਨਾਰਾ, ਸ਼ਬਦ ਘੋੜ ਚੜ੍ਹਾਈਆ । ਮਨਾਏ ਸਗਨ ਅਗੰਮ ਅਪਾਰਾ, ਜਲਧਾਰਾ ਵਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਏ ਸਲਾਹੀਆ । ਸਚ ਸਲਾਹ ਸਿਫ਼ਤ ਗੁਰਦੇਵ, ਸਾਚਾ ਜੋਗ ਕਮਾਈਆ । ਆਦਿ ਅਨਾਦਿ ਅਲੱਖ ਅਭੇਵ, ਦੇਵੀ ਦੇਵ ਅਖਵਾਈਆ । ਕਰਤਾ ਅਬਿਨਾਸ਼ ਸਦਾ ਨਿਹਕੇਵ, ਨਿਹਚਲ ਧਾਮ ਸੁਹਾਈਆ । ਰਸਨਾ ਗਾਇਆ ਗੋਬਿੰਦ ਜਿਹਵ, ਜਿਹਵਾ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪੂਰਬ ਵੇਖ ਵਿਖਾਈਆ । ਪੂਰਬ ਕਹਿਣਾ ਸ਼ਬਦ ਗਹਿਣਾ, ਤਨ ਤਤ ਤਤ ਸ਼ਿੰਗਾਰਿਆ । ਨੇਤਰ ਲੋਚਣ ਦਰਸ਼ਨ ਨੈਣਾਂ, ਆਪਾ ਉਤੋਂ ਵਾਰਿਆ । ਮੰਗੀ ਮੰਗ ਸ਼ਬਦ ਗਹਿਣਾ, ਲਿਖਿਆ ਲੇਖ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਾ ਵੇਖੀ ਜਗਤ ਭੁਲਾ ਰਿਹਾ । ਪੂਰਬ ਲਹਿਣਾ ਅੱਗੇ ਰੱਖ, ਆਪਣਾ ਕਰਮ ਕਮਾਇੰਦਾ । ਗੋਬਿੰਦ ਦਾਤਾ ਹੋ ਪਰਤੱਖ, ਗੁਰਮੁਖ ਮੇਲ ਮਿਲਾਇੰਦਾ । ਸਾਜਣ ਸਾਚੇ ਲਏ ਰੱਖ, ਸਾਚਾ ਸੰਗ ਨਿਭਾਇੰਦਾ । ਸ੍ਰਿਸ਼ਟ ਸਬਾਈ ਨਾਲੋਂ ਕਰੇ ਵੱਖ, ਨੇਤਰ ਨਾਮ ਗਿਆਨ ਦ੍ਰਿੜਾਇੰਦਾ । ਬਿਨ ਕਟਾਰ ਲੜਾਏ ਸੱਥ, ਲੱਖ ਇਕ ਇਕ ਨਾਲ ਲੜਾਇੰਦਾ । ਚਾਰੋਂ ਕੁੰਟ ਦਿਸਣ ਭੱਖ, ਗੋਬਿੰਦ ਸਾਜਣ ਰੁੱਤ ਬਸੰਤੀ ਫੁੱਲ ਖਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਪਿਛਲਾ ਲਹਿਣਾ ਸਾਚੀ ਰਾਸ, ਸਚ ਦਰਗਹਿ ਆਪ ਟਿਕਾਈਆ । ਗੁਰ ਗੋਬਿੰਦ ਵਸੇ ਪਾਸ, ਘਰ ਬੈਠਾ ਬੇਪਰਵਾਹੀਆ । ਸਿਖਾਂ ਗਿਆ ਦੇ ਧਰਵਾਸ, ਵੇਲਾ ਅੰਤ ਜਣਾਈਆ । ਪੂਰੀ ਕਰੇ ਅੰਤਮ ਆਸ, ਜਿਸ ਜਨ ਬਣਤ ਬਣਾਈਆ । ਹੋਏ ਸਹਾਈ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਚਰਨਾਂ ਹੇਠ ਦਬਾਈਆ । ਰਵ ਸਸ ਵੇਖ ਪਰਕਾਸ਼, ਨੈਣਾਂ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਖੋਜ ਖੁਜਾਈਆ । ਸੱਜਣ ਸੱਚਾ ਸ਼ਾਹੋ ਭੂਪ, ਸ਼ਬਦ ਰੂਪ ਸਿਕਦਾਰਾ । ਵੇਖ ਵਿਖਾਏ ਚਾਰੋਂ ਕੂਟ, ਜੋਧਾ ਸੂਰਬੀਰ ਬਲਕਾਰਾ । ਨਿਤ ਵਿਰੋਲੇ ਜੂਠ ਝੂਠ, ਫੋਲੇ ਗੜ੍ਹ ਹੰਕਾਰਾ ।

ਗੁਰਮੁਖਾਂ ਗੁਰਸਿਖਾਂ ਉਤੇ ਆਪੇ ਆਏ ਜਾਏ ਤੁਠ, ਦੇਵੇ ਨਾਮ ਪਿਆਰਾ । ਸਿਖੀ ਤਿਖੀ ਰੱਖੇ ਏਕਾ ਮੁੱਠ, ਏਕਾ ਇਕੀ ਏਕੰਕਾਰਾ । ਰਿਖੀ ਮੁਨੀ ਬੈਠੇ ਰੁਠ, ਸਾਧ ਸੰਤਨ ਨਾ ਪਾਇਣ ਸਾਰਾ । ਪੰਡਤ ਪਾਂਧੇ ਰਹੇ ਲੁੱਟ, ਜੀਵ ਜੰਤ ਹਾਹਾਕਾਰਾ । ਗ੍ਰੰਥੀ ਪੰਥੀ ਪੀਤਾ ਮਦਿਰਾ ਘੁੱਟ, ਭੁੱਲਿਆ ਨਾਨਕ ਦਰ ਦਰਬਾਰਾ । ਮੰਦਰ ਮਸਜਿਦ ਪਈ ਲੁੱਟ, ਦਿਵਸ ਰੈਣ ਪੁਕਾਰਾ । ਜਗਤ ਸਰੋਵਰ ਦਿਸੇ ਨਾ ਅੰਮ੍ਰਿਤ ਇਕ ਘੁੱਟ, ਤਟ ਤੀਰਥ ਭਰੇ ਕਿਨਾਰਾ । ਨਹਾ ਨਹਾ ਥੱਕੇ ਕੋਟੀ ਕੋਟ, ਨਾ ਕੋਈ ਉਤਰੇ ਪਾਰਾ । ਗੁਰ ਗੋਬਿੰਦ ਇਕ ਲਗਾਏ ਸਾਚੀ ਚੋਟ, ਸੋਹੰ ਵੱਜੇ ਰਣਜੀਤ ਨਗਾਰਾ । ਲੱਖ ਚੁਰਾਸੀ ਆਲ੍ਹਣਿਉਂ ਡਿਗੇ ਬੋਟ, ਨਾ ਕੋਈ ਦੇਵੇ ਮਾਤ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਨਾਮ ਵਰ, ਅਤੁਟ ਅਤੋਟ ਭੰਡਾਰਾ । ਨਾਮ ਅਤੋਟ ਸਦਾ ਅਤੁੱਟ, ਹਰਿ ਹਰਿ ਆਪ ਰਖਾਇਆ । ਗੁਰਮੁਖ ਲਾਹਾ ਲੈਣ ਲੁੱਟ, ਮਨਮੁਖਾਂ ਹੱਥ ਨਾ ਆਇਆ । ਪੰਚ ਵਿਕਾਰਾ ਕੱਢੇ ਕੁੱਟ, ਪੰਚਮ ਮੋਹ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਕੀ ਏਕਾ ਸਿਖੀ, ਏਕਾ ਧਾਰ ਚਲਾਇਆ । ਏਕਾ ਸਿਖੀ ਏਕਾ ਵੰਡਾ, ਏਕਾ ਰਿਹਾ ਕਰਾਈਆ । ਏਕਾ ਸ਼ਬਦ ਏਕਾ ਬ੍ਰਹਿਮੰਡਾ, ਏਕਾ ਖੰਡਾ ਰਿਹਾ ਦਿਸਾਈਆ । ਏਕਾ ਜੇਰਜ ਏਕਾ ਅੰਡਾ, ਏਕਾ ਸੇਤਜ ਉਤਭੁਜ ਨਾਉਂ ਰਖਾਈਆ । ਏਕਾ ਭੇਖ ਏਕ ਪਖੰਡਾ, ਏਕ ਕਲ ਵਰਤਾਈਆ । ਏਕਾ ਨਰ ਇਕ ਸੁਹਾਗਣ ਏਕਾ ਰੰਡਾ, ਏਕਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲਣਹਾਰਾ ਆਪ ਅਖਵਾਈਆ । ਏਕਾ ਇਕੀ ਏਕਾ ਰਾਸ, ਏਕਾ ਨਗਰ ਅਪਾਰਿਆ । ਏਕਾ ਸਿਖੀ ਕਰ ਪਰਕਾਸ਼, ਨੌਂ ਖੰਡ ਕਰੇ ਉਜਿਆਰਿਆ । ਏਕਾ ਮੰਡਲ ਏਕਾ ਰਾਸ, ਸੀਸ ਨਿਵਾਏ ਰਵ ਸਸ ਸਤਾਰਿਆ । ਦੇਵਣਹਾਰ ਧੁਰ ਧਰਵਾਸ, ਦੀਵਾ ਬਾਤੀ ਇਕ ਜਗਾ ਰਿਹਾ । ਪੂਰਨ ਕਰਨਹਾਰਾ ਆਸ, ਲੇਖਾ ਆਪਣਾ ਆਪ ਮੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਉਪਾ ਰਿਹਾ । ਏਕਾ ਇਕੀ ਮੰਗ ਅਪਾਰ, ਗੋਬਿੰਦ ਆਪ ਮੰਗਾਈਆ । ਪੰਚਮ ਮੀਤਾ ਖ਼ਬਰਦਾਰ, ਸ਼ਸਤਰ ਬਸਤਰ ਤਨ ਸਜਾਈਆ । ਸੋਲਾਂ ਕਰ ਦਰ ਸ਼ਿੰਗਾਰ, ਸੋਲਾਂ ਇਛਿਆ ਵੇਖ ਵਖਾਈਆ । ਪਾਏ ਭਿਛਿਆ ਨਰ ਨਿਰੰਕਾਰ, ਸੋਲਾਂ ਪੰਚਮ ਮੇਲ ਮਿਲਾਈਆ । ਦੋਹਾਂ ਮੇਲਾ ਵਿਚ ਸੰਸਾਰ, ਏਕਾ ਇਕੀ ਬਣਾਈਆ । ਇਕੀ ਸਿਖੀ ਵਡ ਸਿਕਦਾਰ, ਨਿਹਕਲੰਕ ਅਖਵਾਈਆ । ਬੀਸ ਬੀਸਾ ਢਹਿ ਢਹਿ ਪਏ ਦਵਾਰ, ਆਪ ਆਪਣਾ ਸੀਸ ਝੁਕਾਈਆ । ਗੋਬਿੰਦ ਨਾਮ ਸੀਸ ਦਸਤਾਰ, ਸ਼ਬਦੀ ਨਾਮ ਬੰਧਾਈਆ । ਕਲਗੀ ਤੋੜਾ ਅਪਰ ਅਪਾਰ, ਜਗਤ ਜਗਦੀਸ਼ ਸੁਹਾਈਆ । ਜੋਤੀ ਜੋੜਾ ਸ਼ਬਦੀ ਧਾਰ, ਹਰਿ ਨਾਮਾ ਡੰਕ ਵਜਾਈਆ । ਜੋਤ ਨਿਰੰਜਣ ਸੇਵਾਦਾਰ, ਆਦਿ ਸ਼ਕਤ ਫੇਰਾ ਪਾਈਆ । ਕਾਲ ਮਹਾਂਕਾਲ ਬਣ ਭਿਖਾਰ, ਦਰ ਬੈਠਣ ਸੀਸ ਝੁਕਾਈਆ । ਨਾਮ ਭਗੌਤੀ ਲਏ ਹੱਥ ਹਥਿਆਰ, ਭਗਵਨ ਵੇਸ ਵਟਾਈਆ । ਹੋਏ ਸਹਾਈ ਆਦਿ ਗਿਰਧਾਰ, ਗਿਰਵਰ ਰੂਪ ਵਟਾਈਆ । ਫਤਿਹ ਡੰਕ ਇਕ ਜੈਕਾਰ, ਰਾਓ ਰੰਕਾਂ ਰਿਹਾ ਜਣਾਈਆ । ਖ਼ਾਲਸ ਖ਼ਾਲਸਾ ਕਰ ਤਿਆਰ, ਏਕਾ ਇਕੀ ਪਾਈਆ । ਜਗਤ ਮਲਾਹ ਗੁਰ ਅਵਤਾਰ, ਨਾਨਕ ਬੇੜਾ ਰਿਹਾ ਚਲਾਈਆ । ਚੱਪੂ ਲਾਏ ਅਪਰ ਅਪਾਰ, ਗੋਬਿੰਦ ਹੱਥ ਫੜਾਈਆ । ਸਰਸਾ ਤੇਰੀ ਟੇਢੀ ਧਾਰ, ਕਲਜੁਗ ਜੀਵਾਂ ਦਿਸ ਨਾ ਆਈਆ । ਚਰਨ ਸੁਹਾਇਆ ਸ਼ਾਹ ਅਸਵਾਰ, ਨੀਲੇ ਵਾਲਾ ਬੇਪਰਵਾਹੀਆ । ਮੰਗੇ ਮੰਗ ਅੱਗੇ ਦਾਤਾਰ, ਦਰ ਅੱਗੇ ਆਸਣ ਲਾਈਆ । ਪੁਰਖ ਅਕਾਲਾ ਭਰ ਭੰਡਾਰ, ਭਰਿਆ

ਰਹੇ ਤੋਟ ਨਾ ਰਾਈਆ । ਪਾਰਬ੍ਰਹਮ ਪ੍ਰਭ ਰਿਹਾ ਵਿਚਾਰ, ਆਪ ਆਪਣੇ ਦਰ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੇ ਘਰ, ਘਰ ਸਾਚਾ ਇਕ ਰਖਾਈਆ । ਸਾਚੇ ਘਰ ਏਕਾ ਇਕੀ, ਗੋਬਿੰਦ ਮੰਗ ਮੰਗਾਇੰਦਾ । ਆਪਣੇ ਨੇਤਰ ਪਾਰਬ੍ਰਹਮ ਪ੍ਰਭ ਆਪੇ ਪੇਖੀ, ਤੇਰਾ ਰੂਪ ਸਦਾਇੰਦਾ । ਰੱਖੀ ਲਾਜ ਦਾੜ੍ਹੀ ਕੇਸੀ, ਤੇਰਾ ਤੇਰੇ ਅੱਗੇ ਟਿਕਾਇੰਦਾ । ਸੇਵ ਕਮਾਈ ਜੋਤ ਦਸ ਦਸਮੇਸ਼ੀ, ਨਾਨਕ ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਸਚ ਅਦਾਲਤ ਸ਼ਾਹੋ ਭੂਪ ਨਰ ਨਰੇਸ਼ੀ, ਸਾਚਾ ਅਦਲ ਕਮਾਇੰਦਾ । ਬੀਸ ਸਦ ਤੇਰੇ ਅੰਤਮ ਕਲਜੁਗ ਨਿਕਲੇ ਏਕਾ ਪੇਸ਼ੀ, ਏਕਾ ਲੇਖ ਲਿਖਾਇੰਦਾ । ਗੋਦ ਰਖਾਏ ਗਣਪਤ ਗਣੇਸ਼ੀ, ਨਾਰਦ ਸ਼ਿਵ ਸ਼ੰਕਰ ਆਪਣੇ ਨਾਲ ਉਪਾਇੰਦਾ । ਬ੍ਰਹਮਾ ਲਿਖਣਹਾਰਾ ਲੇਖੀ, ਹੱਥ ਆਪਣੀ ਕਲਮ ਉਠਾਇੰਦਾ । ਦੂਰ ਦੁਰਾਡਾ ਆਪੇ ਬੈਠਾ ਰਿਹਾ ਵੇਖੀ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਕੀ ਧਾਰ ਤਿਖੀ, ਵਾਲੋਂ ਨਿਕੀ ਆਪ ਜਣਾਇੰਦਾ । ਵਾਲੋਂ ਨਿਕੀ ਸਿਖੀ ਧਾਰ, ਦਿਸ ਕਿਸੇ ਨਾ ਆਈਆ । ਆਤਮ ਅੰਤਰ ਗੁਰ ਪਿਆਰ, ਗੁਰਚਰਨ ਚਰਨ ਚਿਤ ਲਾਈਆ । ਸਾਚਾ ਕੱਕਾ ਰੂਪ ਕਰਤਾਰ, ਕਰਤੇ ਵਿਚ ਸਮਾਈਆ । ਪੰਚਮ ਮਾਇਆ ਮੋਹ ਪਿਆਰ, ਪੰਚਮ ਮੋਹ ਦਏ ਤੁੜਾਈਆ । ਪੰਚਮ ਮੀਤਾ ਕਰ ਸ਼ਿੰਗਾਰ, ਸੋਲਾਂ ਕਲੀਆਂ ਤਨ ਬੰਧਾਈਆ । ਪੁਰਖ ਅਬਿਨਾਸ਼ੀ ਸ਼ਾਹੋ ਅਸਵਾਰ, ਗੋਬਿੰਦ ਘੋੜ ਚੜ੍ਹਾਈਆ । ਦੋਹਾਂ ਮੇਲਾ ਅਪਰ ਅਪਾਰ, ਦਿਸ ਕਿਸੇ ਨਾ ਆਈਆ । ਗੁਰ ਚੇਲਾ ਵਸਿਆ ਏਕਾ ਘਰ ਬਾਹਰ, ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਈਆ । ਵੰਡੇ ਵੰਡ ਹਰਿ ਬ੍ਰਹਿਮੰਡ, ਗੋਬਿੰਦ ਸੇਵਾ ਲਾਈਆ । ਮੇਟ ਮਿਟਾਏ ਭੇਖ ਭਖੰਡ, ਜੂਠ ਝੂਠ ਰਹਿਣ ਨਾ ਪਾਈਆ । ਮਨਮੁਖਤਾ ਦੇਵਣ ਆਇਆ ਦੰਡ, ਗੁਰਮੁਖਤਾ ਕਰੇ ਪੜ੍ਹਾਈਆ । ਵੱਢਣਹਾਰਾ ਸਭ ਦੀ ਕੰਡ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗ ਚਲੂਲ, ਏਕਾ ਭੱਠੀ ਰਿਹਾ ਤਪਾਈਆ । ਆਪ ਤਪਾਇਆ ਆਪਣਾ ਭੱਠ, ਆਪਣੀ ਅਗਨੀ ਡਾਹਿੰਦਾ । ਤੱਟ ਉਪਾਏ ਅਠਸਠ, ਸੀਤਲ ਧਾਰ ਨਾ ਕੋਈ ਰਖਾਇੰਦਾ । ਵੇਖ ਵਖਾਏ ਨੱਠ ਨੱਠ, ਹਰਿਸੰਗਤ ਮੂਲ ਚੁਕਾਇੰਦਾ । ਏਕਾ ਇਕੀ ਤੇਰਾ ਹਠ, ਧੀਰਜ ਧਰਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖੀ ਨੀਂਹ ਰਖਾਇੰਦਾ । ਸਾਚੀ ਸਿਖੀ ਮਹੱਲ ਉਸਾਰ, ਆਪਣੀ ਬਣਤ ਬਣਾਈਆ । ਕਾਇਆ ਮੰਦਰ ਕਰ ਤਿਆਰ, ਸ਼ਬਦ ਸਿੰਘਾਸਣ ਰਿਹਾ ਵਿਛਾਈਆ । ਨੌਂ ਦਵਾਰੇ ਲਾਹੇ ਕਿਵਾੜ, ਆਪੇ ਵੇਖ ਵਖਾਈਆ । ਮੇਲ ਮਿਲਾਵਾ ਸਤਾਰਾਂ ਹਾੜ, ਸਾਚੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਮੇਲਾ ਬੇਪਰਵਾਹੀਆ । ਸੱਜਣ ਮੇਲਾ ਏਕਾ ਘਰ, ਏਕਾ ਇਕੀ ਪਾਇੰਦਾ । ਇਕ ਸੁਹਾਏ ਸਾਚਾ ਦਰ, ਏਕਾ ਸਿਖੀ ਵੇਖ ਵਖਾਇੰਦਾ । ਏਕਾ ਪੁਰਖ ਏਕਾ ਨਰ, ਏਕਾ ਨਾਰੀ ਰੂਪ ਦਰਸਾਇੰਦਾ । ਏਕਾ ਵਰਨੀ ਲਏ ਵਰ, ਵਰ ਦਾਤਾ ਆਪ ਹੋ ਜਾਇੰਦਾ । ਏਕਾ ਮਰਨੀ ਸ੍ਰਿਸ਼ਟ ਸਬਾਈ ਜਾਏ ਮਰ, ਮਰਨਗਤ ਇਕ ਜਣਾਇੰਦਾ । ਏਕਾ ਵਿਦਿਆ ਅੱਖਰ ਚੌਦਾਂ ਲੋਕ ਜਾਇਣ ਪੜ੍ਹ, ਏਕਾ ਨਾਮ ਜਪਾਇੰਦਾ । ਏਕਾ ਰੂਪ ਏਕਾ ਸੀਸ ਇਕ ਜਗਦੀਸ਼ ਏਕਾ ਧੜ, ਰੂਪ ਅਨੂਪ ਦਰਸਾਇੰਦਾ । ਏਕਾ ਖੰਡਾ ਏਕਾ ਸ਼ਬਦ ਏਕਾ ਹੱਥ ਰਿਹਾ ਫੜ, ਚਾਰੋਂ ਕੁੰਟ ਚਮਕਾਇੰਦਾ । ਏਕਾ ਕਿਲਾ ਏਕਾ ਗੜ੍ਹ, ਦਰ ਆਪਣੇ ਆਪ ਤੁੜਾਇੰਦਾ । ਏਕਾ ਰਾਮਾ ਏਕਾ ਸੀਤਾ ਏਕਾ

ਰਾਵਣ ਰਿਹਾ ਲੜ, ਏਕਾ ਲੰਕਾ ਗੜ੍ਹ ਤੁੜਾਇੰਦਾ । ਏਕਾ ਹਨਵੰਤਾ ਲਏ ਫੜ, ਏਕਾ ਸੇਵ ਲਗਾਇੰਦਾ । ਏਕਾ ਚੋਟੀ ਉਪਰ ਗਏ ਚੜ੍ਹ, ਇਕ ਪਤਾਲੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਖੀ ਤੇਰੀ ਸਾਚੀ ਸਿਖਿਆ ਜਗਤ ਵਿਚਾਰ, ਮੁਨੀ ਰਿਖੀ ਭੇਵ ਨਾ ਪਾਇੰਦਾ । ਮੁਨ ਰਿਖ ਜਪ ਤਪ ਸੁੱਚ ਸੰਜਮ ਨੇਮ ਬਣਾਇਆ । ਆਪ ਉਪਾਏ ਪੁੰਨ ਪਾਪ, ਪਾਪ ਪੁੰਨ ਆਪ ਜਣਾਇਆ । ਆਪ ਰਖਾਏ ਤੀਨੋਂ ਤਾਪ, ਤ੍ਰੈਗੁਣ ਮੇਲ ਮਿਲਾਇਆ । ਏਕਾ ਜਪਾਏ ਆਪਣਾ ਜਾਪ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਧੁਰਦਰਗਾਹ, ਸਾਚੀ ਸਖੀ ਜਗਤ ਮਲਾਹ, ਏਕਾ ਇਕੀ ਪਾਇਆ । ਏਕਾ ਇਕੀ ਏਕੰਕਾਰ, ਅਕਲ ਕਲਾ ਅਖਵਾਈਆ । ਸ੍ਰਿਸ਼ਟ ਸਬਾਈ ਬੰਨੇ ਧਾਰ, ਸਾਚੀ ਜੁਗਤ ਚਲਾਈਆ । ਵਰਨ ਬਰਨ ਨਾ ਕੋਈ ਵਿਚਾਰ, ਊਚ ਨੀਚ ਨਾ ਕੋਈ ਜਣਾਈਆ । ਰਾਓ ਰੰਕ ਨਾ ਕੋਈ ਸਿਕਦਾਰ, ਸ਼ਾਹੋ ਭੂਪ ਨਾ ਕੋਈ ਅਖਵਾਈਆ । ਮਾਇਆ ਲੋਭ ਨਾ ਕੋਈ ਹੰਕਾਰ, ਕਾਮ ਕਰੋਧ ਨਾ ਕੋਈ ਸਤਾਈਆ । ਨੇਤਰ ਨੈਣ ਨਾ ਜਗਤ ਸ਼ਿੰਗਾਰ, ਨਾਮ ਕੱਜਲ ਏਕਾ ਪਾਈਆ । ਸ਼ਸਤਰ ਬਸਤਰ ਅਪਰ ਅਪਾਰ, ਸ਼ਬਦ ਸੰਜੋਆ ਇਕ ਸਜਾਈਆ । ਸਾਚਾ ਖੰਡਾ ਤੇਜ ਕਟਾਰ, ਹਰਿ ਭਗੌਤੀ ਆਪ ਉਠਾਈਆ । ਫਤਹਿ ਡੰਕਾ ਅਪਰ ਅਪਾਰ, ਵਾਹਿਗੁਰੂ ਆਪ ਲਗਾਈਆ । ਵਾਹ ਵਾਹ ਗੁਰੂ ਗੁਰੂ ਗੁਰ ਬਲਿਹਾਰ, ਸਤਿਗੁਰ ਪੂਰੇ ਵਡ ਵਡਿਆਈਆ । ਦੋ ਜਹਾਨਾਂ ਪਾਵੇ ਸਾਰ, ਤਿੰਨਾਂ ਲੋਕਾਂ ਵੇਖ ਵਖਾਈਆ । ਘਰ ਮੰਦਰ ਅੰਦਰ ਉਚ ਮੁਨਾਰ, ਬੈਠਾ ਜੋਤ ਜਗਾਈਆ । ਹਵਨੀ ਪਵਨੀ ਕਰ ਪਿਆਰ, ਸਵਾਸ ਸਵਾਸ ਨਾਮ ਜਪਾਈਆ । ਏਕਾ ਇਕੀ ਜਗਤ ਵਿਹਾਰ, ਸਾਚੀ ਸਿਖੀ ਨਾਉਂ ਧਰਾਈਆ । ਨੌਂ ਖੰਡ ਹੋ ਉਜਿਆਰ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਸੋਲਾਂ ਵਿਦਿਆ ਭਰਪੂਰ ਕਰਤਾਰ, ਚੌਦਾਂ ਲੋਕ ਕਰੇ ਜਣਾਈਆ । ਤਿੰਨਾਂ ਲੋਕਾਂ ਇਕ ਪਿਆਰ, ਦੋ ਜਹਾਨਾਂ ਰਥ ਰਥਵਾਹੀਆ । ਨੌਂ ਸੱਤ ਸੋਲਾਂ ਸਚ ਵਿਹਾਰ, ਘਰ ਸਾਚੇ ਰਿਹਾ ਕਰਾਈਆ । ਚੁੱਕਿਆ ਡੋਲਾ ਗੁਰਮੁਖਾਂ ਆਪ ਕਰਤਾਰ, ਆਪਣੇ ਕੰਧ ਉਠਾਈਆ । ਤੀਰਥ ਤੱਟ ਵੇਖੇ ਜਗਤ ਕਿਨਾਰ, ਔਖੇ ਘਾਟ ਚੜ੍ਹਾਈਆ । ਚਰਨ ਛੁਹਾਏ ਸਚ ਦਵਾਰ, ਧਾਮ ਭੂਮਕਾ ਇਕ ਸੁਹਾਈਆ । ਆਪਣਾ ਕਰੇ ਆਪ ਵਿਹਾਰ, ਦੂਸਰ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਸਾਚੀ ਸਿਖੀ ਦੇਵੇ ਨਾਮ ਸੱਚੀ ਵਡਿਆਈਆ । ਸਾਚੀ ਸਿਖੀ ਸਾਚਾ ਦਰਸ, ਹਰਿ ਹਰਿ ਆਪ ਰਖਾਇਆ । ਆਪ ਆਪਣਾ ਕੀਤਾ ਵਸ, ਆਪ ਆਪਣਾ ਮੋਹ ਚੁਕਾਇਆ । ਆਪਣਾ ਮਾਰਗ ਆਪੇ ਦੱਸ, ਆਪਣਾ ਪੰਥ ਰਚਾਇੰਦਾ । ਆਪ ਕਸਾਏ ਆਪਣਾ ਕਮਰਕਸ, ਤੀਰ ਕਮਾਨ ਆਪਣਾ ਹੱਥ ਉਠਾਇਆ । ਦਿਵਸ ਰੈਣ ਸੇਵ ਲਗਾਏ ਰਵ ਸਸ, ਚਾਰੋਂ ਕੁੰਟ ਫਿਰਾਇੰਦਾ । ਵੇਖਣਹਾਰਾ ਬੀਸ ਬੀਸਾ, ਆਲਸ ਨਿੰਦਰਾ ਵਿਚ ਨਾ ਆਇਆ । ਗੁਰਮੁਖਾਂ ਗੌਂਦਾ ਰਿਹਾ ਸਦਾ ਜਸ, ਸਾਚਾ ਵਕਤ ਸੁਹਾਇਆ । ਮਨਮੁਖਾਂ ਬੇੜਾ ਪੈਰਾਂ ਹੇਠ ਰਿਹਾ ਝੱਸ, ਅੰਤ ਰਹਿਣ ਨਾ ਪਾਇਆ । ਤ੍ਰੈਗੁਣ ਤਪਾਏ ਅਗਨੀ ਮਠ, ਜੋਤੀ ਲੰਬੂ ਏਕਾ ਲਾਇਆ । ਲਹਿਣਾ ਦੇਣਾ ਚੁਕਾਏ ਅਠਸਠ, ਤੀਰਥ ਤੱਟ ਨਾ ਕੋਈ ਵਖਾਇਆ । ਗੰਗਾ ਗੁਦਾਵਰੀ ਹੋਵੇ ਭੱਠ, ਸ਼ਿਵ ਸ਼ੰਕਰ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖੀ ਤੇਰੀ ਧਾਰ, ਆਪ ਚਲਾਏ ਵਿਚ ਸੰਸਾਰ, ਸਾਚਾ ਮਾਰਗ ਇਕ ਵਖਾਇਆ । ਸਾਚਾ ਦਰ ਹਰਿ ਦਵਾਰਾ, ਹਰਿ ਹਰਿ ਆਪ ਜਣਾਈਆ । ਪ੍ਰਗਟ ਹੋਇਆ ਹਰਿ ਨਿਰੰਕਾਰਾ, ਸਤਿਗੁਰ ਰੂਪ ਵਟਾਈਆ ।

੬੭੭
੦੭

ਦਹਿ ਦਿਸ਼ਾ ਪਾਵੇ ਸਾਰਾ, ਅਨਭਵ ਰੂਪ ਸਮਾਈਆ । ਦੋ ਜਹਾਨਾਂ ਦਏ ਹੁਲਾਰਾ, ਤ੍ਰੈ ਤ੍ਰੈ ਵੇਖ ਵਿਖਾਈਆ । ਚੌਦਾਂ ਚੌਦਾਂ ਕਰ ਪਸਾਰਾ, ਦਸ ਪੰਜ ਬੰਧਾਈਆ । ਦਸ ਛੇ ਕਰ ਸ਼ਿੰਗਾਰਾ, ਆਪਣਾ ਵੇਸ ਵਟਾਈਆ । ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਇਕ ਜੈਕਾਰਾ, ਏਕਾ ਰਿਹਾ ਸੁਣਾਈਆ । ਏਕਾ ਸੱਜਣ ਮੀਤ ਮੁਰਾਰਾ, ਏਕਾ ਸ਼ਸਤਰ ਨਾਮ ਵਡਿਆਈਆ । ਏਕਾ ਵੇਖੇ ਮਾਰ ਉਡਾਰਾ, ਏਕਾ ਮਰਦੰਗ ਵਜਾਈਆ । ਏਕਾ ਵੱਜੇ ਢੋਲ ਨਗਾਰਾ, ਏਕਾ ਰਿਹਾ ਸੁਣਾਈਆ । ਏਕਾ ਇਕੀ ਸਿਖੀ ਤੇਰੇ ਫਿਰੇ ਦਵਾਰਾ, ਘਰ ਘਰ ਫੇਰਾ ਪਾਈਆ । ਬੰਦ ਨਾ ਕਰੇ ਕੋਈ ਚਾਰ ਦਵਾਰਾ, ਕਿਲਾ ਕੋਟ ਨਾ ਕੋਈ ਰਖਾਈਆ । ਪਾਵੇ ਸਾਰ ਅੰਦਰ ਬਾਹਰਾ ਗੁਪਤ ਜ਼ਾਹਰਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੀ ਸਿਖੀ ਏਕਾ ਧਾਰ, ਪ੍ਰਗਟ ਕਰ ਵਿਚ ਸੰਸਾਰ, ਸ਼ਬਦ ਗੁਰ ਹੋ ਤਿਆਰ, ਆਪ ਆਪਣਾ ਦਰ ਸੁਹਾਈਆ । ਸ਼ਬਦ ਗੁਰ ਵਡ ਭਰਪੂਰਾ, ਏਕਾ ਏਕ ਅਖਵਾਇਆ । ਆਪਣੀ ਅਲਾਏ ਅਨਾਦੀ ਤੂਰਾ, ਆਪਣਾ ਰਾਗ ਅਲਾਇਆ । ਆਪਣਾ ਨਾਤਾ ਤੋੜੇ ਕੂੜੋ ਕੂੜਾ, ਸਚ ਸੁੱਚ ਸਮਾਇਆ । ਆਪਣਾ ਰੰਗ ਆਪੇ ਚਾੜ੍ਹੇ ਗੂੜ੍ਹਾ, ਆਪਣਾ ਤਨ ਰਮਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜਾ, ਰਾਮ ਨਾਮ ਜਾਮ ਇਕ ਪਿਆਇਆ । ਪਹਿਲੋਂ ਲਗਾਏ ਮਸਤਕ ਚਰਨ ਧੂੜਾ, ਫੇਰ ਪਟਨੇ ਫੇਰਾ ਪਾਇਆ । ਜਗਤ ਨਾਤਾ ਤੁੱਟੇ ਕੂੜਾ, ਕੂੜੀ ਕਿਰਿਆ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਇਕੀ ਕਰ, ਪੰਚਮ ਪੰਚਮ ਵੇਖ ਵਿਖਾਇਆ । ਪੰਚਮ ਪੰਚਮ ਸਵਾ ਪੰਜ, ਪੰਚਮ ਧਾਰ ਚਲਾਈਆ । ਗੁਰ ਕਾ ਰੂਪ ਨਾਮ ਖ਼ਜ਼ਾਨਾ ਕਰੇ ਕਾਰੂ ਗੰਜ, ਰਾਜ ਰਾਜਾਨਾ ਦਏ ਸਜਾਈਆ । ਸ੍ਰਿਸ਼ਟ ਸਬਾਈ ਨੀਰ ਵਹਾਏ ਅੰਞ, ਗੁਰਮੁਖ ਖ਼ੁਸ਼ੀ ਮਨਾਈਆ । ਮਨਮੁਖਤਾ ਹੋਈ ਨਾਰ ਬੰਝ, ਸਚ ਸਪੂਤ ਨਾ ਕੋਈ ਜਾਈਆ । ਗੁਰਮੁਖਤਾ ਗੁਰਸਿਖਾਂ ਨਾਲ ਗਈ ਬੱਝ, ਨਾ ਸਕੇ ਕੋਈ ਤੁੜਾਈਆ । ਧੁਰ ਦਰਬਾਰੇ ਬੈਠੀ ਸਜ, ਗੁਰ ਗੋਬਿੰਦ ਦਏ ਗਵਾਹੀਆ । ਲੌਣ ਨਾ ਦੇਵੇ ਕਿਸੇ ਅਜ ਪਜ, ਮੁਖ ਘੁੰਗਟ ਦੇਵੇ ਲਾਹੀਆ । ਇਕੀ ਸਿਖੀ ਤੇਰਾ ਪਰਦਾ ਦਏ ਕੱਜ, ਪੰਚ ਰੂਪ ਦਰਸਾਈਆ । ਗੁਰ ਕਾ ਸ਼ਬਦ ਰਣਜੀਤ ਨਗਾਰਾ ਰਿਹਾ ਵੱਜ, ਤਾਲ ਆਪਣਾ ਆਪ ਵਜਾਈਆ । ਨਾ ਘੜੇ ਨਾ ਜਾਏ ਭੱਜ, ਆਰ ਪਾਰ ਕੋਈ ਚੋਰ ਯਾਰ ਨਾ ਕੋਈ ਚੁਰਾਈਆ । ਆਪਣੇ ਅੰਦਰ ਆਪੇ ਰੱਖਿਆ ਲੱਜ, ਆਪ ਆਪਣੇ ਹੱਥ ਰੱਖੇ ਵਡਿਆਈਆ । ਪੁਰੀ ਅਨੰਦ ਗਿਆ ਤਜ, ਸੰਬਲ ਬੈਠਾ ਡੇਰਾ ਲਾਈਆ । ਆਪ ਰਖਾਈ ਆਪਣੀ ਲੱਜ, ਲਾਜਵੰਤ ਆਪ ਹੋ ਜਾਈਆ । ਅੰਮ੍ਰਿਤ ਪਿਆਏ ਰਜ ਰਜ, ਤ੍ਰਿਸ਼ਨਾ ਭੁੱਖ ਰਹੇ ਨਾ ਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਇਕ ਪਿਆਰ, ਏਕਾ ਸਿਖੀ ਕਰ ਤਿਆਰ, ਏਕਾ ਲੇਖਾ ਰਿਹਾ ਲਿਖਾਈਆ । ਇਕ ਪਿਆਰ ਏਕਾ ਨਾਤਾ, ਏਕਾ ਰੰਗ ਰੰਗਾਇਆ । ਏਕਾ ਪੁਰਖ ਪੁਰਖ ਬਿਧਾਤਾ, ਮਾਤ ਪਿਤ ਇਕ ਅਖਵਾਇਆ । ਏਕਾ ਵਰਨ ਏਕਾ ਬਰਨ ਏਕਾ ਜ਼ਾਤਾ, ਜਾਤ ਅਜ਼ਾਤੀ ਮੇਟ ਮਿਟਾਇਆ । ਏਕਾ ਦਾਤੀ ਏਕਾ ਦਾਤਾ, ਦੇਵਣਹਾਰ ਇਕ ਅਖਵਾਇਆ । ਏਕਾ ਸ਼ਬਦ ਏਕਾ ਗਾਥਾ, ਏਕਾ ਮੰਤਰ ਨਾਮ ਸੁਣਾਇਆ । ਏਕਾ ਸੱਜਣ ਏਕਾ ਸਾਥਾ, ਏਕਾ ਸੰਗ ਨਿਭਾਇਆ । ਏਕਾ ਹੋਏ ਦੀਨਾਂ ਨਾਥਾ, ਦੀਨਾਂ ਗ਼ਰੀਬ ਨਿਮਾਣੇ ਗਲੇ ਲਗਾਇਆ । ਏਕਾ ਜਪਾਏ ਪੂਜਾ ਪਾਠਾ, ਏਕਾ ਮਾਰਗ ਏਕਾ ਮਾਰਗ ਲਾਇਆ । ਏਕਾ ਜਪ ਏਕਾ ਤਪ ਏਕਾ ਹਠ, ਗੁਰਚਰਨ ਧਿਆਨ ਰਖਾਇਆ । ਇਕ ਸਰੋਵਰ ਮਾਰੇ ਠਾਠ, ਚਰਨ ਧੂੜੀ ਆਪ ਨੁਹਾਇਆ । ਆਪ ਫਿਰਾਏ ਮਣਕਾ ਇਕ ਸੌ ਅੱਠ, ਜਿਸ ਜਨ ਰਸਨਾ

੬੭੮ ੦੭

ਸੋਹੰ ਗਾਇਆ । ਆਪੇ ਜੋਤ ਜਗਾਏ ਜਵਾਲਾ ਲਟ ਲਟ, ਆਦਿ ਸ਼ਕਤ ਵੇਖ ਵਖਾਇਆ । ਗੁਰ ਗੋਬਿੰਦ ਆਪਣਾ ਪੂਰਾ ਕਰਨ ਆਇਆ ਘਾਟਾ, ਲੇਖਾ ਆਪਣਾ ਆਪ ਚੁਕਾਇਆ । ਅੰਮ੍ਰਿਤ ਛਕਾਇਆ ਏਕਾ ਬਾਟਾ, ਪੰਜ ਬਾਣੀ ਮੰਤਰ ਪੜ੍ਹਾਇਆ । ਨਾਲ ਰਲਾਇਆ ਮਿੱਠਾ ਪੰਚਮ ਕੀਤਾ ਕੱਠਾ, ਪੰਚਮ ਜੋੜ ਜੁੜਾਇਆ । ਮਨਮੁਖਤਾ ਤਪਾਇਆ ਆਪਣਾ ਭੱਠਾ, ਅਗਨੀ ਤਤ ਤਪਾਇਆ । ਆਪਣਾ ਘਰ ਵੇਖਿਆ ਢੱਠਾ, ਧੁਰਦਰਗਾਹੀ ਦਰ ਦਵਾਰਾ ਆਇਆ । ਗੁਰਸਿਖ ਫਿਰੇ ਅਠਸਠ ਨੱਠਾ, ਗੁਰ ਕਾ ਰੂਪ ਦਿਸ ਨਾ ਆਇਆ । ਮਾਇਆ ਮਮਤਾ ਤਾਪ ਚੜ੍ਹਿਆ ਮੱਠਾ, ਦਿਵਸ ਰੈਣ ਰਿਹਾ ਸਤਾਇਆ । ਗ੍ਰੰਥੀ ਪੰਥੀ ਕਰਨ ਚੱਠਾ, ਸਚ ਅਰਦਾਸ ਨਾ ਕੋਈ ਕਰਾਇਆ । ਨਾਮ ਵੇਚਿਆ ਹੱਟੋ ਹੱਟਾ, ਕੀਮਤ ਕਰਤੇ ਨਾ ਕੋਈ ਚੁਕਾਇਆ । ਲਾਲ ਰੋਲਿਆ ਕੌਡੀਆਂ ਘੱਟਾ, ਕੂੜੀ ਕਿਰਿਆ ਬੰਧ ਬੰਧਾਇਆ । ਸਾਂਗ ਵਰਤਾਇਆ ਬਾਜ਼ੀਗਰ ਨੱਟਾ, ਨੱਟ ਨਟੂਆ ਵੇਖ ਵਖਾਇਆ । ਤ੍ਰਿਸ਼ਨਾ ਵਧਾਈ ਕਾਇਆ ਮੱਟਾ, ਲੋਭ ਮੋਹ ਵਧਾਇਆ । ਨਾਨਕ ਸ਼ਬਦ ਨਾ ਬਨਿਆ ਸਾਚਾ ਮੀਤਾ, ਸਚ ਸ਼ਿੰਗਾਰ ਨਾ ਕੋਇ ਕਰਾਇਆ । ਅੰਮ੍ਰਿਤ ਜਾਮ ਨਾ ਖੋਲ੍ਹਿਆ ਗਟਾ, ਮਦਿਰਾ ਪਾਨ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਦਰ, ਗੁਰਸਿਖੀ ਆਪ ਤਰਾਇਆ । ਸਾਚੀ ਸਿਖੀ ਕਰ ਉਜਾਗਰ, ਆਪਣਾ ਕਰਮ ਕਮਾਇੰਦਾ । ਨਿਰਮਲ ਕਰਮ ਕਰੇ ਸਾਚਾ ਸ਼ਾਹ ਸੌਦਾਗਰ, ਨਾਮ ਵਣਜਾਰਾ ਇਕ ਵਿਖਾਇੰਦਾ । ਰੱਤੀ ਨਾਮ ਸੱਚੀ ਰਤਨਾਗਰ, ਰਤ ਰਤਨ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਕੀ ਏਕਾ ਗੁਰ ਏਕਾ ਸਿਖੀ ਲਿਖਿਆ ਧੁਰ, ਧੁਰ ਲੇਖਾ ਆਪ ਚੁਕਾਇੰਦਾ । ਲਿਖਿਆ ਧੁਰ ਆਪ ਚੁਕਾਵਣਾ, ਹਰਿ ਵਡ ਵੱਡੀ ਵਡਿਆਈਆ । ਗੁਰਮੁਖ ਰੂਪ ਸਚ ਦਰਸਾਵਣਾ, ਦਰ ਦਰ ਅਲੱਖ ਜਗਾਈਆ । ਲਿਖਿਆ ਲੇਖ ਪੂਰ ਕਰਾਵਣਾ, ਗੋਬਿੰਦ ਵਡ ਵਡਿਆਈਆ । ਹਰਿ ਹਰਿ ਸੇਵਾ ਆਪ ਕਮਾਵਣਾ, ਸੇਵਕ ਸੇਵ ਆਪ ਅਖਵਾਈਆ । ਝੂਠਾ ਦਾਗ ਜਗਤ ਮਿਟਾਵਣਾ, ਸਚ ਸੁੱਚ ਰੁਸ਼ਨਾਈਆ । ਨਾਮ ਠੂਠਾ ਹੱਥ ਫੜਾਵਣਾ, ਚਾਰ ਵਰਨ ਭੁੱਖ ਮਿਟਾਈਆ । ਜੁਗ ਜੁਗ ਰੁਠਾ ਫੇਰ ਮਨਾਵਣਾ, ਪੂਰੇ ਹੱਥ ਵਡਿਆਈਆ । ਸ਼ਬਦ ਭੱਥਾ ਤਨ ਸਜਾਵਣਾ, ਨਾਮ ਤੀਰ ਕਮਾਨ ਉਠਾਈਆ । ਸਾਚੇ ਨੇਤਰ ਨਿਸ਼ਾਨ ਇਕ ਤਕਾਵਣਾ, ਦੋਏ ਨੇਤਰ ਜਗਤ ਬੰਦ ਕਰਾਈਆ । ਚੰਡ ਪ੍ਰਚੰਡ ਇਕ ਚਮਕਾਵਣਾ, ਬ੍ਰਹਿਮੰਡ ਖੋਜ ਖੁਜਾਈਆ । ਆਪ ਆਪਣੀ ਵੰਡ ਵੰਡਾਵਣਾ, ਵੰਡੇ ਵੰਡ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਵੇਖ ਵਖਾਈਆ ।



## * ੨੫ ਅੱਸੂ ੨੦੧੫ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ *

ਤਖ਼ਤ ਤਾਜ ਜਗਤ ਨਿਸ਼ਾਨ, ਥਿਰ ਰਹਿਣ ਨਾ ਪਾਈਆ । ਜੁਗ ਜੁਗ ਖੇਲੇ ਖੇਲ ਮਹਾਨ, ਸਮਰਥ ਪੁਰਖ ਵਡਿਆਈਆ । ਸ਼ਾਹੋ ਭੂਪ ਹਰਿ ਮਿਹਰਵਾਨ, ਸਚ ਸਿਕਦਾਰ ਅਖਵਾਈਆ । ਸਤਿ ਸਰੂਪ ਨਿਗਹਬਾਨ, ਸਾਂਤਕ ਸਤਿ ਸਮਾਈਆ । ਜੋਤੀ ਨੂਰ ਨੂਰ ਮਹਾਨ, ਨਿਰਗੁਣ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤ ਇਕ ਅਖਵਾਈਆ । ਜਗਤ ਨਿਸ਼ਾਨਾ ਜਗਤ ਤਾਜ, ਜਗਤ ਦਿਸ ਨਾ ਆਈਆ । ਜਗਤ ਕੁੜਿਆਰਾ ਰਿਹਾ ਭਾਜ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਗਤ ਜੁਗੀਸ਼ਰ ਰੱਖੇ ਲਾਜ, ਜਾਗਰਤ ਜੋਤ

ਜਗਾਈਆ । ਜਗਤ ਜੁਗਤ ਰਚੇ ਕਾਜ, ਜੋਗ ਜੁਗਤ ਇਕ ਵਖਾਈਆ । ਲੱਖ ਚੁਰਾਸੀ ਸਾਜਣ ਸਾਜ, ਸਾਚੀ ਬਣਤ ਬਣਾਈਆ । ਅਗੰਮ ਅਗੰਮੜਾ ਮਾਰੇ ਅਵਾਜ, ਅਗੰਮੜਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਏ ਗਵਾਹੀਆ । ਸਚ ਸੁਲਤਾਨਾ ਸ਼ਾਹੋ ਭੂਪ, ਹਰਿ ਹਰਿ ਆਪ ਅਖਵਾਇਆ । ਵੇਖ ਵਖਾਏ ਚਾਰੋਂ ਕੁੰਟ, ਦਹਿ ਦਿਸ਼ਾ ਲੋਆਂ ਪੁਰੀਆਂ ਫੇਰਾ ਪਾਇਆ । ਮਨਮੁਖਾਂ ਹੱਥ ਖ਼ਾਲੀ ਠੂਠਾ, ਮੰਗਣ ਭਿੱਖ ਨਾ ਪਾਇਆ । ਮਾਇਆ ਮਮਤਾ ਜੀਵ ਜਹਾਨੀ ਢੱਠਾ, ਹਉਮੇ ਹੰਗਤਾ ਗੜ੍ਹ ਸੁਹਾਇਆ । ਦਿਵਸ ਰੈਣ ਭੁੱਖਾ ਨੰਗਤਾ, ਘਰ ਘਰ ਅਲੱਖ ਰਿਹਾ ਜਗਾਇਆ । ਲੋਭ ਹੰਕਾਰ ਝੋਲੀ ਰੰਗਦਾ, ਆਸਾ ਤ੍ਰਿਸ਼ਨਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇਆ । ਰਾਜ ਤਾਜ ਜਗਤ ਆਧਾਰ, ਹਰਿ ਹਰਿ ਵਡਿਆਈਆ । ਜੀਵ ਜੰਤ ਸਾਜਣ ਸਾਜ, ਸਾਚੀ ਬਣਤ ਬਣਾਈਆ । ਆਪੇ ਰੱਖਣਹਾਰਾ ਲਾਜ, ਆਪੇ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਵੇਖ ਵਖਾਏ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਵੇਖਣਹਾਰਾ, ਏਕਾ ਏਕੰਕਾਰਿਆ । ਜੋਤ ਸਰੂਪੀ ਭੇਵ ਨਿਆਰਾ, ਭੇਤ ਕੋਈ ਨਾ ਪਾ ਰਿਹਾ । ਸ਼ਬਦੀ ਡੰਕ ਅਪਰ ਅਪਾਰਾ, ਦਿਵਸ ਰੈਣ ਵਜਾ ਰਿਹਾ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਈ ਧਰਾ ਰਿਹਾ । ਰਾਜ ਰਾਜਾਨ ਸ਼ਾਹ ਸੁਲਤਾਨ ਰੋਵਣ ਜ਼ਾਰੋ ਜ਼ਾਰਾ, ਜ਼ਰ ਦਰ ਨਾ ਕੋਈ ਸੁਹਾ ਰਿਹਾ । ਧਰਮ ਕਰਮ ਕਰੇ ਪੁਕਾਰਾ, ਹਰਿ ਕਿਰਤੀ ਮੁਖ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਖ ਵਿਖਾ ਰਿਹਾ । ਜੁਗਾ ਜੁਗੰਤਰ ਏਕਾ ਮੀਤ, ਹਰਿ ਹਰਿ ਆਪ ਅਖਵਾਈਆ । ਆਦਿ ਜੁਗਾਦੀ ਸਾਚੀ ਰੀਤ, ਹਰਿ ਸਾਚਾ ਆਪ ਚਲਾਈਆ । ਕਰੇ ਕਰਾਏ ਪਤਿਤ ਪੁਨੀਤ, ਜਿਸ ਜਨ ਦਇਆ ਕਮਾਈਆ । ਮਾਨਸ ਦੇਹੀ ਜਾਏ ਜੀਤ, ਜੀਉੜਾ ਅਗਨ ਤਤ ਨਾ ਜਲਾਈਆ । ਏਕਾ ਗਾਏ ਸੁਹਾਗੀ ਗੀਤ, ਤ੍ਰਿਸ਼ਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੂਝ ਬੁਝਾਈਆ । ਕਿਰਪਾ ਕਰ ਹਰਿ ਨਿਰੰਕਾਰ, ਹਰਿਜਨ ਆਪ ਜਗਾਇੰਦਾ । ਆਤਮ ਅੰਤਰ ਕਰ ਪਿਆਰ, ਏਕਾ ਬੂਝ ਬੁਝਾਇੰਦਾ । ਜਗਤ ਤ੍ਰਿਸ਼ਨਾ ਤੋੜ ਹੰਕਾਰ, ਮਾਇਆ ਮੋਹ ਚੁਕਾਇੰਦਾ । ਭਰਮੀ ਭਰਮ ਨਾ ਪਾਵੇ ਸਾਰ, ਭਰਮੀ ਭਰਮ ਭੁਲਾਇੰਦਾ । ਗੁਰਮੁਖ ਸੱਜਣ ਢਹਿ ਪਏ ਦਵਾਰ, ਦੂਈ ਦਵੈਤੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਵਟਾਇੰਦਾ । ਵੇਸ ਅਵੱਲਾ ਹਰਿ ਕਰਤਾਰਾ, ਆਪਣਾ ਆਪ ਕਰਾਈਆ । ਅਛਲ ਅਛੱਲ ਖੇਲ ਨਿਆਰ, ਖੇਲੇ ਸ੍ਰਿਸ਼ਟ ਸਬਾਈਆ । ਖੇਵਟ ਖੇਟ ਵੇਖ ਪਾਰ ਕਿਨਾਰ, ਡੂੰਘੀ ਭਵਰੀ ਨੱਯਾ ਰਿਹਾ ਚਲਾਈਆ । ਸਾਗਰ ਡੂੰਘਾ ਵਡ ਸੰਸਾਰ, ਪਾਰ ਕਿਨਾਰਾ ਦਿਸ ਨਾ ਆਈਆ । ਸ੍ਰਿਸ਼ਟ ਸਬਾਈ ਵਸੇ ਮੰਝਧਾਰ, ਸਾਗਰ ਸਿੰਧ ਵਹਾਈਆ । ਗੁਰਮੁਖਾਂ ਦੇਵੇ ਚਰਨ ਪਿਆਰ, ਆਤਮ ਬ੍ਰਹਮ ਜਣਾਈਆ । ਸ਼ਬਦੀ ਧੁਨ ਅਨਾਹਦ ਧਾਰ, ਅਨਹਦ ਰੂਪ ਸਮਾਈਆ । ਤ੍ਰੈ ਲੋਕਾਂ ਦਰਸੀ ਪਾਵੇ ਸਾਰ, ਤਿੰਨਾਂ ਲੋਕਾਂ ਵੇਖ ਵਖਾਈਆ । ਚੌਦਾਂ ਹੱਟਾਂ ਖੋਲ੍ਹ ਕਿਵਾੜ, ਗੁਰਮੁਖਾਂ ਵੰਡ ਵੰਡਾਈਆ । ਲੋਆਂ ਪੁਰੀਆਂ ਪਾਰ ਕਿਨਾਰ, ਸਾਚੇ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਾਤਾ ਮੋਹ ਚੁਕਾਈਆ । ਜਗਤ ਨਾਤਾ ਜਾਏ ਤੁੱਟ, ਮਮਤਾ ਮੋਹ ਚੁਕਾਈਆ । ਆਸਾ ਤ੍ਰਿਸ਼ਨਾ ਜਾਏ ਛੁੱਟ, ਸਗਲਾ ਸੰਗ ਨਾ ਕੋਈ ਵਖਾਈਆ । ਹਉਮੇ ਹੰਗਤਾ ਜੜ੍ਹ ਦੇਵੇ ਪੁੱਟ, ਸਤਿਗੁਰ

ਪੂਰੇ ਹੱਥ ਵਡਿਆਈਆ । ਨੇਤਰ ਲੋਚਣ ਨੈਣ ਦਰਸ ਲਾਹਾ ਲੈਣ ਖੱਟ, ਮਾਨਸ ਦੇਹ ਵਡ ਵਡਿਆਈਆ । ਦੂਈ ਦਵੈਤੀ ਕੱਢਣ ਫੱਟ, ਏਕਾ ਧਰਮ ਰਖਾਈਆ । ਅੰਮ੍ਰਿਤ ਆਤਮ ਪੀਣਾ ਗਟ ਗਟ, ਦੁਰਮਤ ਮੈਲ ਗਵਾਈਆ । ਤਨ ਨਗਾਰੇ ਲਾਏ ਚੋਟ, ਸ਼ਬਦੀ ਸ਼ਬਦ ਉਪਾਈਆ । ਪੰਚ ਵਿਕਾਰਾ ਕੱਢੇ ਖੋਟ, ਨਿਰਮਲ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਏਕਾ ਬੂਝ ਬੁਝਾਈਆ । ਗੁਰਮੁਖ ਸੱਜਣ ਸੱਚਾ ਸ਼ਾਹ, ਸਤਿਗੁਰ ਆਪ ਸਮਾਇਆ । ਜਗਤ ਵਿਚੋਲਾ ਬੇਪਰਵਾਹ, ਗੁਰ ਸ਼ਬਦੀ ਨਾਉਂ ਧਰਾਇਆ । ਦੇਵਣਹਾਰਾ ਇਕ ਸਲਾਹ, ਦੂਜਾ ਦਰ ਨਾ ਕੋਈ ਵਖਾਇਆ । ਤੀਜੇ ਨੇਤਰ ਪਾਵੇ ਰਾਹ, ਚੌਥੇ ਪਦ ਟਿਕਾਇਆ । ਪੰਚਮ ਮੇਲਾ ਸਹਿਜ ਸੁਭਾ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਖਾਇਆ । ਹਰਿ ਸੱਜਣ ਰੰਗ ਰੱਤਿਆ, ਰਾਮ ਰਤਨ ਅਪਾਰ । ਆਪੇ ਦੇ ਸਮਝਾਵੇ ਮੱਤਿਆ, ਪੂਰਨ ਕਿਰਪਾ ਧਾਰ । ਚਰਨ ਕਵਲ ਬੰਧਾਏ ਨਤਿਆ, ਬਖ਼ਸ਼ੇ ਇਕ ਪਿਆਰ । ਪੰਚਮ ਵਿਕਾਰਾ ਕਰੇ ਹੱਤਿਆ, ਪੰਚਮ ਦੇਵੇ ਮਾਰ । ਆਪ ਜਗਾਏ ਚੇਤਨ ਸਤਿਆ, ਚੇਤਨ ਰੂਪ ਕਰਤਾਰ । ਨੇਤਨ ਨੇਤਨ ਹੋ ਹੋ ਵਸਿਆ, ਦੂਰ ਦੁਰਾਡਾ ਪੰਧ ਨਿਵਾਰ । ਹਰਿਸੰਗਤ ਦਵਾਰੇ ਆਵੇ ਨੱਸਿਆ, ਆਦਿ ਜੁਗਾਦੀ ਸਾਚੀ ਕਾਰ । ਤੀਰ ਨਿਰਾਲਾ ਏਕਾ ਕਸਿਆ, ਸ਼ਬਦ ਸਰੂਪੀ ਨਾਮ ਕਮਾਨ । ਮੇਟੇ ਰੈਣ ਅੰਧੇਰੀ ਮੱਸਿਆ, ਸਚ ਸੁੱਚ ਕਰੇ ਪਰਧਾਨ । ਧੁਰਦਰਗਾਹੀ ਆਏ ਨੱਸਿਆ, ਗੁਰਮੁਖ ਸਾਚੇ ਲਏ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਭਗਤੀ ਰਾਹ ਏਕਾ ਦੱਸਿਆ ਆਪਣਾ ਦੇਵੇ ਨਾਮ ਨਿਸ਼ਾਨ । ਭਗਤ ਮੀਤਾ ਆਦਿ ਨਿਰੰਜਣ, ਆਦਿ ਪੁਰਖ ਅਬਿਨਾਸ਼ਿਆ । ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਵਿਨਾਸਿਆ । ਸਖਾ ਸੁਹੇਲਾ ਸਾਚਾ ਸੱਜਣ, ਹਰ ਘਟ ਅੰਦਰ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਦਾਨ, ਚਰਨ ਕਵਲ ਸੱਚਾ ਭਰਵਾਸਿਆ । ਚਰਨ ਕਵਲ ਸਾਚੀ ਓਟ, ਹਰਿਜਨ ਆਪ ਰਖਾਇੰਦਾ । ਮਾਇਆ ਮਮਤਾ ਕੱਢੇ ਖੋਟ, ਦੁਰਮਤ ਮੈਲ ਗਵਾਇੰਦਾ । ਇਕ ਵਖਾਏ ਸਾਚੀ ਪੋਟ, ਨਾਮ ਪਾਸ ਹੱਥ ਫੜਾਇੰਦਾ । ਜਗਤ ਸਾਗਰ ਤਰਸ਼ਨ ਕੋਟੀ ਕੋਟ, ਹੱਥ ਕਿਸੇ ਨਾ ਆਇੰਦਾ । ਲੱਖ ਚੁਰਾਸੀ ਆਲਣਿਉਂ ਡਿੱਗੇ ਬੋਟ, ਫੜ ਕੋਈ ਨਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਮੰਤਰ ਦੇਵੇ ਨਾਮ ਨਿਧਾਨ, ਜਗਤ ਨਿਧਾਨਾ ਆਪ ਅਖਵਾਇੰਦਾ । ਜਗਤ ਨਿਧਾਨਾ ਹਰਿ ਭਗਵੰਤ, ਜਗਤ ਨੇਤਰ ਬੰਦ ਕਰਾਈਆ । ਆਪੇ ਜਾਣੇ ਆਪਣੀ ਬਣਤ, ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖਾਂ ਧੀਰਜ ਦੇਵੇ ਸਾਚੇ ਸੰਤ, ਸਦ ਭਾਣੇ ਵਿਚ ਸਮਾਈਆ । ਮਨਮੁਖਾਂ ਆਪਣੀ ਮਾਇਆ ਪਾਏ ਬੇਅੰਤ, ਜੀਵ ਜੰਤ ਸਰਬ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਰੰਗ ਰੰਗਾਏ ਹਰਿ ਅਵੱਲਾ, ਰੰਗੇ ਰੰਗ ਅਮੋਲ । ਖੇਲੇ ਖੇਲ ਇਕ ਇਕੱਲਾ, ਸ੍ਰਿਸ਼ਟ ਸਬਾਈ ਤੋਲੇ ਤੋਲ । ਵੇਖ ਵਖਾਏ ਜਲਾ ਥਲਾ, ਉਚੇ ਪਰਬਤ ਵੇਖ ਅਡੋਲ । ਕਰੇ ਖੇਲ ਘੜੀ ਘੜੀ ਪਲ ਪਲਾ, ਸ਼ਬਦ ਜੈਕਾਰਾ ਏਕਾ ਬੋਲ । ਸ਼ਬਦ ਗੁਰ ਕਰਨਹਾਰਾ ਹੱਲਾ, ਸ੍ਰਿਸ਼ਟ ਸਬਾਈ ਵੇਖੇ ਕੋਲ । ਹਰਿਜਨ ਤੇਰਾ ਭਾਰਾ ਪੱਲਾ, ਹਰਿ ਵਸਿਆ ਸਦਾ ਕੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਦਰ, ਸਚ ਦਵਾਰਾ ਆਪੇ ਖੋਲ੍ਹ । ਖੁਲ੍ਹਾ ਦਰ ਹਰਿ ਦਰਵਾਜ਼ਾ, ਆਪਣੀ ਦਇਆ ਕਮਾਈਆ । ਮੇਲ ਮਿਲਾਏ

ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਸ਼ਬਦੀ ਦੇਵੇ ਸਾਚਾ ਦਾਜਾ, ਸੁਰਤੀ ਗੰਢ ਬੰਧਾਈਆ । ਆਤਮ ਅੰਤਰ ਰਚਿਆ ਕਾਜਾ, ਪਾਰਬ੍ਰਹਮ ਕੁੜਮਾਈਆ । ਆਪਣੀ ਮਾਰੇ ਆਪੇ ਵਾਜਾ, ਆਪੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹੰਜਣਾ ਏਕਾ ਧਾਮ ਸੁਹਾਈਆ । ਏਕਾ ਧਾਮ ਧੁਰ ਦਰਗਾਹ, ਹਰਿ ਹਰਿ ਆਪ ਸਮਾਇੰਦਾ । ਦੂਸਰ ਕੋਈ ਦਿਸੇ ਨਾ, ਨਾ ਕੋਈ ਸੰਗ ਰਖਾਇੰਦਾ । ਨਾ ਕੋਈ ਪਕੜੇ ਕਿਸੇ ਬਾਂਹ, ਨਾ ਕੋਈ ਕੋਲ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਵਰਭੰਡੀ ਵੇਖ ਵਖਾਇੰਦਾ । ਵਰਭੰਡੀ ਤੇਰਾ ਜਗਤ ਤੋਲ, ਹਰਿ ਕੰਡੇ ਨਾਮ ਤੁਲਾਇਆ । ਸ਼ਬਦ ਜੈਕਾਰਾ ਏਕਾ ਬੋਲ, ਚੰਡ ਪ੍ਰਚੰਡ ਆਪ ਅਖਵਾਇਆ । ਨਾਮ ਮਰਦੰਗਾ ਵੱਜੇ ਢੋਲ, ਹਰ ਘਟ ਆਪ ਰਿਹਾ ਸੁਣਾਇਆ । ਤੇਰੇ ਖੇਲੇ ਹੌਲੀ ਹੌਲ, ਆਪ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਥ ਚਲਾਇਆ । ਰਥ ਰਥਵਾਹੀ ਹਰਿ ਸਮਰਥ, ਆਪਣਾ ਰਥ ਚਲਾਇੰਦਾ । ਮਹਿਮਾ ਅਗਣਤ ਅਗਣਤਾ ਕਥਨਾ ਅਕਥ, ਕਥ ਨਾ ਕੋਈ ਕਥਾਇੰਦਾ । ਰਾਜ ਰਾਜਾਨਾ ਪਾਏ ਨੱਥ, ਏਕਾ ਡੋਰੀ ਹੱਥ ਰਖਾਇੰਦਾ । ਖੇਲੇ ਖੇਲ ਅਠਸਠ, ਅਠਸਠ ਫੇਰੀ ਪਾਇੰਦਾ । ਤਖ਼ਤ ਤਾਜ ਕਰੇ ਭੱਠ, ਜਗਤ ਸਿੰਘਾਸਣ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪੁਰਖ ਅਬਿਨਾਸ਼ਣ, ਕਰਤਾ ਪੁਰਖ ਆਪ ਅਖਵਾਇੰਦਾ । ਕਰਤਾ ਪੁਰਖ ਸਰਬ ਗੁਣ ਠਾਕਰ, ਨਿਰਭੈ ਰੂਪ ਸਮਾਇਆ । ਜਨ ਭਗਤ ਕਰੇ ਕਰਮ ਉਜਾਗਰ, ਏਕਾ ਨਾਮ ਦਿੜ੍ਹਾਇਆ । ਵਣਜ ਕਰਾਏ ਸਚ ਸੌਦਾਗਰ, ਨਾਮ ਖ਼ਜ਼ਾਨਾ ਇਕ ਲੁਟਾਇਆ । ਭਾਗ ਲਗਾਏ ਕਾਇਆ ਗਾਗਰ, ਅੰਮ੍ਰਿਤ ਤਾਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਏ ਜਗਾਇਆ । ਉਠ ਜਾਗ ਜਗਤ ਨਿਧਾਨ, ਹਰਿ ਸਾਚੇ ਵਡ ਵਡਿਆਈਆ । ਖੇਲੇ ਖੇਲ ਦੋ ਜਹਾਨ, ਭੇਵ ਅਭੇਦ ਛੁਪਾਈਆ । ਜੋਤੀ ਨੂਰ ਜੋਤ ਮਹਾਨ, ਜੋਤੀ ਜੋਤ ਉਪਾਈਆ । ਜੋਧਾ ਸੂਰਬੀਰ ਬਲਵਾਨ, ਸ਼ਬਦੀ ਨਾਉਂ ਰਖਾਈਆ । ਸਚ ਸੁੱਚ ਉਠਾਏ ਇਕ ਨਿਸ਼ਾਨ, ਭਰਮੀ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਨਾਮ ਦਾਤ ਝੋਲੀ ਪਾਈਆ । ਨਾਮ ਵਰ ਸਾਚਾ ਪਾਇਆ, ਦਰ ਪਾਇਆ ਪੁਰਖ ਅਗੰਮਾ । ਧੁਰਦਰਗਾਹੀ ਮਿਲਿਆ ਵਰ, ਪੂਰਨ ਹੋਇਆ ਕਮਾ । ਆਵਣ ਜਾਵਣ ਚੁੱਕਿਆ ਡਰ, ਨਾ ਮਰਿਆ ਨਾ ਜੰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖਣਹਾਰਾ, ਗੁਰਮੁਖ ਤੇਰਾ ਤਮਾ । ਤਮਾ ਤ੍ਰਿਸ਼ਨਾ ਜਗਤ ਚਾਟੜੀ, ਦਿਵਸ ਰੈਣ ਰਹੀ ਕੁਰਲਾਈਆ । ਜਨ ਭਗਤਾਂ ਕਰੇ ਹਰਿ ਸਾਚਾ ਰਾਖੜੀ, ਅੱਠੇ ਪਹਿਰ ਸੇਵ ਕਮਾਈਆ । ਜਗਤ ਤ੍ਰਿਸ਼ਨਾ ਜਾਏ ਨਾਠੜੀ, ਦਰ ਦਵਾਰ ਮੁਖ ਸ਼ਰਮਾਈਆ । ਏਕਾ ਜਾਣੇ ਪੂਜਾ ਪਾਠੜੀ, ਪੂਰਬ ਦਿਸ਼ਾ ਵਖਾਈਆ । ਲਾਲ ਵਿਰੋਲੇ ਕਾਇਆ ਗਾਠੜੀ, ਆਪਣੀ ਗੰਢ ਵਖਾਈਆ । ਆਪੇ ਹੋਏ ਚਾਤਰੀ, ਵਰਨ ਬਰਨ ਨਾ ਕੋਈ ਰਖਾਈਆ । ਮਿਟੇ ਰੈਣ ਅੰਧੇਰ ਰਾਤੜੀ, ਸਾਚਾ ਚੰਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਸੁਹਾਈਆ । ਏਕਾ ਦਰ ਸਾਚਾ ਘਰ, ਸਾਚਾ ਆਪ ਰਖਾਇੰਦਾ । ਹਰਿਜਨ ਮੰਗੇ ਏਕਾ ਵਰ, ਦੂਜਾ ਦਰ ਨਾ ਕੋਈ ਪਾਇੰਦਾ । ਤੀਜੇ ਲੋਚਣ ਦਰਸ ਕਰ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਚੌਥੇ ਮੰਦਰ ਆਪੇ ਵੜ, ਆਪਣਾ ਧਾਮ ਸੁਹਾਇੰਦਾ । ਪੰਚਮ ਮੀਤਾ ਪੰਚਮ ਪਿਆਰਾ ਆਪੇ ਕਰ, ਪੰਚਮ ਮੋਹ ਮਿਟਾਇੰਦਾ ।

੬੮੨
੦੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵੇਖੇ ਸਾਚਾ ਘਰ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਕੰਚਨ ਗੜ੍ਹ ਸਾਚੀ ਲੰਕਾ, ਰਾਵਣ ਮਨ ਬਣਾਈਆ । ਦਿਵਸ ਰੈਣ ਵਜਾਏ ਡੰਕਾ, ਪੰਚਾਂ ਨਾਲ ਰਲਾਈਆ । ਆਵੇ ਜਾਵੇ ਬਾਰ ਅਨਕਾ, ਅਨਕ ਬਾਰ ਸਹਾਈਆ । ਲੱਖ ਚੁਰਾਸੀ ਜੀਵ ਜੰਤਾ, ਦਿਵਸ ਰੈਣ ਰਿਹਾ ਤੜਫਾਈਆ । ਨਾਨਕ ਗੋਬਿੰਦ ਬਣਿਆ ਮੰਗਤਾ, ਪ੍ਰਭ ਅੱਗੇ ਝੋਲੀ ਡਾਹੀਆ । ਰੋਗ ਨਿਵਾਰੇ ਸਾਚੀ ਸੰਗਤਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਤੇਰਾ ਸਾਚਾ ਘਰ, ਰਾਮਾ ਰਾਮ ਰੂਪ ਸਮਾਈਆ । ਲੰਕਾ ਗੜ੍ਹ ਤੁੱਟੇ ਹੰਕਾਰ, ਹਰਿਜਨ ਵੱਜੇ ਵਧਾਈਆ । ਰਾਮਾ ਸੀਤਾ ਸੁਰਤੀ ਕਰ ਪਿਆਰ, ਆਪਣੇ ਦਰ ਦਏ ਬਹਾਈਆ । ਅਕਾਲ ਮੂਰਤੀ ਇਕ ਨਿਰੰਕਾਰ, ਨਿਰਗੁਣ ਰੂਪ ਸਮਾਈਆ । ਧਰਤ ਧਵਲ ਨਾ ਕੋਈ ਪਸਾਰ, ਜਲ ਬਿੰਬ ਨਾ ਕੋਈ ਉਪਾਈਆ । ਖਾਣੀ ਬਾਣੀ ਨਾ ਕੋਈ ਅਧਾਰ, ਜੇਰਜ ਅੰਡ ਉਤਭੁਜ ਸੇਤਜ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੁਹਾਏ ਸਾਚਾ ਘਰ, ਘਰ ਸਾਚਾ ਵੇਖ ਵਖਾਈਆ । ਕੰਚਨ ਗੜ੍ਹ ਸਾਚਾ ਮੰਦਰ, ਹਰਿ ਹਰਿ ਆਪ ਸੁਹਾਇਆ । ਰਾਮ ਰਾਮਾ ਵਸਿਆ ਅੰਦਰ, ਅੰਦਰ ਮੰਦਰ ਕੁੰਡਾ ਲਾਹਿਆ । ਆਪੇ ਤੋੜਣਹਾਰਾ ਜੰਦਰ, ਸ਼ਬਦ ਖੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦਵਾਰਾ ਇਕ ਸੁਹਾਇਆ । ਬੰਕ ਦਵਾਰ ਸੁਰਤ ਗਿਆਨ, ਸ਼ਬਦੀ ਬਣਤ ਬਣਾਈਆ । ਸ਼ਾਹ ਭਬੀਖ਼ਣ ਕਰ ਪਛਾਣ, ਗੁਰਮੁਖ ਨਾਉਂ ਰਖਾਈਆ । ਮੇਲ ਮਿਲਾਵਾ ਵਿਚ ਜਹਾਨ, ਸੱਤਿਆ ਸੱਤਿਆ ਵਿਚ ਟਿਕਾਈਆ । ਦੇਵੇ ਮੱਤ ਧੁਰ ਫ਼ਰਮਾਣ, ਏਕਾ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਉਪਾਈਆ । ਸਾਚਾ ਘਰ ਉਚ ਮੁਨਾਰਾ, ਹਰਿ ਹਰਿ ਆਪ ਸੁਹਾਇਆ । ਰਾਮ ਰੂਪ ਲਏ ਅਵਤਾਰਾ, ਰਘਵੰਸਾ ਨਾਉਂ ਰਖਾਇਆ । ਸਮੁੰਦਰ ਸੀ ਖਾਈ ਚਾਰ ਦਵਾਰਾ, ਆਪਣਾ ਗੜ੍ਹ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਅੱਗੇ ਖੜ੍ਹ, ਦੂਰ ਦੁਰਾਡਾ ਨੇੜੇ ਆਇਆ । ਰਾਵਣ ਗੜ੍ਹ ਅਪਰ ਅਪਾਰਾ, ਕਲਜੁਗ ਆਪ ਬਣਾਈਆ । ਚਾਰੋਂ ਕੁੰਟ ਸਮੁੰਦ ਖਾਰਾ, ਚੌਥਾ ਜੁਗ ਵੱਡੀ ਵਡਿਆਈਆ । ਅੰਦਰ ਵਸਿਆ ਕਾਮ ਕਰੋਧ ਲੋਭ ਮੋਹ ਹੰਕਾਰਾ, ਸੈਨਾਪਤੀ ਮਨ ਅਖਵਾਈਆ । ਬੁੱਧੀ ਰੋਵੇ ਖੜ ਦਵਾਰਾ, ਨੇਤਰ ਨੈਣ ਨੀਰ ਵਹਾਈਆ । ਮਤ ਮਤਵਾਲੀ ਢਹਿ ਪਏ ਦਵਾਰਾ, ਧੀਰਜ ਧੀਰ ਨਾ ਕੋਈ ਰਖਾਈਆ । ਸ਼ਾਹ ਭਬੀਖ਼ਣ ਮੀਤ ਮੁਰਾਰਾ, ਗੁਰਸਿਖ ਗੁਰਮੁਖ ਆਸਾ ਆਪ ਉਠਾਈਆ । ਪਾਰਬ੍ਰਹਮ ਪ੍ਰਭ ਆਏ ਦਵਾਰਾ, ਏਕਾ ਸ਼ਬਦ ਅਲਾਈਆ । ਅਲੱਖ ਨਿਰੰਜਣ ਲਏ ਅਵਤਾਰਾ, ਲੋਕਮਾਤ ਵੇਖ ਵਖਾਈਆ । ਸੰਮਤ ਸੰਮਤੀ ਪਾਵੇ ਸਾਰਾ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਰਚਾਈਆ । ਗੁਰਸਿਖ ਤੇਰਾ ਸੱਚਾ ਪਾਸ, ਹਰਿ ਸਾਚੇ ਹੱਥ ਰਖਾਇਆ । ਸਤਿਗੁਰ ਪੂਰਾ ਮਨਮੁਖਤਾ ਨਾ ਹੋਇਆ ਕਦੇ ਦਾਸ, ਨਾ ਅੱਗੇ ਸੀਸ ਝੁਕਾਇਆ । ਨਿਝ ਆਤਮ ਰੱਖਣਹਾਰਾ ਵਾਸ, ਸੋ ਕਿਉਂ ਮਨੋ ਭੁਲਾਇਆ । ਜੋਤੀ ਨੂਰ ਕਰ ਪਰਕਾਸ਼, ਲੋਕਮਾਤ ਉਠ ਧਾਇਆ । ਆਦਿ ਅੰਤ ਨਾ ਹੋਏ ਵਿਨਾਸ, ਲੋਆਂ ਪੁਰੀਆਂ ਫੇਰਾ ਪਾਇਆ । ਸ਼ਬਦ ਡੋਰੀ ਵਿਚ ਆਕਾਸ਼, ਗਗਨ ਪਤਾਲਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਉਲਟੀ ਰਾਸ, ਆਪਣਾ ਮੰਡਲ ਦਏ ਸੁਹਾਇਆ । ਜਗਤ ਕਿਨਾਰਾ ਔਖਾ ਘਾਟ, ਹਰਿ

੬੮੩
੦੨

ਹਰਿ ਆਪ ਰਖਾਇੰਦਾ । ਗੁਰਸਿਖ ਵਿਕੇ ਨਾ ਕਿਸੇ ਹਾਟ, ਨਾ ਕੋਈ ਮੁੱਲ ਪਵਾਇੰਦਾ । ਆਪਣਾ ਰਸ ਲਏ ਚਾਟ, ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਅਵਤਾਰ ਹਰਿ ਦਾਤਾਰ, ਜੋਤੀ ਧਾਰ ਸ਼ਬਦੀ ਪਿਆਰ ਵਿਚ ਸੰਸਾਰ, ਆਪਣੀ ਰਚਨ ਰਚਾਇੰਦਾ । ਕਵਣ ਲੰਕਾ ਕਵਣ ਗੜ੍ਹ, ਕਵਣ ਡੰਕ ਵਜਾਈਆ । ਕਵਣ ਵੇਖੇ ਉਪਰ ਖੜ, ਕਵਣ ਅੰਦਰ ਡੇਰਾ ਲਾਈਆ । ਕਵਣ ਹਨਵੰਤਾ ਅਗਨੀ ਗਿਆ ਸੜ, ਕਵਣ ਤਤ ਜਲਾਈਆ । ਕਵਣ ਰਾਮਾ ਲਿਆ ਫੜ, ਕਵਣ ਸੀਸ ਟਿਕਾਈਆ । ਕਵਣ ਵਿਦਿਆ ਗਿਆ ਪੜ੍ਹ, ਕਵਣ ਵੇਦ ਸੁਣਾਈਆ । ਕਵਣ ਸ਼ਾਸਤਰ ਰਿਹਾ ਲੜ, ਕਵਣ ਭੇਦ ਖੁਲ੍ਹਾਈਆ । ਕਵਣ ਅਸਤਰ ਤੋੜੇ ਗੜ੍ਹ, ਕਵਣ ਚੱਕਰ ਚਲਾਈਆ । ਕਵਣ ਉਖੇੜੇ ਲੱਗੀ ਜੜ੍ਹ, ਕਵਣ ਮੇਟ ਮਿਟਾਈਆ । ਕਵਣ ਲਹਿਣਾ ਦੇਣਾ ਚੁਕਾਏ ਸੀਸ ਧੜ, ਕਵਣ ਪੰਜ ਤਤ ਮਿਟਾਈਆ । ਕਵਣ ਦੂਰ ਦੁਰਾਡਾ ਵੇਖੇ ਖੜ, ਕਵਣ ਸਨਮੁਖ ਕਰੇ ਲੜਾਈਆ । ਕਵਣ ਹੱਥੋ ਹੱਥੀ ਲਏ ਫੜ, ਕਵਣ ਕਮੰਦ ਉਠਾਈਆ । ਕਵਣ ਅੱਗੇ ਰਿਹਾ ਅੜ, ਕਵਣ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਖੇਲ, ਭੇਵ ਕੋਈ ਨਾ ਪਾਈਆ । ਜਗਤ ਖੇਲ ਕਰ ਤਿਆਰ, ਜਗਤ ਰਿਹਾ ਭੁਲਾਈਆ । ਜਗਤ ਵੇਖੇ ਜਗਤ ਨਿਆਰ, ਜਗਤ ਸਾਗਰ ਜਗਤ ਤਰਾਈਆ । ਜਗਤ ਡੁੱਬਾ ਵਿਚ ਮੰਝਧਾਰ, ਜਗਤ ਰਿਹਾ ਰੁੜ੍ਹਾਈਆ । ਜਗਤ ਦਏ ਨਾ ਕੋਈ ਸਹਾਰ, ਜਗਤ ਨਾ ਪਾਰ ਕਰਾਈਆ । ਜਗਤ ਰੋਵੇ ਜ਼ਾਰੋ ਜ਼ਾਰ, ਬਿਨ ਗੁਰ ਜੁਗਤ ਕਿਸੇ ਹੱਥ ਨਾ ਆਈਆ । ਕਲਜੁਗ ਅੰਤਮ ਲਏ ਅਵਤਾਰ, ਸਮਰਥ ਪੁਰਖ ਕਰੇ ਮਾਤ ਲੜਾਈਆ । ਸ਼ਬਦ ਖੰਡਾ ਤੇਜ਼ ਕਟਾਰ, ਹੱਥ ਫੜਿਆ ਧੁਰਦਰਗਾਹੀਆ । ਤੁਟੇ ਗੜ੍ਹ ਲੰਕਾ ਹੰਕਾਰਾ, ਚਾਰ ਦਿਵਾਰ ਰਹਿਣ ਨਾ ਪਾਈਆ । ਗੁਰਸਿਖਾਂ ਕਰੇ ਤਨ ਸ਼ਿੰਗਾਰ, ਜੋ ਜਨ ਸੰਗ ਨਿਭਾਈਆ । ਖੇਲੇ ਖੇਲ ਅਗੰਮ ਅਪਾਰ, ਇਕ ਇਕੱਲਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਗੁਣ ਨਿਰਗੁਣ ਆਪ ਅਖਵਾਈਆ । ਨਿਰਗੁਣ ਕਾਰੇ ਆਪੇ ਲਾ, ਨਿਰਗੁਣ ਕਰਮ ਕਮਾਇਆ । ਨਿਰਗੁਣ ਵੇਖੇ ਥਾਉਂ ਥਾਂ, ਨਿਰਗੁਣ ਡੇਰਾ ਲਾਇਆ । ਨਿਰਗੁਣ ਪਕੜਣਹਾਰਾ ਬਾਂਹ, ਨਿਰਗੁਣ ਦਿਸ ਕਿਸੇ ਨਾ ਆਇਆ । ਨਿਰਗੁਣ ਕਰਨਹਾਰਾ ਠੰਡੀ ਛਾਂ, ਨਿਰਗੁਣ ਬੈਠਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲਣਹਾਰ ਆਪ ਕਰਤਾਰ, ਜੁਗ ਜੁਗ ਆਪਣੀ ਖੇਲ ਖਿਲਾਇਆ ।



### * ੨੬ ਅੱਸੂ ੨੦੧੫ ਬਿਕ੍ਰਮੀ ਸ੍ਰੀ ਵਿਸ਼ਵ ਨਾਥ ਗੋਪਾਲ ਮੰਦਰ ਕਾਨਪੁਰ ਸ਼ਹਿਰ *

ਹਰਿ ਅਦੇਸ਼ ਅਗੰਮ ਅਥਾਹ, ਦਿਸ ਕਿਸੇ ਨਾ ਆਇਆ । ਪਾਰਬ੍ਰਹਮ ਬੈਠਾ ਇਕ ਬੇਪਰਵਾਹ, ਜੋਤੀ ਨੂਰ ਕਰ ਰੁਸ਼ਨਾਇਆ । ਅਗੰਮੜਾ ਧਾਮ ਰਿਹਾ ਸੁਹਾ, ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਵਿਸ਼ਵ ਨਾਥ ਜਗਤ ਵਿਸ਼ੰਮਬਰ, ਪਰਮ ਪੁਰਖ ਉਪਾਇਆ । ਆਪ ਕਰਾਇਆ ਆਪ ਉਪਾਇਆ ਮਾਤ ਸਵੰਬਰ, ਆਪੇ ਵੇਖ ਵਖਾਇਆ । ਆਪੇ ਧਰਤ ਧਵਲ ਕਰ ਅਡੰਬਰ, ਆਪੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਧਾਰਾ ਤੇਰੀ

ਵੇਖ ਵਖਾਇਆ । ਜਗਤ ਨਾਥ ਜਗਤ ਨਰਾਇਣ, ਜੁਗ ਜੁਗ ਵੇਖ ਵਖਾਇਆ । ਪੰਡਤ ਪਾਂਧੇ ਮੰਦਰ ਰਹਿਣ, ਮਨ ਪ੍ਰਬੋਧ ਨਾ ਕੋਈ ਵਖਾਈਆ । ਇਕੱਠੇ ਹੋ ਹੋ ਸਾਰੇ ਬਹਿਣ, ਪਾਰਬ੍ਰਹਮ ਭੇਵ ਨਾ ਰਾਈਆ । ਤਨ ਪਾਇਆ ਕਾਇਆ ਮਾਟੀ ਗਹਿਣ, ਦਮ ਦਮ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਪਾਲ ਵੇਖ ਵਖਾਈਆ । ਗੁਰ ਗੋਪਾਲ ਹਰਿ ਰਘੁਨਾਥ, ਘਟ ਘਟ ਵੇਖ ਵਖਾਇਆ । ਵੇਦ ਵਿਦਾਂਤ ਆਪ ਚਲਾਈ ਆਪਣੀ ਗਾਥ, ਜਗਤ ਰਾਹ ਵਖਾਇਆ । ਪੁਰਾਨ ਪੁਰਾਨਾ ਦੇਵੇ ਸਾਥ, ਗੀਤਾ ਗਿਆਨ ਦ੍ਰਿੜਾਇਆ । ਸ਼ਾਸਤਰ ਸਿਮਰਤ ਵੇਖੇ ਨਾਥ, ਨਾਥ ਤ੍ਰਲੋਕੀ ਆਇਆ । ਹਰਿ ਹਰਿ ਨਾਉਂ ਵਿਕੇ ਨਾ ਕਿਸੇ ਹਾਟ, ਮੰਦਰ ਅੰਦਰ ਨਾ ਕਿਸੇ ਟਿਕਾਇਆ । ਕਰ ਕਰ ਥੱਕੇ ਪੂਜਾ ਪਾਠ, ਪੂਰਨ ਬ੍ਰਹਮ ਨਾ ਕੋਇ ਜਣਾਇਆ । ਆਤਮ ਜੋਤੀ ਬੁਝੇ ਲਿਲਾਟ, ਜਗਤ ਲਿਲਾਟ ਰਹਿਣ ਨਾ ਪਾਇਆ । ਸੰਮਤ ਸੰਮਤੀ ਆਵੇ ਘਾਟ, ਹਰਿ ਸਾਚਾ ਮਾਣ ਗਵਾਇਆ । ਬੀਸ ਬੀਸਾ ਨੇੜੇ ਰੱਖੇ ਏਕਾ ਵਾਟ, ਏਕਾ ਘਾਟ ਹਰਿ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਮੂਲ ਚੁਕਾਇਆ । ਕਲਜੁਗ ਮੂਲ ਜਾਏ ਚੁੱਕ, ਮੰਦਰ ਚਾਰ ਦਿਵਾਰਿਆ । ਜਗਤ ਬੂਟਾ ਰਿਹਾ ਸੁੱਕ, ਨਾ ਕੋਈ ਦੇਵੇ ਅੰਮ੍ਰਿਤ ਜਲ ਸਿੰਚ ਕਿਆਰਿਆ । ਪੰਡਤ ਪਾਂਧੇ ਰਹੇ ਥੁੱਕ, ਮੁਖ ਖਾਣ ਪਾਨ ਸਪਾਰੀਆ । ਆਪਣਾ ਭਾਰ ਨਾ ਸਕੇ ਕੋਈ ਚੁੱਕ, ਜੀਵਾਂ ਜੰਤਾਂ ਕਰਨ ਖ਼ਵਾਰਿਆ । ਅੰਤਮ ਵੇਲਾ ਰਿਹਾ ਢੁਕ, ਖ਼ਾਲੀ ਕਰੇ ਦਰ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਹਰਿ ਨਿਰੰਕਾਰ, ਅਛਲ ਅਛੱਲ ਵਿਚ ਸੰਸਾਰ, ਖੇਲੇ ਖੇਲ ਅਗੰਮ ਅਪਾਰਿਆ । ਮੰਦਰ ਅੰਦਰ ਖੋਜੇ ਖੋਜ, ਜੋਤੀ ਜੋਤ ਜਗਾਈਆ । ਜਗਤ ਵਿਕਾਰਾ ਬੱਝਾ ਬੋਝ, ਨਾ ਸਕੇ ਕੋਈ ਉਠਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਗੋਝ, ਗੁਰ ਕਾ ਗਿਆਨ ਦਿਸ ਨਾ ਆਈਆ । ਤਿਲਕ ਲਲਾਟੀ ਲਾਇਆ ਰੋਜ਼, ਤਿਲਕ ਲਲਾਟ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਦਰ ਦਰ, ਜਗ ਮੰਦਰ ਫੋਲ ਫੁਲਾਈਆ । ਜਗ ਮੰਦਰ ਚਰਨ ਛੁਹਾ, ਠਾਕਰ ਕਰਤਾ ਆਇਆ । ਕਲਜੁਗ ਵੇਲਾ ਰਿਹਾ ਸੁਹਾ, ਆਪਣੀ ਧਾਰ ਬੰਧਾਇਆ । ਸਤਿ ਸਤਿ ਕਿਸੇ ਰਹੇ ਨਾ, ਅਸਤਿ ਅਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਪੁਰ ਕਾਹਨ ਮਾਰ ਧਿਆਨ, ਵਿਸ਼ਵ ਨਾਥ ਹਰਿ ਗੋਪਾਲ ਪਰਾਗ ਮੰਦਰ ਬਣ ਦਲਾਲ, ਨੈਣ ਨੇਤਰ ਵੇਖ ਵੇਖ ਵਖਾਇਆ ।

### * ੨੬ ਅੱਸੂ ੨੦੧੫ ਬਿਕ੍ਰਮੀ ਅਵਤਾਰ ਸਿੰਘ ਦੇ ਘਰ ਕਾਨਪੁਰ *

ਥਿਰ ਘਰ ਸਾਚਾ ਹਰਿ ਕਰਤਾਰ, ਆਪਣਾ ਆਪ ਉਪਾਇਆ । ਛੱਪਰ ਛੰਨ ਨਾ ਕੋਈ ਚਾਰ ਦੀਵਾਰ, ਦਰ ਦਰਵਾਜ਼ਾ ਦਿਸ ਨਾ ਆਇਆ । ਜੋਤ ਸਰੂਪੀ ਕਰ ਪਸਾਰ, ਸ਼ਬਦੀ ਰਚਨ ਰਚਾਇਆ । ਅਕਾਲ ਮੂਰਤ ਖੇਲ ਅਪਾਰ, ਨਿਰਗੁਣ ਧਾਮ ਸੁਹਾਇਆ । ਪਾਰਬ੍ਰਹਮ ਪ੍ਰਭ ਬੈਠ ਕਰਤਾਰ, ਕਰਨੀ ਕਿਰਤ ਕਮਾਇਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਅਲੱਖ ਅਗੰਮ ਵੇਖ ਵਖਾਇਆ । ਰੰਗ ਮਹੱਲ ਉਚ ਮੁਨਾਰ, ਅਟੱਲ ਅਚੱਲ ਦਰਸਾਇਆ । ਦੀਪਕ ਜੋਤੀ ਕਰ ਉਜਿਆਰ, ਪ੍ਰਕਾਸ਼ ਪ੍ਰਕਾਸ਼ ਟਿਕਾਇਆ । ਸਚ ਸਿੰਘਾਸਣ ਅਪਰ ਅਪਾਰ, ਪਾਵਾ ਚੂਲ ਨਾ ਕੋਈ ਰਖਾਇਆ ।

ਉਪਰ ਬੈਠ ਸੱਚੀ ਸਰਕਾਰ, ਸਾਚਾ ਤਖ਼ਤ ਸੁਹਾਇਆ । ਸਰਗੁਣ ਮੇਲਾ ਹਰਿ ਨਿਰੰਕਾਰ, ਹਰੀ ਹਰਿ ਆਪ ਅਖਵਾਇਆ । ਗੁਰਮੁਖਾਂ ਕਰੇ ਮਾਤਲੋਕ ਪਿਆਰ, ਆਪ ਆਪਣਾ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸੁਹਾਇਆ । ਥਿਰ ਘਰ ਸਾਚਾ ਸ਼ਬਦ ਅਟਾਰੀ, ਹਰਿ ਹਰਿ ਆਪ ਵਸਾਈਆ । ਨਿਰਗੁਣ ਜੋਤ ਜਗੇ ਨਿਰੰਕਾਰੀ, ਅੰਧ ਅੰਧੇਰ ਮਿਟਾਈਆ । ਗੁਰਮੁਖਾਂ ਦੇਵੇ ਨਾਮ ਖੁਮਾਰੀ, ਸ਼ਬਦੀ ਸ਼ਬਦ ਉਪਜਾਈਆ । ਧੁਨੀ ਨਾਦ ਏਕੰਕਾਰੀ, ਏਕਾ ਰਿਹਾ ਵਜਾਈਆ । ਤੋੜੇ ਹਉਮੇ ਗੜ੍ਹ ਹੰਕਾਰੀ, ਮਾਇਆ ਮਮਤਾ ਮੋਹ ਚੁਕਾਈਆ । ਦੇਵੇ ਦਰਸ ਦਰ ਦਵਾਰੀ, ਦਰ ਦਰਵੇਸ਼ਾ ਫੇਰਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਵਾਰੀ, ਗ਼ਰੀਬ ਨਿਮਾਣੇ ਗਲੇ ਲਗਾਈਆ । ਆਦਿਨ ਅੰਤਾ ਸਾਧਨ ਸੰਤਾ, ਸਖਾ ਸੁਹੇਲਾ ਜੋਧਾ ਸੂਰਬੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਬੈਠਾ ਆਸਣ ਲਾਈਆ । ਥਿਰ ਘਰ ਸਾਚਾ ਸਚ ਦਰਵਾਜ਼ਾ, ਹਰਿ ਸਾਚਾ ਆਪ ਖੁਲ੍ਹਾਇੰਦਾ । ਜਨ ਭਗਤਾਂ ਮਾਰੇ ਅਨਹਦ ਵਾਜਾ, ਧੁਨੀ ਨਾਦ ਵਜਾਇੰਦਾ । ਅਸਵ ਘੋੜਾ ਰੱਖੇ ਤਾਜਾ, ਲੋਆਂ ਪੁਰੀਆਂ ਆਪ ਦੌੜਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਸਚ ਸਿਕਦਾਰ ਆਪ ਅਖਵਾਇੰਦਾ । ਜੁਗਾ ਜੁਗੰਤਰ ਲੋਕਮਾਤ ਰਚਿਆ ਕਾਜਾ, ਭੇਖਾਧਾਰੀ ਭੇਖ ਵਟਾਇੰਦਾ । ਕਲਜੁਗ ਅੰਤਮ ਖੇਲ ਕਰਾਏ ਦੇਸ ਮਾਝਾ, ਦੇਸ ਦਿਸੰਤਰ ਫੋਲ ਫੁਲਾਇੰਦਾ । ਗੁਰਮੁਖ ਸਾਚੇ ਰੱਖੇ ਲਾਜਾ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵਖਾਏ ਸਾਚਾ ਘਰ, ਥਿਰ ਘਰ ਨਾਉਂ ਰਖਾਇੰਦਾ । ਥਿਰ ਘਰ ਹਰਿ ਅਪਾਰਾ, ਹਰਿ ਹਰਿ ਜੋਤ ਜਗਾਈਆ । ਇਕ ਇਕੱਲਾ ਕਰ ਪਸਾਰਾ, ਬੈਠਾ ਆਸਣ ਲਾਈਆ । ਜਨ ਭਗਤਾਂ ਦੇਵੇ ਨਾਮ ਅਧਾਰਾ, ਜੁਗ ਜੁਗ ਵੱਡੀ ਵਡਿਆਈਆ । ਚਰਨ ਕਵਲ ਬਖ਼ਸ਼ੇ ਸਚ ਪਿਆਰਾ, ਚਰਨ ਚਰਨੋਦਕ ਮੁਖ ਚੁਆਈਆ । ਅੰਮ੍ਰਿਤ ਆਤਮ ਠੰਡੀ ਧਾਰਾ, ਨਿਝਰ ਰਸ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਸ਼ਬਦ ਭੰਡਾਰਾ ਇਕ ਵਰਤਾਈਆ । ਸ਼ਬਦ ਭੰਡਾਰਾ ਹਰਿ ਨਿਰੰਕਾਰਾ, ਸਤਿਗੁਰ ਰੂਪ ਸਮਾਇੰਦਾ । ਸੰਤ ਸੁਹੇਲੇ ਪਾਵੇ ਸਾਰਾ, ਗੁਰ ਗੁਰ ਚੇਲੇ ਮੇਲ ਮਿਲਾਇੰਦਾ । ਅਚਰਜ ਖੇਲੇ ਖੇਲ ਵਿਚ ਸੰਸਾਰਾ, ਭੇਖਾਧਾਰੀ ਭੇਖ ਵਟਾਇੰਦਾ । ਆਦਿ ਨਿਰੰਜਣ ਜੋਤ ਅਕਾਰਾ, ਨਿਰਗੁਣ ਰੂਪ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਸੁਹੰਜਣਾ, ਹਰਿ ਵੱਡੀ ਵਡਿਆਈਆ । ਮਿਲਿਆ ਮੇਲ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਨੇਤਰ ਨੈਣ ਸ਼ਬਦ ਗਿਆਨ ਪਾਏ ਅੰਜਨਾ, ਅੰਧ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮੱਤ ਮੈਲ ਗਵਾਈਆ । ਜੋ ਘੜਿਆ ਸੋ ਭੱਜਣਾ, ਥਿਰ ਕੋਈ ਰਹਿਣ ਨਾ ਪਾਈਆ । ਗੁਰਮੁਖ ਸਾਚੇ ਤੇਰੀ ਰੱਖੇ ਲੱਜਣਾ, ਨਾਮ ਪਰਦਾ ਉਪਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵਖਾਏ ਸਾਚਾ ਘਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਬੈਠਾ ਬੇਪਰਵਾਹ, ਨੂਰੋ ਨੂਰ ਦਰਸਾਇੰਦਾ । ਆਪੇ ਵਸੇ ਆਪਣੇ ਥਾਂ, ਦੂਸਰ ਕੋਈ ਦਿਸ ਨਾ ਆਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਸਖਾ ਸਖਾਈ ਨਾ ਕੋਈ ਰਖਾਇੰਦਾ । ਜਨ ਭਗਤਾਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਅੰਤਰ ਜਪਾਏ ਏਕਾ ਨਾਂ, ਅਜਪਾ ਜਾਪ ਕਰਾਇੰਦਾ । ਫੜ ਫੜ ਪਾਰ ਕਰਾਏ ਬਾਂਹ,

੬੮੬
੦੨

ਭਵ ਸਾਗਰ ਨਾ ਕੋਈ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਘਰ, ਸੋ ਘਰ ਦਵਾਰਾ ਇਕ ਖੁਲ੍ਹਾਇੰਦਾ ।

## * ੨੭ ਅੱਸੂ ੨੦੧੫ ਬਿਕ੍ਰਮੀ ਤ੍ਰਬੈਣੀ ਸੰਗਮ ਇਲਾਹਬਾਦ *

ਕੈਲਾਸ਼ ਪਰਬਤ, ਕੇਸ਼ੋ ਧਾਰ ਬਹਾਈਆ । ਭੋਲੇ ਨਾਥ ਸਗਲਾ ਸਾਥ, ਜਟਾ ਜੂਟ ਅਖਵਾਈਆ । ਸਤਿ ਸੁਰਸਤੀ ਮਾਰ ਠਾਠ, ਚਰਨ ਕਵਲ ਉਠ ਧਾਈਆ । ਸਾਗਰ ਸਪੁਤਰੀ ਜਮਨਾ ਨਾਥ, ਜਮ ਪੁਰ ਰਹੀ ਤਜਾਈਆ । ਸਾਚਾ ਮੇਲਾ ਲੋਕਮਾਤ, ਹਰਿ ਸਾਚਾ ਆਪ ਕਰਾਈਆ । ਰਜੋ ਤਮੋ ਸਤੋ ਤ੍ਰੈਗੁਣ ਧਾਰ ਏਕਾ ਘਾਟ, ਏਕਾ ਰੂਪ ਦਰਸਾਈਆ । ਏਕਾ ਬ੍ਰਹਮ ਵਿਕੀ ਹਾਟ, ਕੀਮਤ ਕਰਤੇ ਪਾਈਆ । ਏਕਾ ਜੋਬਨ ਮਾਰੇ ਠਾਠ, ਏਕਾ ਲਏ ਅੰਗੜਾਈਆ । ਏਕਾ ਗਾਏ ਹਰਿ ਹਰਿ ਪਾਠ, ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਵਹਾਈਆ । ਅੰਮ੍ਰਿਤ ਧਾਰ ਸਾਚਾ ਰਸ, ਗਰੜ ਚੁੰਜ ਭਰਾਇੰਦਾ । ਲੋਕਮਾਤ ਆਇਆ ਨੱਸ, ਦੇਵਤਿਆਂ ਤੜਫਾਇੰਦਾ । ਇੰਦ ਇੰਦਰਾਸਨ ਰਹੇ ਨੱਸ, ਰਾਹ ਖੇੜਾ ਦਿਸ ਨਾ ਆਇੰਦਾ । ਪਾਰਬ੍ਰਹਮ ਪ੍ਰਭ ਰਾਹ ਰਿਹਾ ਦੱਸ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਵਹਾਇੰਦਾ । ਗੰਗਾ ਜਲ ਉਜਲ ਨੀਰ, ਨਿਰਮਲ ਆਪ ਕਰਾਇਆ । ਭਗਤ ਵਛਲ ਗਹਿਰ ਗੰਭੀਰ, ਗੁਰ ਮੰਤਰ ਵਿਚ ਸਮਾਇਆ । ਸਾਂਤਕ ਕਰੇ ਸਤਿ ਸਰੀਰ, ਦੁਰਮਤ ਮੈਲ ਗਵਾਇਆ । ਭਗਤੀ ਕੱਢੇ ਜਗਤ ਪੀੜ, ਏਕਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਸਚ ਸੁਰਸਤੀ ਸਾਚੀ ਧਾਰ, ਸਚ ਸਚ ਆਪ ਵਹਾਈਆ । ਛੱਤੀ ਰਾਗਾਂ ਰਹੀ ਉਚਾਰ, ਆਪਣਾ ਮੁਖ ਸਾਲਾਹੀਆ । ਨੇਤਰ ਰੋਵੇ ਜ਼ਾਰੋ ਜ਼ਾਰ, ਹਰਿ ਵਿਛੋੜਾ ਬੇਪਰਵਾਹੀਆ । ਖੁਲ੍ਹੀ ਮੈਂਹਡੀ ਛੁਟਾ ਸ਼ਿੰਗਾਰ, ਸਚ ਸ਼ਿੰਗਾਰ ਨਾ ਕੋਈ ਵਖਾਈਆ । ਜੰਗਲ ਜੂਹ ਉਜਾੜ ਪਹਾੜ, ਵੈਂਹਦੀ ਆਏ ਡੂੰਘੀ ਗਾਰ, ਜਲ ਧਾਰ ਨਾਮ ਰਖਾਈਆ । ਜਮਨ ਸਪੁਤਰੀ ਹੋ ਤਿਆਰ, ਆਪ ਆਪਣੀ ਲਏ ਅੰਗੜਾਈਆ । ਮੰਗੇ ਮੰਗ ਵਰ ਭਤਾਰ, ਪ੍ਰਭ ਆਏ ਝੋਲੀ ਪਾਈਆ । ਵੇਖਿਆ ਲੋਕਮਾਤ ਸੰਸਾਰ, ਧਰਤ ਧਵਲ ਸੁਹਾਈਆ । ਸੰਤ ਸੁਹੇਲੇ ਮੀਤ ਮੁਰਾਰ, ਦਰ ਦਰ ਮੁਖ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਵਿਖਾਈਆ । ਗੰਗਾ ਉਠੀ ਬਾਲ ਨਿਧਾਨ, ਨੇਤਰ ਨੈਣ ਉਘਾੜਿਆ । ਸੁਰਸਤੀ ਕਰ ਹਰਿ ਪਛਾਣ, ਰੋਵੇ ਜ਼ਾਰੋ ਜ਼ਾਰਿਆ । ਜਮਨਾ ਢਹਿ ਪਈ ਦਵਾਰ, ਕਰ ਕਿਰਪਾ ਹਰਿ ਕਰਤਾਰਿਆ । ਤੇਰਾ ਦਰ ਸੋਹੇ ਇਕ ਦਵਾਰ, ਸਾਚਾ ਬੰਕ ਇਕ ਸੁਹਾ ਰਿਹਾ । ਲੋਕਮਾਤ ਆਵੇ ਡਰ, ਪੰਜ ਤਤ ਜੀਵ ਹੰਕਾਰਿਆ । ਦੁਰਮਤ ਮੈਲ ਦੇਵਣ ਭਰ, ਅੰਮ੍ਰਿਤ ਜਲ ਨਾ ਕੋਈ ਵਖਾ ਰਿਹਾ । ਜਗਤ ਵਿਭਚਾਰਨ ਨਾਰੀ ਨਰ, ਨਰ ਨਰਾਇਣ ਨਾ ਸੰਗ ਰਖਾ ਲਿਆ । ਆਪਣੀ ਕਿਰਪਾ ਕਰ, ਆਪਣਾ ਮੰਤਰ ਆਪ ਦ੍ਰਿੜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵਣਹਾਰਾ ਵਰ, ਵਰ ਦਾਤਾ ਆਪ ਅਖਵਾ ਰਿਹਾ । ਸੋ ਪੁਰਖ ਨਿਰੰਜਣ ਦੇਵੇ ਵਰ, ਆਪਣੀ ਦਇਆ ਕਮਾਈਆ ।

ਧਰਨੀ ਧਰਤ ਧਵਲ ਉਪਰ ਧਰ, ਧਰਤ ਧਵਲ ਸੁਹਾਈਆ । ਜਲਧਾਰਾ ਨਾਮ ਸਾਚੇ ਭਰ, ਏਕਾ ਵੰਡ ਵੰਡਾਈਆ । ਬ੍ਰਹਮਾ ਵਿਸ਼ਨ ਵੇਖੇ ਖੜ, ਵਿਸ਼ਨੂੰ ਹੱਥ ਵਡਿਆਈਆ । ਚਤੁਰਭੁਜ ਰਿਹਾ ਲੜ, ਚੱਕਰ ਗਦਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਲਾਈਆ । ਜਮਨਾ ਤੇਰਾ ਸਾਚਾ ਰੂਪ, ਹਰਿ ਹਰਿ ਆਪ ਉਪਾਇਆ । ਸੁਰਸਤੀ ਤੇਰਾ ਕੂਟ, ਦਿਸ ਕਿਸੇ ਨਾ ਆਇਆ । ਗੰਗਾ ਧਾਰ ਰਹੀ ਲੂਟ, ਬੇਮੁਖ ਰਹੀ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈ ਤ੍ਰੈ ਬੰਧਨ ਏਕਾ ਪਾਇਆ । ਤ੍ਰੈ ਤ੍ਰੈ ਬੰਧਨ ਏਕਾ ਪਾ, ਏਕਾ ਰੰਗ ਰੰਗਾਈਆ । ਤ੍ਰੈਗੁਣ ਵੇਸ ਰਿਹਾ ਵਟਾ, ਏਕਾ ਥਾਨ ਸੁਹਾਈਆ । ਰਵ ਸਸ ਵਿਚ ਗਿਆ ਸਮਾ, ਸਾਂਤਕ ਸਤਿ ਵਰਤਾਈਆ । ਜਲ ਜਲਧਾਰਾ ਜਾਏ ਆਪ ਲਟਕਾ, ਜਲ ਜਲ ਨੀਰ ਵਹਾਈਆ । ਜਲ ਥਲ ਪਾਰ ਕਿਨਾਰਾ ਆਪ ਕਰਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਈਆ । ਸਾਚੀ ਖੇਲ ਹਰਿ ਖਿਲੰਦਾ, ਆਦਿ ਅੰਤ ਏਕੰਕਾਰਾ । ਮੇਲ ਮਿਲਾਏ ਜੁਗਾ ਜੁਗੰਤਾ, ਜੁਗ ਜੁਗ ਵੇਖ ਕਿਨਾਰਾ । ਸਾਚਾ ਭੋਗੀ ਭੋਗ ਭੁਗੰਤਾ, ਸਾਚਾ ਘਰ ਕਰ ਪਿਆਰਾ । ਸਾਚਾ ਬਾਲਕ ਇਕ ਉਪਜੰਤਾ, ਨਾਰਦ ਸੁਤ ਦੁਲਾਰਾ । ਬ੍ਰਹਮਾ ਵੇਤਾ ਵੇਖ ਵਖੰਤਾ, ਹੋਏ ਮਾਤ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰ ਭੰਡਾਰਾ । ਗੰਗਾ ਗੰਗੋਤਰੀ ਭਰ ਭੰਡਾਰਾ, ਏਕਾ ਧਾਰ ਚਲਾਈਆ । ਸਚ ਸਪੁਤਰੀ ਕਰ ਤਿਆਰ, ਜਮਨਾ ਡੇਰਾ ਲਾਈਆ । ਸੁਰਸਤੀ ਉਠੇ ਅੱਧਵਿਚਕਾਰ, ਨੇਤਰ ਨੈਣ ਰਹੇ ਸ਼ਰਮਾਈਆ । ਵਿਸ਼ਨੂੰ ਵੰਸੀ ਕਰ ਪਿਆਰ, ਆਪਣਾ ਵੇਸ ਵਟਾਈਆ । ਲਛਮੀ ਸੋਹੇ ਦਰ ਦਵਾਰ, ਬਸਤਰ ਭੂਸ਼ਨ ਲਾਲ ਰੰਗਾਈਆ । ਨੇਤਰ ਨੈਣਾਂ ਕਰ ਸ਼ਿੰਗਾਰ, ਕੱਜਲ ਰਹੀ ਪਾਈਆ । ਦੂਰ ਦੁਰਾਡੀ ਆਵੇ ਵਾਰੋ ਵਾਰ, ਵਹਿੰਦੀ ਧਾਰ ਵਹਾਈਆ । ਅੰਤਮ ਮੇਲਾ ਵਿਚ ਸੰਸਾਰ, ਏਕਾ ਸੰਗਮ ਰਹੀ ਬਣਾਈਆ । ਜੋਗੀ ਜਤੀ ਜੰਗਮ ਗਏ ਹਾਰ, ਸਨਿਆਸੀ ਬੈਰਾਗੀ ਤਿਆਗੀ ਕਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭਿਛਿਆ ਆਪੇ ਪਾਈਆ । ਸਾਚੀ ਭਿਛਿਆ ਹਰਿ ਹਰਿ ਪਾ, ਲੋਕਮਾਤ ਵਡਿਆਇਆ । ਪੂਰਨ ਇਛਿਆ ਆਪ ਕਰਾ, ਸਤਿਜੁਗ ਵੇਖ ਵਖਾਇਆ । ਹੰਸ ਰੂਪ ਡੇਰਾ ਲਾ, ਸੰਗਮ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਇਆ । ਤ੍ਰੈ ਤ੍ਰੈ ਤੇਰੀ ਤਿਰਿਆ ਧਾਰ, ਹਰਿ ਸਾਚੇ ਆਪ ਚਲਾਈਆ । ਰਾਮ ਰਾਮਾ ਹੋ ਅਵਤਾਰ, ਗਿਆ ਫੇਰੀ ਪਾਈਆ । ਵਸ਼ਿਸ਼ਟ ਗੁਰ ਨਾਲ ਪਿਆਰ, ਬੈਠਾ ਸੀਸ ਝੁਕਾਈਆ । ਹੱਥ ਫੜ ਤੀਰ ਕਮਾਨ, ਸ਼ਸਤਰ ਵਿਦਿਆ ਇਕ ਜਣਾਈਆ । ਜੋਧਾ ਸੂਰ ਹੋਏ ਬਲਵਾਨ, ਸੀਤਾ ਸਵਾਣੀ ਲਏ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਥਾਉਂ ਥਾਈਆ । ਰਾਮ ਰਾਮਾ ਹੋ ਤਿਆਰ, ਸੰਗਮ ਡੇਰਾ ਲਾਇੰਦਾ । ਆਇਆ ਆਪਾ ਕਰ ਪਿਆਰ, ਆਪਾ ਵੇਖ ਵਖਾਇੰਦਾ । ਥਾਪਨ ਥਾਪਾ ਕਰ ਅਪਾਰ, ਥਾਪਣਹਾਰਾ ਭੇਵ ਨਾ ਪਾਇੰਦਾ । ਰਾਮਾ ਵੇਖੇ ਗੜ੍ਹ ਹੰਕਾਰ, ਲੰਕਾ ਰੂਪ ਵਟਾਇੰਦਾ । ਰਾਮਾ ਬੋਲੇ ਇਕ ਜੈਕਾਰ, ਸ਼ਾਸਤਰ ਵੇਦ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਕਾਰਾ ਦੇਵੇ ਹਰ, ਰਾਮ ਰਾਮਾ ਇਕ ਜਣਾਇੰਦਾ । ਰਾਮ ਜਣਾਈ ਹਰਿ ਕਰਤਾਰ, ਆਪਣੀ ਆਪ ਜਣਾਈਆ । ਚੌਦਾਂ ਚੌਦਾਂ ਵਸਣ ਬਾਹਰ, ਚੌਦਾਂ ਘਰ ਤਜਾਈਆ । ਹਨਵੰਤਾ ਮੇਲਾ ਮੀਤ ਮੁਰਾਰ, ਆਪੇ ਦਏ ਤਰਾਈਆ । ਬਾਲੀ

ਬਨਸਾ ਕਰ ਖਵਾਰ, ਅੰਗਦ ਅੰਗ ਸਮਾਈਆ । ਸੀਤਾ ਸਪੁਤਰੀ ਲਏ ਉਧਾਲ, ਰਾਵਣ ਹੱਥ ਵਡਿਆਈਆ । ਜਟਾ ਜਟਾਓ ਹੋਏ ਕੰਗਾਲ, ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਛਲ ਅਛੱਲ ਖੇਲ ਖਿਲਾਈਆ । ਗੰਗਾ ਜਮਨਾ ਸੁਰਸਤੀ ਧਾਰ, ਰਾਮਾ ਚਰਨ ਛੁਹਾਇਆ । ਆਪ ਆਪਣਾ ਕਰ ਪਿਆਰ, ਆਪਣੇ ਰੰਗ ਰੰਗਾਇਆ । ਤੋੜਣਹਾਰਾ ਜਗਤ ਜੰਜਾਲ, ਰੂਪ ਅਨੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈ ਤ੍ਰੈ ਤੇਰਾ ਅੰਤਮ ਖੇਲ, ਆਪਣੇ ਹੱਥ ਰਖਾਇਆ । ਜਮਨਾ ਜਾਗੀ ਸਾਰੀ ਰੈਣ, ਨੇਤਰ ਨੈਣ ਖੁਲ੍ਹਾਈਆ । ਨਾਲ ਰਲਾਈ ਸੁਰਸਤੀ ਭੈਣ, ਆਪਣੇ ਅੰਗ ਉਠਾਈਆ । ਗੰਗਾ ਚੁੱਕੇ ਲਹਿਣ ਦੇਣ, ਸਾਚਾ ਦਰ ਸੁਹਾਈਆ । ਸੰਤ ਸਾਧ ਸਾਰੇ ਕਹਿਣ, ਨੇਤਰ ਨੈਣਾਂ ਦਿਸ ਨਾ ਆਈਆ । ਨਹਾ ਨਹਾ ਥੱਕੇ ਆਪਣੇ ਵਹਿਣ, ਡੂੰਘਾ ਵਹਿਣ ਪਾਰ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਵਟਾਈਆ । ਸੁਰਸਤੀ ਤੇਰਾ ਸਚ ਪਿਆਰ, ਹਰਿ ਸਾਚੇ ਮੰਨ ਭਾਇੰਦਾ । ਕਾਹਨਾ ਕ੍ਰਿਸ਼ਨਾ ਰੂਪ ਅਪਾਰ, ਸੰਗ ਰੁਕਮਣੀ ਫੇਰਾ ਪਾਇੰਦਾ । ਜਮਨਾ ਮੇਲਾ ਪਹਿਲੀ ਵਾਰ, ਚਰਨ ਕਵਲ ਛੁਹਾਇੰਦਾ । ਤੀਜੇ ਘਾਟ ਉਤਰੀ ਪਾਰ, ਗੰਗਾ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰਬੈਣੀ ਵੇਖ ਵਖਾਇੰਦਾ । ਤ੍ਰਬੈਣੀ ਤੇਰਾ ਨੇਤਰ ਖੋਲ੍ਹ, ਰੂਪ ਵਰਾਟ ਵਟਾਇਆ । ਅਰਜਨ ਗੀਤਾ ਏਕਾ ਬੋਲ, ਨਾਮ ਗਿਆਨ ਦ੍ਰਿੜਾਇਆ । ਸਚ ਵਜਾਏ ਏਕਾ ਢੋਲ, ਕੌਰੋਂ ਰਿਹਾ ਉਠਾਇਆ । ਸ੍ਰਿਸ਼ਟ ਸਬਾਈ ਕਰਿਆ ਘੋਲ, ਛੁਪਿਆ ਕੋਈ ਰਹਿਣ ਨਾ ਪਾਇਆ । ਆਪਣੇ ਕੰਡੇ ਤੋਲਿਆ ਤੋਲ, ਤੋਲਣਹਾਰਾ ਇਕ ਅਖਵਾਇਆ । ਰਥ ਰਥਵਾਹੀ ਬੈਠ ਅਡੋਲ, ਏਕਾ ਰਥ ਚਲਾਇਆ । ਲੱਖ ਚੁਰਾਸੀ ਰਹੀ ਅਨਭੋਲ, ਭੇਵ ਕਿਸੇ ਨਾ ਪਾਇਆ । ਪੰਚਮ ਮੀਤਾ ਪੰਚਮ ਵਸਿਆ ਕੋਲ, ਦਿਵਸ ਰੈਣ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਪਰਦਾ ਉਪਰ ਪਾਇਆ । ਸੁਤ ਦ੍ਰੋਪਦ ਕਰ ਪਿਆਰ, ਦਰੋਪਤੀ ਲਾਜ ਰਖਾਈਆ । ਕਪੜ ਤਨ ਹੋਏ ਸ਼ਿੰਗਾਰ, ਜਗਤ ਲਾਜ ਰਖਾਈਆ । ਕਰ ਕਿਰਪਾ ਜਗ ਜਾਏ ਤਾਰ, ਹਰਿ ਸਾਚੇ ਹੱਥ ਵਡਿਆਈਆ । ਸਚ ਸੁਰਸਤੀ ਸਾਚੀ ਮਾਰ, ਤ੍ਰੀਆ ਵੇਸ ਵਟਾਈਆ । ਲਿਖਿਆ ਲੇਖ ਵੇਦ ਵਿਆਸ, ਵਾਕ ਭਵਿਖਤ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਖੇਲਣਹਾਰ ਹਰਿ ਭਗਵਾਨਾ, ਹਰਿ ਹਰਿ ਰੂਪ ਸਮਾਇਆ । ਗੰਗਾ ਬੰਨੇ ਹੱਥੀਂ ਗਾਨਾ, ਜਮਨਾ ਸਗਨ ਮਨਾਇਆ । ਸੁਰਸਤੀ ਮੇਲਾ ਵਿਚ ਜਹਾਨਾ, ਅੱਧਵਿਚਕਾਰੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਾਹ ਤਕਾਇਆ । ਹੱਥੀਂ ਬੰਨ੍ਹ ਗਾਨਾ, ਗੰਗਾ ਖ਼ੁਸ਼ੀ ਮਨਾਈਆ । ਜਮਨਾ ਆਪਣਾ ਆਪ ਪਛਾਣਾ, ਰੂਪ ਰੰਗ ਸੁਹਾਈਆ । ਸੁਰਸਤੀ ਵੇਖ ਮਾਰ ਧਿਆਨਾ, ਏਕਾ ਵੇਖ ਵਖਾਈਆ । ਕਰੇ ਖੇਲ ਹਰਿ ਭਗਵਾਨਾ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਸਾਚੀ ਧਾਰ, ਹਰਿ ਸਾਚਾ ਆਪ ਵਹਾਇੰਦਾ । ਜੋਤ ਸਰੂਪੀ ਖੇਲ ਅਪਾਰ, ਨਿਰਗੁਣ ਵੇਸ ਵਟਾਇੰਦਾ । ਸ਼ਬਦ ਡੰਕਾ ਅਪਰ ਅਪਾਰ, ਆਪਣਾ ਸਾਜ ਰਖਾਇੰਦਾ । ਸਾਚਾ ਲਾੜਾ ਹੋ ਤਿਆਰ, ਲੋਆਂ ਪੁਰੀਆਂ ਪਾਰ ਕਰਾਇੰਦਾ । ਧਰਤ ਮਾਤ ਵੇਖ ਵਿਚਾਰ, ਆਪ ਆਪਣਾ ਰੂਪ ਵਟਾਇੰਦਾ । ਸੰਤ ਸੁਹੇਲੇ ਮੀਤ ਮੁਰਾਰ, ਸਾਚਾ ਸੰਗ ਨਿਭਾਇੰਦਾ ।

ਗੁਰ ਗੋਬਿੰਦਾ ਕਰ ਪਿਆਰ, ਲੋਕਮਾਤੀ ਸਗਨ ਮਨਾਇੰਦਾ । ਛੋਟਾ ਬਾਲਾ ਬਣ ਸਰਬਾਲਾ ਹੋਇਆ ਨਾਲ ਤਿਆਰ, ਸਾਚਾ ਮੰਗਲ ਏਕਾ ਗਾਇੰਦਾ । ਸਾਚੇ ਘੋੜੇ ਚੜ੍ਹਿਆ ਸ਼ਾਹ ਅਸਵਾਰ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋੜੇ ਮੇਲ ਨਿਰੰਕਾਰ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਸਾਚਾ ਲਾੜਾ ਹਰਿ ਜਗਦੀਸ਼, ਏਕਾ ਏਕ ਅਖਵਾਇੰਦਾ । ਨਾਮ ਦਸਤਾਰ ਬੰਨ੍ਹੇ ਸੀਸ, ਸਾਚਾ ਰੂਪ ਸੁਹਾਇੰਦਾ । ਭਗਤ ਪਿਆਰ ਸਿਹਰਾ ਬੀਸ ਇਕੀਸ, ਆਪਣਾ ਮੁਖ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕਰਮ ਕਮਾਇੰਦਾ । ਸਾਚਾ ਸਿਹਰਾ ਸਾਚੇ ਹੱਥ, ਹਰਿ ਸਾਚੇ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਚੜ੍ਹਿਆ ਚੰਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸਗਨ ਮਨਾਇਆ ਸਾਚੇ ਤਨ, ਨਾਮ ਵਟਨਾ ਏਕਾ ਲਾਈਆ । ਰਾਗ ਸੁਣਾਇਆ ਅਨਾਦੀ ਕੰਨ, ਸਾਚੀ ਸਈਆਂ ਨਾਲ ਸੁਹਾਈਆ । ਆਪਣਾ ਬਿਸਤਰ ਆਪੇ ਬੰਨ੍ਹ, ਆਪੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਰਚਨ ਰਚਾਈਆ । ਸਾਚਾ ਲਾੜਾ ਹੋ ਤਿਆਰ, ਲੋਕਮਾਤ ਵੇਖ ਵਖਾਇੰਦਾ । ਸ਼ਬਦ ਘੋੜਾ ਇਕ ਅਪਾਰ, ਸੋਲਾਂ ਕਲੀਆਂ ਆਸਣ ਲਾਇੰਦਾ । ਮੇਂਢੀ ਗੁੰਦੇ ਵਿਚ ਸੰਸਾਰ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਵੇਖ ਵਿਖਾਇੰਦਾ । ਸਾਚਾ ਸਗਨ ਕਰ ਕਰ ਚਾਈਂ, ਆਪਣੀ ਖ਼ੁਸ਼ੀ ਮਨਾਈਆ । ਗੁਰਮੁਖ ਉਠਾਏ ਥਾਉਂ ਥਾਈਂ, ਆਪਣੇ ਦਰ ਬਹਾਈਆ । ਆਪੇ ਜਾਣੇ ਆਪਣਾ ਨਾਈਂ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੰਞ ਸੁਹਾਈਆ । ਗੁਰਮੁਖ ਸਾਜਣ ਕਰ ਤਿਆਰ, ਸਾਚਾ ਰੂਪ ਦਰਸਾਇਆ । ਚਿੱਟੇ ਬਸਤਰ ਕਰ ਪਿਆਰ, ਦੁਰਮਤ ਮੈਲ ਗਵਾਇਆ । ਪੁਰਖ ਅਬਿਨਾਸ਼ੀ ਪਾਏ ਸਾਰ, ਇਕ ਇਕੱਲਾ ਸੰਗ ਰਖਾਇਆ । ਘਟ ਘਟ ਵਾਸੀ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਮ ਧਰਾਇਆ । ਵਿਸ਼ਨੂੰ ਰੂਪ ਹਰਿ ਕਰਤਾਰ, ਆਪਣੀ ਕਲ ਵਰਤਾਈਆ । ਦਾਤਾ ਭੰਡਾਰੀ ਖ਼ਬਰਦਾਰ, ਦੇਵੇ ਰਿਜ਼ਕ ਸਬਾਈਆ । ਭਗਤ ਭਗਵੰਤ ਮੇਲ ਸੰਸਾਰ, ਆਪੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਲੜ ਬੰਧਾਈਆ । ਵਿਸ਼ਨੂੰ ਵੰਸੀ ਹਰੀ ਹਰਿ, ਹਰਿ ਹਰਿ ਰੂਪ ਸਮਾਇਆ । ਆਪਣੀ ਕਿਰਪਾ ਆਪੇ ਕਰ, ਏਕਾ ਦੂਜਾ ਵੇਸ ਵਟਾਇਆ । ਆਪਣੀ ਨਾਰੀ ਆਪੇ ਲਏ ਵਰ, ਆਪਣਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭੇਵ ਕਿਸੇ ਨਾ ਪਾਇਆ । ਸਾਚਾ ਦੂਲਾ ਹੋ ਤਿਆਰ, ਗੁਰਮੁਖ ਸੰਗ ਰਖਾਈਆ । ਫਲਿਆ ਫੁਲਾ ਅਪਰ ਅਪਾਰ, ਫਲ ਫੁਲਵਾੜੀ ਰਹੀ ਮਹਿਕਾਈਆ । ਨਾਮ ਝੂਲਾ ਅਪਰ ਅਪਾਰ, ਗੁਰਸਿਖਾਂ ਸੀਸ ਉਠਾਈਆ । ਕੰਤ ਕੰਤੂਹਲਾ ਹਰਿ ਭਤਾਰ, ਨਾਰ ਸੁਹਾਗੀ ਵੇਖ ਵਿਖਾਈਆ । ਆਏ ਬੈਠਾ ਤੱਟ ਕਿਨਾਰ, ਦਰ ਆਪਣੇ ਡੇਰਾ ਲਾਈਆ । ਪਹਿਲਾਂ ਵਰੇ ਗੰਗਾ ਨਾਰ, ਜਮਨਾ ਫੇਰ ਵਿਆਹੀਆ । ਚਰਨ ਦਾਸ ਸੁਰਸਤੀ ਪਿਆਰ, ਸਾਚੀ ਸੇਵ ਕਮਾਈਆ । ਤਿੰਨਾਂ ਖਿਚ ਲਿਆਏ ਚਰਨ ਦਵਾਰ, ਚਰਨ ਚਰਨੋਦਕ ਆਪਣਾ ਚਰਨ ਰਖਾਈਆ । ਖ਼ਾਲੀ ਕਰਿਆ ਭਰਿਆ ਭੰਡਾਰ, ਨਾ ਫੇਰ ਕੋਈ ਭਰਾਈਆ । ਇਕੀ ਸਿਖ ਕਰ ਉਜਿਆਰ, ਆਪ ਆਪਣਾ

ਦਏ ਜਣਾਈਆ । ਗੁਰਮੁਖਾਂ ਉਤੋਂ ਜਮਨਾ ਸੁਰਸਤੀ ਗੰਗਾ ਤਿੰਨੇ ਦੇਵੇ ਵਾਰ, ਚਰਨਾਂ ਵਿਚ ਬਹਾਈਆ । ਚਰਨ ਕਵਲ ਇਕ ਪਿਆਰ, ਏਕਾ ਏਕ ਵਖਾਈਆ । ਘਰੋਂ ਚਲੀ ਪੇਈਆ ਛੱਡੇ ਨੇਤਰ ਰੋਵੇ ਜ਼ਾਰੋ ਜ਼ਾਰ, ਭੈਣ ਭਾਈ ਮਾਤ ਪਿਤ ਨਾ ਕੋਈ ਸਹਾਈਆ । ਗੁਰਮੁਖਾਂ ਡੋਲੀ ਚੁੱਕਣੀ ਆਪਣੇ ਭਾਰ, ਲੈ ਚਲੇ ਕੰਧ ਉਠਾਈਆ । ਇਕੀ ਸਿਖ ਬਣੇ ਕਹਾਰ, ਲਾੜਾ ਸੋਹੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਨੈਣੀ ਆਪੇ ਲਏ ਪ੍ਰਨਾਈਆ । ਇਕੀ ਸਿਖ ਏਕਾ ਰੰਗ, ਹਰਿ ਹਰਿ ਆਪ ਰੰਗਾਇਆ । ਜਮਨਾ ਸੁਰਸਤੀ ਗੰਗਾ ਮੰਗੀ ਮੰਗ, ਪ੍ਰਭ ਦਰਸ ਤੇਰਾ ਅੰਤਮ ਪਾਇਆ । ਮੇਰਾ ਪਰਦਾ ਨਾ ਹੋਏ ਨੰਗ, ਨਾ ਦੂਸਰ ਕੋਈ ਵੇਖ ਵਿਖਾਇਆ । ਵਿਸ਼ਨੂੰ ਤੇਰੀ ਲੱਗੇ ਤੇਰੇ ਅੰਗ, ਕਲਜੁਗ ਸੇਜ ਨਾ ਕੋਈ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤਮ ਮੇਲ ਮਿਲਾਇਆ । ਤ੍ਰਬੈਣੀ ਨੈਣ ਰਹੀ ਉਘਾੜ, ਗੁਰਮੁਖਾਂ ਰਾਹ ਤਕਾਈਆ । ਗੁਰ ਗੋਬਿੰਦ ਕਰ ਪਿਆਰ, ਮਾਤਾ ਗੁਜ਼ਰੀ ਕੁੱਖ ਸੁਹਾਈਆ । ਉਜਲ ਮੁਖ ਵਿਚ ਸੰਸਾਰ, ਹਰਿ ਸਾਚੀ ਸਿਖਿਆ ਸਿਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੱਖੀ ਧਾਰ ਤਿਖੀ, ਭੇਵ ਕੋਇ ਨਾ ਪਾਈਆ । ਸਾਚੇ ਸਿਖ ਏਕਾ ਇਕੀ, ਲੋਕਮਾਤ ਰਖਾਇੰਦਾ । ਆਪਣੇ ਦਰ ਆਪਣੀ ਕਿਰਪਾ ਕਰ ਆਪੇ ਰੱਖੇ ਨਿੱਕੀ, ਲੋਕਮਾਤ ਵਡਿਆਇੰਦਾ । ਜਾਣੇ ਲੇਖ ਜਨ ਹਰਿ ਜੀ ਕੀ, ਲੁਕਿਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਤੱਟ ਕਿਨਾਰਾ ਤੀਰਥ ਘਾਟ, ਹਰਿ ਹਰਿ ਵੇਖ ਵਖਾਇੰਦਾ । ਗੁਰਮੁਖਾਂ ਮਸਤਕ ਜੋਤ ਜਗਾਏ ਲਲਾਟ, ਨੇਤਰ ਨੈਣ ਖੁਲ੍ਹਾਇਆ । ਅੱਗੇ ਨੇੜੇ ਦਿਸੇ ਵਾਟ, ਪਿਛਾ ਦੂਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਗੁਰ ਆਪ ਅਖਵਾਇਆ ।

ਵਿਸ਼ਨੂੰ ਭਗਵਾਨ ਖੇਲ ਅਪਾਰੀ, ਆਪਣਾ ਖੇਲ ਖਿਲਾਇਆ । ਨਿਹਕਲੰਕ ਜੋਤ ਨਿਰੰਕਾਰੀ, ਲੋਕਮਾਤ ਵੇਖ ਵਖਾਇਆ । ਤੀਰਥ ਤੱਟਾਂ ਪਾਵੇ ਸਾਰੀ, ਤੱਟ ਕਿਨਾਰਾ ਡੇਰਾ ਲਾਇਆ । ਸਿੰਘ ਦਰਸ਼ਨ ਬਣ ਲਿਖਾਰੀ, ਪਿਛਲਾ ਮੂਲ ਚੁਕਾਇਆ । ਪੰਜ ਪਿਆਰੇ ਬਖ਼ਸ਼ੇ ਸੱਚੀ ਸਿਕਦਾਰੀ, ਸਾਚਾ ਤਾਜ ਸੀਸ ਟਿਕਾਇਆ । ਸਤਿਜੁਗ ਤੇਰੀ ਏਕਾ ਇਕੀ ਆਈ ਵਾਰੀ, ਇਕੀ ਸਿਖਾਂ ਬੇੜਾ ਬੰਨੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਝੇੜਾ ਆਪੇ ਮਾਤ ਚੁਕਾਇਆ । ਆਪੇ ਜਗਤ ਪਸਾਰਾ ਕਰ, ਆਪੇ ਵੇਖ ਵਖਾਈਆ । ਆਪੇ ਜੋਤ ਜਲ ਧਾਰਾ ਧਰ, ਆਪੇ ਖਿਚ ਵਿਖਾਈਆ । ਆਪੇ ਤੀਰਥ ਤੱਟਾਂ ਉਤੇ ਵੇਖੇ ਖੜ੍ਹ, ਆਪੇ ਮੁਖ ਭਵਾਈਆ । ਆਪੇ ਗੰਗਾ ਜਮਨਾ ਸੁਰਸਤੀ ਅੰਦਰ ਬੈਠਾ ਵੜ, ਆਪੇ ਬਾਹਰ ਨਿਕਲ ਨੱਠ ਜਾਈਆ । ਆਪੇ ਦੁਰਗਾ ਮੰਤਰ ਰਿਹਾ ਪੜ੍ਹ, ਆਪੇ ਇਸ਼ਟ ਦੇਵ ਅਖਵਾਈਆ । ਆਪੇ ਹਵਨ ਪਵਨ ਰਿਹਾ ਸੜ, ਆਪੇ ਸੁਗੰਧ ਰੂਪ ਹੋ ਜਾਈਆ । ਆਪੇ ਵੇਦ ਸ਼ਾਸਤਰ ਰਿਹਾ ਲੜ, ਆਪੇ ਰਾਵਣ ਲੰਕਾ ਗੜ੍ਹ ਤੁੜਾਈਆ । ਆਪੇ ਬੀਰ ਬੈਤਾਲੇ ਰਿਹਾ ਫੜ, ਆਪੇ ਰੱਖੇ ਹੱਥ ਵਡਿਆਈਆ । ਆਪ ਭਗਤਨ ਲਾਏ ਧੁਰਦਰਗਾਹ ਜੜ੍ਹ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਗੋਬਿੰਦ ਲਿਖਿਆ ਲੇਖ ਸਤਿਜੁਗ

ਇਕੀ ਸਿਖ ਲਏ ਫੜ, ਭਾਰਤ ਖੰਡ ਵੱਜੇ ਵਧਾਈਆ । ਚਾਰੋਂ ਕੁੰਟ ਉਖੇੜੇ ਜੜ੍ਹ, ਬੂਟਾ ਕੋਈ ਰਹਿਣ ਨਾ ਪਾਈਆ । ਕੋਈ ਨਾ ਸਕੇ ਅੱਗੇ ਅੜ੍ਹ, ਸ਼ਸਤਰ ਸ਼ਬਦ ਨਾ ਕੋਈ ਉਠਾਈਆ । ਆਦਿ ਗੁਰ ਜੁਗਾਦਿ ਗੁਰ ਜੁਗ ਜੁਗ ਆਪਣਾ ਘਾੜਣ ਆਪੇ ਘੜ, ਆਪੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰਬੈਣੀ ਨੈਣੀ ਆਪਣੀ ਵਸਤ ਆਪਣੇ ਵਿਚ ਰਖਾਈਆ । ਆਪਣੀ ਵਸਤ ਆਪੇ ਰੱਖ, ਆਪੇ ਲਏ ਕਢਾਈਆ । ਆਪੇ ਕਰਣਹਾਰਾ ਵੱਖ, ਨਾ ਦੂਸਰ ਸੰਗ ਰਖਾਈਆ । ਰਵਦਾਸ ਕਬੀਰਾ ਨਾ ਹੋਏ ਲੱਖ, ਨਾ ਕੱਖੋਂ ਲੱਖ ਬਣਾਈਆ । ਕਬੀਰ ਜੰਜ਼ੀਰ ਨਾ ਕੋਇ ਕਟੇ ਹੋ ਪ੍ਰਤੱਖ, ਗੰਗਾ ਸੀਰ ਨਾ ਰਹੇ ਵਡਿਆਈਆ । ਹਰਿ ਭਾਂਡੇ ਕਰਕੇ ਚਲਿਆ ਸਖ, ਚਰਨ ਚਰਨੋਦਕ ਵਿਚ ਵਹਾਈਆ । ਭਗਤ ਭਗਵੰਤ ਭਗਤੀ ਕਰੇ ਭੱਖ, ਭਗਵਤ ਗੀਤਾ ਰਹੀ ਜਣਾਈਆ । ਪੰਡਤ ਪਾਂਧੇ ਮਾਰਨ ਝੱਖ, ਗਊ ਮੂਤਰ ਰਹੇ ਪਿਆਈਆ । ਗੁਰ ਸੰਜਮ ਰਹੇ ਰੱਖ, ਗਿਆਨ ਗੋਹਝ ਨਾ ਕੋਈ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਾਤ ਜਗਤ ਕਰਾਮਾਤ, ਆਪਣੇ ਹੱਥ ਆਪੇ ਰਹੇ ਖਿਚਾਈਆ ।

## * ੨੯ ਅੱਸੂ ੨੦੧੫ ਬਿਕ੍ਰਮੀ ਅਯੁਧਿਆ ਬ੍ਰਹਮ ਕੁੰਡ ਸਰਜੂ ਨਦੀ ਕੰਢੇ *

ਤ੍ਰੈ ਕਾਲ ਦਰਸੀ ਤ੍ਰੈਗੁਣ ਧਾਰ, ਤ੍ਰੈ ਤ੍ਰੈ ਰੂਪ ਸਮਾਈਆ । ਨਿਰਗੁਣ ਜੋਤੀ ਨੂਰ ਅਪਾਰ, ਸ਼ਬਦੀ ਸ਼ਬਦ ਵਡਿਆਈਆ । ਵਿਸ਼ਨੂੰ ਵਿਸ਼ਨ ਕਰ ਅਕਾਰ, ਵਾਸਤਕ ਰੂਪ ਸਮਾਈਆ । ਤ੍ਰੈ ਤ੍ਰੈ ਮਿਲਿਆ ਵਿਚ ਸੰਸਾਰ, ਤ੍ਰੈ ਤ੍ਰੈ ਦੇਸ਼ਾ ਆਪ ਜਣਾਈਆ । ਪਰਮ ਪੁਰਖ ਸਦਾ ਆਦੇਸਾ, ਸਾਂਤਕ ਸਤਿ ਅਖਵਾਈਆ । ਨਿਰਗੁਣ ਰੂਪ ਨਰ ਨਰੇਸ਼ਾ, ਸਹਿਜ ਸਹਿਜ ਸੁਖਦਾਈਆ । ਬ੍ਰਹਮਾ ਭੇਖ ਖੇਲ ਹਮੇਸ਼ਾ, ਆਦਿ ਅੰਤ ਕਰਾਈਆ । ਸਨਕ ਸੰਤ ਦਏ ਗਣੇਸ਼ਾ, ਸਾਖਯਾਤ ਵਡਿਆਈਆ । ਆਪੇ ਕਰੇ ਵੇਸ ਅਨੇਕਾ, ਅਕਲ ਕਲਾ ਅਖਵਾਈਆ । ਆਪੇ ਹੋਏ ਜਗਤ ਬਬੇਕਾ, ਗਿਆਨ ਗੁਰੂ ਆਪ ਅਖਵਾਈਆ । ਆਪ ਆਪਣੀ ਬਣੇ ਰੇਖਾ, ਆਪੇ ਦਏ ਮਟਾਈਆ । ਆਪੇ ਰੂਪ ਧਾਰੇ ਧਾਰੀ ਕੇਸਾ, ਮੁੱਛ ਦਾੜ੍ਹੀ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕ ਗੁਣ ਗਾਈਆ । ਆਦਿ ਨਾ ਅੰਤ ਹਰਿ ਨਿਰੰਕਾਰ, ਤ੍ਰੈ ਤ੍ਰੈ ਵੇਸ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰੂਪ ਅਪਾਰ, ਆਦਿ ਆਦੀ ਮੇਲ ਮਿਲਾਇੰਦਾ । ਨਿਰਗੁਣ ਨਿਰਗੁਣ ਬੰਨੇ ਧਾਰ, ਨਿਰਗੁਣ ਚਲਤ ਚਲਾਇੰਦਾ । ਸ਼ਬਦੀ ਸ਼ਬਦ ਡੰਕ ਅਪਾਰ, ਸ਼ਬਦੀ ਹੁਕਮ ਸੁਣਾਇੰਦਾ । ਤਖ਼ਤ ਤਾਜ ਬੈਠ ਸੁਲਤਾਨ, ਥਿਰ ਘਰ ਵੇਖ ਵਖਾਇੰਦਾ । ਸ਼ਾਹੋ ਭੂਪ ਹਰਿ ਰਾਜ ਰਾਜਾਨ, ਰਾਮ ਰੂਪ ਆਪ ਹੋ ਜਾਇੰਦਾ । ਆਪੇ ਹੋਏ ਮੰਤਰੀ ਪ੍ਰਧਾਨ, ਆਪ ਆਪਣਾ ਮਾਰਗ ਲਾਇੰਦਾ । ਆਪ ਆਪਣਾ ਫੜ ਨਿਸ਼ਾਨ, ਆਪ ਆਪਣੇ ਧਾਮ ਝੁਲਾਇੰਦਾ । ਆਪ ਆਪਣਾ ਹਰਿ ਦਰਬਾਨ, ਆਪ ਆਪਣਾ ਸੀਸ ਝੁਕਾਇੰਦਾ । ਆਪ ਆਪਣਾ ਦਏ ਫ਼ਰਮਾਣ, ਆਪ ਆਪਣਾ ਹੁਕਮ ਸੁਣਾਇੰਦਾ । ਆਪ ਆਪਣਾ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਫੇਰੀ ਪਾਇੰਦਾ । ਆਪ ਆਪਣਾ ਹੋਏ ਜਾਣੀ ਜਾਣ, ਲੋਕਮਾਤ ਡੇਰਾ ਲਾਇੰਦਾ । ਆਪ ਆਪਣਾ ਬਣ ਵੇਦ ਪੁਰਾਨ, ਆਪ ਆਪਣਾ ਖੇਲ ਖਿਲਾਇੰਦਾ । ਆਪ ਆਪਣਾ ਦੇਵੇ ਦਾਨ, ਗੁਰੂ ਗੁਰ ਰੂਪ ਹੋ ਜਾਇੰਦਾ । ਆਪ ਆਪਣਾ

੬੯੨ ੦੭

ਰੱਖੇ ਮਾਣ, ਸਾਧਾਂ ਸੰਤਾਂ ਇਕ ਧਿਆਨ ਵਖਾਇੰਦਾ । ਆਪ ਆਪਣਾ ਕਰ ਪ੍ਰਧਾਨ, ਆਪ ਆਪਣੀ ਕਲਾ ਚਲਾਇੰਦਾ । ਆਪ ਆਪਣਾ ਵੇਖੇ ਹਾਣੀ ਹਾਣ, ਆਪ ਆਪਣਾ ਆਪ ਪ੍ਰਨਾਇੰਦਾ । ਆਪ ਆਪਣੇ ਬੈਠ ਮਕਾਨ, ਆਪ ਆਪਣਾ ਦਰ ਸੁਹਾਇੰਦਾ । ਆਪ ਆਪਣੀ ਸੁਹਾਏ ਭੂਮਕਾ ਅਸਥਾਨ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਆਦਿ ਪੁਰਖ ਹਰਿ ਮਿਹਰਵਾਨ, ਏਕਾ ਏਕ ਅਖਵਾਇਆ । ਤ੍ਰੈਗੁਣ ਮੇਟੇ ਜਗਤ ਨਿਸ਼ਾਨ, ਤ੍ਰੈ ਤ੍ਰੈ ਸੇਵਾ ਲਾਇਆ । ਤਿੰਨਾਂ ਲੋਕਾਂ ਹੋ ਮਿਹਰਵਾਨ, ਦਾਤਾ ਦਾਨੀ ਝੋਲੀ ਪਾਇਆ । ਰਾਜ ਜੁਗੀਸ਼ਰ ਜਗਤ ਗਿਆਨ, ਨਮੋ ਦੇਵ ਰੂਪ ਸਮਾਇਆ । ਆਦਿ ਸ਼ਕਤ ਖੇਲ ਮਹਾਨ, ਨਾਰੀ ਨਾਰਾ ਰੂਪ ਵਟਾਇਆ । ਨਾ ਕੋਈ ਲਿੰਗ ਨਾ ਕੋਈ ਨਿਸ਼ਾਨ, ਨਾ ਕੋਈ ਚਿੰਨ ਬਣਾਇਆ । ਆਪੇ ਵਸਿਆ ਸਭ ਤੋਂ ਭਿੰਨ, ਘਟ ਘਟ ਮੇਂ ਡੇਰਾ ਲਾਇਆ । ਆਦਿ ਜੁਗਾਦੀ ਜਾਣੇ ਏਕਾ ਗੁਣ, ਗੁਣੀ ਗਹਿੰਦਾ ਆਪ ਅਖਵਾਇਆ । ਖੇਲ ਕਰਾਏ ਖਿੰਨ ਖਿੰਨ, ਵੇਸ ਅਨੇਕਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਇਆ । ਆਦਿ ਪੁਰਖ ਹਰਿ ਕਰਤਾਰ, ਤ੍ਰੈ ਤ੍ਰੈ ਰੰਗ ਰੰਗਾਇਆ । ਏਕਾ ਜੋਤੀ ਕਰ ਉਜਿਆਰ, ਨੂਰੋ ਨੂਰ ਸਮਾਇਆ । ਸ਼ਬਦ ਡੰਕਾ ਅਪਰ ਅਪਾਰ, ਬ੍ਰਹਿਮੰਡਾਂ ਖੰਡਾਂ ਰਿਹਾ ਸੁਣਾਇਆ । ਬ੍ਰਹਮ ਰੂਪ ਕਰ ਪਸਾਰ, ਘਟ ਘਟ ਡੇਰਾ ਲਾਇਆ । ਨਿਹਚਲ ਧਾਮ ਅਗੰਮ ਅਪਾਰ, ਦਿਸ ਕਿਸੇ ਨਾ ਆਇਆ । ਧੁਰਦਰਗਾਹੀ ਸਾਚਾ ਲਾੜ, ਘਰ ਬੈਠਾ ਬੰਕ ਸੁਹਾਇਆ । ਹੱਡ ਮਾਸ ਨਾ ਕੋਈ ਨਾੜੀ ਨਾੜ, ਪੰਜ ਤਤ ਨਾ ਕੋਈ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਇਆ । ਹਰਿ ਰੂਪ ਅਪਾਰ, ਭੇਵ ਕੋਈ ਨਾ ਪਾਇੰਦਾ । ਤ੍ਰੈ ਤ੍ਰੈ ਖੇਲੇ ਖੇਲ ਅਪਾਰ, ਲੇਖਾ ਲਿਖਤ ਨਾ ਕੋਈ ਲਿਖਾਇੰਦਾ । ਅਕਾਲ ਮੂਰਤ ਨਿਰਗੁਣ ਧਾਰ, ਨਿਰਵੈਰ ਆਪ ਅਖਵਾਇੰਦਾ । ਅਜੂਨੀ ਰਹਿਤ ਸਰਬ ਪਸਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਚਲਤ ਚਲਾਇੰਦਾ । ਕਰਨੇਹਾਰ ਹਰਿ ਸਮਰਥ, ਹਰਿ ਹਰਿ ਆਪ ਅਖਵਾਇਆ । ਆਪੇ ਜਾਣੇ ਆਪਣੀ ਵਥ, ਆਪਣੇ ਘਰ ਟਿਕਾਇਆ । ਆਪੇ ਸ਼ਬਦ ਬਾਣੀ ਅਕੱਥਨਾ ਅਕੱਥ ਕਥ ਕਥਨੀ ਨਾ ਕੋਈ ਲਿਖਾਇਆ । ਆਦਿ ਜੁਗਾਦੀ ਚਲਾਏ ਸਾਚੀ ਗਥ, ਨਾਮ ਨਾਮਾ ਇਕ ਵਖਾਇਆ । ਤ੍ਰੈ ਤ੍ਰੈ ਲੋਕਾਂ ਆਪੇ ਦੇਵੇ ਆਪਣਾ ਰਥ, ਰਥ ਰਥਵਾਹੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਕਰੇ ਰੁਸ਼ਨਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅਚੁੱਤ, ਆਪ ਅਖਵਾਇੰਦਾ । ਆਪ ਸੁਹਾਏ ਆਪਣੀ ਰੁੱਤ, ਤ੍ਰੈਗੁਣ ਵੇਸ ਵਟਾਇੰਦਾ । ਪੰਜ ਤਤ ਸੁਹਾਏ ਕਾਇਆ ਰੁੱਤ, ਘਟ ਘਟ ਡੇਰਾ ਲਾਇੰਦਾ । ਪਾਰਬ੍ਰਹਮ ਬ੍ਰਹਮ ਪਿਆ ਫੁੱਟ, ਆਪਣੀ ਧਾਰ ਰਖਾਇੰਦਾ । ਅੰਮ੍ਰਿਤ ਆਪੇ ਆਪਣਾ ਸੁੱਟ, ਹਰ ਘਟ ਤਾਲ ਭਰਾਇੰਦਾ । ਆਪੇ ਚੜ੍ਹਾਏ ਬੈਠਾ ਚੋਟ, ਘਰ ਘਰ ਵਿਚ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਖਲਾਇੰਦਾ । ਜੁਗ ਜੁਗ ਵੇਸ ਹਰਿ ਨਿਰੰਕਾਰ, ਆਪਣਾ ਆਪ ਕਰਾਇਆ । ਆਪੇ ਲੇਖਾ ਲੇਖ ਅਪਾਰ, ਆਪਣਾ ਬੰਧਨ ਪਾਇਆ । ਨਿਰਗੁਣ ਜੋਤੀ ਕਰ ਉਜਿਆਰ, ਨਿਰਗੁਣ ਡੇਰਾ ਲਾਇਆ । ਸਤਿਜੁਗ ਵੇਖੇ ਵਾਰ ਅਠਾਰ, ਤ੍ਰੇਤਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਸਤਿਜੁਗ ਤੇਰਾ ਸਾਚਾ ਰੰਗ, ਹਰਿ ਸਾਚੇ

੬੯੩
੦੭

ਆਪ ਚੜ੍ਹਾਇਆ । ਪਾਰਬ੍ਰਹਮ ਮੰਗੀ ਮੰਗ, ਸੰਤ ਕੁਮਾਰ ਲੇਖ ਲਿਖਾਇਆ । ਏਕਾ ਵੇਖੇ ਹਰਿ ਹਰਿ ਰੰਗ, ਦੂਸਰਾ ਰੰਗ ਨਾ ਕੋਈ ਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪਲੰਘ ਇਕ ਵਿਛਾਇਆ । ਸਤਿ ਰੰਗ ਸੂਤਰ ਧਾਰ, ਹਰਿ ਹਰਿ ਆਪ ਰੂਪ ਵਿਛਾਇਆ । ਬਸਤਰ ਵਿਛੌਣਾ ਅਪਰ ਅਪਾਰ, ਸਤਿ ਸੰਤੋਖ ਵਿਛਾਈਆ । ਸਚ ਸੁੱਚ ਕਰ ਤਿਆਰ, ਤਾਣਾ ਪੇਟਾ ਚਲਾਈਆ । ਲੋਆਂ ਪੁਰੀਆਂ ਵੇਖ ਵਿਚਾਰ, ਆਪਣੀ ਹੱਥੀਂ ਬੰਧਨ ਬੰਧ ਬੰਧਾਈਆ । ਆਪੇ ਬੈਠਾ ਕਰ ਸ਼ਿੰਗਾਰ, ਚੌਦਾਂ ਹੱਟਾਂ ਖੋਲ੍ਹ ਖੁਲ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਵਿਚਾਰ, ਨੇਤਰ ਨੈਣ ਰਹੇ ਉਠਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਖੋਲ੍ਹੇ ਹੱਥੀਂ ਹਾਰ, ਦਰ ਦਵਾਰੇ ਵੇਖ ਵਿਖਾਈਆ । ਗਣ ਗੰਧਰਬ ਸੁਣ ਰਹੇ ਵਿਚਾਰ, ਪੁਸ਼ਪ ਬਰਖ਼ਾ ਰਹੇ ਲਾਈਆ । ਬ੍ਰਹਮਾ ਭੇਵ ਨਾ ਪਾਏ ਕੋਈ ਵਿਚ ਸੰਸਾਰ, ਲੱਖ ਚੁਰਾਸੀ ਦਿਸ ਨਾ ਆਈਆ । ਸੰਤ ਕੁਮਾਰ ਰਿਹਾ ਪੁਕਾਰ, ਏਕਾ ਧਾਮ ਸੁਹਾਈਆ । ਸਰਜੂ ਕਿਨਾਰਾ ਹਰਿ ਗਿਰਧਾਰ, ਲਹਿੰਦੀ ਦਿਸ਼ਾ ਡੇਰਾ ਲਾਈਆ । ਚੜ੍ਹਦੀ ਕੂਟੇ ਪਾਵੇ ਸਾਰ, ਜੋਤੀ ਜੋਤ ਕਰ ਰੁਸ਼ਨਾਈਆ । ਪੂਤ ਸਪੂਤਾ ਸੁਤ ਦੁਲਾਰ, ਮਾਤ ਪਿਤ ਮਿਲੇ ਵਡਿਆਈਆ । ਰਾਮ ਰੂਪ ਹੋ ਕਰਤਾਰ, ਪੰਜ ਤਤ ਕਰੇ ਕੁੜਮਾਈਆ । ਸ਼ਸਤਰ ਬਸਤਰ ਅਪਰ ਅਪਾਰ, ਤੀਰ ਕਮਾਨ ਇਕ ਉਠਾਈਆ । ਹੰਕਾਰ ਵਿਕਾਰੀ ਕਰੇ ਖਵਾਰ, ਗ਼ਰੀਬ ਨਿਮਾਣੇ ਲਏ ਤਰਾਈਆ । ਰਾਵਣ ਨਿਵਾਰੇ ਗੜ੍ਹ ਲੰਕਾ ਹੰਕਾਰ, ਹਨਵੰਤਾ ਸੰਗ ਪੜ੍ਹਾਈਆ । ਤ੍ਰੈ ਤ੍ਰੈ ਵੇਸ ਕਰ ਕਰ ਜਾਏ ਹਾਰ, ਅੰਤਮ ਆਪਣੀ ਪਤਿ ਗਵਾਈਆ । ਧੰਨ ਧੰਨਵੰਤ ਨਾ ਕੋਇ ਸਹਾਰ, ਜਸ ਦਸਰਥ ਕੋਇ ਨਾ ਗਾਈਆ । ਢਹਿ ਢਹਿ ਪਏ ਮਹੱਲ ਮੁਨਾਰ, ਅਚੱਲ ਅਟੱਲ ਰਹਿਣ ਨਾ ਪਾਈਆ । ਆਪ ਆਪ ਵਹਾਏ ਜਲ ਜਲਧਾਰ, ਜਲਧਾਰਾ ਰੂਪ ਸਮਾਈਆ । ਜੁਗ ਜੁਗ ਵੇਸ ਆਪ ਕਰਤਾਰ, ਆਪ ਆਪਣਾ ਰਿਹਾ ਕਰਾਈਆ । ਤ੍ਰੇਤਾ ਤ੍ਰੀਆ ਵੇਸ ਅਪਾਰ, ਹਰਿ ਸਾਚਾ ਆਪ ਕਰਾਈਆ । ਜੋਤੀ ਜਾਮਾ ਧਰ ਧਰ ਭੇਸ, ਆਪ ਆਪਣਾ ਵੇਸ ਵਟਾਈਆ । ਜਗਤ ਅਜੁਧਿਆ ਲੱਗੀ ਮੇਖ, ਭਗਤ ਨਿਸ਼ਾਨਾ ਦਿਸ ਨਾ ਆਇੰਦਾ । ਕਲਜੁਗ ਅੰਤਮ ਨਾਨਕ ਗੁਰ ਹੋ ਦਰਵੇਸ਼, ਦਰ ਦਵਾਰੇ ਫੇਰੀ ਪਾਇੰਦਾ । ਨੇਤਰ ਖੋਲ੍ਹੇ ਦਸ ਦਸਮੇਸ਼, ਆਪ ਆਪਣਾ ਰਾਹ ਵਖਾਇੰਦਾ । ਪਾਰਬ੍ਰਹਮ ਹਰਿ ਬੇਅੰਤ ਤੇਰੇ ਦਰ ਤੇਰੇ ਘਰ ਕਿਸੇ ਨਾ ਚਲੇ ਕੋਈ ਪੇਸ਼, ਆਦਿ ਅੰਤ ਨਾ ਕੋਈ ਜਣਾਇੰਦਾ । ਲੱਭ ਲੱਭ ਥੱਕੇ ਰਿਖੀ ਕੇਸ, ਗਵਰਧਨ ਧਾਰੀ ਮੁਖ ਛੁਪਾਇੰਦਾ । ਦੋ ਜਹਾਨਾਂ ਨਰ ਨਰੇਸ਼, ਨੇਤਰ ਨੈਣ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮ ਅਗੰਮੀ ਧਾਰ, ਨਾਨਕ ਗੋਬਿੰਦ ਕਰ ਪਿਆਰ, ਅੰਤਰ ਮੰਤਰ ਇਕ ਜਣਾਇੰਦਾ । ਨਾਨਕ ਗੁਰ ਸ਼ਬਦ ਸਲਾਹ, ਹਰਿ ਹਰਿ ਆਪ ਜਣਾਈਆ । ਗੋਬਿੰਦ ਗੁਰ ਬਣ ਮਲਾਹ, ਬੇੜਾ ਲਏ ਉਠਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਅੰਤਮ ਬੰਨੇ ਲਏ ਲਗਾਈਆ । ਅਯੁਧਿਆ ਚਰਨ ਛਹਾਏ ਆਪੇ ਆ, ਨਿਹਕਲੰਕਾ ਨਾਉਂ ਰਖਾਈਆ । ਮੰਦਰ ਅੰਦਰ ਕਰੇ ਖ਼ਾਲੀ ਥਾਂ, ਸਚ ਵਸਤ ਰਹੇ ਨਾ ਰਾਈਆ । ਘਰ ਘਰ ਉਡਦੇ ਦਿਸਣ ਕਾਂ, ਪੰਛੀ ਡਾਰ ਨਾ ਕੋਈ ਵਿਖਾਈਆ । ਜਨ ਭਗਤਾਂ ਬਣੇ ਪਿਤਾ ਮਾਂ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਨਾਨਕ ਗੁਰ ਸ਼ਬਦ ਜੈਕਾਰਾ, ਹਰਿ ਹਰਿ ਆਪ ਸੁਣਾਇੰਦਾ । ਪਾਰਬ੍ਰਹਮ ਤੇਰਾ ਭੇਵ ਨਿਆਰਾ, ਤੇਰਾ ਭੇਵ ਕੋਈ ਨਾ ਪਾਇੰਦਾ । ਜੁਗ ਜੁਗ ਕਰੇ ਖੇਲ ਅਪਾਰਾ, ਆਪ ਆਪਣੀ ਸੇਵ ਕਮਾਇੰਦਾ । ਆਦਿ ਅੰਤ ਇਕ

੬੯੪
੦੨

੬੯੫
੦੨

ਅਵਤਾਰਾ, ਸੋ ਪੁਰਖ ਨਿਰੰਜਣ ਨਜ਼ਰੀ ਆਇੰਦਾ । ਏਕਾ ਦਰ ਸੱਚਾ ਦਰਬਾਰਾ, ਘਰ ਸਾਚਾ ਆਪ ਸੁਹਾਇੰਦਾ । ਪ੍ਰਗਟ ਹੋਏ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਵਜਾਏ ਡੰਕਾ ਅਪਰ ਅਪਾਰਾ, ਸ਼ਾਹ ਸੁਲਤਾਨ ਆਪ ਉਠਾਇੰਦਾ । ਜਗਤ ਨਿਸ਼ਾਨਾ ਬੈਠੇ ਵਿਚ ਸੰਸਾਰਾ, ਆਪਣੀ ਧਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਕਿਨਾਰਾ ਇਕ ਵਖਾਇੰਦਾ । ਜਗਤ ਕਿਨਾਰਾ ਕਲਜੁਗ ਘਾਟ, ਹਰਿ ਸਾਚਾ ਵੇਖ ਵਖਾਇੰਦਾ । ਪ੍ਰਗਟ ਹੋ ਨਰ ਅਵਤਾਰ, ਲੋਆਂ ਪੁਰੀਆਂ ਫੇਰਾ ਪਾਇੰਦਾ । ਸਰਬ ਕਲ ਆਪੇ ਸਮਰਥ, ਅਕਲ ਕਲਾ ਹੋ ਜਾਇੰਦਾ । ਸ਼ਬਦ ਚਲਾਏ ਏਕਾ ਰਥ, ਰਥ ਰਥਵਾਹੀ ਆਪ ਦੌੜਾਇੰਦਾ । ਵੇਖ ਵਖਾਏ ਅਠਸਠ, ਤੱਟ ਕਿਨਾਰੇ ਫੋਲ ਫੁਲਾਇੰਦਾ । ਮੰਦਰ ਅੰਦਰ ਵੇਖੇ ਪੂਜਾ ਪਾਠ, ਰਸਨਾ ਜਿਹਵਾ ਕਵਣ ਗੁਣ ਗਾਇੰਦਾ । ਕਵਣ ਜੋਤੀ ਜਗੇ ਲਲਾਟ, ਅੰਧ ਅੰਧੇਰ ਕਵਣ ਮਿਟਾਇੰਦਾ । ਕਵਣ ਕਪਾਟੀ ਬਜ਼ਰ ਗਿਆ ਪਾਟ, ਕਵਣ ਮੁਖ ਭਵਾਇੰਦਾ । ਕਵਣ ਖੁਲ੍ਹੇ ਸਾਚਾ ਹਾਟ, ਕਵਣ ਗੜ੍ਹੀ ਡੇਰਾ ਲਾਇੰਦਾ । ਦਰ ਦਰ ਵੇਖੇ ਖੇਲ ਬਾਜ਼ੀਗਰ ਨਾਟ, ਨੱਟ ਨੱਟੂਆ ਸਵਾਂਗ ਵਰਤਾਇੰਦਾ । ਕੋਇ ਨਾ ਚੜ੍ਹਿਆ ਸਾਚੇ ਘਾਟ, ਜੂਠਾ ਝੂਠਾ ਮਸਤਕ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਗਤ ਸਮਗਰੀ ਇਕ ਅਕਗਰੀ ਇਕ ਅਕਾਲਾ ਦੀਨ ਦਿਆਲਾ ਖੇਲੇ ਖੇਲ ਜਗਤ ਨਿਰਾਲਾ, ਆਪ ਆਪਣੀ ਝੋਲੀ ਪਾਇੰਦਾ । ਜਗਤ ਸਮਗਰੀ ਕਰ ਇਕੱਠ, ਚਰਨ ਕਵਲ ਲਗਾਈਆ । ਵੇਖ ਵਖਾਏ ਅਠਸਠ, ਮੰਦਰ ਅੰਦਰ ਫੇਰਾ ਪਾਈਆ । ਭਗਤ ਭਗਵਾਨਾ ਗਿਆ ਤੁਠ, ਭਗਤਨ ਮੇਲ ਮਿਲਾਈਆ । ਕਲਜੁਗ ਗੇੜੀ ਉਲਟੀ ਲੱਠ, ਧਰਤ ਧਵਲ ਵਡਿਆਈਆ । ਅੰਤਮ ਸਭ ਨੇ ਹੋਣਾ ਭੱਠ, ਨਾਲ ਕੋਈ ਨਾ ਜਾਈਆ । ਨਾ ਕੋਈ ਸਹਾਈ ਅਠਸਠ, ਸਿਰ ਹੱਥ ਨਾ ਕੋਈ ਟਿਕਾਈਆ । ਲੇਖਾ ਚੁੱਕੇ ਮੰਦਰ ਮੱਠ, ਪੂਜਸ ਸਿਲਾ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵੱਥ, ਸਾਚਾ ਸਾਚੀ ਝੋਲੀ ਪਾਈਆ । ਮੁੱਕੇ ਝੇੜਾ ਤੱਟ ਕਿਨਾਰ, ਜਗਤ ਵਿਛੋੜਾ ਪਾਇਆ । ਰਾਮ ਰਾਮਾ ਮਿਲਿਆ ਵਿਚ ਕਰਤਾਰ, ਲੋਕਮਾਤ ਨਾ ਫੇਰਾ ਪਾਇਆ । ਕ੍ਰਿਸ਼ਨਾ ਕਾਹਨਾ ਮੀਤ ਮੁਰਾਰ, ਹਰਿ ਰੰਗ ਰੰਗਣ ਵਿਚ ਸਮਾਇਆ । ਗੁਰ ਨਾਨਕ ਲੇਖਾ ਅਪਰ ਅਪਾਰ, ਲਿਖਿਆ ਲੇਖ ਨਾ ਕਿਸੇ ਮਿਟਾਇਆ । ਗੋਬਿੰਦ ਗੁਰ ਵੇਖੇ ਸਾਚੇ ਘਾਟ, ਹਰਿ ਕਾ ਰੂਪ ਨਾ ਕੋਇ ਜਗਤ ਵਖਾਇਆ । ਦੋ ਜਹਾਨਾਂ ਨੇੜੇ ਵਾਟ, ਏਕਾ ਘਰ ਸੁਹਾਇਆ । ਅੰਤਮ ਕਲ ਆਪਣੇ ਤਟ ਆਪੇ ਉਪਜੇ ਆਪਣਾ ਪੜ ਜਾਏ ਪਾਟ, ਦੂਈ ਦਵੈਤੀ ਪਰਦਾ ਪਾਇਆ । ਲਹਿਣਾ ਦੇਣਾ ਚੁਕਾਏ ਅਠਸਠ, ਆਪਣਾ ਭਾਰ ਆਪ ਉਠਾਇਆ । ਗੁਰਸਿਖਾਂ ਜਨ ਭਗਤਾਂ ਹਰਿ ਸੰਤਾਂ ਮੇਲ ਮਿਲਾਏ ਨੱਠ ਨੱਠ, ਏਕਾ ਇਕੀ ਸਾਚੀ ਸਿਖੀ, ਆਪਣੀ ਹੱਥੀ ਲਿਖੀ, ਗੁਰ ਗੋਬਿੰਦ ਜਲ ਧਾਰ ਗਿਆ ਭੇਟ ਚੜ੍ਹਾਇਆ । ਮਾਣ ਗਵਾਏ ਮੁਨੀ ਰਿਖੀ, ਪੰਡਤ ਪਾਂਧੇ ਜਗਤ ਭੇਖੀ, ਚੋਟੀਆਂ ਮੁੰਨਣ ਵੇਖੋ ਵੇਖੀ, ਚੋਟੀ ਚੜ੍ਹ ਦਰਸ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕੀ ਸਿਖਾਂ ਦੇਵੇ ਜੀਆ ਦਾਨ, ਗੁਰ ਗੋਬਿੰਦ ਵੇਖੇ ਮਾਰ ਧਿਆਨ, ਆਪਣੀ ਹੱਥੀਂ ਜੋ ਗਿਆ ਰੁੜ੍ਹਾਇਆ । ਸਾਚਾ ਮਿਲੇ ਧੁਰ ਫ਼ੁਰਮਾਣ, ਪਵਣ ਪਵਣੀ ਸਾਰੇ ਗਾਣ, ਸੁਣੇ ਸੁਣਾਏ ਗੁਣ ਨਿਧਾਨ, ਧਰਮ ਝੁਲਾਏ ਇਕ ਨਿਸ਼ਾਨ, ਆਪ ਆਪਣਾ ਰੰਗ ਰੰਗਾਇਆ । ਅਮਰਾਪਦ ਗੁਰਮੁਖ ਸਾਚੇ ਸਾਰੇ ਗਾਣ, ਜਿਸ ਜਨ ਸਾਚਾ ਸੰਗ

ਰਖਾਇਆ । ਆਵਣ ਜਾਵਣ ਛੁੱਟਾ ਵਿਚ ਜਹਾਨ, ਜਗਤ ਸਵਾਂਗ ਗੁਰਸਿਖ ਚਰਨਾਂ ਹੇਠ ਦਬਾਇਆ । ਧੁਰ ਦਰਗਾਹੀ ਮਿਲੇ ਇਕ ਮਕਾਨ, ਨਾਤਾ ਛੁੱਟੇ ਪੀਣ ਖਾਣ, ਕੰਨ ਨਾ ਸੁਣੇ ਕੋਈ ਕਾਨ, ਨੇਤਰ ਨਾ ਲਾਇਨ ਕੋਈ ਧਿਆਨ ਬੁੱਧ ਨਾ ਜਾਣੇ ਕੋਈ ਗਿਆਨ, ਮਨ ਨਾ ਦਿਸੇ ਕੋਈ ਸ਼ੈਤਾਨ, ਬ੍ਰਹਮ ਨਾ ਹੋਏ ਤਨ ਪ੍ਰਧਾਨ, ਪਾਰਬ੍ਰਹਮ ਗੁਰਸਿਖ ਆਪ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਖੰਡ ਖੰਡ ਸਚ ਦਵਾਰ, ਇਕ ਸੁਹਾਇਆ ।

## * ੩੦ ਅੱਸੂ ੨੦੧੫ ਬਿਕ੍ਰਮੀ ਗੁਰਦਵਾਰਾ ਗੁਰੂ ਕਾ ਬਾਗ ਕਾਂਸ਼ੀ *

ਅਨਭਵ ਭਗਤ ਭੰਡਾਰ, ਜਗਤ ਗਿਆਨ ਹੱਥ ਨਾ ਆਇਆ । ਭਗਵੰਤ ਸੰਤ ਰੂਪ ਅਪਾਰ, ਨਾ ਕੋਈ ਵੇਖ ਵਖਾਇਆ । ਅਲੱਖ ਅਗੰਮ ਬੇਐਬ ਪਰਵਰਦਿਗਾਰ, ਉਚ ਅਥਾਹ ਅਖਵਾਇਆ । ਨਿਰਗੁਣ ਜੋਤੀ ਕਰ ਉਜਿਆਰ, ਨਿਰਗੁਣ ਰੂਪ ਰਿਹਾ ਸਮਾਇਆ । ਸਤਿਗੁਰ ਰੂਪ ਵਿਚ ਸੰਸਾਰ, ਸਤਿਗੁਰ ਨਾਮ ਧਰਾਇਆ । ਸ਼ਬਦ ਵਿਚੋਲਾ ਅਪਰ ਅਪਾਰ, ਡੰਕਾ ਨਾਮ ਵਜਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਿਮੰਡ ਖੰਡ ਜੇਰਜ ਅੰਡ, ਉਤਭੁਜ ਸੇਤਜ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਵਟਾਇਆ । ਆਦਿ ਪੁਰਖ ਪੁਰਖ ਅਕਾਲਾ, ਏਕਾ ਪੁਰਖ ਅਖਵਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਦਇਆਨਿਧ ਆਪ ਹੋ ਜਾਇੰਦਾ । ਲੋਕਮਾਤ ਬਣ ਦਲਾਲਾ, ਸ਼ਬਦ ਸ਼ਬਦੀ ਵੇਸ ਵਟਾਇੰਦਾ । ਚਲੇ ਚਲਾਏ ਅਵਲੜੀ ਚਾਲਾ, ਅਭੇਵ ਅਭੇਦਾ ਭੇਵ ਕੋਈ ਨਾ ਪਾਇੰਦਾ । ਪੰਜ ਤਤ ਬਣਾਏ ਧਰਮ ਸੱਚੀ ਧਰਮਸਾਲਾ, ਸਚ ਸਿੰਘਾਸਣ ਆਸਣ ਲਾਇੰਦਾ । ਦੀਪਕ ਜੋਤੀ ਕਰ ਉਜਾਲਾ, ਗੁਰ ਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਅਬਿਨਾਸ਼ੀ ਕਰਤਾ ਆਪ ਆਪਣਾ ਵੇਸ ਵਟਾਇੰਦਾ । ਆਪ ਆਪਣਾ ਵੇਸ ਵਟਾਏ, ਹਰਿ ਹਰਿ ਵੱਡੀ ਵਡਿਆਈਆ । ਸਤਿਗੁਰ ਸਾਚਾ ਦਏ ਜਣਾਏ, ਆਪ ਆਪਣੇ ਵਿਚ ਟਿਕਾਈਆ । ਏਕਾ ਜੋਤੀ ਡਗਮਗਾਏ, ਦੂਸਰ ਵਸਤ ਨਾ ਕੋਈ ਰਖਾਈਆ । ਸ਼ਬਦ ਧੁਨ ਨਾਦ ਵਜਾਏ, ਅਨਹਦ ਤਾਰ ਹਿਲਾਈਆ । ਪੰਚਮ ਘਰ ਬਹਿ ਬਹਿ ਗਾਏ, ਸਾਚਾ ਮੰਗਲ ਇਕ ਸੁਣਾਈਆ । ਆਦਿ ਜੁਗਾਦੀ ਖੇਲ ਕਰਾਏ, ਭੇਵ ਕੋਈ ਨਾ ਪਾਈਆ । ਨਾਨਕ ਨਿਰਗੁਣ ਰਿਹਾ ਧਿਆਏ, ਪ੍ਰਭ ਹੱਥ ਵੱਡੀ ਵਡਿਆਈਆ । ਨਿਰਗੁਣ ਮੇਲਾ ਸਹਿਜ ਸੁਭਾਏ, ਘਰ ਸਾਚਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੂਰਤ ਅਕਾਲ ਦੀਨ ਦਿਆਲ, ਬਿਨ ਗੁਰ ਪੂਰੇ ਨਜ਼ਰ ਨਾ ਆਈਆ । ਦੀਨ ਦਿਆਲ ਹਰਿ ਬੇਅੰਤਾ, ਹਰਿ ਹਰਿ ਰੂਪ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇੰਦਾ । ਮੇਲ ਮਿਲਾਵਾ ਸਾਚੇ ਸੰਤਾ, ਆਪ ਆਪਣੀ ਬੂਝ ਬੁਝਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਰੂਪ ਸ਼ਾਹੋ ਭੂਪ ਤਰਾਇੰਦਾ । ਆਦਿ ਪੁਰਖ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਸਤਿਗੁਰ ਰੂਪ ਵਿਚ ਸੰਸਾਰ, ਪੰਜ ਤਤ ਸਮਾਇਆ । ਜਨ ਭਗਤਾਂ ਦੇਵੇ ਨਾਮ ਅਧਾਰ, ਸ਼ਬਦੀ ਡੰਕ ਵਜਾਇਆ । ਮਨਮੁਖ ਸੁੱਤੇ ਪੈਰ ਪਸਾਰ, ਦਿਸ ਕਿਸੇ ਨਾ ਆਇਆ । ਆਪੇ ਵਸਿਆ ਸਭ ਤੋਂ ਬਾਹਰ,

ਹਰ ਘਟ ਬੈਠਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਿਖਾਇਆ । ਨਿਰਗੁਣ ਰੂਪ ਹਰਿ ਅਕੱਲਾ, ਅਕਲ ਕਲਾ ਅਖਵਾਇੰਦਾ । ਸਤਿਗੁਰ ਵੇਖੇ ਪੰਜ ਤਤ ਮਹੱਲਾ, ਆਪ ਆਪਣਾ ਆਸਣ ਲਾਇੰਦਾ । ਜਨ ਭਗਤਾਂ ਦਰਸ ਦਿਖਾਏ ਜਲਾਂ ਥਲਾਂ, ਡੂੰਘੀ ਕੰਦਰ ਫੋਲ ਫੁਲਾਇੰਦਾ । ਮਨਮੁਖਾਂ ਦੂਈ ਦਵੈਤੀ ਮੇਟੇ ਸੱਲਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਆਪੇ ਹੋਏ ਅਛਲ ਅਛੱਲਾ, ਅਛਲ ਅਛੱਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਕਰਤਾ ਕਰਤਾ ਪੁਰਖ ਨਾਉਂ ਧਰਾਇੰਦਾ । ਕਰਤਾ ਪੁਰਖ ਆਦਿ ਨਿਰੰਜਣ, ਹਰਿ ਹਰਿ ਆਪ ਅਖਵਾਇਆ । ਸਤਿਗੁਰ ਪੂਰਾ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਇਆ । ਜਨ ਭਗਤਾਂ ਨੇਤਰ ਪਾਏ ਅੰਜਨ, ਨਾਮ ਨਿਧਾਨਾ ਇਕ ਰਖਾਇਆ । ਮਨਮੁਖ ਜੀਵ ਦਰ ਤੋਂ ਭੱਜਣ, ਦਰ ਦਵਾਰ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਸਾਂਝਾ ਸੱਜਣ, ਲੋਕਮਾਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਸਾਚਾ ਵਰ, ਲੋਕਮਾਤ ਫੇਰਾ ਪਾਇਆ । ਆਦਿ ਪੁਰਖ ਹਰਿ ਅਬਿਨਾਸ਼ਾ, ਏਕਾ ਏਕੰਕਾਰਿਆ । ਸਤਿਗੁਰ ਪੂਰਾ ਵੇਖੇ ਮਾਤ ਤਮਾਸ਼ਾ, ਆਵੇ ਜਾਵੇ ਵਾਰੋ ਵਾਰਿਆ । ਸਾਧਾਂ ਸੰਤਾਂ ਹੋਏ ਦਾਸੀ ਦਾਸਾ, ਸੇਵਕ ਸੇਵਾ ਆਪ ਕਮਾ ਰਿਹਾ । ਮਨਮੁਖਾਂ ਆਏ ਹਾਰ ਪਾਸਾ, ਸਾਚਾ ਦਰ ਨਾ ਕੋਈ ਖੁਲ੍ਹਾ ਰਿਹਾ । ਬ੍ਰਹਿਮੰਡ ਖੰਡ ਪਾਵੇ ਰਾਸਾ, ਮੰਡਲ ਮੰਡਪ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਆਪ ਅਖਵਾ ਰਿਹਾ । ਅਜੂਨੀ ਰਹਿਤ ਆਪ ਕਰਤਾਰ, ਏਕਾ ਏਕ ਨਿਰਾਕਾਰਿਆ । ਸਤਿਗੁਰ ਰੂਪ ਵਿਚ ਸੰਸਾਰ, ਖੇਲ ਅਗੰਮ ਅਪਾਰਿਆ । ਭਗਤੀ ਭਗਤ ਭਗਤ ਅਧਾਰ, ਨਾਮ ਕਰਾਏ ਵਣਜ ਵਣਜਾਰਿਆ । ਮਨਮੁਖਾਂ ਡੋਬੇ ਵਿਚ ਮੰਝਧਾਰ, ਬੇੜਾ ਕੋਇ ਨਾ ਪਾਰ ਕਰਾਇਆ । ਖੇਲੇ ਖੇਲ ਅਪਰ ਅਪਾਰ, ਭੇਦ ਅਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਇਕ ਮਕਾਨ, ਏਕਾ ਏਕ ਰਖਾਇਆ । ਅਜੂਨੀ ਰਹਿਤ ਹਰਿ ਗਿਰਧਾਰਾ, ਹਰਿ ਹਰਿ ਰੂਪ ਸਮਾਇਆ । ਲੋਕਮਾਤ ਕਰ ਉਜਿਆਰਾ, ਸਤਿਗੁਰ ਰੂਪ ਸਮਾਇਆ । ਗੁਰਸਿਖ ਬਹਾਏ ਸਚ ਦਵਾਰਾ, ਆਪ ਆਪਣੀ ਦਇਆ ਕਮਾਇਆ । ਮਨਮੁਖ ਨਾ ਜਾਣੇ ਜੀਵ ਗਵਾਰਾ, ਹਉਮੇ ਹੰਗਤਾ ਗੜ੍ਹ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇਆ । ਹਰਿ ਜੂ ਹਰਿ ਹਰਿ ਵੇਸ ਅਵੱਲਾ, ਹਰਿ ਹਰਿ ਆਪ ਕਰਾਇੰਦਾ । ਸਤਿਗੁਰ ਪੂਰਾ ਇਕ ਇਕੱਲਾ, ਲੋਕਮਾਤ ਵੇਖ ਵਿਖਾਇੰਦਾ । ਜਨ ਭਗਤਾਂ ਜੋਤੀ ਸ਼ਬਦੀ ਰਲਾ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਮਨਮੁਖਾਂ ਪੰਚ ਵਿਕਾਰਾ ਕਰੇ ਹੱਲਾ, ਦਿਵਸ ਰੈਣ ਸਤਾਇੰਦਾ । ਵਸਿਆ ਨਿਹਚਲ ਧਾਮ ਅਟੱਲਾ, ਅਗੰਮ ਅਗੋਚਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਦਾਤਾ ਬੇਪਰਵਾਹ, ਏਕਾ ਏਕ ਅਖਵਾਇਆ । ਸਤਿਗੁਰ ਪੂਰਾ ਬਣ ਮਲਾਹ, ਲੋਕਮਾਤ ਉਠ ਧਾਇਆ । ਗੁਰਮੁਖਾਂ ਦੱਸੇ ਸਾਚਾ ਰਾਹ, ਨਾਮ ਮੰਤਰ ਇਕ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਨ ਰੰਗ ਚੜ੍ਹਾਇਆ । ਏਕਾ ਰੰਗ ਅਕਾਲ ਮੂਰਤ, ਆਪਣਾ ਆਪ ਚੜ੍ਹਾਈਆ । ਸ਼ਬਦ ਅਨਾਦੀ ਸਾਚੀ ਤੂਰਤ, ਧੁਰਦਰਗਾਹੀ ਆਪ ਵਜਾਈਆ । ਸਤਿਗੁਰ ਪੂਰਾ ਨਾਤਾ ਤੋੜੇ ਕੂੜੋ ਕੂੜਤ, ਸੁੱਚ ਸੰਜਮ ਮੇਲ ਮਿਲਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਤ, ਦੇ ਮਤ ਗਿਆਨ ਸਮਝਾਈਆ ।

ਜਿਸ ਜਨ ਬਖ਼ਸ਼ੇ ਚਰਨ ਧੂੜਤ, ਦੁਰਮਤ ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਕਰਤਾ ਸਤਿਗੁਰ ਪੂਰਾ ਦੇਵੇ ਮਾਤ ਵਡਿਆਈਆ । ਸਤਿਗੁਰ ਪੂਰਾ ਸਤਿ ਸਰੂਪ, ਹਰਿ ਹਰਿ ਆਪ ਅਖਵਾਇੰਦਾ । ਰਾਜਨ ਰਾਜ ਸ਼ਾਹੋ ਭੂਪ, ਥਿਰ ਘਰ ਡੇਰਾ ਲਾਇੰਦਾ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਧਾਰ ਚਲਾਇੰਦਾ । ਜੁਗ ਜੁਗ ਧਾਰ ਹਰਿ ਕਰਤਾਰ, ਆਪਣੀ ਆਪ ਚਲਾਈਆ । ਸਤਿਜੁਗ ਤ੍ਰੇਤਾ ਪਾਰ ਕਿਨਾਰ, ਦੁਆਪਰ ਵੇਖ ਵਖਾਈਆ । ਰਾਮਾ ਕ੍ਰਿਸ਼ਨਾ ਰੂਪ ਅਪਾਰ, ਰੂਪ ਅਨੂਪ ਦਰਸਾਈਆ । ਕਲਜੁਗ ਤੇਰੀ ਕਾਲੀ ਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਨਕ ਗੁਰ ਗੁਰ ਅਵਤਾਰ, ਆਪ ਆਪਣੀ ਜੋਤ ਜਗਾਈਆ । ਬ੍ਰਹਮ ਬ੍ਰਹਮ ਕਰੇ ਪਿਆਰ, ਪਾਰਬ੍ਰਹਮ ਸਮਾਈਆ । ਨਾਰੀ ਕੰਤ ਹਰਿ ਭਤਾਰ, ਸਚ ਸੁੱਚ ਪੜ੍ਹਾਈਆ । ਮਾਇਆ ਪਾਇਆ ਹਰਿ ਹਰਿ ਨਿਰੰਕਾਰ, ਏਕਾ ਅੰਕ ਸਮਾਈਆ । ਨਾਮ ਸਤਿ ਲਏ ਅਧਾਰ, ਲੋਕਮਾਤ ਵੱਜੀ ਵਧਾਈਆ । ਲੱਖ ਚੁਰਾਸੀ ਪਾਵੇ ਸਾਰ, ਜੀਵਾਂ ਜੰਤਾਂ ਮਿਲੇ ਜਣਾਈਆ । ਹਉਮੇ ਹੰਗਤਾ ਤੋੜ ਹੰਕਾਰ, ਸਾਚੀ ਸੰਗਤਾ ਲਏ ਬਣਾਈਆ । ਵੇਖੇ ਵੇਖ ਕਰ ਵਿਚਾਰ, ਨਦਰੀ ਨਦਰ ਆਪ ਕਰਾਈਆ । ਕਰਮਾਂ ਕਰਮ ਰਿਹਾ ਵਿਚਾਰ, ਕਰਤਾ ਪੁਰਖ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਨਾਨਕ ਨਿਰਗੁਣ ਰੂਪ ਸਮਾਈਆ । ਨਾਨਕ ਵਰ ਘਰ ਹਰਿ ਹਰਿ ਪਾਇਆ, ਸਾਚੀ ਵੱਜੀ ਵਧਾਈਆ । ਸਾਚੀ ਸਖੀਆਂ ਮੰਗਲ ਗਾਇਆ, ਸਾਚਾ ਢੋਲਾ ਇਕ ਸੁਣਾਈਆ । ਸਾਚੇ ਦਰ ਡੇਰਾ ਲਾਇਆ, ਏਕਾ ਦੂਜਾ ਭੌ ਚੁਕਾਈਆ । ਅਕਾਲ ਪੁਰਖ ਪ੍ਰਭ ਨਜ਼ਰੀ ਆਇਆ, ਜੋਤੀ ਨੂਰੋ ਨੂਰ ਸਮਾਈਆ । ਨਾਨਕ ਨਿਰਗੁਣ ਦਰਸ਼ਨ ਪਾਇਆ, ਸੋਹੰ ਰਸਨਾ ਗਾਈਆ । ਏਕਾ ਚੋਲੀ ਰੰਗ ਰੰਗਾਇਆ, ਪੰਜ ਤਤ ਨਾ ਕੋਈ ਹੰਢਾਈਆ । ਅੰਦਰ ਮੰਦਰ ਹਰਿ ਬਹਾਇਆ, ਅੱਠੇ ਪਹਿਰ ਸਮਾਈਆ । ਏਕਾ ਡੇਰਾ ਸਚਾ ਲਾਇਆ, ਵਿਛੜ ਕਦੇ ਨਾ ਜਾਈਆ । ਏਕਾ ਰਸਨਾ ਏਕਾ ਗੁਣ ਗਾਇਆ, ਏਕਾ ਵੱਜੀ ਵਧਾਈਆ । ਏਕਾ ਅੰਗਦ ਅੰਗ ਲਗਾਇਆ, ਅੰਗੀਕਾਰ ਆਪ ਹੋ ਜਾਈਆ । ਏਕਾ ਅਮਰ ਨਿਥਾਵਾਂ ਪਾਰ ਕਰਾਇਆ, ਅਮਰਾਪਦ ਸਮਾਈਆ । ਰਾਮਦਾਸ ਸਿਰ ਹੱਥ ਟਿਕਾਇਆ, ਘਰ ਸਾਚੇ ਰਿਹਾ ਜਗਾਈਆ । ਗੁਰ ਅਰਜਨ ਲੇਖਾ ਆਪ ਲਿਖਾਇਆ, ਗਿਆਨ ਬੋਧ ਬੋਧ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਵਸਿਆ ਏਕਾ ਘਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਗੁਰ ਹਰਿ ਹਰਿ ਗਾਏ, ਰਸਨਾ ਨਾਮ ਵਖਾਨਿਆ । ਨਾਨਕ ਨਿਰਗੁਣ ਨਜ਼ਰੀ ਆਏ, ਚਲੇ ਚਲਾਏ ਆਪਣੇ ਭਾਣਿਆ । ਏਕਾ ਦੂਜਾ ਭੇਸ ਵਟਾਇਆ, ਤੀਜੇ ਚੌਥੇ ਡੇਰਾ ਲਾਏ ਪਾਰਬ੍ਰਹਮ ਆਪ ਪਛਾਣਿਆਂ । ਪੰਚਮ ਸਾਚੀ ਬਾਣੀ ਗਾਏ, ਉਪਜੇ ਰਾਗ ਧੁਨ ਤਰਾਨਿਆਂ । ਲੇਖਾ ਲਿਖਤ ਆਪ ਲਿਖਾਏ, ਆਪ ਸੁਣਾਏ ਧੁਰ ਫ਼ਰਮਾਣਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਵਸਿਆ ਏਕਾ ਘਰ, ਪੰਚਮ ਮੇਲਾ ਸਹਿਜ ਸੁਭਾਈਆ । ਸਤਿਗੁਰ ਪੂਰਾ ਹਰਿ ਸਮਰਥ, ਏਕਾ ਇਕ ਅਖਵਾਇੰਦਾ । ਗੁਰਮੁਖਾਂ ਰੱਖੇ ਦੇ ਕਰ ਹੱਥ, ਆਪਣੀ ਦਇਆ ਕਮਾਇੰਦਾ । ਸਗਲ ਵਸੂਰੇ ਜਾਇਣ ਲੱਥ, ਜੋ ਨੇਤਰ ਲੋਚਣ ਦਰਸ ਪਾਇੰਦਾ । ਸ਼ਬਦ ਜਣਾਈ ਕਾਇਆ ਮੰਦਰ ਕਥਨੀ ਕਥਾ ਕਥ, ਕਥਾ ਆਪ ਸੁਣਾਇੰਦਾ । ਨਾਮ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਪੰਚ ਵਿਕਾਰਾ ਦੇਵੇ ਮਥ, ਜਿਸ ਸਿਰ ਹੱਥ ਆਪ ਟਿਕਾਇੰਦਾ ।

੬੯੮
੦੨

ਆਵਣ ਜਾਵਣ ਲੱਖ ਚੁਰਾਸੀ ਧਰਮ ਰਾਏ ਗੇੜਾ ਪਾਏ ਭੱਠ, ਦੋ ਜਹਾਨਾਂ ਪੰਧ ਮੁਕਾਇੰਦਾ । ਗੁਰਮੁਖਾਂ ਮੇਲਾ ਨੱਠ ਨੱਠ, ਆਦਿ ਜੁਗਾਦੀ ਜੁਗ ਜੁਗ ਵੇਸ ਵਟਾਇੰਦਾ । ਸ਼ਬਦ ਬ੍ਰਿਹਿਮਾਦੀ ਇਕ ਰਖਾਏ ਸਾਚੇ ਰਥ, ਚਰਨ ਕਵਲ ਧਿਆਨ ਲਗਾਇੰਦਾ । ਲੇਖੇ ਲੱਗੇ ਜੋਗ ਅਭਿਆਸ, ਮੰਤਰ ਗਿਆਨ ਧਿਆਨ ਇਸ਼ਨਾਨ ਪੂਜਾ ਪਾਠ, ਜਿਸ ਜਨ ਆਪਣੀ ਗੋਦ ਉਠਾਇੰਦਾ । ਕਲਜੁਗ ਕੂੜ ਕੁੜਿਆਰਾ ਮਾਰੇ ਠਾਠ, ਮਾਇਆ ਮਮਤਾ ਧਾਰ ਵਹਾਇੰਦਾ । ਸਤਿ ਸੰਤੋਖ ਅੰਤਮ ਮੋਖ ਨਾ ਦਿਸੇ ਕਿਸੇ ਤੀਰਥ ਤੱਟ, ਪੰਡਤ ਪਾਂਧਾ ਨਾ ਕੋਈ ਪਾਰ ਕਰਾਇੰਦਾ । ਮਨ ਮਤਵਾਲਾ ਫੇਰੀ ਉਲਟੀ ਲੱਠ, ਬੁੱਧ ਬਬੇਕ ਨਾ ਕੋਈ ਵਿਖਾਇੰਦਾ । ਜਿਸ ਜਨ ਸਤਿਗੁਰ ਪੂਰਾ ਲੋਕਮਾਤ ਲਏ ਰੱਖ, ਏਕ ਏਕ ਏਕਾ ਨੇਤਰ ਗਿਆਨ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਨਾਲੋਂ ਕਰੇ ਵੱਖ, ਆਪਣਾ ਦਰਸ ਦਿਖਾਇੰਦਾ । ਨਾਨਕ ਗੋਬਿੰਦ ਪ੍ਰਗਟ ਹੋਏ ਦਰਸ ਦਿਖਾਏ ਆਪ ਪ੍ਰਤੱਖ, ਪ੍ਰੀਖਿਆ ਵਿਚ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੋਬਿੰਦ ਦੇਵੇ ਸਾਚਾ ਵਰ, ਨਾਨਕ ਸੋਹੇ ਬੰਕ ਦਵਾਰ, ਸੰਬਲ ਨਗਰ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਹੰ ਸਾਚਾ ਡੰਕ ਵਜਾਇੰਦਾ । ਸੋ ਪੁਰਖ ਨਿਰੰਜਣ ਆਪ ਕਰਤਾਰ, ਨਾਨਕ ਨਿਰਗੁਣ ਆਪ ਰਸਨਾ ਗਾਇਆ । ਹਉਮੇ ਹੰਗਤਾ ਦੇਵੇ ਮਾਰ, ਜਿਸ ਜਨ ਆਪਣਾ ਦਰ ਬੁਝਾਇਆ । ਜਨ ਭਗਤਾਂ ਦਰ ਹੋਏ ਮੰਗਤਾ, ਜੁਗ ਜੁਗ ਫੇਰੀ ਪਾਇਆ । ਗੁਰਸਿਖ ਮਿਲਾਏ ਜਿਉਂ ਨਾਨਕ ਅੰਗਦ, ਆਪ ਆਪਣੇ ਗਲੇ ਲਗਾਇਆ । ਧੁਰਦਰਗਾਹੀ ਮਜੀਠੀ ਰੰਗ, ਚੋਲੀ ਨਾਮ ਰੰਗ ਦੋ ਜਹਾਨ ਉਤਰ ਨਾ ਜਾਇਆ । ਔਂਦਾ ਜਾਂਦਾ ਕਦੇ ਨਾ ਸੰਗਦਾ, ਲੋਕ ਲੱਜਿਆ ਨਾ ਕੋਈ ਰਖਾਇਆ । ਲੇਖਾ ਚੁਕਾਏ ਭੇਖ ਪਖੰਡ ਦਾ, ਕੂੜੀ ਕਿਰਿਆ ਦਏ ਮਟਾਇਆ । ਨਾਨਕ ਦਵਾਰ ਗੁਰੂ ਬਾਗ ਸਚ ਸਿੰਘਾਸਣ ਅਕਾਲ ਪੁਰਖ ਅਜੂਨੀ ਰਹਿਤ ਕਰਤੇ ਪੁਰਖ ਸਰਬੰਗ ਦਾ, ਸਰਬ ਘਟ ਵੇਖੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਡਤ ਪਾਂਧਾ ਬਣ ਹੰਕਾਰ, ਸੁਕਰ ਦ੍ਰਿਸ਼ਟੀ ਦਏ ਵਿਚਾਰ, ਗਿਆਨ ਰੂਪ ਪੰਜ ਤਤ ਅਕਾਰ, ਸਤਿ ਸਰੂਪ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵੇਸ ਅਨੇਕ ਆਪ ਕਰਾਇਆ ।

## * ੩੦ ਅੱਸੂ ੨੦੧੫ ਬਿਕ੍ਰਮੀ ਵਿਸ਼ਵ ਨਾਥ ਮੰਦਰ ਕਾਸ਼ੀ *

ਮਾਤ ਗਰਭ ਦਸ ਦਸ ਮਾਸ, ਹਰਿ ਹਰਿ ਆਸ ਰਖਾਈਆ । ਆਏ ਬਾਹਰ ਜਗਤ ਪਿਆਸ, ਤ੍ਰਿਸ਼ਨਾ ਹੋਏ ਹਲਕਾਈਆ । ਨਾਤਾ ਜੁੜਿਆ ਰਸਨ ਸਵਾਸ, ਰਾਮਾ ਨਾਮ ਭੁਲਾਈਆ । ਮਾਤ ਪਿਤਾ ਘਰ ਕਰਿਆ ਵਾਸ, ਬੰਧਨ ਜਗਤ ਬੰਧਾਈਆ । ਹੋਇਆ ਵਿਛੋੜਾ ਪੁਰਖ ਅਬਿਨਾਸ਼, ਮਾਤਲੋਕ ਵਡਿਆਈਆ । ਸਚ ਵਸਤ ਨਾ ਕਿਸੇ ਪਾਸ, ਜਗਤ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਲ ਬਾਲਾ ਵੇਖ ਵਖਾਈਆ । ਬਾਲ ਅਵਸਥਾ ਹੋ ਪਰਧਾਨ, ਜਗਤ ਜੁਗ ਵਡਿਆਈਆ । ਪੰਜ ਤਤ ਨੌਜਵਾਨ, ਪੰਜ ਤਤ ਕੁੜਮਾਈਆ । ਪੰਚਮ ਮੀਤ ਹੋਏ ਸ਼ੈਤਾਨ, ਪੰਚਮ ਮੋਹ ਬੰਧਾਈਆ । ਪੰਚਮ ਰੂਪ ਹਰਿ ਪ੍ਰਧਾਨ, ਪੰਚਮ ਰਿਹਾ ਗਾਈਆ । ਜੂਠਾ ਝੂਠਾ ਫੜ ਨਿਸ਼ਾਨ, ਧਰਤ ਧਵਲ ਰਹੇ ਝੁਲਾਈਆ । ਉਚੇ ਮੰਦਰ ਵੇਖ ਮਕਾਨ, ਭੁੱਲਿਆ ਹਰਿ ਰਘੁਰਾਈਆ । ਮਾਇਆ ਮਮਤਾ ਖੋਲ੍ਹ ਦੁਕਾਨ, ਆਪ ਆਪਣਾ ਰਹੇ ਲੁਟਾਈਆ ।

ਰਸਨਾ ਜਿਹਵਾ ਪੀਣ ਖਾਣ, ਤ੍ਰਿਸ਼ਨਾ ਭੁੱਖ ਵਧਾਈਆ । ਭਰਮੇ ਭੁੱਲੇ ਜੀਵ ਨਿਧਾਨ, ਭਰਮ ਗੜ੍ਹ ਨਾ ਕੋਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਤਤ ਬੈਠਾ ਡੇਰਾ ਲਾਈਆ । ਪੰਜ ਪੰਜੀ ਕਰ ਪਿਆਰ, ਪੰਚਮ ਮੇਲ ਮਿਲਾਇੰਦਾ । ਮਨ ਬੁੱਧ ਕਰ ਤਿਆਰ, ਮਤੀ ਮੱਤ ਸਮਝਾਇੰਦਾ । ਨੌਂ ਦਵਾਰੇ ਖੋਲ੍ਹ ਕਵਾੜ, ਦਰ ਦਰਵਾਜ਼ੇ ਵੇਖ ਵਖਾਇੰਦਾ । ਦਸਮ ਮਹੱਲ ਉਚ ਮੁਨਾਰ, ਘਰ ਘਰ ਵਿਚ ਆਪ ਟਿਕਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਦੀਪਕ ਦੀਆ ਇਕ ਰਖਾਇੰਦਾ । ਸ਼ਬਦੀ ਧੁੰਨ ਅਪਰ ਅਪਾਰ, ਆਤਮ ਧੁੰਨ ਅਲਾਇੰਦਾ । ਪੰਚਮ ਗਾਏ ਵਾਰੋ ਵਾਰ, ਪੰਚਮ ਮੀਤਾ ਆਪ ਹੋ ਜਾਇੰਦਾ । ਨੇਤਰ ਨੈਣ ਖੋਲ੍ਹ ਕਿਵਾੜ, ਆਪ ਆਪਣਾ ਰਾਹ ਵਿਖਾਇੰਦਾ । ਸੁਖਮਨ ਨਾੜੀ ਡੂੰਘੀ ਗਾਰ, ਟੇਢੀ ਬੰਕ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਇੰਦਾ । ਜਗਤ ਬੰਧਨ ਹਰਿ ਹਰਿ ਪਾਇਆ, ਭੇਵ ਕੋਈ ਨਾ ਪਾਇੰਦਾ । ਪੰਜ ਤਤ ਜੋੜ ਜੁੜਾਇਆ, ਹੱਡ ਮਾਸ ਨਾੜੀ ਰੱਤ ਵੇਖ ਵਿਖਾਇੰਦਾ । ਭੈਣ ਭਾਈ ਸਾਕ ਸੈਣ ਕੁਟੰਭ ਬਣਾਇਆ, ਨਾਰੀ ਕੰਤ ਮੇਲ ਮਿਲਾਇੰਦਾ । ਧੀਆਂ ਪੁੱਤਰ ਦਏ ਵਡਿਆਇਆ, ਮਾਇਆ ਮੋਹ ਅਖਵਾਇੰਦਾ । ਆਪ ਆਪਣਾ ਰਾਹ ਭੁਲਾਇਆ, ਝੂਠੇ ਧੰਦੇ ਸਰਬ ਲਗਾਇੰਦਾ । ਕਲਜੁਗ ਕੂੜਾ ਕੁੜਿਆਰਾ ਡੰਕਾ ਰਿਹਾ ਵਜਾਇਆ, ਆਪਣਾ ਡੌਰੂ ਆਪ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਚਲਾਇੰਦਾ । ਆਤਮ ਲਿਵ ਛੁਟਾ ਨਾਤਾ, ਧਰਤ ਧਵਲ ਸੁਹਾਇੰਦਾ । ਭੁਲਿਆ ਦਰ ਪੁਰਖ ਬਿਧਾਤਾ, ਨਾਭੀ ਕਵਲ ਨਾ ਕੋਈ ਭਵਾਇੰਦਾ । ਅਨਹਦ ਮਿਲੀ ਨਾ ਸਾਚੀ ਗਾਥਾ, ਜਗਤ ਰਾਗ ਚਿਤ ਲੁਭਾਇੰਦਾ । ਮਿਲਿਆ ਮੇਲ ਨਾ ਸਾਚੇ ਨਾਥਾ, ਜਗਤ ਅਨਾਥਾ ਆਪ ਸਤਾਇੰਦਾ । ਜਗਤ ਵਿਕਾਰਾ ਮਾਰੇ ਠਾਠਾ, ਡੂੰਘੀ ਧਾਰ ਵਹਾਇੰਦਾ । ਹਰਿ ਕਾ ਸ਼ਬਦ ਨਾ ਪਾਇਆ ਕਰ ਕਰ ਥੱਕੇ ਪੂਜਾ ਪਾਠਾ, ਪੂਜਾ ਪਾਠ ਨਾ ਕੋਈ ਵਖਾਇੰਦਾ । ਅੱਠ ਅਠੋਤਰੀ ਫੇਰੀ ਮਾਲਾ ਵੇਖ ਵਖਾਏ ਅਠਸਾਠਾ, ਤੀਰਥ ਤੱਟ ਕਿਨਾਰਾ ਡੇਰਾ ਲਾਇੰਦਾ । ਚੌਦਾਂ ਲੋਕ ਖੋਲ੍ਹ ਹਾਟਾ, ਨੱਟ ਨਟੂਆ ਰਾਹ ਚਲਾਇੰਦਾ । ਬਿਨ ਹਰਿ ਨਾਮੇ ਕੋਈ ਨਾ ਕਰੇ ਪੂਰਾ ਘਾਟਾ, ਲਹਿਣਾ ਲਹਿਣਾ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਤਰ ਸ਼ਬਦ ਗਿਆਨ, ਏਕਾ ਨੇਤਰ ਇਕ ਧਿਆਨ, ਨਾਨਕ ਗੁਰ ਦ੍ਰਿੜਾਇੰਦਾ । ਨਾਨਕ ਗੁਰ ਸ਼ਬਦ ਸੰਦੇਸ਼ਾ, ਲੋਕਮਾਤ ਸੁਣਾਇਆ । ਪੰਜ ਤਤ ਕਰ ਪ੍ਰਵੇਸਾ, ਸਾਚਾ ਡੰਕ ਵਜਾਇਆ । ਆਪੇ ਵੇਖੇ ਧਾਰੀ ਕੇਸਾ, ਗੋਬਿੰਦ ਰੂਪ ਵਟਾਇਆ । ਆਪੇ ਹੋਏ ਦਸ ਦਸਮੇਸਾ, ਦਹਿ ਦਿਸ਼ਾ ਫੇਰੀ ਪਾਇਆ । ਆਪੇ ਹੋਏ ਨਰ ਨਰੇਸ਼ਾ, ਸਾਚੇ ਤਖ਼ਤ ਸਿੰਘਾਸਣ ਆਸਣ ਲਾਇਆ । ਆਪੇ ਵੇਖੇ ਗਣਪਤ ਗਣੇਸ਼ਾ, ਬ੍ਰਹਮਾ ਵਿਸ਼ਨ ਸ਼ਿਵ ਸੀਸ ਰਹੇ ਝੁਕਾਇਆ । ਸਤਿ ਪੁਰਖ ਸਦਾ ਆਦੇਸ਼ਾ, ਘਰ ਸਾਚਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਜਪਾਇਆ । ਨਾਮ ਮੰਤਰ ਸਤਿ ਕਰਤਾਰ, ਸ੍ਰਿਸ਼ਟ ਸਬਾਈ ਜਣਾਇੰਦਾ । ਦਾਤਾ ਦਾਨੀ ਧੁਰ ਦਰਬਾਰ, ਆਪ ਆਪਣਾ ਕਰਮ ਕਮਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰ, ਅਤੋਟ ਅਤੁਟ ਰਖਾਇੰਦਾ । ਜਗਤ ਜੁਗਤੀ ਰੱਖੇ ਆਪਣੇ ਹੱਥ ਕਰਤਾਰ, ਭੇਵ ਕੋਇ ਨਾ ਪਾਇੰਦਾ । ਜੀਵ ਜੰਤ ਕਰਨ ਵਿਚਾਰ, ਜੀਅ ਦਾਨ ਨਾ ਕੋਈ ਕਰਾਇੰਦਾ । ਸੰਤ ਭਗਤ ਭਗਵੰਤ ਮੇਲ ਅਪਾਰ, ਕਾਇਆ ਖੇੜਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਬੀਜੇ ਸਾਚੇ ਘਰ,

੭੦੦ ੦੨

ਆਪਣਾ ਵਤ ਰਖਾਇੰਦਾ । ਨਾਮ ਵਤ ਸ਼ਬਦ ਕਿਆਰੀ, ਹਰਿ ਹਰਿ ਆਪ ਉਪਾਈਆ । ਬੀਜੇ ਬੀਜ ਅਗੰਮ ਅਪਾਰੀ, ਫੁੱਲ ਫੁਲਵਾੜੀ ਵੇਖ ਵਿਖਾਈਆ । ਕਿਰਪਾ ਕਰ ਨਾਨਕ ਨਿਰੰਕਾਰੀ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਘਰ ਘਰ ਵੇਖੇ ਸਹਿਜ ਸੁਬਾਈਆ । ਨਾਮ ਅਨਮੋਲ ਸਰਬ ਗੁਣਵੰਤਾ, ਹਰਿ ਹਰਿ ਆਪ ਰਖਾਇਆ । ਕਰ ਕਿਰਪਾ ਦੇਵੇ ਸਾਚੇ ਸੰਤਾ, ਜੋ ਜਨ ਮੰਗਣ ਆਇਆ । ਮੇਲ ਮਿਲਾਵਾ ਨਾਰੀ ਕੰਤਾ, ਸੁਰਤੀ ਸ਼ਬਦੀ ਮੇਲ ਮਿਲਾਇਆ । ਤੋੜੇ ਗੜ੍ਹ ਹਉਮੇ ਹੰਗਤਾ, ਨਿਰਗੁਣ ਨਿਰਗੁਣ ਵੇਖ ਵਖਾਇਆ । ਚੋਲੀ ਰੰਗਣ ਆਪੇ ਰੰਗਦਾ, ਨਾਮ ਮਜੀਠੀ ਇਕ ਚੜ੍ਹਾਇਆ । ਨੌਂ ਦਵਾਰੇ ਆਪ ਲੰਘਦਾ, ਦਸਮ ਦਵਾਰੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਦਸਮ ਦਵਾਰੀ ਖੋਲ੍ਹ ਦਰਵਾਜ਼ਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸ਼ਬਦ ਸਿੰਘਾਸਣ ਬੈਠ ਗ਼ਰੀਬ ਨਿਵਾਜ਼ਾ, ਆਪ ਆਪਣਾ ਰੂਪ ਦਰਸਾਇਆ । ਜਨ ਭਗਤਾਂ ਮਾਰੇ ਅਨਹਦ ਵਾਜਾਂ, ਧੁਨੀ ਨਾਦ ਸੁਣਾਈਆ । ਏਕਾ ਰੱਖੇ ਅਸਵ ਤਾਜਾ, ਚਾਰੋਂ ਕੁੰਟ ਰਿਹਾ ਦੁੜਾਈਆ । ਪੂਰਬ ਪੱਛਮ ਉਤਰ ਦੱਖਣ ਖੇਲੇ ਖੇਲ ਰਚਿਆ ਕਾਜਾ, ਵੇਖਣਹਾਰ ਦਿਸ ਨਾ ਆਈਆ । ਨਾਮ ਚਲਾਇਆ ਸਚ ਜਹਾਜਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਸਾਚੇ ਮੰਦਰ ਸੱਜਣ ਸਾਚੇ ਲਏ ਮਿਲਾਈਆ । ਸਾਚਾ ਮੰਦਰ ਸਚ ਟਿਕਾਣਾ, ਹਰਿ ਹਰਿ ਆਪ ਸੁਹਾਇਆ । ਸ਼ਬਦੀ ਸ਼ਬਦ ਧੁਰ ਫ਼ਰਮਾਣਾ, ਏਕਾ ਏਕ ਗਾਇਆ । ਅਗੰਮ ਅਗੰਮੜਾ ਗਾਏ ਏਕਾ ਗਾਣਾ, ਏਕਾ ਤਾਲ ਵਜਾਇਆ । ਇਕ ਵਿਖਾਏ ਪਦ ਨਿਰਬਾਣਾ, ਦੂਜਾ ਧਾਮ ਨਾ ਕੋਈ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਲਾ ਆਪਣੇ ਦਰ, ਦਰ ਸਾਚਾ ਆਪ ਸੁਹਾਇਆ । ਸਤਿਨਾਮ ਜਗਤ ਵਡਿਆਈ, ਨਾਨਕ ਗੁਰ ਜਣਾਈਆ । ਸੋਹੰ ਸ਼ਬਦ ਰਸਨਾ ਰਹੇ ਗਾਈ, ਆਪ ਆਪਣਾ ਵਿਚ ਟਿਕਾਈਆ । ਏਕਾ ਦੂਜਾ ਭੇਵ ਚੁਕਾਈ, ਤੀਜੇ ਨੈਣ ਮੇਲ ਮਿਲਾਈਆ । ਚੌਥੇ ਘਰ ਵੱਜੇ ਵਧਾਈ, ਸਤਿ ਸਤਿ ਵੱਡੀ ਵਡਿਆਈਆ । ਪੰਚਮ ਮੇਲਾ ਚਾਈਂ ਚਾਈਂ, ਚਾਤ੍ਰਿਕ ਤ੍ਰਿਖਾ ਬੁਝਾਈਆ । ਛੇਵੇਂ ਛੱਪਰ ਛੰਨ ਨਾ ਕੋਈ ਰਖਾਈ, ਥਿਰ ਘਰ ਬੈਠਾ ਆਸਣ ਲਾਈਆ । ਸਤਵੇਂ ਸਤਿ ਪੁਰਖ ਨਿਰੰਜਣ ਖੇਲ ਰਚਾਈ, ਅਜੂਨੀ ਰਹਿਤ ਅਨਭਵ ਪ੍ਰਕਾਸ਼ ਇਕ ਵਖਾਈਆ । ਨਿਰਗੁਣ ਜੋਤ ਕਰੇ ਰੁਸ਼ਨਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਜਗਤ ਤ੍ਰਿਸ਼ਨਾ ਮਾਤ ਗਰਭ ਜਮ ਕੀ ਫਾਸੀ ਲੱਖ ਚੁਰਾਸੀ ਦਏ ਮਿਟਾਈਆ ।

### * ਪਹਿਲੀ ਕੱਤਕ ੨੦੧੫ ਬਿਕ੍ਰਮੀ ਗੁਰਦਵਾਰਾ ਹਰਿਮੰਦਰ ਸਾਹਿਬ ਪਟਨਾ ਸਾਹਿਬ ਜਨਮ ਅਸਥਾਨ *

ਆਦਿ ਪੁਰਖ ਹਰਿ ਨਿਰੰਕਾਰ, ਏਕ ਏਕ ਅਖਵਾਇੰਦਾ । ਜੋਤੀ ਨੂਰ ਕਰ ਉਜਿਆਰ, ਜੁਗ ਜੁਗ ਵੇਸ ਵਟਾਇੰਦਾ । ਅਗੰਮ ਅਗੰਮੜਾ ਖੇਲ ਅਪਾਰ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰੰਜਣ ਨਾਮ ਧਰਾਇੰਦਾ । ਆਦਿ ਪੁਰਖ ਹਰਿ ਅਬਿਨਾਸ਼, ਏਕਾ ਆਪ ਅਖਵਾਇਆ । ਜੁਗ ਜੁਗ ਵੇਖਣ ਆਏ ਜਗਤ ਤਮਾਸ਼, ਗੁਰ ਗੋਬਿੰਦ ਨਾਉਂ ਰਖਾਇਆ । ਕਰੇ ਖੇਲ ਪ੍ਰਿਥਮੀ

ਆਕਾਸ਼, ਗਗਨ ਮੰਡਲ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਵਖਾਇਆ । ਪਾਰਬ੍ਰਹਮ ਹਰਿ ਬੇਅੰਤਾ, ਆਦਿਨ ਅੰਤਾ ਇਕ ਅਵਤਾਰਿਆ । ਗੁਰਮੁਖ ਵੇਖੇ ਸਾਚੇ ਸੰਤਾ, ਸੁਹਾਏ ਬੰਕ ਦਵਾਰਿਆ । ਆਦਿ ਜੁਗਾਦੀ ਮਹਿਮਾ ਅਗਣਤਾ, ਮਹਿਮਾ ਅਗਣਤ ਲੇਖਾ ਲਿਖਤ ਵਿਚ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾ ਰਿਹਾ । ਗੋਬਿੰਦ ਮੀਤ ਹਰਿ ਕਰਤਾਰ, ਲੋਕਮਾਤ ਕਰੇ ਰੁਸ਼ਨਾਈਆ । ਗੋਬਿੰਦ ਮੇਲਾ ਗੁਰਮੁਖ ਸਾਚੇ ਲਏ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਏਕਾ ਦੇਵੇ ਨਾਮ ਆਧਾਰ, ਨਾਨਕ ਮੰਤਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਈਆ । ਆਦਿ ਪੁਰਖ ਦੀਨ ਦਿਆਲਾ, ਏਕਾ ਨੂਰ ਸੁਹਾਇਆ । ਜਗੀ ਜੋਤ ਇਕ ਅਕਾਲਾ, ਦਹਿ ਦਿਸ਼ਾ ਵੇਖ ਵਖਾਇਆ । ਦੀਪਕ ਜੋਤੀ ਏਕਾ ਬਾਲਾ, ਅਗਿਆਨ ਅੰਧੇਰ ਮਿਟਾਇਆ । ਜਨ ਭਗਤਾਂ ਤੋੜਣ ਆਇਆ ਜਗਤ ਜੰਜਾਲਾ, ਅੰਮ੍ਰਿਤ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਇਆ । ਹਰਿ ਸੱਜਣ ਹਰਿ ਮੀਤੜਾ, ਏਕਾ ਏਕੰਕਾਰ । ਜੁਗ ਜੁਗ ਜਨ ਭਗਤਾਂ ਵਸੇ ਕਾਇਆ ਚੋਲੀ ਚੀਥੜਾ, ਨਾ ਸਕੇ ਖੇਲੇ ਖੇਲ ਅਪਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਦਿਸ ਨਾ ਆਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਦਿਤਾ ਵਰ, ਗੁਰ ਗੋਬਿੰਦ ਖੇਲ ਅਪਾਰ । ਗੋਬਿੰਦ ਗੁਰ ਗੁਰ ਕਰਤਾਰ, ਹਰਿ ਹਰਿ ਆਪ ਅਖਵਾਇਆ । ਪੰਜ ਤਤ ਕਰ ਪਿਆਰ, ਮਾਤਲੋਕ ਜਨਮ ਦਵਾਇਆ । ਨਾਮ ਖੰਡਾ ਤੇਜ ਕਟਾਰ, ਆਪ ਆਪਣਾ ਹੱਥ ਫੜਾਇਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਇਆ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਾਇਆ । ਨਾਉਂ ਧਰ ਹਰਿ ਅਪਾਰ, ਗੋਬਿੰਦ ਸਿੰਘ ਵਡਿਆਈਆ । ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣੇ ਹੱਥ ਉਠਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਦੇਵੇ ਵਡ ਵਡਿਆਈਆ । ਅਚਰਜ ਰੀਤਾ ਇਕ ਅਪਾਰ, ਆਪਣੀ ਆਪ ਚਲਾਈਆ । ਜਨ ਭਗਤਾਂ ਮੇਲਾ ਵਿਚ ਸੰਸਾਰ, ਮਾਇਆ ਮੋਹ ਚੁਕਾਈਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਝੂਠਾ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਿਤੀ ਮਾਤ ਵਡਿਆਈਆ । ਗੋਬਿੰਦ ਗੁਰ ਦੀਨ ਦਿਆਲ, ਏਕ ਏਕ ਅਖਵਾਇਆ । ਗੁਰਮੁਖ ਵੇਖੇ ਸਾਚੇ ਲਾਲ, ਆਪ ਆਪਣਾ ਵੇਸ ਵਟਾਇਆ । ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਸਿਰ ਹੱਥ ਟਿਕਾਇਆ । ਸ਼ਬਦ ਬਣਾਏ ਇਕ ਦਲਾਲ, ਨਾਮ ਮੰਤਰ ਇਕ ਪੜ੍ਹਾਇਆ । ਗੁਰਮੁਖਾਂ ਤੋੜੇ ਜਗਤ ਜੰਜਾਲ, ਵੇਲੇ ਅੰਤਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਵਖਾਏ ਸਾਚਾ ਘਰ, ਹਰਿ ਸ਼ਬਦ ਨਾਮ ਧਰਾਇਆ । ਗੋਬਿੰਦ ਗੁਰ ਸ਼ਬਦ ਜਣਾਈ, ਲੋਕਮਾਤ ਜੈਕਾਰਿਆ । ਫਤਿਹ ਡੰਕਾ ਗਿਆ ਵਜਾਈ, ਸੁਣੇ ਸਰਬ ਸੰਸਾਰਿਆ । ਰਾਓ ਰੰਕਾਂ ਰਿਹਾ ਸਮਝਾਈ, ਕਲਜੁਗ ਅੰਤਮ ਹੋਏ ਅੰਧ ਅੰਧਿਆਰਿਆ । ਨਿਰਗੁਣ ਜੋਤ ਹੋਏ ਰੁਸ਼ਨਾਈ, ਲੋਕਮਾਤ ਲਏ ਅਵਤਾਰਿਆ । ਨੀਲੇ ਵਾਲਾ ਆਵੇ ਸਾਚਾ ਮਾਹੀ, ਖੇਲੇ ਖੇਲ ਅਗੰਮ ਅਪਾਰਿਆ । ਜੂਠੀ ਝੂਠੀ ਮੇਟੇ ਸ਼ਾਹੀ, ਸਚ ਧਰਮ ਕਰੇ ਜੈਕਾਰਿਆ । ਗੁਰਮੁਖ ਉਠਾਏ ਫੜ ਫੜ ਬਾਹੀਂ, ਜੋ ਡੁੱਬੇ ਮੰਝਧਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਚ ਸਿੰਘਾਸਣ ਇਕ ਸੁਹਾ ਰਿਹਾ । ਸੂਰਬੀਰ ਵਡ ਬਲਵਾਨ, ਹਰਿ ਗੋਬਿੰਦ ਨਾਮ ਧਰਾਇਆ । ਧਰਮ ਝੁਲਾਏ ਜਗਤ ਨਿਸ਼ਾਨ, ਆਪਣਾ ਲੇਖਾ ਆਪ ਲਿਖਾਇਆ । ਸੰਬਲ ਨਗਰੀ ਧਾਮ ਮਕਾਨ, ਅੰਤਮ ਡੇਰਾ ਲਏ ਲਗਾਇਆ । ਹਰਿ ਸ਼ਬਦ ਚਿਲਾ ਤੀਰ ਕਮਾਨ, ਏਕਾ ਖੰਡਾ ਦਏ ਚਮਕਾਇਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਸਿੰਘ ਸਿੰਘ ਇਕ ਅਖਵਾਇਆ । ਗੋਬਿੰਦ ਸਿੰਘ ਸਚ ਸਿਕਦਾਰਾ, ਦੋ ਜਹਾਨਾਂ ਆਪ ਅਖਵਾਇੰਦਾ । ਮਿਲਿਆ ਮੇਲ ਮੀਤ ਮੁਰਾਰਾ, ਏਕਾ ਰੰਗ ਰੰਗਾਇੰਦਾ । ਪੰਜ ਤਤ ਕਰੇ ਵਿਚਾਰਾ, ਵਿਛੜਿਆ ਸੰਸਾਰਾ ਸ਼ਬਦੀ ਸ਼ਬਦ ਉਪਾਇੰਦਾ । ਜੋਤੀ ਨੂਰ ਕਰ ਉਜਿਆਰਾ, ਲੋਕਮਾਤ ਵੇਖ ਵਖਾਇੰਦਾ । ਲੱਖ ਚੁਰਾਸੀ ਤੋੜੇ ਗੜ੍ਹ ਹੰਕਾਰਾ, ਅੰਦਰ ਵੜ ਵੜ ਮੁਖ ਵਖਾਇੰਦਾ । ਭੇਖ ਪਖੰਡਾ ਪਾਰ ਕਿਨਾਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਚ ਸੁੱਚ ਕਰੇ ਵਿਹਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਏਕਾ ਗੁਰ ਇਕ ਅਵਤਾਰਾ, ਅਕਾਲ ਪੁਰਖ ਆਪ ਅਖਵਾਇੰਦਾ । ਨਾ ਕੋਈ ਦੂਸਰ ਦਏ ਸਹਾਰਾ, ਨਾ ਕੋਈ ਪਾਰ ਕਰਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਧਾਮ ਅਵੱਲਾ, ਗੁਰ ਗੋਬਿੰਦ ਮੀਤਾ ਇਕ ਇਕੱਲਾ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਸਿੰਘਾਸਣ, ਹਰਿ ਮੰਦਰ ਆਪ ਉਪਾਇਆ । ਆਪੇ ਬੈਠ ਪੁਰਖ ਅਬਿਨਾਸ਼ਣ, ਗੁਰ ਗੋਬਿੰਦ ਮੇਲ ਮਿਲਾਇਆ । ਸਾਚਾ ਸ਼ਾਹੋ ਸ਼ਾਹ ਸ਼ਾਬਾਸ਼ਣ, ਗੁਰਮੁਖਾਂ ਵੇਖਣ ਆਇਆ । ਹਰਿ ਸ਼ਬਦ ਹੋਏ ਦਾਸੀ ਦਾਸਨ, ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਅੰਦਰ ਹਰਿਸੰਗਤ ਸਤਿਗੁਰ ਦਰ ਆਈ ਮੰਗਤ, ਨਾਮ ਭਿਛਿਆ ਪੂਰੀ ਕਰੇ ਇਛਿਆ, ਦਹਿ ਦਿਸ਼ਾ ਵੇਖ ਵਖਾਇਆ ।

## * ੨ ਕੱਤਕ ੨੦੧੫ ਬਿਕ੍ਰਮੀ ਗੁਰਦਵਾਰਾ ਗੁਰੂ ਕਾ ਬਾਗ ਪਟਨਾ ਸਹਿਬ *

ਪੁਰਖ ਅਕਾਲ ਅਕਲ ਕਲ ਧਾਰ, ਲੋਕਮਾਤ ਪ੍ਰਵਰਿਓ । ਜੋਤੀ ਨੂਰ ਜਲਵਾ ਜਲਾਲ, ਪਾਰਬ੍ਰਹਮ ਹਰਿ ਕਰਿਓ । ਅਬਿਨਾਸ਼ੀ ਪੁਰਖ ਖੇਲ ਕਮਾਲ, ਰੂਪ ਅਨੂਪ ਸਤਿ ਸਰੂਪ ਧਰਿਓ । ਸ਼ਬਦ ਗੁਰ ਬਣ ਦਲਾਲ, ਆਪ ਆਪਣਾ ਆਪੇ ਵਰਿਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਕਰਿਓ । ਅਕਾਲ ਪੁਰਖ ਮੂਰਤ ਅਕਾਲ, ਆਪਣੀ ਕਲ ਵਰਤਾਈਆ । ਆਪਣੀ ਕਰ ਆਪ ਪ੍ਰਿਤਪਾਲ, ਪਰਮ ਪੁਰਖ ਅਖਵਾਈਆ । ਆਪਣੀ ਵੇਖ ਵਸਿਆ ਧਰਮਸਾਲ, ਧਰਮ ਦਵਾਰੇ ਬੈਠਾ ਡੇਰਾ ਲਾਈਆ । ਆਪਣੀ ਕਰਨੀ ਆਪਣੀ ਚਲੇ ਚਾਲ, ਜੁਗ ਜੁਗ ਵੇਸ ਵਟਾਈਆ । ਆਪਣੀ ਜੋਤ ਆਪਣੀ ਜੋਤੀ ਆਪੇ ਬਾਲ, ਆਪ ਕਰੇ ਰੁਸ਼ਨਾਈਆ । ਆਪਣਾ ਵਰਨ ਆਪਣੀ ਗੋਤੀ ਆਪੇ ਪਾਲ, ਆਪ ਆਪਣਾ ਬੰਧ ਬੰਧਾਈਆ । ਆਪਣਾ ਸ਼ਬਦ ਆਪਣੀ ਸੋਟੀ ਆਪ ਸੰਭਾਲ, ਆਪੇ ਲਏ ਉਠਾਈਆ । ਆਪਣੇ ਘਰ ਆਪਣੀ ਜੋਤੀ ਆਪੇ ਬਾਲ, ਆਪ ਕਰੇ ਰੁਸ਼ਨਾਈਆ । ਆਪਣੇ ਘਰ ਆਪਣੀ ਚੋਟੀ ਸ਼ਾਹ ਕੰਗਾਲ, ਆਪੇ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ


੭੦੩
੦੭

ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪ ਅਖਵਾਈਆ । ਨਰ ਨਰਾਇਣ ਹਰਿ ਭਗਵਾਨਾ, ਭਗਵਨ ਵੇਸ ਵਟਾਇਆ । ਜੋਤੀ ਸ਼ਬਦੀ ਸਚ ਤਰਾਨਾ, ਦੋ ਜਹਾਨਾਂ ਮੇਲ ਮਿਲਾਇਆ । ਬ੍ਰਹਿਮੰਡ ਖੰਡ ਖੇਲ ਖਿਲਾਣਾ, ਭੇਵ ਅਭੇਦ ਭੇਵ ਛੁਪਾਇਆ । ਲੋਕਮਾਤ ਕਰ ਧਿਆਨਾ, ਆਪ ਆਪਣਾ ਵੇਸ ਵਟਾਇਆ । ਸ਼ਬਦ ਗੁਰ ਵਡ ਬਲਵਾਨਾ, ਗੋਬਿੰਦ ਨਾਉਂ ਰਖਾਇਆ । ਹਰਿ ਮੰਦਰ ਅੰਦਰ ਨਾ ਕੋਈ ਪਚਾਣਾ, ਜਗਤ ਨੇਤਰ ਬੰਦ ਕਰਾਇਆ । ਬਾਲ ਬਾਲਾ ਖੇਲ ਮਹਾਨਾ, ਚਰਨ ਕਵਲ ਛੁਹਾਇਆ । ਤੀਰਥ ਤੱਟ ਘਾਟ ਵਖਾਨਾ, ਘਟ ਘਟ ਡੇਰਾ ਲਾਇਆ । ਬਾਗ ਬਗੀਚਾ ਸਗਲ ਜਹਾਨਾ, ਮਾਲਕ ਮਾਲੀ ਆਪ ਹੋ ਜਾਇਆ । ਲੱਖ ਚੁਰਾਸੀ ਵੇਖੇ ਜਗਤ ਦੁਕਾਨਾ, ਪੰਜ ਤਤ ਬੰਦੀਖ਼ਾਨਾ ਇਕ ਬਣਾਇਆ । ਦੀਪਕ ਜੋਤ ਨਾ ਕੋਈ ਜਗਾਣਾ, ਘਰ ਘਰ ਤੇਲ ਬਾਤੀ ਰਹੇ ਟਿਕਾਇਆ ।ਅੰਮ੍ਰਿਤ ਜਲ ਨਾ ਕਿਸੇ ਵਖਾਣਾ, ਜਗਤ ਸਰੋਵਰ ਰਹੇ ਭਰਾਇਆ । ਅਮਰਾਪਦ ਨਾ ਕੋਈ ਪਾਣਾ, ਪੜ੍ਹ ਪੜ੍ਹ ਸੰਤ ਹੋਏ ਹਲਕਾਇਆ । ਅਨਹਦ ਰਾਗ ਨਾ ਸੁਣਿਆ ਸਾਚਾ ਗਾਣਾ, ਜਗਤ ਤਾਲ ਰਹੇ ਵਜਾਇਆ । ਪਾਇਆ ਦਰਸ ਨਾ ਹਰਿ ਭਗਵਾਨਾ, ਗੁਰਦਰ ਮੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਰੂਪ ਧਰ, ਸ਼ਬਦ ਸ਼ਬਦੀ ਜਨਮ ਦਵਾਇਆ । ਸ਼ਬਦ ਗੁਰ ਸ਼ਬਦ ਦਸਮੇਸ਼, ਸ਼ਬਦ ਵੱਜੀ ਵਧਾਈਆ । ਸ਼ਬਦ ਮੁੱਛ ਦਾੜ੍ਹੀ ਸ਼ਬਦ ਕੇਸ, ਸ਼ਬਦ ਬਸਤਰ ਸ਼ਸਤਰ ਚੋਲਾ ਤਨ ਸਜਾਈਆ । ਸ਼ਬਦ ਖੰਡਾ ਰਹੇ ਹਮੇਸ਼, ਸ਼ਬਦ ਗਾਤਰੇ ਆਪ ਲਟਕਾਈਆ । ਸ਼ਬਦ ਕੜਾ ਰਿਹਾ ਵੇਖ, ਸ਼ਬਦ ਕਰਨੀ ਕਿਰਤ ਕਮਾਈਆ । ਸ਼ਬਦ ਕੰਘਾ ਸਚ ਨਰੇਸ਼, ਸੀਸ ਜਗਦੀਸ਼ ਬੈਠਾ ਆਸਣ ਲਾਈਆ । ਸ਼ਬਦ ਕੱਛ ਹੋ ਪ੍ਰਵੇਸ਼, ਧੀਰਜ ਯਤ ਸਤਿ ਧਰਾਈਆ । ਗੁਰ ਗੋਬਿੰਦ ਕਰੇ ਆਦੇਸ਼, ਪੁਰਖ ਅਕਾਲ ਮਨਾਈਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਨੇਤਰ ਇਕ ਖੁਲ੍ਹਾਈਆ । ਵੇਖ ਵਖਾਏ ਗਣਪਤ ਗਣੇਸ਼, ਸ਼ਿਵ ਸ਼ੰਕਰ ਪੂਜ ਪੁਜਾਈਆ । ਬ੍ਰਹਮਾ ਵਿਸ਼ਨੂੰ ਆਦਿ ਸ਼ਕਤ ਹਮੇਸ਼, ਦਰ ਦਰ ਸੀਸ ਝੁਕਾਈਆ । ਗਵਰਧਨ ਧਾਰ ਰਿਖੀ ਕੇਸ਼, ਜਗਤ ਜੁਗੀਸ਼ਰ ਫੋਲ ਫੁਲਾਈਆ । ਰਾਮ ਰਮਈਆ ਸੰਤ ਸੰਦੇਸ਼, ਸੁਰਤੀ ਸੁਰਤ ਸੁਣਾਈਆ । ਥਿਰ ਘਰ ਬੈਠਾ ਖੇਲੇ ਖੇਲ ਕਰ ਕਰ ਵੇਸ, ਵੇਸ ਅਨੇਕਾ ਆਪ ਕਰਾਈਆ । ਕਲਜੁਗ ਅੰਤਮ ਜੋਤ ਜਗਾਏ ਮਾਝੇ ਦੇਸ, ਸੰਬਲ ਨਗਰ ਡੇਰਾ ਲਾਈਆ । ਪਟ ਪਟਨਾ ਵੇਖੇ ਆਪਣੇ ਨੇਤਰ ਆਪੇ ਪੇਖ, ਘਰ ਮੰਦਰ ਖੋਜ ਖੁਜਾਈਆ । ਲਿਖਣਹਾਰਾ ਸਾਚੇ ਲੇਖ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਉਪਾਈਆ । ਸ਼ਬਦ ਗੁਰ ਹਰਿ ਬਲਵਾਨ, ਏਕਾ ਏਕ ਉਪਾਇੰਦਾ । ਸ਼ਬਦ ਚਿੱਲਾ ਤੀਰ ਕਮਾਨ, ਸ਼ਬਦ ਸ਼ਬਦੀ ਹੱਥ ਉਠਾਇੰਦਾ । ਸ਼ਬਦ ਖੰਡਾ ਸ਼ਬਦ ਮਿਆਨ, ਸ਼ਬਦ ਗਾਤਰੇ ਆਪ ਲਟਕਾਇੰਦਾ । ਸ਼ਬਦ ਭੱਥਾ ਹਰਿ ਮਿਹਰਬਾਨ, ਸ਼ਬਦ ਸ਼ਬਦੀ ਭਾਰ ਉਠਾਇੰਦਾ । ਸ਼ਬਦ ਮਾਰੇ ਇਕ ਨਿਸ਼ਾਨ, ਸ਼ਬਦੀ ਚਿੱਲਾ ਆਪ ਚਲਾਇੰਦਾ । ਸ਼ਬਦ ਸ਼ਬਦੀ ਖੇਲੇ ਦੋ ਜਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਸ਼ਬਦ ਰਾਜਾ ਸ਼ਬਦ ਰਾਜਾਨ, ਸ਼ਬਦ ਸ਼ਾਹ ਸੁਲਤਾਨ ਅਖਵਾਇੰਦਾ । ਸ਼ਬਦ ਤਖ਼ਤ ਸ਼ਬਦ ਸੁਲਤਾਨ, ਸ਼ਬਦ ਤਾਜ ਸੀਸ ਟਿਕਾਇੰਦਾ । ਸ਼ਬਦ ਦਾਤਾ ਸ਼ਬਦ ਜੀਅ ਸ਼ਬਦ ਦਾਨ, ਸ਼ਬਦ ਸ਼ਬਦੀ ਝੋਲੀ ਪਾਇੰਦਾ । ਸ਼ਬਦ ਗੋਪੀ ਸ਼ਬਦ ਕਾਹਨ, ਸ਼ਬਦ ਮੰਡਲ ਸ਼ਬਦ ਰਾਸ, ਸ਼ਬਦ ਧਾਮ ਸੁਹਾਇੰਦਾ । ਸ਼ਬਦ ਸੀਤਾ ਸ਼ਬਦ ਰਾਮ, ਸ਼ਬਦ ਪੂਜਾ ਦੋ ਜਹਾਨ, ਸ਼ਬਦ ਸ਼ਬਦੀ ਆਪ ਕਰਾਇੰਦਾ । ਸ਼ਬਦ ਬ੍ਰਹਮਾ ਸ਼ਬਦ

੭੦੪ ੦੭

ਵਿਸ਼ਨੂੰ ਸ਼ਬਦ ਮਹੇਸ਼ ਸ਼ਬਦ ਗਨੇਸ਼, ਸ਼ਬਦ ਸ਼ਬਦੀ ਸੇਵਾ ਲਾਇੰਦਾ । ਸ਼ਬਦ ਪੁਰਖ ਸ਼ਬਦ ਨਰੇਸ਼, ਸ਼ਬਦ ਸ਼ਬਦੀ ਵੇਖ ਵਿਖਾਇੰਦਾ । ਸ਼ਬਦ ਸਤਿ ਸ਼ਬਦ ਅਸਤਿ ਸ਼ਬਦ ਮਨ ਸ਼ਬਦ ਮੱਤ ਸ਼ਬਦ ਨਾਉਂ ਸ਼ਬਦ ਰੱਤ, ਸ਼ਬਦ ਸ਼ਬਦੀ ਇਕ ਬੂੰਦ ਉਪਾਇੰਦਾ । ਸ਼ਬਦ ਤੀਰ ਸ਼ਬਦ ਹੱਥ, ਸ਼ਬਦ ਸ਼ਬਦੀ ਖੇਲ ਸਮਰਥ, ਸ਼ਬਦ ਸ਼ਬਦੀ ਜੋੜ ਜੁੜਾਇੰਦਾ । ਸ਼ਬਦ ਦਵਾਰ ਨੌਂ ਇਕੱਠ, ਸ਼ਬਦ ਸ਼ਬਦੀ ਸਾਚਾ ਹੱਠ, ਸ਼ਬਦ ਸ਼ਬਦੀ ਆਪ ਉਪਾਇੰਦਾ । ਸ਼ਬਦ ਦਵਾਰ ਦਸਮ ਘਰ ਬਾਰ, ਸ਼ਬਦ ਕਿਵਾੜ ਆਪ ਲਗਾਇੰਦਾ । ਸ਼ਬਦ ਜੋਤ ਅਗੰਮ ਅਪਾਰ, ਸ਼ਬਦ ਧੁਨ ਸੱਚੀ ਧੁਨਕਾਰ, ਸ਼ਬਦ ਨਾਦੀ ਨਾਦ ਵਜਾਇੰਦਾ । ਸ਼ਬਦ ਕਵਲ ਸ਼ਬਦ ਪਿਆਰ, ਸ਼ਬਦ ਧਵਲ ਸ਼ਬਦ ਉਸਾਰ, ਸ਼ਬਦ ਆਕਾਸ਼ ਪਰਕਾਸ਼ ਵਿਖਾਇੰਦਾ । ਸ਼ਬਦ ਮਾਇਆ ਸ਼ਬਦ ਛਾਇਆ ਸ਼ਬਦ ਹੋਏ ਰੂਪ ਵਟਾਇਆ, ਸ਼ਬਦ ਤ੍ਰਿਸ਼ਨਾ ਭੁੱਖ ਉਪਾਇੰਦਾ । ਸ਼ਬਦ ਪਿਤਾ ਸ਼ਬਦ ਮਾਇਆ, ਸ਼ਬਦ ਜਨਨੀ ਜਨ ਜਾਇਆ, ਸ਼ਬਦ ਗੋਦੀ ਆਪ ਟਿਕਾਇੰਦਾ । ਸ਼ਬਦ ਦਾਈ ਸ਼ਬਦ ਦਾਇਆ, ਸ਼ਬਦ ਘਰ ਮੰਗਲ ਗਾਇਆ, ਸ਼ਬਦ ਵਧਾਈ ਸ਼ਬਦ ਵਜਾਇੰਦਾ । ਸ਼ਬਦ ਸਗਨ ਸ਼ਬਦ ਮਨਾਇਆ, ਸ਼ਬਦ ਕੰਗਨ ਸ਼ਬਦ ਬਣਾਇਆ, ਸ਼ਬਦ ਰੰਗਣ ਸ਼ਬਦ ਚੜ੍ਹਾਇਆ, ਸ਼ਬਦ ਸ਼ਬਦੀ ਵੇਖ ਵਿਖਾਇੰਦਾ । ਸ਼ਬਦ ਜੋੜਾ ਸ਼ਬਦ ਘੋੜਾ ਸ਼ਬਦ ਗੁਰ ਆਪੇ ਬੌਹੜਾ, ਸ਼ਬਦ ਸ਼ਬਦੀ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇੰਦਾ । ਸ਼ਬਦ ਗੁਰ ਸ਼ਬਦ ਦਾਤਾਰ, ਹਰਿ ਸ਼ਬਦ ਵੱਡੀ ਵਡਿਆਈਆ । ਸ਼ਬਦ ਨਾਮ ਸ਼ਬਦ ਭੰਡਾਰ, ਸ਼ਬਦ ਰਿਹਾ ਵਰਤਾਈਆ । ਸ਼ਬਦ ਬੰਕ ਸ਼ਬਦ ਦਵਾਰ, ਹਰਿ ਸ਼ਬਦ ਰਿਹਾ ਸੁਹਾਈਆ । ਸ਼ਬਦ ਰੂਪ ਸ਼ਬਦ ਕਰਤਾਰ, ਸ਼ਬਦ ਭੂਪ ਸਹਾਈਆ । ਸ਼ਬਦ ਸ਼ਾਹ ਸ਼ਬਦ ਸਿਕਦਾਰ, ਸ਼ਬਦ ਰਾਜ ਕਮਾਈਆ । ਸ਼ਬਦ ਜੋਗ ਸ਼ਬਦ ਭੋਗ ਸ਼ਬਦ ਵਿਹਾਰ, ਹਰਿ ਸ਼ਬਦੀ ਸ਼ਬਦ ਕਮਾਈਆ । ਸ਼ਬਦ ਮੀਤ ਸ਼ਬਦ ਮੁਰਾਰ, ਸ਼ਬਦ ਗੀਤ ਸੁਹਾਗੀ ਗਾਈਆ । ਸ਼ਬਦ ਕੰਤ ਸ਼ਬਦ ਨਾਰ, ਸ਼ਬਦ ਸ਼ਬਦੀ ਸੇਜ ਹੰਢਾਈਆ । ਸ਼ਬਦ ਸੁਤ ਸ਼ਬਦ ਦੁਲਾਰ, ਸ਼ਬਦ ਲਾਲ ਲਾਲਨ ਨਾਉਂ ਰਖਾਈਆ । ਸ਼ਬਦ ਰੁੱਤ ਸ਼ਬਦ ਬਹਾਰ, ਸ਼ਬਦ ਫੁਲ ਫੁਲਵਾੜੀ ਆਪ ਉਗਾਈਆ । ਸ਼ਬਦ ਰੂਪ ਸ਼ਬਦ ਸੰਸਾਰ, ਸ਼ਬਦ ਤ੍ਰੈਗੁਣ ਬਣਤ ਬਣਾਈਆ । ਸ਼ਬਦ ਤਤ ਸ਼ਬਦ ਪਿਆਰ, ਸ਼ਬਦ ਪੰਜ ਤਤ ਅਖਵਾਈਆ । ਸ਼ਬਦ ਬੀਜ ਸ਼ਬਦ ਵਤ, ਹਰਿ ਬੀਜੇ ਸਹਿਜ ਸੁਭਾਈਆ । ਸ਼ਬਦ ਨਾਮ ਸ਼ਬਦ ਲੱਠ, ਹਰਿ ਸਮਰਥ ਆਪ ਅਖਵਾਈਆ । ਸ਼ਬਦ ਮੰਦਰ ਸ਼ਬਦ ਤੀਰਥ ਅਠਸਠ, ਸ਼ਬਦ ਸ਼ਬਦੀ ਵਿਚ ਸਮਾਈਆ । ਸ਼ਬਦ ਗੁਰੂਦਵਾਰ ਸ਼ਬਦ ਵੇਖੇ ਨੱਠ ਨੱਠ, ਸ਼ਬਦ ਸ਼ਬਦੀ ਖਿਚ ਲਗਾਈਆ । ਸ਼ਬਦ ਖੇੜਾ ਸ਼ਬਦ ਭੱਠ, ਸ਼ਬਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਏ ਵਡਿਆਈਆ । ਸ਼ਬਦ ਗੁਰ ਸ਼ਬਦ ਸ਼ਾਹ, ਹਰਿ ਸਾਚੇ ਆਪ ਉਪਾਇਆ । ਸ਼ਬਦ ਗੁਰ ਸ਼ਬਦ ਮਲਾਹ, ਲੋਕਮਾਤ ਆਪ ਰਖਾਇਆ । ਸ਼ਬਦ ਦਾਤਾ ਸ਼ਬਦ ਬੇਪਰਵਾਹ, ਭੇਵ ਕੋਈ ਨਾ ਪਾਇਆ । ਸ਼ਬਦ ਨਾਉਂ ਨਿਰੰਕਾਰਾ ਆਪ ਰਖਾ, ਵਾਸਦੇਵ ਰੂਪ ਵਟਾਇਆ । ਸ਼ਬਦ ਜੈਕਾਰਾ ਆਪ ਲਗਾ, ਨਿਉਂ ਨਿਉਂ ਸੀਸ ਝੁਕਾਇਆ । ਸ਼ਬਦ ਭੰਡਾਰਾ ਇਕ ਭਰਾ, ਇਸ਼ਟ ਦ੍ਰਿਸ਼ਟ ਇਕ ਵਿਖਾਇਆ । ਸ਼ਬਦ ਵਰਤਾਰਾ ਆਪ ਬਣਾ, ਸ੍ਰਿਸ਼ਟ ਸਬਾਈ ਵੇਖ ਵਿਖਾਇਆ । ਸ਼ਬਦ ਸ਼ਿੰਗਾਰਾ ਆਪ ਕਰਾ, ਲੱਖ ਚੁਰਾਸੀ ਲਏ ਪ੍ਰਨਾਇਆ । ਸ਼ਬਦ ਬ੍ਰਹਮ ਸ਼ਬਦ ਅੰਗ ਕਟਾ, ਸ਼ਬਦ ਸ਼ਬਦੀ ਡੰਕ ਵਜਾਇਆ । ਸ਼ਬਦ ਹੰ ਗਿਆ ਸਮਾ, ਬ੍ਰਹਮ ਹੰ ਇਕ ਕਰਾਇਆ । ਸ਼ਬਦ ਪਾਰਬ੍ਰਹਮ ਸ਼ਬਦ ਉਚ ਅਗੰਮ, ਸ਼ਬਦ

ਬੇਅੰਤ ਅਥਾਹ ਨਾਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਕਰੇ ਰੁਸ਼ਨਾਇਆ । ਸ਼ਬਦ ਗੁਰ ਦਾਤਾਰ, ਹਰਿ ਹਰਿ ਰੂਪ ਸਮਾਇੰਦਾ । ਸ਼ਬਦ ਗੁਰ ਹਰਿ ਨਿਰੰਕਾਰ, ਹਰਿ ਹਰਿ ਰੂਪ ਵਟਾਇੰਦਾ । ਸ਼ਬਦ ਗੁਰ ਖੇਲ ਅਪਾਰ, ਹਰਿ ਹਰਿ ਆਪ ਕਰਾਇੰਦਾ । ਸ਼ਬਦ ਗੁਰ ਤੇਜ਼ ਕਟਾਰ, ਹਰਿ ਨਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਨਾਉਂ ਧਰਾਇੰਦਾ । ਸ਼ਬਦ ਗੁਰ ਵਡ ਬਲਕਾਰ, ਏਕਾ ਏਕੰਕਾਰਿਆ । ਸ਼ਬਦ ਗੁਰ ਖੇਲ ਨਿਆਰ, ਖੇਲੇ ਖੇਲ ਵਿਚ ਸੰਸਾਰਿਆ । ਸ਼ਬਦ ਗੁਰ ਲੈ ਅਵਤਾਰ, ਗੁਰ ਗੋਬਿੰਦ ਵੇਖ ਵਖਾ ਰਿਹਾ । ਸ਼ਬਦ ਗੁਰ ਪਾਵੇ ਸਾਰ, ਬ੍ਰਹਿਮੰਡਾਂ ਖੰਡਾਂ ਫੋਲ ਫੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾ ਲਿਆ । ਵੇਸ ਅਵੱਲਾ ਹਰਿ ਨਿਰੰਕਾਰ, ਸ਼ਬਦੀ ਸ਼ਬਦ ਉਪਾਇਆ । ਜੋਤੀ ਜੋਤ ਜਗੇ ਸੰਸਾਰ, ਵਰਨ ਗੋਤੀ ਨਾ ਕੋਈ ਰਖਾਇਆ । ਮਾਣਕ ਮੋਤੀ ਗੁਰਮੁਖ ਸਾਚੇ ਲਏ ਉਭਾਰ, ਆਪ ਆਪਣੇ ਕੰਠ ਲਗਾਇਆ । ਚੜ੍ਹ ਚੜ੍ਹ ਚੋਟੀ ਪਾਵੇ ਸਾਰ, ਸ਼ਬਦ ਸੋਟੀ ਲਏ ਜਗਾਇਆ । ਕੋਟਨ ਕੋਟੀ ਕਰ ਖਵਾਰ, ਤੇੜ ਲੰਗੋਟੀ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਘਰ ਘਰ, ਹਰਿ ਦਰ ਮੰਦਰ ਅੰਦਰ ਫੇਰਾ ਪਾਇਆ । ਹਰਿ ਨਰਾਇਣ ਪੁਰਖ ਅਬਿਨਾਸ਼, ਜੋਤੀ ਜੋਤ ਜਗਾਈਆ । ਗੋਬਿੰਦ ਵੇਖੇ ਜਗਤ ਤਮਾਸ਼, ਹਰਿ ਸਾਚੇ ਸੇਵਾ ਲਾਈਆ । ਕਲਜੁਗ ਅੰਤਮ ਜਨ ਭਗਤਾਂ ਦੇਵੇ ਇਕ ਧਰਵਾਸ, ਚਰਨ ਕਵਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਸ਼ਬਦ ਗੁਰ ਬਾਲੀ ਬਾਲਾ, ਹਰਿ ਹਰਿ ਆਪ ਉਪਾਇਆ । ਪਾਰਬ੍ਰਹਮ ਬਣ ਮਾਤ ਦਲਾਲਾ, ਸਾਚੀ ਸੇਵ ਕਮਾਇਆ । ਚਰਨ ਰਖਾਏ ਕਾਲ ਮਹਾਂਕਾਲਾ, ਦਿਵਸ ਰੈਣ ਰਹੇ ਸੀਸ ਝੁਕਾਇਆ । ਗੁਰ ਸਿਖਾਂ ਤੋੜੇ ਜਗਤ ਜੰਜਾਲਾ, ਜਗਤ ਜੁਆਰੀ ਏਕਾ ਆਇਆ । ਫਲ ਲਗਾਏ ਕਾਇਆ ਡਾਲਾ, ਬਾਗ ਬਗੀਚਾ ਇਕ ਸੁਹਾਇਆ । ਹਉਮੇ ਹੰਗਤਾ ਤੋੜੇ ਤਾਲਾ, ਤ੍ਰਬੈਣੀ ਨੈਣੀ ਦਰਸ ਸਰ ਸਰੋਵਰ ਇਕ ਨੁਹਾਇਆ । ਹਰਿ ਮੰਦਰ ਅੰਦਰ ਮਾਰੇ ਛਾਲਾਂ, ਗੁਰਮੁਖ ਸਾਚਾ ਹਰਿ ਹਰਿ ਗਾਇਆ । ਸਤਿਗੁਰ ਪੂਰਾ ਆਪੇ ਭਾਲਾ, ਹਠ ਜੋਗ ਨਾ ਕੋਇ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇਆ । ਕਲਜੁਗ ਤੇਰੀ ਅੰਤਮ ਵਰ, ਹਰਿ ਹਰਿ ਜੋਤ ਜਗਾਈਆ । ਵੀਹ ਸੌ ਪੰਦਰਾਂ ਕਰ ਪਿਆਰ, ਤੀਰਥ ਤੱਟਾਂ ਵੇਖ ਵਖਾਈਆ । ਮੰਦਰ ਅੰਦਰ ਹੋ ਉਜਿਆਰ, ਅਕਾਲ ਮੂਰਤੀ ਮੂਰਤੀ ਵਿਚ ਸਮਾਈਆ । ਗੰਗਾ ਜਮਨਾ ਸੁਰਸਤੀ ਕਰ ਪਨਿਹਾਰ, ਚਰਨਾਂ ਵਿਚ ਬਹਾਈਆ । ਸ਼ਿਵਦਵਾਲੇ ਮੱਠ ਕਰ ਪਸਾਰ, ਰਘਵੰਸਾ ਜੋਤ ਮਿਲਾਈਆ । ਨਾਨਕ ਗੋਬਿੰਦ ਇਕ ਅਧਾਰ, ਏਕਾ ਰੂਪ ਦਰਸਾਈਆ । ਪੰਡਤ ਕਾਸ਼ੀ ਕਰ ਖਵਾਰ, ਸ੍ਰਿਸ਼ਟ ਸਬਾਈ ਕਰੇ ਹਲਕਾਈਆ । ਪਟਨਾ ਵੇਖ ਸੱਚਾ ਘਰ ਬਾਰ, ਹਰਿ ਮੰਦਰ ਚਰਨ ਛੁਹਾਈਆ । ਪਹਿਲੀ ਕੱਤਕ ਦਿਵਸ ਵਿਚਾਰ, ਆਪਣਾ ਸਗਨ ਮਨਾਈਆ । ਭਰਮੇ ਭੁੱਲਾ ਭਰਮ ਸੰਸਾਰ, ਮਾਇਆ ਪਰਦਾ ਏਕਾ ਪਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਫੇਰਾ ਪਾਏ ਦੂਜੀ ਵਾਰ, ਵੀਹ ਸਦ ਇਕੀ ਰੁੱਤ ਸੁਹਾਈਆ । ਜੋਤੀ ਨੂਰ ਹੋਏ ਉਜਿਆਰ, ਸਾਢੇ ਤਿੰਨ ਹੱਥ ਜੀਵ ਜੰਤ ਕੋਈ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਮਾਤ ਧਰ, ਸਾਚੀ ਬਣਤ ਬਣਾਈਆ । ਸ਼ਬਦ ਗੁਰ ਸਚ ਸਲਾਹ, ਹਰਿ ਹਰਿ

ਆਪ ਕਰਾਇੰਦਾ । ਧੁਰਦਰਗਾਹੀ ਬਣ ਮਲਾਹ, ਦਰ ਘਰ ਵੇਖ ਵਿਖਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਗੋਦ ਉਠਾਇੰਦਾ । ਨਾ ਕੋਈ ਫਿਰੇ ਫੜ ਫੜ ਬਾਂਹ, ਨਾ ਉਂਗਲੀ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਸ਼ਬਦੀ ਭੇਖ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਕਰਮ ਕਮਾਇੰਦਾ ।

* ੩ ਕੱਤਕ ੨੦੧੫ ਬਿਕ੍ਰਮੀ ਮੈਣੀ ਸਾਹਿਬ ਗੁਰਦਵਾਰਾ ਪਟਨਾ ਸਾਹਿਬ *

ਪਰਮ ਪੁਰਖ ਹਰਿ ਕਰਤਾਰ, ਆਦਿ ਅੰਤ ਅਖਵਾਇੰਦਾ । ਜੋਤੀ ਨੂਰ ਕਰ ਉਜਿਆਰ, ਨਿਰਗੁਣ ਵੇਸ ਵਟਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਲੋਕਮਾਤ ਕਰਾਇੰਦਾ । ਨਾਮ ਵੰਡ ਅਪਰ ਅਪਾਰ, ਬ੍ਰਹਿਮੰਡ ਖੰਡ ਆਪ ਵੰਡਾਇੰਦਾ । ਜੇਰਜ ਅੰਡ ਵੇਖ ਵਿਚਾਰ, ਉਤਭੁਜ ਸੇਤਜ ਫੇਲ ਫੁਲਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਹਰਿਜਨ ਮਾਤ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਹਰਿ ਨਿਰੰਕਾਰਾ, ਹਰਿ ਹਰਿ ਜੋਤ ਜਗਾਈਆ । ਦਿਵਸ ਰੈਣ ਕਰ ਉਜਿਆਰਾ, ਨੂਰੋ ਨੂਰ ਡਗਮਗਾਈਆ । ਮੇਟ ਮਿਟਾਏ ਅੰਧ ਅੰਧਿਆਰਾ, ਜਿਸ ਜਨ ਆਪਣੀ ਦਇਆ ਕਮਾਈਆ । ਨੌਂ ਦਵਾਰੇ ਪਾਰ ਕਿਨਾਰਾ, ਮਹੱਲ ਅਟੱਲ ਅਚੱਲ ਇਕ ਸੁਹਾਈਆ । ਅਨਹਦ ਸ਼ਬਦ ਸੱਚੀ ਧੁਨਕਾਰਾ, ਆਤਮ ਅੰਤਰ ਆਪ ਸੁਣਾਈਆ । ਅੰਮ੍ਰਿਤ ਆਤਮ ਠੰਡੀ ਧਾਰਾ, ਨਿਝਰ ਮੁਖ ਚੁਆਈਆ । ਬਜ਼ਰ ਕਪਾਟੀ ਖੋਲ੍ਹ ਕਿਵਾੜਾ, ਘਰ ਮੰਦਰ ਇਕ ਸੁਹਾਈਆ । ਦਸਮ ਦਵਾਰੀ ਖੇਲ ਨਿਰਾਲਾ, ਨਿਰਗੁਣ ਬੈਠਾ ਬੇਪਰਵਾਹੀਆ । ਆਤਮ ਸੇਜਾ ਕਰ ਸ਼ਿੰਗਾਰਾ, ਕਜਲ ਧਾਰ ਇਕ ਵਹਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਆਪ ਅਪਰੰਪਰ ਸਾਚਾ ਮਾਹੀਆ । ਹਰਿ ਸੱਜਣ ਵੇਖੇ ਮੀਤ ਮੁਰਾਰਾ, ਗੁਰਮੁਖਾਂ ਰਾਹ ਤਕਾਈਆ । ਭਰਮੇ ਭੁੱਲੇ ਭਰਮ ਸੰਸਾਰਾ, ਮਾਇਆ ਮਮਤਾ ਮੋਹ ਹਲਕਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਪਾਰ ਕਿਨਾਰਾ, ਲੱਖ ਚੁਰਾਸੀ ਨਾ ਕੋਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਸਮਰਥ ਪੁਰਖ ਆਪ ਅਖਵਾਈਆ । ਸਮਰਥ ਪੁਰਖ ਆਪ ਕਰਤਾਰਾ, ਹਰਿ ਹਰਿ ਰੂਪ ਸਮਾਇੰਦਾ । ਹਰਿਜਨ ਰੱਖੇ ਦੇ ਕਰ ਹੱਥ ਵਿਚ ਸੰਸਾਰਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ ਜੋਤੀ ਨੂਰ ਕਰ ਉਜਿਆਰਾ, ਅੰਧ ਅੰਧੇਰ ਮਿਟਾਇੰਦਾ । ਨਾਮ ਚੜ੍ਹਾਏ ਸਾਚੇ ਰਥ ਆਪ ਕਰਾਏ ਪਾਰ ਕਿਨਾਰਾ, ਮੰਝਧਾਰ ਨਾ ਕੋਈ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰੰਜਣ ਅਗੰਮ ਅਥਾਹ ਬੇਪਰਵਾਹ ਆਪ ਅਖਵਾਇੰਦਾ । ਬੇਪਰਵਾਹ ਪੁਰਖ ਅਬਿਨਾਸ਼ਾ, ਪਾਰਬ੍ਰਹਮ ਅਖਵਾਇਆ । ਜੁਗ ਜੁਗ ਵੇਖੇ ਜਗਤ ਤਮਾਸ਼ਾ, ਜੋਤੀ ਜਾਮਾ ਭੇਖ ਵਟਾਇਆ । ਮੰਡਲ ਮੰਡਪ ਪਾਵੇ ਰਾਸਾ, ਬ੍ਰਹਿਮੰਡ ਖੰਡ ਵੇਖ ਵਖਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼ਾ, ਗਗਨ ਪਤਾਲਾਂ ਵਿਚ ਸਮਾਇਆ । ਗੁਰਮੁਖ ਸਾਚੇ ਬਲ ਬਲ ਜਾਸਾ, ਬਲਿਹਾਰੀ ਗੁਰ ਰਾਸਾ ਪਾਇਆ । ਲੇਖੇ ਲੱਗੇ ਸਵਾਸ ਸਵਾਸਾ, ਹਰਿਜਨ ਹਰਿ ਹਰਿ ਰਸਨਾ ਗਾਇਆ । ਅੰਤ ਨਾ ਆਵੇ ਹਾਰ ਪਾਸਾ, ਧਰਮ ਰਾਏ ਨਾ ਦਏ ਸਜਾਇਆ । ਹਉਮੇ ਹੰਗਤਾ ਰੋਗ ਦੁਖੜਾ ਨਾਸਾ, ਸੋ ਪੁਰਖ ਨਿਰੰਜਣ ਨਜ਼ਰੀ

ਆਇਆ । ਪ੍ਰਭ ਪੂਰਨ ਕਰਨਹਾਰਾ ਆਸਾ, ਆਦਿ ਜੁਗਾਦੀ ਵੇਖ ਵਖਾਇਆ । ਭਗਤ ਵਛਲ ਦਾਸੀ ਦਾਸਾ, ਸੇਵਕ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇਆ । ਰੂਪ ਅਵੱਲਾ ਹਰਿ ਕਰਤਾਰ, ਆਪਣਾ ਆਪ ਕਰਾਈਆ । ਅਛਲ ਅਛੱਲ ਵਿਚ ਸੰਸਾਰ, ਜੁਗ ਜੁਗ ਵੇਸ ਵਟਾਈਆ । ਨਿਹਚਲ ਧਾਮ ਅਟੱਲ ਮਹੱਲ ਉਸਾਰ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਮੇਲਾ ਮੀਤ ਮੁਰਾਰ, ਸਤਿ ਪੁਰਖ ਵੱਡੀ ਵਡਿਆਈਆ । ਸਤਿਗੁਰ ਪੂਰਾ ਹੋ ਉਜਿਆਰ, ਲੋਕਮਾਤ ਕਰੇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਹੰਕਾਰੀਆਂ ਗੜ੍ਹ ਤੁੜਾਈਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਇਕ ਲਟਕਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਧਾਰਾ ਮੁਖ ਚੁਆਈਆ । ਚਰਨ ਕਵਲ ਕਰ ਪਿਆਰ, ਉਪਰ ਧਵਲ ਦਏ ਵਡਿਆਈਆ । ਸਾਵਲ ਸਵਲ ਕ੍ਰਿਸ਼ਨ ਮੁਰਾਰ, ਰਾਮ ਰਾਮਾ ਆਪ ਅਖਵਾਈਆ । ਨਾਨਕ ਗੋਬਿੰਦ ਜੋਤ ਉਜਿਆਰ, ਪੂਰਨ ਬ੍ਰਹਮ ਜਣਾਈਆ । ਪਾਰਬ੍ਰਹਮ ਸੱਚੀ ਸਰਕਾਰ, ਸਚ ਸਿੰਘਾਸਣ ਬੈਠਾ ਆਸਣ ਲਾਈਆ । ਆਦਿਨ ਅੰਤਾ ਏਕੰਕਾਰ, ਗਹਿਰ ਗੰਭੀਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰੰਜਣ ਨਾਉਂ ਧਰਾਈਆ । ਆਦਿ ਨਿਰੰਜਣ ਹਰਿ ਭਗਵੰਤਾ, ਹਰਿ ਹਰਿ ਰੂਪ ਸਮਾਇੰਦਾ । ਹਰਿਜਨ ਵੇਖੇ ਸਾਚੇ ਸੰਤਾ, ਦਰ ਸਾਚਾ ਵੇਖ ਵਖਾਇੰਦਾ । ਮੇਲ ਮਿਲਾਵਾ ਨਾਰੀ ਕੰਤਾ, ਆਤਮ ਸੇਜਾ ਡੇਰਾ ਲਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਬਸੰਤਾ, ਉਤਰ ਕਦੇ ਨਾ ਜਾਇੰਦਾ । ਤੋੜੇ ਗੜ੍ਹ ਹਉਮੇ ਹੰਗਤਾ, ਕਾਮ ਕਰੋਧ ਲੋਭ ਮੋਹ ਹੰਕਾਰ, ਨੇੜ ਨਾ ਆਇੰਦਾ । ਜੋ ਜਨ ਦਵਾਰੇ ਆਏ ਮੰਗਤਾ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਗੁਰਸਿਖ ਅੰਗ ਲਗਾਏ ਜਿਉਂ ਨਾਨਕ ਅੰਗਦਾ, ਅੰਗੀਕਾਰ ਆਪ ਅਖਵਾਇੰਦਾ । ਸਾਚੇ ਮੰਦਰ ਅੰਦਰ ਆਪੇ ਲੰਘਦਾ, ਦਸਮ ਦਵਾਰੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਧਰ, ਜੋਤੀ ਜੋਤ ਡਗਮਗਾਇੰਦਾ । ਜੋਤੀ ਨੂਰ ਹਰਿ ਉਜਾਲਾ, ਰੂਪ ਅਨੂਪ ਸਮਾਇਆ । ਪਾਰਬ੍ਰਹਮ ਪ੍ਰਭ ਗੁਰ ਗੋਪਾਲਾ, ਭੇਵ ਕੋਈ ਨਾ ਪਾਇਆ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਵੇਖੇ ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਅੰਦਰ ਬੈਠਾ ਡੇਰਾ ਲਾਇਆ । ਨੇੜ ਨਾ ਆਏ ਕਾਲ ਮਹਾਂਕਾਲਾ, ਜਗਤ ਜੰਜਾਲਾ ਤੋੜ ਵਖਾਇਆ । ਆਪੇ ਸ਼ਾਹ ਆਪੇ ਕੰਗਾਲਾ, ਹਰਿ ਭਗਤਨ ਮੇਲ ਮਿਲਾਇਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਕਲਜੁਗ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਨਾਮ ਵਰ, ਨਾਮ ਭੰਡਾਰਾ ਹਰਿ ਨਿਰੰਕਾਰਾ, ਪੁਰਖ ਅਗੰਮ ਅਥਾਹ ਬੇਪਰਵਾਹ ਅਕਾਲ ਮੂਰਤ ਅਜੂਨੀ ਰਹਿਤ ਜਨ ਜਨ ਤਨ ਤਨ ਅਨਭਵ ਪ੍ਰਕਾਸ਼ ਕਰਾਇਆ ।

## * ੩ ਕੱਤਕ ੨੦੧੫ ਬਿਕ੍ਰਮੀ ਲਛਮਣ ਸਿੰਘ ਦੇ ਘਰ ਦਾਨਾ ਪੁਰ ਪਟਨਾ *

ਹਰਿ ਸੰਗਤ ਹਰਿ ਨਾਮ ਪਿਆਰ, ਫੂਲਣ ਬਰਖ਼ਾ ਲਾਈਆ । ਪਾਰਬ੍ਰਹਮ ਪ੍ਰਭ ਰੂਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲਾ ਮੀਤ ਮੁਰਾਰ, ਏਕੰਕਾਰ ਆਪ ਅਖਵਾਈਆ । ਨਿਰਗੁਣ ਖੇਲ ਅਗੰਮ ਅਪਾਰ, ਭੇਵ ਅਭੇਦ ਭੇਵ ਛੁਪਾਈਆ । ਸਰਗੁਣ ਮੇਲਾ ਵਿਚ ਸੰਸਾਰ, ਜੁਗ ਜੁਗ ਵੇਖੇ ਬੇਪਰਵਾਹੀਆ । ਸਾਜਣ ਮੀਤ ਜੋਤ ਅਧਾਰ, ਘਟ ਘਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿਸੰਗਤ ਵੇਖ ਵਖਾਈਆ । ਫੂਲਣ ਬਰਖ਼ਾ ਧੁਰ ਦਰਗਾਹ, ਹਰਿ ਹਰਿ ਆਪ ਸੁਹਾਈਆ । ਸ਼ਬਦੀ ਸ਼ਬਦ ਸ਼ਬਦ ਮਲਾਹ, ਗੁਰ ਗੁਰ ਰੂਪ ਵਟਾਈਆ । ਨਾਮ ਅਮੋਲਾ ਸਚ ਸਲਾਹ, ਹਰਿਜਨ ਮਾਤ ਵਡਿਆਈਆ । ਪੁਰਖ ਪੁਰਖੋਤਮ ਬਣ ਮਲਾਹ, ਬੇੜਾ ਰਹੇ ਚਲਾਈਆ । ਜਾਗਰਤ ਜੋਤ ਇਕ ਜਗਾ, ਅੰਦਰ ਮੰਦਰ ਖੋਜ ਖੁਜਾਈਆ । ਅੰਧ ਅੰਧੇਰ ਦਏ ਮਿਟਾ, ਜੋ ਜਨ ਦਰਸ਼ਨ ਪਾਈਆ । ਸੰਞ ਸਵੇਰ ਇਕ ਕਰਾ, ਏਕਾ ਜੋਤ ਕਰੇ ਰੁਸ਼ਨਾਈਆ । ਅਨਹਦ ਸਾਚਾ ਤਾਲ ਵਜਾ, ਧੁਨ ਆਤਮਕ ਨਾਮ ਸੁਣਾਈਆ । ਪੰਚਮ ਸਖੀਆਂ ਮੰਗਲ ਗਾ, ਏਕਾ ਰਾਗ ਅਲਾਈਆ । ਬਜ਼ਰ ਕਪਾਟੀ ਦਏ ਤੁੜਾ, ਦੂਈ ਦਵੈਤੀ ਮੇਟ ਮਿਟਾਈਆ । ਦਸਮ ਦੁਆਰੀ ਆਸਣ ਲਾ, ਸ਼ਬਦ ਸਿੰਘਾਸਣ ਸੇਜ ਵਿਛਾਈਆ । ਆਤਮ ਅੰਤਰ ਮੇਲ ਮਿਲਾ, ਮਾਇਆ ਮਮਤਾ ਮੋਹ ਚੁਕਾਈਆ । ਜਗਤ ਬਸੰਤਰ ਦਏ ਬੁਝਾ, ਤ੍ਰਿਸ਼ਨਾ ਭੁੱਖ ਗਵਾਈਆ । ਗਗਨ ਗਗਨੰਤਰ ਪਾਰ ਕਰਾ, ਗਗਨ ਮੰਡਲ ਇਕ ਵਖਾਈਆ । ਆਤਮ ਅੰਤਰ ਬੇਪਰਵਾਹ, ਹਰਿਜਨ ਹਰਿ ਮੰਦਰ ਬੈਠਾ ਡੇਰਾ ਲਾਈਆ । ਦੇਵਣਹਾਰਾ ਸਾਚਾ ਥਾਂ, ਵਡ ਦਾਤਾ ਬੇਪਰਵਾਹੀਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚੇ ਗੋਦ ਉਠਾਈਆ । ਜਿਉਂ ਨਾਨਕ ਅੰਗਦ ਅੰਗ ਲਿਆ ਲਗਾ, ਅੰਗੀਕਾਰ ਕਰੇ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਮੇਲ ਮਿਲਾਈਆ । ਫੂਲਨ ਬਰਖ਼ਾ ਨਿਝਰ ਧਾਰ, ਹਰਿਜਨ ਵੇਖ ਵਿਖਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਪਾਰਬ੍ਰਹਮ ਅਖਵਾਇੰਦਾ । ਜੋਤੀ ਜੋਤ ਕਰ ਉਜਿਆਰ, ਦਰ ਸਾਚੇ ਤੋਟ ਨਾ ਕੋਈ ਰਖਾਇੰਦਾ । ਆਪੇ ਵਸਿਆ ਸਭ ਤੋਂ ਬਾਹਿਰ, ਹਰ ਘਟ ਆਪੇ ਆਸਣ ਲਾਇੰਦਾ । ਬ੍ਰਹਿਮੰਡ ਖੰਡ ਪਾਵੇ ਸਾਰ, ਉਤਭੁਜ ਸੇਤਜ ਜੇਰਜ ਅੰਡ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਵੇਖੇ ਸਾਚੇ ਘਰ, ਘਰ ਸਾਚਾ ਵੇਖ ਵਖਾਇੰਦਾ । ਫੂਲਣ ਬਰਖਾ ਹਰਿ ਦਵਾਰ, ਹਰਿਜਨ ਮਾਤ ਲਗਾਈਆ । ਆਪ ਸੁਹਾਏ ਬੰਕ ਦਵਾਰ, ਦਰ ਦਵਾਰ ਖੋਲ੍ਹ ਵਖਾਈਆ । ਗ਼ਰੀਬ ਨਿਵਾਜ਼ਾ ਪਾਵੇ ਸਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਅਸਵ ਘੋੜਾ ਤਾਜਾ ਧੁਰਦਰਗਾਹੀ ਹੋ ਅਸਵਾਰ, ਲੋਕਮਾਤ ਵੇਖ ਵਖਾਈਆ । ਲੋਆਂ ਪੁਰੀਆਂ ਫਿਰੇ ਭਾਜਾ, ਬ੍ਰਹਮਾ ਵਿਸ਼ਨੂੰ ਸ਼ਿਵ ਦੇਵਤ ਸੁਰ ਆਪ ਅਲਾਈਆ । ਲੱਖ ਚੁਰਾਸੀ ਰਚਿਆ ਕਾਜਾ, ਨੌਂ ਖੰਡ ਵੱਜੀ ਵਧਾਈਆ । ਸੱਤਾਂ ਦੀਪਾਂ ਏਕਾ ਧਾਰ , ਏਕਾ ਸ਼ਬਦ ਸੁਣਾਈਆ । ਧੁਨ ਅਗੰਮ ਮਾਰੇ ਵਾਜਾ, ਦਿਸ ਕਿਸੇ ਨਾ ਆਈਆ । ਸ਼ਾਹੋ ਭੂਪ ਵਡ ਬਲਵਾਨਾ ਰਾਜਨ ਰਾਜਾ, ਸ਼ਾਹ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਵੇਖ ਵਿਖਾਈਆ । ਫੂਲਣ ਬਰਖ਼ਾ ਉਪਰ ਧਵਲ, ਹਰਿਜਨ ਮਾਤ ਲਗਾਈਆ । ਮੇਲ ਮਿਲਾਵਾ ਸਾਵਲ ਸਵਲ, ਰਾਮ ਰਮਈਆ ਨਜ਼ਰੀ ਆਈਆ । ਉਲਟੀ ਕਰੇ ਨਾਭ ਕਵਲ, ਅੰਮ੍ਰਿਤ ਆਤਮ ਮੁਖ ਚੁਆਈਆ । ਸੁਰਤ ਸਵਾਣੀ ਹੋਏ ਬਵਲ, ਹਰਿ ਸ਼ਬਦੀ ਵੇਖ ਵਖਾਈਆ । ਸ਼ਬਦੀ ਜੋਤੀ ਜਾਏ ਮਵਲ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਮੇਲ ਮਿਲਾਈਆ । ਫੂਲਣ ਬਰਖਾ ਸ਼ਬਦ ਸ਼ਿੰਗਾਰ, ਹਰਿ ਹਰਿ ਆਪ ਕਰਾਇੰਦਾ । ਭਗਤ ਸੁਹੇਲਾ ਮੀਤ ਮੁਰਾਰ, ਜੁਗ ਜੁਗ ਵੇਸ ਵਟਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਸਰਬ ਸੰਸਾਰ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਹਉਮੇ ਹੰਗਤਾ ਤੋੜੇ ਗੜ੍ਹ ਹੰਕਾਰ, ਮਾਇਆ ਮਮਤਾ ਮੋਹ ਚੁਕਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਆਦਿ ਜੁਗਾਦੀ

ਦਇਆ ਕਮਾਇੰਦਾ । ਭਗਤ ਵਛਲ ਹਰਿ ਗਿਰਧਾਰ, ਭਗਤ ਭਗਤੀ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿਸੰਗਤ ਵੇਖ ਵਖਾਇੰਦਾ । ਹਰਿ ਫੂਲਣ ਬਰਖ਼ਾ ਇੰਦ ਇੰਦ੍ਰਾਸਨ, ਸਾਚੇ ਧਾਮ ਲਗਾਈਆ । ਖੇਲੇ ਖੇਲ ਪ੍ਰਿਥਮੀ ਅਕਾਸ, ਪਾਰਬ੍ਰਹਮ ਵੱਡੀ ਵਡਿਆਈਆ । ਗਣ ਗਧੰਰਬ ਵੇਖ ਤਮਾਸ਼, ਲੋਕਮਾਤ ਵੱਜੀ ਵਧਾਈਆ । ਪ੍ਰਗਟ ਹੋਏ ਸ਼ਾਹੋ ਸ਼ਾਬਾਸ਼, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਲੇਖੇ ਲਾਏ ਰਸਨ ਸਵਾਸ, ਜੋ ਜਨ ਰਸਨਾ ਰਹੇ ਗਾਈਆ । ਲਹਿਣਾ ਦੇਣਾ ਚੁਕਾਏ ਦਸ ਦਸ ਮਾਸ, ਮਾਤ ਗਰਭ ਰਹਿਣ ਨਾ ਪਾਈਆ । ਪੂਰ ਕਰਾਏ ਦਰ ਦਰ ਆਸ, ਆਪ ਆਪਨੀ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿਸੰਗਤ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲ ਜੋਤ ਅਕਾਲਣ, ਹਰਿ ਹਰਿ ਆਪ ਉਠਾਇੰਦਾ । ਜਨ ਭਗਤਾਂ ਦੇਵੇ ਨਾਮ ਦਾਨਨ, ਭਗਤ ਭੰਡਾਰਾ ਆਪ ਵਰਤਾਇੰਦਾ । ਸ਼ਬਦੀ ਸ਼ਬਦ ਬਣ ਸਵਾਲਣ, ਏਕਾ ਭਿਛਿਆ ਮੰਗ ਮੰਗਾਇੰਦਾ । ਆਦਿ ਅੰਤ ਕਰੇ ਸਦਾ ਪ੍ਰਿਤਪਾਲਣ, ਪ੍ਰਿਤਪਾਲਕ ਨਾਮ ਧਰਾਇੰਦਾ । ਤੋੜਣਹਾਰਾ ਜਗਤ ਜੰਜਾਲਣ, ਲੱਖ ਚੁਰਾਸੀ ਫੰਦ ਕਟਾਇੰਦਾ । ਦੇਵੇ ਨਾਮ ਸੱਚਾ ਧਨ ਮਾਲਣ, ਧਨ ਧਨਵੰਤਾ, ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿਸੰਗਤ ਵੇਖ ਵਖਾਇੰਦਾ । ਫੂਲਣ ਬਰਖ਼ਾ ਹਰਿ ਫੁਲਵਾੜੀ, ਹਰਿ ਹਰਿ ਆਪ ਲਗਾਈਆ । ਆਪੇ ਖੇਲੇ ਖੇਲ ਨਿਆਰੀ, ਜੁਗ ਜੁਗ ਵੇਸ ਵਟਾਈਆ । ਇਕ ਇਕੱਲਾ ਏਕੰਕਾਰੀ, ਰੂਪ ਅਨੂਪ ਸਮਾਈਆ । ਜਲ ਥਲ ਮਹੀਅਲ ਪਾਵੇ ਸਾਰੀ, ਜਲ ਥਲ ਇਕ ਦਰਸਾਈਆ । ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜੀ, ਡੂੰਘੇ ਸਾਗਰ ਫੋਲ ਫੁਲਾਈਆ । ਜਨ ਭਗਤਾਂ ਗੁਰਮੁਖਾਂ ਰੱਖੇ ਲਾਜ, ਚਰਨ ਛੁਹਾਈ ਦਾੜ੍ਹੀ, ਸਿਰ ਆਪਣਾ ਹੱਥ ਟਿਕਾਈਆ । ਆਪੇ ਫਿਰੇ ਪਿੱਛੇ ਅਗਾੜੀ, ਦੋ ਜਹਾਨਾਂ ਪਾਰ ਕਰਾਈਆ । ਕਰਮਾਂ ਫਲ ਪੱਕੇ ਹਾੜੀ, ਧਰਮੀ ਧਰਮ ਇਕ ਜਣਾਈਆ । ਜੋਤ ਜਗਾਏ ਬਹੱਤਰ ਨਾੜੀ, ਦਿਵਸ ਰੈਣ ਕਰੇ ਰੁਸ਼ਨਾਈਆ । ਮਮਤਾ ਤ੍ਰਿਸ਼ਨਾ ਦੇਵੇ ਸਾੜੀ, ਅਗਨੀ ਤਤ ਨਾ ਕੋਈ ਜਲਾਈਆ । ਸਾਚੇ ਮੰਦਰ ਦਸਮ ਦਵਾਰੀ, ਬੈਠਾ ਕੁੰਡਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿਸੰਗਤ ਵੇਖ ਵਖਾਈਆ । ਫੂਲਣ ਬਰਖ਼ਾ ਕੰਤ ਸੁਹਾਗ, ਹਰਿ ਹਰਿ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਨਾਮ ਵੈਰਾਗ, ਆਤਮ ਅੰਤਰ ਇਕ ਜਣਾਇੰਦਾ । ਫੜ ਹੰਸ ਬਣਾਏ ਕਾਗ, ਮਾਣਕ ਮੋਤੀ ਨਾਮ ਚੋਗ ਚੁਗਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਗਵਾਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਲੇਖੇ ਲਾਏ ਤਨ ਖ਼ਾਕ, ਖ਼ਾਕੀ ਖ਼ਾਕ ਸਮਾਇੰਦਾ । ਪੰਜ ਤਤ ਵਿਕਾਰਾ ਨਾ ਹੋਏ ਆਕ, ਨਾਮ ਖੰਡਾ ਇਕ ਚਮਕਾਇੰਦਾ ।ਸੱਜਣ ਸੁਹੇਲਾ ਸਾਚਾ ਸਾਕ, ਪਾਰਬ੍ਰਹਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿਸੰਗਤ ਵੇਖ ਵਿਖਾਇੰਦਾ । ਫੂਲਣ ਬਰਖਾ ਉਚ ਅਥਾਹ, ਹਰਿ ਹਰਿ ਆਪ ਲਗਾਈਆ । ਸ਼ਬਦ ਸਿੰਘਾਸਣ ਸ਼ਬਦ ਬੇਪਰਵਾਹ, ਥਿਰ ਘਰ ਸਾਚਾ ਰਿਹਾ ਸੁਹਾਈਆ । ਜੋਤੀ ਨੂਰ ਇਕ ਕਰਾ, ਨੂਰੋ ਨੂਰ ਡਗਮਗਾਈਆ । ਸ਼ਬਦ ਨਾਦੀ ਆਪ ਸੁਣਾ, ਧੁਨ ਅਨਾਦੀ ਇਕ ਸੁਣਾਈਆ । ਨਿਹਕਰਮੀ ਕਰਮ ਕਮਾ, ਲੋਕਮਾਤ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਹਰਿ ਸੱਜਣ ਲਏ ਜਗਾਈਆ । ਫੂਲਣ ਰੁੱਤ ਹਰਿ ਬਸੰਤ, ਆਪਣੀ ਆਪ ਲਗਾਈਆ । ਗੁਰਮੁਖ ਮੇਲਾ ਨਾਰੀ ਕੰਤ, ਵਿਛੜ ਕਦੇ ਨਾ ਜਾਈਆ । ਸੁਹੰਜਣੀ ਰੈਣ ਮੇਲ ਮਿਲਾਵਾ ਸਾਚੇ

੭੧੦
੦੨



Rev-01

ਸੰਤ, ਘਰ ਸਾਚੇ ਮੰਗਲ ਗਾਈਆ । ਮਨਮੁਖਾਂ ਮਾਇਆ ਪਾਏ ਬੇਅੰਤ, ਜਗਤ ਰੈਣ ਅੰਧੇਰੀ ਛਾਈਆ । ਭਰਮੇ ਭੁੱਲੇ ਜੀਵ ਜੰਤ, ਹਰਿ ਕਾ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵੱਡੀ ਵਡਿਆਈਆ । ਫੂਲਣ ਬਰਖ਼ਾ ਹਰਿ ਦਾਤਾਰ, ਆਪਣੀ ਆਪ ਲਗਾਇੰਦਾ । ਭਗਤਨ ਮੀਤ ਵਿਚ ਸੰਸਾਰ, ਨਿਤ ਨਵਿਤ ਜੋਤ ਜਗਾਇੰਦਾ । ਵਾਰ ਥਿਤ ਨਾ ਕੋਈ ਵਿਚਾਰ, ਆਦਿ ਜੁਗਾਦੀ ਖੇਲ ਖਿਲਾਇੰਦਾ । ਸ੍ਰਿਸ਼ਟ ਸਬਾਈ ਸਾਚਾ ਪਿਤ, ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਸੁਹਾਇਆ । ਜਗੇ ਜੋਤ ਆਦਿ ਨਿਰੰਜਣਾ, ਨਿਰਭੈ ਰੂਪ ਅਖਵਾਇਆ । ਗੁਰਮੁਖਾਂ ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਗਵਾਇਆ । ਜੋ ਘੜਿਆ ਸੋ ਭੱਜਣਾ, ਥਿਰ ਰਹਿਣ ਨਾ ਪਾਇਆ । ਬਿਨ ਸਤਿਗੁਰ ਪੂਰੇ ਤੇਰਾ ਪਰਦਾ ਕਿਸੇ ਨਾ ਕੱਜਨਾ, ਲੱਖ ਚੁਰਾਸੀ ਦਏ ਕਟਾਇਆ । ਕਾਲ ਨਗਾਰਾ ਸਿਰ ਤੇ ਵੱਜਣਾ, ਧਰਮ ਰਾਏ ਡੌਰੂ ਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੱਜਣ ਵੇਖ ਵਖਾਇਆ । ਸੱਜਣ ਸਾਚਾ ਮੀਤੜਾ, ਮਿਲਿਆ ਮੇਲ ਕਰਤਾਰ । ਕਾਇਆ ਚੋਲੀ ਰੰਗੇ ਚੀਥੜਾ, ਰੰਗਣ ਰੰਗ ਅਪਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ । ਆਦਿ ਜੁਗਾਦਿ ਜੁਗ ਜੁਗ ਜਾਣੇ ਆਪਣੀ ਰੀਤੜਾ, ਇਕ ਇਕੱਲਾ ਏਕੰਕਾਰ । ਮੰਦਰ ਮਸਜਿਦ ਵਿਖਾਏ ਦੇਹੁਰਾ ਸਚ ਮਸੀਤੜਾ, ਨੌਂ ਦਵਾਰੇ ਕਰ ਕਰ ਪਾਰ । ਮਿੱਠਾ ਕਰੇ ਕੌੜਾ ਰੀਠੜਾ, ਜਿਸ ਜਨ ਬਖ਼ਸ਼ੇ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸੱਜਣ ਸੁਹੇਲਾ ਇਕ ਇਕੇਲਾ ਪਾਵੇ ਸਾਰ । ਇਕ ਇਕੱਲਾ ਏਕੰਕਾਰ, ਏਕਾ ਧਾਰ ਚਲਾਈਆ । ਆਦਿ ਨਿਰੰਜਣ ਖੇਲ ਅਪਾਰ, ਜੁਗ ਜੁਗ ਵੇਸ ਵਟਾਈਆ । ਆਦਿ ਨਿਰੰਜਣ ਪੁਰਖ ਗਿਰਧਾਰ, ਅਬਿਨਾਸ਼ੀ ਕਰਤਾ ਨਾਉਂ ਰਖਾਈਆ । ਆਦਿ ਸ਼ਕਤ ਜੋਤ ਉਜਿਆਰ, ਅਨਭਵ ਪ੍ਰਕਾਸ਼ ਕਰਾਈਆ । ਅਗੰਮ ਅਗੰਮੜਾ ਖੇਲ ਅਪਾਰ, ਅਗੰਮੜੀ ਕਾਰ ਕਮਾਈਆ । ਹੱਡ ਮਾਸ ਨਾੜੀ ਚੰਮੜਾ ਪੰਜ ਤਤ ਨਾ ਕੋਈ ਅਕਾਰ, ਮਨ ਮਤ ਬੁੱਧ ਨਾ ਕੋਈ ਰਖਾਈਆ । ਮਹੱਲ ਅਟੱਲ ਉਚ ਮੁਨਾਰ, ਥਿਰ ਘਰ ਬੈਠਾ ਆਸਣ ਲਾਈਆ । ਸ਼ਬਦ ਸ਼ਬਦੀ ਸੁਤ ਦੁਲਾਰ, ਪੂਤ ਸਪੂਤਾ ਏਕਾ ਜਾਈਆ । ਲੋਆਂ ਪੁਰੀਆਂ ਪਾਵੇ ਸਾਰ, ਤ੍ਰੈਗੁਣ ਵੇਖ ਵਖਾਈਆ । ਪੰਜ ਤਤ ਤੋੜ ਹੰਕਾਰ, ਸਾਂਤਕ ਸਤਿ ਵਰਤਾਈਆ । ਜਨ ਭਗਤਾਂ ਦੇਵੇ ਨਾਮ ਅਧਾਰ, ਨਾਮ ਨਾਮਾ ਝੋਲੀ ਪਾਈਆ । ਇਕ ਕਰਾਏ ਵਣਜ ਵਪਾਰ, ਸਚ ਵਸਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਵਰ, ਫੂਲਣ ਬਰਖ਼ਾ ਹਰਿਜਨ ਉਪਰ ਲਾਈਆ । ਗੁਰਮੁਖ ਦਰਸ ਅਪਾਰ, ਹਰਿ ਹਰਿ ਦਵਾਰਿਆ । ਛੁੱਟਿਆ ਸਰਬ ਸੰਸਾਰ, ਪਾਇਆ ਪੁਰਖ ਅਗੰਮ ਅਪਾਰਿਆ । ਸੁਹਾਏ ਘਰ ਸੱਚਾ ਘਰ ਬਾਰ, ਬੰਕ ਦਵਾਰੀ ਪੈਜ ਰਖਾ ਰਿਹਾ । ਨਿਰਗੁਣ ਮੇਲਾ ਵਿਚ ਸੰਸਾਰ, ਸਰਗੁਣ ਚੇਲਾ ਰੂਪ ਵਟਾ ਲਿਆ । ਸੱਜਣ ਸੁਹੇਲਾ ਹਰਿ ਨਿਰੰਕਾਰ, ਇਕ ਇਕੇਲਾ ਫੇਰੀ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾ ਰਿਹਾ । ਗੁਰਮੁਖ ਸਾਜਣ ਸਾਚਾ ਮੀਤ, ਹਰਿ ਦਰ ਮਿਲੀ ਵਡਿਆਈਆ । ਗਾਇਆ ਨਾਮ ਸੁਹਾਗੀ ਗੀਤ, ਮਿਲਿਆ ਦਾਤਾ ਬੇਪਰਵਾਹੀਆ । ਨਾਮ ਨਰਾਇਣ ਵਸਿਆ ਚੀਤ, ਚਿਤਵਿਤ ਠਗੌਰੀ

ਨਾ ਪਾਈਆ । ਆਪ ਜਣਾਈ ਆਪਣੀ ਰੀਤ, ਕਾਇਆ ਕਵਰੀ ਫੋਲ ਫੁਲਾਈਆ । ਸਾਚਾ ਦੇਹੁਰਾ ਗੁਰਦੁਵਾਰ ਮੰਦਰ ਮਸੀਤ, ਕਾਇਆ ਮੰਦਰ ਇਕ ਵਖਾਈਆ । ਸ਼ਬਦ ਅਨਾਦੀ ਗਾਏ ਗੀਤ, ਅਨਹਦ ਰਾਗ ਅਲਾਈਆ । ਏਕਾ ਰੰਗ ਰੰਗਾਇਆ ਹਸਤ ਕੀਟ, ਊਚ ਨੀਚ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਨਾਮ ਵਡਿਆਈਆ । ਨਾਮ ਰਤਨ ਰਤਨ ਅਮੋਲ, ਗੁਰਮੁਖ ਝੋਲੀ ਪਾਇੰਦਾ । ਸ਼ਬਦ ਕੰਡੇ ਆਪੇ ਤੋਲ, ਨਾਮ ਬੋਲ ਸੁਣਾਇੰਦਾ । ਚਰਨ ਪ੍ਰੀਤੀ ਜੋ ਜਨ ਰਿਹਾ ਘੋਲ, ਘੋਲੀ ਘੋਲ ਵੇਖ ਵਖਾਇੰਦਾ । ਅਗੰਮ ਅਗੰਮੜਾ ਵਸਿਆ ਕੋਲ, ਦਿਵਸ ਰੈਣ ਦਰਸ ਦਿਖਾਇੰਦਾ । ਆਪਣਾ ਮੰਦਰ ਆਪੇ ਖੋਲ੍ਹ, ਸਵਛ ਸਰੂਪੀ ਨਜ਼ਰੀ ਆਇੰਦਾ । ਆਤਮ ਅੰਤਰ ਰਿਹਾ ਮੌਲ, ਏਕਾ ਦੂਜਾ ਭੌ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਵੇਖ ਵਖਾਇੰਦਾ । ਗੁਰਸਿਖ ਸੱਜਣ ਸਚ ਦਵਾਰ, ਪਾਇਆ ਹਰਿ ਨਿਰੰਕਾਰ । ਏਕਾ ਦੂਜਾ ਭੌ ਨਿਵਾਰ, ਸੋਹੇ ਬੰਕ ਦਵਾਰ । ਨੈਣ ਤੀਜਾ ਇਕ ਉਘਾੜ, ਨਿਰਗੁਣ ਜੋਤ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਾਏ ਪਾਰ । ਗੁਰਮੁਖ ਸੱਜਣ ਜਗਤ ਮੀਤ, ਹਰਿ ਜੀ ਆਪ ਉਪਜਾਇਆ । ਆਪੇ ਪਰਖਣਹਾਰਾ ਨੀਤ, ਨਿਤ ਨਵਿਤ ਫੇਰਾ ਪਾਇਆ । ਵਸਣਹਾਰਾ ਜਗਤ ਮਸੀਤ, ਦਿਵਸ ਰੈਣ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਨਗਰ ਖੇੜਾ ਵੇਖੇ ਘਰ, ਘਰ ਸਾਚਾ ਇਕ ਸੁਹਾਇਆ । ਲੱਲਾ: ਲਿਖਤ ਅਪਾਰ, ਲੇਖ ਲਿਖਾਇਆ । ਛੱਛਾ: ਛੱਲ ਸੰਸਾਰ, ਜਗਤ ਭੁਲਾਇਆ । ਮੰਮਾ: ਮੋਹ ਪਿਆਰ, ਚਰਨ ਕਵਲ ਚਿਤ ਲਾਇਆ । ਨੰਨਾ: ਨਿਰਗੁਣ ਰੂਪ ਅਪਾਰ, ਨਰ ਹਰਿ

੭੧੨

੦੭

ਸੱਚਾ ਵੇਖ ਵਿਖਾਇਆ । ਸੱਸਾ: ਸਾਖਯਾਤ ਜੋਤ ਉਜਿਆਰ, ਸਾਂਤਕ ਸਤਿ ਵਰਤਾਇਆ । ਸਿਹਾਰੀ ਟੇਢੀ ਬੰਕ ਦਵਾਰ, ਪਾਰ ਕਿਨਾਰਾ ਦਏ ਕਰਾਇਆ । ਟਿੱਪੀ ਉਪਰ ਡੂੰਘੀ ਗਾਰ, ਆਪ ਆਪਣੀ ਵੇਖ ਵਖਾਇਆ । ਘੱਘਾ: ਘੋੜਾ ਸ਼ਬਦ ਅਪਾਰ, ਪ੍ਰਭ ਸਾਚੇ ਇਕ ਰਖਾਇਆ । ਜੋਤੀ ਜੋੜਾ ਨਾਮ ਨਿਰੰਕਾਰ, ਦੋ ਜਹਾਨਾਂ ਵੇਖ ਵਿਖਾਇਆ । ਲੋਕਮਾਤ ਆਏ ਦੌੜਾ ਆਪਣੀ ਵਾਰ, ਗੁਰਮੁਖ ਸਾਚੇ ਲਏ ਚੜ੍ਹਾਇਆ । ਲਛਮਣ ਸਿੰਘ ਦਏ ਪਿਆਰ, ਪ੍ਰਭ ਅੰਦਰੇ ਅੰਦਰ ਮੇਲ ਮਿਲਾਇਆ । ਜਗੇ ਜੋਤ ਅਗੰਮ ਅਪਾਰ, ਤੇਲ ਬਾਤੀ ਨਾ ਕੋਇ ਰਖਾਇਆ । ਨਾਮ ਸ਼ਬਦ ਭੰਡਾਰਾ ਭਰੇ ਭੰਡਾਰ, ਚੋਰ ਯਾਰ ਲੁੱਟ ਕੋਈ ਨਾ ਜਾਇਆ । ਦਰਸ ਦਿਖਾਏ ਆਪ ਕਰਤਾਰ, ਨਿਰਗੁਣ ਸਰਗੁਣ ਵੇਸ ਵਟਾਇਆ । ਨਾਨਕ ਗੁਰ ਗੋਬਿੰਦ ਵੇਖੇ ਇਕ ਦਵਾਰ, ਏਕਾ ਸਤਿਗੁਰ ਨਜ਼ਰੀ ਆਇਆ । ਅੰਮ੍ਰਿਤ ਆਤਮ ਬਰਖ਼ੇ ਠੰਡੀ ਠਾਰ, ਨਿਝਰ ਧਾਰਾ ਮੁਖ ਚੁਆਇਆ । ਲੱਖ ਚੁਰਾਸੀ ਉਤਰੇ ਪਾਰ, ਆਵਣ ਜਾਵਣ ਪਤਿਤ ਪਾਵਣ ਗੇੜ ਕਟਾਇਆ । ਇਕ ਵਖਾਏ ਸਚ ਸੱਚਾ ਦਵਾਰ, ਥਿਰ ਘਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਗੁਰਮੁਖ ਹਿੱਤ, ਆਦਿ ਜੁਗਾਦਿ ਜੁਗ ਜੁਗ ਵੇਸ ਵਟਾਇਆ । ਸਿੰਘ ਸਿਖ ਗੁਰਮੁਖ ਸੁਜਾਨ, ਹਰਿ ਨਾਮੇ ਹਰਿ ਲਿਵ ਲਾਈਆ । ਆਤਮ ਅੰਤਰ ਇਕ ਧਿਆਨ, ਏਕਾ ਬੂਝ ਬੁਝਾਇਆ । ਪਾਰਬ੍ਰਹਮ ਪ੍ਰਭ ਕਰ ਪਛਾਣ, ਪੂਰਬ ਵੇਖ ਵਿਖਾਈਆ । ਸਾਚਾ ਮੇਲਾ ਗੋਪੀ ਕਾਹਨ, ਸੀਤਾ ਸੁਰਤੀ ਰਿਹਾ ਪ੍ਰਨਾਈਆ । ਚੇਲਾ ਗੁਰ ਦਰ ਦਰਬਾਨ, ਏਕਾ ਧਾਮ ਸੁਹਾਈਆ । ਸਤਿਗੁਰ ਪੂਰਾ ਸਦ ਮਿਹਰਵਾਨ, ਗੁਰਮੁਖਾਂ ਦਏ ਵਡਿਆਈਆ । ਜੀਵਾਂ ਜੰਤਾਂ ਜੀਆ ਦਾਨ, ਏਕੰਕਾਰਾ ਝੋਲੀ ਪਾਈਆ । ਜਗੀ ਜੋਤ ਪੁਰਖ ਸੁਲਤਾਨ, ਦੋ ਜਹਾਨਾਂ ਕਰੇ ਰੁਸ਼ਨਾਈਆ ।

ਬ੍ਰਹਮਾ ਨੇਤਰ ਖੋਲ੍ਹ ਮਾਰੇ ਧਿਆਨ, ਕਵਣ ਕੂਟ ਹੋਏ ਰੁਸ਼ਨਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕ ਗਲ ਲਟਕਾਨ, ਆਪ ਆਪਣੀ ਲਏ ਅੰਗੜਾਈਆ । ਵਿਸ਼ਨੂੰ ਖੇਲੇ ਖੇਲ ਮਹਾਨ, ਰੂਪ ਅਨੂਪਾ ਵੇਸ ਵਟਾਈਆ । ਸੁਰਪਤ ਰਾਜਾ ਇੰਦ ਹੋਏ ਹੈਰਾਨ, ਕਰੋੜ ਤੇਤੀਸਾ ਦਏ ਸਾਲਾਹੀਆ । ਖੇਲੇ ਖੇਲ ਸ੍ਰੀ ਭਗਵਾਨ, ਲੋਕਮਾਤ ਵੱਜੀ ਵਧਾਈਆ । ਨੌਂ ਸਤ ਹੋ ਪਰਧਾਨ, ਧਰਤ ਧਵਲ ਸੁਹਾਈਆ । ਖੇਲੇ ਖੇਲ ਦੋ ਜਹਾਨ, ਆਪ ਆਪਣੀ ਰਚਨ ਰਚਾਈਆ । ਸਾਢੇ ਤਿੰਨ ਹੱਥ ਵੇਖ ਇਕ ਮਕਾਨ, ਸੰਬਲ ਨਗਰੀ ਆਸਣ ਲਾਈਆ । ਜੋਧਾ ਸੂਰਬੀਰ ਨੌਜਵਾਨ, ਪੂਤ ਸਪੂਤਾ ਬ੍ਰਹਮਣ ਗੌੜਾ ਨਾਉਂ ਰਖਾਈਆ । ਉਚੇ ਟਿੱਲੇ ਪਰਬਤ ਵੇਖੇ ਮਾਰ ਧਿਆਨ, ਬਜ਼ਰ ਕਪਾਟੀ ਸਿਲਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨੂਰੀ ਅੱਲਾ, ਰਾਮ ਰਹੀਮ ਅਖਵਾਇਆ । ਪਰਵਰਦਿਗਾਰ ਇਕ ਇਕੱਲਾ, ਏਕਾ ਰਚਨ ਰਚਾਇਆ । ਖੇਲੇ ਖੇਲ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇਆ । ਲੱਖ ਚੁਰਾਸੀ ਦੂਈ ਦਵੈਤੀ ਮੇਟੇ ਸਲਾ, ਆਪ ਆਪਣਾ ਕਰਮ ਕਮਾਇਆ । ਪੰਜ ਤਤ ਵਿਕਾਰਾ ਮਾਰੇ ਹੱਲਾ, ਨੌਂ ਦਰ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਅਛਲ ਅਛੱਲਾ, ਭੇਵ ਕੋਈ ਨਾ ਪਾਇਆ । ਗੁਰਮੁਖ ਸਾਚਾ ਸੋਹੇ ਬੰਕ, ਪਾਇਆ ਪੁਰਖ ਅਥਾਹ । ਲੇਖਾ ਚੁੱਕੇ ਰਾਓ ਰੰਕ, ਨਾ ਕੋਈ ਦਿਸੇ ਰਾਜ ਰਾਜਾਨ ਸ਼ਾਹ । ਨਾਮ ਵੱਜੇ ਸਾਚਾ ਡੰਕ, ਆਪ ਸੁਹਾਏ ਥਾਉਂ ਥਾਂ । ਖੇਲੇ ਖੇਲ ਵਾਸੀ ਪੁਰੀ ਘਨਕ, ਨਿਹਕਲੰਕਾ ਨਾਉਂ ਰਖਾ । ਗੁਰਮੁਖ ਉਠਾਏ ਜਿਉਂ ਜਨ ਜਨਕ, ਆਪ ਆਪਣੀ ਪਕੜੇ ਬਾਂਹ । ਸ਼ਬਦ ਸ਼ਬਦੀ ਲਾਏ ਤਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਦੇਵੇ ਠੰਡੀ ਛਾਂ । ਸਿਰ ਹੱਥ ਸਮਰਥ, ਗੁਰਸਿਖ ਆਪ ਰਖਾਇਆ । ਦੇਵੇ ਨਾਮ ਸਾਚੀ ਵੱਥ, ਅੰਦਰ ਮੰਦਰ ਇਕ ਭਰਾਇਆ । ਕਾਇਆ ਚਲਾਏ ਜਗਤ ਰਥ, ਰਥ ਰਥਵਾਹੀ ਨਾਮ ਧਰਾਇਆ । ਬੋਧ ਅਗਾਧ ਅਗਾਧ ਜਣਾਈ ਅਕੱਥ, ਕਥਨੀ ਕਥ ਨਾ ਸਕੇ ਰਾਇਆ । ਸਗਲ ਵਿਸੂਰੇ ਜਾਇਣ ਲੱਥ, ਨੇਤਰ ਨੈਣ ਜਿਸ ਜਨ ਦਰਸ਼ਨ ਪਾਇਆ । ਲਹਿਣਾ ਦੇਣਾ ਚੁੱਕੇ ਸਾਢੇ ਤਿੰਨ ਹੱਥ, ਰਵਦਾਸ ਚੁਮਾਰੇ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਤੀਰਥ ਤੱਟ ਅਠਸਠ, ਅੰਮ੍ਰਿਤ ਆਤਮ ਸੁਹਾਇਆ । ਅੰਮ੍ਰਿਤ ਆਤਮ ਸਾਚਾ ਤਾਲ, ਗੁਰ ਗੁਰ ਆਪ ਭਰਾਇੰਦਾ । ਗੁਰਮੁਖ ਸਾਚਾ ਮਾਰੇ ਛਾਲ, ਦੁਰਮਤ ਮੈਲ ਗਵਾਇੰਦਾ । ਆਪ ਬਣਾਏ ਅਨਮੁਲੜਾ ਲਾਲ, ਗਤ ਮਿਤ ਨਾ ਕੋਈ ਜਣਾਇੰਦਾ । ਚੌਦਾਂ ਲੋਕ ਬਣ ਦਲਾਲ, ਚੌਦਾਂ ਤਬਕਾਂ ਫੇਰੀ ਪਾਇੰਦਾ । ਖੇਲੇ ਖੇਲ ਹੱਕ ਹਲਾਲ, ਹੱਕ ਹਕੀਕਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਗੁਰਸਿਖ ਸੱਜਣ ਮੀਤ ਮੁਰਾਰ ਕਰ ਪਿਆਰ, ਦਰਸ ਦਰਸ ਸੇਵਕ ਸੇਵਾ ਲੇਖੇ ਲਾਇੰਦਾ ।

* ੪ ਕੱਤਕ ੨੦੧੫ ਬਿਕ੍ਰਮੀ ਬੋਧ ਅਵਤਾਰ ਦੇ ਮੰਦਰ ਗਯਾ ਸ਼ਹਿਰ *

ਅਬਿਨਾਸ਼ ਅਬਿਨਾਸ਼ੀ ਆਦਿ ਜੁਗਾਦਿ, ਨਿਰਗੁਣ ਨੂਰ ਨੁਰਾਨਿਆਂ । ਪ੍ਰਿਥਮੀ ਆਕਾਸ਼ ਖੇਲ ਬ੍ਰਹਿਮਾਦ, ਜੁਗ ਜੁਗ ਵੇਸ ਵਟਾਨਿਆਂ । ਸਰਬ

ਘਟ ਵਾਸ ਸ਼ਬਦ ਨਾਦ, ਪੁਰੀਆਂ ਲੋਆਂ ਆਪ ਵਜਾਨਿਆਂ । ਨਾਮ ਵਾਸ ਬੋਧ ਅਗਾਧ, ਅਕਾਲ ਪੁਰਖ ਸ੍ਰੀ ਭਗਵਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਨਿਆਂ । ਪੁਰਖ ਅਬਿਨਾਸ਼ ਹਰਿ ਹਰਿ ਕਰਤਾਰਾ, ਕਰਨਹਾਰ ਅਖਵਾਇੰਦਾ । ਨੂਰੋ ਨੂਰ ਨੂਰ ਜੋਤ ਉਜਿਆਰਾ, ਦੀਪਕ ਦੀਪਕ ਦੀਪਕ ਆਪ ਜਗਾਇੰਦਾ । ਸ਼ਬਦ ਸ਼ਬਦ ਸ਼ਬਦ ਧੁਨਕਾਰਾ, ਅਗੰਮ ਅਗੰਮ ਆਪ ਉਪਾਇੰਦਾ । ਅਲਖ ਅਲਖ ਅਲਖ ਖੇਲ ਨਿਆਰਾ, ਪ੍ਰਤੱਖ ਪ੍ਰਤੱਖ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਬੰਧਾਇੰਦਾ । ਨਿਰੰਕਾਰ ਨਿਰੰਕਾਰ ਨਿਰੰਕਾਰ, ਹਰਿ ਆਪ ਅਖਵਾਇੰਦਾ । ਨਿਰਾਕਾਰ ਨਿਰਾਕਾਰ ਨਿਰਾਕਾਰ, ਨਿਰਗੁਣ ਵੇਸ ਵਟਾਇੰਦਾ । ਨਿਰਾਧਾਰ ਨਿਰਾਧਾਰ ਨਿਰਾਧਾਰ ਭੇਸ ਅਪਾਰ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਮ ਰਖਾਇੰਦਾ । ਨਾਮ ਸਤਿ ਨਾਮ ਸਤਿ ਨਾਮ ਸਤਿ, ਨਾਮੇ ਨਾਮ ਵਡਿਆਈਆ । ਆਦਿ ਸਤਿ ਆਦਿ ਸਤਿ ਆਦਿ ਸਤਿ, ਸਤਿ ਸਤਿ ਅਖਵਾਈਆ । ਜੁਗਾਦਿ ਸਤਿ ਜੁਗਾਦਿ ਸਤਿ ਜੁਗਾਦਿ ਸਤਿ, ਸਤਿ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਕਰਤਾ ਪੁਰਖ ਕਰਤਾ ਪੁਰਖ ਕਰਤਾ ਪੁਰਖ, ਕਰਨਹਾਰਾ ਅਖਵਾਇਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਚਿਖਾ ਨਾ ਕੋਈ ਸਤਾਇਆ । ਆਦਿ ਜੁਗਾਦਿ ਜੁਗ ਜੁਗ ਕਰ ਨਾ ਸਕੇ ਕੋਈ ਪਰਖ, ਪਰਖ ਪ੍ਰੀਖਿਆ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਧਰ ਹਰਿ ਅਪਾਰ, ਆਪਣਾ ਆਪ ਉਪਾਈਆ । ਜੋਤੀ ਨੂਰ ਕਰ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦੀ ਡੰਕ ਹਰਿ ਅਪਾਰ, ਦੋ ਜਹਾਨਾਂ ਆਪ ਸੁਣਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਸ਼ਾਹ ਅਸਵਾਰ ਆਪ ਹੋ ਜਾਈਆ । ਖੇਲੇ ਖੇਲ ਜਗਤ ਦਵਾਰ, ਲੋਕਮਾਤ ਵੱਜੀ ਵਧਾਈਆ । ਅੰਤਰ ਆਤਮ ਇਕ ਪਿਆਰ, ਬ੍ਰਹਮ ਬ੍ਰਹਮ ਜਣਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਨਾਉਂ ਧਰ ਹਰਿ ਅਪਾਰ, ਆਪਣਾ ਆਪ ਉਪਾਈਆ । ਜੋਤੀ ਨੂਰ ਕਰ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦੀ ਡੰਕ ਹਰਿ ਅਪਾਰ, ਦੋ ਜਹਾਨਾਂ ਆਪ ਸੁਣਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਸ਼ਾਹ ਅਸਵਾਰ ਆਪ ਹੋ ਜਾਈਆ । ਖੇਲੇ ਖੇਲ ਭਗਤ ਦਵਾਰ, ਲੋਕਮਾਤ ਵੱਜੀ ਵਧਾਈਆ । ਅੰਤਰ ਆਤਮ ਇਕ ਪਿਆਰ, ਬ੍ਰਹਮ ਬ੍ਰਹਮ ਜਣਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਵਾ ਬੱਤੀ ਇਕ ਰਖਾਈਆ । ਦੀਵਾ ਬੱਤੀ ਏਕੰਕਾਰ, ਆਪਣਾ ਆਪ ਉਪਾਇਆ । ਕਮਲਾਪਾਤੀ ਖੇਲ ਅਪਾਰ, ਆਪੇ ਖੇਲ ਖਿਲਾਇਆ । ਉਤਮ ਜ਼ਾਤੀ ਵਿਚ ਸੰਸਾਰ, ਜਨ ਭਗਤਾਂ ਆਪ ਕਰਾਇਆ । ਪਿਤਾ ਮਾਤੀ ਮੀਤ ਮੁਰਾਰ, ਪਰਮ ਪੁਰਖ ਅਖਵਾਇਆ । ਬੂੰਦ ਸਵਾਂਤੀ ਠਾਂਡੀ ਠਾਰ, ਨਿਝਰ ਮੁਖ ਚੁਆਇਆ । ਮਿਟੇ ਰੈਣ ਅੰਧੇਰੀ ਰਾਤੀ, ਪ੍ਰਕਾਸ਼ ਪ੍ਰਕਾਸ਼ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਭੇਖ ਅਵੱਲਾ, ਆਪਣੀ ਧਾਰ ਚਲਾਈਆ । ਥਿਰ ਘਰ ਬੈਠ ਇਕ ਇਕੱਲਾ, ਤ੍ਰੈ ਤ੍ਰੈ ਲੋਕਾਂ ਵੇਖ ਵਖਾਈਆ । ਸਚ ਦਵਾਰਾ ਆਪੇ ਮੱਲਾ, ਲੋਕਮਾਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ

ਜੁਗ ਆਪਣਾ ਨਾਉਂ ਚਲਾਈਆ । ਨਾਮ ਚਲੰਤਾ ਹਰਿ ਹਰਿ ਦਾਤਾਰ, ਏਕਾ ਏਕ ਅਖਵਾਇੰਦਾ । ਖੇਲ ਖਲੰਤਾ ਅਪਰ ਅਪਾਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਨਾਮ ਧਰੰਤਾ ਆਪ ਕਰਤਾਰ, ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ । ਕਲਜੁਗ ਤੇਰੀ ਨੀਂਹ ਉਸਾਰ, ਤੇਰਾ ਮਾਰਗ ਲਾਇੰਦਾ । ਧਰਤ ਧਵਲ ਦਏ ਸਹਾਰ, ਏਕਾ ਦਾਨ ਝੋਲੀ ਪਾਇੰਦਾ । ਦੂਸਰ ਵੇਖੇ ਖੇਲ ਮਹਾਨ, ਕਲਜੁਗ ਕੂੜਾ ਵੰਡ ਵੰਡਾਇੰਦਾ । ਧੁਰਦਰਗਾਹੀ ਖੋਲ੍ਹ ਦੁਕਾਨ, ਆਪਣੀ ਭਿਛਿਆ ਆਪੇ ਪਾਇੰਦਾ । ਸਾਚੇ ਮੰਦਰ ਬੈਠ ਮਕਾਨ, ਆਪ ਆਪਣੀ ਦਇਆ ਕਮਾਇੰਦਾ । ਲੇਖਾ ਚੁਕਾਏ ਗੋਪੀ ਕਾਹਨ, ਨਾਮ ਬੰਸਰੀ ਨਾ ਕੋਈ ਵਜਾਇੰਦਾ । ਗੀਤਾ ਪੜ੍ਹ ਪੜ੍ਹ ਸਰਬ ਸੁਨਾਣ, ਹਰਿ ਹਰਿ ਮੇਲ ਨਾ ਕੋਈ ਮਿਲਾਇੰਦਾ । ਪਤਿਤ ਪੁਨੀਤ ਸ੍ਰੀ ਭਗਵਾਨ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਕਲਜੁਗ ਬਾਲਾ ਹੋ ਜਵਾਨ, ਆਪ ਆਪਣਾ ਰੰਗ ਵਟਾਇੰਦਾ । ਜੂਠ ਝੂਠ ਕਰ ਪਰਧਾਨ, ਲੱਖ ਚੁਰਾਸੀ ਨਾਲ ਪ੍ਰਨਾਇੰਦਾ । ਖ਼ਾਲੀ ਦਿਸੇ ਜੀਵ ਨਿਧਾਨ, ਆਤਮ ਬ੍ਰਹਮ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇੰਦਾ । ਰੂਪ ਅਨੂਪਾ ਹਰਿ ਕਰਤਾਰਾ, ਏਕਾ ਜੋਤ ਜਗਾਈਆ । ਜੁਗ ਜੁਗ ਖੇਲੇ ਖੇਲ ਅਪਾਰਾ, ਖੇਲਣਹਾਰ ਭੇਵ ਨਾ ਰਾਈਆ । ਆਦਿਨ ਅੰਤਾ ਏਕੰਕਾਰਾ, ਅਕਲ ਕਲਾ ਅਖਵਾਈਆ । ਕਲਜੁਗ ਤੇਰਾ ਵੇਖ ਅੰਧਿਆਰਾ, ਆਪ ਆਪਣਾ ਵੇਸ ਵਟਾਈਆ । ਗਿਆਨ ਨਾਮ ਕਰ ਉਜਿਆਰਾ, ਮਨ ਮਤ ਸਮਝਾਈਆ । ਬੁੱਧ ਬਬੇਕ ਏਕਾ ਧਾਰਾ, ਪੰਜ ਤਤ ਵਡਿਆਈਆ । ਸਤਿ ਸਰੂਪੀ ਖੇਲ ਨਿਆਰਾ, ਸਤਿ ਸਤਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਿਧ ਰਖਾਈਆ । ਬੁੱਧੀ ਬਲ ਹਰਿ ਨਿਰੰਕਾਰ, ਏਕਾ ਏਕ ਕਰਾਇਆ । ਦੀਵਾ ਦੀਵਾ ਕਰ ਉਜਿਆਰ, ਬਾਤੀ ਬਾਤੀ ਮੇਲ ਮਿਲਾਇਆ । ਦਿਵਸ ਰੈਣ ਪ੍ਰਭਾਤੀ ਕਰ ਪਿਆਰ, ਏਕਾ ਰੰਗ ਰੰਗਾਇਆ । ਡੂੰਘੀ ਘਾਟੀ ਕਾਇਆ ਗਾਰ, ਉਚੇ ਟਿੱਲੇ ਫੜ ਬਹਾਇਆ । ਮਾਰੇ ਝਾਤੀ ਨਿਰਗੁਣ ਧਾਰ, ਆਤਮ ਤਾਕੀ ਆਪ ਖੁਲ੍ਹਾਇਆ । ਕਲਜੁਗ ਸਾਕੀ ਬਣ ਸੰਸਾਰ, ਨਾਮ ਪਿਆਲਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਕਰੇ ਰੁਸ਼ਨਾਇਆ । ਪੰਜ ਤਤ ਬਾਲੀ ਬਾਲ, ਬੰਧਨ ਬੰਧ ਬੰਧਾਇੰਦਾ । ਖੇਲੇ ਖੇਲ ਗੁਰ ਗੋਪਾਲ, ਚੰਦਨ ਚੰਦ ਚੜ੍ਹਾਇੰਦਾ । ਆਪਣੇ ਫਲ ਲਾਏ ਡਾਲ, ਫਲ ਫੁਲਵਾੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਆਪ ਆਪਣੀ ਬੂਝ ਬੁਝਾਇੰਦਾ । ਆਪੇ ਬੂਝੇ ਕਰ ਵਿਚਾਰ, ਆਪਣੇ ਹੱਥ ਰੱਖੇ ਵਡਿਆਈਆ । ਮਾਤ ਪਿਤਾ ਘਰ ਸੁਤ ਦੁਲਾਰ, ਸੇਵਕ ਸੇਵਾ ਰਹੇ ਕਮਾਈਆ । ਸੀਰ ਪਿਆਇਆ ਕਰ ਪਿਆਰ, ਸਾਂਤਕ ਸਤਿ ਨਾ ਕੋਈ ਰਖਾਈਆ । ਤਨ ਕਰਾਇਆ ਜਗਤ ਸ਼ਿੰਗਾਰ, ਨਾਮ ਦੋਸ਼ਾਲਾ ਨਾ ਕੋਈ ਪਹਿਨਾਈਆ । ਨੈਣ ਵਖਾਇਆ ਜਗਤ ਦਰਬਾਰ, ਹਰਿ ਦਵਾਰ ਦਿਸ ਨਾ ਆਇਆ । ਬਾਲ ਅਵਸਥਾ ਹੋਈ ਪਾਰ, ਜਗਤ ਜਵਾਨੀ ਰੂਪ ਵਟਾਇਆ । ਵਿਦਵਾਨੀ ਨਾ ਲਿਖੇ ਕੋਈ ਲਿਖਾਰ, ਹਰਿ ਕਾ ਭੇਵ ਨਾ ਕੋਈ ਜਣਾਇਆ । ਬੁੱਧੀਮਾਨੀ ਭਰ ਭੰਡਾਰ, ਬੋਧ ਗਿਆਨ ਜਣਾਇਆ । ਇਕ ਗਿਆਨੀ ਏਕਾ ਧਾਰ, ਏਕਾ ਰਾਗ ਸੁਣਾਇਆ । ਚੌਦਾਂ ਭੂਮਿਕਾ ਪਾਵੇ ਸਾਰ, ਦਰ ਦਰਵੇਸ਼ਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮਾਰਗ ਲਾਇਆ । ਜਗਤ ਬੁੱਧੀ ਮਾਇਆ ਮੋਹ, ਜਗਤ ਜੰਜਾਲ ਤੁੜਾਇਆ । ਆਪਣੀ ਜੋਤੀ ਆਪੇ ਛੋਹ, ਆਪਣਾ ਮੇਲ ਮਿਲਾਇਆ । ਆਪਣੇ ਮੰਦਰ ਆਪੇ ਅੱਗੇ

੭੧੫
੦੭

ਹੋ, ਆਪ ਆਪਣਾ ਰੂਪ ਦਰਸਾਇਆ । ਆਪਣਾ ਅੰਧੇਰੇ ਆਪੇ ਕਰੇ ਲੋ, ਅੰਧ ਅੰਧੇਰ ਆਪ ਮਿਟਾਇਆ । ਆਪਣੀ ਮੈਲ ਆਪੇ ਧੋ, ਆਪ ਆਪਣਾ ਵੇਖ ਵਖਾਇਆ । ਆਪਣਾ ਬੀਜ ਆਪੇ ਬੋ, ਆਪ ਆਪਣਾ ਫਲ ਲਗਾਇਆ । ਹਰਿ ਬਿਨ ਅਵਰ ਨਾ ਜਾਣੇ ਕੋ, ਸ੍ਰਿਸ਼ਟ ਸਬਾਈ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰਸ ਦਿਖਾਇਆ । ਬੁੱਧੀ ਬੁੱਧ ਬਬੇਕ ਇਕ ਕਰਾਈਆ । ਏਕਾ ਨੇਤਰ ਆਪਣੇ ਵੇਖ, ਏਕਾ ਬੂਝ ਬੁਝਾਈਆ । ਏਕਾ ਲਿਖਿਆ ਸੱਚਾ ਲੇਖ, ਵੇਦ ਵਿਆਸਾ ਗਿਆ ਸਮਝਾਈਆ । ਖੇਲੇ ਖੇਲ ਰਿਖੀ ਕੇਸ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਅਲੱਖ ਨਿਰੰਜਣ ਵੇਖੇ ਦਰ ਦਰਵੇਸ਼, ਧਾਮ ਭੂਮਕਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤੀ ਜੋਤ ਜਗਾਈਆ । ਆਪਣੀ ਜੋਤੀ ਜੋਤ ਜਗਾ, ਮੰਤਰ ਨਾਮ ਦ੍ਰਿੜਾਇਆ । ਅੰਧ ਅੰਧੇਰਾ ਜਗਤ ਮਿਟਾ, ਪ੍ਰਕਾਸ਼ ਪ੍ਰਕਾਸ਼ ਸਮਾਇਆ । ਰੂਪ ਅਨੂਪ ਇਕ ਦਰਸਾ, ਨੇਤਰ ਨੈਣਾਂ ਤ੍ਰਿਖਾ ਬੁਝਾਇਆ । ਆਪਣਾ ਹਿੱਸਾ ਆਪ ਵੰਡਾ, ਏਕਾ ਹੁਕਮ ਸੁਣਾਇਆ । ਦਹਿ ਦਿਸ਼ਾ ਫੇਰੀ ਰਿਹਾ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲੇਖ ਲਿਖਾਇਆ । ਸ਼ਬਦ ਮੰਤਰ ਨਾਮ ਗਿਆਨਾ, ਧੁਰ ਫ਼ੁਰਮਾਣਾ ਹਰਿ ਜਣਾਈਆ । ਏਕਾ ਅੱਖਰ ਵਡ ਵਿਦਵਾਨਾ, ਜੀਵਾਂ ਜੰਤਾਂ ਰਿਹਾ ਭੁਲਾਈਆ । ਏਕਾ ਤੀਰ ਇਕ ਨਿਸ਼ਾਨਾ, ਕੋਟਨ ਕੋਟ ਘਾਇਲ ਕਰਾਈਆ । ਏਕਾ ਰਾਜ ਇਕ ਰਾਜਾਨਾ, ਸ਼ਾਹ ਸੁਲਤਾਨ ਇਕ ਅਖਵਾਈਆ । ਏਕਾ ਭੂਪ ਇਕ ਮਿਹਰਬਾਨਾ, ਦੀਨਾਂ ਨਾਥ ਇਕ ਹੋ ਜਾਈਆ । ਏਕਾ ਗੋਪੀ ਏਕਾ ਕਾਹਨਾ, ਏਕਾ ਮੰਡਲ ਰਾਸ ਰਚਾਈਆ । ਏਕਾ ਖੇਲੇ ਖੇਲ ਦੋ ਜਹਾਨਾਂ, ਦੋ ਜਹਾਨਾਂ ਫੇਰਾ ਪਾਈਆ । ਏਕਾ ਦਾਤਾ ਗੁਣ ਨਿਧਾਨਾ, ਗੁਣਵੰਤਾ ਨਾਉਂ ਧਰਾਈਆ । ਏਕਾ ਏਕ ਵਿਖਾਏ ਪਦ ਨਿਰਬਾਣਾ, ਪਰਮ ਪੁਰਖ ਇਕ ਅਖਵਾਈਆ । ਏਕਾ ਏਕ ਵਿਖਾਏ ਸਚ ਟਿਕਾਣਾ, ਏਕਾ ਏਕ ਸ਼ਬਦ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਿਆਨ ਬੋਧ ਵੱਡੀ ਵਡਿਆਈਆ । ਬੋਧ ਗਿਆਨ ਜਗਤ ਜੈਕਾਰਾ, ਹਰਿ ਹਰਿ ਆਪ ਲਗਾਇੰਦਾ । ਨਾਮ ਨਾਮਾ ਬਣ ਵਰਤਾਰਾ, ਨਰ ਨਰਾਇਣ ਵੇਸ ਵਟਾਇੰਦਾ । ਪੰਜ ਤਤ ਕਰ ਉਜਿਆਰਾ, ਧਰਤ ਧਵਲ ਸੁਹਾਇੰਦਾ । ਉਚੇ ਟਿੱਲੇ ਪਰਬਤ ਚੜ੍ਹ, ਜੰਗਲ ਜੂਹਾਂ ਫੇਰੀ ਪਾਇੰਦਾ । ਵਿਸ਼ਨੂ ਵੇਖੇ ਇਕ ਅਖਾੜਾ, ਸ਼ਿਵ ਸ਼ੰਕਰ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਅਖਵਾਇੰਦਾ । ਬ੍ਰਹਮ ਬ੍ਰਹਮ ਕਰ ਉਜਿਆਰ, ਪਾਰਬ੍ਰਹਮ ਵੱਡੀ ਵਡਿਆਈਆ । ਤ੍ਰੈ ਤ੍ਰੈ ਦੇਸਾਂ ਖੇਲ ਕਰਤਾਰ, ਤ੍ਰੈ ਤ੍ਰੈ ਲੋਕਾਂ ਖੇਲ ਨਾ ਰਾਈਆ । ਨਰ ਨਰੇਸ਼ ਸੱਚੀ ਸਰਕਾਰ, ਤਖ਼ਤ ਤਾਜ ਇਕ ਸੁਹਾਈਆ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਜੀਵਾਂ ਜੰਤਾਂ ਹੋਏ ਸਹਾਈਆ । ਬੁੱਧ ਬਬੇਕੀ ਅਪਰ ਅਪਾਰ, ਗਿਆਨ ਗੁਰ ਰਿਹਾ ਸਮਝਾਈਆ । ਸਾਚੀ ਟੇਕ ਹਰਿ ਨਿਰੰਕਾਰ, ਹਰਿ ਬਿਨ ਅਵਰ ਨਾ ਕੋਈ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਿਖਿਆ ਆਪ ਪੜ੍ਹਾਈਆ । ਸਿਖ ਮਤ ਬੁੱਧ ਕਰ ਹਰਿ ਵਿਚਾਰ, ਆਪਣਾ ਆਪ ਦਰਸਾਇਆ । ਮਦਿਰਾ ਮਾਸ ਤਜ ਅਹਾਰ, ਹਰਿ ਹਰਿ ਵਿਚ ਟਿਕਾਇਆ । ਗ਼ਰੀਬ ਨਿਮਾਣੇ ਪਾਵੇ ਸਾਰ, ਅਨਾਥ ਅਨਾਥਾਂ ਮੇਲ ਮਿਲਾਇਆ । ਨਾਮ ਸੁਨੇਹੁੜਾ ਅਪਰ ਅਪਾਰ, ਸਗਲਾ ਸਾਥਾ ਆਪ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਆਦਿ ਖੇਲ ਕਲਜੁਗ ਰੂਪ, ਹਰਿ ਹਰਿ ਹਰਿ ਵਡਿਆਈਆ । ਬੋਧ ਬੋਧਾ ਸਤਿ

ਸਰੂਪ, ਸਤਿ ਪੁਰਖ ਭੇਵ ਨਾ ਰਾਈਆ । ਮਿਟੇ ਅੰਧੇਰ ਅੰਧ ਕੂਪ, ਮੇਟੇ ਰੈਣ ਅੰਧੇਰੀ ਛਾਈਆ । ਆਪਣਾ ਪੰਘੂੜਾ ਆਪੇ ਝੂਟ, ਕਰੇ ਦਰਸ ਬੇਪਰਵਾਹੀਆ । ਕਲਜੁਗ ਅੰਤਮ ਚੁੱਕੇ ਲਹਿਣਾ ਦੇਣਾ ਜੂਠ ਝੂਠ, ਵਿਕਾਰ ਹੰਕਾਰ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਆਪੇ ਆਏ ਤੁਠ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਲਏ ਲੁੱਟ, ਪੰਚ ਵਿਕਾਰਾ ਰਹਿਣ ਨਾ ਪਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਏਕਾ ਘੁੱਟ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਹਰਿਜਨ ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਫੰਦ ਕਟਾਈਆ । ਕਲਜੁਗ ਕੂੜ ਕੁੜਿਆਰਾ ਲੋਕਮਾਤ ਦੀ ਗੋਦੀ ਵਿਚੋਂ ਕੱਢੇ ਕੁੱਟ, ਨਾਮ ਖੰਡਾ ਹੱਥ ਉਠਾਈਆ । ਲਹਿਣਾ ਦੇਣਾ ਚੁਕਾਏ ਪੂਜਾ ਪਾਠ, ਪੰਜ ਤਤ ਨਾਮ ਰੱਤ ਇਕ ਸੁਹਾਈਆ । ਸ਼ਬਦੀ ਸ਼ਬਦ ਰਖਾਏ ਸਾਚਾ ਸੁੱਤ, ਲੋਆਂ ਪੁਰੀਆਂ ਆਪ ਵਡਿਆਈਆ । ਆਪੇ ਬਹੇ ਲੱਖ ਚੁਰਾਸੀ ਵਿਚੋਂ ਲੁਕ, ਦਿਸ ਕਿਸੇ ਨਾ ਆਈਆ । ਆਪਣਾ ਆਪ ਆਪਣੀ ਚੁੱਕ ਲਏ ਕੁੱਖ, ਮਾਤ ਪਿਤ ਨਾ ਕੋਈ ਅਖਵਾਈਆ । ਨਾਤਾ ਰੱਖੇ ਮਾਨਸ ਮਾਨੁਖ, ਅੰਦਰ ਵਸੇ ਬੇਪਰਵਾਹੀਆ । ਆਦਿ ਅੰਤ ਨਾ ਹਰਿਆ ਨਾ ਜਾਏ ਸੁੱਕ, ਏਕਾ ਰੰਗ ਰਹੇ, ਹਰਿ ਹਰਿ ਸੱਚਾ ਮਾਹੀਆ । ਗੁਰਸਿਖ ਸੱਜਣ ਮੀਤ ਮੁਰਾਰ ਹਰਿਜਨ ਭਗਤ ਸੁਹੇਲੇ ਆਪਣੀ ਗੋਦੀ ਲਏ ਚੁੱਕ, ਜਗਤ ਗਿਆਨ ਨਾ ਕੋਈ ਵਡਿਆਈਆ । ਆਪਣਾ ਭਾਣਾ ਸਾਚਾ ਰਾਣਾ ਆਪੇ ਵੇਖੇ ਲੋਕਮਾਤ ਨਾ ਜਾਏ ਰੁਕ, ਨਾ ਕੋਈ ਮੇਟ ਮਿਟਾਈਆ । ਮਨਮਤ ਸ੍ਰਿਸ਼ਟ ਸਬਾਈ ਮੁਖ ਪਾਏ ਥੁੱਕ, ਜੋ ਜਨ ਹਰਿ ਹਰਿ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਉਜਲ ਮੁੱਖ, ਜਗਤ ਚਿੰਨ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਗੁਣ ਨਿਰਗੁਣ ਧਾਰ, ਸਰਗੁਣ ਸਰਗੁਣ ਸਰਗੁਣ ਧਾਰ ਕਰ ਪਿਆਰ, ਅੱਧਵਿਚਕਾਰੇ ਬੈਠਾ ਡੇਰਾ ਲਾਈਆ ।

### * ੫ ਕੱਤਕ ੨੦੧੫ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਹਿ ਵਿਖੇ ਸੀ ਆਈ ਟੀ ਰੋਡ ਕਲਕਤਾ ਸ਼ਹਿਰ *

ਨਿਰਗੁਣ ਹਰਿ ਹਰਿ ਮੇਲਿਆ ਨਾਮਾ, ਹਰਿ ਹਰਿ ਰੂਪ ਅਪਾਰ ਸਜਾਇਆ । ਜੋਤੀ ਜੋਤ ਜੋਤ ਜੋਤ ਮਹਾਨਾ, ਜੋਤੀ ਜੋਤ ਜੋਤ ਜਗਾਇਆ । ਸ਼ਬਦ ਸ਼ਬਦ ਤਰਾਨਾ, ਹਰਿ ਹਰਿ ਆਪ ਸੁਣਾਇਆ । ਜੁਗ ਜੁਗ ਖੇਲੇ ਖੇਲ ਮਹਾਨਾ, ਦੀਨ ਦਿਆਲਾ ਨਾਉਂ ਰਖਾਇਆ । ਅਕਾਲ ਮੂਰਤ ਸ੍ਰੀ ਭਗਵਾਨਾ, ਆਦਿ ਜੁਗਾਦੀ ਵੇਸ ਵਟਾਇਆ । ਏਕੰਕਾਰ ਖੇਲ ਦੋ ਜਹਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲਾਇਆ । ਨਾਉਂ ਨਿਰੰਕਾਰ ਪੁਰਖ ਅਬਿਨਾਸ਼, ਏਕਾ ਏਕ ਅਖ਼ਵਾਇੰਦਾ । ਖੇਲੇ ਖੇਲ ਸਰਬ ਗੁਣਤਾਸ, ਗੁਣਵੰਤਾ ਭੇਵ ਨਾ ਆਇੰਦਾ । ਪੁਰਖ ਪ੍ਰਖੋਤਮ ਸ਼ਾਹੋ ਸ਼ਾਬਾਸ਼, ਧੰਨ ਧੰਨਵੰਤਾ ਨਾਉਂ ਰਖਾਇੰਦਾ । ਵੇਖ ਵਖਾਏ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਫੇਰੀ ਪਾਇੰਦਾ । ਮੰਡਲ ਮੰਡਪ ਪਾਵੇ ਰਾਸ, ਬ੍ਰਹਿਮੰਡ ਖੰਡ ਡੇਰਾ ਲਾਇੰਦਾ । ਆਦਿ ਅੰਤ ਨਾ ਹੋਏ ਵਿਨਾਸ, ਜੂਨੀ ਰਹਿਤ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇੰਦਾ । ਅਕਾਲ ਮੂਰਤ ਹਰਿ ਨਿਰੰਕਾਰ, ਏਕਾ ਏਕੰਕਾਰਿਆ । ਪਰਮ ਪੁਰਖ ਅਗੰਮ ਅਪਾਰਾ, ਜੋਤੀ ਨੂਰੋ ਨੂਰ ਉਜਿਆਰਿਆ । ਨਾ ਮਰੇ ਨਾ ਪਏ ਜੰਮ, ਆਵੇ ਜਾਵੇ ਵਾਰੋ ਵਾਰਿਆ । ਲੱਖ ਚੁਰਾਸੀ ਜਾਣੇ ਕੰਮ, ਪਾਰਬ੍ਰਹਮ ਬ੍ਰਹਮ ਉਪਾ

ਰਿਹਾ । ਬ੍ਰਹਮ ਬ੍ਰਹਮ ਏਕਾ ਨਾਮ, ਏਕਾ ਨਾਉਂ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਤਤ ਆਪ ਉਪਾ ਰਿਹਾ । ਪੰਜ ਤਤ ਕਰ ਅਕਾਰ, ਹਰਿ ਸਾਚੇ ਬਣਤ ਬਣਾਈਆ । ਬ੍ਰਹਮ ਬ੍ਰਹਮ ਰੂਪ ਅਪਾਰ, ਪਾਰਬ੍ਰਹਮ ਵੱਡੀ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਖੇਲ ਨਿਆਰ, ਮਨ ਮਤ ਬੁੱਧ ਜੋੜ ਜੁੜਾਈਆ । ਆਪੇ ਵਸਿਆ ਸਭ ਤੋਂ ਬਾਹਿਰ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਨਾਉਂ ਧਰ ਹਰਿ ਨਿਰੰਕਾਰਾ, ਲੋਕਮਾਤ ਵੇਖ ਵਿਖਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਏਕਾ ਡੰਕਾ ਆਪ ਰਖਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਕਰੇ ਖ਼ਬਰਦਾਰਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਜਨ ਭਗਤਾਂ ਦੇਵੇ ਨਾਮ ਪਿਆਰਾ, ਆਤਮ ਬ੍ਰਹਮ ਜਣਾਇੰਦਾ । ਏਕਾ ਦੂਜਾ ਭੇਵ ਨਿਆਰਾ, ਤੀਜੇ ਨੇਤਰ ਦਰਸ ਦਿਖਾਇੰਦਾ । ਚੌਥਾ ਦਰ ਸੱਚਾ ਘਰ ਬਾਰਾ, ਸਾਚੇ ਮੇਲ ਮਿਲਾਇੰਦਾ । ਪੰਚਮ ਮੀਤਾ ਹਰਿ ਨਿਰੰਕਾਰਾ, ਪੰਚਮ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਿਖਾਇੰਦਾ । ਹਰਿ ਸੱਜਣ ਹਰਿ ਮੀਤੜਾ, ਪਾਰਬ੍ਰਹਮ ਕਰਤਾਰ । ਜੁਗ ਜੁਗ ਜਾਣੇ ਆਪਣੀ ਰੀਤੜਾ, ਇਕ ਇਕੱਲਾ ਏਕੰਕਾਰ । ਲੱਖ ਚੁਰਾਸੀ ਪਰਖੇ ਨੀਤੜਾ, ਮੰਦਰ ਅੰਦਰ ਬੈਠਾ ਦਿਸ ਨਾ ਆਏ ਨੌਂ ਦਵਾਰ । ਹਰਿਜਨ ਕਰੇ ਪਤਿਤ ਪੁਨੀਤੜਾ, ਬਖ਼ਸ਼ੇ ਏਕਾ ਨਾਮ ਅਧਾਰ । ਮਿਠਾ ਕਰੇ ਕਾਇਆ ਕੌੜਾ ਰੀਠੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਅਪਰ ਅਪਾਰ । ਖੇਲ ਖਿਲੰਤਾ ਹਰਿ ਨਿਰੰਕਾਰ ਆਦਿ ਨਿਰੰਜਣਾ, ਜੁਗ ਜੁਗ ਵੇਸ ਵਟਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਵੇਖ ਵਿਖਾਇੰਦਾ । ਜਨ ਭਗਤਾਂ ਦੇਵੇ ਨੇਤਰ ਗਿਆਨ ਅੰਜਨਾ, ਅੰਧ ਅੰਧੇਰ ਮਿਟਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨਾ, ਏਕਾ ਮੈਲ ਗਵਾਇੰਦਾ । ਦੋ ਜਹਾਨੀ ਪਰਦੇ ਕੱਜਣਾ, ਨਾਮ ਪਰਦਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਹਰਿ ਸੱਜਣ ਮੇਲ ਮਿਲਾਇੰਦਾ । ਜੁਗ ਜੁਗ ਵੇਸ ਹਰਿ ਕਰਤਾਰ, ਆਪਣਾ ਆਪ ਕਰਾਇਆ । ਸਤਿਜੁਗ ਸਾਚੇ ਪਾਵੇ ਸਾਰ, ਸਤਿ ਸਤਿਵਾਦੀ ਨਾਉਂ ਧਰਾਇਆ । ਤ੍ਰੇਤਾ ਤੇਰਾ ਕਰ ਸ਼ਿੰਗਾਰ, ਆਪ ਆਪਣਾ ਤਨ ਬੰਧਾਇਆ । ਰਾਮ ਰਾਮਾ ਰੂਪ ਅਪਾਰ, ਲੇਖਾ ਲੇਖ ਨਾ ਕੋਈ ਲਿਖਾਇਆ । ਦੁਆਪਰ ਤੇਰੀ ਬੰਨ੍ਹੇ ਧਾਰ, ਤੇਰਾ ਮੇਰਾ ਮੋਹ ਚੁਕਾਇਆ । ਭਗਤਨ ਮੀਤਾ ਹਰਿ ਕਰਤਾਰ, ਰੂਪ ਅਨੂਪਾ ਰੂਪ ਦਰਸਾਇਆ । ਸ਼ਾਹੋ ਭੂਪ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਭੇਵ ਕੋਈ ਨਾ ਪਾਇੰਦਾ । ਆਦਿ ਅੰਤਾ ਏਕੰਕਾਰਾ, ਜੁਗ ਜੁਗ ਵੇਸ ਵਟਾਇੰਦਾ । ਨਾਮ ਖੰਡਾ ਤੇਜ ਕਟਾਰਾ, ਆਪ ਆਪਣੇ ਹੱਥ ਉਠਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਸ੍ਰਿਸ਼ਟ ਸਬਾਈ ਵੇਖ ਵਿਖਾਇੰਦਾ । ਨੌਂ ਖੰਡ ਪ੍ਰਿਥਮੀ ਇਕ ਆਧਾਰਾ, ਸੱਤਾਂ ਦੀਪਾਂ ਸੇਵ ਕਮਾਇੰਦਾ । ਚੌਦਾਂ ਲੋਕਾਂ ਖੋਲ੍ਹ ਕਿਵਾੜਾ, ਹੱਟੋ ਹੱਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਦੁਆਪਰ ਤੇਰੀ ਤੇਰੀ ਧਾਰ, ਤੇਰੀ ਝੋਲੀ ਪਾਈਆ । ਖੇਲੇ ਖੇਲ ਅਪਰ ਅਪਾਰ, ਕਲਜੁਗ ਕਾਲਾ ਰੰਗ ਰੰਗਾਈਆ । ਸ੍ਰਿਸ਼ਟ ਸਬਾਈ ਹੋ ਉਜਿਆਰ, ਆਪ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਹਰਿ, ਏਕਾ ਬਣਤ ਬਣਾਈਆ । ਏਕਾ ਹਰਿ ਇਕ ਕਰਤਾਰਾ, ਏਕਾ ਰੂਪ ਵਟਾਈਆ ।

ਏਕਾ ਕਰ ਜਗਤ ਪਸਾਰਾ, ਏਕਾ ਹੱਟ ਵਿਕਾਈਆ । ਏਕਾ ਖੇਲੇ ਖੇਲ ਨਿਆਰਾ, ਏਕਾ ਵੇਖ ਵਿਖਾਈਆ । ਏਕਾ ਰੰਗ ਰਵੇ ਕਰਤਾਰਾ, ਏਕਾ ਦਿਸ ਨਾ ਆਈਆ । ਏਕਾ ਬੂਝੇ ਜੀਵ ਗਵਾਰਾ, ਏਕਾ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਅਖਵਾਈਆ । ਏਕਾ ਪੁਰਖ ਇਕ ਅਬਿਨਾਸ਼, ਏਕਾ ਧਾਰ ਚਲਾਇੰਦਾ । ਏਕਾ ਸ਼ਾਹੋ ਇਕ ਸ਼ਾਬਾਸ਼, ਏਕਾ ਤਾਜ ਰਖਾਇੰਦਾ । ਏਕਾ ਪਵਣ ਇਕ ਸਵਾਸ, ਏਕਾ ਧੀਰ ਬੰਧਾਇੰਦਾ । ਏਕਾ ਮੰਡਲ ਏਕਾ ਰਾਸ, ਏਕਾ ਗੋਪੀ ਕਾਹਨ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਿਖਾਇੰਦਾ । ਕਲਜੁਗ ਤੇਰੀ ਕਾਲੀ ਧਾਰ, ਹਰਿ ਸਾਚੇ ਆਪ ਚਲਾਈਆ । ਈਸਾ ਮੂਸਾ ਕਰ ਤਿਆਰ, ਸੰਗ ਮੁਹੰਮਦ ਵੇਖ ਵਖਾਈਆ । ਅੱਲਾ ਰਾਣੀ ਤਨ ਸ਼ਿੰਗਾਰ, ਜੋਤੀ ਰੰਗਣ ਇਕ ਰੰਗਾਈਆ । ਨਾਨਕ ਗੋਬਿੰਦ ਕਰ ਅਧਾਰ, ਏਕਾ ਸ਼ਬਦ ਕਰੀ ਕੁੜਮਾਈਆ । ਜੋਤ ਨਿਰੰਜਣ ਕਰ ਉਜਿਆਰ, ਆਦਿ ਨਿਰੰਜਣ ਵੇਖ ਵਖਾਈਆ । ਦੋਹਾਂ ਮੇਲਾ ਵਿਚ ਸੰਸਾਰ, ਵਿਛੜ ਕਦੇ ਨਾ ਜਾਈਆ । ਲੇਖਾ ਲਿਖਿਆ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਤੇਰੀ ਅੰਤਮ ਵਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਨਾ ਪਾਵੇ ਸਾਰ, ਲੱਖ ਚੁਰਾਸੀ ਭਰਮ ਭੁਲਾਈਆ । ਸਾਧ ਸੰਤ ਸੁੱਤੇ ਪੈਰ ਪਸਾਰ, ਮਾਇਆ ਪਰਦਾ ਏਕਾ ਪਾਈਆ । ਗਿਆਨ ਧਿਆਨ ਨਾ ਕੋਈ ਵਿਚਾਰ, ਜਗਤ ਵਿਦਿਆ ਹੋਈ ਹਲਕਾਈਆ । ਭਗਤ ਭਗਵੰਤ ਨਾ ਪਾਵੇ ਸਾਰ, ਆਤਮ ਬ੍ਰਹਮ ਨਾ ਕੋਈ ਜਣਾਈਆ । ਨਾਰੀ ਕੰਤ ਨਾ ਕੋਈ ਪਿਆਰ, ਸੁਹੰਜਣੀ ਸੇਜ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਕਾਲੀ ਸ਼ਾਹੀਆ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਸ੍ਰਿਸ਼ਟ ਸਬਾਈ ਅੰਧ ਅੰਧਿਆਰਾ, ਸਤਿ ਪ੍ਰਕਾਸ਼ ਨਾ ਕੋਈ ਕਰਾਇਆ । ਮਨਮੁਖ ਜੀਵ ਹੋਏ ਹੰਕਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਵਸਾਇਆ । ਮਨਮਤ ਏਕਾ ਜਗਤ ਪਸਾਰਾ, ਗੁਰਮਤ ਗਏ ਭੁਲਾਇਆ । ਇਕ ਤ੍ਰਿਸ਼ਨਾ ਖੇਲ ਨਿਆਰਾ, ਹਉਮੇ ਹੰਗਤਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਇਆ । ਕਲਜੁਗ ਕੂੜ ਕੁੜਿਆਰਾ ਡੰਕ, ਚਾਰੋਂ ਕੁੰਟ ਵਜਾਇੰਦਾ । ਜੂਠ ਝੂਠ ਰਾਓ ਰੰਕ, ਰਾਜ ਰਾਜਾਨ ਨਾ ਕੋਈ ਦਿਸਾਇੰਦਾ । ਕਰ ਕਰ ਭੇਖ ਵੇਖੇ ਵਾਰ ਅਨਕ, ਧਰਤ ਮਾਤ ਮੁਖ ਸ਼ਰਮਾਇੰਦਾ । ਗੁਰਮੁਖ ਕੋਈ ਨਾ ਦਿਸੇ ਜਿਉਂ ਜਨ ਜਨਕ, ਜਨਕ ਸਪੁਤਰੀ ਸੀਤਾ ਨਾ ਕੋਈ ਜਣਾਇੰਦਾ । ਰਾਮ ਨਾਮ ਨਾ ਉਠਾਏ ਕੋਈ ਧਨੁਖ, ਤੀਰ ਪਾਰ ਨਾ ਕੋਈ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਧਾਰ ਵਿਚ ਸੰਸਾਰ, ਆਪੇ ਵੇਖ ਵਖਾਇੰਦਾ । ਕਲਜੁਗ ਕੂੜ ਨਾਤਾ, ਜਗਤ ਰਾਸ ਚਲਾਈਆ । ਦਿਸ ਨਾ ਆਇਆ ਪੁਰਖ ਬਿਧਾਤਾ, ਰੈਣ ਅੰਧੇਰੀ ਛਾਈਆ । ਲੱਖ ਚੁਰਾਸੀ ਭਰਮੇ ਭੁੱਲੇ ਜਾਤਾ ਪਾਤਾ, ਆਤਮ ਬ੍ਰਹਮ ਨਾ ਕੋਈ ਜਣਾਈਆ । ਨਜ਼ਰ ਨਾ ਆਏ ਇਕ ਇਕਾਂਤਾ, ਹਰਿ ਬੈਠਾ ਆਸਣ ਲਾਈਆ । ਦੇਵਣਹਾਰਾ ਜੀਆ ਦਾਤਾ, ਜੀਆਂ ਦਾਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਪੁਰਖ ਇਕ ਇਕੱਲਾ, ਏਕਾ ਏਕ ਅਖਵਾਇੰਦਾ । ਸ੍ਰਿਸ਼ਟ ਸਬਾਈ ਵੇਖੇ ਜਗਤ ਮਹੱਲਾ, ਨੌਂ ਖੰਡ ਫੇਰਾ ਪਾਇੰਦਾ । ਮੇਲ ਮਿਲਾਵਾ ਰਾਣੀ ਅੱਲਾ, ਐਨਲਹੱਕ ਮੇਲ ਮਿਲਾਇੰਦਾ ।

ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਜਲ ਥਲ ਵਿਰੋਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਡੌਰੂ ਤੇਰੀ ਧਾਰ, ਤੇਰੇ ਹੱਥ ਰਖਾਇੰਦਾ ।

ਸਤਿਗੁਰ ਸ਼ਬਦ ਦੀਨ ਦਿਆਲ, ਸਰਬ ਗੁਣਾ ਗੁਣ ਭਰਪੂਰਿਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਹਰਿਜਨ ਹਾਜ਼ਰ ਹਜ਼ੂਰਿਆ । ਕਾਇਆ ਬੈਠ ਸੱਚੀ ਧਰਮਸਾਲ, ਜੋਤੀ ਵੇਖੇ ਨੂਰੋ ਨੂਰਿਆ । ਧੁਨ ਅਨਾਦੀ ਵਜਾਏ ਸ਼ਬਦ ਤਾਲ, ਅਨਹਦ ਸੇਵਾ ਲਾ ਰਿਹਾ । ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ਾਨਾ ਇਕ ਵਖਾ ਰਿਹਾ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਰ ਮੰਤਰ ਇਕ ਵਖਾ ਰਿਹਾ । ਅੰਤਰ ਆਤਮ ਸ਼ਬਦ ਗਿਆਨ, ਗੁਰ ਪੂਰੇ ਹੱਥ ਵਡਿਆਈਆ । ਜਿਸ ਜਨ ਦੇਵੇ ਹੋ ਮਿਹਰਵਾਨ, ਸੋ ਜਨ ਬੂਝ ਬੁਝਾਈਆ । ਭਰਮੇ ਭੁੱਲੇ ਜੀਵ ਨਾਦਾਨ, ਮਾਇਆ ਮਮਤਾ ਮੋਹ ਹਲਕਾਈਆ । ਨਾਤਾ ਨਾ ਛੁੱਟੇ ਪੰਜ ਸ਼ੈਤਾਨ, ਪੰਚਮ ਮੇਲ ਨਾ ਕੋਈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਆਪ ਆਪਣਾ ਰੰਗ ਰੰਗਾਈਆ । ਆਪਣਾ ਰੰਗ ਹਰਿ ਕਰਤਾਰ, ਹਰਿਜਨ ਆਪ ਰੰਗਾਇੰਦਾ । ਪਹਿਲੇ ਬਖ਼ਸ਼ੇ ਚਰਨ ਪਿਆਰ, ਸਾਚਾ ਰਾਹ ਵਖਾਇੰਦਾ । ਦੂਜੇ ਮੇਲ ਅਪਰ ਅਪਾਰ, ਘਰ ਮੰਦਰ ਇਕ ਸੁਹਾਇੰਦਾ । ਤੀਜੇ ਨੇਤਰ ਖੋਲ੍ਹ ਕਿਵਾੜ, ਨਿਝ ਦਰਸ ਦਰਸ ਦਿਖਾਇੰਦਾ । ਚੌਥੇ ਘਰ ਦੇਵੇ ਵਾੜ, ਪਰਮਾਨੰਦ ਸਮਾਇੰਦਾ । ਪੰਚਮ ਵਾ ਨਾ ਲੱਗੇ ਤੱਤੀ ਹਾੜ, ਜਿਸ ਜਨ ਹੱਥ ਸਮਰਥ ਟਿਕਾਇੰਦਾ । ਧਰਮ ਵਿਖਾਏ ਇਕ ਅਖਾੜ, ਨਾਮ ਬੰਸਰੀ ਇਕ ਵਜਾਇੰਦਾ । ਧੁਰਦਰਗਾਹੀ ਸਾਚਾ ਲਾੜ, ਹਰਿ ਸੱਜਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਸ਼ਬਦ ਇਕ ਗਿਆਨ, ਏਕਾ ਗੁਰ ਵਡਿਆਈਆ । ਏਕਾ ਚਰਨ ਇਕ ਧਿਆਨ, ਏਕਾ ਹਰਿ ਲਿਵ ਲਾਈਆ । ਏਕਾ ਜੋਤੀ ਬ੍ਰਹਮ ਗਿਆਨ, ਏਕਾ ਪਾਰਬ੍ਰਹਮ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮੱਤ ਰਿਹਾ ਸਮਝਾਈਆ । ਦੇਵੇ ਮੱਤ ਪੁਰਖ ਅਕਾਲਾ, ਹਰਿ ਹਰਿ ਵਡ ਵੱਡੀ ਵਡਿਆਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਜੋ ਜਨ ਨੇਤਰ ਲੋਚਣ ਦਰਸ਼ਨ ਪਾਈਆ । ਸ਼ਬਦੀ ਗੁਰ ਬਣ ਦਲਾਲਾ, ਆਪ ਆਪਣਾ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਆਪ ਅਖਵਾਈਆ । ਸਾਚੀ ਮੱਤ ਜਗਤ ਸੰਸਾਰ, ਹਰਿਜਨ ਹਰਿ ਜਣਾਇੰਦਾ । ਏਕਾ ਤਤ ਅਪਰ ਅਪਾਰ, ਏਕਾ ਦਰ ਨਾ ਕੋਈ ਵਖਾਇੰਦਾ । ਤੀਰਥ ਤਟ ਪਾਰ ਕਿਨਾਰ, ਥਿਰ ਘਰ ਡੇਰਾ ਲਾਇੰਦਾ । ਮਸਜਿਦ ਮੰਦਰ ਮੱਠ ਗੁਰਦਵਾਰ, ਕਾਇਆ ਗੜ੍ਹ ਸੁਹਾਇੰਦਾ । ਦੀਵਾ ਬਾਤੀ ਕਰ ਉਜਿਆਰ, ਪ੍ਰਕਾਸ਼ ਪ੍ਰਕਾਸ਼ ਵਖਾਇੰਦਾ । ਅੰਮ੍ਰਿਤ ਆਤਮ ਭਰ ਭੰਡਾਰ, ਸਰ ਸਰੋਵਰ ਇਕ ਜਣਾਇੰਦਾ । ਆਪੇ ਬਣ ਜਗਤ ਵਰਤਾਰ, ਨਾਮ ਪਿਆਲਾ ਇਕ ਪਿਆਇੰਦਾ । ਭਰਮੇ ਭੁੱਲੇ ਨਾ ਜੀਵ ਸੰਸਾਰ, ਜੀਵਣ ਮਰਨ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਜਗਤ ਵੱਖਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਨਾਮ ਅੱਖਰ ਨਾਮ ਵੱਖਰ , ਪ੍ਰਭ ਨਾਮ ਮੇਲ ਮਿਲਾਇਆ । ਆਪਣੇ ਡੰਡੇ ਨਾ ਕੋਈ ਜਾਏ ਚੜ੍ਹ, ਹਰਿ ਸਾਚੇ ਆਪ ਦਿਖਾਇਆ । ਦਰਸ ਦਿਖਾਏ ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਗੁਰਮੁਖ ਆਪਣੇ ਆਪੇ ਲਏ ਫੜ, ਆਪ

ਆਪਣਾ ਮੇਲ ਮਿਲਾਇਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕਿਸੇ ਦਬਾਇਆ । ਆਪ ਬੰਧਾਏ ਆਪਣੇ ਲੜ, ਨਾ ਕੋਈ ਤੋੜੇ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਏਕਾ ਏਕ ਨਾਮ ਦਰਸਾਇਆ । ਸੋ ਪੁਰਖ ਨਿਰੰਜਣ ਹਰਿ ਭਗਵਾਨ, ਸਰ ਸਰੋਵਰ ਇਕ ਸੁਹਾਇਆ । ਹੰ ਬ੍ਰਹਮ ਪਾਰਬ੍ਰਹਮ ਕਰ ਧਿਆਨ, ਓਅੰ ਸੋਹੰ ਏਕਾ ਰੰਗ ਰੰਗਾਇਆ । ਕਰਮ ਧਰਮ ਜਰਮ ਮਿਟੇ ਨਿਸ਼ਾਨ, ਜਿਸ ਜਨ ਆਪਣਾ ਨਾਮ ਦ੍ਰਿੜਾਇਆ । ਕਿਰਪਾ ਕਰ ਗੁਣ ਨਿਧਾਨ, ਲੇਖਾ ਲੇਖ ਦਏ ਮਿਟਾਇਆ । ਜਗਤ ਵਖਾਏ ਸਚ ਨਿਸ਼ਾਨ, ਸਚ ਵਸਤ ਝੋਲੀ ਪਾਇਆ । ਜੋਧਾ ਸੂਰਬੀਰ ਹੋਏ ਬਲਵਾਨ, ਸੁਤ ਦੁਲਾਰਾ ਆਪ ਉਪਾਇਆ । ਦੂਜਾ ਦੇਵੇ ਜੀਆ ਦਾਨ, ਜਗਤ ਜੋੜੀ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦੀ ਵਰ, ਪੂਤ ਸਪੂਤਾ ਮੇਲ ਮਿਲਾਇਆ । ਮਾਤਾ ਸੀਰ ਬੱਤੀ ਦੰਦ, ਪਿਤਾ ਪੂਤ ਵਡਿਆਈਆ । ਸਾਚੇ ਦਰ ਚੜ੍ਹੇ ਚੰਦ, ਜਗਤ ਹੋਏ ਰੁਸ਼ਨਾਈਆ । ਖ਼ੁਸ਼ੀ ਕਰੇ ਬੰਦ ਬੰਦ, ਸੰਸਾ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਰੋਗ ਢਾਹੇ ਕੰਧ, ਸੁਖ ਸੁਖ ਸਹਿਜ ਸਹਿਜ ਸਮਾਈਆ । ਨਿਰਗੁਣ ਰੂਪ ਨਿਰਾਕਾਰ, ਹਰਿ ਹਰਿ ਆਪ ਅਖਵਾਇਆ । ਸਤਿਗੁਰ ਰੂਪ ਅਪਾਰ, ਸ਼ਬਦੀ ਸ਼ਬਦ ਧਰਾਇਆ । ਭਗਤਨ ਮੀਤ ਮੁਰਾਰ, ਨਾਮਾ ਨਾਮ ਦ੍ਰਿੜਾਇਆ । ਗੁਰਮੁਖਾਂ ਮੇਲ ਸੰਸਾਰ, ਗੁਰਮਤ ਇਕ ਜਣਾਇਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਅੰਧੇਰਾ ਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਅਖਵਾਇਆ । ਹਰਿ ਹਰਿ ਰੂਪ ਅਪਾਰ, ਜੋਤੀ ਅਕਲ ਕਲ ਆਪ ਅਖਵਾਇਆ । ਹਰਿ ਹਰਿ ਰੂਪ ਅਪਾਰ, ਜੋਤੀ ਜੋਤ ਰੁਸ਼ਨਾਈਆ । ਸਤਿਗੁਰ ਸ਼ਬਦ ਅਧਾਰ, ਪਾਰਬ੍ਰਹਮ ਜਣਾਈਆ । ਗੁਰਮੁਖਾਂ ਚਰਨ ਪਿਆਰ, ਏਕਾ ਬੂਝ ਬੁਝਾਈਆ । ਮਨਮੁਖ ਜੀਵ ਗਵਾਰ, ਨੇਤਰ ਨੈਣ ਨਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਤਾ ਦਾਨੀ ਸੂਰਾ ਸਰਬੱਗ, ਏਕਾ ਏਕ ਅਖਵਾਇਆ । ਹਰਿ ਹਰਿ ਹਰਿ ਭਗਵਾਨ, ਨਿਰਗੁਣ ਰੂਪ ਅਪਾਰਿਆ । ਸਤਿਗੁਰ ਦਾਤਾ ਮਿਹਰਬਾਨ, ਆਪ ਆਪਣਾ ਨਾਉਂ ਧਰਾ ਰਿਹਾ । ਗੁਰਮੁਖਾਂ ਦੇਵੇ ਜੀਆ ਦਾਨ, ਆਤਮ ਬ੍ਰਹਮ ਜਣਾ ਲਿਆ । ਮਨਮੁਖ ਭੁੱਲੇ ਜੀਵ ਨਾਦਾਨ, ਭਰਮੇ ਗੜ੍ਹ ਨਾ ਕੋਈ ਤੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਰਿਹਾ । ਕਲਜੁਗ ਜੀਵ ਜਗਤ ਨਾਦਾਨ, ਮਾਇਆ ਮੋਹ ਰਖਾਈਆ । ਗੁਰਮੁਖ ਸਾਚੇ ਹਰਿ ਹਰਿ ਗਾਣ, ਹਰਿ ਨਾਮੇ ਲਿਵ ਲਾਈਆ । ਸਤਿਗੁਰ ਪੂਰਾ ਵੇਖੇ ਮਾਰ ਧਿਆਨ, ਆਲਸ ਨਿੰਦਰਾ ਵਿਚ ਨਾ ਆਈਆ । ਹਰਿਜਨ ਮੇਲਾ ਦੋ ਜਹਾਨ, ਹਰਿ ਹਰਿ ਸਾਚਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਦਾਤਾ ਬਲਵਾਨ, ਏਕਾ ਏਕੰਕਾਰਿਆ । ਸਤਿਗੁਰ ਪੁਰਖ ਸੁਲਤਾਨ, ਸ਼ਾਹ ਸ਼ਹਾਨਾ ਆਪ ਅਖਵਾ ਰਿਹਾ । ਗੁਰਮੁਖ ਸੁਘੜ ਸਿਆਨ, ਘਰ ਸਾਚੇ ਮੰਗਲ ਗਾ ਰਿਹਾ । ਮਨਮੁਖ ਮੁਗਧ ਅੰਞਾਨ, ਹਉਮੇ ਰੋਗ ਵਧਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਮੂਲ ਚੁਕਾ ਰਿਹਾ । ਮਨਮੁਖ ਜੀਵ ਜਗਤ ਅੰਧਿਆਰ, ਕਾਮ ਕਰੋਧ ਹਲਕਾਇਆ । ਗੁਰਮੁਖ ਬੂਝੇ ਗੁਰ ਵਿਚਾਰ, ਗੁਰ ਮੰਤਰ ਨਾਮ ਦ੍ਰਿੜਾਇਆ । ਸਤਿਗੁਰ ਪੂਰਾ ਪਾਵੇ ਸਾਰ, ਘਰ ਸਾਚੇ ਮੇਲ ਮਿਲਾਇਆ । ਨਰ ਨਰਾਇਣ ਆਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਿਖਾਇਆ । ਹਰਿ ਨਰਾਇਣ ਹਰਿ ਕਰਤਾਰ, ਏਕਾ ਏਕੰਕਾਰਿਆ । ਸਤਿਗੁਰ ਪੂਰਾ ਵਿਚ ਸੰਸਾਰ, ਲੱਖ ਚੁਰਾਸੀ ਦਏ ਅਧਾਰਿਆ । ਗੁਰਮੁਖਾਂ ਭਰੇ ਨਾਮ ਭੰਡਾਰ, ਜਗਤ ਤ੍ਰਿਸ਼ਨਾ ਮੇਟ ਮਿਟਾ ਰਿਹਾ । ਮਨਮੁਖਾਂ ਮਾਰੇ ਅੰਤਮ ਮਾਰੇ ਮਾਰ, ਧਰਮ ਰਾਏ ਹੱਥ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵੰਡ ਵੰਡਾਇਆ । ਮਨਮੁਖ ਜੀਵ ਆਤਮ ਅੰਧ, ਜਗਤ ਅੰਧੇਰਾ ਛਾਇਆ । ਗੁਰਸਿਖ ਗਾਇਣ ਸੁਹਾਗੀ ਛੰਦ, ਹਰਿ ਹਰਿ ਨਾਮ ਧਿਆਇਆ । ਸਤਿਗੁਰ ਪੂਰਾ ਸਦ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਹੋ ਜਾਇਆ । ਹਰਿ ਹਰਿ ਲਖ਼ਮੀ ਨਰਾਇਣ ਮੁਕੰਦ, ਭਗਵਨ ਭਗਵਾਨ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਿਰਿਆ ਆਪ ਮਿਟਾਇਆ । ਨਰ ਨਰਾਇਣ ਦੀਨਾਂ ਨਾਥ, ਏਕਾ ਜੋਤ ਅਕਾਲਿਆ । ਸਤਿਗੁਰ ਪੂਰਾ ਸਗਲਾ ਸਾਥ, ਦੀਨਾਂ ਬੰਧਪ ਦੀਨ ਦਿਆਲਿਆ । ਗੁਰਮੁਖ ਸਗਲ ਵਸੂਰੇ ਜਾਇਣ ਲਾਥ, ਤੁੱਟਾ ਜਗਤ ਜੰਜਾਲਿਆ । ਮਨਮੁਖ ਕੁਛ ਨਾ ਆਇਆ ਹਾਥ, ਅੰਤ ਖਾਏ ਜਮ ਕਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਨਿਰਾਲਿਆ । ਮਨਮੁਖ ਜੀਵ ਰਹੇ ਰੋ, ਕਲਜੁਗ ਰੈਣ ਅੰਧੇਰੀ ਛਾਈਆ । ਗੁਰਮੁਖਾਂ ਦੁਰਮਤ ਮੈਲ ਧੋ, ਆਪ ਆਪਣਾ ਵੇਖ ਵਖਾਈਆ । ਸਤਿਗੁਰ ਪੂਰਾ ਅੱਗੇ ਹੋ, ਦੇਵੇ ਦਰਸ ਹਰ ਘਟ ਥਾਈਂਆ । ਪੁਰਖ ਅਕਾਲ ਅਗੰਮ ਅਥਾਹ ਆਪੇ ਵਸੇ ਪੁਰੀਆਂ ਲੋਅ, ਗਗਨ ਪਤਾਲਾ ਆਪ ਸਮਾਈਆ । ਹਰੀ ਹਰਿ ਹਰਿ ਆਪੇ ਵੰਡ, ਬ੍ਰਹਿਮੰਡ ਖੰਡ ਵੰਡ ਵੰਡਾਇਆ । ਸਤਿਗੁਰ ਪੂਰਾ ਵੇਖੇ ਜੇਰਜ ਅੰਡ, ਉਤਭੁਜ ਸੇਤਜ ਡੇਰਾ ਲਾਈਆ । ਗੁਰਮੁਖ ਨਾਰ ਨਾ ਹੋਏ ਰੰਡ, ਕੰਤ ਸੁਹਾਗੀ ਇਕ ਹੰਢਾਇਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਨੂਰ ਹਰਿ ਉਪਾ, ਆਪਣਾ ਕਰਮ ਕਮਾਇਆ । ਸੰਤਨ ਸਾਜਣ ਮੇਲ ਮਿਲਾ, ਆਪ ਆਪਣਾ ਰੰਗ ਰੰਗਾਇਆ । ਰਾਜਨ ਰਾਜ ਆਪ ਅਖਵਾ, ਸ਼ਾਹ ਸੁਲਤਾਨ ਵੇਸ ਵਟਾਇਆ । ਦੇਸ ਮਾਝਨ ਧਾਮ ਸੁਹਾ, ਸੰਬਲ ਨਗਰੀ ਡੇਰਾ ਲਾਇਆ । ਗੋਬਿੰਦ ਗੁਰ ਦਏ ਵਡਿਆ, ਨਾਮ ਖੰਡਾ ਹੱਥ ਉਠਾਇਆ । ਪੂਤ ਸਪੂਤਾ ਬ੍ਰਹਿਮਣ ਗੌੜਾ ਰੂਪ ਵਟਾ, ਆਪ ਆਪਣਾ ਨਾਉਂ ਰਖਾਇਆ । ਵੇਦ ਵਿਆਸਾ ਗਿਆ ਲਿਖਾ, ਨਾ ਕੋਈ ਮੇਟੇ ਮੇਟ ਮਿਟਾਇਆ । ਉਚੇ ਟਿੱਲੇ ਡੇਰਾ ਲਾ, ਬੈਠਾ ਮੁਖ ਛੁਪਾਇਆ । ਸੱਸਾ ਕਿਲਾ ਇਕ ਬਣਾ, ਸਤਿਗੁਰ ਰੂਪ ਸਮਾਇਆ । ਉਪਰ ਹੋੜਾ ਦਏ ਲਗਾ, ਨਿਰਗੁਣ ਸਰਗੁਣ ਵੇਖ ਵਖਾਇਆ । ਜੋਤੀ ਜੋੜਾ ਮੇਲ ਮਿਲਾ, ਸ਼ਬਦੀ ਡੰਕ ਵਜਾਇਆ । ਅਸਵ ਘੋੜਾ ਆਪ ਦੌੜਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਦੋ ਜਹਾਨੀ ਪੌੜਾ ਇਕ ਲਗਾ, ਏਕਾ ਮਾਰਗ ਦਏ ਵਿਖਾਇਆ । ਚਾਰ ਵਰਨਾਂ ਬਣਾਏ ਭੈਣ ਭਰਾ, ਹਉਮੇ ਹੰਗਤਾ ਰੋਗ ਗਵਾਇਆ । ਕਲਜੁਗ ਨਾਤਾ ਕੂੜਾ ਦਏ ਤੁੜਾ, ਥਿਰ ਕੋਈ ਰਹਿਣ ਨਾ ਪਾਇਆ । ਸ੍ਰਿਸ਼ਟ ਸਬਾਈ ਏਕਾ ਅੱਖਰ ਦਏ ਪੜ੍ਹਾ, ਨਾਮ ਮੰਤਰ ਇਕ ਜਣਾਇਆ । ਏਕਾ ਮਾਰਗ ਦਏ ਲਗਾ, ਏਕਾ ਚੰਦ ਰਿਹਾ ਵਖਾਇਆ । ਏਕਾ ਕਾਦਰ ਕਰਤਾ ਕਰੀਮ ਆਪ ਅਖਵਾ, ਬੇਐਬ ਪਰਵਰਦਿਗਾਰ ਨਾਮ ਧਰਾਇਆ । ਇਕ ਮੁਕਾਮੇ ਹੱਕ ਖ਼ੁਦਾਏ ਦਏ ਵਖਾ, ਹੱਕ ਹਕੀਕਤ ਫੋਲ ਫੁਲਾਇਆ । ਏਕਾ ਕਲਮਾ ਦਏ ਪੜ੍ਹਾ, ਕਾਇਨਾਤ ਆਪ ਸਮਝਾਇਆ । ਗਾਇਤ੍ਰੀ ਮੰਤਰ ਇਕ ਸਿਖਾ, ਏਕਾ ਵੇਦ ਪੁਰਾਨ ਉਪਾਇਆ । ਸ਼ਾਸਤਰ ਸਿਮਰਤ ਇਕ

ਜਣਾ, ਏਕਾ ਰੂਪ ਦਰਸਾਇਆ । ਏਕਾ ਇਸ਼ਟ ਦੇਵ ਦਏ ਵਖਾ, ਦੇਵੀ ਦੇਵਾ ਆਪ ਹੋ ਜਾਇਆ । ਅਲੱਖ ਨਿਰੰਜਣ ਆਪ ਆਪਣੀ ਜੋਤ ਜਗਾ, ਹਰ ਘਟ ਵੇਖੇ ਥਾਉਂ ਥਾਇਆ । ਖਾਣੀ ਬਾਣੀ ਡੇਰਾ ਲਾ, ਦੂਈ ਦਵੈਤੀ ਪਰਦਾ ਦਏ ਚੁਕਾਇਆ । ਮੇਰਾ ਤੇਰਾ ਭੇਵ ਚੁੱਕਾ, ਸੰਞ ਸਵੇਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਚਾਰ ਵਰਨਾਂ ਅਠਾਰਾਂ ਬਰਨਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਇਆ । ਏਕਾ ਰੰਗ ਹਰਿ ਰੰਗਾ, ਚਾਰ ਵਰਨ ਪ੍ਰਨਾਇੰਦਾ । ਜਮਨਾ ਸੁਰਸਤੀ ਵੇਖੇ ਗੰਗਾ, ਚਰਨ ਦਵਾਰ ਇਕ ਸੁਹਾਇੰਦਾ । ਅਠਸਠ ਤੀਰਥ ਵੱਜੇ ਮਰਦੰਗਾ, ਅਨਹਦ ਸੇਵਾ ਲਾਇੰਦਾ । ਅਲੱਖ ਅਗੋਚਰ ਸੂਰਬੀਰ ਸੂਰਾ ਸਰਬੰਗਾ, ਆਪ ਆਪਣਾ ਨਾਉਂ ਰਖਾਇੰਦਾ । ਅਕਾਸ਼ ਪਤਾਲਾ ਗਗਨ ਮੰਡਲ ਲੋਕ ਪ੍ਰਲੋਕ ਚੌਦਾਂ ਹੱਟ ਪ੍ਰਿਥਮੀ ਆਕਾਸ਼ ਆਪ ਲੰਘਾ, ਲੱਖ ਚੁਰਾਸੀ ਡੇਰਾ ਲਾਇੰਦਾ । ਚਿੱਟੇ ਅਸਵ ਕਸਿਆ ਤੰਗਾ, ਸੋਲਾਂ ਕਲੀਆਂ ਆਸਣ ਪਾਇੰਦਾ । ਜੀਵ ਜੰਤ ਵੇਖੇ ਭੁੱਖਾ ਨੰਗਾ, ਨੌਂ ਖੰਡ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਦੀਪਕ ਇਕ ਜਗਾਇੰਦਾ । ਜੋਤੀ ਦੀਪਕ ਇਕ ਉਜਿਆਰਾ, ਹਰਿ ਸਾਚੀ ਜੋਤ ਜਗਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਚਾਰੋਂ ਕੁੰਟ ਵੇਖ ਵਖਾਈਆ । ਦਹਿ ਦਿਸ਼ਾ ਮੇਟੇ ਅੰਧ ਅੰਧਿਆਰਾ, ਰਵ ਸਸ ਇਕ ਰੁਸ਼ਨਾਈਆ । ਪੰਚਮ ਮੀਤਾ ਪੰਚਮ ਕਰ ਪਿਆਰਾ, ਪੰਚਮ ਮੋਹ ਚੁਕਾਈਆ । ਗਣ ਗਧੰਰਬ ਯਖ ਗਾਇਨ ਸਭ ਵਾਰੋ ਵਾਰਾ, ਦਿਵਸ ਰੈਣ ਸੇਵ ਕਮਾਈਆ । ਇੰਦ ਇੰਦਰਾਸਨ ਵਸਿਆ ਬਾਹਿਰਾ, ਕਲਜੁਗ ਕੂਕੇ ਦਏ ਦੁਹਾਈਆ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਬ੍ਰਹਮਾ ਨੇਤਰ ਰਿਹਾ ਉਘਾੜਾ, ਚਾਰੋਂ ਕੁੰਟ ਮੁਖ ਭਵਾਈਆ । ਲੋਕਮਾਤ ਲਏ ਅਵਤਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚੌਦਾਂ ਤਬਕਾਂ ਵੇਖੇ ਪਾੜਾ, ਖ਼ਲਕ ਖ਼ੁਦਾਏ ਫੋਲ ਫੁਲਾਈਆ । ਮੰਗੀ ਮੰਗ ਮੁਹਮੰਦੀ ਯਾਰਾ, ਅੰਤਮ ਪੂਰ ਕਰਾਈਆ । ਗੋਬਿੰਦ ਮੇਲਾ ਮੀਤ ਮੁਰਾਰਾ, ਘਰ ਸਾਚੇ ਵੱਜੀ ਵਧਾਈਆ । ਨਿਹਕਲੰਕ ਪੁਰਖ ਕਰਤਾਰਾ, ਆਪ ਆਪਣਾ ਨਾਉਂ ਧਰਾਈਆ । ਰੂਪ ਰੰਗ ਨਾ ਕੋਈ ਵਿਚਾਰਾ, ਵਰਨ ਗੋਤ ਨਾ ਕੋਈ ਰਖਾਈਆ । ਮਾਤ ਪਿਤਾ ਘਰ ਨਾ ਸੁਤ ਦੁਲਾਰਾ, ਬੱਤੀ ਦੰਦ ਨਾ ਸੀਰ ਲਗਾਈਆ । ਰੱਤੀ ਰੱਤ ਨਾ ਕੋਈ ਰਕਤ ਬੂੰਦ ਗਾਰਾ, ਇੱਟਾਂ ਨਾ ਬਣਤ ਕੋਈ ਬਣਾਈਆ । ਹੱਡ ਮਾਸ ਨਾੜੀ ਚੰਮ ਨਾ ਕੀਆ ਤਿਆਰਾ, ਨਾ ਕੋਈ ਬਣਤ ਬਣਾਈਆ । ਮਨ ਮਤ ਨਾ ਕੋਈ ਆਧਾਰਾ, ਬੁੱਧ ਬਿਬੇਕ ਨਾ ਕੋਈ ਵਖਾਈਆ । ਜੋਤ ਨਿਰੰਜਣ ਨਾ ਹੋਏ ਉਜਿਆਰਾ, ਬ੍ਰਹਮ ਬ੍ਰਹਮ ਨਾ ਕੋਈ ਸਰਨਾਈਆ । ਪਾਰਬ੍ਰਹਮ ਹਰਿ ਲਏ ਅਵਤਾਰਾ, ਆਪ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਅਖਵਾਈਆ । ਨਿਹਕਲੰਕ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਇੰਦਾ । ਏਕਾ ਵੇਖੇ ਖੇਲ ਤਮਾਸ਼ਾ, ਸ੍ਰਿਸ਼ਟ ਸਬਾਈ ਖੇਲ ਖਿਲਾਇੰਦਾ । ਮਾਤ ਗਰਭ ਨਾ ਆਏ ਦਸ ਦਸ ਮਾਸਾ, ਜਨਨੀ ਜਨ ਨਾ ਕੋਈ ਰਖਾਇੰਦਾ । ਕਿਸੇ ਤੋਲ ਨਾ ਤੁਲੇ ਤੋਲੇ ਮਾਸਾ, ਮਣ ਸੇਰ ਨਾ ਕੋਈ ਰਖਾਇੰਦਾ । ਭੇਵ ਨਾ ਪਾਇਣ ਪ੍ਰਿਥਮੀ ਅਕਾਸ਼ਾ, ਜਲ ਥਲ ਆਪ ਸਮਾਇੰਦਾ । ਆਪਣੇ ਮੰਦਰ ਆਪੇ ਕਰਿਆ ਵਾਸਾ, ਸੰਬਲ ਨਗਰੀ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਨਰ ਨਰਾਇਣ ਮੂਰਤ ਅਕਾਲ, ਨਿਰਭੌ ਰੂਪ ਸਮਾਇਆ । ਪ੍ਰਗਟ ਹੋ ਦੀਨ ਦਿਆਲ, ਏਕਾ ਦੂਜਾ

ਭੌ ਚੁਕਾਇਆ । ਤੀਜੇ ਨੈਣ ਵੇਖ ਸੱਚੀ ਧਰਮਸਾਲ, ਸਾਚੇ ਮੰਦਰ ਡੇਰਾ ਲਾਇਆ । ਚੌਥੇ ਪਦ ਰਿਹਾ ਸਮਾਲ, ਪੰਚਮ ਮੇਲਾ ਸਹਿਜ ਸੁਭਾਇਆ । ਛੇਵੇਂ ਛੱਪਰ ਛੰਨ ਨਾ ਕੋਈ ਵਖਾਲ, ਚਾਰ ਦਿਵਾਰ ਨਾ ਕੋਈ ਰਖਾਇਆ । ਸਤਵੇਂ ਸਤਿ ਪੁਰਖ ਨਿਰੰਜਣ ਖੇਲ ਨਿਰਾਲ, ਦੀਪਕ ਜੋਤ ਇਕ ਜਗਾਇਆ । ਗੋਬਿੰਦ ਫਲ ਲਗਾਏ ਸਾਚੇ ਡਾਲ, ਅੰਮ੍ਰਿਤ ਮੇਵਾ ਦਏ ਖੁਆਇਆ । ਨਾਨਕ ਨਿਰਗੁਣ ਆਪੇ ਪਾਲ, ਨਾਮ ਨਿਧਾਨਾ ਵੇਖ ਵਿਖਾਇਆ । ਗੁਰਮੁਖ ਸਾਚੇ ਬਾਲ ਅੰਞਾਨ, ਆਪ ਆਪਣੀ ਗੋਦ ਉਠਾਇਆ । ਸ਼ਬਦ ਜਣਾਈ ਧੁਰ ਫ਼ਰਮਾਣ, ਬੋਧ ਅਗਾਧ ਆਪ ਸੁਣਾਇਆ । ਏਕਾ ਧੁਨੀ ਰਾਗ ਸੁਣਾਏ ਸਾਚੇ ਕਾਨ, ਅਨਹਦ ਵੇਖ ਵਿਖਾਇਆ । ਪੰਚਮ ਮੇਲਾ ਮੀਤ ਜਹਾਨ, ਮੇਲ ਮਿਲਾਵਾ ਆਪ ਕਰਾਇਆ । ਰਿਖੀ ਕੇਸ ਸ੍ਰੀ ਭਗਵਾਨ, ਦਰ ਦਵਾਰਕਾ ਦਏ ਸੁਹਾਇਆ । ਸੀਤਾ ਸੁਰਤੀ ਕਰ ਪ੍ਰਵਾਨ, ਰਾਮ ਰਾਮਾ ਘਰ ਵਸਾਇਆ । ਗੁਰਮੁਖ ਸਾਚਾ ਚਤੁਰ ਸੁਜਾਨ, ਘਰ ਸਾਚੇ ਮੰਗਲ ਗਾਇਆ । ਪਾਇਆ ਪੁਰਖ ਸ਼ਾਹ ਸੁਲਤਾਨ, ਵਿਛੜ ਕਦੇ ਨਾ ਜਾਇਆ । ਲੇਖਾ ਚੁੱਕੇ ਵਿਚ ਜਹਾਨ, ਆਵਣ ਜਾਵਣ ਪੰਧ ਮੁਕਾਇਆ । ਸਤਿਗੁਰ ਪੂਰਾ ਹੋ ਮਿਹਰਵਾਨ, ਗ਼ਰੀਬ ਨਿਮਾਣੇ ਰਿਹਾ ਗਲੇ ਲਗਾਇਆ । ਸਤਿਜੁਗ ਝੁਲਾਏ ਸਤਿ ਨਿਸ਼ਾਨ, ਸਤ ਰੰਗ ਆਪ ਵਖਾਇਆ । ਪੰਚਮ ਸੀਸ ਸੋਹੇ ਤਾਜ ਮਹਾਨ, ਪੰਚਮ ਮੁੱਖੀ ਉਪਾਇਆ । ਪੰਚਮ ਰਾਗ ਜੋਗ ਸੁਲਤਾਨ, ਸ਼ਬਦ ਖੰਡਾ ਹੱਥ ਉਠਾਇਆ । ਪੰਚਮ ਜੋਧਾ ਸੂਰਬੀਰ ਬਲਵਾਨ, ਪੰਚਮ ਚਰਨ ਕਵਲ ਧਿਆਨ ਰਖਾਇਆ । ਪੰਚਮ ਰਖਾਏ ਇਕ ਨਿਸ਼ਾਨ, ਪੰਚਮ ਏਕਾ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਕ ਰਾਓ ਰੰਕ, ਏਕਾ ਏਕ ਰਿਹਾ ਸੁਣਾਇਆ । ਸ਼ਬਦ ਡੰਕਾ ਧੁਰ ਦਰਗਾਹ, ਹਰਿ ਸਾਚਾ ਆਪ ਵਜਾਇੰਦਾ । ਅਗੰਮ ਅਗੰਮੜਾ ਬੇਪਰਵਾਹ, ਭੇਵ ਕੋਈ ਨਾ ਪਾਇੰਦਾ । ਸ੍ਰਿਸ਼ਟ ਸਬਾਈ ਬਣ ਮਲਾਹ, ਲੋਕਮਾਤ ਵੇਖ ਵਖਾਇੰਦਾ । ਦਰ ਘਰ ਜਪਾਏ ਏਕਾ ਨਾਂ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਚਾਰ ਵਰਨਾਂ ਬਹਾਏ ਏਕਾ ਥਾਂ, ਏਕਾ ਧਰਮ ਰਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਇੰਦਾ । ਆਪ ਉਠਾਏ ਫੜ ਫੜ ਬਾਂਹ, ਦਿਵਸ ਰੈਣ ਸੇਵ ਕਮਾਇੰਦਾ । ਕਰਨਹਾਰਾ ਸਚ ਨਿਆਂ, ਸਾਚੇ ਤਖ਼ਤ ਆਪ ਸੁਹਾਇੰਦਾ । ਥਿਰ ਘਰ ਬੈਠਾ ਏਕਾ ਥਾਂ, ਦੂਜਾ ਦਰ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਆਪੇ ਪਿਤਾ ਮਾਂ, ਪਿਤਾ ਪੂਤ ਆਪ ਹੋ ਜਾਇੰਦਾ । ਮਾਤ ਪਿਤਾ ਮੀਤ ਸੁਤ ਦੁਲਾਰਾ, ਹਰਿਜਨ ਹਰਿ ਅਖਵਾਇੰਦਾ । ਭਗਤਨ ਮੀਤਾ ਹੋ ਉਜਿਆਰਾ, ਸਤ ਲੋਕ ਫੇਰਾ ਪਾਇੰਦਾ । ਸ਼ਬਦੀ ਸ਼ਬਦ ਧੁੰਨਕਾਰਾ, ਨਾਦੀ ਨਾਦ ਵਜਾਇੰਦਾ । ਬਾਤੀ ਦੀਪ ਜੋਤ ਉਜਿਆਰਾ, ਮੰਦਰ ਅੰਦਰ ਕਰਾਇੰਦਾ । ਖੰਡਾ ਖੜਗ ਤੇਜ਼ ਕਟਾਰਾ, ਚੰਡ ਪ੍ਰਚੰਡ ਵਰਤਾਇੰਦਾ । ਤੀਰ ਕਮਾਨ ਰਸਨਾ ਚਿੱਲਾ ਏਕੰਕਾਰਾ, ਇਕ ਕਮਾਨ ਖਿਚਾਇੰਦਾ । ਪੰਜ ਤਤ ਵਿਕਾਰਾ ਮਾਰੇ ਮਾਰਾ, ਬਜ਼ਰ ਕਪਾਟੀ ਚੀਰ ਚਿਰਾਇੰਦਾ । ਜੂਠੀ ਝੂਠੀ ਮੇਟੇ ਧਾੜਾ, ਸਚ ਸੁੱਚ ਇਕ ਦਰਸਾਇੰਦਾ । ਸਤਿਜੁਗ ਤੇਰਾ ਸਚ ਅਖਾੜਾ, ਘਰ ਸਾਚੇ ਆਪ ਲਗਾਇੰਦਾ । ਦਿਵਸ ਸੁਹਾਏ ਸਤਾਰਾਂ ਹਾੜਾ, ਹਰਿਸੰਗਤ ਮੇਲ ਮਿਲਾਇੰਦਾ । ਜਗੇ ਜੋਤ ਬਹੱਤਰ ਨਾੜਾ, ਅਕਾਸ਼ ਪ੍ਰਕਾਸ਼ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਖੇਲੇ ਖੇਲ ਗੁਰਮੁਖ ਮੇਲ ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਸਗਨ ਮਨਾਇੰਦਾ ।

# ✻ ੫ ਕੱਤਕ ੨੦੧੫ ਬਿਕਰਮੀ ਮੇਹਰ ਸਿੰਘ ਦੇ ਘਰ ਕਲਕਤਾ ✻

ਅਲੱਖ ਗੁਰਦੇਵ ਨਮੋ ਸਤਿ, ਨਮੋ ਨਮੋ ਨਿਮਸਕਾਰ । ਪਾਰਬ੍ਰਹਮ ਬ੍ਰਹਮ ਉਤਪਤ, ਬ੍ਰਹਮਾ ਵਿਸ਼ਨ ਸ਼ਿਵ ਅਧਾਰ । ਨਾਮ ਬੀਜੇ ਸਾਚੇ ਵਤ, ਲੱਖ ਚੁਰਾਸੀ ਵੇਖ ਗੁਲਜ਼ਾਰ । ਏਕਾ ਦਾਤ ਕਮਲਾਪਤ, ਇਸ਼ਟ ਦੇਵ ਸ੍ਰਿਸ਼ਟ ਸੰਸਾਰ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਅਪਾਰ । ਆਦਿ ਸ਼ਕਤ ਜੋਤ ਭਵਾਨੀ, ਅਸ਼ਟਭੁਜ ਬੌਰਾਇਆ । ਨਾਮ ਸ਼ਕਤ ਚੰਡ ਨਿਧਾਨੀ, ਖੰਡ ਬਹਿਮੰਡ ਫਿਰਾਇਆ । ਗਦਾ ਚੱਕਰ ਤੀਰ ਨਿਸ਼ਾਨੀ, ਸੰਖ ਨਾਮ ਵਜਾਇਆ । ਆਦਿ ਜੁਗਾਦੀ ਖੇਲੇ ਦੋ ਜਹਾਨੀ, ਜੁਗ ਜੁਗ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਨਿਰਗੁਣ ਜੋਤ ਜੋਤ ਉਜਿਆਰ, ਨਿਰਾਕਾਰ ਸਮਾਈਆ । ਸਰਗੁਣ ਨਿਰਗੁਣ ਖੇਲ ਅਪਾਰ, ਭੇਵ ਕੋਈ ਨਾ ਪਾਈਆ । ਚੰਡ ਪ੍ਰਚੰਡ ਖੇਲ ਬ੍ਰਹਿਮੰਡ ਲੋਕਮਾਤ ਪਸਾਰ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਖੜਗ ਖੰਡਾ ਤੇਜ ਕਟਾਰ, ਉਪਰ ਸ਼ਾਹ ਰਗ ਮਾਰੇ ਮਾਰ, ਧਰਤ ਧਵਲ ਵਡਿਆਈਆ । ਸੀਸ ਪੱਗ ਧਰਨੀ ਧਾਰ, ਜਗਤ ਜੁਗ ਮਿਟੇ ਸੰਸਾਰ, ਭਗਵਤ ਭਗਵਤੀ ਨਾਮ ਵਡਿਆਈਆ । ਅਗਨੀ ਅੱਗ ਮੁਖ ਅੰਗਿਆਰ, ਤ੍ਰੈ ਤ੍ਰੈ ਲੋਆਂ ਰਹੀ ਸਾੜ, ਜਵਾਲਾ ਜੋਤ ਰੁਸ਼ਨਾਈਆ । ਸਿੰਘ ਸ਼ੇਰ ਹਰਿ ਅਸਵਾਰ, ਰੂਪ ਅਨੂਪ ਸਰਗੁਣ ਧਾਰ, ਨਾਰੀ ਨਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਆਦਿ ਇਸ਼ਟ ਆਪ ਆਪਣਾ ਵੇਖ ਵਖਾਈਆ । ਆਦਿ ਰੂਪ ਅਨਭਵ ਪ੍ਰਕਾਸ਼, ਨੂਰੋ ਨੂਰ ਸਮਾਨਿਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਧਰਤ ਧਵਲ ਵੇਖ ਵਿਖਾਨਿਆ । ਲੱਖ ਚੁਰਾਸੀ ਲੇਖਾ ਵੇਖੇ ਹੱਡ ਨਾੜੀ ਮਾਸ, ਰਕਤ ਬੂੰਦ ਫੋਲ ਫੁਲਾਨਿਆ । ਭੇਵ ਖੁਲ੍ਹਾਏ ਪਵਨ ਸਵਾਸ, ਰਸਨਾ ਜਿਹਵਾ ਖੋਜ ਖੁਜਾਨਿਆ । ਆਪ ਆਪਣੀ ਪਾਵੇ ਰਾਸ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਹੋਏ ਪ੍ਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਕਤ ਰਕਤ ਵੇਸ ਵਟਾਨਿਆ । ਸ਼ਕਤ ਰਕਤ ਹਰਿ ਹਰਿ, ਸਰਗੁਣ ਰੂਪ ਸਮਾਈਆ । ਸਰਗੁਣ ਖੇਲ ਵਿਚ ਸੰਸਾਰ, ਨਿਰਗੁਣ ਮੁਖ ਛੁਪਾਈਆ । ਸ਼ਸਤਰ ਧੁਜ ਅਪਰ ਅਪਾਰ, ਬਸਤਰ ਤਨ ਸਜਾਈਆ । ਮਹੱਲ ਅਟੱਲ ਉਚ ਮਿਨਾਰ, ਬੈਠਾ ਬੇਪਰਵਾਹੀਆ । ਜਲ ਥਲ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜ ਸਾਗਰ ਸਿੰਧ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਹਰਿ ਭਗਵੰਤ, ਆਪ ਆਪਣੀ ਜੋਤ ਜਗਾਈਆ । ਜਾਗਰਤ ਜੋਤ ਡਗਮਗਾ, ਨੈਣਾਂ ਨੈਣ ਸ਼ਿੰਗਾਰਿਆ । ਬਾਤੀ ਦੀਵਾ ਇਕ ਟਿਕਾ, ਅਗਿਆਨ ਅੰਧੇਰ ਮਿਟਾ ਲਿਆ । ਅੰਮ੍ਰਿਤ ਆਤਮ ਬੂੰਦ ਸਵਾਂਤੀ ਇਕ ਪਿਆ, ਤ੍ਰਿਸ਼ਨਾ ਭੁੱਖ ਗਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਜਗਤ ਪੂਜਾ, ਭੇਵ ਚੁਕਾਏ ਏਕਾ ਦੂਜਾ, ਨੈਣ ਖੁਲ੍ਹਾਏ ਹਰਿਜਨ ਤੀਜਾ, ਚੌਥੇ ਪਦ ਮਿਲਾ ਰਿਹਾ । ਚੌਥੇ ਪਦ ਭਗਤ ਵਡਿਆਈ, ਭਗਵਾਨ ਮੇਲ ਮਿਲਾਇਆ । ਪੰਚਮ ਘਰ ਸਹਿਜ ਸੁਖਦਾਈ, ਹਰਿ ਹਰਿ ਮੰਗਲ ਗਾਇਆ । ਛੇਵੇਂ ਛੱਪਰ ਛੰਨ ਨਾ ਕੋਈ ਵਿਖਾਈ, ਨਿਰਗੁਣ ਸਰਗੁਣ ਵਿਚ ਸਮਾਇਆ । ਸਤਵੇਂ ਸਤਿ ਪੁਰਖ ਨਿਰੰਜਣ ਅਬਿਨਾਸ਼ੀ ਕਰਤਾ ਅਕਾਲ ਮੂਰਤ ਅਜੂਨੀ ਰਹਿਤ, ਆਦਿ ਸ਼ਕਤ ਇਕ ਪ੍ਰਕਾਸ਼ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਇਆ । ਜਗਤ ਪੁਸਤਕ ਪੂਜਾ ਪਾਠ, ਗਿਆਨ ਧਿਆਨ ਵਡਿਆਈਆ ।

ਸ੍ਰਿਸ਼ਟ ਸਬਾਈ ਨਾਤਾ ਅਠਸਾਠ, ਤੀਰਥ ਤੱਟ ਵੇਖ ਵਖਾਈਆ । ਚਾਰੋਂ ਕੁੰਟ ਗਊ ਘਾਟ, ਗਾਵਤ ਗਾਵਤ ਰੈਣ ਵਹਾਈਆ । ਨੌਂ ਖੰਡ ਜਗਤ ਹਾਟ, ਲੱਖ ਚੁਰਾਸੀ ਰਹੀ ਖੁਲ੍ਹਾਈਆ । ਤ੍ਰੈਲੋਕ ਆਨ ਬਾਟ, ਆਵਣ ਜਾਵਣ ਰਚਨ ਰਚਾਈਆ । ਬਿਨ ਹਰਿ ਸਾਚੇ ਨਾ ਕੋਈ ਚੁਕਾਏ ਲਹਿਣਾ ਦੇਣਾ ਮਸਤਕ ਮਾਥ, ਜੋਤ ਲਿਲਾਟ ਨਾ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਸਖਾ ਸੁਹੇਲਾ ਸਦਾ ਸੁਹੇਲਾ ਸਾਥ, ਵਿਛੜ ਕਦੇ ਨਾ ਜਾਈਆ । ਆਦਿ ਜੁਗਾਦਿ ਜੁਗ ਜੁਗ ਗੁਰਮੁਖਾਂ ਹਰਿ ਭਗਤਾਂ ਹਰਿਜਨਾਂ ਦੇਵੇ ਨਾਮ ਦਾਤ, ਆਪ ਆਪਣੀ ਬੂਝ ਬੁਝਾਈਆ । ਚਰਨ ਕਵਲ ਉਪਰ ਧਵਲ ਰਾਖ, ਪਰਮ ਪੁਰਖ ਦਇਆ ਕਮਾਈਆ । ਆਪ ਬੰਧਾਏ ਸੱਚਾ ਨਾਤ, ਸਚ ਸੁੱਚ ਸਚ ਸਮਗਰੀ ਝੋਲੀ ਪਾਈਆ । ਅੰਦਰ ਮੰਦਰ ਆਪੇ ਖੋਲ੍ਹੇ ਤਾਕ, ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਦਰ ਘਰ ਹਰਿ ਮੰਦਰ ਅੰਦਰ ਵੜ, ਉਪਰ ਚੋਟੀ ਚੜ੍ਹ, ਮਹੱਲ ਅਟੱਲ ਦਸਮ ਦਵਾਰ ਹਰਿ ਨਿਰੰਕਾਰ ਜੋਤ ਅਗੰਮ ਅਪਾਰ, ਸਤਿ ਸਰੂਪ ਸ਼ਾਹੋ ਭੂਪ ਮੇਲ ਮਿਲਾਈਆ ।

### * ੬ ਕੱਤਕ ੨੦੧੫ ਬਿਕ੍ਰਮੀ ਮੁਖਤਿਆਰ ਸਿੰਘ ਦੇ ਘਰ ਕਲਕਤਾ *

ਨਿਰਗੁਣ ਜੋਤ ਹਰਿ ਨਿਰੰਕਾਰ, ਆਦਿ ਪੁਰਖ ਅਖਵਾਈਆ । ਇਕ ਇਕੱਲਾ ਏਕੰਕਾਰ, ਅਲੱਖ ਅਲੱਖਣਾ ਨਾਉਂ ਧਰਾਈਆ । ਜੋਤੀ ਨੂਰ ਕਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਲੋਆਂ ਪੁਰੀਆਂ ਵੇਖ ਵਿਚਾਰ, ਆਪ ਆਪਣੀ ਬਣਤ ਬਣਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰ ਪਸਾਰ, ਆਪ ਆਪਣਾ ਰੰਗ ਰੰਗਾਈਆ । ਜੁਗ ਜੁਗ ਮਾਤ ਲਏ ਅਵਤਾਰਾ, ਰੂਪ ਅਨੂਪ ਹਰਿ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਆਪ ਅਖਵਾਈਆ । ਆਦਿ ਨਿਰੰਜਣ ਹਰਿ ਕਰਤਾਰ, ਏਕਾ ਅੰਕ ਸਮਾਇਆ । ਖੇਲੇ ਖੇਲ ਅਗੰਮ ਅਪਾਰ, ਵੇਦ ਕਤੇਬ ਭੇਵ ਨਾ ਰਾਇਆ । ਦੋ ਜਹਾਨਾਂ ਪਾਵੇ ਸਾਰ, ਮਾਤ ਪਤਾਲ ਅਕਾਸ਼ ਵੇਖ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪ ਆਪਣੀ ਕਾਰ ਕਰਾਇਆ । ਕਰਨਹਾਰ ਹਰਿ ਸਮਰਥ, ਆਪਣੀ ਕਲ ਵਰਤਾਇੰਦਾ । ਸ੍ਰਿਸ਼ਟ ਸਬਾਈ ਚਲਾਏ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਸ਼ਬਦ ਜਣਾਈ ਅਕੱਥਨਾ ਅਕੱਥ, ਬੋਧ ਅਗਾਧ ਸ਼ਬਦ ਜਣਾਇੰਦਾ । ਲੱਖ ਚੁਰਾਸੀ ਦਏ ਮਥ, ਨਾਮ ਮਧਾਨਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸ੍ਰਿਸ਼ਟ ਸਬਾਈ ਵੇਖ ਮਹੱਲਾ, ਜੋਤ ਸਰੂਪੀ ਜੋਤ ਜਗਾਇੰਦਾ । ਨਿਰਮਲ ਜੋਤੀ ਨਿਰੰਕਾਰ, ਏਕਾ ਨੂਰ ਰੁਸ਼ਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਲੋਕਮਾਤ ਵੇਖ ਵਖਾਈਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਅਪਰ ਅਪਾਰ, ਬ੍ਰਹਿਮੰਡਾਂ ਖੰਡਾਂ ਦਏ ਸੁਣਾਈਆ । ਸੇਵਕ ਸੇਵਾ ਕਰੇ ਅਪਾਰ, ਦਿਵਸ ਰੈਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਆਪ ਅਖਵਾਈਆ । ਪਾਰਬ੍ਰਹਮ ਹਰਿ ਪੁਰਖ ਬਿਧਾਤਾ, ਪਰਮ ਪੁਰਖ ਅਖਵਾਇਆ । ਖੇਲੇ ਖੇਲ ਇਕ ਇਕਾਂਤਾ, ਅਕਲ ਕਲਾ ਅਖਵਾਇਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਲੱਖ ਚੁਰਾਸੀ ਬਾਲ ਉਠਾਇਆ । ਉਤਮ ਰੱਖੇ ਆਪਣੀ ਜਾਤਾ, ਵਰਨ ਬਰਨ ਨਾ ਕੋਇ ਰਖਾਇਆ । ਜਿਸ ਜਨ ਦੇਵੇ ਸਾਚੀ ਦਾਤਾ,

ਨਾਮ ਪਦਾਰਥ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਇਆ । ਆਦਿ ਨਿਰੰਜਣ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਇਆ । ਖੇਲੇ ਖੇਲ ਕਲਜੁਗ ਤੇਰੀ ਅੰਤਮ ਵਾਰਾ, ਜੋਤੀ ਜਾਮਾ ਭੇਖ ਵਟਾਇਆ । ਰੂਪ ਅਲੱਖ ਅਗੰਮ ਅਪਾਰਾ, ਮਾਤ ਪਿਤ ਨਾ ਕਿਸੇ ਜਾਇਆ । ਨਾ ਕੋਈ ਸੱਜਣ ਮੀਤ ਮੁਰਾਰਾ, ਬੰਧਨ ਬੰਧ ਨਾ ਕੋਈ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਆਪਣਾ ਖੇਲ ਖਿਲਾਏ ਹਰਿ ਭਗਵੰਤ, ਹਰਿ ਹਰਿ ਵੱਡੀ ਵਡਿਆਈਆ । ਵੇਖ ਵਖਾਏ ਜੁਗਾ ਜੁਗੰਤ, ਜੁਗ ਜੁਗ ਵਡ ਵਡਿਆਈਆ । ਗੁਰਮੁਖ ਉਠਾਏ ਸਾਚੇ ਸੰਤ, ਆਪ ਆਪਣੀ ਬੂਝ ਬੁਝਾਈਆ । ਮਨਮੁਖਾਂ ਮਾਇਆ ਪਾਏ ਬੇਅੰਤ, ਗੂੜ੍ਹੀ ਨੀਂਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਨੂਰ ਅਕਾਲਾ, ਹਰਿ ਹਰਿ ਆਪ ਅਖਵਾਇਆ । ਦੀਨਾਂ ਬੰਧਪ ਦੀਨ ਦਿਆਲਾ, ਹਰਿ ਸਾਜਣ ਮੇਲ ਮਿਲਾਇਆ । ਆਵਣ ਜਾਵਣ ਤੋੜੇ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਇਆ । ਇਕ ਵਖਾਏ ਧਰਮਸਾਲਾ, ਕਾਇਆ ਮੰਦਰ ਇਕ ਸੁਹਾਇਆ । ਦੀਪਕ ਜੋਤੀ ਜਗੇ ਨਿਰਾਲਾ, ਨਾਮ ਬਾਤੀ ਏਕਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਨਾਮਾ ਨਾਉਂ ਵੇਖ ਵਖਾਇਆ ।



੦੭

## * ੬ ਕੱਤਕ ੨੦੧੫ ਬਿਕਰਮੀ ਹਰਭਜਨ ਸਿੰਘ ਦੇ ਘਰ ਕਲਕਤਾ *

ਧੰਨਭਾਗ ਹਰਿ ਪਾਇਆ, ਅੰਤਮ ਮੋਖ ਦਵਾਰ । ਜਗਤ ਨੇਤਰ ਦਿਸ ਨਾ ਆਇਆ, ਆਤਮ ਅੰਤਰ ਇਕ ਪਿਆਰ । ਕਾਇਆ ਖੇੜਾ ਵੇਖ ਵਖਾਇਆ, ਆਪ ਆਪਣੀ ਕਿਰਪਾ ਧਾਰ । ਕਰਮ ਕੁਕਰਮਾਂ ਲੇਖ ਲਿਖਾਇਆ, ਮਾਨਸ ਮਾਨੁੱਖ ਆਪ ਅਧਾਰ । ਪੂਰਬ ਲਹਿਣਾ ਝੋਲੀ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਕਰਮ ਵਿਚਾਰ । ਪੂਰਬ ਜਨਮ ਪੂਰਬ ਲਹਿਣਾ, ਪੂਰਬ ਝੋਲੀ ਪਾਈਆ । ਪੂਰਬ ਦਰਸ਼ਨ ਪਾਏ ਨੈਣਾਂ, ਕਰਮ ਕੁਕਰਮ ਗਣਾਈਆ । ਲੱਖ ਚੁਰਾਸੀ ਲਹਿਣਾ ਦੇਣਾ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਵੇਖ ਵਖਾਈਆ । ਪੂਰਬ ਜਨਮ ਮਾਨਸ ਰਾਸੀ, ਹਰਿ ਹਰਿ ਵੇਖ ਵਖਾਇੰਦਾ । ਮਾਨਸ ਜਨਮ ਪੰਡਤ ਕਾਂਸੀ, ਤਿਲਕ ਲਿਲਾਟ ਲਗਾਇੰਦਾ । ਮੰਦਰ ਅੰਦਰ ਬਹਿ ਬਹਿ ਖਾਦਾ ਮਾਸੀ, ਹਰਿ ਹਰਿ ਨਦਰ ਨਾ ਆਇੰਦਾ । ਪੰਜ ਤਤ ਵਿਕਾਰਾ ਕਾਇਆ ਦੇਹੀ ਅੰਤ ਵਿਨਾਸੀ, ਧਰਮ ਰਾਏ ਦੰਡ ਲਗਾਇੰਦਾ । ਨੌਂ ਨੌਂ ਨੌਂ ਜਨਮ ਕਾਗ ਕਾਗ ਕੁਰਲਾਸੀ, ਕਾਗੀ ਕਾਗ ਕੁਰਲਾਇੰਦਾ । ਅੰਤਮ ਮੇਲਾ ਭਗਤ ਉਦਾਸੀ, ਸੰਤਨ ਵੇਖ ਵਖਾਇੰਦਾ । ਸੰਤਨ ਪੂਰੀ ਕਰ ਆਸੀ, ਦਰ ਦਵਾਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਜਨਮਾਂ ਵੇਖ ਵਖਾਇੰਦਾ । ਪੂਰਬ ਜਨਮ ਜਗਤ ਨਾਤਾ, ਹਰਿ ਹਰਿ ਆਪ ਬੰਧਾਇਆ । ਸਾਚੇ ਸੰਤ ਬਖ਼ਸ਼ੀ ਏਕਾ ਦਾਤਾ, ਅੰਮ੍ਰਿਤ ਜਲ ਮੁਖ ਚੁਆਇਆ । ਕਾਗੀ ਕਾਗ ਆਪ ਪਛਾਤਾ, ਨੇਤਰ ਰੋ ਰੋ ਨੀਰ ਵਹਾਇਆ । ਕਵਣ ਮੇਟੇ ਅੰਧੇਰੀ ਰਾਤਾ, ਕਵਣ ਬੰਸ ਰੂਪ ਜਣਾਇਆ ।



Rev-01

ਕਵਣ ਪਿਆਏ ਅੰਮ੍ਰਿਤ ਬੂੰਦ ਸਵਾਂਤਾ, ਆਵਣ ਜਾਵਣ ਗੇੜ ਕਟਾਇਆ । ਹਰਿ ਸ਼ਬਦ ਜਣਾਏ ਬਹੁ ਬਹੁ ਭਾਂਤਾ, ਆਪ ਆਪਣਾ ਰਾਗ ਅਲਾਇਆ । ਅੰਤਮ ਮੇਲਾ ਕਮਲਾਪਾਤਾ, ਮਾਣਕ ਮਾਨਸ ਵੇਖ ਵਖਾਇਆ । ਦਰਸ ਦਿਖਾਏ ਇਕ ਇਕਾਂਤਾ, ਏਕੰਕਰਾ ਰੂਪ ਵਟਾਇਆ । ਆਪੇ ਵੇਖੇ ਮਾਰ ਝਾਤਾ, ਵੇਖਣਹਾਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਲਿਖਿਆ ਲੇਖ, ਧੁਰ ਮਸਤਕ ਵੇਖ ਵਖਾਇਆ । ਧੁਰ ਮਸਤਕ ਲੇਖਾ ਹਰਿ ਨਿਰੰਕਾਰ, ਜੀਵ ਜੰਤ ਪਛਾਨਿਆਂ । ਨਿਰਗੁਣ ਜੋਤੀ ਕਰ ਉਜਿਆਰ, ਵੇਖੇ ਖੇਲ ਦੋ ਜਹਾਨਿਆਂ । ਜਗਤ ਨੈਣ ਅੰਧ ਅੰਧਿਆਰ, ਹਰਿ ਹਰਿ ਭੇਵ ਕੋਈ ਨਾ ਪਾਨਿਆ । ਆਤਮ ਤ੍ਰਿਸ਼ਨਾ ਇਕ ਪਿਆਰ, ਏਕਾ ਮੰਗ ਮੰਗਾਨਿਆ । ਚਰਨ ਕਵਲ ਜਨ ਵੇਖੇ ਢਹਿ ਪਏ ਦਵਾਰ, ਕਰ ਕਿਰਪਾ ਦੇਵੇ ਮਤ ਹਰਿ ਮਿਹਰਬਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਕਰਮਾਂ ਵੇਖ ਵਿਖਾਨਿਆ । ਪੂਰਬ ਕਰਮਾਂ ਨਾਤਾ ਜੋੜ, ਹਰਿ ਸਾਚਾ ਦਇਆ ਕਮਾਇੰਦਾ । ਇਕ ਚੜ੍ਹਾਏ ਸਾਚੇ ਘੋੜ, ਰਥ ਰਥਵਾਹੀ ਸ਼ਬਦ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮ ਅਗੰਮੜੀ ਕਾਰ ਕਮਾਇੰਦਾ । ਅਗੰਮੜੀ ਕਾਰ ਹਰਿ ਕਰਤਾਰ, ਆਪਣੀ ਆਪ ਕਰਾਈਆ । ਲੇਖੇ ਲਾਈ ਹੱਡ ਮਾਸ ਨਾੜੀ ਚੰਮ ਵਿਚ ਸੰਸਾਰ, ਜੋ ਜਨ ਢਹਿ ਪਏ ਸਰਨਾਈਆ । ਨੌਂ ਨੌਂ ਨੌਂ ਜਨਮ ਉਤਰੇ ਪਾਰ, ਰੰਗ ਰਾਤਾ ਰੰਗੇ ਰੰਗ ਸਾਚਾ ਮਾਹੀਆ । ਕਰਮੀ ਕਰਮ ਕਰੇ ਵਿਚਾਰ, ਅੰਮ੍ਰਿਤ ਮੁਖ ਖਵਾਈਆ । ਗਾਵਤ ਗਾਵਤ ਹੋਏ ਅਧਾਰ, ਰਸਨਾ ਜਿਹਵਾ ਹਰਿ ਗੁਣ ਗਾਈਆ । ਪਾਵਤ ਪਾਵਤ ਮੀਤ ਮੁਰਾਰ, ਪਤਿਤ ਪੁਨੀਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਲੋਚਣ ਨੈਣ ਅੰਦਰ ਮੰਦਰ ਵੇਖ ਵਖਾਈਆ । ਅੰਦਰ ਮੰਦਰ ਸਾਚਾ ਨੇਤਰ, ਹਰਿ ਹਰਿ ਆਪ ਸੁਹਾਇਆ । ਗੁਰਮੁਖ ਫੁਲਵਾੜੀ ਕਾਇਆ ਮਹੀਨਾ ਚੇਤਰ, ਸਚ ਸੁਗੰਧੀ ਆਪ ਧਰਾਇਆ । ਆਪੇ ਮੀਤ ਮੁਰਾਰਾ ਮੇਤਰ, ਦਰ ਦਰਬਾਰੇ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਲੇਖਾ ਹਰਿ ਦਵਾਰ, ਮੰਗੀ ਮੰਗ ਬਣ ਭਿਖਾਰ, ਕਾਗੀ ਕਾਗ ਰੂਪ ਵਟਾਇਆ । ਕਾਗੀ ਕਾਗ ਹੰਸਾ ਬੋਲ, ਆਤਮ ਰੰਗ ਤਰਾਨਿਆਂ । ਰੰਗ ਮਜੀਠੀ ਕਾਇਆ ਚੋਲ, ਵੇਖੇ ਖੇਲ ਸ੍ਰੀ ਭਗਵਾਨਿਆਂ । ਨਾਮ ਕੰਡੇ ਸਾਚੇ ਤੋਲ, ਦੇਵੇ ਦਾਤਾ ਦਾਨੀ ਧੁਰ ਫ਼ੁਰਮਾਨਿਆਂ । ਆਪਣਾ ਦਰ ਆਪੇ ਖੋਲ੍ਹ, ਆਪਣੇ ਘਰ ਕਰੇ ਪਰਵਾਨਿਆਂ । ਆਪੇ ਮਾਇਆ ਮਮਤਾ ਹਉਮੇ ਹੰਗਤਾ ਲਏ ਵਿਰੋਲ, ਸਤਿ ਸੰਤੋਖ ਇਕ ਵਿਖਾਨਿਆਂ । ਸਾਜਣ ਮੀਤਾ ਇਕ ਅਤੀਤਾ ਦਿਵਸ ਰੈਣ ਵਸੇ ਕੋਲ, ਆਪ ਆਪਣਾ ਭੇਖ ਵਟਾਨਿਆ । ਸ਼ਬਦ ਅਨਾਦੀ ਧੁਨ ਆਤਮਕ ਅਨਹਦ ਵਜਾਏ ਢੋਲ, ਰਾਗ ਸੁਣਾਏ ਸਾਚੇ ਕਾਨਿਆ । ਗਹਿਰ ਗੰਭੀਰ ਦੇਵੇ ਨਾਮ ਸ਼ਬਦ ਅਡੋਲ, ਕਰ ਕਿਰਪਾ ਵਿਚ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਜਵਾਨੀ ਅਵਸਥਾ ਬਾਲ, ਬਾਲ ਜਵਾਨ ਬੇੜਾ ਨੇਤਰ ਨੈਣ ਵਖਾਨਿਆ ।

ਚਰਨ ਧੂੜ ਹਰਿ ਦਵਾਰ, ਹਰਿਜਨ ਵਡ ਵਡਿਆਈਆ । ਮੰਗੇ ਮੰਗ ਬਣ ਭਿਖਾਰ, ਦੋਏ ਜੋੜ ਸੀਸ ਝੁਕਾਈਆ । ਨੇਤਰ ਦਰਸ ਅਗੰਮ ਅਪਾਰ, ਅੰਤਮ ਹਰਿ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਖ਼ਸ਼ਣਹਾਰ ਸਚ ਸਰਨਾਈਆ । ਆਪੇ ਪਿਤਾ

੭੨੮
੦੨

੭੨੯
੦੭

ਆਪੇ ਮਾਤਾ, ਬਾਲਕ ਅੰਵਾਣੇ ਗੋਦ ਉਠਾਇੰਦਾ । ਆਪੇ ਦੇਵਣਹਾਰਾ ਨਾਮ ਦਾਤਾ, ਆਪ ਆਪਣਾ ਨਾਮ ਜਪਾਇੰਦਾ । ਏਕਾ ਮੇਟੇ ਅੰਧੇਰੀ ਰਾਤਾ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਆਤਮ ਪਿਆਏ ਬੂੰਦ ਸਵਾਂਤਾ, ਅੰਮ੍ਰਿਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਭਗਤ ਭੰਡਾਰ ਆਪ ਭਰਾਇੰਦਾ । ਨਾਮ ਵਸਤ ਜਗਤ ਅਮੋਲ, ਗੁਰਮੁਖ ਵਿਰਲੇ ਪਾਈਆ । ਅੱਖਰ ਵੱਖਰ ਸ਼ਬਦ ਬੋਲ, ਦੋ ਅੱਖਰ ਜੋੜ ਜੁੜਾਈਆ । ਆਪ ਆਪਣਾ ਪਰਦਾ ਖੋਲ੍ਹ, ਆਪ ਆਪਣਾ ਦਰਸ਼ਨ ਪਾਈਆ । ਪੁਰਖ ਅਗੰਮਾ ਬੈਠਾ ਕੋਲ, ਦਿਵਸ ਰੈਣ ਵੇਖ ਵਖਾਈਆ । ਨਾਮ ਮਰਦੰਗਾ ਵਜਾਏ ਢੋਲ, ਅਨਹਦ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਚਰਨ ਕਵਲ ਸੱਚੀ ਸਰਨਾਈਆ । ਚਰਨ ਕਵਲ ਜਨ ਧਿਆਨ, ਹਰਿ ਹਰਿ ਆਪ ਰਖਾਇੰਦਾ । ਆਤਮ ਜੋਤੀ ਬ੍ਰਹਮ ਗਿਆਨ, ਪਾਰਬ੍ਰਹਮ ਵਖਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਭੁੱਖ ਮਿਟਾਇੰਦਾ । ਧੁੰਨੀ ਰਾਗ ਸੁਣਾਏ ਕਾਨ, ਰਾਗ ਅਨਾਦੀ ਆਪੇ ਗਾਇੰਦਾ । ਜੁਗ ਜੁਗ ਹੋਇਆ ਜਾਣੀ ਜਾਣ, ਘਟ ਘਟ ਡੇਰਾ ਲਾਇੰਦਾ । ਸ੍ਰਿਸ਼ਟ ਸਬਾਈ ਸੁੰਞ ਮਸਾਣ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਕਵਲ ਕਵਲ ਚਰਨ ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੱਤਾ ਹਰਿ ਕਰਤਾਰ, ਨਿਝ ਘਰ ਵੇਖ ਵਖਾਇੰਦਾ । ਦੇਵੇ ਮੱਤ ਜਗਤ ਸੰਸਾਰ, ਦਰ ਮੰਦਰ ਇਕ ਸੁਹਾਇੰਦਾ । ਹਉਮੇ ਤ੍ਰਿਸ਼ਨਾ ਰੋਗ ਨਿਵਾਰ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਨਾਮ ਦੇਵੇ ਸਚ ਖੁਮਾਰ, ਦਿਵਸ ਰੈਣ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਭਗਤ ਭਗਵੰਤਾ ਦੋ ਜਹਾਨਾਂ ਏਕਾ ਏਕ, ਏਕਾ ਮੇਲ ਮਿਲਾਇੰਦਾ । ਹਰਿਜਨ ਹਰਿ ਹਰਿ ਪੇਖਿਆ, ਪਾਰਬ੍ਰਹਮ ਕਰਤਾਰ । ਜੁਗ ਜੁਗ ਕਰਾਏ ਆਪਣਾ ਵੇਸਿਆ, ਆਦਿ ਅੰਤਾ ਏਕੰਕਾਰ । ਸਚ ਸਿੰਘਾਸਣ ਨਰ ਨਰੇਸ਼ਿਆ, ਰੂਪ ਅਨੂਪਾ ਅਗੰਮ ਅਪਾਰ । ਥਿਰ ਘਰ ਬੈਠਾ ਲਿਖੇ ਲੇਖਿਆ, ਗੁਣਵੰਤਾ ਗੁਣ ਵਿਚਾਰ । ਜੋਤੀ ਸ਼ਬਦੀ ਆਪ ਪ੍ਰਵੇਸਿਆ, ਨਜ਼ਰ ਨਾ ਆਏ ਰੂਪ ਕਰਤਾਰ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਲੱਖ ਚੁਰਾਸੀ ਕਰੇ ਖ਼ਬਰਦਾਰ । ਜਨ ਭਗਤਾਂ ਕਰੇ ਬੁੱਧ ਬਿਬੇਕਿਆ, ਦੇਵੇ ਨਾਮ ਅਧਾਰ । ਚਰਨ ਕਵਲ ਜਨ ਸੱਚੀ ਟੇਕਿਆ, ਆਤਮ ਅੰਤਰ ਇਕ ਪਿਆਰ । ਵੇਖ ਵਖਾਏ ਧਾਰੀ ਕੇਸਿਆ, ਮੂੰਡ ਮੁੰਡਾਏ ਸਚ ਦਰਬਾਰ । ਨਾਨਕ ਗੋਬਿੰਦ ਦਾਤਾ ਦਸ ਦਸਮੇਸਿਆ, ਰਾਮਾ ਕ੍ਰਿਸ਼ਨਾ ਰੂਪ ਅਪਾਰ । ਸੰਗ ਮੁਹੰਮਦ ਲਿਖੇ ਲੇਖਿਆ, ਮੇਲ ਮਿਲਾਵਾ ਚਾਰ ਯਾਰ । ਈਸਾ ਮੂਸਾ ਕਰ ਅਦੇਸਿਆ, ਦੋਏ ਜੋੜ ਚਰਨ ਨਿਮਸਕਾਰ । ਧਰਮ ਰਾਏ ਨੇਤਰ ਪੇਖਿਆ, ਨੇਤਰ ਨੈਣ ਉਘਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਾਏ ਪਾਰ । ਹਰਿ ਸੱਜਣ ਹਰਿ ਰੰਗ ਮਾਣਿਆ, ਪਾਇਆ ਪਰਮ ਪੁਰਖ ਕਰਤਾਰ । ਏਕਾ ਦੂਜਾ ਭੌ ਚੁਕਾਨਿਆ, ਹਉਮੇ ਹੰਗਤਾ ਰੋਗ ਨਿਵਾਰ । ਤੀਜਾ ਨੇਤਰ ਇਕ ਖੁਲ੍ਹਾਨਿਆ, ਮੇਟ ਮਿਟਾਏ ਅੰਧ ਅੰਧਿਆਰ । ਚੌਥੇ ਪਦ ਅੰਤ ਸਮਾਨਿਆ, ਘਰ ਮੇਲਾ ਮੀਤ ਮੁਰਾਰ । ਪੰਚਮ ਸ਼ਬਦ ਅਨਾਹਦ ਬਾਣੀਆਂ, ਸੁਣੇ ਸੁਣਾਏ ਅਪਰ ਅਪਾਰ । ਛੱਪਰ ਛੰਨ ਨਾ ਕੋਈ ਵਖਾਨਿਆ, ਜੋਤੀ ਨੂਰ ਹਰਿ ਉਜਿਆਰ । ਸਤਿ ਪੁਰਖ ਸੁਲਤਾਨਿਆ, ਅਕਾਲ ਮੂਰਤ ਭੇਵ ਨਿਆਰ । ਅੱਠਾਂ ਤੱਤਾਂ ਵਿਚ ਨਾ ਆਨਿਆ, ਮਨ ਮਤ ਬੁੱਧ ਨਾ ਕੋਈ ਸਿੰਗਾਰ । ਨੌਂ ਦਵਾਰ ਨਾ ਵੇਖ ਵਿਖਾਨਿਆ, ਲੱਖ ਚੁਰਾਸੀ ਗਈ ਹਾਰ । ਦਸਮੇ ਮੇਲ ਸ੍ਰੀ ਭਗਵਾਨਿਆ,

ਹਰਿਜਨ ਮੇਲਾ ਮੀਤ ਮੁਰਾਰ । ਸ਼ਬਦ ਸਿੰਘਾਸਣ ਇਕ ਮਹਾਨਿਆ, ਸ਼ਬਦ ਸਿੰਘਾਸਣ ਅਪਰ ਅਪਾਰ । ਆਤਮ ਸੇਜਾ ਆਪ ਵਿਛਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਜਣ ਲਾਏ ਪਾਰ, ਕਾਇਆ ਮੰਦਰ ਹਰਿ ਦਵਾਰ ਹਰਿ ਸਾਚਾ ਆਪ ਸੁਹਾਨਿਆ । ਦਰਸ ਦਾਨ ਆਤਮ ਮੰਗ, ਜੋ ਜਨ ਦਰ ਮੰਗ ਮੰਗਾਈਆ । ਦਿਵਸ ਰੈਣ ਵਸੇ ਸੰਗ, ਵਿਛੜ ਕਦੇ ਨਾ ਜਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਨਾਮ ਰੰਗਣ ਇਕ ਰੰਗਾਈਆ । ਅੰਮ੍ਰਿਤ ਧਾਰ ਵਹਾਏ ਗੰਗ, ਸਮਰਥ ਪੁਰਖ ਹੱਥ ਵਡਿਆਈਆ । ਅੰਗੀਕਾਰ ਲਾਏ ਅੰਗ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਆਤਮ ਦਰਸੀ ਦਰਸ ਦਿਖਾਈਆ । ਆਤਮ ਦਰਸ ਤ੍ਰਿਸ਼ਨਾ ਪਿਆਸ, ਹਰਿਜਨ ਇਕ ਵਿਖਾਇੰਦਾ । ਨਿਰਗੁਣ ਜੋਤੀ ਕਰ ਪ੍ਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਸਤਿਨਾਮ ਸਵਾਸ ਸਵਾਸ, ਰਸਨਾ ਜਿਹਵਾ ਆਪ ਹਿਲਾਇੰਦਾ । ਵੇਖ ਵਖਾਏ ਪ੍ਰਿਥਮੀ ਅਕਾਸ਼, ਕਾਇਆ ਮੰਡਲ ਮੰਡਪ ਫੇਰਾ ਪਾਇੰਦਾ । ਮਾਨਸ ਜਨਮ ਕਰੇ ਰਹਿਰਾਸ, ਬਰਨ ਵਰਨੀ ਵੇਖ ਵਖਾਇੰਦਾ । ਭਗਤ ਜਨ ਦਾਸੀ ਦਾਸ, ਆਦਿ ਜੁਗਾਦੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਘਰ ਸਾਚੇ ਦਰਸ ਦਿਖਾਇੰਦਾ । ਸਾਚੇ ਘਰ ਦਰਸ ਅਪਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਮੇਟ ਮਿਟਾਏ ਅੰਧ ਅੰਧਿਆਰ, ਦੂਈ ਦਵੈਤੀ ਰਹਿਣ ਨਾ ਪਾਈਆ । ਦੀਵਾ ਬਾਤੀ ਇਕ ਉਜਿਆਰ, ਏਕਾ ਆਪ ਜਗਾਈਆ । ਕਮਲਾਪਾਤੀ ਮੀਤ ਮੁਰਾਰ, ਨਰ ਨਰਾਇਣ ਆਪ ਅਖਵਾਈਆ । ਅੰਮ੍ਰਿਤ ਬੂੰਦ ਸਵਾਂਤੀ ਦੇਵੇ ਠੰਡੀ ਠਾਰ, ਗੁਰਮੁਖਾਂ ਦਇਆ ਕਮਾਈਆ । ਉਤਮ ਜ਼ਾਤੀ ਮੰਗੇ ਮੰਗ ਸੰਸਾਰ, ਜਿਸ ਜਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਦਰ ਦਵਾਰ, ਆਤਮ ਅੰਤਰ ਇਕ ਪਿਆਰ, ਏਕਾ ਵੇਖ ਵਿਖਾਈਆ । ਦਰਸ ਨੇਤਰ ਨੈਣ ਹਰਿ ਨਿਰੰਕਾਰ, ਮਿਲੇ ਮੇਲ ਸਾਕ ਸੱਜਣ ਪਾਰਬ੍ਰਹਮ ਗੁਰ ਅਵਤਾਰਿਆ । ਨਾਤਾ ਤੋੜੇ ਮਾਤ ਪਿਤ ਭਾਈ ਭੈਣ, ਸਗਲਾ ਸੰਗ ਆਪ ਨਿਭਾ ਰਿਹਾ । ਆਪ ਚੁਕਾਏ ਲਹਿਣ ਦੇਣ, ਮਾਨਸ ਮਾਨੁਖ ਲੇਖੇ ਲਾ ਰਿਹਾ । ਰਸਨਾ ਕਿਸੇ ਨਾ ਸਕੇ ਕਹਿਣ, ਜੋ ਜਨ ਸਵਛ ਸਰੂਪੀ ਦਰਸ਼ਨ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਤਮ ਵਰ, ਨੇਤਰ ਨੈਣ ਦਰਸ ਦਿਖਾ ਰਿਹਾ । ਦਰਸ਼ਨ ਵੇਖ ਨੇਤਰ ਪੇਖ, ਨੈਨਣ ਨੈਣ ਸੰਗਾਰਿਆ । ਆਪ ਆਪਣਾ ਆਪੇ ਵੇਖ, ਆਤਮ ਬ੍ਰਹਮ ਕਰੇ ਵਿਚਾਰਿਆ । ਪਾਰਬ੍ਰਹਮ ਪ੍ਰਭ ਧਰੇ ਭੇਖ, ਲੋਕਮਾਤ ਜੋਤ ਉਜਿਆਰਿਆ । ਵੇਖ ਵਿਖਾਏ ਧਾਰੀ ਕੇਸ, ਮੂੰਡ ਮੁੰਡਾਏ ਮੇਲ ਮਿਲਾ ਰਿਹਾ । ਆਪੇ ਦਾਤਾ ਦਾਨੀ ਦਸ ਦਸਮੇਸ਼, ਰਾਮਾ ਕ੍ਰਿਸ਼ਨਾ ਆਪ ਅਖਵਾ ਰਿਹਾ । ਆਪੇ ਬ੍ਰਹਮਾ ਵਿਸ਼ਨ ਮਹੇਸ਼, ਦਰ ਦਵਾਰੇ ਫੇਰੀ ਪਾ ਰਿਹਾ । ਆਪੇ ਹੋਏ ਰਿਖੀ ਕੇਸ਼, ਜਗਤ ਗਵਰਧਨ ਆਪ ਉਠਾ ਰਿਹਾ । ਗੁਰਮੁਖ ਸੱਜਣ ਮੀਤ ਆਪਣੇ ਨੇਤਰ ਆਪੇ ਪੇਖ, ਆਪ ਆਪਣਾ ਦਰਸ ਦਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਭਗਤੀ ਵਰ, ਨਾਮ ਭੰਡਾਰਾ ਝੋਲੀ ਪਾ ਰਿਹਾ । ਆਤਮ ਦਰਸ ਸਾਂਤਕ ਸਤਿ, ਸਤਿ ਸਰੂਪ ਸਮਾਇਆ । ਹਰਿਜਨ ਦੇ ਸਮਝਾਵੇ ਮੱਤ, ਪੂਰਨ ਬ੍ਰਹਮ ਜਣਾਇਆ । ਬੀਜ ਬੀਜੇ ਸਾਚੇ ਵਤ, ਫਲ ਫੁਲਵਾੜੀ ਨਾਮ ਲਗਾਇਆ । ਤਨ ਨਾ ਉਬਲੇ ਰੱਤੀ ਰੱਤ, ਮਾਇਆ ਮਮਤਾ ਰਹੇ ਨਾ ਰਾਇਆ । ਮੇਲ ਮਿਲਾਵਾ ਕਮਲਾਪਾਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਇਆ ।

ਏਕਾ ਦੇਵੇ ਸਤਿ ਸੰਤੋਖੀ ਧੀਰਜ ਜਤ, ਗਿਆਨ ਧਿਆਨ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਦਰ ਦਰ ਦਰਸ਼ਨ ਦਿਖਾਈਆ । ਦਰਸ਼ਨ ਪੇਖਤ ਹਰਿ ਕਰਤਾਰ, ਆਤਮ ਤ੍ਰਿਸ਼ਨ ਬੁਝਾਈਆ । ਹਉਮੇ ਰੋਗ ਜਗਤ ਨਿਵਾਰ, ਏਕਾ ਦੂਜਾ ਭੇਵ ਚੁਕਾਈਆ । ਪੰਚਮ ਲੇਖ ਅਗੰਮ ਅਪਾਰ, ਸ਼ਬਦੀ ਸ਼ਬਦ ਚਲਾਈਆ । ਅਬਿਨਾਸ਼ੀ ਕਰਤਾ ਏਕੰਕਾਰ, ਅਕਲ ਕਲਾ ਵਰਤਾਈਆ । ਆਦਿ ਸ਼ਕਤ ਰੂਪ ਅਪਾਰ, ਦਰਦ ਦੁੱਖ ਭੈ ਭੰਜਨ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਨੇਤਰ ਅੰਞਨ ਏਕਾ ਪਾਈਆ । ਨੇਤਰ ਅੰਞਨ ਨਾਮ ਗਿਆਨਾ, ਹਰਿ ਹਰਿ ਜਨ ਹਰਿ ਹਰਿ ਪਾਇਆ । ਏਕਾ ਦੇਵੇ ਧੁਰ ਫ਼ਰਮਾਣਾ, ਬੋਧ ਅਗਾਧੀ ਸ਼ਬਦ ਜਣਾਇਆ । ਆਤਮ ਅੰਤਰ ਇਕ ਤਰਾਨਾ, ਅਨਹਦ ਤਾਲ ਵਜਾਇਆ । ਪੰਚਮ ਸਖੀਆਂ ਮੇਲ ਜਹਾਨਾਂ, ਸਾਚਾ ਮੰਗਲ ਗਾਇਆ । ਬਜ਼ਰ ਕਪਾਟੀ ਤੋੜ ਤੁੜਾਨਾ, ਆਪ ਆਪਣੀ ਦਇਆ ਕਮਾਇਆ । ਆਤਮ ਸੇਜਾ ਵੇਖ ਵਖਾਨਾ, ਪ੍ਰਭ ਬੈਠਾ ਆਸਣ ਲਾਇਆ । ਜੋਤੀ ਨੂਰ ਡਗਮਗਾਨਾ, ਦਿਵਸ ਰੈਣ ਕਰੇ ਰੁਸ਼ਨਾਇਆ । ਗੁਰਮੁਖ ਸਾਚੇ ਵਿਚ ਸਮਾਨਾ, ਵਰ ਘਰ ਸਾਚਾ ਏਕਾ ਪਾਇਆ । ਚਾਰੋਂ ਕੁੰਟ ਸ੍ਰੀ ਭਗਵਾਨਾ, ਨਰ ਨਰਾਇਣ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਦਰ ਦਰ ਦਰਸ਼ਨ ਸੇਵ ਕਮਾਇਆ । ਹਰਿ ਦਰਸ਼ਨ ਘਰ ਦਵਾਰ, ਥਿਰ ਘਰ ਆਪ ਵਸਾਇਆ । ਉਚ ਅਗੰਮ ਬੇਐਬ ਪਰਵਰਦਿਗਾਰ, ਨੂਰੋ ਨੂਰ ਰਖਾਇਆ । ਖ਼ਲਕ ਖ਼ੁਦਾਈ ਸਾਂਝਾ ਯਾਰ, ਖ਼ਾਲਕ ਖ਼ਲਕ ਵਿਚ ਸਮਾਇਆ । ਇਕ ਇਕੱਲਾ ਏਕੰਕਾਰ, ਵੇਸ ਅਨੇਕਾ ਰਿਹਾ ਵਟਾਇਆ । ਰਾਮ ਰਾਮਾ ਕਰ ਪਿਆਰ, ਭਗਤ ਭਗਵੰਤ ਵੇਖ ਵਖਾਇਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪ ਅਖਵਾਇਆ । ਨਾਨਕ ਗੋਬਿੰਦ ਪਾਵੇ ਸਾਰ, ਏਕਾ ਜੋਤ ਕਰੇ ਰੁਸ਼ਨਾਇਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਭੇਵ ਕੋਈ ਨਾ ਪਾਇਆ । ਅਕਾਲ ਮੂਰਤ ਹੋ ਤਿਆਰ, ਅਕਾਸ਼ ਪ੍ਰਕਾਸ਼ ਕਰਾਇਆ । ਅਜੂਨੀ ਰਹਿਤ ਆਵੇ ਜਾਵੇ ਨਾ ਮਰੇ ਨਾ ਜੰਮੇ, ਮਰਨ ਜਨਮ ਨਾ ਕੋਈ ਰਖਾਇਆ । ਗਰਭ ਨਾ ਆਏ ਲਿਆ ਵਾਸ, ਦਸ ਦਸ ਮਾਸ ਨਾ ਡੇਰਾ ਲਾਇਆ । ਸ਼ਬਦੀ ਡੰਕ ਅਪਰ ਅਪਾਰ, ਜੁਗ ਜੁਗ ਆਪਣਾ ਰਿਹਾ ਵਜਾਇਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਜੀਵਾਂ ਜੰਤਾਂ ਰਿਹਾ ਸਮਝਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰ, ਲੋਆਂ ਪੁਰੀਆਂ ਫੇਰਾ ਪਾਇਆ । ਗੁਰਮੁਖ ਸਾਚੇ ਲਏ ਉਭਾਰ, ਸਾਚੀ ਵਸਤ ਝੋਲੀ ਪਾਇਆ । ਨਿਰਮਲ ਬਾਤੀ ਜੋਤੀ ਕਰ ਉਜਿਆਰ, ਡੂੰਘੀ ਭਵਰੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਖ਼ਸ਼ੇ ਸਾਚਾ ਘਰ, ਘਰ ਸਾਚੇ ਹਰਿਜਨ ਦਰਸ਼ਨ ਪਾਇਆ । ਸਾਚਾ ਘਰ ਆਦਿ ਨਿਰੰਜਣ, ਏਕਾ ਏਕ ਰਖਾਇਆ । ਜਨ ਭਗਤਾਂ ਮੇਲਾ ਸਾਚੇ ਸੱਜਣ, ਸਾਜਣ ਮੀਤ ਆਪ ਹੋ ਜਾਇਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਹਉਮੇ ਰੋਗ ਰਹਿਣ ਨਾ ਪਾਇਆ । ਅਨਹਦ ਤਾਲ ਤਲਵਾੜੇ ਵੱਜਣ, ਮੰਦਰ ਅੰਦਰ ਖੋਜ ਖੁਜਾਇਆ । ਚਰਨ ਧੂੜ ਜਿਸ ਜਨ ਬਖ਼ਸ਼ੇ ਸਾਚਾ ਮਜਨ, ਦੁਰਮਤ ਮੈਲ ਗਵਾਇਆ । ਕਾਇਆ ਦਿਸਾਏ ਮੱਕਾ ਕਾਅਬਾ ਹਾਜੀ ਹਜਨ, ਦੋ ਦੋ ਆਬਾ ਵੇਖ ਵਿਖਾਇਆ । ਚਿੱਟੇ ਅਸਵ ਸ਼ਬਦ ਘੋੜੇ ਚੜਿਆ ਤਾਜਨ, ਗਗਨ ਪਤਾਲਾਂ ਫੇਰਾ ਪਾਇਆ । ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇਆ । ਆਪੇ ਰਚਿਆ ਆਪਣਾ ਕਾਜਾ, ਆਪੇ ਵੇਖ ਵਖਾਇਆ । ਸ਼ਬਦ ਅਗੰਮੀ


੭੩੧
੦੭

ਮਾਰੇ ਅਵਾਜ਼ਾ, ਅਗੰਮ ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਆਪਣਾ ਵਰ, ਦਰ ਦਰਸ਼ਨ ਸੋਈ ਪਾਇਆ । ਪਾਇਆ ਦਰਸ ਲੋਚਣ ਨੈਣ ਮੁੰਧਾਰ, ਹਰਿ ਹਰਿ ਵੇਖ ਵਖਾਈਆ । ਲੱਖ ਚੁਰਾਸੀ ਪਾਏ ਸਾਰ, ਹਰ ਘਟ ਬੈਠਾ ਆਸਣ ਲਾਈਆ । ਗੋਬਿੰਦ ਸਾਜਣ ਦਏ ਹੁਲਾਰ, ਆਪ ਆਪਣੀ ਬੂਝ ਬੁਝਾਈਆ । ਜੀਵ ਜੰਤ ਸੁੱਤੇ ਪੈਰ ਪਸਾਰ, ਦਿਸ ਕਿਸੇ ਨਾ ਆਈਆ । ਕਲਜੁਗ ਰੈਣ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਆਤਮ ਬ੍ਰਹਮ ਨਾ ਕੋਈ ਉਜਿਆਰ, ਨਿਰਗੁਣ ਨੂਰ ਨਾ ਵੇਖ ਵਿਖਾਈਆ । ਸਰਗੁਣ ਮੇਲਾ ਕਾਇਆ ਮੋਹ ਪਿਆਰ, ਪੰਜ ਤਤ ਕਰੀ ਕੁੜਮਾਈਆ । ਗੁਰ ਕਾ ਸ਼ਬਦ ਨਾ ਮੀਤ ਮੁਰਾਰ, ਅੰਤਰ ਲਿਵ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਭਗਤੀ ਵਰ, ਸਾਚੇ ਮਾਰਗ ਲਾਈਆ । ਆਤਮ ਦਰਸ਼ਨ ਨਾਮ ਅਨਮੁਲ, ਨਰ ਹਰਿ ਝੋਲੀ ਪਾਇੰਦਾ । ਗੁਰਮੁਖ ਸਾਚੇ ਲਾਏ ਫੁੱਲ, ਫਲ ਫੁੱਲਵਾੜੀ ਵੇਖ ਵਖਾਇੰਦਾ । ਵੇਖਣਹਾਰ ਸਾਚੀ ਕੁਲ, ਕੁਲਵੰਤਾ ਨਾਉਂ ਧਰਾਇੰਦਾ । ਲੱਖ ਚੁਰਾਸੀ ਪਾਇਣ ਹਾਰ ਫੁੱਲ, ਕਲਜੁਗ ਕਿਰਿਆ ਨਾ ਕੋਈ ਰਖਾਇੰਦਾ । ਜੋ ਜਨ ਦਰ ਦਵਾਰੇ ਆਏ ਭੁੱਲ, ਆਪ ਆਪਣੀ ਦਇਆ ਕਮਾਇੰਦਾ । ਸਾਧਾਂ ਸੰਤਾਂ ਅੰਦਰ ਮੰਦਰ ਜਾਏ ਮੌਲ, ਕਵਲ ਨਾਭ ਆਪ ਉਲਟਾਇੰਦਾ । ਦੇਵੇ ਵਡਿਆਈ ਉਪਰ ਧਵਲ, ਧਰਤ ਧਵਲ ਆਪ ਸੁਹਾਇੰਦਾ । ਮੇਲ ਮਿਲਾਵਾ ਸਾਵਲ ਸਵਲ, ਸਾਵਲ ਸੁੰਦਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਆਤਮ ਤਾਕ, ਗੁਰਮੁਖ ਵਿਰਲਾ ਮਾਤ ਖੁਲ੍ਹਾਇੰਦਾ । ਪੁਰਖ ਅਗੰਮਾ ਵੇਖੇ ਮਾਰ ਧਿਆਨ, ਅੰਦਰ ਮੰਦਰ ਡੇਰਾ ਲਾਇੰਦਾ । ਆਪੇ ਹੋਏ ਪਾਕੀ ਪਾਕ, ਨੂਰ ਇਲਾਹੀ ਆਪ ਅਖਵਾਇੰਦਾ । ਏਕਾ ਅਸਵ ਘੋੜਾ ਰਾਕ, ਧੁਰਦਰਗਾਹੀ ਆਪ ਦੌੜਾਇੰਦਾ । ਪੰਚਮ ਵਿਕਾਰਾ ਨਕੇਲ ਪਾਏ ਨਾਕ, ਦਰ ਦਵਾਰ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਖ਼ਸ਼ੇ ਸਾਚਾ ਘਰ, ਘਰ ਸਾਚੇ ਸੋ ਜਨ ਬਹਾਇੰਦਾ । ਸਾਚੇ ਘਰ ਸਾਚਾ ਸ਼ਬਦ ਸ਼ਿੰਗਾਰ, ਹਰਿ ਸਾਚਾ ਆਪ ਕਰਾਈਆ । ਪੰਜ ਤਤ ਨਾ ਕੋਈ ਅਕਾਰ, ਰਕਤ ਬੂੰਦ ਨਾ ਕੋਈ ਜਣਾਈਆ । ਹੱਡ ਮਾਸ ਨਾੜੀ ਚੰਮ ਨਾ ਕੋਈ ਪਿਆਰ, ਮਨ ਮਤ ਬੁੱਧ ਨਾ ਕੋਈ ਵਡਿਆਈਆ । ਨੌਂ ਦਵਾਰ ਨਾ ਕੋਈ ਕਿਵਾੜ, ਨਾ ਕੋਈ ਵੇਖ ਵਖਾਈਆ । ਇਕ ਇਕੱਲਾ ਏਕੰਕਾਰ, ਇਕ ਵਿਖਾਏ ਧਰਮ ਅਖਾੜ, ਹਰਿ ਬੈਠਾ ਬੇਪਰਵਾਹੀਆ । ਸ਼ਬਦੀ ਸ਼ਬਦ ਸਾਚਾ ਲਾੜ, ਆਪ ਆਪਣਾ ਥਾਨ ਸੁਹਾਈਆ । ਗੁਰਮੁਖਾਂ ਫਿਰੇ ਪਿਛੇ ਅਗਾੜ, ਦਰ ਦਰ ਘਰ ਘਰ ਫੇਰਾ ਪਾਈਆ । ਜੋਤ ਜਗਾਏ ਬਹੱਤਰ ਨਾੜ, ਅੱਠੇ ਪਹਿਰ ਕਰੇ ਰੁਸ਼ਨਾਈਆ । ਵਾ ਨਾ ਲੱਗੇ ਤੱਤੀ ਹਾੜ, ਮਾਇਆ ਮੋਹ ਨਾ ਰਾਈਆ । ਸਚ ਸੁੱਚ ਨਿਝ ਘਰ ਆਤਮ ਦੇਵੇ ਵਾੜ, ਜਗਤ ਤ੍ਰਿਸ਼ਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਦਰ ਦਰਸ਼ਨ ਸੋ ਜਨ ਪਾਈਆ । ਦਰਸ਼ਨ ਪਾ ਸੋਭਾਵੰਤ, ਆਤਮ ਬ੍ਰਹਮ ਜਣਾਈਆ । ਹਰਿ ਹਰਿ ਮੇਲਾ ਸਾਚੇ ਸੰਤ, ਸੰਤ ਕੰਤ ਏਕਾ ਰੰਗ ਰੰਗਾਈਆ । ਖੇਲੇ ਖੇਲ ਜੁਗਾ ਜੁਗੰਤ, ਏਕਾ ਏਕ ਪੂਰਨ ਪਛਾਨਿਆਂ । ਹਰਿਜਨ ਨਾਤਾ ਸ੍ਰੀ ਭਗਵੰਤ, ਜੋੜ ਜੁੜਾਏ ਦੋ ਜਹਾਨਿਆਂ । ਮੇਲ ਮਿਲਾਵਾ ਆਦਿ ਅੰਤ, ਆਦਿ ਅੰਤ ਇਕ ਵਿਖਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਮੇਲ ਮਿਲਾਏ ਸ੍ਰੀ ਭਗਵਾਨਿਆ ।

## * ੯ ਕੱਤਕ ੨੦੧੫ ਬਿਕ੍ਰਮੀ ਜਗਨ ਨਾਥ ਪੁਰੀ ਮੰਦਰ ਸ਼ਬਦ ਲਿਖਾਏ *

ਅਕੱਥ ਕਥਾ ਹਰਿ ਮਿਹਰਵਾਨ, ਹਰਿ ਹਰਿ ਆਪ ਰਖਾਈਆ । ਆਦਿ ਅੰਤ ਸ੍ਰੀ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਦੋ ਜਹਾਨਾਂ ਵੇਖ ਵਿਖਾਣ, ਲੋਆਂ ਪੁਰੀਆਂ ਫੋਲ ਫੁਲਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਨੌਂ ਖੰਡ ਖੇਲ ਖਿਲਾਈਆ । ਜੇਰਜ ਅੰਡ ਕਰ ਪਛਾਣ, ਗੁਰਮੁਖ ਸਾਚੇ ਲਏ ਜਗਾਈਆ । ਉਤਭੁਜ ਸੇਤਜ ਕਰ ਪਰਵਾਨ, ਆਪ ਆਪਣੇ ਚਰਨ ਛੁਹਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਆਦਿ ਅੰਤ ਵੱਡੀ ਵਡਿਆਈਆ । ਜੁਗਾ ਜੁਗੰਤ ਵਖਾਏ ਇਕ ਨਿਸ਼ਾਨ, ਆਦਿ ਪੁਰਖ ਨਿਰੰਜਣ ਆਪ ਬੁਝਾਈਆ । ਸਤਿਜੁਗ ਤ੍ਰੇਤਾ ਰੂਪ ਮਹਾਨ, ਦੁਆਪਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਰਘੁਰਾਈਆ । ਇਕ ਇਕੱਲਾ ਦੀਨ ਦਿਆਲਾ, ਏਕਾ ਏਕੰਕਾਰਿਆ । ਜੁਗ ਜੁਗ ਖੇਲੇ ਖੇਲ ਨਿਰਾਲਾ, ਆਦਿ ਅੰਤ ਇਕ ਅਵਤਾਰਿਆ । ਕਲਜੁਗ ਚਲੇ ਅਵੱਲੜੀ ਚਾਲਾ, ਭੇਵ ਕੋਈ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਰਿਹਾ । ਆਪੇ ਹਰਿ ਹਰਿ ਖੇਲ ਖਿਲੰਦੜਾ, ਆਪੇ ਵੇਖ ਵਿਖਾਏ । ਆਪੇ ਭੇਖੀ ਭੇਖ ਵਟੰਦੜਾ, ਭੇਖਾਧਾਰੀ ਨਾਮ ਧਰਾਏ । ਆਪੇ ਜੁਗ ਜੁਗ ਧਾਰ ਚਲੰਦੜਾ, ਆਪੇ ਮੇਟ ਮਿਟਾਏ । ਆਪੇ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਧਾਮ ਰਚੰਦੜਾ, ਆਪੇ ਲੇਖੇ ਲਾਏ । ਆਪੇ ਰੂਪ ਅਨੂਪ ਕਰੰਦੜਾ, ਸ਼ਾਹੋ ਭੂਪ ਭੇਵ ਨਾ ਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਏ । ਆਦਿ ਪੁਰਖ ਅਬਿਨਾਸ਼ੀ ਕਰਤਾ, ਕਰਨਹਾਰ ਅਖਵਾਇਆ । ਸ੍ਰਿਸ਼ਟ ਸਬਾਈ ਵੇਖੇ ਧਰਨੀ ਧਰਤ, ਧਵਲ ਸੁਹਾਇਆ । ਜਾਣੇ ਭੇਵ ਲੋਆਂ ਪੁਰੀਆਂ ਦਰ ਦਰ ਘਰ ਘਰ, ਦਰ ਦਰ ਘਰ ਘਰ ਬੈਠਾ ਵੇਖ ਵਿਖਾਏ । ਖੇਲੇ ਖੇਲ ਨਾਰੀ ਨਰ, ਨਰ ਨਰਾਇਣ ਰੂਪ ਵਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਏ । ਖੇਲਣਹਾਰ ਹਰਿ ਨਿਰੰਕਾਰਾ, ਏਕਾ ਏਕੰਕਾਰਿਆ । ਕਲਜੁਗ ਤੇਰੀ ਧਾਰ ਵਖਾਨਾ, ਰੂਪ ਅਨੂਪ ਵਿਚ ਸੰਸਾਰਿਆ । ਕਾਹਨਾ ਕ੍ਰਿਸ਼ਨਾ ਜੋਤ ਮਹਾਨਾ, ਜੋਤੀ ਜੋਤ ਉਜਿਆਰਿਆ । ਵਲ ਛਲ ਸ੍ਰਿਸ਼ਟ ਸੁਹਾਨਾ, ਜੀਵ ਜੰਤ ਵੇਖ ਵਖਾ ਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੀ ਦੇਵਾ ਰੂਪ ਵਟਾ ਰਿਹਾ । ਆਤਮ ਆਤਮਾ ਵਾਸਦੇਵ, ਨਿਰਗੁਣ ਹਰਿ ਨਿਰੰਕਾਰਿਆ । ਪਾਰਬ੍ਰਹਮ ਅਲੱਖ ਅਭੇਵ, ਵੇਦ ਕਤੇਬ ਭੇਵ ਕੋਈ ਨਾ ਪਾ ਰਿਹਾ । ਆਪੇ ਜਾਣੇ ਆਪਣੀ ਪੂਜਾ ਸੇਵ, ਆਪ ਆਪਣੀ ਸੇਵ ਕਮਾ ਰਿਹਾ । ਆਪੇ ਵਸੇ ਨਿਹਚਲ ਧਾਮ ਨਿਹਕੇਵ, ਨਿਰਗੁਣ ਸਰਗੁਣ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾ ਰਿਹਾ । ਰਚਨਹਾਰ ਹਰਿ ਰਘੁਨਾਥਾ, ਏਕਾ ਏਕ ਅਖਵਾਇੰਦਾ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਆਪ ਹੋ ਜਾਇੰਦਾ । ਪ੍ਰਗਟ ਹੋ ਤ੍ਰੈਲੋਕੀ ਨਾਥਾ, ਤ੍ਰੈਲੋਕਾਂ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਗਾਇਨ ਗਾਥਾ, ਕਰੋੜ ਤੇਤੀਸਾ ਰਸਨ ਅਲਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਨਿਉਂ ਨਿਉਂ ਟੇਕਨ ਮਾਥਾ, ਸਰਨ ਸਰਨਾਈ ਇਕ ਵਖਾਇੰਦਾ । ਸਮਰਥ ਕਲਾ ਆਪੇ ਸਮਰਾਥਾ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਧਰਾਇੰਦਾ । ਆਪ ਆਪਣਾ ਨਾਮ ਧਰਾ, ਆਪਣੀ ਕਲਾ ਵਰਤਾਈਆ । ਜੱਜਾ: ਜਗ ਗਿਆ ਸਮਾ, ਜਾਗਰਤ ਦਿਸ ਨਾ ਆਈਆ । ਗੱਗਾ: ਗੋਬਿੰਦ ਵੇਸ

ਵਟਾ, ਰੂਪ ਰੇਖ ਨਾ ਰਾਈਆ । ਨੱਨਾ: ਨਿਰਗੁਣ ਫੇਰੀ ਪਾ, ਨਰ ਹਰਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਲਗਨ ਲਗਾਈਆ । ਨੱਨਾ: ਨਾਮ ਨਿਰਗੁਣ ਧਾਰ, ਨਰ ਹਰਿ ਆਪ ਉਪਾਈਆ । ਥੱਥਾ: ਥਿਰ ਘਰ ਬੈਠ ਦਰਬਾਰ, ਖੇਲੇ ਖੇਲ ਹਰ ਘਟ ਥਾਈਂਆ । ਜਗਨ ਨਾਥ ਜਗਤ ਭਿਖਾਰ, ਦਰ ਦਰ ਫੇਰਾ ਪਾਈਆ । ਬਲਦੇਵ ਸੁਭਦਰਾ ਕ੍ਰਿਸ਼ਨ ਮੁਰਾਰ, ਨੇਤਰ ਰੋ ਰੋ ਨੀਰ ਵਹਾਈਆ । ਲਹਿਣਾ ਦੇਣਾ ਵਿਚ ਸੰਸਾਰ, ਲੋਕਮਾਤ ਵੇਖ ਵਖਾਈਆ । ਜੀਵ ਜੋਤ ਜਗਤ ਅਧਾਰ, ਦੇ ਮੱਤ ਸਮਝਾਈਆ । ਨਾਰੀ ਨਰ ਨਾ ਹੋਏ ਖਵਾਰ, ਨਾਰਦ ਮੁੰਨ ਵੇਖ ਵਿਖਾਈਆ । ਸੁਖਦੇਵ ਬੋਲੇ ਕਰ ਪਿਆਰ, ਬ੍ਰਹਮ ਸਲੋਕ ਚਾਰ ਜਣਾਈਆ । ਬਾਰਾਂ ਅੱਖਰ ਬੰਨ੍ਹੇ ਧਾਰ, ਦੁਆਪਰ ਵਡ ਵਡਿਆਈਆ । ਕਲਜੁਗ ਕੂੜਾ ਵੇਖ ਪਸਾਰ, ਕੂੜਾ ਟਿੱਕਾ ਕਾਲੀ ਮਸਤਕ ਛਾਹੀਆ । ਆਪ ਆਪਣੇ ਨੈਣ ਉਘਾੜ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਿਰਿਆ ਵੇਖ ਵਿਖਾਈਆ । ਜਗਤ ਕਿਰਿਆ ਚਾਰ ਜੁਗ, ਹਰਿ ਨਾਤਾ ਜੋੜ ਜੁੜਾਇਆ । ਸਿਲ ਪੂਜਸ ਪਾਹਨ ਬੁੱਤ, ਦਰ ਦਰਵੇਸ਼ ਵੇਖ ਵਖਾਇਆ । ਕਰੇ ਭੇਖ ਅਬਿਨਾਸ਼ੀ ਰੂਪ, ਆਪ ਆਪਣਾ ਭੇਖ ਵਟਾਇਆ । ਆਪ ਉਪਾਇਆ ਆਪਣਾ ਸੁੱਤ, ਆਪੇ ਦੇ ਮੱਤ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਡੇਰਾ ਲਾਇਆ । ਆਪਣਾ ਸੁਤ ਦੁਲਾਰ, ਧਰਮੀ ਧਰਮ ਜੈਕਾਰਿਆ । ਖੇਲੇ ਖੇਲ ਅਗੰਮ ਅਪਾਰ, ਪੰਡਤ ਪਾਂਧਾ ਭੇਵ ਕੋਈ ਨਾ ਪਾ ਰਿਹਾ । ਰਾਜ ਰਾਜਾਨ ਸੁੱਤੇ ਪੈਰ ਪਸਾਰ, ਆਤਮ ਬ੍ਰਹਮ ਗਿਆਨ ਨਾ ਕੋਈ ਵਖਾ ਲਿਆ । ਆਦਿ ਨਿਰੰਜਣ ਵੇਖੇ ਮਾਰ ਧਿਆਨ, ਦਰ ਦਵਾਰ ਇਕ ਸੁਹਾ ਰਿਹਾ । ਜੋਤ ਨਿਰੰਜਣ ਮਿਹਰਵਾਨ, ਭੁੱਲ ਭੁਲਾਵਾ ਆਪ ਕਰਾ ਰਿਹਾ । ਭਗਤ ਭਗਤੀ ਕਰ ਪ੍ਰਵਾਨ, ਭਗਵਾਨ ਦਰਸ ਦਿਖਾ ਰਿਹਾ । ਇਕ ਵਖਾਏ ਸਚ ਨਿਸ਼ਾਨ, ਤ੍ਰੈ ਤ੍ਰੈ ਵੇਸ ਵਟਾ ਲਿਆ । ਏਕੰਕਾਰਾ ਰੰਗ ਮਹਾਨ, ਓਅੰਕਾਰਾ ਸੰਗ ਰਖਾ ਲਿਆ । ਸ਼ਬਦ ਸ਼ਬਦ ਜੈਕਾਰ, ਤ੍ਰੈ ਤ੍ਰੈ ਲੋਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾ ਰਿਹਾ । ਜਗਨ ਨਾਥ ਕਰਿਆ ਗੁਰ ਮੀਤਾ, ਪਰਮ ਪੁਰਖ ਵਡਿਆਈਆ । ਸੇਵਕ ਸੇਵਾ ਲਾਏ ਰਾਮਾ ਸੀਤਾ, ਕਾਹਨਾ ਕ੍ਰਿਸ਼ਨਾ ਵੇਖ ਵਖਾਈਆ । ਲੇਖਾ ਜਾਣੇ ਅਠਾਰਾਂ ਧਿਆਏ ਗੀਤਾ, ਪੁਰਾਨ ਅਠਾਰਾਂ ਫੋਲ ਫੁਲਾਈਆ । ਰਿਖ ਮੁਨ ਵੇਖ ਅਤੀਤਾ, ਬ੍ਰਹਮ ਬ੍ਰਹਮ ਫੋਲ ਫੁਲਾਈਆ । ਵਾਸਦੇਵ ਹਸਤ ਕੀਟਾ, ਊਚ ਨੀਚ ਸਮਾਈਆ । ਕਰੇ ਖੇਲ ਇਕ ਅਨਡੀਠਾ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਮੁਖ ਰਸ ਲਗਾਏ ਮੀਠਾ, ਮਨਮੁੱਖ ਹੋਏ ਹਲਕਾਈਆ । ਕਲਜੁਗ ਕਾਇਆ ਕੌੜਾ ਰੀਠਾ, ਮਿੱਠਾ ਫਲ ਨਾ ਕੋਈ ਖਵਾਈਆ । ਆਪਣਾ ਮਨ ਨਾ ਕਿਸੇ ਜੀਤਾ, ਜੂਠਾ ਝੂਠਾ ਮਸਤਕ ਤਿਲਕ ਲਗਾਈਆ । ਨਾਮ ਨਿਧਾਨ ਕਿਸੇ ਨਾ ਪੀਤਾ, ਆਤਮ ਅਤੀਤਾ ਨਾ ਕੋਈ ਜਣਾਈਆ । ਹਰਿ ਹਰਿ ਮਿਲਿਆ ਨਾ ਸਾਚਾ ਮੀਤਾ, ਘਰ ਘਰ ਬੈਠੇ ਟੱਲੀਆਂ ਰਹੇ ਖੜਕਾਈਆ । ਆਪ ਅਪਰੰਪਰ ਪਤਿਤ ਪੁਨੀਤਾ, ਭੇਖਾਧਾਰੀ ਬਾਵਣ ਰੂਪ ਵਟਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤਾ, ਇਕ ਗਿਆਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਏਕਾ ਬੂਝ ਸ਼ਬਦ ਗਿਆਨ, ਹਰਿਜਨ ਆਪ ਜਣਾਇੰਦਾ । ਵੇਖ ਵਖਾਏ ਮਾਰ ਧਿਆਨ, ਨੇਤਰ ਇਕ ਖੁਲ੍ਹਾਇੰਦਾ । ਏਕਾ ਏਕ ਸ੍ਰੀ ਭਗਵਾਨ, ਵਰਨ ਬਰਨ ਨਾ ਕੋਈ ਜਣਾਇੰਦਾ । ਧਰਮ ਝੁਲਾਏ ਇਕ ਨਿਸ਼ਾਨ,

੭੩੪
੦੨

ਦੋ ਜਹਾਨਾ ਵੇਖ ਵਖਾਇੰਦਾ । ਚੌਦਾਂ ਲੋਕਾਂ ਹਰਿ ਪ੍ਰਧਾਨ, ਚੌਦਾਂ ਹੱਟ ਖੁਲ੍ਹਾਇੰਦਾ । ਪੁਰਖ ਅਗੰਮਾ ਹਰਿ ਮਿਹਰਬਾਨ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਦਰ ਦਰ, ਮੰਦਰ ਮੱਠ ਸ਼ਿਵਦਵਾਲਾ ਦੀਨਾ ਬੰਧਪ ਦੀਨ ਦਿਆਲਾ, ਗੁਰ ਗੋਪਾਲਾ ਆਪ ਆਪਣਾ ਮੇਲ ਮਿਲਾਇੰਦਾ । ਜਗਤ ਮੱਠ ਕਰ ਤਿਆਰ, ਕਲਜੁਗ ਬਣਤ ਬਣਾਈਆ । ਚਰਨ ਰਖਾਏ ਅਠਸਠ, ਹਰਿ ਵੱਡੀ ਵਡਿਆਈਆ । ਕਰੋੜ ਤੇਤੀਸਾ ਕਰ ਇਕੱਠ, ਅੰਦਰ ਮੰਦਰ ਬੰਧਨ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਗਣਪਤ ਗਣੇਸ਼ਾ ਵੇਖਣ ਨੱਠ ਨੱਠ, ਦਿਵਸ ਰੈਣ ਸੇਵ ਕਮਾਈਆ । ਰਵ ਸਸ ਛੱਡਿਆ ਹਠ, ਬੈਠੈ ਮੁਖ ਛੁਪਾਈਆ । ਧਰਮ ਰਾਏ ਬੰਨ੍ਹੇ ਗੱਠ, ਆਪ ਆਪਣਾ ਪੰਧ ਮੁਕਾਈਆ । ਪਾਰਬ੍ਰਹਮ ਪ੍ਰਭ ਕਰ ਇਕੱਠ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਿਰਿਆ ਬੰਦ ਕਰਾਈਆ । ਕਲਜੁਗ ਕਿਰਿਆ ਜਗਤ ਪਸਾਰ, ਹਰਿ ਸਾਚਾ ਵੇਖ ਵਖਾਇੰਦਾ । ਮੰਦਰ ਮੱਠ ਕਰ ਤਿਆਰ, ਅੰਦਰ ਮੰਦਰ ਡੇਰਾ ਲਾਇੰਦਾ । ਨੱਠ ਨੱਠ ਵੇਖ ਦਵਾਰ, ਨਾਨਕ ਨਿਰਗੁਣ ਫੇਰਾ ਪਾਇੰਦਾ । ਮੰਗੀ ਮੰਗ ਮੱਠ ਢਹਿ ਦਵਾਰ, ਰਾਜਸ ਤਾਮਸ ਸਾਂਤਕ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਇਕ ਗਿਆਨ, ਏਕਾ ਮੰਤਰ ਹਰਿ ਭਗਵਾਨ, ਏਕਾ ਤੀਰ ਇਕ ਨਿਸ਼ਾਨ, ਏਕਾ ਚਿੱਲੇ ਆਪ ਚੜ੍ਹਾਇੰਦਾ । ਨਾਨਕ ਗੁਰ ਜਗਤ ਤਿਆਗ, ਨਿਰਗੁਣ ਵਿਚ ਸਮਾਇਆ । ਆਏ ਚਲ ਬਣ ਭਿਖਾਰ, ਵੇਸ ਅਨੇਕਾ ਇਕ ਕਰਾਇਆ । ਪੰਡਤ ਪਾਂਧੇ ਮਾਰੇ ਮਾਰ, ਭੇਵ ਅਭੇਦਾ ਭੇਵ ਛੁਪਾਇਆ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾਂ ਵਿਚਾਰ, ਪੂਰਬ ਡੇਰਾ ਲਾਇਆ । ਆਪ ਆਪਣੀ ਕਿਰਪਾ ਧਾਰ, ਨੇਤਰ ਨੈਣ ਆਪ ਖੁਲ੍ਹਾਇਆ । ਏਕਾ ਵੇਖੇ ਮੀਤ ਮੁਰਾਰ, ਸ੍ਰਿਸ਼ਟ ਸਬਾਈ ਕੂੜ ਕੂੜਾ ਧੰਦਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇਆ । ਨਾਨਕ ਗੁਰ ਸ਼ਬਦ ਵਰਤਾਰ, ਏਕਾ ਸ਼ਬਦ ਜਣਾਈਆ । ਸਾਰੰਗ ਬੋਲੇ ਨਿਰੰਕਾਰ ਨਿਰੰਕਾਰ ਨਿਰੰਕਾਰ, ਨਿਰਗੁਣ ਵੇਖ ਵਿਖਾਈਆ । ਮੱਠ ਦਵਾਲਾ ਖ਼ਬਰਦਾਰ, ਮੰਦਰ ਅੰਦਰ ਪਏ ਦੁਹਾਈਆ । ਰਾਜ ਰਾਜਾਨ ਚਰਨ ਦਵਾਰ, ਦੋਏ ਜੋੜ ਸੀਸ ਝੁਕਾਈਆ । ਗੁਰ ਗੁਰ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਅੰਦਰ ਬਾਹਿਰ ਏਕੋ ਜਾਣ, ਏਕਾ ਰੰਗ ਸਮਾਈਆ । ਘਟ ਘਟ ਵੇਖ ਸ੍ਰੀ ਭਗਵਾਨ, ਦੇ ਮਤ ਰਿਹਾ ਸਮਝਾਈਆ । ਕਾਇਆ ਮੰਦਰ ਸਚ ਮਕਾਨ, ਘਰ ਬੈਠਾ ਬੇਪਰਵਾਹੀਆ । ਉਤਰ ਦਿਸ਼ਾ ਕਰ ਪ੍ਰਧਾਨ, ਆਪ ਆਪਣਾ ਚਰਨ ਕਢਾਈਆ । ਵੇਖੇ ਰਾਹ ਦੋ ਜਹਾਨ, ਆਪ ਆਪਣਾ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਿਤਾ ਵਰ, ਏਕਾ ਤਾਲ ਵਜਾਈਆ । ਸ਼ਬਦ ਹਰਿ ਜਗਤ ਮਲਾਹ, ਨਾਨਕ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਇਕ ਸਲਾਹ, ਏਕਾ ਰੂਪ ਸਮਾਇੰਦਾ । ਏਕਾ ਅੱਖਰ ਏਕਾ ਨਾਉਂ, ਏਕਾ ਜਾਪ ਜਪਾਇੰਦਾ । ਏਕਾ ਪਿਤਾ ਏਕਾ ਮਾਂ, ਸ੍ਰਿਸ਼ਟ ਸਬਾਈ ਇਕ ਰਖਾਇੰਦਾ । ਏਕਾ ਦੇਵਣਹਾਰਾ ਠੰਡੀ ਛਾਂ, ਏਕਾ ਧਾਰ ਚਲਾਇੰਦਾ । ਨਾਨਕ ਨਿਰਗੁਣ ਵੇਖੇ ਥਾਂ ਥਾਂ, ਹਰ ਘਟ ਹਰਿ ਹਰਿ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸ਼ਬਦ ਜਣਾਇੰਦਾ । ਨਾਨਕ ਨਿਰਗੁਣ ਜੈਕਾਰ, ਸ਼ਬਦੀ ਸ਼ਬਦ ਜਣਾਇਆ । ਤੇਰਾ ਮੇਰਾ ਇਕ ਪਿਆਰ, ਏਕਾ ਰੂਪ ਸਮਾਇਆ । ਤੇਰਾ ਚਰਨ ਸੱਚਾ ਦਰਬਾਰ, ਥਿਰ ਘਰ ਇਕ ਵਿਖਾਇਆ । ਤੇਰਾ ਤੇਰੀ ਪਾਵੇ ਸਾਰ, ਕਲਜੁਗ ਅੰਤਮ ਵੇਖ ਵਖਾਇਆ ।

ਨਿਹਕਲੰਕ ਲਏ ਅਵਤਾਰ, ਜੋਤੀ ਨੂਰ ਦਰਸਾਇਆ । ਜੋਤੀ ਖਿਚ ਲਿਆਏ ਚਰਨ ਦਵਾਰ, ਪੂਜਾ ਪਾਠ ਨਾ ਕੋਈ ਜਣਾਇਆ । ਕਰੋੜ ਤੇਤੀਸਾ ਰੋਵੇ ਜ਼ਾਰੋ ਜ਼ਾਰ, ਬ੍ਰਹਮਾ ਵਿਸ਼ਨ ਸ਼ਿਵ ਕੁਰਲਾਇਆ । ਸੇਵਕ ਲਾਇਆ ਮੰਦਰ ਮੱਠ ਨਾ ਕੋਈ ਧਾਰ, ਪੰਡਤ ਪਾਂਧਾ ਨਾ ਕੋਈ ਜਣਾਇਆ । ਅਠਸਠ ਲੇਖਾ ਚੁੱਕੇ ਅਗੰਮ ਅਪਾਰ, ਨੱਠ ਨੱਠ ਫੇਰਾ ਪਾਇਆ । ਤੱਟ ਕਿਨਾਰਾ ਨਾ ਕੋਈ ਵਿਚਾਰ, ਸਰ ਸਰੋਵਰ ਨਾ ਕੋਇ ਨੁਹਾਇਆ । ਜੋਤ ਲਟ ਲਟ ਲਟ ਜਗੇ ਕਰਤਾਰ, ਨਿਰਗੁਣ ਨਰ ਨਰਾਇਣ ਹਰਿ ਫੇਰਾ ਪਾਇਆ । ਘਟ ਘਟ ਮੇਲਾ ਮੀਤ ਮੁਰਾਰ, ਬ੍ਰਹਮ ਪਾਰਬ੍ਰਹਮ ਮਿਲਾਇਆ । ਦੁਰਮਤ ਮੈਲ ਕੱਟ ਕੱਟ, ਹਰਿਜਨ ਸਾਚੇ ਵੇਖ ਵਖਾਇਆ । ਨੇਤਰ ਲੋਚਣ ਦੱਸੇ ਧੀਰਜ ਸਾਚਾ ਜਤ, ਚਰਨ ਕਵਲ ਸਤਿ ਸੰਤੋਖ ਵਖਾਇਆ । ਗੁਰਮਤ ਦੇਵੇ ਸਾਚੀ ਮੱਤ, ਝੂਠੀ ਰੱਤ ਰਹੇ ਨਾ ਰਾਇਆ । ਏਕਾ ਏਕ ਮਿਲਾਵਾ ਕਮਲਾਪਤ, ਨਾਰੀ ਕੰਤਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰਾ ਭੇਖ, ਆਪੇ ਵੇਖੇ ਵੇਖਣਹਾਰ ਦਿਸ ਕਿਸੇ ਨਾ ਆਇਆ । ਮੱਠ ਦਵਾਲਾ ਜਗਤ ਮੰਦਰ, ਹਰਿ ਹਰਿ ਜੋਤ ਖਿਚਾਈਆ । ਜਾਗਰਤ ਜੋਤੀ ਰਹੇ ਨਾ ਕਿਸੇ ਅੰਦਰ, ਪੰਡਤ ਪਾਂਧਾ ਨਾ ਕੋਈ ਵਡਿਆਈਆ । ਦਸਮ ਦਵਾਰੀ ਮਾਰੇ ਜੰਦਰ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਈਆ । ਨੌਂ ਦਵਾਰੇ ਨੱਚੇ ਬੰਦਰ, ਹਰਿ ਕਲੰਦਰ ਆਪ ਨਚਾਈਆ । ਬੀਸ ਬੀਸਾ ਆਪੇ ਕਰੇ ਕਰਾਏ ਖੰਡਰ, ਜਗਤ ਢੇਰ ਨਾ ਕੋਇ ਉਠਾਈਆ । ਲੇਖਾ ਚੁਕਾਏ ਬਿਕ੍ਰਮੀ ਬੀਸ ਸੌ ਪੰਦਰਾਂ ਅੰਦਰੇ ਅੰਦਰ, ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣੇ ਹੱਥ ਰੱਖੀ ਵਡਿਆਈਆ ।



੭੩੬ ੦੨

## * ੧੬ ਕੱਤਕ ੨੦੧੫ ਬਿਕ੍ਰਮੀ ਲਛਮਨ ਕੁੰਡ ਰਾਮੇਸ਼ਵਰਮ ਸ੍ਰੀ ਰਾਮ ਚੰਦਰ ਜੀ *

ਏਕੰਕਾਰ ਪੁਰਖ ਅਬਿਨਾਸ਼, ਹਰਿ ਹਰਿ ਰੂਪ ਸਮਾਇਆ । ਆਦਿ ਪੁਰਖ ਜੋਤ ਪ੍ਰਕਾਸ਼, ਆਦਿ ਨਿਰੰਜਣ ਨਾਉਂ ਧਰਾਇਆ । ਅਕਲ ਕਲਾ ਕਲ ਖੇਲ ਤਮਾਸ਼, ਅਕਾਲ ਮੂਰਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਮ ਧਰਾਇਆ । ਏਕੰਕਾਰ ਪੁਰਖ ਅਨਾਦਿ, ਪਾਰਬ੍ਰਹਮ ਬੇਅੰਤਾ । ਲੇਖਾ ਜਾਣੇ ਬੋਧ ਅਗਾਧ, ਆਦਿ ਜੁਗਾਦਿ ਆਦਿਨ ਅੰਤਾ । ਆਪ ਆਪਣੇ ਵਿਚ ਰਹੇ ਵਿਸਮਾਦ, ਆਪ ਆਪਣਾ ਭੇਵ ਖੁਲੰਤਾ । ਆਪ ਆਪਣੀ ਰੱਖੇ ਦਾਦ, ਆਪ ਆਪਣੀ ਭੇਟ ਚੜੰਤਾ । ਆਪ ਆਪਣਾ ਆਪੇ ਅਰਾਧ, ਆਪ ਆਪਣਾ ਥਾਨ ਸੁਹੰਤਾ । ਆਪ ਆਪਣਾ ਸਾਧਨ ਸਾਧ, ਆਪ ਆਪਣਾ ਜੋਗ ਕਰੰਤਾ । ਆਪ ਆਪਣਾ ਆਪੇ ਲਾਧ, ਆਪ ਆਪਣਾ ਰੂਪ ਵਖੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਹਰਿ ਭਗਵੰਤਾ । ਏਕੰਕਾਰ ਪੁਰਖ ਭਗਵਾਨਾ, ਪਾਰਬ੍ਰਹਮ ਅਖਵਾਇਆ । ਆਦਿ ਅੰਤ ਇਕ ਨਿਸ਼ਾਨਾ, ਏਕਾ ਮਾਰਗ ਵੇਖ ਵਖਾਇਆ । ਏਕਾ ਧਾਮ ਭੂਮ ਅਸਥਾਨਾ, ਅਗੰਮ ਅਗੰਮੜੇ ਡੇਰਾ ਲਾਇਆ । ਜੋਧਾ ਬੀਰ ਇਕ ਸੁਲਤਾਨਾ, ਰਾਜ ਰਾਜਾਨ ਇਕ ਅਖਵਾਇਆ । ਰੂਪ ਰੰਗ ਨਾ ਕੋਇ ਵਖਾਨਾ, ਅਨਭਵ ਪ੍ਰਕਾਸ਼ ਸਮਾਇਆ । ਖੇਲੇ ਖੇਲ ਦੋ ਜਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਏਕੰਕਾਰ ਇਕ ਇਕੱਲਾ, ਅਕਲ ਕਲਾ ਸਮਾਈਆ । ਏਕਾ ਵਸਿਆ ਸਚ ਮਹੱਲਾ,



Rev-01

ਦੂਸਰ ਦਰ ਨਾ ਕੋਈ ਸਹਾਈਆ । ਆਪਣੀ ਜੋਤੀ ਆਪੇ ਰਲਾ, ਜੋਤੀ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਓਅੰ ਆਪ ਹੋ ਜਾਈਆ । ਓਅੰ ਰੂਪ ਪੁਰਖ ਅਬਿਨਾਸ਼, ਰੇਖ ਰੰਗ ਨਾ ਰਾਇਆ । ਨਾ ਕੋਈ ਪਵਣ ਨਾ ਸਵਾਸ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਆਵਣ ਜਾਵਣ ਨਾ ਕੋਈ ਲੱਖ ਚੁਰਾਸੀ ਵਾਸ, ਬੰਧਨ ਬੰਧ ਨਾ ਕੋਈ ਬੰਧਾਇਆ । ਦੇਵਤ ਦੇਵ ਬ੍ਰਹਮਾ ਵਿਸ਼ਨ ਸ਼ਿਵ ਨਾ ਦਾਸਨ ਦਾਸ, ਦਵਾਰ ਪਾਲ ਨਾ ਕੋਈ ਰਖਾਇਆ । ਨਾ ਕੋਈ ਪ੍ਰਿਥਮੀ ਨਾ ਅਕਾਸ, ਗਗਨ ਮੰਡਲ ਨਾ ਕੋਈ ਸਹਾਇਆ । ਜੋਤੀ ਜੋਤ ਜੋਤ ਅਬਿਨਾਸ਼, ਆਦਿ ਅੰਤ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇਆ । ਓਅੰ ਕਰਤਾ ਹਰਿ ਨਿਰੰਕਾਰ, ਨਰ ਨਿਰਵੈਰ ਸਮਾਇਆ । ਨਿਰਗੁਣ ਰੂਪ ਪਸਰ ਪਸਾਰ, ਪਰਮ ਪੁਰਖ ਅਖਵਾਇਆ । ਸਤਿ ਸਰੂਪ ਸਾਚੀ ਧਾਰ, ਸਤਿ ਸਤਿ ਵੇਸ ਵਟਾਇਆ । ਮਿਤਗਤ ਨਾ ਕੋਈ ਵਿਚਾਰ, ਰੱਤੀ ਰੱਤ ਨਾ ਕੋਈ ਵਖਾਇਆ । ਅਬਿਨਾਸ਼ੀ ਅਚੁੱਤ ਖੇਲ ਅਪਾਰ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਇਆ । ਓਅੰ ਰਾਮ ਰੰਗ ਨਾ ਰੇਖਿਆ, ਨਿਰਗੁਣ ਨਿਰਗੁਣ ਓਅੰਕਾਰਿਆ । ਸਤਿ ਪੁਰਖ ਨਿਰੰਜਣ ਸਾਚਾ ਭੇਖਿਆ, ਸ਼ਬਦ ਹੰ ਆਪ ਉਪਾ ਰਿਹਾ । ਹੰ ਬ੍ਰਹਮ ਕਰਿਆ ਵੇਸਿਆ, ਪਾਰਬ੍ਰਹਮ ਭੇਵ ਨਿਆਰਿਆ । ਆਪ ਆਪਣਾ ਕਰ ਪ੍ਰਵੇਸਾ, ਨਿਰਗੁਣ ਜੋਤੀ ਜੋਤ ਉਜਿਆਰਿਆ । ਆਪਣੀ ਅਗਨੀ ਆਪ ਉਪਜਾਏ ਸ਼ਿਵ ਮਹੇਸ਼ਾ, ਸ਼ੰਕਰ ਬਰਨ ਨਾ ਕੋਈ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਚਲਾ ਰਿਹਾ । ਸ਼ਿਵ ਸ਼ੰਕਰ ਆਪ ਉਪਾ, ਮਸਤਕ ਵੇਖ ਵਖਾਇਆ । ਤ੍ਰੈ ਤ੍ਰੈ ਲੇਖਾ ਮੇਟ ਮਿਟਾ, ਤ੍ਰੈ ਤ੍ਰੈ ਧਾਰ ਬੰਧਾਇਆ । ਪੰਜ ਤਤ ਤੱਤ ਸੁਹਾ, ਨਾਮ ਨਾਮ ਚੋਲਾ ਪਾਇਆ । ਅੰਗੀ ਅੰਗ ਆਪ ਕਰਾ, ਰੰਗਨ ਤਨ ਛੁਹਾਇਆ । ਰੰਗਣ ਰੰਗ ਇਕ ਰੰਗਾ, ਰੰਗ ਚਲੂਲ ਚੜ੍ਹਾਇਆ । ਦਰ ਭਿਖਾਰੀ ਆਪ ਜਣਾ, ਏਕਾ ਸ਼ਬਦ ਅਲਾਇਆ । ਮੰਗੇ ਭਿਖਿਆ ਅੱਗੇ ਬੇਪਰਵਾਹ, ਦੋਏ ਜੋੜ ਸੀਸ ਝੁਕਾਇਆ । ਕਰਨਹਾਰਾ ਸਚ ਨਿਆਂ, ਆਪ ਆਪਣਾ ਰਿਹਾ ਕਰਾਇਆ । ਤੇਰਾ ਤੇਰੀ ਪਕੜੀ ਬਾਂਹ, ਲੱਖ ਚੁਰਾਸੀ ਝੋਲੀ ਪਾਇਆ । ਵੇਖ ਵਖਾਏ ਸਾਚਾ ਥਾਂ, ਥਿਰ ਘਰ ਡੇਰਾ ਲਾਇਆ । ਕਰੇ ਕਰਾਏ ਆਪ ਨਿਆਂ, ਨਿਝ ਘਰ ਵੇਖ ਵਖਾਇਆ । ਜੁਗਾ ਜੁਗੰਤਾ ਦੇਵੇ ਠੰਡੀ ਛਾਂ, ਚਾਰ ਚਾਰ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇਆ । ਬ੍ਰਹਮੇ ਵਸਤ ਹਰਿ ਹਰਿ ਘੱਤ, ਸ਼ਿਵ ਸ਼ਿਵ ਆਪ ਉਪਜਾਈਆ । ਏਕਾ ਜੋਤੀ ਨੂਰ ਲਟ ਲਟ, ਕਾਇਆ ਮਟ ਸਹਾਈਆ । ਆਪਣੀ ਮੈਲ ਆਪੇ ਕੱਟ, ਪਤਿਤ ਪੁਨੀਤ ਆਪ ਹੋ ਜਾਈਆ । ਆਪ ਪਹਿਨਾਏ ਸ਼ਬਦ ਪੱਟ, ਬਸਤਰ ਇਕ ਸੁਹਾਈਆ । ਲੇਖਾ ਚੁਕਾਏ ਆਨ ਬਾਟ, ਮਾਤ ਗਰਭ ਨਾ ਕੋਇ ਤਕਾਈਆ । ਇਕ ਸੁਹਾਇਆ ਸਾਚਾ ਹੱਟ, ਏਕਾ ਦਰ ਖੁਲ੍ਹਾਈਆ । ਖੇਲੇ ਖੇਲ ਨਟੂਆ ਨਟ, ਸਵਾਂਗੀ ਸਵਾਂਗ ਵਰਤਾਈਆ । ਪਾਰਬ੍ਰਹਮ ਪ੍ਰਭ ਲੱਗਾ ਫੱਟ, ਦੋ ਦੋ ਧਾਰ ਵਖਾਈਆ । ਆਪਣਾ ਅੰਮ੍ਰਿਤ ਆਪੇ ਝਟ, ਆਪੇ ਸਿੰਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਈਆ । ਆਪਣੀ ਜੋਤੀ ਆਪੇ ਧਾਰ, ਆਪਣਾ ਆਪ ਸੁਹਾਇਆ । ਲੱਖ ਚੁਰਾਸੀ ਜੀਵ ਉਭਾਰ, ਗੋਦੀ ਗੋਦ ਬਹਾਇਆ । ਅੰਤਮ ਸੰਧਿਆ ਜੈ ਜੈ ਜੈਕਾਰ, ਪੂਜਸ ਪੂਜ ਵਖਾਇਆ । ਏਕਾ ਰੂਪ ਆਪ ਕਰਤਾਰ,

੭੩੭
੦੭

ਅਨੂਪ ਰੂਪ ਦਰਸਾਇਆ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਸਿੰਘਾਸਣ ਵੇਖ ਵਖਾਇਆ । ਬ੍ਰਹਮਾ ਸ਼ਿਵ ਸੇਵਾਦਾਰ, ਆਪ ਆਪਣੀ ਰਚਨ ਰਚਾਇਆ । ਅਗੰਮ ਅਗੋਚਰ ਅਲੱਖ ਅਪਾਰ, ਅਲੱਖ ਨਿਰੰਜਣ ਭੇਵ ਨਾ ਰਾਇਆ । ਹੋਏ ਪ੍ਰਤੱਖ ਹਰ ਘਟ ਰੂਪ ਅਪਰ ਅਪਾਰ, ਆਪ ਆਪਣਾ ਵੇਸ ਵਟਾਇਆ । ਚਤੁਰਭੁਜ ਖੇਲ ਨਿਆਰ, ਦਹਿ ਦਿਸ਼ਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇਆ । ਅਗੰਮ ਅਥਾਹ ਜੋਤ ਨਿਰੰਕਾਰ, ਨਿਰਗੁਣ ਰੂਪ ਸਮਾ ਲਿਆ । ਆਪ ਆਪਣਾ ਬਲ ਆਪੇ ਧਾਰ, ਆਪੇ ਖੇਲ ਕਰੇ ਨਿਰਾਲਿਆ । ਆਪ ਆਪਣਾ ਕਰ ਉਪਕਾਰ, ਆਪ ਆਪਣੀ ਕਰੇ ਪ੍ਰਿਤਪਾਲਿਆ । ਆਪ ਆਪਣਾ ਲਏ ਸੰਭਾਲ, ਆਪ ਆਪਣਾ ਵੇਖ ਵਖਾ ਲਿਆ । ਆਪ ਆਪਣਾ ਕਰ ਤਨ ਸ਼ਿੰਗਾਰ, ਪੰਜ ਤਤ ਨਾ ਰੂਪ ਵਟਾ ਲਿਆ । ਮਿਤ ਗਤ ਨਾ ਕੋਈ ਵਿਚਾਰ, ਲੇਖਾ ਲਿਖਤ ਵਿਚ ਨਾ ਆ ਰਿਹਾ । ਲੋਆਂ ਪੁਰੀਆਂ ਪਸਰ ਪਸਾਰ, ਗਗਨ ਪਤਾਲਾ ਡੇਰਾ ਲਾ ਲਿਆ । ਸਮੁੰਦ ਸਾਗਰ ਡੂੰਘੀ ਧਾਰ, ਗਹਿਰ ਗੰਭੀਰ ਸਮਾ ਲਿਆ । ਸੇਵਕ ਸੇਵਾ ਅਪਰ ਅਪਾਰ, ਆਪ ਆਪਣਾ ਰੰਗ ਰੰਗਾ ਲਿਆ । ਆਪਣੀ ਜੋਤੀ ਆਪੇ ਧਰ, ਕਰਤਾ ਪੁਰਖ ਨਾਉਂ ਧਰਾ ਲਿਆ । ਲੇਖਾ ਲਿਖ ਨਾ ਸਕੇ ਵੇਦ ਚਾਰ, ਬ੍ਰਹਮਾ ਭੇਵ ਨਾ ਪਾ ਲਿਆ । ਵੇਦ ਵਿਆਸਾ ਗਿਆ ਹਾਰ, ਪੁਰਾਨ ਅਠਾਰਾਂ ਹੋਏ ਖਾਲੀਆ । ਮਨੂਆ ਰੋਵੇ ਜ਼ਾਰੋ ਜ਼ਾਰ, ਸ਼ਸਤਰ ਸਿਮਰਤ ਕੱਢੇ ਦਵਾਲਿਆ । ਅੰਜੀਲ ਕੁਰਾਨਾ ਕਰਨ ਵਿਚਾਰ, ਅਗੰਮ ਅਗੰਮੜਾ ਦਿਸ ਨਾ ਆ ਰਿਹਾ । ਨਾਨਕ ਲੇਖਾ ਅਪਰ ਅਪਾਰ, ਬੇਅੰਤ ਬੇਅੰਤ ਬੇਅੰਤ ਦਰ ਸੁਣਾ ਲਿਆ । ਅਰਜਨ ਏਕਾ ਸ਼ਬਦ ਅਧਾਰ, ਏਕਾ ਮੁਖ ਸਲਾਹ ਲਿਆ । ਗੋਬਿੰਦ ਢਹਿ ਪਿਆ ਦਵਾਰ, ਹਰਿ ਹਰਿ ਭੇਵ ਸਦਾ ਨਿਰਾਲਿਆ । ਜੋਤ ਅਕਾਲੀ ਜਗੇ ਅਪਾਰ, ਨੂਰੋ ਨੂਰ ਨੁਰਾਨਿਆ । ਆਪੇ ਖੇਲੇ ਖੇਲ ਸਰਕਾਰ, ਸਚ ਤਖ਼ਤ ਸ਼ਾਹੋ ਸੁਲਤਾਨਿਆ । ਆਦਿ ਪੁਰਖ ਏਕਾ ਏਕੰਕਾਰ, ਅਕਲ ਕਲਾ ਅਖਵਾਨਿਆ । ਭੇਖ ਰੇਖ ਨਾ ਕੋਈ ਧਾਰ, ਨਾ ਕੋਈ ਰੂਪ ਵਟਾਨਿਆ । ਆਪੇ ਬਾਸਕ ਹੋ ਅਪਾਰ, ਆਪੇ ਆਪਣਾ ਨਾਉਂ ਧਰਾਨਿਆ । ਆਪੇ ਮੁਖ ਸਹੰਸਰ ਖੋਲ੍ਹ ਉਘਾੜ, ਦੋ ਸਹੰਸਰ ਜੇਹਵਾ ਆਪ ਹਿਲਾਨਿਆ । ਆਪੇ ਸੁੱਤਾ ਪੈਰ ਪਸਾਰ, ਆਪ ਆਪਣਾ ਦਰ ਸੁਹਾਨਿਆ । ਆਪ ਆਪਣਾ ਵੇਖ ਕਰੇ ਵਿਚਾਰ, ਜੋਧਾ ਬੀਰ ਵਡ ਬਲਵਾਨਿਆ । ਆਦਿ ਪੁਰਖ ਨਰ ਨਿਰੰਕਾਰ, ਰੂਪ ਰੇਖ ਨਾ ਕੋਈ ਵਿਖਾਨਿਆ । ਵਿਸ਼ਵ ਰੂਪ ਅਪਰ ਅਪਾਰ, ਭਗਵਨ ਭਗਵਨ ਖੇਲ ਖਿਲਾਨਿਆ । ਵਿਸ਼ਨੂੰ ਭਗਵਾਨ ਜੋਤ ਅਕਾਰ, ਜੋਤੀ ਜੋਤ ਸਮਾਨਿਆ । ਆਦਿ ਅੰਤ ਕਰ ਪਸਾਰ, ਸਾਗਰ ਧਾਰ ਇਕ ਵਖਾਨਿਆ । ਜਲ ਜਲ ਬੀਜ ਕਰ ਅਕਾਰ, ਧਰਤ ਧਵਲ ਸੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਕਰਨਹਾਰ, ਖੇਲੇ ਖੇਲ ਆਪ ਮਹਾਨਿਆ । ਕਰਤਾ ਕਰਨਹਾਰ ਸਮਰਥ, ਸਮਰਥ ਪੁਰਖ ਅਖਵਾਇਆ । ਆਪਣੀ ਮਹਿਮਾ ਜਾਣੇ ਅਕੱਥ, ਵੇਦ ਕਤੇਬ ਭੇਵ ਨਾ ਰਾਇਆ । ਲਿਖ ਲਿਖ ਗਏ ਥੱਕ, ਲਿਖਿਆ ਲਿਖ ਨਾ ਸਕੇ ਕੋਈ ਰਾਇਆ । ਮਹੱਲ ਅਟੱਲ ਉਚ ਮੁਨਾਰ, ਚੜ੍ਹ ਚੜ੍ਹ ਗਏ ਅੱਕ, ਨਿਰਗੁਣ ਨਿਰਗੁਣ ਨਿਰਗੁਣ ਦਿਸ ਨਾ ਆਇਆ ਤੀਰਥ ਤੱਟਾਂ ਲੱਖ ਚੁਰਾਸੀ ਪਾਣੀ ਰਹੇ ਝੱਟ, ਹਰਿ ਹਰਿ ਰੂਪ ਨਾ ਕੋਈ ਵਖਾਇਆ । ਜੁਗਾ ਜੁਗੰਤਰ ਖੇਲੇ ਖੇਲ ਨਟੂਆ ਨਟ, ਆਪ ਆਪਣਾ ਸਾਂਗ ਵਰਤਾਇਆ । ਸਤਿਜੁਗ ਤੇਰਾ ਖੇਲ ਹਰਿ ਹਰਿ ਮੇਲ, ਮੇਲ ਮਿਲਾਵਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ ਏਕਾ ਨਾਦ ਵਜਾਇਆ । ਏਕਾ ਨਾਦ ਹਰਿ ਕਰਤਾਰ, ਆਪਣਾ ਆਪ ਵਜਾਇੰਦਾ ।

੭੩੮
੦੭

ਜੋਤੀ ਧੁਨ ਸ਼ਬਦ ਪਿਆਰ, ਸ਼ਬਦੀ ਰਾਗ ਇਕ ਸੁਣਾਇੰਦਾ । ਲੋਆਂ ਪੁਰੀਆਂ ਏਕਾ ਧਾਰ, ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਏਕੰਕਾਰ ਕਰ ਪਸਾਰ, ਓਅੰ ਰੂਪ ਸਮਾਇੰਦਾ । ਸੋ ਪੁਰਖ ਨਿਰੰਜਣ ਸਚ ਪਿਆਰ, ਹੰ ਬ੍ਰਹਮ ਇਕ ਸੁਣਾਇੰਦਾ । ਤਤਵ ਤਤ ਕਰ ਪਿਆਰ, ਰੱਤੀ ਰਤ ਜਣਾਇੰਦਾ । ਚਰਨ ਕਵਲ ਨਿਤ ਖੇਲ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਆਤਮ ਨਾਮ ਬੀਜ ਬੀਜੇ ਸਾਚੇ ਵਤ, ਫੁਲ ਫੁਲਵਾੜੀ ਵੇਖ ਵਖਾਇੰਦਾ । ਆਦਿ ਜੁਗਾਦੀ ਕਮਲਾਪਾਤ, ਕੰਤ ਕੰਤੂਹਲ ਨਾਮ ਧਰਾਇੰਦਾ । ਸਤਿਜੁਗ ਸਾਚਾ ਵੇਖੇ ਪੱਖ, ਆਪ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਸਤਿਜੁਗ ਸਾਚੇ ਸਾਚੀ ਧਾਰ, ਸਤਿ ਪੁਰਖ ਆਪ ਚਲਾਈਆ । ਏਕੰਕਾਰਾ ਕਰ ਪਸਾਰ, ਓਅੰਕਾਰਾ ਰੂਪ ਸਮਾਈਆ । ਸੋਹੰ ਧਾਰਾ ਹਰਿ ਨਿਰੰਕਾਰ, ਹਰਿ ਨਿਰੰਕਾਰ ਸਾਚੇ ਸਚ ਵਡਿਆਈਆ । ਨਾਮ ਸਤਿ ਅਪਰ ਅਪਾਰ, ਨਿਰਗੁਣ ਵਿਚ ਟਿਕਾਈਆ । ਅਕਾਲ ਮੂਰਤ ਭੇਵ ਨਿਆਰ, ਦਿਸ ਕਿਸੇ ਨਾ ਆਈਆ । ਖੇਲੇ ਖੇਲ ਵਿਚ ਸੰਸਾਰ, ਧਰਤ ਧਵਲ ਸੁਹਾਈਆ । ਧਰਨੀ ਧਰਤ ਕਰ ਪਿਆਰ, ਕਵਲ ਕਵਲਾ ਇਕ ਉਪਾਈਆ । ਏਕਾ ਮੀਤ ਇਕ ਮੁਰਾਰ, ਏਕਾ ਨਾਮ ਵਡਿਆਈਆ । ਏਕਾ ਸ਼ਬਦ ਇਕ ਕਟਾਰ, ਏਕਾ ਹੱਥ ਉਠਾਈਆ । ਏਕਾ ਖੰਡਾ ਦੋ ਦੋ ਧਾਰ, ਦੋ ਜਹਾਨਾਂ ਲਏ ਹਿਲਾਈਆ । ਬ੍ਰਹਿਮੰਡਾਂ ਪਾਵਣਹਾਰਾ ਸਾਰ, ਆਦਿਨ ਅੰਤਾ ਇਕ ਰਘੁਰਾਈਆ । ਵੇਸ ਅਨੇਕਾ ਕਰ ਅਪਾਰ, ਲੋਕਮਾਤ ਆਵੇ ਕਰ ਕਰ ਧਾਈਆ । ਭਗਤ ਭਗਵੰਤ ਮੇਲ ਅਪਾਰ, ਸਾਧਾਂ ਸੰਤਾਂ ਲਏ ਜਗਾਈਆ । ਜਗ ਨਾਤਾ ਬੰਧਨ ਚਾਰ, ਚਾਰੇ ਕੁੰਟਾਂ ਲਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਤ੍ਰੇਤਾ ਤ੍ਰੀਆ ਵੇਸ, ਤ੍ਰੈਗੁਣ ਰੂਪ ਸਮਾਇਆ । ਆਪ ਆਪਣਾ ਕਰਿਆ ਦਰਸ, ਆਪ ਆਪਣਾ ਮੁਖ ਛੁਪਾਇਆ । ਆਪ ਆਪਣੇ ਰੱਖੇ ਖੁਲ੍ਹੜੇ ਕੇਸ, ਮੁੱਛ ਦਾੜ੍ਹੀ ਨਾ ਕੋਈ ਜਣਾਇਆ । ਆਪ ਆਪਣਾ ਵੇਖ ਹਮੇਸ਼, ਇਸ਼ਟ ਦੇਵ ਗੁਰ ਮਨਾਇਆ । ਵਸ਼ਿਸਟ ਮੁਨ ਸ਼ਾਹੋ ਸਬੇਸ਼, ਸ਼ਿਵ ਸ਼ੰਕਰ ਮੂਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇਆ । ਖੇਲੇ ਖੇਲ ਹਰਿ ਹਰਿ ਰਾਮ, ਨਾਮ ਰਾਮ ਵਡਿਆਈਆ । ਭਗਤ ਭਗਵੰਤ ਪਿਆਇਆ ਏਕਾ ਜਾਮ, ਏਕਾ ਤ੍ਰਿਸ਼ਨ ਬੁਝਾਈਆ । ਇਕ ਖਵਾਇਆ ਸਾਚਾ ਤਾਮ, ਭੁੱਖ ਰਹੇ ਨਾ ਰਾਈਆ । ਆਪੇ ਪੂਰਨ ਕਰਨਹਾਰਾ ਕਾਮ, ਆਪੇ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਅਪਰੰਪਰ ਸਵਾਮੀ ਆਦਿ ਨਿਰੰਜਣ ਅਲੱਖ ਅਲੱਖਣਾ ਲੇਖ ਨਾ ਰਾਈਆ । ਲਿਖ ਲਿਖ ਸ਼ਾਸਤਰ ਪੁਰਾਨ, ਜੁਗ ਜੁਗ ਲੇਖ ਲਿਖਾਇੰਦਾ । ਭੇਦ ਅਭੇਦ ਹਰਿ ਭਗਵਾਨ, ਦਿਸ ਕਿਸੇ ਨਾ ਆਇੰਦਾ । ਅਛਲ ਅਛੱਲ ਵਿਚ ਜਹਾਨ, ਆਪ ਆਪਣੀ ਖੇਲ ਖਲਾਇੰਦਾ । ਮਾਤਾ ਪਿਤਾ ਸੁਤ ਦੁਲਾਰ, ਬੰਧਨ ਬੰਧਪ ਆਪ ਰਖਾਇੰਦਾ । ਸਰਗੁਣ ਰੂਪ ਕਰ ਅਕਾਰ, ਨਿਰਗੁਣ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੀਆ ਤੇਰਾ ਵੇਖ ਵਖਾਇੰਦਾ । ਪ੍ਰਭ ਅਬਿਨਾਸ਼ੀ ਕਰ ਪਿਆਰ, ਜੋਤੀ ਨੂਰ ਕਰ ਉਜਿਆਰ, ਆਪ ਆਪਣਾ ਰੰਗ ਰੰਗਾਈਆ । ਆਪਣਾ ਅੰਗ ਆਪੇ ਕੱਟ, ਆਪਣੀ ਜੋਤ ਜਗਾਈਆ । ਪੰਜ ਤਤ ਪਏ ਭੱਠ, ਅੱਠ ਅੱਠ ਰਹਿਣ ਨਾ ਪਾਈਆ । ਕਾਇਆ ਗੜ੍ਹ ਸਾਚਾ ਹੱਟ, ਸਾਚਾ ਧਾਮ ਸੁਹਾਈਆ । ਏਕਾ ਜੋਤੀ ਲਟ ਲਟ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਪ ਸੁਹਾਇਆ । ਸਾਚਾ

੭੩੯
੦੭

ਦਰ ਆਪੇ ਲੇਖ ਲਿਖਾਇਆ, ਆਪਣੇ ਭਾਣੇ ਆਪੇ ਰੱਖ, ਆਪੇ ਵੇਖ ਵਖਾਇੰਦਾ । ਆਪੇ ਭਾਂਡੇ ਕਰੇ ਸੱਖ, ਆਪੇ ਆਪ ਭਰਾਇੰਦਾ । ਆਪੇ
ਪ੍ਰਗਟ ਹੋ ਪ੍ਰਤੱਖ, ਆਪ ਆਪਣੀ ਚਲਤ ਚਲਾਇੰਦਾ । ਆਪੇ ਵਸੇਰਾ ਕਰੇ ਕੁੱਲੀ ਕੱਖ, ਮੰਦਰ ਮਹੱਲ ਅਟੱਲ, ਆਪੇ ਡੇਰਾ ਲਾਇੰਦਾ । ਆਪ
ਆਪਣਾ ਕਰੇ ਵੱਖ, ਆਪ ਆਪਣੇ ਵਿਚ ਸਮਾਇੰਦਾ । ਆਪ ਆਪਣੀ ਵਸਤ ਦੇਵੇ ਵੱਥ, ਆਪ ਆਪਣੀ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ, ਆਪ ਆਪਣਾ ਆਪ ਪ੍ਰਨਾਇੰਦਾ । ਆਪਣਾ ਆਪ ਆਪ ਪ੍ਰਨਾ, ਆਪਣੀ ਦਇਆ ਕਮਾਈਆ । ਆਪ ਜਣਾਏ ਆਪਣਾ
ਨਾਂ, ਆਪਣੀ ਬੂਝ ਬੁਝਾਈਆ । ਆਪ ਆਪਣਾ ਰਖਾਏ ਆਪਣਾ ਥਾਂ, ਨਗਰ ਖੇੜਾ ਨਾ ਕੋਈ ਵਸਾਈਆ । ਆਪੇ ਵੇਖੇ ਠੰਡੀ ਛਾਂ, ਸਿਰ ਆਪਣਾ
ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਈਆ । ਆਪ ਆਪਣਾ ਖੇਲੇ ਖੇਲ, ਆਪਣੀ
ਦਇਆ ਕਮਾਇੰਦਾ । ਆਪੇ ਸੀਤਾ ਕਰੇ ਮਿਹਰ, ਆਪੇ ਸਾਚਾ ਸੰਗ ਨਿਭਾਇੰਦਾ । ਆਪੇ ਵਸੇ ਰੰਗ ਨਵੇਲ, ਆਪੇ ਘਟ ਘਟ ਡੇਰਾ ਲਾਇੰਦਾ ।
ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲ, ਸਚਖੰਡ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਲਾਏ ਤਨਕ
ਜਨਕ ਸਪੁਤਰੀ ਆਪੇ ਵੇਖ, ਰਾਮ ਰਾਮਾ ਆਪ ਪ੍ਰਨਾਇਆ । ਚਰਨ ਕਵਲ ਵਸੀ ਕੋਲੀ, ਦਿਵਸ ਰੈਣ ਸੇਵ ਕਮਾਈਆ । ਜਗਤ ਜਾਗਤ ਵੱਜੀ
ਬੋਲੀ, ਘਰ ਬਾਹਰ ਤਜਾਈਆ । ਆਪਣਾ ਭੇਵ ਆਪੇ ਰਿਹਾ ਖੋਲ੍ਹੀ, ਮੁਖ ਪਰਦਾ ਏਕਾ ਪਾਈਆ । ਸਾਚੇ ਕੰਡੇ ਨਾਮ ਤੋਲੀ, ਰਾਮ ਨਾਮਾ ਵਣਜ
ਕਰਾਈਆ । ਦਰ ਦਰਵਾਜ਼ਾ ਗਿਆ ਖੋਲ੍ਹੀ, ਆਪੇ ਜੰਗਲ ਜੂਹ ਉਜਾੜ ਪਹਾੜ ਡੇਰਾ ਲਾਈਆ । ਆਪੇ ਸੀਤਾ ਰਾਮ ਮੌਲੀ, ਰਾਮ ਰਾਮਾ ਰੂਪ
ਸਮਾਈਆ । ਸਾਚਾ ਤੰਦ ਬੱਧਾ ਮੌਲੀ, ਲਛਮਣ ਗੰਢ ਬੰਧਾਈਆ । ਦੂਸਰ ਕੋਈ ਨਾ ਸਕੇ ਖੋਲ੍ਹੀ, ਨਾ ਕੋਈ ਹੱਥ ਛੁਹਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੇਤਾ ਤੇਰਾ ਤ੍ਰੀਆ ਵੇਸ, ਆਪੇ ਫੇਰਾ ਪਾਈਆ । ਤ੍ਰੇਤਾ ਵੇਸ ਕਰ ਅਪਾਰ, ਆਪਣਾ ਖੇਲ ਖਲਾਇਆ ।
ਆਪੇ ਰਾਮ ਰੂਪ ਹੋ ਅਵਤਾਰ, ਆਪੇ ਗਵਰਧਨ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਫੜ ਤੀਰ ਕਮਾਨ,
ਸ਼ਸਤਰਧਾਰੀ ਨਾਮ ਧਰਾਇਆ । ਆਪੇ ਜੋਧਾ ਸੂਰਬੀਰ ਬਲਵਾਨ, ਆਪ ਆਪਣਾ ਵੇਖ ਵਖਾਇਆ । ਆਪੇ ਆਪਣਾ ਵੇਖੇ ਮਾਰ ਧਿਆਨ, ਆਪੇ
ਚਰਨ ਕਵਲ ਆਪਣਾ ਆਪ ਧਿਆਨ ਲਗਾਇਆ । ਆਪ ਆਪਣੇ ਬੈਠ ਬਿਬਾਨ, ਹਰਿ ਕਾ ਸ਼ਬਦ ਸੁਣੇ ਦਿਵਸ ਰੈਣ ਸੁਣਾਇਆ । ਤ੍ਰੇਤਾ ਤੇਰੀ
ਕਰਨ ਕਲਿਆਨ, ਰਾਮ ਰਾਮਾ ਰੂਪ ਵਟਾਇਆ । ਦੂਸਰ ਦਰ ਵੇਖ ਮਹਾਨ, ਵਿਸ਼ਨੂੰ ਵੰਸੀ ਖੇਲ ਖਲਾਇਆ । ਰਾਵਣ ਲੰਕਾ ਜੀਵ ਸ਼ੈਤਾਨ, ਸ਼ੰਕਰ
ਬਰਨ ਇਕ ਜਣਾਇਆ । ਵਲ ਛਲ ਖੇਲ ਨਿਧਾਨ, ਆਪਣੀ ਕਲ ਵਰਤਾਇਆ । ਆਇਆ ਦਰ ਬਣ ਭਿਖਾਰ, ਭੇਖਾਧਾਰੀ ਰੂਪ ਵਟਾਇਆ ।
ਸਤਿ ਸਤਿਵੰਤੀ ਇਕ ਅਧਾਰ, ਆਪਣੇ ਕੰਧ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਰਗ ਨੈਣਾਂ ਮਿਰਗਛਾਲਾ
ਮਿਰਗ ਮਿਰਗਾਵਲੀ ਭੇਵ ਨਾ ਰਾਇਆ । ਆਪਣੇ ਕੰਧ ਆਪ ਉਠਾ, ਆਪੇ ਲਏ ਅੰਗੜਾਈਆ । ਜਟ ਜਟਾਊ ਰਿਹਾ ਢਾਹ, ਆਪਣਾ ਬਲ
ਵਖਾਈਆ । ਰਾਵਣ ਰੇਖ ਨਾ ਸਕੇ ਕੋਈ ਮਿਟਾ, ਰਾਮ ਰਾਮੇ ਵਡ ਵਡਿਆਈਆ । ਦਰ ਦਰ ਸੁਹੰਜਣਾ ਇਕ ਕਰਾ, ਦਰ ਆਪਣੇ ਲੇਖ ਜਗਾਈਆ ।
ਇਕ ਨਗਾਰਾ ਲਿਆ ਵਜਾ, ਸ੍ਰਿਸ਼ਟ ਸਬਾਈ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੇਤਾ ਤੇਰਾ ਤ੍ਰੀਆ ਵੇਸ

੭੪੦
੦੭

ਤੇਰੇ ਦਰ ਵੇਖ ਵਖਾਇਆ । ਰਾਮ ਰੂਪ ਕਰ ਅਪਾਰ, ਆਪਣੀ ਖੇਲ ਖਲਾਇੰਦਾ । ਲਹਿਣਾ ਦੇਣਾ ਖੇਲ ਅਪਾਰ, ਸ਼ਾਹੋ ਭੂਪ ਵੇਖ ਵਖਾਇੰਦਾ ।
ਅੰਗਦ ਅੰਗ ਅੰਗੀਕਾਰ, ਬਾਲੀ ਸੁਤ ਉਪਜਾਇੰਦਾ । ਮੰਗੀ ਮੰਗ ਧੁਰ ਦਰਬਾਰ, ਤ੍ਰੇਤਾ ਝੋਲੀ ਪਾਇੰਦਾ । ਆਪੇ ਵੇਖੇ ਹੋ ਤਿਆਰ, ਦੋ ਜਹਾਨਾਂ
ਫੇਰੀ ਪਾਇੰਦਾ । ਮਾਤ ਪੂਤ ਇਕ ਜੈਕਾਰ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਤ੍ਰੀਆ
ਵੇਸ, ਤ੍ਰੈਗੁਣ ਰੰਗ ਰੰਗਾਇੰਦਾ । ਤ੍ਰੈਗੁਣ ਤੇਰਾ ਨਾਤਾ ਜੋੜ, ਹਰਿ ਸਾਚੇ ਖੇਲ ਖਿਲਾਇਆ । ਪੰਜ ਤਤ ਵਿਕਾਰਾ ਚੜ੍ਹਿਆ ਆਪਣੇ ਘੋੜ, ਚਾਰੋਂ
ਕੁੰਟ ਫਿਰੇ ਹਲਕਾਇਆ । ਦਹਿ ਦਿਸ਼ਾ ਵੇਖੇ ਦੌੜ ਦੌੜ, ਚਾਰੋਂ ਕੁੰਟ ਫੇਰਾ ਪਾਇਆ । ਰਸ ਮਿੱਠਾ ਹੋਇਆ ਕੌੜ, ਰਸਨਾ ਰਸ ਨਾ ਕੋਈ ਜਣਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਆਪਣਾ ਖੇਲ ਆਪੇ ਕਰ, ਆਪਣੇ ਹੱਥ ਰੱਖੇ ਵਡਿਆਈਆ ।
ਆਪਣੀ ਕਰਨੀ ਆਪੇ ਫੜ, ਆਪੇ ਫੋਲ ਫੁਲਾਈਆ । ਅਪਣੀ ਧਰਨੀ ਆਪੇ ਵੇਖੇ ਖੜ, ਧਰਤ ਧਵਲ ਸੁਹਾਈਆ । ਆਪਣੀ ਲੱਗੀ ਆਪੇ ਉਖੇੜੇ
ਜੜ੍ਹ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਅਗਨੀ ਆਪੇ ਜਾਏ ਸੜ, ਰੱਤੀ ਰੱਤ ਆਪ ਜਲਾਈਆ । ਆਪਣਾ ਅੱਖਰ ਆਪੇ ਪੜ੍ਹ, ਆਪੇ
ਰਿਹਾ ਸੁਣਾਈਆ । ਆਪਣੇ ਮੰਦਰ ਆਪੇ ਵੜ, ਆਪੇ ਭੇਵ ਖੁਲ੍ਹਾਈਆ । ਆਪਣੇ ਸ਼ਸਤਰ ਆਪੇ ਲੜ, ਮੂਰਛਾ ਗਤ ਆਪ ਹੋ ਜਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਨਵੰਤਾ ਅੰਗਦ ਸੇਵਾ ਲਾਈਆ । ਹਨਵੰਤਾ ਅੰਗਦ ਵੇਖ ਵਿਚਾਰ, ਆਪਣੀ ਬੂਝ ਬੁਝਾਇੰਦਾ ।
ਲੰਕਾ ਲੰਕਾਸਾ ਕਰ ਪਿਆਰ, ਖ਼ਾਲੀ ਕਾਸਾ ਇਕ ਵਖਾਇੰਦਾ । ਪ੍ਰਿਥਮੀ ਅਕਾਸ਼ ਹਾਹਾਕਾਰ, ਜੈ ਜੈ ਜੈ ਨਾ ਮੁਖ ਛੁਪਾਇੰਦਾ । ਭਰਿਆ ਤਨ ਲੋਭ
ਹੰਕਾਰ, ਮਾਣ ਮੋਹ ਵਧਾਇੰਦਾ । ਦਮੋਦਰੀ ਢਹਿ ਢਹਿ ਪਏ ਦਵਾਰ, ਮੁਖ ਸਲਾਹੀ ਸਲਾਹ ਨਾ ਕੋਈ ਰਖਾਇੰਦਾ । ਅੰਤਮ ਮੇਲਾ ਵਿਚ ਸੰਸਾਰ,
ਅੰਤਮ ਲੇਖ ਲਿਖਾਇੰਦਾ । ਸ਼ਾਹ ਭਬੀਖਣ ਮੀਤ ਮੁਰਾਰ, ਦਰ ਦਰਬਾਰ ਦਰਸ਼ਨ ਪਾਇੰਦਾ । ਖੁਲ੍ਹਿਆ ਦਰ ਸੱਚਾ ਦਰਬਾਰ, ਘਰ ਸਾਚੇ ਡੇਰਾ
ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੇਤਾ ਤੇਰਾ ਵੇਸ ਧਰ, ਤੇਰਾ ਲੇਖ ਚੁਕਾਇੰਦਾ । ਤ੍ਰੇਤਾ ਤੇਰਾ ਲਿਖਿਆ ਲੇਖ,
ਹਰਿ ਸਾਚਾ ਆਪ ਵਖਾਇੰਦਾ । ਆਪ ਆਪਣਾ ਧਰ ਧਰ ਭੇਸ, ਸ਼ਾਹ ਭਬੀਖਣ ਸੰਗ ਰਖਾਇੰਦਾ । ਰਾਵਣ ਰਾਮ ਕਰ ਅਦੇਸ, ਲੰਕਾ ਗੜ੍ਹ ਸੁਹਾਇੰਦਾ ।
ਏਕਾ ਜੋਧਾ ਨਰ ਨਰੇਸ਼, ਦੋਹਾਂ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ ।
ਆਪਣਾ ਮੇਲ ਆਪੇ ਕਰ, ਆਪੇ ਦਇਆ ਕਮਾਈਆ । ਦੋਹਾਂ ਧਿਰਾਂ ਦੇਵੇ ਵਰ, ਸਾਚੀ ਧਰਨੀ ਵੇਖ ਵਖਾਈਆ । ਇਕ ਦੂਜੇ ਦੇ ਅੱਗੇ ਕਰ,
ਆਪੇ ਕਰੇ ਲੜਾਈਆ । ਆਪ ਚੁਕਾਏ ਆਪਣਾ ਡਰ, ਆਪੇ ਭੈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ
ਆਪਣੀ ਰਚਨ ਰਚਾਈਆ । ਆਪਣੀ ਰਚਨਾ ਆਪੇ ਰਚ, ਆਪੇ ਖੇਲ ਖਲਾਇੰਦਾ । ਖੇਲ ਖੇਲਣਹਾਰ ਸਾਚ, ਸਚ ਸੁੱਚ ਵਰਤਾਇੰਦਾ । ਆਪੇ
ਰਣ ਭੂਮੀ ਰਿਹਾ ਨੱਚ, ਆਪੇ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੇਤਾ ਤੇਰਾ ਵੇਸ ਕਰ, ਦਰ ਦਵਾਰ
ਸੁਹਾਇੰਦਾ । ਤ੍ਰੇਤਾ ਤ੍ਰੀਆ ਦਰ ਦਰਵੇਸ਼, ਹਰਿ ਹਰਿ ਆਪ ਅਖਵਾਇਆ । ਦਿਤਾ ਵਰ ਬ੍ਰਹਮਾ ਮਹੇਸ਼, ਰਾਵਣ ਰਾਮ ਵਿਖਾਇਆ । ਆਪੇ
ਪੂਜੇ ਗਣਪਤ ਗਣੇਸ਼, ਸਿਲ ਪਾਹਨ ਰਿਹਾ ਮਨਾਇਆ । ਆਪੇ ਪਾਇਣ ਨਰ ਨਰੇਸ਼, ਆਪੇ ਨਿਝਰ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ,

੭੪੧ ੦੨

ਆਪ ਆਪਣੀ ਕਿਰਪਾ ਕਰ, ਆਪਣੇ ਯੁਧ ਆਪੇ ਕੁੱਦ, ਆਪਣੀ ਬੁੱਧ ਆਪੇ ਲੜ ਫੜਾਇਆ । ਜਗਤ ਬੁੱਧ ਜਗਤ ਜੈਕਾਰਾ, ਦੋਹਾਂ ਧਿਰਾਂ ਜੁੜਾਈਆ । ਏਕਾ ਖੰਡਾ ਏਕਾ ਧਾਰਾ, ਏਕਾ ਨਾਮ ਵਖਾਈਆ । ਏਕਾ ਗੜ੍ਹ ਸੁਹਾਏ ਦਵਾਰਾ, ਏਕਾ ਰੂਪ ਵਟਾਈਆ । ਏਕਾ ਵੇਖੇ ਪਸਰ ਪਸਾਰਾ, ਏਕਾ ਬੰਧਨ ਪਾਈਆ । ਮੇਟ ਮਿਟਾਏ ਜੋਧਾ ਸੂਰਬੀਰ ਬਲਕਾਰਾ, ਮੂਰਛਾ ਗਤ ਆਪ ਕਰਾਈਆ । ਰਣ ਭੂਮੀ ਸੁੱਤੇ ਪੈਰ ਪਸਾਰਾ, ਕੁੰਭ ਕਰਨ ਮੇਘ ਨਾਥ ਨਾ ਕੋਈ ਸਹਾਈਆ । ਰਾਵਣ ਆਏ ਵਿਚ ਅਖਾੜਾ, ਆਪ ਆਪਣੀ ਕਰ ਚਤੁਰਾਈਆ । ਸੀਸ ਧੜ ਪਾਰ ਉਤਾਰਾ, ਲੇਖਾ ਲਿਖਤ ਵਿਚ ਨਾ ਆਈਆ । ਅੰਤਮ ਲਾਏ ਏਕਾ ਨਾਅਰਾ, ਰਾਮ ਰਾਮਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਖੇਤਰ ਇਕ ਵਖਾਈਆ । ਜਗਤ ਖੇਤਰ ਸਾਚਾ ਖੇਤ, ਹਰਿ ਹਰਿ ਆਪ ਉਪਾਇਆ । ਆਪੇ ਸ਼ੱਤਰੂ ਕਰਨ ਆਇਆ ਹਿੱਤ, ਨਿਤ ਨਵਿਤ ਵੇਸ ਵਟਾਇਆ । ਆਪੇ ਲਿਖਣਹਾਰਾ ਲੇਖ, ਆਪੇ ਲੇਖਾ ਰਿਹਾ ਚੁਕਾਇਆ । ਆਪਣੇ ਨੇਤਰ ਆਪੇ ਪੇਖ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰਾਵਣ ਦਿਤਾ ਵਰ, ਲਹਿਣਾ ਦੇਣਾ ਝੋਲੀ ਪਾਇਆ । ਰਾਵਣ ਅੰਤ ਕਰ ਵਿਚਾਰ, ਆਪਣਾ ਆਪ ਚਿਤਾਰਿਆ । ਰਾਮ ਰਾਮਾ ਤੇਰਾ ਸਚ ਪਿਆਰ । ਤੇਰਾ ਦਰ ਸੁਹਾ ਰਿਹਾ । ਅੰਤਮ ਮੇਲਾ ਵਿਚ ਸੰਸਾਰ, ਤ੍ਰੇਤਾ ਮੁਖ ਭਵਾ ਲਿਆ । ਜੁਗ ਜੁਗ ਖੇਲ ਕਰਤਾਰ, ਸਾਚਾ ਸੰਗ ਨਿਭਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਏਕਾ ਵਰ ਸੁਹਾ ਲਿਆ । ਏਕਾ ਸ਼ਬਦ ਸ਼ਬਦ ਅਗੰਮਾ, ਹਰਿ ਹਰਿ ਆਪ ਸੁਣਾਇਆ । ਅਕਾਲ ਪੁਰਖ ਨਾ ਮਰੇ ਨਾ ਕਦੇ ਜੰਮਾ, ਅਜੂਨੀ ਰਹਿਤ ਨਾਮ ਧਰਾਇਆ । ਮਾਤਾ ਸੀਰ ਨਾ ਚੁੰਘੇ ਮੁੰਮਾ, ਬਾਲ ਗੋਦ ਨਾ ਕੋਈ ਹੰਢਾਇਆ । ਗਗਨ ਪਤਾਲ ਰਹਾਏ ਬਿਨ ਬਿਨ ਥੰਮਾ, ਪੰਜ ਤਤ ਨਾ ਕੋਈ ਰਖਾਇਆ । ਸ਼ਬਦ ਧਾਰ ਇਕ ਦਮਾਮਾ, ਮਰਦੰਗਾ ਨਾਉਂ ਧਰਾਇਆ । ਆਪੇ ਕਰਨਹਾਰਾ ਪੂਜਾ ਪਾਠਾ, ਕਰਨਹਾਰ ਇਕ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਿਤਾ ਵਰ, ਰਾਵਣ ਰਾਮਾ ਰਾਮ ਆਪ ਸਮਝਾਇਆ । ਰਾਵਣ ਰਾਵਣ ਹਰਿ ਆਪ ਸਮਝਾ, ਚਾਰ ਵੇਦ ਹਰਿ ਜਣਾਈਆ । ਛੇ ਸ਼ਾਸਤਰ ਜਗਤ ਪੜ੍ਹਾ, ਸਿਮਰਤ ਵੇਖ ਵਖਾਈਆ । ਕਾਲ ਕਲੂਆ ਵੇਸ ਕਰਾ, ਮਹਾਂਕਾਲ ਭੇਵ ਨਾ ਰਾਈਆ । ਸ਼ਬਦ ਖੰਡਾ ਆਪ ਚਮਕਾ, ਨਿਰਗੁਣ ਬਾਣ ਚਲਾਈਆ । ਧਰਤ ਧਵਲ ਲੇਖਾ ਦਏ ਚੁਕਾ, ਬ੍ਰਹਿਮੰਡਾਂ ਵੇਖ ਵਖਾਈਆ । ਨਰਕ ਕੁੰਡਾਂ ਨਾ ਭਰਾ, ਤੇਰੀ ਵਡ ਵਡਿਆਈਆ । ਤੇਰੀ ਅੰਤਮ ਵੰਡਾ ਨਾ ਵੇਖ ਵਖਾ, ਸਾਚਾ ਕੰਤ ਇਕ ਹੰਢਾਈਆ । ਤੇਰਾ ਮੇਰਾ ਸਚ ਨਿਆਂ, ਮੇਰੀ ਤੇਰੀ ਬਣਤ ਬਣਾਈਆ । ਜੁਗ ਜੁਗ ਵੇਖਿਆ ਥਾਉਂ ਥਾਂ, ਤੇਰਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵਣਹਾਰਾ ਵਰ, ਏਕਾ ਸ਼ਬਦ ਜਣਾਈਆ । ਸ਼ਬਦ ਭੇਵ ਆਪ ਖੁਲ੍ਹਾ, ਆਪਣੀ ਧੁਨ ਵਜਾਈਆ । ਰਾਵਣ ਬੋਲਾ ਹਰਿ ਸੁਣਾ, ਆਪੇ ਦਏ ਸਮਝਾਈਆ । ਏਕਾ ਤੋਲਾ ਇਕ ਮਲਾਹ, ਏਕਾ ਬੇੜਾ ਰਿਹਾ ਚਲਾਈਆ । ਆਪਣਾ ਬੋਲਾ ਦਏ ਸਮਝਾ, ਪੰਜ ਤਤ ਨਾ ਕੋਈ ਵਡਿਆਈਆ । ਆਪਣੀ ਖੇਲਾ ਰਿਹਾ ਖਲਾ, ਜੁਗ ਜੁਗ ਭੇਵ ਨਾ ਰਾਈਆ । ਕਲਜੁਗ ਅੰਤਮ ਮੇਲਾ ਦਏ ਮਿਲਾ, ਨਰ ਹਰਿ ਰੂਪ ਸ੍ਰਿਸ਼ਟ ਸਬਾਈਆ । ਲੱਖ ਚੁਰਾਸੀ ਤੇਰੀ ਵੰਡ ਵੰਡਾ, ਪੰਜ ਤਤ ਦਏ ਟਿਕਾਈਆ । ਜੂਠ ਝੂਠ ਪੱਲੇ ਗੰਢ ਬੰਨ੍ਹਾ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਹਲਕਾਈਆ । ਆਸਾ ਤ੍ਰਿਸ਼ਨਾ ਸੰਗ

੭੪੨
੦੭

ਰਲਾ, ਤੇਰਾ ਸੰਗ ਰਖਾਈਆ । ਤੇਰਾ ਦਰ ਤੇਰਾ ਘਰ ਦਿਆਂ ਸੁਹਾ, ਕਾਲਖ ਟਿੱਕਾ ਮਸਤਕ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸ਼ਬਦ ਸ਼ਬਦ ਆਪ ਸੁਣਾਈਆ । ਸ਼ਬਦ ਸੁਣ ਸਾਚੇ ਮੀਤ, ਰਾਵਣ ਨੀਰ ਵਹਾਇਆ । ਪਾਰਬ੍ਰਹਮ ਪ੍ਰਭ ਸਦਾ ਅਤੀਤ, ਤੇਰਾ ਭੇਵ ਕੋਇ ਨਾ ਪਾਇਆ । ਮੇਰੀ ਕਾਇਆ ਕਵਣ ਕਰੇ ਠੰਡੀ ਸੀਤ, ਪੰਜ ਤਤ ਤੱਤ ਦਰ ਤਪਾਇਆ । ਜੁਗ ਜੁਗ ਤੇਰੀ ਅਵੱਲੜੀ ਰੀਤ, ਤੇਰਾ ਲੇਖਾ ਨਾ ਕੋਈ ਲਿਖਾਇਆ । ਕਵਣ ਸੁਣਾਏ ਸੁਹਾਗੀ ਗੀਤ, ਤੇਰਾ ਮੇਰਾ ਮੇਲ ਮਿਲਾਇਆ । ਕਵਣ ਬੰਧਾਏ ਚਰਨ ਪ੍ਰੀਤ, ਜਗਤ ਨਾਤਾ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਿਤਾ ਆਪਣਾ ਵਰ, ਆਪ ਆਪਣੀ ਬੂਝ ਬੁਝਾਇਆ । ਰਾਵਣ ਤੇਰਾ ਤੇਰਾ ਦਰ, ਹਰਿ ਸਾਚੇ ਆਪ ਸੁਹਾਵਣਾ । ਕਲਜੁਗ ਅੰਤਮ ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਾਮ ਰਖਾਵਣਾ । ਲੱਖ ਚੁਰਾਸੀ ਲਏ ਫੜ, ਅੰਦਰ ਮੰਦਰ ਖੋਜ ਖੁਜਾਵਣਾ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਸੁਹਾਵਣਾ । ਤੇਰੀ ਅਗਨੀ ਆਪੇ ਪਹਿਲੋਂ ਜਾਏ ਸੜ, ਗੁਰਮੁਖਾਂ ਫੇਰ ਉਠਾਵਣਾ । ਗੁਰਮੁਖ ਸਾਚੇ ਏਕਾ ਅੱਖਰ ਜਾਇਣ ਪੜ੍ਹ, ਹਰਿ ਸਾਚੇ ਆਪ ਪੜ੍ਹਾਵਣਾ । ਸੋਹੰ ਸ਼ਬਦ ਅੱਗੇ ਧਰ, ਦੂਈ ਦਵੈਤੀ ਪਰਦਾ ਲਾਹਵਣਾ । ਦਸਮ ਦਵਾਰੀ ਮਿਲੇ ਵਰ, ਸਾਚਾ ਘਰ ਸਾਚਾ ਰੰਗ ਰੰਗਾਵਣਾ । ਸਾਚਾ ਭਾਣਾ ਰਹੇ ਜਰ, ਜਰ ਜਰ ਨਾ ਵੇਸ ਵਟਾਵਣਾ । ਚਰਨ ਚਰਨ ਲਾਗ ਜਾਇਣ ਤਰ, ਸਰ ਸਰੋਵਰ ਨਾ ਕੋਈ ਨੁਹਾਵਣਾ । ਆਪਣੀ ਬਾਂਹ ਆਪੇ ਲਏ ਫੜ, ਆਪੇ ਹੋਏ ਧੁਰਦਰਗਾਹੀ ਜਾਮਨਾ । ਆਪੇ ਤੋੜੇ ਹੰਕਾਰੀ ਕਿਲਾ ਗੜ੍ਹ, ਰਾਮ ਰਾਮਾ ਵੇਖ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖ ਚੁਕਾਏ ਬਲ ਬਲ ਬਲ ਬਾਵਨਾ । ਬਲ ਬਲ ਬਾਵਨ ਹਰਿ ਲੇਖ ਚੁਕਾਵਣਾ, ਹਰਿ ਸਾਚੇ ਵਡ ਵਡਿਆਈ । ਕਰੋੜ ਤੇਤੀਸਾ ਮੇਟ ਮਿਟਾਵਨਾ, ਲਿਖਿਆ ਲੇਖ ਵਖਾਈ । ਹਰਿਜਨ ਸਾਚੇ ਜੋਤ ਜਗਾਵਣਾ, ਜੋਤੀ ਜੋਤ ਰੁਸ਼ਨਾਈ । ਵਰਨ ਗੋਤ ਨਾ ਕੋਈ ਰਖਾਵਣਾ, ਏਕਾ ਮਾਰਗ ਲਾਈ । ਲੱਖ ਚੁਰਾਸੀ ਏਕਾ ਸ਼ਬਦ ਪੜ੍ਹਾਵਣਾ, ਏਕਾ ਇਸ਼ਟ ਇਕ ਜਣਾਈ । ਅਕਾਲ ਪੁਰਖ ਨਜ਼ਰੀ ਆਵਣਾ, ਨਿਰਵੈਰ ਨਾਮ ਧਰਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲੇਖਾ ਦਏ ਚੁਕਾਈਆ । ਤ੍ਰੇਤਾ ਰਾਵਣ ਅੰਤ ਕਲ, ਨੇਤਰ ਨੈਣ ਮੁੰਧਾਰਿਆ । ਪ੍ਰਭ ਅਬਿਨਾਸ਼ੀ ਤੇਰਾ ਵਲ ਛਲ, ਅੰਤ ਨਾ ਪਾਰਾਵਾਰਿਆ । ਤੇਰੇ ਅੱਗੇ ਨਾ ਚਲੇ ਕੋਈ ਬਲ, ਤੁੱਟਾ ਗੜ੍ਹ ਹੰਕਾਰਿਆ । ਤੇਰਾ ਭਾਣਾ ਨਾ ਜਾਏ ਟਲ, ਨਾ ਕੋਈ ਮੇਟੇ ਮੇਟ ਮਿਟਾ ਰਿਹਾ । ਤੇਰਾ ਦਿਤਾ ਤੇਰੇ ਦਰ ਰਿਹਾ ਨਾ ਬਲ, ਦਿਸੇ ਅੰਧ ਅੰਧਿਆਰਿਆ । ਇਕ ਇਕੱਲਾ ਵੇਖੇ ਖੜ੍ਹ, ਦੂਸਰ ਕੋਈ ਦਿਸ ਨਾ ਆ ਰਿਹਾ । ਆਪੇ ਵਸੇ ਨਿਹਚਲ ਧਾਮ ਅਟੱਲ, ਜਲ ਥਲ ਸਮਾ ਰਿਹਾ । ਪਾਵੇ ਸਾਰ ਜਲ ਥਲ, ਜੰਗਲ ਜੂਹ ਉਜਾੜ ਪਹਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਵੇਖ ਵਖਾ ਲਿਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਰਾਵਣ ਤੇਰਾ ਸੱਚਾ ਦਰ, ਕਲਜੁਗ ਅੰਤਮ ਵੱਜੇ ਵਧਾਈਆ । ਨਿਰਗੁਣ ਰੂਪ ਜੋਤੀ ਅਕਾਰ ਕਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਗੁਰਮੁਖਾਂ ਅੰਦਰ ਜਾਏ ਵੜ, ਆਪ ਆਪਣਾ ਦਏ ਟਿਕਾਈਆ । ਕਾਇਆ ਮੰਦਰ ਲਏ ਫੜ, ਜਗਤ ਮੰਦਰ ਨਾ ਕੋਈ ਜਣਾਈਆ । ਬਹੱਤਰ ਨਾੜੀ ਵੇਖੇ ਨਾੜ ਨਾੜ, ਆਪ ਆਪਣਾ ਫੋਲ ਫੁਲਾਈਆ । ਤੇਰਾ ਤੁੱਟੇ ਲੰਕਾ ਹੰਕਾਰੀ ਗੜ੍ਹ, ਰਾਮ ਰਾਮਾ ਇਕ ਵਧਾਈਆ । ਜੋਤੀ


੭੪੩
੦੭

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲਹਿਣਾ ਦੇਣਾ ਦਏ ਚੁਕਾਈਆ । ਰਾਵਣ ਰੋ ਰੋ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾ ਲਿਆ । ਲਹਿਣ ਦੇਣਾ ਦੇਵੇ ਕਰਜ਼ ਉਤਾਰ, ਕਵਣ ਕਰੇ ਪਾਰ ਉਤਾਰਨਾ । ਸਤਿਜੁਗ ਤ੍ਰੇਤਾ ਦੁਆਪਰ ਮਿਲਿਆ ਮੇਲ ਅਪਾਰ, ਤ੍ਰੈ ਲੇਖਾ ਲਿਖਿਆ ਵੇਖ ਵਖਾਵਣਾ । ਹਰਨਾਕਸ਼ ਹਰਨ ਕਸ਼ਪ ਹੋ ਉਜਿਆਰ, ਧਰਤ ਧਵਲ ਸੁਹਾ ਲਿਆ । ਜੁਗ ਦਵਾਪਰ ਆਏ ਵਾਰ, ਭੇਦ ਅਭੇਦ ਛੁਪਾ ਲਿਆ । ਚੌਥੇ ਲੇਖਾ ਲਿਖਿਆ ਅਪਰ ਅਪਾਰ, ਕਲਜੁਗ ਵੇਸ ਵਟਾ ਲਿਆ । ਨਾਤਾ ਛੁੱਟੇ ਸਰਬ ਸੰਸਾਰ, ਲੋਕਮਾਤ ਨਾ ਕੋਈ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮ ਅਗੰਮੀ ਧਾਰ, ਸ਼ਬਦੀ ਸ਼ਬਦ ਜਣਾ ਲਿਆ । ਸ਼ਬਦ ਸੰਦੇਸ਼ ਹਰਿ ਨਿਰੰਕਾਰ, ਆਪਣਾ ਆਪ ਸੁਣਾਇਆ । ਕਲਜੁਗ ਅੰਤਮ ਲਹਿਣਾ ਦੇਣਾ ਚੁੱਕੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਅਪਰ ਅਪਾਰ, ਲੇਖਾ ਲਿਖਿਆ ਰਹਿਣ ਨਾ ਪਾਇਆ । ਨਰ ਨਰੇਸ਼ ਸੱਚੀ ਸਰਕਾਰ, ਕਰੋੜ ਤੇਤੀਸਾ ਦਏ ਮਿਟਾਇਆ । ਦਰ ਦਰਵੇਸ਼ ਭਗਤ ਭੰਡਾਰ, ਨਾਮ ਨਾਮਾ ਝੋਲੀ ਪਾਇਆ । ਕੂੜੀ ਕਿਰਿਆ ਦਏ ਨਿਵਾਰ, ਭੇਖ ਪਖੰਡਾ ਮੇਟ ਮਿਟਾਇਆ । ਏਕ ਨਾਮ ਕਰੇ ਜੈਕਾਰ, ਸੋ ਪੁਰਖ ਨਿਰੰਜਣ ਵਡ ਵਡਿਆਇਆ । ਹੰ ਹੰਗਤਾ ਕਰੇ ਖਵਾਰ, ਸਾਚੀ ਸੰਗਤਾ ਲਏ ਮਿਲਾਇਆ । ਰਾਵਣ ਭਿਖਿਆ ਮੰਗਦਾ ਆਏ ਦਵਾਰ, ਗੁਰਮੁਖਾਂ ਅੱਗੇ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਖੋਲ੍ਹ ਕਿਵਾੜ, ਗੁਰਮੁਖਾਂ ਏਹ ਸਮਝਾਇਆ । ਨੇੜ ਨਾ ਆਏ ਪੰਚਮ ਧਾੜ, ਨੇਤਰ ਨੀਰ ਨਾ ਕੋਈ ਵਹਾਇਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਆਪ ਆਪਣਾ ਡੇਰਾ ਲਾਇਆ । ਲੇਖਾ ਲਿਖਿਆ ਸਤਾਰਾਂ ਹਾੜ, ਹਰਿ ਜੂ ਹਰਿ ਹਰਿ ਰਾਵਣ ਸ਼ਬਦ ਸੁਣਾਇਆ । ਤ੍ਰੇਤਾ ਜੁਗ ਕੀਤਾ ਪਾਰ, ਦਵਾਪਰ ਵੇਖ ਵਖਾਇਆ । ਕਲਜੁਗ ਤੇਰੀ ਪਾਵੇ ਸਾਰ, ਰਾਮ ਰਾਮੇਸ਼ਵਰ ਭੇਵ ਨਾ ਰਾਇਆ । ਰਾਮ ਰਾਮੇਸ਼ਵਰ ਖੇਲ ਨਿਆਰ, ਸ਼ਿਵ ਸ਼ੰਕਰ ਲਏ ਉਠਾਇਆ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਪਾਰਬਤੀ ਕਰੇ ਪੁਕਾਰ, ਖੁਲ੍ਹੜੇ ਕੇਸ ਵਖਾਇਆ । ਲਛਮਣ ਜੋਧਾ ਛੱਡ ਹੰਕਾਰ, ਯਤ ਸਤਿ ਤੋੜ ਤੁੜਾਇਆ । ਨਾਮ ਰੱਤੀ ਕਰ ਪਿਆਰ, ਗੁਰਮੁਖ ਸਾਚੇ ਲਏ ਤਰਾਇਆ । ਸਤਿਗੁਰ ਪੂਰਾ ਹੋ ਮਿਹਰਵਾਨ, ਲੋਕਮਾਤ ਫੇਰਾ ਪਾਇਆ । ਏਕਾ ਸ਼ਬਦ ਇਕ ਗਿਆਨ, ਏਕਾ ਮੰਤਰ ਰਿਹਾ ਦ੍ਰਿੜਾਇਆ । ਏਕਾ ਚਰਨ ਇਕ ਧਿਆਨ, ਏਕਾ ਲਿਵ ਲਗਾਇਆ । ਏਕਾ ਪੀਣਾ ਏਕਾ ਖਾਣ, ਏਕਾ ਤ੍ਰਿਪਤ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਰਾਮ ਰਾਮੇਸ਼ਵਰ ਵੇਖ ਵਖਾਇਆ । ਰਾਮ ਰਾਮ ਬਲ ਧਾਰ, ਦਸਰਥ ਸੁਤ ਅਖਵਾਇਆ । ਪਾਰਬ੍ਰਹਮ ਪ੍ਰਭ ਅੰਤ ਨਾ ਪਾਰਾਵਾਰ, ਪਿਤਾ ਪੂਤ ਨਾ ਕੋਈ ਜਣਾਇਆ । ਦੋਹਾਂ ਮੇਲਾ ਵਿਚ ਸੰਸਾਰ, ਸ਼ਬਦੀ ਬਣਤ ਬਣਾਇਆ । ਰਾਵਣ ਹਰਿ ਕਰ ਪਿਆਰ, ਸਚ ਸੰਦੇਸ਼ ਸੁਣਾਇਆ । ਜਗਤ ਵੇਲਾ ਲਏ ਵਿਚਾਰ, ਤੇਰਾ ਆਪਣਾ ਮੂਲ ਚੁਕਾਇਆ । ਨੇਤਰ ਨੈਣਾਂ ਕਰ ਸ਼ਿੰਗਾਰ, ਕਜਲ ਧਾਰ ਬੰਧਾਇਆ । ਬਸਤਰ ਗਹਿਣਾ ਅਪਰ ਅਪਾਰ, ਹਰਿ ਹਰਿ ਸ਼ਬਦ ਪਹਿਨਾਇਆ । ਗੁਰਮੁਖ ਸਾਚੇ ਕਰ ਤਿਆਰ, ਸਾਚਾ ਸੰਗ ਰਲਾਇਆ । ਸਮੁੰਦ ਸੀ ਖਾਈ ਕਰੀ ਪਾਰ, ਸਤਿ ਸਾਗਰ ਵੇਖ ਵਖਾਇਆ । ਆਏ ਦਰ ਸਚੇ ਦਰਬਾਰ, ਦਰ ਦਰ ਲੇਖਾ ਰਿਹਾ ਮੁਕਾਇਆ । ਅੰਤ ਨਾ ਦਿਸੇ ਕੋਈ ਮੁਨਾਰ, ਤਿਲਕ ਲਲਾਟ ਨਾ ਕੋਈ ਲਗਾਇਆ । ਸੰਮਤ ਪੰਦਰਾਂ ਵੇਖ ਵਿਚਾਰ, ਹਰਿ ਸਾਚਾ ਵੇਖ ਵਖਾਇਆ । ਤ੍ਰੇਤਾ ਤੇਰਾ ਭੇਖ, ਤੇਰਾ ਤੇਰਾ ਰਿਹਾ ਮਿਟਾਇਆ । ਤੇਰੀ ਸਤਿਆ ਪੁਰਖ ਅਬਿਨਾਸ਼ੀ ਆਪਣੀ ਚਰਨੀ

ਖਿਚ ਬਹਾਇਆ । ਪੰਡਤ ਪਾਂਧੇ ਬਹਿ ਬਹਿ ਕਰਦੇ ਰਹਿਣ ਕਥਿਆ, ਸਾਚਾ ਮਤਾ ਨਾ ਕਿਸੇ ਪਕਾਇਆ । ਨਾਮ ਬੀਜ ਨਾ ਬੀਜਿਆ ਸਾਚੇ ਵਤਿਆ, ਰਾਮ ਰਾਮਾ ਦਿਸ ਨਾ ਆਇਆ । ਗ਼ਰੀਬ ਨਿਮਾਣੇ ਕਰਦੇ ਰਹੇ ਹੱਤਿਆ, ਹਰਿ ਕੇ ਪੌੜੇ ਕੋਈ ਨਾ ਚੜ੍ਹਿਆ । ਆਪਣੇ ਪੇਟ ਬੰਧਾਇਆ ਨਤਿਆ, ਆਪਣੀ ਝੋਲੀ ਅੱਗੇ ਡਾਹਿਆ । ਕਵਾਰੀ ਕੰਨਿਆ ਨਾ ਕੋਈ ਦਿਸੇ ਸਤਿਆ, ਲਜ ਪਤ ਨਾ ਕੋਈ ਵਖਾਇਆ । ਮੰਦਰ ਅੰਦਰ ਤੀਰਥ ਤੱਟਾਂ ਠੰਡਾ ਪਾਣੀ ਹੋਵੇ ਤੱਤਿਆ, ਠੰਡਾ ਠਾਰ ਨਾ ਕੋਈ ਬਣਾਇਆ । ਗੁਰਮੁਖ ਸੀਤਾ ਸੁਰਤੀ ਹਰਿ ਸੱਚਾ ਕਰੇ ਰੱਖਿਆ, ਰਾਮ ਰਾਮਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਮੇਸ਼ਵਰ ਰਾਮ ਈਸ਼ ਚਰਨ ਟਿਕਾਇਆ ।



* ੧੬ ਕੱਤਕ ੨੦੧੫ ਬਿਕ੍ਰਮੀ ਰਾਸ਼ਟਰ ਪਤੀ ਰਾਜਿੰਦਰ ਪ੍ਰਸ਼ਾਦਿ ਪਰਥਾਏ ਰਾਮੇਸ਼ਵਰ ਸ਼ਬਦ ਲਿਖਾਏ *

ਮੁਕੰਦ ਮਨੋਹਰ ਲਖ਼ਮੀ ਨਰਾਇਣ, ਹਰਿ ਹਰਿ ਜੋਤ ਜਗਾਈਆ । ਵਾਲੀ ਹਿੰਦ ਖੋਲ੍ਹ ਨੈਣ, ਰੈਣ ਅੰਧੇਰੀ ਛਾਈਆ । ਪਾਰਬ੍ਰਹਮ ਖੇਲੇ ਖੇਲ ਸਾਚਾ ਸੱਜਣ ਸੈਣ, ਸਾਖਯਾਤ ਰੂਪ ਵਟਾਈਆ । ਕਲਜੁਗ ਅੰਤਮ ਚੁਕਾਏ ਲਹਿਣ ਦੇਣ, ਲੋਕਮਾਤ ਰਹਿਣ ਨਾ ਪਾਈਆ । ਗੰਗਾ ਗੋਦਾਵਰੀ ਵੇਖੇ ਤ੍ਰਬੈਣ, ਸੁਰਸਤੀ ਚਰਨਾਂ ਵਿਚ ਟਿਕਾਈਆ । ਅਯੁਧਿਆ ਕਾਂਸ਼ੀ ਪੈਣ ਵੈਣ, ਪੁਰੀ ਜਗਨ ਨਾ ਕੋਈ ਸਹਾਈਆ । ਰਾਮੇਸ਼ਵਰ ਚੁਕਿਆ ਲਹਿਣ ਦੇਣ, ਰਾਮ ਰਾਮ ਹੱਥ ਵਡਿਆਈਆ । ਸ੍ਰਿਸ਼ਟ ਸਬਾਈ ਲੇਖਾ ਮੰਗੇ ਲਾੜ੍ਹੀ ਮੌਤ ਡੈਣ, ਝੋਲੀ ਆਪਣੀ ਅੱਗੇ ਡਾਹੀਆ । ਰਾਜ ਮੰਤਰੀ ਸਾਰੇ ਕਹਿਣ, ਸਰਬ ਰੱਖਿਆ ਨਾ ਕੋਈ ਕਰਾਈਆ । ਅੰਤਮ ਵਹਿਣਾ ਝੂਠਾ ਵਹਿਣ, ਨਾ ਸਕੇ ਕੋਈ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇ ਮਤ ਰਿਹਾ ਸਮਝਾਈਆ । ਜੀਵ ਨਿਧਾਨ ਉਠ ਬਲਧਾਰ, ਹਰਿ ਸਾਚੇ ਜੋਤ ਜਗਾਈਆ । ਨਿਹਕਲੰਕ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਪਾਵੇ ਸਾਰ, ਲੋਆਂ ਪੁਰੀਆਂ ਫੋਲ ਫੁਲਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰ, ਗਣਪਤ ਗਣੇਸ਼ ਆਪ ਉਠਾਈਆ । ਤੀਰਥ ਤੱਟਾਂ ਪਾਰ ਕਿਨਾਰ, ਅਠਸਠਾਂ ਫੋਲ ਫੁਲਾਈਆ । ਚੌਦਾਂ ਹੱਟਾਂ ਵਣਜ ਵਪਾਰ, ਲੋਕ ਪ੍ਰਲੋਕ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਦਰਾਂ ਪੰਦਰਾਂ ਰਿਹਾ ਸੁਣਾਈਆ । ਸੰਮਤ ਪੰਦਰਾਂ ਪੰਦਰਾਂ ਕੱਤਕ, ਕਰਨੀ ਕਰਮ ਕਮਾਇਆ । ਸ਼ਬਦ ਸਰੂਪੀ ਚੜ੍ਹਿਆ ਕਟਕ, ਨਾ ਕੋਈ ਵੇਖੇ ਵੇਖ ਵਖਾਇਆ । ਸ੍ਰਿਸ਼ਟ ਸਬਾਈ ਨਾ ਸਕੇ ਅਟਕ, ਨਾ ਕੋਈ ਰੋਕੇ ਰੋਕ ਰੁਕਾਇਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਸਾਰੇ ਰਹੇ ਲਟਕ, ਨਾ ਕੋਈ ਧੀਰ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਖੰਡਾ ਰਿਹਾ ਉਠਾਇਆ । ਸ਼ਬਦ ਖੰਡਾ ਹਰਿ ਬਲਵਾਨ, ਆਪਣੇ ਹੱਥ ਉਠਾਇੰਦਾ । ਵੇਖ ਵਖਾਏ ਜ਼ਿਮੀਂ ਅਸਮਾਨ, ਪਾਰਬ੍ਰਹਮ ਭੇਵ ਨਾ ਪਾਇੰਦਾ । ਲੇਖ ਚੁਕਾਏ ਅੰਜੀਲ ਕੁਰਾਨ, ਵੇਦ ਪੁਰਾਨ ਫੋਲ ਫੁਲਾਇੰਦਾ । ਪੰਡਤ ਪਾਂਧੇ ਸਰਬ ਪਛਤਾਨ, ਵੇਲਾ ਗਿਆ ਹੱਥ ਨਾ ਆਇੰਦਾ । ਜਗਤ ਵਿਦਿਆ ਹੋਈ ਨਾਦਾਨ,

ਹਰਿ ਕਾ ਭੇਵ ਕੋਈ ਨਾ ਪਾਇੰਦਾ । ਪ੍ਰਗਟ ਹੋਇਆ ਸ਼ਾਹ ਸੁਲਤਾਨ, ਸਚ ਸਿੰਘਾਸਣ ਇਕ ਵਖਾਇੰਦਾ । ਦਿੱਲੀ ਤਖ਼ਤ ਰਾਜ ਰਾਜਾਨ, ਰਾਜ ਭੂਪ ਆਪ ਉਠਾਇੰਦਾ । ਅੰਤਮ ਛੱਡਣਾ ਪਏ ਮਕਾਨ, ਸੀਸ ਤਾਜ ਨਾ ਕੋਈ ਟਿਕਾਇੰਦਾ । ਨਿਰਗੁਣ ਜੋਤ ਜਗੇ ਮਹਾਨ, ਭਗਤ ਭਗਵੰਤ ਲੇਖ ਲਖਾਇੰਦਾ । ਖੇਲੇ ਖੇਲ ਰਮੀਆ ਰਾਮ, ਰਾਮ ਰਾਮਾ ਨਾਉਂ ਧਰਾਇੰਦਾ । ਕਾਹਨਾ ਕ੍ਰਿਸ਼ਨਾ ਨੌਜਵਾਨ, ਰਬ ਰਬਵਾਹੀ ਆਪ ਹੋ ਜਾਇੰਦਾ । ਕਲਜੁਗ ਅੰਤਮ ਮਾਰ ਧਿਆਨ, ਨਿਹਕਲੰਕ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਅੰਤਰ ਕੱਢੇ ਸ਼ੰਕ, ਭਰਮ ਭੁਲੇਖਾ ਦੂਰ ਕਰਾਇੰਦਾ । ਭਰਮ ਭੁਲੇਖਾ ਜਗਤ ਸ਼ਾਹ, ਹਰਿ ਹਰਿ ਆਪ ਚੁਕਾਇੰਦਾ । ਅੰਤਮ ਵੇਲੇ ਕਵਨ ਮਲਾਹ, ਕਵਣ ਬੰਨੇ ਲਾਇੰਦਾ । ਜਗਤ ਸਿਆਸਤ ਝੂਠ ਸਲਾਹ, ਸਾਚਾ ਮਾਰਗ ਨਾ ਕੋਈ ਵਖਾਇੰਦਾ । ਬਿਨ ਹਰਿ ਪਕੜੇ ਨਾ ਕੋਈ ਬਾਂਹ, ਨਾ ਕੋਈ ਤੋੜ ਨਿਭਾਇੰਦਾ । ਮਹੱਲ ਅਟੱਲ ਉਡਣੇ ਅੰਤਮ ਕਾਂ, ਸੀਸ ਛੱਤਰ ਨਾ ਕੋਈ ਝੁਲਾਇੰਦਾ । ਬਿਨ ਹਰਿ ਚਰਨ ਨਾ ਕੋਈ ਥਾਂ, ਨਿਹਕਲੰਕ ਸ਼ਬਦ ਸਮਝਾਇੰਦਾ । ਸੰਬਲ ਨਗਰੀ ਸਚ ਗਿਰਾਂ, ਸਾਢੇ ਤਿੰਨ ਹੱਥ, ਪਰਦਾ ਤੇਰਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਸੰਬਲ ਨਗਰੀ ਸ਼ਬਦ ਸਿੰਘਾਸਣ, ਹਰਿ ਹਰਿ ਜੋਤ ਜਗਾਈਆ । ਪਾਰਬ੍ਰਹਮ ਬੈਠਾ ਪੁਰਖ ਅਬਿਨਾਸ਼ਣ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਨ, ਲੋਆਂ ਪੁਰੀਆਂ ਫੇਰਾ ਪਾਈਆ । ਲੱਖ ਚੁਰਾਸੀ ਕਰਿਆ ਵਾਸਨ, ਸ਼ਾਹ ਸੁਲਤਾਨਾ ਰਿਹਾ ਉਠਾਈਆ । ਸ਼ਾਹ ਭਵੀਖ਼ਣ ਅੰਤਮ ਲਹਿਣਾ ਦੇਣਾ ਚੁੱਕਣਾ ਦਸ ਦਸ ਮਾਸਨ, ਪੰਜ ਤਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਗਤ ਮਿਤ ਆਪੇ ਰਿਹਾ ਜਣਾਈਆ । ਸੰਬਲ ਨਗਰੀ ਜੋਤ ਪ੍ਰਕਾਸ਼ਣ, ਹਰਿ ਹਰਿ ਆਪ ਕਰਾਈਆ । ਆਪੇ ਹੋਇਆ ਦਾਸੀ ਦਾਸਨ, ਜਨ ਭਗਤਾਂ ਮੇਲ ਮਿਲਾਈਆ । ਤ੍ਰੇਤੇ ਜੁਗ ਲੱਗੀ ਪਿਆਸਨ, ਕਲਜੁਗ ਅੰਤਮ ਦਏ ਬੁਝਾਈਆ । ਰਾਮੇਸ਼ਵਰਮ ਲਿਖਿਆ ਸ਼ਾਹੋ ਸ਼ਾਬਾਸ਼ਨ, ਦਿਲੀ ਤਖ਼ਤ ਸੁਹਾਈਆ । ਵੀਹ ਸੌ ਬੀਸ ਕਿਸੇ ਹੱਥ ਨਾ ਆਏ ਆਪਣਾ ਗਰਾਸਨ, ਆਪਣੀ ਤ੍ਰਿਖਾ ਨਾ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਧਰਵਾਸ, ਜੋ ਜਨ ਆਏ ਸ਼ਰਨਾਈਆ । ਹਰਿ ਸਰਨਾਈ ਸਚ ਟਿਕਾਨਾ, ਹਰਿ ਹਰਿ ਆਪ ਜਣਾਇੰਦਾ । ਰਾਸ਼ਟਰਪਤ ਪਤ ਨਾ ਬਣ ਅਵਾਣਾ, ਵੇਲਾ ਵਕਤ ਨਾ ਹੱਥ ਗਵਾਈਆ । ਕੋਈ ਨਾ ਰਹਿਣਾ ਰਾਜਾ ਰਾਣਾ, ਸ਼ਾਹ ਸੁਲਤਾਨ ਨਾ ਕੋਈ ਅਖਵਾਈਆ । ਪਾਰਬ੍ਰਹਮ ਪੁਰਖ ਭਗਵਾਨਾ, ਸੀਸ ਜਗਦੀਸ਼ ਇਕ ਟਿਕਾਈਆ । ਦਿੱਲੀ ਤਖ਼ਤ ਹੋ ਮਿਹਰਵਾਨਾ, ਬੀਸ ਬੀਸੇ ਵਡ ਵਡਿਆਈਆ । ਪੰਦਰਾਂ ਕੱਤਕ ਖੇਲ ਮਹਾਨਾ, ਨੌਂ ਖੰਡ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖਿਆ ਸਾਚੇ ਦਰ, ਦਰ ਦਵਾਰਾ ਵੇਖ ਵਖਾਈਆ । ਲੰਕਾ ਗੜ੍ਹ ਜਗਤ ਹੰਕਾਰ, ਕਾਮ ਕਰੋਧ ਹਲਕਾਇਆ । ਰਾਮ ਰਾਮਾ ਰੂਪ ਅਪਾਰ, ਨੇਤਰ ਨੈਣਾਂ ਦਿਸ ਨਾ ਆਇਆ । ਜੂਠੇ ਝੂਠੇ ਹੋਏ ਸਿਕਦਾਰ, ਸਚ ਸਿਕਦਾਰ ਨਾ ਕੋਈ ਕਰਾਇਆ । ਅੰਤਮ ਕਲਜੁਗ ਪੈਣੀ ਮਾਰ, ਮਾਰਨਹਾਰਾ ਆਪ ਹਰਿ ਆਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਸੋਹੰ ਡੰਕਾ ਵੱਜੇ ਸਰਬ ਸੰਸਾਰ, ਸ੍ਰਿਸ਼ਟ ਸਬਾਈ ਦਏ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਸੋਲਾਂ ਧਾਰ ਸੋਲਾਂ ਸੋਲਾਂ ਵੇਖ ਵਖਾਇਆ । ਸੰਮਤ ਸੋਲਾਂ ਰੱਖਣਾ ਯਾਦ, ਹਰਿ ਸਾਚੇ

ਸਚ ਵਡਿਆਈਆ । ਰਾਜ ਮੰਤਰੀ ਨਾ ਸੁਣੇ ਕੋਈ ਫਰਿਯਾਦ, ਸਗਲਾ ਸੰਗ ਨਾ ਕੋਈ ਨਿਭਾਈਆ । ਏਕਾ ਧੁਨੀ ਏਕਾ ਵੱਜੇ ਨਾਦ, ਸ੍ਰਿਸ਼ਟ ਸਬਾਈ ਦਏ ਉਠਾਈਆ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਈਆ । ਕਲਜੁਗ ਕੂੜੀ ਦੇਵੇ ਦਾਦ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਬਲ ਨਗਰੀ ਸ਼ਬਦ ਸਿੰਘਾਸਣ ਪੁਰਖ ਅਬਿਨਾਸ਼ਣ, ਬੈਠਾ ਡੇਰਾ ਲਾਈਆ ।

### * ੨੧ ਕੱਤਕ ੨੦੧੫ ਬਿਕ੍ਰਮੀ ਟੋਪਨ ਰਾਮ ਦੇ ਘਰ ਕਿਰਕੀ ਪੂਨਾ *

ਸੰਗਮ ਤੀਰਥ ਤੱਟ ਕਿਨਾਰ, ਸਾਗਰ ਧਰਨੀ ਧਰਤ ਸੁਹਾਇਆ । ਅਲੱਖ ਅਗੋਚਰ ਅਗੰਮ ਅਪਾਰ, ਬੇਅੰਤ ਬੇਅੰਤ ਹਰਿ ਹਰਿ ਰਘੁਰਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਦਿ ਨਿਰੰਜਣ ਵੇਸ ਵਟਾਇਆ । ਹਰੀ ਹਰਿ ਜੋਤ ਉਜਿਆਰ, ਆਦਿ ਪੁਰਖ ਅਖਵਾਇਆ । ਲੋਆਂ ਪੁਰੀਆਂ ਪਸਰ ਪਸਾਰ, ਮਾਤ ਪਤਾਲ ਅਕਾਸ਼ ਵੇਖ ਵਖਾਇਆ । ਅੰਡਜ ਜੇਰਜ ਉਤਭੁਜ ਸੇਤਜ ਪਾਏ ਸਾਰ, ਚੌਦਾਂ ਹੱਟ ਵੇਖ ਵਖਾਇਆ । ਸਾਗਰ ਸਿੰਧ ਰੂਪ ਕਰਤਾਰ, ਅਨਭਵ ਰੂਪ ਦ੍ਰਿਸ਼ਟਾਇਆ । ਜੋਤੀ ਜੋਤ ਕਰ ਉਜਿਆਰ, ਤ੍ਰੈ ਭਵਨ ਵੇਖ ਵਖਾਇਆ । ਮੂਰਤ ਅਕਾਲ ਏਕੰਕਾਰ ਅਕਲ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਖੰਡ ਵੇਖ ਵਖਾਇਆ । ਨੌਂ ਖੰਡ ਸਾਗਰ ਸਤਿ, ਸਤਿ ਸਤਿ ਅਖਵਾਇੰਦਾ । ਇੰਡ ਪਿੰਡ ਬ੍ਰਹਿਮੰਡ ਖੰਡ, ਨਿਰਗੁਣ ਵੰਡ ਵੰਡਾਇੰਦਾ । ਵੇਖੇ ਰੰਗ ਹਰਿ ਬ੍ਰਹਿਮੰਡ, ਪਾਰਬ੍ਰਹਮ ਭੇਵ ਛੁਪਾਇੰਦਾ । ਆਦਿ ਜੁਗਾਦਿ ਆਪਣੀ ਵੰਡ, ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਨੰਗੀ ਕੰਡ, ਸਮਰਥ ਹੱਥ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਏਕੰਕਾਰਾ ਵੇਸ ਵਟਾਇੰਦਾ । ਏਕੰਕਾਰਾ ਅਕਾਲ ਮੂਰਤ, ਨੂਰੋ ਨੂਰ ਸਮਾਇਆ । ਅਜੂਨੀ ਰਹਿਤ ਨਾਦ ਤੂਰਤ, ਨਾਮ ਨਾਦ ਵਜਾਇਆ । ਅਬਿਨਾਸ਼ੀ ਕਰਤਾ ਸਾਚੀ ਸੂਰਤ, ਏਕਾ ਤਤ ਵਖਾਇਆ । ਆਪੇ ਵਸੇ ਨੇੜੇ ਦੂਰਤ, ਨੇੜਾ ਦੂਰ ਨਾ ਕੋਈ ਜਣਾਇਆ । ਸਦਾ ਸੁਹੇਲਾ ਹਾਜ਼ਰ ਹਜ਼ੂਰਤ, ਹਰਿ ਹਿਰਦੇ ਡੇਰਾ ਲਾਇਆ । ਹਰਿਜਨ ਆਸਾ ਮਨਸਾ ਪੂਰਤ, ਮਨਮੁਖਾਂ ਦਏ ਸਜਾਇਆ । ਨਾਤਾ ਤੋੜੇ ਕੂੜੋ ਕੂੜਤ, ਕਾਇਆ ਗੜ੍ਹ ਸੁਹਾਇਆ । ਬਖ਼ਸ਼ਣਹਾਰਾ ਚਰਨ ਧੂੜਤ, ਮਸਤਕ ਟਿੱਕਾ ਤਿਲਕ ਲਗਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜਤ, ਆਪ ਆਪਣਾ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰ ਕਰ ਪਸਾਰ, ਅਬਿਨਾਸ਼ੀ ਕਰਤਾ ਏਕਾ ਧਾਰ, ਏਕਾ ਰੰਗ ਰੰਗਾਇਆ । ਰੰਗ ਰੰਗੀਲਾ ਏਕੰਕਾਰ, ਏਕਾ ਰੂਪ ਦਰਸਾਇੰਦਾ । ਆਦਿ ਨ ਅੰਤਾ ਲਏ ਅਵਤਾਰ, ਜੁਗ ਜੁਗ ਵੇਸ ਵਟਾਇੰਦਾ । ਧਰਨੀ ਧਰਤ ਦਏ ਸਹਾਰ, ਅਕਾਸ਼ ਪ੍ਰਕਾਸ਼ ਟਿਕਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਲੱਖ ਚੁਰਾਸੀ ਦਿਸ ਨਾ ਆਇੰਦਾ । ਨਾਮ ਖੰਡਾ ਤੇਜ ਕਟਾਰ, ਸਮਰਥ ਹੱਥ ਉਠਾਇੰਦਾ । ਖੰਡਾ ਤੀਰ ਅਪਰ ਅਪਾਰ, ਜੀਵ ਜੰਤ ਨਾ ਭਾਰ ਚੁਕਾਇੰਦਾ । ਅਗੰਮ ਅਗੰਮੜਾ ਭੇਵ ਨਿਆਰ, ਨਾੜ ਚੰਮੜਾ ਨਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਸਤਰ ਏਕਾ ਬਾਣ, ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ,


੭੪੭
੦੭

ਏਕਾ ਰਾਹ ਤਕਾਇੰਦਾ । ਨਾਮ ਧਨੁਖ ਸ਼ਬਦ ਚਿੱਲਾ ਰਸਨ ਕਮਾਨ, ਨਾਮ ਨਾਮੇ ਉਠਾਈਆ । ਪਾਰਬ੍ਰਹਮ ਜੋਧਾ ਸੂਰਬੀਰ ਬਲੀ ਬਲਵਾਨ, ਰਾਮ ਰਾਮਾ ਵੇਖ ਵਖਾਈਆ । ਸ੍ਰਿਸ਼ਟ ਸਬਾਈ ਸਾਚਾ ਕਾਹਨ, ਅਕਾਲ ਮੂਰਤ ਇਕ ਦਰਸਾਈਆ । ਹਰਿਜਨ ਸਾਚੇ ਲਏ ਪਛਾਣ, ਆਦਿ ਅੰਤ ਵੱਡੀ ਵਡਿਆਈਆ । ਆਤਮ ਜੋਤੀ ਬ੍ਰਹਮ ਗਿਆਨ, ਏਕਾ ਬੂਝ ਬੁਝਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਨੇਤਰ ਲੋਚਣ ਨੈਣ ਦਰਸ ਮਹਾਨ, ਸਾਂਤਕ ਸਤਿ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਘਰ, ਘਰ ਮੰਦਰ ਕਾਇਆ ਅੰਦਰ ਆਤਮ ਸੇਜਾ ਸ਼ਬਦ ਸਿੰਘਾਸਣ ਪੁਰਖ ਅਬਿਨਾਸ਼ਣ, ਨਿਰੰਕਾਰ ਧਾਰ ਏਕੰਕਾਰ ਬੈਠਾ ਆਸਣ ਲਾਈਆ । ਨਿਰਗੁਣ ਰੂਪ ਆਦਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਭੇਵ ਕੋਈ ਨਾ ਰਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇਆ । ਜੋਤੀ ਨੂਰ ਕਰ ਉਜਿਆਰ, ਨੂਰੋ ਨੂਰ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਆਦਿ ਪੁਰਖ ਹਰਿ ਕਰਤਾਰਾ, ਏਕਾ ਏਕੰਕਾਰਿਆ । ਆਦਿ ਜੁਗਾਦੀ ਲਏ ਅਵਤਾਰਾ, ਕਰੇ ਪਸਰ ਪਸਾਰਿਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਲਾ ਲਿਆ । ਆਪੇ ਵੇਖੇ ਵੇਖਣਹਾਰਾ, ਦੂਸਰ ਕੋਈ ਦਿਸ ਨਾ ਆ ਰਿਹਾ । ਪਾਰਬ੍ਰਹਮ ਬ੍ਰਹਮ ਗੁਰ ਅਵਤਾਰਾ, ਆਪ ਆਪਣਾ ਨਾਉਂ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾ ਰਿਹਾ । ਆਦਿ ਪੁਰਖ ਆਦਿ ਨਿਰੰਜਣ, ਹਰਿ ਹਰਿ ਆਪ ਅਖਵਾਇੰਦਾ । ਆਪ ਆਪਣਾ ਸਾਚਾ ਸੱਜਣ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਪਰਦਾ ਕੱਜਣ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਕਰੇ ਮਜਨ, ਆਪ ਆਪਣੀ ਮੈਲ ਗਵਾਇੰਦਾ । ਆਪ ਆਪਣਾ ਚਲਾਏ ਜਹਾਜ਼ਨ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਰਚਿਆ ਕਾਜਨ, ਲੇਖਾ ਲਿਖਤ ਨਾ ਕੋਈ ਮਿਟਾਇੰਦਾ । ਆਪ ਆਪਣਾ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪ ਆਪਣਾ ਗ਼ਰੀਬ ਨਿਵਾਜਨ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਲਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇਆ । ਪੁਰਖ ਅਗੰਮ ਅਗੰਮੜੀ ਕਾਰ, ਭੇਵ ਕੋਈ ਨਾ ਰਾਇਆ । ਹੱਡ ਮਾਸ ਨਾੜੀ ਚਮੜਾ ਨਾ ਕੋਈ ਅਕਾਰ, ਰਕਤ ਬੂੰਦ ਨਾ ਕੋਈ ਉਪਾਇਆ । ਮਾਤ ਪਿਤ ਭੈਣ ਭਾਈ ਨਾ ਕੋਈ ਵਿਚਾਰ, ਸਾਕ ਸੱਜਣ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਅਬਿਨਾਸ਼ੀ ਕਰਤਾ, ਆਪ ਆਪਣਾ ਨਾਉਂ ਧਰਾਇਆ । ਅਬਿਨਾਸ਼ੀ ਕਰਤਾ ਹਰਿ ਗੋਪਾਲ, ਏਕਾ ਏਕ ਅਖਵਾਇੰਦਾ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਨਾਮ ਧਰਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਦੀਪਕ ਜੋਤੀ ਆਪ ਆਪਣਾ ਬਾਲ, ਆਪਣਾ ਮੁਖ ਵਖਾਇੰਦਾ । ਥਿਰ ਘਰ ਬੈਠ ਸੱਚੀ ਧਰਮਸਾਲ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਇੰਦਾ । ਆਪਣੀ ਬਣਤ ਹਰਿ ਬਨਵਾਰੀ, ਆਪੇ ਆਪ ਬਣਾਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਦੀਪਕ ਇਕ ਜਗਾਇੰਦਾ । ਅਟੱਲ ਮਹੱਲ ਉਚ ਅਟਾਰੀ, ਸਚ ਸਿੰਘਾਸਣ ਡੇਰਾ ਲਾਇੰਦਾ । ਪ੍ਰਭ ਅਬਿਨਾਸ਼ੀ ਖੇਲ ਨਿਆਰੀ, ਆਪ ਆਪਣੀ ਕਿਰਤ ਕਮਾਇੰਦਾ । ਜੋਧਾ ਸੂਰਬੀਰ ਬਲਕਾਰੀ, ਸ਼ਾਹ ਸੁਲਤਾਨਾ


Rev-01

ਆਪ ਅਖਵਾਇੰਦਾ । ਏਕਾ ਖੰਡਾ ਤੇਜ਼ ਕਟਾਰੀ, ਆਪ ਆਪਣੇ ਹੱਥ ਉਠਾਇੰਦਾ । ਲੋਆਂ ਪੁਰੀਆਂ ਪਾਵੇ ਸਾਰੀ, ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੇਖ ਵਖਾਇੰਦਾ । ਆਵੇ ਜਾਵੇ ਵਾਰੋ ਵਾਰੀ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਾਉਂ ਧਰਾਇੰਦਾ । ਆਦਿ ਪੁਰਖ ਪੁਰਖ ਬਿਧਾਤਾ, ਏਕਾ ਏਕ ਅਖਵਾਇਆ । ਉਤਮ ਰੱਖੇ ਆਪਣੀ ਜ਼ਾਤਾ, ਵਰਨ ਬਰਨ ਨਾ ਕੋਈ ਜਣਾਇਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਬਾਲਕ ਗੋਦ ਨਾ ਕੋਈ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਕਰੇ ਰੁਸ਼ਨਾਇਆ । ਆਪਣਾ ਨੂਰ ਆਪ ਉਪਾ, ਆਪਣੀ ਕਲ ਵਰਤਾਈਆ । ਆਪਣੀ ਜੋਤੀ ਆਪ ਜਗਾ, ਆਪੇ ਵੇਖ ਵਖਾਈਆ । ਆਪਣੇ ਮੰਦਰ ਆਪ ਟਿਕਾ, ਆਪੇ ਵੇਖੇ ਬੇਪਰਵਾਹੀਆ । ਆਪਣਾ ਸਗਨ ਆਪ ਮਨਾ, ਆਪਣਾ ਗੀਤ ਆਪੇ ਗਾਈਆ । ਆਪਣੀ ਰੰਗਨ ਆਪ ਰੰਗਾ, ਆਪਣਾ ਰੰਗ ਰੰਗਾਈਆ । ਆਪਣੀ ਮੰਗ ਆਪ ਮੰਗਾ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਰੇ ਕੁੜਮਾਈਆ । ਆਪੇ ਜੋਤੀ ਨੂਰ ਧਰ, ਆਪੇ ਕਰਮ ਕਮਾਇਆ । ਆਪ ਆਪਣਾ ਲਿਆ ਵਰ, ਆਪ ਆਪਣਾ ਘਰ ਸੁਹਾਇਆ । ਆਪ ਅਪਣੀ ਧਰਨੀ ਲਿਆ ਧਰ, ਆਪ ਆਪਣਾ ਦਰ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਇਆ । ਆਪਣਾ ਮੇਲ ਆਪੇ ਮੇਲ, ਆਪੇ ਮੇਲ ਮਿਲਾਈਆ । ਆਪ ਆਪਣਾ ਖੇਲੇ ਖੇਲ, ਅਚਰਜ ਖੇਲ ਖਲਾਈਆ । ਆਪ ਆਪਣਾ ਸੱਜਣ ਸੁਹੇਲ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਆਪ ਆਪਣੀ ਬਣਤ ਬਣਾ, ਆਪਣਾ ਅੰਗ ਕਟਾਇਆ । ਜੋਤੀ ਜੋਤ ਜੋਤ ਜਗਾ, ਜੋਤੀ ਜੋਤ ਰੁਸ਼ਨਾਇਆ । ਵਰਨ ਗੋਤੀ ਨਾ ਲਿਆ ਉਪਾ, ਰੂਪ ਰੰਗ ਨਾ ਕੋਈ ਜਣਾਇਆ । ਮਹਿਮਾ ਅਗਣਤ ਗਣਾ, ਬੇਅੰਤ ਬੇਪਰਵਾਹਿਆ । ਏਕੰਕਾਰਾ ਗਿਆ ਸਮਾ, ਨਿਰਗੁਣ ਸਰਗੁਣ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇਆ । ਜੋਤੀ ਜੋਤ ਹਰਿ ਜਗਾ, ਆਪਣੀ ਕਲ ਵਰਤਾਈਆ । ਆਪਣੀ ਵਸਤ ਆਪੇ ਪਾ, ਆਪੇ ਦਏ ਵਡਿਆਈਆ । ਆਪਣੀ ਸ਼ਕਤ ਆਪ ਭਰਾ, ਆਦਿ ਸ਼ਕਤ ਨਾਉਂ ਧਰਾਈਆ । ਆਪਣੀ ਥਿਤ ਆਪ ਸੁਹਾ, ਆਪੇ ਵੇਖ ਵਖਾਈਆ । ਨਿਤ ਨਵਿਤ ਖੇਲ ਖਿਲਾ, ਜੁਗ ਜੁਗ ਵੱਡੀ ਵਡਿਆਈਆ । ਆਦਿ ਜੁਗਾਦੀ ਭੇਸ ਵਟਾ, ਥਿਰ ਘਰ ਬੈਠਾ ਬੇਪਰਵਾਹੀਆ । ਸ਼ਬਦ ਅਨਾਦੀ ਸੁਤ ਉਪਾ, ਏਕਾ ਨਾਉਂ ਧਰਾਈਆ । ਆਪਣੇ ਦਰ ਆਪ ਬਹਾ, ਆਪਣੀ ਖੋਜ ਆਪ ਖੁਜਾ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਰਾਗੀ ਰਾਗ ਸੁਣਾ, ਏਕਾ ਤਾਲ ਵਜਾਈਆ । ਦੂਜਾ ਥਿਰ ਘਰ ਡੇਰਾ ਲਿਆ ਲਾ, ਦੂਸਰ ਦਰ ਨਾ ਕੋਈ ਸੁਹਾਈਆ । ਸ਼ਬਦ ਸਿੰਘਾਸਣ ਲਿਆ ਸਜਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਬੈਠਾ ਸ਼ਹਿਨਸ਼ਾਹ, ਰਾਮ ਰਾਮਾ ਰੂਪ ਅਖਵਾਈਆ । ਆਪਣਾ ਮਤਾ ਆਪ ਪਕਾ, ਆਪੇ ਦਏ ਸਲਾਹੀਆ । ਸਾਚਾ ਸੁਤ ਦਰ ਬੁਲਾ, ਦਰ ਦਰਬਾਨ ਵਖਾਈਆ । ਇਕ ਇਕੱਲਾ ਸੱਜਣ ਸੁਹੇਲਾ ਰਿਹਾ ਸੁਣਾ, ਭੁੱਲ ਰਹੇ ਨਾ ਰਾਈਆ । ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਖੰਡ ਡੇਰਾ ਲਾਈਆ । ਗਗਨ ਪਾਤਾਲਾਂ ਵੇਖ ਵਖਾ, ਰਵ ਸਸ ਕਰੇ ਰੁਸ਼ਨਾਈਆ । ਤ੍ਰੈਗੁਣ ਤਤ ਝੋਲੀ ਪਾ, ਏਕਾ ਮਾਰਗ ਵਖਾਈਆ । ਕਵਲ ਕਵਲੀ ਆਪ ਉਲਟਾ ਨਾਭੀ ਫੂਲ ਫੁਲਾਈਆ । ਨਿਰਗੁਣ ਸਰਗੁਣ ਵੇਸ ਵਟਾ, ਪੰਜ

ਤਤ ਕਰੇ ਕੁੜਮਾਈਆ । ਮਨ ਮਤ ਬੁੱਧ ਵਿਚ ਟਿਕਾ, ਦਿਸ ਕਿਸੇ ਨਾ ਆਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਦਏ ਸਜਾ, ਰਕਤ ਬੂੰਦ ਉਪਾਈਆ । ਨੌਂ ਦਵਾਰੇ ਦਏ ਲਗਾ, ਬੰਕ ਦਵਾਰਾ ਇਕ ਵਖਾਈਆ । ਬਜ਼ਰ ਕਪਾਟੀ ਪਰਦਾ ਪਾ, ਬੈਠਾ ਮੁਖ ਛੁਪਾਈਆ । ਢੋਲ ਮਰਦੰਗਾ ਇਕ ਰਖਾ, ਅਨਹਦ ਰਿਹਾ ਵਜਾਈਆ । ਆਤਮ ਬੈਠਾ ਬੇਪਰਵਾਹ, ਭੇਵ ਨਾ ਜਾਣੇ ਕੋਈ ਰਾਈਆ । ਦਸਮ ਦਵਾਰੀ ਮਹੱਲ ਸੁਹਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਪੰਜ ਕਰ ਪਿਆਰਾ, ਆਪਣਾ ਆਪ ਉਪਾਇਆ । ਸ਼ਬਦੀ ਸ਼ਬਦ ਸੁਤ ਦੁਲਾਰਾ, ਸ਼ਬਦ ਸ਼ਬਦੀ ਧੁਨ ਉਪਜਾਇਆ । ਸੁਣੇ ਸੁਣਾਏ ਸੁਨਣੇਹਾਰ, ਦੂਸਰ ਕੋਇ ਨਾ ਸੰਗ ਰਖਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇਆ । ਰੂਪ ਅਗੰਮ ਅਗੰਮੜੀ ਕਾਰ, ਭੇਵ ਅਭੇਦ ਛੁਪਾਇਆ । ਰੰਗ ਮਹੱਲ ਅਟੱਲ ਉਚ ਮੁਨਾਰ, ਬੈਠਾ ਡੇਰਾ ਲਾਇਆ । ਪਾਰਬ੍ਰਹਮ ਲਏ ਉਭਾਰ, ਬ੍ਰਹਮ ਬ੍ਰਹਮ ਨਾਉਂ ਧਰਾਇਆ । ਬ੍ਰਹਮ ਬ੍ਰਹਮ ਕਰ ਵਿਚਾਰ, ਪਾਰਬ੍ਰਹਮ ਵੇਖ ਵਖਾਇਆ । ਪਾਰਬ੍ਰਹਮ ਖੇਲ ਅਪਰ ਅਪਾਰ, ਬ੍ਰਹਮ ਬ੍ਰਹਮ ਭੇਵ ਖੁਲ੍ਹਾਇਆ । ਬ੍ਰਹਮ ਬ੍ਰਹਮ ਨੇਤਰ ਨੈਣ ਉਘਾੜ, ਲੋਚਣ ਨੈਣ ਦਰਸ਼ਨ ਪਾਇਆ । ਪਾਰਬ੍ਰਹਮ ਵੇਖ ਵਖਾਏ ਇਕ ਅਖਾੜ, ਹਰਿ ਹਰਿ ਸਾਚਾ ਮੰਗਲ ਗਾਇਆ । ਬ੍ਰਹਮ ਬ੍ਰਹਮ ਨੇਤਰ ਰੋਵੇ ਜ਼ਾਰੋ ਜ਼ਾਰ, ਰੋ ਰੋ ਅੱਗੇ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਪ ਆਪਣੀ ਦਇਆ ਕਮਾਇਆ । ਦੋਹਾਂ ਵਿਚੋਲਾ ਅਪਰ ਅਪਾਰ, ਹਰਿ ਸ਼ਬਦੀ ਮੇਲ ਮਿਲਾਇਆ । ਹਰਿ ਕਾ ਸ਼ਬਦ ਹਰਿ ਜੈਕਾਰ, ਲੋਆਂ ਪੁਰੀਆਂ ਦਏ ਸੁਹਾਇਆ । ਬ੍ਰਹਮਾ ਵੇਤਾ ਕਰ ਖਵਾਰ, ਆਪ ਅਪਣੀ ਬੂਝ ਬੁਝਾਇਆ । ਚਾਰੋਂ ਕੁੰਟ ਪਾਵੇ ਸਾਰ, ਚਾਰੇ ਮੁਖ ਖੁਲ੍ਹਾਇਆ । ਵਜਾਏ ਡੰਕ ਅਪਰ ਅਪਾਰ, ਅਨੰਦ ਮੰਗਲ ਏਕਾ ਗਾਇਆ । ਊਚ ਅਗੰਮ ਅਪਾਰ ਪਰਵਰਦਿਗਾਰ, ਮਹੱਲ ਅਟੱਲ ਇਕ ਸੁਹਾਇਆ । ਨਿਰਗੁਣ ਜੋਤੀ ਕਰ ਉਜਿਆਰ, ਦੀਵਾ ਬਾਤੀ ਇਕ ਜਗਾਇਆ । ਖੇਲੇ ਖੇਲ ਅਪਰ ਅਪਾਰ, ਵੇਖਣਹਾਰ ਦਿਸ ਨਾ ਆਇਆ । ਸ਼ਬਦੀ ਧੁਨ ਅਪਰ ਅਪਾਰ, ਅਨਹਦ ਸਾਚੀ ਸੇਵ ਕਮਾਇਆ । ਕੰਦਰ ਡੂੰਘੀ ਨਾ ਪਾਇਨ ਸਾਰ, ਬਹੱਤਰ ਤਲਵਾੜਾ ਨਾ ਕੋਈ ਗਾਇਆ । ਗਾਵਤ ਗਾਏ ਨਾ ਕੋਈ ਸੰਸਾਰ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਬੱਤੀ ਦੰਦ ਨਾ ਕੋਈ ਅਕਾਰ, ਮੁਖ ਗੁੰਗ ਨਾ ਕੋਈ ਦਿਸਾਇਆ । ਪਾਰਬ੍ਰਹਮ ਕਰਤਾ ਕਰਨੇਹਾਰ, ਆਦਿ ਜੁਗਾਦਿ ਇਕ ਅਖਵਾਇਆ । ਪੂਰਨ ਬ੍ਰਹਮ ਹਰਿ ਵਿਚਾਰ, ਬ੍ਰਹਮ ਏਹ ਸਮਝਾਇਆ । ਸ਼ਬਦ ਸ਼ਬਦੀ ਸਚ ਦੁਲਾਰ, ਸਾਚਾ ਮਾਰਗ ਲਾਇਆ । ਏਕਾ ਸ਼ਬਦ ਨਾਮ ਆਧਾਰ, ਦੂਸਰ ਓਟ ਨਾ ਕੋਈ ਤਕਾਇਆ । ਸ੍ਰਿਸ਼ਟ ਸਬਾਈ ਬੰਨੇ ਧਾਰ, ਮਾਤ ਪਤਾਲ ਅਕਾਸ਼ ਵੇਖ ਵਖਾਇਆ । ਤੇਰਾ ਰੂਪ ਅਪਾਰ, ਸ਼ਿਵ ਸ਼ੰਕਰ ਦਏ ਉਭਾਰ, ਵਿਸ਼ਨੂੰ ਰੂਪ ਨਿਰਗੁਣ ਧਾਰ, ਸਰਗੁਣ ਵੇਸ ਵਟਾਇਆ । ਤਿੰਨਾਂ ਮੇਲਾ ਆਪ ਕਰਤਾਰ, ਆਪ ਆਪਣਾ ਰੰਗ ਰੰਗਾਇਆ । ਆਪੇ ਵਸਿਆ ਸਭ ਤੋਂ ਬਾਹਰ, ਨੇਤਰ ਨੈਣਾਂ ਦਿਸ ਨਾ ਆਇਆ । ਬ੍ਰਹਮਾ ਸੇਵਕ ਸੇਵਾ ਕਰੇ ਅਪਰ ਅਪਾਰ, ਹਰਿ ਸਾਚੇ ਸ਼ਬਦ ਜਣਾਇਆ । ਲੇਖਾ ਲਿਖੇ ਨਰ ਨਿਰੰਕਾਰ, ਨਰ ਨਰਾਇਣ ਨਜ਼ਰੀ ਆਇਆ । ਅੱਠੇ ਨੇਤਰ ਲਏ ਉਘਾੜ, ਚਾਰੇ ਮੁਖ ਚਾਰੇ ਜੁਗ ਪ੍ਰਨਾਇਆ । ਪੰਜ ਤਤ ਲਏ ਉਸਾਰ, ਬਾਹੂ ਬਲ ਵਖਾਇਆ । ਖੇਲੇ ਖੇਲ ਹਰਿ ਕਰਤਾਰ, ਤਤਵ ਤਤ ਸਮਾਇਆ । ਰੱਤੀ ਰੱਤ ਨਾ ਹੋਏ ਉਜਿਆਰ, ਸਾਚੀ ਵਸਤ ਸਤਿ ਸਤਿਵਾਦ ਇਕ ਟਿਕਾਇਆ । ਸ਼ਬਦ ਨਾਦ ਅਪਰ ਅਪਾਰ, ਪਾਰਬ੍ਰਹਮ ਵਜਾਇਆ । ਜੋਤੀ


੭੫੦ ੦੨

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਕਰਨੀ ਕਰ, ਕਰਤਾ ਪੁਰਖ ਨਾਉਂ ਧਰਾਇਆ । ਕਰਤਾ ਪੁਰਖ ਹਰਿ ਅਬਿਨਾਸ਼, ਏਕਾ ਏਕ ਅਖਵਾਇੰਦਾ । ਆਦਿ ਜੁਗਾਦਿ ਖੇਲੇ ਖੇਲ ਤਮਾਸ਼, ਜੁਗ ਜੁਗ ਵੇਸ ਵਟਾਇੰਦਾ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਉਂ ਧਰਾਇੰਦਾ । ਆਪੇ ਵਸੇ ਪਵਣ ਸਵਾਸ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਕਰਣਹਾਰ ਵਿਨਾਸ, ਉਤਪਤ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਪਰੰਪਰ ਸਵਾਮੀ, ਆਦਿ ਜੁਗਾਦੀ ਨਾਉਂ ਧਰਾਇੰਦਾ । ਆਦਿ ਜੁਗਾਦੀ ਨਾਉਂ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਜੁਗ ਜੁਗ ਵੇਸ ਮਾਤ ਕਰ, ਲੋਕਮਾਤ ਕਰੇ ਕੁੜਮਾਈਆ । ਚੌਦਾਂ ਲੋਕ ਵੇਖੇ ਖੜ੍ਹ, ਤ੍ਰੈ ਤ੍ਰੈ ਵੱਜੀ ਵਧਾਈਆ । ਗਗਨ ਪਤਾਲਾ ਫੜਾਏ ਲੜ, ਦੂਰ ਦੁਰਾਡਾ ਬੇਪਰਵਾਹੀਆ । ਸਾਚੇ ਘੋੜੇ ਆਪੇ ਚੜ੍ਹ, ਨੌਂ ਖੰਡ ਹੋਏ ਸਹਾਈਆ । ਸੱਤਾਂ ਦੀਪਾਂ ਲਾਏ ਜੜ੍ਹ, ਆਪਣੇ ਹੱਥ ਰੱਖੇ ਵਡਿਆਈਆ ।ਆਪਣੀ ਵਿਦਿਆ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਆਪਣੀ ਅਗਨੀ ਆਪੇ ਸੜ, ਜੋਤੀ ਜੋਤ ਸਮਾਈਆ । ਆਪਣਾ ਘਾੜਨ ਆਪੇ ਘੜ, ਘੜਨ ਭੰਨਣਹਾਰ ਆਪ ਅਖਵਾਈਆ । ਆਪੇ ਤੋੜਨਹਾਰਾ ਆਪਣਾ ਗੜ੍ਹ, ਆਪੇ ਕਰੇ ਚੜ੍ਹਾਈਆ । ਆਪਣੀ ਸ੍ਰਿਸ਼ਟੀ ਆਪੇ ਰਿਹਾ ਲੜ, ਆਪੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਈਆ । ਆਦਿ ਪੁਰਖ ਪ੍ਰਭ ਹਰਿ ਨਰਾਇਣ, ਏਕਾ ਏਕ ਅਖਵਾਇਆ । ਰਸਨਾ ਕੋਈ ਨਾ ਸਕੇ ਕਹਿਣ, ਲੇਖਾ ਲਿਖਤ ਵਿਚ ਨਾ ਆਇਆ । ਨਾ ਕੋਈ ਸਾਕ ਸੱਜਣ ਦਿਸੇ ਸੈਣ ਭਾਈ ਭੈਣ, ਮਾਤ ਪਿਤ ਨਾ ਕੋਈ ਅਖਵਾਇਆ । ਨਾ ਕੋਈ ਦਿਵਸ ਨਾ ਕੋਈ ਰੈਣ, ਰਵ ਸਸ ਨਾ ਕੋਈ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਪਣਾ ਰੰਗ ਰੰਗ ਕਰਤਾਰ, ਆਪਣੀ ਕਾਰ ਕਮਾਈਆ । ਵਲ ਛਲ ਅਪਰ ਅਪਾਰ, ਜੁਗ ਜੁਗ ਵੇਖ ਵਖਾਈਆ । ਨਿਹਚਲ ਧਾਮ ਅਟੱਲ ਮਿਨਾਰ, ਬੈਠਾ ਬੇਪਰਵਾਹੀਆ । ਸ਼ਬਦ ਸਾਚੀ ਮਾਰੇ ਮਾਰ, ਦਿਸ ਕਿਸੇ ਨਾ ਆਈਆ । ਨਿਰਗੁਣ ਜੋਤ ਨਾ ਮਰੇ ਨਾ ਜੰਮੇ ਵਿਚ ਸੰਸਾਰ, ਦੋ ਜਹਾਨਾਂ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ, ਆਪਣੇ ਹੱਥ ਰੱਖੇ ਵਡਿਆਈਆ । ਜੁਗਾ ਜੁਗੰਤ ਹਰਿ ਹਰਿ ਖੇਲ, ਆਪਣਾ ਆਪ ਕਰਾਇੰਦਾ । ਆਪ ਆਪਣਾ ਕਰ ਕਰ ਮੇਲ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਪ ਆਪਣਾ ਚਾੜ੍ਹੇ ਤੇਲ, ਜੋਤ ਨਿਰੰਜਣ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਸਚ ਦਰਬਾਰ, ਹਰਿ ਹਰਿ ਜੋਤ ਜਗਾਈਆ । ਇਕ ਇਕੱਲਾ ਕਰ ਅਕਾਰ, ਬੈਠਾ ਆਸਣ ਲਾਈਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਈਆ । ਕਰੋੜ ਤੇਤੀਸਾ ਦਰ ਭਿਖਾਰ, ਸੁਰਪਤ ਰਾਜਾ ਇੰਦ ਬੈਠਾ ਝੋਲੀ ਡਾਹੀਆ । ਲੱਖ ਚੁਰਾਸੀ ਢਹਿ ਪਏ ਦਵਾਰ, ਪਸ਼ੂ ਪ੍ਰੇਤ ਨਾ ਕੋਇ ਵਡਿਆਈਆ । ਸਾਧ ਸੰਤ ਭਗਤ ਭਗਵੰਤ ਏਕਾ ਪਿਆਰ, ਨਿਉਂ ਨਿਉਂ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਰੂਪ ਅਪਾਰ, ਸਾਚੀ ਬਣਤ ਬਣਾਈਆ । ਪੰਜ ਤਤ ਕਰ ਉਜਿਆਰ, ਪਾਰਬ੍ਰਹਮ ਬ੍ਰਹਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਦਿਤਾ ਵਰ, ਹੰ ਹੰਗਤਾ ਵਿਚ ਸਮਾਈਆ । ਸੋ ਪੁਰਖ ਨਿਰਗੁਣ ਰੂਪ, ਹਰਿ ਹਰਿ ਆਪ ਅਖਵਾਇਆ । ਸਚ ਸੁਲਤਾਨ ਸ਼ਾਹੋ ਭੂਪ, ਭੇਵ ਕਿਸੇ ਨਾ ਪਾਇਆ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਡੇਰਾ ਲਾਇਆ ।

ਆਪਣਾ ਸ਼ਬਦ ਪੰਘੂੜਾ ਆਪੇ ਰਿਹਾ ਝੂਟ, ਆਪੇ ਦਏ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਸਤਿਜੁਗ ਸਾਚੇ ਤੇਰੀ ਧਾਰ, ਹਰਿ ਸਾਚੇ ਮਾਤ ਚਲਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਹੰ ਬ੍ਰਹਮ ਇਕ ਵਖਾਈਆ । ਹੰ ਬ੍ਰਹਮ ਪਾਵੇ ਸਾਰ, ਏਕਾ ਦੂਜਾ ਭੌ ਚੁਕਾਈਆ । ਤੀਜਾ ਨੈਣ ਖੋਲ੍ਹ ਉਘਾੜ, ਅਗਿਆਨ ਅੰਧੇਰ ਮਿਟਾਈਆ । ਨੇੜ ਨਾ ਆਏ ਪੰਚਮ ਧਾੜ, ਮਾਇਆ ਮੋਹ ਨਾ ਕੋਈ ਹਲਕਾਈਆ । ਤਤ ਅਗਨੀ ਦੇਵੇ ਸਾੜ, ਤ੍ਰੈਗੁਣ ਬੰਧ ਬੰਧਾਈਆ । ਧਰਤੀ ਲੱਗਾ ਇਕ ਅਖਾੜ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚ ਦਵਾਰੇ ਦੇਵੇ ਵਾੜ, ਹਰਿ ਵੱਡੀ ਵਡਿਆਈਆ । ਸ਼ਬਦ ਘੋੜੇ ਆਪੇ ਚਾੜ੍ਹ, ਡੋਰ ਆਪਣੀ ਰਿਹਾ ਉਠਾਈਆ । ਸੰਤ ਸੁਹੇਲਾ ਸਾਚਾ ਲਾੜ, ਭਗਤਨ ਮੀਤਾ ਆਪ ਅਖਵਾਈਆ । ਆਪੇ ਹੋਏ ਪਿਛੇ ਅਗਾੜ, ਜੁਗ ਜੁਗ ਵੱਡੀ ਵਡਿਆਈਆ । ਹਉਮੇ ਹੰਗਤਾ ਚਬਾਏ ਆਪਣੇ ਦਾੜ੍ਹ, ਮਾਣ ਮੋਹ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਤੇਰੀ ਧਾਰ, ਏਕਾ ਮੁਖ ਲਗਾਈਆ । ਇਕ ਹੁਲਾਰਾ ਇਕ ਅਕਾਰਾ, ਏਕਾ ਰੂਪ ਵਟਾਇਆ । ਏਕਾ ਹਰਿ ਇਕ ਜੈਕਾਰਾ, ਏਕਾ ਨਾਮ ਧਰਾਇਆ । ਏਕਾ ਵਰਨ ਇਕ ਪਿਆਰਾ, ਏਕਾ ਏਕ ਕਰਾਇਆ । ਏਕਾ ਬਰਨ ਏਕਾ ਸਰਨ ਇਕ ਪਿਆਰਾ, ਦੂਸਰ ਹੋਰ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸੰਤ ਭਗਵੰਤ ਵੇਖ ਵਖਾਇਆ । ਚਾਰ ਵਰਨ ਏਕਾ ਨਾਤਾ, ਸਤਿਜੁਗ ਧਾਰ ਚਲਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਏਕਾ ਮਾਰਗ ਲਾਇੰਦਾ । ਏਕਾ ਪਿਤਾ ਏਕਾ ਮਾਤਾ, ਗੁਰਮੁਖ ਅਞਾਣੇ ਗੋਦ ਉਠਾਇੰਦਾ । ਏਕਾ ਦੇਵੇ ਨਾਮ ਸੁਗਾਤਾ, ਏਕਾ ਨਾਮ ਝੋਲੀ ਪਾਇੰਦਾ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤਾ, ਨਿਝਰ ਧਾਰ ਮੁਖ ਚੁਆਇੰਦਾ । ਦਰਸ ਦਖਾਏ ਇਕ ਇਕਾਂਤਾ, ਏਕਾ ਮੁਖ ਵਖਾਇੰਦਾ । ਸ਼ਬਦ ਗਿਆਨੀ ਆਪ ਗਿਆਤਾ, ਬ੍ਰਹਮ ਗਿਆਨ ਆਪ ਸਮਝਾਇੰਦਾ । ਆਪ ਬੰਧਾਏ ਸਾਚਾ ਨਾਤਾ, ਨਾ ਕੋਈ ਤੋੜ ਤੁੜਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਸਚ ਸੁੱਚ ਪ੍ਰਕਾਸ਼ ਵਖਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਪੂਰਬ ਲਹਿਣਾ ਝੋਲੀ ਪਾਇੰਦਾ । ਪਾਰਬ੍ਰਹਮ ਪ੍ਰਭ ਸਗਲਾ ਸਾਥਾ, ਤ੍ਰਲੋਕੀ ਨਾਥਾ ਆਪ ਅਖਵਾਇੰਦਾ । ਆਪ ਚਲਾਏ ਆਪਣੀ ਗਾਥਾ, ਆਪਣਾ ਨਾਮ ਧਰਾਇੰਦਾ । ਸਤਿਜੁਗ ਚਲਾਏ ਸਾਚਾ ਰਾਥਾ, ਰਥ ਰਥਵਾਹੀ ਵੇਖ ਵਖਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਰਾਗ ਅਲਾਇੰਦਾ । ਏਕਾ ਗੇੜਣਹਾਰਾ ਉਲਟੀ ਲਾਠਾ, ਗੇੜਾ ਆਪਣੇ ਹੱਥ ਰਖਾਇੰਦਾ । ਸਚ ਸਰੋਵਰ ਮਾਰੇ ਠਾਠਾਂ, ਇਕ ਅਸ਼ਨਾਨ ਕਰਾਇੰਦਾ । ਧੁਰਦਰਗਾਹੀ ਆਏ ਨਾਠਾ, ਲੋਕਮਾਤ ਫੇਰਾ ਪਾਇੰਦਾ । ਲੋਆਂ ਪੁਰੀਆਂ ਖੁਲ੍ਹਾਏ ਏਕਾ ਹਾਟਾ, ਬ੍ਰਹਮਾ ਸ਼ਿਵ ਵੇਖ ਵਖਾਇੰਦਾ । ਕਰੋੜ ਤੇਤੀਸਾ ਵੇਖੇ ਤਾਟਾ, ਦਰ ਦਵਾਰੇ ਫੇਰੀ ਪਾਇੰਦਾ । ਨੌਂ ਖੰਡ ਪ੍ਰਿਥਮੀ ਆਨ ਬਾਟਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਆਪੇ ਜਾਣੇ ਆਪਣੀ ਵਾਟਾ, ਦੂਰ ਨੇੜੇ ਨਾ ਕੋਈ ਰਖਾਇੰਦਾ । ਜਨ ਭਗਤਾਂ ਪੂਰਾ ਕਰਣਹਾਰ ਘਾਟਾ, ਨਾਮ ਕੰਡੇ ਤੋਲ ਤੁਲਾਇੰਦਾ । ਸ਼ਬਦ ਅਗੰਮੀ ਮਾਰੇ ਸੱਟ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਦੂਈ ਦਵੈਤੀ ਮੇਟੇ ਫੱਟ, ਏਕਾ ਰੰਗ ਰੰਗਾਇੰਦਾ । ਜੋਤ ਪ੍ਰਕਾਸ਼ ਕਾਇਆ ਮਟ, ਏਕਾ ਧਾਰ ਵਖਾਇੰਦਾ । ਸ਼ਬਦ ਲਪੇਟੇ ਸਾਚੇ ਪੱਟ, ਆਪ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਧਾਰ, ਚਾਰ ਵਰਨਾਂ ਇਕ ਪਿਆਰ, ਏਕੰਕਾਰ ਪਾਵੇ ਸਾਰ, ਇਕ ਖ਼ੁਦਾਈ ਪਰਵਰਦਿਗਾਰ, ਰਾਮ ਰਾਮਾ ਰੂਪ ਆਪ ਨਿਰੰਕਾਰ, ਕਾਹਨਾ

ਕ੍ਰਿਸ਼ਨਾ ਵੇਖ ਵਖਾਇੰਦਾ ।

ਜੁਗ ਜੁਗ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਸਤਿਜੁਗ ਤ੍ਰੇਤਾ ਪਾਵੇ ਸਾਰ, ਦੁਆਪਰ ਵੇਖ ਵਖਾਈਆ । ਕਲਜੁਗ ਤੇਰਾ ਰੂਪ ਅਪਾਰ, ਲੋਕਮਾਤ ਵੱਜੀ ਵਧਾਈਆ । ਮਿਲਿਆ ਮੇਲ ਮੀਤ ਮੁਰਾਰ, ਸੰਗ ਮੁਹੰਮਦ ਇਕ ਰਖਾਈਆ । ਚਾਰ ਯਾਰਾਂ ਕਰ ਤਿਆਰ, ਅੱਲਾ ਰਾਣੀ ਨਾਲ ਪ੍ਰਨਾਈਆ । ਬੇਐਬ ਪਰਵਰਦਿਗਾਰ ਪਾਵੇ ਸਾਰ, ਮੁਕਾਮੇ ਹੱਕ ਦਿਸੇ ਖ਼ੁਦਾਈਆ । ਐਨਲਹੱਕ ਰਿਹਾ ਲਲਕਾਰ, ਏਕਾ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਆਪਣੀ ਬਣਤ ਆਪ ਬਣਾ, ਆਪੇ ਲੇਖ ਲਿਖਾਇੰਦਾ । ਆਪਣਾ ਲੇਖਾ ਆਪ ਗਣਾ, ਆਪੇ ਵੇਖ ਵਖਾਇੰਦਾ । ਆਪਣੀ ਜੰਤਾ ਆਪ ਜਗਾ, ਆਪੇ ਗੂੜ੍ਹੀ ਨੀਂਦ ਸਵਾਇੰਦਾ । ਜੁਗ ਜੁਗ ਦਾਤੇ ਦਾਨੀ ਦਿਤਾ ਵਰ, ਦਰ ਦਰਵੇਸ਼ਾ ਫੇਰੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ, ਗਣਪਤ ਗਣੇਸ਼ਾ ਆਪ ਉਠਾਇੰਦਾ । ਅਲੱਖ ਨਿਰੰਜਣ ਆਪਣੀ ਅਲੱਖ ਕਰ, ਨਾਮ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਧਾਰ ਤੇਰੇ ਰੰਗ ਰੰਗਾਇੰਦਾ । ਤੇਰਾ ਭੇਵ ਲੱਖ ਚਾਰ ਹਜ਼ਾਰ, ਬੱਤੀ ਹਜ਼ਾਰ ਬੱਤੀ ਬੱਤੀ ਦੰਦ ਗਣਾਇਆ । ਭੇਵ ਨਾ ਪਾਵੇ ਕੋਈ ਸੰਸਾਰ, ਪਾਰਬ੍ਰਹਮ ਨਾ ਭੇਵ ਖੁਲ੍ਹਾਇਆ । ਆਦਿ ਅੰਤ ਏਕੰਕਾਰ, ਭਾਣੇ ਆਪਣੇ ਆਪ ਸਮਾਇਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਬੂਝ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਧਰਾਇਆ । ਕਲਜੁਗ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਜੋਤ ਸਰੂਪ ਕਰ ਅਕਾਰ, ਨਾਨਕ ਗਿਆ ਸਮਾਈਆ । ਨਾਨਕ ਸਰਗੁਣ ਕਰ ਵਿਚਾਰ, ਅੱਠੇ ਪਹਿਰ ਧਿਆਈਆ । ਏਕਾ ਲਿਵ ਏਕਾ ਧਾਰ, ਏਕਾ ਦਰ ਇਕ ਦਵਾਰ, ਏਕਾ ਬੈਠਾ ਬੇਪਰਵਾਹੀਆ । ਏਕਾ ਮੰਗਣ ਮੰਗ ਬਣ ਭਿਖਾਰ, ਆਪ ਆਪਣੀ ਝੋਲੀ ਡਾਹੀਆ । ਆਪ ਆਪਣੀ ਅਬਿਨਾਸ਼ੀ ਕਰਤਾ ਪਾਵੇ ਸਾਰ, ਨਿਰਗੁਣ ਮੇਲਾ ਮੇਲ ਮਿਲਾਈਆ । ਸਚ ਮਹੱਲੇ ਬੈਠਾ ਏਕੰਕਾਰ, ਆਪਣਾ ਥਾਨ ਸੁਹਾਈਆ । ਨਾਨਕ ਢਹਿ ਪਏ ਦਵਾਰ, ਮੰਗੇ ਚਰਨ ਧੂੜ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪਣੀ ਇਛਿਆ ਪਾਈ ਭਿਛਿਆ, ਤੋਟ ਰਹੇ ਨਾ ਰਾਈਆ । ਹਰਿ ਹਰਿ ਹਰਿ ਬੇਅੰਤ, ਬੇਅੰਤ ਆਪ ਅਖਵਾਇਆ । ਸਤਿਗੁਰ ਮੇਲਾ ਸਾਜਣ ਸੰਤ, ਸਾਚਾ ਦਰ ਆਪ ਸੁਹਾਇਆ । ਆਦਿ ਪੁਰਖ ਏਕਾ ਕੰਤ, ਏਕਾ ਨਾਰੀ ਵੇਖ ਵਖਾਇਆ । ਇਕ ਸੁਣਾਏ ਸੁਹਾਗੀ ਛੰਤ, ਏਕਾ ਧੀਰ ਧਰਾਇਆ । ਆਦਿ ਜੁਗਾਦੀ ਮਹਿਮਾ ਅਗਣਤ, ਭੇਵ ਨਾ ਕੋਈ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਾ ਸਾਚੇ ਘਰ, ਘਰ ਸਾਚਾ ਵਿਛੜ ਕਦੇ ਨਾ ਜਾਇਆ ।

### * ੨੧ ਕੱਤਕ ੨੦੧੫ ਬਿਕਰਮੀ ਸਤਿਪਾਲ ਦੇ ਘਰ ਪੂਨਾ *

ਆਸਾ ਮਨਸਾ ਪੂਰ ਕਰ, ਹਰਿਜਨ ਦਇਆ ਕਮਾਈਆ । ਪੁਰਖ ਬਿਧਾਤਾ ਵੇਖੇ ਦਰ, ਦਰ ਦਵਾਰੇ ਫੇਰਾ ਪਾਈਆ । ਆਪਣੀ ਕਿਰਪਾ ਆਪੇ ਕਰ, ਆਪ ਆਪਣਾ ਮੇਲ ਮਿਲਾਈਆ । ਆਪ ਨੁਹਾਏ ਆਤਮ ਸਰ, ਅੰਮ੍ਰਿਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਹਰਿ ਰੰਗ ਮਾਨਿਆ, ਪਰਮ ਪੁਰਖ ਕਰਤਾਰ । ਚਲੇ ਚਲਾਏ ਸਤਿਗੁਰ ਭਾਨਿਆ, ਸਾਚਾ ਮੇਲਾ ਵਿਚ ਸੰਸਾਰ । ਦਰਗਹਿ ਸਾਚੀ ਦੇਵੇ ਮਾਨਿਆ, ਚਰਨ ਕਵਲ ਇਕ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦੁਖੜਾ ਦਏ ਨਿਵਾਰ । ਜਗਤ ਦੁੱਖੜਾ ਜਗਤ ਸੋਗ, ਜਗਤ ਚਿੰਤ ਮਿਟਾਈਆ । ਆਤਮ ਨਾਮ ਸਾਚਾ ਜੋਗ, ਏਕਾ ਦਰ ਵਖਾਈਆ । ਦੇਵੇ ਦਰਸ ਹਰਿ ਅਮੋਘ, ਤ੍ਰਿਸ਼ਨਾ ਭੁੱਖ ਗਵਾਈਆ । ਨਾਮ ਜਪਾਵੇ ਸਾਚੀ ਚੋਗ, ਆਪ ਆਪਣੀ ਬੂਝ ਬੁਝਾਈਆ । ਹਉਮੇ ਦੂਈ ਦਵੇਤੀ ਕੱਢੇ ਰੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਦਰ, ਹਰਿ ਸੱਜਣ ਵੇਖ ਵਖਾਈਆ । ਭਗਤਨ ਮੀਤਾ ਹਰਿ ਗਿਰਧਾਰ, ਨਿਰਵੈਰ ਰੂਪ ਸਮਾਇਆ । ਆਪੇ ਬੰਨੇ ਆਪਣੀ ਧਾਰ, ਜੁਗ ਵਿਛੜੇ ਜਗ ਮੇਲ ਮਿਲਾਇਆ । ਆਤਮ ਅੰਤਰ ਇਕ ਪਿਆਰ, ਬ੍ਰਹਮ ਪਾਰਬ੍ਰਹਮ ਸਮਾਇਆ । ਸਾਚੇ ਮੰਦਰ ਖੋਲ੍ਹ ਕਿਵਾੜ, ਦੀਵਾ ਬਾਤੀ ਇਕ ਜਗਾਇਆ । ਵਾ ਨਾ ਲੱਗੇ ਤੱਤੀ ਹਾੜ, ਪੰਜ ਤਤ ਨਾ ਹੋਏ ਹਲਕਾਇਆ । ਦਰ ਘਰ ਸਾਚੇ ਦੇਵੇ ਵਾੜ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮਿਤ ਨਿਤ ਨਵਿਤ ਅਬਿਨਾਸ਼ੀ ਅਚੁੱਤ ਦਰ ਦਰਵੇਸ਼ ਸ਼ਾਹ ਨਰੇਸ਼, ਲੋਕਮਾਤ ਆਵੇ ਜਾਵੇ ਫੇਰੀ ਪਾਇਆ ।

## * ੨੧ ਕੱਤਕ ੨੦੧੫ ਬਿਕਰਮੀ ਠਾਕਰ ਸਿੰਘ ਦੇ ਘਰ ਪੂਨਾ *

ਹਰਿ ਸੱਜਣ ਹਰਿ ਦਰ ਮੇਲੜਾ, ਪਰਮ ਪੁਰਖ ਕਰਤਾਰ । ਆਬਿਨਾਸ਼ੀ ਕਰਤਾ ਇਕ ਅਕੇਲੜਾ, ਖੇਲੇ ਖੇਲ ਸਰਬ ਸੰਸਾਰ । ਵੇਖ ਵਖਾਏ ਗੁਰੂ ਗੁਰ ਚੇਲੜਾ, ਸੁਹਾਏ ਬੰਕ ਦਵਾਰ । ਵਸੇ ਧਾਮ ਸਦ ਨਵੇਲੜਾ, ਅਗੰਮ ਅਗੰਮੜੀ ਕਰੇ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਹਰਿ ਹਰਿ ਪਾਇਆ, ਆਤਮ ਬ੍ਰਹਮ ਗਿਆਨ । ਗੁਰ ਪੂਰਾ ਵੇਖ ਵਖਾਇਆ, ਸ਼ਬਦੀ ਸ਼ਬਦ ਨਿਸ਼ਾਨ । ਧੁਨ ਆਤਮਕ ਰਾਗ ਅਲਾਇਆ, ਆਪ ਸੁਣਾਏ ਸਾਚੇ ਕਾਨ । ਦਰ ਮੰਦਰ ਇਕ ਸੁਹਾਇਆ, ਪੰਜ ਤਤ ਮਹੱਲ ਮਕਾਨ । ਨਿਰਗੁਣ ਬਾਤੀ ਦੀਪ ਜਗਾਇਆ, ਵੇਖਣਹਾਰ ਗੁਣ ਨਿਧਾਨ । ਤ੍ਰੈਗੁਣ ਮਾਇਆ ਭੇਵ ਨਾ ਰਾਇਆ, ਮੇਟ ਮਿਟਾਏ ਪੰਜ ਸ਼ੈਤਾਨ । ਪੰਚਮ ਸੇਵਾ ਸਾਚੀ ਲਾਇਆ, ਅਨਹਦ ਵਜਾਏ ਸਾਚਾ ਤਾਨ । ਘਰ ਮੰਗਲ ਏਕਾ ਗਾਇਆ, ਮਿਲਿਆ ਮੇਲ ਸ੍ਰੀ ਭਗਵਾਨ । ਬਜ਼ਰ ਕਪਾਟੀ ਤੋੜ ਤੁੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰ ਪਰਵਾਨ । ਹਰਿਜਨ ਹਰਿ ਭੇਟਿਆ, ਪਾਰਬ੍ਰਹਮ ਕਰਤਾਰ । ਸਤਿਗੁਰ ਪੂਰਾ ਖੇਵਟ ਖੇਟਿਆ, ਗੁਰਮੁਖ ਸਾਚੇ ਲਾਏ ਪਾਰ । ਮਾਤ ਪਿਤ ਉਪਾਏ ਬੇਟੀ ਬੇਟਿਆ, ਬਖ਼ਸ਼ਣਹਾਰ ਚਰਨ ਕਵਲ ਪਿਆਰ । ਸ਼ਬਦ ਦੋਸ਼ਾਲੇ ਆਪ ਲਪੇਟਿਆ, ਲੱਖ ਚੁਰਾਸੀ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਉਭਾਰ । ਗੁਰਮੁਖ ਸਾਚਾ ਮੀਤੜਾ, ਹਰਿ ਹਰਿ ਮੇਲ ਮਿਲੰਨ । ਕਾਇਆ ਚੋਲੀ ਰੰਗੇ ਚੀਥੜਾ, ਦੇਵੇ ਨਾਮ ਧਨ । ਸ਼ਬਦ ਅਨਾਦੀ ਸੁਣਾਏ ਗੀਤੜਾ, ਰਾਗ ਅਨਾਦੀ ਏਕਾ ਕੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬੇੜਾ ਦੇਵੇ ਬੰਨ੍ਹ । ਬੇੜਾ ਬੰਨਣਹਾਰ ਸਮਰਥ, ਏਕਾ ਏਕੰਕਾਰਿਆ ।

ਜਨ ਭਗਤਾਂ ਰੱਖੇ ਦੇ ਕਰ ਹੱਥ, ਜੁਗ ਜੁਗ ਲੋਕਮਾਤ ਲਏ ਅਵਤਾਰਿਆ । ਆਪ ਚਲਾਏ ਆਪਣੀ ਗਾਥ, ਆਪ ਆਪਣਾ ਮਾਰਗ ਲਾ ਰਿਹਾ । ਆਪ ਨਿਭਾਏ ਆਪਣਾ ਸਾਥ, ਸਗਲਾ ਸੰਗ ਆਪ ਰਖਾ ਰਿਹਾ । ਦੇਵਣਹਾਰਾ ਸੱਚੀ ਵੱਥ, ਨਾਮ ਦਾਨ ਝੋਲੀ ਪਾ ਰਿਹਾ । ਪੰਜ ਤਤ ਵਿਕਾਰਾ ਕਰ ਇਕੱਠ, ਜੋਤੀ ਲੰਬੂ ਲਾ ਰਿਹਾ । ਤ੍ਰੈਗੁਣ ਮਾਇਆ ਤੇਰਾ ਭੱਠ, ਹਰਿ ਸਾਚੇ ਵੇਖ ਵਖਾ ਰਿਹਾ । ਕਾਮ ਕਰੋਧ ਲੋਭ ਮੋਹ ਹੰਕਾਰਾ ਦੇਵੇ ਮੱਥ, ਜੀਵ ਜੰਤਾਂ ਆਪ ਮਿਲਾ ਰਿਹਾ । ਗੁਰਮੁਖ ਵਿਰਲੇ ਬਖ਼ਸ਼ੇ ਏਕਾ ਹਠ, ਸਚ ਵਸਤ ਇਕ ਬੁਝਾ ਰਿਹਾ । ਦਰਸ ਦਖਾਏ ਨੱਠ ਨੱਠ, ਅਬਿਨਾਸ਼ੀ ਕਰਤਾ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਮਿਲਿਆ ਮੇਲ ਹਰਿ ਨਿਰੰਕਾਰ, ਹਰਿਜਨ ਵੱਡੀ ਵਡਿਆਈਆ । ਨਾਤਾ ਮੇਟੇ ਸਰਬ ਸੰਸਾਰ, ਕੂੜੀ ਕਿਰਿਆ ਰਹਿਣ ਨਾ ਪਾਈਆ । ਕਲਜੁਗ ਮੇਟੇ ਅੰਧ ਅੰਧਿਆਰ, ਦੀਵਾ ਬਾਤੀ ਇਕ ਜਗਾਈਆ । ਸ਼ਬਦ ਉਪਜਾਏ ਸੱਚੀ ਧੁਨਕਾਰ, ਅੰਦਰ ਮੰਦਰ ਮੰਗਲ ਗਾਈਆ । ਦਰਗਹਿ ਸਾਚੀ ਕਰ ਪਰਵਾਨ, ਆਪ ਆਪਣਾ ਸੰਗ ਰਖਾਈਆ । ਧਰਮ ਵਖਾਏ ਇਕ ਨਿਸ਼ਾਨ, ਗੁਣ ਨਿਧਾਨਾ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲਏ ਮਿਲਾਈਆ । ਧਾਮ ਅਵੱਲੜਾ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਇਕ ਇਕੱਲਾ ਖੇਲੇ ਖੇਲ ਅਪਾਰ, ਦਿਸ ਕਿਸੇ ਨਾ ਆਇਆ । ਸਚਖੰਡ ਦਵਾਰਾ ਆਪੇ ਮਲੜਾ, ਸ਼ਬਦ ਸਿੰਘਾਸਣ ਡੇਰਾ ਲਾਇਆ । ਦੂਰ ਦੁਰਾਡਾ ਧੁਰਦਰਗਾਹੀ ਖਲੜਾ, ਲੋਕਮਾਤ ਵੇਖ ਵਖਾਇਆ । ਗੁਰਮੁਖਾਂ ਭਾਰੀ ਕਰੇ ਪੱਲੜਾ, ਹਰਿ ਨਾਮ ਝੋਲੀ ਪਾਇਆ । ਕਰਨੀ ਕਰਤਾ ਕੀਮਤ ਕੋਈ ਨਾ ਲਾਏ ਦਮੜਾ, ਆਪ ਅਪਣਾ ਅੰਗ ਕਟਾਇਆ । ਹੱਡ ਮਾਸ ਨਾੜੀ ਨਾ ਕੋਈ ਚੰਮੜਾ, ਲਹਿਣਾ ਦੇਣਾ ਮੂਲ ਚੁਕਾਇਆ । ਮਾਤ ਪਿਤ ਨਾ ਅੰਮੀ ਅੰਮੜਾ, ਭੈਣ ਭਾਈ ਨਾ ਕੋਈ ਦਿਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਏ ਤਰਾਇਆ । ਤਾਰਨਹਾਰ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਵੇਖੇ ਜਗਤ ਤਮਾਸ਼ਾ, ਭੇਖਾਧਾਰੀ ਭੇਖ ਵਟਾਇੰਦਾ । ਚੌਦਾਂ ਲੋਕਾਂ ਖੋਲ੍ਹੇ ਹਾਟਾ, ਹੱਟ ਵਣਜਾਰਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵਖਾਏ ਸਾਚਾ ਦਰ, ਦਰ ਦਵਾਰਾ ਇਕ ਸੁਹਾਇੰਦਾ । ਦਰ ਦਵਾਰ ਪਰਵਰਦਿਗਾਰ, ਏਕਾ ਏਕੰਕਾਰਿਆ । ਸ਼ਬਦ ਸੁਹੇਲਾ ਮੀਤ ਮੁਰਾਰ, ਜੁਗ ਜੁਗ ਵੇਸ ਵਟਾਇਆ । ਆਦਿਨ ਅੰਤਾ ਏਕੰਕਾਰ, ਲਿਖਿਆ ਲੇਖ ਨਾ ਕੋਈ ਮਿਟਾਇਆ । ਭਗਤ ਵਛਲ ਆਪ ਗਿਰਧਾਰ, ਏਕਾ ਏਕ ਅਖਵਾਇਆ । ਦਾਤਾ ਦਾਨੀ ਦਰ ਭਿਖਾਰ, ਦਰ ਦਵਾਰੇ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਏ ਜਗਾਇਆ । ਹਰਿ ਸੱਜਣ ਹਰਿ ਜਾਗਰਤ ਜੋਤ, ਏਕਾ ਏਕ ਜਗਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਦੂਸਰ ਰੰਗ ਨਾ ਕੋਈ ਵਖਾਇੰਦਾ । ਦੁਰਮਤ ਮੈਲ ਰਿਹਾ ਧੋਤ, ਨਿਰਮਲ ਨੀਰ ਆਤਮ ਜਲ ਪਿਆਇੰਦਾ । ਲੱਭ ਲੱਭ ਥੱਕੇ ਕੋਟੀ ਕੋਟ, ਕੋਟਨ ਕੋਟ ਨੇਤਰ ਨੈਣ ਦਰਸ ਨਾ ਕੋਈ ਪਾਇੰਦਾ । ਜਿਸ ਤਨ ਨਗਾਰੇ ਲਾਏ ਸ਼ਬਦ ਚੋਟ, ਆਪ ਆਪਣੀ ਬੂਝ ਬੁਝਾਇੰਦਾ । ਹਉਮੇ ਮਮਤਾ ਮਾਇਆ ਕੱਢੇ ਖੋਟ, ਗਿਆਨ ਧਿਆਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਸਾਚੇ ਮਾਰਗ ਲਾਇੰਦਾ । ਸਾਚਾ ਮਾਰਗ ਹਰਿ ਕਰਤਾਰ, ਜੁਗ ਜੁਗ ਆਪ ਕਰਾਇਆ । ਆਪ ਆਪਣੀ ਬੰਨ੍ਹੇ ਧਾਰ, ਦੂਸਰ ਸੰਗ ਨਾ ਕੋਈ ਰਲਾਇਆ । ਏਕਾ ਦੂਜਾ

ਭੇਵ ਨਿਵਾਰ, ਤੀਜੇ ਨੇਤਰ ਵੇਖ ਵਖਾਇਆ । ਚੌਥੇ ਪਦ ਸੱਚੀ ਸਰਕਾਰ, ਆਪ ਆਪਣਾ ਮਾਰਗ ਲਾਇਆ । ਪੰਚਮ ਮੇਲਾ ਮੀਤ ਮੁਰਾਰ, ਛੇਵੇਂ ਛੱਪਰ ਛੰਨ ਨਾ ਕੋਈ ਰਖਾਇਆ । ਸੱਤਵੇਂ ਸਤਿ ਪੁਰਖ ਕਰ ਪਸਾਰ, ਇਕ ਇਕੱਲਾ ਬੈਠਾ ਹਰਿ ਘਟ ਡੇਰਾ ਲਾਇਆ । ਲੱਖ ਚੁਰਾਸੀ ਮਹੱਲ ਉਸਾਰ, ਨਿਰਗੁਣ ਧਾਰਾ ਜੋਤ ਜਗਾਇਆ । ਮਨਮੁਖ ਸੁੱਤੇ ਪੈਰ ਪਸਾਰ, ਦਰ ਘਰ ਸਾਚਾ ਨਾ ਕੋਈ ਵਖਾਇਆ । ਗੁਰਮੁਖ ਵਿਰਲਾ ਉਤਰੇ ਪਾਰ, ਜਿਸ ਜਨ ਆਪਣੀ ਦਇਆ ਕਮਾਇਆ । ਮੇਲ ਮਿਲਾਵਾ ਸਿਰਜਣਹਾਰ, ਆਤਮ ਅੰਤਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਦਰ ਸੁਹਾਇਆ । ਆਤਮ ਦਰ ਦਵਾਰਾ ਖੋਲ੍ਹ, ਆਪਣੀ ਦਇਆ ਕਮਾਇੰਦਾ । ਸ਼ਬਦ ਅਨਾਦੀ ਅਨਹਦ ਬੋਲ, ਗੁਰਮੁਖ ਸੋਏ ਉਠਾਇੰਦਾ । ਸਾਚਾ ਮੀਤਾ ਵਸੇ ਕੋਲ, ਆਪ ਆਪਣਾ ਮੂਲ ਚੁਕਾਇੰਦਾ । ਆਤਮ ਅੰਤਰ ਜਾਏ ਮੌਲ, ਭੇਦ ਅਭੇਦ ਭੇਵ ਖੁਲ੍ਹਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਸੁੰਦਰ ਸਾਵਲ ਸਵਲ, ਰਾਮ ਰਾਮਾ ਆਪ ਹੋ ਜਾਇੰਦਾ । ਗੋਬਿੰਦ ਮੇਲਾ ਉਪਰ ਧਵਲ, ਧਰਤ ਧਵਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਦਰ, ਦਰ ਦਵਾਰਾ ਇਕ ਵਖਾਇੰਦਾ । ਕਾਇਆ ਮਹੱਲ ਅਟੱਲ ਉਚ ਮੁਨਾਰ, ਹਰਿ ਹਰਿ ਆਪ ਸੁਹਾਇਆ । ਦੀਵਾ ਬਾਤੀ ਕਰ ਉਜਿਆਰ, ਆਪ ਆਪਣੀ ਜੋਤ ਜਗਾਇਆ । ਕਮਲਾਪਾਤੀ ਖੇਲ ਨਿਆਰ, ਘਰ ਬੈਠਾ ਆਸਣ ਲਾਇਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਦੂਈ ਦਵੈਤੀ ਮੇਟ ਮਿਟਾਇਆ । ਆਤਮ ਸੇਜਾ ਕਰ ਪਿਆਰ, ਸਾਚਾ ਮੀਤ ਮੁਰਾਰ ਨਜ਼ਰੀ ਆਇਆ । ਹਸਤ ਕੀਟ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚਾ ਵੇਖਣਹਾਰਾ, ਏਕਾ ਏਕ ਅਖਵਾਇੰਦਾ । ਆਪੇ ਕਰੇ ਬੰਦ ਕਿਵਾੜਾ, ਆਪੇ ਕੁੰਡਾ ਲਾਹਿੰਦਾ । ਆਪੇ ਮੰਦਰ ਮਹੱਲ ਉਸਾਰਾ, ਆਪੇ ਅੰਤਮ ਢਾਹਿੰਦਾ । ਆਪੇ ਦੀਪਕ ਜੋਤੀ ਕਰ ਉਜਿਆਰਾ, ਆਪੇ ਗੁਲ ਕਰਾਇੰਦਾ । ਆਪੇ ਖੇਲੇ ਖੇਲ ਵਿਚ ਸੰਸਾਰਾ, ਖੇਲਣਹਾਰ ਦਿਸ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਲੋਕਮਾਤ ਲਏ ਅਵਤਾਰਾ, ਜੋਤੀ ਜੋਤ ਜਗਾਇੰਦਾ । ਸੰਤ ਸੁਹੇਲਾ ਮੀਤ ਮੁਰਾਰਾ, ਹਰਿ ਭਗਤੀ ਵੇਖ ਵਖਾਇੰਦਾ । ਗੁਰਮੁਖ ਸਾਜਣ ਸੋਹੇ ਦਵਾਰਾ, ਸਾਚਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਦਰ ਸਾਚਾ ਇਕ ਵਖਾਇੰਦਾ । ਸਾਚਾ ਦਰ ਹਰਿ ਦਰਵਾਜ਼ਾ, ਆਪਣਾ ਆਪ ਵਖਾਇਆ । ਪ੍ਰਗਟ ਹੋ ਗ਼ਰੀਬ ਨਿਵਾਜ਼ਾ, ਨੇਤਰ ਨੈਣਾਂ ਵੇਖ ਵਖਾਇਆ । ਸ਼ਬਦ ਘੋੜਾ ਅਸਵ ਤਾਜਾ, ਗੁਰਮੁਖ ਸਾਚੇ ਆਪ ਜਗਾਇਆ । ਸ਼ਬਦ ਅਗੰਮੀ ਮਾਰੇ ਵਾਜਾ, ਅਨਹਦ ਸੇਵਾ ਲਾਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸਚ ਸੁਲਤਾਨ ਆਪ ਅਖਵਾਇਆ । ਲੋਕਮਾਤ ਰਚਿਆ ਕਾਜਾ, ਲੱਖ ਚੁਰਾਸੀ ਵੇਖਣ ਆਇਆ । ਜਨ ਭਗਤਾਂ ਦੇਵੇ ਨਾਮ ਦਾਜਾ, ਸਾਚੀ ਵੱਥ ਹਰਿ ਸਮਰਥ ਹੱਥ ਫੜਾਇਆ । ਵੇਲੇ ਅੰਤਮ ਰੱਖੇ ਲਾਜਾ, ਰਾਏ ਧਰਮ ਨਾ ਦਏ ਸਜਾਇਆ । ਗਊ ਗ਼ਰੀਬਾਂ ਆਪ ਨਿਵਾਜਾ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚੀ ਦਾਦਾ, ਘਰ ਸਾਚਾ ਇਕ ਸੁਹਾਇਆ । ਦਰ ਘਰ ਸਾਚਾ ਹਰਿ ਨਿਰੰਕਾਰ, ਆਪਣੀ ਬਣਤ ਬਣਾਈਆ ।

ਗੁਰਮੁਖ ਨਾਰੀ ਕਰ ਪਿਆਰ, ਹਰਿਜਨ ਮੇਲ ਮਿਲਾਈਆ । ਏਕਾ ਸੇਜਾ ਕਰ ਉਜਿਆਰ, ਏਕਾ ਰੂਪ ਵਟਾਈਆ । ਏਕਾ ਮੀਤਾ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਧੰਨ ਧੰਨਵੰਤਾ ਖੇਲ ਅਪਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਹਰਿਜਨ ਮੇਲਾ ਵਿਚ ਸੰਸਾਰ, ਕਰਤਾ ਪੁਰਖ ਵੱਡੀ ਵਡਿਆਈਆ । ਗੁਰਮੁਖਾਂ ਮੇਲਾ ਹੋਏ ਇਕ ਦਵਾਰ, ਸਚਖੰਡ ਦਵਾਰਾ ਇਕ ਸੁਹਾਈਆ । ਥਿਰ ਘਰ ਬੈਠ ਸੱਚੀ ਸਰਕਾਰ, ਆਪ ਆਪਣਾ ਵੇਖ ਵਖਾਈਆ । ਅਲੱਖ ਨਿਰੰਜਣ ਪਾਵੇ ਸਾਰ, ਲੇਖਾ ਲਿਖਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚੇ ਵੱਜੀ ਵਧਾਈਆ । ਵੱਜੀ ਵਧਾਈ ਮੰਗਲਾਚਾਰ, ਹਰਿ ਹਰਿ ਸੱਜਣ ਪਾਇਆ । ਸੁਰਤ ਸਵਾਣੀ ਹੋਈ ਖ਼ਬਰਦਾਰ, ਚਰਨ ਕਵਲ ਧਿਆਨ ਲਗਾਇਆ । ਸ਼ਬਦ ਗੁਰ ਮੀਤ ਮੁਰਾਰ, ਆਪ ਆਪਣਾ ਲੜ ਫੜਾਇਆ । ਡੂੰਘੀ ਭਵਰੀ ਕਰੇ ਪਾਰ, ਪੰਜ ਤਤ ਨੇੜ ਨਾ ਆਇਆ । ਅਨਹਦ ਰਾਗ ਸਾਚਾ ਤਾਲ, ਤਾਲ ਤਲਵਾੜਾ ਇਕ ਵਖਾਇਆ । ਮੰਦਰ ਅੰਦਰ ਸੱਚੀ ਸਰਕਾਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਸੁਹਾਏ ਅੰਮ੍ਰਿਤ ਸਾਚਾ ਤਾਲ, ਸਰ ਸਰੋਵਰ ਵੇਖ ਵਖਾਇਆ । ਗੁਰਮੁਖ ਸਾਚੇ ਲਏ ਸੰਭਾਲ, ਕਾਗੋਂ ਹੰਸ ਬਣਾਇਆ । ਮਾਣਕ ਮੋਤੀ ਮਾਰ ਉਛਾਲ, ਏਕਾ ਚੋਗ ਚੁਗਾਇਆ । ਲੱਖ ਚੁਰਾਸੀ ਤੋੜ ਜੰਜਾਲ, ਆਪ ਆਪਣਾ ਬੰਧ ਬੰਧਾਇਆ । ਆਪੇ ਸ਼ਾਹ ਆਪੇ ਕੰਗਾਲ, ਰਾਜ ਰਾਜਾਨ ਆਪ ਅਖਵਾਇਆ । ਕਾਇਆ ਮੰਦਰ ਵੇਖ ਮਕਾਨ, ਘਰ ਘਰ ਵਿਚ ਡੇਰਾ ਲਾਇਆ । ਸਚ ਦਵਾਰੇ ਹੋ ਮਿਹਰਵਾਨ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਹਰਿਜਨ ਸਾਚੇ ਕਰ ਪਰਵਾਨ, ਆਪ ਆਪਣੇ ਦਰ ਸੁਹਾਇਆ । ਆਵਣ ਜਾਵਣ ਛੁੱਟੀ ਕਾਨ, ਮਾਤ ਗਰਭ ਨਾ ਫੇਰਾ ਪਾਇਆ । ਮਿਲਿਆ ਮੇਲ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇਆ । ਪਾਰਬ੍ਰਹਮ ਏਕਾ ਰੂਪ ਮਹਾਨ, ਏਕਾ ਨੂਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਆਦਿ ਜੁਗਾਦਿ ਫੇਰਾ ਪਾਇਆ । ਆਦਿ ਜੁਗਾਦਿ ਪੁਰਖ ਅਗੰਮਾ, ਅਗੰਮੜੀ ਕਾਰ ਕਮਾਇੰਦਾ । ਨਾ ਮਰੇ ਨਾ ਕਦੇ ਜੰਮਾ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸ ਨਾ ਲਏ ਦਮਾ, ਨੇਤਰ ਨੀਰ ਨਾ ਕੋਈ ਵਹਾਇੰਦਾ । ਆਪੇ ਜਾਣੇ ਆਪਣਾ ਕੰਮਾ, ਹਰਿਜਨ ਸਾਚੇ ਵੇਖ ਵਖਾਇੰਦਾ । ਲੇਖੇ ਲਾਏ ਕਾਇਆ ਮਾਟੀ ਹੱਡ ਮਾਸ ਨਾੜੀ ਚੰਮਾ, ਨੌਂ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਵਰ ਦਾਤਾ ਆਪ ਅਖਵਾਇੰਦਾ । ਗੁਰਮੁਖ ਵਡ ਵਡਿਆਈ, ਵਡ ਵੱਡਾ ਹਰਿ ਹਰਿ ਪਾਇਆ । ਜਗਤ ਸਗਲੀ ਚਿੰਤ ਮਿਟਾਈ, ਲਹਿਣਾ ਦੇਣਾ ਮੂਲ ਚੁਕਾਇਆ । ਤਨ ਮੰਦਰ ਵੱਜੀ ਵਧਾਈ, ਸਈਆਂ ਮੰਗਲ ਸਾਚਾ ਗਾਇਆ । ਸਰਬ ਮਿਥਿਆ ਜਗਤ ਲੋਕਾਈ, ਪੁਰਖ ਬਿਧਾਤਾ ਨਜ਼ਰੀ ਆਇਆ । ਗੁਰ ਸ਼ਬਦ ਕਰੀ ਕੁੜਮਾਈ, ਸਾਚਾ ਮੰਗਲ ਗਾਇਆ । ਮਿਲਿਆ ਮੇਲ ਸਾਚੇ ਮਾਹੀ, ਵਿਛੜ ਕਦੇ ਨਾ ਜਾਇਆ । ਨੌਂ ਦਵਾਰ ਨਾ ਠੰਡੀਆਂ ਛਾਈਂ, ਸਾਚਾ ਸੰਗ ਨਾ ਕੋਈ ਜਣਾਇਆ । ਸਤਿਗੁਰ ਪੂਰਾ ਪਕੜੇ ਬਾਹੀਂ, ਆਪ ਆਪਣਾ ਦਰ ਖੁਲ੍ਹਾਇਆ । ਆਤਮ ਸੇਜਾ ਗੁਰਮੁਖ ਚੜ੍ਹਿਆ ਚਾਈਂ ਚਾਈਂ, ਗੁਰ ਪੂਰਾ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਦੀਵਾ ਘਰ ਵਿਚ ਬਾਤੀ, ਘਰ ਮੇਲਾ ਕਮਲਾਪਾਤੀ, ਹਰਿਜਨ ਵੇਖ ਵਖਾਇਆ । ਘਰ ਜੋਤੀ ਘਰ ਪ੍ਰਕਾਸ਼, ਘਰ ਘਰ ਆਪ ਕਰਾਈਆ । ਘਰ ਘਰ ਪੁਰਖ ਅਬਿਨਾਸ਼, ਆਪਣਾ ਬੈਠਾ ਮੁਖ ਛੁਪਾਈਆ । ਘਰ ਘਰ ਵੇਖੇ ਸਰਬ ਗੁਣਤਾਸ, ਵੇਖਣਹਾਰਾ ਦਿਸ ਨਾ ਆਈਆ ।



੭੫੭ ੦੭



Rev-01

ਆਦਿ ਜੁਗਾਦਿ ਜੁਗ ਜੁਗ ਨਾ ਜਾਏ ਵਿਨਾਸ, ਕਰਤੇ ਕਰਨੀ ਕੀਮਤ ਕਿਸੇ ਨਾ ਪਾਈਆ । ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਸੰਗ ਕਾਇਆ ਮੰਦਰ ਅੰਦਰ ਮੰਡਲ ਮੰਡਪ ਪਾਵੇ ਰਾਸ, ਰਵ ਸਸ ਸਤਾਰ, ਸੂਰਜ ਚੰਨ ਸੇਵਾ ਲਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਪਤਾਲਾਂ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਸਰਬ ਧਰਵਾਸ, ਨਿਰਗੁਣ ਜੋਤੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਾਚੇ ਘਰ, ਘਰ ਸਾਚਾ ਇਕ ਸੁਹਾਈਆ ।

## * ੨੧ ਕੱਤਕ ੨੦੧੫ ਬਿਕਰਮੀ ਹਰਬੰਸ ਸਿੰਘ ਦੇ ਘਰ ਕਿਰਕੀ ਪੂਨਾ *

ਨਾਮ ਦਾਨ ਹਰਿ ਭੰਡਾਰ, ਜੁਗ ਜੁਗ ਆਪ ਵਰਤਾਇੰਦਾ । ਹਰਿਜਨ ਦੇਵੇ ਕਰ ਪਿਆਰ, ਵਰਨ ਬਰਨ ਨਾ ਕੋਈ ਰਖਾਇੰਦਾ । ਚਰਨ ਕਵਲ ਜਗਤ ਅਧਾਰ, ਨਾਤਾ ਬਿਧਾਤਾ ਆਪ ਬੰਧਾਇੰਦਾ । ਭਵ ਸਾਗਰ ਕਰਣਹਾਰਾ ਪਾਰ, ਆਪ ਆਪਣਾ ਮੇਲ ਮਿਲਾਇੰਦਾ । ਕਾਇਆ ਗਾਗਰ ਜੋਤ ਉਜਿਆਰ, ਨਿਰਗੁਣ ਰੂਪ ਦਰਸਾਇੰਦਾ । ਸ਼ਬਦ ਖੜਗ ਖੰਡਾ ਤੇਜ ਕਟਾਰ, ਸਚ ਗਾਤਰੇ ਆਪ ਲਟਕਾਇੰਦਾ । ਅੱਠੇ ਪਹਿਰ ਖ਼ਬਰਦਾਰ, ਦਿਵਸ ਰੈਣ ਆਪ ਜਗਾਇੰਦਾ । ਪੰਚ ਵਿਕਾਰਾ ਮਾਰੇ ਮਾਰ, ਹਉਮੇ ਹੰਗਤਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਇਆ ਕਮਾਏ ਦੀਨ ਦਿਆਲਾ, ਹਰਿ ਹਰਿ ਆਪ ਅਖਵਾਇਆ । ਭਗਤ ਵਛਲ ਜਗਤ ਕਿਰਪਾਲਾ, ਭਗਤ ਭਗਵੰਤਾ ਵੇਖ ਵਖਾਇਆ । ਤੋੜਣਹਾਰਾ ਜਗਤ ਜੰਜਾਲਾ, ਜੀਵਣ ਦਾਤਾ ਜੀਵਾਂ ਜੰਤਾਂ ਲਏ ਤਰਾਇਆ । ਦੇਵੇ ਨਾਮ ਸੱਚਾ ਧਨ ਮਾਲਾ, ਸਾਚੀ ਸ਼ਕਤੀ ਤਨ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗਾਏ ਸ਼ਾਹ ਕੰਗਾਲਾ, ਭੇਵ ਨਾ ਰਾਇਆ । ਸ਼ਾਹ ਕੰਗਾਲਾ ਗਹਿਰ ਗੰਭੀਰ, ਹਰਿ ਹਰਿ ਆਪ ਸੁਹਾਇੰਦਾ । ਜਨ ਭਗਤਾਂ ਕਰੇ ਸਾਂਤ ਸਰੀਰ, ਅੰਮ੍ਰਿਤ ਆਤਮ ਮੁਖ ਚੁਆਇੰਦਾ । ਹਉਮੇ ਹੰਗਤਾ ਕੱਢੇ ਪੀੜ, ਹਉਮੇ ਹੰਗਤਾ ਮੇਟ ਮਿਟਾਇੰਦਾ । ਬਜ਼ਰ ਕਪਾਟੀ ਪਰਦਾ ਚੀਰ, ਆਪ ਆਪਣਾ ਮੁਖ ਦਰਸਾਇੰਦਾ । ਸ਼ਾਹ ਸੁਲਤਾਨਾ ਸੱਚਾ ਪੀਰ, ਪੀਰ ਪੀਰਾਂ ਆਪ ਅਖਵਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਕੀਟ ਕੀਟਾਂ ਡੇਰਾ ਲਾਇੰਦਾ । ਨਾ ਕੋਈ ਦੇਹੁਰਾ ਮੰਦਰ ਮਸੀਤ, ਕਾਇਆ ਮੰਦਰ ਅੰਦਰ ਵੇਖ ਵਖਾਇੰਦਾ । ਜਿਸ ਜਨ ਸਾਜਣ ਰੱਖਿਆ ਚੀਤ, ਸਵਛ ਸਰੂਪ ਦਰਸ ਦਖਾਇੰਦਾ । ਜੁਗ ਜੁਗ ਚਲੇ ਅਵੱਲੜੀ ਰੀਤ, ਆਦਿ ਜੁਗਾਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲਾ ਲਏ ਵਰ, ਚਰਨ ਪ੍ਰੀਤ ਇਕ ਰਖਾਇੰਦਾ । ਚਰਨ ਪ੍ਰੀਤੀ ਨਾਤਾ ਜੋੜ, ਆਪਣੀ ਦਇਆ ਕਮਾਇੰਦਾ । ਜਗਤ ਜੰਜਾਲਾ ਦੇਵੇ ਤੋੜ, ਏਕਾ ਨਾਮ ਜਪਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਲੋਆਂ ਪੁਰੀਆਂ ਬਾਹਰ ਕਰਾਇੰਦਾ । ਪੁਰਖ ਅਗੰਮਾ ਆਪੇ ਬੌਹੜ, ਆਪ ਆਪਣਾ ਮੇਲ ਮਿਲਾਇੰਦਾ । ਵੇਖੇ ਪਰਖੇ ਮਿੱਠਾ ਕੌੜ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਦਰ, ਕਰ ਕਿਰਪਾ ਭੇਵ ਖੁਲ੍ਹਾਇੰਦਾ । ਖੋਲ੍ਹੇ ਭੇਵ ਦਰ ਦਰਵੇਸ਼, ਆਪ ਆਪਣੀ ਕਲ ਧਾਰੀਆ । ਨਿਰਗੁਣ ਜੋਤੀ ਕਰ ਕਰ ਵੇਸ, ਖੇਲੇ ਖੇਲ ਅਗੰਮ ਅਪਾਰੀਆ । ਆਪੇ ਵਸਿਆ ਆਪਣੇ

ਦੇਸ, ਆਪ ਸੁਹਾਏ ਬੰਕ ਦਵਾਰਿਆ । ਆਪੇ ਜੋਧਾ ਦਾਤਾ ਸੂਰਬੀਰ ਨਰ ਨਰੇਸ਼, ਨਰ ਨਰਾਇਣ ਆਪ ਅਖਵਾ ਰਿਹਾ । ਆਪੇ ਨਿਰਗੁਣ ਜੋਤੀ ਦਸ ਦਸਮੇਸ਼, ਆਪ ਆਪਣੀ ਕਲ ਵਰਤਾ ਰਿਹਾ । ਆਪੇ ਵੇਖੇ ਵੇਖਣਹਾਰਾ ਧਾਰੀ ਕੇਸ, ਮੂੰਡ ਮੁੰਡਾਏ ਆਪ ਉਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਵੇਖੇ ਘਰ ਘਰ ਸੁਹੰਜਣਾ ਇਕ ਸੁਹਾ ਰਿਹਾ । ਸੁਹੰਜਣਾ ਘਰ ਹਰਿ ਗੋਬਿੰਦ, ਏਕਾ ਏਕ ਰਖਾਇਆ । ਏਕਾ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਰਹਿਣ ਨਾ ਪਾਇਆ । ਗੁਰਮੁਖ ਉਪਜਾਏ ਸਾਚੀ ਬਿੰਦ, ਆਪ ਆਪਣਾ ਮੂਲ ਚੁਕਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਾਗਰ ਸਿੰਧ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੁਰ ਵੇਸ ਵਟਾਇਆ । ਗੁਰ ਗੁਰ ਵੇਸ ਗੁਰ ਗੁਰ ਦਾਨਾ, ਗੁਰ ਗੁਰ ਜੋਤ ਜਗਾਈਆ । ਪਾਰਬ੍ਰਹਮ ਪ੍ਰਭ ਵੇਖ ਵਖਾਏ ਲੋਕ ਤੀਨਾਂ, ਸ੍ਰਿਸ਼ਟ ਸਬਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਲੇਖ ਲਿਖਾਈਆ । ਲੱਖ ਚੁਰਾਸੀ ਜੋਤ ਉਜਿਆਰ, ਦੀਵਾ ਬਾਤੀ ਆਪ ਜਗਾਈਆ । ਆਪੇ ਕਰੇ ਅੰਧ ਅੰਧਿਆਰ, ਅਗਿਆਨ ਅੰਧੇਰ ਮਿਟਾਈਆ । ਆਪੇ ਮੇਲ ਮਿਲਾਏ ਮੇਲਣਹਾਰ, ਮੇਲ ਵਿਛੋੜਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਏ ਤਰਾਈਆ । ਤਾਰਨਹਾਰ ਪੁਰਖ ਅਕਾਲ, ਏਕਾ ਏਕੰਕਾਰਿਆ । ਗੁਰਮੁਖ ਵੇਖੇ ਕਾਇਆ ਮੰਦਰ ਧਰਮਸਾਲ, ਸਚ ਦਵਾਰਾ ਇਕ ਸੁਹਾ ਲਿਆ । ਅੰਦਰ ਮੰਦਰ ਬੈਠਾ ਦੀਨ ਦਿਆਲ, ਦਿਵਸ ਰੈਣ ਪਾਵੇ ਸਾਰਿਆ । ਜੋਤ ਨਿਰੰਜਣ ਦੀਪਕ ਬਾਲ, ਦਹਿ ਦਿਸ਼ਾ ਵੇਖ ਵਖਾ ਲਿਆ । ਅਨਹਦ ਵਜਾਏ ਸਾਚਾ ਢੋਲ, ਗੁਰਮੁਖ ਸੋਇਆ ਆਪ ਉਠਾ ਲਿਆ । ਨਾਮ ਰਤਨ ਗਲ ਪਾਏ ਹਾਰ, ਫੂਲਣ ਬਰਖ਼ਾ ਏਕਾ ਲਾ ਲਿਆ । ਸ਼ਬਦ ਵਿਚੋਲਾ ਬਣ ਦਲਾਲ, ਆਪਣਾ ਮਾਰਗ ਆਪ ਵਖਾ ਲਿਆ । ਨੇੜ ਨਾ ਆਏ ਕਾਲ ਮਹਾਂਕਾਲ, ਧਰਮ ਰਾਏ ਮੁਖ ਛੁਪਾ ਲਿਆ । ਚਿਤਰ ਗੁਪਤ ਦਰ ਬਹਾਲ, ਲਾੜੀ ਮੌਤ ਨਾ ਫੇਰਾ ਪਾ ਲਿਆ । ਸਤਿਗੁਰ ਪੂਰਾ ਲਏ ਸੰਭਾਲ, ਅੰਤਮ ਆਪਣੀ ਗੋਦ ਉਠਾ ਲਿਆ । ਲੱਖ ਚੁਰਾਸੀ ਤੋੜ ਜੰਜਾਲ, ਆਵਣ ਜਾਵਣ ਪੰਧ ਮੁਕਾ ਲਿਆ । ਦੋ ਜਹਾਨਾਂ ਬਣ ਰਖਵਾਲ, ਗੁਰਮੁਖ ਸਾਜਣ ਮੇਲ ਮਿਲਾ ਲਿਆ । ਸੁਹਾਏ ਬੰਕ ਕਾਇਆ ਧਰਮ ਸੱਚੀ ਧਰਮਸਾਲ, ਅਬਿਨਾਸ਼ੀ ਕਰਤੇ ਡੇਰਾ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਲਾ ਆਪਣੇ ਦਰ, ਦਰ ਸਾਚਾ ਇਕ ਸੁਹਾ ਲਿਆ । ਸਾਚਾ ਦਰ ਹਰਿ ਭਗਵਾਨ, ਏਕਾ ਏਕ ਰਖਾਈਆ । ਆਦਿ ਜੁਗਾਦੀ ਇਕ ਨਿਸ਼ਾਨ, ਏਕਾ ਰਿਹਾ ਝੁਲਾਈਆ । ਖੇਲੇ ਖੇਲ ਦੋ ਜਹਾਨ, ਪੁਰੀਆਂ ਲੋਆਂ ਆਪ ਸਮਾਈਆ । ਲੱਖ ਚੁਰਾਸੀ ਮਿਹਰਬਾਨ, ਜੀਆ ਦਾਨ ਝੋਲੀ ਪਾਈਆ । ਸੰਤ ਕੰਤ ਕਰ ਪਰਵਾਨ, ਆਦਿ ਅੰਤ ਮੇਲ ਮਿਲਾਈਆ । ਜੀਵ ਜੰਤ ਜਗਤ ਨਿਦਾਨ, ਸ਼ਬਦ ਹਲੂਣੇ ਰਿਹਾ ਉਠਾਈਆ । ਗੁਰਮੁਖ ਸਾਚੇ ਕਾਇਆ ਚੋਲੀ ਰੰਗੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਮਣੀਆਂ ਮੰਤ, ਮਨ ਮਨੂਆ ਬੰਦ ਬੰਧਾਈਆ । ਮਨੂਆ ਬੰਧੇ ਸ਼ਬਦ ਡੋਰ, ਗੁਰ ਪੂਰੇ ਹੱਥ ਵਡਿਆਈਆ । ਲਹਿਣਾ ਦੇਣਾ ਚੁਕਾਏ ਪੰਚਮ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਅਨਹਦ ਰਾਗ ਸੁਣਾਏ ਸਾਚੀ ਘਨਘੋਰ, ਦਿਵਸ ਰੈਣ ਸ਼ਨਵਾਈਆ । ਆਪਣੇ ਸੰਗ ਆਪੇ ਲਏ ਤੋਰ, ਨਾਮ ਪੱਲਾ ਇਕ ਫੜਾਈਆ । ਹੋਏ ਸਹਾਈ ਅੰਧ ਘੋਰ, ਮੇਟੇ ਰੈਣ ਅੰਧੇਰੀ ਸ਼ਾਹੀਆ । ਹਰਿਜਨ ਅਵਰ ਨਾ ਦੀਸੇ ਹੋਰ, ਗੁਰਮੁਖ

੭੫੯ ੦੨

ਪੂਰੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਤਰਾਈਆ । ਤਾਰਨਹਾਰ ਆਪ ਅਪਰੰਪਰ, ਆਦਿ ਪੁਰਖ ਅਖਵਾਇਆ । ਖੇਲੇ ਖੇਲ ਸਰਬ ਘਟ ਅੰਤਰ, ਅੰਤਰਜਾਮੀ ਭੇਵ ਨਾ ਰਾਇਆ । ਲੱਖ ਚੁਰਾਸੀ ਲੱਗੀ ਬਸੰਤਰ, ਨਾ ਸਕੇ ਕੋਈ ਬੁਝਾਇਆ । ਹਰਿ ਕਾ ਖੇਲ ਜੁਗਾ ਜੁਗੰਤਰ, ਕਲਜੁਗ ਅੰਤਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਜਗਾਇਆ । ਗੁਰਮੁਖ ਸਾਜਣ ਦਇਆ ਕਮਾ, ਆਪਣੀ ਬੂਝ ਬੁਝਾਈਆ । ਲਹਿਣਾ ਦੇਣਾ ਝੋਲੀ ਪਾ, ਪੂਰਬ ਗਹਿਣਾ ਤਨ ਪਹਿਨਾਈਆ । ਨੇਤਰ ਨੈਣਾਂ ਦਰਸ ਵਖਾ, ਆਤਮ ਬ੍ਰਹਮ ਜਣਾਈਆ । ਪਾਰਬ੍ਰਹਮ ਪ੍ਰਭ ਭੇਵ ਜਣਾ, ਭੇਦ ਅਭੇਦ ਸਮਾਈਆ । ਅਛਲ ਅਛੱਲ ਜਗਤ ਭੁਲਾ, ਵਲ ਛਲ ਖੇਲ ਖਲਾਈਆ । ਹਰਿ ਸੱਜਣ ਵੇਖੇ ਥਾਉਂ ਥਾਂ, ਥਾਂ ਸੁਹੰਜਣਾ ਇਕ ਵਡਿਆਈਆ । ਕਾਇਆ ਮੰਦਰ ਵੇਖੇ ਸਚ ਗਿਰਾਂ, ਨੌਂ ਦਰ ਕਰੇ ਰੁਸ਼ਨਾਈਆ । ਪੁਰਖ ਅਗੰਮਾ ਕਰੇ ਸਚ ਨਿਆਂ, ਦਰਗਹਿ ਸਾਚੀ ਦਰ ਸੁਹਾਈਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚੇ ਗੋਦ ਉਠਾਈਆ । ਸ਼ਬਦ ਸੁਹੇਲਾ ਫੜਨਹਾਰਾ ਬਾਂਹ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਸਾਚਾ ਵੇਖ ਵਖਾਈਆ । ਗੁਰਸਿਖ ਸੱਜਣ ਸੱਚਾ ਸ਼ਾਹ, ਸ਼ਾਹ ਸੁਲਤਾਨ ਅਖਵਾਇਆ । ਮਿਲਿਆ ਦਾਤਾ ਬੇਪਰਵਾਹ, ਭਾਂਡਾ ਭਰਮ ਭੰਨਾਇਆ । ਇਕ ਵਖਾਇਆ ਸਾਚਾ ਥਾਂ, ਏਕਾ ਮੰਤਰ ਨਾਮ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦੇ ਮੱਤ ਰਿਹਾ ਸਮਝਾਇਆ । ਗੁਰਮੁਖ ਸਾਜਣ ਸਾਚੀ ਮੱਤ, ਗੁਰ ਗੁਰ ਆਪ ਦਵਾਈਆ । ਏਕਾ ਬ੍ਰਹਮ ਏਕਾ ਤੱਤ, ਏਕਾ ਭੇਵ ਖੁਲ੍ਹਾਈਆ । ਏਕਾ ਜੋਤ ਸਤਿ ਅਸਿਤ, ਸਤਿ ਸਰੂਪ ਸਮਾਈਆ । ਏਕਾ ਬੀਜ ਨਾਮ ਵਤ, ਕਾਇਆ ਕਾਅਬਾ ਬੀਜ ਬਿਜਾਈਆ । ਏਕਾ ਖੋਲ੍ਹੇ ਸਾਚਾ ਹੱਟ, ਚੌਦਾਂ ਹੱਟ ਖੁਲ੍ਹਾਈਆ । ਏਕਾ ਵਣਜ ਲਏ ਖਟ, ਨਾਮ ਵਪਾਰਾ ਇਕ ਕਰਾਈਆ । ਏਕਾ ਸ਼ਬਦ ਏਕ ਪੱਟ, ਤਨ ਸ਼ਿੰਗਾਰ ਕਰਾਈਆ । ਏਕਾ ਸ਼ਬਦ ਅਗੰਮੀ ਮਾਰੇ ਸੱਟ, ਬਜ਼ਰ ਕਪਾਟ ਤੁੜਾਈਆ । ਭਾਗ ਲਗਾਏ ਕਾਇਆ ਮੱਟ, ਗੁਰ ਮੰਦਰ ਖੋਜ ਖੁਜਾਈਆ । ਸਚ ਸਰੋਵਰ ਤੀਰਥ ਤੱਟ, ਆਤਮ ਅੰਤਰ ਇਕ ਇਸ਼ਨਾਨ ਕਰਾਈਆ । ਦੁਰਮਤ ਮੈਲ ਦੇਵੇ ਕੱਟ, ਗੁਰ ਪੂਰੇ ਹੱਥ ਵਡਿਆਈਆ । ਦੂਈ ਦਵੈਤੀ ਮੇਟੇ ਫੱਟ, ਸਗਲੀ ਚਿੰਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਵੇਖੇ ਚਾਈਂ ਚਾਈਂਆ ।



## * ੨੨ ਕੱਤਕ ੨੦੧੫ ਬਿਕ੍ਰਮੀ ਟੋਪਨ ਰਾਮ ਦੇ ਘਰ ਕਿਰਕੀ ਪੂਨਾ *

ਖੜਗ ਨਿਵਾਸ ਖੜਗ ਕੁੰਡ, ਹਰਿ ਹਰਿ ਵੇਖ ਵਖਾਇੰਦਾ । ਜੋਤੀ ਖੇਲ ਵਿਚ ਬ੍ਰਹਿਮੰਡ, ਭੇਵ ਕੋਈ ਨਾ ਪਾਇੰਦਾ । ਉਤਭੁਜ ਸੇਤਜ ਵੇਖੇ ਜੇਰਜ ਅੰਡ, ਲੱਖ ਚੁਰਾਸੀ ਵੇਖ ਵਖਾਇੰਦਾ । ਗੁਰਮੁਖਾਂ ਕਰੇ ਆਪੇ ਵੰਡ, ਆਪ ਆਪਣੀ ਧਾਰ ਬੰਧਾਇੰਦਾ । ਨਾਤਾ ਤੋੜੇ ਭੇਖ ਪਖੰਡ, ਸਾਚਾ ਮਾਰਗ ਏਕਾ ਲਾਇੰਦਾ । ਗੁਰਮੁਖ ਗੁਰਸਿਖ ਆਤਮ ਹੋਏ ਨਾ ਰੰਡ, ਸ੍ਰਿਸ਼ਟ ਸਬਾਈ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਖੜਗ ਕੂਟ ਜਗਤ ਨਿਵਾਸ, ਹਰਿ ਹਰਿ ਦਿਸ ਨਾ ਆਇਆ । ਪਾਰਬ੍ਰਹਮ ਪ੍ਰਭ ਅਬਿਨਾਸ਼,


Rev-01

ਖੇਲੇ ਖੇਲ ਸ੍ਰਿਸ਼ਟ ਸਬਾਇਆ । ਜੀਵਾਂ ਜੰਤਾਂ ਵੇਖੇ ਖੇਲ ਤਮਾਸ਼, ਆਦਿ ਅੰਤ ਵੇਸ ਵਟਾਇਆ । ਸਾਚੇ ਮੰਡਲ ਪਾਵੇ ਰਾਸ, ਹਰਿਜਨ ਸਾਚੇ ਵੇਖ ਵਖਾਇਆ । ਕਾਇਆ ਮੰਦਰ ਵੇਖ ਪ੍ਰਭਾਸ, ਫਲ ਫੁਲਵਾੜੀ ਦਏ ਲਗਾਇਆ । ਲਹਿਣ ਦੇਣ ਚੁਕਾਏ ਦਸ ਦਸ ਮਾਸ, ਜੋ ਜਨ ਮੰਗ ਮੰਗਾਇਆ । ਪੂਰਨ ਕਰਣਹਾਰਾ ਆਸ, ਕਰਨੀ ਕਰਤਾ ਨਾਮ ਧਰਾਇਆ । ਜਿਸ ਜਨ ਬਖ਼ਸ਼ੇ ਚਰਨ ਧਰਵਾਸ, ਧਰ ਧਰਨੀ ਦਏ ਸੁਹਾਇਆ । ਪਾਰ ਕਰਾਏ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਵੇਖ ਵਖਾਇਆ । ਹਰਿਜਨ ਹਰਿ ਮੰਦਰ ਕਾਇਆ ਘਰ, ਆਪ ਆਪਣਾ ਕਰ ਦਰਸ, ਆਪ ਆਪਣਾ ਮੇਲ ਮਿਲਾਇੰਦਾ । ਸਾਚਾ ਮੇਲਾ ਹਰਿ ਕਰਤਾਰ, ਹਰਿ ਹਰਿ ਆਪ ਜਣਾਇੰਦਾ । ਕਾਇਆ ਮੰਦਰ ਸਚ ਦਵਾਰ, ਘਰ ਸੁਹੰਜਣਾ ਇਕ ਵਖਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜ, ਸ੍ਰਿਸ਼ਟ ਸਬਾਈ ਸੰਗ ਨਿਭਾਇੰਦਾ । ਆਪਣਾ ਮਹੱਲ ਆਪ ਉਸਾਰ, ਅੰਦਰ ਮੰਦਰ ਇਕ ਬਣਾਇੰਦਾ । ਡੂੰਘੀ ਕੰਦਰ ਪਾਵੇ ਸਾਰ, ਅਛਲ ਅਛੱਲ ਆਪ ਰਖਾਇੰਦਾ । ਨਿਰਗੁਣ ਬਾਤੀ ਕਰ ਉਜਿਆਰ, ਦੀਪਕ ਜੋਤੀ ਇਕ ਜਗਾਇੰਦਾ । ਸ਼ਬਦੀ ਧੁਨ ਅਪਰ ਅਪਾਰ, ਅਨਹਦ ਤਾਲ ਵਜਾਇੰਦਾ । ਨਾਰੀ ਨਰ ਨਾ ਪਾਵੇ ਸਾਰ, ਗੁਰਮੁਖ ਸਾਜਣ ਮੇਲ ਮਿਲਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਜੁਗ ਜੁਗ ਮਾਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਘਰ, ਘਰ ਮੰਦਰ ਇਕ ਸੁਹਾਇੰਦਾ । ਕਾਇਆ ਮੰਦਰ ਘਰ ਉਜਾਲਾ, ਹਰਿ ਹਰਿ ਜੋਤ ਜਗਾਈਆ । ਗੁਰਮੁਖਾਂ ਮੇਲਾ ਦੀਨ ਦਿਆਲਾ, ਘਰ ਮੰਦਰ ਦਏ ਮਿਲਾਈਆ । ਵੇਖ ਵਖਾਏ ਸਾਚੇ ਲਾਲਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਹਿਣਾ ਨੇਤਰ ਨੈਣਾਂ, ਆਪ ਆਪਣਾ ਦਰਸ ਦਖਾਈਆ । ਨੇਤਰ ਨੈਣ ਆਪੇ ਖੋਲ੍ਹ, ਆਪਣੀ ਦਇਆ ਕਮਾਇੰਦਾ । ਸ਼ਬਦ ਅਗੰਮੀ ਆਪੇ ਬੋਲ, ਭੇਦ ਅਭੇਦ ਆਪ ਖੁਲ੍ਹਾਇੰਦਾ । ਨਾਮ ਕੰਡੇ ਏਕਾ ਤੋਲ, ਸਾਚਾ ਤੋਲਾ ਨਾਮ ਧਰਾਇੰਦਾ । ਭਾਗ ਲਗਾਏ ਕਾਇਆ ਚੋਲ, ਜੋ ਜਨ ਮੰਗ ਮੰਗਾਇੰਦਾ । ਬਜ਼ਰ ਕਪਾਟੀ ਕੁੰਡਾ ਖੋਲ੍ਹ, ਦਸਮ ਦਵਾਰੀ ਵੇਖ ਵਖਾਇੰਦਾ । ਆਤਮ ਸੇਜਾ ਵਸੇ ਕੋਲ, ਆਪ ਆਪਣਾ ਮੁਖ ਛੁਪਾਇੰਦਾ । ਹੌਲੀ ਹੌਲੀ ਰਿਹਾ ਬੋਲ, ਆਪ ਆਪਣਾ ਰਾਗ ਅਲਾਇੰਦਾ । ਕਾਇਆ ਧਰਤੀ ਰਿਹਾ ਮੌਲ, ਧਰ ਧਰਨੀ ਇਕ ਵਖਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਗੁਰਮੁਖ ਮੇਲਾ ਸਚ ਦਵਾਰ, ਹਰਿ ਹਰਿ ਆਪ ਕਰਾਈਆ । ਮੇਲੇ ਮੇਲ ਮੇਲਣਹਾਰ, ਭੇਵ ਨਾ ਕੋਈ ਰਖਾਈਆ । ਗੁਰਮੁਖ ਸੋਹੇ ਇਕ ਦਵਾਰ, ਬੰਕ ਦਵਾਰਾ ਇਕ ਸੁਹਾਈਆ । ਪੁਰਖ ਅਗੰਮੜਾ ਅਗੰਮੜੀ ਕਾਰ, ਆਦਿ ਜੁਗਾਦਿ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਸ ਸਰਬੰਸ ਕੋਟਨ ਕੋਟ ਸਹੰਸ ਸਹੰਸਰ ਪਾਰ ਕਰਾਈਆ । ਕੋਟਨ ਕੋਟੀ ਕੋਟ, ਏਕਾ ਏਕ ਅਖਵਾਨਿਆ । ਗੁਰਮੁਖਾਂ ਕੱਢੇ ਵਾਸਨਾ ਖੋਟ, ਦੁਰਮਤ ਮੈਲ ਮਿਟਾਨਿਆ । ਆਲਣਿਉਂ ਡਿੱਗੇ ਜੀਵ ਜੰਤ ਬੋਟ, ਆਪ ਆਪਣੀ ਗੋਦ ਉਠਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਇਕ ਸੁਹਾਨਿਆ । ਸਾਚਾ ਘਰ ਹਰਿ ਸੁਹੰਤਾ, ਏਕਾ ਏਕੰਕਾਰਿਆ । ਏਕਾ ਜੋਤ ਸ੍ਰੀ ਭਗਵੰਤਾ, ਜੁਗ ਜੁਗ ਲਏ ਮਾਤ ਅਵਤਾਰਿਆ । ਮੇਲ ਮਿਲਾਏ ਸਾਚੇ ਕੰਤਾ, ਵੇਖੇ ਬੰਦ ਕਿਵਾੜਿਆ । ਜੋ ਜਨ ਦਰ ਦਵਾਰੇ ਹੋਏ ਮੰਗਤਾ, ਮੰਗੇ ਨਾਮ ਦਾਨ ਦਰਸ ਅਗੰਮ ਅਪਾਰਿਆ । ਕਾਇਆ ਚੋਲੀ ਆਪੇ ਰੰਗਦਾ, ਰੰਗ

੭੬੧
੦੨

ਮਜੀਠੀ ਇਕ ਚੜ੍ਹਾ ਰਿਹਾ । ਆਪਣੇ ਅੰਦਰ ਆਪੇ ਲੰਘਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਟੁੱਟੀ ਗੰਢਣਹਾਰ ਗੋਪਾਲ, ਗੁਰਮੁਖ ਵੇਖੇ ਸਾਚੇ ਲਾਲ, ਸੰਤ ਸੁਹੇਲਾ ਇਕ ਅਖਵਾ ਰਿਹਾ । ਸੰਤ ਸਾਜਣ ਹਰਿ ਹਰਿ ਮੀਤ, ਸਤਿਗੁਰ ਆਪ ਅਖਵਾ ਰਿਹਾ । ਆਪ ਆਪਣੀ ਚਲੇ ਰੀਤ, ਚਾਲ ਅਵੱਲੜੀ ਇਕ ਵਖਾ ਰਿਹਾ । ਆਪੇ ਹਸਤ ਆਪੇ ਕੀਟ, ਆਪੇ ਪਤਿਤ ਆਪ ਪੁਨੀਤ, ਪਤਿਤ ਪਾਵਨ ਨਾਮ ਧਰਾ ਲਿਆ । ਗੁਰਸਿਖ ਨਾ ਦੇਹੁਰਾ ਮੰਦਰ ਮਸੀਤ, ਗੁਰਦਵਾਰ ਨਾ ਕੋਈ ਜਣਾ ਰਿਹਾ । ਗੁਰਮੁਖਾਂ ਦਏ ਸ਼ਬਦ ਅਨਡੀਠ, ਕਾਇਆ ਮੰਦਰ ਅੰਦਰ ਤਾਲ ਵਜਾ ਲਿਆ । ਮਨਮੁਖਾਂ ਸੁੱਤਾ ਦੇ ਕਰ ਪੀਠ, ਸੰਤ ਮਨੀ ਸਿੰਘ ਲੇਖ ਲਿਖਾ ਲਿਆ । ਆਪ ਆਪਣੇ ਰੱਖੇ ਸਾਇਆ ਹੇਠ, ਜਿਸ ਜਨ ਆਪਣੀ ਦਇਆ ਕਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੁੜਾ ਦੇਵੇ ਵਰ, ਦਰ ਸਾਚਾ ਇਕ ਸੁਹਾਇਆ । ਸ਼ਬਦ ਸੁਨੇਹੁੜਾ ਸਾਚੇ ਸੰਤ, ਹਰਿ ਹਰਿ ਜੋਤ ਜਗਾਈਆ । ਮੇਲ ਮਿਲਾਵਾ ਹਰਿ ਹਰਿ ਕੰਤ, ਨਾਰੀ ਕੰਤ ਇਕ ਅਖਵਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਰਸਨਾ ਜਿਹਵਾ ਮਣੀਆਂ ਮੰਤ, ਨਾਮ ਅਮੋਲਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਧਾਈਆ । ਸਾਚਾ ਘਰ ਸੰਤ ਦੁਲਾਰ, ਮਨੀ ਸਿੰਘ ਮਨ ਮਾਨਿਆ । ਪਾਰਬ੍ਰਹਮ ਪ੍ਰਭ ਲਏ ਅਵਤਾਰ, ਖੇਲੇ ਖੇਲ ਦੋ ਜਹਾਨਿਆ । ਲੋਆਂ ਪੁਰੀਆਂ ਪਾਵੇ ਸਾਰ, ਨੌਂ ਖੰਡ ਹੋਏ ਪ੍ਰਧਾਨਿਆ । ਸੱਤਾਂ ਦੀਪਾਂ ਦਏ ਹੁਲਾਰ, ਲੱਖ ਚੁਰਾਸੀ ਜੋਧਾ ਸੂਰਬੀਰ ਬਲੀ ਬਲਵਾਨਿਆ । ਗੁਰਮੁਖ ਸਾਚੇ ਲਏ ਉਭਾਰ, ਜਿਸ ਜਨ ਦੇਵੇ ਨਾਮ ਨਿਧਾਨਿਆ । ਏਕਾ ਅੱਖਰ ਕਰ ਪਿਆਰ, ਦੂਜਾ ਭੇਵ ਮਿਟਾਨਿਆ । ਤੀਜਾ ਖੋਲ੍ਹੇ ਬੰਦ ਕਿਵਾੜ, ਨੇਤਰ ਨੈਣ ਇਕ ਵਖਾਨਿਆ । ਚੌਥੇ ਪਦ ਦੇਵੇ ਵਾੜ, ਦੇਵੇ ਸਾਚਾ ਬ੍ਰਹਮ ਗਿਆਨਿਆ । ਪੰਚਮ ਮੇਲਾ ਮੀਤ ਮੁਰਾਰ, ਹਰਿਜਨ ਸਾਚਾ ਘਰ ਪਛਾਨਿਆ । ਛੱਪਰ ਛੰਨ ਨਾ ਕੋਈ ਪਸਾਰ, ਘਰ ਘਰ ਬੈਠਾ ਹਰਿ ਭਗਵਾਨਿਆ । ਨਿਰਗੁਣ ਜੋਤ ਕਰ ਉਜਿਆਰ, ਲੱਖ ਚੁਰਾਸੀ ਖੇਲ ਮਹਾਨਿਆ । ਸੰਤ ਮਨੀ ਸਿੰਘ ਸਾਂਝਾ ਯਾਰ, ਸਤਿਗੁਰ ਪੂਰਾ ਦੇਵੇ ਮਾਣਿਆ । ਸਿੰਘ ਬਿਸ਼ਨ ਕਰ ਪਿਆਰ, ਮਹੱਲ ਅਟੱਲ ਇਕ ਵਖਾਨਿਆ । ਅਨਹਦ ਦੇਵੇ ਇਕ ਸਤਾਰ, ਬਹੱਤਰ ਨਾੜਾ ਆਪ ਹਿਲਾਨਿਆ । ਤਿੰਨ ਸੌ ਸੱਠ ਹਾਡੀ ਖੇਲ ਅਪਾਰ, ਪੰਜ ਤਤ ਹੋਏ ਪਰਧਾਨਿਆ । ਰਕਤ ਬੂੰਦ ਦਏ ਅਧਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵਖਾਨਿਆ । ਮਨ ਮਤ ਪਾਏ ਸਾਰ, ਬੁੱਧ ਬਿਬੇਕ ਇਕ ਵਖਾਨਿਆ । ਨੌਂ ਦਰ ਰਹੇ ਵਿਚਾਰ, ਖੇਲੇ ਖੇਲ ਸ੍ਰੀ ਭਗਵਾਨਿਆ । ਦਸਵੇਂ ਮੇਲਾ ਹਰਿ ਕਰਤਾਰ, ਜੋ ਦਰ ਆਏ ਮੰਗੇ ਵਰ, ਦਰਸ ਦਰਸ ਦਰਸ ਇਕ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਦਰ ਦਰ ਦਵਾਰ, ਸਰਬ ਵਖਾਨਿਆਂ । ਸੰਤ ਮਨੀ ਸਿੰਘ ਤੇਰਾ ਦਰ, ਹਰਿ ਹਰਿ ਜੋਤ ਜਗਾਈਆ । ਆਪ ਆਪਣਾ ਲਏ ਵਰ, ਲੋਕਮਾਤ ਕਰੇ ਕੁੜਮਾਈਆ । ਜੋਤੀ ਸ਼ਬਦੀ ਖੇਲ ਕਰ, ਪੰਜ ਤਤ ਦਏ ਤਜਾਈਆ । ਅਗੰਮ ਅਗੰਮੜੇ ਧਾਮ ਵੜ, ਅਲੱਖ ਨਿਰੰਜਣ ਏਕਾ ਅਲੱਖ ਜਗਾਈਆ । ਸ੍ਰਿਸ਼ਟ ਸਬਾਈ ਰਿਹਾ ਫੜ, ਦਿਸ ਕਿਸੇ ਨਾ ਆਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਅਕਾਰ ਜਣਾਈਆ । ਪੰਚ ਵਿਕਾਰਾ ਰਿਹਾ ਲੜ, ਦਰ ਦਰ ਦਏ ਸਜਾਈਆ । ਗੁਰਮੁਖ ਵਿਰਲਾ ਸਾਚੇ ਪੌੜੇ ਜਾਏ ਚੜ੍ਹ, ਜਿਸ ਆਤਮ ਬ੍ਰਹਮ ਜਣਾਈਆ । ਏਕਾ ਅੱਖਰ ਜਾਏ ਪੜ੍ਹ, ਦੂਈ ਦਵੈਤੀ ਰਹਿਣ ਨਾ ਪਾਈਆ । ਕਲਜੁਗ ਅਗਨੀ ਨਾ ਜਾਏ ਸੜ, ਕਾਮ ਕਰੋਧ ਲੋਭ ਮੋਹ,

੭੬੨
੦੭

ਹੰਕਾਰ ਨਾ ਹੋਏ ਹਲਕਾਈਆ । ਪੁਰਖ ਅਬਿਨਾਸ਼ੀ ਹਰਿਜਨ ਹਰ ਘਟ ਜਾਏ ਵੜ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੜ੍ਹੀ ਗੌਰ ਨਾ ਜਾਏ ਸੜ, ਖ਼ਾਕੀ ਖ਼ਾਕ ਨਾ ਕੋਈ ਰਖਾਈਆ । ਸੰਤਨ ਮੀਤਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਆਦਿ ਜੁਗਾਦੀ ਕਰ ਪਸਾਰ, ਲੋਕਮਾਤ ਭੇਖ ਵਟਾਇੰਦਾ । ਕਲਜੁਗ ਤੇਰੀ ਖੇਲ ਨਿਆਰ, ਲੇਖਾ ਲਿਖਤ ਭੇਵ ਨਾ ਪਾਇੰਦਾ । ਹਰਿ ਜੂ ਵਸਿਆ ਸਭ ਤੋਂ ਬਾਹਿਰ, ਹਰ ਘਟ ਆਪੇ ਡੇਰਾ ਲਾਇੰਦਾ । ਗੁਰਮੁਖਾਂ ਦੇਵੇ ਨਾਮ ਅਧਾਰ, ਆਪ ਆਪਣੀ ਬੂਝ ਬੁਝਾਇੰਦਾ । ਵੇਖਣਹਾਰ ਸਚ ਦਵਾਰ, ਕਵਣ ਦਵਾਰ ਜਨ ਸੁਹਾਇੰਦਾ । ਏਕਾ ਦੇਵੇ ਨਾਮ ਭੰਡਾਰ, ਗੁਰਮੁਖਾਂ ਝੋਲੀ ਆਪ ਭਰਾਇੰਦਾ । ਸਤਿਜੁਗ ਸਾਚਾ ਬਣ ਵਰਤਾਰ, ਸੰਤ ਮਨੀ ਸਿੰਘ ਵਿਚ ਵਿਚੋਲਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਬੋਲਾ, ਇਕ ਜੈਕਾਰਾ ਲਾਇੰਦਾ । ਸਾਚਾ ਘਰ ਮਾਤ ਸੁਹਾਵਣਾ, ਹਰਿ ਸਾਚਾ ਮੇਲ ਮਲੰਨਿਆ । ਆਪ ਆਪਣਾ ਭੇਟ ਚੜ੍ਹਾਵਣਾ, ਦੂਈ ਦਵੈਤੀ ਭਾਂਡਾ ਭੰਨਿਆ । ਮਦਿਰਾ ਮਾਸ ਰਸਨ ਤਜਾਵਨਾ, ਭਾਗ ਲੱਗੇ ਕਾਇਆ ਛੱਪਰ ਛੰਨਿਆ । ਕੋਟਨ ਕੋਟ ਪ੍ਰਕਾਸ਼ ਰਵ ਸਸ ਕਰਾਵਣਾ, ਮਿਟੇ ਰੈਣ ਅੰਧੇਰੀ ਮਸਿਆ । ਰਾਗ ਅਨਾਦਾ ਇਕ ਸੁਨਾਵਣਾ, ਪੰਚ ਵਿਕਾਰਾ ਜਾਏ ਭੰਨਿਆ । ਮਹੱਲ ਅਟੱਲ ਉਚ ਮਿਨਾਰ ਡੇਰਾ ਲਾਵਣਾ, ਬਜ਼ਰ ਕਪਾਟੀ ਤੋੜੇ ਜਿੰਦਿਆ । ਗੁਰਮੁਖ ਸਾਚਾ ਸੰਗ ਰਲਾਵਣਾ, ਪਾਰਬ੍ਰਹਮ ਸਤਿਗੁਰ ਪੂਰਾ ਘਰ ਸਾਚੇ ਆਪੇ ਮੰਨਿਆ । ਹਰਿਸੰਗਤ ਹਰਿ ਮੇਲ ਮਿਲਾਵਣਾ, ਖੇਲੇ ਖੇਲ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਖੜਗ ਖੰਡਾ ਹੱਥ ਉਠਾਵਣਾ । ਘੜਗ ਪੁਰ ਨਿਵਾਸ, ਹਰਿ ਖੰਡਾ ਤੇਜ ਚਮਕਾਰਿਆ । ਜਨ ਭਗਤਾਂ ਪੂਰਨ ਕਰੇ ਆਸ, ਦੇਵੇ ਨਾਮ ਸਹਾਰਿਆ । ਜਿਸ ਜਨ ਤ੍ਰਿਸ਼ਨਾ ਲੱਗੀ ਪਿਆਸ, ਤ੍ਰਿਸ਼ਨਾ ਭੁੱਖ ਨਿਵਾਰਿਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਗਾ ਰਿਹਾ । ਪਾਵੇ ਸਾਰ ਪ੍ਰਿਥਮੀ ਅਕਾਸ਼, ਦੋ ਜਹਾਨਾਂ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾ ਰਿਹਾ । ਗੁਰਮੁਖ ਵੇਖ ਅਧਾਰ, ਗੁਰਮੁਖ ਬੂਝ ਬੁਝਾਈਆ । ਗੁਰਮੁਖ ਪਾਵੇ ਸਾਰ, ਮਨਮੁਖ ਭੇਵ ਨਾ ਰਾਈਆ । ਸਤਿਗੁਰ ਪੂਰਾ ਕਰ ਉਜਿਆਰ, ਆਪ ਆਪਣੀ ਜੋਤ ਕਰੇ ਰੁਸ਼ਨਾਈਆ । ਗੁਰਸਿਖ ਮੇਲਾ ਮੀਤ ਮੁਰਾਰ, ਮੇਲ ਮਿਲਾਵਾ ਸਾਚਾ ਮਾਹੀਆ । ਮਨਮੁਖਾਂ ਦਿਸੇ ਅੰਧ ਅੰਧਿਆਰ, ਏਕਾ ਰੈਣ ਅੰਧੇਰੀ ਛਾਈਆ । ਇਕ ਇਕੱਲਾ ਏਕੰਕਾਰ, ਏਕਾ ਰੰਗ ਰੰਗਾਈਆ । ਸੰਤ ਮਨੀ ਸਿੰਘ ਸਚ ਪਿਆਰ, ਹਰਿ ਸਾਚੇ ਵਡ ਵਡਿਆਈਆ । ਮਿਤ ਗਤ ਜਾਣੇ ਆਪ ਕਰਤਾਰ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਆਪ ਆਪਣੀ ਦਇਆ ਕਮਾਈਆ । ਦਇਆ ਕਮਾਏ ਦਇਆਨਿਧ ਦਾਤਾ, ਹਰਿਜਨ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਆਪ ਗਿਆਤਾ, ਭੇਵ ਅਭੇਦ ਨਾ ਕੋਈ ਜਣਾਇੰਦਾ । ਜਿਸ ਜਨ ਬੰਧਾਏ ਚਰਨ ਨਾਤਾ, ਆਦਿ ਜੁਗਾਦਿ ਸੰਗ ਨਿਭਾਇੰਦਾ । ਦਰਸ ਦਖਾਏ ਇਕ ਇਕਾਂਤਾ, ਘਰ ਸਾਚੇ ਫੇਰਾ ਪਾਇੰਦਾ । ਖੇਲਣਹਾਰ ਆਪੇ ਦਾਤਾ, ਆਪ ਆਪਣਾ ਕਰਮ ਕਮਾਇੰਦਾ । ਸਤਿਜੁਗ ਤੇਰੀ ਸਾਚੀ ਗਾਥਾ, ਤੇਰਾ ਨਾਮ ਜਪਾਇੰਦਾ । ਨਾਮ ਚਲਾਏ ਏਕਾ ਗਾਥਾ, ਗੁਰਮੁਖ ਆਪ ਚੜ੍ਹਾਇੰਦਾ । ਇਕ ਜਪਾਏ ਪੂਜਾ ਪਾਠਾ, ਏਕਾ ਇਸ਼ਟ ਰਖਾਇੰਦਾ । ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੬੪
੦੨

ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਹਰਿ ਮਿਹਰਵਾਨ, ਹਰੀ ਹਰਿ ਆਪ ਅਖਵਾਇਆ । ਜਿਸ ਜਨ ਦੇਵੇ ਜੀਆ ਦਾਨ, ਨਾਮ ਨਾਮਾ ਝੋਲੀ ਪਾਇਆ । ਆਤਮ ਅੰਤਰ ਬ੍ਰਹਮ ਗਿਆਨ, ਪਾਰਬ੍ਰਹਮ ਸਮਝਾਇਆ । ਧਰਮ ਝੁਲਾਏ ਇਕ ਨਿਸ਼ਾਨ, ਦਰ ਸਾਚੇ ਆਪ ਝੁਲਾਇਆ । ਨਾ ਕੋਈ ਦੀਸੇ ਪੰਜ ਸ਼ੈਤਾਨ, ਜਗਤ ਵਿਕਾਰਾ ਨਾ ਕੋਈ ਰਖਾਇਆ । ਏਕਾ ਅੱਖਰ ਇਕ ਗਿਆਨ, ਜਗਤ ਵਿਦਿਆ ਮੂਲ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵਣਹਾਰਾ ਵਰ, ਘਰ ਸਾਚਾ ਵੇਖ ਵਖਾਇਆ । ਘਰ ਸਾਚਾ ਦਰ ਸਾਚਾ, ਸਾਚੀ ਬਣਤ ਬਣਾਈਆ । ਜੀਓ ਪਿੰਡ ਜਨ ਵੇਖੇ ਕਾਚਾ, ਪੰਜ ਤਤ ਕਰੀ ਕੁੜਮਾਈਆ । ਤ੍ਰੈਗੁਣ ਮਾਇਆ ਲੱਗੀ ਆਂਚਾ, ਦਿਵਸ ਰੈਣ ਰਹੀ ਜਲਾਈਆ । ਮਨ ਮਨੂਆ ਨੌਂ ਦਵਾਰੇ ਨਾਚਾ, ਮਤ ਮਤਵਾਲੀ ਰਹੀ ਸ਼ਰਮਾਈਆ । ਬੁੱਧ ਮਤ ਨਾ ਦੇਵੇ ਸਾਥਾ, ਬੈਠੀ ਨੈਣ ਮਟਕਾਈਆ । ਸਗਲ ਵਿਸੂਰਾ ਹਰਿਜਨ ਲਾਥਾ, ਜੋ ਜਨ ਹਰਿ ਨੇਤਰ ਦਰਸ਼ਨ ਪਾਈਆ । ਸਰਬ ਕਲਾ ਆਪੇ ਸਮਰਾਥਾ, ਗੁਰਮੁਖਾਂ ਵੇਖ ਵਖਾਈਆ । ਖੇਲੇ ਖੇਲ ਤ੍ਰਲੋਕੀ ਨਾਥਾ, ਤ੍ਰੈਭਵਨ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪ ਆਪਣਾ ਰੰਗ ਰੰਗਾਈਆ । ਕਾਇਆ ਚੋਲੀ ਰੰਗ ਰੰਗਾਵਣਾ, ਰੰਗਣਹਾਰ ਕਰਤਾਰ । ਪਹਿਲੀ ਮੰਗ ਮੰਗ ਮੰਗਾਵਣਾ, ਸ਼ਬਦੀ ਭਰੇ ਭੰਡਾਰ । ਦੂਜੇ ਤ੍ਰਿਸ਼ਨਾ ਭੁੱਖ ਗਵਾਵਣਾ, ਖੋਲ੍ਹੇ ਬੰਦ ਕਿਵਾੜ । ਚੌਥੇ ਚੌਥੇ ਪਦ ਸਮਾਵਣਾ, ਵਾ ਲੱਗੇ ਨਾ ਤੱਤੀ ਹਾੜ । ਪੰਚਮ ਮੀਤਾ ਘਰ ਸਾਚੇ ਪਾਵਣਾ, ਪੁਰਖ ਅਬਿਨਾਸ਼ੀ ਸਾਚਾ ਲਾੜ । ਨਾਰੀ ਕੰਤ ਏਕਾ ਧਾਮ ਸੁਹਾਵਣਾ, ਸਾਚਾ ਵੇਖ ਇਕ ਅਖਾੜ । ਸ਼ਾਹ ਸੁਲਤਾਨਾ ਵੇਖ ਵਖਾਵਣਾ, ਮੇਟ ਮਿਟਾਏ ਪੰਚਮ ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਜਿਸ ਜਨ ਦਰਸ਼ਨ ਪਾਵਣਾ ।

ਬਿਸ਼ਨ ਸਿੰਘ ਹਰਿ ਤੇਰੀ ਯਾਦ, ਹਰਿ ਹਰਿ ਵੇਖ ਵਖਾਈਆ । ਵੇਖਣਹਾਰ ਪਾਰਬ੍ਰਹਮ ਬ੍ਰਹਮ ਬ੍ਰਿਮਾਦ, ਆਦਿ ਜੁਗਾਦਿ ਖੋਜ ਖੁਜਾਈਆ । ਹਰਿ ਅਨਾਦੀ ਸੁਤ ਵਜਾਏ ਸਾਚਾ ਨਾਦ, ਸ਼ਬਦ ਸੁਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੁਖ ਛੁਪਾਈਆ । ਆਪ ਆਪਣਾ ਮੁਖ ਛੁਪਾ, ਭੇਵ ਅਭੇਦ ਰਖਾਇੰਦਾ । ਸੰਤ ਮਨੀ ਸਿੰਘ ਆਪ ਜਗਾ, ਸਾਚੀ ਸੇਵ ਲਗਾਇੰਦਾ । ਲੇਖਾ ਲਿਖਤ ਵਿਚ ਨਾ ਗਿਆ ਆ, ਲਿਖਣਹਾਰ ਦਿਸ ਨਾ ਆਇੰਦਾ । ਸੰਤ ਮਨੀ ਸਿੰਘ ਉਚੀ ਕੂਕੇ ਸ੍ਰਿਸ਼ਟ ਸਬਾਈ ਦਏ ਹਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਰਖਾਇੰਦਾ । ਸੰਤ ਮਨੀ ਸਿੰਘ ਸੁਤ ਦੁਲਾਰ, ਹਰਿ ਹਰਿ ਆਪ ਉਪਾਇਆ । ਸ਼ਬਦ ਸ਼ਬਦੀ ਕਰ ਪਿਆਰ, ਜੋਤੀ ਜੋਤ ਜਗਾਇਆ । ਸਾਚੇ ਅੰਦਰ ਕਰ ਉਜਿਆਰ, ਬਾਤੀ ਦੀਵਾ ਇਕ ਟਿਕਾਇਆ । ਕਮਲਾਪਾਤੀ ਖੇਲ ਨਿਆਰ, ਦਿਵਸ ਰੈਣ ਕਰਾਇਆ । ਆਤਮ ਤਾਕੀ ਖੋਲ੍ਹ ਕਿਵਾੜ, ਆਪਣਾ ਮੁਖ ਦਿਖਲਾਇਆ । ਸ਼ਬਦ ਅਗੰਮੀ ਕਰ ਤਿਆਰ, ਗੁਰ ਪੂਰੇ ਆਪ ਚੜ੍ਹਾਇਆ । ਲਹਿਣਾ ਦੇਣਾ ਚੁਕਾਏ ਬਾਕੀ ਵਿਚ ਸੰਸਾਰ, ਜੋਤੀ ਜੋਤ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੁੜਾ

ਦੇਵੇ ਵਰ, ਦਰ ਘਰ ਸਾਚਾ ਆਪ ਦਵਾਇਆ । ਸੰਤ ਮਨੀ ਸਿੰਘ ਸਤਿ ਜਣਾਈ, ਹਰਿ ਹਰਿ ਆਪ ਕਰਾਇੰਦਾ । ਅੱਠੇ ਪਹਿਰ ਵੱਜਦੀ ਰਹੇ ਵਧਾਈ, ਗੀਤ ਗੋਬਿੰਦ ਅਲਾਇੰਦਾ । ਬਿਸ਼ਨ ਸਿੰਘ ਰਿਹਾ ਸਮਾਈ, ਪਾਰਬ੍ਰਹਮ ਆਪ ਅਖਵਾਇੰਦਾ । ਮਾਇਆ ਪਰਦਾ ਬੈਠਾ ਪਾਈ, ਸ਼ੇਰ ਸਿੰਘ ਸ਼ੇਰ ਨਜ਼ਰ ਨਹੀਂ ਆਇੰਦਾ । ਅੰਤਮ ਵੇਲੇ ਪਕੜੇ ਬਾਹੀਂ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਗੁਰਮੁਖਾਂ ਦੇਵਣਹਾਰਾ ਠੰਡੀਆਂ ਛਾਈਂ, ਜੁਗ ਜੁਗ ਵੇਸ ਵਟਾਇੰਦਾ । ਫੜ ਫੜ ਹੰਸ ਬਣਾਏ ਕਾਈਂ, ਚਿੰਤਾ ਸੋਗ ਮਿਟਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਈਂ, ਸਮਰਥ ਪੁਰਖ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੁਖ ਛੁਪਾਇੰਦਾ । ਸੰਤ ਮਨੀ ਸਿੰਘ ਸ਼ਬਦ ਜੈਕਾਰ, ਬਿਸ਼ਨ ਸਿੰਘ ਸੁਣਾਇਆ । ਸਤਿਗੁਰ ਪੂਰਾ ਲੈ ਅਵਤਾਰ, ਨਰ ਨਰਾਇਣ ਅਖਵਾਇਆ । ਪੰਜ ਤਤ ਕਰ ਪਿਆਰ, ਆਪਣਾ ਰੂਪ ਵਟਾਇਆ । ਪ੍ਰਗਟ ਹੋਵੇ ਵਿਚ ਸੰਸਾਰ, ਕਲਜੁਗ ਅੰਤਮ ਡੰਕ ਵਜਾਇਆ । ਜੋਤੀ ਜਗੇ ਅਗੰਮ ਅਪਾਰ, ਦੋ ਜਹਾਨ ਵੇਖ ਵਖਾਇਆ । ਬ੍ਰਹਮਾ ਵਿਸ਼ਨ ਦੇਵਤ ਸੁਰ ਦਏ ਹੁਲਾਰ, ਕਰੋੜ ਤੇਤੀਸਾ ਆਪ ਜਗਾਇਆ । ਲੱਖ ਚੁਰਾਸੀ ਮਾਰੇ ਮਾਰ, ਕੂੜੀ ਕਿਰਿਆ ਦਏ ਮਿਟਾਇਆ । ਗੁਰਮੁਖਾਂ ਕਰੇ ਇਕ ਪਿਆਰ, ਏਕਾ ਨਾਮ ਦ੍ਰਿੜਾਇਆ । ਚਾਰ ਵਰਨਾਂ ਦਏ ਸਹਾਰ, ਊਚਾਂ ਨੀਚਾਂ ਮੇਲ ਮਿਲਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਇਆ । ਨਾਮ ਖੰਡਾ ਤੇਜ ਕਟਾਰ, ਮਾਰੀ ਜਾਏ ਵਾਰੋ ਵਾਰ, ਦੂਸਰ ਦਿਸ ਕਿਸੇ ਨਾ ਆਇਆ । ਜੋਧਾ ਸੂਰਬੀਰ ਬਲੀ ਬਲਕਾਰ, ਗੁਰ ਗੋਬਿੰਦ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਦਿਤਾ ਵਰ, ਲੇਖਾ ਸ਼ਬਦ ਜਣਾਇਆ । ਸ਼ਬਦ ਜਣਾਈ ਹਰਿ ਗੋਪਾਲ, ਆਪਣੀ ਬੂਝ ਬੁਝਾਇੰਦਾ । ਸੰਤ ਮਨੀ ਸਿੰਘ ਸਾਚਾ ਲਾਲ, ਆਪਣੀ ਗੋਦ ਉਠਾਇੰਦਾ । ਕਰੇ ਕਰਾਏ ਆਪ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਧਰਾਇੰਦਾ । ਕਾਇਆ ਮੰਦਰ ਵੇਖ ਸੱਚੀ ਧਰਮਸਾਲ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਬਦੀ ਸ਼ਬਦ ਚਲਾਏ ਪੁਰਖ ਅਕਾਲ, ਪੁਰਖ ਅਕਾਲ ਰੂਪ ਵਟਾਇੰਦਾ । ਸਿੰਘ ਬਿਸ਼ਨ ਆਪੇ ਭਾਲ, ਆਪੇ ਸੰਤ ਮੇਲ ਮਿਲਾਇੰਦਾ । ਸੰਤ ਵਿਚੋਲਾ ਜਗਤ ਦਲਾਲ, ਗੁਰਸਿਖ ਆਪ ਉਠਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਧਰਮ ਰਾਏ ਨਾ ਡੰਨ ਲਗਾਇੰਦਾ । ਤੋੜਣਹਾਰਾ ਜਗਤ ਜੰਜਾਲ, ਅੰਤ ਕੰਤ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵਿਚ ਸਮਾਇੰਦਾ । ਸਿੰਘ ਬਿਸ਼ਨ ਅੱਗੋਂ ਮੋੜ, ਸੰਤਨ ਬਚਨ ਅਲਾਇਆ । ਸ਼ੇਰ ਸਿੰਘ ਨਾ ਚੜ੍ਹਿਆ ਸਾਚੇ ਘੋੜ, ਵਾਗ ਨਾ ਕੋਈ ਹੱਥ ਉਠਾਇਆ । ਅੰਦਰ ਮੰਦਰ ਨਾ ਲਾਇਆ ਆਪਣਾ ਪੌੜ, ਮਹੱਲ ਅਟੱਲ ਨਾ ਵੇਖ ਵਖਾਇਆ । ਸੁਖਮਨ ਨਾੜੀ ਗਲੀ ਸੌੜ, ਡੂੰਘੀ ਭਵਰ ਨਾ ਪਾਰ ਕਰਾਇਆ । ਜਗਤ ਤ੍ਰਿਸ਼ਨਾ ਲੱਗੀ ਔੜ, ਆਤਮ ਤ੍ਰਿਪਤ ਨਾ ਕੋਈ ਕਰਾਇਆ । ਮਿੱਠਾ ਹੋਇਆ ਰੀਠਾ ਕੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੁਖ ਛੁਪਾਇਆ । ਸੰਤ ਮਨੀ ਸਿੰਘ ਨਾਮ ਲਲਕਾਰ, ਏਕਾ ਏਕ ਲਗਾਈਆ । ਸਿੰਘ ਬਿਸ਼ਨ ਤੇਰਾ ਸਚ ਪਿਆਰ, ਸਾਚਾ ਦਰ ਸੁਹਾਈਆ । ਪੁਰਖ ਅਬਿਨਾਸ਼ੀ ਏਕੰਕਾਰ, ਆਪਣੀ ਕਲ ਵਰਤਾਈਆ । ਚਰਨ ਢਹਿ ਪਏ ਦਵਾਰ, ਨੇਤਰ ਨੈਣ ਖੁਲ੍ਹਾਈਆ । ਬੰਦ ਨਾ ਹੋਏ ਖੁਲ੍ਹਾ ਕਿਵਾੜ, ਜੋਤੀ ਨੂਰ ਨਾ ਕੋਈ ਖਿਚਾਈਆ । ਆਪਣੇ ਅੰਦਰ ਆਪੇ ਲਏ ਵਾੜ, ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਨੀ ਸਿੰਘ ਦੇਵੇ ਸਚ ਸਾਲਾਹੀਆ । ਸਿੰਘ ਬਿਸ਼ਨ ਅਗੋਂ ਬੋਲਾ, ਏਕਾ


੭੬੫
੦੭

ਏਕ ਸੁਣਾਇਆ । ਗਿਆਨੀ ਗੁਣੀ ਨਾ ਭਾਲਾ ਭੋਲਾ, ਠੱਗ ਠਗੌਰੀ ਨਾ ਕੋਈ ਰਖਾਇਆ । ਮੇਰੀ ਬੁੱਧ ਮੇਰਾ ਤੋਲਾ, ਮੇਰਾ ਕੁੰਡਾ ਮੇਰੇ ਤਨ ਰਖਾਇਆ । ਤੇਰੀ ਸੁੱਧ ਤੇਰਾ ਡੋਲਾ, ਤੇਰਾ ਤੇਰੀ ਝੋਲੀ ਪਾਈਆ । ਸਿੰਘ ਸ਼ੇਰ ਦਵਾਰੇ ਨਾ ਹੋਇਆ ਗੋਲਾ, ਆਪ ਆਪਣਾ ਮੁਖ ਭਵਾਇਆ । ਕਾਇਆ ਮੰਦਰ ਅੰਦਰ ਪਾਏ ਰੌਲਾ, ਦਿਵਸ ਰੈਣ ਅੰਧੇਰਾ ਛਾਇਆ । ਫਲ ਫੁਲਵਾੜੀ ਖਿਲੀ ਗੁਲਜ਼ਾਰ, ਰੂਪ ਬਸੰਤ ਨਾ ਵੇਖ ਵਖਾਇਆ । ਝਿਰਨਾ ਝਿਰਿਆ ਨਾ ਨਾਭ ਕਵਲਾ, ਮੁਖ ਸਵਾਂਤ ਬੂੰਦ ਨਾ ਕੋਇ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਦਿਤਾ ਵਰ, ਮੇਲਾ ਘਰ ਘਰ ਸਾਚਾ ਮੇਲ ਮਿਲਾਇਆ । ਸੰਤ ਮਨੀ ਸਿੰਘ ਸਾਚਾ ਗੁਰ, ਸਿੰਘ ਬਿਸ਼ਨ ਜਣਾਈਆ । ਮਿਲਿਆ ਮੇਲ ਲਿਖਿਆ ਧੁਰ, ਘਰ ਸਾਚੇ ਵਡ ਵਡਿਆਈਆ । ਏਕਾ ਮਾਰਗ ਰਿਹਾ ਧਰ, ਏਕਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਦੇਵੇ ਸਾਚਾ ਵਰ, ਸਾਚੀ ਧਾਰ ਚਲਾਈਆ । ਸਾਚੀ ਸਿਫ਼ਤ ਸਲਾਹ, ਆਦਿ ਜੁਗਾਦਿ ਏਕਾ ਏਕ ਅਖਵਾਈਆ । ਸੰਤ ਵਿਚੋਲਾ ਮਾਤ ਬਣਾ, ਸਾਚਾ ਸੁੱਖ ਜਣਾਈਆ । ਅੰਤਮ ਢੋਲਾ ਦਏ ਸੁਣਾ, ਆਪ ਆਪਣੇ ਮੁਖ ਅਲਾਈਆ । ਆਤਮ ਪਰਦਾ ਓਹਲਾ ਦਏ ਚੁਕਾ, ਪੂਤ ਸਪੂਤਾ ਵਿਚੋਲਾ ਇਕ ਰਖਾਈਆ । ਕਾਇਆ ਚੋਲਾ ਦਏ ਸੁਹਾ, ਪੰਜ ਤਤ ਕਰੇ ਰੁਸ਼ਨਾਈਆ । ਰਾਏ ਧਰਮ ਨਾ ਦਏ ਸਜ਼ਾ, ਸੰਤ ਮਨੀ ਸਿੰਘ ਸੰਗ ਰਖਾਈਆ । ਚਰਨ ਕਵਲ ਕਵਲ ਲਏ ਬਹਾ, ਗੁਰ ਪੂਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਿਤ ਆਪਣੀ ਗਤ, ਆਪਣੇ ਹੱਥ ਰਖਾਈਆ । ਗਤਮਿਤ ਹੱਥ ਕਰਤਾਰ, ਕਰਨੀ ਕਰਤਾ ਆਪ ਰਖਾਇਆ । ਰੱਤੀ ਰੱਤ ਵਿਚ ਸੰਸਾਰ, ਰਕਤ ਬੂੰਦ ਮੇਲ ਮਿਲਾਇਆ । ਪੰਜ ਤਤ ਕਰ ਪਿਆਰ, ਹੱਡ ਮਾਸ ਨਾੜੀ ਚੰਮ ਵੇਖ ਵਖਾਇਆ । ਮਨਮਤ ਦਏ ਅਧਾਰ, ਬੁੱਧ ਬਬੇਕਾ ਨਾਲ ਰਲਾਇਆ । ਆਪ ਆਪਣਾ ਕਰ ਕਿਨਾਰ, ਬੈਠਾ ਧਾਮ ਸੁਹਾਇਆ । ਘਰ ਮਹੱਲ ਅਟੱਲ ਉਚ ਮਿਨਾਰ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਨਿਰਗੁਣ ਜੋਤੀ ਕਰ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਇਆ । ਸੰਤਨ ਮੀਤਾ ਹਰਿ ਕਰਤਾਰ, ਸਤਿ ਸਤਿ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸੰਗ ਦੇਵੇ ਵਰ ਦਰ ਦਵਾਰ ਘਰ ਹਰਿ ਨਰ ਨਰਾਇਣ ਏਕਾ ਪਾਇਆ ।

## * ੨੩ ਕੱਤਕ ੨੦੧੫ ਬਿਕ੍ਰਮੀ ਕਿਰਕੀ ਪੂਨਾ *

ਤਾਰਨਹਾਰ ਹਰਿ ਸਮਰਥ, ਆਦਿ ਪੁਰਖ ਅਖਵਾਇੰਦਾ । ਹਰਿ ਸੰਤਨ ਦੇਵੇ ਸਾਚੀ ਵੱਥ, ਨਾਮ ਨਾਮਾ ਝੋਲੀ ਪਾਇੰਦਾ । ਸ਼ਬਦ ਜਣਾਈ ਸਾਚੀ ਗਥ, ਏਕਾ ਬੂਝ ਬੁਝਾਇੰਦਾ । ਸਚ ਚੜ੍ਹਾਏ ਆਪਣੇ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰੰਜਣ ਵੇਸ ਵਟਾਇੰਦਾ । ਆਦਿ ਨਿਰੰਜਣ ਪੁਰਖ ਅਬਿਨਾਸ਼, ਏਕਾ ਏਕੰਕਾਰਿਆ । ਹਰ ਘਟ ਅੰਦਰ ਰੱਖੇ ਵਾਸ, ਜੋਤੀ ਨੂਰੋ ਨੂਰ ਉਜਿਆਰਿਆ । ਮੰਡਲ ਮੰਡਪ ਪਾਵੇ ਰਾਸ, ਥਿਰ ਘਰ ਬੈਠ ਸੱਚੀ ਸਰਕਾਰਿਆ । ਵੇਖ ਵਖਾਏ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਫੇਰਾ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਵੇਸ ਵਟਾ ਰਿਹਾ । ਪਾਰਬ੍ਰਹਮ ਹਰਿ ਨਿਰੰਕਾਰ, ਏਕਾ

੭੬੬
੦੨

ਰੰਗ ਸਮਾਇਆ । ਨਿਰਗੁਣ ਜੋਤੀ ਨੂਰ ਉਜਿਆਰ, ਰੂਪ ਰੰਗ ਨਾ ਕੋਈ ਵਖਾਇਆ । ਉਚ ਮਹੱਲ ਅਟੱਲ ਮਿਨਾਰ, ਥਿਰ ਘਰ ਵਾਸੀ ਨਾਉਂ ਧਰਾਇਆ । ਅਗੰਮ ਅਗੰਮੜਾ ਬੈਠ ਕਰੇ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਧਰਿਆ ਨਾਉਂ ਹਰਿ ਨਿਰੰਕਾਰ, ਆਪਣੀ ਦਇਆ ਕਮਾਈਆ । ਆਪਣਾ ਮਹੱਲ ਲਏ ਉਸਾਰ, ਆਪੇ ਬੈਠਾ ਆਸਣ ਲਾਈਆ । ਸਚ ਸਿੰਘਾਸਣ ਖੇਲ ਨਿਆਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸ਼ਬਦੀ ਸੁਤ ਮੀਤ ਮੁਰਾਰ, ਦਰ ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਾਲ ਮੂਰਤ ਆਪ ਅਖਵਾਈਆ । ਅਕਾਲ ਮੂਰਤ ਅਕਲ ਕਲ ਧਾਰ, ਆਪਣੀ ਖੇਲ ਖਲਾਇੰਦਾ । ਸ਼ਬਦ ਸੁਤ ਸੁਤ ਕਰ ਪਿਆਰ, ਆਪਣੀ ਧਾਰ ਚਲਾਇੰਦਾ । ਸੋ ਪੁਰਖ ਨਿਰੰਜਣ ਪਾਵੇ ਸਾਰ, ਆਦਿ ਜੁਗਾਦਿ ਵੇਸ ਵਟਾਇੰਦਾ । ਭਗਤ ਵਛਲ ਵਛਲ ਗਿਰਧਾਰ, ਭਗਵਨ ਰੂਪ ਸਮਾਇੰਦਾ । ਸੰਤ ਕੰਤ ਅੰਤ ਪਿਆਰ, ਏਕਾ ਦਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲਾਇੰਦਾ । ਧਾਰ ਚਲਾਏ ਹਰਿ ਭਗਵੰਤਾ, ਜੁਗ ਜੁਗ ਵੱਡੀ ਵਡਿਆਈਆ । ਲੋਕਮਾਤ ਉਠਾਏ ਸਾਚੇ ਸੰਤਾ, ਆਤਮ ਬ੍ਰਹਮ ਜਣਾਈਆ । ਤੋੜੇ ਗੜ੍ਹ ਹਉਮੇ ਹੰਗਤਾ, ਮਾਇਆ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਵੇਖ ਵਿਚਾਰ, ਦੁਆਪਰ ਤੇਰੀ ਪਾਵੇ ਸਾਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਤੇਰਾ ਅੰਤਮ ਰੰਗ, ਹਰਿ ਹਰਿ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਹੋਈ ਨੰਗ, ਹਰਿ ਹਰਿ ਨਾਮ ਦਿਸ ਨਾ ਆਇੰਦਾ । ਮਾਨਸ ਜਨਮ ਹੋਏ ਭੰਗ, ਲੱਖ ਚੁਰਾਸੀ ਨਾ ਕੋਈ ਤੁੜਾਇੰਦਾ । ਅੰਗੀਕਾਰ ਨਾ ਲਾਏ ਅੰਗ, ਦਰ ਦਵਾਰ ਨਾ ਕੋਈ ਸੁਹਾਇੰਦਾ । ਪੰਚ ਵਿਕਾਰਾ ਹੋਇਆ ਜੰਗ, ਦਿਵਸ ਰੈਣ ਵੇਖ ਵਖਾਇੰਦਾ । ਅੰਮ੍ਰਿਤ ਧਾਰ ਨਾ ਦਿਸੇ ਗੰਗ, ਸਰ ਸਰੋਵਰ ਨਾ ਕੋਈ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਵੇਸ ਵਟਾਇੰਦਾ । ਆਦਿ ਅੰਤ ਏਕੰਕਾਰ, ਏਕਾ ਇਕ ਅਖਵਾਇਆ । ਸਤਿਜੁਗ ਸੁਹੇਲਾ ਖੇਲੇ ਖੇਲ ਅਪਾਰ, ਖੇਲਣਹਾਰਾ ਰੂਪ ਵਟਾਇਆ । ਤ੍ਰੇਤਾ ਤੇਰਾ ਭੇਵ ਨਿਆਰ, ਰਾਮ ਰਾਮਾ ਵੇਸ ਵਟਾਇਆ । ਤੋੜੇ ਗੜ੍ਹ ਲੰਕਾ ਹੰਕਾਰ, ਰਾਵਣ ਹੰਕਾਰੀ ਰਹਿਣ ਨਾ ਪਾਇਆ । ਗ਼ਰੀਬ ਨਿਮਾਣੇ ਕਰੇ ਪਿਆਰ, ਆਪ ਆਪਣੇ ਗਲੇ ਲਗਾਇਆ । ਭਵ ਸਾਗਰ ਪਾਰ ਕਰਾਏ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇਆ । ਤ੍ਰੇਤਾ ਤੇਰਾ ਰੰਗ ਅਪਾਰ, ਪੁਰਖ ਅਗੰਮੜਾ ਆਪ ਚੜ੍ਹਾਇੰਦਾ । ਵੇਸ ਅਨੇਕਾ ਆਪ ਕਰਤਾਰ, ਆਪਣਾ ਆਪ ਕਰਾਇੰਦਾ । ਦੁਆਪਰ ਤੇਰਾ ਮੀਤ ਮੁਰਾਰ, ਤੇਰਾ ਸੰਗ ਰਖਾਇੰਦਾ । ਇਕ ਇਕੱਲਾ ਕਰ ਪਸਾਰ, ਮੁਕੰਦ ਮਨੋਹਰ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਬੰਸਰੀ ਇਕ ਵਜਾਇੰਦਾ । ਨਾਮ ਬੰਸਰੀ ਸ਼ਬਦ ਕਾਹਨ, ਸੁਰਤੀ ਗੋਪੀ ਆਪ ਨਚਾਈਆ । ਸ਼ਬਦ ਸ਼ਬਦੀ ਹੋ ਬਲਵਾਨ, ਪੰਜ ਤਤ ਸਮਾਈਆ । ਸਾਵਲ ਸੁੰਦਰ ਮਿਹਰਬਾਨ, ਮੁਕਟ ਬੈਨ ਨਾਉਂ ਧਰਾਈਆ । ਨੇਤਰ ਨੈਣ ਵੇਖ ਵਖਾਣ, ਆਪ ਆਪਣੀ ਕਲ ਵਰਤਾਈਆ । ਖੇਲੇ ਖੇਲ ਦੋ ਜਹਾਨ, ਤ੍ਰਲੋਕੀ ਨਾਥ ਵਡ ਵਡਿਆਈਆ । ਵੇਖ ਵਖਾਏ ਜੀਵ ਨਿਧਾਨ, ਨਾਰ ਕੰਤ ਵੇਖ ਵਖਾਈਆ । ਭਗਤ ਜਨ ਭਗਤ ਵਛਲ ਕਰ ਪਛਾਣ, ਸਿਰ ਆਪਣਾ ਹੱਥ ਟਿਕਾਈਆ । ਬ੍ਰਹਮ ਜੋਤੀ ਦੇਵੇ ਬ੍ਰਹਮ ਗਿਆਨ, ਅਗਿਆਨ ਅੰਧੇਰ ਮਿਟਾਈਆ । ਚਰਨ

ਧੂੜ ਕਰਾਏ ਸਚ ਇਸ਼ਨਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਈਆ । ਭਗਤ ਵਛਲ ਹਰਿ ਮੀਤਾ, ਏਕਾ ਏਕ ਅਖਵਾਇਆ । ਜੁਗ ਜੁਗ ਜਾਣੇ ਆਪਣੀ ਰੀਤਾ, ਆਪ ਆਪਣੀ ਧਾਰ ਚਲਾਇਆ । ਆਪਣੀ ਸੁਣਾਏ ਆਪ ਗੀਤਾ, ਗਿਆਨ ਗੋਝ ਖੁਲ੍ਹਾਇਆ । ਦਿਵਸ ਰੈਣ ਵਸਿਆ ਚੀਤਾ, ਚਿਤਵਿਤ ਨਾ ਠਗੌਰੀ ਪਾਇਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਲਏ ਤਰਾਇਆ । ਆਪਣਾ ਭਾਣਾ ਆਪੇ ਲਾਏ ਮੀਠਾ, ਆਪਣੇ ਭਾਣੇ ਆਪ ਸਮਾਇਆ । ਖੇਲੇ ਖੇਲ ਜਗਤ ਅਨਡੀਠਾ, ਵੇਦ ਸ਼ਾਸਤਰ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਕਰ ਪਿਆਰ, ਆਪ ਆਪਣਾ ਵੇਸ ਵਟਾਇਆ । ਕਲਜੁਗ ਅਥਰਬਣ ਅੱਲਾ ਇਲਾਹੀ ਨੂਰ, ਹਰਿ ਹਰਿ ਜੋਤ ਜਗਾਈਆ । ਆਪੇ ਬੈਠ ਸ਼ਾਹ ਕੋਹਤੂਰ, ਨਾਦ ਅਨਾਦਿ ਦਏ ਵਜਾਈਆ । ਸਰਬ ਕਲਾ ਆਪੇ ਭਰਪੂਰ, ਅਕਲ ਕਲਾ ਅਖਵਾਈਆ । ਆਪੇ ਨੇੜੇ ਆਪੇ ਦੂਰ, ਹਰ ਘਟ ਆਪੇ ਵੇਖ ਵਖਾਈਆ । ਈਸਾ ਮੂਸਾ ਆਸਾ ਪੂਰ, ਤ੍ਰਿਸ਼ਨਾ ਭੁੱਖ ਗਵਾਈਆ । ਸਹੰਸਰ ਮੁਖ ਗਾਏ ਹਾਜ਼ਰ ਹਜ਼ੂਰ, ਨੇਤਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਵਟਾਈਆ । ਕਲਜੁਗ ਵੇਖ ਜਗਤ ਮਹੱਲਾ, ਹਰਿ ਹਰਿ ਜੋਤ ਜਗਾਈਆ । ਸੰਗ ਮੁਹੰਮਦ ਚਾਰ ਯਾਰ ਨਾਲ ਰਲਾਈ ਰਾਣੀ ਅੱਲਾ, ਏਕਾ ਰੰਗ ਰੰਗਾਈਆ । ਜਲਾਂ ਥਲਾਂ ਪਾਵੇ ਸਾਰ, ਡੂੰਘੀ ਕੰਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਆਪੇ ਰਿਹਾ ਪੜ੍ਹਾਈਆ । ਆਪਣਾ ਅੱਖਰ ਆਪ ਪੜ੍ਹਾ, ਆਪਣੀ ਦਇਆ ਕਮਾਇੰਦਾ । ਸ਼ਰਅ ਸ਼ਰੀਅਤ ਇਕ ਬਣਾ, ਕਲਮਾ ਨਬੀ ਰਸੂਲ ਆਪ ਮਿਟਾਇੰਦਾ । ਹੱਕ ਹਕੀਕਤ ਵੇਖ ਵਖਾ, ਰੋਜ਼ਾ ਬਾਂਗ ਇਕ ਵਖਾਇੰਦਾ । ਲਾਸ਼ਰੀਕ ਇਕ ਖ਼ੁਦਾ, ਕਾਇਨਾਤ ਵਿਚ ਸਮਾਇੰਦਾ । ਮੁਕਾਮੇ ਹੱਕ ਵੇਖ ਵਖਾ, ਖ਼ੁਦੀ ਖ਼ੁਦਾਈ ਮੇਟ ਮਿਟਾਇੰਦਾ । ਚੌਦਾਂ ਤਬਕਾਂ ਫੇਰਾ ਪਾ, ਜ਼ਿਮੀਂ ਅਸਮਾਨਾ ਆਪ ਟਿਕਾਇੰਦਾ । ਰਵ ਸਸ ਪ੍ਰਕਾਸ਼ ਆਪ ਕਰਾ, ਆਪ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਲੇਖਾ ਲਿਖੇ ਆਪ ਕਰਤਾਰ, ਆਪਣੀ ਖੇਲ ਖਲਾਈਆ । ਆਵੇ ਜਾਵੇ ਵਿਚ ਸੰਸਾਰ, ਪੰਜ ਤਤ ਕਰੇ ਕੁੜਮਾਈਆ । ਸ਼ਬਦੀ ਧੁਨ ਅਪਰ ਅਪਾਰ, ਅਨਾਦੀ ਤੂਰ ਸੁਣਾਈਆ । ਅੱਠੇ ਪਹਿਰ ਖ਼ਬਰਦਾਰ, ਸੋਇਆ ਰਹਿਣ ਨਾ ਪਾਈਆ । ਨੇਤਰ ਨੈਣ ਇਕ ਉਘਾੜ, ਆਪ ਆਪਣਾ ਰੂਪ ਦਰਸਾਈਆ । ਸਾਚੇ ਮੰਦਰ ਆਪੇ ਵਾੜ, ਦੇ ਮਤ ਰਿਹਾ ਸਮਝਾਈਆ । ਧਰਮ ਵਖਾਏ ਇਕ ਅਖਾੜ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹਰਿ ਨਾਮੇ ਵਡ ਵਡਿਆਈਆ । ਨਾਨਕ ਵਰ ਏਕਾ ਪਾ, ਏਕਾ ਅਲੱਖ ਜਗਾਇੰਦਾ । ਅਲੱਖ ਨਿਰੰਜਣ ਭੇਖ ਅਪਾਰ, ਭੇਵ ਕੋਈ ਨਾ ਪਾਇੰਦਾ । ਨਿਰਗੁਣ ਜੋਤੀ ਜੋਤ ਉਜਿਆਰ, ਨਿਰਗੁਣ ਰੂਪ ਨਾ ਕੋਈ ਦਰਸਾਇੰਦਾ । ਇਕ ਇਕੱਲਾ ਕਰ ਪਸਾਰ, ਆਪ ਆਪਣਾ ਥਾਨ ਸੁਹਾਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਆਸਣ ਲਾਇੰਦਾ । ਨਾ ਕੋਈ ਦਿਸੇ ਚੋਬਦਾਰ, ਭੇਵ ਅਭੇਦ ਨਾ ਕੋਈ ਰਖਾਇੰਦਾ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਜਣਾਇੰਦਾ । ਧਰਤ ਧਵਲ ਨਾ ਕੋਈ ਅਕਾਰ, ਅਕਾਸ਼ ਪ੍ਰਕਾਸ਼ ਨਾ ਕੋਈ ਰਖਾਇੰਦਾ । ਵਿਸ਼ਨੂੰ ਨਾ ਕਰੇ ਕੋਈ ਅਕਾਰ, ਲਛਮੀ ਸੰਗ ਨਾ ਕੋਈ ਰਖਾਇੰਦਾ । ਸ਼ੰਕਰ ਤ੍ਰਸੂਲ ਨਾ ਹੱਥ ਰਿਹਾ ਉਠਾ, ਜਟਾ

੭੬੮
੦੨

ਜੂਟ ਨਾ ਕੋਈ ਜਣਾਇੰਦਾ । ਪਾਰਬਤੀ ਨਾ ਕੋਈ ਧਾਰ, ਨਾ ਕੋਈ ਮੇਲ ਮਿਲਾਇੰਦਾ । ਸੁਰਪਤ ਇੰਦ ਨਾ ਕੋਈ ਵਖਾਣ, ਕਰੋੜ ਤੇਤੀਸ ਨਾ
ਕੋਈ ਉਠਾਇੰਦਾ । ਨਿਰਗੁਣ ਨਾ ਕੋਇ ਪਛਾਣ, ਪੰਜ ਤਤ ਨਾ ਕੋਇ ਬਣਾਇੰਦਾ । ਨਾ ਕੋਈ ਪੂਜਾ ਵੇਦ ਪਾਠ ਪੁਰਾਨ, ਗੀਤਾ ਗਿਆਨ ਨਾ
ਕੋਈ ਦ੍ਰਿੜਾਇੰਦਾ । ਨਾ ਕੋਈ ਅੰਜੀਲ ਨਾ ਕੋਈ ਕੁਰਾਨ, ਮਸੱਲਾ ਹੇਠ ਨਾ ਕੋਈ ਵਿਛਾਇੰਦਾ । ਖਾਣੀ ਬਾਣੀ ਨਾ ਕੋਈ ਪਛਾਣ, ਨਾ ਕੋਈ
ਨਾਅਰਾ ਨਾਮ ਲਗਾਇੰਦਾ । ਇਕ ਇਕੱਲਾ ਸ੍ਰੀ ਭਗਵਾਨ, ਨਾਨਕ ਨਿਰਗੁਣ ਦਰਸ਼ਨ ਪਾਇੰਦਾ । ਮੰਗੇ ਮੰਗ ਦਰ ਦਰਬਾਨ, ਆਪ ਆਪਣੀ
ਝੋਲੀ ਡਾਹਿੰਦਾ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨ, ਨਾਮ ਸਤਿ ਝੋਲੀ ਪਾਇੰਦਾ । ਦੇਵੇ ਸ਼ਬਦ ਧੁਰ ਫ਼ਰਮਾਣ, ਸੋਹੰ ਰਸਨਾ ਗਾਇੰਦਾ । ਸੋ
ਪੁਰਖ ਬਲੀ ਬਲਵਾਨ, ਹੰ ਹੰਗਤਾ ਮੇਟ ਮਿਟਾਇੰਦਾ । ਬ੍ਰਹਮ ਹੰ ਪਾਰਬ੍ਰਹਮ ਰੂਪ ਮਹਾਨ, ਏਕਾ ਦੂਜਾ ਭੇਵ ਚੁਕਾਇੰਦਾ । ਏਕਾ ਰੰਗ ਰੰਗੇ ਰੰਗਣਹਾਰ,
ਕਰਨੀ ਕਰਤਾ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਹਰਿ ਹਰਿ ਵਰ, ਏਕਾ ਸ਼ਬਦ ਜਣਾਇੰਦਾ ।
ਨਾਨਕ ਸ਼ਬਦ ਹਰਿ ਜਣਾ, ਆਪਣੀ ਦਇਆ ਕਮਾਈਆ । ਚਾਰ ਵਰਨ ਬਣੌਣਾ ਭੈਣ ਭਰਾ, ਜ਼ਾਤ ਪਾਤ ਰਹਿਣ ਨਾ ਪਾਈਆ । ਹਿੰਦੂ ਮੁਸਲਮ
ਧਾਮ ਸੁਹਾ, ਏਕਾ ਗੁਣ ਗਾਈਆ । ਏਕਾ ਨਾਮ ਸਚ ਜਪਾ, ਬਿਨ ਹਰਿ ਨਾਮੇ ਕੋਈ ਨਾ ਥਾਈਂਆ । ਗਣਪਤ ਗਣੇਸ਼ ਰਿਹਾ ਸੁਣਾ, ਸ਼ਿਵ
ਸ਼ੰਕਰ ਵਡ ਵਡਿਆਈਆ । ਵੇਦ ਵਿਆਸਾ ਆਪ ਉਪਾ, ਪੁਰਾਨ ਅਠਾਰਾਂ ਰਿਹਾ ਸੁਣਾਈਆ । ਸ਼ਾਸਤਰ ਸਿਮਰਤ ਫੋਲ ਫੁਲਾ, ਗੁਣ ਅਵਗੁਣ
ਜਣਾਈਆ । ਕ੍ਰਿਸ਼ਨਾ ਮਿਲੇ ਨਾ ਕਿਸੇ ਥਾਂ, ਸਾਧ ਸੰਤ ਰਹੇ ਕੁਰਲਾਈਆ । ਭਗਤ ਭਗਵੰਤ ਕਰੇ ਸਚ ਨਿਆਂ, ਜੁਗ ਜੁਗ ਵੱਡੀ ਵਡਿਆਈਆ ।
੭੬੯ ੦੭
ਕਲਜੁਗ ਜੀਵ ਜੰਤ ਹੋਏ ਕਾਂ, ਜੂਠ ਝੂਠ ਵਿਸ਼ਟਾ ਰਹੇ ਖਾਈਆ । ਨਾ ਕੋਈ ਮਾਤ ਪਿਤਾ ਪੂਤ ਮਾਂ, ਨਾ ਨਾਤਾ ਖੇਲ ਖਲਾਈਆ । ਨਾ ਕੋਈ
ਨਗਰ ਨਾ ਕੋਈ ਗਰਾਂ, ਸਚ ਧਾਮ ਨਾ ਕੋਈ ਦਰਸਾਈਆ । ਗ਼ਰੀਬ ਨਿਮਾਣਿਆਂ ਨਾ ਦੇਵੇ ਕੋਈ ਥਾਂ, ਰਾਜ ਰਾਜਾਨਾਂ ਜੂਠ ਝੂਠ ਮਸਤਕ ਛਾਹਿਆ ।
ਬਿਨ ਹਰਿ ਕਰੇ ਨਾ ਕੋਈ ਨਿਆਂ, ਦਰਗਹਿ ਸਾਚੀ ਸਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਦੇ
ਮਤ ਰਿਹਾ ਸਮਝਾਈਆ । ਨਾਨਕ ਗੁਰ ਵਰ ਘਰ ਪਾ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਸਚ ਭੰਡਾਰ, ਤੇਰੇ ਨਾਮ ਸਹਾਰਿਆ ।
ਲੋਕਮਾਤ ਹਰਿ ਵੇਖਿਆ ਸਾਚਾ ਥਾਂ, ਚਾਰੋਂ ਕੁੰਟ ਫੇਰਾ ਪਾ ਰਿਹਾ । ਦਹਿ ਦਿਸ਼ਾ ਚਰਨ ਟਿਕਾ, ਆਪ ਆਪਣਾ ਡੰਕ ਵਜਾ ਰਿਹਾ । ਨਾਮ ਨਾਮਾ
ਆਪ ਸੁਣਾ, ਸਤਿ ਸਤਿ ਵਰਤਾ ਰਿਹਾ । ਪੂਰਨ ਕਾਮਾ ਹਰਿ ਕਰਾ, ਕਰਣਹਾਰ ਆਪ ਅਖਵਾ ਰਿਹਾ । ਜਗਤ ਦਮਾਮਾ ਆਪ ਵਜਾ, ਤਨ
ਨਗਾਰਾ ਇਕ ਸੁਣਾ ਰਿਹਾ । ਅਨਹਦ ਢੋਲਕ ਆਪ ਵਜਾ, ਸਰਨ ਸਰਨਾਈ ਆਪ ਅਖਵਾ ਰਿਹਾ । ਸਾਚਾ ਮਾਰਗ ਇਕ ਵਖਾ, ਹਿੰਦੂ ਮੁਸਲਮ
ਆਪ ਸਮਝਾ ਰਿਹਾ । ਪਾਰਬ੍ਰਹਮ ਨਾਤਾ ਜੋੜ ਜੁੜਾ, ਦੂਈ ਦਵੈਤੀ ਮੇਟ ਮਿਟਾ ਰਿਹਾ । ਪੁਰਖ ਬਿਧਾਤਾ ਇਕ ਖ਼ੁਦਾ, ਨਾਮ ਅਮਾਮ ਇਕ ਬਣਾ
ਰਿਹਾ । ਦੋਹਾਂ ਦਿਸੇ ਨਾ ਕੋਈ ਜੁਦਾ, ਏਕਾ ਰੰਗਨ ਰੰਗ ਚੜ੍ਹਾ ਰਿਹਾ । ਚਰਨ ਕਵਲ ਸਰਨ ਜੋ ਹੋਏ ਫਿਦਾ, ਖ਼ਾਲਕ ਖ਼ਲਕ ਵਿਚ ਦਿਸਾ
ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਇਕ ਵਰ, ਸਾਚੀ ਸੇਵਾ ਮਾਤ ਕਰਾ ਰਿਹਾ । ਨਾਨਕ ਸੇਵਾ ਸੇਵਾਦਾਰ,
ਕਲਜੁਗ ਖੇਲ ਖਲਾਇਆ । ਕੂੜ ਕੂੜਾ ਵੇਖ ਅੰਧ ਅੰਧਿਆਰ, ਨਾਮ ਸਾਚਾ ਚੰਦ ਚੜ੍ਹਾਇਆ । ਗੁਰਮੁਖ ਸਾਚੇ ਲਾਏ ਪਾਰ, ਆਪ ਅਪਣੀ ਦਇਆ

ਕਮਾਇਆ । ਮਨਮੁਖ ਸੁੱਤੇ ਪੈਰ ਪਸਾਰ, ਗੂੜ੍ਹੀ ਨੀਂਦ ਨਾ ਕੋਈ ਉਠਾਈਆ । ਸ਼ਬਦ ਡੰਕਾ ਰਿਹਾ ਮਾਰ, ਧਰਤ ਧਵਲ ਮਿਲਾਇਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਆਪ ਜਗਾਇਆ । ਕਲਜੁਗ ਜੀਵ ਹੋਏ ਵਿਭਚਾਰ, ਹਰਿ ਕਾ ਭੇਵ ਕਿਸੇ ਨਾ ਪਾਇਆ । ਨਾਨਕ ਗੁਰ ਕਰ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤੇਰੀ ਧਾਰ, ਤੇਰਾ ਤੇਰੇ ਵਿਚ ਸਮਾਇਆ । ਲੱਖ ਚੁਰਾਸੀ ਪਸਰ ਪਸਾਰ, ਤੇਰਾ ਰੂਪ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਨਾਤਾ ਤੋੜੇ ਕੁੜਿਆਰ, ਜੂਠਾ ਝੂਠਾ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਸ਼ਬਦ ਵਰ, ਆਪ ਆਪਣਾ ਸ਼ਬਦ ਸੁਣਾਇਆ । ਪੁਰਖ ਅਬਿਨਾਸ਼ੀ ਸ਼ਬਦ ਜਣਾਈ, ਨਾਨਕ ਗੁਰ ਕਰਾਈਆ । ਕਲਜੁਗ ਅੰਤਮ ਵੇਖੇ ਕੂੜੀ ਛਾਹੀ, ਪਾਰਬ੍ਰਹਮ ਵੱਡੀ ਵਡਿਆਈਆ । ਜੁਗ ਜੁਗ ਲੋਕਮਾਤ ਆਵੇ ਜਾਵੇ ਫੇਰਾ ਪਾਈ, ਅਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖੇ ਘਰ ਘਰ, ਆਪ ਆਪਣੀ ਖੇਲ ਖਲਾਈਆ । ਕਲਜੁਗ ਅੰਤਮ ਅੰਧ ਘੋਰ, ਹਰਿ ਹਰਿ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਮੀਤਾ ਪੰਚਮ ਚੋਰ, ਸਾਚਾ ਸ਼ਬਦ ਨਾ ਕੋਈ ਜਣਾਇੰਦਾ । ਨਾਮ ਸ਼ਬਦ ਨਾ ਬੰਨ੍ਹੇ ਡੋਰ, ਘਰ ਮੰਗਲ ਕੋਇ ਨਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣੀ ਬਣਤ ਬਣਾਇੰਦਾ । ਕਲਜੁਗ ਅੰਤਮ ਖੇਲ ਖਲਾਵਣਾ, ਹਰਿ ਹਰਿ ਵੱਡੀ ਵਡਿਆਈਆ । ਨਿਹਕਲੰਕੀ ਜਾਮਾ ਪਾਵਣਾ, ਸ਼ਬਦੀ ਡੰਕ ਵਜਾਈਆ । ਰਾਓ ਰੰਕਾਂ ਆਪ ਸਮਝਾਵਣਾ, ਸਾਧਾਂ ਸੰਤਾਂ ਦਏ ਹਿਲਾਈਆ । ਬ੍ਰਹਮਾ ਵਿਸ਼ਨ ਦੇਵਤ ਸੁਰ ਮੇਲ ਮਿਲਾਵਣਾ, ਨੌਂ ਖੰਡ ਕਰੇ ਕੁੜਮਾਈਆ । ਜੂਠ ਝੂਠ ਮੇਟ ਮਿਟਾਵਣਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿਜੁਗ ਸਾਚਾ ਮਾਰਗ ਲਾਵਣਾ, ਏਕਾ ਸ਼ਬਦ ਪੜ੍ਹਾਈਆ । ਚਾਰ ਵਰਨਾਂ ਇਕ ਬਣਾਵਣਾ, ਨਾਤਾ ਤੋੜੇ ਭੈਣਾਂ ਭਾਈਆ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਬਹਾਵਣਾ, ਆਪਣੇ ਹੱਥ ਰੱਖੇ ਵਡਿਆਈਆ । ਸੀਸ ਤਾਜ ਕਿਸੇ ਨਜ਼ਰ ਨਾ ਆਵਣਾ, ਦਰ ਦਰਬਾਨ ਨਾ ਕੋਈ ਰਖਾਈਆ । ਪੁਰਖ ਅਬਿਨਾਸ਼ੀ ਖੇਲ ਖਲਾਵਣਾ, ਨੌਂ ਖੰਡ ਪ੍ਰਿਥਮੀ ਏਕਾ ਨਾਮ ਜਪਾਈਆ । ਸੱਤ ਰੰਗ ਨਿਸ਼ਾਨ ਝੁਲਾਵਣਾ, ਆਪਣੇ ਹੱਥ ਉਠਾਈਆ । ਪੰਚਮ ਮੁਖ ਤਾਜ ਸੀਸ ਉਠਾਵਣਾ, ਸੱਤਾਂ ਦੀਪਾਂ ਆਪ ਜਗਾਈਆ । ਚਰਨ ਕਵਲ ਧਿਆਨ ਰਖਾਵਣਾ, ਚਰਨ ਚਰਨੋਦਕ ਇਕ ਪਿਆਈਆ । ਸ਼ਬਦ ਖੰਡਾ ਹੱਥ ਉਠਾਵਣਾ, ਕੂੜ ਕੁੜਿਆਰਾ ਮੇਟੇ ਛਾਹੀਆ । ਰਾਮ ਰੂਪ ਹਰਿ ਵੇਸ ਵਟਾਵਣਾ, ਹਨਵੰਤਾ ਮੇਲ ਮਿਲਾਈਆ । ਕਾਹਨਾ ਕ੍ਰਿਸ਼ਨਾ ਦਰ ਸੁਹਾਵਣਾ, ਨਾਮ ਬੰਸਰੀ ਇਕ ਵਜਾਈਆ । ਸੀਤਾ ਸੁਰਤੀ ਮੇਲ ਮਿਲਾਵਣਾ, ਰਾਮਾ ਕ੍ਰਿਸ਼ਨਾ ਇਕ ਵਖਾਈਆ । ਸੰਗ ਮੁਹੰਮਦ ਚਾਰ ਯਾਰੀ ਸੰਗ ਤੁੜਾਵਣਾ, ਅੱਲਾ ਰਾਣੀ ਪਰਦਾ ਲਾਹੀਆ । ਨਾਨਕ ਨਾਮੇ ਦਰ ਸੁਹਾਵਣਾ, ਘਰ ਸਾਚੇ ਵੱਜੇ ਵਧਾਈਆ । ਗੋਬਿੰਦ ਲੇਖਾ ਲੇਖ ਚੁਕਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਪੂਤ ਸਪੂਤਾ ਆਪ ਅਖਵਾਵਣਾ, ਰੂਪ ਰੰਗ ਨਾ ਕੋਈ ਜਣਾਈਆ । ਕਲਜੁਗ ਵੇਲਾ ਅੰਤ ਸੁਹਾਵਣਾ, ਬੇਅੰਤ ਵੱਡੀ ਵਡਿਆਈਆ । ਮਨੀ ਸਿੰਘ ਮਾਣ ਦਿਵਾਵਣਾ, ਸਤਿਜੁਗ ਧਾਰ ਚਲਾਈਆ । ਸਤਿਗੁਰ ਸਾਚਾ ਆਪ ਬਣਾਵਣਾ, ਸਮਰਥ ਹੱਥ ਸਿਰ ਟਿਕਾਈਆ । ਨਾਮ ਰਥ ਇਕ ਚਲਾਵਣਾ, ਚਾਰ ਵਰਨਾ ਲਏ ਚੜ੍ਹਾਈਆ । ਸੋਹੰ ਚੱਪੂ ਆਪ ਲਗਾਵਣਾ, ਸੋ ਪੁਰਖ ਵੱਡੀ ਵਡਿਆਈਆ । ਫੜ ਫੜ ਬਾਹੋਂ ਪਾਰ ਕਰਾਵਣਾ, ਬੇੜਾ ਬੰਨੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੭੭੦
੦੭

ਸੰਤ ਭਗਤ ਜੀਵ ਜੰਤ ਆਦਿ ਅੰਤ, ਆਪ ਆਪਣਾ ਮੇਲ ਮਿਲਾਈਆ । ਭਗਤਨ ਮੀਤਾ ਹਰਿ ਭਗਵੰਤ, ਏਕਾ ਏਕ ਅਖਵਾਇੰਦਾ । ਵੇਖ ਵਖਾਏ ਸਾਚੇ ਸੰਤ, ਹਰਿ ਸੰਤਨ ਸੰਗ ਨਿਭਾਇੰਦਾ । ਗੁਰਮੁਖ ਮੇਲਾ ਹਰਿ ਹਰਿ ਕੰਤ, ਸਾਚਾ ਧਾਮ ਸੁਹਾਇੰਦਾ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਨਾਮ ਮਜੀਠੀ ਇਕ ਚੜ੍ਹਾਇੰਦਾ । ਆਪ ਆਪਣੀ ਸੇਜਾ ਚੜ੍ਹੇ ਕੰਤ, ਲੇਖਾ ਲਿਖਣ ਵਿਚ ਨਾ ਆਇੰਦਾ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਵੇਸ ਵਟਾਇੰਦਾ । ਭਰਮੇ ਭੁੱਲੇ ਜੀਵ ਜੰਤ, ਕਲਜੁਗ ਮਾਇਆ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਨੂਰ ਅਪਾਰ, ਹਰਿ ਹਰਿ ਕਰੇ ਰੁਸ਼ਨਾਈਆ । ਸੰਤ ਮਨੀ ਸਿੰਘ ਕਰ ਕਰ ਪਿਆਰ, ਏਕਾ ਬ੍ਰਹਮ ਜਣਾਈਆ । ਗੁਰਮੁਖ ਸਾਚਾ ਮੀਤ ਮੁਰਾਰ, ਸਗਲਾ ਸੰਗ ਨਿਭਾਈਆ । ਆਪੇ ਅੰਦਰ ਆਪੇ ਬਾਹਿਰ, ਗੁਪਤ ਜ਼ਾਹਰ ਆਪ ਹੋ ਜਾਈਆ । ਆਪੇ ਨਾਰੀ ਆਪੇ ਨਾਰ, ਕਰਤਾ ਪੁਰਖ ਆਪ ਅਖਵਾਈਆ । ਆਪੇ ਕਰੇ ਤਨ ਸ਼ਿੰਗਾਰ, ਆਪੇ ਵੇਖ ਵਖਾਈਆ । ਆਪੇ ਬਖ਼ਸ਼ੇ ਫੂਲਣਹਾਰ, ਆਪਣੀ ਸੇਜਾ ਆਪ ਸੁਹਾਈਆ । ਆਪ ਰਾਗ ਰਾਗਨੀ ਗਾਏ ਕਰ ਪਿਆਰ, ਮੰਗਲਾਚਾਰ ਆਪ ਵਖਾਈਆ । ਆਪੇ ਗਣ ਗਧੰਰਬ ਪਾਵੇ ਸਾਰ, ਦੇਵਤ ਸੁਰ ਆਪ ਅਖਵਾਈਆ । ਆਪੇ ਸ਼ੰਕਰ ਬਰਨ ਹੋਏ ਵਿਭਚਾਰ, ਆਪੇ ਵਿਸ਼ਨੂੰ ਰੂਪ ਵਟਾਈਆ । ਬ੍ਰਹਮਾ ਮੀਤਾ ਆਪ ਨਿਰੰਕਾਰ, ਆਪ ਆਪਣੀ ਕਰੇ ਰੁਸ਼ਨਾਈਆ । ਕਵਲ ਕਵਲਾ ਹੋ ਉਜਿਆਰ, ਧਰਤ ਧਵਲ ਸੁਹਾਈਆ । ਤ੍ਰੈਗੁਣ ਮਾਇਆ ਖੇਲ ਅਪਾਰ, ਹਰਿ ਕਰਤਾ ਵੇਖ ਵਖਾਈਆ । ਪੰਜ ਤਤ ਗੜ੍ਹ ਹੰਕਾਰ, ਆਪੇ ਲਏ ਵਸਾਈਆ । ਉਪਰ ਚੜ੍ਹ ਸੱਚੀ ਸਰਕਾਰ, ਨਿਰਗੁਣ ਬੈਠਾ ਡੇਰਾ ਲਾਈਆ । ਗੁਰਮੁਖ ਵਿਰਲਾ ਪਾਵੇ ਸਾਰ, ਭਗਤਨ ਰਾਹ ਜਣਾਈਆ । ਭਗਤ ਵਛਲ ਆਪ ਕਰਤਾਰ, ਗਿਰਵਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੋਕਮਾਤ ਵੇਸ ਧਰ, ਆਪ ਆਪਣੀ ਧਾਰ ਬੰਧਾਈਆ । ਕਲਜੁਗ ਅੰਤਮ ਵੇਸ ਅਵੱਲਾ, ਹਰਿ ਹਰਿ ਜੋਤ ਜਗਾਈਆ । ਨਿਰਗੁਣ ਵਸਿਆ ਇਕ ਇਕੱਲਾ, ਸਰਗੁਣ ਵੇਖ ਵਖਾਈਆ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਈਆ । ਸਚ ਸਿੰਘਾਸਣ ਏਕਾ ਮੱਲਾ, ਉਚੇ ਪਰਬਤ ਡੇਰਾ ਲਾਈਆ । ਵੇਦ ਵਿਆਸਾ ਫੜਿਆ ਪੱਲਾ, ਆਪ ਆਪਣੀ ਦਇਆ ਕਮਾਈਆ । ਸੰਬਲ ਨਗਰੀ ਕਰਿਆ ਹੱਲਾ, ਗੋਬਿੰਦ ਗੜ੍ਹ ਸੁਹਾਈਆ । ਵਸਿਆ ਨਿਹਚਲ ਧਾਮ ਅਟੱਲਾ, ਉਚ ਅਪਾਰ ਵੱਡੀ ਵਡਿਆਈਆ । ਸੰਤ ਮਨੀ ਸਿੰਘ ਹੱਥ ਫੜਾਇਆ ਭੱਲਾ, ਏਕਾ ਕਲਮ ਚਲਾਈਆ । ਆਪ ਆਪਣਾ ਕਰਿਆ ਵਲ ਛਲਾ, ਵਲ ਛਲ ਧਾਰੀ ਆਪ ਅਖਵਾਈਆ । ਜੋਤੀ ਜਗੇ ਘੜੀ ਘੜੀ ਪੱਲ ਪੱਲਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਦੀਵਾ ਬਾਤੀ ਏਕਾ ਬਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਈਆ । ਕਰਮ ਕਰਾਵਣਹਾਰ ਸੰਸਾਰ, ਏਕਾ ਏਕ ਅਖਵਾਇਆ । ਆਦਿ ਅੰਤ ਲਏ ਅਵਤਾਰ, ਜੁਗ ਜੁਗ ਵੇਸ ਵਟਾਇਆ । ਭਗਤਨ ਮੀਤਾ ਕਰ ਪਿਆਰ, ਹਰਿ ਸਾਚੇ ਸੰਤ ਜਗਾਇਆ । ਗੁਰਮੁਖਾਂ ਦੇਵੇ ਨਾਮ ਅਧਾਰ, ਏਕਾ ਨਾਮ ਬੁਝਾਇਆ । ਗੁਰਮੁਖ ਸਾਚਾ ਪਾਵੇ ਸਾਰ, ਜਿਸ ਜਨ ਭੇਵ ਖੁਲ੍ਹਾਇਆ । ਏਕਾ ਅੰਦਰ ਏਕਾ ਮੰਦਰ ਏਕਾ ਘਰ ਸੱਚਾ ਘਰ ਬਾਰ, ਘਰ ਸਾਚਾ ਵੇਖ ਵਖਾਇਆ । ਏਕਾ ਰਾਮ ਏਕਾ ਨਾਮ ਏਕਾ ਗੁਰ ਇਕ ਗੋਬਿੰਦ ਇਕ ਖ਼ੁਦਾਈ ਬੇਐਬ ਪਰਵਰਦਿਗਾਰ ਏਕਾ ਮੀਤਾ ਸਾਂਝਾ ਯਾਰ, ਏਕਾ ਧਾਮ ਸੁਹਾਇਆ । ਏਕਾ ਸ਼ਬਦ ਇਕ

੭੭੨
੦੭

ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਦਿਤਾ ਵਰ, ਆਪ ਆਪਣਾ ਲੇਖ ਲਖਾਇਆ । ਨਾਮ ਸਤਿ ਸਤਿ ਜੈਕਾਰ, ਚਾਰ ਵਰਨਾਂ ਇਕ ਪੜ੍ਹਾਈਆ । ਮੁਸਲਮ ਹਿੰਦੂ ਸਿਖ ਈਸਾਈ ਕਰ ਪਿਆਰ, ਏਕਾ ਬੂਝ ਬੁਝਾਈਆ । ਏਕਾ ਰਾਮ ਇਕ ਅਵਤਾਰ, ਏਕਾ ਕ੍ਰਿਸ਼ਨ ਅਖਵਾਈਆ । ਏਕਾ ਮੁਹੰਮਦ ਅਹਿਮਦ ਸਾਂਝਾ ਯਾਰ, ਐਨਲਹੱਕ ਏਕਾ ਗਾਈਆ । ਮੁਕਾਮੇ ਹੱਕ ਏਕਾ ਨਾਅਰਾ, ਏਕਾ ਦਰ ਵਖਾਈਆ । ਏਕਾ ਨਾਨਕ ਗੋਬਿੰਦ ਕਰ ਉਜਿਆਰਾ, ਜੋਤ ਦਸ ਦਸ ਰੂਪ ਵਟਾਈਆ । ਨਿਹਕਲੰਕ ਇਕ ਅਕਾਰਾ, ਕਲਜੁਗ ਅੰਤਮ ਜੋਤ ਕਰੇ ਰੁਸ਼ਨਾਈਆ । ਸੰਤ ਮਨੀ ਸਿੰਘ ਸੁਤ ਦੁਲਾਰਾ, ਬਾਲ ਬਾਲਾ ਆਪ ਉਠਾਈਆ । ਏਕਾ ਸ਼ਬਦ ਸੱਚੀ ਧੁਨਕਾਰਾ, ਏਕਾ ਰਾਗ ਅਲਾਈਆ । ਗੁਰਸਿਖਾਂ ਕਰਿਆ ਮਾਤ ਪਿਆਰਾ, ਆਪ ਆਪਣਾ ਰਾਹ ਚਲਾਈਆ । ਮਿਲਿਆ ਮੇਲ ਮੀਤ ਮੁਰਾਰਾ, ਘਰ ਸਾਚੇ ਵੱਜੇ ਵਧਾਈਆ । ਸੋਹਿਆ ਬੰਕ ਇਕ ਦਵਾਰਾ, ਨੌਂ ਦਵਾਰੇ ਗਿਆ ਤਜਾਈਆ । ਡੂੰਘੀ ਭਵਰੀ ਪਾਰ ਕਿਨਾਰਾ, ਹਰਿ ਸੰਤਨ ਵੇਖ ਵਖਾਈਆ । ਸੰਤਨ ਜੋਤੀ ਕਰ ਉਜਿਆਰਾ, ਜੋਤੀ ਸੰਤ ਸਿਖ ਸਮਾਈਆ । ਸਿਖ ਸੰਤ ਢਹਿ ਪਏ ਦਵਾਰਾ, ਚਰਨ ਕਵਲ ਬਿਗਸਾਈਆ । ਚਰਨ ਕਵਲ ਸੱਚਾ ਦਰਬਾਰਾ, ਗੁਰ ਪੂਰਾ ਆਪ ਜਣਾਈਆ । ਦੇਵੇ ਨਾਮ ਅਤੁਲ ਭੰਡਾਰਾ, ਤੋਟ ਰਹੇ ਨਾ ਰਾਈਆ । ਕਰਾਏ ਵਣਜ ਸੱਚਾ ਵਪਾਰਾ, ਰਾਮ ਰਤਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੰਤਨ ਭੇਵ ਖੁਲ੍ਹਾਈਆ । ਖੋਲ੍ਹਿਆ ਭੇਵ ਪੁਰਖ ਅਬਿਨਾਸ਼ਾ, ਸੰਤ ਵੱਜੀ ਵਧਾਈਆ । ਚਰਨ ਕਵਲ ਹੋਇਆ ਦਾਸੀ ਦਾਸਾ, ਅੱਠੇ ਪਹਿਰ ਰਸਨਾ ਗਾਈਆ । ਏਕਾ ਏਕ ਬਖ਼ਸ਼ੇ ਚਰਨ ਭਰਵਾਸਾ, ਭਰਮ ਭੁਲੇਖਾ ਦੂਰ ਕਰਾਈਆ । ਮਿਲਿਆ ਭੂਪ ਸਰਬ ਗੁਣਤਾਸਾ, ਹਰ ਘਟ ਨਜ਼ਰੀ ਆਈਆ । ਗੁਰਮੁਖਾਂ ਬਣੇ ਆਪੇ ਰਾਖਾ, ਹਰਿ ਭਗਤਨ ਲਏ ਤਰਾਈਆ । ਪਿਆਏ ਜਾਮ ਬਣ ਬਣ ਸਾਕਾ, ਨਾਮ ਪਿਆਲਾ ਇਕ ਰਖਾਈਆ । ਅੰਧ ਅੰਧੇਰ ਅੰਦਰ ਮੰਦਰ ਖੋਲ੍ਹੇ ਤਾਕਾ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਭਵਿਖਤ ਵਖਾਏ ਵਾਕਾ, ਜੀਵ ਜੰਤ ਭੇਵ ਨਾ ਰਾਈਆ । ਆਪੇ ਹੋਇਆ ਪਾਕੀ ਪਾਕਾ, ਪਤਿਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਦਿਤਾ ਵਰ, ਗੁਰਮੁਖ ਸਾਚੇ ਮੇਲ ਮਿਲਾਈਆ । ਮੇਲ ਮਿਲਾਵਾ ਸੰਤ ਸਿਖ, ਏਕਾ ਘਰ ਸੁਹਾਇਆ । ਪੁਰਖ ਅਬਿਨਾਸ਼ੀ ਲੇਖਾ ਲਿਖ, ਘਰ ਸਾਚੇ ਡੇਰਾ ਲਾਇਆ । ਮਸਤਕ ਲਾਈ ਆਪਣੀ ਮੇਖ, ਨਾ ਕੋਈ ਮੇਟੇ ਮੇਟ ਮਿਟਾਇਆ । ਆਪੇ ਵਸਿਆ ਧਾਰੀ ਕੇਸ, ਮੂੰਡ ਮੁੰਡਾਏ ਆਪੇ ਗਲੇ ਲਗਾਇਆ । ਆਪੇ ਹੋਇਆ ਦਸ ਦਸਮੇਸ਼, ਰਾਮ ਰੂਪ ਆਪ ਸਮਾਇਆ । ਆਪੇ ਹੋਏ ਨਰ ਨਰੇਸ਼, ਦਰ ਦਰਵੇਸ਼ ਆਪ ਅਖਵਾਇਆ । ਆਪੇ ਹੋਏ ਰਿਖੀ ਕੇਸ਼, ਜਗਤ ਗਵਰਧਨ ਹੱਥ ਉਠਾਇਆ । ਆਪੇ ਹੋਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ ਆਪ ਉਠਾਇਆ । ਆਪੇ ਹੋਏ ਭਗਤ ਭਗਵੰਤ ਆਪਣੇ ਨੇਤਰ ਲਏ ਪੇਖ, ਅਰਜਨ ਮੇਲਾ ਮੇਲ ਮਿਲਾਇਆ । ਕਲਜੁਗ ਮਾਇਆ ਨਾ ਲੱਗੇ ਸੇਕ, ਸੰਤ ਮਨੀ ਸਿੰਘ ਵੇਸ ਵਟਾਇਆ । ਆਪ ਆਪਣੀ ਵੇਖ ਰੇਖ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਦਵਾਰ ਕਰ ਪਿਆਰ, ਆਪ ਆਪਣਾ ਡੇਰਾ ਲਾਇਆ । ਅਰਜਨ ਰੱਤ ਅਰਜਨ ਪਿਆਰ, ਅਰਜਨ ਹਰਿ ਰੰਗਾਈਆ । ਪੰਜ ਤਤ ਕਰ ਉਜਿਆਰ, ਦੇ ਮੱਤ ਸਮਝਾਈਆ । ਤੀਰਥ ਤੱਟ ਇਕ ਅਪਾਰ, ਹਰਿ ਚਰਨ ਸਰਨਾਈਆ । ਨਿਰਗੁਣ ਜੋਤ ਕਰ ਉਜਿਆਰ, ਅੰਧ ਅੰਧੇਰ ਗਵਾਈਆ । ਖੇਲੇ

ਖੇਲ ਹਰਿ ਨਿਰੰਕਾਰ, ਚੌਦਾਂ ਲੋਕ ਵੱਜੀ ਵਧਾਈਆ । ਵਸਿਆ ਘਰ ਸੱਚਾ ਘਰ ਬਾਰ, ਜ਼ਾਤ ਪਾਤ ਨਾ ਕੋਈ ਰਖਾਈਆ । ਦੂਈ ਦਵੈਤੀ ਮੇਟ ਫੱਟ, ਹੰਗਤਾ ਗੜ੍ਹ ਤੁੜਾਈਆ । ਅੰਮ੍ਰਿਤ ਆਤਮ ਲਿਆ ਚੱਟ, ਕਾਇਆ ਸਿੰਚ ਕਿਆਰੀ ਹਰੀ ਕਰਾਈਆ । ਚਰਨ ਕਵਲ ਗਿਆ ਢੱਠ, ਮੁਖ ਧੂੜ ਲਾਏ ਚਰਨ ਧੋਏ ਮਸਤਕ ਛਾਹੀਆ । ਪੁਰਖ ਅਬਿਨਾਸ਼ੀ ਗੇੜਣਹਾਰਾ ਲੱਠ, ਮਨ ਮਤ ਆਪ ਜਗਾਈਆ । ਸ਼ਬਦ ਅਗੰਮੀ ਮਾਰੇ ਸੱਟ, ਧੁਨੀ ਨਾਦ ਵਜਾਈਆ । ਨਾਤਾ ਤੁੱਟਾ ਅੱਠ ਤੱਤ, ਨੌਂ ਦਰ ਤਜਾਈਆ । ਆਤਮ ਸੇਜਾ ਚੜ੍ਹਿਆ ਨੱਠ, ਘਰ ਦਸਵੇਂ ਫੇਰਾ ਪਾਈਆ । ਜੋਤੀ ਜਗੇ ਲਟ ਲਟ, ਅੱਠੇ ਪਹਿਰ ਰੁਸ਼ਨਾਈਆ । ਸੰਤ ਮਨੀ ਸਿੰਘ ਸੁਤ ਦੁਲਾਰ ਕਰੇ ਪਿਆਰ ਆਪਣਾ ਪੈਂਡਾ ਆਪੇ ਕੱਟ, ਮਿਲਿਆ ਮੇਲ ਸਾਚੇ ਮਾਹੀਆ । ਗੁਰਮੁਖਾਂ ਦੇਵੇ ਸਾਚੀ ਵੱਥ, ਸਾਚੀ ਵਸਤ ਝੋਲੀ ਪਾਈਆ । ਸਤਿਗੁਰ ਚੜ੍ਹਾਏ ਸਾਚੇ ਰਥ, ਕਲਜੁਗ ਵੱਡੀ ਵਡਿਆਈਆ । ਸਾਢੇ ਤਿੰਨ ਹੱਥ ਬੁਰਜ ਸ੍ਰਿਸ਼ਟ ਸਬਾਈ ਜਾਣਾ ਢੱਠ, ਰਵਦਾਸੇ ਵੰਡ ਵੰਡਾਈਆ । ਗੁਰਮੁਖ ਉਠਾਏ ਨੱਠ ਨੱਠ, ਜੁਗ ਜੁਗ ਵੱਡੀ ਵਡਿਆਈਆ । ਤ੍ਰੈਗੁਣ ਮਾਇਆ ਤਪਿਆ ਮੱਠ, ਕੂੜ ਕੁੜਿਆਰਾ ਲੰਬੂ ਲਾਈਆ । ਕੋਈ ਨਾ ਦਿਸੇ ਅਠਸਠ, ਗੰਗਾ ਗੋਦਾਵਰੀ ਰਹੀ ਕੁਰਲਾਈਆ । ਵੇਖ ਵਖਾਏ ਗੁਰਦਰ ਮਸਜਿਦ ਮੰਦਰ ਮੱਠ, ਸ਼ਿਵਦੁਆਲਾ ਫੇਰਾ ਪਾਈਆ । ਮਦਿ ਪਿਆਲੇ ਪੀਂਦੇ ਗਟ ਗਟ, ਜਗਤ ਹੱਤਿਆ ਰਹੇ ਕਰਾਈਆ । ਭੇਖੀ ਸਵਾਂਗੀ ਸਵਾਂਗ ਕਰਿਆ ਨਟ, ਹਰਿ ਨਾਟਕ ਨਾ ਕੋਈ ਕਰਾਈਆ । ਪੂਰਾ ਕਰੇ ਨਾ ਕੋਈ ਘਾਟ, ਦੀਨ ਮਜ਼੍ਹਬ ਰਹੀ ਲੜਾਈਆ । ਸ੍ਰਿਸ਼ਟ ਸਬਾਈ ਸੁੱਤੀ ਸੂਲਾਂ ਖਾਟ, ਨਾ ਵਿਛੌਣਾ ਕੋਈ ਵਿਛਾਈਆ ਆਵਣ ਜਾਵਣ ਆਣ ਬਾਟ, ਲੱਖ ਚੁਰਾਸੀ ਫੇਰਾ ਪਾਈਆ । ਸਤਿ ਸੰਤੋਖ ਨਾ ਧੀਰਜ ਜਤ, ਨਾ ਦਿਸੇ ਪੂਜਾ ਪਾਠ, ਰਾਮ ਨਾਮ ਨਾ ਕੋਈ ਮਿਲਾਈਆ । ਜਗਤ ਮਾਲਾ ਫੇਰੀ ਇਕ ਸੌ ਅੱਠ, ਅਠ ਤਤ ਨਾ ਕਰੇ ਰੁਸ਼ਨਾਈਆ । ਗਇਤਰੀ ਮੰਤਰ ਗਾਈ ਗਾਥ, ਦੁਰਗਾ ਇਸ਼ਟ ਨਾ ਕੋਈ ਮਨਾਈਆ । ਸ਼ਰਅ ਸ਼ਰੀਅਤ ਨਾਅਰਾ ਏਕਾ ਗਾਥ, ਰੋਜ਼ਾ ਬਾਂਗ ਨਾ ਕੋਈ ਸੁਣਾਈਆ । ਮੁਲਾਂ ਸ਼ੇਖ਼ ਮੁਸਾਇਕ ਦਸਤਗੀਰ ਸ਼ਾਹ ਹਕੀਰ ਵੇਖੇ ਨੌਂ ਨੌਂ ਨਾਥ, ਸਿਧ ਚੁਰਾਸੀ ਆਪ ਉਠਾਈਆ । ਕਿਸੇ ਦਰ ਦਵਾਰੇ ਦਿਸੇ ਨਾ ਨਾਮ ਗਾਠ, ਕਲਜੁਗ ਕੂੜਾ ਭਾਰ ਉਠਾਈਆ । ਜਗਤ ਵਿਕਾਰਾ ਮਾਰੇ ਠਾਠ, ਜੀਵਾਂ ਜੰਤਾਂ ਰਿਹਾ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਗੁਰਮੁਖ ਸਾਚੇ ਲਏ ਜਗਾਈਆ । ਸੰਤ ਦੁਲਾਰਾ ਏਕਾ ਸੁੱਤ, ਹਰਿ ਸਾਚਾ ਆਪ ਜਗਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਚਿਤਰ ਕੂਟ ਵੇਖ ਵਖਾਇੰਦਾ । ਆਪ ਸੁਹਾਏ ਆਪਣੀ ਰੁੱਤ, ਰੰਗ ਰੰਗੀਲਾ ਮਾਧਵ ਨਾਮ ਧਰਾਇੰਦਾ । ਪੰਜ ਤਤ ਵੇਖੇ ਬੁੱਤ, ਕੰਚਨ ਗੜ੍ਹ ਸੁਹਾਇੰਦਾ । ਗੁਰਮੁਖਾਂ ਉਪਰ ਰਿਹਾ ਤੁਠ, ਆਪ ਆਪਣਾ ਮੇਲ ਮਿਲਾਇੰਦਾ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਜੋ ਜਨ ਨਾਮ ਧਿਆਇੰਦਾ । ਅੰਤਰ ਆਤਮ ਰਸ ਰਹੇ ਲੁੱਟ, ਦਿਸ ਕਿਸੇ ਨਾ ਆਇੰਦਾ । ਕਲਜੁਗ ਜੀਵਾਂ ਨਾਤਾ ਜੂਠ ਝੂਠ, ਮਾਇਆ ਮੋਹ ਪਿਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਸਾਚੇ ਦਰ, ਸਾਚਾ ਦਰ ਸੁਹਾਇੰਦਾ । ਸੰਤ ਮਨੀ ਸਿੰਘ ਸੁਣ ਪੁਕਾਰ, ਹਰਿ ਹਰਿ ਦਇਆ ਕਮਾਈਆ । ਬਸਤਰ ਗਹਿਣਾ ਤਨ ਸ਼ਿੰਗਾਰ, ਏਕਾ ਸ਼ਬਦ ਪਹਿਨਾਈਆ । ਨੇਤਰ ਨੈਣਾਂ ਕੱਜਲ ਧਾਰ, ਨਾਮਾ ਨਾਮ ਰਖਾਈਆ । ਸਚ ਸਿੰਘਾਸਣ ਅਪਰ ਅਪਾਰ, ਆਤਮ ਸੇਜ ਵਿਛਾਈਆ । ਫੂਲਣ ਬਰਖ਼ਾ ਲਾਏ ਕਰਤਾਰ, ਅੱਠੇ ਪਹਿਰ ਸੇਵ ਕਮਾਈਆ । ਲੇਖਾ ਲਿਖੇ ਜਗ ਸੰਸਾਰ, ਕਲਜੁਗ ਵੇਖ ਵਖਾਈਆ ।

ਸਤਿਜੁਗ ਸਾਚੇ ਕਰ ਪਿਆਰ, ਧਰਤ ਮਾਤ ਰਿਹਾ ਸੁਣਾਈਆ । ਧਰਤ ਮਾਤ ਰਹੀ ਪੁਕਾਰ, ਦੋਏ ਜੋੜ ਸੀਸ ਝੁਕਾਈਆ । ਖੁਲ੍ਹੜੇ ਕੇਸ ਦੱਬੀ ਪਾਪਾਂ ਭਾਰ, ਨਾ ਕੋਈ ਭਾਰ ਉਠਾਈਆ । ਸਾਧ ਸੰਤ ਹੋਏ ਵਿਭਚਾਰ, ਸਚ ਕਿਰਿਆ ਨਾ ਕੋਈ ਕਰਾਈਆ । ਪੁਰਖ ਅਬਿਨਾਸ਼ ਕਵਣ ਪਾਏ ਬਿਨ ਤੇਰੇ ਸਾਰ, ਤੇਰੀ ਧਰਨੀ ਤੇਰੇ ਅੱਗੇ ਰਹੀ ਕੁਰਲਾਈਆ । ਕਰਤਾ ਪੁਰਖ ਰਿਹਾ ਲਲਕਾਰ, ਆਪ ਆਪਣੀ ਕਰੀ ਜਣਾਈਆ । ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕਾ ਡੰਕ ਵਜਾਈਆ । ਮੇਟ ਮਿਟਾਏ ਦੁਸ਼ਟ ਹੰਕਾਰ, ਗੁਰਮੁਖ ਸਾਚੇ ਲਏ ਜਗਾਈਆ । ਸਤਿਜੁਗ ਸਾਚਾ ਕਰ ਉਜਿਆਰ, ਏਕਾ ਸ਼ਬਦ ਕਰੇ ਪੜ੍ਹਾਈਆ । ਸੋਹੰ ਸ਼ਬਦ ਜੈ ਜੈਕਾਰ, ਚਾਰ ਵਰਨਾਂ ਲਏ ਤਰਾਈਆ । ਬੀਸ ਬੀਸਾ ਖ਼ਬਰਦਾਰ, ਸੰਮਤ ਬਿਕ੍ਰਮੀ ਕਰੇ ਕੁੜਮਾਈਆ । ਚਰਨ ਛੁਹਾਏ ਦਿਲੀ ਦਰਬਾਰ, ਨੌਂ ਖੰਡ ਪ੍ਰਿਥਮੀ ਕਰੇ ਇਕ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਬੂਝ ਬੁਝਾਈਆ । ਸੰਤ ਮਨੀ ਸਿੰਘ ਮੰਨਿਆ ਮਨ, ਆਤਮ ਬ੍ਰਹਮ ਜਣਾਇਆ । ਜੋਤ ਨਿਰੰਜਣ ਚੜ੍ਹਿਆ ਚੰਨ, ਗੁਰ ਸਾਚਾ ਵੇਖ ਵਖਾਇਆ । ਜੂਠਾ ਝੂਠਾ ਭਾਂਡਾ ਭੰਨ, ਭਰਮੀ ਗੜ੍ਹ ਤੁੜਾਇਆ । ਆਪਣੇ ਚੋਰਾਂ ਆਪੇ ਦਿਤਾ ਡੰਨ, ਆਪਣਾ ਖੰਡਾ ਹੱਥ ਉਠਾਇਆ । ਆਪਣਾ ਰਾਗ ਸੁਣਾ ਆਪਣੇ ਕੰਨ, ਕਾਇਆ ਮੰਦਰ ਰਹੇ ਗਾਇਆ । ਰਸਨਾ ਕਹੇ ਧੰਨ ਧੰਨ, ਪਾਰਬ੍ਰਹਮ ਤੇਰੀ ਵਡਿਆਇਆ । ਸੰਤ ਭਗਤ ਜਨਨੀ ਮਾਤ ਲਏ ਜਣ, ਧੰਨ ਧੰਨ ਜਣੇਂਦੀ ਮਾਇਆ । ਸਤਿਗੁਰ ਪੂਰਾ ਬੇੜਾ ਦੇਵੇ ਬੰਨ੍ਹ, ਜੁਗ ਜੁਗ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੰਗ ਸ਼ਬਦ ਤੁਰੰਗ, ਅੰਮ੍ਰਿਤ ਧਾਰ ਗੰਗ ਹਰਿ ਹਰਿ ਆਪ ਵਹਾਇਆ । ਅੰਮ੍ਰਿਤ ਧਾਰ ਡੂੰਘਾਂ ਸਾਗਰ, ਜਲ ਜਲ ਆਪ ਰਖਾਈਆ । ਗੁਰਮੁਖ ਵੇਖੇ ਕਾਇਆ ਗਾਗਰ, ਰਾਮ ਰਤਨਾਗਰ ਇਕ ਕਰਾਈਆ । ਵਣਜ ਕਰਾਏ ਸੱਚਾ ਸੌਦਾਗਰ, ਸਚ ਵਸਤ ਇਕ ਟਿਕਾਈਆ । ਨਿਰਮਲ ਕਰਮ ਹੋਏ ਉਜਾਗਰ, ਜਿਸ ਜਨ ਸਾਚਾ ਮੇਲ ਮਿਲਾਈਆ । ਮੇਲ ਮਿਲਾਵੇ ਸਾਚੇ ਕਰਤੇ ਕਾਦਰ, ਕਰਮਾਂ ਮੇਟ ਮਿਟਾਈਆ । ਦੋ ਜਹਾਨਾਂ ਦੇਵੇ ਆਦਰ, ਸਚਖੰਡ ਨਿਵਾਸ ਰਖਾਈਆ । ਸ਼ਬਦ ਸਰੂਪੀ ਦੇਵੇ ਚਾਦਰ, ਚਿੱਟੀ ਧਾਰ ਵਹਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਸਾਚੇ ਦਰ, ਸੰਤਨ ਡੋਲਾ ਹੱਥ ਫੜਾਈਆ । ਸੰਤਨ ਡੋਲੀ ਹੱਥ ਕਰਤਾਰ, ਆਪਣੀ ਆਪ ਫੜਾਇੰਦਾ । ਗੁਰਮੁਖ ਸਾਚੇ ਕਰ ਪਿਆਰ, ਆਪਣਾ ਰੰਗ ਰੰਗਾਇੰਦਾ । ਛੈਲ ਛਬੀਲਾ ਵਿਚ ਸੰਸਾਰ ਇਕ ਨਿਰੰਕਾਰ, ਭਗਤ ਕਬੀਲਾ ਕਰ ਤਿਆਰ, ਨਾਮ ਵਸੀਲਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸੰਗ ਨਿਭਾਇੰਦਾ । ਸੰਤਨ ਨਾਤਾ ਸਚ ਦਵਾਰ, ਹਰਿ ਹਰਿ ਆਪ ਬੰਧਾਇਆ । ਸੰਤਨ ਵੇਖੇ ਵਿਚ ਸੰਸਾਰ, ਲੱਖ ਚੁਰਾਸੀ ਫੋਲ ਫੁਲਾਇਆ । ਗੁਰਮੁਖ ਸਾਜਣ ਮੀਤ ਮੁਰਾਰ, ਹਰਿ ਹਰਿ ਮੇਲ ਮਿਲਾਇਆ । ਨਿਰਗੁਣ ਮੇਲਾ ਅਪਰ ਅਪਾਰ, ਸਰਗੁਣ ਭੇਵ ਨਾ ਰਾਇਆ । ਸਰਗੁਣ ਸੋਇਆ ਪੈਰ ਪਸਾਰ, ਨਿਰਗੁਣ ਲਏ ਉਠਾਇਆ । ਲਹਿਣਾ ਦੇਣਾ ਕਰਮ ਵਿਚਾਰ, ਪੂਰਬ ਲਹਿਣਾ ਝੋਲੀ ਪਾਇਆ । ਸੰਤ ਮਨੀ ਸਿੰਘ ਕਰ ਪਿਆਰ, ਸਾਚਾ ਸਿਖ ਮਿਲਾਇਆ । ਸਿੰਘ ਬਿਸ਼ਨ ਕਰ ਪਿਆਰ, ਪ੍ਰੇਮ ਪਿਆਲਾ ਇਕ ਪਿਆਇਆ । ਪ੍ਰੇਮ ਸਤਿ ਹੋਇਆ ਉਜਿਆਰ, ਸਾਚੀ ਕੁਲ ਤਰਾਇਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਜੋ ਬੈਠਾ ਮੁਖ ਛੁਪਾਇਆ । ਪ੍ਰਗਟ ਹੋਇਆ ਵਿਚ ਸੰਸਾਰ, ਨਿਹਕਲੰਕਾ ਡੰਕ ਵਜਾਇਆ ।

ਰਾਓ ਰੰਕਾਂ ਕਰੇ ਖ਼ਬਰਦਾਰ, ਆਪ ਆਪਣਾ ਭੇਵ ਖੁਲ੍ਹਾਇਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਰਿਹਾ ਉਠਾਇਆ । ਲੱਖ ਚੁਰਾਸੀ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਇਆ । ਲੱਖਣ ਦੀਪ ਹੋ ਉਜਿਆਰ, ਕਰੌਂਚ ਲਏ ਜਗਾਇਆ । ਪੁਸ਼ਕਰ ਖੇਲ ਅਪਰ ਅਪਾਰ, ਜੰਬੂ ਜੋਤ ਕਰੇ ਰੁਸ਼ਨਾਇਆ । ਸਲਮਲ ਦਏ ਨਾਮ ਆਧਾਰ, ਸ਼ਾਨ ਭੇਖ ਵਟਾਇਆ । ਕੁਸ਼ਾ ਕਰ ਆਪ ਉਜਿਆਰ, ਆਪ ਆਪਣਾ ਦਰ ਮਿਲਾਇਆ । ਸਤ ਰੰਗ ਨਿਸ਼ਾਨਾ ਖੇਲ ਕਰਤਾਰ, ਸੱਤਾਂ ਦੀਪਾਂ ਦਏ ਵਖਾਇਆ । ਵਾਲੀ ਹਿੰਦ ਕਰਿਆ ਖ਼ਬਰਦਾਰ, ਸ਼ਾਹ ਭਬੀਖਣ ਰਾਮ ਰਾਮਾ ਆਪ ਉਠਾਇਆ । ਮੇਟੇ ਸਗਲੀ ਚਿੰਦ ਹਰਿ ਦਾਤਾਰ, ਗੁਣੀ ਗਹਿੰਦ ਗਹਿਰ ਗੰਭੀਰ ਅਖਵਾਇਆ । ਆਪ ਲਗਾਏ ਮਨਮੁਖਾਂ ਆਪਣੀ ਨਿੰਦ, ਗੁਰਮੁਖ ਸਾਚੇ ਲਏ ਜਗਾਇਆ । ਸਿੰਘ ਬਿਸ਼ਨ ਬਿਸ਼ਨ ਸਿੰਘ ਹਰਿ ਮੇਟੇ ਚਿੰਦ, ਬਿਸ਼ਨ ਸਿੰਘ ਵਿਚੋਲਾ ਵਿਚ ਰਖਾਇਆ । ਪ੍ਰੇਮ ਸਿੰਘ ਸਿੰਘ ਪ੍ਰੇਮ ਦੋ ਜਹਾਨਾਂ ਪੰਚ, ਨਿਜ ਨੇਤਰ ਆਪ ਖੁਲ੍ਹਾਇਆ । ਰੁੱਤ ਬਸੰਤੀ ਮਹੀਨਾ ਚੇਤਰ, ਫੁਲ ਫੁਲਵਾੜੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਗਾਗਰ ਨਿਰਮਲ ਜੋਤ ਕਰੇ ਉਜਾਗਰ, ਘਰ ਮੰਦਰ ਵੇਖੇ ਮਾਰ ਧਿਆਨ, ਧੁਨ ਸ਼ਬਦ ਧੁਨ ਅਨਹਦ ਢੋਲ ਅਪਾਰ ਵਜਾਏ ਬਹੱਤਰ ਨਾੜ, ਸਤਾਰ ਵੇਖੇ ਪਾਰ ਨੌਂ ਦਵਾਰ, ਦਸਮ ਦਵਾਰੀ ਡੇਰਾ ਲਾਇਆ ।



ਆਦਿ ਨਿਰੰਜਣ ਹਰਿ ਭਗਵਾਨ, ਏਕਾ ਏਕ ਅਖਵਾਇਆ । ਜੋਤੀ ਜੋਤ ਨੂਰ ਮਹਾਨ, ਆਪ ਆਪਣਾ ਲਏ ਉਪਾਇਆ । ਆਦਿ ਨਿਰੰਜਣ ਮਿਹਰਬਾਨ, ਭੇਦ ਅਭੇਵ ਭੇਵ ਛੁਪਾਇਆ । ਆਦਿ ਸ਼ਕਤ ਕਰ ਪਰਧਾਨ, ਆਪ ਆਪਣਾ ਰੰਗ ਰੰਗਾਇਆ । ਅਕਾਲ ਮੂਰਤ ਨੌਜਵਾਨ, ਏਕਾ ਏਕ ਏਕ ਅਖਵਾਇਆ । ਏਕੰਕਾਰਾ ਸਚ ਨਿਸ਼ਾਨ, ਆਪ ਆਪਣਾ ਲਏ ਤਰਾਇਆ । ਆਪ ਆਪਣਾ ਵੇਖੇ ਮਾਰ ਧਿਆਨ, ਦੂਸਰ ਕੋਇ ਨਾ ਸੰਗ ਰਖਾਇਆ । ਆਪ ਆਪਣਾ ਜਾਣੀ ਜਾਣ, ਜਾਨਣਹਾਰ ਆਪ ਅਖਵਾਇਆ । ਆਪ ਆਪਣਾ ਜਾਣੇ ਧੁਰ ਫ਼ਰਮਾਣ, ਦੇਵਣਹਾਰ ਨਾਉਂ ਧਰਾਇਆ । ਆਪ ਆਪਣਾ ਕਰ ਪਰਵਾਨ, ਆਪ ਆਪਣਾ ਸੀਸ ਝੁਕਾਇਆ । ਆਪ ਆਪਣਾ ਸ਼ਾਹ ਸੁਲਤਾਨ, ਆਪ ਆਪਣਾ ਤਖ਼ਤ ਸੁਹਾਇਆ । ਆਪ ਆਪਣੀ ਪਾਵੇ ਆਣ, ਆਪ ਆਪਣਾ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਅਬਿਨਾਸ਼ੀ ਕਰਤਾ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਧਾਮ ਸੁਹਾਇੰਦਾ । ਆਪ ਆਪਣਾ ਮੀਤ ਮੁਰਾਰਾ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਬੰਧਨ ਪਾਇੰਦਾ । ਆਪ ਆਪਣਾ ਵੇਖੇ ਵੇਖਣਹਾਰਾ, ਆਪ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਇੰਦਾ । ਜੋਤੀ ਨੂਰ ਹਰਿ ਅਕਾਲਾ, ਏਕਾ ਏਕ ਅਖਵਾਇਆ । ਆਪੇ ਹੋਏ ਗੁਰ ਗੋਪਾਲਾ, ਦੀਨਾ ਬੰਧਪ ਨਾਮ ਧਰਾਇਆ । ਆਪ ਆਪਣੀ ਫੇਰੇ ਮਾਲਾ, ਆਪ ਆਪਣਾ ਨਾਮ ਜਪਾਇਆ । ਆਪ ਆਪਣੀ ਬੈਠ ਧਰਮਸਾਲਾ, ਆਪ ਆਪਣਾ ਧਰਮ ਕਮਾਇਆ । ਸ਼ਬਦ ਸਿੰਘਾਸਣ ਖੇਲ ਨਿਰਾਲਾ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇਆ । ਆਪਣੀ ਕਲ ਆਪ ਵਰਤਾ, ਆਪਣਾ

੭੭੫
੦੭

੭੭੬
੦੭

ਖੇਲ ਖਲਾਇੰਦਾ । ਆਪਣੀ ਜੋਤੀ ਆਪ ਜਗਾ, ਆਪਣਾ ਮੇਲ ਮਿਲਾਇੰਦਾ । ਆਪਣੀ ਸੇਜਾ ਆਪੇ ਚੜ੍ਹ, ਆਪੇ ਵੇਸ ਵਟਾਇੰਦਾ । ਆਪਣਾ ਘਾੜਨ ਆਪੇ ਘੜ, ਘੜਣ ਭੰਨਣਹਾਰ ਆਪ ਅਖਵਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਆਪ ਆਪਣੇ ਵਿਚ ਟਿਕਾਇੰਦਾ । ਆਪ ਆਪਣੀ ਲਾਏ ਜੜ੍ਹ, ਆਪ ਆਪਣੀ ਆਪ ਉਖੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਨਾਉਂ ਧਰਾਇੰਦਾ । ਆਦਿ ਨਿਰੰਜਣ ਹਰਿ ਮਿਹਰਬਾਨ, ਜੋਤੀ ਜੋਤ ਜਗਾਈਆ । ਦੂਸਰ ਨਾ ਕੋਈ ਹੋਰ ਨਿਸ਼ਾਨ, ਨਾ ਕੋਈ ਬਣਤ ਬਣਾਈਆ । ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਈ ਸੁਹਾਈਆ । ਰਵ ਸਸ ਨਾ ਕੋਈ ਪਛਾਣ, ਮੰਡਲ ਮੰਡਪ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਕਰੇ ਰੁਸ਼ਨਾਈਆ । ਨਿਰਗੁਣ ਰੂਪ ਹਰਿ ਦਾਤਾਰ, ਏਕਾ ਏਕ ਅਖਵਾਇਆ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣਾ ਰੰਗ ਰੰਗਾਇਆ । ਆਪ ਆਪਣਾ ਮੀਤ ਮੁਰਾਰ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਬਣਿਆ ਨਾਰ, ਨਾਰੀ ਕੰਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਦਰ ਸੁਹਾਏ ਹਰਿ ਦਾਤਾਰ, ਆਪਣੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰ, ਖੇਲਣਹਾਰ ਦਿਸ ਨਾ ਆਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਅਗੰਮੜੀ ਕਾਰ ਕਮਾਈਆ । ਅਲੱਖ ਨਿਰੰਜਣ ਇਕ ਜੈਕਾਰ, ਆਪਣਾ ਨਾਅਰਾ ਲਾਈਆ । ਹੋ ਪ੍ਰਤੱਖ ਪਾਵੇ ਸਾਰ, ਜੋਤੀ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਸੁਹਾਈਆ । ਆਦਿ ਪੁਰਖ ਹਰਿ ਭਗਵਾਨ, ਹਰਿ ਹਰਿ ਖੇਲ ਖਿਲਾਇੰਦਾ । ਜੋਤੀ ਨੂਰ ਇਕ ਮਹਾਨ, ਇਕ ਆਪਣਾ ਆਪ ਜਗਾਇੰਦਾ । ਆਪੇ ਖੇਲੇ ਖੇਲ ਦੋ ਜਹਾਨਾ, ਦੋ ਜਹਾਨਾਂ ਵਾਲੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਘਰ ਆਪ ਸੁਹਾਇੰਦਾ । ਘਰ ਸੁਹਾਏ ਥਿਰ ਦਰਬਾਰ, ਦਰ ਮੰਦਰ ਆਪ ਸੁਹਾਇਆ । ਸ਼ਾਹੋ ਭੂਪ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਉਪਾਇਆ । ਮਹੱਲ ਅਟੱਲ ਉਚ ਮੁਨਾਰ, ਬੈਠਾ ਡੇਰਾ ਲਾਇਆ । ਰੂਪ ਰੰਗ ਨਾ ਕੋਈ ਵਿਚਾਰ, ਅਕਾਲ ਮੂਰਤ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਆਪ ਆਪਣਾ ਦਰ ਦਵਾਰਾ ਖੋਲ੍ਹ, ਆਪਣੀ ਦਇਆ ਕਮਾਈਆ । ਸ਼ਬਦ ਅਗੰਮੀ ਆਪੇ ਬੋਲ, ਆਪੇ ਰਿਹਾ ਸੁਣਾਈਆ । ਆਪ ਆਪਣਾ ਵਜਾਏ ਢੋਲ, ਆਪ ਆਪਣਾ ਲਏ ਜਗਾਈਆ । ਆਪ ਆਪਣੇ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਆਪ ਆਪਣੇ ਅੰਦਰ ਆਪੇ ਮੌਲ, ਆਪ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਬੈਠਾ ਬੇਪਰਵਾਹ, ਆਪਣਾ ਦਰ ਸੁਹਾਇਆ । ਸਾਚਾ ਧਾਮ ਆਪ ਸੁਹਾ, ਆਪੇ ਵੇਖ ਵਖਾਇਆ । ਨਿਰਗੁਣ ਜੋਤੀ ਇਕ ਜਗਾ, ਏਕਾ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਮੰਦਰ ਇਕ ਸੁਹਾਇਆ । ਹਰਿ ਮੰਦਰ ਹਰਿ ਦਵਾਰ, ਆਪਣਾ ਆਪ ਉਪਾਇਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਇਆ । ਸੂਰਜ ਚੰਨ ਨਾ ਕੋਈ ਉਜਿਆਰ, ਤਾਰਾ ਮੰਡਲ ਨਾ ਕੋਈ ਦਿਸਾਇਆ । ਗਗਨ ਮੰਡਲ ਨਾ ਕੋਈ ਪਤਾਲ, ਜਲ ਬਿੰਬ ਨਾ ਕੋਈ ਤਰਾਇਆ । ਇਕ ਇਕੱਲਾ ਏਕੰਕਾਰ, ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ

੭੭੭
੦੭

ਆਪਣਾ ਖੇਲ ਖਲਾਇਆ । ਖੇਲਣਹਾਰ ਹਰਿ ਭਗਵੰਤਾ, ਆਪਣੀ ਕਲ ਵਰਤਾਇੰਦਾ । ਆਪ ਬਣਾਏ ਆਪਣੀ ਬਣਤਾ, ਆਪਣੀ ਧਾਰ ਚਲਾਇੰਦਾ । ਆਪਣਾ ਧਾਮ ਆਪ ਸੁਹੰਤਾ, ਆਪੇ ਵੇਖ ਵਖਾਇੰਦਾ । ਆਪਣੇ ਦਰ ਆਪੇ ਹੋਏ ਮੰਗਤਾ, ਆਪ ਆਪਣੀ ਝੋਲੀ ਅੱਗੇ ਡਾਹਿੰਦਾ । ਆਪਣੀ ਕਾਇਆ ਆਪੇ ਰੰਗਦਾ, ਰੂਪ ਰੰਗ ਨਾ ਕੋਈ ਰਖਾਇੰਦਾ । ਆਪਣੇ ਦਰ ਕਦੇ ਨਾ ਸੰਗਦਾ, ਸੁਤੇ ਪ੍ਰਕਾਸ਼ ਕਰਾਇੰਦਾ । ਆਪਣਾ ਮੰਦਰ ਆਪੇ ਲੰਘਦਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖ ਸਾਚਾ ਘਰ, ਦਰ ਦਵਾਰਾ ਆਪ ਸੁਹਾਇੰਦਾ । ਆਪੇ ਬੈਠ ਗ਼ਰੀਬ ਨਿਵਾਜ਼ਾ, ਆਪਣਾ ਮੇਲ ਮਿਲਾਇੰਦਾ । ਆਪ ਆਪਣੀ ਮਾਰੇ ਵਾਜਾ, ਆਪਣਾ ਆਪ ਉਠਾਇੰਦਾ । ਆਪ ਆਪਣਾ ਰਚਿਆ ਕਾਜਾ, ਆਪ ਆਪਣਾ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਡੇਰਾ ਲਾਇੰਦਾ । ਥਿਰ ਘਰ ਸਾਚੇ ਵਡ ਵਡਿਆਈ, ਹਰਿ ਹਰਿ ਜੋਤ ਜਗਾਈਆ । ਆਪ ਆਪਣੀ ਕਰ ਕੁੜਮਾਈ, ਆਪ ਆਪਣਾ ਸੰਗ ਨਿਭਾਈਆ । ਆਪੇ ਧੀ ਆਪ ਜਵਾਈ, ਆਪ ਅਪਣਾ ਵੇਖ ਵਖਾਈਆ । ਆਪਣੀ ਸੇਜਾ ਆਪ ਹੰਢਾਈ, ਨਾਰੀ ਕੰਤ ਆਪ ਅਖਵਾਈਆ । ਮਾਤ ਪਿਤ ਪੂਤ ਆਪਣੀ ਗੋਦ ਉਠਾਈ, ਸ਼ਬਦੀ ਸ਼ਬਦ ਨਾਉਂ ਧਰਾਈਆ । ਘਰ ਸਾਚੇ ਵੱਜੀ ਵਧਾਈ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਈਆ । ਮੰਗਲਾਚਾਰ ਇਕ ਕਰਾਈ, ਥਿਰ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨ ਰਚਾਈਆ । ਸ਼ਬਦ ਸੁਤ ਸੁਤ ਦੁਲਾਰ, ਹਰਿ ਹਰਿ ਆਪ ਉਪਾਇਆ । ਆਪੇ ਕਰੇ ਖ਼ਬਰਦਾਰ, ਆਪ ਆਪਣਾ ਮਾਰਗ ਲਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਆਪ ਆਪਣਾ ਵਿਚ ਟਿਕਾਇਆ । ਤ੍ਰੈਗੁਣ ਮਾਇਆ ਦਏ ਆਧਾਰ, ਪੰਚਮ ਮੇਲ ਮਿਲਾਇਆ । ਪੰਚਮ ਮੀਤਾ ਹਰਿ ਨਿਰੰਕਾਰ, ਕਵਲ ਕਵਲ ਸਮਾਇਆ । ਕਵਲ ਕਵਲ ਕਰ ਉਜਿਆਰ, ਪਾਰਬ੍ਰਹਮ ਬ੍ਰਹਮ ਉਪਾਇਆ । ਏਕਾ ਦੂਜਾ ਖੇਲ ਅਪਾਰ, ਸੋ ਪੁਰਖ ਨਿਰੰਜਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲੇਖ ਲਿਖਾਇਆ । ਆਪਣੀ ਵੰਡ ਆਪੇ ਵੰਡ, ਆਪਣੀ ਦਇਆ ਕਮਾਈਆ । ਵੇਖ ਵਖਾਏ ਹਰਿ ਬ੍ਰਹਿਮੰਡ, ਆਪ ਆਪਣੇ ਲਏ ਉਠਾਈਆ । ਸ਼ਬਦ ਸ਼ਬਦੀ ਰਿਹਾ ਵੰਡ, ਵੰਡਣਹਾਰ ਦਿਸ ਨਾ ਆਈਆ । ਆਪ ਉਪਜਾਏ ਲੱਖ ਚੁਰਾਸੀ ਜੇਰਜ ਅੰਡ, ਉਤਭੁਜ ਸੇਤਜ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਬ੍ਰਹਮ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਗਿਆ ਸਮਾ, ਅਕਲ ਕਲਾ ਧਾਰੀਆ । ਓਅੰ ਰੂਪ ਆਪ ਵਟਾ, ਸੋਹੰ ਨਾਮ ਧਰਾਈਆ । ਹੰ ਹੰ ਨਾਮ ਧਰਾ, ਨਿਰਗੁਣ ਜੋਤ ਕਰੇ ਉਜਿਆਰਿਆ । ਪੰਜ ਤਤ ਡੇਰਾ ਲਾ, ਆਪ ਆਪਣਾ ਖੇਲ ਖਿਲਾ ਰਿਹਾ । ਮਨ ਮਤ ਬੁੱਧ ਨਾਲ ਰਲਾ, ਆਪ ਆਪਣਾ ਵੇਖ ਵਖਾ ਰਿਹਾ । ਨੌਂ ਦਵਾਰੇ ਜਗਤ ਵਖਾ, ਦਸਵੇਂ ਮੁਖ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਖੇਲ ਖਿਲਾ ਰਿਹਾ । ਲੋਕਮਾਤ ਕਿਰਪਾ ਕਰ, ਆਪਣੀ ਦਇਆ ਕਮਾਈਆ । ਲੱਖ ਚੁਰਸੀ ਦਏ ਵਰ, ਘਰ ਸਾਚੇ ਵੱਜੀ ਵਧਾਈਆ । ਆਪ ਆਪਣਾ ਵੇਖੇ ਦਰ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਗਾਥਾ ਆਪੇ ਮਾਤ ਚਲਾਈਆ । ਸ਼ਬਦ ਡੰਕਾ ਹਰਿ ਨਿਰੰਕਾਰ, ਆਪਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਵਖਾਇੰਦਾ । ਨਾਮ ਰਥ ਅਪਰ ਅਪਾਰ, ਹਰਿ ਸਾਚਾ ਆਪ ਚਲਾਇੰਦਾ ।

ਪੂਜਾ ਪਾਠ ਜੀਵ ਆਧਾਰ, ਜੁਗ ਜੁਗ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਵੰਡੇ ਵੰਡ ਹਰਿ ਨਿਰੰਕਾਰ, ਆਪਣੀ ਖੇਲ ਖਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਤ੍ਰੈ ਤ੍ਰੈ ਵੇਖ ਵਖਾਈਆ । ਕਲਜੁਗ ਵੇਖੇ ਕੂੜ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਬੁੱਧ ਬਬੇਕੀ ਨਾ ਕੋਈ ਅਕਾਰ, ਮਨਮਤ ਨਾ ਕੋਈ ਵਖਾਈਆ । ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਨਾਅਰਾ ਲਾਈਆ । ਈਸਾ ਮੂਸਾ ਹੋ ਉਜਿਆਰ, ਪਰਵਰਦਿਗਾਰ ਬੇਪਰਵਾਹੀਆ । ਚਾਰੋਂ ਕੁੰਟ ਇਕ ਅਖਾੜ, ਨੌਂ ਖੰਡ ਵੱਜੇ ਵਧਾਈਆ । ਜਰਮ ਕਰਮ ਧਰਮ ਪ੍ਰਭ ਰਿਹਾ ਵਿਚਾਰ, ਕਲਜੁਗ ਤੇਰੀ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਤੇਰਾ ਰੰਗ ਅਮੋਲਾ, ਹਰਿ ਹਰਿ ਆਪ ਰੰਗਾਇਆ । ਜੂਠ ਝੂਠ ਰੰਗਿਆ ਚੋਲਾ, ਰੰਗ ਉਤਰ ਕਦੇ ਨਾ ਜਾਇਆ । ਮਾਇਆ ਮਮਤਾ ਹੱਟ ਹਟਵਾਣਾ ਖੋਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਵੇਸ ਆਪ ਧਰ, ਪੰਜ ਤਤ ਵੇਖ ਵਖਾਇਆ । ਪੰਜ ਤਤ ਕਰ ਉਜਿਆਰ, ਹਰਿ ਹਰਿ ਆਪ ਉਪਾਇੰਦਾ । ਆਪੇ ਪਾਵਣਹਾਰ ਸਾਰ, ਅੰਦਰ ਮੰਦਰ ਡੇਰਾ ਲਾਇੰਦਾ । ਦੀਪਕ ਜੋਤੀ ਕਰ ਉਜਿਆਰ, ਜੋਤ ਨਿਰੰਜਣ ਆਪ ਜਗਾਇੰਦਾ । ਸ਼ਬਦ ਅਨਾਦੀ ਧੁਨ ਅਪਾਰ, ਅਨਹਦ ਤਾਲ ਵਜਾਇੰਦਾ । ਰਾਗ ਰਾਗਨੀ ਢਹਿ ਪਏ ਦਵਾਰ, ਪੰਚਮ ਸਖੀਆਂ ਸੰਗ ਰਲਾਇੰਦਾ । ਗਾਵਤ ਗਾਏ ਵਾਰੋ ਵਾਰ, ਆਪ ਆਪਣੀ ਧਾਰ ਚਲਾਇੰਦਾ । ਗੁਰਮੁਖਾਂ ਖੋਲ੍ਹੇ ਬਜ਼ਰ ਕਪਾਟ, ਝੂਠੀ ਧਾੜ ਮੇਟ ਮਿਟਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡੀ ਠਾਰ, ਸਰ ਸਰੋਵਰ ਇਕ ਨੁਹਾਇੰਦਾ । ਦਸਮ ਦੁਆਰੀ ਮੀਤ ਮੁਰਾਰ, ਆਪ ਆਪਣਾ ਮੇਲ ਮਿਲਾਇੰਦਾ । ਆਤਮ ਸੇਜਾ ਸੁੱਤਾ ਪੈਰ ਪਸਾਰ, ਜਨ ਭਗਤਾਂ ਰਾਹ ਤਕਾਇੰਦਾ । ਦਿਵਸ ਰੈਣ ਕਰੇ ਵਿਚਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਕਲਜੁਗ ਕੂੜਾ ਕੂੜ ਪਸਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਪ੍ਰਭ ਅਬਿਨਾਸ਼ੀ ਬੰਨ੍ਹੇ ਧਾਰ, ਆਪ ਆਪਣਾ ਵੇਸ ਵਟਾਇੰਦਾ । ਪੰਜ ਤਤ ਕਰ ਅਕਾਰ, ਮਾਤ ਪਿਤ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਰੂਪ ਤੇਰੀ ਧਾਰ, ਅੰਤਮ ਵੇਖ ਵਖਾਇੰਦਾ ।

ਟੋਪਨ ਰਾਮ ਆਤਮ ਸਿਕ, ਹਰਿ ਹਰਿ ਆਪ ਮਿਟਾਈਆ । ਜਗਤ ਮੇਟੇ ਤ੍ਰਿਸ਼ਨਾ ਭੁੱਖ, ਸਾਂਤਕ ਸਤਿ ਵਰਤਾਈਆ । ਧੁਰਦਰਗਾਹੀ ਦੇਵੇ ਏਕਾ ਸੁਖ, ਨਾ ਸਕੇ ਕੋਈ ਮਿਟਾਈਆ । ਵੇਖ ਵਖਾਏ ਧਾਰੀ ਕੇਸ, ਮੁੰਡ ਮੁੰਡਾਏ ਲੇਖੇ ਲਾਈਆ । ਦਾਤਾ ਦਾਨੀ ਦਸ ਦਸਮੇਸ਼, ਰਾਮ ਰਾਮਾ ਰੂਪ ਵਟਾਈਆ । ਭਾਰ ਉਠਾਏ ਰਿਖੀ ਕੇਸ਼, ਗਵਰਧਨ ਮੁਖ ਭਵਾਈਆ । ਆਦਿ ਜੁਗਾਦਿ ਸੰਤ ਸੁਹੇਲਾ ਸ੍ਰਿਸ਼ਟ ਸਬਾਈ ਅੰਦਰ ਆਪੇ ਵੇਖ, ਜੋਤੀ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਦਏ ਵਡਿਆਈਆ । ਗੁਰਸਿਖ ਸੱਜਣ ਸਾਚਾ ਮੀਤ, ਹਰਿ ਹਰਿ ਆਪ ਬਣਾਇਆ । ਆਪ ਸੁਣਾਏ ਸੁਹਾਗੀ ਗੀਤ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਕਾਇਆ ਮੰਦਰ ਅੰਦਰ ਗੁਰਦੁਆਰ ਸਚ ਮਸੀਤ, ਸ਼ਿਵ ਦੁਆਲਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬੰਧਾਏ ਚਰਨ ਪ੍ਰੀਤ, ਨਾਤਾ ਬਿਧਾਤਾ ਨਾ ਕੋਇ ਤੁੜਾਇਆ । ਚਰਨ ਪ੍ਰੀਤੀ ਸਾਚਾ ਰੰਗ, ਗੁਰਮੁਖ ਆਪ ਚੜ੍ਹਾਈਆ । ਆਤਮ ਦਰ ਆਪੇ ਲੰਘ, ਆਪੇ ਵੇਖ ਵਖਾਈਆ । ਸ਼ਬਦ ਰੰਗੀਲੀ

੭੭੮
੦੭

ਸੇਜ ਪਲੰਘ, ਬੈਠਾ ਆਸਣ ਲਾਈਆ । ਗੁਰਮੁਖ ਸਾਜਣ ਮੰਗੇ ਮੰਗ, ਝੋਲੀ ਨਾਮ ਭਰਾਈਆ । ਮਾਨਸ ਜਨਮ ਨਾ ਹੋਏ ਭੰਗ, ਆਵਣ ਜਾਵਣ ਜਗਤ ਕਟਾਈਆ । ਅੰਮ੍ਰਿਤ ਧਾਰ ਵਹਾਏ ਗੰਗ, ਜਮਨਾ ਸੁਰਸਤੀ ਵਿਚ ਮਿਲਾਈਆ । ਸ਼ਬਦ ਘੋੜੇ ਕਸੇ ਤੰਗ, ਸਚ ਸਿੰਘਾਸਣ ਲਏ ਬਿਠਾਈਆ । ਸਚ ਦਵਾਰਾ ਆਪੇ ਲੰਘ, ਸਚਖੰਡ ਇਕ ਵਖਾਈਆ । ਅੰਗੀਕਾਰ ਲਾਇਆ ਅੰਗ, ਆਪ ਆਪਣਾ ਦਰਸ ਦਿਖਾਈਆ । ਕਾਇਆ ਮਾਟੀ ਝੂਠੀ ਵੰਗ, ਜਗਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਨਿਰਧਨ ਵੇਖ ਵਖਾਈਆ । ਨਿਰਧਨ ਮੀਤਾ ਹਰਿ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਗ਼ਰੀਬ ਨਿਮਾਣੇ ਲਏ ਉਭਾਰ, ਜੁਗ ਜੁਗ ਵੇਸ ਵਟਾਇਆ । ਆਏ ਦਰ ਸੱਚੇ ਦਵਾਰ, ਦਰ ਦਵਾਰ ਬੰਕ ਸੁਹਾਇਆ । ਜਿਉਂ ਸੁਦਾਮਾ ਮੀਤ ਮੁਰਾਰ, ਕਾਹਨਾ ਕ੍ਰਿਸ਼ਨਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਰੰਗ ਰੰਗਾਇਆ । ਰੰਗ ਰੰਗੀਲਾ ਮਾਧਵ ਮੋਹਨ, ਹਰਿ ਹਰਿ ਆਪ ਅਖਵਾਇੰਦਾ । ਹਰਿ ਕਾ ਭੇਵ ਜਾਣੇ ਕਵਣ, ਲੇਖਾ ਲਿਖਤ ਵਿਚ ਨਾ ਆਇੰਦਾ । ਗੁਰਮੁਖਾਂ ਦਿਵਸ ਰੈਣ ਦੇਵੇ ਸਵਣ, ਦਰਸ ਅਗੰਮਾ ਦਰਸ ਦਿਖਾਇੰਦਾ । ਆਤਮ ਚਲਾਏ ਠੰਡੀ ਪਵਣ, ਸਵਾਸ ਸਵਾਸੀ ਜੋ ਧਿਆਇੰਦਾ । ਪੰਚ ਵਿਕਾਰਾ ਮਾਰੇ ਰਾਵਣ, ਰਾਮ ਰਾਮਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਅਵਣਾ ਗਵਣਾ ਮਾਤ ਕਟਾਇੰਦਾ । ਗੁਰਸਿਖ ਸਾਚਾ ਸੱਜਣ ਸੁਹੇਲਾ, ਏਕਾ ਰੰਗ ਰੰਗਾਇਆ । ਕਲਜੁਗ ਅੰਤਮ ਕਰਿਆ ਮੇਲਾ, ਹਰਿ ਹਰਿ ਵੇਖ ਵਖਾਇਆ । ਸਾਚੇ ਦਰ ਚੜ੍ਹਿਆ ਤੇਲਾ, ਹਰਿਸੰਗਤ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਤਮ ਸ਼ਬਦ ਜੋਤੀ ਨੂਰ ਸਰਬ ਕਲਾ ਭਰਪੂਰ, ਆਪ ਆਪਣਾ ਰੂਪ ਵਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਨੂਰ ਨੂਰ ਹਰਿ ਹਾਜਰ ਹਜ਼ੂਰ, ਕਰ ਰੁਸ਼ਨਾਇਆ ।



### * ੨੯ ਕੱਤਕ ੨੦੧੫ ਬਿਕ੍ਰਮੀ ਬੀਬੀ ਅੰਮ੍ਰਿਤ ਦੇ ਨਵਿਤ ਪ੍ਰੇਮ ਧਾਰ ਵਿਚ ਬੰਬਈ ਸ਼ਹਿਰ ਗੁਰਦਵਾਰਾ ਸਿੰਘ ਸਭਾ *

ਪੁਰਖ ਅਕਾਲ ਏਕੰਕਾਰ, ਅਕਲ ਕਲਾ ਅਖਵਾਇਆ । ਆਦਿ ਜੁਗਾਦੀ ਲੈ ਅਵਤਾਰ, ਜੋਤੀ ਜਾਮਾ ਵੇਸ ਵਟਾਇਆ । ਅਲੱਖ ਨਿਰੰਜਣ ਅਗੰਮ ਅਪਾਰ, ਭੇਵ ਕਿਸੇ ਨਾ ਰਾਇਆ । ਨਿਰਗੁਣ ਜੋਤੀ ਕਰ ਉਜਿਆਰ, ਲੋਕਮਾਤ ਕਰੇ ਰੁਸ਼ਨਾਇਆ । ਸ਼ਬਦ ਸ਼ਬਦੀ ਡੰਕ ਅਪਾਰ, ਲੋਆਂ ਪੁਰੀਆਂ ਆਪ ਤਜਾਇਆ । ਸਾਧਾਂ ਸੰਤਾਂ ਲਏ ਉਭਾਰ, ਹਰਿਜਨ ਸਾਚੇ ਵੇਖ ਵਖਾਇਆ । ਭਗਤ ਭਗਤੀ ਕਰ ਪਸਾਰ, ਆਤਮ ਬ੍ਰਹਮ ਜਣਾਇਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਏਕਾ ਦੂਜਾ ਭੇਵ ਮਿਟਾਇਆ । ਨੇਤਰ ਨੈਣ ਖੋਲ੍ਹ ਕਿਵਾੜ, ਆਤਮ ਦਰਸੀ ਦਰਸ ਦਿਖਾਇਆ । ਮੇਟ ਮਿਟਾਏ ਪੰਚਮ ਧਾੜ, ਹਉਮੇ ਗੜ੍ਹ ਤੁੜਾਇਆ । ਏਕਾ ਸ਼ਬਦ ਸੱਚੀ ਸਰਕਾਰ, ਅੰਦਰ ਮੰਦਰ ਤਾਲ ਵਜਾਇਆ । ਨਿਰਗੁਣ ਜੋਤੀ ਦੀਪ ਦੇਵੇ ਬਾਲ, ਭਗਤਾਂ ਅੰਦਰ ਬ੍ਰਹਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਆਪ ਆਪਣੇ ਰੰਗ ਰੰਗਾਇਆ । ਗੁਰਮੁਖ ਸਾਜਣ ਸਚ ਦੁਲਾਰ, ਹਰਿ ਹਰਿ ਮੇਲ ਮਿਲਾਈਆ । ਆਪ ਸੁਹਾਏ ਬੰਕ ਦਵਾਰ, ਕਾਇਆ ਅੰਦਰ ਮੰਦਰ ਵੇਖ ਵਖਾਈਆ ।

ਮਹੱਲ ਅਟੱਲ ਉਚ ਮਿਨਾਰ, ਬੈਠਾ ਬੇਪਰਵਾਹੀਆ । ਦਿਸ ਨਾ ਆਏ ਵਿਚ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਇਕ ਇਕੱਲਾ ਖੇਲ ਨਿਆਰ, ਹਰਿ ਕੰਤ ਬੈਠਾ ਬੇਪਰਵਾਹੀਆ । ਜਲਾਂ ਥਲਾਂ ਪਾਵੇ ਸਾਰ, ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਗੁਰਮੁਖਾਂ ਵੇਖੇ ਸਚ ਮਹੱਲਾ , ਘਰ ਸਾਜਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਕਰ ਉਜਿਆਰ, ਏਕਾ ਏਕ ਅਖਵਾਇਆ । ਲੋਆਂ ਪੁਰੀਆਂ ਪਾਵੇ ਸਾਰ, ਖੰਡਾਂ ਬ੍ਰਹਿਮੰਡਾਂ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਨੌਂ ਖੰਡ ਫੋਲ ਫੁਲਾਇਆ । ਲੱਖ ਚੁਰਾਸੀ ਪਾਰ ਕਿਨਾਰ, ਗੁਰਮੁਖ ਸਾਜਣ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਮੇਲ ਮਿਲਾਇਆ । ਘਰ ਆਪਣੇ ਮੇਲ ਮਿਲਾਇਆ, ਪਾਰਬ੍ਰਹਮ ਆਤਮ ਵੱਜੀ ਵਧਾਈਆ । ਲੇਖੇ ਲਾਏ ਮਾਨਸ ਜਨਮ, ਜੀਵਾਂ ਜੰਤਾਂ ਬੂਝ ਬੁਝਾਈਆ । ਜਗਤ ਵਿਛੋੜਾ ਮਿਟੇ ਕਰਮ, ਕਰਮੀ ਕਰਮ ਦਸਾਈਆ । ਵੇਖ ਵਖਾਏ ਸਾਚਾ ਧਰਮ, ਹਰਿ ਹਰਿ ਸੱਚੀ ਸਚ ਸਰਨਾਈਆ । ਨਾ ਕੋਈ ਗੋਤ ਨਾ ਕੋਈ ਵਰਨ, ਪਾਰਬ੍ਰਹਮ ਵੱਡੀ ਵਡਿਆਈਆ । ਮੇਟ ਮਿਟਾਏ ਜੂਠ ਝੂਠ ਭਰਮ, ਭਾਂਡਾ ਭਰਮ ਭੰਨਾਈਆ । ਤਰਨੀ ਤਰਨ, ਤਾਰਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਣਹਾਰ, ਦਰ ਦਵਾਰ ਇਕ ਖੁਲ੍ਹਾਈਆ । ਦਰ ਦਰਬਾਰ ਸਚ ਦਰਗਾਹ, ਹਰਿ ਹਰਿ ਆਪ ਖੁਲਾਇੰਦਾ । ਗੁਰ ਸ਼ਬਦ ਪਾਰ ਕਰਾਏ ਬਣ ਮਲਾਹ, ਪੂਤ ਸਪੂਤਾ ਗੋਦ ਉਠਾਇੰਦਾ । ਇਕ ਜਪਾਏ ਸਾਚਾ ਨਾਂ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਥਾਨ ਥਨੰਤਰ ਇਕ ਵਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਜੋ ਜਨ ਰਸਨ ਧਿਆਇੰਦਾ । ਸਮਰਥ ਪੁਰਖ ਸਿਰ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਪਾਰ ਕਰਾਏ ਫੜ ਫੜ ਬਾਂਹ, ਭਵ ਸਾਗਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਏਕਾ ਤਤ ਏਕਾ ਬ੍ਰਹਮ, ਏਕਾ ਰੂਪ ਦਰਸਾਇੰਦਾ । ਏਕਾ ਬ੍ਰਹਮ ਇਕ ਗਿਆਨਾ, ਏਕਾ ਸ਼ਬਦ ਜਣਾਈਆ । ਏਕਾ ਚਰਨ ਇਕ ਧਿਆਨ, ਏਕਾ ਕਵਲ ਅਖਵਾਈਆ । ਏਕ ਰਾਗ ਏਕਾ ਕਾਨ, ਏਕਾ ਕਾਨ ਸੁਣਾਈਆ । ਏਕਾ ਪੁਰਖ ਇਕ ਸੁਲਤਾਨ, ਸ਼ਾਹੋ ਭੂਪ ਇਕ ਅਖਵਾਈਆ । ਏਕਾ ਮੀਤਾ ਦੋ ਜਹਾਨ, ਤ੍ਰੈਲੋਕ ਕਰੇ ਰੁਸ਼ਨਾਈਆ । ਆਦਿ ਪੁਰਖ ਸਦਾ ਮਿਹਰਬਾਨ, ਅਕਾਲ ਮੂਰਤ ਆਪ ਅਖਵਾਈਆ । ਰੂਪ ਰੰਗ ਨਾ ਕੋਈ ਵੇਖ ਵਖਾਣ, ਸਚ ਸਿੰਘਾਸਣ ਬੈਠਾ ਬੇਪਰਵਾਹੀਆ । ਕਾਇਆ ਮਹੱਲ ਅਟੱਲ ਉਚ ਮਕਾਨ, ਘਰ ਘਰ ਵਿਚ ਜੋਤ ਜਗਾਈਆ । ਗੁਰਸਿਖ ਸਾਜਣ ਕਰ ਪ੍ਰਧਾਨ, ਆਪ ਆਪਣੇ ਅੰਗ ਲਗਾਈਆ । ਦਾਤਾ ਦਾਨੀ ਦੇਵੇ ਨਾਮ ਗੁਣ ਨਿਧਾਨ, ਗੁਣਵੰਤਾ ਆਪ ਅਖਵਾਈਆ । ਧਰਮ ਵਖਾਏ ਇਕ ਸਚ ਨਿਸ਼ਾਨ, ਸਚਖੰਡ ਦਵਾਰ ਆਪ ਝੁਲਾਈਆ । ਆਵਣ ਜਾਵਣ ਚੁੱਕੇ ਕਾਨ, ਗੁਰਮੁਖਾਂ ਲੱਖ ਚੁਰਾਸੀ ਮੇਟ ਮਿਟਾਈਆ । ਧਰਮ ਰਾਏ ਨੇਤਰ ਨੈਣ ਸ਼ਰਮਾਣ, ਚਿਤਰ ਗੁਪਤ ਨਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਿਸ ਜਨ ਆਪਣੀ ਬੂਝ ਬੁਝਾਈਆ । ਆਪ ਆਪਣਾ ਦੇਵੇ ਵਰ, ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖਾਂ ਦੇਵੇ ਸਾਚਾ ਘਰ, ਚੌਥੇ ਪਦ ਸਮਾਈਆ । ਸ਼ਬਦ ਸਰੂਪੀ ਵੱਜੇ ਨਦ, ਅਨਹਦ ਧੁਨ ਉਪਜਾਈਆ । ਮੇਲ ਮਿਲਾਵਾ



੭੮੦
੦੭

ਬ੍ਰਹਮ ਬ੍ਰਹਿਮੰਡ, ਪਾਰਬ੍ਰਹਮ ਵੱਡੀ ਵਡਿਆਈਆ । ਨੌਂ ਦਵਾਰੇ ਪਾਰ ਹੱਦ, ਦਸਮ ਦਵਾਰ ਇਕ ਸੁਹਾਈਆ । ਗੁਰਸਿਖ ਤੇਰੀ ਸਾਚੀ ਯਦ, ਅਕਾਲ ਪੁਰਖ ਆਪ ਉਪਾਈਆ । ਲੱਖ ਚੁਰਾਸੀ ਵਿਚੋਂ ਕੱਢ, ਆਪ ਆਪਣੀ ਜੋਤ ਮਿਲਾਈਆ । ਦਿਵਸ ਰੈਣ ਅੱਠੇ ਪਹਿਰ ਲਡਾਏ ਲਡ, ਆਪ ਆਪਣੀ ਗੋਦ ਉਠਾਈਆ । ਜਗਤ ਵਿਕਾਰ ਲੋਭ ਮੋਹ ਕਾਮ ਕਰੋਧ ਹੰਕਾਰ ਦੇਵੇ ਕੱਢ, ਨਾਮ ਖੰਡਾ ਇਕ ਚਮਕਾਈਆ । ਲੇਖੇ ਲਾਏ ਕਾਇਆ ਮਾਟੀ ਮਾਸ ਨਾੜੀ ਹੱਡ, ਪੰਜ ਤਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਵਰ ਦਾਤਾ ਆਪ ਅਖਵਾਈਆ । ਨਾਮ ਦਾਤਾ ਭਗਤ ਭਗਵਾਨਨ, ਏਕਾ ਏਕ ਅਖਵਾਇਆ । ਏਕੰਕਾਰਾ ਦੇਵੇ ਬ੍ਰਹਮ ਗਿਆਨਨ, ਪਾਰਬ੍ਰਹਮ ਨਾਉਂ ਧਰਾਇਆ । ਆਤਮ ਅੰਤਰ ਏਕਾ ਜਾਨਣ, ਏਕਾ ਦਰ ਖੁਲ੍ਹਾਇਆ । ਧੁਰਦਰਗਾਹੀ ਸਾਚਾ ਜਾਮਨ, ਸ਼ਬਦ ਗੁਰ ਆਪ ਅਖਵਾਇਆ । ਨੇੜ ਨਾ ਆਏ ਕਾਮਨੀ ਕਾਮਨ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਸਾਚਾ ਘਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਥਿਰ ਦਰਬਾਰ, ਹਰਿ ਹਰਿ ਵੱਜੇ ਵਧਾਈਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਈਆ । ਏਕੰਕਾਰਾ ਬੈਠਾ ਕਰ ਪਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਗੰਮ ਅਗੋਚਰ ਅਲੱਖ ਅਲੱਖਣਾ ਅਲੱਖ ਅਪਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਹੱਡ ਮਾਸ ਨਾੜੀ ਚੰਮ ਨਾ ਕੋਈ ਆਕਾਰ, ਨਿਰਾਕਾਰ ਆਪ ਹੋ ਜਾਈਆ । ਪੁਰਖ ਨਿਰੰਜਣ ਖੇਲ ਅਪਾਰ, ਜੋਤੀ ਜੋਤ ਡਗਮਗਾਈਆ । ਵਰਨ ਗੋਤੀ ਵਸਿਆ ਬਾਹਿਰ, ਬਰਨ ਅਠਾਰਾਂ ਨਾ ਕੋਈ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਇਆ ਸਾਚਾ ਘਰ, ਕਾਇਆ ਅੰਦਰ ਮੰਦਰ ਖੋਜ ਖੁਜਾਈਆ । ਕਾਇਆ ਮੰਦਰ ਡੂੰਘਾ ਸਾਗਰ, ਹਰਿ ਹਰਿ ਤਾਲ ਭਰਾਇਆ । ਜਿਸ ਜਨ ਨਿਰਮਲ ਕਰਮ ਕਰਿਆ ਉਜਾਗਰ, ਆਪ ਆਪਣਾ ਮੇਲ ਮਿਲਾਇਆ । ਦੇਵੇ ਨਾਮ ਰੱਤੀ ਰਤਨਾਗਰ, ਰੱਤ ਰੱਤੀ ਰੰਗ ਰੰਗਾਇਆ । ਚਰਨ ਦਵਾਰ ਬਣਾਏ ਸਚ ਸੌਦਾਗਰ, ਸੋ ਪੁਰਖ ਵਡ ਵਡਿਆਇਆ । ਨਿਰਮਲ ਬਾਤੀ ਜੋਤ ਜਗੀ ਕਾਇਆ ਗਾਗਰ, ਅਕਾਸ਼ ਅਕਾਸ਼ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖ ਵਖਾਏ ਸਾਚਾ ਘਰ, ਆਦਿ ਨਿਰੰਜਣ ਜਗੇ ਜੋਤ, ਜੋਤ ਨਿਰੰਜਣ ਮੇਲ ਮਿਲਾਇਆ । ਜੋਤੀ ਮੇਲਾ ਸ਼ਬਦ ਧੁਨਕਾਰ, ਹਰਿ ਹਰਿ ਖੇਲ ਖਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ, ਆਪ ਆਪਣੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਲੋਕਮਾਤ ਵੇਖ ਵਖਾਇੰਦਾ । ਖੰਡ ਬ੍ਰਹਿਮੰਡ ਪਾਵੇ ਸਾਰ, ਜੇਰਜ ਅੰਡ ਫੋਲ ਫੁਲਾਇੰਦਾ । ਲੋਆਂ ਪੁਰੀਆਂ ਇਕ ਸਹਾਰ, ਬ੍ਰਹਿਮੰਡ ਖੰਡ ਡੇਰਾ ਲਾਇੰਦਾ । ਗੁਰਮੁਖ ਸਾਜਣ ਲਏ ਉਭਾਰ, ਆਤਮ ਅੰਤਰ ਵੇਖ ਵਖਾਇੰਦਾ । ਚਰਨ ਪ੍ਰੀਤੀ ਬਖ਼ਸ਼ੇ ਇਕ ਪਿਆਰ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਵਿਚੋਂ ਵਸਿਆ ਬਾਹਰ, ਹਰ ਘਟ ਆਪੇ ਡੇਰਾ ਲਾਇੰਦਾ । ਆਪੇ ਸਾਜਣ ਮੀਤ ਮੁਰਾਰ, ਸਗਲਾ ਸੰਗ ਆਪ ਨਿਭਾਇੰਦਾ । ਆਪੇ ਪੁਰਖ ਆਪੇ ਨਾਰ, ਕੰਤ ਸੁਹਾਗੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਵਰ, ਘਰ ਸਾਚਾ ਇਕ ਰਖਾਇੰਦਾ । ਵਰ ਘਰ ਸਾਚਾ ਆਦਿ ਨਿਰੰਜਣ, ਏਕਾ ਏਕ ਰਖਾਇਆ । ਗੁਰਮੁਖਾਂ ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇਆ । ਚਰਨ ਧੂੜ ਕਰਾਏ ਸਾਚਾ

੭੮੧
੦੭

ਮਜਨ, ਦੁਰਮਤ ਮੈਲ ਗਵਾਇਆ । ਕਲਜੁਗ ਅੰਤਮ ਆਇਆ ਪਰਦੇ ਕੱਜਣ, ਗੁਰਮੁਖ ਬਾਲ ਅਵਾਣੇ, ਆਪ ਆਪਣੇ ਗਲੇ ਲਗਾਇਆ । ਲੱਖ ਚੁਰਾਸੀ ਭਾਂਡੇ ਭੱਜਣ, ਥਿਰ ਕੋਈ ਰਹਿਣ ਨਾ ਪਾਇਆ । ਕਲਜੁਗ ਨਗਾਰੇ ਨੌਂ ਖੰਡ ਧਰਤ ਵੱਜਣ, ਜੀਵ ਜੰਤ ਹੋਇਆ ਹਲਕਾਇਆ । ਬੰਕ ਦਵਾਰ ਸ਼ਾਹ ਸੁਲਤਾਨ ਅੰਤਮ ਤਜਣ, ਤਖ਼ਤ ਤਾਜ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਲਾ ਸਾਚੇ ਘਰ, ਚਰਨ ਦਵਾਰ ਹਰਿ ਨਿਰੰਕਾਰ, ਏਕੰਕਾਰ ਇਕ ਦਰਸਾਇਆ । ਏਕਾ ਘਰ ਇਕ ਦਰਵਾਜ਼ਾ, ਏਕਾ ਬੂਝ ਬੁਝਾਈਆ । ਏਕਾ ਏਕ ਗ਼ਰੀਬ ਨਿਵਾਜ਼ਾ, ਏਕਾ ਵੇਖ ਵਖਾਈਆ । ਏਕਾ ਅਸਵ ਏਕਾ ਤਾਜਾ, ਏਕਾ ਨਾਮ ਦ੍ਰਿੜਾਈਆ । ਏਕਾ ਰੱਖਣਹਾਰਾ ਲਾਜਾ, ਏਕਾ ਵੇਖ ਵਖਾਈਆ । ਏਕਾ ਸ਼ਾਹੋ ਭੂਪ ਸੁਲਤਾਨ ਰਾਜਨ ਰਾਜਾ, ਰਾਜਨ ਰਾਜ ਇਕ ਅਖਵਾਈਆ । ਇਕ ਸ਼ਾਹ ਇਕ ਨਵਾਬਾ, ਪੀਰ ਦਸਤਗੀਰ ਇਕ ਅਖਵਾਈਆ । ਏਕਾ ਮੱਕਾ ਏਕਾ ਕਾਅਬਾ, ਤੀਰਥ ਤੱਟ ਇਕ ਜਣਾਈਆ । ਵੇਖਣਹਾਰਾ ਦੋ ਦੋ ਆਬਾ, ਭੇਵ ਕੋਈ ਨਾ ਪਾਈਆ । ਸ਼ਬਦ ਘੋੜੇ ਚਰਨ ਦੇ ਰਕਾਬਾ, ਸੋਲਾਂ ਕਲੀਆਂ ਆਸਣ ਲਾਈਆ । ਖੇਲੇ ਖੇਲ ਅੰਤਮ ਕਲਜੁਗ ਮਾਝਾ, ਸੰਬਲ ਨਗਰੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਖਾਈਆ । ਸੱਜਣ ਮੀਤਾ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਲਏ ਅਵਤਾਰ, ਗੁਰਮੁਖ ਸਾਚੇ ਲਏ ਉਠਾਈਆ । ਸ਼ਬਦ ਅਗੰਮੜੀ ਮਾਰੇ ਮਾਰ, ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਪਾਰਬ੍ਰਹਮ ਅਬਿਨਾਸ਼ੀ ਅਚੁਤ ਆਪੇ ਵੇਖੇ ਆਪਣੀ ਰੁੱਤ, ਆਪ ਆਪਣੇ ਗਲੇ ਲਗਾਈਆ । ਬਾਲ ਬਿਰਧ ਨੌਜਵਾਨ, ਹਰਿ ਹਰਿ ਰੂਪ ਸਮਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਏਕਾ ਏਕ ਰੂਪ ਦਰਸਾਇਆ । ਏਕਾ ਦੇਵੇ ਧੁਰ ਫ਼ਰਮਾਣ, ਤੀਜਾ ਨੈਣ ਆਪ ਖੁਲ੍ਹਾਇਆ । ਚੌਥੇ ਪਦ ਸ੍ਰੀ ਭਗਵਾਨ, ਬ੍ਰਹਮ ਪਾਰਬ੍ਰਹਮ ਸਮਾਇਆ । ਪੰਚਮ ਖੇਲੇ ਖੇਲ ਮਹਾਨ, ਪੰਚਮ ਮੇਲਾ ਸਹਿਜ ਸਭਾਇਆ । ਛੇਵੇਂ ਛੱਪਰ ਛੰਨ ਮਹਾਨ, ਨਾ ਕੋਈ ਬਾਢੀ ਬਣਤ ਬਣਾਇਆ । ਅੱਠ ਤਤ ਨਾ ਕੋਈ ਨਿਸ਼ਾਨ, ਰਕਤ ਬੂੰਦ ਨਾ ਕੋਈ ਵੇਖ ਵਖਾਇਆ । ਨੌਂ ਦਵਾਰੇ ਜੀਵ ਜਹਾਨ, ਲੱਖ ਚੁਰਾਸੀ ਹੋਏ ਹਲਕਾਇਆ । ਦਸਮ ਦਵਾਰੀ ਸਚ ਮਕਾਨ, ਗੁਰਮੁਖ ਸਾਚੇ ਵੰਡ ਵੰਡਾਇਆ । ਮਿਲੇ ਮੇਲ ਗੁਣ ਨਿਧਾਨ, ਆਤਮ ਸੇਜਾ ਵੇਖ ਵਖਾਇਆ । ਇਕ ਸੁਣਾਏ ਸੱਚੀ ਧੁੰਨਕਾਨ, ਅਨਹਦ ਰਾਗ ਇਕ ਸੁਣਾਇਆ । ਅੰਮ੍ਰਿਤ ਆਤਮ ਇਕ ਇਸ਼ਨਾਨ, ਸਰ ਸਰੋਵਰ ਇਕ ਸੁਹਾਇਆ । ਆਵਣ ਜਾਵਣ ਛੁੱਟੇ ਕਾਨ, ਲੱਖ ਚੁਰਾਸੀ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਿਸ ਜਨ ਦੇਵੇ ਆਪਣਾ ਨਾਮ, ਸੋ ਪੁਰਖ ਨਿਰੰਜਣ ਆਪ ਜਪਾਇਆ । ਸੋ ਪੁਰਖ ਨਿਰੰਜਣ ਹਰਿ ਭਗਵਾਨ, ਅਕਲ ਕਲਾ ਅਖਵਾਈਆ । ਹੰ ਬ੍ਰਹਮ ਖੇਲ ਮਹਾਨ, ਦੋਈ ਦੋਆ ਭੇਵ ਚੁਕਾਈਆ । ਏਕਾ ਰੂਪ ਦੋ ਜਹਾਨ, ਮਾਤ ਪਤਾਲ ਅਕਾਸ਼ ਦਿਸਾਈਆ । ਲੋਆਂ ਪੁਰੀਆ ਸ਼ਬਦ ਨਿਸ਼ਾਨ, ਬ੍ਰਹਿਮੰਡ ਖੰਡ ਵਡਿਆਈਆ । ਗੁਰਮੁਖ ਆਤਮ ਸੇਜਾ ਕਰ ਪਰਵਾਨ, ਬੈਠਾ ਆਸਣ ਲਾਈਆ । ਕੋਟਨ ਕੋਟ ਲਾ ਲਾ ਵੇਖਣ ਅੰਤਰ ਧਿਆਨ, ਹਰਿ ਹਰਿ ਰੂਪ ਦਿਸ ਨਾ ਆਈਆ । ਕੋਟਨ ਕੋਟ ਰਸਨਾ ਗਾਨ, ਰਸ ਰਸਨਾ ਹੋਏ ਹਲਕਾਈਆ । ਕੋਟਨ ਕੋਟ ਤੀਰਥ ਨਹਾਨ, ਅਠਸਠ ਫੇਰਾ ਪਾਈਆ । ਕੋਟਨ ਕੋਟ ਜੰਗਲ ਜੂਹ ਉਜਾੜ ਡੇਰਾ ਲਾਈਆ । ਕੋਟਨ ਕੋਟ ਖ਼ਾਕੀ ਖ਼ਾਕ ਰਹੇ ਛਾਣ, ਸੀਸ

ਆਪਣੇ ਭਸਮ ਪਵਾਈਆ । ਕੋਟਨ ਕੋਟ ਨੱਕ ਮੂੰਹ ਨੈਣ ਰਹੇ ਮੁੰਦਾਨ, ਜੋਤ ਨਿਰੰਜਣ ਨਜ਼ਰ ਨਾ ਆਈਆ । ਕੋਟਨ ਕੋਟ ਛੱਡੀ ਬੈਠੇ ਪੀਣ ਖਾਣ, ਸੁਨ ਸਮਾਧ ਨਾ ਇਕ ਵਖਾਈਆ । ਕੋਟਨ ਕੋਟ ਬਹਿ ਬਹਿ ਸੁਣਨ ਕਾਨ, ਅਨਹਦ ਤਾਲ ਨਾ ਕੋਈ ਵਜਾਈਆ । ਕੋਟਨ ਕੋਟ ਬੈਠੇ ਮੜ੍ਹੀ ਮਸਾਨ, ਕੋਟਨ ਕੋਟ ਗੋਰ ਫੋਲ ਫੁਲਾਈਆ । ਕੋਟਨ ਕੋਟ ਬੰਨਦੇ ਫਿਰਨ ਪੰਜ ਸ਼ੈਤਾਨ, ਪੰਚ ਵਿਕਾਰਾ ਨਾ ਕੋਈ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪ੍ਰਭ ਦਾਤਾ ਦਾਨੀ ਵਡ ਮਿਹਰਬਾਨ, ਗੁਰਮੁਖਾਂ ਦਇਆ ਕਮਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਆਤਮ ਬ੍ਰਹਮ ਜਣਾਈਆ । ਦਹਿ ਦਿਸ਼ ਨਾ ਭਰਮੇ ਮਨੂਆ ਮਨ ਸ਼ੈਤਾਨ, ਸ਼ਬਦ ਡੋਰ ਡੋਰੀ ਏਕਾ ਪਾਈਆ । ਆਤਮ ਅੰਤਰ ਦੇਵੇ ਇਕ ਗਿਆਨ, ਏਕਾ ਬੂਝ ਬੁਝਾਈਆ । ਏਕਾ ਰਾਗ ਏਕਾ ਕਾਨ, ਨਾਦੀ ਧੁਨ ਇਕ ਵਜਾਈਆ । ਮਿਲੇ ਮੇਲ ਸ੍ਰੀ ਭਗਵਾਨ, ਨਿਰੰਜਣ ਜੋਤੀ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਸਾਚੇ ਮੀਤ, ਜਗਤ ਅਵੱਲੜੀ ਦਿਸੇ ਰੀਤ, ਬੈਠਾ ਰਹੇ ਇਕ ਅਤੀਤ, ਏਕਾ ਰੰਗ ਰੰਗਾਇਆ ।

* ੨੭ ਕੱਤਕ ੨੦੧੫ ਬਿਕ੍ਰਮੀ ਸੰਤ ਨਰ ਹਰੀ ਨਰਾਇਣ ਸਿੰਘ ਪੰਡਤ ਗੋਦਾਵਰੀ ਘਾਟ, ਨਾਸ਼ਕ ਸ਼ਹਿਰ *

੭੮੩
੦੨

ਆਦਿ ਪੁਰਖ ਏਕੰਕਾਰ, ਅਕਲ ਕਲਾ ਅਖਵਾਈਆ । ਨਿਰਗੁਣ ਜੋਤੀ ਨੂਰ ਉਜਿਆਰ, ਨੂਰੋ ਨੂਰ ਸਮਾਈਆ । ਅਕਾਲ ਮੂਰਤ ਖੇਲ ਅਪਾਰ, ਅਨਭਵ ਪ੍ਰਕਾਸ਼ ਰਖਾਈਆ । ਜੁਗਾ ਜੁਗੰਤ ਵੇਖ ਵਿਚਾਰ, ਆਪ ਆਪਣੀ ਬਣਤ ਬਣਾਈਆ । ਖੇਲੇ ਖੇਲ ਅਗੰਮ ਅਪਾਰ, ਅਭੇਦ ਅਭੇਵ ਬੁਝਾਈਆ । ਲੋਆਂ ਪੁਰੀਆਂ ਬੰਨ੍ਹੇ ਧਾਰ, ਗਗਨ ਪਤਾਲਾਂ ਵੇਖ ਵਖਾਈਆ । ਰਵ ਸਸ ਕਰ ਉਜਿਆਰ, ਮੰਡਲ ਮੰਡਪ ਆਪ ਸੁਹਾਈਆ । ਥਿਰ ਘਰ ਬੈਠ ਸੱਚੀ ਸਰਕਾਰ, ਨਿਰਗੁਣ ਰੂਪ ਇਕ ਜਣਾਈਆ । ਆਦਿ ਜੁਗਾਦੀ ਏਕਾ ਕਾਰ, ਅਕਲ ਕਲਾ ਅਖਵਾਈਆ । ਪਾਰਬ੍ਰਹਮ ਰੂਪ ਅਪਾਰ, ਨੇਤਰ ਨੈਣ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਆਦਿ ਪੁਰਖ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲਣਹਾਰ ਤਮਾਸ਼ਾ, ਆਪ ਆਪਣੀ ਬਣਤ ਬਣਾਇੰਦਾ । ਆਪ ਆਪਣੀ ਪਾਵੇ ਰਾਸਾ, ਆਪ ਆਪਣਾ ਵੇਖ ਵਖਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਹਿਰ ਗੰਭੀਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਆਪ ਅਖਵਾਇੰਦਾ । ਆਦਿ ਨਿਰੰਜਣ ਹਰਿ ਕਰਤਾਰ, ਏਕਾ ਏਕੰਕਾਰਿਆ । ਲੋਕਮਾਤ ਲਏ ਅਵਤਾਰ, ਖੇਲੇ ਖੇਲ ਸਰਬ ਸੰਸਾਰਿਆ । ਪਾਵੇ ਲੱਖ ਚੁਰਾਸੀ ਸਾਰ, ਜੀਵਾਂ ਜੰਤਾਂ ਵੇਖ ਵਿਖਾ ਰਿਹਾ । ਜੇਰਜ ਅੰਡਾਂ ਕਰ ਉਜਿਆਰ, ਉਤਭੁਜ ਸੇਤਜ ਰੂਪ ਵਟਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਅਧਾਰ, ਕਰੋੜ ਤੇਤੀਸਾ ਸੰਗ ਰਲਾਇਆ । ਆਪੇ ਵਸਿਆ ਸਭ ਤੋਂ ਬਾਹਿਰ, ਹਰ ਘਟ ਮੰਦਰ ਆਪ ਸੁਹਾਇਆ । ਜੋਤੀ ਨੂਰ ਕਰ ਉਜਿਆਰ, ਦੀਪਕ ਜੋਤੀ ਇਕ ਜਗਾਇਆ । ਜੋਤ ਨਿਰੰਜਣ ਖੇਲ ਨਿਆਰ, ਅੰਧ ਅੰਧੇਰ ਮਿਟਾਇਆ । ਸ਼ਬਦੀ ਧੁਨ ਸੱਚੀ ਧੁਨਕਾਰ, ਆਤਮਕ ਆਪ ਉਪਜਾਇਆ । ਪੰਚਮ ਗਾਇਣ ਵਾਰੋ ਵਾਰ, ਮੀਤ ਮੁਰਾਰਾ ਸੇਵਾ ਲਾਇਆ । ਬਜ਼ਰ ਕਪਾਟੀ ਬੰਦ ਕਿਵਾੜ, ਆਪ ਆਪਣਾ ਬੰਦ

੭੮੩
੦੨

ਕਰਾਇਆ । ਵੇਖਣਹਾਰ ਪੰਚਮ ਧਾੜ, ਪੰਚਮ ਮੋਹ ਵਧਾਇਆ । ਹਰਿ ਸੰਤਾਂ ਫਿਰੇ ਪਿੱਛੇ ਅਗਾੜ, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇਆ । ਆਦਿ ਨ ਅੰਤਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਜੁਗ ਜੁਗ ਲਏ ਮਾਤ ਅਵਤਾਰ, ਆਪ ਆਪਣਾ ਵੇਸ ਵਟਾਇਆ । ਸਤਿਜੁਗ ਸਾਚੇ ਬੰਨ੍ਹੇ ਧਾਰ, ਸਤਿ ਸਰੂਪ ਸਮਾਇਆ । ਤ੍ਰੀਆ ਤ੍ਰੇਤਾ ਤੇਰਾ ਲੇਖ ਅਪਾਰ, ਤ੍ਰੈ ਤ੍ਰੈ ਰੂਪ ਦਰਸਾਇਆ । ਦੁਆਪਰ ਖੇਲ ਅਗੰਮ ਅਪਾਰ, ਮੁਕੰਦ ਮਨੋਹਰ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਖੇਲਣਹਾਰ ਹਰਿ ਸਮਰਥ, ਏਕਾ ਏਕੰਕਾਰਿਆ । ਜਗਤ ਮਹਿੰਮਾ ਅਕਥਨਾ ਅਕੱਥ, ਕਥ ਸਕੇ ਨਾ ਕੋਈ ਜੀਵ ਗਵਾਰਿਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨਾਮ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਜੋਤ ਜਗਾ ਰਿਹਾ । ਜੋਤੀ ਜੋਤ ਹਰਿ ਉਜਿਆਰ, ਏਕਾ ਏਕ ਕਰਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਆਪ ਆਪਣਾ ਰੂਪ ਵਟਾਇੰਦਾ । ਈਸਾ ਮੂਸਾ ਕਰ ਪਿਆਰ, ਸੰਗ ਮੁਹੰਮਦ ਸੰਗ ਰਖਾਇੰਦਾ । ਚਾਰ ਯਾਰਾਂ ਕਰ ਤਿਆਰ, ਅੱਲਾ ਰਾਣੀ ਨਾਲ ਪ੍ਰਨਾਇੰਦਾ । ਹੱਕ ਹਕੀਕਤ ਖ਼ਬਰਦਾਰ, ਲਾਸ਼ਰੀਕ ਵੇਖ ਵਖਾਇੰਦਾ । ਬੇਐਬ ਪਰਵਰਦਿਗਾਰ, ਆਪ ਆਪਣਾ ਰੂਪ ਵਟਾਇੰਦਾ । ਆਪੇ ਲਾਏ ਐਨਲਹੱਕ ਸਾਚਾ ਨਾਅਰ, ਮੁਕਾਮੇ ਹੱਕ ਖ਼ੁਦਾਏ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਖਲਾਇੰਦਾ । ਕਲਜੁਗ ਕੂੜ ਕੁੜਿਆਰ , ਹਰਿ ਹਰਿ ਆਪ ਰਖਾਇਆ । ਭਰਮੇ ਭੁੱਲਾ ਹਸਤ ਕੀਟਾ, ਊਚਾਂ ਨੀਚਾਂ ਦਿਸ ਨਾ ਆਇਆ । ੭੮੪

੦੭ ਆਪਣਾ ਮੰਨ ਕਿਸੇ ਨਾ ਜੀਤਾ, ਹਉਮੇ ਹੰਗਤਾ ਗੜ੍ਹ ਸੁਹਾਇਆ । ਨੇਤਰ ਦਰਸ ਗੁਰੂ ਨਾ ਕੀਤਾ, ਗੁਰ ਮੰਤਰ ਨਾਮ ਨਾ ਦ੍ਰਿੜਾਇਆ । ਪਾਰਬ੍ਰਹਮ ਇਕ ਅਤੀਤਾ, ਆਦਿ ਜੁਗਾਦਿ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧੀਰ ਧਰਾਇਆ । ਪਾਰਬ੍ਰਹਮ ਹਰਿ ਕਰਤਾਰ, ਆਪਣੀ ਦਇਆ ਕਮਾਈਆ । ਪੰਜ ਤਤ ਕਰ ਉਜਿਆਰ, ਨਾਨਕ ਜੋਤ ਕਰੇ ਰੁਸ਼ਨਾਈਆ । ਮੇਲ ਮਿਲਾਏ ਦਰ ਦਰਬਾਰ, ਦਰ ਦਰਵੇਸ਼ਾ ਵੇਖ ਵਖਾਈਆ । ਮੰਗੇ ਮੰਗ ਬਣ ਭਿਖਾਰ, ਆਤਮ ਅੰਤਰ ਝੋਲੀ ਡਾਹੀਆ । ਨਿਰਗੁਣ ਰੂਪ ਪਾਵੇ ਸਾਰ, ਨਰ ਹਰਿ ਵੱਡੀ ਵਡਿਆਈਆ । ਦੇਵੇ ਨਾਮ ਸਤਿ ਅਧਾਰ, ਨਾਮ ਨਾਮਾ ਵੱਜੀ ਵਧਾਈਆ । ਨਾਨਕ ਢਹਿ ਪਿਆ ਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਸਾਚਾ ਮੇਲਾ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਦੋ ਜਹਾਨਾਂ ਪਾਵੇ ਸਾਰ, ਤ੍ਰੈਗੁਣ ਫੰਦ ਕਟਾਈਆ । ਪੰਚਮ ਜੋਤੀ ਕਰ ਉਜਿਆਰ, ਮਾਇਆ ਮੋਹ ਚੁਕਾਈਆ । ਵਰਨ ਗੋਤੀ ਨਾ ਕੋਈ ਪਿਆਰ, ਏਕਾ ਰੰਗ ਰੰਗਾਈਆ । ਸਾਚੀ ਸੋਟੀ ਹੱਥ ਕਰਤਾਰ, ਲੋਕਮਾਤ ਫੜਾਈਆ । ਚੜ੍ਹਿਆ ਚੋਟੀ ਇਕ ਦਵਾਰ, ਦਸਮ ਦੁਆਰੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਵੇਖ ਵਖਾਈਆ । ਨਾਨਕ ਮਿਲਿਆ ਹਰਿ ਮਲਾਹ, ਘਰ ਸਾਚੇ ਵੱਜੀ ਵਧਾਈਆ । ਸੰਤਾਂ ਦੇਵੇ ਸ਼ਬਦ ਸਲਾਹ, ਏਕਾ ਰਾਗ ਜਣਾਈਆ । ਅੱਖਰ ਵੱਖਰ ਇਕ ਸਮਝਾ, ਏਕਾ ਬੂਝ ਬੁਝਾਈਆ । ਬਜ਼ਰ ਕਪਾਟੀ ਪੱਥਰ ਦਏ ਤੁੜਾ, ਜਿਸ ਜਨ ਦਇਆ ਕਮਾਈਆ । ਸਾਚੇ ਪੌੜੇ ਦਏ ਚੜ੍ਹਾ, ਸਿਰ ਹੱਥ ਸਮਰਥ ਟਿਕਾਈਆ । ਭੇਵ ਅਭੇਦਾ ਦਏ ਵਿਖਾ, ਚਾਰ ਵਰਨਾਂ ਇਕ ਜਣਾਈਆ । ਰਾਓ ਰੰਕਾਂ ਦੇ ਸਮਝਾ, ਏਕਾ ਧਰਮ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸ਼ਬਦ ਗਿਆਨ, ਖੇਲੇ ਖੇਲ ਦੋ ਜਹਾਨ, ਨਾਨਕ ਨਾਮ ਵੱਡੀ ਵਡਿਆਈਆ । ਨਾਨਕ ਗੁਰ ਚਾਰ ਕੁੰਟ, ਚਾਰ ਵਰਨ ਜਣਾਈਆ । ਸ੍ਰਿਸ਼ਟ ਸਬਾਈ ਰਹੀ ਲੁੱਟ, ਮਨ ਮਤ ਹੋਈ ਹਲਕਾਈਆ । ਜਗਤ ਵਿਕਾਰਾ ਜੂਠ ਝੂਠ, ਹਉਮੇ ਹੰਗਤਾ ਰੋਗ ਜਲਾਈਆ । ਗੁਰਮੁਖ ਵਿਰਲਾ ਪੀਵੇ ਅੰਮ੍ਰਿਤ ਆਤਮ ਘੁੱਟ, ਨਿਝਰ ਧਾਰ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਨਾਨਕ ਗੁਰ ਸਦਿ ਬਲਿਹਾਰ, ਹਰਿ ਹਰਿ ਰਸਨਾ ਗਾਇਆ । ਚਾਰੋਂ ਕੁੰਟ ਦਹਿ ਦਿਸ਼ਾ ਕਰ ਪਿਆਰ, ਏਕਾ ਮੰਤਰ ਨਾਮ ਦ੍ਰਿੜਾਇਆ । ਜੀਵ ਜੰਤ ਨਾ ਪਾਇਣ ਸਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਅੰਤਮ ਵੇਖੇ ਵਿਗਸੇ ਕਰ ਵਿਚਾਰ, ਨੌਂ ਖੰਡ ਫੇਰਾ ਪਾਇਆ । ਪੁਰਖ ਅਬਿਨਾਸ਼ੀ ਅੱਗੇ ਕਰੇ ਪੁਕਾਰ, ਤੇਰਾ ਭਾਣਾ ਤੇਰੇ ਸਿਰ ਰਖਾਇਆ । ਕਲਜੁਗ ਕੂੜਾ ਕੂੜ ਕੁੜਿਆਰ, ਜੂਠਾ ਝੂਠਾ ਰਿਹਾ ਡੰਕ ਵਜਾਇਆ । ਚਾਰੋਂ ਕੁੰਟ ਅੰਧ ਅੰਧਿਆਰ, ਅੰਧ ਅੰਧੇਰ ਨਾ ਕੋਈ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਵਰ, ਏਕਾ ਬੂਝ ਬੁਝਾਇਆ । ਪਾਰਬ੍ਰਹਮ ਸ਼ਬਦ ਜਣਾਈ, ਨਾਨਕ ਬੂਝ ਬੁਝਾਈਆ । ਜੁਗ ਜੁਗ ਖੇਲੇ ਖੇਲ ਬੇਪਰਵਾਹੀਆ । ਨਾਨਕ ਤੇਰੀ ਸੱਚੀ ਸ਼ਾਹੀ, ਚਾਰ ਵਰਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਕਲਜੁਗ ਅੰਤਮ ਕਾਲੀ ਧਾਰ, ਹਰਿ ਹਰਿ ਵੇਖ ਵਖਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਅਪਰ ਅਪਾਰ, ਸਮਰਥ ਹੱਥ ਉਠਾਇੰਦਾ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਲੋਆਂ ਪੁਰੀਆਂ ਆਪ ਉਠਾਇੰਦਾ । ਭੇਖ ਪਖੰਡਾ ਦਏ ਨਿਵਾਰ, ਝੂਠ ਜੂਠ ਰਹਿਣ ਨਾ ਪਾਇੰਦਾ । ਨਿਹਕਲੰਕ ਲਏ ਅਵਤਾਰ, ਆਪ ਆਪਣਾ ਨਾਉਂ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਾ ਮੇਲ ਮਿਲਾਇੰਦਾ । ਨਾਨਕ ਨਿਰਗੁਣ ਸ਼ਬਦ ਸੁਣ, ਆਤਮ ਦਰ ਸਾਲਾਹੀਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਤੇਰੀ ਵਡ ਵਡਿਆਈਆ । ਸ੍ਰਿਸ਼ਟ ਸਬਾਈ ਛਾਣ ਪੁਣ, ਹਰਿਜਨ ਸਾਚੇ ਲਏ ਜਗਾਈਆ । ਆਤਮ ਅੰਤਰ ਵਜਾਏ ਏਕਾ ਧੁਨ, ਏਕਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਜਾ ਭੇਵ ਮਿਟਾਈਆ । ਏਕਾ ਜੋਤੀ ਇਕ ਉਜਿਆਰ, ਦਸ ਦਸ ਰੂਪ ਵਟਾਇਆ । ਗੁਰ ਗੋਬਿੰਦ ਮੀਤ ਮੁਰਾਰ, ਆਪਣੇ ਰੰਗ ਰੰਗਾਇਆ । ਸਾਚਾ ਮੇਲਾ ਸੁਤ ਦੁਲਾਰ, ਗੁਰ ਚੇਲਾ ਰੂਪ ਸਮਾਇਆ । ਅਕਾਲ ਪੁਰਖ ਨਿਰਗੁਣ ਜੋਤੀ ਕਰ ਉਜਿਆਰ, ਜੋਤੀ ਜੋਤ ਜਗਾਇਆ । ਸ਼ਬਦ ਡੰਕ ਅਪਰ ਅਪਾਰ, ਤਨ ਨਗਾਰਾ ਰਣਜੀਤ ਵਜਾਈਆ । ਪੰਚਮ ਮੀਤਾ ਖ਼ਬਰਦਾਰ, ਪੰਚਮ ਵੇਖ ਵਖਾਇਆ । ਅਚਰਜ ਰੀਤਾ ਵਿਚ ਸੰਸਾਰ, ਆਪ ਆਪਣੀ ਦਏ ਚਲਾਇਆ । ਦੇਹੁਰਾ ਮੰਦਰ ਮਸੀਤਾ ਨਾ ਕੋਈ ਗੁਰੂਦੁਆਰ, ਗੁਰਮੁਖ ਕਾਇਆ ਮੰਦਰ ਅੰਦਰ ਦੀਪਕ ਜੋਤੀ ਜੋਤ ਜਗਾਇਆ । ਅੱਠੇ ਪਹਿਰ ਰਹੇ ਉਜਿਆਰ, ਅੰਧ ਅੰਧੇਰ ਨਾ ਕੋਈ ਵਖਾਇਆ । ਮਿਲੇ ਮੇਲ ਸਾਚੇ ਯਾਰ, ਮੀਤ ਮੁਰਾਰ ਸਾਚਾ ਪਾਇਆ । ਸਾਚੀ ਸੇਜਾ ਕਰ ਪਿਆਰ, ਆਪਣਾ ਰੰਗ ਰੰਗਾਇਆ । ਨਾਰੀ ਕੰਤ ਬਣ ਭਤਾਰ, ਨਰ ਨਰਾਇਣ ਰੂਪ ਹੋ ਜਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦਿਤਾ ਏਕਾ ਵਰ, ਘਰ ਸਾਚੇ ਮੇਲ ਮਿਲਾਇਆ । ਗੋਬਿੰਦ ਗੁਰ ਗੁਰ ਵਡਿਆਈ, ਹਰਿ ਹਰਿ ਮੇਲ ਮਿਲਾਇੰਦਾ । ਦੋਹਾਂ

ਜਹਾਨਾਂ ਮਿਲੇ ਵਧਾਈ, ਲੋਕਮਾਤ ਵੇਖ ਵਖਾਇੰਦਾ । ਪੰਜ ਤਤ ਕਰ ਕੁੜਮਾਈ, ਸ਼ਬਦੀ ਸ਼ਬਦ ਪ੍ਰਨਾਇੰਦਾ । ਏਕਾ ਆਸਣ ਰਿਹਾ ਵਿਛਾਈ, ਸ਼ਬਦ ਸਿੰਘਾਸਣ ਨਾਉਂ ਧਰਾਇੰਦਾ । ਪਕੜ ਉਠਾਏ ਫੜ ਫੜ ਬਾਹੀਂ, ਗੁਰਮੁਖ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਸਾਚਾ ਤਾਲ ਇਕ ਸੁਹਾਇੰਦਾ । ਅੰਮ੍ਰਿਤ ਸਰੋਵਰ ਸਾਚਾ ਤਾਲ, ਹਰਿ ਹਰਿ ਆਪ ਭਰਾਈਆ । ਭਾਗ ਲਗਾਏ ਕਾਇਆ ਖਾਲ, ਮਾਇਆ ਮੋਹ ਚੁਕਾਈਆ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਵਖਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਪਾਰਬ੍ਰਹਮ ਸੱਚੀ ਸ਼ਰਨਾਈਆ । ਗੁਰਮੁਖ ਸਾਜਣ ਆਪੇ ਭਾਲ, ਆਪ ਆਪਣੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਆਪਣਾ ਰੰਗ ਰੰਗੇ ਕਰਤਾਰ, ਗੋਬਿੰਦ ਵੇਖ ਵਖਾਇਆ । ਗੁਰਮੁਖ ਸਾਚੇ ਕਰ ਤਿਆਰ, ਆਪ ਆਪਣਾ ਸੀਸ ਝੁਕਾਇਆ । ਪੰਚਮ ਮੀਤਾ ਹੋ ਉਜਿਆਰ, ਠਾਂਡਾ ਸੀਤਾ ਨਾਮ ਧਰਾਇਆ । ਹਸਤ ਕੀਟਾ ਇਕ ਦਵਾਰ, ਚਾਰ ਵਰਨਾਂ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦਿਤਾ ਏਕਾ ਵਰ, ਆਪ ਆਪਣੀ ਬੂਝ ਬੁਝਾਇਆ । ਵਰ ਦਾਤਾ ਹਰਿ ਨਿਰੰਕਾਰ, ਆਦਿ ਪੁਰਖ ਅਖਵਾਈਆ । ਗੁਰ ਗੁਰ ਪਾਏ ਸਾਚੀ ਸਾਰ, ਸਤਿਗੁਰ ਮੇਲ ਮਿਲਾਈਆ । ਹਰੀ ਹਰਿ ਖੇਲ ਅਪਾਰ, ਹਰਿ ਹਰਿ ਰੂਪ ਵਟਾਈਆ । ਜੋਤੀ ਸ਼ਬਦੀ ਇਕ ਪਿਆਰ, ਨਿਰਗੁਣ ਸਰਗੁਣ ਵੇਖ ਵਖਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਗੋਬਿੰਦ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸ਼ਬਦ ਜਣਾਈਆ । ਗੁਰ ਗੋਬਿੰਦ ਭਾਣਾ ਮੰਨ, ਆਪਾ ਆਪ ਵਾਰਿਆ । ਸਾਚੇ ਘਰ ਚੜ੍ਹਿਆ ਚੰਨ, ਵੇਖ ਵਖਾਏ ਸਚਖੰਡ ਦਵਾਰਿਆ । ਜੂਠਾ ਝੂਠਾ ਭਾਂਡਾ ਭੰਨ, ਭਰਮ ਕੱਢ ਨਿਵਾਰਿਆ । ਜਗਤ ਵਿਕਾਰਾ ਦਿਤਾ ਡੰਨ, ਨਾਮ ਖੰਡਾ ਇਕ ਚਮਕਾ ਰਿਹਾ । ਜਨਨੀ ਜਣਿਆ ਸਾਚਾ ਜਨ, ਜਨ ਜਣੇਂਦੀ ਲੇਖੇ ਲਾ ਰਿਹਾ । ਆਪ ਆਪਣਾ ਬੇੜਾ ਬੰਨ੍ਹ, ਗੁਰਮੁਖਾਂ ਭਾਰ ਉਠਾ ਰਿਹਾ । ਏਕਾ ਵਸਤ ਨਾਮ ਧਨ, ਧੁਰਦਰਗਾਹੀ ਆਪ ਵਰਤਾ ਰਿਹਾ । ਏਕਾ ਰਾਗ ਸਾਚਾ ਕੰਨ, ਵਾਹ ਵਾਹ ਗੁਰੂ ਆਪ ਅਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਆਪ ਸਮਾ ਰਿਹਾ । ਭਾਣਾ ਹਰਿ ਬਲਵਾਨ, ਹਰਿ ਹਰਿ ਰੂਪ ਸਮਾਈਆ । ਹਰਿ ਜੋਧਾ ਸੂਰਬੀਰ ਬਲਵਾਨ, ਹਰਿ ਹਰਿ ਨਾਉਂ ਧਰਾਈਆ । ਹਰਿ ਹਰਿ ਮੇਲਾ ਦੋ ਜਹਾਨ, ਦੋ ਜਹਾਨਾਂ ਵਡ ਵਡਿਆਈਆ । ਹਰਿ ਹਰਿ ਪਾਏ ਆਪਣੀ ਆਣ, ਹਰਿ ਹਰਿ ਪੂਰ ਕਰਾਈਆ । ਹਰਿ ਹਰਿ ਦੇਵੇ ਧੁਰ ਫ਼ਰਮਾਣ, ਅਗਾਧ ਬੋਧ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿਦ ਸੰਗ ਰਖਾਈਆ । ਗੋਬਿੰਦ ਤੇਰਾ ਸਾਚਾ ਸੰਗ, ਹਰਿ ਹਰਿ ਆਪ ਨਿਭਾਇੰਦਾ । ਨਾਮ ਡੋਰੀ ਕਸਿਆ ਤੰਗ, ਅਕਾਸ਼ ਪ੍ਰਕਾਸ਼ ਦੁੜਾਇੰਦਾ । ਏਕਾ ਮੰਗ ਰਿਹਾ ਮੰਗ, ਦੋਏ ਜੋੜ ਸੀਸ ਝੁਕਾਇੰਦਾ । ਤੇਰਾ ਤੇਰਾ ਨਾ ਹੋਏ ਨੰਗ, ਤੇਰੀ ਲਜਿਆ ਤੇਰੇ ਘਰ ਵਖਾਇੰਦਾ । ਤੇਰੇ ਨਾਮ ਵੱਜੇ ਮਰਦੰਗ, ਕਲਜੁਗ ਅੰਤਮ ਕੂੜਾ ਮੰਡਪ ਮਾੜੀ ਆਪੇ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰੀ ਇਛਿਆ ਆਪ ਕਰਾਇੰਦਾ । ਆਦਿ ਪੁਰਖ ਹਰਿ ਨਿਰੰਕਾਰ, ਆਪਣੀ ਦਇਆ ਕਮਾਈਆ । ਸ਼ਬਦ ਸਰੂਪੀ ਖੇਲ ਅਪਾਰ, ਦਿਸ ਕਿਸੇ ਨਾ ਆਈਆ । ਸੰਗ ਗੋਬਿੰਦ ਕਰ ਪਿਆਰ, ਏਕਾ ਜੋਤੀ ਜੋਤ ਜਗਾਈਆ । ਵਰਨ ਗੋਤੀ ਵਸਿਆ ਬਾਹਿਰ, ਆਲਸ ਨਿੰਦਰਾ ਵਿਚ ਨਾ ਆਈਆ । ਸ਼ਬਦ ਸੁਨੇਹੜਾ

੭੮੬
੦੭

ਸੱਚੀ ਸਰਕਾਰ, ਆਪ ਆਪਣਾ ਰਿਹਾ ਘਲਾਈਆ । ਬੰਨ੍ਹੇ ਬੇੜਾ ਵਿਚ ਸੰਸਾਰ, ਕਲਜੁਗ ਅੰਤਮ ਵੇਖ ਵਖਾਈਆ । ਨਿਹਕਲੰਕ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੰਜ ਤਤ ਨਾ ਕੋਈ ਪਿਆਰ, ਮਾਤ ਪਿਤ ਨਾ ਕੋਈ ਬਣਾਈਆ । ਭਾਈ ਭੈਣ ਨਾ ਕੋਈ ਆਧਾਰ, ਸਾਕ ਕੁਟੰਬ ਨਾ ਕੋਈ ਰਖਾਈਆ । ਗੁਰਸਿਖਾਂ ਕਰੇ ਸਚ ਪਿਆਰ, ਸਾਚੇ ਸੁਤ ਵੇਖ ਵਖਾਈਆ । ਨਾਰੀ ਕੰਤਾ ਇਕ ਭਤਾਰ, ਏਕੰਕਾਰ ਆਪ ਅਖਵਾਈਆ । ਧਾਮ ਸੁਹੰਤਾ ਜੋਤ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਿਤਾ ਸਾਚਾ ਵਰ, ਦਰ ਸਾਚਾ ਇਕ ਸੁਹਾਈਆ । ਗੁਰ ਗੋਬਿੰਦ ਧੁਰ ਫ਼ਰਮਾਣ, ਹਰਿ ਘਰ ਸਾਚੇ ਪਾਇਆ । ਆਪ ਆਪਣਾ ਕਰ ਪਰਵਾਨ, ਆਪ ਆਪਣਾ ਦਰ ਸੁਹਾਇਆ । ਆਪ ਆਪਣਾ ਜਾਣੀ ਜਾਣ, ਆਪ ਆਪਣੀ ਬੂਝ ਬੁਝਾਇਆ । ਆਪ ਆਪਣਾ ਰੱਖਿਆ ਮਾਣ, ਨਿਮਾਣਿਆਂ ਮਾਣ ਆਪ ਹੋ ਜਾਇਆ । ਆਪ ਆਪਣਾ ਮਾਰਿਆ ਬਾਣ, ਆਪ ਆਪਣਾ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇਆ । ਕਲਜੁਗ ਕੂੜਾ ਕੂੜ ਕੁੜਿਆਰ, ਚਾਰ ਕੁੰਟ ਅੰਧੇਰਾ ਛਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਜੁਗ ਜੁਗ ਵੱਡੀ ਵਡਿਆਈਆ । ਆਦਿਨ ਅੰਤਾ ਏਕੰਕਾਰ, ਅਕਲ ਕਲਾ ਅਖਵਾਈਆ । ਜੋਤੀ ਜਾਮਾ ਭੇਖ ਅਪਾਰ, ਦਿਸ ਕਿਸੇ ਨਾ ਆਈਆ । ਸੰਮਤ ਸੰਮਤੀ ਕਰੇ ਖਵਾਰ, ਧਰਤ ਮਾਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਰਿਹਾ ਜਗਾਈਆ । ਸੰਤ ਸੁਹੇਲਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਆਪ ਆਪਣਾ ਕਰ ਉਜਿਆਰ, ਲੋਕਮਾਤ ਉਠ ਧਾਇਆ । ਅਠਸਠ ਤੀਰਥ ਵੇਖੇ ਤੱਟ ਕਿਨਾਰ, ਗੰਗਾ ਗੋਦਾਵਰੀ ਫੇਰਾ ਪਾਇਆ । ਉਚ ਮਹੱਲ ਅਟੱਲ ਮਿਨਾਰ, ਕਵਣ ਦਵਾਰਾ ਰਿਹਾ ਸੁਹਾਇਆ । ਕਵਣ ਗੁਰ ਕਵਣ ਜੋਤ ਹੋਏ ਉਜਿਆਰ, ਕਵਣ ਰੂਪ ਵਟਾਇਆ । ਕਵਣ ਸੁਣੇ ਸੁਣਾਏ ਸ਼ਬਦ ਸੱਚੀ ਧੁਨਕਾਰ, ਅਨਹਦ ਤਾਲ ਕਵਣ ਵਜਾਇਆ । ਕਵਣ ਖੋਲ੍ਹੇ ਬੰਦ ਕਿਵਾੜ, ਬਜ਼ਰ ਕਪਾਟੀ ਕਵਣ ਤੁੜਾਇਆ । ਕਵਣ ਨੇਤਰ ਨੈਣ ਲੋਚਣ ਵੇਖੇ ਦਸਮ ਦਵਾਰ, ਨਿਰਗੁਣ ਨਿਰਗੁਣ ਵਿਚ ਸਮਾਇਆ । ਕਵਣ ਸੁਰਤੀ ਮੇਲ ਮਿਲਾਵਾ ਰਾਮ ਪਿਆਰ, ਕਵਣ ਕਾਹਨਾ ਬੰਸਰੀ ਰਿਹਾ ਵਜਾਇਆ । ਕਵਣ ਸੇਜਾ ਸੁੱਤਾ ਪੈਰ ਪਸਾਰ, ਕਵਣ ਲਏ ਅੰਗੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੰਮਤੀ ਵੇਖ ਵਖਾਇਆ । ਸੰਮਤ ਪੰਦਰਾਂ ਉਚ ਅਗੰਮ, ਹਰਿ ਹਰਿ ਖੇਲ ਖਲਾਈਆ । ਨਾ ਮਰੇ ਨਾ ਪਏ ਜੰਮ, ਜੁਗ ਜੁਗ ਵੇਸ ਵਟਾਈਆ । ਪਵਣ ਸਵਾਸੀ ਲਏ ਨਾ ਦਮ, ਨੇਤਰ ਨੀਰ ਨਾ ਕੋਈ ਵਹਾਈਆ । ਆਪੇ ਜਾਣੇ ਆਪਣਾ ਕੰਮ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਕਰ ਉਜਾਲਾ, ਪੰਜ ਤਤ ਰੂਪ ਸਮਾਇਆ । ਗੁਰਮੁਖ ਕਾਇਆ ਵੇਖੇ ਧਰਮ ਸੱਚੀ ਧਰਮਸਾਲਾ, ਦਿਵਸ ਰੈਣ ਡੇਰਾ ਲਾਇਆ । ਆਪੇ ਸ਼ਾਹ ਆਪੇ ਕੰਗਾਲਾ, ਨੀਚੋ ਨੀਚ ਆਪ ਹੋ ਜਾਇਆ । ਜਿਸ ਜਨ ਦੇਵੇ ਨਾਮ ਸੱਚਾ ਧੰਨ ਮਾਲਾ, ਚੋਰ ਯਾਰ ਲੁੱਟ ਕੋਇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸ਼ਬਦੀ ਖੇਲ ਖਲਾਇਆ । ਵੀਹ ਸੌ ਪੰਦਰਾਂ ਬਿਕ੍ਰਮੀ ਏਕੰਕਾਰ, ਜੋਤੀ ਜੋਤ ਜਗਾਈਆ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਖੇਲੇ ਖੇਲ ਅਗੰਮ

ਅਪਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਆਏ ਚਲ ਜਗਤ ਦਵਾਰ, ਗੰਗਾ ਗੋਦਾਵਰੀ ਫੋਲ ਫੁਲਾਈਆ । ਸੰਤ ਕੰਤ ਵੇਖ ਭਤਾਰ, ਨਾਰੀ ਰੂਪ ਸਮਾਈਆ । ਜੀਵ ਜੰਤ ਅੰਧ ਅੰਧਿਆਰ, ਅੰਧ ਅੰਧੇਰ ਨਾ ਕੋਈ ਗਵਾਈਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਪਰਦਾ ਰਿਹਾ ਪਾਈਆ । ਮਨਮੁਖ ਝੂਠੇ ਜੀਵ ਗਵਾਰ, ਸ਼ਬਦ ਗੁਰ ਨਾ ਕੋਈ ਮਨਾਈਆ । ਜਿਸ ਜਨ ਤੁਠੇ ਆਪ ਕਰਤਾਰ, ਆਪ ਆਪਣਾ ਦਰਸ ਦਖਾਈਆ । ਅੰਮ੍ਰਿਤ ਆਤਮ ਦੇਵੇ ਏਕਾ ਘੁੱਟੇ, ਦੁਰਮਤ ਮੈਲ ਮਿਟਾਈਆ । ਹਰਿ ਕਾ ਸ਼ਬਦ ਤੀਰ ਨਿਰਾਲਾ ਏਕਾ ਛੁੱਟੇ, ਨਵਾਂ ਖੰਡਾਂ ਸੱਤਾਂ ਦੀਪਾਂ ਦਏ ਹਿਲਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਲੁਕਿਆ ਰਹੇ ਨਾ ਕੋਈ ਗੁੱਠੇ, ਤਖ਼ਤ ਤਾਜ ਆਪ ਹਿਲਾਈਆ । ਸੰਤ ਸੁਹੇਲੇ ਕਰੇ ਏਕਾ ਮੁੱਠੇ, ਏਕਾ ਨਾਮ ਕਰੇ ਕੁੜਮਾਈਆ । ਮਨਮੁਖ ਦਰ ਦਵਾਰ ਟੰਗੇ ਪੁੱਠੇ, ਦੇਵੇ ਆਪ ਸਜਾਈਆ । ਲਾੜੀ ਮੌਤ ਘਰ ਘਰ ਪ੍ਰਭ ਲੁੱਟੇ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਪੰਦਰਾਂ ਰਿਹਾ ਵਰ, ਸੰਤ ਸੁਹੇਲੇ ਵੇਖ ਥਾਉਂ ਥਾਈਆ । ਸੰਤ ਸੁਹੇਲਾ ਹਰਿ ਗੋਬਿੰਦ, ਏਕਾ ਏਕ ਅਖਵਾਇਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਚਿੰਤਾ ਰੋਗ ਰਹੇ ਨਾ ਰਾਇਆ । ਆਪ ਬਣਾਏ ਆਪਣੀ ਬਿੰਦ, ਮਾਤ ਪਿਤ ਆਪ ਅਖਵਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇਆ । ਮਨਮੁਖ ਲਗਾਏ ਆਪਣੀ ਨਿੰਦ, ਨੇਤਰ ਨੈਣਾਂ ਦਿਸ ਨਾ ਆਇਆ । ਸੰਮਤ ਪੰਦਰਾਂ ਸ਼ਬਦ ਘੋੜੇ ਆਪੇ ਚੜ੍ਹ, ਚਾਰੋਂ ਕੁੰਟ ਫੇਰਾ ਪਾਇਆ । ਸ਼ਬਦ ਘੋੜਾ ਹਰਿ ਦਾਤਾਰ, ਏਕਾ ਏਕ ਰਖਾਈਆ । ਸੋਲਾਂ ਕਲੀਆਂ ਆਸਣ ਕਰ ਤਿਆਰ, ਸਚ ਸਿੰਘਾਸਣ ਇਕ ਵਿਛਾਈਆ । ਨਿਰਗੁਣ ਜੋਤ ਕਰ ਪਸਾਰ, ਨਿਰਾਕਾਰ ਆਪ ਹੋ ਜਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਰੂਪ ਰੰਗ ਨਾ ਕੋਈ ਜਣਾਈਆ । ਲੋਆਂ ਪੁਰੀਆਂ ਬੰਨ੍ਹੇ ਧਾਰ, ਗਗਨ ਪਤਾਲਾ ਫੇਰਾ ਪਾਈਆ । ਨੀਲਾ ਨੀਲੀ ਛੱਤੋਂ ਕਰੇ ਪਾਰ, ਕਲਗੀ ਤੋੜਾ ਨਾਮ ਜਗਦੀਸ਼ ਸੀਸ ਟਿਕਾਈਆ । ਸੰਮਤ ਸੋਲਾਂ ਕਰੇ ਖ਼ਬਰਦਾਰ, ਪਹਿਲੀ ਚੇਤਰ ਰੁੱਤ ਸੁਹਾਈਆ । ਦੀਨ ਮੁਹੰਮਦੀ ਦਏ ਹੁਲਾਰ, ਸੰਗ ਮੁਹੰਮਦ ਅੱਲਾ ਰਾਣੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਿਆ ਲੇਖ ਵੇਖ ਵਖਾਈਆ । ਸੰਮਤ ਸੋਲਾਂ ਹਰਿ ਕਰਤਾਰ, ਆਪਣੀ ਕਲ ਵਰਤਾਈਆ । ਸ੍ਰਿਸ਼ਟ ਸਬਾਈ ਹੋਏ ਖ਼ਵਾਰ, ਰਾਜ ਰਾਜਾਨ ਨਾ ਕੋਈ ਸਹਾਈਆ । ਧਰਤ ਮਾਤ ਰਹੀ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਸਾਧਾਂ ਸੰਤਾਂ ਮੀਤ ਮੁਰਾਰ, ਵੇਖ ਵਖਾਏ ਥਾਉਂ ਥਾਈਂਆ । ਨੇਤਰ ਨੈਣ ਇਕ ਉਘਾੜ, ਸਵਛ ਸਰੂਪੀ ਦਰਸ ਦਖਾਈਆ । ਸ਼ਬਦ ਅਗੰਮੀ ਫੌਜ ਆਪੇ ਚਾੜ੍ਹ, ਆਪੇ ਕਰੇ ਲੜਾਈਆ । ਸੰਮਤ ਸਤਾਰਾਂ ਉਠੇ ਧਾੜ, ਚਾਰੇ ਕੂਟਾਂ ਦਏ ਹੁਲਾਰ, ਦਹਿ ਦਿਸ਼ਾ ਹੋਏ ਖਵਾਰ, ਨੌਂ ਖੰਡ ਮੇਟ ਮਿਟਾਈਆ । ਅਠ ਅਠਾਰਾਂ ਲੇਖ ਕਰਤਾਰ, ਜਲਧਾਰਾ ਇਕ ਚਲਾਈਆ । ਵੀਹ ਸੌ ਉਨੀ ਮੀਤ ਮੁਰਾਰ, ਮੀਤ ਮੁਰਾਰਾ ਭੇਵ ਖੁਲ੍ਹਾਈਆ । ਮੁਸਲਮ ਸੁੰਨੀ ਨਾ ਹੋਏ ਉਜਿਆਰ, ਐਨਲਹੱਕ ਨਾਅਰਾ ਕੋਈ ਨਾ ਲਾਈਆ । ਐਲੀ ਅੱਲਾ ਆਪ ਚਲਾਏ ਆਪਣੀ ਧਾਰ, ਨੂਰ ਇਲਾਹੀ ਵਡ ਵਡਿਆਈਆ । ਬੀਸ ਬੀਸਾ ਸਾਂਝਾ ਯਾਰ, ਪੰਦਰਾਂ ਕੱਤਕ ਰੁੱਤ ਦਏ ਸੁਹਾਈਆ । ਪ੍ਰਗਟ ਹੋਏ ਵਿਚ ਸੰਸਾਰ, ਦਿਲੀ ਦਰਬਾਰੇ ਫੇਰਾ ਪਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਏਕੰਕਾਰ ਆਪ ਅਖਵਾਈਆ । ਚਾਰ ਵਰਨਾਂ ਕਰੇ ਇਕ ਪਿਆਰ, ਊਚ ਨੀਚ ਨਾ ਕੋਈ ਦਸਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸੋਹਿਣ ਇਕ ਦਵਾਰ, ਰਾਓ ਰੰਕ ਮੇਲ ਮਿਲਾਈਆ । ਨੌਂ ਖੰਡ ਸੱਤ ਦੀਪ ਹੋ ਉਜਿਆਰ, ਸ਼ਬਦ ਡੰਕਾ ਇਕ ਵਜਾਈਆ । ਏਕਾ

ਘਰ ਏਕਾ ਮੰਗਲਾਚਾਰ, ਏਕਾ ਤਾਲ ਵਜਾਈਆ । ਏਕਾ ਚਰਨ ਕਵਲ ਕਰ ਪਿਆਰ, ਏਕਾ ਇਸ਼ਟ ਜਣਾਈਆ । ਏਕਾ ਦੇਵ ਏਕਾ ਸੇਵ ਏਕਾ ਰਹੇ ਭਿਖਾਰ, ਏਕਾ ਭੀਖਕ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵਡਿਆਈਆ । ਬੀਸ ਬੀਸਾ ਹਰਿ ਹਰਿ ਸ਼ਾਹ, ਏਕਾ ਏਕ ਅਖਵਾਈਆ । ਚਾਰ ਵਰਨ ਬਣ ਮਲਾਹ, ਆਪ ਆਪਣਾ ਰੂਪ ਵਟਾਈਆ । ਏਕਾ ਸ਼ਬਦ ਦਏ ਸੁਣਾ, ਧੁਰ ਫ਼ਰਮਾਣਾ ਹਰਿ ਅਲਾਈਆ । ਆਪ ਵਖਾਏ ਨਗਰ ਗਰਾਂ, ਕਾਇਆ ਖੇੜਾ ਇਕ ਵਖਾਈਆ । ਮਾਇਆ ਮਮਤਾ ਝੂਠੇ ਲਏ ਵਸਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਹਲਕਾਈਆ । ਮਨ ਮਤ ਬੁੱਧ ਏਕਾ ਰੰਗ ਰੰਗਾ, ਨਾਮ ਰੰਗਣ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਇਕੀ ਸਾਚੀ ਸਿਖੀ ਧਾਰੋਂ ਤਿੱਖੀ ਆਪ ਬਣਾਈਆ । ਨੌਂ ਖੰਡ ਜਾਣੇ ਗੜ੍ਹੀ ਨਿੱਕੀ, ਨੀਕਨ ਨੀਕਾ ਡੇਰਾ ਲਾਇੰਦਾ । ਭੇਵ ਖੁਲ੍ਹਾਏ ਮੁਨੀ ਰਿਖੀ, ਖੋਲ੍ਹਣਹਾਰ ਆਪ ਹੋ ਜਾਇੰਦਾ । ਲੇਖੇ ਲਾਏ ਧਾਰੀ ਕੇਸੀ, ਮੂੰਡ ਮੁੰਡਾਏ ਸੰਗ ਰਲਾਇੰਦਾ । ਆਪੇ ਹੋਏ ਦਸ ਦਸਮੇਸੀ, ਨਾਨਕ ਨਿਰਗੁਣ ਆਪ ਅਖਵਾਇੰਦਾ । ਸਾਰ ਪਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੀ, ਕਰੋੜ ਤੇਤੀਸਾ ਫੋਲ ਫੁਲਾਇੰਦਾ । ਅਹਿਮਦ ਮੁਹੰਮਦ ਦਰ ਦਰਵੇਸ਼ੀ, ਖ਼ਲਕ ਖ਼ਾਲਕ ਖ਼ੁਦਾ ਆਪ ਹੋ ਜਾਇੰਦਾ । ਈਸਾ ਮੂਸਾ ਨਰ ਨਰੇਸ਼ੀ, ਏਕਾ ਰੰਗ ਰੰਗਾਇੰਦਾ । ਆਪਣੇ ਨੇਤਰ ਆਪਣੀ ਧਾਰ ਆਪੇ ਵੇਖੀ, ਦੂਸਰ ਕੋਇ ਸਾਰ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਕਰ ਕੁੜਮਾਈ, ਗੁਰਮੁਖ ਮਨਮੁਖ, ਮਨਮੁਖ ਗੁਰਮੁਖ ਧਾਰ ਚਲਾਇੰਦਾ ।


੭੮੯

੦੨

✻ ੨੮ ਕੱਤਕ ੨੦੧੫ ਬਿਕ੍ਰਮੀ ਬਾਬਾ ਹਰਨਾਮ ਸਿੰਘ ਨਾਲ ਗੁਰਦਵਾਰਾ ਲੰਗਰ ਸਾਹਿਬ ਬਾਬਾ ਨਿਧਾਨ ਸਿੰਘ ਨਨਦੇੜ ਹਜ਼ੂਰ ਸਾਹਿਬ ✻

ਆਦਿ ਪੁਰਖ ਹਰਿ ਨਿਰੰਕਾਰ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਲਏ ਅਵਤਾਰ, ਸੰਤ ਸੁਹੇਲੇ ਮੇਲ ਮਿਲਾਈਆ । ਗੁਰ ਗੁਰ ਚੇਲੇ ਸੋਹਿਣ ਇਕ ਦਵਾਰ, ਸਾਚਾ ਧਾਮ ਸੁਹਾਈਆ । ਨਿਰਗੁਣ ਜੋਤੀ ਕਰ ਉਜਿਆਰ, ਦੀਪਕ ਬਾਤੀ ਇਕ ਰਖਾਈਆ । ਕਮਲਾਪਾਤੀ ਮੀਤ ਮੁਰਾਰ, ਹਰਿ ਸੱਜਣ ਵੇਖ ਵਖਾਈਆ । ਅਲੱਖ ਨਿਰੰਜਣ ਅਗੰਮ ਅਪਾਰ, ਭੇਵ ਅਭੇਦ ਭੇਵ ਨਾ ਰਾਈਆ । ਕਲਜੁਗ ਅੰਤਮ ਖੇਲੇ ਖੇਲ ਖੇਲਣਹਾਰ, ਲੋਆਂ ਪੁਰੀਆਂ ਫੋਲ ਫੁਲਾਈਆ । ਬ੍ਰਹਮਾ ਵਿਸ਼ਨ ਦੇਵਤ ਸੁਰ ਦਏ ਹੁਲਾਰ, ਲੱਖ ਚੁਰਾਸੀ ਫੋਲ ਫੁਲਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਅਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਇਕ ਇਕੱਲਾ ਏਕੰਕਾਰ, ਹਰਿ ਹਰਿ ਰੰਗ ਸਮਾਇਆ । ਕਲਜੁਗ ਅੰਤਮ ਲਏ ਅਵਤਾਰ, ਨਿਰੰਜਣ ਜੋਤ ਕਰੇ ਰੁਸ਼ਨਾਇਆ । ਨਾਨਕ ਹਰਿ ਮੀਤ ਮੁਰਾਰ, ਏਕਾ ਰੰਗ ਰੰਗਾਇਆ । ਗੁਰ ਗੋਬਿੰਦ ਬੰਨੇ ਸਾਚੀ ਧਾਰ, ਅੰਮ੍ਰਿਤ ਆਤਮ ਜਾਮ ਪਿਆਇਆ । ਪੰਥ ਖ਼ਾਲਸਾ ਕਰ ਤਿਆਰ, ਸਿਰ ਜਗਦੀਸ਼ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੰਗਲ ਗਾਇਆ । ਥਿਰ ਘਰ ਆਦਿ ਪੁਰਖ, ਏਕਾ ਏਕ ਰਖਾਇਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਸੋਗ ਨਾ ਕੋਈ ਵਖਾਇਆ ।


Rev-01

ਇਕ ਇਕੱਲਾ ਆਪਣਾ ਆਪ ਪਰਖ, ਸੰਤ ਸੁਹੇਲੇ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਹਰਿ ਹਜ਼ੂਰ ਹਾਜ਼ਰ, ਹਰਿ ਹਰਿ ਜੋਤ ਜਗਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਦੁਰਮਤ ਮੈਲ ਗੁਰਮੁਖਾਂ ਧੋਤ, ਨਿਰਮਲ ਨੀਰ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਸੁਤ ਉਠਾਇੰਦਾ । ਸਾਚਾ ਸੰਤ ਸੁਤ ਦੁਲਾਰ, ਹਰਿ ਹਰਿ ਮੇਲ ਮਿਲਾਇਆ । ਸੇਵਕ ਵੇਖੇ ਸੇਵਾਦਾਰ, ਕਵਣ ਰੂਪ ਸੇਵ ਕਮਾਇਆ । ਦਿਵਸ ਰੈਣ ਸੰਗਤ ਗੁਰ ਗੁਰ ਸੰਗਤ ਕਰ ਪਿਆਰ, ਆਪ ਆਪਣਾ ਮੇਲ ਮਿਲਾਇਆ । ਮੇਲ ਮਿਲਾਵਾ ਹਰਿ ਨਿਰੰਕਾਰ, ਆਦਿ ਜੁਗਾਦਿ ਕਰਾਇਆ । ਹਰਿਜਨ ਆਪਣੀ ਕਿਰਪਾ ਧਾਰ, ਆਪ ਆਪਣੇ ਰੰਗ ਰੰਗਾਇਆ । ਗੁਰ ਗੋਬਿੰਦ ਖੇਲ ਅਪਾਰ, ਭੇਵ ਕੋਈ ਨਾ ਪਾਇਆ । ਦੇਵੇ ਦਰਸ ਅਗੰਮ ਅਪਾਰ, ਆਪ ਆਪਣੀ ਦਇਆ ਕਮਾਇਆ । ਗੁਣ ਨਿਧਾਨਾ ਹਰਿ ਕਰਤਾਰ, ਆਪ ਆਪਣੀ ਦਇਆ ਕਮਾਇਆ । ਸਿੰਘ ਨਿਧਾਨ ਕਰ ਪਿਆਰ, ਆਪ ਆਪਣੇ ਅੰਗ ਲਗਾਇਆ । ਲੇਖੇ ਲਾਏ ਸੇਵ ਅਪਾਰ, ਲਹਿਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾਇਆ । ਸੰਤ ਹਰਿਨਾਮ, ਹਰਿ ਨਾਮ ਆਤਮ ਝੋਲੀ ਪਾਈਆ । ਅੰਮ੍ਰਿਤ ਪੀਆ ਏਕਾ ਜਾਮ, ਏਕਾ ਬ੍ਰਹਮ ਜਣਾਈਆ । ਮੇਲ ਮਿਲਾਵਾ ਸਾਚੇ ਰਾਮ, ਰਾਮ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ ।





## * ੨੯ ਕੱਤਕ ੨੦੧੫ ਬਿਕ੍ਰਮੀ ਗੁਰਦਵਾਰਾ ਸੰਗਤ ਸਾਹਿਬ ਨਨਦੇੜ ਸ਼ਹਿਰ *

ਪੁਰਖ ਅਕਾਲ ਅਕਲ ਕਲ ਧਾਰ, ਆਪਣੀ ਕਲ ਕਲ ਵਰਤਾਈਆ । ਗੋਬਿੰਦ ਸੁਤ ਸੁਤ ਦੁਲਾਰ, ਜੋਤੀ ਜੋਤ ਰੁਸ਼ਨਾਈਆ । ਸ਼ਬਦ ਅਤੁਟ ਨਾਮ ਭੰਡਾਰ, ਪੂਰਨ ਬ੍ਰਹਮ ਜਣਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਪੰਜ ਤਤ ਰੁਸ਼ਨਾਈਆ । ਮਾਤਲੋਕ ਖੇਲ ਅਪਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਦੋਹਾਂ ਮੇਲਾ ਅਪਰ ਅਪਾਰ, ਗੁਰ ਚੇਲਾ ਰੂਪ ਵਟਾਈਆ । ਤਿੰਨਾਂ ਲੋਆਂ ਵਸਿਆ ਬਾਹਿਰ, ਚੌਥੇ ਪਦ ਸਮਾਈਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਤਾਜ ਪਹਿਨਾਈਆ । ਛੇਵੇਂ ਛੱਪਰ ਛੰਨ ਨਾ ਕੋਈ ਮਹੱਲ ਉਸਾਰ, ਉਚ ਅਟੱਲ ਨਾ ਕੋਈ ਰਖਾਈਆ । ਸਤਵੇਂ ਸਤਿ ਪੁਰਖ ਨਿਰੰਜਣ ਆਪ ਕਰਤਾਰ, ਆਪ ਆਪਣੀ ਖੇਲ ਖਲਾਈਆ । ਅੱਠਾਂ ਤੱਤਾਂ ਕਰ ਵਿਚਾਰ, ਮਨ ਮਤ ਬੁੱਧ ਕਰੇ ਕੁੜਮਾਈਆ । ਨੌਂ ਦਰ ਵੇਖ ਸਰਬ ਸੰਸਾਰ, ਮਾਇਆ ਮਮਤਾ ਮੋਹ ਹਲਕਾਈਆ । ਦਸਵੇਂ ਬੈਠ ਆਪ ਕਰਤਾਰ, ਸਤਿ ਸਰੂਪੀ ਜੋਤ ਜਗਾਈਆ । ਜਾਗਰਤ ਜੋਤ ਆਤਮ ਅਪਾਰ, ਕੂੜੀ ਕਿਰਿਆ ਵੇਖ ਵਖਾਈਆ । ਲਸ਼ਕਰ ਸ਼ਾਹੀ ਹਾਹਾਕਾਰ, ਸ਼ਾਹ ਸ਼ਹਾਨਾ ਦਏ ਦੁਹਾਈਆ । ਆਬ ਬੇਤਾਬ ਨਾ ਪਾਏ ਸਾਰ, ਪੰਜ ਪੰਜ ਆਬ ਤਜਾਈਆ । ਵੇਖੇ ਲੇਖ ਪੁੰਨ ਸਵਾਬ, ਆਬੇਹਯਾਤ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਰਚਨ ਰਚਾਈ ਹਰਿ ਗੋਬਿੰਦ, ਹਰਿ ਹਰਿ ਖੇਲ ਖਲਾਇੰਦਾ । ਮੇਟਣਹਾਰਾ ਸਗਲੀ ਚਿੰਦ, ਚਿੰਤਾ ਭੁੱਖ ਗਵਾਇੰਦਾ । ਗਹਿਰ ਗੰਭੀਰ ਸਾਗਰ ਸਿੰਧ, ਅਡੋਲ ਅਡੁਲ ਰਹਾਇੰਦਾ । ਨਿਰਗੁਣ ਵੇਖੇ ਨਾਦੀ ਬਿੰਦ, ਸਚ ਸੁੱਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ



Rev-01

ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਲਾਇੰਦਾ । ਖੇਲਣਹਾਰਾ ਹਰਿ ਭਗਵਾਨਾ, ਗੁਰ ਗੁਰ ਸ਼ਬਦ ਜਣਾਈਆ । ਸ਼ਬਦ ਸ਼ਬਦੀ ਬੰਨ੍ਹੇ ਗਾਨਾ, ਨਾਮ ਗਾਨਾ ਤੰਦ ਰਖਾਈਆ । ਆਤਮ ਅੰਤਰ ਜੋਤ ਮਹਾਨਾ, ਦਿਵਸ ਰੈਣ ਕਰੇ ਕੁੜਮਾਈਆ । ਖੇਲੇ ਖੇਲ ਵਿਚ ਮੈਦਾਨਾ, ਖੰਡਾਂ ਤੀਰ ਇਕ ਉਠਾਈਆ । ਰਸਨਾ ਚਿੱਲੇ ਚਾੜ੍ਹੇ ਤੀਰ ਕਮਾਨਾ, ਏਕਾ ਤੰਦ ਖਿਚਾਈਆ । ਜੋਧਾ ਸੂਰ ਵੇਖ ਬਲੀ ਬਲਵਾਨਾ, ਗੜ੍ਹ ਹੰਕਾਰ ਤੁੜਵਾਈਆ । ਆਪ ਆਪਣਾ ਜਾਣੇ ਭਾਣਾ, ਹਰਿ ਭਾਣੇ ਵਿਚ ਸਮਾਈਆ । ਆਪ ਆਪਣੀ ਪਾਏ ਆਣਾ, ਆਪ ਆਪਣਾ ਪੰਧ ਮੁਕਾਈਆ । ਆਪ ਆਪਣਾ ਵੇਖ ਵਖਾਨਾ, ਆਪੇ ਦਏ ਤਜਾਈਆ । ਗੋਦਾਵਰੀ ਕੰਢਾ ਇਕ ਸੁਹਾਨਾ, ਗੋਬਿੰਦ ਵੇਸ ਵਟਾਈਆ । ਗੁਰ ਸੰਗਤ ਗੁਰ ਸੰਗ ਰਖਾਨਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਆਪ ਬੁਝਾਈਆ । ਗੁਰ ਗੋਬਿੰਦਾ ਜੋਧਾ ਬਲਕਾਰ, ਹਰਿ ਹਰਿ ਖੇਲ ਖਲਾਇਆ । ਆਪ ਆਪਣੀ ਕਰ ਵਿਚਾਰ, ਆਪ ਆਪਣਾ ਦਰ ਸੁਹਾਇਆ । ਚਰਨ ਛੁਹਾਇਆ ਵਿਚ ਉਜਾੜ, ਜੰਗਲ ਜੂਹ ਪਹਾੜ ਡੇਰਾ ਲਾਇਆ । ਆਪ ਆਪਣਾ ਨੇਤਰ ਲਏ ਉਘਾੜ, ਗੁਰਮੁਖ ਵੇਖ ਵਖਾਇਆ । ਨਾਮ ਧਾਰ ਤਿਖੀ ਚਾੜ੍ਹ, ਸ਼ਬਦ ਖੰਡਾ ਇਕ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸ਼ਬਦ ਜਣਾਇਆ । ਗੁਰ ਸ਼ਬਦ ਸ਼ਬਦ ਜਣਾਈ, ਹਰਿਸੰਗਤ ਹਰਿ ਅਲਾਈਆ । ਜਗਤ ਨਾਤਾ ਭੈਣਾਂ ਭਾਈ, ਧੀ ਜਵਾਈ ਖ਼ੁਸ਼ੀ ਮਨਾਈਆ । ਸਾਕ ਕੁਟੰਬ ਮੇਲ ਮਿਲਾਈ, ਮੇਲ ਵਿਛੋੜਾ ਸਾਚੇ ਮਾਹੀਆ । ਵਰ ਘਰ ਪੌਣਾ ਚਾਈ ਚਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਸੰਗਤ ਦਰ ਰਹੀ ਬਿਲਲਾ, ਗੋਬਿੰਦ ਵੇਖ ਵਖਾਇਆ । ਪੂਰਬ ਲਹਿਣਾ ਮਾਤ ਚੁਕਾ, ਦੇਣਾ ਦੇਣਾ ਅੱਗੇ ਆਇਆ । ਰਸਨਾ ਕਹਿਣਾ ਹੁਕਮ ਸੁਣਾ, ਹਰਿ ਕਾ ਭਾਰ ਨਾ ਕੋਈ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਵੇਖ ਵਖਾਇਆ । ਗੁਰ ਸੰਗਤ ਵੇਖੇ ਚਰਨ ਦਵਾਰ, ਨੇਤਰ ਨੀਰ ਵਹਾਈਆ । ਢਹਿ ਢਹਿ ਮੰਗੇ ਮੰਗ ਭਿਖਾਰ, ਆਤਮ ਝੋਲੀ ਅੱਗੇ ਡਾਹੀਆ । ਦਰਸ ਤਰਸ ਅਪਰ ਅਪਾਰ, ਵਿਛੜ ਕਦੇ ਨਾ ਜਾਈਆ । ਅੰਮ੍ਰਿਤ ਮੁਖ ਬਰਸ ਕਿਰਪਾ ਧਾਰ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਇਆ ਕਮਾਈਆ । ਗੁਰ ਗੋਬਿੰਦ ਸਾਚਾ ਮੀਤਾ, ਗੁਰ ਸੰਗਤ ਆਖ ਸੁਣਾਈਆ । ਕਾਇਆ ਮਾਟੀ ਠਾਂਡਾ ਸੀਤਾ, ਸਤਿ ਸੰਤੋਖ ਰਖਾਈਆ । ਹਰਿ ਰੱਖਣਹਾਰਾ ਸਾਚਾ ਮੀਤਾ, ਦੇਵੇ ਵਡ ਵਡਿਆਈਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਣ ਨਾਮ ਧਰਾਈਆ । ਨਾ ਕੋਈ ਦੇਹੁਰਾ ਮੰਦਰ ਮਸੀਤਾ, ਗੁਰਚਰਨ ਪ੍ਰੀਤੀ ਵੱਡੀ ਵਡਿਆਈਆ । ਦੇਵੇ ਨਾਮ ਸ਼ਬਦ ਇਕ ਅਨਡੀਠਾ, ਲਿਖਿਆ ਲੇਖ ਨਾ ਮੇਟੇ ਕੋਈ ਰਾਈਆ । ਕਾਇਆ ਬਣੇ ਨਾ ਜਗਤ ਅੰਗੀਠਾ, ਤਤਵ ਤਤ ਸਮਾਈਆ । ਮਿੱਠਾ ਕਰੇ ਕੌੜਾ ਰੀਠਾ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪੇ ਝੋਲੀ ਰਿਹਾ ਭਰਾਈਆ । ਨਾਮ ਸ਼ਬਦ ਵਡ ਭੰਡਾਰ, ਗੁਰ ਗੁਰ ਆਪ ਵਰਤਾਇਆ । ਗੁਰਮੁਖ ਸਾਜਣ ਕਰ ਕਰ ਪਿਆਰ, ਸਾਚਾ ਦਰ ਸੁਹਾਇਆ । ਥਾਨ ਥਨੰਤਰ ਇਕ ਨਿਆਰਾ, ਨਿਰਗੁਣ ਸਰਗੁਣ ਵੇਖ ਵਖਾਇਆ । ਦੀਪਕ ਬਾਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇਆ । ਏਕਾ ਦੇਵੇ ਚਰਨ ਸਹਾਰਾ, ਦਰ ਦਰ ਆਪ ਵੇਖ ਵਖਾਇਆ । ਪੰਜ ਪੰਜ ਮੇਲਾ ਮੀਤ ਮੁਰਾਰ, ਆਬੇਹਯਾਤ ਪਿਆਇਆ । ਕਵਲ

ਨਾਭ ਕਰ ਉਜਿਆਰ, ਝਿਰਨਾ ਨਿਝਰ ਝਿਰਾਇਆ । ਚਰਨ ਰਕਾਬ ਦੇ ਸਹਾਰਾ, ਸ਼ਾਹ ਅਸਵਾਰ ਅਸਵ ਘੋੜਾ ਆਪ ਦੌੜਾਇਆ । ਨਾਨਕ ਮੇਲਾ ਮੀਤ ਮੁਰਾਰਾ, ਸਤਿਗੁਰ ਪੂਰਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਦਾਨ ਇਕ ਵਰਤਾਇਆ । ਨਾਮ ਦਾਨ ਸ਼ਬਦ ਅਤੁੱਟ, ਨਾਨਕ ਗੁਰ ਰਖਾਈਆ । ਗੁਰ ਗੋਬਿੰਦ ਪਿਆਏ ਆਤਮ ਘੁਟ, ਤ੍ਰਿਸ਼ਨਾ ਭੁੱਖ ਮਿਟਾਈਆ । ਗੁਰਮੁਖ ਲਾਹਾ ਰਹੇ ਲੁੱਟ, ਬੇਮੁਖ ਸਾਰ ਨਾ ਰਾਈਆ । ਤਨ ਨਗਾਰੇ ਲੱਗੇ ਚੋਟ, ਰਣਜੀਤ ਨਗਾਰਾ ਇਕ ਵਜਾਈਆ । ਵੇਖਣਹਾਰਾ ਕੋਟੀ ਕੋਟ, ਬ੍ਰਹਿਮੰਡ ਖੰਡ ਡੇਰਾ ਲਾਈਆ । ਜੇਰਜ ਅੰਡ ਨਾ ਭਰੀ ਪੋਟ, ਜਗਤ ਤ੍ਰਿਸ਼ਨਾ ਨਾ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵਡ ਵਡਿਆਈਆ । ਗੋਬਿੰਦ ਗੁਰ ਜਗਤ ਮਲਾਹ, ਪੁਰਖ ਅਕਾਲ ਮਨਾਇਆ । ਗੁਰ ਸੰਗਤ ਦੇਵੇ ਸਚ ਸਲਾਹ, ਨਾਮ ਭੰਡਾਰਾ ਝੋਲੀ ਪਾਇਆ । ਚਰਨ ਪ੍ਰੀਤੀ ਸਾਚਾ ਥਾਂ, ਹਰਿ ਹਰਿ ਵੇਖ ਵਖਾਇਆ । ਵੇਖ ਵਖਾਏ ਨਗਰ ਗਿਰਾਂ, ਸਾਚੇ ਖੇੜੇ ਡੇਰਾ ਲਾਇਆ । ਨਿਮਾਣਿਆਂ ਦੇਵੇ ਸਾਚਾ ਥਾਂ, ਥਿਰ ਘਰ ਦਵਾਰਾ ਇਕ ਸੁਹਾਇਆ । ਮੇਲ ਮਿਲਾਵਾ ਪੁਤਰਾਂ ਮਾਂ, ਪੁਤਰ ਧੀਆਂ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਭੰਡਾਰ ਇਕ ਵਰਤਾਇਆ । ਜਗਤ ਭੰਡਾਰ ਨਾਮ ਅਤੁਟ, ਗੁਰਮੁਖਾਂ ਝੋਲੀ ਪਾਈਆ । ਨਾਨਕ ਦਵਾਰਾ ਸਦ ਖੁਲ੍ਹਾ, ਬੰਦ ਨਾ ਕੋਇ ਰਖਾਈਆ । ਸੇਵਕ ਸੇਵਾ ਚਰਨ ਪ੍ਰੀਤੀ ਜੋ ਜਨ ਘੋਲ ਘੁਲਾ, ਖ਼ਾਲਕ ਖ਼ਲਕ ਖ਼ੁਦਾਈ ਵੇਖ ਵਖਾਈਆ । ਅੰਤਮ ਵੇਲੇ ਪਾਏ ਮੁਲਾ, ਸੰਗਤ ਦਵਾਰ ਇਕ ਸੁਹਾਈਆ । ਲੋਕਮਾਤ ਗੁਰਮੁਖ ਨਾ ਰੁਲਾ, ਆਤਮ ਵੱਜੇ ਵਧਾਈਆ । ਆਪੇ ਫਲਿਆ ਆਪੇ ਫੁਲਾ, ਫੁਲ ਫੁਲਵਾੜੀ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਢਾਲ ਬਣ ਦਲਾਲ, ਸ਼ਬਦੀ ਸ਼ਬਦ ਭਰਾਈਆ । ਨਾਮ ਢਾਲ ਵਡ ਬਲਕਾਰ, ਮੂਰਖਾਂ ਕੋਲੋਂ ਛੁਪਾਇੰਦਾ । ਗੁਰਸਿਖ ਸਾਚੇ ਕਰ ਉਜਿਆਰ, ਸਹਿੰਸਾ ਰੋਗ ਮਿਟਾਇੰਦਾ । ਨਾਮ ਅਨਮੁੱਲਾ ਵਣਜ ਵਪਾਰ, ਨਾਨਕ ਦਰ ਕਰਾਇੰਦਾ । ਹਰਿ ਹਰਿ ਸਾਚਾ ਦੇਵਣਹਾਰ, ਘਰ ਸਾਚੇ ਵੇਖ ਵਖਾਇੰਦਾ । ਅੰਤਮ ਕਲਜੁਗ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੁਰ ਸਾਚਾ ਦਰ, ਹਰਿਸੰਗਤ ਬਣੀ ਮੰਗਤ, ਸਾਚੀ ਭਿਛਿਆ ਕਰੇ ਰਿਛਿਆ, ਦਹਿ ਦਿਸ਼ਾ ਝੋਲੀ ਪਾਇੰਦਾ ।

## * ੨੯ ਕੱਤਕ ੨੦੧੫ ਬਿਕ੍ਰਮੀ ਗੁਰਦਵਾਰਾ ਮਾਲ ਟੇਕਰੀ ਨਨਦੇੜ *

ਨਾਮ ਖ਼ਜ਼ਾਨਾ ਹੱਥ ਕਰਤਾਰ, ਗੁਰ ਸਤਿਗੁਰ ਆਪ ਵਰਤਾਇੰਦਾ । ਪੱਥਰ ਪਾਹਿਨ ਦੇਵੇ ਤਾਰ, ਆਪ ਆਪਣੀ ਨਦਰ ਕਰਾਇੰਦਾ । ਮਾਟੀ ਹਾਟੀ ਭਰ ਭੰਡਾਰ, ਤੀਰਥ ਤਾਟੀ ਵੇਖ ਵਖਾਇੰਦਾ । ਔਖੀ ਘਾਟੀ ਹਰਿ ਨਿਰੰਕਾਰ, ਆਪਣੀ ਆਪ ਰਖਾਇੰਦਾ । ਸੰਗੀ ਸਾਥੀ ਨਾ ਪਾਇਣ ਸਾਰ, ਗੁਰ ਪੂਰਾ ਭੇਵ ਛੁਪਾਇੰਦਾ । ਜਗਤ ਗਾਥੀ ਗਾਏ ਸੰਸਾਰ, ਸਮਰਾਥੀ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਾਮ ਖ਼ਜ਼ਾਨਾ ਹਰਿ ਵਰਤੰਤ, ਸ਼ਬਦੀ ਸ਼ਬਦ ਭਰਾਇਆ । ਨਾਨਕ ਮੇਲਾ ਹਰਿ ਭਗਵੰਤ,

ਹਰਿ ਹਰਿ ਰਸਨਾ ਗਾਇਆ । ਸਾਚੀ ਮਣੀਆ ਸਾਚੀ ਮਣਤ, ਸਾਚਾ ਥਾਨ ਸੁਹਾਇਆ । ਵੇਖ ਦਾਨ ਨਿਧਾਨ ਧਨਵੰਤ, ਜਗਤ ਖ਼ਜ਼ਾਨਾ ਇਕ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਵੇਖ ਵਖਾਇਆ । ਸਤਿਗੁਰ ਸੱਚਾ ਮਿਹਰਬਾਨ, ਮਿਹਰਬਾਨ ਅਖਵਾਇੰਦਾ । ਆਪ ਆਪਣਾ ਦੇਵੇ ਦਾਨ, ਆਪ ਆਪਣੀ ਝੋਲੀ ਪਾਇੰਦਾ । ਆਪ ਆਪਣਾ ਵੇਖ ਨਿਸ਼ਾਨ, ਆਪ ਆਪਣਾ ਆਸਣ ਲਾਇੰਦਾ । ਆਪ ਆਪਣਾ ਰਾਗ ਅਲਾਣ, ਗੀਤ ਅਨਾਦੀ ਆਪ ਅਲਾਇੰਦਾ । ਆਪ ਆਪਣਾ ਖੇਲੇ ਖੇਲ ਦੋ ਜਹਾਨ, ਲੋਕਮਾਤ ਵੇਖ ਵਖਾਇੰਦਾ । ਰਾਮ ਰਾਮਾ ਕਰ ਪਰਵਾਨ, ਤ੍ਰੀਆ ਵੇਸ ਵਟਾਇੰਦਾ । ਕ੍ਰਿਸ਼ਨਾ ਬਾਲਾ ਗੁਣ ਨਿਧਾਨ, ਗਾਏ ਕਵਾੜ ਸੁਹਾਇੰਦਾ । ਦ੍ਰੋਪਤ ਸੁਤ ਕਰ ਪਛਾਣ, ਇਕ ਧਿਆਨ ਵਖਾਇੰਦਾ । ਨਾਨਕ ਨਿਰਗੁਣ ਹੋ ਪਰਧਾਨ, ਸਰਗੁਣ ਡੇਰਾ ਲਾਇੰਦਾ । ਜਪ ਤਪ ਹੱਠ ਮਹਾਨ, ਸਤਿ ਸੰਤੋਖ ਰਖਾਇੰਦਾ । ਆਤਮ ਬ੍ਰਹਮ ਭੇਵ ਮਿਟਾਨ, ਬ੍ਰਹਮ ਪਾਰਬ੍ਰਹਮ ਦਰਸਾਇੰਦਾ । ਪਾਰਬ੍ਰਹਮ ਖੇਲ ਮਹਾਨ, ਆਦਿ ਨਿਰੰਜਣ ਜੋਤ ਜਗਾਇੰਦਾ । ਸ਼ਬਦੀ ਸ਼ਬਦ ਸਾਚੇ ਕਾਨ, ਆਪ ਆਪਣਾ ਰਾਗ ਸੁਣਾਇੰਦਾ । ਵੇਖ ਵਿਖਾਏ ਜ਼ਿਮੀਂ ਆਸਮਾਨ, ਗਗਨ ਪਤਾਲਾਂ ਫੇਰਾ ਪਾਇੰਦਾ । ਬ੍ਰਹਿਮੰਡ ਖੰਡ ਕਰ ਪਰਵਾਨ, ਲੋਆਂ ਪੁਰੀਆਂ ਜੋਤ ਜਗਾਇੰਦਾ । ਰਵ ਸਸ ਬਾਲ ਨਾਦਾਨ, ਮੰਡਲ ਮੰਡਪ ਆਪ ਸੁਹਾਇੰਦਾ । ਧਰਨੀ ਧਰਤ ਬਿਬਾਨ, ਚਾਰੋਂ ਕੁੰਟ ਜਣਾਇੰਦਾ । ਦਾਤਾ ਦਾਨੀ ਮਿਹਰਬਾਨ, ਆਪ ਆਪਣੀ ਦਇਆ ਕਮਾਇੰਦਾ । ਨਾਮ ਅਖੰਡ ਡੂੰਘੀ ਕਾਨ, ਗੁਰ ਪੂਰੇ ਨਾ ਕੋਈ ਖੁਲ੍ਹਾਇੰਦਾ । ਗੁਰ ਗੋਬਿੰਦ ਨੌਜਵਾਨ, ਧਰਤ ਧਵਲ ਵੇਖ ਵਖਾਇੰਦਾ । ਤਿੱਖਾ ਤੀਰ ਸਚ ਨਿਸ਼ਾਨ, ਰਸਨਾ ਚਿੱਲਾ ਸ਼ਬਦ ਉਠਾਇੰਦਾ । ਜੀਵ ਜੰਤ ਨਾ ਕਰੇ ਪਛਾਣ, ਲੇਖਾ ਲਿਖਤ ਵਿਚ ਨਾ ਆਇੰਦਾ । ਆਪ ਆਪਣਾ ਹੋਇਆ ਜਾਣੀ ਜਾਣ, ਨਾਨਕ ਲਹਿਣਾ ਝੋਲੀ ਪਾਇੰਦਾ । ਗੁਰ ਗੋਬਿੰਦ ਹੋ ਪਰਧਾਨ, ਪੰਚਮ ਮੀਤਾ ਵੇਖ ਵਖਾਇੰਦਾ । ਰਥ ਰਥਵਾਹੀ ਦੋ ਜਹਾਨ, ਸਾਚਾ ਰਥ ਚਲਾਇੰਦਾ । ਦਸਰਥ ਵਿਛੋੜਾ ਸੀਤਾ ਰਾਮ, ਸਗਲਾ ਸੰਗ ਵੇਖ ਵਖਾਇੰਦਾ । ਗੋਪੀ ਮੇਲਾ ਕ੍ਰਿਸ਼ਨਾ ਕਾਹਨ, ਜਗਤ ਬੰਸਰੀ ਨਾਮ ਵਜਾਇੰਦਾ ।ਇਕ ਸਤ ਇਕ ਛੇ ਕਰ ਪਰਵਾਨ, ਪੰਦਰਾਂ ਪੰਦਰਾਂ ਧਾਰ ਚਲਾਇੰਦਾ । ਸੋਲਾਂ ਸੋਲਾਂ ਜੋਗ ਮਹਾਨ, ਜਾਗਰਤ ਜੁਗਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖ਼ਜ਼ਾਨਾ ਹਰਿ ਭੰਡਾਰ, ਨਾਨਕ ਸ਼ਬਦ ਪਾਵੇ ਸਾਰ, ਗੁਰ ਗੋਬਿੰਦ ਝੋਲੀ ਡਾਹਿੰਦਾ । ਗੋਬਿੰਦ ਝੋਲੀ ਆਪਣੀ ਭਰ, ਹਰਿਸੰਗਤ ਨਾਮ ਵਰਤਾਈਆ । ਮੇਲ ਮਿਲਾਵਾ ਸਾਚੇ ਦਰ, ਗੁਰ ਸੰਗਤ ਵੇਖ ਵਖਾਈਆ । ਨਾਨਕ ਸੂਝੇ ਸਾਚਾ ਘਰ, ਘਰ ਸਾਚੇ ਵੱਜੀ ਵਧਾਈਆ । ਅਗੰਮ ਅਗੰਮਾ ਵੇਖੇ ਖੜ, ਆਪ ਆਪਣਾ ਨੈਣ ਉਠਾਈਆ । ਆਪਣਾ ਘਾੜਣ ਆਪੇ ਘੜ, ਗੁਰ ਸਤਿਗੁਰ ਸੇਵਾ ਲਾਈਆ । ਕਲਜੁਗ ਅੰਤਮ ਵੇਖੇ ਖੜ੍ਹ, ਗੁਰ ਸਤਿਗੁਰ ਸੇਵਾ ਲਾਈਆ । ਕਲਜੁਗ ਵੇਖੇ ਚੜ੍ਹ, ਸ਼ਬਦ ਜੋਤੀ ਡੰਕ ਵਜਾਈਆ । ਲੱਖ ਚੁਰਾਸੀ ਰਿਹਾ ਲੜ, ਕਰੋੜ ਛਿਆਨਵੇ ਨਾਮ ਵਧਾਈਆ । ਏਕਾ ਢਈਆ ਰਿਹਾ ਪੜ੍ਹ, ਢਹਿ ਢਹਿ ਢੇਰ ਧਰਨ ਸਫਾਈਆ । ਅੱਗੇ ਕੋਈ ਨਾ ਸਕੇ ਅੜ, ਪਾਰਬ੍ਰਹਮ ਵੱਡੀ ਵਡਿਆਈਆ । ਨਾਨਕ ਲਾਈ ਸਾਚੀ ਜੜ੍ਹ, ਗੋਬਿੰਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਭੰਡਾਰ ਹਰਿ ਨਿਰੰਕਾਰ ਏਕੰਕਾਰ ਸੰਤਨ ਬਲਿਹਾਰ ਅਗੰਮ ਅਪਾਰ, ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਸਾਚੇ ਦਰ ਹਰੀ ਹਰਿ ਦੇਵੇ ਵਰ, ਕਿਰਪਾ ਕਰ ਕਰਤਾ ਪੁਰਖ ਕਰਨੀ ਜੋਗ ਕਰਨਹਾਰ ਜਗਮ ਸਮਰਥ ਮਹਿੰਮਾ ਅਕੱਥ, ਲਹਿਣਾ

ਚੁਕਾਏ ਸਾਢੇ ਤਿੰਨ ਤਿੰਨ ਹੱਥ, ਹਰਿਸੰਗਤ ਨਾਮ ਮੰਗਤ ਨਾਮ ਲਹਿਣਾ ਲਾਏ ਅੰਗ, ਅੰਗੀਕਾਰ ਹਰਿ ਨਿਰੰਕਾਰ ਇਕ ਓਅੰਕਾਰ ਓਅੰਕਾਰ ਰੂਪ ਸਮਾਈਆ । ਓਅੰਕਾਰ ਸਰਬ ਗੁਣਵੰਤਾ, ਨਿਰੰਕਾਰ ਨਿਰਵੈਰ ਅਖਵਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇਆ । ਪੂਰਨ ਜੋਤ ਸ੍ਰੀ ਭਗਵੰਤਾ, ਗੁਣਵੰਤਾ ਭੇਵ ਨਾ ਰਾਇਆ । ਹਰਿਜਨ ਵੇਖੇ ਸਾਚੇ ਸੰਤਾ, ਲੋਕਮਾਤ ਫੇਰਾ ਪਾਇਆ । ਦੇਵੇ ਨਾਮ ਧਨ ਧਨਵੰਤਾ, ਅਤੁਟ ਭੰਡਾਰ ਇਕ ਵਰਤਾਇਆ । ਪਤਿਪਰਮੇਸ਼ਵਰ ਪਤ ਪਤਵੰਤਾ, ਪਾਰਬ੍ਰਹਮ ਰੂਪ ਵਟਾਇਆ । ਆਪੇ ਨਾਰੀ ਆਪੇ ਕੰਤਾ, ਹਰਿ ਸੰਤਾਂ ਆਤਮ ਸੇਜਾ ਡੇਰਾ ਲਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਨਾਨਕ ਗੁਰ ਗੋਬਿੰਦ ਮਹਿੰਮਾ ਅਗਣਤ ਅਗਣਤਾ, ਲਿਖਿਆ ਲਿਖਤ ਨਾ ਲੇਖ ਲਿਖਾਇਆ । ਭੇਵ ਨਾ ਪਾਇਣ ਜੀਵ ਜੰਤਾ, ਜੰਤ ਜੀਵ ਭੇਵ ਨਾ ਰਾਇਆ । ਵੇਖੇ ਖੇਲ ਅਗੰਮ ਅਗੰਮਤਾ, ਅਗੰਮ ਅਗੰਮੜੇ ਧਾਮ ਸੁਹਾਇਆ । ਆਪੇ ਹੋਏ ਭੁੱਖਾ ਨੰਗਤਾ, ਗੁਰਸਿਖਾਂ ਗੁਰਮੁਖਾਂ ਨਾਮ ਧਨ ਝੋਲੀ ਰਿਹਾ ਭਰਾਇਆ । ਲੇਖੇ ਲਾਏ ਸਾਚੀ ਸੰਗਤਾ, ਜਿਸ ਜਨ ਦਰਸ਼ਨ ਪਾਇਆ । ਤੋੜੇ ਗੜ੍ਹ ਹਉਮੇ ਹੰਗਤਾ, ਪੰਜ ਤਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਨਾਨਕ ਗੋਬਿੰਦ ਗੁਰ ਸਤਿਗੁਰ ਮੇਲ ਮਿਲਾਇਆ । ਸਤਿਗੁਰ ਪੂਰਾ ਹਰਿ ਭਗਵੰਤ, ਹਰਿ ਹਰਿ ਜੋਤ ਜਗਾਈਆ । ਹਰਿਜਨ ਮੇਲਾ ਏਕਾ ਕੰਤ, ਏਕਾ ਰੂਪ ਨਜ਼ਰੀ ਆਈਆ । ਜੁਗ ਜੁਗਤ ਜੋਗ ਬਣਾਏ ਸਾਚੀ ਬਣਤ, ਵਰਨ ਬਰਨ ਨਾ ਵੇਖ ਵਖਾਈਆ । ਸਾਚਾ ਧਾਮ ਇਕ ਸੁਹੰਤ, ਨਾਮ ਟੇਕਰੀ ਵਡ ਵਡਿਆਈਆ । ਘਰ ਸਾਚੇ ਉਪਜੇ ਸਚ ਸੁਗੰਧ, ਗੁਰਮੁਖ ਰਹੀ ਮਹਿਕਾਈਆ । ਗੁਰ ਸਤਿਗੁਰ ਪੂਰਾ ਆਵਣ ਜਾਵਣ ਚੁਕਾਏ ਪੰਧ, ਜੋ ਜਨ ਰਹੇ ਸ਼ਰਨਾਈਆ । ਮੇਟੇ ਰੈਣ ਅੰਧੇਰੀ ਅੰਧ, ਦੀਪਕ ਜੋਤ ਕਰੇ ਰੁਸ਼ਨਾਈਆ । ਸੋ ਪੁਰਖ ਸੁਣਾਏ ਏਕਾ ਛੰਤ, ਹੰ ਹੰਗਤਾ ਦਏ ਮਿਟਾਈਆ । ਬਨਾਵਣਹਾਰਾ ਸਚ ਬਣਤ, ਬਾਲ ਜਵਾਨ ਬਿਰਧ ਅਵਸਥਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਸਾਚੇ ਘਰ, ਘਰ ਮੇਲਾ ਇਕ ਅਕੇਲਾ, ਆਪੇ ਵੇਖੇ ਸਹਿਜ ਸੁਭਾਈਆ ।



੭੯੪ ੦੭

### * ੩੦ ਕੱਤਕ ੨੦੧੫ ਬਿਕ੍ਰਮੀ ਗੁਰਦਵਾਰਾ ਬੰਦਾ ਬਹਾਦਰ ਗੋਦਾਵਰੀ ਘਾਟ ਨੰਦੇੜ *

ਸ਼ਬਦ ਹਰਿ ਸ਼ਬਦ ਕਰਤਾਰ, ਸ਼ਬਦ ਸ਼ਬਦ ਸਮਾਈਆ । ਸ਼ਬਦ ਖੇਲ ਅਗੰਮ ਅਪਾਰ, ਅਗੰਮੜੇ ਧਾਮ ਸੁਹਾਈਆ । ਸ਼ਬਦ ਰੂਪ ਰੇਖ ਭੇਖ ਅਪਾਰ, ਦਿਸ ਕਿਸੇ ਨਾ ਆਈਆ । ਸ਼ਬਦ ਖੰਡ ਬ੍ਰਹਿਮੰਡ ਲਏ ਉਸਾਰ, ਜੇਰਜ ਅੰਡ ਉਤਭੁਜ ਸੇਤਜ ਸਮਾਈਆ । ਸ਼ਬਦ ਵੰਡ ਸਿਰਜਣਹਾਰ, ਸਮਰਥ ਪ੍ਰਭ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਡੰਕ ਵਜਾਈਆ । ਸ਼ਬਦ ਡੰਕ ਸ਼ਬਦ ਨਗਾਰਾ, ਹਰਿ ਹਰਿ ਆਪ ਵਜਾਇੰਦਾ । ਉਚ ਮਹੱਲ ਅਟੱਲ ਮੁਨਾਰ, ਥਿਰ ਘਰ ਨਾਉਂ ਰਖਾਇੰਦਾ । ਆਦਿ ਪੁਰਖ ਨਿਰੰਜਣ ਕਰ ਪਿਆਰ, ਲੋਆਂ ਪੁਰੀਆਂ ਸ਼ਬਦ ਸੁਹਾਇੰਦਾ । ਇਕ ਇਕੱਲਾ ਏਕੰਕਾਰ, ਹਰਿ ਹਰਿ ਸ਼ਬਦ ਵਸਾਇੰਦਾ । ਪੂਰਨ ਗੁਰ ਲਏ ਅਵਤਾਰ, ਸ਼ਬਦ ਸ਼ਬਦੀ ਸੁਣਾਇੰਦਾ । ਰਾਗ ਨਾਦ ਨਾ ਪਾਇਣ ਸਾਰ, ਭੇਵ ਅਭੇਵ ਰਖਾਇੰਦਾ । ਰਸਨਾ ਜੀਵ ਨਾ ਕੋਈ ਪਿਆਰ, ਬੱਤੀ ਦੰਦ ਨਾ ਸੰਗ ਰਖਾਇੰਦਾ । ਆਪ ਸੁਹਾਏ



Rev-01

ਆਪੇ ਸੱਚੇ ਘਰ ਬਾਰ, ਮਹੱਲ ਅਚੱਲ ਇਕ ਰਖਾਇੰਦਾ । ਦਸਮ ਦਵਾਰੀ ਨਾ ਕਿਵਾੜ, ਪੰਚਮ ਧਾੜਾ ਅੱਗੇ ਡਾਹਿੰਦਾ । ਜਿਸ ਜਨ ਬਖ਼ਸ਼ੇ ਆਪ ਆਪਣਾ ਚਰਨ ਪਿਆਰ, ਸੋ ਜਨ ਪੂਜ ਪੁਜਾਇੰਦਾ । ਸੰਤ ਕੰਤ ਭਗਵੰਤ ਪੁਰਖ ਨਾਰ, ਨਾਰੀ ਕੰਤ ਰੂਪ ਸਮਾਇੰਦਾ । ਆਦਿ ਅੰਤਾ ਹੋ ਉਜਿਆਰ, ਲੋਕਮਾਤ ਫੇਰਾ ਪਾਇੰਦਾ । ਨਾਨਕ ਨਿਰਗੁਣ ਬੰਨੇ ਧਾਰ, ਨਾਮ ਸਤਿ ਮੰਤਰ ਦ੍ਰਿੜਾਇੰਦਾ । ਗੁਰ ਸਤਿਗੁਰ ਹੋ ਉਜਿਆਰ, ਸ਼ਬਦ ਖੰਡਾ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਸੁਤ ਦੁਲਾਰ, ਗੋਬਿੰਦ ਰੂਪ ਅਪਰ ਅਪਾਰ, ਪੰਜ ਤਤ ਸੁਹਾਇੰਦਾ । ਸ਼ਬਦ ਸੁਤ ਸ਼ਬਦ ਦੁਲਾਰ, ਸ਼ਬਦੀ ਸ਼ਬਦ ਜਣਾਈਆ । ਸ਼ਬਦ ਬਸਤਰ ਤਨ ਸ਼ਿੰਗਾਰ, ਕਾਇਆ ਮਾਟੀ ਵੇਖ ਵਖਾਈਆ । ਸ਼ਬਦ ਚੋਟ ਤਨ ਨਗਾਰ, ਆਪ ਆਪਣੀ ਰਿਹਾ ਸੁਣਾਈਆ । ਸ਼ਬਦ ਸਿੰਘਾਸਣ ਉਚ ਅਪਾਰ, ਸ਼ਬਦ ਗੁਰ ਬੈਠਾ ਆਸਣ ਲਾਈਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਸੁਹਾਈਆ । ਸ਼ਬਦ ਦਾਤਾ ਬੇਐਬ ਪਰਵਰਦਿਗਾਰ, ਬੇਪਰਵਾਹ ਨੂਰ ਇਲਾਹੀਆ । ਸ਼ਬਦ ਰਾਮ ਮੀਤ ਮੁਰਾਰ, ਸ਼ਬਦ ਕਾਹਨਾ ਬੰਸਰੀ ਇਕ ਵਜਾਈਆ । ਸ਼ਬਦ ਅਰਜਨ ਖੋਲ੍ਹ ਕਿਵਾੜ, ਸ਼ਬਦ ਭੰਡਾਰ ਇਕ ਵਰਤਾਈਆ । ਜੀਆਂ ਜੰਤਾਂ ਸਾਧਾਂ ਸੰਤਾਂ ਸ਼ਬਦੀ ਸ਼ਬਦ ਬੰਨੇ ਧਾਰ, ਆਦਿ ਜੁਗਾਦਿ ਵਡ ਵਡਿਆਈਆ । ਸਾਚਾ ਸ਼ਬਦ ਗੁਰਸਿਖ ਸ਼ਿੰਗਾਰ, ਗੁਰ ਪੂਰਾ ਆਪ ਕਰਾਈਆ । ਨੇਤਰ ਨੈਣਾਂ ਬਖ਼ਸ਼ੇ ਚਰਨ ਪਿਆਰ, ਨਾਮ ਸ਼ਬਦ ਸੱਚੀ ਕੁੜਮਾਈਆ । ਸ਼ਬਦ ਸੀਸ ਬੰਨੇ ਦਸਤਾਰ, ਜਗਤ ਜਗਦੀਸ਼ ਦਇਆ ਕਮਾਈਆ । ਸੰਤ ਵਿਚੋਲਾ ਅਪਰ ਅਪਾਰ, ਗੁਰ ਗੁਰ ਚੇਲਾ ਮੇਲ ਮਿਲਾਈਆ । ਸੱਜਣ ਸੁਹੇਲਾ ਧੁਰ ਦਰਬਾਰ, ਦਰਗਹਿ ਸਾਚੀ ਹੋਏ ਸਹਾਈਆ । ਹਰਿ ਸ਼ਬਦ ਗੁਰ ਭੇਵ ਨਿਆਰ, ਬਿਨ ਗੁਰ ਪੂਰੇ ਕੋਈ ਭੇਵ ਨਾ ਪਾਈਆ । ਹਰਿ ਸੰਤਾਂ ਮੇਲਾ ਮੀਤ ਮੁਰਾਰ, ਹਰਿ ਸ਼ਬਦ ਸਾਚੇ ਘਰ ਵੱਜੇ ਵਧਾਈਆ । ਅਨਹਦ ਧੁਨ ਧੁਨੀ ਧੁਨਕਾਰ, ਅਨੰਦ ਮੰਗਲ ਗਾਈਆ । ਪੰਚਮ ਸਖੀਆਂ ਵੇਖਣ ਵਾਰੋ ਵਾਰ, ਆਪ ਆਪਣਾ ਧਾਮ ਸੁਹਾਈਆ । ਜਿਸ ਜਨ ਖੋਲ੍ਹੇ ਬੰਦ ਕਿਵਾੜ, ਬਜ਼ਰ ਕਪਾਟੀ ਕੁੰਡਾ ਤੁੜਾਈਆ ।ਆਤਮ ਸੇਜਾ ਕਰ ਪਿਆਰ, ਮੇਲ ਮਿਲਾਏ ਬੇਪਰਵਾਹੀਆ । ਸ਼ਬਦੀ ਸ਼ਬਦ ਗੁਰ ਰੂਪ ਕਰਤਾਰ, ਕਰਤਾ ਪੁਰਖ ਨਾਉਂ ਧਰਾਈਆ । ਨਾਨਕ ਗੋਬਿੰਦ ਸੋਹੇ ਇਕ ਦਵਾਰ, ਗੁਰਮੁਖਾਂ ਰਾਹ ਤਕਾਈਆ । ਗੋਦਾਵਰੀ ਕੰਢਾ ਅਪਰ ਅਪਾਰ, ਬੰਦਾ ਬੰਦਗੀ ਲੇਖੇ ਲਾਈਆ । ਜਗਤ ਗੰਦਗੀ ਉਤਰਿਆ ਪਾਰ, ਨੌਂ ਦਰ ਕਰੀ ਸਫਾਈਆ । ਸਦ ਬਖ਼ਸ਼ੰਦਗੀ ਰੂਪ ਕਰਤਾਰ, ਕਲਗੀ ਤੋੜਾ ਸੀਸ ਟਿਕਾਈਆ । ਅੰਮ੍ਰਿਤ ਆਤਮ ਬਖ਼ਸ਼ੇ ਸੱਚੀ ਧਾਰ, ਪੁਰਖ ਅਕਾਲ ਦਇਆ ਕਮਾਈਆ । ਗ਼ਰੀਬ ਨਿਮਾਣੇ ਬਣਾਏ ਸਾਚੇ ਲਾਲ, ਆਪ ਆਪਣੀ ਗੋਦ ਉਠਾਈਆ । ਦੇਵੇ ਨਾਮ ਸ਼ਬਦ ਸੱਚੀ ਤੀਰ ਕਮਾਨ, ਤਨ ਗਾਤਰਾ ਇਕ ਸਜਾਈਆ । ਖੇਲੇ ਖੇਲ ਦੋ ਜਹਾਨ, ਆਪ ਆਪਣਾ ਭੇਵ ਛੁਪਾਈਆ । ਗੋਬਿੰਦ ਰਸਨਾ ਸਾਚਾ ਚਿੱਲਾ ਮਾਰੇ ਜੀਵ ਜੰਤ ਬੇਈਮਾਨ, ਗੁਰਸਿਖਾਂ ਹੱਥ ਆਪ ਟਿਕਾਈਆ । ਆਪੇ ਜੋਧਾ ਸੂਰਬੀਰ ਬਲਵਾਨ, ਗੁਰਸਿਖਾਂ ਦੇਵੇ ਮਾਤ ਵਡਿਆਈਆ । ਧਰਮ ਉਠਾਏ ਇਕ ਨਿਸ਼ਾਨ, ਗੋਦਾਵਰੀ ਕੰਢਾ ਵੇਖ ਵਖਾਈਆ । ਗੁਰਮੁਖ ਆਏ ਦਰ ਕਰੇ ਪਰਵਾਨ, ਜੋ ਜਨ ਦਰ ਦਰਵਾਜ਼ਾ ਵੇਖ ਵਖਾਈਆ ।ਸਚਖੰਡ ਦਵਾਰੇ ਨਾਮ ਬਿਬਾਣ, ਸ਼ਬਦੀ ਸ਼ਬਦ ਬਣੇ ਰਖਵਾਹੀਆ । ਮਰੇ ਨਾ ਜਨਮੇ ਖੇਲੇ ਖੇਲ ਆਦਿ ਜੁਗਾਦਿ ਆਵਣ ਜਾਣ, ਪਤਿਤ ਪਾਵਣ ਆਪ ਅਖਵਾਈਆ । ਗੁਰਮੁਖਾਂ ਗੁਰਸਿਖਾਂ ਤੋੜੇ ਲੰਕਾ ਗੜ੍ਹ ਹੰਕਾਰ, ਆਤਮ ਚੜ੍ਹ ਵੇਖ ਵਖਾਈਆ । ਪੰਚਮ ਮੀਤਾ ਪੰਚਮ ਬਖ਼ਸ਼ੇ ਚਰਨ ਪਿਆਰ, ਕਾਇਆ ਸੀਤਾ ਸੁਰਤੀ


੭੯੫
੦੨

੭੯੬
੦੭

ਲਏ ਪਰਨਾਈਆ । ਨਾਮ ਖੰਡਾ ਆਤਮ ਅੰਤਰ ਬਖ਼ਸ਼ੇ ਤਿਖੀ ਧਾਰ, ਜਗਤ ਵਿਕਾਰਾ ਮੇਟ ਮਿਟਾਈਆ । ਕਲਜੁਗ ਅੰਤਮ ਪਾਵੇ ਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਕਾਲ ਪੁਰਖ ਹੋ ਤਿਆਰ, ਲੋਕਮਾਤ ਵੇਖ ਵਖਾਈਆ । ਗੁਰ ਗੋਬਿੰਦ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਸੰਤ ਸਾਜਣ ਗੁਰਸਿਖ ਸਾਚੇ ਲਏ ਉਭਾਰ, ਆਪ ਆਪਣਾ ਦਰਸ ਦਿਖਾਈਆ । ਨੇਤਰ ਲੋਚਣ ਦੇਵੇ ਇਕ ਗਿਆਨ, ਏਕਾ ਦੂਜਾ ਭੇਵ ਚੁਕਾਈਆ । ਤੀਜਾ ਨੇਤਰ ਖੁਲ੍ਹੇ ਨਜ਼ਰੀ ਆਏ ਹਰਿ ਭਗਵਾਨ, ਭਾਂਡਾ ਭਰਮ ਨਾ ਰਾਈਆ । ਚੌਥੇ ਪਦ ਮਿਲੇ ਮੇਲ ਸ੍ਰੀ ਭਗਵਾਨ, ਗੁਰ ਪੂਰਾ ਹੋਏ ਸਹਾਈਆ । ਪੰਜਮ ਹੱਥ ਫੜਾਏ ਇਕ ਨਿਸ਼ਾਨ, ਨੌਂ ਖੰਡ ਪ੍ਰਿਥਮੀ ਆਪ ਝੁਲਾਈਆ । ਸੱਤਾਂ ਦੀਪਾਂ ਪਾਏ ਆਣ, ਫਤਿਹ ਜੈਕਾਰਾ ਇਕ ਲਗਾਈਆ । ਬ੍ਰਹਮਾ ਵਿਸ਼ਨ ਦੇਵਤ ਸੁਰ ਨੇਤਰ ਨੀਰ ਵਹਾ ਦਿਵਸ ਰੈਣ ਕੁਰਲਾਇਣ, ਬਿਨ ਸਤਿਗੁਰ ਨਾ ਕੋਈ ਸਹਾਈਆ । ਇਕ ਇਕੱਲਾ ਏਕੰਕਾਰ, ਵੇਖੇ ਵਿਗਸੇ ਸਿਰਜਣਹਾਰ, ਲੋਕਮਾਤ ਮਾਰ ਝਾਤ ਇਕ ਇਕਾਂਤ, ਆਪ ਆਪਣੀ ਕਲ ਵਰਤਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਚਾਰ ਵਰਨਾਂ ਸੁਣਾਏ ਸਾਚੀ ਗਾਥ, ਊਚ ਨੀਚ ਰਾਓ ਰੰਕ ਰਹਿਣ ਨਾ ਪਾਈਆ । ਸਗਲ ਨਿਭਾਏ ਆਪਣਾ ਸਾਥ, ਸਗਲਾ ਸੰਗੀ ਆਪ ਹੋ ਜਾਈਆ । ਏਕਾ ਪੂਜਾ ਏਕਾ ਪਾਠ, ਏਕਾ ਗੁਰਦੇਵ ਇਸ਼ਟ ਆਪ ਰਖਾਈਆ । ਅਕਾਲ ਮੂਰਤ ਪੁਰਖ ਅਗੰਮਾ ਵਜਾਏ ਸਾਚਾ ਨਾਦ, ਲੋਆਂ ਪੁਰੀਆਂ ਆਪ ਸੁਣਾਈਆ । ਸਤਿਗੁਰ ਪੂਰਾ ਖੋਜ ਖੁਜਾਏ ਜੀਓ ਪਿੰਡ ਬ੍ਰਹਿਮਾਦ, ਘਰ ਘਰ ਅੰਦਰ ਮੰਦਰ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਲਹਿਣਾ ਦੇਣਾ ਚੁਕਾਏ ਸਾਢੇ ਤਿੰਨ ਤਿੰਨ ਹਾਥ, ਜੋ ਜਨ ਰਸਨਾ ਰਹੇ ਗਾਈਆ । ਵੇਲੇ ਅੰਤਮ ਪੁੱਛੇ ਵਾਤ, ਨਿਹਕਲੰਕ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਮੇਲਾ ਸਾਚੇ ਘਰ, ਸ਼ਬਦੀ ਸ਼ਬਦ ਦੇਵੇ ਵਰ, ਗੁਰਸਿਖਾਂ ਤਨ ਬਸਤਰ ਆਪ ਪਹਿਨਾਈਆ ।

ਸਮਰਥ ਪੁਰਖ ਦੀਨ ਦਿਆਲਾ, ਅਕਲ ਕਲਾ ਅਖਵਾਈਆ । ਗੁਰ ਗੋਬਿੰਦ ਹਰਿ ਗੋਪਾਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਦੁਲਾਰੇ ਸਾਚੇ ਲਾਲਾ, ਆਪ ਆਪਣੀ ਗੋਦ ਉਠਾਈਆ । ਆਪੇ ਚਾੜ੍ਹੇ ਰੰਗ ਗੁਲਾਲਾ, ਉਤਰ ਕਦੇ ਨਾ ਜਾਈਆ । ਲੋਕਮਾਤ ਬਣਾਏ ਸਚ ਸੱਚੀ ਧਰਮਸਾਲਾ, ਸ਼ਬਦ ਸ਼ਬਦੀ ਡੰਕ ਵਜਾਈਆ । ਗੁਰਮੁਖਾਂ ਫਲ ਲਗਾਏ ਕਾਇਆ ਡਾਲਾ, ਅੰਮ੍ਰਿਤ ਆਤਮ ਮੇਵਾ ਇਕ ਖਵਾਈਆ । ਤੋੜਨਹਾਰ ਜਗਤ ਜੰਜਾਲਾ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਹੋਏ ਸਹਾਈਆ । ਗੁਰ ਸਤਿਗੁਰ ਹਰਿ ਹਰਿ ਮੀਤਾ, ਹਰਿ ਹਰਿ ਮੇਲ ਮਿਲਾਇਆ । ਆਪੇ ਜਾਣੇ ਆਪਣੀ ਰੀਤਾ, ਆਪ ਆਪਣਾ ਵੇਸ ਵਟਾਇਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚਾਂ ਨੀਚਾਂ ਸੰਗ ਰਖਾਇਆ । ਗੁਰਮੁਖਾਂ ਬਖ਼ਸ਼ੇ ਚਰਨ ਪ੍ਰੀਤਾ, ਚਰਨ ਚਰਨੋਦਕ ਮੁਖ ਚੁਆਇਆ । ਨਾਮ ਨਿਧਾਨ ਜਿਸ ਜਨ ਪੀਤਾ, ਆਪ ਆਪਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਸਾਚੀ ਰੀਤਾ, ਆਪ ਆਪਣਾ ਲੇਖ ਲਖਾਇਆ । ਗੁਰ ਸਤਿਗੁਰ ਸੂਰ ਬਲਕਾਰ, ਹਰਿ ਹਰਿ ਰੂਪ ਸਮਾਈਆ । ਕਲਜੁਗ ਅੰਤਮ ਲਏ ਅਵਤਾਰ, ਬੀਸ ਬੀਸਾ ਵਡ ਵਡਿਆਈਆ ।


Rev-01

ਜਗਤ ਜਗਦੀਸ਼ਾ ਖ਼ਬਰਦਾਰ, ਲੋਆਂ ਪੁਰੀਆਂ ਆਪ ਉਠਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰ, ਨੌ ਖੰਡ ਪ੍ਰਿਥਮੀ ਫੇਰਾ ਪਾਈਆ । ਸੱਤਾਂ ਦੀਪਾਂ ਹੋ ਉਜਿਆਰ, ਦੀਵਾ ਬਾਤੀ ਇਕ ਜਗਾਈਆ । ਕਮਲਾਪਾਤੀ ਮੀਤ ਮੁਰਾਰ, ਕੰਤ ਕੰਤੂਹਲਾ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਜੋਤ ਧਰ, ਗੁਰ ਗੋਬਿੰਦ ਸ਼ਬਦ ਵਡਿਆਈਆ । ਸਿੰਘ ਗੋਬਿੰਦ ਸ਼ਬਦ ਬਲਵਾਨ, ਹਰਿ ਹਰਿ ਰੰਗ ਰੰਗਾਇਆ । ਦਾਤਾ ਦਾਨੀ ਮਿਹਰਬਾਨ, ਲੋਕਮਾਤ ਵੇਖ ਵਿਖਾਇਆ । ਧਰਮ ਵਖਾਏ ਇਕ ਨਿਸ਼ਾਨ, ਚਾਰ ਵਰਨਾਂ ਮੇਲ ਮਿਲਾਇਆ । ਆਤਮ ਜੋਤੀ ਬ੍ਰਹਮ ਗਿਆਨ, ਪਾਰਬ੍ਰਹਮ ਸਰਨਾਇਆ । ਦੂਈ ਦਵੈਤੀ ਮੇਟ ਮਿਟਾਣ, ਭੇਖ ਭਖੰਡ ਰਹਿਣ ਨਾ ਪਾਇਆ । ਵੇਖ ਵਖਾਏ ਅੰਜੀਲ ਕੁਰਾਨ, ਵੇਦ ਪੁਰਾਨਾ ਫੋਲ ਫੁਲਾਇਆ । ਧੁਰਦਰਗਾਹੀ ਇਕ ਫ਼ਰਮਾਣ, ਸ਼ਬਦ ਸੰਦੇਸ਼ਾ ਦਏ ਸੁਣਾਇਆ । ਨਰ ਨਰੇਸ਼ਾ ਦੋ ਜਹਾਨ, ਗੁਰ ਗੋਬਿੰਦ ਵੇਸ ਵਟਾਇਆ । ਪੰਜ ਪਿਆਰੇ ਕਰ ਪਰਧਾਨ, ਸ਼ਬਦ ਡੋਰੀ ਤਨ ਬੰਧਾਇਆ । ਪੀਲਾ ਬਸਤਰ ਇਕ ਮਹਾਨ, ਤਨ ਸ਼ਿੰਗਾਰ ਵਖਾਇਆ । ਅੱਠੇ ਪਹਿਰ ਨਿਗਹਬਾਨ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਬਾਲ ਨਿਧਾਨ, ਸੁਤ ਦੁਲਾਰ ਰੂਪ ਵਟਾਇਆ । ਹਰਿ ਸੁਤ ਹਰਿ ਦੁਲਾਰ, ਗੋਬਿੰਦ ਵੇਸ ਵਟਾਇਆ । ਕਲਜੁਗ ਅੰਤਮ ਲਏ ਅਵਤਾਰ, ਹਰਿਜਨ ਵੇਖ ਵਖਾਈਆ । ਪੂਤ ਸਪੂਤਾ ਆਪਾ ਵਾਰ, ਸਾਚੀ ਕਾਰ ਕਮਾਈਆ । ਪੰਥ ਖਾਲਸਾ ਕਰ ਤਿਆਰ, ਏਕਾ ਗੁਰੂ ਗ੍ਰੰਥ ਜਣਾਈਆ । ਸਾਚੀ ਸਿਖਿਆ ਹਰਿ ਨਿਰੰਕਾਰ, ਅਕਾਲ ਪੁਰਖ ਜਣਾਈਆ । ਏਥੇ ਓਥੇ ਪਾਵੇ ਸਾਰ, ਵਿਛੜ ਕਦੇ ਨਾ ਜਾਈਆ । ਅਜੂਨੀ ਰਹਿਤ ਏਕੰਕਾਰ, ਅਕਲ ਕਲਾ ਵਰਤਾਈਆ । ਆਦਿ ਨਿਰੰਜਣ ਹੋ ਤਿਆਰ, ਲੋਕਮਾਤ ਵੇਖ ਵਖਾਈਆ । ਦਰਦ ਦੁੱਖ ਭੈ ਭੰਜਣ ਪਾਵੇ ਸਾਰ, ਭਵ ਸਾਗਰ ਪਾਰ ਕਰਾਈਆ । ਗੁਰਮੁਖ ਸਾਚੇ ਲਏ ਉਭਾਰ, ਜਿਸ ਜਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਜਾ ਭੇਵ ਚੁਕਾਈਆ । ਏਕਾ ਦੂਜਾ ਭੇਵ ਚੁਕਾਵਣਾ, ਗੁਰ ਪੂਰੇ ਹੱਥ ਵਡਿਆਈਆ । ਚੌਥੇ ਪਦ ਆਪ ਬਹਾਵਣਾ, ਰੰਗ ਮਹੱਲ ਇਕ ਜਣਾਈਆ । ਪੰਚਮ ਸਾਚਾ ਮੇਲ ਮਿਲਾਵਣਾ, ਛਤਰ ਸੀਸ ਜਗਦੀਸ਼ ਆਪ ਟਿਕਾਈਆ । ਛੇਵੇਂ ਛੱਪਰ ਛੰਨ ਨਾ ਕੋਈ ਰਚਾਵਣਾ, ਚਾਰ ਦਿਵਾਰ ਨਾ ਕੋਈ ਬਣਾਈਆ । ਸਤਿ ਪੁਰਖ ਨਿਰੰਜਣ ਡੇਰਾ ਲਾਵਣਾ, ਅਕਾਲ ਮੂਰਤ ਜੋਤ ਰੁਸ਼ਨਾਈਆ । ਅੱਠਾਂ ਤੱਤਾਂ ਵੇਸ ਕਰਾਵਣਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਨਾ ਹੋਏ ਹਲਕਾਈਆ । ਨੌਂ ਦਵਾਰੇ ਰਸ ਗਵਾਵਣਾ, ਜੂਠ ਝੂਠ ਮੇਟੇ ਛਾਹੀਆ । ਦਸਮ ਦਵਾਰੀ ਮੇਲ ਮਿਲਾਵਣਾ, ਗੁਰ ਗੋਬਿੰਦ ਵਡ ਵਡਿਆਈਆ । ਸਿੰਘ ਸਿੰਘ ਆਪ ਅਖਵਾਵਣਾ, ਸ਼ੇਰ ਦਲੇਰਾ ਬੇਪਰਵਾਹੀਆ । ਨਾਮ ਖੰਡਾ ਇਕ ਚਮਕਾਵਣਾ, ਬੇਹੰਗਮ ਚਾਲ ਇਕ ਰਖਾਈਆ । ਅਗੰਮ ਅਗੰਮੜਾ ਧਾਮ ਸੁਹਾਵਣਾ, ਅਗੰਮੜੀ ਕਾਰ ਕਰਾਈਆ । ਹੱਡ ਮਾਸ ਨਾੜੀ ਚੰਮੜਾ ਨਾ ਕੋਈ ਰਖਾਵਣਾ, ਸ਼ਬਦ ਸ਼ਬਦੀ ਡੰਕ ਵਜਾਈਆ । ਸਤਿ ਦੁਆਰੇ ਆਪ ਪੁਜਾਵਣਾ, ਆਪ ਆਪਣਾ ਮੇਲ ਮਿਲਾਈਆ । ਸਾਢੇ ਤਿੰਨ ਹੱਥ ਤੇਰਾ ਵਕਤ ਚੁਕਾਵਣਾ, ਰਵਦਾਸ ਚੁਮਾਰਾ ਗਿਆ ਲਿਖਾਈਆ । ਨੌਂ ਦਵਾਰੇ ਭੇਵ ਚੁਕਾਵਣਾ, ਜਗਤ ਦਵਾਰੇ ਆਪ ਭੁਲਾਈਆ । ਦਸਮ ਦੁਆਰੀ ਪੰਧ ਮਿਟਾਵਣਾ, ਅੰਧ ਅੰਧੇਰ ਹੋਏ ਸਹਾਈਆ । ਧੁਨ ਅਨਾਦੀ ਇਕ ਵਜਾਵਣਾ, ਅਨਹਦ ਸੇਵਾ ਲਾਈਆ । ਸਾਚੀ ਸੰਗਤਾ ਮੰਗਲ ਗਾਵਣਾ, ਏਕਾ ਮੰਗਲ ਗਾਈਆ । ਬਜ਼ਰ ਕਪਾਟੀ ਤੋੜ ਤੁੜਾਵਣਾ, ਗੁਰਮੁਖਾਂ ਮਿਲੇ ਵਧਾਈਆ ।

ਆਤਮ ਸੇਜਾ ਹਰਿ ਜੀ ਪਾਵਣਾ, ਹਰਿ ਸਾਚਾ ਹੋਏ ਸਹਾਈਆ । ਗੁਰ ਗੋਬਿੰਦ ਦਰਸ ਦਿਖਾਵਣਾ, ਨਾਨਕ ਮੇਲਾ ਸਹਿਜ ਸੁਭਾਈਆ । ਕਾਇਆ ਚੋਲੀ ਰੰਗ ਰੰਗਾਵਨਾ, ਉਤਰ ਕਦੇ ਨਾ ਜਾਈਆ । ਵੀਹ ਸੌ ਪੰਦਰਾਂ ਬਿਕ੍ਰਮੀ ਫੇਰਾ ਪਾਵਣਾ, ਲੋਕਮਾਤ ਕਰੇ ਕੁੜਮਾਈਆ । ਵੀਹ ਸੌ ਸੋਲਾਂ ਹਾੜ ਸਤਾਰਾਂ ਵੇਖ ਵਖਾਵਣ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਫੜ ਉਠਾਵਣਾ, ਰਾਜ ਰਾਜਾਨਾ ਦਏ ਹਿਲਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਸੀਸ ਤਾਜ ਨਾ ਕੋਈ ਰਖਾਈਆ । ਵੀਹ ਸੌ ਸਤਾਰਾਂ ਲੇਖ ਚੁਕਾਵਣਾ, ਨੌਂ ਖੰਡ ਹੋਏ ਹਲਕਾਈਆ । ਸੱਤਾਂ ਦੀਪਾਂ ਭਰਮ ਗਵਾਵਣਾ, ਗੁਰ ਗੋਬਿੰਦ ਸ਼ਬਦ ਵਡਿਆਈਆ । ਤੀਰਥ ਤੱਟਾਂ ਏਕਾ ਧਾਰ ਚਲਾਵਣਾ, ਜਲ ਧਾਰਾ ਰੂਪ ਸਮਾਈਆ । ਮਨਮੁਖ ਜੀਵਾਂ ਮਾਤ ਰੁੜ੍ਹਾਵਣਾ, ਸ਼ੌਹ ਦਰਿਯਾਏ ਧੱਕਾ ਲਾਈਆ । ਗੁਰਮੁਖ ਸਾਚੇ ਆਪ ਜਗਾਵਣਾ, ਆਪ ਆਪਣਾ ਦਰਸ ਦਿਖਾਈਆ । ਆਤਮ ਬ੍ਰਹਮ ਬੂਝ ਬੁਝਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਕਲ ਕਲੇਸ਼ ਨਾ ਕੋਈ ਕਰਾਵਣਾ, ਆਲਸ ਨਿੰਦਰਾ ਵਿਚ ਨਾ ਆਈਆ । ਦਰ ਦਰਵੇਸ਼ ਆਪ ਅਖਵਾਵਣਾ, ਵਡ ਦਾਤਾ ਬੇਪਰਵਾਹੀਆ । ਵੀਹ ਸੌ ਉਨੀ ਬਿਕ੍ਰਮੀ ਥਿਤ ਲਿਖਾਵਣਾ, ਅੱਲਾ ਰਾਣੀ ਰਹੀ ਸ਼ਰਮਾਈਆ । ਮੁਸਲਮ ਸੁੰਨੀ ਕੋਈ ਰਹਿਣ ਨਾ ਪਾਵਣਾ, ਚਾਰ ਯਾਰਾਂ ਮੁਖ ਛੁਪਾਈਆ । ਐਨਲਹੱਕ ਨਾਅਰਾ ਕਿਸੇ ਨਾ ਲਾਵਣਾ, ਵੇਖ ਵਖਾਏ ਖ਼ਲਕ ਖ਼ੁਦਾਈਆ । ਬੇਐਬ ਪਰਵਰਦਿਗਾਰ ਨਿਰੰਕਾਰ ਆਪ ਅਖਵਾਵਣਾ, ਅਕਾਲ ਮੂਰਤ ਜੋਤ ਰੁਸ਼ਨਾਈਆ । ਧਰਨੀ ਧਰਤ ਆਪ ਸੁਹਾਵਣਾ, ਆਪ ਆਪਣੀ ਖੇਲ ਖਲਾਈਆ । ਗੋਬਿੰਦ ਲੇਖਾ ਜਗਤ ਚੁਕਾਵਣਾ, ਚੌਥੇ ਜੁਗ ਫੇਰਾ ਪਾਈਆ । ਸਤਿਜੁਗ ਸਾਚਾ ਆਪ ਸੁਹਾਵਣਾ, ਸਤਿਗੁਰ ਪੂਰਾ ਨਾਉਂ ਧਰਾਈਆ । ਬੀਸ ਬੀਸਾ ਲੇਖ ਲਿਖਾਵਣਾ, ਮੇਟ ਮਿਟਾਏ ਝੂਠੀ ਛਾਹੀਆ । ਜਮਨ ਕਿਨਾਰਾ ਇਕ ਸੁਹਾਵਣਾ, ਗੁਰ ਤੇਗ ਬਹਾਦਰ ਤੇਰੇ ਧਾਮ ਵਡਿਆਈਆ । ਇਕੀ ਇਕ ਨਿਸ਼ਾਨ ਝੁਲਾਵਣਾ, ਨੌਂ ਖੰਡ ਕਰੇ ਰੁਸ਼ਨਾਈਆ । ਅਕਾਲ ਪੁਰਖ ਮੇਲ ਮਿਲਾਵਣਾ, ਗੁਰ ਗੋਬਿੰਦ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਏਕਾ ਮਾਰਗ ਲਾਵਣਾ, ਏਕਾ ਰੂਪ ਦਰਸਾਈਆ । ਪੰਡਤ ਪਾਂਧੇ ਪਕੜ ਉਠਾਵਣਾ, ਏਕਾ ਵਿਦਿਆ ਦਏ ਪੜ੍ਹਾਈਆ । ਈਸਾ ਮੂਸਾ ਵਕਤ ਚੁਕਾਵਣਾ, ਏਕਾ ਜਾਪ ਜਪਾਈਆ । ਸ਼ਬਦ ਅਨਾਦੀ ਏਕਾ ਗਾਵਣਾ, ਧੁਨੀ ਨਾਦ ਇਕ ਵਜਾਈਆ । ਨੌਂ ਖੰਡ ਪ੍ਰਿਥਮੀ ਸਾਚੀ ਸਿਖੀ ਆਪ ਬਣਾਵਣਾ, ਤਲਵਾਰੋਂ ਤਿੱਖੀ ਧਾਰ ਚਲਾਈਆ । ਰਿਖੀ ਮੁਨੀ ਕੋਈ ਦਿਸ ਨਾ ਆਵਣਾ । ਗੁਰਮੁਖਾਂ ਵਡ ਵਡਿਆਈਆ । ਧਾਰੀ ਕੇਸ ਲੇਖੇ ਲਾਵਣਾ, ਮੁੰਡ ਮੁੰਡਾਏ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਹਰਿ ਜਗਦੀਸਾ ਇਕ ਅਕੀਸਾ, ਆਪ ਆਪਣੀ ਕਰੇ ਰੁਸ਼ਨਾਈਆ । ਇਕ ਇਕੀਸਾ ਏਕੰਕਾਰ, ਅਕਲ ਕਲਾ ਅਖਵਾਈਆ । ਨਾਮ ਖੰਡਾ ਤੇਜ ਕਟਾਰ, ਗੁਰ ਗੋਬਿੰਦ ਤਨ ਗਾਤਰੇ ਇਕ ਲਟਕਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਦੇਵੇ ਜਗਤ ਵਡਿਆਈਆ । ਸੋਹੇ ਸੀਸ ਸੱਚੀ ਦਸਤਾਰ, ਤਖ਼ਤ ਤਖ਼ਤ ਤਾਜ ਜਗਤ ਸ਼ਰਨਾਈਆ । ਅਗੰਮ ਅਗੰਮੜੀ ਕਰੇ ਕਾਰ, ਅਗੰਮ ਅਗੰਮੜਾ ਵੇਖ ਵਖਾਈਆ । ਪੰਥ ਖ਼ਾਲਸਾ ਕਰ ਪਿਆਰ, ਏਕਾ ਰੂਪ ਸਮਾਈਆ । ਰੂਪ ਅਨੂਪ ਸ਼ਾਹੋ ਭੂਪ ਅਪਰ ਅਪਾਰ, ਲੇਖਾ ਲਿਖਤ ਵਿਚ ਨਾ ਆਈਆ । ਬਾਲੇ ਅਗਨੀ ਵੇਖੇ ਜੋਤ ਜਵਾਲਾ ਜਗਤ ਅੰਗੀਠਾ ਭਗਤ ਅਨਡੀਠਾ ਤ੍ਰੈਗੁਣ ਮਾਇਆ ਪੰਜ ਤੱਤ, ਆਤਮ ਬ੍ਰਹਮ ਪਾਰਬ੍ਰਹਮ ਮਿਲਾਈਆ । ਗੁਰ ਗੋਬਿੰਦ ਸਿੰਘ ਸਿੰਘ ਬੀਜ ਬੀਜਿਆ ਸਾਚੇ ਵਤ, ਲੋਕਮਾਤ ਨਾ ਕੋਇ ਉਖੜਾਈਆ । ਅਕਾਲ ਪੁਰਖ ਤੇਰੇ ਚਰਨ ਬੰਧਾਇਆ ਨਤ, ਨਾਤਾ ਬਿਧਾਤਾ ਨਾ ਕੋਈ ਤੋੜ


Rev-01

ਤੁੜਾਈਆ । ਸਰਬ ਕਲਾ ਆਪੇ ਸਮਰਥ, ਗੁਰ ਗੋਬਿੰਦ ਵਡ ਵਡਿਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਗੁਰਸਿਖ ਸੱਜਣ ਮੀਤ ਪਤਿਤ ਪੁਨੀਤ ਆਪੇ ਲਏ ਰੱਖ, ਰੱਖਣਹਾਰ ਆਪ ਅਖਵਾਈਆ । ਜੋਤੀ ਨੂਰ ਹਾਜ਼ਰ ਹਜ਼ੂਰ ਸਰਬ ਕਲਾ ਭਰਪੂਰ ਦਰਸ ਦਿਖਾਏ ਹੋ ਪ੍ਰਤੱਖ, ਸਚਖੰਡ ਖੇਲ ਬ੍ਰਿਮੰਡ ਜੇਰਜ ਅੰਡ ਉਤਭੁਜ ਸੇਤਜ ਕਰ ਰੁਸ਼ਨਾਈਆ । ਗੁਰਸਿਖਾਂ ਵੰਡਾਈ ਸਾਚੀ ਵੰਡ, ਅੱਠੇ ਪਹਿਰ ਪਾਰਬ੍ਰਹਮ ਤੇਰੀ ਸ਼ਰਨਾਈਆ । ਸਤਿਗੁਰ ਪੂਰਾ ਪਾਏ ਅੰਤਮ ਠੰਡ, ਅਗਨੀ ਤਤ ਨਾ ਕੋਈ ਜਲਾਈਆ । ਗੁਰਮੁਖਾਂ ਆਤਮ ਹੋਏ ਨਾ ਕਦੇ ਰੰਡ, ਗੁਰ ਗੋਬਿੰਦ ਮਿਲਿਆ ਸਾਚਾ ਮਾਹੀਆ । ਮੇਟ ਮਿਟਾਏ ਭੇਖ ਪਖੰਡ, ਏਕਾ ਮਾਰਗ ਲਾਏ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਗੋਬਿੰਦ ਗੁਰ ਸਾਚਾ ਲਾਲ, ਪੂਤ ਸਪੂਤਾ ਸ਼ਬਦ ਦਲਾਲ, ਲੋਕਮਾਤ ਕਰੇ ਰੁਸ਼ਨਾਈਆ । ਗੁਰ ਗੋਬਿੰਦ ਅੰਤਮ ਅੰਤ, ਜੋਤੀ ਜੋਤ ਜਗਾਈਆ । ਮੇਲ ਮਿਲਾਵਾ ਸਾਚੇ ਕੰਤ, ਘਰ ਸਾਚੇ ਮਿਲਿਆ ਚਾਈਂ ਚਾਈਂਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਪਾਰਬ੍ਰਹਮ ਫੜੀ ਸਾਚੀ ਬਾਹੀਂਆ । ਏਕਾ ਸ਼ਬਦ ਮਣੀਆਂ ਮੰਤ, ਗੁਰ ਸੰਗਤ ਗਿਆ ਬੁਝਾਈਆ । ਖ਼ਾਲਸਾ ਗੁਰੂ ਗੁਰੂ ਖ਼ਾਲਸਾ ਗੁਰ ਪੰਥ, ਗੁਰ ਗ੍ਰੰਥ ਇਸ਼ਟ ਦੇਵ ਮਨਾਈਆ । ਨਾਮ ਨਾਦ ਧੁਨ ਵੱਜੇ ਸੰਖ, ਅਕਾਲ ਪੁਰਖ ਆਪ ਵਜਾਈਆ । ਮੇਰਾ ਸ਼ਬਦ ਨਾਨਕ ਗੁਰ ਧੁਰ ਕਰਾਏ ਪਰਖ, ਜੂਠਾ ਝੂਠਾ ਦਰ ਨਾ ਕੋਈ ਸੁਹਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਬੰਸ ਸਰਬੰਸਾ ਗੁਰਮੁਖਾਂ ਉਤੋਂ ਵਾਰ, ਆਪ ਆਪਣਾ ਲੇਖਾ ਪੂਰ ਕਰਾਈਆ । ਸਚਖੰਡ ਬਣੇ ਸਚ ਦਵਾਰ ਹਰਿ ਨਿਰੰਕਾਰ, ਦਿਵਸ ਰੈਣ ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਸਵ ਘੋੜਾ ਰਾਕੀ ਕਰ ਤਿਆਰ ਸ਼ਬਦ ਸਿੰਘਾਸਣ, ਪੁਰਖ ਅਬਿਨਾਸ਼ਣ ਸ਼ਾਹੋ ਸ਼ਾਬਾਸ਼ਣ ਬੈਠਾ ਡੇਰਾ ਲਾਈਆ । ਸਾਚੇ ਮੰਦਰ ਸਾਚੇ ਅੰਦਰ ਪਾਵੇ ਰਾਸਨ, ਗੁਰਮੁਖ ਵਿਰਲਾ ਵੇਖ ਵਖਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਨ, ਲੋਕ ਪ੍ਰਲੋਕ ਏਕਾ ਨੂਰ ਰੁਸ਼ਨਾਈਆ । ਚੌਦਾਂ ਲੋਕ ਦਾਸੀ ਦਾਸਨ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਗੁਰਮੁਖਾਂ ਹਿਰਦੇ ਅੰਦਰ ਕਰਿਆ ਵਾਸਨ, ਪੂਰਨ ਬ੍ਰਹਮ ਜਣਾਈਆ । ਪ੍ਰਗਟ ਹੋਏ ਸਰਬ ਗੁਣ ਤਾਸਨ, ਜੋ ਜਨ ਦਿਵਸ ਰੈਣ ਧਿਆਈਆ । ਲੇਖ ਚੁਕਾਏ ਦਸ ਦਸ ਮਾਸਨ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਆਪੇ ਬੈਠਾ ਵੜ, ਦਿਵਸ ਰੈਣ ਰੈਣ ਦਿਵਸ ਏਕਾ ਜੋਤੀ ਜੋਤ ਜਗਾਈਆ । ਗੁਰ ਗੋਬਿੰਦ ਜਗਤ ਮਲਾਹ, ਹਰਿ ਹਰਿ ਰੂਪ ਉਪਾਇਆ । ਗੁਰ ਪੂਰਾ ਤੇਰਾ ਜਗਤ ਮਲਾਹ, ਗੁਰ ਨਾਨਕ ਆਪ ਮਿਲਾਇਆ । ਗੁਰਸਿਖਾਂ ਨਗਰ ਖੇੜਾ ਕਾਇਆ ਨਗਰ ਦਏ ਵਸਾ, ਆਤਮ ਸੇਜਾ ਸਚ ਸਿੰਘਾਸਣ ਇਕ ਵਿਛਾਇਆ । ਆਵਣ ਜਾਵਣ ਪਤਿਤ ਪਾਵਣ ਦੋ ਜਹਾਨ ਲੱਖ ਚੁਰਸੀ ਗੇੜਾ ਦਏ ਚੁਕਾਇਆ । ਜਿਸ ਜਨ ਦੋਏ ਜੋੜ, ਚਰਨੀ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਹਰਿ ਨਿਰੰਕਾਰ ਆਪ ਅਪਣਾ ਆਪ ਸੁਹਾਇਆ । ਸਚਖੰਡ ਦਵਾਰਾ ਹਰਿ ਨਿਰੰਕਾਰ, ਥਿਰ ਘਰ ਨਾਉਂ ਰਖਾਈਆ । ਇਕ ਇਕੱਲਾ ਕਰ ਪਸਾਰ, ਬੈਠਾ ਬੇਪਰਵਾਹੀਆ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਸਮਾਈਆ । ਨਿਰਗੁਣ ਖੇਲ ਅਪਰ ਅਪਾਰ, ਭੇਵ ਅਭੇਦਾ ਭੇਵ ਨਾ ਪਾਈਆ । ਨਾਨਕ ਨਿਰਗੁਣ ਏਕਾ ਸਚ ਸਚ ਦਰਬਾਰ ਮਿਲਿਆ ਮੇਲ ਇਕ ਨਿਰੰਕਾਰ, ਆਦਿ ਪੁਰਖ ਏਕਾ ਜੋਤ ਵਿਚ ਟਿਕਾਈਆ । ਨਾਮ ਸਤਿ ਪਾਇਆ ਅੰਜਨ, ਮਿਲਿਆ ਦਾਤਾ ਦਰਦ ਦੁੱਖ ਭੈ ਭੰਜਨ, ਲੋਕਮਾਤ ਜੀਵ ਜੰਤ ਸਾਧ ਸੰਤ, ਮਾਰਗ ਇਕ ਵਿਖਾਈਆ । ਚਾਰ ਵਰਨਾਂ ਸਚ

ਪਿਆਰ, ਨਾਮ ਰੰਗਣ ਇਕ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਏਕਾ ਜੋਤ ਦਸ ਅਵਤਾਰ, ਗੁਰ ਗੋਬਿੰਦ ਕਲਗੀ ਤੋੜਾ ਸੀਸ ਟਿਕਾਈਆ । ਸਤਿਗੁਰ ਅਰਜਨ ਅਰਜਨ ਗੁਰ ਬਣ ਲਿਖਾਰ, ਗੁਰੂ ਗ੍ਰੰਥ ਗੁਰ ਜਗਤ ਧਰਾਈਆ । ਸੰਤ ਭਗਤ ਗੁਰ ਸਤਿਗੁਰ ਪੁਰਖ ਅਕਾਲ ਬੈਠੇ ਇਕ ਦਵਾਰ, ਸਾਚਾ ਧਾਮ ਇਕ ਸੁਹਾਈਆ । ਸ੍ਰਿਸ਼ਟ ਸਬਾਈ ਕਰਿਆ ਖ਼ਬਰਦਾਰ, ਸੋਇਆ ਜੀਵ ਰਹੇ ਨਾ ਰਾਈਆ । ਅੰਤਮ ਅੰਤ ਕਲਜੁਗ ਪ੍ਰਗਟ ਹੋਏ ਨਿਰਗੁਣ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰ ਗੋਬਿੰਦ ਰੰਗ ਸ਼ਬਦ ਮਰਦੰਗ ਸੂਰਾ ਸਰਬੰਗ ਆਪ ਰਖਾਈਆ । ਨਿਹਕਲੰਕ ਹਰਿ ਨਿਰੰਕਾਰ ਹੈ, ਦੂਸਰ ਨਾਹੀ ਕੋਏ । ਦਵਾਰ ਬੰਕ ਗੁਰੂ ਦਵਾਰ ਹੈ, ਗੁਰ ਗੋਬਿੰਦ ਵੇਖ ਵਖਾਏ । ਸੰਬਲ ਨਗਰੀ ਧਾਮ ਨਿਆਰ ਹੈ, ਸਾਢੇ ਤਿੰਨ ਹੱਥ ਬਣਤ ਬਣਾਏ । ਘਰ ਘਰ ਵਿਚ ਲਏ ਉਸਾਰ ਹੈ, ਆਪ ਆਪਣਾ ਆਸਣ ਲਾਏ । ਸ਼ਬਦ ਸ਼ਬਦੀ ਡੰਕ ਅਪਾਰ ਹੈ, ਨਾਮ ਡੰਕਾ ਇਕ ਵਜਾਏ । ਆਦਿਨ ਅੰਤਾ ਏਕੰਕਾਰ ਹੈ, ਕਲਜੁਗ ਆਪਣੀ ਕਲ ਵਰਤਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਲ ਮਿਲਾਏ ਸੱਚੀ ਸਰਕਾਰ ਹੈ, ਘਰ ਸਾਚਾ ਇਕ ਸੁਹਾਏ ।

## * ੩੦ ਕੱਤਕ ੨੦੧੫ ਬਿਕ੍ਰਮੀ ਬਾਬਾ ਨਿਧਾਨ ਸਿੰਘ ਦੇ ਗੁਰਦਵਾਰੇ ਲੰਗਰ ਸਾਹਿਬ *

ਆਦਿ ਪੁਰਖ ਹਰਿ ਅਬਿਨਾਸ਼ਾ, ਏਕਾ ਏਕੰਕਾਰਿਆ । ਖੇਲਣਹਾਰਾ ਜਗਤ ਤਮਾਸ਼ਾ, ਆਵੇ ਜਾਵੇ ਵਾਰੋ ਵਾਰਿਆ । ਨਿਰਗੁਣ ਜੋਤੀ ਨੂਰ ਪ੍ਰਕਾਸ਼ਾ, ਰੂਪ ਰੰਗ ਨਾ ਕੋਈ ਵਖਾ ਰਿਹਾ । ਆਪਣੇ ਮੰਡਲ ਪਾਵੇ ਰਾਸਾ, ਏਕਾ ਜੋਤੀ ਜੋਤ ਡਗਮਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾ ਰਿਹਾ । ਜੁਗ ਜੁਗ ਵੇਸ ਹਰਿ ਨਿਰੰਕਾਰ, ਆਪਣਾ ਆਪ ਕਰਾਈਆ । ਸਤਿਜੁਗ ਸਾਚੇ ਪਾਵੇ ਸਾਰ, ਵਾਰ ਅਠਾਰਾਂ ਖੇਲ ਖਿਲਾਈਆ । ਤ੍ਰੇਤਾ ਤ੍ਰੀਆ ਕਰ ਪਿਆਰ, ਦੋਏ ਦੋਏ ਧਾਰ ਬੰਧਾਈਆ । ਦੁਆਪਰ ਵੇਖੇ ਖੇਲ ਅਪਾਰ, ਵੇਦ ਵਿਆਸਾ ਸੰਗ ਰਲਾਈਆ । ਪੁਰਾਨ ਅਠਾਰਾਂ ਜਗਤ ਅਧਾਰ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਣਾਈਆ । ਕਾਹਨਾ ਕ੍ਰਿਸ਼ਨਾ ਰੂਪ ਅਪਾਰ, ਲੋਕਮਾਤ ਕਰੇ ਰੁਸ਼ਨਾਈਆ । ਤ੍ਰੈਲੋਕੀ ਨਾਥ ਖੇਲ ਨਿਆਰ, ਪੰਚਮ ਮੀਤਾ ਆਪ ਅਖਵਾਈਆ । ਕਾਹਨਾ ਕੰਸਾ ਖੇਲੇ ਖੇਲ ਸਹੰਸਾ ਨਿਰਗੁਣ ਧਾਰ, ਪੰਜ ਤਤ ਕਰੇ ਕੁੜਮਾਈਆ । ਨਾਮ ਬੰਸਰੀ ਅਪਰ ਅਪਾਰ, ਹਰਿਜਨ ਆਪ ਸੁਣਾਈਆ । ਭਗਤ ਸੁਦਾਮਾ ਕਰ ਪਾਰ, ਗ਼ਰੀਬ ਨਿਮਾਣਾ ਪਾਰ ਤਰਾਈਆ । ਦ੍ਰੋਪਦ ਲੱਜ ਰੱਖ ਦਰਬਾਰ, ਹੰਕਾਰੀਆਂ ਗੜ੍ਹ ਤੁੜਾਈਆ । ਅੰਤਮ ਖੇਲ ਜਗਤ ਸੰਸਾਰ, ਦੋ ਧੜ ਵੇਖ ਵਖਾਈਆ । ਮਨਮੁਖ ਜੀਵਾਂ ਮਾਰੇ ਮਾਰ, ਦੇਵੇ ਸ਼ਬਦ ਸਜਾਈਆ । ਰਥ ਰਥਵਾਹੀ ਬਣ ਗਿਰਧਾਰ, ਗੀਤਾ ਗਿਆਨ ਇਕ ਜਣਾਈਆ । ਆਪ ਆਪਣਾ ਕਰ ਧਿਆਨ, ਅੰਤਮ ਵੇਖ ਵਖਾਈਆ । ਦੁਆਪਰ ਤੇਰਾ ਪਾਰ ਕਿਨਾਰ, ਕਲਜੁਗ ਹੋਈ ਰੁਸ਼ਨਾਈਆ । ਕਲਜੁਗ ਕੂੜਾ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵੇ ਸਚ ਸਲਾਹੀਆ । ਲੋਕਮਾਤ ਕਰ ਪਸਾਰ, ਚੌਥੇ ਜੁਗ ਵੱਜੇ ਵਧਾਈਆ । ਧਰਮ ਰਾਏ ਵੇਖ ਦਵਾਰ, ਬੈਠਾ ਰਾਹ ਤਕਾਈਆ । ਮਿਲਿਆ ਮੇਲ ਸੱਚੇ ਯਾਰ, ਏਕਾ ਤਤ ਰਖਾਈਆ । ਬੋਲੇ ਬੋਲ ਇਕ ਹੰਕਾਰ, ਮਨ ਮਤ ਨਾਲ ਪ੍ਰਨਾਈਆ । ਜੂਠ ਝੂਠ

ਭਰ ਭੰਡਾਰ, ਧਰਤ ਮਾਤ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਵੇਦ ਕਤੇਬ ਨਾ ਕੋਈ ਜਣਾਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਜੁਗ ਜੁਗ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਬੁੱਧ ਗਿਆਨ ਵੇਖੇ ਆਪ ਹਰਿ ਮਹਾਨ, ਪੰਜ ਤਤ ਕਰ ਰੁਸ਼ਨਾਈਆ । ਬੁੱਧ ਬੋਧ ਜਗਤ ਗਿਆਨਾ, ਹਰਿ ਹਰਿ ਜੋਤ ਜਗਾਈਆ । ਦੇਵੇ ਸ਼ਬਦ ਧੁਰ ਫ਼ਰਮਾਣਾ, ਸਚ ਸਿੰਘਾਸਣ ਡੇਰਾ ਲਾਈਆ । ਨਿਰਗੁਣ ਜੋਤ ਸ੍ਰੀ ਭਗਵਾਨਾ, ਥਿਰ ਘਰ ਬੈਠਾ ਬੇਪਰਵਾਹੀਆ । ਸ਼ਬਦ ਗਿਆਨ ਇਕ ਰਖਾਣਾ, ਲੋਆਂ ਪੁਰੀਆਂ ਆਪ ਉਡਾਈਆ । ਈਸਾ ਮੂਸਾ ਕਰ ਪ੍ਰਧਾਨਾ, ਧਰਤ ਮਾਤ ਕਰੇ ਕੁੜਮਾਈਆ । ਦੇਵਣਹਾਰਾ ਧੁਰ ਫ਼ਰਮਾਣਾ, ਆਪ ਆਪਣਾ ਨਾਉਂ ਵਟਾਈਆ । ਏਕਾ ਕਰੇ ਦਰ ਪਰਵਾਨਾ, ਮੁਹੰਮਦੀ ਮੁਹੰਮਦ ਸਹਾਈਆ । ਚਾਰ ਯਾਰੀ ਖੇਲ ਖਿਲਾਣਾ, ਚਾਰੋਂ ਕੁੰਟ ਵੱਜੇ ਵਧਾਈਆ । ਅੱਲਾ ਰਾਣੀ ਬੱਧਾ ਗਾਨਾ, ਹਰਿ ਸਾਚੇ ਕਰੀ ਕੁੜਮਾਈਆ । ਵੇਖਣਹਾਰ ਬੈਠ ਬਿਬਾਨਾ, ਆਦਿ ਅੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਕਾਲੀ ਛਾਹੀਆ । ਕਲਜੁਗ ਕੂੜਾ ਸ਼ਾਹ ਸੁਲਤਾਨ, ਲੋਕਮਾਤ ਹੰਕਾਰਿਆ । ਚਾਰ ਯਾਰੀ ਕਰ ਪਰਵਾਨ, ਮੁਹੰਮਦ ਸ਼ਾਹ ਸਿਕਦਾਰਿਆ । ਵੇਖੇ ਖੇਲ ਜਗਤ ਮੈਦਾਨ, ਫੜ ਤੇਜ ਜ਼ੁਲਮ ਕਟਾਰਿਆ । ਜੀਵ ਜੰਤ ਹੋਏ ਹੈਰਾਨ, ਸਾਧ ਸੰਤ ਨਾ ਕੋਈ ਸਹਾਰਿਆ । ਕਿਸੇ ਹੱਥ ਨਾ ਆਏ ਗੋਪੀ ਕਾਹਨ, ਗਊ ਘਾਟ ਨਾ ਕੋਇ ਵਿਚਾਰਿਆ । ਸ੍ਰਿਸ਼ਟ ਸਬਾਈ ਸੁੰਞ ਮਸਾਣ, ਹਰਿ ਕਾ ਰੂਪ ਦਿਸ ਨਾ ਆ ਰਿਹਾ । ਰਾਮ ਸੀਤਾ ਨਾ ਕੋਈ ਗਾਣ, ਕਾਹਨਾ ਕ੍ਰਿਸ਼ਨ ਨਾ ਕੋਈ ਮਨਾ ਰਿਹਾ । ਮੰਦਰ ਅੰਦਰ ਨਾ ਟੱਲ ਖੜਕਾਨ, ਪੰਡਤ ਪਾਂਧਾ ਨਾ ਕੋਈ ਵਖਾ ਲਿਆ । ਜੰਞੂ ਬੋਦੀ ਸਰਬ ਸ਼ਰਮਾਣ, ਤ੍ਰਸੂਲ ਹੱਥ ਨਾ ਕੋਈ ਉਠਾ ਰਿਹਾ । ਬ੍ਰਹਮਾ ਵੇਦ ਨਾ ਹੋਏ ਪ੍ਰਧਾਨ, ਗਣਪਤ ਗਣੇਸ਼ ਨਾ ਕੋਈ ਮਨਾ ਰਿਹਾ । ਐਨਲਹੱਕ ਖ਼ੁਦਾਈ ਖ਼ੁਦਾ ਏਕਾ ਹੋਇਆ ਮਿਹਰਬਾਨ, ਮਹਿਬਾਨ ਬੀਦੋ ਇਲਾਹੀ ਨੂਰ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾ ਰਿਹਾ । ਕਲਜੁਗ ਕੂੜਾ ਕਰ ਪਰਧਾਨ, ਹਰਿ ਸਾਚਾ ਵੇਖ ਵਖਾਇੰਦਾ । ਧੁਰਦਰਗਾਹੀ ਸ੍ਰੀ ਭਗਵਾਨ, ਆਪ ਆਪਣਾ ਖੇਲ ਖਲਾਇੰਦਾ । ਸੰਮਤ ਸੰਮਤੀ ਨੌਜਵਾਨ, ਬਾਲ ਬਿਰਧ ਨਾ ਕੋਈ ਅਖਵਾਇੰਦਾ । ਪੰਜ ਤਤ ਵੇਖ ਨਿਸ਼ਾਨ, ਗਤਮਿਤ ਨਾ ਕੋਈ ਜਣਾਇੰਦਾ । ਨਿਰਗੁਣ ਜੋਤੀ ਇਕ ਮਹਾਨ, ਨਾਨਕ ਨਾਮ ਧਰਾਇੰਦਾ । ਸਰਗੁਣ ਮੇਲਾ ਵਿਚ ਜਹਾਨ, ਆਪ ਆਪਣਾ ਰੂਪ ਵਟਾਇੰਦਾ । ਸ਼ਬਦੀ ਧੁਨ ਧੁਨ ਮਹਾਨ, ਆਤਮ ਅੰਦਰ ਆਪ ਸੁਣਾਇੰਦਾ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਨੂਰ ਡਗਮਗਾਇੰਦਾ । ਨਾਨਕ ਜੋਤੀ ਹਰਿ ਨਿਰੰਕਾਰ, ਨਿਰਗੁਣ ਨੂਰ ਸਮਾਇਆ । ਵਰਨ ਗੋਤੀ ਵਸਿਆ ਬਾਹਿਰ, ਜ਼ਾਤ ਪਾਤ ਨਾ ਕੋਈ ਰਖਾਇਆ । ਸ਼ਬਦ ਸੋਟੀ ਹੱਥ ਸੱਚੀ ਸਰਕਾਰ, ਚੌਦਾਂ ਲੋਕ ਵੇਖ ਵਖਾਇਆ । ਕੋਟਨ ਕੋਟੀ ਰਹੇ ਵਿਚਾਰ, ਹਰਿ ਕਾ ਭੇਵ ਕਿਸੇ ਨਾ ਪਾਇਆ । ਚੜ੍ਹ ਚੜ੍ਹ ਚੋਟੀ ਧਾਹਾਂ ਰਹੇ ਮਾਰ, ਨੇਤਰ ਨੈਣਾਂ ਦਿਸ ਨਾ ਆਇਆ । ਬੰਨ੍ਹ ਲੰਗੋਟੀ ਡੁੱਬੇ ਡੂੰਘੀ ਧਾਰ, ਜਲਧਾਰਾ ਤੇਰੀ ਸਾਰ ਨਾ ਕੋਈ ਪਾਇਆ । ਵਾਸਨਾ ਖੋਟੀ ਨਾ ਕੋਈ ਤੋੜੇ ਗੜ੍ਹ ਹੰਕਾਰ, ਹਉਮੇ ਰੋਗ ਨਾ ਕੋਈ ਗਵਾਇਆ । ਨਾਨਕ ਗੁਰ ਲਏ ਅਵਤਾਰ, ਹਰਿ ਕਾ ਭੇਵ ਖੁਲ੍ਹਾਇਆ । ਗਿਆ ਸੱਚਖੰਡ ਸੱਚੇ ਦਰਬਾਰ, ਆਪ ਆਪਣਾ ਭੇਟ ਚੜ੍ਹਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਚ ਦਵਾਰ

ਇਕ ਖੁਲ੍ਹਾਇਆ । ਜਗੇ ਜੋਤ ਅਗੰਮ ਅਪਾਰ, ਪੰਜ ਤਤ ਨਾ ਕੋਇ ਦਿਸਾਇਆ । ਨਾਨਕ ਸਤਿਗੁਰ ਢਹਿ ਪਿਆ ਦਵਾਰ, ਮੇਲ ਮਿਲਾਵਾ ਇਕ ਰਘੁਰਾਇਆ । ਏਕਾ ਜੋਤੀ ਹੋ ਉਜਿਆਰ, ਏਕਾ ਸ਼ਬਦ ਸੁਣਾਇਆ । ਅਕਾਲ ਪੁਰਖ ਪ੍ਰਭ ਕਿਰਪਾ ਧਾਰ, ਨਾਮ ਸਤਿ ਮੰਤਰ ਦ੍ਰਿੜਾਇਆ । ਨਾਨਕ ਗੁਰ ਪਾਵੇ ਸਾਰ, ਏਕਾ ਦੂਜਾ ਭੌ ਚੁਕਾਇਆ । ਸੋ ਪੁਰਖ ਆਪ ਕਰਤਾਰ, ਹੰ ਹੰਗਤਾ ਦਏ ਮਿਟਾਇਆ । ਲੋਕਮਾਤ ਦਏ ਹੁਲਾਰ, ਆਪ ਆਪਣਾ ਵੇਸ ਵਟਾਇਆ । ਚਾਰ ਵਰਨਾਂ ਕਰੇ ਖ਼ਬਰਦਾਰ, ਪੰਚਾਂ ਲਏ ਜਗਾਇਆ । ਸਤਿ ਨਾਮ ਕਰ ਉਜਿਆਰ, ਗੁਰਮੁਖਾਂ ਹਿਰਦੇ ਬੀਜ ਬਿਜਾਇਆ । ਮੁਸਲਮ ਹਿੰਦੂ ਇਕ ਪਿਆਰ, ਸਾਚਾ ਵਕਤ ਸੁਹਾਇਆ । ਅੰਤਮ ਮਾਤਲੋਕ ਨਿਰਗੁਣ ਜੋਤੀ ਕਰ ਉਜਿਆਰ, ਅੰਗਦ ਅੰਗ ਲਗਾਇਆ । ਅੰਗੀਕਾਰ ਕਰ ਕਰਤਾਰ, ਜੋਤੀ ਜੋਤ ਕਰੇ ਰੁਸ਼ਨਾਇਆ । ਸ਼ਬਦ ਡੰਕ ਅਪਰ ਅਪਾਰ, ਅਨਹਦ ਤਾਲ ਵਜਾਇਆ । ਬ੍ਰਹਿਮੰਡ ਖੰਡ ਪਾਵੇ ਸਾਰ, ਜੇਰਜ ਅੰਡ ਫੇਲ ਫੁਲਾਇਆ । ਉਤਭੁਜ ਸੇਤਜ ਕਰ ਅਕਾਰ, ਆਪ ਆਪਣਾ ਰੂਪ ਦਰਸਾਇਆ । ਬਿਰਧ ਅਵਸਥਾ ਲਏ ਉਧਾਰ, ਅਮਰਦਾਸ ਮੇਲ ਮਿਲਾਇਆ । ਰਾਮਦਾਸ ਕਰ ਪਿਆਰ, ਸਾਚਾ ਦਰ ਇਕ ਵਖਾਇਆ । ਸੋਹੇ ਦਰ ਸੱਚਾ ਦਰਬਾਰ, ਅੰਦਰ ਮੰਦਰ ਵੇਖ ਵਖਾਇਆ । ਲੋਕਮਾਤ ਕਰ ਉਜਿਆਰ, ਚਾਰ ਦਰ ਦਏ ਖੁਲ੍ਹਾਇਆ । ਚਾਰ ਵਰਨਾਂ ਇਕ ਪਿਆਰ, ਚਾਰੋਂ ਕੁੰਟ ਫੇਰੀ ਪਾਇਆ । ਅੰਮ੍ਰਿਤਸਰ ਅੰਮ੍ਰਿਤ ਭੰਡਾਰ, ਸਾਚਾ ਮਾਰਗ ਇਕ ਵਖਾਇਆ । ਗੁਰ ਅਰਜਨ ਸਤਿਗੁਰ ਹੋ ਤਿਆਰ, ਗਿਆਨ ਬੋਧ ਅਗਾਧ ਜਣਾਇਆ । ਗੁਰੂ ਗ੍ਰੰਥ ਕਰ ਤਿਆਰ, ਸੰਤ ਭਗਤ ਗੁਰ ਸਤਿਗੁਰ ਏਕਾ ਧਾਮ ਬਹਾਇਆ । ਏਕਾ ਗੁਰ ਇਕ ਅਵਤਾਰ, ਏਕਾ ਇਸ਼ਟ ਮਨਾਇਆ । ਨਾਮ ਸਤਿ ਭਰ ਭੰਡਾਰ, ਸ੍ਰਿਸ਼ਟ ਸਬਾਈ ਆਪ ਵਰਤਾਇਆ । ਆਪੇ ਵਸਿਆ ਸਭ ਤੋਂ ਬਾਹਿਰ, ਆਪੇ ਹਰ ਘਟ ਡੇਰਾ ਲਾਇਆ । ਜੋਤੀ ਜੋਤ ਕਰ ਉਜਿਆਰ, ਹਰਿਗੋਬਿੰਦ ਹੋਏ ਸਹਾਇਆ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇਆ । ਨਾਮ ਖੰਡਾ ਤੇਜ ਕਟਾਰ, ਆਪਣਾ ਆਪੇ ਲਏ ਉਠਾਇਆ । ਬ੍ਰਹਿਮੰਡਾਂ ਮਾਰਨਹਾਰ ਮਾਰ, ਦੂਜੀ ਧਾਰ ਕਰੇ ਰੁਸ਼ਨਾਇਆ । ਹਰਿਰਾਏ ਹੋਏ ਉਜਿਆਰ, ਸ੍ਰਿਸ਼ਟ ਸਬਾਈ ਦਏ ਹਲਾਇਆ । ਅੱਠਵਾਂ ਗੁਰ ਗੁਰ ਅਵਤਾਰ, ਬਾਲ ਅਵਸਥਾ ਖੇਲ ਖਲਾਇਆ । ਗੁਰ ਤੇਗ ਬਹਾਦਰ ਸੱਚੀ ਧਾਰ, ਸੀਸ ਜਗਦੀਸ਼ ਭੇਟ ਚੜ੍ਹਾਇਆ । ਵੇਖ ਵਖਾਏ ਸਚ ਦੀਦਾਰ, ਸਚ ਦਵਾਰਾ ਇਕ ਜਣਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਆਪਣਾ ਖੇਲ ਖਲਾਇਆ । ਦੁਸ਼ਟ ਦਮਨ ਕਰ ਪਿਆਰ, ਉਚੇ ਟਿੱਲੇ ਵੇਖ ਵਖਾਇਆ । ਸ਼ਸਤਰ ਬਸਤਰ ਤਨ ਸ਼ਿੰਗਾਰ, ਏਕਾ ਰੂਪ ਵਟਾਇਆ । ਸਾਚੀ ਸਿਖਿਆ ਕਰ ਪਿਆਰ, ਏਕਾ ਤਤ ਬੁਝਾਇਆ ਆਤਮ ਵਤ ਬੀਜ ਅਪਾਰ, ਹਰਿ ਹਰਿ ਆਪ ਬਿਜਾਇਆ । ਚਲਾਏ ਰਥ ਵਿਚ ਸੰਸਾਰ, ਰਥ ਰਥਵਾਹੀ ਆਪ ਅਖਵਾਇਆ । ਲੋਆਂ ਪੁਰੀਆਂ ਪਾਏ ਨੱਥ ਬੇਐਬ ਪਰਵਰਦਿਗਾਰ, ਨੂਰ ਖ਼ੁਦਾਈ ਲਏ ਜਗਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਏਕ ਅਖਵਾਇਆ । ਮਾਤਾ ਗੁਜਰੀ ਸੁਤ ਦੁਲਾਰ, ਕੁੱਖ ਭੇਵ ਰਹੇ ਨਾ ਰਾਇਆ । ਬ੍ਰਹਮ ਰੂਪ ਆਪ ਉਜਿਆਰ, ਗਰਭਵਾਸ ਡੇਰਾ ਲਾਇਆ । ਬਾਹਰ ਗਰਭ ਹੋਇਆ ਪ੍ਰਕਾਸ਼, ਨਿਰਗੁਣ ਜੋਤ ਕਰੇ ਰੁਸ਼ਨਾਇਆ । ਏਕਾ ਸ਼ਬਦ ਏਕਾ ਸਵਾਸ, ਏਕਾ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸੁਤ ਦੁਲਾਰ, ਏਕਾ ਏਕ ਉਪਜਾਇਆ । ਸੁਤ ਦੁਲਾਰ ਗੁਰ ਗੋਬਿੰਦ, ਪਾਰਬ੍ਰਹਮ ਉਪਜਾਇੰਦਾ । ਆਪ ਮਿਟਾਏ ਸਗਲੀ ਚਿੰਦ, ਚਿੰਤਾ ਭੁੱਖ ਨਾ ਕੋਈ ਰਖਾਇੰਦਾ । ਦਾਤਾ ਦਾਨੀ ਗੁਣੀ

ਗਹਿੰਦ, ਗਹਿਰ ਗੰਭੀਰ ਸਮਾਇੰਦਾ । ਬਾਲੀ ਬਾਲਾ ਹੋਏ ਬਖ਼ਸ਼ਿੰਦ, ਪਟਨਾ ਸ਼ਹਿਰ ਸੁਹਾਇੰਦਾ । ਪਰਮ ਪੁਰਖ ਹਰਿ ਸੁਲਤਾਨ, ਏਕਾ ਏਕੰਕਾਰਿਆ । ਏਕਾ ਵਸੇ ਮਹੱਲ ਮਕਾਨ, ਦੋ ਜਹਾਨ ਪਾਵੇ ਸਾਰਿਆ । ਨਿਰਗੁਣ ਖੇਲ ਮਹਾਨ, ਭੇਵ ਕੋਈ ਨਾ ਪਾ ਰਿਹਾ । ਅੰਗੀ ਅੰਗ ਨਾ ਲਾਏ ਸੰਸਾਰ, ਗੁਰ ਗੱਦੀ ਨਾ ਕੋਈ ਜਣਾ ਰਿਹਾ । ਬਣ ਵਿਚੋਲਾ ਆਪ ਕਰਤਾਰ, ਪਟਨਾ ਦਰਸ ਮਾਤ ਆਪ ਕਰਾ ਲਿਆ । ਤੇਗ ਬਹਾਦਰ ਤੇਰਾ ਰੂਪ ਅਪਾਰ, ਗੁਰਮੁਖ ਸਾਚੇ ਵੇਖ ਵਖਾ ਲਿਆ । ਆਪ ਆਪਾ ਉਤੋਂ ਵਾਰ, ਆਪ ਆਪਣਾ ਵੇਖ ਵਖਾ ਰਿਹਾ । ਰਾਜ ਰਾਜਾਨ ਕਰਿਆ ਖ਼ਬਰਦਾਰ, ਰਾਣੀ ਗੋਦ ਉਠਾ ਲਿਆ । ਬਾਲਾ ਪ੍ਰੀਤਮ ਖੇਲ ਅਪਾਰ, ਹਿੰਦੂ ਮੁਸਲਮ ਆਪ ਮਿਲਾ ਰਿਹਾ । ਪੁਰੀ ਅਨੰਦ ਹੋ ਤਿਆਰ, ਸਚ ਸਿੰਘਾਸਣ ਲਾ ਲਿਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਬਾਲ ਅਵਸਥਾ ਖੇਲ ਖਲਾ ਰਿਹਾ । ਪਿਤਾ ਪੂਤ ਏਕਾ ਧਾਰ, ਏਕਾ ਰੰਗ ਰੰਗਾ ਲਿਆ । ਸਾਚਾ ਰੂਪ ਅਪਰ ਅਪਾਰ, ਪਾਰਬ੍ਰਹਮ ਆਪ ਵਟਾ ਲਿਆ । ਨੌਂ ਦਰ ਵਸਿਆ ਆਪੇ ਬਾਹਿਰ, ਦਸਮ ਦੁਆਰੀ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਵਿਚ ਸਮਾ ਲਿਆ । ਗੁਰ ਗੋਬਿੰਦ ਸਾਚਾ ਗੁਰ, ਗੁਰ ਸੰਗਤ ਵਿਚ ਸਮਾਈਆ । ਅਕਾਲ ਪੁਰਖ ਲੇਖਾ ਲਿਖਿਆ ਧੁਰ, ਨਾ ਕੋਈ ਮੇਟ ਮਿਟਾਈਆ । ਏਕਾ ਧਾਮ ਬੈਠੇ ਜੁੜ, ਪਰਮਾਨੰਦ ਸਮਾਈਆ । ਦਰ ਘਰ ਅੱਖ ਉਘਾੜ, ਏਕਾ ਦ੍ਰਿਸ਼ਟ ਖੁਲ੍ਹਾਈਆ । ਨਿੰਦਕ ਦੇਵੇ ਮਾਰ, ਆਪਣੇ ਹੱਥ ਰੱਖੇ ਵਡਿਆਈਆ । ਦਰਦ ਦੁੱਖ ਦਲਿਦਰ ਦਏ ਨਿਵਾਰ, ਗੁਰਮੁਖਾਂ ਹੋਏ ਸਹਾਈਆ । ਪੂਰਨ ਗੁਰ ਅਵਤਾਰ, ਏਕਾ ਏਕੰਕਾਰ ਆਪ ਅਖਵਾਈਆ । ਰੱਛਿਆ ਕਰੇ ਸਰਬ ਸੰਸਾਰ, ਭੇਖ ਭਖੰਡ ਨਾ ਕੋਈ ਜਣਾਈਆ । ਧਾਰੀ ਕੇਸ ਕਰ ਅਕਾਰ, ਨਾ ਕੋਈ ਮੂੰਡ ਮੁੰਡਾਈਆ । ਆਪ ਆਪਣੀ ਕਰ ਵਿਚਾਰ, ਨਿਰਗੁਣ ਵੇਖੇ ਬੇਪਰਵਾਹੀਆ । ਸ਼ਬਦ ਸੁਨੇਹੜਾ ਆਵੇ ਵਾਰੋ ਵਾਰ, ਗੁਰ ਗੋਬਿੰਦ ਮੇਲ ਮਿਲਾਈਆ । ਜੋਤੀ ਜੋੜ ਜੁੜਿਆ ਹਰਿ ਨਿਰੰਕਾਰ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਵੇਖ ਵਖਾਈਆ । ਗੁਰ ਸੰਗਤ ਹਰਿ ਸਾਚਾ, ਨਾਮ ਲੋਕਮਾਤ ਧਰਾਇਆ । ਮਿਲਿਆ ਮੇਲ ਪੁਰਖ ਬਿਧਾਤਾ, ਨਾ ਕੋਈ ਦੂਸਰ ਸੰਗ ਵਖਾਇਆ । ਮਿਟੇ ਰੈਣ ਅੰਧੇਰੀ ਰਾਤਾ, ਇਕ ਪ੍ਰਕਾਸ਼ ਕਰਾਇਆ । ਖੇਲੇ ਖੇਲ ਨਾਥ ਅਨਾਥਾ, ਗ਼ਰੀਬ ਨਿਮਾਣੇ ਗਲੇ ਲਗਾਇਆ । ਸਰਬ ਜੀਆਂ ਦਾ ਸਗਲਾ ਸਾਥਾ, ਸਾਚਾ ਸੰਗ ਨਿਭਾਇਆ । ਲਹਿਣਾ ਦੇਣਾ ਚੁੱਕੇ ਮਸਤਕ ਮਾਥਾ, ਪੂਰਬ ਜਨਮਾਂ ਝੋਲੀ ਪਾਇਆ । ਵਾਹਿਗੁਰੂ ਘਰ ਪੂਜਾ ਪਾਠਾ, ਗੁਰੂ ਗ੍ਰੰਥ ਗੁਰ ਸ਼ਬਦ ਬਣਾਇਆ । ਆਤਮ ਮਾਰੇ ਸਾਚੀ ਠਾਠਾ, ਸਰ ਸਰੋਵਰ ਇਕ ਭਰਾਇਆ । ਧੁਰਦਰਗਾਹੀ ਆਇਆ ਨਾਠਾ, ਗੋਬਿੰਦ ਵੇਸ ਵਟਾਇਆ । ਲਹਿਣਾ ਦੇਣ ਚੁਕਾਏ ਤੀਰਥ ਤੱਟਾ, ਚਰਨ ਧਿਆਨ ਇਕ ਰਖਾਇਆ । ਨਾਮ ਬੰਨੇ ਸਾਚੀ ਗਾਠਾ, ਚੋਰ ਯਾਰ ਲੁੱਟ ਨਾ ਕੋਈ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਹਿਜ ਸੁਭਾਇਆ । ਗੋਬਿੰਦ ਹਰਿ ਸੱਚਾ ਸੂਰਬੀਰ, ਏਕਾ ਏਕ ਦਰਸਾਈਆ । ਗੁਰਮੁਖਾਂ ਕੱਢੇ ਹਉਮੇ ਪੀੜ, ਏਕਾ ਜਾਮ ਪਿਆਈਆ । ਏਕਾ ਬਖ਼ਸ਼ੇ ਨਾਮ ਨਾਮਾ ਸਾਚਾ ਨੀਰ, ਬਜ਼ਰ ਕਪਾਟੀ ਚੀਰ ਚਿਰਾਈਆ । ਆਪ ਚੜ੍ਹਾਈ ਚੋਟੀ ਅਖੀਰ, ਸਮਰਥ ਹੱਥ ਵਡਿਆਈਆ । ਆਪੇ ਬੰਨੇ ਆਪਣੀ ਬੀੜ, ਸ਼ਸਤਰ ਬਸਤਰ ਵੇਖ ਵਖਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸਚ ਵਡਿਆਈਆ । ਗੁਰ ਗੋਬਿੰਦ ਉਚ

੮੦੩
੦੨

ਅਗੰਮ, ਏਕਾ ਇਕ ਅਖਵਾਇਆ । ਪੁਰਖ ਅਬਿਨਾਸ਼ੀ ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਡੇਰਾ ਲਾਇਆ । ਨਾ ਕੋਈ ਰਸਨ ਸਵਾਸੀ ਲਏ ਦਮ, ਨੇਤਰ ਨੀਰ ਨਾ ਕੋਈ ਵਹਾਇਆ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਵੇਸ ਅਨੇਕਾ ਅਨਕ ਵੇਸ ਕਰਾਇਆ । ਨਾ ਕੋਈ ਖ਼ੁਸ਼ੀ ਨਾ ਕੋਈ ਗਮ, ਆਲਸ ਨਿੰਦਰਾ ਵਿਚ ਨਾ ਆਇਆ । ਆਪਣਾ ਬੇੜਾ ਆਪੇ ਲਏ ਬੰਨ੍ਹ, ਜਗਤ ਜੀਵ ਭੇਵ ਨਾ ਰਾਇਆ । ਨੈਣਾਂ ਦੇਵੀ ਆਪੇ ਵੇਖ ਚੜ੍ਹ ਥੰਮ, ਆਪ ਆਪਣਾ ਡੇਰਾ ਲਾਇਆ । ਸਤਿ ਸਰੂਪੀ ਕਰਿਆ ਹਵਨ, ਏਕਾ ਜੋਤ ਕਰੇ ਰੁਸ਼ਨਾਇਆ । ਇਕ ਹੁਲਾਰਾ ਇਕ ਪਵਨ, ਏਕਾ ਸ਼ਬਦ ਸਮਾਇਆ । ਭੇਖਾਧਾਰੀ ਪਾਰ ਕਰਾਏ ਪਵਨ, ਪਾਰਬ੍ਰਹਮ ਭੇਵ ਨਾ ਰਾਇਆ । ਵੇਖੇ ਖੇਲ ਅਵਣ ਗਵਣ, ਦੋ ਜਹਾਨਾਂ ਫੇਰਾ ਪਾਇਆ । ਦੀਨ ਦਿਆਲ ਪੁਰਖ ਅਕਾਲ ਅੰਮ੍ਰਿਤ ਮੇਘ ਬਰਸੇ ਸਵਣ, ਗੁਰ ਗੋਬਿੰਦ ਵੇਖ ਵਖਾਇਆ । ਨੇੜ ਨਾ ਆਏ ਕਾਮਨੀ ਕਮਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਤਤ ਵਖਾਇਆ । ਦੁਸ਼ਟ ਸ਼ੰਘਾਰੇ ਦੁਸ਼ਟ ਦਮਨ, ਸਚ ਖੰਡਾ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇਆ । ਆਪਣਾ ਰੰਗ ਹਰਿ ਕਰਤਾਰ, ਗੁਰ ਗੋਬਿੰਦ ਆਪ ਦਰਸਾਈਆ । ਸ਼ਬਦ ਸਰੂਪੀ ਕਰ ਅਕਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਮੁੱਛ ਦਾੜ੍ਹੀ ਕੇਸ ਅਪਾਰ, ਸੀਸ ਦਸਤਾਰ ਸਜਾਈਆ । ਕੱਛ ਕਿਰਪਾਨ ਕੜਾ ਖੜਗ ਵੇਖੇ ਖੇਲ ਮਹਾਨ, ਨਿਰਗੁਣ ਜੋਤ ਡਗਮਗਾਈਆ । ਤਨ ਗਾਤਰਾ ਅਪਰ ਅਪਾਰ, ਬ੍ਰਹਿਮੰਡਾਂ ਵਿਚ ਚਮਕਾਈਆ । ਭੇਖ ਪਖੰਡਾ ਦਏ ਨਿਵਾਰ, ਮੇਟੇ ਝੂਠੀ ਲਸ਼ਕਰ ਸ਼ਾਹੀਆ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਲਏ ਤਰਾਈਆ । ਅੰਮ੍ਰਿਤ ਦੇਵੇ ਠੰਡੀ ਠਾਰ, ਸਾਂਤਕ ਸਤਿ ਵਰਤਾਈਆ । ਤ੍ਰੈਗੁਣ ਮਾਇਆ ਨਾ ਕਰੇ ਖਵਾਰ, ਪੰਜ ਤਤ ਨਾ ਹੋਏ ਹਲਕਾਈਆ । ਗੋਬਿੰਦ ਗੁਰ ਕਰ ਪਿਆਰ, ਸਾਚੇ ਦਰ ਬੁਲਾਈਆ । ਸਿੰਘ ਸਿੰਘਾਸਣ ਅਪਰ ਅਪਾਰ, ਉਪਰ ਬੈਠਾ ਬੇਪਰਵਾਹੀਆ । ਕਲਗੀ ਤੋੜਾ ਸੀਸ ਦਸਤਾਰ, ਸਾਚਾ ਬਾਜ ਹੱਥ ਟਿਕਾਈਆ । ਨੀਲਾ ਵੇਖੇ ਕਰ ਵਿਚਾਰ, ਸੋਲਾਂ ਕਲੀਆਂ ਆਸਣ ਲਾਈਆ । ਨੌਂ ਸੱਤ ਦਏ ਹੁਲਾਰ, ਸੱਤਾਂ ਦੀਪਾਂ ਕਰ ਰੁਸ਼ਨਾਈਆ । ਲੱਖਣ ਦੀਪ ਖੇਲ ਅਪਾਰ, ਪੁਸ਼ਕਰ ਫੇਰਾ ਪਾਈਆ । ਕਰੋਚ ਤੇਰੀ ਸੁਣ ਪੁਕਾਰ, ਜੰਬੂ ਕਰੇ ਰੁਸ਼ਨਾਈਆ । ਸਲਮਲ ਤੇਰੀ ਬੰਨ੍ਹੇ ਧਾਰ, ਸਾਨ ਤੇਰੀ ਕਰੇ ਕੁੜਮਾਈਆ । ਕੁਸ਼ਾ ਰੰਗ ਹਰਿ ਕਰਤਾਰ, ਆਪ ਆਪਣਾ ਦਏ ਚੜ੍ਹਾਈਆ । ਗੁਰ ਗੋਬਿੰਦ ਸੂਰਾ ਬਲਕਾਰ, ਸਚ ਸਿੰਘਾਸਣ ਸੇਜ ਵਿਛਾਈਆ । ਬਸਤਰ ਸ਼ਸਤਰ ਅਪਰ ਅਪਾਰ, ਤਨ ਗਾਤਰਾ ਇਕ ਲਟਕਾਈਆ । ਨੇਤਰ ਜੋਤ ਸੱਚੀ ਸਰਕਾਰ, ਦਰਸ ਵੇਖ ਗੁਰ ਸੰਗਤ ਬਿਗਸਾਈਆ । ਆਪ ਆਪਣਾ ਕਰਿਆ ਖ਼ਬਰਦਾਰ, ਆਪ ਆਪਣੀ ਲਏ ਅੰਗੜਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਦਏ ਲਲਕਾਰ, ਆਪ ਆਪਣਾ ਲਏ ਉਠਾਈਆ । ਆਪ ਆਪਣੇ ਹੱਥ ਫੜ ਕਟਾਰ, ਆਪੇ ਲਏ ਚਮਕਾਈਆ । ਆਪ ਆਪਣੀ ਮਾਰੇ ਇਕ ਆਵਾਜ਼, ਆਪੇ ਰਿਹਾ ਸੁਣਾਈਆ । ਗੁਰਸਿਖ ਹੋਇਆ ਖ਼ਬਰਦਾਰ, ਪ੍ਰਭ ਸਾਚੇ ਖੇਲ ਰਚਾਈਆ । ਗੁਰ ਗੋਬਿੰਦ ਬੰਨ੍ਹੇ ਧਾਰ, ਚਾਰੋਂ ਕੁੰਟ ਕੁੜਮਾਈਆ । ਊਚਾਂ ਨੀਚਾਂ ਜੜ੍ਹ ਦਏ ਉਖਾੜ, ਰਾਜ ਰਾਜਾਨ ਕੋਈ ਦਿਸ ਨਾ ਆਈਆ । ਦਰ ਘਰ ਸਾਚੇ ਦੇਵੇ ਵਾੜ, ਹੋਏ ਆਪ ਸਹਾਈਆ । ਭੇਖ ਪਖੰਡ ਚਬਾਏ ਆਪਣੀ ਦਾੜ੍ਹ, ਲੋਕਮਾਤ ਰਹਿਣ ਨਾ ਪਾਈਆ । ਗੁਰਸਿਖਾਂ ਅਗਨ ਨਾ ਸਾੜੇ ਤੱਤੀ ਹਾੜ, ਅੰਮ੍ਰਿਤ ਜਾਮ ਪਿਆਈਆ । ਕਰੇ ਪ੍ਰਕਾਸ਼ ਨਾੜ ਨਾੜ, ਬਹੱਤਰ ਨਾੜੀ ਕਰ ਰੁਸ਼ਨਾਈਆ । ਦੂਈ ਦਵੈਤੀ ਦੇਵੇ

ਪਾੜ, ਤੀਜੇ ਨੈਣ ਇਕ ਦਰਸਾਈਆ । ਚੌਥੇ ਘਰ ਸਚ ਅਖਾੜ, ਹਰਿ ਸਾਚਾ ਆਪ ਕਰਾਈਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਵੇਖ ਵਖਾਈਆ । ਪੰਚਮ ਮਾਰੇ ਤਨ ਹੰਕਾਰ, ਪੰਜ ਸ਼ਬਦ ਕਰੇ ਸ਼ਨਵਾਈਆ । ਪੰਚਮ ਮੀਤਾ ਹਰਿ ਨਿਰੰਕਾਰ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਜੋਤ ਨਿਰੰਜਣ ਸੇਵਾਦਾਰ, ਦਿਵਸ ਰੈਣ ਕਰੇ ਰੁਸ਼ਨਾਈਆ । ਨਾਨਕ ਗੁਰ ਵਖਾਇਆ ਸਚ ਦਰਬਾਰ, ਦਰ ਦਵਾਰ ਇਕ ਖੁਲ੍ਹਾਈਆ । ਗ਼ਰੀਬ ਨਿਵਾਜਾ ਅੰਦਰ ਬਾਹਿਰ, ਗੁਪਤ ਜ਼ਾਹਰ ਭੇਵ ਨਾ ਰਾਈਆ । ਅਨਹਦ ਵਜਾਏ ਵਾਜਾ ਅਗੰਮ ਅਪਾਰ, ਤਾਲ ਤਲਵਾੜਾ ਇਕ ਵਜਾਈਆ । ਬਾਜਾਂ ਵਾਲਾ ਆਇਆ ਵਿਚ ਦਰਬਾਰ, ਗੁਰਮੁਖਾਂ ਦਏ ਸੁਣਾਈਆ । ਗੁਰਸਿਖ ਗੁਰਮੁਖ ਹੋਣਾ ਖ਼ਬਰਦਾਰ, ਪ੍ਰਭ ਸਾਚੇ ਖੇਲ ਰਚਾਈਆ । ਤੇਜ਼ ਕਟਾਰ ਚਮਕੇ ਅਪਰ ਅਪਾਰ, ਤਿੱਖੀ ਧਾਰ ਆਪ ਰਖਾਈਆ । ਖੜਗ ਖੰਡਾ ਬ੍ਰਹਿਮੰਡਾਂ ਮਾਰੇ ਮਾਰ, ਲੇਖਾ ਕੋਇ ਰਹਿਣ ਨਾ ਪਾਈਆ । ਉਠਿਆ ਸੁਤ ਸੁਤ ਦੁਲਾਰ, ਦਇਆ ਦਇਆ ਆਪ ਕਮਾਈਆ । ਆਪਣੇ ਪਿਆਰ ਮਾਰੀ ਧਾਰ, ਆਰ ਪਾਰ ਆਪ ਕਰਾਈਆ । ਚਾਰ ਚਾਰੇ ਦਿਤਾ ਵਾਰ, ਪੰਚਮ ਸੰਗ ਰਖਾਈਆ । ਪੰਚ ਪਿਆਰੇ ਕਰ ਤਿਆਰ, ਸ਼ਸਤਰ ਬਸਤਰ ਤਨ ਸਜਾਈਆ । ਸਾਚੀ ਸਿਖੀ ਰਸਨਾ ਕਹਿਣਾ, ਗੁਰ ਗੁਰਮੁਖ ਸੋਹੇ ਬੰਕ ਦਵਾਰ, ਬੰਕ ਦਵਾਰਾ ਆਪ ਸੁਹਾਈਆ । ਕੇਸ ਦਸਮੇਸ਼ ਨਾਮ ਉਜਿਆਰ, ਆਪ ਆਪਣੀ ਬੂਝ ਬੁਝਾਈਆ । ਅੰਮ੍ਰਿਤ ਸਾਚਾ ਕਰ ਤਿਆਰ, ਆਤਮ ਮੋਹ ਚੁਕਾਈਆ । ਜਗਤ ਵਿਕਾਰਾ ਦੇਵੇ ਮਾਰ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਏਕੰਕਾਰ ਕਰ ਪਿਆਰ ਅਕਾਲ ਮੂਰਤ ਇਕ ਸਮਝਾਈਆ । ਦੂਜਾ ਦਰ ਨਾ ਦਿਸੇ ਕੋਈ ਦਰਬਾਰ, ਏਕਾ ਗੁਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦਿਤਾ ਸਾਚਾ ਵਰ, ਘਰ ਸਾਚੇ ਵੱਜੀ ਵਧਾਈਆ । ਪੰਚ ਪਿਆਰ ਪੰਚ ਪ੍ਰਮੁੱਖ, ਗੁਰ ਸਤਿਗੁਰ ਰੂਪ ਵਟਾਇਆ । ਆਪ ਮਿਟਾਇਆ ਸਗਲਾ ਦੁੱਖ, ਚਿੰਤਾ ਸੋਗ ਰਹੇ ਨਾ ਰਾਇਆ । ਸੁਫਲ ਕਰਾਈ ਮਾਤ ਕੁੱਖ, ਆਵਣ ਜਾਵਣ ਫੰਦ ਕਟਾਇਆ । ਆਪਣੀ ਗੋਦੀ ਆਪੇ ਚੁੱਕ, ਆਪ ਆਪਣਾ ਪਰਦਾ ਪਾਇਆ । ਆਪੇ ਮਾਨਸ ਆਪੇ ਮਨੁੱਖ, ਆਪੇ ਹਰਿ ਹਰਿ ਰੂਪ ਸਮਾਇਆ । ਆਪ ਆਪਣਾ ਸੀਸ ਪੰਜ ਪਿਆਰੇ ਅੱਗੇ ਨਿਵਾਏ ਝੁਕ, ਆਪ ਆਪਣਾ ਭੇਟ ਚੜ੍ਹਾਇਆ । ਗੁਰਮੁਖਾਂ ਅੰਦਰ ਆਪੇ ਬੈਠਾ ਲੁਕ, ਆਪ ਆਪਣਾ ਖੇਲ ਖਿਲਾਇਆ । ਮਨਮੁਖਾਂ ਮੁਖ ਪਾਏ ਥੁੱਕ, ਦੇਵੇ ਅੰਤ ਸਜਾਈਆ । ਹਰਿ ਕਾ ਭਾਣਾ ਨਾ ਜਾਏ ਰੁਕ, ਹਰਿ ਸਾਚੇ ਆਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਖੇਲ ਖਲਾਇਆ । ਗੁਰ ਗੋਬਿੰਦ ਹੋ ਤਿਆਰ, ਪੰਚ ਪਿਆਰਾ ਉਠਾਈਆ । ਆਪ ਆਪਣੀ ਕਰ ਨਿਮਸਕਾਰ, ਅੱਗੇ ਝੋਲੀ ਡਾਹੀਆ । ਅੰਮ੍ਰਿਤ ਮੰਗੇ ਠੰਡਾ ਠਾਰ, ਰਸਨਾ ਜਿਹਵਾ ਹਲਕਾਈਆ । ਸਾਚਾ ਗੁਰ ਕਰ ਤਿਆਰ, ਸਾਚੀ ਸਿਖ ਮਤ ਸਮਝਾਈਆ । ਅਤੀਤ ਹੋਏ ਵਿਚ ਸੰਸਾਰ, ਏਕੰਕਾਰਾ ਵੇਖ ਵਖਾਈਆ । ਅਕਲ ਕਲਾ ਕਲ ਆਪੇ ਧਾਰ, ਸਾਚੀ ਬਣਤ ਬਣਾਈਆ । ਪੰਥ ਖ਼ਾਲਸਾ ਅਪਰ ਅਪਾਰ, ਗੁਰੂ ਗ੍ਰੰਥ ਇਸ਼ਟ ਵਖਾਈਆ । ਦੂਸਰ ਨਾ ਕੋਈ ਜਾਣੇ ਬੰਕ ਦਵਾਰ, ਪੰਜ ਤਤ ਨਾ ਕੋਇ ਗੁਰ ਪਾਈਆ । ਗੁਰ ਕਾ ਸ਼ਬਦ ਜਗਤ ਭੰਡਾਰ, ਜੁਗ ਜੁਗ ਆਪ ਵਰਤਾਈਆ । ਡੰਕ ਨਗਾਰਾ ਅਪਰ ਅਪਾਰ, ਆਪਣਾ ਆਪ ਸੁਣਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਆਪ ਉਠਾਈਆ । ਜੀਵਾਂ ਜੰਤਾਂ ਮਾਰੇ ਮਾਰ, ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਖੇਲਣਹਾਰ ਹਰਿ ਨਿਰੰਕਾਰ,

ਅਕਲ ਕਲਾ ਅਖਵਾਈਆ । ਗੋਬਿੰਦ ਮੇਲਾ ਵਿਚ ਸੰਸਾਰ, ਸੁਤ ਦੁਲਾਰਾ ਨਾਮ ਧਰਾਈਆ । ਪੁਰੀ ਅਨੰਦ ਕਰ ਉਜਿਆਰ, ਅੰਤਮ ਵੰਡ ਵਖਾਈਆ । ਆਪੇ ਛੱਡ ਸੱਚਾ ਘਰ ਬਾਹਰ, ਆਪੇ ਕਰੇ ਚੜ੍ਹਾਈਆ । ਗੁਰਸਿਖ ਸਾਜਣ ਮੀਤ ਮੁਰਾਰ, ਸਗਲਾ ਸੰਗ ਨਿਭਾਈਆ । ਆਪੇ ਵੇਖੇ ਸਰਸੇ ਧਾਰ, ਆਪੇ ਜਲ ਸਮਾਈਆ । ਆਪੇ ਅਸਵ ਹੋ ਅਸਵਾਰ, ਆਪੇ ਪਾਰ ਕਰਾਈਆ । ਆਪ ਆਪਣੀ ਭੇਟਾ ਦੇਵੇ ਚਾੜ੍ਹ, ਸਚ ਖ਼ਜ਼ਾਨਾ ਆਪ ਭਰਾਈਆ । ਆਪਣਾ ਸ਼ਬਦ ਆਪਣੇ ਦਰ ਦੇਵੇ ਵਾੜ, ਘਟ ਭੇਵ ਨਾ ਕੋਇ ਖੁਲ੍ਹਾਈਆ । ਆਪੇ ਵੇਖੇ ਆਰ ਪਾਰ, ਡੂੰਘੀ ਧਾਰ ਆਪ ਹੋ ਜਾਈਆ । ਆਪੇ ਵੇਖੇ ਸੁਤ ਦੁਲਾਰ, ਆਪ ਆਪਣੀ ਵਾਗ ਭਵਾਈਆ । ਆਪੇ ਝੂਜ ਝੁਜਾਏ ਸਿਰਜਣਹਾਰ, ਆਪ ਆਪਣੀ ਕਟਾਰ ਫੜਾਈਆ । ਆਪੇ ਗੜੀ ਹੋਇਆ ਬਾਹਿਰ, ਪਹਿਰੇਦਾਰ ਰਾਹ ਤਕਾਈਆ । ਆਪੇ ਸੁੱਤਾ ਪੈਰ ਪਸਾਰ, ਸੂਲਾਂ ਸੱਥਰ ਹੇਠ ਵਿਛਾਈਆ । ਸ਼ਬਦ ਸੁਨੇਹੜਾ ਦੇਵੇ ਸਾਚੇ ਯਾਰ, ਆਪ ਆਪਣੀ ਰਸਨ ਅਲਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਅੱਠੇ ਪਹਿਰ ਵੇਖ ਵਖਾਈਆ । ਗੋਬਿੰਦ ਤੇਰਾ ਸਚ ਪਿਆਰ, ਸਚ ਸੱਚੀ ਸਰਨਾਈਆ । ਇਕ ਪੁਰਖ ਇਕ ਅਕਾਰ, ਏਕਾ ਨੂਰ ਜਣਾਈਆ । ਦੀਨਾ ਬੰਧਪ ਦੀਨ ਦਿਆਲ, ਤੇਰਾ ਸੰਗ ਰਖਾਈਆ । ਗੁਰਮੁਖਾਂ ਤੋੜੇ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਈਆ । ਸ੍ਰਿਸ਼ਟ ਸਬਾਈ ਹੋਏ ਬੇਹਾਲ, ਏਕਾ ਢਈਆ ਵਕਤ ਲੰਘਾਈਆ । ਕੋਈ ਨਾ ਕਰੇ ਕਿਸੇ ਪ੍ਰਿਤਪਾਲ, ਪੀਰ ਦਸਤਗੀਰ ਮੁਲਾਂ ਸ਼ੇਖ਼ ਕਾਜ਼ੀ ਗੌਸ ਬੰਧਨ ਬਾਂਦਾ ਨਾ ਦੇਵੇ ਕੋਈ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੁੜਾ ਦੇਵੇ ਵਰ, ਗੋਬਿੰਦ ਸੁਣੇ ਸਾਚੇ ਦਰ, ਸਾਚਾ ਆਸਣ ਲਾਈਆ । ਸ਼ਬਦ ਹੱਥ ਰੰਗ, ਗੁਰ ਗੋਬਿੰਦ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਤੇਰਾ ਸਚ ਪਲੰਘ, ਸਚ ਦਵਾਰਾ ਇਕ ਸੁਹਾਇੰਦਾ । ਤੇਰਾ ਤੇਰੀ ਕਰੇ ਮੰਗ, ਨਾ ਦੂਸਰ ਵੇਖ ਵਖਾਇੰਦਾ । ਅੰਗੀਕਾਰ ਕਰੇ ਅੰਗ, ਜਗਤ ਵਿਛੋੜਾ ਮੋਹੇ ਨਾ ਭਾਇੰਦਾ । ਪੰਥ ਖ਼ਾਲਸਾ ਮੰਗੀ ਮੰਗ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੇਵੇ ਸਾਚਾ ਵਰ, ਏਕਾ ਸ਼ਬਦ ਦੁਲਾਰ ਪਾਰਬ੍ਰਹਮ ਹਰਿ ਸ਼ਬਦ ਜੈਕਾਰ, ਗੁਰ ਗੋਬਿੰਦ ਆਪ ਸੁਣਾਇਆ । ਤੇਰਾ ਰੂਪ ਆਪ ਕਰਤਾਰ, ਤੇਰੇ ਵਿਚ ਸਮਾਇਆ । ਤੇਰਾ ਪੰਥ ਮੇਰੀ ਧਾਰ, ਤੇਰੀ ਯਾਦਗਾਰ ਰਖਾਇਆ । ਪੂਤ ਸਪੂਤਾ ਏਕਾ ਵਾਰ, ਨੀਆਂ ਹੇਠਾਂ ਬੰਦ ਕਰਾਇਆ । ਉਚ ਮਹੱਲ ਲਿਆ ਉਸਾਰ, ਨਾ ਕੋਈ ਸਕੇ ਢਾਇਆ । ਇੱਟਾਂ ਗਾਰਾ ਲਾਇਆ ਆਪ ਕਰਤਾਰ, ਜਗਤ ਜਗਦੀਸ਼ਾ ਸੇਵ ਕਮਾਇਆ । ਵੇਖੇ ਖੇਲ ਵਾਰੋ ਵਾਰ, ਆਪ ਆਪਣਾ ਵੇਸ ਵਟਾਇਆ । ਗੋਬਿੰਦ ਜੋਤੀ ਕਰ ਉਜਿਆਰ, ਸਾਚੀ ਸੋਟੀ ਹੱਥ ਫੜਾਇਆ । ਚੋਟੀ ਚੜ੍ਹੇ ਪੁਰਖ ਕਰਤਾਰ, ਗੁਰਮੁਖ ਸਾਚੇ ਲਏ ਜਗਾਇਆ । ਮੇਰਾ ਰੂਪ ਸੱਚੀ ਸਰਕਾਰ, ਸਤਿਗੁਰ ਪੁਰਖ ਮਨਾਇਆ । ਪੰਥ ਖਾਲਸਾ ਰਹਿਣਾ ਖ਼ਬਰਦਾਰ, ਗੋਬਿੰਦ ਤੇਰੇ ਵਿਚ ਸਮਾਇਆ । ਅੰਤਮ ਵੇਲੇ ਪਾਵੇ ਸਾਰ, ਲੋਕਮਾਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਅਪਣਾ ਖੇਲ ਖਲਾਇਆ । ਪੰਚਮ ਆਪ ਪੰਚ ਪਿਆਰ, ਪੰਚਮ ਵੱਜੀ ਵਧਾਈਆ । ਪੰਚਮ ਮੀਤਾ ਪੁਰਖ ਕਰਤਾਰ, ਕਰਤਾ ਪੁਰਖ ਨਾਉਂ ਧਰਾਈਆ । ਅਚਰਜ ਰੀਤਾ ਵਿਚ ਸੰਸਾਰ, ਗੁਰ ਪੂਰੇ ਆਪ ਚਲਾਈਆ । ਮਿੱਠਾ ਕਰੇ ਕੌੜਾ ਰੀਠਾ ਕਿਰਪਾ ਧਾਰ, ਅੰਮ੍ਰਿਤ ਧਾਰ ਇਕ ਖਵਾਈਆ । ਦੇਵੇ ਨਾਮ ਜਗਤ ਅਨਡੀਠਾ, ਮਹੱਲ ਅਟੱਲ ਕਾਇਆ ਮੁਨਾਰ, ਸਚ ਮਹੱਲਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਮੇਲਾ

ਸਾਚੇ ਘਰ, ਆਪੇ ਦੇਵੇ ਸ਼ਬਦ ਸਾਲਾਹੀਆ । ਪੰਚਮ ਆਪ ਆਪੇ ਸਾਜ, ਆਪ ਕਰੇ ਚੜ੍ਹਾਈਆ । ਆਪੇ ਨੀਲੇ ਬੈਠਾ ਸਜ, ਆਪੇ ਵਾਗ ਉਠਾਈਆ । ਆਪੇ ਪਰਦਾ ਗੁਰਮੁਖਾਂ ਰਿਹਾ ਕੱਜ, ਦੱਖਣ ਦਿਸ਼ਾ ਫੇਰੀ ਪਾਈਆ । ਗੋਦਾਵਰੀ ਕੰਢੇ ਬੈਠਾ ਸਜ, ਸੰਗਤ ਵਡ ਵਡਿਆਈਆ । ਸੰਗਤ ਪਿਆਰ ਗਿਆ ਬੱਝ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਵਡ ਵਡਿਆਈਆ । ਗੋਬਿੰਦ ਡੇਰਾ ਸਿੰਘ ਲਾ, ਸਿੰਘ ਡੇਰਾ ਆਪ ਲਗਾਇਆ । ਪਿਤਾ ਪੂਤ ਵੇਖੇ ਭੈਣ ਭਰਾ, ਦਾਰਾ ਸੁਤ ਰਿਹਾ ਸੁਣਾਇਆ । ਲਹਿਣਾ ਦੇਣਾ ਦਏ ਚੁਕਾ, ਏਕਾ ਮੰਗ ਮੰਗਾਇਆ । ਗੁਰਮੁਖ ਸਾਚੇ ਦਏ ਬੁਝਾ, ਆਪ ਆਪਣਾ ਭੇਵ ਖੁਲ੍ਹਾਇਆ । ਨਾਨਕ ਸਤਿਗੁਰ ਬੈਠਾ ਬੇਪਰਵਾਹ, ਨਾਮ ਖ਼ਜ਼ਾਨਾ ਇਕ ਭਰਾਇਆ । ਆਪਣੀ ਧਾਰ ਆਪੇ ਵੇਖੇ ਆ, ਜੁਗ ਜੁਗ ਡੇਰਾ ਲਾਇਆ । ਮਿਹਰਬਾਨ ਮਿਹਰਬਾਨ ਮਿਹਰ ਦ੍ਰਿਸ਼ਟੀ ਦੇਵੇ ਪਾ, ਪੱਥਰ ਪਾਹਨ ਸਵਰਨ ਬਣਾਇਆ । ਗੁਰਮੁਖ ਸਾਚੇ ਰਿਹਾ ਉਠਾ, ਗੁਰ ਗੋਬਿੰਦ ਝੋਲੀ ਰਿਹਾ ਭਰਾਇਆ । ਆਪ ਆਪਣਾ ਮਾਰਗ ਆਪੇ ਲਾ, ਆਪੇ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਰੰਗ ਰੰਗਾਇਆ । ਮਿਲਿਆ ਗੋਬਿੰਦ ਹਰਿ ਕਰਤਾਰ, ਸਿੰਘ ਵੱਡੀ ਵਡਿਆਈਆ । ਸਤਿਗੁਰ ਖੇਲ ਵਿਚ ਸੰਸਾਰ, ਚਾਰੋਂ ਕੁੰਟ ਵੇਖ ਵਖਾਈਆ । ਗੁਰਮੁਖ ਸਾਚੇ ਕਰੇ ਪਿਆਰ, ਆਏ ਚਲ ਸਰਨਾਈਆ । ਆਪਣੀ ਭੇਟਾ ਦੇਵੇ ਚਾੜ੍ਹ, ਗੁਰ ਪੂਰੇ ਸੇਵ ਕਮਾਈਆ । ਗੁਰ ਪੂਰਾ ਸਚ ਖ਼ਜ਼ਾਨੇ ਦੇਵੇ ਵਾਰ, ਗੋਦਾਵਰੀ ਭੇਟ ਕਰਾਈਆ । ਨਗੀਨਾ ਘਾਟ ਸਾਚਾ ਲਾੜ, ਬੈਠਾ ਜੋਤ ਜਗਾਈਆ । ਦੇਵੇ ਗੜ੍ਹ ਹੰਕਾਰੀ ਮਾਰ, ਮਾਧੋ ਦਾਸ ਰਿਹਾ ਸ਼ਰਮਾਈਆ । ਨਾਮ ਪਿਆਰ ਅੰਦਰ ਦੇਵੇ ਵਾੜ, ਪੰਜ ਤਤ ਕਰੇ ਰੁਸ਼ਨਾਈਆ । ਮੇਟ ਮਿਟਾਏ ਝੂਠੀ ਧਾੜ, ਨੌਂ ਅਠਾਰਾਂ ਰਹੇ ਸ਼ਰਮਾਈਆ । ਬੀਰ ਬਤਾਲਾ ਮਾਰੇ ਮਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਗੁਰ ਨਾਨਕ ਸ਼ਬਦ ਅਲਾਈਆ । ਸਾਚੀ ਮੋਖਸ਼ਾ ਧੁਰ ਪਿਆਰ, ਪੰਚ ਪੰਚ ਸਮਾਈਆ । ਏਕਾ ਰਾਮ ਏਕਾ ਕਾਮ ਸਚ ਅਖਾੜ, ਏਕਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਫੋਲ ਫੁਲਾਈਆ । ਸਚਖੰਡ ਦਵਾਰਾ ਸਤਿਜੁਗ ਧਾਰ, ਹਰਿ ਸਾਚੇ ਆਪ ਉਠਾਈਆ । ਆਪੇ ਬੈਠਾ ਕਰ ਪਿਆਰ, ਆਪ ਆਪਣਾ ਵੇਖ ਵਖਾਈਆ । ਕਲਜੁਗ ਅੰਤਮ ਪਾਵੇ ਸਾਰ, ਤੀਰ ਨਿਸ਼ਾਨਾ ਮੁਖ ਛੁਹਾਈਆ । ਸ਼ਾਹ ਸੁਲਤਾਨਾ ਮਾਰੇ ਮਾਰ, ਮੇਟੇ ਜੂਠੀ ਝੂਠੀ ਛਾਹੀਆ । ਨਾਮ ਵਰਤਾਏ ਸਚ ਭੰਡਾਰ, ਵਡ ਦਾਤਾ ਬੇਪਰਵਾਹੀਆ । ਗੁਰਸਿਖਾਂ ਕਰੇ ਇਕ ਪਿਆਰ, ਮੁਗਲ ਮੁਲਾਣੇ ਵੇਖ ਵਖਾਈਆ । ਸ਼ਾਹ ਬਹਾਦਰ ਪਾਵੇ ਸਾਰ, ਹਰਿ ਸਾਚਾ ਭੇਵ ਨਾ ਰਾਈਆ । ਕਰਤੇ ਕਾਦਰ ਖੇਲ ਨਿਆਰ, ਕਾਦਰ ਕਰੀਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਆਪਣੀ ਬਣਤ ਬਣਾਈਆ । ਆਤਮ ਅੰਤਰ ਹਰਿ ਜਣਾਈ, ਸ਼ਬਦੀ ਸ਼ਬਦ ਉਪਾਇਆ । ਗੁਰ ਗੋਬਿੰਦ ਵੱਜੀ ਵਧਾਈ, ਹਰਿ ਹਰਿ ਮੰਗਲ ਗਾਇਆ । ਨਾਨਕ ਵੇਖੇ ਚਾਈਂ ਚਾਈਂ, ਸਾਚਾ ਰਾਗ ਅਲਾਇਆ । ਦੋ ਜਹਾਨਾਂ ਦੇਵੇ ਠੰਡੀਆਂ ਛਾਈਂ, ਮੇਲ ਮਿਲਾਵਾ ਬੇਪਰਵਾਹਿਆ । ਕਰੇ ਕਰਾਏ ਸਚ ਨਿਆਈਂ, ਆਪ ਆਪਣਾ ਨਾਉਂ ਧਰਾਇਆ । ਗੁਰਮੁਖਾਂ ਪਕੜਣਹਾਰਾ ਬਾਹੀਂ, ਆਪ ਆਪਣੇ ਰੰਗ ਰੰਗਾਇਆ । ਫੜ ਫੜ ਹੰਸ ਬਣਾਏ ਕਾਈਂ, ਅੰਮ੍ਰਿਤ ਜਾਮ ਇਕ ਪਿਆਇਆ । ਆਪੇ ਪਿਤਾ ਆਪੇ ਮਾਈ, ਆਪ ਆਪਣੀ ਗੋਦ ਉਠਾਇਆ । ਆਪੇ ਭੈਣ ਆਪੇ ਭਾਈ, ਸਾਕ ਸੱਜਣ ਸੈਣ ਆਪ ਹੋ ਜਾਇਆ । ਆਪੇ ਦੇਵੇ ਨਿਥਾਵਿਆਂ ਥਾਈਂ, ਥਾਨ ਥਨੰਤਰ ਇਕ ਸੁਹਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੁੜਾ ਸਾਚੇ ਘਰ, ਗੁਰ ਗੋਬਿੰਦ ਆਪ ਜਣਾਇਆ। ਸ਼ਬਦ ਸੁਨੇਹੁੜਾ ਧੁਰ ਦਰਬਾਰ, ਹਰਿ ਸਾਚਾ ਹਰਿ ਸਰਨਾਈਆ। ਖੇਲੇ ਖੇਲ ਅਗੰਮ ਅਪਾਰ, ਲੋਕਮਾਤ ਵੇਖ ਵਖਾਈਆ। ਚੇਲਾ ਗੁਰ ਇਕ ਦਵਾਰ, ਏਕਾ ਧਾਮ ਸੁਹਾਈਆ। ਏਕਾ ਰੰਗ ਰੰਗੇ ਕਰਤਾਰ, ਰੰਗਣਹਾਰ ਆਪ ਅਖਵਾਈਆ। ਏਕਾ ਜੋਤੀ ਦੀਪ ਉਜਿਆਰ, ਤੇਲ ਬਾਤੀ ਨਾ ਕੋਈ ਰਖਾਈਆ। ਕਮਲਾਪਾਤੀ ਆਪ ਕਰਤਾਰ, ਨਾਰੀ ਕੰਤਾ ਰੂਪ ਸਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ। ਗੁਰ ਗੋਬਿੰਦ ਸੁਣੇ ਸ਼ਬਦ ਤਰਾਨਾ, ਅੰਤਰ ਹਰਿ ਹਰਿ ਪਾਇਆ। ਏਕਾ ਜੋਤੀ ਨੂਰ ਭਗਵਾਨਾ, ਜੋਤੀ ਜੋਤ ਡਗਮਗਾਇਆ। ਏਕਾ ਧਰਮ ਇਕ ਨਿਸ਼ਾਨਾ, ਏਕਾ ਰਿਹਾ ਝੁਲਾਇਆ। ਏਕਾ ਪੁਰਖ ਸ਼ਾਹ ਸੁਲਤਾਨਾ, ਏਕਾ ਬੈਠਾ ਆਸਣ ਲਾਈਆ। ਏਕਾ ਬੰਨਣਹਾਰਾ ਗਾਨਾ, ਏਕਾ ਸਗਨ ਮਨਾਇਆ। ਏਕਾ ਵੇਖੇ ਮਾਰ ਧਿਆਨਾ, ਉਚ ਮਹੱਲ ਇਕ ਦਰਸਾਇਆ। ਏਕਾ ਬਖ਼ਸ਼ੇ ਚਰਨ ਧਿਆਨਾ, ਏਕਾ ਆਪਣਾ ਆਪ ਜਣਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਆਪਣੇ ਰੰਗ ਰੰਗਾਇਆ। ਸ਼ਬਦ ਜਣਾਈ ਹਰਿ ਧੁਨਕਾਰ, ਗੋਬਿੰਦ ਵਿਚ ਸਮਾਈਆ। ਨਿਰਗੁਣ ਜੋਤੀ ਕਰ ਉਜਿਆਰ, ਪੰਜ ਤਤ ਫੇਰਾ ਪਾਈਆ। ਤੇਰਾ ਮੇਰਾ ਇਕ ਪਿਆਰ, ਜੋਤੀ ਜੋਤ ਟਿਕਾਈਆ। ਸਾਚੇ ਅਸਵ ਹੋ ਅਸਵਾਰ, ਸਾਚੇ ਘਰ ਵੇਖ ਵਖਾਈਆ। ਜੋਤੀ ਜੋੜਾ ਸੱਚੀ ਸਰਕਾਰ, ਸੀਸ ਸਾਚਾ ਛਤਰ ਝੁਲਾਈਆ। ਉਚ ਪੌੜਾ ਹਰਿ ਗਿਰਧਾਰ, ਸਚਖੰਡ ਦਵਾਰੇ ਏਕਾ ਲਾਈਆ। ਲੰਬਾ ਚੌੜਾ ਨਾ ਜਾਣੇ ਕੋਈ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ। ਬਿਨ ਗੁਰ ਨਾਨਕ ਨਾ ਵੇਖੇ ਕੋਈ ਦਵਾਰ, ਦਸ ਜਾਮੇ ਏਕਾ ਜੋਤ ਜਗਾਈਆ। ਅੰਤਮ ਖੇਲ ਕੀਆ ਨਿਰਗੁਣ ਧਾਰ, ਨਿਰਗੁਣ ਵੇਖ ਵਖਾਈਆ। ਸਾਧਾਂ ਸੰਤਾਂ ਕਰੇ ਪਿਆਰ, ਆਪ ਆਪਣੀ ਕਰੇ ਜਣਾਈਆ। ਗੁਰ ਕਿਰਪਾ ਗੁਰ ਖੇਲ ਅਪਾਰ, ਗੁਰ ਗੁਰ ਬੂਝ ਬੁਝਾਈਆ। ਸਾਚਾ ਸੱਜਣ ਮੀਤ ਮੁਰਾਰ, ਆਪ ਆਪਣੀ ਰਚਨ ਰਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ। ਆਪਣੀ ਬਣਤ ਆਪ ਬਣਾ, ਆਪਣਾ ਕਰਮ ਕਮਾਇਆ। ਆਪਣੀ ਗਣਤ ਆਪ ਗਣਾ, ਆਪਣਾ ਲੇਖਾ ਆਪ ਚੁਕਾਇਆ। ਆਪਣੀ ਸੰਗਤ ਆਪ ਬਣਾ, ਆਪੇ ਵੇਖਣ ਆਇਆ। ਆਪਣੀ ਰੰਗਤ ਆਪ ਚੜ੍ਹਾ, ਅੰਗੀਕਾਰ ਆਪ ਅਖਵਾਇਆ। ਸਾਚਾ ਸੰਗੀ ਜਗਤ ਮਲਾਹ, ਗੁਰ ਗੋਬਿੰਦ ਨਾਉਂ ਧਰਾਇਆ। ਗੁਰਸਿਖਾਂ ਦੇਵੇ ਸਚ ਸਲਾਹ, ਘਰ ਸਾਚਾ ਇਕ ਸੁਹਾਇਆ। ਮਿਲਣ ਜਾ ਕੇ ਬੇਪਰਵਾਹ, ਬੈਠਾ ਰਾਹ ਤਕਾਇਆ। ਗੁਰਮੁਖ ਨਾ ਕਰੇ ਕੋਈ ਨਾਂਹ, ਹਰਿ ਕਾ ਭਾਣਾ ਹਰਿ ਹਰਿ ਪਾਇਆ। ਆਪੇ ਪਿਤਾ ਆਪੇ ਮਾਂ, ਸਿਰ ਰੱਖੇ ਹੱਥ ਸਬਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਗਨ ਆਪ ਮਨਾਇਆ। ਆਪਣਾ ਸਗਨ ਆਪ ਮਨਾ, ਆਪੇ ਖ਼ੁਸ਼ੀ ਮਨਾਇੰਦਾ। ਆਪਣਾ ਗੀਤ ਆਪੇ ਗਾ, ਪੁਰਖ ਅਕਾਲ ਧਿਆਇੰਦਾ। ਆਪਣੀ ਜੋਤੀ ਆਪ ਜਗਾ, ਆਪੇ ਡਗਮਗਾਇੰਦਾ। ਗੁਰਮੁਖ ਸਾਚੇ ਆਪ ਉਠਾ, ਆਪੇ ਮਾਰਗ ਲਾਇੰਦਾ। ਅੰਮ੍ਰਿਤ ਬਾਟੇ ਆਪ ਛਿੜਕਾ, ਬਜ਼ਰ ਕਪਾਟੀ ਆਪ ਖੁਲ੍ਹਾਇੰਦਾ। ਸਾਚੇ ਹਾਟੇ ਆਪ ਵਿਕਾ, ਸਾਚਾ ਮੁੱਲ ਪਵਾਇੰਦਾ। ਤੀਰਥ ਤਾਟੇ ਲਹਿਣਾ ਦੇਣਾ ਚੁਕਾ, ਏਕਾ ਗੁਰ ਦਵਾਰ ਵਖਾਇੰਦਾ। ਗੁਰੂ ਗ੍ਰੰਥ ਸੀਸ ਆਪ ਨਿਵਾ, ਗੁਰਸਿਖਾਂ ਏਹ ਸਮਝਾਇੰਦਾ। ਸਾਚਾ ਸਗਨ ਜਗਤ ਵਖਾ, ਪੰਚਮ ਖੇਲ ਖਲਾਇੰਦਾ। ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਜੋਤੀ ਸ਼ਬਦ ਸ਼ਬਦ ਜੋਤੀ, ਏਕਾ ਰੰਗ ਰੰਗਾਇੰਦਾ । ਸਤਿ ਸਰੂਪ ਗੁਰਦੇਵ, ਗੁਰੂ ਗ੍ਰੰਥ ਜਣਾਈਆ । ਪਾਰਬ੍ਰਹਮ ਇਕ ਸੰਦੇਸ਼, ਹਰਿਸੰਗਤ ਗਿਆ ਸੁਣਾਈਆ । ਦੋ ਜਹਾਨਾਂ ਨਰ ਨਰੇਸ਼, ਏਕੰਕਾਰ ਆਪ ਅਖਵਾਈਆ । ਗੁਰਸਿਖਾਂ ਅੰਦਰ ਕਰ ਰਿਹਾ ਪ੍ਰਵੇਸ਼, ਜੋ ਖੋਜੇ ਸੋ ਪਾਈਆ । ਦਿਵਸ ਰੈਣ ਰਹੇ ਹਮੇਸ਼, ਪਰਦਾ ਉਹਲਾ ਇਕ ਵਖਾਈਆ । ਲੇਖੇ ਲਾਏ ਧਾਰੀ ਕੇਸ, ਮੁੰਡ ਮੁੰਡਾਏ ਜੋ ਆਇਣ ਚਲ ਸ਼ਰਨਾਈਆ । ਮੁਖ ਸ਼ਰਮਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਨੇਤਰ ਨੀਰ ਰਹੇ ਵਹਾਈਆ । ਪਾਰਬ੍ਰਹਮ ਪ੍ਰਭ ਸਦਾ ਆਦੇਸ਼, ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖੇ ਚਾਈਂ ਚਾਈਂਆ । ਗੁਰ ਗੋਬਿੰਦ ਸਚ ਤਿਆਰਾ, ਆਪਣਾ ਆਪ ਕਰਾਇਆ । ਗੁਰਮੁਖਾਂ ਸਚ ਕਰ ਪਿਆਰਾ, ਏਕਾ ਮੰਤਰ ਨਾਮ ਦ੍ਰਿੜਾਇਆ । ਵਾਹਿਗੁਰੂ ਫਤਹਿ ਇਕ ਜੈਕਾਰਾ, ਜੈ ਜੈਕਾਰ ਸ੍ਰਿਸ਼ਟ ਸਬਾਇਆ । ਸਚ ਅੰਗੀਠਾ ਇਕ ਸਮਾਇਆ ਬਨਾਸਪਤ ਕਰ ਪਿਆਰਾ, ਅਨਡੀਠਾ ਖੇਲ ਆਪ ਵਰਤਾਇਆ । ਅਗਨੀ ਜੋਤੀ ਵੇਖ ਚੰਗਿਆੜਾ, ਚਾਰੋਂ ਕੁੰਟ ਫੇਰਾ ਪਾਇਆ । ਭੇਦ ਅਭੇਦ ਭੇਵ ਛੁਪਾਇਆ, ਕਲਗੀ ਤੋੜਾ ਸੀਸ ਸਜਾਇਆ । ਸ਼ਸਤਰ ਧਾਰਾ ਵੇਸ ਵਟਾਇਆ । ਗੁਰਮੁਖਾਂ ਦੇਵੇ ਸਚ ਪਿਆਰਾ, ਆਪ ਆਪਣਾ ਝੋਲੀ ਪਾਈਆ । ਨਾਮ ਜਪਾਏ ਏਕਾ ਵਾਰਾ, ਏਕਾ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਏਕਾ ਘਰ ਏਕਾ ਮਹੱਲ ਸੁਹਾਇਆ । ਗੁਰ ਗੋਬਿੰਦ ਏਕਾ ਨਾਅਰਾ, ਅੰਤਮ ਅੰਤ ਲਗਾਇੰਦਾ । ਮੇਰਾ ਮਹੱਲ ਮੇਰਾ ਮੁਨਾਰਾ, ਨਾ ਕੋਈ ਫੋਲ ਫੁਲਾਇੰਦਾ । ਸਤਿਗੁਰ ਪੂਰਾ ਮਰੇ ਨਾ ਜਨਮੇ ਵਿਚ ਸੰਸਾਰਾ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਸਦਾ ਸੁਹੇਲਾ ਖੇਲ ਨਿਆਰਾ, ਇਕ ਅਕੇਲਾ ਵੇਸ ਵਟਾਇੰਦਾ । ਆਦਿ ਜੁਗਾਦੀ ਭਗਤ ਅਧਾਰਾ, ਭੇਖੀ ਰੂਪ ਵਟਾਇੰਦਾ । ਅੰਤਮ ਵੇਲੇ ਪਾਵੇ ਸਾਰਾ, ਆਪ ਆਪਣੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਵੇਖ ਵਖਾਇੰਦਾ । ਸਾਚੇ ਘਰ ਸ਼ਬਦ ਚਮਤਕਾਰਾ, ਜੋਤੀ ਜੋਤ ਜਗਾਈਆ । ਗੋਬਿੰਦ ਗੁਰ ਸੁਤ ਦੁਲਾਰਾ, ਪਾਰਬ੍ਰਹਮ ਸਮਾਈਆ । ਸ਼ਬਦ ਸੁਨੇਹੜਾ ਦੇਵੇ ਅੰਤਮ ਵਾਰਾ, ਲੋਕਮਾਤ ਵੱਜੇ ਵਧਾਈਆ । ਸੰਬਲ ਨਗਰੀ ਧਾਮ ਨਿਆਰਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਉਚ ਮਹੱਲ ਅਟੱਲ ਮੁਨਾਰਾ, ਘਰ ਘਰ ਵਿਚ ਦਏ ਉਪਾਈਆ । ਨਿਰਗੁਣ ਜੋਤੀ ਕਰ ਉਜਿਆਰਾ, ਸ਼ਬਦ ਡੰਕ ਵਜਾਈਆ । ਸ਼ਬਦ ਗੁਰ ਸ਼ਾਹ ਅਸਵਾਰਾ, ਏਕਾ ਏਕ ਅਖਵਾਈਆ । ਨਿਹਕਲੰਕ ਕਲ ਲਏ ਅਵਤਾਰਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਕਰੇ ਇਕ ਰੁਸ਼ਨਾਈਆ । ਸਾਚੀ ਸਿਖੀ ਕਰ ਤਿਆਰ, ਵਰਨ ਗੋਤੀ ਮੇਟ ਮਿਟਾਈਆ । ਧਾਰੋਂ ਤਿਖੀ ਪਾਰ ਕਿਨਾਰ, ਆਰ ਪਾਰ ਵੇਖ ਵਖਾਈਆ । ਗੁਰ ਗੋਬਿੰਦ ਸਿੰਘ ਸਿੰਘ ਗੁਰਸਿਖਾਂ ਕਰੇ ਪਿਆਰ, ਹਾਜ਼ਰ ਹਜ਼ੂਰ ਜੋਤ ਖੰਡ ਸਚ ਕਰੇ ਰੁਸ਼ਨਾਈਆ । ਸਾਧ ਸੰਤ ਕਰਾਏ ਵਣਜ ਵਣਜਾਰ, ਨਾਮ ਵਣਜ ਇਕ ਵਖਾਈਆ । ਆਵਣ ਜਾਵਣ ਲੱਖ ਚੁਰਾਸੀ ਉਤਰੇ ਪਾਰ, ਜੋ ਜਨ ਨੇਤਰ ਨੈਣ ਦਰਸ਼ਨ ਪਾਈਆ । ਗੁਰਮੁਖ ਸਾਜਣ ਮੀਤ ਢਹਿ ਢਹਿ ਪੈਣ ਚਰਨ ਦਵਾਰ, ਦਿਵਸ ਰੈਣ ਰੈਣ ਦਿਵਸ ਮਸਤਕ ਸੀਸ ਝੁਕਾਈਆ । ਸਾਧ ਸੰਗਤ ਤੇਰਾ ਮਹੱਲ ਅਟੱਲ ਉਚ ਮਿਨਾਰ, ਸਚਖੰਡ ਗੁਰਧਾਮ ਗੋਦਾਵਰੀ ਕੰਢਾ ਵਿਚ ਬ੍ਰਹਿਮੰਡਾ ਹਰਿ ਹਰਿ ਲੰਗਰ ਸੰਗਤ ਪ੍ਰਸਾਦਿ, ਆਦਿ ਜੁਗਾਦਿ ਸਾਧ ਸੰਤ ਰਹੇ ਵਰਤਾਈਆ । ਸੰਤਨ ਰੰਗ ਹਰਿ ਕਰਤਾਰਾ, ਆਪੇ ਆਪ ਸਮਾਇਆ । ਵੇਖਣਹਾਰਾ ਸਚ ਦਵਾਰਾ, ਜੋਤੀ ਜੋਤ ਕਰੇ ਰੁਸ਼ਨਾਇਆ । ਸਿੰਘ ਨਿਧਾਨ ਕਰ ਪਿਆਰਾ,

੮੦੯ ੦੨

ਪ੍ਰੇਮ ਪਿਆਲਾ ਇਕ ਪਿਆਇਆ । ਹਰਿਨਾਮ ਸਿੰਘ ਸਾਚਾ ਲਾਲਾ, ਲਾਲ ਸੇਵਕ ਸੇਵਾ ਰਿਹਾ ਕਮਾਇਆ । ਮਿਲਿਆ ਸਤਿਗੁਰ ਪੂਰਾ ਦੀਨ ਦਿਆਲਾ, ਘਰ ਸਾਚੇ ਵਿਚ ਧਿਆਇਆ । ਸਾਧ ਸੰਗਤ ਬਣ ਰਖਵਾਲਾ, ਆਦਿ ਜੁਗਾਦਿ ਜੁਗ ਜੁਗ ਸੇਵ ਕਮਾਇਆ । ਆਪੇ ਸ਼ਾਹ ਆਪੇ ਕੰਗਾਲਾ, ਗੁਰਮੁਖਾਂ ਨਾਮ ਵਸਤ ਭੰਡਾਰਾ ਆਪ ਭਰਾਇਆ ।

### * ਪਹਿਲੀ ਮੱਘਰ ਵੀਹ ਸੌ ਪੰਦਰਾਂ ਬਿਕ੍ਰਮੀ ਗੌਤਮ ਰਿਖੀ ਦੀ ਗੁਫਾ ਗੋਦਾਵਰੀ ਤਟ ਨਨਦੇੜ *

ਸਤਿ ਤਪ ਸਤਿ ਵਰਤਾਰ, ਸਤਿ ਸਤਿ ਸਤਿ ਸਮਾਈਆ । ਸਤਿ ਸਤਿ ਖੇਲ ਕਰਤਾਰ, ਸਤਿ ਸਤਿ ਕਰਾਈਆ । ਸਤਿ ਸਤਿ ਮੇਲ ਸੰਸਾਰ, ਸਤਿ ਸਤਿ ਅਖਵਾਈਆ । ਸਤਿ ਸਤਿ ਜੋਤ ਅਕਾਰ, ਸਤਿ ਸਤਿ ਕਰੇ ਰੁਸ਼ਨਾਈਆ । ਸਤਿ ਸਤਿ ਹਰਿ ਭੰਡਾਰ, ਸਤਿ ਸਤਿ ਵਰਤਾਈਆ । ਸਤਿ ਸਤਿ ਸ਼ਬਦ ਜੈਕਾਰ, ਸਤਿ ਸਤਿ ਸੁਣਾਈਆ । ਸਤਿ ਸਤਿ ਕਰੇ ਪਿਆਰ, ਸਤਿ ਸਤਿ ਬੂਝ ਬੁਝਾਈਆ । ਸਤਿ ਸਤਿ ਲਏ ਉਭਾਰ, ਸਤਿ ਸਤਿ ਵੇਖ ਵਖਾਈਆ । ਸਤਿ ਸਤਿ ਖ਼ਬਰਦਾਰ, ਸਤਿ ਸਤਿ ਜਗਾਈਆ । ਸਤਿ ਸਤਿ ਮੁਰਾਰ, ਸਤਿ ਸਤਿ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਰੂਪ ਆਪ ਹੋ ਜਾਈਆ । ਸਤਿ ਸਤਿ ਹਰਿ ਭਗਵੰਤ, ਸਤਿ ਸਤਿ ਉਪਾਇਆ । ਸਤਿ ਸਤਿ ਲੇਖਾ ਜੁਗਾ ਜੁਗੰਤ, ਸਤਿ ਸਤਿ ਵਰਤਾਇਆ । ਸਤਿ ਸਤਿ ਮੇਲਾ ਨਾਰੀ ਕੰਤ, ਸਤਿ ਸਤਿ ਧਾਮ ਸੁਹਾਇਆ । ਸਤਿ ਸਤਿ ਬਣਾਏ ਸਾਚੀ ਬਣਤ, ਸਤਿ ਸਤਿ ਵੇਖ ਵਖਾਇਆ । ਸਤਿ ਸਤਿ ਆਦਿ ਅੰਤ, ਸਤਿ ਸਤਿ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਮੇਲ ਮਿਲਾਇਆ । ਸਤਿ ਪੁਰਖ ਸਤਿ ਸੁਲਤਾਨ, ਸਤਿ ਸਤਿ ਸਮਾਈਆ । ਸਤਿ ਸਤਿ ਵੇਖ ਨਿਸ਼ਾਨ, ਸਤਿ ਸਤਿ ਝੁਲਾਈਆ । ਸਤਿ ਸਤਿ ਖੇਲ ਮਹਾਨ, ਸਤਿ ਸਤਿ ਆਪ ਕਰਾਈਆ । ਸਤਿ ਸਤਿ ਸ਼ਬਦ ਬਿਬਾਨ, ਸਤਿ ਸਤਿ ਨਾਮ ਉਡਾਈਆ । ਸਤਿ ਸਤਿ ਵੇਖੇ ਮਾਰ ਧਿਆਨ, ਸਤਿ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਕਰੇ ਕੁੜਮਾਈਆ । ਸਤਿ ਸਤਿ ਸਾਚਾ ਰੰਗ, ਸਤਿ ਸਤਿ ਆਪ ਚੜ੍ਹਾਇਆ । ਸਤਿ ਸਤਿ ਵਸਿਆ ਸੰਗ, ਸਤਿ ਸਤਿ ਸਗਲਾ ਸੰਗ ਰਖਾਇਆ । ਸਤਿ ਸਤਿ ਮੰਗੀ ਮੰਗ, ਸਤਿ ਸਤਿ ਧਰਮ ਇਕ ਰਖਾਇਆ, ਸਤਿ ਸਤਿ ਨੁਹਾਇਆ ਸਾਚੀ ਗੰਗ, ਸਰ ਸਰੋਵਰ ਇਕ ਜਣਾਇਆ । ਸਤਿ ਸਤਿ ਲਾਇਆ ਅੰਗ, ਸਤਿ ਸਤਿ ਅੰਗੀਕਾਰ ਆਪ ਕਰਾਇਆ । ਸਤਿ ਸਤਿ ਵਖਾਏ ਸਚ ਪਲੰਘ, ਸਤਿ ਸਤਿ ਆਪ ਵਿਛਾਇਆ । ਸਤਿ ਸਤਿ ਵਜਾਏ ਇਕ ਮਰਦੰਗ, ਸਚ ਮਰਦੰਗਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਵੇਸ ਵਟਾਇਆ । ਸਤਿ ਪੁਰਖ ਸਤਿ ਅਕਾਲ, ਸਤਿ ਜੋਤ ਜਗਾਈਆ । ਸਤਿ ਸਤਿ ਸਤਿ ਰਖਵਾਲ, ਸਤਿ ਮੇਲਾ ਸਹਿਜ ਸੁਖਦਾਈਆ । ਸਤਿ ਕਾਲ ਸਤਿ ਮਹਾਂਕਾਲ, ਦੀਨ ਦਿਆਲ ਸਤਿ ਅਖਵਾਈਆ । ਸਤਿ ਤਤ ਸਤਿ ਲਏ ਭਾਲ, ਸਤਿ ਸਤਿ ਵੇਖ ਵਖਾਈਆ । ਸਤਿ ਸੂਰਤ ਸਤਿ ਮੂਰਤ ਸਤਿ ਲਾਲ, ਸਤਿ ਸਤਿ ਸੰਤੋਖ ਜਣਾਈਆ । ਸਤਿ ਸ਼ਾਹ ਸਤਿ ਕੰਗਾਲ, ਸਤਿ ਵਣਜਾਰਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦਏ ਵਡਿਆਈਆ ।

ਸਤਿ ਨਾਮ ਸਤਿ ਭੰਡਾਰ, ਸਤਿ ਸ਼ਬਦ ਵਰਤਾਈਆ । ਸਤਿ ਰੂਪ ਆਪ ਕਰਤਾਰ, ਸਤਿ ਸਤਿ ਵਿਚ ਸਮਾਈਆ । ਸਤਿ ਜੋਗ ਸਤਿ ਸ਼ਿੰਗਾਰ, ਸਤਿ ਇਕ ਜਣਾਈਆ । ਸਤਿ ਭੋਗ ਸਤਿ ਪਿਆਰ, ਸਤਿ ਵੇਸ ਇਕ ਕਰਾਈਆ । ਸਤਿ ਸੋਭਾਵੰਤੀ ਹੋਏ ਨਾਰ, ਸਤਿ ਕੰਤ ਇਕ ਰਖਾਈਆ । ਸਤਿ ਸਤਿ ਸਤਿ ਮੁਰਾਰ, ਸਾਂਤਕ ਸਤਿ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਾਜਣ ਹਰਿ ਰਘੁਰਾਈਆ । ਸਤਿ ਸਾਜਣ ਸਤਿ ਮੀਤਾ, ਸਤਿ ਸਤਿ ਆਪ ਅਖਵਾਇਆ । ਸਤਿ ਹਸਤ ਸਤਿ ਕੀਟਾ, ਸਤਿ ਏਕੰਕਾਰਾ ਰੰਗ ਰੰਗਾਇਆ । ਸਤਿ ਕੌੜਾ ਸਤਿ ਮੀਠਾ, ਸਤਿ ਠਾਂਡਾ ਠਾਰ ਜਣਾਇਆ । ਸਤਿ ਪਤਿਤ ਸਤਿ ਪੁਨੀਤਾ, ਪਤਿਤ ਪਾਵਣ ਸਤਿ ਹੋ ਜਾਇਆ । ਸਤਿ ਚਲਾਏ ਆਪਣੀ ਰੀਤਾ, ਸਤਿ ਸਤਿ ਵੇਖ ਵਖਾਇਆ । ਸਚ ਮੰਦਰ ਸਚ ਅਤੀਤਾ, ਸਚ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਵੇਖ ਵਖਾਇਆ । ਸਤਿ ਰੂਪ ਸਤਿ ਮਹਾਨ, ਸਤਿ ਸਤਿ ਜਣਾਈਆ । ਸਤਿ ਬ੍ਰਹਮ ਸਤਿ ਗਿਆਨ, ਸਤਿ ਬੂਝ ਬੁਝਾਈਆ । ਸਤਿ ਪਾਰਬ੍ਰਹਮ ਹੋ ਮਿਹਰਬਾਨ, ਸਤਿ ਸਤਿ ਵੇਖ ਵਖਾਈਆ । ਸਤਿਜੁਗ ਸਾਚੇ ਕਰ ਪਰਵਾਨ, ਆਪ ਆਪਣਾ ਖੇਲ ਖਲਾਈਆ । ਦਰ ਦਰਵੇਸ਼ ਸ੍ਰੀ ਭਗਵਾਨ, ਭੇਵ ਅਭੇਦ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਜਗਤ ਵੱਖਰ ਏਕਾ ਸਤਿ ਪੜ੍ਹਾਈਆ । ਸਤਿ ਸੁਰ ਸਤਿ ਨਿਧਾਨ, ਸਤਿ ਜੋਤ ਜਗਾਈਆ । ਸਤਿ ਭਗਤ ਸਤਿ ਬ੍ਰਹਮ, ਸਤਿ ਰੂਪ ਦਰਸਾਈਆ । ਸਤਿ ਸੋਹੰ ਸਤਿ ਵਰਤ, ਸਤਿ ਗੁਰੂ ਜਣਾਈਆ । ਸਤਿ ਓਅੰ ਸਤਿ ਕਰਨੀ ਕਰਨ, ਕਰਨਹਾਰ ਸਤਿ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿ ਦਏ ਵਡਿਆਈਆ । ਸਤਿ ਸੰਜਮ ਸਤਿ ਨੇਮ, ਸਤਿ ਬਣਤ ਬਣਾਇੰਦਾ । ਸਤਿ ਵੇਖੇ ਸਤਿ ਬ੍ਰਹਮ, ਸਤਿ ਸਤਿ ਮੇਲ ਮਿਲਾਇੰਦਾ । ਸਤਿ ਰੂਪ ਸਤਿ ਕਾਮਧੇਨ, ਸਤਿ ਧਾਰਾ ਦੂਧ ਸਤਿ ਵਹਾਇੰਦਾ । ਸਤਿ ਦੋਹਨ ਸਤਿ ਮੋਹਨ, ਸਤਿ ਸਤਿ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਵੇਖ ਵਖਾਇੰਦਾ । ਸਤਿ ਤਪ ਸਤਿ ਜਾਪ, ਸਤਿ ਹੱਠ ਵਖਾਈਆ । ਸਤਿ ਵੇਖੇ ਆਪਣਾ ਆਪ, ਆਪ ਆਪਣੀ ਬੂਝ ਬੁਝਾਈਆ । ਸਤਿ ਪੁੰਨ ਸਤਿ ਪਾਪ, ਸਤਿ ਸਤਿ ਮੇਟ ਮਿਟਾਈਆ । ਸਤਿ ਥਾਪਨਾ ਰਿਹਾ ਥਾਪ, ਸਤਿ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿ ਕਰੇ ਰੁਸ਼ਨਾਈਆ । ਸਤਿ ਜੋਤ ਸਤਿ ਨਿਰੰਜਣ, ਸਤਿ ਵੇਸ ਵਟਾਇਆ । ਸਤਿ ਪੁਰਖ ਖੇਲ ਅਪਾਰ, ਸਤਿ ਸੰਤਨ ਵਿਚ ਸਮਾਇਆ । ਸਤਿ ਸੰਤ ਸਤਿ ਕੰਤ, ਸਤਿ ਨਾਰੀ ਰੂਪ ਦਰਸਾਇਆ । ਸਤਿ ਮੇਲਾ ਸ੍ਰੀ ਭਗਵੰਤ, ਸਤਿ ਸੇਜਾ ਇਕ ਵਿਛਾਇਆ । ਸਤਿ ਖੇਲੇ ਖੇਲ ਆਦਿ ਜੁਗਾਦਿ ਅਨੰਤ, ਸਤਿ ਜੁਗ ਜੁਗ ਵੇਸ ਵਟਾਇਆ । ਸਤਿ ਭੋਗੀ ਸਤਿ ਰਸੀਆ ਮਣੀਆ ਮੰਤ, ਸਤਿ ਰਸਕ ਰਸਕ ਝਿਰਨਾ ਸਤਿ ਝਿਰਾਇਆ । ਸਤਿ ਜੋਗੀ ਜੋਗ ਜੁਗੀਸ਼ਰ ਸੰਤ, ਸਤਿ ਜਗਤ ਸਤਿ ਜੁਗਤ ਸਤਿ ਮੋਖਸ਼ ਪਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿ ਲਏ ਉਪਾਇਆ । ਸਤਿ ਧਾਰ ਸਤਿ ਉਜਿਆਰ, ਸਤਿ ਸਤਿ ਵੇਖ ਵਖਾਈਆ । ਸਤਿ ਰੂਪ ਸਤਿ ਸੰਸਾਰ, ਸਤਿ ਸਤਿ ਬੈਠਾ ਆਸਣ ਲਾਈਆ । ਸਤਿ ਚਰਨ ਸਤਿ ਕਵਲ ਸਤਿ ਧਵਲ ਖੇਲ ਨਿਆਰ, ਸਤਿ ਸਤਿ ਆਪ ਕਰਾਈਆ । ਸਤਿ ਸੰਤ ਸਾਧਕ ਲਿਵ ਲਾਏ ਤਾਰ, ਸਤਿ ਨੇਤਰ ਨੈਣ ਸਤਿ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿ ਲਏ ਉਪਜਾਈਆ । ਸਤਿ

੮੧੧
੦੭

ਉਤਪਤ, ਸਤਿ ਸਮਾਇਆ । ਸਤਿ ਗਣੇਸ਼ ਗਣਪਤ, ਸਤਿ ਬ੍ਰਹਮਾ ਸ਼ਿਵ ਸਤਿ ਵੇਖ ਵਖਾਇਆ । ਸਤਿ ਕਰੋੜ ਤੇਤੀਸਾ ਉਠੇ ਸੱਤ, ਸਤਿ ਸੁਰਪਤ ਰਾਜਾ ਇੰਦ ਦਏ ਮਿਲਾਇਆ । ਸਤਿ ਨਾਮ ਚਲਾਏ ਸਾਚਾ ਰਥ, ਸਤਿ ਦੋ ਜਹਾਨਾਂ ਵੇਖ ਵਖਾਇਆ । ਸਤਿ ਜਣਾਈ ਅਕਥਨਾ ਅਕੱਥ, ਸਤਿ ਭੇਵ ਨਾ ਕੋਈ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਨਾਮ ਸਤਿ, ਸਾਚਾ ਬੀਜ ਬਿਜਾਇਆ । ਨਾਮ ਸਤਿ ਸਤਿ ਉਤਪਤ, ਹਰਿ ਹਰਿ ਖੇਲ ਖਲਾਈਆ । ਆਪੇ ਮੇਲਾ ਕਮਲਾਪਾਤਾ, ਆਪਣੀ ਬਣਤ ਬਣਾਈਆ । ਸਪਤਮ ਮੇਲ ਪੁਰਖ ਬਿਧਾਤਾ, ਸਪਤਮ ਸਪਤਮ ਸਹਿਜ ਸੁਖਦਾਈਆ । ਸਪਤਮ ਹੋਏ ਉਤਮ ਜ਼ਾਤਾ, ਦਰ ਦਵਾਰਾ ਇਕ ਵਖਾਈਆ । ਏਕਾ ਚਰਨ ਏਕਾ ਨਾਤਾ, ਏਕਾ ਰਿਹਾ ਬੰਧਾਈਆ । ਏਕਾ ਧਰਤ ਏਕਾ ਮਾਤਾ, ਏਕਾ ਧਵਲ ਸੁਹਾਈਆ । ਏਕਾ ਸ਼ਬਦ ਏਕਾ ਗਾਥਾ, ਏਕਾ ਨਾਮ ਪੜ੍ਹਾਈਆ । ਸੋਹੰ ਸਾਚੀ ਪੂਜਾ ਪਾਠਾ, ਗੌਤਮ ਮੁਖ ਰਖਾਈਆ । ਗੱਗਾ: ਗੋਬਿੰਦ ਟੇਕੇ ਮਾਥਾ, ਤੱਤਾ ਤਮਾ ਗਵਾਈਆ । ਮੰਮਾ ਮਹਿਮਾ ਅਗਣਤ, ਮਿਲਿਆ ਮੇਲ ਸਾਚੇ ਮਾਹੀਆ । ਮਾਰਗ ਲਾਏ ਜੀਓ ਪਿੰਡ ਬਣਾਇਆ ਤਨ ਤਨ ਕਾਚਾ, ਨਗਰ ਖੇੜਾ ਇਕ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਜਗਤ ਗੋਦਾਵਰੀ ਜਗਤ ਘਾਟ, ਸਤਿ ਸਤਿ ਵਰਤਾਇਆ । ਨੌਂ ਨੌਂ ਨੇਜੇ ਵੇਖੇ ਪਾਟ, ਡੂੰਘੀ ਕੰਦਰ ਡੇਰਾ ਲਾਇਆ । ਧਰਤ ਮਾਤ ਸਾਚੀ ਖਾਟ, ਸਤਿ ਵਿਛੌਣਾ ਇਕ ਵਿਛਾਇਆ । ਕਾਇਆ ਵੇਖੇ ਸਾਚਾ ਹਾਟ, ਮੰਦਰ ਅੰਦਰ ਖੋਜ ਖੁਜਾਇਆ । ਸਰ ਸਰੋਵਰ ਵੇਖੇ ਤੀਰਥ ਤਾਟ, ਧਰਨੀ ਉਪਰ ਸੀਸ ਟਿਕਾਇਆ । ਜੋਤੀ ਅਗਨੀ ਇਕ ਲਲਾਟ, ਜੋਤ ਨਿਰੰਜਣ ਦਰਸ਼ਨ ਪਾਇਆ । ਆਪਣਾ ਲਾਹਾ ਆਪੇ ਖਾਟ, ਘਰ ਆਪਣੇ ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਮੇਲਾ ਸਹਿਜ ਸੁਭਾਇਆ । ਨੌਂ ਦਰ ਤੇਰਾ ਡੂੰਘਾ ਘਾਟ, ਨੌਂ ਨੌਂ ਨੇਜ਼ ਵਖਾਈਆ । ਆਪੇ ਖੋਲ੍ਹਣਹਾਰਾ ਤਾਕ, ਧਰਨੀ ਝਿਰਨਾ ਇਕ ਝਿਰਾਈਆ । ਅੰਮ੍ਰਿਤ ਆਤਮ ਦੇਵੇ ਮਾਟ, ਕਾਇਆ ਪੋਚ ਪੋਚਾਈਆ । ਜੋਤ ਨੁਰਾਨੀ ਦਿਸੇ ਲਾਟ, ਲਿਲਾਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਸਚ ਸੱਚੀ ਸਰਨਾਈਆ । ਸੋਹੰ ਸ਼ਬਦ ਉਜਾਲਾ, ਗੌਤਮ ਮੁਖ ਸੁਹਾਇਆ । ਰਸਨਾ ਗਾਏ ਗੁਰ ਗੋਪਾਲਾ, ਏਕਾ ਦੂਜਾ ਭੌ ਚੁਕਾਇਆ । ਏਕਾ ਪਾਈ ਸਾਚੀ ਮਾਲਾ, ਰਤਨ ਅਮੋਲਕ ਗਲ ਲਟਕਾਇਆ । ਆਪੇ ਤੋੜ ਜਗਤ ਜੰਜਾਲਾ, ਆਪ ਆਪਣਾ ਲੇਖ ਚੁਕਾਇਆ । ਸਤੀ ਸਤਿ ਜਗਤ ਉਬਾਲਾ, ਖੇਲਣਹਾਰ ਖੇਲ ਖਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਧਰਨੀ ਧਵਲ ਕਰ ਪਿਆਰ, ਨੌਂ ਨੌਂ ਨੂਰ ਸਮਾਈਆ । ਜੋਤੀ ਨੂਰ ਕਰ ਉਜਿਆਰ, ਸਾਚਾ ਮੰਦਰ ਫੋਲ ਫੁਲਾਈਆ । ਗੋਦਾਵਰੀ ਤੇਰੀ ਠਾਂਡੀ ਧਾਰ, ਸਤਿਜੁਗ ਰੂਪ ਸੁਹਾਈਆ । ਰਿਖੀ ਰਖੇਸ਼ਰ ਲੰਘ ਦਵਾਰ, ਦੋਏ ਜੋੜ ਸੀਸ ਝੁਕਾਈਆ । ਅੰਤਮ ਨਾਤਾ ਤੁੱਟੇ ਵਿਚ ਸੰਸਾਰ, ਪੰਜ ਤਤ ਰਹਿਣ ਨਾ ਪਾਈਆ । ਮੰਡਲ ਉਪਰ ਹੋ ਉਜਿਆਰ, ਲੱਖ ਚੁਰਾਸੀ ਵੇਖ ਵਖਾਈਆ । ਤਿੰਨਾਂ ਲੋਕਾਂ ਇਕ ਪਿਆਰ, ਸਾਚਾ ਵਣਜ ਇਕ ਕਰਾਈਆ । ਸਚਖੰਡ ਦਵਾਰਾ ਕਵਣ ਦਵਾਰ, ਕਵਣ ਘਰ ਸੱਚੀ ਸ਼ਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਤੇਰੀ ਜੋਤ ਮੇਰਾ ਵਰਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਸੁਣਾਈਆ । ਸ਼ਬਦ ਸੁਨੇਹੜਾ ਹਰਿ ਭਗਵਾਨ, ਹਰਿਜਨ ਆਪ ਸੁਣਾਇੰਦਾ । ਤ੍ਰੇਤਾ ਦੁਆਪਰ

ਤੇਰੀ ਨਾ ਕਰੇ ਕੋਈ ਪਛਾਣ, ਨਾ ਕੋਈ ਮੇਲ ਮਿਲਾਇੰਦਾ । ਹੋਏ ਸਿੰਘਾਸਣ ਜ਼ਿਮੀਂ ਅਸਮਾਨ, ਗਗਨ ਮੰਡਲ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਭੇਵ ਕੋਈ ਨਾ ਪਾਇੰਦਾ । ਕਲਜੁਗ ਅੰਤਮ ਜੋਤ ਜਗੇ ਸ੍ਰੀ ਭਗਵਾਨ, ਲੋਕਮਾਤ ਵੇਖ ਵਖਾਇੰਦਾ । ਨਿਹਕਲੰਕ ਬਲੀ ਬਲਵਾਨ, ਲਹਿਣਾ ਦੇਣਾ ਝੋਲੀ ਪਾਇੰਦਾ । ਏਕਾ ਹਰਿ ਮਿਹਰਵਾਨ, ਇਕ ਧਿਆਨ ਲਗਾਇੰਦਾ । ਸੋਹੰ ਸਾਚਾ ਨੌਜਵਾਨ, ਸਤਿ ਸਤਿ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਟਨ ਕੋਟੀ ਵੇਖ ਵਖਾਇੰਦਾ । ਸੋਹੰ ਸ਼ਬਦ ਸਚ ਸਿੰਘਾਸਣ, ਹਰਿ ਹਰਿ ਸੇਜ ਵਿਛਾਈਆ । ਸਾਚਾ ਮੇਲਾ ਸ਼ਾਹੋ ਸ਼ਾਬਾਸ਼ਣ, ਪੁਰਖ ਅਬਿਨਾਸ਼ਣ ਵੇਖ ਵਖਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਅਕਾਸ਼ਨ, ਸਚਖੰਡ ਧਾਰ ਇਕ ਵਖਾਈਆ । ਚਰਨ ਕਵਲ ਕਵਲ ਚਰਨ ਪੁਰਖ ਅਬਿਨਾਸ਼ਣ, ਆਪਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਪਤਮ ਸਾਚਾ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਜੁਗ ਲਹਿਣਾ ਜੁਗ ਦੇਣਾ ਜੁਗ ਪੂਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਤਤ ਨਾ ਕੋਈ ਬੁਝਾਈਆ ।

ਸੰਗਤ ਧੂੜ ਹਰਿਜਨ ਖ਼ਾਕ, ਹਰਿ ਹਰਿ ਸੀਸ ਉਠਾਈਆ । ਪਾਪੀ ਪਤਿਤ ਕਰੇ ਪਾਕੀ ਪਾਕ, ਦੁਰਮਤ ਮੈਲ ਧਵਾਈਆ । ਗੋਦਾਵਰੀ ਤੇਰਾ ਨਾਤਾ ਤੁੱਟਾ ਸਾਕ, ਚੌਥੇ ਜੁਗ ਰਹਿਣ ਨਾ ਪਾਈਆ । ਸੰਤ ਸੁਹੇਲੇ ਜੋ ਜਨ ਬੈਠੇ ਰਹੇ ਝਾਕ, ਗੁਰ ਗੋਬਿੰਦ ਵੇਖ ਵਖਾਈਆ । ਸਚਖੰਡ ਦਵਾਰਾ ਖੋਲ੍ਹ ਤਾਕ, ਚਰਨ ਕਵਲ ਬਖ਼ਸ਼ੇ ਸਚ ਸ਼ਰਨਾਈਆ । ਸ਼ਬਦ ਘੋੜਾ ਦੇਵੇ ਸਾਚਾ ਰਾਕ, ਦੋ ਜਹਾਨਾਂ ਪਾਰ ਕਰਾਈਆ । ਗੁਰਮੁਖ ਮਾਰਨ ਇਕ ਪਲਾਕ, ਵਾਗ ਗੁਰ ਪੂਰੇ ਹੱਥ ਉਠਾਈਆ । ਧੁਰਦਰਗਾਹੀ ਧੁਰ ਫ਼ਰਮਾਣਾ ਧੁਰ ਸ਼ਬਦ ਲੈ ਕੇ ਆਇਆ ਡਾਕ, ਸੋਹੰ ਸਤਾਰ ਇਕ ਹਿਲਾਈਆ । ਸ੍ਰਿਸ਼ਟ ਸਬਾਈ ਭਾਣਾ ਮੰਨੇ ਏਕਾ ਵਾਕ, ਲੇਖਾ ਲਿਖਤ ਨਾ ਕੋਈ ਮਿਟਾਈਆ । ਕਲਜੁਗ ਨਕੇਲ ਪਾਏ ਨਾਕ, ਚਾਰੋਂ ਕੁੰਟ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਪਤਮ ਤੇਰਾ ਵੇਖੇ ਦਰ, ਗਿਰਧਾਰ ਸਿੰਘ ਕਰ ਪਿਆਰ, ਹਰਿ ਹਰਿ ਹਰਿ ਨਰ ਨਰ ਨਰ ਸਰ ਸਰ ਸਰ ਕਿਰਪਾ ਕਰ, ਦੇਣਾ ਦੇਣਾ ਝੋਲੀ ਪਾਈਆ ।

### * ਪਹਿਲੀ ਮੱਘਰ ੨੦੧੫ ਬਿਕ੍ਰਮੀ ਹੈਡ ਪੁਜਾਰੀ ਜੁਗਿੰਦਰ ਸਿੰਘ ਅਤੇ ਉਸ ਦੇ ਪਿਤਾ ਪ੍ਰਤਾਪ ਸਿੰਘ ਦੇ ਕਮਰੇ (ਚੁਬਾਰੇ) ਵਿਚ ਸਚਖੰਡ ਗੁਰਦਵਾਰਾ ਹਜ਼ੂਰ ਸਾਹਿਬ ਨਨਦੇੜ *

ਪੁਰਖ ਅਕਾਲ ਹਰਿ ਸਮਰਥ, ਏਕਾ ਏਕੰਕਾਰਿਆ । ਗੁਰਮੁਖਾਂ ਦੇਵੇ ਨਾਮ ਵੱਥ, ਗੁਰ ਗੋਬਿੰਦ ਵੇਖ ਵਖਾ ਰਿਹਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਜੋ ਜਨ ਆਏ ਦਰਸ਼ਨ ਪਾ ਰਿਹਾ । ਵੇਖ ਵਖਾਏ ਮਸਤਕ ਮੱਥ, ਜੋਤ ਲਿਲਾਟੀ ਆਪ ਜਗਾ ਰਿਹਾ । ਵਸਣਹਾਰਾ ਘਟ ਘਟ, ਹਰ ਘਟ ਮੇਂ ਆਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਖਿਲਾ ਰਿਹਾ ।

ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਈਆ । ਨਾਨਕ ਗੁਰ ਮੀਤ ਮੁਰਾਰ, ਸ਼ਬਦ ਮਿਲਾਵਾ ਇਕ ਵਖਾਈਆ । ਸਤਿਨਾਮ ਕਰ ਉਜਿਆਰ, ਚਾਰ ਵਰਨ ਕਰੇ ਜਣਾਈਆ । ਰਾਓ ਰੰਕਾਂ ਇਕ ਪਿਆਰ, ਨਾਤਾ ਬਿਧਾਤਾ ਇਕ ਬੰਧਾਈਆ । ਸ਼ਾਹ ਸੁਲਤਾਨਾਂ ਕਰਿਆ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਪੂਰਾ ਗੁਰ ਜੋਧਾ ਬਲਕਾਰ, ਸ਼ਬਦ ਖੰਡਾ ਹੱਥ ਉਠਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਪੁਰੀਆਂ ਲੋਆਂ ਵੇਖ ਵਖਾਈਆ । ਰਵ ਸਸ ਕਰੇ ਨਿਮਸਕਾਰ, ਦਰ ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਕਰ ਉਜਿਆਰ, ਰੂਪ ਅਨੂਪ ਸਮਾਇੰਦਾ । ਨਾਨਕ ਸਤਿਗੁਰ ਪਾਵੇ ਸਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਵੇਖ ਵਖਾਇੰਦਾ । ਸੁਤ ਦੁਲਾਰ ਅਪਰ ਅਪਾਰ, ਆਪ ਆਪਣਾ ਸੁਤ ਉਪਜਾਇੰਦਾ । ਪੁਰਖ ਅਕਾਲਾ ਸਿਰਜਣਹਾਰ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਗੁਰ ਗੋਬਿੰਦ ਸੁਤ ਦੁਲਾਰਾ, ਹਰਿ ਹਰਿ ਰੂਪ ਸਮਾਇਆ । ਵੇਖੇ ਵਿਗਸੇ ਕਰ ਵਿਚਾਰਾ, ਦੋ ਜਹਾਨਾਂ ਮੇਲ ਮਿਲਾਇਆ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰਾ, ਆਪ ਆਪਣਾ ਮਾਰਗ ਲਾਇਆ । ਚਾਰ ਵਰਨ ਇਕ ਪਿਆਰਾ, ਏਕਾ ਰਾਹ ਵਿਖਾਇਆ । ਏਕਾ ਦਰ ਇਕ ਦਵਾਰਾ, ਏਕਾ ਮੇਲ ਮਿਲਾਇਆ । ਏਕਾ ਨਾਮ ਇਕ ਭੰਡਾਰਾ, ਏਕਾ ਰਿਹਾ ਵਰਤਾਇਆ । ਏਕਾ ਸ਼ਬਦ ਇਕ ਸ਼ਿੰਗਾਰਾ, ਏਕ ਤਨ ਕਰਾਇਆ । ਏਕਾ ਸ਼ਬਦ ਕਰ ਪਿਆਰਾ ਗੁਰਮੁਖਾਂ ਆਪ ਵਰਤਾਇਆ । ਪੰਚਮ ਮੀਤਾ ਹੋ ਉਜਿਆਰਾ, ਪੰਚਮ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਮੇਲ ਮਿਲਾਇਆ । ਗੁਰ ਗੋਬਿੰਦ ਸੂਰਬੀਰ, ਹਰਿ ਜੋਤ ਜਗਾਈਆ । ਸ਼ਬਦ ਨਿਸ਼ਾਨਾ ਏਕਾ ਤੀਰ, ਗੁਰਮੁਖਾਂ ਆਤਮ ਲਾਈਆ । ਬਜ਼ਰ ਕਪਾਟੀ ਦੇਵੇ ਚੀਰ, ਦੂਈ ਦਵੈਤ ਮੇਟ ਮਿਟਾਈਆ । ਅੰਮ੍ਰਿਤ ਆਤਮ ਦੇਵੇ ਠਾਂਡਾ ਸੀਰ, ਹਉਮੇ ਰਹਿਣ ਨਾ ਪਾਈਆ । ਮਾਇਆ ਮਮਤਾ ਕੱਢੇ ਪੀੜ, ਚਿੰਤਾ ਦੁੱਖ ਰਹੇ ਨਾ ਰਾਈਆ । ਆਪੇ ਚੋਟੀ ਚੜ੍ਹ ਅਖੀਰ, ਗੁਰਮੁਖ ਸਾਚੇ ਲਏ ਮਿਲਾਈਆ । ਸ਼ਾਹ ਸ਼ਹਾਨਾ ਵਡ ਪੀਰਨ ਪੀਰ, ਦਸਤਗੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਸਿੰਘ ਸਿੰਘ ਵੱਡੀ ਵਡਿਆਈਆ । ਸਿੰਘ ਗੋਬਿੰਦ ਸਾਚਾ ਸ਼ੇਰ, ਸ਼ਬਦ ਖੰਡਾ ਹੱਥ ਉਠਾਇੰਦਾ । ਦੋ ਜਹਾਨਾਂ ਬਣ ਦਲੇਰ, ਦੋ ਜਹਾਨਾਂ ਵੇਖ ਵਖਾਇੰਦਾ । ਆਪੇ ਵਸਿਆ ਨੇਰਨ ਨੇਰ, ਨੇੜ ਦੂਰ ਆਪ ਅਖਵਾਇੰਦਾ । ਸ਼ਬਦ ਸੁਹੇਲਾ ਜਾਏ ਘੇਰ, ਸ਼ਬਦ ਡੋਰੀ ਬੰਦ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਇੰਦਾ । ਗੁਰ ਗੋਬਿੰਦ ਹਰਿ ਹਰਿ ਮੀਤਾ, ਹਰਿ ਹਰਿ ਵੇਖ ਵਖਾਇਆ । ਪੁਰਖ ਅਕਾਲ ਇਕ ਅਤੀਤਾ, ਥਿਰ ਘਰ ਬੈਠਾ ਆਸਣ ਲਾਇਆ । ਆਦਿ ਅੰਤ ਠੰਡਾ ਸੀਤਾ, ਏਕ ਰੰਗ ਰੰਗਾਇਆ । ਇਕ ਸੁਣਾਏ ਸੁਹਾਗੀ ਗੀਤਾ, ਵਹਿਗੁਰੂ ਅੱਖਰ ਜਾਪ ਜਪਾਇਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਣ ਨਾਮ ਧਰਾਇਆ । ਆਪ ਆਪਣੀ ਚਲਾਈ ਰੀਤਾ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਦੂਜਾ ਇਸ਼ਟ ਨਾ ਕੋਈ ਵਖਾਇਆ । ਅਕਾਲ ਪੁਰਖ ਇਕ ਗੁਰਦੇਵ, ਗੁਰ ਗੋਬਿੰਦ ਬਣਾਈਆ । ਦਾਤਾ ਦਾਨੀ ਅਲੱਖ ਅਭੇਵ, ਆਦਿ ਨਿਰੰਜਣ ਵੇਖ ਵਖਾਈਆ । ਅੰਮ੍ਰਿਤ ਲਾਇਆ ਰਸਨਾ

ਜਿਹਵ, ਦੁਰਮਤ ਮੈਲ ਕਟਾਈਆ । ਫਲ ਖਵਾਏ ਸਾਚਾ ਮੇਵ, ਪੁਰਖ ਅਗੰਮਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚਾ ਘਰ, ਘਰ ਸਾਚੇ ਵੱਜੇ ਵਧਾਈਆ । ਸਾਚੇ ਘਰ ਸ਼ਬਦ ਧੁਨਕਾਰ, ਸ਼ਬਦ ਤਾਲ ਵਜਾਇਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਸਖੀਆਂ ਮੰਗਲ ਗਾਇਆ । ਪੰਚਮ ਸਚਾ ਕਰ ਪਿਆਰ, ਗੁਰਮੁਖ ਸਾਚੇ ਲਏ ਜਗਾਇਆ । ਤੀਰ ਤੁਫੰਗ ਨੇਜ਼ਾ ਤੁਬਕ ਕਟਾਰ, ਨਾਮ ਖੰਡਾ ਹੱਥ ਉਠਾਇਆ । ਅੰਦਰ ਬਾਹਰ ਪਾਵੇ ਸਾਰ, ਗੁਪਤ ਜ਼ਾਹਿਰ ਭੇਵ ਨਾ ਰਾਇਆ । ਖੇਲੇ ਖੇਲ ਵਿਚ ਸੰਸਾਰ, ਪੁਰਖ ਅਕਾਲਾ ਵੇਸ ਵਟਾਇਆ । ਅਸਵ ਘੋੜਾ ਕਰ ਤਿਆਰ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਜੋਤੀ ਸ਼ਬਦੀ ਕਲਗੀ ਤੋੜਾ, ਮਸਤਕ ਸੀਸ ਟਿਕਾਇਆ । ਗੁਰਮੁਖਾਂ ਗੁਰਸਿਖਾਂ ਆਪੇ ਬੌਹੜਾ, ਆਪ ਆਪਣਾ ਵੇਸ ਵਟਾਇਆ । ਲੱਖ ਚੁਰਾਸੀ ਜੀਵ ਪਰਖੇ ਮਿੱਠੇ ਕੌੜਾ, ਨਾਮ ਘਸਵਟੀ ਏਕਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਗੁਰ ਪੂਰਾ ਵੇਖ ਵਿਖਾਇਆ । ਗੁਰ ਪੂਰਾ ਸਤਿਗੁਰ ਰੂਪ, ਸਤਿ ਪੁਰਖ ਆਪ ਅਖਵਾਇੰਦਾ । ਆਪੇ ਸ਼ਾਹੋ ਆਪੇ ਭੂਪ, ਰਾਓ ਰੰਕ ਆਪ ਹੋ ਜਾਇੰਦਾ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਰ ਸੁਹਾਇੰਦਾ । ਸਤਿਗੁਰ ਗੋਬਿੰਦ ਸਚ ਦੁਲਾਰ, ਹਰਿ ਹਰਿ ਜੋਤ ਜਗਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਨਾ ਕੋਈ ਦਿਸੇ ਕੰਢਾ ਪਾਰ, ਇਕਵੰਜਾ ਬਵੰਜਾ ਆਪੇ ਗਾਈਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਆਪੇ ਜੋਤ ਜਗਾਈਆ । ਗੁਰਸਿਖਾਂ ਕਰੇ ਸਚ ਪਿਆਰ, ਅੰਮ੍ਰਿਤ ਆਤਮ ਜਾਮ ਪਿਆਈਆ । ਖੰਡਾ ਵੇਖੇ ਤਿਖੀ ਧਾਰ, ਹਉਮੇ ਰੋਗ ਗਵਾਈਆ । ਕੱਛ ਕੜਾ ਕ੍ਰਿਪਾਨ, ਕੇਸ ਸੀਸ ਜਗਦੀਸ਼ ਵੱਜੀ ਵਧਾਈਆ । ਰੂਪ ਅਨੂਪ ਸੱਚੀ ਸਰਕਾਰ, ਸਤਿ ਸਰੂਪ ਸਮਾਈਆ । ਆਪ ਆਪਣੇ ਅੱਗੇ ਢਹਿ ਪਿਆ ਦਵਾਰ, ਗੁਰਸਿਖਾਂ ਦਏ ਵਡਿਆਈਆ । ਏਕਾ ਜੋਤੀ ਨੂਰ ਉਜਿਆਰ, ਨੀਚਾਂ ਵਿਚ ਗਿਆ ਸਮਾਈਆ । ਭਰਨਹਾਰ ਆਪ ਭੰਡਾਰ, ਆਪੇ ਰਿਹਾ ਵਰਤਾਈਆ । ਜੁਗ ਜੁਗ ਖੇਲੇ ਖੇਲ ਨਿਆਰ, ਸਮਰਥ ਹੱਥ ਵੱਡੀ ਵਡਿਆਈਆ । ਕਲਜੁਗ ਮੇਟੇ ਕੂੜ ਕੁੜਿਆਰ, ਕੂੜੀ ਕਿਰਿਆ ਰਹਿਣ ਨਾ ਪਾਈਆ । ਚਾਰ ਵਰਨਾਂ ਸੁਹਾਏ ਇਕ ਦਵਾਰ, ਸ਼ੂਦਰ ਵੈਸ਼ ਸ਼ੱਤ੍ਰੀ ਏਕਾ ਧਾਮ ਸੁਹਾਈਆ । ਏਕਾ ਘਰ ਇਕ ਦਰਬਾਰ, ਏਕਾ ਦਰ ਵਖਾਈਆ । ਇਕ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਬਸਤਰ ਕਰ ਤਿਆਰ, ਏਕਾ ਨੈਣ ਸਮਾਈਆ । ਤ੍ਰੈਗੁਣ ਤੇਰਾ ਦੂਰ ਕਿਨਾਰ, ਪੰਜ ਤਤ ਮੋਹ ਚੁਕਾਈਆ । ਆਤਮ ਤੋੜੇ ਗੜ੍ਹ ਹੰਕਾਰ, ਜੋ ਜਨ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਆਪ ਆਪਣਾ ਮੇਲ ਮਿਲਾਈਆ । ਪੁਰੀ ਅਨੰਦ ਪਰਮਾਨੰਦ, ਹਰਿ ਹਰਿ ਰੂਪ ਵਖਾਇਆ । ਸੁਤ ਦੁਲਾਰ ਚੜ੍ਹਿਆ ਚੰਦ, ਏਕਾ ਅਸਮਾਨ ਕਰੇ ਰੁਸ਼ਨਾਇਆ । ਗੁਰਮੁਖਾਂ ਖ਼ੁਸ਼ੀ ਕਰਾਏ ਬੰਦ ਬੰਦ, ਏਕਾ ਦਰ ਸੁਹਾਇਆ । ਮਾਇਆ ਮਮਤਾ ਨਾਤਾ ਤੋੜੇ ਘਮੰਡ, ਤ੍ਰਿਖਾ ਤ੍ਰਿਸ਼ਨਾ ਰਹੇ ਨਾ ਰਾਇਆ । ਦੂਈ ਦਵੈਤੀ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਨਾਉਂ ਧਰਾਇਆ । ਪੰਥ ਖ਼ਾਲਸਾ ਮੇਟੇ ਪੰਧ, ਜੋ ਦਰ ਆਏ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਵੇਖ ਵਖਾਇਆ । ਗੁਰ ਗੋਬਿੰਦ ਹਰਿ ਨਿਰੰਕਾਰ, ਆਪਣੀ ਕਲ ਕਲਧਾਰਿਆ । ਏਕਾ ਜੋਤੀ ਕਰ ਚਮਤਕਾਰ, ਖੇਲੇ ਖੇਲ ਅਪਰ ਅਪਾਰਿਆ । ਅੰਗਦ ਕਰਿਆ ਅੰਗੀਕਾਰ, ਅਮਰਦਾਸ

੮੧੫ ੦੨

ਸੋਹੇ ਬੰਕ ਦਵਾਰਿਆ । ਰਾਮ ਦਾਸ ਸੱਚੀ ਸਰਕਾਰ, ਅੰਮ੍ਰਿਤ ਭਰੇ ਨਾਮ ਭੰਡਾਰਿਆ । ਗੁਰ ਅਰਜਨ ਖੇਲ ਅਗੰਮ ਅਪਾਰ, ਬੋਧ ਗਿਆਨ ਆਪ ਜਣਾ ਲਿਆ । ਗੁਰੂ ਗ੍ਰੰਥ ਕਰ ਤਿਆਰ, ਸੰਤ ਭਗਤ ਸਤਿਗੁਰ ਮੇਲ ਮਿਲਾ ਲਿਆ । ਜੀਆਂ ਜੰਤਾਂ ਦਏ ਆਧਾਰ, ਏਕਾ ਇਸ਼ਟ ਵਖਾ ਲਿਆ । ਦੂਜਾ ਦਿਸੇ ਨਾ ਕੋਈ ਦਵਾਰ, ਨਾ ਕੋਈ ਧਾਮ ਸੁਹਾ ਲਿਆ । ਨਿਰਗੁਣ ਜੋਤੀ ਜੋਤ ਉਜਿਆਰ, ਸਰਗੁਣ ਵੇਸ ਵਟਾ ਰਿਹਾ । ਨਾਮ ਖੰਡਾ ਤੇਜ ਕਟਾਰ, ਆਪ ਆਪਣੇ ਗਲੇ ਲਟਕਾ ਲਿਆ । ਸ਼ੱਤਰੂ ਮਾਰੇ ਤੋੜੇ ਹੰਕਾਰ, ਆਪਣੀ ਧਾਰ ਬੰਧਾ ਲਿਆ । ਹਰਿਰਾਏ ਹੋ ਉਜਿਆਰ, ਹਰੀ ਹਰਿ ਕਾ ਰੰਗ ਵਖਾ ਲਿਆ । ਬਾਲ ਅਵਸਥਾ ਖੇਲ ਅਪਾਰ, ਜੋਤੀ ਜੋਤ ਜਗਾ ਲਿਆ । ਤੇਗ ਬਹਾਦਰ ਸੱਚੀ ਸਰਕਾਰ, ਸਾਚੀ ਥਿਤ ਸੁਹਾ ਲਿਆ । ਆਪ ਆਪਣਾ ਦਿਤਾ ਵਾਰ, ਗ਼ਰੀਬ ਨਿਮਾਣੇ ਗਲੇ ਲਗਾ ਲਿਆ । ਗੁਰ ਗੋਬਿੰਦ ਸੁਤ ਦੁਲਾਰ, ਪੁਰਖ ਅਕਾਲ ਆਪ ਉਪਾ ਲਿਆ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਵੇਖ ਵਖਾ ਲਿਆ । ਭੇਖ ਪਖੰਡਾ ਦਏ ਨਿਵਾਰ, ਸਾਚਾ ਡੰਡਾ ਇਕ ਉਠਾ ਲਿਆ । ਗੁਰਮੁਖ ਆਤਮ ਰੰਡਾ ਨਾ ਰੋਵੇ ਜ਼ਾਰੋ ਜ਼ਾਰ, ਅੰਮ੍ਰਿਤ ਜਾਮ ਇਕ ਪਿਆ ਲਿਆ । ਕਲਜੁਗ ਅੰਤਮ ਪਾਈ ਤੇਰੀ ਵੰਡਾ, ਆਪ ਆਪਣਾ ਵਿਚ ਟਿਕਾ ਲਿਆ । ਨਾ ਕੋਈ ਪੂਜੇ ਕਰੀਰ ਜੰਡਾ, ਮੜ੍ਹੀ ਗੋਰ ਨਾ ਸੀਸ ਨਿਵਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸੰਗ ਨਿਭਾ ਲਿਆ । ਸਾਚਾ ਸੱਜਣ ਏਕੰਕਾਰ, ਏਕਾ ਏਕ ਅਖਵਾ ਰਿਹਾ । ਅਲੱਖ ਅਗੋਚਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆ ਰਿਹਾ । ਜੋਤੀ ਜਗੇ ਅਗੰਮ ਅਪਾਰ, ਨੂਰੋ ਨੂਰ ਦਰਸਾ ਲਿਆ । ਸੋਹੇ ਸਚਖੰਡ ਸੱਚਾ ਦਰਬਾਰ, ਦਰ ਦਵਾਰਾ ਆਪ ਖੁਲ੍ਹਾ ਲਿਆ । ਸ਼ਬਦ ਸਿੰਘਾਸਣ ਅਪਰ ਅਪਾਰ, ਪਾਵਾ ਚੂਲ ਨਾ ਕੋਈ ਰਖਾ ਲਿਆ । ਪੁਰਖ ਅਬਿਨਾਸ਼ੀ ਬੈਠ ਸੱਚੀ ਸਰਕਾਰ, ਸਿਫ਼ਤੀ ਸਲਾਹ ਆਪਣਾ ਹੁਕਮ ਜਣਾ ਲਿਆ । ਦਾਤਾ ਦਾਨੀ ਬੇਪਰਵਾਹ, ਭੇਵ ਅਭੇਦ ਭੇਵ ਖੁਲ੍ਹਾ ਲਿਆ । ਗੁਰ ਗੋਬਿੰਦ ਦੇਵੇ ਜਗਤ ਸਲਾਹ, ਪਾਰਬ੍ਰਹਮ ਆਪ ਸਮਝਾ ਲਿਆ । ਗੁਰ ਸੰਗਤ ਬਣੇ ਆਪ ਮਲਾਹ, ਪੁਰਖ ਅਕਾਲ ਇਕ ਮਨਾ ਲਿਆ । ਜਗਤ ਨਾਤਾ ਲਏ ਤੁੜਾ, ਆਪ ਆਪਣਾ ਖੇਲ ਵਖਾ ਲਿਆ । ਲਹਿਣਾ ਦੇਣਾ ਮਾਤ ਚੁਕਾ, ਧਰਤ ਧਵਲ ਸੁਹਾ ਲਿਆ । ਪੰਚਮ ਆਪ ਦਏ ਤਜਾ, ਪੰਚਮ ਮੋਹ ਚੁਕਾ ਲਿਆ । ਆਪਣਾ ਵੇਖੇ ਆਪੇ ਥਾਂ, ਜੁਗ ਜੁਗ ਵੇਸ ਵਟਾ ਲਿਆ । ਸਤਿਜੁਗ ਤ੍ਰੇਤਾ ਪਕੜੇ ਬਾਂਹ, ਦੁਆਪਰ ਗੁਣ ਹਰਿ ਹਰਿ ਗਾ ਲਿਆ । ਕਲਜੁਗ ਕਰੇ ਸਚ ਨਿਆਂ, ਗੁਰ ਨਾਨਕ ਲੇਖ ਲਿਖਾ ਲਿਆ । ਗੁਰ ਗੋਬਿੰਦ ਬੇਪਰਵਾਹ, ਆਪ ਆਪਣਾ ਆਸਣ ਲਾ ਲਿਆ । ਸਚਖੰਡ ਸੁਹਾਏ ਸਾਚਾ ਥਾਂ, ਹਰਿਸੰਗਤ ਮੇਲ ਮਿਲਾ ਲਿਆ । ਸੰਮਤ ਸੰਮਤੀ ਜਾਣੇ ਜੀਵ ਜਹਾਨਾਂ, ਜੀਵਾਂ ਜੰਤਾਂ ਭੇਵ ਨਾ ਪਾ ਲਿਆ । ਗੁਰਮੁਖਾਂ ਬੱਧਾ ਸੱਚਾ ਗਾਨਾ, ਨਾ ਕੋਈ ਤੋੜ ਤੁੜਾ ਰਿਹਾ । ਧਰਮ ਝੁਲਾਏ ਇਕ ਨਿਸ਼ਾਨਾ, ਬ੍ਰਹਿਮੰਡਾਂ ਵੇਖ ਵਖਾ ਰਿਹਾ । ਇਕ ਭਗੌਤੀ ਕਰ ਪ੍ਰਧਾਨਾ, ਸਾਚੀ ਸਿਖਿਆ ਇਕ ਸਮਝਾ ਰਿਹਾ । ਏਕਾ ਇਸ਼ਟ ਗੁਰਦੇਵ ਰਖਾਣਾ, ਨਾ ਕੋਈ ਵੇਖ ਵਖਾ ਰਿਹਾ । ਹਰਿ ਕਾ ਸ਼ਬਦ ਸਦ ਬਲਵਾਨਾ, ਆਦਿ ਜੁਗਾਦੀ ਵੇਸ ਵਟਾ ਲਿਆ । ਦੇਵਣਹਾਰ ਧੁਰ ਫ਼ਰਮਾਣਾ, ਨਾਮ ਜੈਕਾਰਾ ਏਕਾ ਲਾ ਲਿਆ । ਵਹਿਗੁਰੂ ਫਤਹਿ ਦੋ ਜਹਾਨਾਂ, ਸਾਚਾ ਡੰਕ ਵਜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਏਕਾ ਏਕ, ਅੰਤਮ ਸੁਣਾ ਲਿਆ । ਸ਼ਬਦ ਸੁਨੇਹੁੜਾ ਹਰਿ ਹਰਿ ਆਪ, ਆਪਣਾ ਆਪ ਉਪਾਈਆ । ਗੁਰ ਗੋਬਿੰਦ ਸਿੰਘ ਸਤਿਗੁਰ ਪੂਰੇ ਤੇਰਾ

ਵਡ ਵਡ ਪ੍ਰਤਾਪ, ਤੇਰਾ ਤੇਰਾ ਵੇਖ ਵਖਾਈਆ । ਤੇਰਾ ਨਾਮ ਤੇਰਾ ਜਾਪ, ਤੇਰਾ ਸੰਗ ਨਿਭਾਈਆ । ਕਲਜੁਗ ਕੂੜੀ ਕਿਰਿਆ ਰਹੀ ਕਾਂਪ, ਖੜਗ ਖੰਡਾ ਇਕ ਦਿਸਾਈਆ । ਆਪਣੀ ਥਾਪਣ ਆਪੇ ਥਾਪ, ਪੁਰਖ ਅਕਾਲ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੁੜਾ ਦੇਵੇ ਵਰ, ਸ੍ਰਿਸ਼ਟ ਸਬਾਈ ਦਿਸ ਨਾ ਆਈਆ । ਸ਼ਬਦ ਸੁਨੇਹੁੜਾ ਸਚ ਦੁਲਾਰ, ਹਰਿ ਹਰਿ ਦਵਾਇਆ । ਅਜੂਨੀ ਰਹਿਤ ਮੂਰਤ ਅਕਾਲ, ਨਿਰਭੌ ਰੂਪ ਸਮਾਇਆ । ਦੀਨਾਂ ਬੰਧਪ ਦੀਨ ਦਿਆਲ ਦਇਆ ਨਿਧ ਆਪ ਅਖਵਾਇਆ । ਆਪੇ ਵੇਖੇ ਗੋਬਿੰਦ ਲਾਲ, ਸੁਤ ਦੁਲਾਰਾ ਆਪ ਉਪਾਇਆ । ਆਪੇ ਕਾਲ ਆਪੇ ਮਹਾਂਕਾਲ, ਜਗਤ ਨਗਾਰਾ ਇਕ ਵਜਾਇਆ । ਆਪੇ ਖੇਲੇ ਖੇਲ ਕਮਾਲ, ਖੇਲਣਹਾਰ ਭੇਵ ਨਾ ਰਾਇਆ । ਆਪੇ ਵੇਖੇ ਧਰਮ ਸੱਚੀ ਧਰਮਸਾਲ, ਦਰ ਦਵਾਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੁੜਾ ਦੇਵੇ ਵਰ, ਏਕਾ ਰੰਗ ਰੰਗਾਇਆ । ਸ਼ਬਦ ਸੁਨੇਹੜਾ ਧੁਰ ਦਰਗਾਹ, ਹਰਿ ਹਰਿ ਘਲਾਇੰਦਾ । ਸਤਿਗੁਰ ਪੂਰਾ ਤੱਕੇ ਰਾਹ, ਏਕਾ ਏਕ ਨਜ਼ਰੀ ਆਇੰਦਾ । ਦੂਸਰ ਨਾ ਕੋਈ ਦਿਸੇ ਥਾਂ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਤਿਗੁਰ ਨਾਨਕ ਪਕੜੀ ਬਾਂਹ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਜੋਤ ਵਸੇ ਇਕ ਗਿਰਾਂ, ਏਕਾ ਘਰ ਸੁਹਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਬਾਲ ਅਵਾਣਾ ਨਾ ਕੋਈ ਗੋਦ ਉਠਾਇੰਦਾ । ਸਦਾ ਸੁਹੇਲਾ ਦੇਵਣਹਾਰਾ ਠੰਡੀ ਛਾਂ, ਏਕੰਕਾਰਾ ਵਿਚ ਸਮਾਇੰਦਾ । ਅਨਭਵ ਪ੍ਰਕਾਸ਼ ਆਪ ਕਰਾ, ਆਪ ਆਪਣਾ ਚੋਜ ਕਰਾਇੰਦਾ ।

੮੧੭ ਸ਼ਬਦ ਸੰਦੇਸ਼ਾ ਇਕ ਸੁਣਾ, ਸਾਚਾ ਵੇਸ ਸਾਚੇ ਮਾਹੀ, ਆਪ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ੮੧੭

੦੭ ਵੇਖੇ ਸਾਚਾ ਘਰ, ਘਰ ਠਾਂਡਾ ਇਕ ਸੁਹਾਇੰਦਾ । ਸਚਖੰਡ ਸਚ ਦਵਾਰ, ਸਚ ਦਰਬਾਰ, ਗੁਰ ਗੋਬਿੰਦ ਜੋਤ ਜਗਾਈਆ । ਅੰਤਮ ਵੇਲੇ ਹੋ ੦੭

ਉਜਿਆਰ, ਗੁਰਸਿਖਾਂ ਏਹ ਬੁਝਾਈਆ । ਗੁਰ ਗੱਦੀ ਬਖ਼ਸ਼ੇ ਕਰ ਪਿਆਰ, ਗੁਰੂ ਗ੍ਰੰਥ ਮਨਾਈਆ । ਪੰਥ ਖ਼ਾਲਸਾ ਰਹੇ ਤਿਆਰ, ਧੁਰ ਦਰਬਾਰ ਵੇਖ ਵਖਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਰਾਈਆ । ਹੱਡ ਮਾਸ ਨਾੜੀ ਚੰਮੜੇ ਨਾ ਕਰਨਾ ਕੋਈ ਪਿਆਰ, ਪੰਜ ਤਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵੇਖੇ ਸਹਿਜ ਸੁਭਾਈਆ । ਗੋਬਿੰਦ ਗੁਰ ਸ਼ਬਦ ਜੈਕਾਰ, ਏਕਾ ਕਰ ਪਿਆਰ ਦੇ ਮਤ ਸਮਝਾਇਆ । ਏਕਾ ਸ਼ਬਦ ਗੁਰ ਪਾਵੇ ਸਾਰ, ਪਾਰਬ੍ਰਹਮ ਭੇਵ ਨਾ ਰਾਇਆ । ਏਕੰਕਾਰਾ ਕਰ ਪਸਾਰ, ਲੋਕਮਾਤ ਵੇਖ ਵਖਾਇਆ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਆਪ ਅਪਣੀ ਜੋਤ ਜਗਾਇਆ । ਅੰਤਮ ਵੇਲੇ ਕਰ ਉਜਿਆਰ, ਆਪ ਸੱਜਣ ਮੀਤ ਮੁਰਾਰ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੂਰਾ ਦਏ ਵਡਿਆਇਆ । ਗੁਰ ਪੂਰਾ ਹਰਿ ਰੰਗ ਰਤੜਾ, ਦੇਵੇ ਨਾਮ ਵਧਾਈਆ । ਗੁਰਮੁਖਾਂ ਦੇਵੇ ਸਾਚੀ ਮਤੜਾ, ਸਾਚਾ ਸ਼ਬਦ ਜਣਾਈਆ । ਆਤਮ ਬੀਜੇ ਬੀਜ ਸਾਚੇ ਵਤੜਾ, ਅੰਤਮ ਫਲ ਖਵਾਈਆ । ਕਾਇਆ ਚੋਲਾ ਏਕਾ ਰਤੜਾ, ਨਾਮ ਰੰਗਣ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਵੇਖੇ ਥਾਉਂ ਥਾਈਂਆ । ਗੁਰ ਗੋਬਿੰਦ ਸਾਚਾ ਗੁਰ, ਨਾਨਕ ਰੂਪ ਸਮਾਇਆ । ਲੇਖਾ ਲਿਖਿਆ ਆਇਆ ਧੁਰ, ਨਾ ਕੋਈ ਮੇਟ ਮਿਟਾਇਆ । ਜੋਤੀ ਜੋਤ ਜਾਏ ਜੁੜ, ਜੋਤੀ ਜੋਤ ਵਿਚ ਸਮਾਇਆ । ਅੰਤਮ ਵੇਲੇ ਜਾਏ ਬੌਹੜ, ਕਲਜੁਗ ਕੂਕੇ ਦਏ ਦੁਹਾਇਆ । ਕਿਸੇ ਹੱਥ ਨਾ ਆਏ ਬ੍ਰਹਿਮਣ ਗੌੜ,

੮੧੮

ਉਚੇ ਟਿੱਲੇ ਫੇਲ ਫੁਲਾਇਆ । ਸਚਖੰਡ ਦਵਾਰਾ ਏਕਾ ਪੌੜ, ਮਹੱਲ ਅਟੱਲ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਗੁਰ ਗੋਬਿੰਦ ਅੰਤਮ ਕਲ, ਆਪਣੀ ਖੇਲ ਖਲਾਈਆ । ਆਪਣਾ ਕਰਿਆ ਆਪੇ ਵਲ ਛਲ, ਆਪਣੀ ਅਗਨੀ ਆਪ ਜਲਾਈਆ । ਆਪੇ ਵਸਿਆ ਨਿਹਚਲ ਧਾਮ ਅਟੱਲ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਸਤਿਗੁਰ ਪੂਰਾ ਵਡ ਬਲਕਾਰ, ਏਕਾ ਇਕ ਅਖਵਾਇੰਦਾ । ਮਰੇ ਨਾ ਜਨਮੇ ਵਿਚ ਸੰਸਾਰ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਅਗਨੀ ਤਤ ਨਾ ਕਰੇ ਪਿਆਰ, ਹਵਨੀ ਕਾਠ ਨਾ ਕੋਈ ਸੜਾਇੰਦਾ । ਸਾਚੇ ਅਸਵ ਹੋ ਅਸਵਾਰ, ਸਾਚਾ ਘੋੜਾ ਨਾਮ ਦੌੜਾਇੰਦਾ । ਲੋਆਂ ਪੁਰੀਆਂ ਵਸੇ ਬਾਹਿਰ, ਤ੍ਰੈਲੋਕ ਚਰਨਾਂ ਹੇਠ ਦਬਾਇੰਦਾ । ਚੌਦਾਂ ਲੋਕਾਂ ਪਾਰ ਕਿਨਾਰ, ਬ੍ਰਹਮਾ ਵਿਸ਼ਨ ਦੇਵਤ ਸੁਰ ਰਾਹ ਤਕਾਇੰਦਾ । ਅੰਤਮ ਮੰਗੇ ਲੇਖ ਨਿਆਰ, ਭੇਵ ਅਭੇਦ ਭੇਵ ਖੁਲ੍ਹਾਇੰਦਾ । ਪ੍ਰਗਟ ਹੋ ਵਿਚ ਸੰਸਾਰ, ਧਾਮ ਨਿਆਰ ਇਕ ਸੁਹਾਇੰਦਾ । ਸੰਬਲ ਨਗਰੀ ਕਰ ਉਜਿਆਰ, ਸਾਢੇ ਤਿੰਨ ਬਣਤ ਬਣਾਇੰਦਾ । ਸ਼ਬਦ ਗੁਰ ਡੰਕ ਅਪਾਰ, ਰਾਓ ਰੰਕਾਂ ਆਪ ਸੁਣਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਜੋਤ ਨਿਹਕਲੰਕ ਨਰਾਇਣ ਨਰ, ਲੋਕਮਾਤ ਲਏ ਵਰ, ਆਪ ਆਪਣੇ ਸੰਗ ਰਖਾਇੰਦਾ । ਗੁਰਮੁਖ ਗੁਰਸਿਖ ਸੋਹਿਣ ਸਾਚੇ ਬੰਕ ਦਵਾਰ ਸਚਖੰਡ, ਸਤਿਗੁਰ ਪੂਰੇ ਪਾਈ ਵੰਡ, ਮਨਮੁੱਖ ਗੁਰਮੁਖ ਜੋ ਆਏ ਦਰ ਦਏ ਵਰ, ਏਕਾ ਰੰਗ ਰੰਗਾਇੰਦਾ ।

੦੭
੦੭

## * ਪ੍ਰਤਾਪ ਸਿੰਘ ਵਲੋਂ ਸਤਿਗੁਰਾਂ ਦੇ ਗਲ ਹਾਰ ਪਾਉਣ ਤੇ *

ਨਾਮ ਹਾਰ ਤਨ ਸ਼ਿੰਗਾਰ, ਗੁਰਮੁਖ ਤਨ ਸ਼ਿੰਗਾਰਿਆ । ਆਤਮ ਅੰਤਰ ਇਕ ਪਿਆਰ, ਆਤਮ ਬ੍ਰਹਮ ਵਿਚਾਰਿਆ । ਪੂਰਨ ਗੁਰ ਲਏ ਅਵਤਾਰ, ਗੁਰ ਗੋਬਿੰਦ ਪਾਵੇ ਸਾਰਿਆ । ਦਰਸ ਦਿਖਾਏ ਅਗੰਮ ਅਪਾਰ, ਨੇਤਰ ਤੀਜਾ ਲੋਇਣ ਉਘਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਅੰਤ ਸਾਚਾ ਸੰਤ, ਲਾਏ ਪਾਰ ਕਿਨਾਰਿਆ । ਸਾਚਾ ਹਾਰ ਹਰਿਜਨ ਮੇਲਾ, ਹਰਿ ਹਰਿ ਆਪ ਕਰਾਈਆ । ਏਕਾ ਧਾਮ ਸੁਹਾਏ ਗੁਰੂ ਗੁਰ ਚੇਲਾ, ਗੁਰ ਸ਼ਬਦ ਵੇਖ ਵਖਾਈਆ । ਦੋ ਜਹਾਨਾਂ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਈਆ । ਆਪੇ ਵਸਿਆ ਧਾਮ ਨਵੇਲਾ, ਗੁਰਮੁਖਾਂ ਮੰਦਰ ਅੰਦਰ ਡੇਰਾ ਲਾਈਆ । ਅਚਰਜ ਖੇਲ ਪਾਰਬ੍ਰਹਮ ਕਲਜੁਗ ਤੇਰੀ ਅੰਤਮ ਵਾਰ ਖੇਲਾ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹਾਰ ਵੇਖੇ ਧੁਰਦਰਗਾਹੀਆ । ਧੁਰ ਦਰਗਾਹ ਹਰਿ ਨਿਰੰਕਾਰ, ਸ਼ਬਦੀ ਹਾਰ ਪਹਿਨਾਇਆ । ਨਿਰਗੁਣ ਜੋਤੀ ਕਰ ਉਜਿਆਰ, ਨੇਤਰ ਲੋਚਣ ਨੈਣਾਂ ਦਰਸ ਦਿਖਾਇਆ । ਆਦਿਨ ਅੰਤਾ ਖੇਲ ਅਪਾਰ, ਸਾਧਾਂ ਸੰਤਾਂ ਮੀਤ ਮੁਰਾਰ, ਜੁਗ ਜੁਗ ਵੇਸ ਵਟਾਇਆ । ਜੀਵਾਂ ਜੰਤਾਂ ਦਏ ਉਧਾਰ, ਏਕਾ ਮੰਤਰ ਨਾਮ ਦ੍ਰਿੜਾਇਆ । ਭਵਜਲ ਸਾਗਰ ਪਾਰ ਕਿਨਾਰ, ਜਿਸ ਜਨ ਦਰਸ਼ਨ ਪਾਇਆ । ਆਵਣ ਜਾਵਣ ਉਤਰੇ ਪਾਰ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਦੇਵੇ ਸਾਚਾ ਵਰ,

ਫੂਲਣ ਬਰਖਾ ਏਕਾ ਲਾਇਆ । ਆਤਮ ਸੇਜਾ ਹਰਿਜਨ ਫੂਲ, ਹਰਿਜਨ ਆਪ ਚੜ੍ਹਾਈਆ । ਸੰਤ ਪੰਘੂੜੇ ਰਿਹਾ ਝੂਲ, ਸਚ ਸਿੰਘਾਸਣ ਇਕ ਵਿਛਾਈਆ । ਨਾ ਕੋਈ ਪਾਵਾ ਨਾ ਕੋਈ ਚੂਲ, ਉਪਰ ਬੈਠਾ ਗੋਬਿੰਦ ਸਾਚਾ ਮਾਹੀਆ । ਸ੍ਰਿਸ਼ਟ ਸਬਾਈ ਗਈ ਭੂਲ, ਨੇਤਰ ਨੈਣਾਂ ਦਿਸ ਨਾ ਆਈਆ । ਅੰਤਮ ਕਲਜੁਗ ਆਪ ਚੁਕਾਏ ਲਹਿਣਾ ਦੇਣਾ ਮੂਲ, ਜੋ ਜਨ ਰਸਨਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਘਰ ਸੁਹੰਜਣਾ, ਜਗੇ ਜੋਤ ਆਦਿ ਨਿਰੰਜਣਾ, ਗੁਰਮੁਖ ਜੋਤ ਨਿਰੰਜਣ ਕਰੇ ਰੁਸ਼ਨਾਈਆ । ਜੋਤ ਨਿਰੰਜਣ ਕਰ ਉਜਾਲਾ, ਗੁਰਮੁਖ ਵੇਖ ਵਖਾਇਆ । ਸਤਿਗੁਰ ਪੂਰਾ ਦੀਨ ਦਿਆਲਾ, ਦੀਨਾਂ ਬੰਧਪ ਹੋ ਜਾਇਆ । ਏਥੇ ਓਥੇ ਦੋ ਜਹਾਨੀ ਤੋੜਣਹਾਰਾ ਜਗਤ ਜੰਜਾਲਾ, ਦੇਵੇ ਨਾਮ ਆਤਮ ਤਨ ਮੰਦਰ ਅੰਦਰ ਇਕ ਟਿਕਾਇਆ । ਆਪੇ ਸ਼ਾਹ ਆਪੇ ਕੰਗਾਲਾ ਗੁਰਮੁਖ ਸਚ ਸੁਲਤਾਨ, ਮਿਹਰਬਾਨ ਆਪ ਆਪਣਾ ਆਪ ਉਪਾਇਆ । ਸਾਚੇ ਫੂਲ ਕਰ ਪ੍ਰਵਾਨ, ਧੁਰਦਰਗਾਹੀ ਲੋਕਮਾਤ ਵੇਖਣ ਆਇਆ । ਗੁਰਮੁਖ ਸਾਚੇ ਵਿਟੋਂ ਕੁਰਬਾਨ, ਜਿਸ ਜਨ ਸਤਿਗੁਰ ਸਾਚੇ ਦਰਸ਼ਨ ਪਾਇਆ । ਆਤਮ ਅੰਤਰ ਇਕ ਗਿਆਨ, ਪਾਰਬ੍ਰਹਮ ਸੱਚੀ ਸ਼ਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਾਰ, ਫੂਲਣਹਾਰ ਤਨ ਸ਼ਿੰਗਾਰ ਅਪਰ ਅਪਾਰ, ਚੋਲਾ ਰੰਗਣ ਨਾਮ ਮਜੀਠੀ ਇਕ ਚੜ੍ਹਾਇਆ । ਕਾਇਆ ਚੋਲਾ ਪੰਜ ਤੱਤ, ਹਰਿ ਹਰਿ ਬਣਤ ਬਣਾਈਆ । ਆਤਮ ਅੰਤਰ ਸਾਂਤਕ ਸਤਿ ਦੇਵੇ ਸਾਚੀ ਧੀਰ, ਸੰਤ ਸਤਿਗੁਰ ਇਕ ਵਰਤਾਈਆ । ਵੇਖ ਵਖਾਏ ਸ਼ਸਤਰ ਬਸਤਰ ਸਾਚੇ ਤੀਰ, ਤੀਰ ਨਿਰਾਲਾ ਦੀਨ ਦਿਆਲਾ ਰਸਨਾ ਏਕਾ ਲਾਈਆ । ਗੁਰਸਿਖ ਸਾਚੀ ਚੋਟੀ ਚੜ੍ਹੇ ਇਕ ਅਖੀਰ, ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਮਿਲੇ ਮੇਲ ਬੇਪਰਵਾਹੀਆ । ੮੧੯ ੦੨ ਏਕਾ ਰੰਗ ਰੰਗਾਏ ਸ਼ਾਹ ਫ਼ਕੀਰ, ਵੇਖ ਵਖਾਏ ਔਲੀਏ ਗੌਂਸ ਫ਼ਕੀਰ, ਕੁਤਬ ਕੋਇ ਰਹਿਣ ਨਾ ਪਾਈਆ । ਗੁਰਸਿਖਾਂ ਨਾਨਕ ਗੁਰ ਨਾਮ ਸ਼ਬਦ ਪਾਈ ਸਚ ਜ਼ੰਜੀਰ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਫੁੱਲ ਪਾਵੇ ਮੁਲ, ਧੁਰਦਰਗਾਹ ਬੇਪਰਵਾਹ ਸਾਚੇ ਘਰ ਵੇਖ ਵਖਾਈਆ । ਸਾਚਾ ਫੁੱਲ ਸਾਚੀ ਭੇਟਾ, ਹਰਿ ਹਰਿ ਰੂਪ ਸਮਾਇਆ । ਸਤਿਗੁਰ ਪੂਰਾ ਖੇਵਟ ਖੇਟਾ, ਗੁਰਮੁਖ ਸਾਚੇ ਪਾਰ ਕਰਾਇਆ । ਮਾਤ ਪਿਤ ਆਪੇ ਹੋਏ ਬੇਟੀ ਬੇਟਾ, ਲਾਲ ਦੁਲਾਰਾ ਗੋਦ ਉਠਾਇਆ । ਆਪਣੇ ਸ਼ਬਦ ਆਪ ਲਪੇਟਾ, ਨਾਮ ਦੋਸ਼ਾਲਾ ਉਪਰ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੂਲਣਹਾਰ ਕਰ ਪਿਆਰ, ਸਿਰਜਣਹਾਰ ਵਿਚ ਸਮਾਇਆ ।

### * ੨ ਮੱਘਰ ੨੦੧੫ ਬਿਕ੍ਰਮੀ ਗੁਰਦੁਆਰਾ ਲੰਗਰ ਸਾਹਿਬ ਨਨਦੇੜ ਸੰਤ ਹਰਨਾਮ ਸਿੰਘ ਦੇ ਸਰੋਪਾਓ ਦੇਣ ਤੇ *

ਸਾਚੀ ਭੇਟ ਦਰ ਪਰਵਾਨ, ਹਰਿ ਸੰਤਨ ਮੇਲ ਮਿਲਾਈਆ । ਵੇਖ ਵਖਾਏ ਸ੍ਰੀ ਭਗਵਾਨ, ਅੱਠੇ ਪਹਿਰ ਏਕਾ ਰੰਗ ਰੰਗਾਈਆ । ਗੁਰ ਗੋਬਿੰਦ ਕਰੇ ਧਿਆਨ, ਗੁਰੂ ਗ੍ਰੰਥ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਵੇਖੇ ਸਾਚਾ ਘਰ, ਘਰ ਸਾਚਾ ਜਗਤ ਮਲਾਈਆ । ਸਾਚਾ ਘਰ ਸਚ ਵਡਿਆਈ, ਹਰਿ ਸਾਚਾ ਲੇਖੇ ਲਾਈਆ । ਹਰਿ ਸੰਤਨ ਮੇਲਾ ਸਹਿਜ ਸੁਭਾਈ, ਦਰ ਮੰਗਲ ਏਕਾ ਗਾਈਆ । ਸੰਗਤ ਖ਼ੁਸ਼ੀ ਇਕ ਮਨਾਈ, ਨੇਤਰ ਨੈਣ ਦਰਸ਼ਨ ਪਾਈਆ । ਦੋ ਜਹਾਨ ਮਿਲੇ ਵਡਿਆਈ, ਦੇਵਣਹਾਰਾ ਬੇਪਰਵਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਵੇਖੇ ਸਾਚਾ ਦਰ, ਦਰ ਸਾਚਾ ਇਕ ਸੁਹਾਈਆ । ਸਾਚੀ ਭੇਟਾ ਹਰਿ ਦਰਬਾਰ, ਹਰਿ ਹਰਿ ਆਪ ਚੜ੍ਹਾਈਆ । ਗੁਰੂ ਗ੍ਰੰਥ ਅੱਗੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਭਰੇ ਰਹਿਣ ਸਦਾ ਭੰਡਾਰ, ਤੋਟ ਰਹੇ ਨਾ ਰਾਈਆ । ਸਚ ਖੰਡ ਖੰਡ ਸੱਚ ਬਣੇ ਇਕ ਦਵਾਰ, ਹਰਿ ਸਾਚਾ ਵੇਖ ਵਖਾਈਆ । ਸੰਤ ਨਿਧਾਨ ਮਿਹਰਬਾਨ, ਹਰਿਸੰਗਤ ਗੁਰਮੁਖ ਗੁਰਸਿਖ ਤੇਰਾ ਪਰਵਾਰ, ਲੋਕਮਾਤ ਫਲ ਫੁਲਵਾੜੀ ਵੇਖ ਵਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਪਾਵਣਹਾਰਾ ਸਾਰ, ਸਿਰ ਹੱਥ ਸਮਰਥ ਆਪ ਟਿਕਾਈਆ । ਆਪ ਆਪਣਾ ਆਪਣੇ ਉਤੋਂ ਦਿਤਾ ਵਾਰ, ਸਿੰਘ ਹਰਨਾਮ ਹਰਨਾਮ ਸਿੰਘ ਸਾਚੀ ਰੀਤ ਬਤਾਈਆ । ਜਗਤ ਤਪਿਆ ਤੀਨੋਂ ਤਾਪਾ ਏਕਾ ਜਾਪਾ, ਸਾਚਾ ਜਾਪ ਕਰਾਈਆ । ਆਪ ਪਛਾਣਿਆਂ ਆਪਣਾ ਆਪ, ਹਉਮੇ ਰੋਗ ਰਿਹਾ ਨਾ ਰਾਈਆ । ਸ੍ਰਿਸ਼ਟ ਸਬਾਈ ਰਹੀ ਕਾਂਪ, ਪੂਰੇ ਸੰਤ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਕਰੇ ਵਡ ਪ੍ਰਤਾਪ, ਘਰ ਸਾਚੇ ਨੌਂ ਨਿਧ ਸ਼ਬਦ ਵੱਜੇ ਵਧਾਈਆ ।

### * ੩ ਮੱਘਰ ੨੦੧੫ ਬਿਕ੍ਰਮੀ ਸੰਤ ਨੰਦ ਸਿੰਘ ਦੇ ਨਾਲ ਬਚਨ ਬਖ਼ਸ਼ਿਸ਼ ਗੁਰਦਵਾਰਾ ਮਨਵਾੜ *

ਸੋਹੰ ਸ਼ਬਦ ਸਚਖੰਡ ਜੈਕਾਰ । ਗੁਰਸਿਖ ਸਾਜਣ ਰਸਨ ਉਚਾਰ । ਪਾਰਬ੍ਰਹਮ ਪ੍ਰਭ ਪਾਏ ਸਾਰ । ਕਲਜੁਗ ਅੰਤਮ ਜਾਏ ਤਾਰ । ਲੱਖ ਚੁਰਾਸੀ ਗੇੜ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਗੋਬਿੰਦ ਰੂਪ ਸ਼ਾਹੋ ਭੂਪ, ਅਲੱਖ ਅਗੋਚਰ ਅਗੰਮ ਅਪਾਰ ।



### * ੩ ਮੱਘਰ ੨੦੧੫ ਬਿਕ੍ਰਮੀ ਭਗਤ ਸਿੰਘ ਦੇ ਘਰ ਇਟਾਰਸੀ ਸ਼ਹਿਰ ਮਧਿਆ ਪ੍ਰਦੇਸ਼ *

ਆਦਿ ਪੁਰਖ ਏਕੰਕਾਰ, ਅਕਲ ਕਲਾ ਕਲ ਧਾਰਿਆ । ਆਦਿ ਨਿਰੰਜਣ ਖੇਲ ਅਪਾਰ, ਆਦਿ ਪੁਰਖ ਰੂਪ ਵਟਾ ਲਿਆ । ਨਿਰਗੁਣ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾ ਰਿਹਾ । ਆਦਿ ਸ਼ਕਤ ਵੇਸ ਕਰਤਾਰ, ਆਪ ਆਪਣਾ ਖੇਲ ਖਿਲਾ ਰਿਹਾ । ਅਕਾਲ ਮੂਰਤ ਹੋ ਤਿਆਰ, ਅਨਭਵ ਪ੍ਰਕਾਸ਼ ਸਮਾ ਰਿਹਾ । ਇਕ ਇਕੱਲਾ ਪਾਵੇ ਸਾਰ, ਆਦਿ ਜੁਗਾਦੀ ਵੇਸ ਵਟਾ ਲਿਆ । ਸਚ ਮਹੱਲਾ ਅਪਰ ਅਪਾਰ, ਥਿਰ ਘਰ ਆਸਣ ਲਾ ਲਿਆ । ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਪੁਰਖ ਅਬਿਨਾਸ਼ੀ ਖੇਲ ਖਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਵਰਤਾ ਲਿਆ । ਖੇਲਣਹਾਰ ਹਰਿ ਭਗਵਾਨਾ, ਆਦਿ ਜੁਗਾਦਿ ਅਖਵਾਇਆ । ਖੇਲੇ ਖੇਲ ਦੋ ਜਹਾਨਾਂ, ਭੇਦ ਅਭੇਦ ਛੁਪਾਇਆ । ਇਕ ਵਖਾਏ ਧਰਮ ਨਿਸ਼ਾਨਾ, ਦਰਗਹਿ ਸਾਚੀ ਆਪ ਝੁਲਾਇਆ । ਜੋਤੀ ਦੀਪਕ ਇਕ ਮਹਾਨਾ, ਆਪ ਆਪਣਾ ਕਰ ਰੁਸ਼ਨਾਇਆ । ਆਪ ਆਪਣਾ ਗਾਏ ਗਾਣਾ, ਆਪ ਆਪਣਾ ਸ਼ਬਦ ਅਲਾਇਆ । ਆਪ ਸੁਣਾਏ ਅਨਾਦੀ ਤਰਾਨਾ, ਧੁਨੀ ਨਾਦ ਆਪ ਉਪਜਾਇਆ । ਆਪੇ ਵੇਖੇ ਮਾਰ ਧਿਆਨਾ, ਵੇਖਣਹਾਰ ਆਪ ਹੋ ਜਾਇਆ । ਆਪ ਸੁਹਾਏ ਸਾਚਾ ਥਾਨਾ, ਥਾਨ ਸੁਹਾਵਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਜੋਤੀ ਨੂਰ ਹਰਿ ਕਰਤਾਰ, ਨਿਰਗੁਣ ਜੋਤ ਜਗਾਈਆ । ਥਿਰ ਘਰ ਬੈਠ ਆਪਣੇ ਅੰਦਰ, ਅਲੱਖ ਨਿਰੰਜਣ ਵੇਸ ਵਟਾਈਆ । ਅਗੰਮ ਅਗੋਚਰ ਭੇਵ ਨਿਆਰ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਰੰਗ ਰੰਗਾਏ ਹਰਿ ਭਗਵੰਤਾ, ਆਪਣਾ ਆਪ ਰੰਗਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇਆ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇਆ । ਆਪ ਬਣਾਏ ਆਪਣੀ ਬਣਤਾ, ਮਾਤ ਪਿਤ ਨਾ ਕੋਈ ਰਖਾਇਆ । ਆਪਣੀ ਮਹਿਮਾ ਜਾਣੇ ਅਗਣਤਾ, ਲੇਖਾ ਲਿਖਤ ਵਿਚ ਨਾ ਆਇਆ । ਆਪ ਉਪਾਏ ਜੀਵ ਜੰਤਾਂ, ਜੀਵਾਂ ਜੰਤਾਂ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਹਰਿ ਹਰਿ ਵੇਸ ਹਰਿ ਅਵੱਲਾ, ਆਪਣਾ ਆਪ ਕਰਾਈਆ । ਖੇਲੇ ਖੇਲ ਇਕ ਇਕੱਲਾ, ਆਪਣੀ ਕਲ ਵਰਤਾਈਆ । ਆਪੇ ਵਸਿਆ ਜਲਾ ਥਲਾਂ, ਜੰਗਲ ਜੂਹ ਉਜਾੜ ਪਹਾੜ ਆਪੇ ਡੇਰਾ ਲਾਈਆ । ਪਾਰਬ੍ਰਹਮ ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਸਰਗੁਣ ਵੇਸ ਵਟਾਈਆ । ਆਪ ਆਪਣਾ ਦਰ ਆਪੇ ਮੱਲਾ, ਆਪ ਆਪਣਾ ਵੇਖ ਵਖਾਈਆ । ਆਪ ਫੜਾਏ ਆਪਣਾ ਪੱਲਾ, ਆਪੇ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਰਚਨ ਰਚਾਏ ਹਰਿ ਨਰਾਇਣ, ਆਪਣਾ ਰੂਪ ਸਮਾਇਆ । ਵੇਦ ਕਤੇਬ ਸ਼ਾਸਤਰ ਸਿਮਰਤ ਸਾਰੇ ਕਹਿਣ, ਭੇਵ ਕਿਸੇ ਨਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਨਾਮ ਨਾਮਾ ਹਰਿ ਹਰਿ ਲੈਣ, ਆਪ ਆਪਣਾ ਸੀਸ ਝੁਕਾਇਆ । ਪੁਰੀਆਂ ਲੋਆਂ ਧਾਮ ਅਵੱਲੇ ਸਾਚੇ ਬਹਿਣ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਸ ਵਟਾਇਆ । ਨਿਰਗੁਣ ਜੋਤੀ ਹਰਿ ਉਜਾਲਾ, ਆਪਣੀ ਕਿਰਪਾ ਧਾਰਿਆ । ਦੀਨਾਂ ਬੰਧਪ ਦੀਨ ਦਿਆਲਾ, ਜੁਗ ਜੁਗ ਲਏ ਅਵਤਾਰਿਆ । ਵੇਖ ਵਖਾਏ ਦੋ ਜਹਾਨਾਂ, ਏਕਾ ਏਕ ਹਰਿ ਨਿਰੰਕਾਰਿਆ । ਆਪ ਤੋੜਨਹਾਰ ਜੰਜਾਲਾ, ਜਾਗਰਤ ਜੋਤ ਇਕ ਜਗਾ ਰਿਹਾ । ਲੱਖ ਚੁਰਾਸੀ ਕਾਇਆ ਵੇਖ ਧਰਮਸਾਲਾ, ਤ੍ਰੈਗੁਣ ਵੇਸ ਵਟਾ ਲਿਆ । ਪੰਜ ਤਤ ਹੋਏ ਰਖਵਾਲਾ, ਤ੍ਰੈ ਸੰਗ ਮਿਲਾ ਲਿਆ । ਮਨ ਮਤ ਬੁੱਧ ਕਰੇ ਪ੍ਰਿਤਪਾਲਾ, ਹਰਿ ਏਕਾ ਏਕ ਨਾਉਂ ਧਰਾ ਲਿਆ । ਅੰਤਮ ਖੇਲੇ ਖੇਲ ਨਿਰਾਲਾ, ਘਰ ਘਰ ਵਿਚ ਆਪ ਟਿਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਚਲਾ ਰਿਹਾ । ਜੋਤੀ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਨਿਰਗੁਣ ਨਿਰਗੁਣ ਖੇਲ ਅਪਾਰ, ਪਾਰਬ੍ਰਹਮ ਰੂਪ ਵਟਾਈਆ । ਸਤਿ ਪੁਰਖ ਨਿਰੰਜਣ ਕਿਰਪਾ ਧਾਰ, ਸਾਚਾ ਮੀਤੜਾ ਆਪ ਹੋ ਜਾਈਆ । ਸੋਹੰ ਸ਼ਬਦ ਤਿਖੀ ਧਾਰ, ਏਕਾ ਰੂਪ ਅਖਵਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਤਖ਼ਤ ਸੁਲਤਾਨ ਬੈਠਾ ਬੇਪਰਵਾਹੀਆ । ਸ੍ਰਿਸ਼ਟ ਸਬਾਈ ਨਿਗਹਬਾਨ, ਏਕਾ ਏਕ ਅਖਵਾਈਆ । ਨੇਤਰ ਨੈਣਾਂ ਕਰ ਧਿਆਨ, ਦ੍ਰਿਸ਼ਟ ਇਸ਼ਟ ਵਿਖਾਈਆ । ਆਪੇ ਵਿਸ਼ਨੂੰ ਹੋ ਭਗਵਾਨ, ਚਤੁਰਭੁਜ ਨਾਉਂ ਧਰਾਈਆ । ਬ੍ਰਹਮਾ ਮੀਤਾ ਕਰ ਪਰਵਾਨ, ਕਵਲ ਕਵਲਾ ਆਪ ਖੁਲ੍ਹਾਈਆ । ਚਾਰੇ ਮੁਖ ਸਾਰੇ ਗਾਣ, ਏਕਾ ਮੁਖ ਖੁਲ੍ਹਾਈਆ । ਏਕਾ ਅੱਖਰ ਕਰ ਪਛਾਣ, ਏਕਾ ਵਿਦਿਆ ਦਏ ਪੜ੍ਹਾਈਆ । ਏਕਾ ਬ੍ਰਹਮ ਬ੍ਰਹਮ ਗਿਆਨ, ਪਾਰਬ੍ਰਹਮ ਸ਼ਰਨਾਈਆ । ਪਾਰਬ੍ਰਹਮ ਵੇਖੇ ਮਾਰ ਧਿਆਨ, ਨਾ ਕੋਈ ਦੂਸਰ ਸੰਗ ਰਖਾਈਆ । ਮੰਡਲ ਮੰਡਪ ਸਾਰੇ ਗਾਣ, ਰਵ ਸਸ ਰਹੇ ਸ਼ਰਨਾਈਆ । ਲੋਆਂ ਪੁਰੀਆਂ

ਕਰ ਪਛਾਣ, ਚੌਦਾਂ ਹੱਟਾਂ ਵੇਖ ਵਖਾਈਆ । ਤਿੰਨਾਂ ਲੋਕਾਂ ਇਕ ਗਿਆਨ, ਆਪ ਆਪਣਾ ਦਏ ਸੁਣਾਈਆ । ਸਰਬ ਜੀਆਂ ਦਾਤਾ ਸ੍ਰੀ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਦਿ ਅੰਤ ਖੇਲ ਮਹਾਨ, ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਕ ਸਮਾਈਆ । ਆਪ ਆਪਣੇ ਅੰਕ ਸਮਾ, ਆਪਣੀ ਜੋਤ ਜਗਾਇੰਦਾ । ਆਪ ਆਪਣਾ ਰੰਗ ਰੰਗਾ, ਆਪੇ ਵੇਖ ਵਖਾਇੰਦਾ । ਆਪ ਆਪਣਾ ਸੰਗ ਨਿਭਾ, ਸਗਲਾ ਸੰਗ ਨਿਭਾਇੰਦਾ । ਆਪ ਆਪਣੀ ਧਾਰਾ ਗੰਗ ਵਹਾ, ਆਪ ਆਪਣੀ ਧਾਰ ਵਹਾਇੰਦਾ । ਆਪ ਆਪਣਾ ਦਰ ਸੁਹਾ, ਜੋਤ ਨਿਰੰਜਣ ਦੀਵਾ ਬਾਤੀ ਇਕ ਜਗਾਇੰਦਾ । ਆਪ ਆਪਣਾ ਆਸਣ ਲਾ, ਆਪਣੀ ਸੇਜਾ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਖਿਲਾ, ਨਿਰਗੁਣ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਏਕੰਕਾਰਾ ਨਾਉਂ ਧਰਾਈਆ । ਕਰਤਾ ਪੁਰਖ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਜਾਗਰਤ ਜੋਤ ਜਗੇ ਅਪਾਰ, ਏਕਾ ਨੂਰ ਕਰੇ ਰੁਸ਼ਨਾਈਆ । ਵੰਡੇ ਵੰਡ ਹਰਿ ਕਰਤਾਰ, ਆਪ ਆਪਣਾ ਅੰਗ ਕਟਾਈਆ । ਬ੍ਰਹਿਮੰਡ ਖੰਡ ਵਰਭੰਡ ਜੇਰਜ ਅੰਡ ਪਾਵੇ ਸਾਰ, ਉਤਭੁਜ ਸੇਤਜ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੀਤਾ ਏਕਾ ਨੀਤਾ ਏਕਾ ਰੂਪ ਦਰਸਾਈਆ । ਏਕਾ ਨੇਤਰ ਇਕ ਗਿਆਨ, ਏਕਾ ਸ਼ਬਦ ਜਣਾਈਆ । ਏਕਾ ਚਰਨ ਇਕ ਧਿਆਨ, ਏਕਾ ਰੂਪ ਦਰਸਾਈਆ । ਏਕਾ ਬ੍ਰਹਮ ਕਰ ਪਛਾਣ, ਏਕਾ ਬ੍ਰਹਮ ਜਣਾਈਆ । ਏਕਾ ਜੋਤੀ ਜਗੇ ਮਹਾਨ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਸ਼ਬਦ ਸੁਣਾਏ ਕਾਨ, ਏਕਾ ਤਾਲ ਸੁਹਾਈਆ । ਏਕਾ ਦਰ ਮੇਲ ਮਿਲਾਏ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤਾ ਹਰਿ ਭਗਵੰਤਾ ਰੂਪ ਵਟਾਈਆ । ਜੁਗ ਜੁਗ ਪੁਰਖ ਅਬਿਨਾਸ਼ਾ, ਆਪ ਅਪਣੀ ਕਲ ਧਾਰਿਆ । ਵੇਖਣਹਾਰਾ ਜਗਤ ਤਮਾਸ਼ਾ, ਨਿਰਗੁਣ ਸਰਗੁਣ ਵੇਸ ਵਟਾ ਲਿਆ । ਪੁਰੀਆਂ ਲੋਆਂ ਪਾਵੇ ਰਾਸਾ, ਮੰਡਲ ਮੰਡਪ ਆਪ ਸੁਹਾ ਰਿਹਾ । ਵੇਖ ਵਖਾਏ ਪ੍ਰਿਥਮੀ ਅਕਾਸ਼ਾ, ਗਗਨ ਪਤਾਲਾਂ ਫੇਰਾ ਪਾ ਰਿਹਾ । ਹਰ ਘਟ ਆਪੇ ਰੱਖੇ ਵਾਸਾ, ਆਪ ਆਪਣਾ ਮੁਖ ਛੁਪਾ ਰਿਹਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਆਪ ਆਪਣੇ ਰੰਗ ਸਮਾ ਰਿਹਾ । ਭਾਗ ਲਗਾਏ ਕਾਇਆ ਕਾਸਾ, ਸੰਤ ਸੁਹੇਲੇ ਆਪ ਉਠਾ ਰਿਹਾ । ਭਗਤਨ ਮੀਤਾ ਦਰਸ ਪਿਆਸਾ, ਨਾਮ ਭਗਤੀ ਇਕ ਦ੍ਰਿੜਾ ਰਿਹਾ । ਰਸਨ ਚਲਾਏ ਸਵਾਸ ਸਵਾਸਾ, ਦੰਦ ਬਤੀਸਾ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਮ ਧਰਾ ਲਿਆ । ਜਗ ਦੂਲ੍ਹਾ ਹਰਿ ਗੋਬਿੰਦ, ਸਗਲੀ ਚਿੰਦ ਮਿਟਾਈਆ । ਵਾਰ ਅਠਾਰਾਂ ਗੁਣੀ ਗਹਿੰਦ, ਗਹਿਰ ਗੰਭੀਰ ਸਮਾਈਆ । ਮੇਟਣਹਾਰ ਸਗਲੀ ਚਿੰਦ, ਰੂਪ ਅਨੂਪ ਦਰਸਾਈਆ । ਹਰਿ ਸੰਤ ਬਣਾਏ ਆਪਣੀ ਬਿੰਦ, ਆਪ ਆਪਣੇ ਅੰਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦਏ ਵਧਾਈਆ । ਸਤਿਜੁਗ ਤੇਰਾ ਰੂਪ ਅਵੱਲਾ, ਹਰਿ ਹਰਿ ਜੋਤ ਜਗਾਇੰਦਾ । ਆਪੇ ਬੈਠਾ ਇਕ ਇਕੱਲਾ, ਥਿਰ ਘਰ ਡੇਰਾ ਲਾਇੰਦਾ । ਏਕਾ ਰੰਗ ਇਕ ਮਹੱਲਾ, ਏਕਾ ਸ਼ਬਦ ਅਲਾਇੰਦਾ । ਵੇਖ ਵਖਾਏ ਜਲਾਂ ਥਲਾਂ, ਹਰ ਘਟ ਖੇਲ ਖਲਾਇੰਦਾ । ਏਕਾ ਦੀਪਕ ਜੋਤੀ ਬਲਾ, ਅਗਿਆਨ ਅੰਧੇਰ ਮਿਟਾਇੰਦਾ । ਸੋ ਪੁਰਖ ਨਿਰੰਜਣ ਇਕ ਇਕੱਲਾ, ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੁੜਾ ਸਾਚੇ ਘਰ, ਏਕਾ

੮੨੨
੦੭

ਏਕ ਸੁਣਾਇੰਦਾ । ਸ਼ਬਦ ਸੁਨੇਹੁੜਾ ਹਰਿ ਨਿਰੰਕਾਰ, ਏਕਾ ਰੂਪ ਉਪਾਇੰਦਾ । ਲੇਖਾ ਲਿਖ ਨਾ ਸਕੇ ਵਿਚ ਕੋਈ ਸੰਸਾਰ, ਭੇਦ ਅਭੇਦ ਛੁਪਾਇੰਦਾ । ਰਾਗਾਂ ਨਾਦਾਂ ਵਸਿਆ ਬਾਹਰ, ਰਸਨਾ ਜਿਹਵਾ ਨਾ ਕੋਈ ਗਾਇੰਦਾ । ਬੋਧ ਅਗਾਧਾ ਸ਼ਬਦ ਅਪਾਰ, ਜੁਗ ਜੁਗ ਆਪ ਸੁਣਾਇੰਦਾ । ਆਪ ਸੁਣਾਏ ਆਪਣਾ ਨਾਦ, ਆਪ ਆਪਣੀ ਦਇਆ ਕਮਾਇੰਦਾ । ਸਤਿਜੁਗ ਤੇਰਾ ਸਤਿ ਪਿਆਰ, ਸਾਂਤਕ ਸਤਿ ਵਰਤਾਇੰਦਾ । ਤ੍ਰੈਗੁਣ ਤੇਰਾ ਸਤਿ ਪਿਆਰ, ਦੂਸਰ ਨਾ ਕੋਈ ਵੇਖ ਵਖਾਇੰਦਾ । ਏਕਾ ਏਕ ਰਿਹਾ ਵਿਚਾਰ, ਏਕਾ ਬ੍ਰਹਮ ਜਣਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਆਪਣੀ ਕਰਨੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਆਪੇ ਪੁਰਖ ਅਬਿਨਾਸ਼ੀ ਕਰਤਾ, ਆਪਣੀ ਜੋਤ ਜਗਾਈਆ । ਆਪ ਆਪਣਾ ਖੇਲ ਆਪੇ ਕਰਦਾ, ਆਪਣੇ ਹੱਥ ਰੱਖੇ ਵਡਿਆਈਆ । ਨਾ ਜਨਮੇ ਨਾ ਕਦੇ ਮਰਦਾ, ਆਵਣ ਜਾਵਣ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਆਪ ਆਪਣਾ ਫਲ ਖਵਾਈਆ । ਵਿਸ਼ਨੂੰ ਮੀਤਾ ਹਰਿ ਭਗਵਾਨ, ਹਰਿ ਹਰਿ ਰੂਪ ਸਮਾਇਆ । ਬ੍ਰਹਮਾ ਸ਼ਿਵ ਵੇਖੇ ਮਾਰ ਧਿਆਨ, ਏਕਾ ਰੰਗ ਸਮਾਇਆ । ਸ਼ਿਵ ਸ਼ੰਕਰ ਵੇਖੇ ਹਰਿ ਮਿਹਰਵਾਨ, ਬਾਸ਼ਕ ਤਸ਼ਕਾ ਗਲ ਲਟਕਾਇਆ । ਇਕ ਤ੍ਰਸੂਲ ਹੱਥ ਫੜਾਣਾ, ਏਕਾ ਵੇਖ ਵਖਾਇਆ । ਪਾਰ ਕਰਾਏ ਜੀਆਂ ਜੰਤਾਂ, ਜਿਸ ਜਨ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਚਲਾਇਆ । ਆਪਣੀ ਧਾਰ ਆਪ ਚਲਾ, ਆਪੇ ਦਇਆ ਕਮਾਇੰਦਾ । ਆਪੇ ਦੇਵਣਹਾਰਾ ਵਰ, ਆਪੇ ਵੇਖ ਵਖਾਇੰਦਾ । ਆਪੇ ਵਸਣਹਾਰਾ ਘਰ, ਆਪੇ ਫੇਰਾ ਪਾਇੰਦਾ । ਆਪ ਚੁਕਾਵੇ ਆਪਣਾ ਡਰ, ਨਿਰਭੈ ਆਪ ਹੋ ਜਾਇੰਦਾ । ਆਪ ਨੁਹਾਏ ਆਪਣੇ ਸਰ, ਆਪ ਆਪਣਾ ਤਾਲ ਸੁਹਾਇੰਦਾ । ਆਪਣਾ ਭਾਣਾ ਆਪੇ ਜ਼ਰ, ਆਪ ਆਪਣਾ ਹੁਕਮ ਚਲਾਇੰਦਾ । ਜੁਗ ਜੁਗ ਵੇਸੀ ਵੇਸ ਕਰ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਸਾਧ ਸੰਤ ਲਏ ਵਰ, ਭਗਵੰਤ ਭਗਤ ਮੇਲ ਮਿਲਾਇੰਦਾ । ਆਪਣੀ ਤਰਨੀ ਆਪੇ ਤਰ, ਤਾਰਨਹਾਰ ਆਪ ਅਖਵਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਕਰਨੀ ਆਪ ਕਮਾਇੰਦਾ । ਆਪਣੀ ਵਰਨੀ ਆਪੇ ਵਰ, ਵਰਨ ਗੋਤ ਨਾ ਕੋਈ ਰਖਾਇੰਦਾ । ਸਾਚੇ ਸੰਤਾਂ ਅੰਦਰ ਮੰਦਰ ਜਾਏ ਚੜ੍ਹ, ਨੌਂ ਦਵਾਰੇ ਪਾਰ ਕਰਾਇੰਦਾ । ਦਸਮ ਦਵਾਰੀ ਅੱਗੇ ਖੜ੍ਹ, ਆਪ ਆਪਣਾ ਦਰਸ ਦਿਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ੍ਹ, ਪੰਜ ਤਤ ਨਾ ਕੋਈ ਰਖਾਇੰਦਾ । ਤੋੜਣਹਾਰਾ ਕਿਲਾ ਹੰਕਾਰੀ ਗੜ੍ਹ, ਜੂਠ ਝੂਠ ਮੇਟ ਮਿਟਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਲੋਕ ਵਿਦਿਆ ਨਾ ਰਿਹਾ ਪੜ੍ਹ, ਨਾ ਕੋਈ ਨਾਮ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਵੇਖ ਵਖਾਇੰਦਾ । ਸਤਿਜੁਗ ਸਾਚੀ ਰੁੱਤ ਬਸੰਤਾ, ਹਰਿ ਹਰਿ ਵੇਸ ਵਟਾਇਆ । ਆਪਣੀ ਸੇਜਾ ਆਪੇ ਸੁੱਤਾ, ਨਾਰੀ ਕੰਤਾ ਕੰਤਾ ਨਾਰੀ ਰੂਪ ਸਮਾਇਆ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਸੋ ਪੁਰਖ ਨਿਰੰਜਣ ਬਣਾਏ ਬਣਤ, ਆਪਣਾ ਨਾਮ ਆਪ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲੇਖ ਚੁਕਾਇਆ । ਆਪਣਾ ਲੇਖ ਆਪ ਚੁਕਾਏ, ਹਰਿ ਹਰਿ ਵੱਡੀ ਵਡਿਆਈਆ । ਸਤਿਜੁਗ ਸਾਚਾ ਵੇਖ ਵਖਾਏ, ਸ਼ਬਦ ਸੁਤ ਕਰੇ ਕੁੜਮਾਈਆ । ਯਤ ਸਤਿ ਧੀਰਜ ਆਪ ਰਖਾਏ, ਆਪ ਆਪਣੀ ਬੂਝ ਬੁਝਾਈਆ । ਚਰਨ ਕਵਲ ਨਾਤਾ ਆਪ ਬੰਧਾਏ, ਤੰਦਨ ਤੰਦ ਇਕ ਰਖਾਈਆ । ਆਪੇ

ਰਬ ਰਬਵਾਹੀ ਰਬ ਚਲਾਏ, ਆਪ ਆਪਣਾ ਰਬ ਚਲਾਈਆ । ਮਹਿਮਾ ਅਕਥਨੀ ਅਕੱਥ ਜਣਾਏ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਖੇਲੇ ਖੇਲ ਖੇਲਣਹਾਰਾ, ਏਕਾ ਖੇਲ ਖਲਾਈਆ । ਏਕਾ ਦੂਜਾ ਭੇਵ ਖੁਲ੍ਹਾਵਣਹਾਰਾ, ਤੀਜੇ ਨੈਣ ਦਰਸ ਦਿਖਾਈਆ । ਚੌਥੇ ਪਦ ਸਹਿਜ ਸੁੱਖ ਧਾਰਾ, ਸਾਚਾ ਦਰ ਸੁਹਾਈਆ । ਪੰਚਮ ਮੇਲਾ ਮੇਲਣਹਾਰਾ, ਜਿਸ ਜਨ ਦਇਆ ਕਮਾਈਆ । ਛੇਵੇਂ ਛੱਪਰ ਨਾ ਕੋਈ ਸਹਾਰਾ, ਨਾ ਕੋਈ ਮੰਦਰ ਸੁਹਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਆਪ ਕਰਤਾਰਾ, ਕਰਨੀ ਕਰਤਾ ਨਾਉਂ ਧਰਾਈਆ । ਅੱਠਾਂ ਤੱਤਾਂ ਵਸਿਆ ਬਾਹਿਰ, ਦਿਸ ਕਿਸੇ ਨਾ ਆਈਆ । ਨੌ ਦਵਾਰ ਜਗਤ ਦਵਾਰ, ਭਰਮੇ ਭੁੱਲੀ ਸਰਬ ਲੋਕਾਈਆ । ਦਸਵੇਂ ਮੇਲਾ ਮੀਤ ਮੁਰਾਰ, ਘਰ ਬੈਠਾ ਬੇਪਰਵਾਹੀਆ । ਰਾਮਾ ਰਾਮ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੰਜ ਤਤ ਹੋ ਉਜਿਆਰ, ਲੋਕਮਾਤ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਆਪ ਆਪਣੇ ਕੰਧ ਉਠਾਈਆ । ਆਪੇ ਬਣਿਆ ਮੀਤ ਮੁਰਾਰ, ਚਾਰੋਂ ਕੁੰਟ ਵੇਖ ਵਖਾਈਆ । ਸਾਚੀ ਸੀਤਾ ਕਰ ਪਿਆਰ, ਆਪ ਆਪਣਾ ਸੰਗ ਨਿਭਾਈਆ । ਤੋੜਨਹਾਰ ਗੜ੍ਹ ਹੰਕਾਰ, ਆਪ ਆਪਣੀ ਬਣਤ ਬਣਾਈਆ । ਸ਼ਸਤਰ ਬਸਤਰ ਤਨ ਸ਼ਿੰਗਾਰ, ਏਕਾ ਬਾਣ ਉਠਾਈਆ । ਰਸਨਾ ਚਿੱਲਾ ਜੁਗ ਜੁਗ ਮਾਰਨਹਾਰ ਮਾਰ, ਆਪ ਅਪਣੀ ਦਇਆ ਕਮਾਈਆ । ਕਰੇ ਖੇਲ ਅਗੰਮ ਅਪਾਰ, ਭੇਵ ਕੋਈ ਨਾ ਪਾਈਆ । ਆਪੇ ਹੋਏ ਵਿਸ਼ਿਸ਼ਟ ਗਿਰਧਾਰ, ਆਪ ਆਪਣੀ ਬੂਝ ਬੁਝਾਈਆ । ਆਦਿ ਜੁਗਾਦਿ ਖੇਲ ਨਿਆਰ, ਕਰਨੀ ਕਰਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਰਾਮ ਰਾਮਾ ਹਰਿ ਅਵਤਾਰ, ਰਾਮ ਰੂਪ ਅਖਵਾਇੰਦਾ । ਖੇਲੇ ਖੇਲ ਖੇਲਣਹਾਰ, ਸਾਚੀ ਖੇਲ ਆਪ ਖਲਾਇੰਦਾ । ਆਪ ਆਪਣਾ ਕਰ ਪਿਆਰ, ਸਾਚਾ ਮੀਤਾ ਆਪ ਅਖਵਾਇੰਦਾ । ਬੈਠਾ ਰਹੇ ਇਕ ਅਤੀਤਾ, ਵੇਖਣਹਾਰ ਦਿਸ ਨਾ ਆਇੰਦਾ । ਨਾ ਕੋਈ ਮੰਦਰ ਨਾ ਮਸੀਤਾ, ਗੁਰਦਵਾਰ ਨਾ ਕੋਈ ਰਖਾਇੰਦਾ । ਰਾਮ ਨਾਮ ਇਕ ਅਨਡੀਠਾ, ਨਾਮ ਰਾਮ ਇਕ ਜਪਾਇੰਦਾ । ਪੰਜ ਤਤ ਨਾ ਤਪੇ ਅੰਗੀਠਾ, ਤ੍ਰੈਗੁਣ ਨਾ ਅਗਨੀ ਲਾਇੰਦਾ । ਹਰਿ ਕਾ ਭਾਣਾ ਲਾਗਾ ਮੀਠਾ, ਹਰਿ ਭਾਣਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰ ਸਰਬ ਕੁਲਵੰਤਾ, ਹਰਿ ਹਰਿ ਜੋਤ ਜਗਾਈਆ । ਆਪ ਬੁਝਾਏ ਲੱਗੀ ਬਸੰਤਰ, ਆਪ ਆਪਣੀ ਦਇਆ ਕਮਾਈਆ । ਬਣਤ ਬਣਾਏ ਜੁਗਾ ਜੁਗੰਤਰ, ਆਪ ਆਪਣਾ ਸੰਗ ਨਿਭਾਈਆ । ਏਕ ਨਾਮ ਸੱਚਾ ਮਨਮੰਤਰ, ਏਕਾ ਬੂਝ ਬੁਝਾਈਆ । ਪਾਰ ਕਰਾਏ ਗਗਨ ਗਗਨੰਤਰ, ਗਗਨ ਪਤਾਲਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਈਆ । ਬਣਤ ਬਣਾਈ ਹਰਿ ਭਗਵਾਨ, ਅਚਰਜ ਖੇਲ ਖਲਾਇੰਦਾ । ਜੂਠਾ ਝੂਠਾ ਵੇਖ ਨਿਸ਼ਾਨ, ਆਪ ਆਪਣਾ ਰੰਗ ਰੰਗਾਇੰਦਾ । ਹੰਕਾਰੀ ਵੇਖ ਜਗਤ ਮਕਾਨ, ਲੰਕਾ ਗੜ੍ਹ ਤੁੜ੍ਹਾਇੰਦਾ । ਰਾਮ ਰਾਮਾ ਵੇਖ ਮੈਦਾਨ, ਆਪ ਆਪਣਾ ਤੇਜ ਵਖਾਇੰਦਾ । ਲਹਿਣਾ ਦੇਣਾ ਚੁੱਕੇ ਕਾਨ, ਬ੍ਰਹਮਾ ਸ਼ਿਵ ਜੋ ਲੇਖ ਲਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਆਰਪਾਲ ਵੇਖ ਵਖਾਇੰਦਾ । ਪੂਤ ਸਪੂਤਾ ਆਪ ਉਪਾਵਣਾ, ਹਰਿ ਹਰਿ ਵੱਡੀ ਵਡਿਆਈਆ । ਰਾਵਣ ਰਾਮਾ ਲੇਖੇ ਲਾਵਣਾ, ਏਕਾ ਬ੍ਰਹਮ ਰਖਾਈਆ । ਸ੍ਰਿਸ਼ਟ ਸਬਾਈ ਏਕਾ ਮਾਰਗ ਲਾਵਣਾ, ਏਕਾ ਨਾਮ ਜਪਾਈਆ । ਏਕਾ ਭੇਵ ਆਪ ਖੁਲ੍ਹਾਵਣਾ, ਭੇਵ


੮੨੪
੦੭

Rev-01

ਰਹੇ ਨਾ ਰਾਈਆ । ਚਾਰ ਵਰਨ ਸੰਗ ਨਿਭਾਵਣਾ, ਸਾਚੇ ਸੰਤ ਵੱਜੀ ਵਧਾਈਆ । ਕਾਇਆ ਘਰ ਫੇਰਾ ਪਾਵਣਾ, ਆਪ ਆਪਣਾ ਖੇਲ ਖਿਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਕਲ ਵਰਤੰਤਾ ਹਰਿ ਹਰਿ ਮੀਤਾ, ਭੇਵ ਅਭੇਦ ਸਮਾਇਆ ।
ਜੁਗ ਜੁਗ ਬਣਾਏ ਸਾਚੀ ਬਣਤਾ, ਆਪ ਆਪਣਾ ਵੇਸ ਵਟਾਇਆ । ਲੱਖ ਚੁਰਾਸੀ ਪਤਿਤ ਪੁਨੀਤਾ, ਪਤਿਤ ਪੁਨੀਤ ਆਪ ਹੋ ਜਾਇਆ । ਆਪੇ
ਹਸਤ ਆਪੇ ਕੀਟਾ, ਊਚਾਂ ਨੀਚਾਂ ਆਪ ਸਮਾਇਆ । ਆਪੇ ਹੋਏ ਕੌੜਾ ਰੀਠਾ, ਰਸ ਮਿੱਠਾ ਆਪ ਹੋ ਜਾਇਆ । ਆਪੇ ਸੁੱਤਾ ਦੇ ਕਰ ਪੀਠਾ,
ਆਪ ਆਪਣਾ ਮੁਖ ਛੁਪਾਇਆ । ਆਪੇ ਦੇਵਣਹਾਰਾ ਨਾਮ ਅਨਡੀਠਾ, ਲਿਖਣ ਪੜ੍ਹਣ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਏਕਾ ਏਕ ਆਪ ਅਖਵਾਇਆ । ਲੇਖਾ ਲਿਖਣਹਾਰ ਕਰਤਾਰ, ਆਪ ਆਪਣੀ ਖੇਲ ਖਲਾਇੰਦਾ । ਵੇਦ ਵਿਆਸਾ ਕਰ ਪਿਆਰ, ਨਾਰਦ
ਮੁਨ ਸੰਗ ਰਖਾਇੰਦਾ । ਸਾਚਾ ਮੀਤਾ ਮੀਤ ਮੁਰਾਰ, ਆਪ ਆਪਣਾ ਭੇਵ ਚੁਕਾਇੰਦਾ । ਪੁਰਾਨ ਅਠਾਰਾਂ ਕਰ ਤਿਆਰ, ਲੱਖ ਚਾਰ ਸਤਾਰਾਂ ਹਜ਼ਾਰ
ਸਲੋਕ ਲਿਖਾਇੰਦਾ । ਬਾਰਾਂ ਅੱਖਰ ਕਰ ਉਜਿਆਰ, ਪਾਰਬ੍ਰਹਮ ਜਣਾਇੰਦਾ । ਭੇਵ ਅਭੇਦਾ ਖੇਲ ਨਿਆਰ, ਦਿਸ ਕਿਸੇ ਨਾ ਆਇੰਦਾ । ਨਿਰਗੁਣ
ਮੇਲਾ ਪੰਜ ਤਤ ਪਿਆਰ, ਕਾਹਨਾ ਕ੍ਰਿਸ਼ਨਾ ਰੂਪ ਵਟਾਇੰਦਾ । ਤ੍ਰਲੋਕੀ ਨੰਦਨ ਜੀਵਾਂ ਜੰਤਾਂ ਦਏ ਅਧਾਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ ।
ਆਪੇ ਤੋੜਨਹਾਰਾ ਗੜ੍ਹ ਹੰਕਾਰ, ਪੰਚਮ ਮੇਲ ਮਿਲਾਇੰਦਾ । ਤਿਲਕ ਲਿਲਾਟੀ ਲਾਏ ਚੰਦਨ, ਦੁਰਮਤ ਮੈਲ ਗਵਾਇੰਦਾ । ਆਤਮ ਉਪਜਾਏ ਪਰਮਾਨੰਦਨ,
ਆਪ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੰਧਨ ਆਪੇ ਆਪ ਕਰਾਇੰਦਾ । ਆਪਣਾ ਬੰਧਨ
ਹਰਿ ਮਿਹਰਵਾਨਾ, ਆਪੇ ਆਪ ਕਰਾਇੰਦਾ । ਆਪੇ ਗਾਏ ਆਪਣਾ ਬੱਤੀ ਦੰਦ ਗਾਣਾ, ਰਸਨਾ ਜਿਹਵਾ ਸਰਬ ਸਮਾਇੰਦਾ । ਮਾਇਆ ਮਮਤਾ
ਪੀਸਣ ਦਏ ਪੀਸ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਕਰਨੇਹਾਰ ਆਪ ਅਖਵਾਇੰਦਾ ।
ਮੁਕੰਦ ਮਨੋਹਰ ਲਖ਼ਮੀ ਨਰਾਇਣ ਹਰਿ ਭਗਵੰਤ, ਕਵਲ ਨੈਣ ਆਪ ਅਖਵਾਈਆ । ਗ਼ਰੀਬ ਨਿਮਾਣੇ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਬਿਦਰ
ਸੁਦਾਮਾ ਗਲੇ ਲਗਾਈਆ । ਆਪੇ ਜਾਣੇ ਮਹਿਮਾ ਅਗਣਤ, ਆਪਣੇ ਹੱਥ ਹੱਖੇ ਵਡਿਆਈਆ । ਪੰਚਮ ਮੀਤਾ ਪੰਚ ਬਣਾਏ ਸਾਚੇ ਸੁੱਤ, ਆਪ
ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਆਪੇ ਮੀਤ ਆਪ ਮੁਰਾਰ,
ਆਪਣੀ ਕਲ ਵਰਤਾਈਆ । ਲੇਖਾ ਲਿਖੇ ਸਰਬ ਸੰਸਾਰ, ਆਪੇ ਮੁਖ ਛੁਪਾਈਆ । ਆਪੇ ਰਥ ਰਥਵਾਹੀ ਹੋ ਉਜਿਆਰ, ਆਪੇ ਰਿਹਾ ਚਲਾਈਆ ।
ਆਪੇ ਦੇਵੇ ਤਨ ਹੰਕਾਰ, ਆਪੇ ਮੂਰਛਾ ਰੂਪ ਸਮਾਈਆ । ਆਪੇ ਵੇਖੇ ਰੋਵੇ ਧਾਹਾਂ ਮਾਰ, ਚਾਰੋਂ ਕੁੰਟ ਫੇਰਾ ਪਾਈਆ । ਦੇਵੇ ਦਰਸ ਅਗੰਮ ਅਪਾਰ,
ਧੀਰਜ ਯਤ ਆਪ ਰਖਾਈਆ । ਕਰੇ ਕਰਾਏ ਕਰਨੇਹਾਰ, ਜੀਵ ਜੰਤ ਹੱਥ ਰੱਖੇ ਵਡਿਆਈਆ । ਏਕਾ ਸ਼ਬਦ ਦਏ ਉਚਾਰ, ਗੀਤਾ ਗਿਆਨ
ਜਣਾਈਆ । ਅਠਾਰਾਂ ਧਿਆਏ ਕਰ ਪ੍ਰਵਾਨ, ਸ੍ਰਿਸ਼ਟ ਕਰੇ ਰੁਸ਼ਨਾਈਆ । ਪੰਜ ਤਤ ਜੀਵ ਨਿਧਾਨ, ਪ੍ਰਭ ਬੇੜਾ ਪਾਰ ਕਰਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਦਇਆ ਕਮਾਈਆ । ਭੇਖ ਅਵੱਲੜਾ ਹਰਿ ਨਿਰੰਕਾਰ, ਹਰਿ ਹਰਿ ਵੇਖ ਵਖਾਇੰਦਾ ।
ਸ੍ਰਿਸ਼ਟ ਸਬਾਈ ਬੰਨ੍ਹੇ ਧਾਰ, ਆਪ ਆਪਣਾ ਮੂਲ ਚੁਕਾਇੰਦਾ । ਆਪ ਸੁਹਾਏ ਜਮਨ ਕਿਨਾਰ, ਏਕਾ ਘਾਟ ਵਖਾਇੰਦਾ । ਸਾਗਰ ਤ੍ਰੈ ਅੱਧਵਿਚਕਾਰ,

ਡੂੰਘੀ ਗਾਰ ਸਮਾਇੰਦਾ । ਪੂਤ ਸਪੂਤਾ ਸੁਤ ਦੁਲਾਰ, ਸਾਚਾ ਕਲਜੁਗ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਖੇਲ ਨਿਆਰ, ਆਪਣੇ ਰੰਗ ਰੰਗਾਇੰਦਾ । ਕਲਜੁਗ ਕੂੜਾ ਹੋ ਤਿਆਰ, ਆਪ ਆਪਣਾ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਧਰਤ ਮਾਤ ਸੰਗ ਕਰ ਪਿਆਰ, ਸਾਚੀ ਕੁੱਖ ਸੁਹਾਇੰਦਾ । ਲੋਕਮਾਤ ਹੋ ਉਜਿਆਰ, ਆਪ ਆਪਣਾ ਨਾਉਂ ਧਰਾਇੰਦਾ । ਰਾਜ ਰਾਜਾਨਾ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਜੀਵਾਂ ਜੰਤਾਂ ਦੇਵੇ ਇਕ ਹੁਲਾਰ, ਮਾਇਆ ਮਮਤਾ ਮੋਹ ਧਰਾਇੰਦਾ । ਹਉਮੇ ਹੰਗਤਾ ਭਰ ਭੰਡਾਰ, ਮਨਮਤ ਸੰਗ ਰਲਾਇੰਦਾ । ਏਕਾ ਅੱਖਰ ਕਰ ਉਜਿਆਰ, ਲੱਖ ਚੁਰਾਸੀ ਵਿਚ ਟਿਕਾਇੰਦਾ । ਜੂਠ ਝੂਠ ਬੋਲ ਜੈਕਾਰ, ਪ੍ਰਭ ਆਪਣਾ ਨਾਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਰੰਗ ਤੇਰੇ ਰੰਗ ਚੜ੍ਹਾਇੰਦਾ । ਕਲਜੁਗ ਕਰਿਆ ਆਪਣਾ ਵੇਸ, ਆਪਣੀ ਕਲ ਵਰਤਾਈਆ । ਧਰਤ ਮਾਤ ਕਰੇ ਆਦੇਸ, ਦਰ ਦਰਵੇਸਾ ਅਲੱਖ ਜਗਾਈਆ । ਆਪਣੇ ਰੱਖੇ ਖੁਲ੍ਹੜੇ ਕੇਸ, ਪ੍ਰਭ ਅੱਗੇ ਦਏ ਦੁਹਾਈਆ । ਵਿਸ਼ਨੂ ਵੇਖੇ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਈਆ । ਏਕਾ ਦਾਤਾ ਨਰ ਨਰੇਸ਼, ਏਕਾ ਬੂਝ ਬੁਝਾਈਆ । ਏਕਾ ਬ੍ਰਹਮਾ ਵਿਸ਼ਨ ਮਹੇਸ਼, ਏਕਾ ਗਣਪਤ ਰਿਹਾ ਪੁਜਾਈਆ । ਏਕਾ ਰਾਮਾ ਦਏ ਅਦੇਸ਼, ਏਕਾ ਕ੍ਰਿਸ਼ਨ ਮਨਾਈਆ । ਚਾਰੇ ਵੇਦ ਵੇਖੇ ਸਦਾ ਅਭੇਦ, ਏਕਾ ਮੰਤਰ ਰਿਹਾ ਸੁਣਾਈਆ । ਪੁਰਾਨ ਅਠਾਰਾਂ ਲਿਖੇ ਲੇਖ, ਲਿਖਿਆ ਲੇਖ ਨਾ ਕੋਈ ਮਿਟਾਈਆ । ਸਿਮਰਤ ਸ਼ਾਸਤਰ ਰਹੇ ਵੇਖ, ਮਨਮਤ ਨਾਲ ਰਲਾਈਆ । ਕਰੋੜ ਤੇਤੀਸਾ ਰਿਹਾ ਵੇਖ, ਸੁਰਪਤ ਰਾਜਾ ਇੰਦ ਸੰਗ ਰਲਾਈਆ । ਪਾਰਬ੍ਰਹਮ ਪ੍ਰਭ ਅਲੱਖ ਅਭੇਦ, ਦਿਸ ਕਿਸੇ ਨਾ ਆਈਆ । ਕਲਜੁਗ ਕੂੜਾ ਰਿਹਾ ਵੇਖ, ਨੇਤਰ ਨੈਣਾਂ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਕੂੜਾ ਮੰਗੇ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਪਾਰਬ੍ਰਹਮ ਹਰਿ ਨਿਭੌਣਾ ਸਾਚਾ ਸੰਗ, ਵਿਛੜ ਕਦੇ ਨਾ ਜਾਈਆ । ਵੇਖ ਵਖਾਣਾ ਸੁਰਸਤੀ ਗੰਗ, ਜਮਨ ਕਿਨਾਰੇ ਡੇਰਾ ਲਾਈਆ । ਲੱਖ ਚੁਰਾਸੀ ਅੰਦਰ ਮੰਦਰ ਹੋਣਾ ਭੰਗ, ਦਰ ਦਵਾਰਾ ਖੋਜ ਖੁਜਾਈਆ । ਜੂਠ ਝੂਠ ਚੜ੍ਹੇ ਕੰਗ, ਸਤਿ ਧਰਮ ਦਏ ਰੁੜ੍ਹਾਈਆ । ਸਾਧ ਸੰਤ ਨਾ ਲਾਏ ਕੋਈ ਅੰਗ, ਬੈਠਣ ਮੁਖ ਛੁਪਾਈਆ । ਕੋਈ ਨਾ ਚੜ੍ਹੇ ਆਤਮ ਸੇਜ ਪਲੰਘ, ਨੌਂ ਦਰ ਸ੍ਰਿਸ਼ਟ ਸਬਾਈਆ । ਘਰ ਘਰ ਦਿਸੇ ਭੁੱਖ ਨੰਗ, ਤਾਮਸ ਤ੍ਰਿਸ਼ਨਾ ਨਾ ਕੋਇ ਮਿਟਾਈਆ । ਪੰਚ ਵਿਕਾਰਾ ਕਰੇ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਹਉਮੇ ਹੰਗਤਾ ਵੱਜੇ ਮਰਦੰਗ, ਚਾਰੋਂ ਕੁੰਟ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਬੂਝਣਹਾਰਾ ਹਰਿ ਨਿਰੰਕਾਰਾ, ਆਪਣੀ ਦਇਆ ਕਮਾਇੰਦਾ । ਮਨ ਮਤ ਕਰ ਉਜਿਆਰਾ, ਤੇਰਾ ਸੰਗ ਨਿਭਾਇੰਦਾ । ਮਤ ਮਤਵਾਲੀ ਹੋਏ ਖ਼ਵਾਰਾ, ਨਾ ਕੋਈ ਸਤਿ ਰਖਾਇੰਦਾ । ਬੁੱਧ ਬਬੇਕੀ ਕਰ ਬੋਧ, ਬੋਧ ਜਣਾਇੰਦਾ । ਆਪ ਬਠਾਏ ਆਪਣੀ ਗੋਦ, ਆਪ ਆਪਣੇ ਰੰਗ ਰੰਗਾਇੰਦਾ । ਪਾਰਬ੍ਰਹਮ ਪ੍ਰਭ ਜੋਧਨ ਜੋਧ, ਸੂਰਬੀਰ ਆਪ ਹੋ ਜਾਇੰਦਾ । ਮੇਟ ਮਿਟਾਏ ਕਾਮ ਕਰੋਧ, ਕਾਇਆ ਗੜ੍ਹ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਗਿਆਨ ਸਮਝਾਇੰਦਾ । ਇਕ ਲਿਵ ਇਕ ਧਿਆਨਾ, ਏਕਾ ਨੇਤਰ ਦਏ ਖੁਲ੍ਹਾਈਆ । ਏਕਾ ਰਾਗ ਏਕਾ ਗਾਣਾ, ਏਕਾ ਰਿਹਾ ਸੁਣਾਈਆ । ਏਕਾ ਨਾਮ ਬੰਨ੍ਹੇ ਗਾਨਾ, ਏਕਾ ਸਗਨ ਮਨਾਈਆ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਜਾਣਾ, ਏਕਾ ਰੰਗ ਰੰਗਾਈਆ । ਊਚ ਨੀਚ ਭੇਵ

ਚੁਕਾਣਾ, ਏਕਾ ਬ੍ਰਹਮ ਜਣਾਈਆ । ਏਕਾ ਬ੍ਰਹਮ ਬ੍ਰਹਮ ਪਛਾਣਾ, ਏਕਾ ਰਿਹਾ ਸਮਾਈਆ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਣਾ, ਏਕਾ ਧਾਰ ਚਲਾਈਆ । ਸਚਖੰਡ ਵਖਾਏ ਸਚ ਨਿਸ਼ਾਨਾ, ਥਿਰ ਘਰ ਬੈਠਾ ਬੇਪਰਵਾਹੀਆ । ਏਕਾ ਹਰਿ ਹਰਿ ਮਿਹਰਵਾਨਾ, ਏਕਾ ਅਲੱਖ ਜਗਾਈਆ । ਅਗੰਮ ਅਗੋਚਰ ਜੋਤੀ ਜੋਤ ਮਹਾਨਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਵੰਡ ਵੰਡਾਈਆ । ਕਲਜੁਗ ਤੇਰੀ ਵੰਡ ਹਰਿ ਬ੍ਰਹਿਮੰਡ, ਆਪੇ ਆਪ ਵੰਡਾਇੰਦਾ । ਵੇਖਣਹਾਰਾ ਜੇਰਜ ਅੰਡ, ਉਤਭੁਜ ਸੇਤਜ ਡੇਰਾ ਲਾਇੰਦਾ । ਆਪੇ ਕਰਨਹਾਰਾ ਖੰਡ ਖੰਡ, ਆਪੇ ਜੋੜ ਜੁੜਾਇੰਦਾ । ਆਪੇ ਦੇਵਣਹਾਰਾ ਦੰਡ, ਦੇ ਮੱਤ ਆਪ ਸਮਝਾਇੰਦਾ । ਆਪੇ ਮੇਟਣਹਾਰਾ ਭੇਖ ਪਖੰਡ, ਆਪੇ ਮੇਟ ਮਿਟਾਇੰਦਾ । ਆਪੇ ਹੋਏ ਦੁਹਾਗਣ ਨਾਰ ਰੰਡ, ਕੰਤ ਸੁਹਾਗੀ ਆਪ ਹੰਢਾਇੰਦਾ । ਆਪੇ ਵਸੇ ਗੋਦਾਵਰੀ ਗੰਗ, ਸਾਗਰ ਸਿੰਧ ਆਪ ਸਮਾਇੰਦਾ । ਆਪ ਆਪਣੀ ਮੰਗੇ ਮੰਗ, ਆਪ ਆਪਣੀ ਝੋਲੀ ਅੱਗੇ ਡਾਹਿੰਦਾ । ਆਪ ਆਪਣੇ ਵਸੇ ਸੰਗ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਕਲਜੁਗ ਤੇਰਾ ਜਗਤ ਮਰਦੰਗ, ਹਰਿ ਸਾਚਾ ਆਪ ਵਜਾਇੰਦਾ । ਅਬਰਬਣ ਏਕਾ ਮੰਗੇ ਮੰਗ, ਐੜਾ ਅੱਖਰ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਿਰਗੁਣ ਸਰਗੁਣ ਵੇਸ ਅਵੱਲਾ, ਹਰਿ ਹਰਿਜਨ ਲਏ ਜਗਾਈਆ । ਈਸਾ ਮੂਸਾ ਸਚ ਮਹੱਲਾ, ਆਪੇ ਦਏ ਉਪਾਈਆ । ਸੰਗ ਮੁਹੰਮਦ ਚਾਰ ਯਾਰੀ ਰਲਾ, ਆਪ ਆਪਣੀ ਕਲ ਵਰਤਾਈਆ । ਆਪ ਆਪਣਾ ਨਾਉਂ ਰਖਾਇਆ ਅੱਲਾ, ਆਪੇ ਨਾਅਰਾ ਲਾਈਆ । ਆਪੇ ਬੇਐਬ ਵਸਿਆ ਸਚ ਮਹੱਲਾ, ਆਪੇ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੇਐਬ ਪਰਵਰਦਿਗਾਰ ਖ਼ਲਕ ਖ਼ੁਦਾਈ ਡੇਰਾ ਲਾਈਆ । ਖ਼ਲਕ ਖ਼ੁਦਾਈ ਬੇਐਬ ਪਰਵਰਦਿਗਾਰ, ਹਰ ਘਟ ਡੇਰਾ ਲਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਰੂਪ ਦਰਸਾਇੰਦਾ । ਹੱਕ ਹਕੀਕਤ ਕਰ ਵਿਚਾਰ, ਲਾਸ਼ਰੀਕ ਨਾਉਂ ਧਰਾਇੰਦਾ । ਮੁਕਾਮੇ ਹੱਕ ਪਾਵੇ ਸਾਰ, ਆਪ ਆਪਣਾ ਦਰ ਸੁਹਾਇੰਦਾ । ਨੂਰ ਇਲਾਹੀ ਹੋ ਉਜਿਆਰ, ਏਕਾ ਰੰਗ ਰੰਗਾਇੰਦਾ । ਐਨਲਹੱਕ ਕਰ ਪਿਆਰ, ਸਾਚਾ ਮਾਰਗ ਇਕ ਜਣਾਇੰਦਾ । ਖ਼ਾਲਕ ਖ਼ਲਕ ਵੇਖੇ ਵਿਗਸੇ ਕਰੇ ਵਿਚਾਰ, ਖ਼ਾਲਕ ਰੂਪ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਚਾਰ ਯਾਰ ਇਕ ਮੁਹੰਮਦ, ਏਕਾ ਰਾਹ ਚਲਾਈਆ । ਵੇਖ ਵਖਾਣੇ ਸਾਚਾ ਕਰਮ, ਏਕਾ ਧਰਮ ਜਣਾਈਆ । ਆਪੇ ਦੋਏ ਹੋਏ ਸਰਨ, ਦਰ ਆਪੇ ਵਰਨ ਉਪਾਈਆ । ਆਪਣੀ ਕਾਰ ਆਪੇ ਕਰਨ, ਕਰ ਕਿਰਪਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪੇ ਦੇਣਾ ਆਪੇ ਰਿਹਾ ਮੁਕਾਈਆ । ਸੰਗ ਮੁਹੰਮਦ ਮੀਤ ਮੁਰਾਰ, ਇਲਾਹੀ ਨੂਰ ਸਮਾਇਆ । ਮੰਗੇ ਮੰਗ ਮੰਗ ਦੁਆਰ, ਸਾਚੇ ਕਾਅਬੇ ਸੀਸ ਝੁਕਾਇਆ । ਦੋ ਦੋਆਬਾ ਖੇਲ ਨਿਆਰ, ਪੁੰਨ ਸਵਾਬ ਨਾ ਕੋਈ ਵਖਾਇਆ । ਏਕਾ ਚਰਨ ਰਖਾਏ ਰਕਾਬਾ, ਸ਼ਾਹ ਅਸਵਾਰ ਆਪ ਅਖਵਾਇਆ । ਵੇਖਣਹਾਰਾ ਮੱਕਾ ਕਾਅਬਾ, ਆਪ ਆਪਣਾ ਡੇਰਾ ਲਾਇਆ । ਦੇਵਣਹਾਰਾ ਜਗਤ ਅਜ਼ਾਬਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰੇ ਰੁਸ਼ਨਾਇਆ । ਜੋਤੀ ਨੂਰ ਹਰਿ ਹਰਿ ਅੰਤ, ਨੂਰੋ ਨੂਰ ਸਮਾਇੰਦਾ । ਚੌਦਾਂ ਤਬਕਾਂ ਵੇਖੇ ਇਕ ਮਹੱਲਾ, ਚੌਦਾਂ ਹੱਟਾਂ ਖੋਲ੍ਹ ਖੁਲ੍ਹਾਇੰਦਾ । ਤੀਸ ਬਤੀਸ ਆਪੇ ਮੱਲਾ,

ਇਕ ਹਦੀਸ ਪੜ੍ਹਾਇੰਦਾ । ਆਪੇ ਕਰਿਆ ਵਲਾ ਛਲਾ, ਆਪੇ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਖੁਲ੍ਹਾਇੰਦਾ । ਦਰ ਦਰਵਾਜ਼ਾ ਆਪਣਾ ਖੋਲ੍ਹ, ਆਪਣੀ ਕਰੇ ਜਣਾਈਆ । ਏਕਾ ਕਲਮਾ ਏਕਾ ਬੋਲ, ਨਬੀ ਰਸੂਲਾਂ ਕਰੇ ਜਣਾਈਆ । ਧਰਨੀ ਧਰਤ ਧਵਲ ਆਪੇ ਮੌਲ, ਕਵਲ ਕਵਲਾ ਆਪ ਖੁਲ੍ਹਾਈਆ । ਆਪੇ ਹੋਏ ਪੰਡਤ ਪਾਂਧਾ ਰੌਲ, ਗੁਰ ਪੀਰ ਆਪ ਹੋ ਜਾਈਆ । ਆਪ ਆਪਣਾ ਪਰਦਾ ਖੋਲ੍ਹ, ਆਪ ਆਪਣਾ ਦਏ ਦਰਸਾਈਆ । ਆਪੇ ਲਹਿਣਾ ਚੁਕਾਏ ਧੌਲ, ਅਰਸ਼ ਕੁਰਸ਼ ਆਪ ਸੁਣਾਈਆ । ਨੂਰ ਕੁਰਸ਼ ਰਿਹਾ ਹੌਲ, ਆਪੇ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਦੀਨ ਅਸਲਾਮ ਬੇਪਰਵਾਹੀਆ । ਦੀਨ ਅਸਲਾਮੀ ਸਾਚਾ ਹੱਜ, ਹਰਿ ਹਰਿ ਆਪ ਕਰਾਇਆ, ਆਪੇ ਪਰਦੇ ਰਿਹਾ ਕੱਜ, ਆਪੇ ਫੁੱਲ ਖਿਲਾਇਆ । ਆਪੇ ਕਾਇਆ ਕਾਅਬਾ ਵੇਖੇ ਭੱਜ ਭੱਜ, ਦਿਵਸ ਰੈਣ ਫੇਰਾ ਪਾਇਆ । ਦੂਈ ਦਵੈਤੀ ਦੇਵੇ ਤਜ, ਸਚ ਅਮਾਮ ਵੇਖ ਵਖਾਇਆ । ਰੱਖਣਹਾਰਾ ਸਾਚੀ ਲੱਜ, ਸਚ ਖ਼ੁਦਾਈ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲਾਇਆ । ਧਾਰ ਚਲਾਈ ਸ਼ਾਹ ਹਕੀਰ, ਨੂਰੋ ਨੂਰ ਸਮਾਇੰਦਾ । ਆਪੇ ਪੀਰ ਦਸਤਗੀਰ, ਮੁਸਾਇਕ ਸ਼ੇਖ਼ ਮੁਲਾ ਆਪ ਅਖਵਾਇੰਦਾ । ਆਪੇ ਦੇਵੇ ਆਬਹਯਾਤ ਸਾਚਾ ਨੀਰ, ਆਪੇ ਮਸੱਲਾ ਹੇਠ ਵਿਛਾਇੰਦਾ । ਪੰਜ ਤਤ ਕੱਢੇ ਪੀੜ, ਨਿਉਂ ਨਿਉਂ ਸਯਦਾ ਆਪ ਕਰਾਇੰਦਾ । ਆਪੇ ਚਿੱਟੇ ਉਤੇ ਖਿਚੀ ਲਕੀਰ, ਹੱਕ ਬਹੱਕ ਆਪ ਵਖਾਇੰਦਾ । ਆਪੇ ਹੋਏ ਦਸਤਗੀਰ, ਆਪ ਆਪਣਾ ਸੰਗ ਰਖਾਇੰਦਾ । ਆਪੇ ਤੋੜੇ ਜਗਤ ਜੰਜ਼ੀਰ, ਬੰਧਨ ਬੰਧ ਆਪ ਤੁੜਾਇੰਦਾ । ਆਪੇ ਬੰਨ੍ਹਣਹਾਰਾ ਬੀੜ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਨੂਰ ਇਲਾਹੀ, ਦੋ ਜਹਾਨਾਂ ਸਚ ਮਲਾਹੀ, ਚੌਦਾਂ ਲੋਕਾਂ ਚੌਦਾਂ ਹੱਟਾਂ ਵਣਜਾਰਾ ਆਪ ਹੋ ਜਾਇੰਦਾ । ਦੀਨ ਇਸਲਾਮ ਕਰ ਪਰਧਾਨ, ਕਲਜੁਗ ਡੰਕ ਵਜਾਇਆ । ਵੇਖ ਵਖਾਣ ਰਾਜ ਰਾਜਾਨ, ਸ਼ਾਹ ਨਵਾਬ ਵੇਖ ਵਖਾਇਆ । ਪੁੰਨ ਸਵਾਬ ਇਕ ਗਿਆਨ, ਅਹਿਬਾਬ ਰਵਾਬ ਵਜਾਇਆ । ਏਕਾ ਕਲਮਾ ਏਕਾ ਗਾਣ, ਏਕਾ ਕੰਨ ਸੁਣਾਇਆ । ਏਕਾ ਵੇਖੇ ਮਾਰ ਧਿਆਨ, ਜਨਮ ਮਰਨ ਵਿਚ ਨਾ ਆਇਆ । ਮੜ੍ਹੀ ਗੋਰ ਪਵਣ ਮਸਾਣ, ਖ਼ਾਕੀ ਖ਼ਾਕ ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਨਾਉਂ ਧਰ ਨਿਰਗੁਣ ਰੂਪ ਨਿਰੰਕਾਰ, ਨਾਨਕ ਜੋਤ ਜਗਾਈਆ । ਪਾਰਬ੍ਰਹਮ ਪ੍ਰਭ ਹੋ ਉਜਿਆਰ, ਪੰਜ ਤਤ ਬੈਠਾ ਡੇਰਾ ਲਾਈਆ । ਸਤਿ ਸਰੂਪ ਸੱਚੀ ਸਰਕਾਰ, ਸ਼ਾਹੋ ਭੂਪ ਆਪ ਅਖਵਾਈਆ । ਮਾਤ ਪਿਤਾ ਘਰ ਸੁਤ ਦੁਲਾਰ, ਤ੍ਰੈਲੋਕ ਵੱਜੀ ਵਧਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਫੂਲਣ ਬਰਖ਼ਾ ਲਾਇਣ, ਗਣ ਗਧੰਰਬ ਕਰਨ ਸ਼ਨਵਾਈਆ । ਗ਼ਰੀਬ ਨਿਮਾਣਿਆਂ ਜੈ ਜੈਕਾਰ, ਕਾਇਆ ਮੰਦਰ ਸਭ ਕਰਾਈਆ । ਤੋੜਨਹਾਰਾ ਗੜ੍ਹ ਹੰਕਾਰ, ਲੋਕਮਾਤ ਕਰੇ ਰੁਸ਼ਨਾਈਆ । ਸਾਚੇ ਮੰਦਰ ਹੋ ਉਜਿਆਰ, ਪੰਜ ਤਤ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਆਪੇ ਵੇਖ ਵਖਾਈਆ । ਨਾਨਕ ਹਰਿ ਹਰਿ ਹਰਿ ਮੀਤਾ, ਹਰਿ ਹਰਿ ਆਪ ਸਮਾਇਆ । ਆਪੇ ਹੋਇਆ ਠਾਂਡਾ ਸੀਤਾ, ਸਾਂਤਕ ਸਤਿ ਆਪ ਵਰਤਾਇਆ । ਰਸਨਾ ਗਾਇਆ ਇਕ ਅਤੀਤਾ, ਨਿਰਗੁਣ ਨੂਰ ਹੋਏ ਰੁਸ਼ਨਾਇਆ । ਆਪਣਾ ਮਨੂਆ ਆਪੇ ਜੀਤਾ, ਮਾਇਆ ਮੋਹ ਚੁਕਾਇਆ । ਆਪੇ ਹੋਇਆ ਪਤਿਤ ਪੁਨੀਤਾ, ਪਤਿਤ ਪਾਵਣ ਨਾਮ ਧਰਾਇਆ । ਆਪ ਚਲਾਈ ਆਪਣੀ

ਰੀਤਾ, ਆਪ ਆਪਣਾ ਰੂਪ ਵਟਾਇਆ । ਦਰ ਦਵਾਰ ਵੇਖਿਆ ਇਕ ਅਨਡੀਠਾ, ਪੁਰਖ ਅਬਿਨਾਸ਼ੀ ਬੈਠਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਥਾਨ ਸੁਹਾਇਆ । ਨਿਰਗੁਣ ਜੋਤ ਕਰ ਉਜਿਆਰ, ਸ਼ਬਦ ਸਿੰਘਾਸਣ ਡੇਰਾ ਲਾਈਆ । ਨਾਨਕ ਵੇਖੇ ਸਚ ਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਇਕ ਇਕੱਲਾ ਏਕੰਕਾਰ, ਏਕਾ ਨੂਰ ਦਰਸਾਈਆ । ਨਾਨਕ ਮੀਤਾ ਮਿਲਿਆ ਪਿਆਰ, ਸਾਚਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਏਕਾ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਦੂਸਰ ਦਰ ਨਾ ਕੋਈ ਰਖਾਈਆ । ਨਾਨਕ ਦਰਸ਼ਨ ਹਰਿ ਹਰਿ ਪਾ, ਜੋਤੀ ਜੋਤ ਸਮਾਇਆ । ਨਿਉਂ ਨਿਉਂ ਸੀਸ ਝੁਕਾ, ਆਪ ਆਪਣਾ ਭੇਟ ਚੜ੍ਹਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਸ਼ਬਦ ਸੁਣਾਇਆ । ਨਾਮ ਸਤਿ ਝੋਲੀ ਪਾ, ਸ਼ਬਦੀ ਰੰਗ ਰੰਗਾਇਆ । ਲੋਕਮਾਤ ਦੇਣਾ ਸੁਣਾ, ਸਾਚਾ ਮਾਰਗ ਇਕ ਵਖਾਇਆ । ਫੜ ਫੜ ਹੰਸ ਬਣਾਏ ਕਾਂ, ਜੀਵ ਜੰਤ ਲਏ ਤਰਾਇਆ । ਗੁਰਮੁਖਾਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਅੰਤਮ ਵੇਲੇ ਪਕੜੇ ਬਾਂਹ, ਤੇਰਾ ਮੇਰਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨਾਮ ਦਿਤਾ ਵਰ, ਏਕਾ ਨਾਮ ਸਮਝਾਇਆ । ਨਾਨਕ ਵਰ ਘਰ ਸਾਚਾ ਪਾ, ਲੋਕਮਾਤ ਵੇਖ ਵਖਾਇੰਦਾ । ਚਾਰੇ ਵਰਨਾਂ ਦਏ ਸੁਣਾ, ਏਕਾ ਦੂਜਾ ਭੇਵ ਚੁਕਾਇੰਦਾ । ਨਾਮ ਸਤਿ ਮੰਤਰ ਦ੍ਰਿੜਾ, ਹਉਮੇ ਗੜ੍ਹ ਤੁੜਾਇੰਦਾ । ਅੰਦਰ ਚੜ੍ਹ ਫੇਰਾ ਪਾ, ਆਪ ਆਪਣਾ ਦਰਸ ਦਿਖਾਇੰਦਾ । ਜਿਸ ਜਨ ਲੜ ਦਏ ਫੜਾ, ਕਰ ਕਿਰਪਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਚਾਰ ਕੁੰਟ ਦਹਿ ਦਿਸ਼ਾ ਫੇਰੀ ਪਾਇੰਦਾ । ਨਾਨਕ ਗੁਰ ਚਾਰ ਕੁੰਟ ਜੈਕਾਰਾ, ਏਕਾ ਏਕ ਲਗਾਇਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਤੇਰਾ ਭੇਵ ਕਿਸੇ ਨਾ ਪਾਇਆ । ਸਾਧ ਸੰਤ ਗੁਰ ਪੀਰ ਅਵਤਾਰ ਰਹੇ ਗਾ, ਦਿਵਸ ਰੈਣ ਧਿਆਨ ਲਗਾਇਆ । ਕਲਜੁਗ ਕੂੜ ਕੁੜਿਆਰਾ ਗਿਆ ਛਾ, ਚਾਰੋਂ ਕੁੰਟ ਅੰਧੇਰਾ ਪਾਇਆ । ਰਾਜ ਰਾਜਾਨ ਕਰੇ ਨਾ ਕੋਈ ਨਿਆ, ਧਰਤ ਮਾਤ ਰਹੀ ਕੁਰਲਾਈਆ । ਨਾ ਕੋਈ ਸਹਾਈ ਗਊ ਮਾਂ, ਬਰਾਹ ਰੂਪ ਨਾ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਧੁਰ ਫ਼ਰਮਾਣ, ਹਰਿ ਹਰਿ ਆਪ ਜਣਾਇਆ । ਧੁਰ ਫ਼ਰਮਾਣਾ ਹਰਿ ਭਗਵਾਨਾ, ਨਾਨਕ ਗੁਰ ਜਣਾਈਆ । ਪਾਰਬ੍ਰਹਮ ਪ੍ਰਭ ਸਦ ਮਿਹਰਬਾਨਾ, ਜੁਗ ਜੁਗ ਵੇਸ ਵਟਾਈਆ । ਸੱਤਾਂ ਦੀਪਾਂ ਬੰਨ੍ਹੇ ਗਾਨਾ, ਲੱਖ ਚੁਰਾਸੀ ਕਰੇ ਕੁੜਮਾਈਆ । ਜੋਤੀ ਨੂਰ ਪ੍ਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਮਾਤ ਪਿਤ ਨਾ ਕੋਈ ਰਖਾਈਆ । ਵੇਦ ਵਿਆਸਾ ਹੋ ਪਰਧਾਨਾ, ਏਕਾ ਲੇਖਾ ਗਿਆ ਲਿਖਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ, ਦੋ ਜਹਾਨਾ ਉਚੇ ਟਿੱਲੇ ਸਾਚੇ ਪ੍ਰਬਤ ਫੇਰਾ ਪਾਈਆ । ਦੀਨ ਇਲਾਹੀ ਬੰਨ੍ਹੇ ਗਾਨਾ, ਇਕ ਅਮਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਸਾਚੇ ਘਰ, ਸਾਚੀ ਬੂਝ ਬੁਝਾਈਆ । ਏਕਾ ਤਤ ਹਰਿ ਸਮਝਾ, ਆਤਮ ਬ੍ਰਹਮ ਜਣਾਇਆ । ਨਾਨਕ ਸਤਿਗੁਰ ਲੇਖ ਲਿਖਾ, ਆਪ ਆਪਣਾ ਵੇਖ ਵਖਾਇਆ । ਗੁਰਮੁਖ ਸਾਚੇ ਲਏ ਜਗਾ, ਅੰਗਦ ਅੰਗੀਕਾਰ ਕਰਾਇਆ । ਏਕਾ ਜੋਤੀ ਦਏ ਜਗਾ, ਦੂਜਾ ਦਰ ਸੁਹਾਇਆ । ਤੀਜਾ ਨੇਤਰ ਦਏ ਖੁਲ੍ਹਾ, ਅੰਧ ਅੰਧੇਰ ਮਿਟਾਇਆ । ਚੌਥੇ ਪਦ ਜਾਏ ਸਮਾ, ਭੇਵ ਰਹੇ ਨਾ ਰਾਇਆ । ਪੰਚਮ ਮੀਤਾ ਦਏ ਸੁਣਾ, ਅਨਹਦ ਤਾਲ ਵਜਾਇਆ । ਅੰਮ੍ਰਿਤ ਜਾਮ ਦਏ

ਪਿਲਾ, ਤ੍ਰਿਸ਼ਨਾ ਭੁੱਖ ਮਿਟਾਇਆ । ਬਜ਼ਰ ਕਪਾਟੀ ਦਏ ਤੁੜਾ, ਦੂਈ ਦਵੈਤੀ ਪਰਦਾ ਲਾਹਿਆ । ਆਤਮ ਸੇਜਾ ਦਏ ਬਹਾ, ਸਚ ਸਿੰਘਾਸਣ ਇਕ ਵਿਛਾਇਆ । ਆਪਣੀ ਜੋਤੀ ਆਪੇ ਲਏ ਮਿਲਾ, ਨਾਨਕ ਗੁਰ ਵੱਡੀ ਵਡਿਆਇਆ । ਨਜ਼ਰੀ ਆਏ ਬੇਪ੍ਰਵਾਹ, ਅਲੱਖ ਨਿਰੰਜਣ ਵੇਸ ਵਟਾਇਆ । ਸਚਖੰਡ ਦਵਾਰਾ ਸਾਚਾ ਥਾਂ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜਗਾਇਆ । ਜਗੇ ਜੋਤ ਅੰਗਦ ਦਰ, ਆਪਣਾ ਸ਼ਬਦ ਜਣਾਈਆ । ਆਪੇ ਦੇਵਣਹਾਰਾ ਵਰ, ਆਪੇ ਕਰੇ ਕੁੜਮਾਈਆ । ਆਪ ਆਪਣਾ ਅੱਗੇ ਧਰ, ਆਪੇ ਸੀਸ ਝੁਕਾਈਆ । ਅਮਰਦਾਸ ਲਿਆ ਫੜ, ਬਿਰਧ ਅਵਸਥਾ ਲੇਖੇ ਲਾਈਆ । ਗ਼ਰੀਬ ਨਿਮਾਣੇ ਅੰਦਰ ਵੜ, ਏਕਾ ਬੂਝ ਬੁਝਾਈਆ । ਆਪੇ ਪਰਦਾ ਦੇਵੇ ਪਾੜ, ਏਕਾ ਬੈਠਾ ਆਸਣ ਲਾਈਆ । ਆਪਣਾ ਅੱਖਰ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਅਮਰਦਾਸ ਗੁਰ ਫੜਿਆ ਲੜ, ਘਰ ਸਾਚੇ ਵੱਜੀ ਵਧਾਈਆ । ਰਾਮਦਾਸ ਅੱਗੇ ਖੜ੍ਹ, ਏਕਾ ਰੂਪ ਵਟਾਈਆ । ਸਰ ਸਰੋਵਰ ਸਾਚਾ ਭਰ, ਸਾਚਾ ਤਾਲ ਸੁਹਾਈਆ । ਚਾਰ ਵਰਨਾਂ ਵਿਖਾਏ ਏਕਾ ਘਰ, ਊਚ ਨੀਚ ਨਾ ਕੋਇ ਜਣਾਈਆ । ਗੁਰ ਅਰਜਨ ਤੋੜਣਹਾਰਾ ਗੜ੍ਹ, ਸ਼ਬਦ ਖੰਡਾ ਹੱਥ ਉਠਾਈਆ । ਕਰੇ ਪ੍ਰਕਾਸ਼ ਨਾੜੀ ਨੜ, ਸ਼ਬਦੀ ਸ਼ਬਦ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਈਆ । ਅਰਜਨ ਗੁਰ ਹਰਿ ਮਿਹਰਵਾਨ, ਏਕਾ ਏਕ ਉਠਾਇਆ । ਧੁਰਦਰਗਾਹੀ ਵਖਾਏ ਸਚ ਨਿਸ਼ਾਨ, ਸਚਖੰਡ ਆਪ ਝੁਲਾਇਆ । ਬੋਧ ਅਗਾਧ ਸ਼ਬਦ ਮਹਾਨ, ਆਤਮ ਅੰਤਰ ਆਪ ਉਪਾਇਆ । ਨਾਨਕ ਗੁਰ ਵੇਖੇ ਮਾਰ ਧਿਆਨ, ਅੰਗਦ ਅੰਗ ਲਗਾਇਆ । ਅਮਰਦਾਸ ਕਰ ਪਰਵਾਨ, ਰਾਮਦਾਸ ਨਜ਼ਰੀ ਆਇਆ । ਅਰਜਨ ਗੁਰ ਕਰ ਪਛਾਨ, ਆਪਣਾ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਦੇਵੇ ਧੁਰ ਫ਼ਰਮਾਣ, ਸਾਚਾ ਲੇਖਾ ਲੇਖ ਲਿਖਾਇਆ । ਸਾਧ ਸੰਤ ਕਰ ਪਰਵਾਨ, ਭਗਤ ਭਗਵੰਤ ਮੇਲ ਮਿਲਾਇਆ । ਏਕਾ ਧਾਮ ਬਹਾਏ ਗੋਪੀ ਕਾਹਨ, ਸੀਤਾ ਰਾਮ ਲਏ ਤਰਾਇਆ । ਗੁਰੂ ਗ੍ਰੰਥ ਜਗਤ ਮਹਾਨ, ਬੋਧ ਅਬੋਧਾ ਆਪ ਲਿਖਾਇਆ । ਸਾਚੀ ਸਿਖਿਆ ਜੀਵ ਜਹਾਨ, ਆਪਣੀ ਦਏ ਸੁਣਾਇਆ । ਹਿੰਦੂ ਮੁਸਲਮ ਸਿਖ ਈਸਾਈ ਕੁਰਾਨ, ਅੰਜੀਲ ਪੁਰਾਨ ਇਕ ਪੜ੍ਹਾਇਆ । ਆਪ ਖੁਲ੍ਹਾਈ ਸਚ ਦੁਕਾਨ, ਚੌਦਾਂ ਹੱਟਾਂ ਵੇਖ ਵਖਾਇਆ । ਬ੍ਰਹਮਾ ਵੇਤਾ ਆਪੇ ਗਾਣ, ਚਾਰੇ ਮੁਖ ਖੁਲ੍ਹਾਇਆ । ਸ਼ਿਵ ਸ਼ੰਕਰ ਉਠੇ ਨੌਜਵਾਨ, ਆਪ ਆਪਣਾ ਵੇਖ ਵਖਾਇਆ । ਕਰੋੜ ਤੇਤੀਸਾ ਸੰਗ ਪਰਧਾਨ, ਦੋਏ ਜੋੜ ਬੈਠੇ ਸੀਸ ਝੁਕਾਇਆ । ਯਸ਼ ਗਣ ਗਧਰਬ ਸਾਰੇ ਗਾਣ, ਏਕਾ ਦਰ ਸੁਹਾਇਆ । ਭਗਤ ਭਗਵੰਤ ਵੇਖ ਵਖਾਏ ਦੋ ਜਹਾਨ, ਤ੍ਰੈਲੋਕਾਂ ਫੇਰੀ ਪਾਇਆ । ਅਵਣ ਗਵਣ ਮੇਟ ਮਿਟਾਣ, ਤ੍ਰੈ ਭਵਣ ਹੋਏ ਸਹਾਇਆ । ਆਵਣ ਜਾਵਣ ਚੁੱਕੇ ਕਾਣ, ਜਿਸ ਜਨ ਆਪਣੀ ਬੂਝ ਬੁਝਾਇਆ । ਆਤਮ ਬ੍ਰਹਮ ਇਕ ਗਿਆਨ, ਪਾਰਬ੍ਰਹਮ ਸਮਝਾਇਆ । ਜੂਠਾ ਝੂਠਾ ਮੋਹ ਤੁੜਾਨ, ਨਾਤਾ ਬਿਧਾਤਾ ਇਕ ਬੰਧਾਇਆ । ਰਾਗੀ ਨਾਦੀ ਏਕਾ ਗਾਣ, ਧੁਨੀ ਨਾਦ ਇਕ ਵਜਾਇਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਇਆ । ਨੇੜ ਨਾ ਆਇਣ ਪੰਜ ਸ਼ੈਤਾਨ, ਜੋ ਜਨ ਨੇਤਰ ਲੋਚਣ ਦਰਸ਼ਨ ਪਾਇਆ । ਆਤਮ ਮਧ ਇਕ ਬਿਬਾਣ, ਗੁਰ ਪੂਰੇ ਜਗਤ ਦਵਾਇਆ । ਪਾਰਬ੍ਰਹਮ ਪ੍ਰਭ ਕਰ ਪਛਾਣ, ਜਗ ਜਲੰਦਾ ਪਾਰ ਕਰਾਇਆ । ਘਰ ਸਾਚੇ ਸਦਾ ਮਿਹਰਵਾਨ, ਆਪ ਆਪਣਾ ਰੰਗ ਚੜ੍ਹਾਇਆ । ਵੇਦੀ ਸੋਢੀ ਯਦ ਸੁਲਤਾਨ, ਹਰਿ ਸਾਚਾ ਜੋਤ ਜਗਾਇਆ । ਹਰਿਗੋਬਿੰਦ ਨੌਜਵਾਨ, ਬਸਤਰ

੮੩੦ ੦੭

ਸ਼ਸਤਰ ਤਨ ਸਜਾਇਆ । ਹਰਿਰਾਏ ਹਰਿ ਮਿਹਰਵਾਨ, ਹਰਿ ਕਾ ਰੂਪ ਸਮਾਇਆ । ਬਾਲ ਅਵਸਥਾ ਬਾਲ ਨਿਧਾਨ, ਨਿਰਗੁਣ ਕਰੇ ਰੁਸ਼ਨਾਇਆ । ਨਾਵਾਂ ਗੁਰ ਨੌਂ ਦਰ ਕਰ ਪਛਾਣ, ਆਪ ਆਪਣਾ ਭੇਟ ਚੜ੍ਹਾਇਆ । ਦਿੱਲੀ ਦਵਾਰ ਕਰ ਪਰਧਾਨ, ਦਰਦ ਦੀਨਾ ਆਪ ਵੰਡਾਇਆ । ਪੂਤ ਸਪੂਤਾ ਸੁਤ ਦੁਲਾਰ, ਗੋਬਿੰਦ ਵੇਖ ਵਖਾਇਆ । ਲੋਕਮਾਤ ਕਰ ਉਜਿਆਰ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਗੋਬਿੰਦ ਗੁਰ ਸੁਤ ਦੁਲਾਰਾ, ਹਰਿ ਹਰਿ ਆਪ ਜਗਾਈਆ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਮੇਲ ਮਿਲਾਈਆ । ਸ੍ਰਿਸ਼ਟ ਸਬਾਈ ਕਰੇ ਉਜਿਆਰਾ, ਦੇਵੇ ਵਡ ਵਡਿਆਈਆ । ਏਕਾ ਬੰਨ੍ਹੇ ਸੀਸ ਦਸਤਾਰਾ, ਕਲਗੀ ਤੋੜਾ ਆਪ ਵਖਾਈਆ । ਸ਼ਾਹੋ ਭੂਪ ਸੱਚਾ ਅਸਵਾਰਾ, ਸ਼ਾਹ ਅਸਵਾਰ ਨਾਉਂ ਧਰਾਈਆ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਲਟਕਾਈਆ । ਅੱਠੇ ਪਹਿਰ ਦੇਵੇ ਪਹਿਰਾ, ਅਕਾਲ ਪੁਰਖ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਏਕਾ ਨਗਰ ਏਕਾ ਘਰ, ਏਕਾ ਜੋਤ ਜਗਾਈਆ । ਆਪੇ ਰੱਖਿਆ ਖੁਲ੍ਹਾ ਵੇਹੜਾ, ਚਾਰੋਂ ਕੁੰਟ ਫੇਰਾ ਪਾਈਆ । ਕਰਨਹਾਰਾ ਹੱਕ ਨਬੇੜਾ, ਭੁੱਲ ਰਹੇ ਨਾ ਰਾਈਆ । ਜੁਗ ਜੁਗ ਦੇਵਣਹਾਰਾ ਗੇੜਾ, ਆਪੇ ਲੱਠ ਰਿਹਾ ਭਵਾਈਆ । ਗ਼ਰੀਬ ਨਿਮਾਣਿਆਂ ਬੰਨ੍ਹੇ ਬੇੜਾ, ਸੱਤਾਂ ਦੀਪਾਂ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਉਜਾਲਾ, ਗੋਬਿੰਦ ਰੂਪ ਸਮਾਇਆ । ਦੀਨਾਂ ਬੰਧਪ ਦੀਨ ਦਿਆਲਾ, ਦਇਆ ਨਿਧ ਅਖਵਾਇਆ । ਕਲਜੁਗ ਅੰਤਮ ਹੋਏ ਕਿਰਪਾਲਾ, ਆਪ ਆਪਣਾ ਵੇਸ ਵਟਾਇਆ । ਸੰਗ ਰਖਾਏ ਕਾਲ ਮਹਾਂਕਾਲਾ, ਆਦਿ ਸ਼ਕਤ ਰੰਗ ਰੰਗਾਇਆ । ਆਦਿ ਭਵਾਨੀ ਬਾਲੀ ਬਾਲਾ, ਸਗਲਾ ਸੰਗ ਰਖਾਇਆ । ਤੋੜਨਹਾਰਾ ਜਗਤ ਜੰਜਾਲਾ, ਨੌਂ ਦਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਇਆ । ਸਗਲਾ ਸੰਗ ਹਰਿ ਰਘਨਾਥ, ਆਪਣਾ ਆਪ ਨਿਭਾਇੰਦਾ । ਆਪੇ ਹੋ ਤ੍ਰਲੋਕੀ ਨਾਥ, ਤਿੰਨਾਂ ਲੋਕਾਂ ਫੇਰਾ ਪਾਇੰਦਾ । ਆਪ ਚਲਾਏ ਆਪਣੀ ਗਾਥ, ਆਪ ਆਪਣਾ ਨਾਮ ਜਪਾਇੰਦਾ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਆਪ ਅਖਵਾਇੰਦਾ । ਲਹਿਣਾ ਚੁਕਾਏ ਪੂਜਾ ਪਾਠ, ਆਪ ਆਪਣਾ ਸੰਗ ਰਖਾਇੰਦਾ । ਆਪੇ ਆਪ ਸਰ ਸਰੋਵਰ ਮਾਰੇ ਠਾਠ, ਆਪ ਆਪਣਾ ਤਾਲ ਸੁਹਾਇੰਦਾ । ਆਪ ਬਣਾਏ ਆਪਣਾ ਹਾਠ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਇਕ ਵਖਾਇੰਦਾ । ਗੋਬਿੰਦ ਤੇਰਾ ਮੇਲ ਮਿਲਾਵਾ, ਘਰ ਸਾਚੇ ਵੱਜੀ ਵਧਾਈਆ । ਸਤਿ ਪੁਰਖ ਬੰਧਾਏ ਸਾਚਾ ਦਾਅਵਾ, ਗਊ ਗਰੀਬਾਂ ਹੋਏ ਸਹਾਈਆ । ਲਹਿਣਾ ਦੇਣਾ ਚੁਕਾਏ ਪੁੱਤਰਾਂ ਮਾਵਾਂ, ਗਿਰਿਆਜ਼ਾਰੀ ਰਿਹਾ ਕਰਾਈਆ । ਬਲ ਧਾਰੇ ਭੁਜਾਂ ਬਾਹਵਾਂ, ਬਸਤਰ ਸ਼ਸਤਰ ਇਕ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਮਾਹੀਆ । ਗੋਬਿੰਦ ਗੁਰ ਸੂਰਾ ਬਲਕਾਰ, ਹਰਿ ਹਰਿ ਆਪ ਉਪਾਇਆ । ਦੇਵੇ ਦਰਸ ਅਗੰਮ ਅਪਾਰ, ਆਪ ਆਪਣਾ ਦਰ ਸੁਹਾਇਆ । ਪੰਚਮ ਮੀਤਾ ਪੰਚਮ ਕਰ ਪਿਆਰ, ਆਪਣੇ ਰੰਗ ਰੰਗਾਇਆ । ਪਾਰ ਵਖਾਏ ਕੰਡੇ ਧਾਰ, ਧੀਰਜ ਧੀਰ ਧਰਾਇਆ । ਆਪ ਆਪਣਾ ਉਤੋਂ ਵਾਰ, ਆਪ ਆਪਣਾ ਸੀਸ ਝੁਕਾਇਆ । ਪੰਚਮ ਰੰਗ ਰੰਗੇ ਕਰਤਾਰ, ਰੰਗਣਹਾਰਾ ਦਿਸ ਨਾ ਆਇਆ । ਸਾਚੀ ਸਿਖਿਆ ਗੁਰ ਵਿਚਾਰ, ਗੁਰਮਤ

ਏਹ ਸਮਝਾਇਆ । ਪੰਜ ਕੱਕ ਲਏ ਰੱਖ, ਹੋ ਪ੍ਰਤੱਖ ਆਪਣਾ ਰੂਪ ਆਪ ਉਪਾਇਆ । ਸ੍ਰਿਸ਼ਟ ਸਬਾਈ ਨੇਤਰ ਪੇਖ ਉਡਣੇ ਕੱਖ, ਚਾਰੋਂ ਕੁੰਟ ਬੈਠੇ ਰਾਹ ਤਕਾਇਆ । ਸੰਤ ਭਗਤ ਭਗਵੰਤ ਲਏ ਰੱਖ, ਬੇਮੁਖਾਂ ਦਏ ਸਜਾਇਆ । ਜੂਠ ਝੂਠ ਨਕੇਲ ਪਾਏ ਨੱਕ, ਚਾਰੋਂ ਕੁੰਟ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਮੇਲ ਮਿਲਾਇਆ । ਪੰਚਮ ਮੀਤਾ ਪੰਚਮ ਸ਼ਿੰਗਾਰ, ਤਨ ਹਰਿ ਆਪ ਕਰਾਇੰਦਾ । ਸ਼ਸਤਰ ਬਸਤਰ ਅਪਰ ਅਪਾਰ, ਆਪੇ ਵੇਖ ਵਖਾਇੰਦਾ । ਆਪੇ ਬੰਨ੍ਹ ਸੱਚੀ ਦਸਤਾਰ, ਤਨ ਗਾਤਰੇ ਆਪ ਲਟਕਾਇੰਦਾ । ਚਾਰ ਵਰਨਾਂ ਕਰ ਉਜਿਆਰ, ਏਕਾ ਧਾਮ ਸੁਹਾਇੰਦਾ । ਦੋਏ ਜੋੜ ਕਰ ਨਿਮਸਕਾਰ, ਪੁਰਖ ਅਕਾਲ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਲਹਿਣਾ ਜੁਗ ਜੁਗ ਦੇਣਾ, ਨੇਤਰ ਨੈਣਾਂ ਆਪ ਰੰਗਾਇੰਦਾ । ਗੁਰ ਗੋਬਿੰਦ ਹਰਿ ਰੰਗ ਰਾਤਾ, ਏਕਾ ਰੰਗ ਰੰਗਾਇਆ । ਆਪਣਾ ਘਰ ਆਪ ਪਛਾਤਾ, ਆਪੇ ਖੇਲ ਖਲਾਇਆ । ਸੰਗ ਤਜਾਇਆ ਪੁੱਤਰਾਂ ਮਾਤਾ, ਸਰਸਾ ਪਾਰ ਕਿਨਾਰਿਆ । ਗੁਰਮੁਖਾਂ ਦੇਵਣਹਾਰਾ ਸਾਚੀ ਦਾਤਾ, ਗੜ੍ਹੀ ਅਨੰਦ ਤਜਾ ਰਿਹਾ । ਮਿਟੀ ਰੈਣ ਅੰਧੇਰੀ ਰਾਤਾ, ਸਾਚਾ ਚੰਦ ਚੜ੍ਹਾ ਰਿਹਾ । ਸਾਚੀ ਸੇਜ ਇਕ ਸੁਹਾਤਾ, ਸੱਥਰ ਸੂਲਾਂ ਹੇਠ ਵਿਛਾ ਰਿਹਾ । ਆਪ ਸੁਣਾਏ ਆਪਣੀ ਗਾਥਾ, ਸ਼ਬਦ ਸੁਨੇਹੜਾ ਇਕ ਘਲਾਇਆ । ਮੁਖੀ ਤੀਰ ਟੇਕੇ ਮਾਥਾ, ਚਿੱਲਾ ਕਮਾਨ ਉਠਾ ਰਿਹਾ । ਤੇਰਾ ਨਿਭਿਆ ਸਾਚਾ ਸਾਥਾ, ਸਮਰਥ ਪੁਰਖ ਇਕ ਧਿਆ ਲਿਆ । ਲਹਿਣ ਦੇਣ ਨਾਥ ਅਨਾਥਾ, ਸਰਨ ਤੁਹਾਰੀ ਓਟ ਰਖਾਇਆ । ਤੂਹੀ ਪਿਤਾ ਤੂਹੀ ਮਾਤਾ, ਹਉਂ ਬਾਲਕ ਰੂਪ ਸਮਾਇਆ । ਬੈਠਾ ਰਹੇ ਇਕ ਇਕਾਂਤਾ, ਤੇਰਾ ਭੇਵ ਕਿਸੇ ਨਾ ਪਾਇਆ । ਆਦਿ ਜੁਗਾਦੀ ਮਾਰੇ ਝਾਤਾ, ਜੁਗ ਜੁਗ ਵੇਸ ਵਟਾਇਆ । ਚਰਨ ਕਵਲ ਬੰਧਾਏ ਨਾਤਾ, ਚਾਰ ਵਰਨਾਂ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵੇਖੇ ਸਾਚੇ ਘਰ, ਘਰ ਸਾਚੇ ਡੇਰਾ ਆਪੇ ਲਾਇਆ । ਪੰਜ ਤਤ ਹਰਿ ਗੋਬਿੰਦ, ਕਾਇਆ ਸ਼ਬਦ ਸ਼ਿੰਗਾਰਿਆ । ਮੇਟ ਮਿਟਾਈ ਸਗਲੀ ਚਿੰਦ, ਪਿਤਾ ਪੂਤ ਆਪ ਵਾਰਿਆ । ਪਾਰਬ੍ਰਹਮ ਤੇਰੀ ਏਕਾ ਅੰਸ, ਦੁਸ਼ਟ ਦਮਨ ਵੇਖ ਵਖਾਇਆ । ਤੇਰੀ ਧਾਰ ਤੇਰਾ ਸਾਗਰ ਸਿੰਧ, ਤੇਰੀ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਬੇਅੰਤ ਬੇਅੰਤ ਨਾਨਕ ਰਸਨਾ ਗਾਇਆ । ਤਨ ਨਗਾਰੇ ਲੱਗੇ ਚੋਟ, ਰਣਜੀਤ ਨਗਾਰਾ ਇਕ ਵਜਾਇਆ । ਗੁਰਮੁਖਾਂ ਕੱਢੇ ਕਾਇਆ ਖੋਟ, ਦੇ ਮਤ ਆਪ ਸਮਝਾਇਆ । ਕਲਜੁਗ ਭਰੀ ਨਾ ਅਜੇ ਪੋਟ, ਮਾਇਆ ਮਮਤਾ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਸਾਚਾ ਸੰਗ ਨਿਭਾਇਆ । ਸ਼ਬਦ ਜਣਾਈ ਹਰਿ ਨਿਰੰਕਾਰਾ, ਏਕਾ ਡੰਕ ਵਜਾਇੰਦਾ । ਗੁਰ ਗੋਬਿੰਦ ਸੁਤ ਦੁਲਾਰਾ, ਏਕਾ ਧੁਨ ਸੁਣਾਇੰਦਾ । ਤੇਰਾ ਮੇਰਾ ਇਕ ਪਿਆਰਾ, ਏਕਾ ਰੰਗ ਰੰਗਾਇੰਦਾ । ਹਉਂ ਪੁਰਖ ਤੂੰ ਸਾਚੀ ਨਾਰਾ, ਸਾਚੀ ਸੇਜ ਹੰਢਾਇੰਦਾ । ਚਾਰ ਵਰਨਾਂ ਕਰਨਾ ਇਕ ਪਿਆਰਾ, ਸਾਚਾ ਮਾਰਗ ਲਾਇੰਦਾ । ਪੰਥ ਖ਼ਾਲਸਾ ਕਰ ਤਿਆਰਾ, ਏਕਾ ਰੂਪ ਦਰਸਾਇੰਦਾ । ਏਕਾ ਅੱਲਾ ਏਕਾ ਨਾਅਰਾ, ਐਨਲਹੱਕ ਇਕ ਵਖਾਇੰਦਾ । ਏਕਾ ਰਾਮ ਕਰ ਪਿਆਰਾ, ਸੀਤਾ ਸੁਰਤੀ ਆਪ ਪ੍ਰਨਾਇੰਦਾ । ਏਕਾ ਕ੍ਰਿਸ਼ਨਾ ਸੋਹੇ ਦਵਾਰਾ, ਏਕਾ ਮੋਰ ਮੁਕਟ ਟਿਕਾਇੰਦਾ । ਏਕਾ ਵਿਸ਼ਨੂੰ ਮਾਰੇ ਨਾਅਰਾ, ਚਤੁਰਭੁਜ ਇਕ ਜਣਾਇੰਦਾ । ਏਕਾ ਬ੍ਰਹਮਾ ਗਾਏ ਵਾਰੋ ਵਾਰਾ, ਦਰ ਦਰਬਾਰੇ ਵੇਖ ਵਖਾਇੰਦਾ । ਏਕਾ ਸ਼ੰਕਰ ਮੀਤ ਮੁਰਾਰਾ, ਗੁਰ ਗੁਰ ਆਪ ਅਖਵਾਇੰਦਾ । ਏਕਾ ਅੰਦਰ ਬਖ਼ਸ਼ੇ ਧਾਰਾ, ਏਕਾ ਰੰਗ ਰੰਗਾਇੰਦਾ । ਕਰੋੜ

ਤੇਤੀਸਾ ਕਰੇ ਪਿਆਰਾ, ਤੇਰਾ ਰਾਹ ਤਕਾਇੰਦਾ । ਅਠਾਰਾਂ ਬਰਨ ਪਾਰ ਕਰਾਣਾ, ਚੌਹਾਂ ਵਰਨਾਂ ਵੇਖ ਵਖਾਇੰਦਾ । ਏਕਾ ਬ੍ਰਹਮ ਸਰਬ ਪਸਾਰਾ, ਏਕਾ ਨੂਰ ਦਰਸਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਭੇਵ ਕੋਈ ਨਾ ਪਾਇੰਦਾ । ਗੋਬਿੰਦ ਗੋਬਿੰਦ ਢਹਿ ਢਹਿ ਪਏ ਦਵਾਰਾ, ਦੋਏ ਜੋੜ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਿਤ ਆਪਣੀ ਗਤ ਆਪੇ ਆਪ ਜਣਾਇੰਦਾ । ਮਿਤਗਤ ਪੁਰਖ ਕਰਤਾਰ, ਗੋਬਿੰਦ ਬੂਝ ਬੁਝਾਈਆ । ਆਤਮ ਬਖ਼ਸ਼ੇ ਸਚ ਪਿਆਰ, ਨਾਨਕ ਹੱਥ ਵਡਿਆਈਆ । ਦੀਨ ਅਸਲਾਮ ਨਾ ਉਬਲੇ ਰੱਤ, ਨੂਰ ਇਲਾਹੀ ਦਰਸ਼ਨ ਪਾਈਆ । ਰਾਮ ਰੱਤ ਜੋ ਗਏ ਰੱਤ, ਰੱਤੀ ਰੱਤ ਰਹੇ ਨਾ ਰਾਈਆ । ਕ੍ਰਿਸ਼ਨਾ ਦ੍ਰੋਪਤੀ ਰੱਖਿਆ ਸਤਿ, ਜਗਤ ਪਰਦਾ ਨਾ ਕੋਈ ਹਟਾਈਆ । ਵੇਦ ਵਿਦਾਤਾ ਉਪਜੇ ਬੀਜੇ ਵਤ, ਚਾਰੋਂ ਕੁੰਟ ਵੱਜੇ ਵਧਾਈਆ । ਪੁਰਾਨ ਅਠਾਰਾਂ ਬੰਨ੍ਹੇ ਨਤਿ, ਨਾਤਾ ਬਿਧਾਤਾ ਵੇਖ ਵਖਾਈਆ । ਆਪੇ ਦੇਵਣਹਾਰਾ ਸਤਿ, ਸਤਿ ਸੰਤੋਖ ਇਕ ਜਣਾਈਆ । ਅੰਜੀਲ ਕੁਰਾਨ ਗਾਏ ਗਥ, ਬੰਸ ਬੰਸਾ ਦਏ ਸਮਝਾਈਆ । ਪੰਚਮ ਮੀਤਾ ਪੰਚਮ ਵੇਲਾ ਵੇਖੇ ਵਤ, ਜੋ ਜਨ ਰਹੇ ਸੀਸ ਝੁਕਾਈਆ । ਸਜਦਾ ਧਾਮ ਏਕਾ ਬਾਂਗ ਏਕਾ ਧਾਮ ਇਕੱਠ, ਏਕਾ ਰਿਹਾ ਸੁਣਾਈਆ । ਏਕਾ ਤੀਰਥ ਏਕਾ ਤੱਟ, ਗੰਗਾ ਗੋਦਾਵਰੀ ਇਕ ਜਣਾਈਆ । ਏਕਾ ਪੂਜਾ ਏਕਾ ਪਾਠ, ਏਕਾ ਦਰ ਸੁਣਾਈਆ । ਏਕਾ ਨੁਹੌਣਾ ਏਕਾ ਨੁਹਾਤ, ਸਰ ਸਰੋਵਰ ਇਕ ਰਖਾਈਆ । ਏਕਾ ਦੀਵਾ ਏਕਾ ਬਾਤ, ਏਕਾ ਰਿਹਾ ਜਗਾਈਆ । ਏਕਾ ਮੀਤਾ ਕਮਲਾਪਾਤ, ਏਕਾ ਕੰਤ ਅਖਵਾਈਆ । ਏਕਾ ਪੁੱਛਣਹਾਰਾ ਵਾਤ, ਜੁਗ ਜੁਗ ਵੇਸ ਵਟਾਈਆ । ਗੁਰਮੁਖਾਂ ਗੁਰਸਿਖਾਂ ਹਰਿਜਨ ਦੇਵੇ ਸਾਚੀ ਦਾਤ, ਸ਼ਬਦ ਭੰਡਾਰ ਆਪ ਵਰਤਾਈਆ । ਹਰਿ ਕਾ ਨਾਮ ਸੱਚੀ ਕਰਾਮਾਤ, ਪਾਰਬ੍ਰਹਮ ਦਏ ਮਿਲਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਜੋ ਜਨ ਰਸਨਾ ਗਾਈਆ । ਸ਼ਬਦ ਚੜ੍ਹਾਏ ਸਾਚੇ ਰਾਕ, ਦੋ ਜਹਾਨਾਂ ਪਾਰ ਕਰਾਈਆ । ਆਪੇ ਹੋਇਆ ਪਾਕੀ ਪਾਕ, ਪਰਵਰਦਿਗਾਰ ਸੇਜ ਹੰਢਾਈਆ । ਲੇਖੇ ਲਾਏ ਖ਼ਾਕੀ ਖ਼ਾਕ, ਖ਼ਾਕੀ ਖ਼ਾਕ ਆਪ ਰਮਾਈਆ । ਆਦਿ ਅੰਤ ਕੋਈ ਨਾ ਦਿਸੇ ਆਕੀ ਆਕ, ਮੇਟ ਮਿਟਾਵੇ ਖ਼ੁਦੀ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਆਪ ਆਪਣਾ ਰਿਹਾ ਬੁਝਾਈਆ । ਗੋਬਿੰਦ ਉਠ ਸੁਤ ਦੁਲਾਰ, ਹਰਿ ਸਾਚੇ ਸ਼ਬਦ ਜਣਾਇਆ । ਪਾਰਬ੍ਰਹਮ ਹੋਇਆ ਖ਼ਬਰਦਾਰ, ਤੇਰਾ ਤੇਰੀ ਝੋਲੀ ਪਾਇਆ । ਚੌਦਾਂ ਤਬਕ ਵੇਖੇ ਮੁਹੰਮਦ ਯਾਰ, ਚਾਰ ਯਾਰੀ ਸੰਗ ਰਲਾਇਆ । ਅੰਜੀਲ ਕੁਰਾਨਾ ਬੰਨ੍ਹੀ ਧਾਰ, ਆਪੇ ਮੇਲ ਮਿਲਾਇਆ । ਵੇਦ ਪੁਰਾਨਾਂ ਕਰ ਉਜਿਆਰ, ਰਾਗ ਰਾਗਨੀ ਸੇਵਾ ਲਾਇਆ । ਨਾਰਦ ਮੁਨ ਖ਼ਬਰਦਾਰ, ਚਾਰੋਂ ਕੁੰਟ ਰਿਹਾ ਦੌੜਾਇਆ । ਸੁਰਸਤੀ ਸੁਤ ਕਰ ਉਜਿਆਰ, ਨਾਮ ਬੀਨਾ ਇਕ ਵਜਾਇਆ । ਨੌਂ ਨੌਂ ਸੁਤ ਰੂਪ ਅਪਾਰ, ਭੁਜਾਂ ਵੇਖ ਵਖਾਇਆ । ਚਾਰ ਸੁਤ ਬ੍ਰਹਮ ਉਤਪਤ, ਆਪ ਆਪਣੇ ਰੰਗ ਰੰਗਾਇਆ । ਬਰਾਹ ਤੇਰੀ ਪਾਵੇ ਸਾਰ, ਯਗਹ ਪੁਰਸ਼ ਨਾਉਂ ਧਰਾਇਆ । ਹਾਵ ਗ਼ਰੀਵ ਹੋ ਉਜਿਆਰ, ਨਰਾਇਣ ਨਰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਰੰਗਣਹਾਰਾ ਹਰਿ ਭਗਵਾਨਾ, ਏਕਾ ਨੂਰ ਅਲਾਹੀਆ । ਜੁਗ ਜੁਗ ਵੇਖੇ ਮਾਰ ਧਿਆਨਾ, ਦੂਰ ਦੁਰਾਡਾ ਬੇਪਰਵਾਹੀਆ । ਜਗਤ ਜੁਗ ਜੀਵ ਹੋਏ ਨਾਦਾਨਾ, ਪੰਜ ਸ਼ੈਤਾਨਾ ਵਸੇ ਆਪਣਾ ਆਪੇ ਰਹੇ ਕੁਰਲਾਈਆ । ਸਚ ਨਾ ਮਿਲਿਆ ਨਾ ਸਚ ਗਿਆਨਾ, ਸਚ ਸੁੱਚ ਨਾ ਕੋਈ ਜਣਾਈਆ । ਕਾਇਆ ਪੰਚਮ ਹੋ ਪਰਧਾਨਾ, ਮਨ ਮਨੂਆ ਦਹਿ ਦਿਸ਼ਾ ਫਿਰੇ ਵਾਹੋ ਦਾਹੀਆ । ਮਤ ਮਤਵਾਲੀ ਹੋਈ ਨਦਾਨਾ,

ਦੋਏ ਨੈਣ ਰਹੀ ਸ਼ਰਮਾਈਆ । ਬੁੱਧ ਬਿਬੇਕ ਨਾ ਕੋਈ ਰਖਾਨਾ, ਸਚ ਨਾ ਕੋਈ ਜਣਾਈਆ । ਸ਼ਬਦ ਗੁਰ ਮਿਹਰਵਾਨਾ, ਏਕਾ ਇਸ਼ਟ ਦੇਵ ਅਖਵਾਈਆ । ਗੁਰ ਗੋਬਿੰਦ ਮੰਗੇ ਮੰਗ ਦੇਵਣਹਾਰਾ ਧੁਰ ਫ਼ਰਮਾਣਾ, ਅਕਾਲ ਪੁਰਖ ਵੱਡੀ ਵਡਿਆਈਆ । ਅਜੂਨੀ ਰਹਿਤ ਰੂਪ ਰੰਗ ਨਾ ਕੋਈ ਪਛਾਣਾ, ਨਿਰਗੁਣ ਨਿਰਗੁਣ ਖੇਲ ਖਲਾਈਆ । ਸਾਚੀ ਮੂਰਤ ਹਰਿ ਧਰ, ਨਾਦ ਤੂਰਤ ਇਕ ਵਜਾਈਆ । ਜੀਆਂ ਜੰਤਾਂ ਦੇਵੇ ਸ਼ਬਦ ਵਰ, ਸ਼ਬਦੀ ਸ਼ਬਦ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦੇਵੇ ਸਾਚਾ ਵਰ, ਅੰਤ ਤੇਰਾ ਬੇੜਾ ਬੰਨ੍ਹੇ ਲਾਈਆ । ਹਰਿ ਭਗਵੰਤ ਹਰਿ ਮਿਹਰਵਾਨਾ, ਹਰਿ ਹਰਿ ਮੇਲ ਮਿਲੰਨਿਆ । ਹਰਿ ਹਰਿ ਦੇਵੇ ਸਾਚਾ ਦਾਨਾ, ਜੁਗ ਜੁਗ ਵੇਖ ਵਖੰਨਿਆ । ਆਪੇ ਸੀਤਾ ਆਪੇ ਰਾਮਾ, ਆਪੇ ਬੇੜਾ ਬੰਨਿਆ । ਆਪੇ ਗੋਪੀ ਆਪੇ ਕਾਹਨਾ, ਆਪੇ ਮੰਡਲ ਰਾਸ ਵਖੰਨਿਆ । ਆਪੇ ਈਸਾ ਮੂਸਾ ਹੋ ਪ੍ਰਧਾਨਾ, ਆਪੇ ਸੰਗ ਮੁਹੰਮਦ ਚਾਰ ਯਾਰੀ ਬੇੜਾ ਬੰਨ੍ਹਿਆ । ਆਪੇ ਨਾਨਕ ਗੁਰ ਕਰ ਪ੍ਰਧਾਨਾ, ਲੋਕਮਾਤ ਦੇਵੇ ਨਾਮ ਧਨਿਆ । ਗੋਬਿੰਦ ਸੁਤ ਇਕ ਪਛਾਣਾ, ਦੋ ਜਹਾਨਾਂ ਚੜ੍ਹਿਆ ਸਾਚਾ ਚੰਨਿਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਦਿਸ ਨਾ ਆਏ ਆਤਮ ਅੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦਿਤਾ ਸਾਚਾ ਵਰ, ਘਰ ਸਾਚਾ ਇਕ ਸੁਹੰਨਿਆ । ਘਰ ਸੁਹਾਏ ਧੁਰ ਦਰਬਾਰ, ਹਰਿ ਬੈਠਾ ਬੇਪਰਵਾਹੀਆ । ਨਿਰਗੁਣ ਜੋਤੀ ਕਰ ਉਜਿਆਰ, ਸ਼ਬਦ ਸਿੰਘਾਸਣ ਡੇਰਾ ਲਾਈਆ । ਪਾਵਾ ਚੂਲ ਨਾ ਕੋਈ ਤਿਆਰ, ਨਾ ਕੋਈ ਬਾਢੀ ਬਣਤ ਬਣਾਈਆ । ਨਾ ਕੋਈ ਦਿਸੇ ਚੋਬਦਾਰ, ਨਾ ਕੋਈ ਚਵਰ ਝੁਲਾਈਆ । ਪੰਜ ਤਤ ਨਾ ਕੋਈ ਅਕਾਰ, ਰਕਤ ਬੂੰਦ ਨਾ ਕੋਈ ਰਖਾਈਆ । ਨਾ ਕੋਈ ਧੁਨੀ ਨਾਦ ਵੱਜੇ ਧੁਨਕਾਰ, ਸੁਰ ਤਾਲ ਨਾ ਕੋਈ ਰਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਪਿਆਰ, ਕਰੋੜ ਤੇਤੀਸਾ ਨਾ ਸੰਗ ਰਖਾਈਆ । ਖਾਣੀ ਬਾਣੀ ਨਾ ਕੋਈ ਉਜਿਆਰ, ਅੰਜੀਲ ਕੁਰਾਨ ਨਾ ਕੋਈ ਪੜ੍ਹਾਈਆ । ਵੇਦ ਵਿਦਾਂਤਾ ਨਾ ਕੋਈ ਪਸਾਰ, ਨਾ ਕੋਈ ਰਚਨ ਰਚਾਈਆ । ਜਲ ਥਲ ਜੰਗਲ ਜੂਹ ਨਾ ਕੋਈ ਪਹਾੜ, ਡੂੰਘੀ ਕੰਦਰ ਨਾ ਕੋਈ ਨਜ਼ਰੀ ਆਈਆ । ਲੱਖ ਚੁਰਾਸੀ ਨਾ ਰੰਗ ਅਪਾਰ, ਤ੍ਰੈਗੁਣ ਨਾ ਕੋਇ ਕੁੜਮਾਈਆ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਜ਼ਰ ਨਾ ਆਈਆ । ਇਕ ਅਕੱਲਾ ਏਕੰਕਾਰ, ਅਕਾਲ ਮੂਰਤ ਅਖਵਾਈਆ । ਜੋਤ ਸਰੂਪੀ ਕਰ ਅਕਾਰ, ਨਿਰਾਕਾਰ ਬੈਠਾ ਡੇਰਾ ਲਾਈਆ । ਹਰਿ ਹਰਿ ਖੇਲ ਅਪਾਰ, ਜੁਗ ਜੁਗ ਵੇਸ ਵਟਾਈਆ । ਗੁਰ ਗੋਬਿੰਦ ਦਏ ਸਹਾਰ, ਏਕਾ ਸ਼ਬਦ ਸੁਣਾਈਆ । ਸ਼ਬਦ ਸੁਤ ਦੋ ਜਹਾਨ, ਜਗਤ ਦਲਾਲ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਪੂਰ ਕਰਾਈਆ । ਸਾਚਾ ਵਰ ਹਰਿ ਮਿਹਰਵਾਨ, ਏਕਾ ਬੂਝ ਬੁਝਾਇੰਦਾ । ਗੋਬਿੰਦ ਲੇਖਾ ਦਏ ਜਣਾ, ਕਲਜੁਗ ਅੰਤਮ ਵੇਖ ਵਖਾਇੰਦਾ । ਵੇਦ ਵਿਆਸਾ ਗਿਆ ਲਿਖਾ, ਚਾਰ ਲੱਖ ਬੱਤੀ ਹਜ਼ਾਰ ਕਲਜੁਗ ਔਧ ਚੁਕਾਇੰਦਾ । ਆਪ ਆਪਣੀ ਵੰਡ ਵੰਡਾ, ਆਪ ਆਪਣਾ ਤੇਜ ਧਰਾਇੰਦਾ । ਖੰਡ ਖੰਡ ਆਪ ਕਰਾ, ਸਾਚਾ ਖੰਡਾ ਹੱਥ ਉਠਾਇੰਦਾ । ਭੇਖ ਪਖੰਡਾ ਦਏ ਮਿਟਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਿਤਾ ਵਰ, ਅੰਤਮ ਵੇਲਾ ਪ੍ਰਗਟ ਹੋਏ ਸਾਚਾ ਸੱਜਣ ਸੁਹੇਲਾ, ਨਿਹਕਲੰਕ ਆਪ ਆਪਣਾ ਨਾਉਂ ਧਰਾਇੰਦਾ । ਜੋਤ ਧਰਾਏ ਅੰਤਮ ਵੇਲਾ ਹਰਿ, ਹਰਿ ਜੋਤ ਜਗਾਇੰਦਾ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਆਪ ਆਪਣਾ ਰੂਪ ਵਟਾਇੰਦਾ । ਗੁਰ

੮੩੪
੦੭

ਗੋਬਿੰਦ ਤੇਰਾ ਧਾਮ ਅਵੱਲਾ ਲਏ ਮੱਲ, ਦਿਸ ਕਿਸੇ ਨਾ ਆਇੰਦਾ । ਆਪ ਵਸਿਆ ਨਿਹਚਲ ਘਰ ਅਟੱਲ, ਉਚ ਮਹੱਲ ਸੁਹਾਇੰਦਾ । ਜੋਤੀ ਸ਼ਬਦੀ ਰਿਹਾ ਰਲ, ਨੂਰੋ ਨੂਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਵਖਾਇੰਦਾ । ਕਲਜੁਗ ਅੰਤਮ ਵੇਸ ਵਟਾਵਣਾ, ਹਰਿ ਹਰਿ ਵੱਡੀ ਵਡਿਆਈਆ । ਗੋਬਿੰਦ ਤੇਰਾ ਸੰਗ ਨਿਭਾਵਣਾ, ਸੰਬਲ ਨਗਰੀ ਵੇਖ ਵਖਾਈਆ । ਸਾਢੇ ਤਿੰਨ ਹੱਥ ਬਣਤ ਬਣਾਵਣਾ, ਘਰ ਘਰ ਵਿਚ ਦਏ ਲਟਕਾਈਆ । ਜੀਵ ਜੰਤ ਕਿਸੇ ਦਿਸ ਨਾ ਆਵਣਾ, ਲੇਖਾ ਲੇਖਾ ਨਾ ਕੋਈ ਲਾਈਆ । ਨੀਲਾ ਨੀਲੀ ਧਾਰੋਂ ਪਾਰ ਕਰਾਵਣਾ, ਸੋਲਾਂ ਕਲੀਆਂ ਆਸਣ ਪਾਈਆ । ਸ਼ਾਹ ਅਸਵਾਰ ਡੇਰਾ ਲਾਵਣਾ, ਕਲਗੀ ਤੋੜਾ ਨਾਮ ਲਟਕਾਈਆ । ਬ੍ਰਿਹਮਣ ਗੌੜਾ ਵੇਖ ਵਖਾਵਣਾ, ਪੂਤ ਸਪੂਤਾ ਬੇਪਰਵਾਹੀਆ । ਉਚਾ ਟਿੱਲਾ ਪਾਰ ਕਰਾਵਣਾ, ਬਜ਼ਰ ਕਪਾਟੀ ਆਪ ਤੁੜਾਈਆ । ਸ਼ਬਦ ਗੁਰ ਨਾਲ ਰਲਾਵਣਾ, ਏਕਾ ਡੰਕ ਵਜਾਈਆ । ਲੋਆਂ ਪੁਰੀਆਂ ਆਪ ਉਠਾਵਣਾ, ਲੋਕਮਾਤ ਵੇਖ ਵਖਾਈਆ । ਧਰਤ ਮਾਤ ਸਗਨ ਮਨਾਵਣਾ, ਨਾਲ ਲਛਮੀ ਕਰੇ ਕੁੜਮਾਈਆ । ਵਿਸ਼ਨੂੰ ਵੰਸੀ ਖੇਲ ਖਿਲਾਵਣਾ, ਰਤਨ ਬਸਤਰ ਲਾਲ ਛੁਹਾਈਆ । ਪੀਲਾ ਵੇਸ ਨਜ਼ਰੀ ਆਵਣਾ, ਰੰਗ ਰੰਗੀਲਾ ਮਾਧਵ ਮਾਹੀਆ । ਕੰਚਨ ਰੰਗ ਵੇਖ ਵਖਾਵਣਾ, ਹਰਿ ਕਾਲੀ ਧਾਰ ਮਿਟਾਈਆ । ਨੌਂ ਸਤ ਤੇਲ ਚੜ੍ਹਾਵਣਾ, ਲੋਆਂ ਪੁਰੀਆਂ ਵੇਖ ਵਖਾਈਆ । ਜੋਤ ਨਿਰੰਜਣ ਸੇਵ ਲਗਾਵਣਾ, ਅਨਹਦ ਸੇਵ ਰਖਾਈਆ । ਕਾਗੀ ਕਾਗ ਹੰਸ ਬਣਾਵਣਾ, ਰਾਗੀ ਰਾਗ ਅਲਾਈਆ । ਅਨਾਦੀ ਨਾਦ ਇਕ ਵਜਾਵਣਾ, ਬ੍ਰਹਮਾ ਆਪ ਸੁਣਾਈਆ । ਬੋਧ ਅਗਾਧ ਸ਼ਬਦ ਚਲਾਵਣਾ, ਵੇਦ ਪੁਰਾਨ ਭੇਵ ਨਾ ਰਾਈਆ । ਗੋਬਿੰਦ ਸੁਤ ਆਪ ਉਠਾਵਣਾ, ਹਰਿ ਵਡ ਵੱਡੀ ਵਡਿਆਈਆ । ਸਾਚਾ ਮਾਰਗ ਸ੍ਰਿਸ਼ਟ ਲਗਾਵਣਾ, ਊਚ ਨੀਚ ਰਹੇ ਨਾ ਰਾਈਆ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਥਾਨ ਬਹਾਵਣਾ, ਏਕਾ ਜਾਪ ਜਪਾਈਆ । ਏਕਾ ਵਿਦਿਆ ਗਿਆਨ ਦ੍ਰਿੜਾਵਣਾ, ਏਕਾ ਬ੍ਰਹਮ ਸਮਾਈਆ । ਏਕਾ ਮੰਦਰ ਗੁਰੂਦਵਾਰ ਮਸਜਿਦ ਆਪ ਰਖਾਵਣਾ, ਸ਼ਿਵਦਵਾਲਾ ਮੱਠ ਇਕ ਕਰਾਈਆ । ਲੱਖ ਚੁਰਾਸੀ ਕਾਇਆ ਚੀਥੜਾ ਆਪ ਰੰਗਾਵਣਾ, ਰੰਗਣ ਵਾਲਾ ਇਕ ਹੋ ਜਾਈਆ । ਏਕਾ ਜੋਤੀ ਨੂਰ ਦਰਸਾਵਣਾ, ਘਰ ਘਰ ਫੇਰਾ ਪਾਈਆ । ਜੂਠ ਝੂਠ ਰਹਿਣ ਨਾ ਪਾਵਣਾ, ਕਾਮ ਕਰੋਧ ਨਾ ਹੋਏ ਹਲਕਾਈਆ । ਸਤਿ ਸੰਤੋਖ ਧੀਰਜ ਯਤ ਆਪ ਬੰਧਾਵਨਾ, ਹਰਿ ਨਾਮੇ ਵਡ ਵਡਿਆਈਆ । ਪੁਰਖ ਅਬਿਨਾਸ਼ੀ ਸ਼ਬਦ ਗਾਵਣਾ, ਅਕਾਲ ਪੁਰਖ ਇਕ ਮਨਾਈਆ । ਚਰਨ ਸਰੋਵਰ ਸਾਚੇ ਤੀਰਥ ਸ੍ਰਿਸ਼ਟ ਸਬਾਈ ਨੁਹਾਵਣਾ, ਦੁਰਮਤ ਮੈਲ ਗਵਾਈਆ । ਏਕਾ ਕੱਟਣਹਾਰਾ ਅਵਣ ਗਵਣਾ, ਲੱਖ ਚੁਰਾਸੀ ਫੰਦ ਕਟਾਈਆ । ਏਕਾ ਲੇਖਾ ਲਾਏ ਉਨੰਜਾ ਪਵਣਾ, ਪਵਣ ਸਵਾਸੀ ਇਕ ਵਖਾਈਆ । ਆਪੇ ਮਾਰੇ ਮਨੂਆ ਰਾਵਣਾ, ਰਾਮ ਨਾਮ ਵੱਡੀ ਵਡਿਆਈਆ । ਏਕਾ ਦੂਜਾ ਭੇਵ ਚੁਕਾਵਣਾ, ਆਪ ਆਪਣਾ ਲੜ ਫੜਾਈਆ । ਏਕਾ ਮੇਟੇ ਕਾਮਨੀ ਕਾਮਨਾ, ਏਕਾ ਤ੍ਰਿਸ਼ਨਾ ਭੁੱਖ ਗਵਾਈਆ । ਏਕਾ ਚੰਡੀ ਚਮਕਾਏ ਦੀਪਕ ਦਾਮਨਾ, ਏਕਾ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਕਲਜੁਗ ਵੇਖੇ ਝੂਠੀ ਛਾਹੀਆ । ਕਲਜੁਗ ਝੂਠਾ ਲਸ਼ਕਰ, ਹਰਿ ਹਰਿ ਵੇਖ ਵਿਖਾਨਿਆ । ਪ੍ਰਗਟ ਹੋਏ ਬੇਪਰਵਾਹ, ਆਪ ਆਪਣਾ ਬੇੜਾ ਬੰਨਿਆ । ਇਕ ਦਿਸਾਏ ਸਾਚਾ ਨਾਂ, ਚੇਤਨ ਰੂਪ ਆਪ ਚੇਤੰਨਿਆ । ਅਸਬੂਲ ਫੜੇ ਆਪੇ ਬਾਂਹ, ਕਾਰਨ ਹਰਿ ਹਰਿ ਮੰਨਿਆ । ਸਵਛ ਕਰੇ ਸਚ ਨਿਆਂ, ਵਡ ਦਾਤਾ ਹਰਿ ਹਰਿ ਧਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ

ਸਾਚਾ ਹਰਿ, ਹਰਿ ਜੁਗ ਜੁਗ ਖੇਲ ਖਿਲੰਨਿਆ । ਕਲਜੁਗ ਅੰਤਮ ਵੇਸ ਵਟਾਵਣਾ, ਗੋਬਿੰਦ ਬੂਝ ਬੁਝਾਇਆ । ਪੁਰਖ ਅਬਿਨਾਸ਼ੀ ਜਾਮਾ ਪਾਵਣਾ, ਆਪ ਆਪਣਾ ਨਾਉਂ ਰਖਾਇਆ । ਪੰਜ ਤਤ ਕੋਈ ਦਿਸ ਨਾ ਆਵਣਾ, ਗੋਬਿੰਦ ਸੰਗ ਨਿਭਾਇਆ । ਸ਼ਬਦ ਡੰਕ ਇਕ ਵਜਾਵਣਾ, ਮਰਦੰਗ ਹੱਥ ਉਠਾਇਆ । ਆਪ ਆਪਣਾ ਨਾਉਂ ਧਰਾਵਣਾ, ਆਪ ਆਪਣਾ ਆਪੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਆਪਣੀ ਝੋਲੀ ਆਪੇ ਪਾਇਆ । ਕਲਜੁਗ ਤੇਰਾ ਸਤਿ ਨਗਾਰਾ, ਹਰਿ ਹਰਿ ਆਪ ਵਜਾਇੰਦਾ । ਵੇਖ ਵਖਾਏ ਸ੍ਰਿਸ਼ਟ ਸਬਾਈ ਚਾਰੋਂ ਕੁੰਟ ਦਹਿ ਦਿਸ਼ ਧਾਰਾ, ਜੀਵ ਅੰਧਿਆਰਾ ਆਪ ਜਗਾਇੰਦਾ । ਪਾਰਬ੍ਰਹਮ ਪ੍ਰਭ ਪਾਏ ਸਾਰਾ, ਰੂਪ ਅਨੂਪ ਦਰਸਾਇੰਦਾ । ਨਾਮ ਡੰਕ ਅਗੰਮ ਅਪਾਰਾ, ਏਕਾ ਏਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ । ਨਾਉਂ ਧਰ ਹਰਿ ਨਿਰੰਕਾਰ, ਆਪ ਆਪਣੀ ਜੋਤ ਜਗਾਈਆ । ਨਿਹਕਲੰਕ ਲਏ ਅਵਤਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਸੰਤ ਸੁਹੇਲੇ ਲਏ ਉਭਾਰ, ਹਰਿ ਭਗਤ ਮੇਲ ਮਿਲਾਈਆ । ਦੁਸ਼ਟਾਂ ਕਰੇ ਮਾਤ ਸੰਘਾਰ, ਦੇਵੇ ਆਪ ਸਜਾਈਆ । ਸਾਚਾ ਦਰ ਸੁਹਾਏ ਇਕ ਦਰਬਾਰ, ਏਕਾ ਰੰਗ ਰੰਗਾਈਆ । ਮੇਲ ਮਿਲਾਵਾ ਨਾਰੀ ਨਾਰ, ਨਰ ਨਰਾਇਣ ਆਪ ਕਰਾਈਆ । ਬਿਰਧ ਬਾਲ ਜਵਾਨਾ ਲਾਏ ਪਾਰ, ਜੋ ਜਨ ਰਹੇ ਸ਼ਰਨਾਈਆ । ਚਾਰ ਵਰਨਾਂ ਸੱਚਾ ਸਿਕਦਾਰ, ਏਕਾ ਏਕ ਪੁਰਖ ਅਖਵਾਈਆ । ਮੀਤ ਮੁਰਾਰ ਹੋ ਤਿਆਰ, ਆਵੇ ਜਾਵੇ ਵੇਸ ਵਟਾਈਆ । ਗੀਤ ਸੁਹਾਗੀ ਗਾਏ ਵਾਰੋ ਵਾਰ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਭੁੱਖਾ ਨੰਗਤਾ ਉਤਰੇ ਪਾਰ ਜੋ ਜਨ ਦਰਸ਼ਨ ਪਾਈਆ । ਏਕਾ ਦਰ ਸੁਹੰਤਾ ਜੀਵ ਜੰਤ ਸਾਧ ਸੰਤ ਕਰ ਪਿਆਰ, ਏਕਾ ਇਸ਼ਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣੀ ਜੋਤ ਕਰੇ ਰੁਸ਼ਨਾਈਆ ।

ਸਾਚੇ ਘਰ ਹਰਿ ਹਰਿ ਭੋਗ, ਹਰਿ ਹਰਿ ਆਪ ਲਗਾਇਆ । ਗੁਰ ਸੰਗਤ ਮੇਲਾ ਧੁਰ ਸੰਜੋਗ, ਜੁਗ ਵਿਛੜੇ ਜਗ ਮੇਲ ਮਿਲਾਇਆ । ਦੇਵੇ ਦਰਸ ਦਰ ਅਮੋਘ, ਨੇਤਰ ਨੈਣ ਖੁਲ੍ਹਾਇਆ । ਹਉਮੇ ਕੱਟਣਹਾਰਾ ਰੋਗ, ਅੰਮ੍ਰਿਤ ਆਤਮ ਜਾਮ ਪਿਆਇਆ । ਗੁਰ ਪ੍ਰਸਾਦੀ ਗੁਰ ਪ੍ਰਸਾਦਿ ਮਿਲੇ ਸਾਚੀ ਚੋਗ, ਤ੍ਰਿਸ਼ਨਾ ਭੁੱਖ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਸਾਚਾ ਵਰ, ਵਰ ਦਾਤਾ ਇਕ ਹੋ ਜਾਇਆ । ਹਰਿਸੰਗਤ ਹਰਿ ਮੇਲਿਆ, ਪਾਰਬ੍ਰਹਮ ਕਰਤਾਰ । ਦਰ ਸੋਹਿਆ ਗੁਰੂ ਗੁਰ ਚੇਲਿਆ, ਗੁਰ ਗੋਬਿੰਦ ਮੀਤ ਮੁਰਾਰ । ਰਾਮ ਰਾਮਾ ਸੱਜਣ ਸੁਹੇਲਿਆ, ਕਾਹਨਾ ਕ੍ਰਿਸ਼ਨਾ ਆਪ ਮੁਰਾਰ । ਕੱਟਣਹਾਰਾ ਧਰਮ ਰਾਏ ਦੀ ਜੇਲ੍ਹਿਆ, ਭਵ ਸਾਗਰ ਉਤਰੇ ਪਾਰ । ਅਚਰਜ ਖੇਲ ਪਾਰਬ੍ਰਹਮ ਕਲ ਖੇਲਿਆ, ਕਲ ਕਲਕੀ ਲਏ ਅਵਤਾਰ । ਆਪੇ ਵਸੇ ਧਾਮ ਨਿਵੇਲਿਆ, ਦਿਸ ਨਾ ਆਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਹਰਿ ਹਰਿ ਰੀਤ, ਹਰਿਜਨ ਆਪ ਚਲਾਈਆ । ਦੋ ਜਹਾਨਾਂ ਸਾਚਾ ਮੀਤ, ਘਰ ਮੰਦਰ ਵੇਖ ਵਖਾਈਆ । ਆਦਿ ਜੁਗਾਦੀ ਅਚਰਜ ਰੀਤ, ਆਪ ਆਪਣੇ ਹੱਥ ਰਖਾਈਆ । ਦੇਹੁਰਾ ਮੰਦਰ ਕਾਇਆ

੮੩੬
੦੭

ਸਚ ਮਸੀਤ, ਗੁਰ ਪੂਰਾ ਬੈਠਾ ਆਸਣ ਲਾਈਆ । ਹਰਿਜਨ ਮਾਨਸ ਦੇਹੀ ਜਾਏ ਜੀਤ, ਚਰਨ ਕਵਲ ਉਪਰ ਧਵਲ ਸਾਵਲ ਸਵਲ ਜੋ ਜਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਾਚੇ ਫੁੱਲ ਕਵਲ, ਫਲ ਫੁਲਵਾੜੀ ਮਾਤ ਲਗਾਈਆ । ਹਰਿ ਸੱਜਣ ਹਰਿ ਪਾਇਆ, ਨੇਤਰ ਨੈਣ ਉਘਾੜ । ਘਰ ਮੰਦਰ ਇਕ ਸੁਹਾਇਆ, ਜੰਗਲ ਜੂਹ ਉਜਾੜ ਪਹਾੜ । ਮੰਗਲ ਸਾਚਾ ਗਾਇਆ, ਅਨਹਦ ਸ਼ਬਦ ਸੱਚੀ ਧੁਨਕਾਰ । ਡੂੰਘੀ ਭਵਰੀ ਪਾਰ ਕਰਾਇਆ, ਕਰ ਕਿਰਪਾ ਪਾਰ ਉਤਾਰ । ਜੋਤ ਨਿਰੰਜਣ ਕਰ ਰੁਸ਼ਨਾਇਆ, ਮੇਟ ਮਿਟਾਏ ਅੰਧ ਅੰਧਿਆਰ, ਦਸਮ ਦੁਆਰੀ ਕੁੰਡਾ ਲਾਹਿਆ, ਗੁਰਮੁਖਾਂ ਕਰੇ ਖ਼ਬਰਦਾਰ । ਆਤਮ ਸੇਜਾ ਮੇਲ ਮਿਲਾਇਆ, ਸੁਹਾਇਆ ਬੰਕ ਸੱਚਾ ਦਰਬਾਰ । ਨਾਰੀ ਕੰਤਾ ਰੂਪ ਵਟਾਇਆ, ਮੇਲ ਮਿਲਿਆ ਪੁਰਖ ਭਤਾਰ । ਹਉਮੇ ਸਹਿਸਾ ਰੋਗ ਮਿਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਾਏ ਪਾਰ । ਹਰਿ ਸੱਜਣ ਹਰਿ ਮੀਤੜਾ, ਏਕਾ ਏਕੰਕਾਰ । ਜਨ ਭਗਤਾਂ ਕਾਇਆ ਚੋਲੀ ਰੰਗੇ ਚੀਥੜਾ, ਦੁਰਮਤ ਮੈਲ ਉਤਾਰ । ਮਿੱਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਭਰੇ ਸਚ ਭੰਡਾਰ । ਵਸਿਆ ਧਾਮ ਇਕ ਅਨਡੀਠੜਾ, ਬਿਨ ਸਤਿਗੁਰ ਪੂਰੇ ਕੋਇ ਨਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਜਣ ਲਏ ਉਭਾਰ । ਹਰਿ ਸਾਜਣ ਮੀਤ ਸੱਜਣਾ, ਨਿਰਗੁਣ ਰੂਪ ਅਪਾਰ । ਗੁਰਮੁਖ ਮੇਲਾ ਆਦਿ ਨਿਰੰਜਣਾ, ਸੋਹੇ ਬੰਕ ਸੱਚਾ ਦਵਾਰ । ਚਰਨ ਧੂੜ ਕਰਾਏ ਸਾਚਾ ਮਜਨਾ, ਮਾਇਆ ਮੋਹ ਨਿਵਾਰ । ਜੋ ਘੜਿਆ ਸੋ ਭੱਜਣਾ, ਥਿਰ ਰਹੇ ਨਾ ਵਿਚ ਸੰਸਾਰ । ਸਤਿਗੁਰ ਪੂਰੇ ਪਰਦਾ ਕੱਜਣਾ, ਆਦਿ ਜੁਗਾਦਿ ਲਏ ਅਵਤਾਰ । ਨਾਮ ਚਲਾਏ ਸਚ ਜਹਾਜਨਾ, ਚਾਰ ਵਰਨਾਂ ਲਾਏ ਪਾਰ । ਆਪੇ ਰਚਿਆ ਆਪਣਾ ਕਾਜਨਾ, ਕਰਤਾ ਪੁਰਖ ਖੇਲ ਨਿਆਰ । ਸ਼ਬਦ ਅਗੰਮਾ ਮਾਰੇ ਵਾਜਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਇਕ ਦਵਾਰ । ਹਰਿ ਮੰਦਰ ਹਰਿ ਪਾਇਆ, ਗਹਿਰ ਗੰਭੀਰ ਸਰੂਪ । ਏਕਾ ਦੂਜਾ ਭੌ ਚੁਕਾਇਆ, ਮੇਲ ਮਿਲਾਵਾ ਸ਼ਾਹੋ ਭੂਪ । ਤੀਜਾ ਨੈਣ ਇਕ ਖੁਲ੍ਹਾਇਆ, ਦਰਸ ਦਿਖਾਇਆ ਚੌਥੀ ਕੂਟ । ਚੌਥੇ ਪਦ ਹੋਏ ਸਹਾਇਆ, ਪੰਜ ਤਤ ਵਿਕਾਰਾ ਗਿਆ ਛੂਟ । ਛੇਵੇਂ ਛੱਪਰ ਨਾ ਕੋਈ ਜਣਾਇਆ, ਗੁਰਮੁਖਾਂ ਗੁਰਮੁਖਾਂ ਆਪੇ ਗਿਆ ਤੂਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਹਰਿਜਨ ਮੇਲਾ ਸਾਚੇ ਦਰ, ਤਨ ਨਗਾਰੇ ਲਾਏ ਚੋਟ ।

### * ੪ ਮੱਘਰ ੨੦੧੫ ਬਿਕ੍ਰਮੀ ਜਸਵੰਤ ਸਿੰਘ ਦੇ ਘਰ ਅਟਾਰਸੀ ਸ਼ਹਿਰ ਮਧਿਆ ਪ੍ਰਦੇਸ਼ *

ਨਿਰਗੁਣ ਜੋਤ ਹਰਿ ਨਿਰੰਕਾਰ, ਏਕਾ ਰੂਪ ਸਮਾਈਆ । ਆਦਿਨ ਅੰਤਾ ਖੇਲ ਅਪਾਰ, ਜੁਗ ਜੁਗ ਵੇਸ ਵਟਾਈਆ । ਪੁਰਖ ਅਕਾਲਾ ਹੋ ਉਜਿਆਰ, ਆਦਿ ਸ਼ਕਤ ਸਮਾਈਆ । ਲੱਖ ਚੁਰਾਸੀ ਪਸਰ ਪਸਾਰ, ਆਪ ਆਪਣਾ ਆਸਣ ਲਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਏਕਾ ਵੇਖ ਵਖਾਈਆ । ਸੋ ਪੁਰਖ ਨਿਰੰਜਣ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਹੰ ਬ੍ਰਹਮ ਕਰ ਉਜਿਆਰ, ਓਅੰ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਬੇਪਰਵਾਹ, ਏਕਾ ਏਕ ਅਖਵਾਇੰਦਾ ।

੮੩੭
੦੭

ਜੁਗ ਜੁਗ ਲੋਕਮਾਤ ਬਣ ਮਲਾਹ, ਜਨ ਭਗਤਾਂ ਆਪ ਤਰਾਇੰਦਾ । ਸ਼ਬਦੀ ਸ਼ਬਦ ਦੇਵੇ ਸਚ ਸਲਾਹ, ਆਤਮ ਬ੍ਰਹਮ ਜਣਾਇੰਦਾ । ਆਪ ਵਖਾਏ ਸਾਚਾ ਥਾਂ, ਪੰਜ ਤਤ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਪੰਜ ਤਤ ਕਾਇਆ ਗਾਗਰ, ਹਰਿ ਹਰਿ ਬਣਤ ਬਣਾਈਆ । ਗੁਰਮੁਖ ਵਿਰਲਾ ਬਣੇ ਨਾਮ ਸੁਦਾਗਰ, ਜੀਵ ਜੰਤ ਆਪਣੀ ਬੂਝ ਬੁਝਾਈਆ । ਦੇਵੇ ਰੱਤੀ ਨਾਮ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਈਆ । ਨਿਰਮਲ ਕਰਮ ਕਰੇ ਉਜਾਗਰ, ਘਰ ਘਰ ਵੇਖੇ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਖਲਾਈਆ । ਜੁਗ ਜੁਗ ਵੇਸ ਅਵੱਲਾ, ਆਪੇ ਆਪ ਕਰਾਇੰਦਾ । ਕਾਇਆ ਮੰਦਰ ਉਚ ਅਟੱਲਾ, ਦਰ ਘਰ ਸਾਚੇ ਆਸਣ ਲਾਇੰਦਾ । ਬੈਠਾ ਆਪੇ ਇਕ ਇਕੱਲਾ, ਦਿਸ ਕਿਸੇ ਨਾ ਆਇੰਦਾ । ਆਤਮ ਸੇਜਾ ਸਚ ਸਿੰਘਾਸਣ ਏਕਾ ਮੱਲਾ, ਨਿਰਗਣ ਜੋਤ ਜਗਾਇੰਦਾ । ਸ਼ਬਦ ਭੰਡਾਰ ਬੰਨ੍ਹੇ ਪੱਲਾ, ਗੁਰਮੁਖ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਚਲਾਇੰਦਾ । ਜੋਤੀ ਸ਼ਬਦੀ ਹਰਿ ਹਰਿ ਨਾਤਾ, ਗੁਰਮੁਖ ਮੇਲ ਮਿਲਾਇੰਦਾ । ਭਗਤ ਵਛਲ ਹਰਿ ਪੁਰਖ ਬਿਧਾਤਾ, ਆਪ ਆਪਣਾ ਨਾਉਂ ਜਪਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਏਕਾ ਬੂਝ ਬੁਝਾਇੰਦਾ । ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਨਿਝਰ ਝਿਰਨਾ ਇਕ ਝਿਰਾਇੰਦਾ । ਅੰਤਮ ਵੇਲੇ ਪੁੱਛੇ ਵਾਤਾ, ਸਗਲਾ ਸੰਗ ਨਿਭਾਇੰਦਾ । ਆਪੇ ਪਿਤਾ ਆਪੇ ਮਾਤਾ, ਹਰਿਜਨ ਬਾਲ ਅਞਾਣੇ ਗੋਦ ਉਠਾਇੰਦਾ । ਨਾਮ ਅੱਖਰ ਜਗਤ ਵੱਖਰ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਬਜ਼ਰ ਕਪਾਟੀ ਪਾੜੇ ਪੱਥਰ, ਦੂਈ ਦਵੈਤੀ ਮੇਟ ਮਿਟਾਇੰਦਾ । ਪੰਚ ਵਿਕਾਰਾ ਕਰੇ ਸੱਥਰ, ਹਉਮੇ ਗੜ੍ਹ ਤੁੜਾਇੰਦਾ । ਨੇਤਰ ਨੀਰ ਵਿਰੋਲੇ ਅੱਥਰ, ਧੂਆਂਧਾਰ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਏਕਾ ਮੰਤਰ ਇਕ ਸੁਣਾਇੰਦਾ । ਏਕਾ ਸ਼ਬਦ ਇਕ ਧਿਆਨ, ਏਕਾ ਰੂਪ ਦਰਸਾਈਆ । ਏਕਾ ਰੂਪ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਜੋਤ ਨਿਰੰਜਣ ਕਰ ਉਜਿਆਰ, ਕਾਇਆ ਮੰਦਰ ਅੰਦਰ ਆਪ ਜਗਾਈਆ । ਧੁਨ ਅਨਾਦ ਸੱਚੀ ਧੁਨਕਾਰ, ਅਨਹਦ ਤਾਲ ਵਜਾਈਆ । ਦੁਰਮਤ ਮੈਲ ਦਏ ਉਤਾਰ, ਸਰ ਸਰੋਵਰ ਇਕ ਨੁਹਾਈਆ । ਮੇਲ ਮਿਲਾਵਾ ਸਾਚੇ ਯਾਰ, ਡੂੰਘੀ ਭਵਰੀ ਫੇਰਾ ਪਾਈਆ । ਸ਼ਬਦ ਗੁਰ ਹੋ ਤਿਆਰ, ਆਪ ਆਪਣਾ ਰੂਪ ਵਟਾਈਆ । ਫੜ ਫੜ ਬਾਹੋਂ ਲਾਏ ਪਾਰ, ਜੋ ਜਨ ਰਹੇ ਸ਼ਰਨਾਈਆ । ਆਦਿਨ ਅੰਤਾ ਏਕੰਕਾਰ, ਏਕਾ ਗੁਰ ਅਖਵਾਈਆ । ਸਾਧਾਂ ਸੰਤਾਂ ਦੇਵੇ ਦਰਸ ਅਪਾਰ, ਓਅੰ ਰੂਪ ਅਖਵਾਈਆ । ਰਾਮ ਰਾਮਾ ਹੋ ਅਵਤਾਰ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਈਸਾ ਮੂਸਾ ਖ਼ਬਰਦਾਰ, ਸੰਗ ਮੁਹੰਮਦ ਚਾਰ ਯਾਰ ਕਰੇ ਕੁੜਮਾਈਆ । ਨਾਨਕ ਗੋਬਿੰਦ ਵਿਚ ਸੰਸਾਰ, ਏਕਾ ਕੰਤ ਮਨਾਈਆ । ਆਤਮ ਸੇਜਾ ਸੁੱਤਾ ਪੈਰ ਪਸਾਰ, ਆਲਸ ਨਿੰਦਰਾ ਵਿਚ ਨਾ ਆਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਧਵਲ ਕਵਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖੇ ਸਹਿਜ ਸੁਭਾਈਆ । ਲੱਖ ਚੁਰਾਸੀ ਬੰਧਨ ਤੋੜ, ਹਰਿ ਹਰਿ ਮੇਲ ਮਿਲਾਇੰਦਾ । ਹਰਿਜਨ ਸਾਜਣ ਸਾਚੇ ਲੋੜ, ਆਪ ਆਪਣੇ ਮਾਰਗ ਲਾਇੰਦਾ । ਨਾਮ ਚੜ੍ਹਾਏ ਸਾਚੇ ਘੋੜ, ਦੋ ਜਹਾਨਾਂ ਵੇਖ ਵਖਾਇੰਦਾ । ਲੋਕਮਾਤ ਵੇਖੇ ਦੌੜ ਦੌੜ, ਅਗੰਮ ਅਗੰਮੜਾ ਅਗੰਮੜਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ

੮੩੮
੦੭

ਮੇਲ ਕਰ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਨੂਰ ਹਰਿ ਉਜਾਲਾ, ਗੁਰਮੁਖ ਬੂਝ ਬੁਝਾਈਆ । ਸ਼ਬਦ ਬਣਾਏ ਸਚ ਦਲਾਲਾ, ਹਰਿਜਨ ਪਾਰ ਕਰਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਰਾਏ ਧਰਮ ਨਾ ਦਏ ਸਜਾਈਆ । ਲਾੜੀ ਮੌਤ ਨਾ ਦਏ ਦੋਸ਼ਾਲਾ, ਨੇਤਰ ਨੀਰ ਰਹੀ ਵਹਾਈਆ । ਅੰਤਮ ਤੋੜੇ ਜਗਤ ਜੰਜਾਲਾ, ਜਿਸ ਜਨ ਸਿਰ ਹੱਥ ਟਿਕਾਈਆ । ਭਾਗ ਲਗਾਏ ਕਾਇਆ ਮਾਟੀ ਖਾਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਫਲ ਲਗਾਏ ਸਾਚੇ ਡਾਲਾ, ਅੰਮ੍ਰਿਤ ਫਲ ਇਕ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਦਰ, ਜੁਗ ਜੁਗ ਆਪਣਾ ਵੇਸ ਵਟਾਈਆ । ਮੇਲਣਹਾਰਾ ਹਰਿ ਗੋਬਿੰਦ, ਏਕਾ ਏਕ ਅਖਵਾਇੰਦਾ । ਮੇਟ ਮਿਟਾਏ ਸਗਲੀ ਚਿੰਦ, ਆਪਣੀ ਬੂਝ ਬੁਝਾਇੰਦਾ । ਸਰਬ ਜੀਆਂ ਆਪੇ ਬਖ਼ਸ਼ਿੰਦ, ਹਰਿਜਨ ਆਪ ਤਰਾਇੰਦਾ । ਗਹਿਰ ਗੰਭੀਰ ਸਾਗਰ ਸਿੰਧ, ਸਾਚੀ ਧਾਰਾ ਆਪ ਚਲਾਇੰਦਾ । ਮਨਮੁਖ ਲਗਾਏ ਆਪਣੀ ਨਿੰਦ, ਹਰਿ ਗੋਬਿੰਦ ਸਾਚਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸਾਧ ਸੰਤ ਏਕਾ ਬ੍ਰਹਮ ਦ੍ਰਿੜਾਇੰਦਾ । ਏਕਾ ਬ੍ਰਹਮ ਇਕ ਵਿਚਾਰ, ਏਕਾ ਬੂਝ ਬੁਝਾਈਆ । ਏਕਾ ਸ਼ਬਦ ਇਕ ਆਧਾਰ, ਏਕਾ ਨਾਮ ਦ੍ਰਿੜਾਈਆ । ਏਕਾ ਚਰਨ ਕਵਲ ਪਿਆਰ, ਏਕਾ ਹਰਿ ਰਘੁਰਾਈਆ । ਏਕਾ ਵੇਖੇ ਵਿਗਸੇ ਕਰੇ ਵਿਚਾਰ, ਏਕਾ ਏਕ ਅੰਗ ਸਮਾਈਆ । ਏਕਾ ਏਕ ਦੂਜਾ ਭੇਵ ਦਏ ਨਿਵਾਰ, ਆਪ ਆਪਣੀ ਦਇਆ ਕਮਾਈਆ । ਏਕਾ ਨੇਤਰ ਨੈਣ ਦਏ ਉਘਾੜ, ਦੋਏ ਲੋਚਣ ਬੰਦ ਕਰਾਈਆ । ਏਕਾ ਚੌਥੇ ਪਦ ਦੇਵੇ ਵਾੜ, ਏਕਾ ਆਪਣੇ ਅੰਗ ਸਮਾਈਆ । ਏਕਾ ਪੰਚਮ ਮੇਟੇ ਝੂਠੀ ਧਾੜ, ਏਕਾ ਸ਼ਬਦ ਕਰੇ ਸ਼ਨਵਾਈਆ । ਇਕ ਵਖਾਏ ਸਚ ਅਖਾੜ, ਘਟ ਮੰਦਰ ਇਕ ਸੁਹਾਈਆ । ਜੋਤ ਜਗਾਏ ਬਹੱਤਰ ਨਾੜ, ਅੰਦਰ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਅੱਖਰ ਜਗਤ ਵੱਖਰ, ਗੁਰਮੁਖ ਝੋਲੀ ਪਾਈਆ । ਹਰਿ ਕਾ ਨਾਮ ਜਗਤ ਉਪਦੇਸ਼, ਜੁਗ ਜੁਗ ਆਪ ਉਪਾਇੰਦਾ । ਆਪੇ ਪੂਜਾ ਗਣਪਤ ਗਣੇਸ਼, ਬ੍ਰਹਮਾ ਵਿਸ਼ਨ ਆਪ ਹੋ ਜਾਇੰਦਾ । ਆਪੇ ਰਾਮ ਕ੍ਰਿਸ਼ਨਾ ਕਰ ਕਰ ਵੇਸ, ਆਪ ਆਪਣਾ ਨਾਉਂ ਧਰਾਇਆ । ਆਪੇ ਦਾਤਾ ਗੋਬਿੰਦ ਦਸ ਦਸਮੇਸ਼, ਜੋਤੀ ਜੋਤ ਆਪ ਜਗਾਇੰਦਾ । ਆਦਿ ਪੁਰਖ ਹਰਿ ਸਦਾ ਆਦੇਸ, ਆਦਿ ਨਿਰੰਜਣ ਨਾਉਂ ਧਰਾਇੰਦਾ । ਮੁੱਛ ਦਾੜ੍ਹੀ ਨਾ ਕੋਈ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਨਿਰਗੁਣ ਜੋਤ ਜੋਤ ਹਮੇਸ਼, ਜੋਤੀ ਜੋਤ ਜਗਾਇੰਦਾ । ਸੰਤ ਸੁਹੇਲੇ ਰਹੇ ਵੇਖ, ਆਪ ਆਪਣੀ ਬੂਝ ਬੁਝਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਰੇਖ, ਵਸਤ ਏਕਾ ਝੋਲੀ ਪਾਇੰਦਾ । ਸ਼ਬਦ ਸੁਨੇਹੜਾ ਸਚ ਸੰਦੇਸ਼, ਆਪ ਆਪਣਾ ਆਪ ਅਲਾਇੰਦਾ । ਕਲਜੁਗ ਅੰਤਮ ਕਰਿਆ ਵੇਸ, ਜੋਤੀ ਜਾਮਾ ਭੇਖ ਵਟਾਇੰਦਾ । ਗੁਰਮੁਖ ਸਾਜਣ ਵਿਚ ਪ੍ਰਵੇਸ, ਅਲੱਖ ਨਿਰੰਜਣ ਅਲਖ ਜਗਾਇੰਦਾ । ਅਗੰਮ ਅਗੰਮੜਾ ਦਰ ਦਰਵੇਸ਼, ਜਨ ਭਗਤ ਦਵਾਰੇ ਫੇਰੀ ਪਾਇੰਦਾ । ਦੋ ਜਹਾਨਾਂ ਨਰ ਨਰੇਸ਼, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਤਮ ਬ੍ਰਹਮ ਇਕ ਜਣਾਇੰਦਾ । ਆਤਮ ਬ੍ਰਹਮ ਸਾਚਾ ਘਰ, ਹਰਿ ਹਰਿ ਬੂਝ ਬੁਝਾਈਆ । ਮੇਲ ਮਿਲਾਵਾ ਹਰੀ ਹਰਿ, ਹਰਿ ਹਰਿ ਵਿਚ ਸਮਾਈਆ । ਆਪੇ ਪਾਰ ਕਰਾ ਨੌਂ ਦਰ, ਨੂਰੋ ਨੂਰ ਆਪ ਅਖਵਾਈਆ । ਆਪਣਾ ਘਾੜਣ ਆਪੇ ਘੜ, ਆਪੇ ਵੇਖ ਵਖਾਈਆ । ਗੁਰਮੁਖਾਂ ਮੰਦਰ ਆਪੇ ਚੜ੍ਹ, ਆਪੇ ਕੁੰਡਾ ਲਾਹੀਆ । ਦਸਮ ਦਵਾਰੀ ਅੰਦਰ ਵੜ, ਗੁਰਮੁਖ ਖੋਜ ਖੁਜਾਈਆ । ਜਿਸ ਜਨ


੮੩੯ ੦੭

ਫੜਾਏ ਆਪਣਾ ਲੜ, ਅੱਧਵਿਚਕਾਰ ਨਾ ਕੋਈ ਡੁਬਾਈਆ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਈਆ । ਏਕਾ ਅੱਖਰ ਜਾਏ ਪੜ੍ਹ, ਸੋ ਪੁਰਖ ਵੱਡੀ ਵਡਿਆਈਆ । ਨਾ ਕੋਈ ਸੀਸ ਨਾ ਕੋਈ ਧੜ, ਸਿੰਘ ਸਿੰਘਾਸਣ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਸ਼ਬਦ ਗੁਣ, ਗੁਣਵੰਤਾ ਆਪ ਜਣਾਈਆ । ਸ਼ਬਦ ਗੁਣ ਸਾਚਾ ਨਾਮ, ਹਰਿ ਹਰਿ ਆਪ ਜਪਾਇਆ । ਗੁਰਮੁਖਾਂ ਪੂਰਨ ਕਰੇ ਕਾਮ, ਦਿਵਸ ਰੈਣ ਹੋਏ ਸਹਾਇਆ । ਅੰਮ੍ਰਿਤ ਪਿਆਏ ਸਾਚਾ ਜਾਮ, ਠਾਂਡਾ ਠਾਰ ਵਖਾਇਆ । ਨੇੜ ਨਾ ਆਏ ਕਾਮਨੀ ਕਾਮ, ਲੋਭ ਮੋਹ ਨਾ ਹੋਏ ਹਲਕਾਇਆ । ਲਹਿਣਾ ਦੇਣਾ ਚੁੱਕੇ ਤ੍ਰਿਸ਼ਨਾ ਤਾਮ, ਏਕਾ ਨਾਦ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਘਰ, ਬ੍ਰਹਮ ਬ੍ਰਹਿਮਾਦ ਖੋਜ ਖੁਜਾਇਆ । ਬ੍ਰਹਮ ਬ੍ਰਹਿਮਾਦ ਆਦਿ ਜੁਗਾਦਿ, ਜੁਗ ਜੁਗ ਖੇਲ ਖਿਲਾਇਆ । ਵੇਖਣਹਾਰਾ ਸੰਤ ਸਾਧ, ਸਤਿਗੁਰ ਨਾਮ ਧਰਾਇਆ । ਸ਼ਬਦ ਜਣਾਈ ਬੋਧ ਅਗਾਧ, ਲੇਖੇ ਆਪਣੇ ਹੱਥ ਰਖਾਇਆ । ਜਨ ਭਗਤਾਂ ਮੇਟ ਮਿਟਾਏ ਵਾਦ ਵਿਵਾਦ, ਹਉਮੇ ਹੰਗਤਾ ਰੋਗ ਗਵਾਇਆ । ਦੇਵਣਹਾਰਾ ਸਾਚੀ ਦਾਦ, ਧੁਰਦਰਗਾਹੀ ਨਾਮ ਲੈ ਕੇ ਆਇਆ । ਮੋਹਣ ਮਾਧਵ ਮਾਧ, ਆਪ ਆਪਣਾ ਵੇਸ ਕਰਾਇਆ । ਸੁਣੇ ਸੁਣਾਏ ਸਰਬ ਫਰਿਯਾਦ, ਲੱਖ ਚੁਰਾਸੀ ਸ਼ਬਦ ਸੁਨੇਹੁੜਾ ਇਕ ਘਲਾਇਆ । ਧੁਰਦਰਗਾਹੀ ਇਕ ਵਜਾਏ ਅਨਹਦ ਨਾਦ, ਅੰਦਰ ਮੰਦਰ ਤਾਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਬ੍ਰਹਮ ਆਪ ਆਪਣਾ ਰੂਪ ਦਰਸਾਇਆ । ਪੂਰਨ ਬ੍ਰਹਮ ਬ੍ਰਹਮ ਜਣਾ, ਪਾਰਬ੍ਰਹਮ ਜਣਾਈਆ । ਆਪੇ ਵੇਖੇ ਬਣਤ ਬਣਾ, ਨੇੜੇ ਦੂਰ ਨਾ ਕੋਈ ਰਖਾਈਆ । ਦੋ ਜਹਾਨਾਂ ਖੇਵਟ ਖੇਟਾ, ਰਥ ਰਥਵਾਹੀ ਆਪ ਹੋ ਜਾਈਆ । ਭਗਤ ਜਨਾਂ ਹਰਿ ਮਾਂ ਪਿਓ ਬੇਟਾ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਵਖਾਏ ਆਪਣਾ ਘਰ, ਏਕਾ ਦੂਜਾ ਭੌ ਚੁਕਾਈਆ । ਵੇਖੇ ਘਰ ਹਰਿ ਨਿਰੰਕਾਰਾ, ਹਰਿ ਹਰਿ ਬੂਝ ਬੁਝਾਈਆ । ਗੁਰਮੁਖਾਂ ਮੇਲਾ ਦੀਨ ਦਿਆਲਾ, ਵਿਛੜ ਕਦੇ ਨਾ ਜਾਈਆ । ਦਿਵਸ ਰੈਣ ਕਰੇ ਪ੍ਰਿਤਪਾਲਾ, ਅੱਠੇ ਪਹਿਰ ਸਹਾਈਆ । ਕਾਇਆ ਅੰਦਰ ਚਲਾਏ ਸੱਚਾ ਹਲ, ਏਕਾ ਬੀਜ ਬਿਜਾਈਆ । ਅੰਮ੍ਰਿਤ ਭਰੇ ਸਰੋਵਰ ਤਾਲ, ਆਪ ਆਪਣਾ ਭੇਵ ਖੁਲ੍ਹਾਈਆ । ਫੂਲਣ ਪਾਏ ਸਾਚੀ ਮਾਲਾ, ਨਾਮ ਡੋਰੀ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਏਕਾ ਵਰ, ਪੂਰਬ ਲਹਿਣਾ ਝੋਲੀ ਪਾਈਆ । ਪੂਰਬ ਲਹਿਣਾ ਜਰਮ ਰੇਖ, ਪੂਰਬ ਵੇਖ ਵਖਾਇੰਦਾ । ਆਪਣੇ ਨੇਤਰ ਆਪੇ ਪੇਖ, ਹਰਿਜਨ ਸੋਏ ਮਾਤ ਆਪ ਉਠਾਇੰਦਾ । ਹਰ ਘਟ ਆਪੇ ਰਿਹਾ ਵੇਖ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਆਤਮ ਬ੍ਰਹਮ ਜਣਾਇੰਦਾ । ਆਤਮ ਬ੍ਰਹਮ ਸਾਚੀ ਸਿਕ, ਹਰਿ ਹਰਿ ਆਪ ਜਣਾਇੰਦਾ । ਧੁਰਦਰਗਾਹੀ ਲੇਖਾ ਲਿਖ, ਲੋਕਮਾਤ ਵੇਖ ਵਖਾਇੰਦਾ । ਅੰਤਰ ਆਤਮ ਪਾਈ ਖਿਚ, ਝੋਲੀ ਨਾਮ ਭਰਾਇੰਦਾ । ਜਗਤ ਵਿਕਾਰਾ ਲੱਥੀ ਵਿਸ, ਏਕਾ ਰੰਗ ਚੜ੍ਹਾਇੰਦਾ । ਜਿਸ ਜਨ ਦੇਵੇ ਨਾਮ ਅਨਡਿਠ, ਆਪ ਆਪਣੇ ਸੰਗ ਨਿਭਾਇੰਦਾ । ਮਨਮੁਖਾਂ ਸੁੱਤਾ ਦੇ ਕਰ ਪਿੱਠ, ਨੇਤਰ ਨੈਣ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਪਣਾ ਦੇਵੇ ਵਰ, ਏਕਾ ਰਾਹ ਵਖਾਇੰਦਾ । ਏਕਾ ਰਾਹ ਹਰਿ ਕਰਤਾਰ, ਆਪਣਾ ਆਪ ਚਲਾਇੰਦਾ । ਚਾਰ ਵਰਨਾਂ ਸਚ ਪਿਆਰ, ਦੂਜਾ ਭੇਵ ਨਾ ਕੋਈ

੮੪੧
੦੨

ਰਖਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਸੋਹਣ ਇਕ ਦਵਾਰ, ਏਕਾ ਵੇਖ ਵਖਾਇੰਦਾ । ਏਕਾ ਮੰਗੇ ਬਣ ਭਿਖਾਰ, ਨਾਮ ਝੋਲੀ ਆਪ ਭਰਾਇੰਦਾ । ਜੋ ਜਨ ਢਹਿ ਪਏ ਦਵਾਰ, ਆਵਣ ਜਾਵਣ ਫੰਦ ਕਟਾਇੰਦਾ । ਲੱਖ ਚੁਰਾਸੀ ਕਰੇ ਪਾਰ, ਮਾਤ ਗਰਭ ਫੇਰ ਨਾ ਆਇੰਦਾ । ਦਸ ਦਸ ਮਾਸ ਨਾ ਕੋਈ ਹੁਲਾਰ, ਉਲਟਾ ਮੁਖ ਨਾ ਕੋਈ ਰਖਾਇੰਦਾ । ਘਰ ਆਏ ਹਰਿ ਜੀ ਜਾਏ ਤਾਰ, ਆਪ ਆਪਣਾ ਵੇਸ ਵਟਾਇੰਦਾ । ਇਕ ਇਕੱਲਾ ਏਕੰਕਾਰ, ਨਿਰਗੁਣ ਜੋਤ ਜਗਾਇੰਦਾ । ਨਿਰਗੁਣ ਜੋਤ ਕਰ ਪਿਆਰ, ਸਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਘਰ, ਸਾਚਾ ਘਰ ਆਪ ਦਰਸਾਇੰਦਾ । ਅਲੱਖ ਅਲੱਖ ਅਲੱਖਣਾ, ਅਗੰਮ ਅਗੰਮ ਅਪਾਰ । ਖੇਲੇ ਖੇਲ ਪੁਰਖ ਸਮਰਥਨਾ, ਲੇਖਾ ਲਿਖੇ ਨਾ ਕੋਇ ਵਿਚਾਰ । ਹਰਿ ਕਾ ਭੇਵ ਅਕੱਥ ਅਕੱਥਨਾ, ਕਥਨੀ ਕਥ ਨਾ ਸਕੇ ਨਾ ਪਾਏ ਸਾਰ । ਆਦਿ ਜੁਗਾਦੀ ਆਪ ਚਲਾਏ ਆਪਣਾ ਰਥਨਾ, ਰਥ ਰਥਵਾਹੀ ਬੇਐਬ ਪਰਵਰਦਿਗਾਰ । ਆਪੇ ਹੋਏ ਆਪਣੀ ਹੱਥੀ ਸੱਖਣਾ, ਸ੍ਰਿਸ਼ਟ ਸਬਾਈ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰ ਮੰਦਰ ਵੇਖ ਵਖਾਇਆ । ਅਲੱਖ ਅਲੇਖ ਹਰਿ ਹਰਿ ਜੋਗ, ਹਰਿ ਹਰਿ ਰੂਪ ਸਮਾਇਆ । ਦੋ ਜਹਾਨਾਂ ਸੰਜੋਗ ਵਿਜੋਗ, ਭੋਗ ਆਪ ਕਰਾਇਆ । ਆਪੇ ਹੋਏ ਹਉਮੇ ਰੋਗ, ਮਾਇਆ ਮਮਤਾ ਆਪ ਸਮਾਇਆ । ਆਪ ਚੁਗਾਏ ਸਾਚੀ ਚੋਗ, ਤ੍ਰਿਸ਼ਨਾ ਭੁੱਖ ਮਿਟਾਈਆ । ਆਪੇ ਹੋਏ ਰੋਗ ਸੋਗ, ਚਿੰਤਾ ਦੁੱਖ ਆਪ ਅਖਵਾਇਆ । ਆਪੇ ਹੋਏ ਤ੍ਰੈਲੋਕ, ਚੌਦਾਂ ਹੱਟਾਂ ਆਪੇ ਫੇਰਾ ਪਾਇਆ । ਆਪ ਜਪਾਏ ਸਚ ਸਲੋਕ, ਸ਼ਬਦ ਸ਼ਬਦੀ ਨਾਉਂ ਧਰਾਇਆ । ਆਪੇ ਦੇਵਣਹਾਰਾ ਮੋਖ, ਅਜੂਨੀ ਰਹਿਤ ਆਪ ਹੋ ਜਾਇਆ । ਆਪਣੀ ਸੰਖਿਆ ਆਪੇ ਲਏ ਘੋਖ, ਆਪਣੀ ਵਿਦਿਆ ਆਪ ਪੜ੍ਹਾਇਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਗਮ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਖ ਅਭੇਵ ਆਪ ਹੋ ਜਾਇਆ । ਅਲਖ ਅਭੇਵ ਆਪ ਕਰਤਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਜੋਤੀ ਨੂਰ ਦਰਸਾਇੰਦਾ । ਹੱਡ ਮਾਸ ਨਾੜੀ ਚੰਮ ਨਾ ਕੋਈ ਪਿਆਰ, ਪੰਜ ਤਤ ਨਾ ਕੋਇ ਰਖਾਇੰਦਾ । ਰਕਤ ਬੂੰਦ ਨਾ ਕੋਇ ਸਹਾਰ, ਮਨ ਮਤ ਬੁੱਧ ਨਾ ਕੋਈ ਦਰਸਾਇੰਦਾ । ਆਪੇ ਵਸਿਆ ਸਭ ਤੋਂ ਬਾਹਿਰ, ਹਰ ਘਟ ਆਪ ਅਖਵਾਇੰਦਾ । ਏਕਾ ਮੰਦਰ ਹੋ ਉਜਿਆਰ, ਰੂਪ ਅਨੂਪ ਦਰਸਾਇੰਦਾ । ਦਰ ਦਰਵੇਸ਼ ਖੇਲ ਅਪਾਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਚਲਾਇੰਦਾ । ਲੇਖਾ ਅਲੱਖ ਕਰਤਾਰ, ਭੇਵ ਨਾ ਪਾਇਆ । ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਦਿਸ ਨਾ ਆਇਆ । ਪੂਰਨ ਬ੍ਰਹਮ ਆਪ ਵਿਚਾਰ, ਪਾਰਬ੍ਰਹਮ ਸੋ ਜਨ ਸਾਚਾ ਪਾਇਆ । ਰਾਗੀ ਨਾਦੀ ਰਹੇ ਵਿਚਾਰ, ਏਕਾ ਸ਼ਬਦ ਅਲਾਇਆ । ਬ੍ਰਹਮ ਬ੍ਰਹਿਮਾਦੀ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇਆ । ਏਕਾ ਕਰਮ ਏਕਾ ਧਰਮ ਵਿਚ ਸੰਸਾਰ, ਏਕਾ ਲੇਖਾ ਦਏ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖ ਆਪ ਹੋ ਜਾਇਆ । ਲੇਖਾ ਦੱਸੇ ਹਰਿ ਭਗਵੰਤਾ, ਭਗਵਨ ਰੂਪ ਸਮਾਇਆ । ਸ਼ਬਦ ਜਣਾਈ ਸਾਧਨ ਸੰਤਾ, ਦੂਸਰ ਕਿਸੇ ਦਿਸ ਨਾ ਆਇਆ । ਆਪੇ ਨਾਰੀ ਆਪੇ ਕੰਤਾ, ਗੁਰਮੁਖ ਸਾਚੀ ਸੇਜ ਹੰਢਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਆਪ ਬਣਾਏ ਆਪਣੀ ਬਣਤਾ, ਆਪੇ ਜਿਹਵਾ ਰਿਹਾ ਹਿਲਾਇਆ । ਆਪੇ ਮਹਿਮਾ ਗਣਤ ਅਗਣਤਾ, ਲੇਖਾ

ਲਿਖ ਨਾ ਸਕੇ ਕੋਈ ਰਾਇਆ । ਆਪੇ ਵਸਿਆ ਜੀਆਂ ਜੰਤਾ, ਆਪੇ ਹਰ ਘਟ ਡੇਰਾ ਲਾਇਆ । ਆਪ ਬਣਾਏ ਤੇਰੀ ਬਣਤਾ, ਆਪੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਆਪ ਹੋ ਜਾਇਆ ।

### * ੪ ਮੱਘਰ ੨੦੧੫ ਬਿਕ੍ਰਮੀ ਹਰਦਿਤ ਸਿੰਘ ਦੇ ਘਰ ਸ਼ਬਦ ਲਿਖਾਏ ਇਟਾਰਸੀ ਸ਼ਹਿਰ *

ਹਰਿ ਹਰਿ ਖੇਲ ਮਹਾਨ, ਹਰੀ ਹਰਿ ਵੱਡੀ ਵਡਿਆਈਆ । ਸਤਿਗੁਰ ਪੂਰਾ ਹੋ ਮਿਹਰਬਾਨ, ਸਤਿ ਪੁਰਖਾ ਨਾਉਂ ਧਰਾਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਦਰ ਸਾਚਾ ਵੇਖ ਵਖਾਈਆ । ਆਤਮ ਅੰਤਰ ਇਕ ਗਿਆਨ, ਏਕਾ ਬੂਝ ਬੁਝਾਈਆ । ਮਨਮੁੱਖ ਭੁੱਲੇ ਜੀਵ ਨਿਧਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੰਚ ਵਿਕਾਰਾ ਪੰਚ ਸ਼ੈਤਾਨ, ਪੰਚਮ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿ ਸੱਜਣ ਸੱਚਾ ਪਾਤਸ਼ਾਹ, ਏਕਾ ਏਕੰਕਾਰ । ਸਤਿਗੁਰ ਪੂਰਾ ਦੱਸੇ ਰਾਹ, ਦੋ ਜਹਾਨਾਂ ਕਿਰਪਾ ਧਾਰ । ਗੁਰਮੁਖ ਸਾਚੇ ਪਕੜੇ ਬਾਂਹ, ਮੇਲ ਮਿਲਾਵਾ ਵਿਚ ਸੰਸਾਰ । ਮਨਮੁਖਾਂ ਮਿਲੇ ਨਾ ਕੋਈ ਥਾਂ, ਕਲ ਸੁੱਤੇ ਪੈਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਹਰਿ ਸਾਜਣ ਹਰਿ ਜਾਣਿਆ, ਹਰਿ ਹਰਿ ਰੂਪ ਅਪਾਰ । ਸਤਿਗੁਰ ਪੂਰਾ ਕਰੇ ਪਛਾਣਿਆਂ, ਅਲਖ ਅਗੋਚਰ ਅਗੰਮ ਅਪਾਰ । ਗੁਰਮੁਖ ਸਾਜਣ ਦੇਵੇ ਮਾਣਿਆ, ਆਪ ਆਪਣੀ ਕਿਰਪਾ ਧਾਰ । ਮਨਮੁਖ ਹੋਏ ਜੀਵ ਅਵਾਣਿਆਂ, ਹਰਿ ਗੋਬਿੰਦ ਨਾ ਪਾਇਣ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਅਧਾਰ । ਨਾਮ ਅਧਾਰ ਹਰਿ ਅਨਮੁਲਾ, ਏਕਾ ਏਕ ਰਖਾਇੰਦਾ । ਦੂਸਰ ਤੋਲ ਕਿਸੇ ਨਾ ਤੁਲਾ, ਨਾ ਕੋਈ ਵਣਜ ਕਰਾਇੰਦਾ । ਦਰ ਦਵਾਰੇ ਜੋ ਜਨ ਆਏ ਭੁੱਲਾ, ਆਪ ਆਪਣਾ ਰੰਗ ਰੰਗਾਇੰਦਾ । ਭਾਗ ਲਗਾਏ ਸਾਚੀ ਕੁੱਲਾ, ਕੁਲ ਕੁਲਵੰਤਾ ਨਾਉਂ ਧਰਾਇੰਦਾ । ਫਲ ਫੁੱਲਵਾੜੀ ਵੇਖੇ ਫੁੱਲਾ, ਰੁੱਤ ਬਸੰਤੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਗੁਰਸਿਖ ਸਾਜਣ ਜਗਤ ਭਿਖਾਰ, ਆਤਮ ਅੰਤਰ ਵੇਖ ਵਖਾਇੰਦਾ । ਖੇਲੇ ਖੇਲ ਪੁਰਖ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਨਿਰਗੁਣ ਸਰਗੁਣ ਜੋਤ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਸ਼ਬਦੀ ਸੱਚੀ ਧੁਨਕਾਰ, ਧੁਨ ਅਨਾਦੀ ਤਾਲ ਵਜਾਇੰਦਾ । ਮਹੱਲ ਅਟੱਲ ਉਚ ਮੁਨਾਰ, ਕਾਇਆ ਮੰਦਰ ਆਪ ਸੁਹਾਇੰਦਾ । ਦੀਵਾ ਬਾਤੀ ਇਕ ਉਜਿਆਰ, ਕਮਲਾਪਾਤੀ ਆਪ ਜਗਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਧਾਰਾ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾਇੰਦਾ । ਦਰ ਦਵਾਰ ਪੁਰਖ ਅਥਾਹ, ਪਾਰਬ੍ਰਹਮ ਜਣਾਈਆ । ਜਿਸ ਜਨ ਬਣਾਏ ਸ਼ਬਦ ਮਲਾਹ, ਭਵ ਸਾਗਰ ਪਾਰ ਕਰਾਈਆ । ਆਪ ਜਪਾਏ ਆਪਣਾ ਨਾਉਂ, ਆਪ ਆਪਣੀ ਬੂਝ ਬੁਝਾਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਵਡ ਵਡਿਆਈਆ । ਫੜ ਫੜ ਹੰਸ ਬਣਾਏ ਕਾਉਂ, ਮਾਣਕ ਮੋਤੀ ਚੋਗ ਚੁਗਾਈਆ । ਅੰਤਮ ਵੇਲੇ ਪਕੜੇ ਬਾਹੋਂ, ਸਵੱਛ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਵੇਖ ਵਖਾਈਆ । ਜਗਤ ਨਿਮਾਣੇ ਹਰਿ ਲਾਏ ਅੰਗ, ਏਕਾ ਰੂਪ ਸਮਾਇਆ ।

ਅੰਮ੍ਰਿਤ ਧਾਰ ਵਹਾਏ ਗੰਗ, ਨਿਰਮਲ ਨੀਰ ਧਰਾਇਆ । ਸ਼ਬਦੀ ਸ਼ਬਦ ਵੱਜੇ ਮਰਦੰਗ, ਤਾਲ ਤਲਵਾੜਾ ਇਕ ਵਜਾਇਆ । ਕੱਟਣਹਾਰਾ ਭੁੱਖ ਨੰਗ, ਲੋਕਮਾਤ ਵੇਖ ਵਖਾਇਆ । ਮਾਨਸ ਜਨਮ ਨਾ ਹੋਏ ਭੰਗ, ਜਿਸ ਜਨ ਚਰਨੀ ਸੀਸ ਝੁਕਾਇਆ । ਦਾਤਾ ਦਾਨੀ ਸੂਰਾ ਸਰਬੰਗ, ਆਪ ਆਪਣਾ ਵੇਖ ਵਖਾਇਆ । ਜਗਤ ਦਵਾਰਾ ਆਪੇ ਲੰਘ, ਧਰਮ ਦਵਾਰਾ ਆਪ ਖੁਲ੍ਹਾਇਆ । ਆਤਮ ਸੇਜਾ ਸਚ ਪਲੰਘ, ਬੈਠਾ ਆਸਣ ਲਾਇਆ । ਨਾਮ ਵਸਤ ਜੋ ਜਨ ਰਹੇ ਮੰਗ, ਦੇਵਣਹਾਰ ਸ੍ਰਿਸ਼ਟ ਸੁਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਵੇਖ ਵਖਾਇਆ । ਵੇਖਣਹਾਰਾ ਹਰਿ ਸਮਰਥ, ਆਦਿ ਅੰਤ ਅਖਵਾਇੰਦਾ । ਜਿਸ ਜਨ ਰੱਖੇ ਦੇ ਕਰ ਹੱਥ, ਦੋ ਜਹਾਨਾਂ ਪਾਰ ਕਰਾਇੰਦਾ । ਪੰਚ ਵਿਕਾਰਾ ਪਾਏ ਨੱਥ, ਸ਼ਬਦ ਡੋਰੀ ਤੰਦ ਬੰਧਾਇੰਦਾ । ਆਪ ਉਪਾਏ ਸ਼ਬਦ ਜਣਾਏ ਪੂਜਾ ਪਾਠ, ਏਕਾ ਨਾਮ ਦ੍ਰਿੜ੍ਹਾਇੰਦਾ । ਸਚ ਸਰੋਵਰ ਮਾਰੇ ਠਾਠ, ਏਕਾ ਤਾਲ ਵਖਾਇੰਦਾ । ਧੁਰਦਰਗਾਹੀ ਆਇਆ ਨਾਠ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਨਾਮ ਨਾਮਾ ਦ੍ਰਿੜ੍ਹਾਇੰਦਾ । ਨਾਮ ਨਾਮਾ ਵਸਤ ਅਨਮੋਲ, ਹਰਿਜਨ ਝੋਲੀ ਪਾਈਆ । ਸ਼ਬਦ ਭੰਡਾਰਾ ਆਪੇ ਖੋਲ੍ਹ, ਆਪੇ ਰਿਹਾ ਵਰਤਾਈਆ । ਸੁੰਨ ਅਗੰਮੋਂ ਆਪੇ ਬੋਲ, ਆਪੇ ਕਰੇ ਜਣਾਈਆ । ਤੋਲਣਹਾਰਾ ਸਾਚੇ ਤੋਲ, ਨਾਮ ਕੰਡਾ ਹੱਥ ਉਠਾਈਆ । ਸਚ ਸੁੱਚ ਵਜਾਏ ਢੋਲ, ਜੂਠ ਝੂਠ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਦਏ ਵਡਿਆਈਆ । ਗੁਰਸਿਖ ਸਾਚੇ ਸਚ ਦਵਾਰ, ਵੇਖੇ ਖੇਲ ਅਪਾਰਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸੁਹਾਏ ਬੰਕ ਦਵਾਰਿਆ । ਆਵਣ ਜਾਵਣ ਮਿਟੇ ਸੰਸਾਰ, ਲੱਖ ਚੁਰਾਸੀ ਫੰਦ ਕਟਾ ਲਿਆ । ਪਤਿਤ ਪਾਵਨ ਆਪ ਕਰਤਾਰ, ਪਤਿਤ ਪਾਪੀ ਪਾਰ ਕਰਾ ਰਿਹਾ । ਵਡ ਪ੍ਰਤਾਪੀ ਖੇਲ ਨਿਆਰ, ਭੇਵ ਅਭੇਦ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲੇਖੇ ਲਾ ਰਿਹਾ । ਲੇਖਾ ਲਿਖਣਹਾਰ ਏਕਾ ਏਕੰਕਾਰਿਆ । ਆਦਿ ਜੁਗਾਦੀ ਪਾਵੇ ਸਾਰ, ਲੋਕਮਾਤ ਵੇਖ ਵਖਾ ਰਿਹਾ । ਭਗਤ ਵਛਲ ਆਪ ਗਿਰਧਾਰ, ਮੁਕੰਦ ਮਨੋਹਰ ਆਪ ਅਖਵਾ ਰਿਹਾ । ਦਰ ਦਰ ਵੇਖੇ ਹੋ ਉਜਿਆਰ, ਦੀਪਕ ਜੋਤੀ ਆਪ ਜਗਾ ਲਿਆ । ਹਰ ਘਟ ਬੈਠਾ ਕਰ ਪਸਾਰ, ਆਪ ਆਪਣਾ ਮੁਖ ਛੁਪਾ ਲਿਆ । ਗੁਰਮੁਖ ਸਾਚੇ ਕਰ ਪਿਆਰ, ਆਪ ਆਪਣੇ ਅੰਗ ਲਗਾ ਲਿਆ । ਧਰਮ ਦਵਾਰੇ ਧਰਮ ਜੈਕਾਰ, ਪੁਰਖ ਨਿਰੰਜਣ ਏਕਾ ਨਾਅਰਾ ਲਾ ਲਿਆ । ਹੰ ਬ੍ਰਹਮ ਏਕਾ ਧਾਰ, ਪਾਰਬ੍ਰਹਮ ਰੂਪ ਸਮਾ ਰਿਹਾ । ਕੰਤ ਸੰਤ ਭਗਵੰਤ ਧਾਮ ਨਿਆਰ, ਸ਼ਬਦ ਸਿੰਘਾਸਣ ਆਸਣ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਚੁਕਾਏ ਡਰ, ਜਿਸ ਦਰ ਦਵਾਰੇ ਚਰਨ ਛੁਹਾ ਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤੀ ਨਾ ਕੋਈ ਵਰਨ ਨਾ ਕੋਈ ਗੋਤੀ, ਕੋਟਨ ਕੋਟੀ ਜੀਵ ਤਰਾ ਲਿਆ ।

*** ੪ ਮੱਘਰ ੨੦੧੫ ਬਿਕ੍ਰਮੀ ਸੁਰਿੰਦਰ ਸਿੰਘ ਦੇ ਘਰ ਇਟਾਰਸੀ ***

ਪਾਰਬ੍ਰਹਮ ਸਰਬ ਘਟ ਅੰਤਰ, ਹਰਿ ਹਰਿ ਜੋਤ ਜਗਾਈਆ । ਖੇਲੇ ਖੇਲ ਜੁਗਾ ਜੁਗੰਤਰ, ਜੁਗ ਜੁਗ ਵੇਸ ਵਟਾਈਆ । ਆਪ ਜਣਾਏ

ਆਪਣਾ ਮੰਤਰ, ਏਕਾ ਸ਼ਬਦ ਉਪਾਈਆ । ਆਪ ਬੁਝਾਏ ਲੱਗੀ ਬਸੰਤਰ, ਸਾਂਤਕ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਜੋਗ ਜੁਗਤ ਹੱਥ ਕਰਤਾਰ, ਅਕਲ ਕਲਾ ਅਖਵਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਲੱਖਣਾ ਵੇਸ ਵਟਾਇੰਦਾ । ਆਦਿ ਜੁਗਾਦੀ ਏਕਾ ਕਾਰ, ਕਰਤਾ ਪੁਰਖ ਆਪ ਕਰਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਪੁਰੀਆਂ ਲੋਆਂ ਆਪ ਸੁਣਾਇੰਦਾ । ਲੱਖ ਚੁਰਾਸੀ ਪਸਰ ਪਸਾਰ, ਦੀਪਕ ਜੋਤੀ ਆਪ ਜਗਾਇੰਦਾ । ਪੰਜ ਤਤ ਕਰ ਪਿਆਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਮਨ ਮੱਤ ਬੁੱਧ ਦਏ ਅਧਾਰ, ਤ੍ਰੈਗੁਣ ਰੰਗ ਰੰਗਾਇੰਦਾ । ਨੌਂ ਦਰ ਵੇਖੇ ਬੰਦ ਕਿਵਾੜ, ਆਪ ਆਪਣੀ ਬਣਤ ਬਣਾਇੰਦਾ । ਦਸਵੇਂ ਸਾਚਾ ਘਾੜਨ ਘਾੜ, ਸਮਰਥ ਪੁਰਖ ਆਪ ਘੜਾਇੰਦਾ । ਆਪ ਆਪਣਾ ਅੰਦਰ ਵਾੜ, ਆਪੇ ਬੰਦ ਕਰਾਇੰਦਾ । ਆਪ ਸੁਹਾਏ ਸਚ ਅਖਾੜ, ਸਚਖੰਡ ਦਵਾਰਾ ਥਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਇੰਦਾ । ਜੁਗ ਜੁਗ ਹਰਿ ਨਿਰੰਕਾਰਾ, ਆਪਣੀ ਜੋਤ ਜਗਾਇੰਦਾ । ਆਦਿ ਜੁਗਾਦੀ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਸਰਗੁਣ ਅਖਵਾਇੰਦਾ । ਹਰਿ ਸ਼ਬਦ ਖੰਡਾ ਹਰਿ ਪਾਵੇ ਸਾਰਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਜੇਰਜ ਅੰਡਾ ਹੋ ਉਜਿਆਰਾ, ਉਤਭੁਜ ਸੇਤਜ ਵੇਖ ਵਖਾਇੰਦਾ । ਸ਼ਬਦ ਖੰਡਾ ਤੇਜ ਕਟਾਰਾ, ਆਪ ਆਪਣੇ ਹੱਥ ਉਠਾਇੰਦਾ । ਤਿੱਖੀ ਰੱਖੇ ਦੋਵੇਂ ਧਾਰਾ, ਰਵ ਸਸ ਸੀਸ ਨਿਵਾਇੰਦਾ । ਆਪੇ ਜੋਧਾ ਸੂਰਬੀਰ ਬਲੀ ਬਲਕਾਰਾ, ਆਪੇ ਸਤਿ ਪੁਰਖ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਾਇੰਦਾ । ਨੂਰੋ ਨੂਰ ਹਰਿ ਉਜਾਲਾ, ਜੋਤੀ ਜੋਤ ਜਗਾਈਆ । ਦੀਨਾਂ ਬੰਧਪ ਦੀਨ ਦਿਆਲਾ, ਗੁਰ ਗੁਰ ਰੂਪ ਸਮਾਈਆ । ਖੇਲੇ ਖੇਲ ਜਗਤ ਨਿਰਾਲਾ, ਹਰਿਜਨ ਭੇਵ ਨਾ ਰਾਈਆ । ਚਾਰ ਵਰਨਾਂ ਵਖਾਏ ਇਕ ਦਵਾਰਾ, ਏਕਾ ਬੂਝ ਬੁਝਾਈਆ । ਏਕ ਨਾਮ ਏਕਾ ਜੈਕਾਰਾ, ਏਕਾ ਸ਼ਬਦ ਜਣਾਈਆ । ਏਕਾ ਦਰ ਇਕ ਭੰਡਾਰਾ, ਏਕਾ ਰਿਹਾ ਵਰਤਾਈਆ । ਏਕਾ ਸ਼ਾਹੋ ਭੂਪ ਇਕ ਸਿਕਦਾਰਾ, ਰਾਜ ਰਾਜਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਬੇਪਰਵਾਹ ਹਰਿ ਨਿਰੰਕਾਰਾ, ਸ਼ਬਦ ਸਿੰਘਾਸਣ ਡੇਰਾ ਲਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਥਿਰ ਘਰ ਬੈਠਾ ਵੇਸ ਵਟਾਇਆ । ਸ਼ਬਦ ਸੁਤ ਸਚ ਦੁਲਾਰਾ, ਆਪ ਅਪਣਾ ਲਏ ਜਗਾਇਆ । ਚਾਰ ਕੁੰਟ ਦਏ ਹੁਲਾਰਾ, ਨੌਂ ਸੱਤ ਫੇਰੀ ਪਾਇਆ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸ਼ਾਹ ਸੁਲਤਾਨਾਂ ਲਏ ਮਿਲਾਇਆ । ਕੂੜ ਕੁੜਿਆਰਾ ਮੇਟ ਪਸਾਰਾ, ਜਗਤ ਅੰਧੇਰਾ ਦਏ ਗਵਾਇਆ । ਸਤਿ ਪੁਰਖ ਹੋ ਉਜਿਆਰਾ, ਨਾਮ ਨਾਮਾ ਦਏ ਵਖਾਇਆ । ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰਾ, ਮਨ ਮਤ ਰਹੇ ਨਾ ਰਾਇਆ । ਹਉਮੇ ਤ੍ਰਿਸ਼ਨਾ ਦਏ ਨਿਵਾਰਾ, ਅਗਨੀ ਅੱਗ ਨਾ ਕੋਈ ਜਲਾਇਆ । ਕਲਜੁਗ ਕੂੜਾ ਕਰੇ ਖ਼ਵਾਰਾ, ਜੂਠ ਝੂਠ ਮੇਟ ਮਿਟਾਇਆ । ਸਚ ਸੁੱਚ ਕਰੇ ਪਿਆਰਾ, ਧੁਰਦਰਗਾਹੀ ਆਪ ਵਰਤਾਇਆ । ਬੇਐਬ ਪਰਵਰਦਿਗਾਰਾ, ਨੂਰ ਇਲਾਹੀ ਆਪ ਅਖਵਾਇਆ । ਰਾਮ ਰਾਮਾ ਹੋ ਤਿਆਰਾ, ਲੋਕਮਾਤ ਫੇਰਾ ਪਾਇਆ । ਕਾਹਨਾ ਕ੍ਰਿਸ਼ਨਾ ਖੇਲ ਅਪਾਰਾ, ਨਾਨਕ ਗੋਬਿੰਦ ਵੇਸ ਵਟਾਇਆ । ਨਿਹਕਲੰਕਾ ਲਏ ਅਵਤਾਰਾ, ਨਾਮ ਡੰਕਾ ਇਕ ਵਜਾਇਆ । ਜੀਵਾਂ ਜੰਤਾਂ ਮਾਰੇ ਮਾਰਾ, ਸਾਧਾਂ ਸੰਤਾਂ ਲਏ ਉਠਾਇਆ । ਭੇਖ ਪਖੰਡਾ ਦਏ ਨਿਵਾਰਾ, ਕੂੜੀ ਕਿਰਿਆ ਰਹੇ ਨਾ ਰਾਇਆ । ਸਚਖੰਡ ਸੁਹਾਏ

ਇਕ ਦਵਾਰਾ, ਆਪ ਆਪਣਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ ਸ੍ਰਿਸ਼ਟ ਸਬਾਈ ਕਰੇ ਪ੍ਰਿਤਪਾਲਾ, ਆਪ ਆਪਣੀ ਸੇਵ ਕਮਾਇਆ । ਕਲਜੁਗ ਅੰਤਮ ਤੇਰਾ ਰੰਗ, ਹਰਿ ਹਰਿ ਵੇਖ ਵਖਾਇੰਦਾ । ਸ਼ਬਦ ਸਿੰਘਾਸਣ ਬੈਠ ਪਲੰਘ, ਆਪ ਆਪਣਾ ਘਰ ਸੁਹਾਇੰਦਾ । ਦੋ ਜਹਾਨ ਵਜਾਏ ਇਕ ਮਰਦੰਗ, ਸੁਰ ਤਾਲ ਇਕ ਵਖਾਇੰਦਾ । ਆਪਣਾ ਦਵਾਰਾ ਆਪੇ ਰਿਹਾ ਮੰਗ, ਦੂਸਰ ਕੋਇ ਦਿਸ ਨਾ ਆਇੰਦਾ । ਜਨ ਭਗਤਾਂ ਕਟੇ ਭੁੱਖ ਨੰਗ, ਨਾਮ ਵਸਤ ਝੋਲੀ ਪਾਇੰਦਾ । ਸਚ ਸਰੋਵਰ ਨੁਹਾਏ ਗੰਗ, ਤਾਲ ਅੰਮ੍ਰਿਤ ਇਕ ਭਰਾਇੰਦਾ । ਕਾਇਆ ਮਾਟੀ ਕਾਚੀ ਵੰਗ, ਕੰਚਨ ਗੜ੍ਹ ਸੁਹਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਜੰਗ, ਜੋਧਾ ਸੂਰਬੀਰ ਖੇਲ ਖਲਾਇੰਦਾ । ਚਿੱਟੇ ਅਸਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਪਾਇੰਦਾ । ਪੁਰੀਆਂ ਲੋਆਂ ਆਪੇ ਲੰਘ, ਬ੍ਰਹਮਾ ਵਿਸ਼ਨ ਸ਼ਿਵ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਦਰ ਸੁਹਾਇੰਦਾ । ਸ਼ਬਦ ਘੋੜਾ ਹਰਿ ਦੂੜਾ, ਏਕਾ ਏਕ ਰਖਾਈਆ । ਸ਼ਾਹੋ ਭੂਪ ਹੋ ਅਸਵਾਰ, ਚਾਰੋਂ ਕੁੰਟ ਫੇਰਾ ਪਾਈਆ । ਦਹਿ ਦਿਸ਼ਾ ਦਏ ਹੁਲਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਮੁਲਾ ਸ਼ੇਖ਼ ਮੁਸਾਇਕ ਦਸਤਗੀਰ ਲਏ ਉਭਾਰ, ਆਪ ਆਪਣਾ ਵੇਖ ਵਖਾਈਆ । ਗੰ੍ਰਥੀ ਪੰਥੀ ਬੰਨ੍ਹੇ ਧਾਰ, ਦਿਵਸ ਰੈਣ ਕਰੇ ਜਣਾਈਆ । ਲੱਖ ਚੁਰਾਸੀ ਪਸਰ ਪਸਾਰ, ਹਰ ਘਟ ਬੈਠਾ ਆਸਣ ਲਾਈਆ । ਆਪੇ ਵਸਿਆ ਸਭ ਤੋਂ ਬਾਹਿਰ, ਦਿਸ ਕਿਸੇ ਨਾ ਆਈਆ । ਬ੍ਰਹਮ ਪਾਰਬ੍ਰਹਮ ਕਰੇ ਪਛਾਣ, ਹਰਿ ਹਰਿ ਵੇਖ ਵਖਾਈਆ । ਪੂਤ ਸਪੂਤਾ ਹਰਿ ਬਲਵਾਨ, ਏਕਾ ਝੰਡਾ ਰਿਹਾ ਝੁਲਾਈਆ । ਧਰਮ ਖੰਡਾ ਫੜ ਕਮਾਨ, ਕਰਮ ਕੁਰਮਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਬਣਤ ਬਣਾਈਆ । ਬਣਤ ਬਣਾ ਹਰਿ ਬਨਵਾਰੀ, ਆਪਣੀ ਬਣਤ ਬਣਾਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਗੁਰਮੁਖ ਵੇਖ ਵਖਾਇੰਦਾ । ਮਾਇਆ ਮਮਤਾ ਕਰੇ ਖ਼ਵਾਰੀ, ਦੁਰਮਤ ਮੈਲ ਗਵਾਇੰਦਾ । ਸਾਜਣ ਸਾਚਾ ਮੀਤ ਮੁਰਾਰੀ, ਮਾਇਆ ਮੋਹ ਚੁਕਾਇੰਦਾ । ਚਾਰ ਵਰਨ ਸੁਹਾਏ ਇਕ ਦਵਾਰੀ, ਏਕਾ ਮਾਰਗ ਲਾਇੰਦਾ । ਏਕਾ ਗੁਰ ਇਕ ਅਵਤਾਰੀ, ਏਕਾ ਨਾਅਰਾ ਲਾਇੰਦਾ । ਏਕਾ ਭੂਪ ਇਕ ਸਿਕਦਾਰੀ, ਚੋਬਦਾਰੀ ਇਕ ਵਖਾਇੰਦਾ । ਏਕਾ ਜੋਤ ਜਗਤ ਨਿਰੰਕਾਰੀ, ਆਦਿ ਸ਼ਕਤ ਰੂਪ ਵਟਾਇੰਦਾ । ਏਕਾ ਨੂਰ ਨੂਰ ਹੋ ਉਜਿਆਰੀ, ਏਕਾ ਨੂਰ ਆਪ ਹੋ ਜਾਇੰਦਾ । ਬੇਐਬ ਪਰਵਰਦਿਗਾਰੀ, ਖ਼ਲਕ ਖ਼ੁਦਾਈ ਵੇਖ ਵਖਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰੀ, ਯਾਰ ਯਾਰਾਂ ਡੇਰਾ ਲਾਇੰਦਾ । ਐਨਲਹੱਕ ਰਿਹਾ ਲਲਕਾਰੀ, ਏਕਾ ਮੁਕਾਮੇ ਹੱਕ ਵਖਾਇੰਦਾ । ਰਾਮ ਰਾਮ ਅਵਤਾਰੀ, ਕਲਜੁਗ ਵੇਸ ਵਟਾਇੰਦਾ । ਕਾਹਨਾ ਕ੍ਰਿਸ਼ਨਾ ਮੁਕੰਦ ਮਨੋਹਰ ਅਗੰਮ ਅਪਾਰੀ, ਤ੍ਰਲੋਕੀ ਨਾਥ ਸਾਥ ਵਖਾਇੰਦਾ । ਨਾਨਕ ਸਤਿਗੁਰ ਬੰਨ੍ਹੇ ਧਾਰੀ, ਏਕਾ ਰਾਹ ਤਕਾਇੰਦਾ । ਗੁਰ ਗੋਬਿੰਦ ਪੈਜ ਸਵਾਰੀ, ਸੱਚਾ ਮਾਰਗ ਲਾਇੰਦਾ । ਅੰਤਮ ਕਲ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਵੇਦ ਵਿਆਸਾ ਵੇਖ ਵਖਾਇੰਦਾ । ਬ੍ਰਹਮ ਪਾਰਬ੍ਰਹਮ ਤੇਰੀ ਪਾਏ ਸਾਰੀ, ਹੰ ਬ੍ਰਹਮ ਆਪ ਸਮਾਇੰਦਾ । ਹਰਿ ਨਾਮ ਖੰਡਾ ਤੇਜ ਪ੍ਰਚੰਡਾ ਪਾਏ ਵੰਡ ਸ੍ਰਿਸ਼ਟ ਸਬਾਈ ਹਾਹਾਕਾਰੀ, ਭੇਵ ਕੋਈ ਨਾ ਪਾਇੰਦਾ । ਜਨ ਭਗਤਾਂ ਆਪ ਸੁਹਾਏ ਘਰ ਸੱਚਾ ਦਰਬਾਰੀ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਆਦਿ ਜੁਗਾਦੀ ਖੇਲ ਅਪਾਰੀ, ਕਲਜੁਗ ਫੇਰਾ ਆਪੇ ਪਾਇੰਦਾ । ਨਾਮ ਮਦਿ ਪਿਆਏ ਜਾਮ ਪਹਿਲੀ ਵਾਰੀ, ਸ਼ਬਦ

ਪਿਆਲਾ ਹੱਥ ਉਠਾਇੰਦਾ । ਦੁਰਮਤ ਮੈਲ ਰਿਹਾ ਉਤਾਰੀ, ਬਸਤਰ ਸ਼ਸਤਰ ਤਨ ਸਜਾਇੰਦਾ । ਹਰਿਜਨ ਵੇਖੇ ਚਰਨ ਦਵਾਰੀ, ਚਰਨ ਦਵਾਰ ਇਕ ਸੁਹਾਇੰਦਾ । ਕਾਲ ਮਹਾਂਕਾਲ ਕਰੇ ਰਖਵਾਰੀ, ਸਿਰ ਸਮਰਥ ਹੱਥ ਟਿਕਾਇੰਦਾ । ਰਾਏ ਧਰਮ ਰੋਵੇ ਧਾਹਾਂ ਮਾਰੀ, ਦਰ ਦਰਬਾਰਾ ਵੇਖ ਵਖਾਇੰਦਾ । ਚਿਤਰ ਗੁਪਤ ਨਾ ਬਣੇ ਲਿਖਾਰੀ, ਆਪ ਆਪਣਾ ਲੇਖ ਲਿਖਾਇੰਦਾ । ਲਾੜੀ ਮੌਤ ਨਾ ਕਰੇ ਸ਼ਿੰਗਾਰੀ, ਤਨ ਵੇਸ ਨਾ ਕੋਈ ਕਰਾਇੰਦਾ । ਸੁਹਾਏ ਬੰਕ ਦਰ ਦਵਾਰੀ, ਸਚਖੰਡ ਸਾਚੀ ਸੇਜ ਸੁਹਾਇੰਦਾ । ਸਾਚਾ ਧਾਮ ਪੁਰਖ ਅਪਾਰੀ, ਅਗੰਮੜਾ ਧਾਮ ਸੁਹਾਇੰਦਾ । ਮਾਨਸ ਜਨਮ ਨਾ ਕੋਈ ਹਾਰੀ, ਜੋ ਜਨ ਚਰਨ ਧਿਆਨ ਰਖਾਇੰਦਾ । ਹਰ ਘਟ ਜੋਤ ਕਰ ਉਜਿਆਰੀ, ਸਰਗੁਣ ਡੇਰਾ ਲਾਇੰਦਾ । ਲੱਖ ਚੁਰਾਸੀ ਪਾਵੇ ਸਾਰੀ, ਘਟ ਘਟ ਵੇਖ ਵਖਾਇੰਦਾ । ਕਲਜੁਗ ਤੇਰੀ ਕਰੇ ਕਾਰੀ, ਤ੍ਰੈਗੁਣ ਵੇਖ ਵਖਾਇੰਦਾ । ਸੰਮਤ ਸੰਮਤੀ ਪਾਵੇ ਸਾਰੀ, ਸਾਧ ਸੰਤ ਆਪ ਉਠਾਇੰਦਾ । ਸੁਰਤ ਵਿਆਹੇ ਜਨਕ ਸਪੁਤਰੀ ਹਰਿ ਦੁਲਾਰੀ, ਰਾਮ ਰਾਮਾ ਨਾਉਂ ਰਖਾਇੰਦਾ । ਆਦਿ ਜੁਗਾਦਿ ਏਕਾ ਦਰਬਾਰੀ, ਕਲਜੁਗ ਖੇਲ ਖਲਾਇੰਦਾ । ਏਕਾ ਸ਼ਬਦ ਕਰ ਉਜਿਆਰੀ, ਸੋਹੰ ਨਾਉਂ ਧਰਾਇੰਦਾ । ਚਾਰ ਵਰਨਾਂ ਕਰੇ ਪਿਆਰੀ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਕਰਮ ਧਰਮ ਨਾ ਹੋਏ ਖਵਾਰੀ, ਏਕਾ ਬ੍ਰਹਮ ਜਣਾਇੰਦਾ । ਦੇਵੇ ਨਾਮ ਸੱਚੀ ਖੁਮਾਰੀ, ਕਲਜੁਗ ਅੰਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੰਤਮ ਮੂਲ ਚੁਕਾਇੰਦਾ । ਕਲਜੁਗ ਕੂੜਾ ਰਿਹਾ ਰੋ, ਅੰਤਮ ਅੰਤ ਆਇਆ । ਦੁਰਮਤ ਮੈਲ ਮੁਖੜਾ ਧੋ, ਚਾਰੋਂ ਕੁੰਟ ਵੇਖ ਵਖਾਇਆ । ਜੂਠ ਝੂਠ ਸੰਗ ਨਾ ਦਿਸੇ ਕੋ, ਸਗਲਾ ਸੰਗ ਨਾ ਕੋਈ ਨਿਭਾਇਆ । ਮਾਇਆ ਮਮਤਾ ਝੂਠਾ ਮੋਹ, ਸਾਚਾ ਦਰ ਨਾ ਕਿਸੇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਇਆ । ਕਲਜੁਗ ਤੇਰੀ ਅੰਤਮ ਧਾਰ, ਧਰਤ ਮਾਤ ਰਹੀ ਕੁਰਲਾਈਆ । ਦਿਵਸ ਰੈਣ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਖੁਲ੍ਹੜੇ ਕੇਸ ਧਾਹਾਂ ਰਹੀ ਮਾਰ, ਦਰ ਦਰ ਦਏ ਦੁਹਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਪਣੇ ਹੱਥ ਰੱਖੀ ਵਡਿਆਈਆ । ਧਰਨੀ ਧਰਤ ਧਵਲ ਦਏ ਸਹਾਰ, ਏਕਾ ਬੂਝ ਬੁਝਾਈਆ । ਜੂਠ ਝੂਠ ਦਏ ਨਿਵਾਰ, ਸਚ ਸੁੱਚ ਕਰੇ ਕੁੜਮਾਈਆ । ਸ਼ਬਦੀ ਸ਼ਬਦ ਸ਼ਬਦ ਪਿਆਰ, ਸ਼ਬਦ ਧੁਨ ਉਪਜਾਈਆ । ਬੋਧ ਅਗਾਧੀ ਖੇਲ ਅਪਾਰ, ਬੋਧ ਅਗਾਧ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰ ਧਰਨੀ ਲੇਖੇ ਲਾਈਆ । ਸਾਧ ਸੰਤ ਗਏ ਹਾਰ, ਦਿਵਸ ਰੈਣ ਕੁਰਲਾਏ । ਸ਼ਾਹ ਸੁਲਤਾਨ ਨਾ ਪਾਇਣ ਸਾਰ, ਬੈਠੇ ਜਗਤ ਮੁਖ ਛੁਪਾਏ । ਰਾਜ ਤਾਜ ਗਏ ਸੰਸਾਰ, ਹਰਿ ਕਾ ਨਾਮ ਨਾ ਕੋਈ ਧਿਆਏ । ਕਾਮ ਕਰੋਧ ਤਨ ਸ਼ਿੰਗਾਰ, ਹਉਮੇ ਅਗਨ ਜਲਾਏ । ਕਾਇਆ ਅੰਧੇਰਾ ਦਿਸੇ ਅਪਾਰ, ਸਚ ਮਹੱਲ ਨਾ ਕੋਈ ਜਣਾਏ । ਮਗਰ ਲੱਗੀ ਪੰਚਮ ਧਾੜ, ਬਿਨ ਗੁਰ ਪੂਰੇ ਕੋਇ ਨਾ ਪਾਰ ਕਰਾਏ । ਲੱਗੀ ਅੱਗ ਬਹੱਤਰ ਨਾੜ, ਜਗਤ ਬਸੰਤਰ ਨਾ ਕੋਈ ਬੁਝਾਏ । ਬਜ਼ਰ ਕਪਾਟੀ ਦੇਵੇ ਪਾੜ, ਦਰ ਦਵਾਰ ਨਾ ਕੋਈ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਤਨ ਮੇਲ ਮਿਲਾਏ । ਸੰਤਨ ਰੋ ਰੋ ਆਤਮ ਪੁਕਾਰੇ, ਏਕਾ ਏਕ ਜੁਦਾਈਆ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜੇ, ਡੂੰਘੀ ਕੰਦਰ ਫੇਰਾ ਪਾਈਆ । ਖੇਲੇ ਖੇਲ ਅਗੰਮ ਅਪਾਰੇ, ਲੱਖ ਚੁਰਾਸੀ ਫੋਲ ਫੋਲਾਈਆ । ਸ੍ਰਿਸ਼ਟ ਸਬਾਈ ਲੁੱਟੀ ਜਾਏ ਦਿਨ ਦਿਹਾੜੇ, ਕਲਜੁਗ ਮਾਇਆ ਪਰਦਾ ਪਾਈਆ । ਮਨਮੁਖਾਂ

ਵੇਖ ਵਖਾਏ ਮੌਤ ਲਾੜੇ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਕਰਮ ਕਮਾਈਆ । ਆਪਣੀ ਕਰਨੀ ਆਪੇ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਜੋਤੀ ਆਪੇ ਧਰ, ਜੋਤੀ ਜੋਤ ਆਪ ਜਗਾਈਆ । ਵਰਨ ਗੋਤੀ ਵਸਿਆ ਬਾਹਿਰ, ਅਲੱਖ ਨਿਰੰਜਣ ਵਡ ਵਡਿਆਈਆ । ਸ੍ਰਿਸ਼ਟ ਸਬਾਈ ਚੁੱਕੇ ਡਰ, ਦੂਈ ਦਵੈਤੀ ਰਹਿਣ ਨਾ ਪਾਈਆ । ਆਪੇ ਕਰੇ ਆਪਣੀ ਮਿਹਰ, ਪ੍ਰਭ ਹੱਥ ਵੱਡੀ ਵਡਿਆਈਆ । ਕਲਜੁਗ ਜੀਵ ਜਗਤ ਤ੍ਰਿਸ਼ਨਾ ਗਏ ਸੜ, ਅਗਨੀ ਅਗਨੀ ਅੱਗ ਸਤਾਈਆ । ਪੰਚਮ ਵਿਕਾਰੇ ਰਹੇ ਸੜ, ਦਿਵਸ ਰੈਣ ਲੜਾਈਆ । ਸੰਤ ਸੁਹੇਲੇ ਏਕਾ ਅੱਖਰ ਗਏ ਪੜ੍ਹ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਆਪੇ ਲਾਵਣਹਾਰਾ ਜੜ੍ਹ, ਵੇਖਣਹਾਰਾ ਆਪ ਹੋ ਜਾਈਆ । ਚੌਥੇ ਘਰ ਆਪੇ ਚੜ੍ਹ, ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਤੇਰਾ ਬਸਤਰ ਅੰਤਮ ਤੇਰੇ ਤਨ ਪਹਿਨਾਈਆ । ਕਲਜੁਗ ਤੇਰਾ ਜਗਤ ਸਿੰਗਾਰ, ਹਰਿ ਹਰਿ ਵੇਖ ਵਖਾਇੰਦਾ । ਚਾਰੋਂ ਕੁੰਟ ਕੂੜ ਕੁੜਿਆਰ, ਸਚ ਸੁੱਚ ਨਾ ਕੋਈ ਜਣਾਇਆ । ਜੂਠਾ ਝੂਠਾ ਮੀਤ ਮੁਰਾਰ, ਸ਼ਾਹ ਸੁਲਤਾਨ ਵਡ ਜਰਵਾਨਾ ਅਖਵਾਇੰਦਾ । ਨਾ ਕੋਈ ਕੰਤ ਨਾ ਕੋਈ ਨਾਰ, ਸੁਤ ਦੁਲਾਰ ਨਾ ਕੋਈ ਅਖਵਾਇੰਦਾ । ਬੇਟੀ ਬੇਟਾ ਨਾ ਕੋਈ ਪਿਆਰ, ਮਾਤ ਪਿਤ ਨਾ ਮੇਲ ਮਿਲਾਇੰਦਾ । ਜਗਤ ਨਈਆ ਡੁੱਬੀ ਵਿਚ ਮੰਝਧਾਰ, ਸਾਚਾ ਬੇੜਾ ਨਾ ਕੋਈ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਜਗਾਇੰਦਾ । ਨਿਰਗੁਣ ਜੋਤ ਹਰਿ ਪ੍ਰਧਾਨ, ਹਰਿ ਹਰਿ ਵੇਖ ਵਖਾਈਆ । ਕਲਜੁਗ ਤੇਰਾ ਕੂੜ ਨਿਸ਼ਾਨ, ਚਾਰੋਂ ਕੁੰਟ ਰਿਹਾ ਝੁਲਾਈਆ । ਅੰਤਮ ਵੇਖੇ ਇਕ

੮੪੭
੦੭

੮੪੭
੦੭

ਮੈਦਾਨ, ਨੌਂ ਖੰਡ ਰਿਹਾ ਉਠਾਈਆ । ਰਕਤ ਬੂੰਦ ਪੰਜ ਸ਼ੈਤਾਨ, ਸਾਚਾ ਸੰਗ ਨਿਭਾਈਆ । ਤ੍ਰਿਸ਼ਨਾ ਤ੍ਰਿਖਾ ਪੀਣ ਖਾਣ, ਹਉਮੇ ਰਹੀ ਸਤਾਈਆ । ਦੂਈ ਦਵੈਤੀ ਲੱਗਾ ਬਾਣ, ਨਾ ਕੋਈ ਮੇਟ ਮਿਟਾਈਆ । ਹਰਿ ਕਾ ਰੂਪ ਨਾ ਸਕੇ ਕੋਈ ਪਛਾਣ, ਸਤਿ ਸਰੂਪ ਅਖਵਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪਾਰਬ੍ਰਹਮ ਦਿਸ ਨਾ ਆਈਆ । ਰਾਗੀ ਨਾਦੀ ਸਾਰੇ ਗਾਣ, ਧੁਨੀ ਨਾਦ ਨਾ ਕੋਈ ਵਜਾਈਆ । ਗ੍ਰੰਥੀ ਪੰਥੀ ਕਰਨ ਗਿਆਨ, ਗੁਰ ਗੋਬਿੰਦ ਨਾ ਕੋਈ ਮਿਲਾਈਆ । ਅੰਜੀਲ ਕੁਰਾਨ ਸਰਬ ਕਰਨ ਐਲਾਨ, ਸਚ ਖ਼ੁਦਾ ਨਾ ਕੋਈ ਵਖਾਈਆ । ਗੁਰਮੁਖ ਵਿਰਲਾ ਕਰੇ ਪਛਾਣ, ਜਿਸ ਜਨ ਬੂਝ ਬੁਝਾਈਆ । ਦਾਤਾ ਦਾਨੀ ਹਰਿ ਮਿਹਰਬਾਨ, ਕਲਜੁਗ ਅੰਤਮ ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਧਾਮ ਅਵੱਲੜਾ ਇਕ ਇਕੱਲੜਾ, ਬੈਠਾ ਆਸਣ ਲਾਈਆ । ਸ਼ਬਦ ਸਿੰਘਾਸਣ ਹਰਿ ਅਪਾਰ, ਏਕਾ ਧਾਮ ਸੁਹਾਇਆ । ਨਿਰਗੁਣ ਜੋਤੀ ਕਰ ਉਜਿਆਰ, ਆਪਣਾ ਆਸਣ ਲਾਇਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਲੋਆਂ ਪੁਰੀਆਂ ਫੋਲ ਫੁਲਾਇਆ । ਅੰਤਮ ਵੇਲੇ ਦਏ ਹੁਲਾਰ, ਧਰਨੀ ਧਵਲ ਸੁਹਾਇਆ । ਰਾਜ ਰਾਜਾਨਾ ਕਰੇ ਖਵਾਰ, ਸ਼ਾਹ ਸੁਲਤਾਨ ਰਹਿਣ ਨਾ ਪਾਇਆ । ਦਰ ਦਰ ਮੰਗਣ ਭਿੱਖ ਦਵਾਰ, ਘਰ ਘਰ ਵੇਖ ਵਿਖਾਇਆ । ਜਗਤ ਨਵਾਬਾ ਵਿਚ ਉਜਾੜ, ਚਰਨ ਭਰਵਾਸਾ ਜਿਸ ਗਵਾਇਆ । ਆਪ ਚਬਾਏ ਆਪਣੀ ਦਾਹੜ, ਆਪ ਆਪਣਾ ਵੇਸ ਵਟਾਇਆ । ਲੱਗੇ ਅੱਗ ਸਤਾਰਾਂ ਹਾੜ, ਸਾਚਾ ਦਿਵਸ ਸੁਹਾਇਆ । ਧਰਤ ਮਾਤ ਤੇਰਾ ਇਕ ਅਖਾੜ, ਹਰਿ ਸਾਚਾ ਵੇਖ ਵਖਾਇਆ । ਆਪ ਉਠਾਏ ਅਗੰਮੀ ਧਾੜ, ਨੇਤਰ ਨੈਣਾਂ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ

ਤੇਰਾ ਖੇਲ ਖਲਾਇਆ । ਕਲਜੁਗ ਤੇਰਾ ਰੰਗ ਚਲੂਲ, ਹਰਿ ਹਰਿ ਵੇਖ ਵਖਾਇੰਦਾ । ਹਰਿ ਕਾ ਭਾਣਾ ਨਾ ਜਾਏ ਭੂਲ, ਆਪਣਾ ਭਾਣਾ ਆਪ ਵਰਤਾਇੰਦਾ । ਸ਼ਬਦ ਸ਼ਸਤਰ ਹੱਥ ਉਠਾਏ ਤ੍ਰਸੂਲ, ਆਪਣੀ ਦਇਆ ਕਮਾਇੰਦਾ । ਸ਼ੰਕਰ ਸ਼ਿਵ ਕੰਤ ਕੰਤੂਹਲ, ਬ੍ਰਹਮਾ ਵੇਤਾ ਸੇਵਾ ਲਾਇੰਦਾ । ਸਚ ਸਿੰਘਾਸਣ ਨਾ ਕੋਈ ਪਾਵਾ ਨਾ ਕੋਈ ਚੂਲ, ਵਿਸ਼ਨੂੰ ਵੇਸਾ ਵੇਸ ਵਟਾਇੰਦਾ । ਬਾਸ਼ਕ ਸੇਜਾ ਬਰਸੇ ਫੂਲ, ਸਾਂਗੋ ਪਾਂਗ ਹੰਢਾਇੰਦਾ । ਜੁਗ ਜੁਗ ਚੁਕਾਏ ਜਗਤ ਮੂਲ, ਲਹਿਣਾ ਦੇਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਤੁਰਭੁਜ ਕਹਾਇੰਦਾ ।

## * ੪ ਮੱਘਰ ੨੦੧੫ ਬਿਕਰਮੀ ਇਟਾਰਸੀ ਸ਼ਹਿਰ *

ਮਨਮਤ ਜਗਤ ਵਿਭਚਾਰ, ਗੁਰਮਤ ਹਰਿ ਸ਼ਰਨਾਈਆ । ਪੰਜ ਤਤ ਵਿਕਾਰਾ ਜਗਤ ਹੰਕਾਰ, ਨਾਮ ਵੱਥ ਵੱਡੀ ਵਡਿਆਈਆ । ਜੂਠ ਝੂਠ ਮੋਹ ਪਿਆਰ, ਚਰਨ ਕਵਲ ਸਹਿਜ ਸੁਖਦਾਈਆ । ਗੁਰਸਿਖ ਸਾਚੀ ਸਚ ਵਿਚਾਰ, ਅੰਤਰ ਮੰਤਰ ਹਰਿ ਲਿਵ ਲਾਈਆ । ਮੇਟੇ ਗੜ੍ਹ ਕਾਇਆ ਹੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਰਮਤ ਮੈਲ ਧਵਾਈਆ । ਮਨ ਅੰਧਲਾ ਮਾਇਆ ਮਤ, ਦਿਵਸ ਰੈਣ ਅੰਧੇਰਾ । ਗੁਰ ਸਤਿਗੁਰ ਪੂਰਾ ਜਾਣੇ ਮਿਤ ਗਤ, ਸਦ ਵਸੇ ਨੇਰਨ ਨੇਰਾ । ਜਿਸ ਜਨ ਦਇਆ ਕਮਾਏ ਕਰਾਏ ਸਾਚਾ ਹਿੱਤ, ਚੁਕਾਏ ਹੇਰਾ ਫੇਰਾ । ਦਰਸ ਦਿਖਾਏ ਨਿਤ ਨਵਿਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਤਾਰੇ ਕਰ ਕਰ ਮਿਹਰਾ । ਮਿਹਰਵਾਨ ਮਿਹਰਵਾਨ ਮਿਹਰਵਾਨ ਹਰੀ ਹਰਿ ਆਪ ਅਖਵਾਇਆ । ਜਿਸ ਜਨ ਦੇਵੇ ਨਾਮ ਦਾਨ, ਜਗਤ ਵਿਕਾਰਾ ਮੋਹ ਮਿਟਾਇਆ । ਕਾਇਆ ਮੰਦਰ ਸਚ ਮਕਾਨ, ਨੌਂ ਦਵਾਰੇ ਪਾਰ ਕਰਾਇਆ । ਜੋਤ ਨਿਰੰਜਣ ਖੇਲ ਮਹਾਨ, ਦਿਵਸ ਰੈਣ ਡਗਮਗਾਇਆ । ਧੁਨੀ ਨਾਦ ਸੱਚੀ ਧੁਨਕਾਨ, ਅਨਹਦ ਏਕਾ ਤਾਲ ਵਜਾਇਆ । ਸ਼ਬਦੀ ਗੁਰ ਪਵਣ ਮਸਾਣ, ਕਵਰੀ ਭਵਰੀ ਫੋਲ ਫੁਲਾਇਆ । ਪੰਚ ਵਿਕਾਰਾ ਮੇਟ ਸ਼ੈਤਾਨ, ਸਚ ਸੁੱਚ ਵਰਤਾਇਆ । ਆਤਮ ਬ੍ਰਹਮ ਬ੍ਰਹਮ ਗਿਆਨ, ਚਰਨ ਧਿਆਨ ਰਖਾਇਆ । ਰਾਗੀ ਰਾਗ ਸੁਣਾਏ ਕਾਨ, ਆਪ ਆਪਣਾ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤਤ ਬੁਝਾਇਆ । ਤਤ ਗਿਆਨ ਸ਼ਬਦ ਪ੍ਰਵੇਸ਼, ਜੋਤੀ ਜੋਤ ਜਗਾਈਆ । ਹਰਿ ਹਰਿ ਸਾਜਣ ਸਚ ਸੰਦੇਸ਼, ਹਰਿਜਨ ਆਪ ਸੁਣਾਈਆ । ਆਪਣੇ ਨੇਤਰ ਆਪੇ ਵੇਖ, ਆਪੇ ਬੂਝ ਬੁਝਾਈਆ । ਆਪੇ ਹੋਏ ਰਿਖੀ ਕੇਸ, ਜਗਤ ਗਵਰਧਨ ਆਪ ਉਠਾਈਆ । ਆਪੇ ਦਾਤਾ ਦਸ ਦਸਮੇਸ਼, ਗੋਬਿੰਦ ਆਪ ਅਖਵਾਈਆ । ਪ੍ਰਗਟ ਹੋਏ ਨਰ ਨਰੇਸ਼, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਗਤ ਤਮਾਸ਼ੇ ਆਪੇ ਵੇਖ, ਆਪ ਆਪਣੇ ਗਲੇ ਲਗਾਈਆ । ਲੇਖੇ ਲਾਏ ਚਰਨ ਛੁਹਾਈ ਦਾੜ੍ਹੀ ਕੇਸ, ਤੱਤੀ ਵਾ ਨਾ ਲੱਗੇ ਰਾਈਆ । ਮਸਤਕ ਲਾਏ ਸਾਚੀ ਮੇਖ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਦੁਰਮਤ ਮੈਲ ਮਿਟਾਈਆ । ਅੰਮ੍ਰਿਤ ਆਤਮ ਠਾਂਡਾ ਨੀਰ, ਅੰਮ੍ਰਿਤ ਜਾਮ ਪਿਆਇਆ । ਸਾਂਤਕ ਸਤਿ ਕਰੇ ਸਰੀਰ, ਤ੍ਰਿਸ਼ਨਾ ਤ੍ਰਿਖਾ ਮਿਟਾਇਆ । ਸ਼ਬਦ ਪਹਿਨਾਏ ਸਾਚਾ ਚੀਰ, ਏਕਾ ਏਕ ਬਸਤਰ ਹੱਥ ਰਖਾਇਆ । ਦੂਈ ਦਵੈਤੀ ਕੱਢੇ ਪੀੜ, ਹਉਮੇ ਹੰਗਤਾ ਮਾਰ ਮੁਕਾਇਆ । ਚੋਟੀ ਚਾੜ੍ਹੇ ਆਪ ਅਖ਼ੀਰ, ਸ਼ਬਦ

ਪੱਲੂ ਲੜ ਫੜਾਇਆ । ਅੰਤਮ ਬੰਨ੍ਹਣਹਾਰਾ ਬੀੜ, ਘਰ ਸਾਚੇ ਫੇਰਾ ਪਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਕਰਨੇਹਾਰ ਕਰਨੀ ਕਿਰਤ ਰਿਹਾ ਕਮਾਇਆ । ਗੁਰ ਕਿਰਪਾ ਹਰਿ ਜਾਣਿਆ, ਮੇਲਾ ਬੇਪਰਵਾਹ । ਮੂਰਖ ਮੁਗਧ ਮਨ ਮਾਨਿਆ, ਲੇਖਾ ਲਿਖੇ ਸ਼ਾਹ । ਹੋਏ ਚਤੁਰ ਸੁਘੜ ਸਿਆਣਿਆ, ਜਪੇ ਜਪਾਵੇ ਸਾਚਾ ਨਾਂ । ਨਾਮ ਦੇਵੇ ਵੰਞ ਮੁਹਾਣਿਆ, ਸ਼ੌਹ ਦਰਯਾਏ ਬੇੜਾ ਪਾਰ ਕਰਾ । ਸ਼ਬਦੀ ਸ਼ਬਦ ਸਚ ਬਿਬਾਣਿਆ, ਗੁਰਮੁਖ ਸਾਚੇ ਲਏ ਚੜ੍ਹਾ । ਕਰੇ ਕਰਾਏ ਪੁਣ ਛਾਣਿਆ, ਲੱਖ ਚੁਰਾਸੀ ਜਗਤ ਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਅੰਤਮ ਪਕੜੇ ਆਪ ਆਪਣੀ ਬਾਂਹ ।

## * ੫ ਮੱਘਰ ੨੦੧੫ ਬਿਕ੍ਰਮੀ ਗੁਰਦਵਾਰਾ ਸਿੰਘ ਸਭਾ ਗਵਾਲੀਅਰ ਸ਼ਹਿਰ *

ਹਰਿ ਮੰਦਰ ਹਰਿ ਸੁਹਾਇਆ, ਪਾਰਬ੍ਰਹਮ ਕਰਤਾਰ । ਨਿਰਗੁਣ ਜੋਤੀ ਨੂਰ ਰੁਸ਼ਨਾਇਆ, ਅਲੱਖ ਅਗੰਮ ਅਪਾਰ । ਆਦਿ ਨਿਰੰਜਣ ਵੇਸ ਵਟਾਇਆ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕਾ ਨਾਉਂ ਰਖਾਇਆ, ਸ਼ਬਦ ਡੰਕਾ ਅਪਰ ਅਪਾਰ । ਚਾਰੋਂ ਕੁੰਟਾਂ ਰਿਹਾ ਉਠਾਇਆ, ਲੱਖ ਚੁਰਾਸੀ ਖ਼ਬਰਦਾਰ । ਸ਼ਾਹ ਸੁਲਤਾਨਾ ਰਿਹਾ ਹਿਲਾਇਆ, ਲੋਆਂ ਪੁਰੀਆਂ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ । ਪੁਰਖ ਅਕਾਲ ਦੀਨ ਦਿਆਲ, ਹਰਿ ਹਰਿ ਜੋਤ ਜਗਾਈਆ । ਖੇਲੇ ਖੇਲ ਦੋ ਜਹਾਨ, ਦਿਸ ਕਿਸੇ ਨਾ ਆਈਆ । ਨਿਹਕਲੰਕ ਬਲੀ ਬਲਵਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੋਬਿੰਦ ਜੋਧਾ ਸੂਰਬੀਰ ਬਲੀ ਬਲਵਾਨ, ਸਗਲਾ ਸੰਗ ਨਿਭਾਈਆ । ਰਸਨਾ ਚਿੱਲਾ ਤੀਰ ਕਮਾਨ, ਨਾਮ ਖੰਡਾ ਹੱਥ ਉਠਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਹਰ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਈਆ । ਪਾਰਬ੍ਰਹਮ ਪੁਰਖ ਕਰਤਾਰ, ਏਕਾ ਏਕ ਅਖਵਾਇਆ । ਆਦਿ ਅੰਤ ਲਏ ਅਵਤਾਰ, ਜੁਗ ਜੁਗ ਵੇਸ ਵਟਾਇਆ । ਵੇਖੇ ਵਿਗਸੇ ਕਰੇ ਵਿਚਾਰ, ਭੇਵ ਕਿਸੇ ਨਾ ਪਾਇਆ । ਨਿਰਗੁਣ ਰੂਪ ਹੋ ਉਜਿਆਰ, ਲੋਕਮਾਤ ਵੇਖ ਵਖਾਇਆ । ਸ੍ਰਿਸ਼ਟ ਸਬਾਈ ਦਏ ਹੁਲਾਰ, ਨਾਮ ਹੁਲਾਰਾ ਇਕ ਲਗਾਇਆ । ਚਾਰ ਵਰਨਾਂ ਇਕ ਦਵਾਰ, ਏਕਾ ਬੂਝ ਬੁਝਾਇਆ । ਏਕਾ ਨਾਮ ਇਕ ਜੈਕਾਰ, ਏਕਾ ਸ਼ਬਦ ਜਣਾਇਆ । ਖੜਗ ਖੰਡਾ ਇਕ ਕਟਾਰ, ਤੇਜ ਪ੍ਰਚੰਡਾ ਹੱਥ ਉਠਾਇਆ । ਬ੍ਰਹਿਮੰਡ ਖੰਡ ਪਾਵੇ ਸਾਰ, ਜੇਰਜ ਅੰਡ ਫੋਲ ਫੁਲਾਇਆ । ਮਨਮੁਖ ਜੀਵ ਦੁਹਾਗਣ ਨਾਰ ਰੰਡ, ਕਲਜੁਗ ਅੰਤਮ ਦਏ ਮਿਟਾਇਆ । ਰਹਿਣ ਨਾ ਦੇਵੇ ਭੇਖ ਪਖੰਡ, ਕੂੜੀ ਕਿਰਿਆ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਅਪਣਾ ਵੇਸ ਵਟਾਇਆ । ਨਰ ਨਰਾਇਣ ਹਰਿ ਭਗਵੰਤ, ਅਕਲ ਕਲਾ ਅਖਵਾਈਆ । ਗੁਰਮੁਖ ਵੇਖੇ ਸਾਜਣ ਸੰਤ, ਦਹਿ ਦਿਸ਼ਾ ਫੇਰੀ ਪਾਈਆ । ਆਪ ਬਣਾਏ ਆਪਣੀ ਬਣਤ, ਜੁਗ ਜੁਗ ਵੱਡੀ ਵਡਿਆਈਆ । ਏਕਾ ਨਾਮ ਰਸਨਾ ਜਿਹਵਾ ਮਣੀਆ ਮੰਤ, ਏਕਾ ਸਵਾਸ ਚਲਾਈਆ । ਸਦ ਸਦ ਮਹਿਮਾ ਗਣਤ ਅਗਣਤ, ਲੇਖਾ ਲੇਖ ਵਿਚ ਨਾ ਆਈਆ । ਦਰ ਦਰਵੇਸ ਜੁਗਾ ਜੁਗੰਤ, ਧਰਤ ਧਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,



੮੪੯ ੦੭

ਵੇਖੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਨਿਰੰਕਾਰ, ਏਕਾ ਏਕੰਕਾਰਿਆ । ਲੋਕਮਾਤ ਹੋ ਉਜਿਆਰ, ਆਪ ਆਪਣਾ ਨਾਉਂ ਧਰਾ ਲਿਆ । ਵੇਦ ਵਿਆਸਾ ਮੀਤ ਮੁਰਾਰ, ਗੁਰ ਗੋਬਿੰਦ ਸੰਗ ਨਿਭਾ ਲਿਆ । ਸੰਤ ਸੁਹੇਲੇ ਲਾਏ ਪਾਰ, ਗੁਰ ਚੇਲੇ ਵੇਖ ਵਖਾ ਰਿਹਾ । ਮਨਮੁਖ ਡੁੱਬੇ ਵਿਚ ਮੰਝਧਾਰ, ਕਲਜੁਗ ਕੂੜਾ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਨਾਉਂ ਉਪਾ ਲਿਆ । ਨਾਉਂ ਉਪਾਇਆ ਹਰਿ ਨਿਰੰਕਾਰ, ਏਕਾ ਜੋਤ ਜਗਾਈਆ । ਇਕ ਇਕੱਲਾ ਖੇਲ ਅਪਾਰ, ਲੇਖਾ ਲਿਖਤ ਵਿਚ ਨਾ ਆਈਆ । ਬ੍ਰਹਮਾ ਵਿਸ਼ਨ ਦੇਵਤ ਸੁਰ ਦਏ ਹੁਲਾਰ, ਸ਼ਬਦ ਹੁਲਾਰਾ ਇਕ ਰਖਾਈਆ । ਕਲਜੁਗ ਤੇਰਾ ਪਾਰ ਕਿਨਾਰ, ਸੰਮਤ ਸੰਮਤੀ ਦਏ ਵਡਿਆਈਆ । ਖੇਲੇ ਖੇਲ ਅੰਤਮ ਵਾਰ, ਕਰਨੀ ਕਰਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟਾਈਆ । ਜੋਤੀ ਜਾਮਾ ਹਰਿ ਭਗਵਾਨਾ, ਆਪਣੀ ਕਲ ਵਰਤਾਈਆ । ਖੇਲੇ ਖੇਲ ਦੋ ਜਹਾਨਾਂ, ਪਤਾਲ ਅਕਾਸ਼ ਵੇਖ ਵਖਾਈਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਆਪਣਾ ਸਗਨ ਮਨਾਈਆ । ਗੁਰਮੁਖ ਸਾਜਣ ਕਰ ਪਛਾਣਾ, ਆਪ ਆਪਣਾ ਮੇਲ ਮਿਲਾਈਆ । ਧਰਮ ਝੁਲਾਏ ਇਕ ਨਿਸ਼ਾਨਾ, ਏਕਾ ਰੰਗ ਰੰਗਾਈਆ । ਵੇਖੇ ਖੇਲ ਗੋਪੀ ਕਾਹਨਾ, ਮੰਡਲ ਮੰਡਪ ਆਪ ਸੁਹਾਈਆ । ਏਕਾ ਪਦ ਦੱਸੇ ਨਿਰਬਾਣਾ, ਅਮਰਾਪਦ ਆਪ ਸਮਾਈਆ । ਜੋਧਾ ਸੂਰ ਬਲੀ ਬਲਵਾਨਾ, ਨਿਰਗੁਣ ਜੋਤ ਨੂਰ ਕਰੇ ਰੁਸ਼ਨਾਈਆ । ਏਕਾ ਚਿੱਲਾ ਤੀਰ ਕਮਾਨਾ, ਸ੍ਰਿਸ਼ਟ ਸਬਾਈ ਰਿਹਾ ਉਠਾਈਆ । ਵੇਖ ਵਖਾਏ ਜੀਵ ਜਹਾਨਾਂ, ਸਾਧਾਂ ਸੰਤਾਂ ਲਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਤੇਰਾ ਅੰਤਮ ਰਾਹ, ਹਰਿ ਹਰਿ ਵੇਖ ਵਖਾਇੰਦਾ । ਗੁਰਮੁਖ ਵੇਖੇ ਥਾਉਂ ਥਾਂ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਰਤਾ ਕਰੇ ਸਚ ਨਿਆਂ, ਜੁਗ ਜੁਗ ਵੇਸ ਵਟਾਇੰਦਾ । ਜਿਸ ਜਨ ਦੇਵੇ ਆਪਣਾ ਨਾਂ, ਆਪਣੀ ਬੂਝ ਬੁਝਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਘਰ ਸਾਚਾ ਇਕ ਸੁਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਹੱਥ ਸਮਰਥ ਟਿਕਾਇੰਦਾ । ਆਪੇ ਪਿਤਾ ਆਪੇ ਮਾਂ, ਬਾਲ ਅਵਾਣੇ ਗੋਦ ਉਠਾਇੰਦਾ । ਫੜਨਹਾਰਾ ਸਾਚੀ ਬਾਂਹ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰ ਹਰਿ ਸਮਰਥਾ, ਅਕਲ ਕਲਾ ਅਖਵਾਈਆ । ਜੁਗ ਜੁਗ ਚਲਾਏ ਆਪਣਾ ਰਥਾ, ਰਥ ਰਥਵਾਹੀ ਆਪ ਅਖਵਾਈਆ । ਲੱਖ ਚੁਰਾਸੀ ਪਾਏ ਨੱਥਾ, ਜੀਵਾਂ ਜੰਤਾਂ ਆਪ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਪੰਦਰਾਂ ਵਡ ਵਡਿਆਈਆ । ਸੰਮਤ ਪੰਦਰਾਂ ਭੇਖ ਅਗੰਮਾ, ਹਰਿ ਹਰਿ ਆਪ ਕਰਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚੰਮਾ, ਨਾ ਕੋਈ ਬਣਤ ਬਣਾਇੰਦਾ । ਪਵਣ ਸਵਾਸੀ ਲਏ ਨਾ ਦਮਾ, ਨੇਤਰ ਨੀਰ ਨਾ ਕੋਈ ਵਹਾਇੰਦਾ । ਆਦਿ ਜੁਗਾਦੀ ਏਕਾ ਕੰਮਾ, ਆਪੇ ਆਪ ਕਰਾਇੰਦਾ । ਦੋ ਜਹਾਨਾਂ ਬੇੜਾ ਬੰਨ੍ਹਾ, ਬੰਨ੍ਹਣਹਾਰ ਆਪ ਅਖਵਾਇੰਦਾ । ਗੁਰਮੁਖ ਚਰਨ ਲਗਾਏ ਜਿਉਂ ਧੰਨ ਧੰਨਾ, ਆਪ ਅਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਵਾ ਹਰਿ ਗੋਬਿੰਦ, ਹਰਿਜਨ ਵੱਡੀ ਵਡਿਆਈਆ । ਮੇਟ ਮਿਟਾਏ ਸਗਲੀ ਚਿੰਦ, ਜੋ

੮੫੦ ੦੨

ਜਨ ਰਹੇ ਸਰਨਾਈਆ । ਅੰਮ੍ਰਿਤ ਆਤਮ ਦੇਵੇ ਸਾਗਰ ਸਿੰਧ, ਸਾਚਾ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਅੰਤਮ ਵੇਲਾ ਹਰਿ ਘਰ ਪਾਇਆ, ਹਰਿ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਮੰਗਲ ਗਾਇਆ, ਹਉਮੇ ਰੋਗ ਗਵਾਈਆ । ਸੇਜ ਸੁਹੰਜਣੀ ਸਚ ਹੰਢਾਇਆ, ਆਤਮ ਦਰ ਖੁਲ੍ਹਾਈਆ । ਬ੍ਰਹਮ ਬ੍ਰਹਿਮਾਦ ਖੋਜ ਖੁਜਾਇਆ, ਜੇਰਜ ਅੰਡ ਤੋੜ ਤੁੜਾਇਆ । ਭੇਖ ਪਖੰਡ ਬੇੜਾ ਪਾਰ ਕਰਾਇਆ, ਏਕਾ ਤਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਆਪਣਾ ਮੇਲਾ ਹਰਿ ਨਿਰੰਕਾਰ, ਆਪਣਾ ਆਪ ਕਰਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਗੋਬਿੰਦ ਵੇਖ ਵਖਾਈਆ । ਮਾਤ ਪਿਤਾ ਕਰ ਪਿਆਰ, ਆਪ ਆਪਣੇ ਰੰਗ ਰੰਗਾਈਆ । ਹਰਿ ਜੀ ਸੁਹਾਏ ਇਕ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਖੇਵਟ ਖੇਟਾ ਬਣ ਮਲਾਹ, ਬੇੜਾ ਇਕ ਚਲਾਈਆ । ਪੰਚਮ ਬੈਠਾ ਡੇਰਾ ਲਾ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਤੇਰਾ ਸਾਚਾ ਗੜ੍ਹ ਸੁਹਾਈਆ । ਗੋਬਿੰਦ ਤੇਰਾ ਸਾਚਾ ਗੜ੍ਹ, ਹਰਿ ਹਰਿ ਵੇਖ ਵਖਾਇੰਦਾ । ਹਰੀ ਹਰਿ ਆਪੇ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਸਮਰਥ ਪੁਰਖ ਅੱਗੇ ਖੜ੍ਹ, ਆਪ ਆਪਣਾ ਭੇਵ ਖੁਲ੍ਹਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਵਖਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਆਪ ਆਪਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਵੇਖ ਵਖਾਇੰਦਾ । ਗੁਰਮੁਖ ਸਾਜਣ ਸਾਚਾ ਮਾਣ, ਹਰ ਘਰ ਵੱਜੀ ਵਧਾਈਆ । ਗੁਰਸਿਖ ਸੰਗ ਸ਼ਬਦ ਬਿਬਾਣ, ਏਕਾ ਨਾਮ ਚੜ੍ਹਾਈਆ । ਦੇਵਣਹਾਰਾ ਧੁਰ ਫ਼ਰਮਾਣ, ਅਨੰਤ ਕਲਾ ਵਰਤਾਈਆ । ਜਿਸ ਜਨ ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਸੰਤ ਸਾਧ ਸਾਧ ਸੰਤ ਬਖ਼ਸ਼ੇ ਚਰਨ ਧਿਆਨ, ਆਤਮ ਅੰਤਰ ਇਕ ਲਿਵ ਲਾਈਆ । ਆਤਮ ਜੋਤੀ ਬ੍ਰਹਮ ਗਿਆਨ, ਪਾਰਬ੍ਰਹਮ ਸੱਚੀ ਸ਼ਰਨਾਈਆ । ਏਕਾ ਰੰਗ ਸ੍ਰੀ ਭਗਵਾਨ, ਦੂਜੀ ਵਸਤ ਨਜ਼ਰ ਨਾ ਆਈਆ । ਤੀਜਾ ਨੈਣ ਖੇਲ ਮਹਾਨ, ਏਕਾ ਦ੍ਰਿਸ਼ਟ ਖੁਲ੍ਹਾਈਆ । ਚੌਥੇ ਦਰ ਵਡ ਬਲਵਾਨ, ਪੁਰਖ ਅਬਿਨਾਸ਼ਾ ਮੇਲ ਮਿਲਾਈਆ । ਪੰਚਮ ਸੋਹੇ ਦਰ ਦਰਬਾਨ, ਪੰਚਮ ਵੇਖ ਵਖਾਈਆ । ਦੀਪਕ ਜੋਤੀ ਇਕ ਮਹਾਨ, ਸਤਿਗੁਰ ਪੂਰਾ ਆਪ ਜਗਾਈਆ । ਕਮਲਾਪਾਤੀ ਖੇਲ ਮਹਾਨ, ਨੇਤਰ ਨੈਣਾਂ ਦਰਸ ਦਿਖਾਈਆ । ਲਹਿਣਾ ਦੇਣਾ ਬਾਕੀ ਚੁਕਾਏ ਵਿਚ ਜਹਾਨ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਸੰਗਤ ਵਡ ਵਡਿਆਈਆ । ਸੰਗਤ ਸਵਾਗਤ ਹਰਿ ਹਰਿ ਪਾਇਆ, ਹਰਿ ਨਾਮੇ ਵੱਜੀ ਵਧਾਈਆ । ਰਾਗ ਰਾਗਨੀ ਰਾਗ ਗਾਇਆ, ਰਾਗੀ ਨਾਦੀ ਇਹ ਅਲਾਈਆ । ਜਾਗਰਤ ਜਾਗਰਤ ਜਾਗਰਤ ਗੁਰ ਨਜ਼ਰੀ ਆਇਆ, ਸਤਿਗੁਰ ਪੂਰੇ ਵਡ ਵਡਿਆਈਆ । ਭਾਗਤ ਭਾਗਤ ਭਾਗਤ ਦਰ ਦਵਾਰ ਸੁਹਾਇਆ, ਬੰਕ ਦਵਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਗੁਰਮੁਖਾਂ ਦੇਵੇ ਵਡ ਵਡਿਆਈਆ । ਵਡ ਵਡਿਆਈ ਗੁਰਸਿਖ, ਗੁਰਮਤ ਹਰਿ ਹਰਿ ਭਾਈਆ । ਸਾਚਾ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰੂਦਵਾਰੇ ਨਾਮ ਭਿੱਖ, ਗੁਰ ਪੂਰਾ ਝੋਲੀ ਪਾਈਆ । ਦੂਈ ਦਵੈਤੀ ਉਤਰੇ ਵਿਖ, ਮਾਇਆ ਮਮਤਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨੇਤਰ ਆਪੇ

੮੫੨
੦੭

ਪੇਖ, ਆਪੇ ਲਏ ਜਗਾਈਆ । ਗੁਰਮੁਖ ਸੋਇਆ ਆਪ ਜਗਾਏ, ਜੁਗ ਜੁਗ ਵੱਡੀ ਵਡਿਆਈਆ । ਫੜ ਫੜ ਬਾਹੋਂ ਮਾਰਗ ਪਾਏ, ਏਕਾ ਬੂਝ ਬੁਝਾਈਆ । ਧੁਨ ਅਨਾਦੀ ਰਾਗ ਸੁਣਾਏ, ਅਨਹਦ ਤਾਲ ਵਜਾਈਆ । ਚਰਨ ਧੂੜ ਅਸ਼ਨਾਨ ਮਾਘੀ ਆਪ ਕਰਾਏ, ਦੁਰਮਤ ਮੈਲ ਗਵਾਈਆ । ਹਉਮੇ ਝੂਠਾ ਰੋਗ ਗਵਾਏ, ਸਚ ਸੁੱਚ ਕਰੇ ਕੁੜਮਾਈਆ । ਹੰਸ ਕਾਗੀ ਆਪ ਬਣਾਏ, ਮਾਤਲੋਕੀ ਜੋਤ ਜਗਾਈਆ । ਵਾਦ ਵਿਵਾਦੀ ਰਹਿਣ ਨਾ ਪਾਏ, ਜੋ ਜਨ ਰਹੇ ਸ਼ਰਨਾਈਆ । ਮੋਹਣ ਮਾਧਵ ਮਾਧੀ ਦਰਸ ਦਖਾਏ, ਕਵਲ ਨੈਣ ਵੱਡੀ ਵਡਿਆਈਆ । ਆਦਿ ਜੁਗਾਦੀ ਵੇਸ ਵਟਾਏ, ਵਡਾ ਦਾਤਾ ਬੇਪਰਵਾਹੀਆ । ਨਾਨਕ ਗੋਬਿੰਦ ਲੇਖ ਲਿਖਾਏ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਏਕਾ ਡੰਕ ਵਜਾਏ, ਸ਼ਾਹ ਸੁਲਤਾਨ ਰਾਜ ਰਾਜਾਨ ਸੋਏ ਰਿਹਾ ਆਪ ਉਠਾਈਆ ।

### ✻ ੫ ਮੱਘਰ ੨੦੧੫ ਬਿਕ੍ਰਮੀ ਗੁਰਦਵਾਰਾ ਬੰਦੀ ਛੋੜ ਹਰਿ ਗੋਬਿੰਦ ਸਾਹਿਬ ਦੇ ਅਸਥਾਨ ਪਰ ਸ਼ਬਦ ਲਿਖਾਇਆ ਗਿਆ ਸੰਗਤ ਸੰਮੇਤ ਕਿਲਾ ਗਵਾਲੀਅਰ ✻

ਮੂਰਤ ਅਕਾਲ ਜੋਤ ਅਪਾਰ, ਹਰਿ ਹਰਿ ਆਪ ਜਗਾਈਆ । ਲੋਕਮਾਤ ਖੇਲ ਅਪਾਰ, ਪੰਜ ਤਤ ਵੱਜੀ ਵਧਾਈਆ । ਨਾਨਕ ਮੇਲਾ ਪੁਰਖ ਅਪਾਰ, ਪਾਰਬ੍ਰਹਮ ਸਰਨਾਈਆ । ਏਕਾ ਰੂਪ ਅਗੰਮ ਅਪਾਰ, ਆਪਣਾ ਆਪ ਦਰਸਾਈਆ । ਸ਼ਬਦ ਅਨਾਦੀ ਏਕਾ ਤਾਲ, ਆਪਣਾ ਆਪ ਅਲਾਈਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਆਦਿ ਨਿਰੰਜਣ ਵਡ ਵਡਿਆਈਆ । ਬੋਧ ਅਗਾਧੀ ਖੇਲ ਅਪਾਰ, ਸਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਏਕਾ ਧਾਰ, ਗੁਰ ਨਾਨਕ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨੂਰ ਕਰੇ ਰੁਸ਼ਨਾਈਆ । ਨਾਨਕ ਗੁਰ ਸ਼ਬਦ ਨਗਾਰਾ, ਏਕਾ ਏਕ ਵਜਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਇਕ ਨਿਸ਼ਾਨ ਆਪ ਉਠਾਇੰਦਾ । ਚਾਰ ਵਰਨਾ ਕਰੇ ਪਿਆਰਾ, ਬਰਨ ਅਠਾਰਾਂ ਪਾਰ ਕਰਾਇੰਦਾ । ਇਕ ਸੁਹਾਏ ਸਚ ਦਵਾਰਾ, ਦਰ ਦਵਾਰਾ ਖੋਲ ਖੁਲਾਇੰਦਾ । ਨਾਮ ਸਤਿ ਕਰ ਪਿਆਰਾ, ਸਾਂਤਕ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਜੋਤੀ ਜੋਤ ਜਗਾਇੰਦਾ । ਜੋਤੀ ਜੋਤ ਨੂਰ ਉਪਾ, ਹਰਿ ਹਰਿ ਦਇਆ ਕਮਾਈਆ । ਨਾਨਕ ਦੀਵਾ ਬਾਤੀ ਇਕ ਟਿਕਾ, ਏਕਾ ਵੇਖ ਵਖਾਈਆ । ਕਮਲਾਪਾਤੀ ਵੇਸ ਵਟਾ, ਲੋਕਮਾਤ ਕਰੇ ਰੁਸ਼ਨਾਈਆ । ਸ਼ਬਦ ਸੁਗਾਤੀ ਧੁਰਦਰਗਾਹ, ਆਪ ਆਪਣਾ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਸ੍ਰਿਸ਼ਟ ਸਬਾਈਆ । ਕਲਜੁਗ ਅੰਤਮ ਸਾਚੇ ਖੇਲ, ਹਰਿ ਹਰਿ ਆਪ ਕਰਾਇਆ । ਨਾਨਕ ਸਤਿਗੁਰ ਸਾਚਾ ਮੇਲ ਅੰਗਦ ਅੰਗ ਲਗਾਇਆ । ਅੰਗਦ ਚੜ੍ਹਿਆ ਸਾਚਾ ਤੇਲ, ਲਹਿਣਾ ਲੈਹਿਣੇ ਝੋਲੀ ਪਾਈਆ । ਮਿਲਿਆ ਪੁਰਖ ਹਰਿ ਸੱਜਣ ਸੁਹੇਲ, ਏਕਾ ਦੂਜਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਇਆ । ਸਾਚਾ ਘਰ ਉਚਾ ਮੰਦਰ ਟਿੱਲਾ, ਹਰਿ ਹਰਿ ਵੇਖ ਵਖਾਇੰਦਾ । ਨਿਰਗੁਣ ਰੂਪ ਇਕ ਇਕੱਲਾ, ਆਪ ਆਪਣਾ ਡੇਰਾ ਲਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਪੁਰਖ ਅਬਿਨਾਸ਼ੀ ਖੇਲ

ਖਲਾਇੰਦਾ । ਵਸਣਹਾਰਾ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੋਤ ਜਗਾਇੰਦਾ । ਦੀਵਾ ਬਾਤੀ ਜੋਤ ਉਜਿਆਰ, ਨਾਨਕ ਗੁਰ ਕਰਾਈਆ । ਅੰਗਦ ਕੀਆ ਖ਼ਬਰਦਾਰ, ਆਤਮ ਬ੍ਰਹਮ ਜਣਾਈਆ । ਏਕਾ ਰੰਗ ਰੰਗੇ ਕਰਤਾਰ, ਕਾਇਆ ਚੋਲੀ ਆਪ ਰੰਗਾਈਆ । ਸ਼ਬਦੀ ਸ਼ਬਦ ਭਰ ਭੰਡਾਰ, ਅਤੋਟ ਅਤੁਟ ਰਖਾਈਆ । ਵਰਤੇ ਵਰਤਾਵੇ ਵਿਚ ਸੰਸਾਰ, ਆਪ ਆਪਣੀ ਚਲਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਜੋਤ ਜਗਾ, ਜੋਤੀ ਜੋਤ ਜਗਾਇਆ । ਆਪ ਆਪਣੀ ਕਿਰਪਾ ਕਰ, ਲਹਿਣੇ ਲਹਿਣਾ ਝੋਲੀ ਪਾਇਆ । ਸਚ ਖ਼ਜ਼ਾਨਾ ਅੱਗੇ ਧਰ, ਸਮਰਥ ਹੱਥ ਸਿਰ ਟਿਕਾਇਆ । ਸ਼ਬਦ ਬਿਬਾਣਾ ਗਿਆ ਚੜ੍ਹ, ਲੋਆਂ ਪੁਰੀਆਂ ਪਾਰ ਕਰਾਇਆ । ਅਕਾਲ ਪੁਰਖ ਵੇਖੇ ਖੜ੍ਹ, ਰੰਗ ਰੂਪ ਨਾ ਕੋਇ ਵਖਾਇਆ । ਨਾ ਕੋਈ ਸੀਸ ਨਾ ਕੋਈ ਧੜ, ਲੱਖ ਚੁਰਾਸੀ ਵਿਚ ਸਮਾਇਆ । ਆਪਣੀ ਵਿਦਿਆ ਆਪੇ ਪੜ੍ਹ, ਗੁਰ ਸਤਿਗੁਰ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਸੁਹਾਇਆ ਦਰ ਮੰਗਲਾਚਾਰ, ਪੰਜ ਤਤ ਵੱਜੀ ਵਧਾਈਆ । ਨਿਰਗੁਣ ਜੋਤੀ ਕਰ ਉਜਿਆਰ, ਏਕਾ ਤਤ ਗਿਆ ਸਮਝਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਵਰਭੰਡੀ ਪਾਵਣਹਾਰਾ ਸਾਰ, ਆਦਿ ਜੁਗਾਦਿ ਵੇਸ ਵਟਾਈਆ । ਭੇਖ ਪਖੰਡੀ ਦਏ ਨਿਵਾਰ, ਸ਼ਬਦ ਡੰਡਾ ਏਕਾ ਹੱਥ ਉਠਾਈਆ । ਆਤਮ ਰੰਡੀ ਪਾਵੇ ਸਾਰ, ਨਾਰ ਦੁਹਾਗਣ ਨਾ ਕੋਈ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਦੇਵੇ ਸਚ ਸੁਗੰਧੀ, ਲੋਆਂ ਪੁਰੀਆਂ ਆਪ ਮਹਿਕਾਈਆ । ਲੋਆਂ ਪੁਰੀਆਂ ਫਲ ਫੁਲਵਾੜੀ, ਸ਼ਬਦੀ ਫਲ ਲਗਾਇਆ । ਲੇਖੇ ਲਾਏ ਚਰਨ ਛੁਹਾਈ ਦਾੜ੍ਹੀ, ਅਮਰੂ ਨਿਥਾਵਾਂ ਵੇਖ ਵਖਾਇਆ । ਬਜ਼ਰ ਕਪਾਟੀ ਆਪੇ ਪਾੜ੍ਹੀ, ਜੋਤ ਲਲਾਟੀ ਵੇਖ ਵਖਾਇਆ । ਦਰ ਘਰ ਸਾਚਾ ਦੇਵੇ ਵਾੜੀ, ਗੁਰ ਪੂਰੇ ਵਡ ਸਰਨਾਇਆ । ਆਪੇ ਹੋਇਆ ਪਿੱਛੇ ਅਗਾੜੀ, ਅੱਗਾ ਪਿੱਛਾ ਨਾ ਕੋਇ ਵਖਾਇਆ । ਕਰੇ ਪ੍ਰਕਾਸ਼ ਬਹੱਤਰ ਨਾੜੀ, ਏਕਾ ਨੂਰੋ ਨੂਰ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਇਕ ਵਖਾਇਆ । ਉਚ ਮਹੱਲ ਅਟੱਲ ਮਿਨਾਰ, ਅਮਰਦਾਸ ਸਮਝਾਈਆ । ਕਾਇਆ ਮੰਦਰ ਪਾਵੇ ਸਾਰ, ਪੰਜ ਤਤ ਫੋਲ ਫੁਲਾਈਆ । ਤ੍ਰੈਗੁਣ ਤੇਰਾ ਖੇਲ ਨਿਆਰ, ਭੇਵ ਕੋਈ ਨਾ ਪਾਈਆ । ਡੂੰਘੀ ਭਵਰੀ ਪਾਰ ਕਿਨਾਰ, ਨੌਂ ਦਰ ਵੇਖ ਵਖਾਈਆ । ਧੁਨੀ ਸ਼ਬਦ ਵੱਜੇ ਧੁਨਕਾਰ, ਅਨਹਦ ਤਾਲ ਵਜਾਈਆ । ਪੰਚਮ ਵੇਖੇ ਵਾਰੋ ਵਾਰ, ਅਗੰਮੜੇ ਧਾਮ ਸੁਹਾਈਆ । ਅੰਮ੍ਰਿਤ ਭਰਿਆ ਠੰਡੀ ਧਾਰ, ਜਲਧਾਰਾ ਇਕ ਵਖਾਈਆ । ਬਜ਼ਰ ਕਪਾਟੀ ਪਰਦਾ ਪਾੜ, ਆਤਮ ਸੇਜਾ ਇਕ ਸੁਹਾਈਆ । ਨਿਰਗੁਣ ਜੋਤੀ ਕਰ ਉਜਿਆਰ, ਹਰਿ ਬੈਠਾ ਬੇਪਰਵਾਹੀਆ । ਅਮਰਦਾਸ ਗੁਰ ਢਹਿ ਪਿਆ ਦਵਾਰ, ਗੁਰ ਪੂਰੇ ਹੱਥ ਵਡਿਆਈਆ । ਆਪੇ ਕੰਤ ਆਪੇ ਨਾਰ, ਨਰ ਨਰਾਇਣ ਆਪ ਹੋ ਜਾਈਆ । ਆਪੇ ਪਿਤਾ ਆਪੇ ਬੇਟਾ ਆਪੇ ਹੋਏ ਕੰਤ ਭਤਾਰ, ਆਪਣਾ ਭੇਖ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਗਦ ਦਿਤਾ ਸਾਚਾ ਵਰ, ਅਮਰਦਾਸ ਵਖਾਏ ਸਾਚਾ ਘਰ, ਦਸਮ ਦਵਾਰੀ ਇਕ ਸੁਹਾਈਆ । ਦਸਮ ਦਵਾਰੀ ਖੋਲ੍ਹ ਦਰਵਾਜ਼ਾ, ਗੁਰ ਗੁਰ ਵੇਖ ਵਖਾਇਆ । ਨਜ਼ਰੀ ਆਇਆ ਗ਼ਰੀਬ ਨਿਵਾਜ਼ਾ, ਅੰਦਰ ਮੰਦਰ ਡੇਰਾ ਲਾਇਆ । ਅਸਵ ਘੋੜਾ ਏਕਾ ਤਾਜਾ, ਸ਼ਬਦੀ ਸ਼ਬਦ ਰਖਾਇਆ ।

ਦਿਵਸ ਰੈਣ ਮਾਰੇ ਵਾਜਾਂ, ਗੁਰਮੁਖਾਂ ਰਿਹਾ ਉਠਾਇਆ । ਲੱਖ ਚੁਰਾਸੀ ਰਚਿਆ ਕਾਜਾ, ਆਦਿ ਜੁਗਾਦੀ ਖੇਲ ਰਚਾਇਆ । ਜਨ ਭਗਤਾਂ ਦੇਵੇ ਨਾਮ ਦਾਜਾ, ਧੁਰਦਰਗਾਹੀ ਪੱਲੇ ਗੰਢ ਬੰਧਾਇਆ । ਲੋਕਮਾਤ ਕਰਿਆ ਕਾਜਾ, ਨਾਨਕ ਅੰਗਦ ਅਮਰੂ ਵਿਚ ਟਿਕਾਇਆ । ਅਮਰਦਾਸ ਗੁਰ ਸਾਜਣ ਸਾਜਾ, ਹਰਿ ਸਾਚਾ ਵੇਖ ਵਖਾਇਆ । ਖੇਲੇ ਖੇਲ ਦੇਸ ਮਾਝਾ, ਭੇਵ ਕਿਸੇ ਨਾ ਪਾਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਤਖ਼ਤ ਸੁਲਤਾਨ ਆਪ ਹੋ ਆਇਆ । ਪਾਵੇ ਸਾਰ ਦੋ ਦੋ ਆਬਾ, ਆਬੇਹਯਾਤ ਵੇਖ ਵਖਾਇਆ । ਫੋਲ ਫੁਲਾਏ ਕਾਇਆ ਮੱਕਾ ਕਾਅਬਾ, ਆਪ ਆਪਣੀ ਦਇਆ ਕਮਾਇਆ । ਗੁਰਸਿਖਾਂ ਉਲਟੀ ਕਰੇ ਕਵਲ ਨਾਭਾ, ਅੰਮ੍ਰਿਤ ਆਤਮ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਨੀ ਧਵਲ ਆਪ ਸੁਹਾਇਆ । ਧਰਨੀ ਧਵਲ ਆਪ ਸਵਾਰ, ਆਪਣੀ ਦਇਆ ਕਮਾਈਆ । ਕਵਲ ਕਵਲਾ ਕਰ ਉਜਿਆਰ, ਕਵਲ ਨਾਭ ਸੁਹਾਈਆ । ਅਗੰਮ ਅਗੰਮੜਾ ਭੇਵ ਨਿਆਰ, ਨਾੜੀ ਚੰਮੜੇ ਡੇਰਾ ਲਾਈਆ । ਦਮੜੀ ਦਮੜੇ ਨਾ ਕੋਈ ਵਣਜ ਵਪਾਰ, ਮਾਇਆ ਮੋਹ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵਿਦਿਆ ਆਪੇ ਵੇਖ, ਆਪੇ ਕਰੇ ਪੜ੍ਹਾਈਆ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਰਿਹਾ ਅਲਾਈਆ । ਆਪਣੇ ਮੰਦਰ ਆਪੇ ਵੜ, ਆਪੇ ਰਿਹਾ ਸੁਣਾਈਆ । ਆਪ ਆਪਣਾ ਤੋੜ ਗੜ੍ਹ, ਹੰਕਾਰੀ ਗੜ੍ਹ ਰਹਿਣ ਨਾ ਪਾਈਆ । ਆਪਣੇ ਵਿਕਾਰੇ ਆਪੇ ਗਿਆ ਸੜ, ਰੱਤੀ ਰੱਤ ਰਹੇ ਨਾ ਰਾਈਆ । ਆਪਣਾ ਪ੍ਰਕਾਸ਼ ਆਪਣੀ ਨਾੜੀ ਆਪ ਕਰ, ਆਪੇ ਵੇਖ ਵਖਾਈਆ । ਆਪ ਆਪਣੀ ਲਾਏ ਜੜ੍ਹ, ਫੁਲ ਫੁਲਵਾੜੀ ਆਪ ਉਠਾਈਆ । ਨਾ ਕੋਈ ਸੀਸ ਨਾ ਕੋਈ ਧੜ, ਅਮਰਦਾਸ ਗੁਰ ਲਿਆ ਫੜ, ਹਰਿ ਸਾਚੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਕਰ ਉਜਾਲਾ, ਹਰਿ ਹਰਿ ਰੂਪ ਵਟਾਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਭੇਵ ਕੋਇ ਨਾ ਪਾਇੰਦਾ । ਰਾਮ ਦਾਸ ਗੁਰ ਖੇਲ ਨਿਰਾਲਾ, ਸਾਚਾ ਵਣਜ ਕਰਾਇੰਦਾ । ਸ਼ਬਦੀ ਸ਼ਬਦ ਬਣ ਦਲਾਲਾ, ਬਾਲ ਬਾਲਾ ਲੇਖੇ ਲਾਇੰਦਾ । ਪਾਏ ਨਾਮ ਤਨ ਸਾਚੀ ਮਾਲਾ, ਫੂਲਣ ਬਰਖ਼ਾ ਆਪ ਬਰਸਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲਾ, ਅੱਠੇ ਪਹਿਰ ਵੇਖ ਵਖਾਇੰਦਾ । ਤੋੜਣਹਾਰਾ ਜਗਤ ਜੰਜਾਲਾ, ਜਾਗਰਤ ਜੋਤ ਜਗਾਇੰਦਾ । ਕਾਇਆ ਵੇਖ ਸੱਚੀ ਧਰਮਸਾਲਾ, ਧੁਰਦਰਗਾਹੀ ਡੇਰਾ ਲਾਇੰਦਾ । ਦੀਪਕ ਜੋਤੀ ਏਕਾ ਬਾਲਾ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਵਜਾਇਆ ਸਾਚਾ ਤਾਲਾ, ਤਾਲ ਤਲਵਾੜਾ ਇਕ ਰਖਾਇੰਦਾ । ਨਾਮ ਲਪੇਟੇ ਸਚ ਰੋਮਾਲਾ, ਸਾਚਾ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਸਾਚਾ ਵਰ, ਦੇਵਣਹਾਰਾ ਆਪ ਅਖਵਾਇੰਦਾ । ਜੋਤੀ ਦੀਪਕ ਆਪ ਜਗਾ, ਨਾਨਕ ਅੰਗਦ ਵਿਚ ਸਮਾਈਆ । ਅਮਰਦਾਸ ਗੁਰ ਸੇਵ ਕਮਾ, ਰਾਮਦਾਸੇ ਗਿਆ ਸਮਾਈਆ । ਰਾਮਦਾਸ ਗੁਰ ਭੇਵ ਖੁਲ੍ਹਾ, ਲੇਖਾ ਅਲੱਖ ਜਗਾਈਆ । ਅਲੱਖ ਨਿਰੰਜਣ ਦਰਸ ਦਿਖਾ, ਸਗਲੀ ਚਿੰਤ ਮਿਟਾਈਆ । ਅਲੱਖ ਅਗੋਚਰ ਬੇਪਰਵਾਹ, ਏਕਾ ਏਕ ਸੁਹਾਈਆ । ਨਿਰਗੁਣ ਸਰਗੁਣ ਡੇਰਾ ਲਾ, ਸਹਿਜ ਸੁਭਾ ਵਖਾਈਆ । ਮਹੱਲ ਅਟੱਲ ਇਕ ਸੁਹਾ, ਦਸਮ ਦੁਆਰੀ ਵੇਖ ਵਖਾਈਆ । ਅੰਮ੍ਰਿਤ ਸਾਚਾ ਤਾਲ ਸੁਹਾ, ਚਾਰੋਂ ਕੁੰਟ ਫੇਰਾ ਪਾਈਆ । ਆਤਮ ਸੇਜਾ ਦਏ ਸੁਹਾ, ਬੈਠਾ ਡੇਰਾ ਲਾਈਆ । ਉਤਰ ਪੂਰਬ ਪੱਛਮ ਦੱਖਣ ਦਿਸ਼ਾ ਰਿਹਾ ਵਖਾ, ਚਾਰੋਂ ਕੁੰਟਾਂ ਫੇਰਾ ਪਾਈਆ । ਏਕਾ ਬ੍ਰਹਮ ਆਪ ਉਪਾ, ਪਾਰਬ੍ਰਹਮ ਵੱਡੀ

੮੫੪
੦੨

੬੫੫
੦੭

ਵਡਿਆਈਆ । ਸ਼ਬਦ ਅਗੰਮੀ ਰਿਹਾ ਜਣਾ, ਵਰਨ ਗੋਤ ਨਾ ਕੋਈ ਰਖਾਈਆ । ਨਿਹਕਰਮੀ ਨਿਹਕਰਮ ਰਿਹਾ ਕਮਾ, ਅਕਾਲ ਪੁਰਖ ਸੇਵ ਕਮਾਈਆ । ਰਾਮਦਾਸ ਗੁਰ ਲਿਆ ਮਨਾ, ਆਪ ਆਪਣੀ ਬੂਝ ਬੁਝਾਈਆ । ਦੋਏ ਜੋੜ ਢਹਿ ਪਿਆ ਸਰਨਾ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਪਕੜੇ ਬਾਂਹ, ਆਪ ਆਪਣੇ ਗਲੇ ਲਗਾਈਆ । ਮੇਲ ਮਿਲਾਏ ਜਿਉਂ ਪੁੱਤਰਾਂ ਮਾਂ, ਜੋਤ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਦੇਵਣਹਾਰਾ ਸਾਚਾ ਥਾਂ, ਸਾਚੀ ਬੂਝ ਬੁਝਾਈਆ । ਏਕਾ ਨਗਰ ਇਕ ਗਰਾਂ, ਏਕਾ ਧਾਮ ਸੁਹਾਈਆ । ਪੰਚਮ ਮੀਤਾ ਪੰਚਮ ਵਖਾ, ਪੰਚਮ ਵੇਖ ਵਖਾਈਆ । ਪੰਚਮ ਮੀਤਾ ਆਪ ਸਖਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਦਾਸ ਵੱਡੀ ਵਡਿਆਈਆ । ਰਾਮਦਾਸ ਗੁਰ ਹਰਿ ਹਰਿ ਪਾ, ਆਤਮ ਵੱਜੀ ਵਧਾਈਆ । ਹਉਮੇ ਸਹਿਸਾ ਰੋਗ ਗਵਾ, ਮਾਇਆ ਮਮਤਾ ਮੋਹ ਚੁਕਾਈਆ । ਚਰਨ ਧਿਆਨ ਇਕ ਲਗਾ, ਦੂਸਰ ਦਰ ਨਾ ਕੋਈ ਵਖਾਈਆ । ਨੇਤਰ ਲੋਚਣ ਇਕ ਖੁਲ੍ਹਾ, ਅਗਿਆਨ ਅੰਧੇਰ ਮਿਟਾਈਆ । ਚੌਥੇ ਪਦ ਆਪ ਸਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜਗਾਈਆ । ਆਵਣ ਜਾਵਣ ਗੇੜ ਕਟਾਇਆ, ਪਤਿਤ ਪਾਵਣ ਹੋਏ ਸਹਾਈਆ । ਸਤਿਗੁਰ ਪੂਰੇ ਦਰਸ਼ਨ ਆਪ ਕਰਾਇਆ, ਵਿਛੜ ਕਦੇ ਨਾ ਜਾਈਆ । ਨਾਨਕ ਸਤਿਗੁਰ ਸ਼ਬਦੀ ਸ਼ਬਦ ਮਨਮਤ ਰਖਾਇਆ, ਦੋ ਜਹਾਨਾਂ ਮੇਲ ਮਿਲਾਈਆ । ਕਾਮਨੀ ਕਾਮਨ ਨੇੜ ਨਾ ਆਇਆ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਸਾਚਾ ਦਰ ਖੁਲ੍ਹਾਈਆ । ਮਹੱਲ ਅਟੱਲ ਦਸਮ ਦਵਾਰ, ਗੁਰ ਗੁਰ ਵੇਖ ਵਖਾਇਆ । ਚਾਰੋਂ ਕੁੰਟ ਪਾਵੇ ਸਾਰ, ਆਪ ਆਪਣਾ ਮੂਲ ਚੁਕਾਇਆ । ਅੰਮ੍ਰਿਤ ਤਾਲ ਠਾਂਡੀ ਠਾਰ, ਸਾਚਾ ਸਰ ਰਖਾਇਆ । ਦਿਵਸ ਰੈਣ ਰੈਣ ਦਿਵਸ ਕਰ ਪਿਆਰ, ਏਕਾ ਰੰਗ ਰੰਗਾਇਆ । ਭਰਿਆ ਰਹੇ ਸਚ ਭੰਡਾਰ, ਸਚ ਸੁੱਚ ਵਰਤਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇਆ । ਕਲਜੁਗ ਤੇਰਾ ਵੇਖੇ ਕੂੜ ਪਸਾਰ, ਕੂੜੀ ਕਿਰਿਆ ਦਏ ਮਿਟਾਇਆ । ਜੂਠ ਝੂਠ ਸੰਗ ਸ਼ਿੰਗਾਰ, ਲੱਖ ਚੁਰਾਸੀ ਰਹੀ ਲਗਾਇਆ । ਚਾਰ ਯਾਰ ਸੰਗ ਮੁਹੰਮਦ ਮਾਰਨ ਨਾਅਰ, ਐਨਲਹੱਕ ਵੇਖ ਵਖਾਇਆ । ਬੇਐਬ ਖ਼ੁਦਾਈ ਪਰਵਰਦਿਗਾਰ, ਖ਼ਾਲਕ ਖ਼ਲਕ ਵਿਚ ਸਮਾਇਆ । ਸਰਬ ਜੀਆਂ ਦਾ ਸਾਂਝਾਂ ਯਾਰ, ਅਕਾਲ ਪੁਰਖ ਰੂਪ ਵਟਾਇਆ । ਰਾਮਦਾਸ ਕਲ ਪਾਵੇ ਸਾਰ, ਆਪ ਆਪਣਾ ਰੰਗ ਰੰਗਾਇਆ । ਸਚ ਨਿਸ਼ਾਨ ਸਚ ਦਰਬਾਰ, ਲੋਕਮਾਤ ਵੇਖ ਵਖਾਇਆ । ਅਰਜਨ ਮੀਤਾ ਹੋ ਤਿਆਰ, ਸਚ ਘਰ ਇਕ ਸੁਹਾਇਆ । ਪਰਖੇ ਨੀਤਾ ਅਗੰਮ ਅਪਾਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਬੈਠਾ ਰਹੇ ਇਕ ਅਤੀਤਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਗੁਰ ਲੇਖਾ ਲਿਖਿਆ ਗਿਆ ਜੁੜ, ਧੁਰ ਮਸਤਕ ਵੇਖ ਵਖਾਇਆ । ਗੋਬਿੰਦ ਮੇਲਾ ਹਰਿ ਅਪਾਰ, ਆਪਣਾ ਆਪ ਕਰਾਈਆ । ਆਪੇ ਗੋਬਿੰਦ ਆਪੇ ਜ਼ਾਹਿਰ, ਅੰਦਰ ਬਾਹਿਰ ਆਪ ਹੋ ਜਾਈਆ । ਆਪ ਆਪਣਾ ਕਰੇ ਪਿਆਰ, ਦੂਰ ਨੇੜੇ ਨਾ ਕੋਈ ਜਣਾਈਆ । ਅੱਠੇ ਪਹਿਰ ਇਕ ਧੁਨਕਾਰ, ਏਕਾ ਲਿਵ ਰਖਾਈਆ । ਏਕਾ ਵੇਖੇ ਸਚ ਸੱਚਾ ਦਰਬਾਰ, ਦਰ ਦਵਾਰ ਇਕ ਸੁਹਾਈਆ । ਸ਼ਾਹੋ ਭੂਪ ਇਕ ਸਿਕਦਾਰ, ਏਕਾ ਨਜ਼ਰੀ ਆਈਆ । ਏਕਾ ਪੁਰਖ ਸ੍ਰਿਸ਼ਟ ਸਬਾਈ ਨਾਰ, ਲੱਖ ਚੁਰਾਸੀ ਸੀਸ ਝੁਕਾਈਆ । ਏਕਾ ਦੇਵਣਹਾਰ ਭੰਡਾਰ, ਆਦਿ ਅੰਤ ਵੇਖ ਵਖਾਈਆ । ਏਕਾ ਤੋਲਾ ਬਣੇ ਵਰਤਾਰ, ਨਾਮ

ਸ਼ਬਦ ਰਿਹਾ ਵਰਤਾਈਆ । ਸ਼ਬਦ ਸ਼ਬਦੀ ਕਰ ਪਸਾਰ, ਸਤਿਗੁਰ ਪੂਰੇ ਬੂਝ ਬੁਝਾਈਆ । ਦਿਵਸ ਰੈਣ ਏਕਾ ਧਾਰ, ਅੱਠੇ ਪਹਿਰ ਰਹੇ ਜਣਾਈਆ । ਆਪੇ ਕਰਿਆ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਬੋਧ ਅਗਾਧੀ ਖੇਲ ਨਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ ਧੀਰ ਧਰਾਈਆ । ਹਰਿ ਸ਼ਬਦ ਗੁਰ ਗੁਰ ਬਾਣੀ, ਸ਼ਬਦ ਰੂਪ ਸਮਾਇਆ । ਅਰਜਨ ਪਾਇਆ ਪਦ ਨਿਰਬਾਣੀ, ਅਪਣਾ ਮੋਹ ਚੁਕਾਇਆ । ਪਾਰਬ੍ਰਹਮ ਪ੍ਰਭ ਮਿਲਿਆ ਸਾਚੇ ਹਾਣੀ, ਵਿਛੜ ਕਦੇ ਨਾ ਜਾਇਆ । ਲੇਖਾ ਜਾਣੇ ਚਾਰ ਖਾਣੀ, ਚਾਰੋਂ ਜੁਗ ਫੋਲ ਫੁਲਾਇਆ । ਚਾਰ ਵਰਨ ਰੱਖੇ ਆਣੀ, ਏਕਾ ਨਾਮ ਧਿਆਇਆ । ਲੱਖ ਚੁਰਾਸੀ ਪੁਣ ਛਾਣੀ, ਸਚ ਸੁੱਚ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਗੁਰ ਦਿਤਾ ਵਰ, ਗੁਰ ਅਰਜਨ ਵੇਖ ਵਖਾਇਆ । ਗੁਰ ਅਰਜਨ ਸਤਿ ਸਰੀਰ, ਹਰਿ ਹਰਿ ਰੂਪ ਵਟਾਇਆ । ਬਾਨੀ ਸ਼ਬਦ ਗੁਰ ਸਾਚਾ ਤੀਰ, ਦੋ ਜਹਾਨਾਂ ਪਾਰ ਕਰਾਇਆ । ਲੋਆਂ ਪੁਰੀਆਂ ਪਏ ਵਹੀਰ, ਬ੍ਰਹਮਾ ਵਿਸ਼ਨ ਸ਼ਿਵ ਰਹੇ ਕੁਰਲਾਇਆ । ਕਰੋੜ ਤੇਤੀਸਾ ਨੈਣ ਵਿਰੋਲੇ ਨੀਰ, ਸੁਰਪਤ ਰਾਜਾ ਇੰਦ ਦਏ ਦੁਹਾਇਆ । ਗੁਰਮੁਖ ਲੋਕਮਾਤ ਚੋਟੀ ਚੜ੍ਹੇ ਅਖ਼ੀਰ, ਗੁਰ ਸਤਿਗੁਰ ਸਾਚਾ ਰਾਹ ਵਖਾਇਆ । ਹਉਮੇ ਹੰਗਤਾ ਕੱਢੇ ਪੀੜ, ਦੁਰਮਤ ਮੈਲ ਧਵਾਇਆ । ਮੇਲ ਮਿਲਾਵਾ ਸਾਧਾਂ ਸੰਤ ਪੀਰ, ਭਗਤ ਭਗਵੰਤ ਵੇਖ ਵਖਾਇਆ । ਨਾਮ ਪਹਿਨਾਏ ਬਸਤਰ ਚੀਰ, ਉਤਰ ਕਦੇ ਨਾ ਜਾਈਆ । ਸਤਿ ਸੰਤੋਖੀ ਬੰਨ੍ਹੇ ਧੀਰ, ਆਤਮ ਬ੍ਰਹਮ ਵਖਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਸ਼ਾਹ ਫ਼ਕੀਰ ਏਕਾ ਧਾਮ ਸੁਹਾਇਆ । ਗ਼ਰੀਬ ਨਿਮਾਣਿਆਂ ਦੇਵੇ ਅੰਮ੍ਰਿਤ ਸੀਰ, ਹਰਿ ਕਾ ਸ਼ਬਦ ਆਪ ਪਿਆਇਆ । ਆਪੇ ਵੇਖੇ ਸ਼ਾਹ ਪੀਰਾਂ ਪੀਰ, ਸ਼ਾਹ ਸੁਲਤਾਨ ਹਰਿ ਰਘੁਰਾਇਆ । ਦੋ ਜਹਾਨਾਂ ਦਸਤਗੀਰ, ਹਰਿ ਬੈਠਾ ਹੱਥ ਟਿਕਾਇਆ । ਡੂੰਘਾ ਸਾਗਰ ਭਵਜਲ ਹੋਏ ਮਾਹੀਗੀਰ, ਗੁਰਮੁਖ ਸਾਚਾ ਲਏ ਤਰਾਇਆ । ਕੱਟਣਹਾਰਾ ਜਗਤ ਜੰਜੀਰ, ਧਰਮ ਰਾਏ ਫੰਦ ਕਟਾਇਆ । ਗੁਰੂ ਗ੍ਰੰਥ ਬੰਨ੍ਹੀ ਬੀੜ, ਲੋਕਮਾਤ ਗੁਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸ਼ਬਦ ਆਪੇ ਧਰ, ਆਪ ਆਪਣਾ ਲੇਖ ਲਿਖਾਇਆ । ਸ਼ਬਦ ਧੁਰ ਸੰਜੋਗ, ਗੁਰ ਅਰਜਨ ਵਡ ਵਡਿਆਈਆ । ਆਤਮ ਅੰਤਰ ਮਿਲੀ ਚੋਗ, ਮਾਣਕ ਮੋਤੀ ਵੇਖ ਵਖਾਈਆ । ਲੱਖ ਚੁਰਾਸੀ ਕਟੇ ਰੋਗ, ਜੋ ਜਨ ਦਰਸ਼ਨ ਪਾਈਆ । ਸਤਿ ਸੰਤੋਖੀ ਸਾਚਾ ਜੋਗ, ਧੀਰਜ ਧੀਰ ਇਕ ਧਰਾਈਆ । ਦਰਸ਼ਨ ਦੇਵੇ ਦਰ ਅਮੋਘ, ਜੋ ਜਨ ਰਸਨਾ ਗਾਈਆ । ਪਾਰ ਕਰਾਏ ਤੀਨੋਂ ਲੋਕ, ਸਚਖੰਡ ਵੱਜੇ ਵਧਾਈਆ । ਏਕਾ ਸ਼ਬਦ ਇਕ ਸਲੋਕ, ਏਕਾ ਕਰੇ ਪੜ੍ਹਾਈਆ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਗੁਰ ਅਰਜਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਈਆ । ਦਰ ਸੁਹਾਏ ਹਰਿ ਹਰਿ ਬੰਕ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਰਾਓ ਆਪੇ ਰੰਕ, ਰਾਜ ਰਾਜਾਨ ਆਪ ਹੋ ਜਾਈਆ । ਖੇਲੇ ਖੇਲ ਬਾਰ ਅਨਕ, ਜੁਗ ਜੁਗ ਵੱਡੀ ਵਡਿਆਈਆ । ਆਪ ਉਠਾਵਣਹਾਰਾ ਧਣਖ, ਰਾਮ ਰੂਪ ਹੋ ਜਾਈਆ । ਆਪੇ ਮੇਲ ਮਿਲਾਵਾ ਸੀਤਾ ਸਪੁੱਤ੍ਰੀ ਜਨਕ, ਗੁਰਸਿਖ ਸੁਰਤੀ ਆਪ ਪਰਨਾਈਆ । ਆਪ ਵਜਾਏ ਸ਼ਬਦ ਡੰਕ, ਗੁਰ ਅਰਜਨ ਕਲਮ ਚਲਾਈਆ । ਆਪੇ ਲਾਵਣਹਾਰਾ ਤਣਕ, ਜੋਤੀ ਜੋਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਦਏ ਵਡਿਆਈਆ । ਗੁਰਮੀਤਾ ਗੁਰ ਮੇਲਿਆ,

੮੫੬ ੦੨

ਗੁਰ ਗੁਰ ਰੂਪ ਅਪਾਰ । ਅਚਰਜ ਖੇਲ ਪਾਰਬ੍ਰਹਮ ਕਲ ਖੇਲਿਆ, ਲੋਕਮਾਤ ਲਏ ਅਵਤਾਰ । ਚਾਰ ਵਰਨਾਂ ਸੱਜਣ ਸੁਹੇਲਿਆ, ਸਤਿ ਸਰੂਪ ਅਗੰਮ ਅਪਾਰ । ਆਪੇ ਵਸੇ ਸਦ ਨਵੇਲਿਆ, ਹਰ ਘਟ ਬੈਠਾ ਕਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੰਨ੍ਹੇ ਆਪਣੀ ਧਾਰ । ਆਪਣੀ ਧਾਰ ਆਪੇ ਬੰਨ੍ਹ, ਆਪਣੇ ਹੱਥ ਰੱਖੀ ਵਡਿਆਈਆ । ਰੈਣ ਘੋਰ ਚੜ੍ਹਿਆ ਸਾਚਾ ਚੰਨ, ਆਪ ਆਪਣਾ ਭੇਟ ਕਰਾਈਆ । ਲੱਖ ਚੁਰਾਸੀ ਰਾਗ ਸੁਣਾਇਆ ਕੰਨ, ਪਾਰਬ੍ਰਹਮ ਜੋ ਅਲਾਈਆ । ਕਰੇ ਪ੍ਰਕਾਸ਼ ਕਾਇਆ ਮਾਟੀ ਤਨ, ਜੋਤ ਨਿਰੰਜਣ ਆਪ ਜਗਾਈਆ । ਚੇਤਨ ਚੇਤੇ ਸਾਚਾ ਮੰਨ, ਘਰ ਮੇਲਾ ਸਾਚੇ ਮਾਹੀਆ । ਭਾਂਡਾ ਭਰਮ ਦੇਵੇ ਭੰਨ, ਸਾਚੀ ਸਿਖਿਆ ਇਕ ਸੁਣਾਈਆ । ਪੰਚਮ ਵਿਕਾਰਾ ਦੇਵੇ ਡੰਨ, ਘਰ ਸਾਚੇ ਮਿਲੇ ਵਧਾਈਆ । ਮਨ ਮਨੂਆ ਜਾਏ ਮੰਨ, ਮਤ ਬੁੱਧ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਏਕਾ ਰੰਗ ਰੰਗਾਈਆ । ਪੰਜ ਤਤ ਕਰ ਪਿਆਰ, ਤ੍ਰੈਗੁਣ ਬੰਧਨ ਪਾਇਆ । ਗੁਰ ਅਰਜਨ ਵੇਖੇ ਖੇਲ ਨਿਆਰ, ਹਰਿ ਸਾਚੇ ਸ਼ਬਦ ਉਪਾਇਆ । ਨਾਨਕ ਮੀਤਾ ਨਿਰਗੁਣ ਧਾਰ, ਨਿਰਵੈਰ ਰੂਪ ਸਮਾਇਆ । ਅਕਾਲ ਮੂਰਤ ਖੇਲ ਅਪਾਰ, ਨਿਰਭੌ ਦਿਸ ਨਾ ਆਇਆ । ਜੋਤੀ ਨੂਰ ਸੱਚੀ ਸਰਕਾਰ, ਸਗਲਾ ਸੰਗ ਨਿਭਾਇਆ । ਆਦਿ ਅੰਤ ਮੇਲ ਕਰਤਾਰ, ਕਰਤਾ ਪੁਰਖ ਨਾਉਂ ਧਰਾਇਆ । ਸੰਤ ਕੰਤ ਭਗਵੰਤ ਬੰਨ੍ਹੇ ਧਾਰ, ਪਾਰਬ੍ਰਹਮ ਵਡ ਵਡਿਆਇਆ । ਜੀਵਾਂ ਜੰਤਾਂ ਪੈਜ ਜਾਏ ਸਵਾਰ, ਜੋ ਜਨ ਸਰਨਾਈ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦਰ ਵੇਖ ਵਖਾਇਆ । ਪੰਚਮ ਮੇਲਾ ਪੰਚਮ ਪਰਧਾਨ, ਪੰਚਮ ਵੱਜੀ ਵਧਾਈਆ । ਪੰਚਮ ਬਹਿ ਬਹਿ ਸਾਚੇ ਗਾਣ, ਪੰਚਮ ਮੁਖ ਸਲਾਹੀਆ । ਪੰਚਮ ਵੇਖੇ ਸਚ ਨਿਸ਼ਾਨ, ਕਾਇਆ ਮੰਦਰ ਆਪ ਟਿਕਾਈਆ । ਪੰਚਮ ਬੰਨ੍ਹੇ ਏਕਾ ਥਾਨ, ਨਾਮ ਡੋਰੀ ਏਕਾ ਪਾਈਆ । ਪੰਚਮ ਜੋਧਾ ਸੂਰਬਲੀ ਬਲਵਾਨ, ਪੰਚਮ ਗੁਰ ਵੇਖ ਵਖਾਈਆ । ਪੰਚਮ ਗੜ੍ਹ ਕਾਇਆ ਹੰਕਾਰ, ਪੰਚਮ ਰੂਪ ਵਖਾਈਆ । ਪੰਚਮ ਵਸਿਆ ਸਚ ਮਕਾਨ, ਬੈਠਾ ਆਸਣ ਲਾਈਆ । ਪੰਜ ਤਤ ਹੋ ਪ੍ਰਧਾਨ, ਸਤਿ ਪੁਰਖ ਕਰੇ ਕੁੜਮਾਈਆ । ਹਰੀ ਹਰਿ ਖੇਲ ਮਹਾਨ, ਹਰਿ ਹਰਿ ਵੱਡੀ ਵਡਿਆਈਆ । ਗੋਬਿੰਦ ਸੁਤ ਕਰ ਪਛਾਣ, ਪੂਤ ਸਪੂਤਾ ਵੇਖ ਵਖਾਈਆ । ਏਕਾ ਰਾਗ ਸੁਣਾਇਆ ਕਾਨ, ਏਕਾ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਰੰਗਾਈਆ । ਆਪਣੇ ਰੰਗ ਆਪ ਰੰਗਾ, ਹਰਿ ਹਰਿ ਵੱਡੀ ਵਡਿਆਈਆ । ਆਪਣੇ ਅੰਗ ਆਪ ਲਗਾ, ਸਹਿਜ ਸਹਿਜ ਸੁਖਦਾਈਆ । ਆਪੇ ਦੇਵਣਹਾਰਾ ਮਤਾ, ਆਪ ਆਪਣੀ ਬੂਝ ਬੁਝਾਈਆ । ਆਪੇ ਜਾਣੇ ਆਪਣੀ ਰੀਤਾ, ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਗੋਬਿੰਦ ਵੇਖ ਵਖਾਈਆ । ਗੋਬਿੰਦ ਹਰਿ ਏਕਾ ਰੂਪ, ਏਕਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਸ਼ਾਹੋ ਭੂਪ, ਸਚ ਸਿੰਘਾਸਣ ਮੇਲ ਮਿਲਾਇਆ ਨਾਤਾ ਤੁੱਟਾ ਜੂਠ ਝੂਠ, ਸਚ ਸੁੱਚ ਕਰੇ ਕੁੜਮਾਇਆ । ਅੰਮ੍ਰਿਤ ਆਤਮ ਦਿਤਾ ਘੁੱਟ, ਅੰਦਰ ਅੰਦਰ ਮੇਲ ਮਿਲਾਇਆ । ਸਾਚਾ ਲਾਹਾ ਲਿਆ ਲੁੱਟ, ਦੂਸਰ ਹੱਥ ਕਿਸੇ ਨਾ ਆਇਆ । ਆਪੇ ਚੜ੍ਹਿਆ ਸਾਚੀ ਚੋਟ, ਗੁਰ ਨਾਨਕ ਦਰਸ਼ਨ ਪਾਇਆ । ਪੁਰਖ ਅਬਿਨਾਸ਼ੀ ਸਾਚੀ ਓਟ, ਏਕਾ ਸਰਨ ਤਕਾਇਆ । ਸਚ ਨਗਾਰੇ ਲੱਗੇ ਚੋਟ, ਤਨ ਬਸਤਰ ਇਕ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਸ਼ਸਤਰ ਬਸਤਰ ਤਨ ਅਪਾਰ,

ਆਪਣੀ ਧਾਰ ਚਲਾਈਆ । ਸ਼ਾਹ ਫ਼ਕੀਰਾਂ ਪਾਵੇ ਸਾਰ, ਫ਼ਕੀਰ ਫ਼ਕੀਰਾ ਵਿਚ ਟਿਕਾਈਆ । ਅਮੀਰ ਅਮੀਰਾ ਸੱਚੀ ਸਰਕਾਰ, ਸੀਸ ਤਾਜ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਕਰੇ ਰੁਸ਼ਨਾਈਆ । ਆਪੇ ਸ਼ਾਹ ਆਪੇ ਪੀਰ, ਆਪੇ ਤਖ਼ਤ ਬਰਾਜਿਆ । ਆਪੇ ਦਰਵੇਸ਼ ਆਪੇ ਦਸਤਗੀਰ, ਆਪੇ ਖੇਲੇ ਖੇਲ ਗ਼ਰੀਬ ਨਿਵਾਜਿਆ । ਆਪੇ ਨਰ ਆਪ ਨਰੇਸ਼, ਆਪ ਆਪਣਾ ਸਾਜਣ ਸਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਗਰੀਬ ਸ਼ਾਹ ਨਵਾਬਿਆ । ਘਰ ਵਿਚ ਘਰ ਸਚ ਦਵਾਰ, ਗੁਰ ਗੁਰ ਉਪਦੇਸਾ । ਨਾ ਕੋਈ ਮੀਤ ਨਾ ਮੁਰਾਰ, ਨਾ ਕੋਈ ਸੰਗ ਨਰ ਨਰੇਸ਼ਾ । ਲੋਕਮਾਤ ਖੇਲੇ ਖੇਲ ਨਿਆਰ, ਪੰਜ ਤਤ ਜੋਤ ਪ੍ਰਵੇਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਦਰ ਆਪੇ ਦਏ ਆਦੇਸਾ । ਸ਼ਬਦ ਅਦੇਸ ਹਰਿ ਨਿਰੰਕਾਰ, ਗੁਰ ਪੂਰੇ ਵੱਜੇ ਵਧਾਈਆ । ਇਕ ਇਕੱਲਾ ਪਾਵੇ ਸਾਰ, ਜੁਗ ਜੁਗ ਵੇਸ ਵਟਾਈਆ । ਜਗਤ ਮਹੱਲਾ ਖੇਲ ਨਿਆਰ, ਰਾਜ ਰਾਜਾਨ ਭੇਵ ਨਾ ਰਾਈਆ । ਭਰਮੇ ਭੁੱਲੇ ਜੀਵ ਗਵਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪੰਜ ਤਤ ਝੂਠਾ ਨਾਤਾ, ਜਗਤ ਮੋਹ ਤੁੜਾਇਆ । ਖੇਲੇ ਖੇਲ ਪੁਰਖ ਬਿਧਾਤਾ, ਭੇਵ ਕਿਸੇ ਨਾ ਰਾਇਆ । ਉਤਮ ਰੱਖੇ ਆਪਣੀ ਜਾਤਾ, ਜ਼ਾਤ ਪਾਤ ਨਾ ਕੋਇ ਜਣਾਇਆ । ਸ਼ਬਦ ਜਣਾਈ ਸਾਚੀ ਗਾਥਾ, ਏਕਾ ਅੱਖਰ ਆਪ ਉਪਾਇਆ । ਵੇਖ ਵਖਾਏ ਕਮਲਾਪਾਤਾ, ਸਤਿਗੁਰ ਮੁਖ ਸਾਲਾਹਿਆ । ਗੁਰਮੁਖਾਂ ਬੰਧਾਏ ਸਾਚਾ ਨਾਤਾ, ਚਰਨ ਕਵਲ ਜੋੜ ਜੁੜਾਇਆ । ਨਾਮ ਚੜ੍ਹਾਏ ਸਾਚੇ ਰਾਥਾ, ਰਥ ਰਥਵਾਹੀ ਆਪ ਅਖਵਾਇਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਜੋ ਜਨ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰ, ਪੰਜ ਤਤ ਸ਼ਬਦ ਬੰਧਨ ਬੰਧਾਇਆ । ਸ਼ਬਦ ਬੰਧਨ ਤਨ ਸਰੀਰ, ਆਪਣੀ ਖੇਲ ਖਲਾਈਆ । ਰਸਨ ਨਾ ਜਾਣੇ ਕੋਈ ਜੀਵ, ਲੇਖਾ ਲਿਖਤ ਵਿਚ ਨਾ ਆਈਆ । ਦਾਤਾ ਦਾਨੀ ਗੁਣੀ ਗਹੀਰ, ਗਹਿਰ ਗੰਭੀਰ ਸਮਾਈਆ । ਦਰਸ਼ਨ ਲੋਚਣ ਤਰਸਨ ਸੁਰਪਤ ਇੰਦ, ਦਿਵਸ ਰੈਣ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਈਆ । ਵੇਖਣਹਾਰ ਹਰਿ ਸਮਰਥਾ, ਆਪਣਾ ਮੂਲ ਪਛਾਣਿਆ । ਪੰਜ ਤਤ ਵਿਕਾਰਾ ਪਾਈ ਨੱਥਾ, ਬੰਦੀਖ਼ਾਨਾ ਇਕ ਸੁਹਾ ਰਿਹਾ । ਲਹਿਣਾ ਦੇਣਾ ਚੁਕਾਏ ਹੱਥੋ ਹੱਥਾ, ਸ਼ਾਹ ਸੁਲਤਾਨਾ ਆਪ ਜਣਾ ਰਿਹਾ । ਦਿਵਸ ਰੈਣ ਫਿਰੇ ਨੱਠਾ, ਆਪ ਆਪਣੀ ਕਾਰ ਕਮਾ ਰਿਹਾ । ਜਿਸ ਜਨ ਆਪਣੀ ਆਪੇ ਦੇਵੇ ਮੱਤਾ, ਦੇ ਮੱਤ ਮਾਤ ਸਮਝਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਗੜ੍ਹ ਇਕ ਸੁਹਾ ਲਿਆ । ਜਗਤ ਗੜ੍ਹ ਜਗਤ ਮਕਾਨ, ਜਗਤ ਜੀਵ ਸਹਾਰਿਆ । ਖੇਲੇ ਖੇਲ ਦੋ ਜਹਾਨ, ਅੰਤ ਨਾ ਪਾਰਾਵਾਰਿਆ । ਜੋਧਾ ਬੀਰ ਨੌਜਵਾਨ, ਮੀਰ ਪੀਰ ਆਪ ਅਖਵਾ ਰਿਹਾ । ਬੰਦੀਖ਼ਾਨਾ ਕਰ ਪਰਵਾਨ, ਆਪ ਆਪਣਾ ਚਰਨ ਛੁਹਾ ਲਿਆ । ਰਾਜ ਰਾਜਾਨਾ ਬਖ਼ਸ਼ੇ ਇਕ ਧਿਆਨ, ਸ਼ੇਰ ਸ਼ੇਰ ਰੂਪ ਸਮਝਾ ਲਿਆ । ਹੋ ਦਲੇਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਰੰਗਾ ਲਿਆ । ਬੰਦੀਖ਼ਾਨੇ ਡੇਰਾ ਲਾਇਆ, ਹਰਿ ਹਰਿ ਭੇਵ ਨਾ ਰਾਈਆ । ਸਤਿਗੁਰ ਸਾਚੇ ਖੇਲ ਰਚਾਇਆ, ਆਪ ਆਪਣਾ ਚੋਜ ਵਰਤਾਈਆ । ਸ਼ਾਹ ਸੁਲਤਾਨਾਂ ਰਿਹਾ ਡਰਾਇਆ, ਭੈ ਭਿਆਨਕ ਇਹ ਦਰਸਾਈਆ । ਆਪ ਆਪਣਾ ਦੇ ਬੁਝਾਇਆ, ਗੁਰ ਪੂਰੇ ਹੱਥ ਵਡਿਆਈਆ । ਪਾਰਬ੍ਰਹਮ ਪ੍ਰਭ ਹੁਕਮ


੮੫੮
੦੨

ਸੁਣਾਇਆ, ਸ਼ਬਦੀ ਸ਼ਬਦ ਉਪਾਈਆ । ਕਲਜੁਗ ਅੰਤਮ ਵੇਖ ਵਖਾਇਆ, ਨੌਂ ਖੰਡ ਸੱਤ ਦੀਪ ਚਾਰੋਂ ਕੁੰਟ ਵੇਖ ਵਖਾਈਆ । ਸੱਤ ਸਾਗਰਾਂ ਫੇਰਾ ਪਾਇਆ, ਡੂੰਘੇ ਤਾਲ ਚਰਨ ਛੁਹਾਈਆ । ਨਿਰਮਲ ਕਰਮ ਉਜਾਗਰ ਆਪ ਕਰਾਇਆ, ਤਰਨਹਾਰ ਆਪ ਹੋ ਜਾਈਆ । ਜਗਤ ਸੌਦਾਗਰ ਆਪ ਬਣਾਇਆ, ਨਾਮ ਵਣਜਾਰਾ ਵੇਲਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੈਠਾ ਅੰਦਰ ਵੜ, ਆਪੇ ਵੇਖ ਵਖਾਈਆ । ਜਗਤ ਕਿਲਾ ਸਾਚਾ ਕੋਟ, ਸਿੰਘ ਸ਼ੇਰ ਰੂਪ ਵਟਾਇਆ । ਆਪੇ ਲਾਵਣਹਾਰਾ ਚੋਟ, ਤਨ ਨਗਾਰਾ ਆਪ ਵਜਾਇਆ । ਆਪੇ ਕੱਢਣਹਾਰਾ ਖੋਟ, ਦੇ ਮਤ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇਆ । ਸਰਗੁਣ ਭੇਖ ਹਰਿ ਕਰਤਾਰ, ਨਿਰਗੁਣ ਖੇਲ ਖਲਾਇੰਦਾ । ਹਰਿ ਗੋਬਿੰਦ ਹੋਇਆ ਖ਼ਬਰਦਾਰ, ਆਪ ਆਪਣਾ ਰੰਗ ਵਖਾਇੰਦਾ । ਸ਼ਾਹ ਸੁਲਤਾਨਾਂ ਮਾਰੇ ਮਾਰ, ਸ਼ਬਦ ਸ਼ਬਦੀ ਵੇਖ ਵਖਾਇੰਦਾ । ਏਕਾ ਦਰ ਬਣ ਭਿਖਾਰ, ਢਹਿ ਢਹਿ ਸੀਸ ਨਿਵਾਇੰਦਾ । ਬੰਦੀਖ਼ਾਨੇ ਗੇੜ ਨਿਵਾਰ, ਬਸਤਰ ਤਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਧਾਰ, ਆਪਣੇ ਹੱਥ ਰਖਾਇੰਦਾ । ਕਿਲਾ ਕੋਟ ਜਗਤ ਤਜਾਵਣਾ, ਹਰਿ ਗੋਬਿੰਦ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਗਲੇ ਲਗਾਵਣਾ, ਪੂਰਨ ਬ੍ਰਹਮ ਜਣਾਈਆ । ਲੱਖ ਚੁਰਾਸੀ ਫੰਦ ਕਟਾਵਣਾ, ਆਵਣ ਜਾਵਣ ਰਹੇ ਨਾ ਰਾਈਆ । ਸਾਚਾ ਲੜ ਆਪ ਫੜਾਵਣਾ, ਏਕਾ ਪੱਲੂ ਅੱਗੇ ਡਾਹੀਆ । ਬਵੰਜਾ ਅੱਖਰ ਧਾਰ ਚਲਾਵਣਾ, ਪੈਂਤੀਸ ਮੁਖ ਰਖਾਈਆ । ਸਤ ਸਤਾਰਾਂ ਲੇਖੇ ਲਾਵਣਾ, ਹਰਿ ਸਚ ਵੱਡੀ ਵਡਿਆਈਆ । ਸ਼ਾਹ ਸੁਲਤਾਨਾਂ ਲੇਖ ਲਿਖਾਵਣਾ, ਭੇਵ ਅਭੇਦਾ ਆਪ ਖੁਲ੍ਹਾਈਆ । ਕਲਜੁਗ ਅੰਤਮ ਮੇਲ ਮਿਲਾਵਣਾ, ਨੌਂ ਖੰਡ ਕਰੇ ਕੁੜਮਾਈਆ । ਸੱਤਾਂ ਦੀਪਾਂ ਡੰਕ ਵਜਾਵਣਾ, ਏਕਾ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਵੇਖੇ ਸਾਚਾ ਘਰ, ਘਰ ਸਾਚੇ ਵੱਜੇ ਵਧਾਈਆ । ਸੋਲਾਂ ਤਨ ਤਨ ਸ਼ਿੰਗਾਰ, ਬਾਵਨ ਰੂਪ ਸਮਾਇੰਦਾ । ਹਰਿਜਨ ਸਾਚੇ ਕਰ ਪਿਆਰ, ਸਗਲਾ ਸੰਗ ਨਿਭਾਇੰਦਾ । ਕਲਗੀ ਤੋੜਾ ਸੀਸ ਦਸਤਾਰ, ਜਗਤ ਨਾਮ ਨਾ ਕੋਈ ਵਖਾਇੰਦਾ । ਰਾਜ ਰਾਜਾਨ ਢਹਿ ਢਹਿ ਪਏ ਦਵਾਰ, ਨੇਤਰ ਰੋ ਰੋ ਨੀਰ ਵਹਾਇੰਦਾ । ਕਵਣ ਪਾਏ ਪ੍ਰਭ ਸਾਚੀ ਸਾਰ, ਹਰਿ ਕਾ ਦਰ ਦਿਸ ਨਾ ਆਇੰਦਾ । ਸਤਿਗੁਰ ਪੂਰਾ ਗੁਰ ਅਵਤਾਰ, ਦੇ ਮਤ ਆਪ ਸਮਝਾਇੰਦਾ । ਸਗਲਾ ਸੰਗ ਮੀਤ ਮੁਰਾਰ, ਦੋ ਜਹਾਨਾਂ ਆਪ ਨਿਭਾਇੰਦਾ । ਦੇਵੇ ਵਰ ਦਰ ਦਵਾਰ, ਏਕਾ ਸ਼ਬਦ ਸੁਣਾਇੰਦਾ । ਕਲਜੁਗ ਅੰਤਮ ਲਏ ਅਵਤਾਰ, ਬਵੰਜਾ ਦੇਸ਼ਾਂ ਵੰਡ ਵੰਡਾਇੰਦਾ । ਸ਼ਬਦ ਸੰਦੇਸ਼ਾ ਦਏ ਸੱਚੀ ਸਰਕਾਰ, ਨਿਰਗੁਣ ਜੋਤੀ ਜੋਤ ਜਗਾਇੰਦਾ । ਗੋਬਿੰਦ ਸੰਗ ਅੰਤਮ ਵਾਰ, ਦਿਸ ਕਿਸੇ ਨਾ ਆਇੰਦਾ । ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਰਾਜ ਰਾਜਾਨਾਂ ਚੜ੍ਹਿਆ ਚਾਅ, ਨਿਉਂ ਨਿਉਂ ਸੀਸ ਝੁਕਾਇਆ । ਸਤਿਗੁਰ ਬਣਿਆ ਸਚ ਮਲਾਹ, ਬੇੜਾ ਬੰਨ੍ਹੇ ਲਾਇਆ । ਸ਼ਬਦ ਜਪਾਏ ਏਕਾ ਨਾਂ, ਵਾਹ ਵਾਹ ਗੁਰੂ ਸੁਹਾਇਆ । ਨਿਥਾਵਿਆਂ ਦਿਤਾ ਸਾਚਾ ਥਾਂ, ਥਾਨ ਥਨੰਤਰ ਵੇਖ ਵਖਾਇਆ । ਅੰਤਮ ਵੇਲੇ ਪਕੜੇ ਬਾਂਹ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰਾ ਸਾਚਾ ਦਰ, ਘਰ ਸਾਚਾ ਦਏ ਸੁਹਾਇਆ । ਕਿਲੇ ਕੋਟ ਜਗਤ ਹੰਕਾਰ, ਗੁਰ ਪੂਰਾ ਆਪ ਤੁੜਾਇੰਦਾ । ਬਾਵਨ

ਬਾਵਨ ਕਰ ਪਿਆਰ, ਬਵੰਜਾ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਪਾਰ ਕਿਨਾਰ, ਦੁਆਪਰ ਮੂਲ ਚੁਕਾਇੰਦਾ । ਕਲਜੁਗ ਖੇਲੇ ਖੇਲ ਅਪਾਰ, ਆਪ ਆਪਣੀ ਕਲ ਵਰਤਾਇੰਦਾ । ਗੁਰ ਚੇਲੇ ਸੋਹਿਣ ਇਕ ਦਵਾਰ, ਘਰ ਮੇਲੇ ਆਪ ਕਰਾਇੰਦਾ । ਰੰਗ ਨਵੇਲੇ ਖ਼ਬਰਦਾਰ, ਅੱਠੇ ਪਹਿਰ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੁਰ ਸੰਗ ਨਿਭਾਇੰਦਾ । ਗੁਰ ਗੁਰ ਸੰਗ ਸਰਬ ਗੁਰ ਦੇਵਾ, ਸਗਲਾ ਸੰਗ ਨਿਭਾਈਆ । ਲੇਖੇ ਲਾਏ ਚਰਨ ਕਵਲ ਕਮਾਈ ਸਾਚੀ ਸੇਵਾ, ਪੂਰਬ ਲਹਿਣਾ ਝੋਲੀ ਪਾਈਆ । ਦਰਸ ਦਖਾਏ ਨੇਤਰ ਨੈਣਾਂ, ਕਵਲ ਨੈਣ ਵਡ ਵਡਿਆਈਆ । ਅੰਤਮ ਭਾਣਾ ਸਹਿਣਾ ਪੈਣਾ, ਦੇਸ਼ ਬਵੰਜਾ ਲਏ ਉਠਾਈਆ । ਲੱਖ ਚੁਰਾਸੀ ਜੂਠੇ ਝੂਠੇ ਵਹਿਣ ਵਹਿਣਾ, ਨਾ ਦਿਸੇ ਕੋਈ ਸਹਾਈਆ । ਨਾਤ ਤੁੱਟੇ ਮਾਤ ਪਿਤ ਭਾਈ ਭੈਣਾਂ, ਸਾਕ ਸੱਜਣ ਨਾ ਕੋਈ ਅਖਵਾਈਆ । ਹਰਿ ਗੋਬਿੰਦ ਗੁਰ ਪਾਇਆ ਸਾਚਾ ਗਹਿਣਾ, ਰਾਜ ਰਾਜਾਨਾ ਮਾਣ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖ ਵਖਾਈਆ । ਕਲਜੁਗ ਤੇਰੀ ਅੰਤਮ ਵਾਰ ਹਰਿ ਹਰਿ ਸਾਚੀ ਜੋਤ ਜਗਾਈਆ । ਕਿਲੇ ਕੋਟ ਕਰ ਪਿਆਰ, ਵੇਖੇ ਬੇਪਰਵਾਹੀਆ । ਗੁਰ ਕਾ ਰੂਪ ਅਪਰ ਅਪਾਰ, ਜਗਤ ਨੇਤਰ ਦਿਸ ਨਾ ਆਈਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਈਆ । ਕਰਨਹਾਰਾ ਸਰਬ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਰਾਜ ਬਵੰਜਾ ਸਚ ਪਿਆਰ, ਮਾਨਸ ਵੇਖ ਵਖਾਈਆ । ਸੰਮਤ ਸੋਲਾਂ ਮੇਲ ਕਰਤਾਰ, ਸ਼ਬਦੀ ਸ਼ਬਦ ਪੁਜਾਈਆ । ਸੰਮਤ ਸਤਾਰਾਂ ਨੀਰ ਵਹਾਇਣ ਜ਼ਾਰੋ ਜ਼ਾਰ, ਘਰ ਸਾਚਾ ਰਾਹ ਤਕਾਈਆ । ਅੱਠ ਅਠਾਰਾਂ ਹੋ ਖ਼ਵਾਰ, ਵੇਖਣ ਸਾਚਾ ਮਾਹੀਆ । ਉਨੀ ਉਨੀਸਾ ਬੇਮੁਹਾਰ, ਪਾਂਧੀ ਪੰਧ ਭੁਲਾਈਆ । ਬੀਸ ਬੀਸਾ ਹੋਏ ਖ਼ਬਰਦਾਰ, ਦਿਲੀ ਦਵਾਰਾ ਵੇਖ ਵਖਾਈਆ । ਜਮਨ ਕਿਨਾਰਾ ਪਾਵੇ ਸਾਰ, ਆਪਣੇ ਹੱਥ ਰੱਖੇ ਵਡਿਆਈਆ । ਪੰਦਰਾਂ ਕੱਤਕ ਅਪਰ ਅਪਾਰ, ਵੀਹ ਸਦ ਬਿਕ੍ਰਮੀ ਨਾਲ ਰਲਾਈਆ । ਪੰਚਮ ਮੀਤਾ ਖ਼ਬਰਦਾਰ, ਪੰਚਮ ਮੁਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਅੰਗਦ ਅਮਰਦਾਸ ਰਾਮਦਾਸ ਗੁਰ ਅਰਜਨ ਹਰਿਗੋਬਿੰਦ ਏਕਾ ਨਾਮ ਵਡਿਆਈਆ ।

### * ੮ ਮੱਘਰ ੨੦੧੫ ਬਿਕ੍ਰਮੀ ਗਾਇਤ੍ਰੀ ਤਪੋਬਨ ਮਥਰਾ ਬਿੰਦਰਾਬਨ ਦੇ ਵਿਚ ਮਿਹਰ ਬਾਬਾ ਦੇ ਇਕ ਚੇਲੇ ਨਾਲ *

ਪਾਰਬ੍ਰਹਮ ਪ੍ਰਭ ਲਏ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਨੂਰ ਕਰ ਉਜਿਆਰ, ਜੋਤੀ ਜੋਤ ਜੋਤ ਜਗਾਈਆ । ਸ਼ਬਦ ਖੰਡਾ ਅਪਰ ਅਪਾਰ, ਆਦਿ ਨਿਰੰਜਣ ਹੱਥ ਉਠਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਨੌਂ ਸਤ ਵੇਖ ਵਖਾਈਆ । ਭੇਖ ਪਖੰਡਾ ਦਏ ਨਿਵਾਰ, ਏਕਾ ਤਤ ਬੁਝਾਈਆ । ਏਕਾ ਸ਼ਬਦ ਅਗੰਮ ਅਪਾਰ, ਪੁਰਖ ਅਬਿਨਾਸ਼ੀ ਆਪ ਉਪਾਈਆ । ਹੰ ਬ੍ਰਹਮ ਸ਼ਬਦ ਸੋਹੰ ਭੇਖ ਅਪਾਰ, ਬ੍ਰਹਮ ਪਾਰਬ੍ਰਹਮ ਵਡਿਆਈਆ । ਜਰਮ ਕਰਮ ਧਰਮ ਪੂਰਬ ਰਿਹਾ ਵਿਚਾਰ, ਪੰਜ ਤਤ ਡੇਰਾ ਲਾਈਆ । ਮਨ ਮਤ ਬੁੱਧ ਪਾਵੇ ਸਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵੇਖ ਵਖਾਈਆ । ਜੰਗਲ ਜੂਹ ਉਜਾੜ ਪਹਾੜ, ਡੂੰਘੀ

ਕੰਦਰ ਫੇਰਾ ਪਾਈਆ । ਸਮੁੰਦ ਸਾਗਰ ਭਰਿਆ ਤਾਲ, ਸਤਿ ਸਰੋਵਰ ਚੌਦਾਂ ਲੋਕ ਤ੍ਰੈਭਵਨ ਫੋਲ ਫੁਲਾਈਆ । ਵਸਣਹਾਰਾ ਕਾਇਆ ਗਾਗਰ ਰੰਗ ਮਹੱਲ ਅਟੱਲ ਉਚ ਮਿਨਾਰ, ਦਸਮ ਦਵਾਰ ਖੋਲ੍ਹ ਖੁਲ੍ਹਾਈਆ । ਤੋੜਣਹਾਰਾ ਗੜ੍ਹ ਹੰਕਾਰ, ਕਾਮ ਕਰੋਧ ਲੋਭ ਮੋਹ ਹੰਕਾਰ, ਹਉਮੇ ਹੰਗਤਾ ਮਾਇਆ ਮਮਤਾ ਵੇਖ ਵਖਾਈਆ । ਜਟਾ ਜੂਟ ਪਾਵੇ ਸਾਰ, ਤਨ ਲੰਗੋਟ ਵੇਖ ਵਿਚਾਰ, ਖ਼ਾਕੀ ਖ਼ਾਕ ਭਸਮ ਭਿਖਾਰ, ਆਪ ਆਪਣੀ ਖੇਲ ਖਿਲਾਈਆ । ਮਸਤਕ ਤਿਲਕ ਤ੍ਰੈਸੂਲ ਲਲਾਟ, ਵੇਖਣਹਾਰਾ ਆਣ ਬਾਟ, ਜੋਤ ਨਿਰੰਜਣ ਸਚ ਲਲਾਟ, ਕਾਇਆ ਡੂੰਘਾ ਔਖਾ ਘਾਟ, ਕਵਣ ਦਵਾਰਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਬਾਨ ਆਪ ਹੋ ਜਾਈਆ । ਕਵਣ ਰੂਪ ਹਰਿ ਅਵਤਾਰ, ਮਿਹਰਬਾਨ ਕਵਣ ਅਖਵਾਇਆ । ਕਵਣ ਬਾਬਾ ਕਰੇ ਪਛਾਣ, ਕਵਣ ਨੇਤਰ ਖੋਲ੍ਹ ਖੁਲ੍ਹਾਇਆ । ਕਵਣ ਤਨ ਵਜਾਏ ਰਬਾਬਾ, ਅਨਹਦ ਸਾਚਾ ਤਾਲ ਰਖਾਇਆ । ਕਵਣ ਮੇਲ ਮਿਲਾਏ ਦੋ ਦੋ ਆਬਾ, ਆਪ ਆਪਣਾ ਰੰਗ ਰੰਗਾਇਆ । ਕਵਣ ਵਖਾਏ ਕਾਇਆ ਮੱਕਾ ਕਾਅਬਾ, ਹੱਕ ਹਕੀਕਤ ਸੰਗ ਰਲਾਇਆ । ਕਵਣ ਚੁਆਏ ਅੰਮ੍ਰਿਤ ਨਾਭਾ, ਸਰ ਸਰੋਵਰ ਇਕ ਵਖਾਇਆ । ਕਵਣ ਵਖਾਏ ਸਾਚਾ ਤਾਜਾ, ਅਸਵ ਘੋੜਾ ਸ਼ਬਦ ਦੁੜਾਇਆ । ਕਵਣ ਲੱਖ ਚੁਰਾਸੀ ਅੰਦਰ ਮੰਦਰ ਫਿਰੇ ਭਾਜਾ, ਜੋਤ ਸਰੂਪੀ ਵੇਸ ਵਟਾਇਆ । ਕਵਣ ਸ਼ਬਦ ਭੂਪ ਵਡ ਰਾਜਨ ਰਾਜਾ, ਲੋਕ ਪ੍ਰਲੋਕ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਖੇ ਸਾਚਾ ਘਰ, ਦਰ ਦਵਾਰਾ ਇਕ ਵਖਾਇਆ । ਮਿਹਰਬਾਨ ਹਰਿ ਨਿਰੰਕਾਰ, ਨਿਰਗੁਣ ਨੂਰ ਸਮਾਇਆ । ਆਦਿਨ ਅੰਤਾ ਇਕ ਅਵਤਾਰ, ਏਕਾ ਰੂਪ ਵਟਾਇਆ । ਸਾਧਾਂ ਸੰਤਾਂ ਪਾਵੇ ਸਾਰ, ਭੁੱਲ ਰਹੇ ਨਾ ਰਾਇਆ । ਕਲਜੁਗ ਅੰਤਮ ਹੋ ਉਜਿਆਰ, ਲੋਕਮਾਤ ਫੇਰਾ ਪਾਇਆ । ਨਿਹਕਲੰਕਾ ਨਾਉਂ ਅਪਾਰ, ਸ਼ਬਦ ਡੰਕਾ ਇਕ ਵਜਾਇਆ । ਸੰਬਲ ਨਗਰੀ ਧਾਮ ਨਿਆਰ, ਮਾਝਾ ਦੇਸ ਵੇਖ ਵਖਾਇਆ । ਸਾਢੇ ਤਿੰਨ ਹੱਥ ਕਰੇ ਭਗਤ ਪਿਆਰ, ਜਾਗਰਤ ਜੋਤ ਜਗਾਇਆ । ਲਹਿਣਾ ਦੇਣਾ ਛੁੱਟੇ ਸਰਬ ਸੰਸਾਰ, ਜਨਹਰਿ ਹਰਿਜਨ ਹਰਿ ਹਰਿ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਵਰ, ਵੇਖ ਵਖਾਏ ਸਾਚਾ ਘਰ, ਮਥਰਾ ਬਿੰਦਰਾ ਬੰਨ ਅੱਧਵਿਚਕਾਰੇ ਡੇਰਾ ਲਾਇਆ । ਜਗਤ ਅਹੂਤੀ ਜਗਤ ਹਵਨ, ਜੁਗ ਜੁਗ ਵੇਖ ਵਖਾਈਆ । ਸ਼ਬਦੀ ਸ਼ਬਦ ਸਾਚੀ ਪਵਣ, ਬ੍ਰਹਿਮੰਡਾਂ ਆਪ ਚਲਾਈਆ । ਹਰਿ ਕਾ ਭੇਵ ਜਾਣੇ ਕਵਣ, ਕੋਟਨ ਕੋਟ ਬੈਠੇ ਤਨ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਕਾਇਆ ਕੁੰਡ ਇਕ ਵਖਾਈਆ । ਕਾਇਆ ਕੁੰਡ ਸਾਚੀ ਜੋਤ, ਦਿਵਸ ਰੈਣ ਜਗਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਬਰਨ ਵਖਾਈਆ । ਏਕਾ ਤਨ ਨਗਾਰੇ ਲਾਏ ਚੋਟ, ਨਾਮ ਡੰਕਾ ਰਿਹਾ ਵਜਾਈਆ । ਪੰਚ ਵਿਕਾਰਾ ਕੱਢੇ ਖੋਟ, ਹਰ ਘਟ ਬੈਠਾ ਡੇਰਾ ਲਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਮਾਇਆ ਮਮਤਾ ਭਰੀ ਨਾ ਅਜੇ ਪੋਟ, ਜਗਤ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਬਾਵਾ ਬਾਬਾ ਕਵਣ ਰੂਪ ਦਰਸਾਈਆ ।

* ੯ ਮੱਘਰ ੨੦੧੫ ਬਿਕ੍ਰਮੀ ਸੰਤ ਹੀਰਾ ਸਿੰਘ ਦੇ ਨਾਲ ਗੁਰਦਵਾਰਾ ਗੁਰ ਤੇਗ ਬਹਾਦਰ ਮਥਰਾ ਸ਼ਹਿਰ ਵਿਚ *

ਗੁਰ ਪਰਸਾਦਿ ਗੁਰ ਭੇਟਿਆ, ਗੁਰ ਪਾਰਬ੍ਰਹਮ ਕਰਤਾਰ । ਸਤਿਗੁਰ ਸਾਚਾ ਖੇਵਟ ਖੇਟਿਆ, ਦੋ ਜਹਾਨਾਂ ਲਾਏ ਪਾਰ । ਹਰਿਜਨ ਉਪਜਾਏ ਸਾਚਾ ਬੇਟਿਆ, ਵੇਖ ਵਖਾਏ ਸਰਬ ਸੰਸਾਰ । ਨਾਮ ਦੋਸ਼ਾਲੇ ਆਪ ਲਪੇਟਿਆ, ਰੂਪ ਰੰਗ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਅਪਾਰ । ਹਰਿ ਪ੍ਰਸਾਦਿ ਹਰਿ ਭਾਇਆ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਨੂਰ ਇਕ ਸਮਾਇਆ, ਸਰਗੁਣ ਵੇਖ ਵਖਾਈਆ । ਅਕਾਲ ਮੂਰਤ ਦਇਆ ਕਮਾਇਆ, ਅਜੂਨੀ ਰਹਿਤ ਵੱਡੀ ਵਡਿਆਈਆ । ਗੁਰਸਿਖ ਸਾਚੇ ਲਏ ਜਗਾਇਆ, ਆਪ ਆਪਣੀ ਬੂਝ ਬੁਝਾਈਆ । ਏਕਾ ਸੰਤ ਬ੍ਰਹਮ ਸਮਝਾਇਆ, ਆਤਮ ਬ੍ਰਹਮ ਭੇਵ ਖੁਲ੍ਹਾਈਆ । ਮਾਨਸ ਜਨਮ ਲੇਖੇ ਲਾਇਆ, ਜੋ ਜਨ ਆਏ ਸਰਨਾਈਆ । ਕਰਮ ਧਰਮ ਦਏ ਵਖਾਇਆ, ਪੂਰਬ ਲਹਿਣਾ ਝੋਲੀ ਪਾਈਆ । ਸਮਰਥ ਹੱਥ ਸਿਰ ਟਿਕਾਇਆ, ਦੋ ਜਹਾਨਾਂ ਵੇਖ ਵਖਾਈਆ । ਅਕਥਨੀ ਕਥਾ ਸ਼ਬਦ ਜਣਾਇਆ, ਬੋਧ ਅਗਾਧ ਭੇਵ ਨਾ ਰਾਇਆ । ਨਾਮ ਸਾਚੇ ਰਥ ਚੜ੍ਹਾਇਆ, ਲੋਕ ਪ੍ਰਲੋਕ ਪਾਰ ਕਰਾਈਆ । ਸਾਢੇ ਤਿੰਨ ਹੱਥ ਵਕਤ ਚੁਕਾਇਆ, ਲੱਖ ਚੁਰਾਸੀ ਫੰਦ ਕਟਾਈਆ । ਜਗਤ ਹਉਮੇ ਸਹਿੰਸਾ ਰੋਗ ਗਵਾਇਆ, ਚਰਨ ਕਵਲ ਕਵਲ ਚਰਨ ਸਚ ਸਰਨਾਈ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰਸਾਦਿ ਗੁਰ ਪ੍ਰਸਾਦੀ, ਦਰ ਦਰ ਏਕਾ ਪਾਈਆ । ਹਰਿ ਪ੍ਰਸਾਦਿ ਹਰਿ ਜਾਣਿਆ, ਹਰਿ ਹਰਿ ਰੂਪ ਅਪਾਰ । ਗੁਰਸਿਖ ਚਲੇ ਸਤਿਗੁਰ ਭਾਣਿਆ, ਆਤਮ ਅੰਤਰ ਇਕ ਪਿਆਰ, । ਆਪ ਆਪਣਾ ਮੂਲ ਪਛਾਣਿਆਂ, ਹਉਮੇ ਹੰਗਤਾ ਰੋਗ ਨਿਵਾਰ । ਏਕਾ ਬਖ਼ਸ਼ੇ ਚਰਨ ਧਿਆਨਿਆ, ਸਚ ਦਵਾਰਾ ਏਕੰਕਾਰ । ਅਕਲ ਕਲਾ ਆਪ ਅਖਵਾਨਿਆ, ਜੁਗ ਜੁਗ ਮਾਤ ਲਏ ਅਵਤਾਰ । ਕਲਜੁਗ ਅੰਤਮ ਜਗਤ ਪਛਾਣਿਆ, ਲੱਖ ਚੁਰਾਸੀ ਹੋਏ ਖ਼ਵਾਰ । ਗੁਰਮੁਖ ਵਿਰਲਾ ਚਤੁਰ ਸੁਘੜ ਸਿਆਣਿਆ, ਘਰ ਪਾਵੇ ਮੀਤ ਮੁਰਾਰ । ਆਤਮ ਸੇਜਾ ਇਕ ਸੁਹਾਣਿਆ, ਜੋਤ ਨਿਰੰਜਣ ਕਰ ਉਜਿਆਰ । ਅਨਹਦ ਧੁਨੀ ਨਾਦ ਵਜਾਨਿਆ, ਆਤਮ ਧੁਨ ਅਪਰ ਅਪਾਰ । ਮਿਲੇ ਮੇਲ ਸ੍ਰੀ ਭਗਵਾਨਿਆ, ਵਿਛੜ ਨਾ ਜਾਏ ਵਿਚ ਸੰਸਾਰ । ਆਵਣ ਜਾਵਣ ਫੰਦ ਕਟਾਨਿਆ, ਲੱਖ ਚੁਰਾਸੀ ਗੇੜ ਨਿਵਾਰ । ਲੱਗੇ ਭੋਗ ਦਰ ਪਰਵਾਨਿਆ, ਏਥੇ ਓਥੇ ਦੋ ਜਹਾਨਾਂ ਪਾਏ ਸਾਰ । ਪਾਰਬ੍ਰਹਮ ਅਬਿਨਾਸ਼ੀ ਕਰਤਾ ਇਕ ਵਖਾਏ ਧਰਮ ਨਿਸ਼ਾਨਿਆ, ਧੁਰਦਰਗਾਹੀ ਅਪਰ ਅਪਾਰ । ਗੋਬਿੰਦ ਖੇਲ ਜਗਤ ਮਹਾਨਿਆ, ਨਾਨਕ ਨਿਰਗੁਣ ਸਾਚੀ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਦੇਵੇ ਵਰ, ਬਿਰਧ ਬਾਲ ਜਵਾਨ ਅਵਸਥਾ ਰਿਹਾ ਤਾਰ । ਬਾਲ ਜਵਾਨੀ ਜਗਤ ਬੁੜੇਪਾ, ਹਰਿ ਹਰਿ ਰੰਗ ਰੰਗਾਇਆ । ਆਤਮ ਅੰਤਰ ਆਪਣੇ ਨੇਤਰ ਆਪੇ ਪੇਖਾ, ਭੇਵ ਅਭੇਦ ਗਵਾਇਆ । ਲਿਖਣਹਾਰਾ ਸਾਚਾ ਲੇਖਾ, ਧੁਰਦਰਗਾਹੀ ਨਜ਼ਰੀ ਆਇਆ । ਜਿਸ ਜਨ ਕੱਢੇ ਭਰਮ ਭੁਲੇਖਾ, ਮਾਇਆ ਮੋਹ ਚੁਕਾਇਆ । ਲੇਖੇ ਲਾਏ ਧਾਰੀ ਕੇਸਾ, ਗੁਰ ਗੋਬਿੰਦ ਰੂਪ ਵਟਾਇਆ । ਖੇਲੇ ਖੇਲ ਦਸ ਦਸਮੇਸਾ, ਨਿਰਗੁਣ ਸਰਗੁਣ ਰੰਗ ਰੰਗਾਇਆ । ਦਰ ਦਵਾਰ ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਭੇਵ ਕਿਸੇ ਨਾ ਪਾਇਆ । ਗੁਰਮੁਖਾਂ ਦਰ ਦਵਾਰੇ ਹਰਿ ਹਰਿ ਨਰ ਨਰੇਸ਼ਾ, ਦਰ ਦਰਵੇਸ਼ਾ, ਬਨ ਮਥਰਾ ਫੇਰਾ ਪਾਇਆ । ਮੰਮਾ ; ਮੋਹ ਪਿਆਰ, ਹਰਿਜਨ ਸਰਨਾਈਆ । ਥੱਥਾ ; ਥਿਰ ਘਰ ਸੱਚਾ ਦਰਬਾਰ, ਪੁਰਖ ਅਬਿਨਾਸ਼ੀ ਬੈਠਾ ਡੇਰਾ ਲਾਈਆ ।

੮੬੩
੦੭

ਰਾਰਾ; ਰਾਮ ਰੂਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਗੰਮ ਅਗੋਚਰ ਖੇਲ ਅਪਾਰ, ਲੱਖ ਚੁਰਾਸੀ ਰਿਹਾ ਸਮਾਈਆ । ਸੱਜਣ ਸੁਹੇਲੇ ਰਿਹਾ ਤਾਰ, ਆਪ ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਲਏ ਅਵਤਾਰ, ਨਾਨਕ ਗੋਬਿੰਦ ਜੋਤ ਜਗਾਈਆ । ਨਿਹਕਲੰਕਾ ਡੰਕ ਅਪਾਰ, ਸ਼ਬਦ ਸ਼ਬਦੀ ਆਪ ਵਜਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਲੱਖ ਚੁਰਾਸੀ ਹਾਹਾਕਾਰ, ਦਿਵਸ ਰੈਣ ਰਹੀ ਕੁਰਲਾਈਆ । ਭਗਤ ਸੋਹਿਣ ਸਚ ਦਵਾਰ, ਬੰਕ ਦਵਾਰਾ ਇਕ ਵਖਾਈਆ । ਆਦਿਨ ਅੰਤਾ ਜੁਗਾ ਜੁਗੰਤਾ ਭੇਖ ਅਪਾਰ, ਭੇਖਾਧਾਰੀ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਵਖਾਏ ਸਾਚਾ ਘਰ, ਗੋਪੀ ਕਾਹਨ ਨਜ਼ਰੀ ਆਈਆ । ਸੁਰਤੀ ਗੋਪੀ ਹਰਿ ਹਰਿ ਕਾਹਨ, ਕਾਇਆ ਮਥਰਾ ਆਪ ਸੁਹਾਈਆ । ਨਾਮ ਰਖਾਏ ਸਚ ਨਿਸ਼ਾਨ, ਧਰਮ ਦਵਾਰੇ ਆਪ ਝੁਲਾਈਆ । ਧੁਨੀ ਰਾਗ ਸਾਚੇ ਕਾਹਨ, ਅਨਹਦ ਤਾਲ ਵਜਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਬੰਦ ਕਿਵਾੜੀ ਆਪ ਤੁੜਾਨ, ਬਜ਼ਰ ਕਪਾਟੀ ਸਿਲਾ ਹਟਾਈਆ । ਦਸਮ ਦਵਾਰੀ ਮੇਲ ਮਿਲਾਣ, ਜੋਤੀ ਜੋਤ ਸਮਾਈਆ । ਆਤਮ ਸੇਜਾ ਹੋ ਪ੍ਰਧਾਨ, ਹਰਿ ਬੈਠਾ ਬੇਪਰਵਾਹੀਆ । ਪੰਜ ਤਤ ਨਾ ਕੋਈ ਪਛਾਣ, ਮਨ ਮਤ ਬੁੱਧ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਸੰਤ ਕੰਤ ਭਗਵੰਤ ਸਾਚੇ ਘਰ ਮੰਗਲ ਗਾਈਆ । ਸੰਤਨ ਨਾਰੀ ਹਰਿ ਭਗਵੰਤਾ, ਕੰਤ ਰੂਪ ਅਖਵਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਜੋ ਜਨ ਦਰ ਦਵਾਰੇ ਆਏ ਮੰਗਤਾ, ਦਾਤਾ ਦਾਨੀ ਨਾਮ ਝੋਲੀ ਦਏ ਭਰਾਇਆ । ਤੋੜੇ ਗੜ੍ਹ ਹਉਮੇ ਹੰਗਤਾ, ਦੂਈ ਦਵੈਤੀ ਮੇਟ ਮਿਟਾਇਆ । ਮਾਨਸ ਜਨਮ ਨਾ ਹੋਏ ਭੰਗਤਾ, ਆਵਣ ਜਾਵਣ ਲੇਖੇ ਲਾਇਆ । ਜਗਤ ਤ੍ਰਿਸ਼ਨਾ ਮੇਟੇ ਭੁੱਖ ਨੰਗਤਾ, ਨਾਮ ਨਾਮਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਾਮ ਪ੍ਰਸਾਦਿ ਆਦਿ ਜੁਗਾਦਿ ਪਾਰਬ੍ਰਹਮ, ਆਤਮ ਬ੍ਰਹਮ ਸਾਚਾ ਮੇਲ ਮਿਲਾਇਆ ।

## * ੯ ਮੱਘਰ ੨੦੧੫ ਬਿਕ੍ਰਮੀ ਗੁਰ ਨਾਨਕ ਬਗੀਚੀ ਗੁਰਦਵਾਰਾ ਮਥਰਾ ਸ਼ਹਿਰ *

ਪਾਰਬ੍ਰਹਮ ਸਰਬ ਸੁਖਦਾਤਾ, ਏਕਾ ਏਕ ਅਖਵਾਇੰਦਾ । ਆਪੇ ਪਿਤਾ ਆਪੇ ਮਾਤਾ, ਗੁਰਸਿਖ ਬਾਲ ਅਵਾਣੇ ਗੋਦ ਉਠਾਇੰਦਾ । ਆਪੇ ਦੇਵਣਹਾਰਾ ਨਾਮ ਦਾਤਾ, ਦਾਨੀ ਦਾਤਾ ਝੋਲੀ ਪਾਇੰਦਾ । ਆਪੇ ਬਣਿਆ ਭੈਣ ਭਰਾਤਾ, ਸਗਲਾ ਸੰਗ ਆਪ ਨਿਭਾਇੰਦਾ । ਆਪੇ ਬਖ਼ਸ਼ਣਹਾਰਾ ਚਰਨ ਨਾਤਾ, ਚਰਨ ਕਵਲ ਮਸਤਕ ਧੂੜ ਇਕ ਵਖਾਇੰਦਾ । ਆਪੇ ਮੇਟਣਹਾਰਾ ਅੰਧੇਰੀ ਰਾਤਾ, ਕਾਇਆ ਮੰਦਰ ਅੰਦਰ ਖੋਜ ਖੁਜਾਇੰਦਾ । ਆਪੇ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤਾ, ਜਗਤ ਤ੍ਰਿਸ਼ਨਾ ਆਪ ਮਿਟਾਇੰਦਾ । ਆਪੇ ਦੱਸੇ ਧੁਨੀ ਨਾਦ ਅਨਹਦ ਸਾਚੀ ਗਾਥਾ, ਆਪ ਆਪਣਾ ਤਾਲ ਵਜਾਇੰਦਾ । ਆਪੇ ਲਹਿਣ ਦੇਣ ਚੁਕਾਏ ਮਸਤਕ ਮਾਥਾ, ਪੂਰਬ ਪੂਰਬ ਵੇਖ ਵਖਾਇੰਦਾ । ਆਪ ਨਿਭਾਏ ਸਗਲਾ ਸਾਥਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਆਪੇ ਰੱਖੇ ਦੇ ਕਰ ਹਾਥਾ, ਆਪ ਆਪਣੀ ਦਇਆ ਕਮਾਇੰਦਾ । ਸਰਬ ਕਲਾ ਆਪੇ ਸਮਰਥਾ, ਸਮਰਥ ਪੁਰਖ ਨਾਉਂ ਧਰਾਇੰਦਾ ।


Rev-01

੮੬੪
੦੭

ਸਗਲ ਵਸੂਰਾ ਹਰਿਜਨ ਲਾਥਾ, ਜੋ ਜਨ ਨੇਤਰ ਲੋਚਣ ਦਰਸ਼ਨ ਪਾਇੰਦਾ । ਲਹਿਣਾ ਦੇਣ ਚੁਕਾਏ ਆਣ ਬਾਟਾ, ਲੱਖ ਚੁਰਾਸੀ ਫੰਦ ਕਟਾਇੰਦਾ । ਨਾਮ ਵਣਜ ਕਰਾਏ ਸਾਚੇ ਹਾਟਾ, ਚੌਦਾਂ ਲੋਕ ਫੋਲ ਫੁਲਾਇੰਦਾ । ਸਰ ਸਰੋਵਰ ਵਖਾਏ ਇਕ ਤੀਰਥ ਤਾਟਾ, ਕਾਇਆ ਡੂੰਘੀ ਕੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਜਗਤ ਵਿਛੋੜਾ ਜੁਗ ਜੁਗ, ਹਰਿ ਹਰਿ ਆਪ ਕਰਾਈਆ । ਬੰਧਨ ਭਾਈ ਸੁਤ ਸੈਣ ਸਾਕ, ਭਗਤ ਸਗਲਾ ਸੰਗ ਨਾ ਕੋਈ ਨਿਭਾਈਆ । ਲੱਖ ਚੁਰਾਸੀ ਵੇਖੇ ਮਾਰ ਝਾਤ, ਆਦਿ ਜੁਗਾਦਿ ਵੱਡੀ ਵਡਿਆਈਆ । ਜੋ ਜਨ ਦਿਵਸ ਰੈਣ ਰਹੇ ਅਰਾਧ, ਮਾਨਸ ਮਾਨੁੱਖ ਲੇਖੇ ਲਾਈਆ । ਨਾ ਕੋਈ ਪੁੱਛੇ ਜ਼ਾਤ ਪਾਤ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਈਆ । ਜਿਸ ਜਨ ਮਿਲਿਆ ਕਮਲਾਪਾਤ, ਕਲਜੁਗ ਸਹਿੰਸਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜਨ ਸਾਜਣ ਵੇਖ ਵਖਾਈਆ । ਕਿਰਪਾ ਕਰ ਹਰਿ ਭਗਵਾਨ, ਜਗਤ ਦੁੱਖ ਮੇਟ ਮਿਟਾਇੰਦਾ । ਇਕ ਵਖਾਏ ਸਚ ਨਿਸ਼ਾਨ, ਧਰਮ ਦਵਾਰੇ ਆਪ ਝੁਲਾਇੰਦਾ । ਨਾਮ ਭੰਡਾਰ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਭਗਤ ਭਗਵੰਤ ਏਕਾ ਥਾਨ, ਥਾਨ ਥਨੰਤਰ ਇਕ ਸੁਹਾਇੰਦਾ । ਜਿਸ ਜਨ ਬਖ਼ਸ਼ੇ ਆਤਮ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਲੇਖਾ ਚੁੱਕੇ ਜੀਵ ਜਹਾਨ, ਜੋਤੀ ਜੋਤ ਜਗਾਇੰਦਾ । ਅਨਹਦ ਰਾਗ ਸੁਣਾਏ ਕਾਨ, ਤਾਲ ਤਲਵਾੜਾ ਆਪ ਵਜਾਇੰਦਾ । ਸ਼ਬਦ ਨਿਰਾਲਾ ਮਾਰੇ ਬਾਣ, ਬਜ਼ਰ ਕਪਾਟੀ ਚੀਰ ਚਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਹੋਇਆ ਨਿਗਹਬਾਨ, ਵੇਖ ਵਖਾਏ ਦੋ ਜਹਾਨ, ਲੋਆਂ ਪੁਰੀਆਂ ਹੋ ਪ੍ਰਧਾਨ, ਗੁਰਮੁਖ ਗੁਰਸਿਖ ਗੁਰ ਪੂਰਾ ਵੇਖ ਵਖਾਇੰਦਾ ।

## * ੯ ਮੱਘਰ ੨੦੧੫ ਬਿਕ੍ਰਮੀ ਅਮੀਰ ਚੰਦ ਗੁਲਾਟੀ ਦੇ ਘਰ ਪਲਵਲ ਸ਼ਹਿਰ *

ਹਰਿ ਭਗਤ ਹਰਿ ਜਾਣਿਆ, ਆਤਮ ਬ੍ਰਹਮ ਵਿਚਾਰ । ਤਨ ਮੰਦਰ ਵੇਖ ਵਖਾਣਿਆ, ਮਹੱਲ ਅਟੱਲ ਉਚ ਮਿਨਾਰ । ਰਾਮ ਰਾਮਾ ਰੂਪ ਪਛਾਣਿਆ, ਨਿਰਗੁਣ ਖੇਲ ਅਗੰਮ ਅਪਾਰ । ਦਰ ਦਵਾਰ ਹੋਏ ਪ੍ਰਵਾਨਿਆ, ਆਦਿ ਪੁਰਖ ਨਿਰੰਜਣ ਪਾਵੇ ਸਾਰ । ਦੇਵੇ ਨਾਮ ਸਚ ਨਿਸ਼ਾਨਿਆਂ, ਲੋਕਮਾਤ ਦੀਪ ਉਜਿਆਰ । ਏਕ ਸੁਣਾਏ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਦਰ ਦਵਾਰ । ਹਰਿ ਭਗਤ ਹਰਿ ਰੰਗ ਹੈ, ਰਾਮ ਰੂਪ ਅਪਾਰ । ਨਾਮ ਮੰਗੇ ਏਕਾ ਮੰਗ ਹੈ, ਸਚ ਵਸਤ ਸਚ ਦਰਬਾਰ । ਮਾਨਸ ਜਨਮ ਨਾ ਹੋਏ ਭੰਗ ਹੈ, ਲੱਖ ਚੁਰਾਸੀ ਉਤਰੇ ਪਾਰ । ਅੰਮ੍ਰਿਤ ਧਾਰਾ ਵਹੇ ਸਾਚੀ ਗੰਗ ਹੈ, ਮਿਲ ਪੀਓ ਠੰਡਾ ਠਾਰ । ਦੋ ਜਹਾਨਾਂ ਕਟੇ ਭੁੱਖ ਨੰਗ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਭਗਤੀ ਪਾਵੇ ਸਾਰ । ਭਗਤੀ ਹਰਿ ਹਰਿ ਦਰ ਸੁਹਾਇਆ, ਭਗਤਨ ਰੂਪ ਅਪਾਰ । ਨੇਤਰ ਨੈਣ ਇਕ ਖੁਲ੍ਹਾਇਆ, ਮਿਟਿਆ ਅੰਧ ਅੰਧਿਆਰ । ਜੋਤ ਨਿਰੰਜਣ ਆਪ ਜਗਾਇਆ, ਵੇਖੇ ਵਿਗਸੇ ਕਰੇ ਵਿਚਾਰ । ਕਾਇਆ ਮੰਦਰ ਡੇਰਾ ਲਾਇਆ, ਧਰਮ ਸੁਹਾਏ ਦਸਮ ਦਵਾਰ । ਨਿਰਗੁਣ ਜੋਤ ਕਰੇ ਰੁਸ਼ਨਾਇਆ, ਆਪ ਆਪਣੀ ਕਿਰਪਾ ਧਾਰ । ਹਰਿਜਨ ਵਿਰਲੇ ਬੂਝ ਬੁਝਾਇਆ, ਲੱਖ ਚੁਰਾਸੀ

ਸੁੱਤੀ ਪੈਰ ਪਸਾਰ । ਕਲਜੁਗ ਮਾਇਆ ਪਰਦਾ ਪਾਇਆ, ਨੇਤਰ ਨੈਣ ਨਾ ਸਕੇ ਕੋਈ ਉਘਾੜ । ਕਾਮ ਕਰੋਧ ਲੋਭ ਮੋਹ ਹਲਕਾਇਆ, ਦੁਰਮਤ ਮੈਲ ਨਾ ਸਕੇ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਭਗਤੀ ਵਰ, ਨਾਮ ਭਗਤੀ ਭਰੇ ਭੰਡਾਰ । ਨਾਮ ਭਗਤੀ ਸਚ ਖ਼ਜ਼ਾਨਾ, ਭਗਵੰਤ ਹੱਥ ਰਖਾਈਆ । ਜਨ ਭਗਤਾਂ ਦੇਵੇ ਦੋ ਜਹਾਨਾਂ, ਆਦਿ ਜੁਗਾਦਿ ਨਾਉਂ ਧਰਾਈਆ । ਜੁਗ ਜੁਗ ਖੇਲੇ ਖੇਲ ਮਹਾਨਾ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਈਆ । ਅਛਲ ਅਛੱਲ ਆਪ ਪਛਾਨਾ, ਕਲ ਬਾਵਨ ਭੇਖ ਵਟਾਈਆ । ਅੰਸਾ ਬੰਸਾ ਜੋਤ ਮਹਾਨਾ, ਨਰ ਨਰਾਇਣ ਰੂਪ ਦਰਸਾਈਆ । ਰਾਮ ਸੀਤਾ ਹੋ ਪ੍ਰਧਾਨਾ, ਤ੍ਰੈ ਤ੍ਰੈ ਵੇਖ ਵਖਾਈਆ । ਖੇਲੇ ਖੇਲ ਕ੍ਰਿਸ਼ਨਾ ਕਾਹਨਾ, ਨਾਮ ਬੰਸਰੀ ਇਕ ਵਜਾਈਆ । ਕਲਜੁਗ ਅੰਤਮ ਖੇਲ ਮਹਾਨਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਮੇਲ ਮਿਲਾਨਾ, ਥਾਨ ਥਨੰਤਰ ਇਕ ਸੁਹਾਈਆ । ਜਨ ਭਗਤਾਂ ਬੰਨ੍ਹੇ ਨਾਮ ਗਾਨਾ, ਸਤਿ ਸੰਤੋਖੀ ਡੋਰੀ ਏਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਦਰ, ਦਰ ਦਵਾਰਾ ਇਕ ਖੁਲ੍ਹਾਈਆ । ਆਤਮ ਅੰਤਰ ਸਚ ਦਵਾਰ, ਹਰਿਜਨ ਆਪ ਖੁਲ੍ਹਾਇਆ । ਨੇਤਰ ਨੈਣ ਇਕ ਉਘਾੜ, ਆਪ ਆਪਣਾ ਦਰਸ ਦਿਖਾਇਆ । ਪੰਚਮ ਘਰ ਪੰਚਮ ਦੇਵੇ ਵਾੜ, ਬੰਦ ਕਿਵਾੜਾ ਆਪੇ ਲਾਹਿਆ । ਕਰੇ ਪ੍ਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਮਿਟਾਇਆ । ਨੇੜ ਨਾ ਆਏ ਮੌਤ ਲਾੜ, ਰਾਏ ਧਰਮ ਨਾ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦੇਵੇ ਭਗਤੀ ਵਰ, ਭਗਵਨ ਭਗਵੰਤ ਰੂਪ ਸਮਾਇਆ ।



* ੧੦ ਮੱਘਰ ੨੦੧੫ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਕਰੋਲ ਬਾਗ ੧੨ ਏ ੧੬ ਡਬਲਯੂ ਈ ਏ ਨਵੀਂ ਦਿੱਲੀ *

ਗ੍ਰਿਹ ਮੰਦਰ ਹਰਿ ਭਾਇਆ, ਨਿਰਗੁਣ ਜੋਤ ਉਜਿਆਰ । ਦੀਵਾ ਬਾਤੀ ਇਕ ਰਖਾਇਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਆਤਮ ਤਾਕੀ ਇਕ ਖੁਲ੍ਹਾਇਆ, ਆਪ ਆਪਣੀ ਕਿਰਪਾ ਧਾਰ । ਲਹਿਣਾ ਦੇਣਾ ਬਾਕੀ ਮੂਲ ਚੁਕਾਇਆ, ਜੁਗ ਜੁਗ ਲਏ ਮਾਤ ਅਵਤਾਰ । ਤਨ ਖ਼ਾਕੀ ਲੇਖੇ ਲਾਇਆ, ਵੇਖ ਵਖਾਏ ਕਰ ਵਿਚਾਰ । ਅੰਮ੍ਰਿਤ ਸਾਕੀ ਜਾਮ ਪਿਆਇਆ, ਨਿਝਰ ਝਿਰਨਾ ਠੰਡੀ ਠਾਰ । ਨਾਮ ਰਾਕੀ ਆਪ ਚੜ੍ਹਾਇਆ, ਦਿਵਸ ਰੈਣ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਗ੍ਰਿਹ ਮੰਦਰ ਹਰਿ ਵਸਿਆ, ਪਾਰਬ੍ਰਹਮ ਕਰਤਾਰ । ਮੇਟੇ ਰੈਣ ਅੰਧੇਰੀ ਮੱਸਿਆ, ਨਿਰਗੁਣ ਜੋਤ ਕਰ ਉਜਿਆਰ । ਘਰ ਸਾਚੇ ਬਹਿ ਬਹਿ ਹੱਸਿਆ, ਨੂਰ ਇਲਾਹੀ ਬੇਐਬ ਪਰਵਰਦਿਗਾਰ । ਦੂਰ ਦੁਰਾਡਾ ਫਿਰੇ ਨੱਸਿਆ, ਲੋਆਂ ਪੁਰੀਆਂ ਪਾਵੇ ਸਾਰ । ਗੁਰਮੁਖ ਵਿਰਲੇ ਮਾਰਗ ਆਪਣਾ ਦੱਸਿਆ, ਲੱਖ ਚੁਰਾਸੀ ਪਸਰ ਪਸਾਰ । ਤੀਰ ਨਿਰਾਲਾ ਏਕਾ ਕਸਿਆ, ਰਸਨਾ ਚਿੱਲਾ ਮਾਰੇ ਮਾਰ । ਹਰਿਜਨ ਹਿਰਦੇ ਅੰਦਰ ਆਪੇ ਵਸਿਆ, ਰੂਪ ਅਨੂਪ ਸ਼ਾਹੋ ਸਰਕਾਰ । ਜਗਤ ਵਿਕਾਰਾ ਦੇਵੇ ਝੱਸਿਆ, ਤ੍ਰਲੋਕੀ ਨੰਦਨ ਪਾਵੇ ਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਹੋਏ ਉਜਿਆਰ । ਗ੍ਰਿਹ ਮੰਦਰ ਘਰ ਸੁਹੰਦਣਾ, ਜੋਤੀ ਦੀਪ ਅਪਾਰ । ਸ਼ਬਦ ਅਨਾਦੀ ਏਕਾ ਵੱਜਣਾ, ਧੁਨ ਅਨਾਦ ਸੱਚੀ ਧੁਨਕਾਰ । ਮੇਲ ਮਿਲਾਵਾ ਹਰਿ ਹਰਿ ਸੱਜਣਾ, ਗੁਰ


Rev-01

ਸਤਿਗੁਰ ਮੀਤ ਮੁਰਾਰ । ਅੰਮ੍ਰਿਤ ਆਤਮ ਪੀ ਪੀ ਰੱਜਣਾ, ਹਉਮੇ ਦੁੱਖੜਾ ਰੋਗ ਨਿਵਾਰ । ਤਨ ਪਰਦਾ ਏਕਾ ਕੱਜਣਾ, ਤਨ ਬਸਤਰ ਦੇਵੇ ਸ਼ਬਦ ਅਪਾਰ । ਆਪ ਮਿਟਾਏ ਲੋਕ ਲਜਨਾ, ਦੇਵੇ ਦਰਸ ਅਗੰਮ ਅਪਾਰ । ਜਗਤ ਨਗਾਰਾ ਏਕਾ ਵੱਜਣਾ, ਲੱਖ ਚੁਰਾਸੀ ਖ਼ਬਰਦਾਰ । ਜੋ ਘੜਿਆ ਸੋ ਭੱਜਣਾ, ਆਦਿ ਜੁਗਾਦੀ ਏਕਾ ਕਾਰ । ਗੁਰਮੁਖ ਵਿਰਲੇ ਹਰਿ ਚਰਨ ਦਵਾਰੇ ਬਹਿ ਬਹਿ ਸਜਣਾ, ਆਪ ਵਖਾਏ ਸਚ ਦਰਬਾਰ । ਨਾਮ ਚੜ੍ਹਾਏ ਸਚ ਜਹਾਜਨਾ, ਦੋ ਜਹਾਨੀ ਪਾਰ ਉਤਾਰ । ਸ਼ਾਹੋ ਭੂਪ ਵਡ ਰਾਜ ਰਾਜਨਾ, ਰਾਓ ਰੰਕ ਇਕ ਪਿਆਰ । ਗ਼ਰੀਬ ਨਿਮਾਣਿਆਂ ਕਰੇ ਕਾਜਨਾ, ਸੇਵਕ ਸੇਵਕ ਸੇਵਾਦਾਰ । ਸਚ ਸੁਗਾਤੀ ਦੇਵੇ ਦਾਜਣਾ, ਧੁਰਦਰਗਾਹ ਨਾ ਕਰੇ ਉਧਾਰ । ਖੇਲੇ ਖੇਲ ਦੇਸ ਮਾਝਨਾ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਸਾਚਾ ਘਰ ਬਾਰ । ਘਰ ਮੰਦਰ ਹਰਿ ਮੇਲਿਆ, ਰੂਪ ਅਗੰਮ ਅਥਾਹ । ਇਕ ਦੁਆਰਾ ਗੁਰੂ ਗੁਰ ਚੇਲਿਆ, ਗੁਰ ਸਤਿਗੁਰ ਬੇਪਰਵਾਹ । ਆਪਣਾ ਖੇਲ ਆਪੇ ਖੇਲਿਆ, ਆਪੇ ਬਣਿਆ ਜਗਤ ਮਲਾਹ । ਘਰ ਸਾਚੇ ਸੱਜਣ ਸੁਹੇਲਿਆ, ਇਕ ਜਪਾਏ ਸਾਚਾ ਨਾਂ । ਸਦ ਵਸੇ ਰੰਗ ਨਵੇਲਿਆ, ਨਿਥਾਵਿਆਂ ਦੇਵਣਹਾਰਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਕੜਣਹਾਰਾ ਬਾਂਹ । ਘਰ ਮੰਦਰ ਉਚ ਅਟਾਰੀਆ, ਹਰਿ ਹਰਿ ਬਣਤ ਬਣਾਈਆ । ਜਗੇ ਜੋਤ ਇਕ ਨਿਰੰਕਾਰਿਆ, ਨਿਰਗੁਣ ਨੂਰੋ ਨੂਰ ਸਮਾਈਆ । ਖੇਲੇ ਖੇਲ ਅਗੰਮ ਅਪਾਰੀਆ, ਆਦਿ ਜੁਗਾਦਿ ਵੱਡੀ ਵਡਿਆਈਆ । ਸ਼ਾਹੋ ਭੂਪ ਸੱਚਾ ਸਰਦਾਰੀਆ, ਤਖ਼ਤ ਤਾਜ ਵੇਖ ਵਖਾਈਆ । ਰਾਜ ਜੋਗ ਇਕ ਜਣਾ ਰਿਹਾ, ਏਕਾ ਬੂਝ ਬੁਝਾਈਆ । ਰਸਨਾ ਭੋਗ ਇਕ ਲਗਾ ਰਿਹਾ, ਆਤਮ ਰਸ ਵੱਡੀ ਵਡਿਆਈਆ । ਧੁਰ ਸੰਜੋਗ ਮੇਲ ਮਿਲਾ ਰਿਹਾ, ਜਗਤ ਵਿਛੋੜਾ ਫੰਦ ਕਟਾਈਆ । ਦਰਸ ਅਮੋਘ ਦਰ ਦਿਖਾ ਰਿਹਾ, ਨਾਮ ਚੋਗ ਇਕ ਚੁਗਾਈਆ । ਦੋ ਜਹਾਨਾਂ ਰੋਗ ਮਿਟਾ ਰਿਹਾ, ਪਤਿਤ ਪੁਨੀਤਾ ਆਪ ਕਰਾਈਆ । ਤਿੰਨਾਂ ਲੋਕਾਂ ਪਾਰ ਰਖਾ ਰਿਹਾ, ਸਚਖੰਡ ਦਵਾਰਾ ਇਕ ਜਣਾਈਆ । ਏਕਾ ਸ਼ਬਦ ਸਲੋਕ ਸੁਣਾ ਰਿਹਾ, ਸੋਹੰ ਸ਼ਬਦ ਵੱਡੀ ਵਡਿਆਈਆ । ਲੱਖ ਚੁਰਾਸੀ ਤੇਰਾ ਭੋਗ ਪਾ ਰਿਹਾ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਵੇਖੇ ਬੇਪਰਵਾਹੀਆ । ਘਰ ਮੰਦਰ ਉਚ ਅਟੱਲ ਮਹੱਲਾ, ਹਰਿ ਹਰਿ ਜੋਤ ਜਗਾਈਆ । ਅਬਿਨਾਸ਼ੀ ਕਰਤਾ ਦਰ ਬੈਠਾ ਇਕ ਇਕੱਲਾ, ਏਕਾ ਏਕ ਸਮਾਈਆ । ਪਾਵੇ ਸਾਰ ਜਲਾ ਥਲਾ, ਜਲ ਥਲ ਮਹੀਅਲ ਆਪ ਹੋ ਜਾਈਆ । ਸਚ ਦਰ ਗੁਰਮੁਖ ਵਿਰਲੇ ਮੱਲਾ, ਜਿਸ ਜਨ ਆਪਣੀ ਬੂਝ ਬੁਝਾਈਆ । ਜਗਤ ਦਵੈਤੀ ਮੇਟੇ ਸੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਚਰਨ ਪ੍ਰੀਤੀ ਘੋਲ ਘੁੱਲਾ, ਦਰਗਹਿ ਸਾਚੀ ਧਾਮ ਸੁਹਾਈਆ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਖੇਲ ਖਲਾਈਆ । ਪੁਰਖ ਅਗੰਮਾ ਦੀਪਕ ਏਕਾ ਬਲਾ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਮੰਦਰ ਵੇਖ ਵਖਾਈਆ । ਗ੍ਰਿਹਿ ਮੰਦਰ ਪਤਿਤ ਪਾਵਣ, ਆਪਣਾ ਆਪ ਕਰਾਈਆ । ਭੇਖਾਧਾਰੀ ਭੇਖ ਬਾਵਨ, ਬਲ ਰਾਜਾ ਸੰਗ ਨਿਭਾਈਆ । ਆਪ ਫੜਾਇਆ ਆਪਣਾ ਦਾਮਨ, ਦ੍ਰਿਸ਼ਟ ਅਗੋਚਰ ਵੇਖ ਵਖਾਈਆ । ਦਰਗਹਿ ਸਾਚੀ ਸਾਚਾ ਜ਼ਾਮਨ, ਜਮ ਜੰਦਾਰ ਨੇੜ ਨਾ ਆਈਆ । ਅੰਮ੍ਰਿਤ ਮੇਘ ਬਰਸੇ ਸਾਵਣ, ਸਾਂਤਕ ਸਤਿ ਵਰਤਾਈਆ । ਜਗਤ ਹੰਕਾਰਾ ਤੁੱਟੇ ਗੜ੍ਹ ਲੰਕਾ ਰਾਵਣ, ਰਾਮ ਰਾਮਾ ਹੋਏ ਸਹਾਈਆ । ਧੁਰਦਰਗਾਹੀ ਸਾਚਾ

ਜ਼ਾਮਨ, ਏਕਾ ਪੱਲਾ ਨਾਮ ਫੜਾਈਆ । ਗੁਰਸਿਖ ਸੱਜਣ ਸੁਹੇਲ ਚਰਨ ਧੂੜੀ ਸੱਚਾ ਨਹਾਵਣ, ਅੱਠ ਸੱਠ ਮੂਲ ਚੁਕਾਈਆ । ਏਕਾ ਸ਼ਬਦ ਅਨਾਦੀ ਗਾਵਣ, ਸੋ ਪੁਰਖ ਨਿਰੰਜਣ ਜੋ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸੱਚਾ ਬੰਕ ਸੁਹਾਈਆ । ਗ੍ਰਿਹ ਮੰਦਰ ਸਾਚਾ ਬੰਕ, ਹਰਿ ਹਰਿ ਆਪ ਸੁਹੰਨਿਆ । ਗੁਰਮੁਖ ਵਿਰਲੇ ਜੋਤੀ ਸ਼ਬਦੀ ਲਾਏ ਤਨਕ, ਪੰਚਮ ਦੇਵਣਹਾਰਾ ਡੰਨਿਆ । ਮੇਲ ਮਿਲਾਵਾ ਵਾਸੀ ਪੁਰੀ ਘਨਕ, ਸੰਬਲ ਨਗਰੀ ਬੇੜਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਚੜ੍ਹਾਏ ਸਾਚੇ ਚੰਨਿਆ । ਚੰਨ ਸੂਰਜ ਰਵ ਸਸ, ਆਦਿ ਜੁਗਾਦਿ ਪ੍ਰਕਾਸ਼ਿਆ । ਹਰਿ ਸੱਜਣ ਮੇਲਾ ਬੀਸ ਬੀਸ, ਗੁਰਮੁਖ ਸੱਚਾ ਭਰਵਾਸਿਆ । ਦਰਸ ਦਖਾਏ ਨੱਸ ਨੱਸ, ਪਾਵੇ ਸਾਰ ਪ੍ਰਿਥਮੀ ਅਕਾਸ਼ਿਆ । ਹਿਰਦੇ ਅੰਦਰ ਵਸ ਵਸ, ਲੇਖਾ ਲਾਏ ਬਿਨ ਸਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਹਰਿ ਸਾਚਾ ਸ਼ਾਹੋ ਸ਼ਾਬਾਸਿਆ । ਗ੍ਰਿਹ ਮੰਦਰ ਵਸਿਆ ਸ਼ਾਹੋ ਭੂਪ, ਰੂਪ ਰੰਗ ਨਾ ਰਾਇਆ । ਜੋਤੀ ਨੂਰ ਸਤਿ ਸਰੂਪ, ਸ਼ਬਦ ਸ਼ਬਦੀ ਨਾਉਂ ਧਰਾਇਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇਆ । ਲਹਿਣਾ ਦੇਣਾ ਚੁਕਾਏ ਜੂਠ ਝੂਠ, ਸਚ ਸੁੱਚ ਕਰੇ ਵਰਤਾਇਆ । ਜਿਸ ਜਨ ਆਪੇ ਜਾਏ ਤੁਠ, ਜਗਤ ਦਵਾਰਾ ਇਕ ਸੁਹਾਇਆ । ਅੰਮ੍ਰਿਤ ਦੇਵੇ ਸਾਚਾ ਘੁੱਟ, ਅੰਤਰ ਆਤਮ ਇਕ ਪਿਆਇਆ । ਪੰਚ ਵਿਕਾਰਾ ਕੱਢੇ ਕੁੱਟ, ਆਪ ਆਪਣਾ ਸ਼ਬਦ ਉਠਾਇਆ । ਗੁਰਮੁਖ ਵਿਰਲੇ ਲਾਹਾ ਰਹੇ ਲੁੱਟ, ਮਨਮੁਖਾਂ ਜੀਵਾਂ ਦਿਸ ਨਾ ਆਇਆ । ਲੱਖ ਚੁਰਾਸੀ ਕਲਜੁਗ ਅੰਦਰ ਡੂੰਘੀ ਜੜ੍ਹ ਦੇਵੇ ਪੁੱਟ, ਸ਼ੌਹ ਦਰਿਯਾਏ ਆਪ ਰੁੜ੍ਹਾਇਆ । ਵਹਿੰਦੇ ਵਹਿਣਾਂ ਦੇਵੇ ਸੁੱਟ, ਏਕਾ ਧੱਕਾ ਨਾਮ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਚਾਰ ਦਿਵਾਰ ਨਾ ਕੋਈ ਰਖਾਇਆ । ਗ੍ਰਿਹ ਮੰਦਰ ਹਰਿ ਦਵਾਰ, ਹਰਿ ਹਰਿ ਵੇਖ ਵਿਖਾਨਿਆ । ਛੱਪਰ ਛੰਨ ਨਾ ਪਾਵੇ ਸਾਰ, ਬਾਢੀ ਬਣਤ ਨਾ ਕੋਈ ਬਣਾਨਿਆ । ਲੇਖਾ ਲਿਖੇ ਨਾ ਕੋਈ ਸੰਸਾਰ, ਵੇਦ ਕਤੇਬ ਹੋਏ ਪ੍ਰਧਾਨਿਆ । ਗੁਰਮੁਖ ਸਾਚੇ ਕਰੇ ਪਿਆਰ, ਜਿਸ ਜਨ ਬਖ਼ਸ਼ੇ ਚਰਨ ਧਿਆਨਿਆ । ਘਰ ਵਿਚ ਘਰ ਘਰ ਖੇਲ ਅਪਾਰ, ਖੇਲੇ ਖੇਲ ਸ੍ਰੀ ਭਗਵਾਨਿਆ । ਕੋਟਨ ਕੋਟ ਰਵ ਸਸ ਕਰਨ ਨਿਮਸਕਾਰ, ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਸੀਸ ਝੁਕਾਨਿਆ । ਗੁਰਮੁਖ ਮੇਲਾ ਸਚ ਭਤਾਰ, ਹਰਿ ਕੰਤਾ ਰੂਪ ਵਟਾਨਿਆ । ਨਾਰੀ ਸੇਜਾ ਏਕਾ ਧਾਰ, ਏਕਾ ਜੋਤ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਤਨ ਅੰਦਰ ਦਰ ਘਰ ਹਰਿ ਨਰ ਨਰਾਇਣ, ਹਰੀ ਹਰਿ ਕਰੇ ਪਰਵਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਜੁਗ ਵੇਸ ਅਨੇਕ ਨਾ ਕੋਈ ਰੂਪ ਨਾ ਕੋਈ ਰੇਖ, ਪੰਜ ਤਤ ਨਾਮ ਜਗਤ ਕਰੇ ਪ੍ਰਧਾਨਿਆ । ਨਾਮ ਵਸਤ ਹਰਿ ਉਪਾ, ਆਪਣੇ ਹੱਥ ਰਖਾਈਆ । ਜਨ ਭਗਤਾਂ ਦੇਵੇ ਕਰ ਪਿਆਰ, ਆਦਿ ਜੁਗਾਦਿ ਵੱਡੀ ਵਡਿਆਈਆ । ਸਾਧ ਸੰਤ ਲਏ ਉਭਾਰ, ਪੰਜ ਤਤ ਕਰੇ ਰੁਸ਼ਨਾਈਆ । ਦੇਵੇ ਦਰਸ ਅਗੰਮ ਅਪਾਰ, ਆਪ ਆਪਣਾ ਰੂਪ ਵਟਾਈਆ । ਅਲੱਖ ਨਿਰੰਜਣ ਭੇਵ ਨਿਆਰ, ਅਬਿਨਾਸ਼ੀ ਕਰਤਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਆਤਮ ਬ੍ਰਹਮ ਕਰੇ ਜਣਾਈਆ । ਹਰਿ ਨਾਮ ਸ਼ਬਦ ਭੰਡਾਰ, ਹਰਿਜਨ ਆਪ ਵਰਤਾਈਆ । ਜੁਗ ਜੁਗ ਲਏ ਲੋਕਮਾਤ ਅਵਤਾਰ, ਗੁਰਮੁਖ ਸਾਚੇ ਵੇਖ ਵਖਾਈਆ । ਆਤਮ ਅੰਤਰ ਪਾਵੇ ਸਾਰ, ਬ੍ਰਹਮ ਪਾਰਬ੍ਰਹਮ ਮੇਲ

ਮਿਲਾਈਆ । ਦੀਵਾ ਬਾਤੀ ਕਰ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਦੇਵੇ ਠੰਡੀ ਠਾਰ, ਗਿਰਧਾਰਾ ਮੁਖ ਚੁਆਈਆ । ਅਨਹਦ ਸ਼ਬਦ ਸੁਣਾਏ ਸੱਚੀ ਧੁਨਕਾਰ, ਤਾਲ ਤਲਵਾੜਾ ਇਕ ਵਜਾਈਆ । ਬਜ਼ਰ ਕਪਾਟੀ ਪਰਦਾ ਪਾੜ, ਦੂਈ ਦਵੈਤੀ ਕੁੰਡਾ ਲਾਹਿਆ । ਦਸਮ ਦੁਆਰੀ ਅੰਦਰ ਵੜ, ਨੌਂ ਦਰ ਪਾਰ ਕਰਾਈਆ । ਮੇਟ ਮਿਟਾਏ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਆਤਮ ਸੇਜਾ ਸਚ ਪਿਆਰ, ਹਰਿ ਹਰਿਜਨ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਏਕਾ ਰੰਗ ਰੰਗਾਈਆ । ਨਾਮ ਰੰਗ ਅਪਰ ਅਪਾਰ, ਹਰਿਜਨ ਤਨ ਚੜ੍ਹਾਈਆ । ਏਕਾ ਦੂਜਾ ਭੇਵ ਨਿਵਾਰ, ਤੀਜਾ ਨੈਣ ਇਕ ਖੁਲ੍ਹਾਈਆ । ਚੌਥੇ ਦਰ ਪਾਵੇ ਸਾਰ, ਆਪ ਆਪਣਾ ਸੰਗ ਨਿਭਾਈਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਮੋਹ ਚੁਕਾਈਆ । ਛੇਵੇਂ ਛੱਪਰ ਛੰਨ ਨਾ ਕੋਈ ਪਸਾਰ, ਹਰਿ ਬੈਠਾ ਬੇਪਰਵਾਹੀਆ । ਸੱਤਵੇਂ ਸਤਿ ਪੁਰਖ ਨਿਰੰਜਣ ਆਦਿਨ ਅੰਤਾ ਏਕੰਕਾਰ, ਅਕਲ ਕਲਾ ਵਰਤਾਈਆ । ਅੱਠਾਂ ਤੱਤਾਂ ਵਸਿਆ ਬਾਹਿਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਨਾ ਕੋਇ ਰਖਾਈਆ । ਜੀਵ ਜੰਤ ਨੌਂ ਦਰ ਖਵਾਰ, ਜਗਤ ਤ੍ਰਿਸ਼ਨਾ ਬੰਦ ਕਰਾਈਆ । ਦਸਵੇਂ ਖੇਲੇ ਖੇਲ ਨਿਆਰ, ਖੇਲਣਹਾਰ ਦਿਸ ਨਾ ਆਈਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਦਇਆ ਕਮਾਈਆ । ਖੋਲਣਹਾਰਾ ਬੰਦ ਕਿਵਾੜ, ਆਪ ਆਪਣਾ ਮੁਖ ਵਖਾਈਆ । ਧੁਰਦਰਗਾਹੀ ਸਾਚਾ ਲਾੜ, ਘਰ ਘਰ ਵਿਚ ਬੈਠਾ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਨਾਮ ਨਾਮਾ ਵੇਖ ਵਖਾਈਆ । ਨਾਮ ਵਸਤ ਜਗਤ ਅਮੋਲ, ਹਰਿਜਨ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਤੋਲਣਹਾਰਾ ਸਾਚਾ ਤੋਲ, ਏਕਾ ਕੰਡਾ ਹੱਥ ਉਠਾਇੰਦਾ । ਸ਼ਬਦ ਨਿਸ਼ਅੱਖਰ ਆਪੇ ਬੋਲ, ਧੁਨ ਅਨਾਦੀ ਆਪ ਸੁਣਾਇੰਦਾ । ਸਦਾ ਸੁਹੇਲਾ ਵਸੇ ਕੋਲ, ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਆਪ ਆਪਣਾ ਪਰਦਾ ਹਰਿਜਨ ਆਪੇ ਲਏ ਖੋਲ੍ਹ, ਬ੍ਰਹਮ ਬ੍ਰਹਮ ਦਰਸਾਇੰਦਾ । ਭਾਗ ਲਗਾਏ ਕਾਇਆ ਚੋਲ, ਹੱਡ ਮਾਸ ਰਕਤ ਬੂੰਦ ਨਾੜੀ ਰੱਤ ਵੇਖ ਵਖਾਇੰਦਾ । ਜੋਤ ਸਰੂਪ ਰਿਹਾ ਮੌਲ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਜਗਤ ਵਣਜਾਰਾ ਆਪ ਅਖਵਾਇੰਦਾ । ਨਾਮ ਦਾਤ ਧੁਰ ਦਰਗਾਹ, ਹਰਿ ਹਰਿ ਇਕ ਰਖਾਇਆ । ਲੋਕਮਾਤ ਬਣ ਮਲਾਹ, ਜੁਗ ਜੁਗ ਆਪ ਵਰਤਾਇਆ । ਨਿਥਾਵਿਆਂ ਦੇਵਣਹਾਰ ਥਾਂ, ਦਰ ਘਰ ਸਾਚਾ ਇਕ ਸੁਹਾਇਆ । ਜਨ ਭਗਤਾਂ ਫੜੇ ਸਾਚੀ ਬਾਂਹ, ਆਪ ਆਪਣਾ ਸੰਗ ਨਿਭਾਇਆ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਇਆ । ਸ਼ਬਦ ਸੁਹੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਆਪੇ ਪਿਤਾ ਆਪੇ ਮਾਂ, ਗੁਰਸਿਖ ਬਾਲ ਅਵਾਣੇ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਭਗਤ ਭੰਡਾਰ ਆਪ ਵਰਤਾਇਆ । ਨਾਮ ਭਗਤੀ ਭਗਤ ਭੰਡਾਰ, ਹਰਿਜਨ ਝੋਲੀ ਪਾਈਆ । ਦਿਵਸ ਰੈਣ ਰਹੇ ਖੁਮਾਰ, ਅੱਠ ਪਹਿਰ ਲਿਵ ਲਾਈਆ । ਦਰਸ ਦਖਾਏ ਪੁਰਖ ਅਪਾਰ, ਏਕੰਕਾਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਘਰ ਸਾਚਾ ਬੰਕ ਸੁਹਾਈਆ । ਨਾਮ ਰੰਗ ਰੰਗ ਚਲੂਲ, ਗੁਰਮੁਖ ਤਨ ਚੜ੍ਹਾਇਆ । ਮੇਲ ਮਿਲਾਵਾ ਕੰਤ ਕੰਤੂਹਲ, ਘਰ ਸੱਜਣ ਵੇਖ ਵਖਾਇਆ । ਆਦਿ ਅੰਤ ਨਾ ਜਾਏ ਭੂਲ, ਜੁਗ ਜੁਗ ਵੇਸ ਵਟਾਇਆ ।

ਗੁਰਮੁਖਾਂ ਵੇਖ ਵਖਾਏ ਆਤਮ ਸੇਜਾ ਬਰਖ਼ਾ ਲਾਏ ਸਾਚੇ ਫੂਲ, ਨਾਮ ਸੁਗੰਧੀ ਇਕ ਵਖਾਇਆ । ਸ਼ਬਦ ਸਿੰਘਾਸਣ ਆਪ ਬਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਢੀ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵਣਹਾਰਾ ਲਹਿਣਾ ਦੇਣਾ ਪਿਛਲਾ ਮੂਲ, ਪੂਰਬ ਲਹਿਣਾ ਝੋਲੀ ਪਾਈਆ । ਨਾਮ ਵਸਤ ਪੂਰਬ ਲਹਿਣਾ, ਹਰਿਜਨ ਆਪ ਚੁਕਾਈਆ । ਨੇਤਰ ਅੰਜਨ ਪਾਏ ਨੈਣਾਂ, ਅਗਿਆਨ ਅੰਧੇਰ ਮਿਟਾਈਆ । ਨਾਤਾ ਤੁਟੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣਾ, ਏਕਾ ਦਰ ਵਖਾਈਆ । ਸ਼ਬਦ ਬਸਤਰ ਦਏ ਗਹਿਣਾ, ਉਤਰ ਕਦੇ ਨਾ ਜਾਈਆ । ਪੁਰਖ ਅਕਾਲਾ ਏਕਾ ਕਹਿਣਾ, ਏਕਾ ਬੂਝ ਬੁਝਾਈਆ । ਹਰਿਜਨ ਭਾਣਾ ਹਰਿ ਹਰਿ ਸਹਿਣਾ, ਹਰਿ ਨਾਮੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਰੱਤੀ ਰੱਤ ਰਹਿਣ ਨਾ ਪਾਈਆ ।



### * ੧੦ ਮੱਘਰ ੨੦੧੫ ਬਿਕ੍ਰਮੀ ਰਤਨ ਸਿੰਘ ਦੇ ਘਰ ਸ਼ਾਦੀਪੁਰ ਨਵੀਂ ਦਿਲੀ *

ਭਗਤ ਵਛਲ ਆਪ ਗਿਰਧਾਰ, ਏਕਾ ਰੂਪ ਸਮਾਇਆ । ਖੇਲੇ ਖੇਲ ਅਗੰਮ ਅਪਾਰ, ਭੇਵ ਅਭੇਦ ਭੇਵ ਛੁਪਾਇਆ । ਜੁਗ ਜੁਗ ਲੋਕਮਾਤ ਲਏ ਅਵਤਾਰ, ਆਪ ਆਪਣਾ ਖੇਲ ਖਲਾਇਆ । ਹਰਿਜਨ ਸਾਚੇ ਲਏ ਉਭਾਰ, ਰੂਪ ਅਨੂਪ ਦਰਸਾਇਆ । ਫੜ ਫੜ ਬਾਹੋਂ ਲਾਏ ਪਾਰ, ਆਦਿ ਜੁਗਾਦੀ ਭੇਖ ਵਟਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇਆ । ਹਉਮੇ ਰੋਗ ਦਏ ਨਿਵਾਰ, ਮਾਇਆ ਮੋਹ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਭਗਤੀ ਵੇਖ ਵਖਾਇਆ । ਭਗਤਨ ਮੀਤਾ ਹਰਿ ਨਿਰੰਕਾਰ, ਏਕਾ ਜੋਤ ਜਗਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਲੱਖ ਚੁਰਾਸੀ ਫੋਲ ਫੁਲਾਈਆ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਮੇਲ ਮਿਲਾਈਆ । ਰੰਗ ਨਵੇਲੇ ਖੇਲ ਅਪਾਰ, ਅਗੰਮ ਅਗੰਮੜਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਭਗਤਨ ਹਿੱਤ ਪੁਰਖ ਬਿਧਾਤਾ, ਏਕਾ ਏਕੰਕਾਰਿਆ । ਜੁਗ ਜੁਗ ਵੇਖੇ ਜਗਤ ਤਮਾਸ਼ਾ, ਆਵੇ ਜਾਵੇ ਵਾਰੋ ਵਾਰਿਆ । ਮੰਡਲ ਮੰਡਪ ਪਾਵੇ ਰਾਸਾ, ਲੋਆਂ ਪੁਰੀਆਂ ਪਸਰ ਪਸਾਰਿਆ । ਹਰਿਜਨ ਅੰਦਰ ਰੱਖੇ ਵਾਸਾ, ਆਪ ਆਪਣਾ ਰੂਪ ਪਲਟਾ ਰਿਹਾ । ਆਪੇ ਬਣੇ ਸਚ ਭਰਵਾਸਾ, ਆਤਮ ਬ੍ਰਹਮ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਭਗਤ ਭਗਤੀ ਲੇਖੇ ਲਾ ਰਿਹਾ । ਭਗਤਨ ਮੀਤਾ ਪੁਰਖ ਅਕਾਲਾ, ਏਕਾ ਏਕੰਕਾਰਿਆ । ਦੀਨਾ ਬੰਧਪ ਦੀਨ ਦਿਆਲਾ, ਹਰਿ ਸਾਚਾ ਤੋੜਣਹਾਰਾ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾ ਰਿਹਾ । ਕਾਇਆ ਮੰਦਰ ਵੇਖੇ ਸੱਚੀ ਧਰਮਸਾਲਾ, ਦੀਵਾ ਬਾਤੀ ਇਕ ਟਿਕਾ ਰਿਹਾ । ਏਕਾ ਦੇਵੇ ਨਾਮ ਸਚ ਧਨ ਮਾਲਾ, ਜਗਤ ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਸ਼ਬਦ ਪਹਿਨਾਏ ਤਨ ਦੋਸ਼ਾਲਾ, ਦੂਈ ਦਵੈਤੀ ਪਰਦਾ ਲਾਹ ਰਿਹਾ । ਆਪੇ ਸ਼ਾਹ ਆਪੇ ਕੰਗਾਲਾ, ਹਰ ਘਟ ਆਪੇ ਡੇਰਾ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਦਰ, ਦਰ ਸਾਚਾ ਇਕ ਸੁਹਾ ਲਿਆ । ਭਗਤਨ ਰੂਪ ਭਗਤ ਭੰਡਾਰਨ, ਨਾਮ ਨਾਮੇ ਦਰਸਾਈਆ । ਸ਼ਾਹੋ ਭੂਪ ਸੱਚੀ ਸਰਕਾਰਨ, ਹਰਿਜਨ ਵੇਖ ਵਖਾਈਆ । ਮਨਮੁਖਤਾ ਹੋਈ ਜਗਤ ਹੰਕਾਰਨ, ਦੁਰਮਤ

ਮੈਲ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਫਿਰੇ ਭਿਖਾਰਨ, ਹਰਿ ਕਾ ਨਾਮ ਹੱਥ ਨਾ ਆਈਆ । ਗੁਰਮੁਖ ਨਾਰੀ ਸਚ ਵੰਜਾਰਨ, ਦਰ ਸਾਚਾ ਇਕ ਸੁਹਾਈਆ । ਪਾਇਆ ਸ਼ਾਹੋ ਪੁਰਖ ਅਪਾਰਨ, ਪੁਰਖ ਅਕਾਲਾ ਇਕ ਜਣਾਈਆ । ਦੀਨਾਂ ਨਾਥ ਦਏ ਅਧਾਰਨ, ਲੋਕਮਾਤ ਵੱਜੇ ਵਧਾਈਆ । ਕਲਜੁਗ ਅੰਤਮ ਆਇਆ ਕਾਜ ਸਵਾਰਨ, ਲੱਖ ਚੁਰਾਸੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਦਰ, ਦਰ ਸਾਚਾ ਇਕ ਵਖਾਈਆ । ਭਗਤਨ ਮੀਤਾ ਏਕੰਕਾਰ, ਅਕਲ ਕਲਾ ਅਖਵਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰ, ਬ੍ਰਹਿਮੰਡ ਖੰਡ ਜੇਰਜ ਅੰਡ ਵੇਖ ਵਖਾਈਆ । ਨਿਰਗੁਣ ਜੋਤੀ ਕਰ ਉਜਿਆਰ, ਸਰਗੁਣ ਮੇਲਾ ਬੇਪਰਵਾਹੀਆ । ਵੇਖਣਹਾਰ ਅੰਧ ਅੰਧਿਆਰ, ਏਕਾ ਨੂਰ ਕਰੇ ਰੁਸ਼ਨਾਈਆ । ਨਾਤਾ ਤੋੜੇ ਕੂੜ ਕੁੜਿਆਰ, ਗੁਰਮੁਖ ਬੂਝ ਬੁਝਾਈਆ । ਅੰਮ੍ਰਿਤ ਆਤਮ ਉਪਜਾਏ ਠੰਡੀ ਧਾਰ, ਨਿਝਰ ਝਿਰਨਾ ਆਪ ਝਿਰਾਈਆ । ਕਵਲ ਕਵਲਾ ਦਰਸ ਅਪਾਰ, ਨੇਤਰ ਨੈਣਾਂ ਇਕ ਖੁਲ੍ਹਾਈਆ । ਧੁਨੀ ਸ਼ਬਦ ਅਨਾਹਦ ਧਾਰ, ਅਨਹਦ ਤਾਲ ਵਜਾਈਆ । ਪੰਚਮ ਮੀਤਾ ਹੋ ਤਿਆਰ, ਆਪ ਆਪਣਾ ਰੂਪ ਪ੍ਰਗਟਾਈਆ । ਸ਼ਬਦ ਸ਼ਬਦੀ ਖੇਲ ਨਿਆਰ, ਸ਼ਬਦ ਸ਼ਬਦੀ ਡੰਕ ਵਜਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਘਰ, ਘਰ ਮੇਲਾ ਸਹਿਜ ਸੁਭਾਈਆ । ਘਰ ਮੇਲਾ ਹਰਿ ਪਾਇਆ, ਪਰਮ ਪੁਰਖ ਕਰਤਾਰ । ਅਨੰਦ ਮੰਗਲ ਏਕਾ ਗਾਇਆ, ਏਕਾ ਸ਼ਬਦ ਸੱਚੀ ਧੁਨਕਾਰ । ਦਰ ਸਾਚਾ ਇਕ ਖੁਲ੍ਹਾਇਆ, ਪਾਇਆ ਦਰਸ ਰੂਪ ਅਪਾਰ । ਦੂਈ ਦਵੈਤੀ ਪਰਦਾ ਲਾਹਿਆ, ਬਜ਼ਰ ਕਪਾਟੀ ਆਰ ਪਾਰ । ਆਤਮ ਸੇਜਾ ਇਕ ਸੁਹਾਇਆ, ਬੇਐਬ ਬੈਠਾ ਪਰਵਰਦਿਗਾਰ । ਖ਼ਾਕੀ ਖ਼ਾਕ ਲੇਖੇ ਲਾਇਆ, ਖ਼ਾਲਕ ਖ਼ਲਕ ਹੋ ਤਿਆਰ । ਨਾਮ ਨਾਮਾ ਰੰਗ ਰੰਗਾਇਆ, ਕਾਇਆ ਚੋਲੀ ਤਨ ਅਪਾਰ । ਸਚ ਦਮਾਮਾ ਇਕ ਵਜਾਇਆ, ਧੁਨੀ ਨਾਦ ਏਕੰਕਾਰ । ਰੈਣ ਅੰਧੇਰੀ ਸ਼ਾਮਾ ਮੇਟ ਮਿਟਾਇਆ, ਗੁਰਮੁਖ ਸਾਚੇ ਕਰ ਪਿਆਰ । ਅੰਤਰਜਾਮੀ ਵੇਖਣ ਆਇਆ, ਨੇਤਰ ਨੈਣ ਉਘਾੜ । ਧੁਰ ਦਰਬਾਰ ਇਕ ਸੁਹਾਇਆ, ਸਚਖੰਡ ਨਿਵਾਸੀ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਿਖਤ ਲੇਖ ਲੇਖਾ ਦਏ ਲਿਖ, ਨਾ ਸਕੇ ਕੋਈ ਮਿਟਾਇਆ ।

### * ੧੦ ਮੱਘਰ ੨੦੧੫ ਬਿਕ੍ਰਮੀ ਰੇਸ਼ਮ ਸਿੰਘ ਦੇ ਘਰ ਸ਼ਰਨ ਲਾਇਨ ੭ ਮੇਰਠ ਛਾਉਣੀ *

ਹਰੀ ਹਰਿ ਹਰਿ ਨਰਾਇਣ, ਏਕਾ ਰੂਪ ਸਮਾਇਆ । ਵੇਦ ਕਤੇਬ ਸਾਰੇ ਕਹਿਣ, ਭੇਵ ਕਿਸੇ ਨਾ ਪਾਇਆ । ਹਰਿਜਨ ਵਿਰਲਾ ਵੇਖੇ ਸਾਚੇ ਨੈਣ, ਜਿਸ ਜਨ ਆਪਣਾ ਨੈਣ ਖੁਲ੍ਹਾਇਆ । ਆਪ ਚੁਕਾਏ ਲਹਿਣ ਦੇਣ, ਜੁਗ ਜੁਗ ਵੇਸ ਵਟਾਇਆ । ਗੁਰੂ ਗੁਰ ਚੇਲੇ ਏਕਾ ਧਾਮ ਇਕੱਠੇ ਬਹਿਣ, ਥਿਰ ਘਰ ਦਵਾਰਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਥਿਰ ਘਰ ਸਾਚਾ ਹਰਿ ਦਰਬਾਰ, ਨਿਰਗੁਣ ਜੋਤ ਜਗਾਈਆ । ਇਕ ਇਕੱਲਾ ਏਕੰਕਾਰ, ਹਰਿ ਬੈਠਾ ਬੇਪਰਵਾਹੀਆ । ਲੋਆਂ ਪੁਰੀਆਂ ਕਰ ਪਸਾਰ,

ਮੰਡਲ ਮੰਡਪ ਰਿਹਾ ਸੁਹਾਈਆ । ਗਗਨ ਪਤਾਲਾ ਹੋ ਉਜਿਆਰ, ਰਵ ਸਸ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਲੱਖ ਚੁਰਾਸੀ ਰਿਹਾ ਸਮਾਈਆ । ਹਰਿਜਨ ਸਾਚੇ ਪਾਵੇ ਸਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਭਗਤਨ ਭਗਤੀ ਦਏ ਨਾਮ ਭੰਡਾਰ, ਆਪ ਆਪਣੀ ਦਇਆ ਕਮਾਈਆ । ਦਿਵਸ ਰੈਣ ਕਰੇ ਪਿਆਰ, ਏਕਾ ਦਰ ਬੁਝਾਈਆ । ਨੇਤਰ ਨੈਣ ਕਰ ਸ਼ਿੰਗਾਰ, ਦੁਰਮਤ ਮੈਲ ਮਿਟਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਸਾਂਤਕ ਸਤਿ ਕਰਾਈਆ । ਕਰੇ ਖੇਲ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਈਆ । ਸ੍ਰਿਸ਼ਟ ਸਬਾਈ ਯਾਂਝਾ ਯਾਰ, ਦਿਸ ਕਿਸੇ ਨਾ ਆਈਆ । ਕਲਜੁਗ ਅੰਤਮ ਵੇਖੇ ਪਾਰ ਕਿਨਾਰ, ਦੋ ਜਹਾਨਾਂ ਫੇਰਾ ਪਾਈਆ । ਸ਼ਾਹੋ ਭੂਪ ਹਰਿ ਸੁਲਤਾਨ, ਸਾਚਾ ਤਖ਼ਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਲਾਈਆ । ਥਿਰ ਘਰ ਸਾਚਾ ਸਚ ਮਹੱਲਾ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਬੈਠਾ ਇਕ ਇਕੱਲਾ, ਲੱਖ ਚੁਰਾਸੀ ਵੇਖ ਵਖਾਈਆ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਵੇਖ ਵਖਾਈਆ । ਗੁਰਮੁਖ ਵਿਰਲੇ ਆਪ ਫੜਾਏ ਆਪਣਾ ਪੱਲਾ, ਆਪ ਆਪਣੇ ਅੰਕ ਸਮਾਈਆ । ਜੋਤੀ ਸ਼ਬਦੀ ਆਪੇ ਰਲਾ, ਪਵਨੀ ਪਵਣ ਚਲਾਈਆ । ਦੀਪਕ ਜੋਤੀ ਆਪੇ ਬਲਾ, ਬਾਤੀ ਤੇਲ ਨਾ ਕੋਈ ਵਖਾਈਆ । ਹਰਿਜਨ ਮੇਟੇ ਦੂਈ ਦਵੈਤੀ ਸਲਾ, ਏਕਾ ਬ੍ਰਹਮ ਜਣਾਈਆ । ਨਾਮ ਫੜੇ ਸਾਚਾ ਭੱਲਾ, ਪੰਜ ਚੋਰ ਰਹੇ ਸ਼ਰਮਾਈਆ । ਸਚ ਸਿੰਘਾਸਣ ਆਤਮ ਦਰ ਗ਼ਰੀਬ ਨਿਵਾਜਾ ਆਪੇ ਖਲਾ, ਦੇਵੇ ਦਰਸ ਅਗੰਮ ਅਥਾਹੀਆ । ਇਕ ਸੁਹਾਏ ਨਿਹਚਲ ਧਾਮ ਅਟੱਲਾ, ਦਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਈਆ । ਥਿਰ ਘਰ ਸੱਚਾ ਹਰਿ ਸਿਕਦਾਰ, ਏਕਾ ਏਕੰਕਾਰਿਆ । ਆਦਿ ਜੁਗਾਦੀ ਖੇਲ ਅਪਾਰ, ਲੇਖਾ ਲਿਖਤ ਵਿਚ ਨਾ ਆ ਰਿਹਾ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਖੜੇ ਦਵਾਰ, ਗੁਰ ਪੀਰ ਅਵਤਾਰ ਸੀਸ ਝੁਕਾ ਰਿਹਾ । ਸਾਧ ਸੰਤ ਢਹਿ ਢਹਿ ਪੈਣ ਦਵਾਰ, ਚਰਨ ਦਵਾਰ ਇਕ ਵਖਾ ਰਿਹਾ । ਹਰਿਜਨ ਸਾਜਣ ਮੀਤ ਮੁਰਾਰ, ਰਸਨਾ ਜਿਹਵਾ ਹਰਿ ਹਰਿ ਗਾ ਰਿਹਾ । ਗੁਰਮੁਖ ਸਾਚਾ ਖ਼ਬਰਦਾਰ, ਸੋਇਆ ਮਾਤ ਆਪ ਉਠਾ ਰਿਹਾ । ਚਾਰ ਵਰਨਾਂ ਸਾਚਾ ਯਾਰ, ਸਤਿਗੁਰ ਪੂਰਾ ਸ਼ਬਦ ਉਪਾ ਰਿਹਾ । ਵਰਨਾਂ ਬਰਨਾਂ ਵਸੇ ਬਾਹਿਰ, ਜ਼ਾਤ ਅਜ਼ਾਤੀ ਨਾਉਂ ਰਖਾ ਰਿਹਾ । ਕਰਮ ਧਰਮ ਨਾ ਕੋਈ ਵਿਚਾਰ, ਮਾਨਸ ਜਨਮ ਵੇਖ ਵਖਾ ਲਿਆ । ਆਤਮ ਬ੍ਰਹਮ ਹੋ ਉਜਿਆਰ, ਪਾਰਬ੍ਰਹਮ ਰੂਪ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾ ਲਿਆ । ਥਿਰ ਘਰ ਵਾਸਾ ਹਰਿ ਬ੍ਰਹਿਮੰਡ, ਜੋਤੀ ਜੋਤ ਰੁਸ਼ਨਾਈਆ । ਆਪੇ ਵਸਿਆ ਜੇਰਜ ਅੰਡ, ਉਤਭੁਜ ਸੇਤਜ ਡੇਰਾ ਲਾਈਆ । ਆਪੇ ਖੇਲੇ ਖੇਲ ਵਿਚ ਵਰਭੰਡ, ਲੱਖ ਚੁਰਾਸੀ ਬਣਤ ਬਣਾਈਆ । ਆਪੇ ਕਰਣਹਾਰਾ ਖੰਡ ਖੰਡ, ਨਾਮ ਖੰਡਾ ਹੱਥ ਉਠਾਈਆ । ਤੋੜਣਹਾਰਾ ਆਪ ਘਮੰਡ, ਰਾਜ ਰਾਜਾਨ ਸ਼ਾਹ ਸੁਲਤਾਨ ਵੇਖੇ ਝੂਠੀ ਛਾਹੀਆ । ਗੁਰਮੁਖਾਂ ਨਾਮ ਦੇਵੇ ਵੰਡ, ਧੁਰਦਰਗਾਹੀ ਸਾਚੀ ਦਾਤ ਇਕ ਵਖਾਈਆ । ਮਨਮੁਖਾਂ ਸਿਰ ਉਠਾਈ ਜੂਠੀ ਝੂਠੀ ਪੰਡ, ਚਾਰੋਂ ਕੁੰਟ ਰਹੇ ਕੁਰਲਾਈਆ । ਸਾਧ ਸੰਤ ਪਾਇਨ ਡੰਡ, ਆਤਮ ਅੰਤਰ ਨਾ ਕੋਈ ਵਖਾਈਆ । ਸਤਿ ਸੰਤੋਖ ਨੰਗੀ ਹੋਈ ਕੰਡ, ਧੀਰਜ ਯਤ ਨਾ ਕੋਈ ਜਣਾਈਆ । ਸੁਰਤ ਸਵਾਣੀ ਨਾਰ ਦੁਹਾਗਣ ਰੰਡ, ਹਰਿ ਕੰਤ ਨਾ ਕੋਈ ਹੰਢਾਈਆ । ਦਹਿ ਦਿਸ਼ਾ ਵੇਖੇ ਭੇਖ ਪਖੰਡ, ਹਰਿ ਜੋਤੀ ਨੂਰ ਰੁਸ਼ਨਾਈਆ । ਆਪ ਆਪਣੀ ਜਾਣੇ ਵੰਡ, ਨੌਂ ਖੰਡ

ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਥਿਰ ਘਰ ਸਾਚਾ ਹਰਿ ਨਿਰੰਕਾਰ, ਏਕਾ ਏਕ ਸਮਾਇਆ । ਆਦਿ ਜੁਗਾਦੀ ਲਏ ਅਵਤਾਰ, ਲੋਕਮਾਤ ਫੇਰਾ ਪਾਇਆ । ਸ਼ਬਦ ਅਨਾਦੀ ਇਕ ਧੁਨਕਾਰ, ਸ਼ਬਦ ਤਾਲ ਵਜਾਇਆ । ਨਾਮ ਬੈਰਾਗੀ ਖ਼ਬਰਦਾਰ, ਕੰਤ ਸੁਹਾਗੀ ਵੇਖ ਵਖਾਇਆ । ਆਤਮ ਸਾਧੀ ਕਰ ਉਜਿਆਰ, ਹਰਿਜਨ ਲਏ ਉਪਾਇਆ । ਬੋਧ ਅਗਾਧੀ ਸ਼ਬਦ ਅਪਾਰ, ਏਕਾ ਡੰਕਾ ਰਿਹਾ ਵਜਾਇਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਉਪਾਇਆ । ਥਿਰ ਘਰ ਰੂਪ ਹਰਿ ਅਵੱਲਾ, ਏਕਾ ਜੋਤ ਜਗਾਈਆ । ਏਕਾ ਬੈਠਾ ਧਾਮ ਇਕੱਲਾ, ਦੂਸਰ ਸੰਗ ਨਾ ਕੋਈ ਰਖਾਈਆ । ਸਚ ਸਿੰਘਾਸਣ ਆਪੇ ਮੱਲਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਹਰਿ ਹਰਿ ਖੇਲ, ਆਦਿ ਅੰਤ ਕਰਾਇਆ । ਹਰਿ ਭਗਤ ਕਰਾਏ ਸਾਚਾ ਮੇਲ, ਨਿਤ ਨਵਿਤ ਵੇਖ ਵਖਾਇਆ । ਦੀਵਾ ਬਾਤੀ ਏਕਾ ਤੇਲ, ਨਿਰਗੁਣ ਸਰਗੁਣ ਲਏ ਜਗਾਇਆ । ਕੱਟਣਹਾਰਾ ਧਰਮ ਰਾਏ ਦੀ ਜੇਲ, ਲੱਖ ਚੁਰਾਸੀ ਫੰਦ ਕਟਾਇਆ । ਦੋ ਜਹਾਨਾਂ ਸੱਜਣ ਸੁਹੇਲ, ਆਦਿ ਜੁਗਾਦੀ ਵੇਸ ਵਟਾਇਆ । ਆਪੇ ਵਸਿਆ ਰੰਗ ਨਵੇਲ, ਹਰ ਘਟ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਰੂਪ ਸਮਾਇਆ । ਉਚ ਅਗੰਮ ਅਥਾਹ, ਹਰਿ ਨਿਰੰਕਾਰਿਆ । ਆਦਿ ਜੁਗਾਦੀ ਬੇਪਰਵਾਹ, ਲੇਖਾ ਲਿਖਤ ਵਿਚ ਨਾ ਆਇਆ । ਆਪੇ ਜਾਣੇ ਆਪਣਾ ਰਾਹ, ਜੁਗ ਜੁਗ ਮਾਰਗ ਲਾਇਆ । ਆਪ ਆਪਣਾ ਨਾਉਂ ਧਰਾ, ਵੇਸ ਅਨੇਕਾ ਰੂਪ ਵਟਾਇਆ । ਆਪ ਆਪਣਾ ਸੁਹਾਏ ਥਾਂ, ਬੰਕ ਦਵਾਰੀ ਫੇਰਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਸੀ ਪੁਰੀ ਘਨਕ, ਆਪ ਆਪਣਾ ਭੇਵ ਖੁਲ੍ਹਾ ਰਿਹਾ । ਥਿਰ ਘਰ ਵਾਸਾ ਹਰਿ ਨਿਰੰਕਾਰ, ਪੁਰਖ ਪੁਰਖੋਤਮ ਵੰਡ ਵੰਡਾਈਆ । ਪੰਜ ਤਤ ਨਾ ਕੋਈ ਅਕਾਰ, ਰਕਤ ਬੂੰਦ ਨਾ ਮੇਲ ਮਿਲਾਈਆ । ਮਾਤ ਪਿਤਾ ਨਾ ਕੋਈ ਅਧਾਰ, ਬਾਲਕ ਸੁਤ ਨਾ ਗੋਦ ਉਠਾਈਆ । ਏਕਾ ਜੋਤੀ ਨੂਰ ਉਜਿਆਰ, ਜੋਤੀ ਜੋਤ ਜਗਾਈਆ । ਪੁਰਖ ਅਕਾਲਾ ਮੀਤ ਮੁਰਾਰ, ਆਦਿ ਸ਼ਕਤ ਸੇਵ ਕਮਾਈਆ । ਸੱਜਣ ਸੁਹੇਲਾ ਕਰ ਪਿਆਰ, ਆਪਣੀ ਸੇਜਾ ਰਿਹਾ ਸੁਹਾਈਆ । ਏਕਾ ਸੇਜਾ ਖੇਲ ਅਪਾਰ, ਰੂਪ ਰੰਗ ਨਾ ਕੋਈ ਜਣਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਨਾਉਂ ਧਰਾਈਆ । ਆਪ ਆਪਣਾ ਕਰ ਉਜਿਆਰ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਈਆ । ਸਚਖੰਡ ਹਰਿ ਪ੍ਰਵੇਸ਼, ਜੋਤੀ ਜੋਤ ਸਮਾਇੰਦਾ । ਆਦਿ ਪੁਰਖ ਸਦਾ ਆਦੇਸ, ਨਿਰਗੁਣ ਧਾਰ ਸਮਾਇੰਦਾ । ਏਕੰਕਾਰ ਨਰ ਨਰੇਸ਼, ਨਿਰਵੈਰ ਨਾਉਂ ਧਰਾਇੰਦਾ । ਲੋਆਂ ਪੁਰੀਆਂ ਰਹੇ ਹਮੇਸ਼, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਦੀਨ ਦਿਆਲ ਸੁਹਾਏ ਸੀਸ , ਜੋਤ ਅਕਾਲਾ ਵੇਸ ਵਟਾਇੰਦਾ । ਸਰਬ ਜੀਆਂ ਕਰੇ ਪ੍ਰਿਤਪਾਲਾ ਮਾਝੇ ਦੇਸ, ਵੇਸ ਅਵੇਸਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸੁੱਤਾ ਵਿਸ਼ਨੂੰ ਬਾਸ਼ਕ ਸੇਜ, ਪੰਜ ਤਤ ਸੇਜਾ ਆਪ ਹੰਢਾਇੰਦਾ । ਪੰਜ ਤਤ ਸੇਜਾ ਹਰਿ ਕਾਇਆ ਗੜ੍ਹ ਸੁਹਾਇਆ । ਨਿਰਗੁਣ ਜੋਤੀ ਕਰ ਉਜਿਆਰ, ਦੀਵਾ ਬਾਤੀ ਇਕ ਵਖਾਇਆ । ਕਮਲਾਪਾਤੀ ਖੇਲ ਅਪਾਰ, ਨੇਤਰ ਨੈਣਾਂ ਇਕ ਖੁਲ੍ਹਾਇਆ । ਨਾਮ ਨੂਰਾਨੀ


੮੭੨
੦੨

ਸੋਹੇ ਦਵਾਰ, ਨੂਰੋ ਨੂਰ ਦਰਸਾਇਆ । ਮਹਾਂਸਾਰਥੀ ਖ਼ਬਰਦਾਰ, ਰਥ ਰਥਵਾਹੀ ਇਕ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਇਕ ਸੁਹਾਇਆ । ਆਤਮ ਸੇਜਾ ਹਰਿ ਸਿੰਘਾਸਣ, ਹਰਿਜਨ ਜੋਤ ਜਗਾਈਆ । ਮੇਲ ਮਿਲਾਵਾ ਪੁਰਖ ਅਬਿਨਾਸ਼ਣ, ਵਿਛੜ ਕਦੇ ਨਾ ਜਾਈਆ । ਦਰ ਦਵਾਰੇ ਦਾਸੀ ਦਾਸਣ, ਦਰ ਦਰ ਆਪਣਾ ਰਖਾਈਆ । ਪੂਰੀ ਕਰਨਹਾਰਾ ਆਸਨ, ਆਸਨ ਆਸਾ ਇਕ ਹੋ ਜਾਈਆ । ਨਿਝ ਘਰ ਆਤਮ ਰੱਖੇ ਵਾਸਨ, ਦਿਸ ਕਿਸੇ ਨਾ ਆਈਆ । ਸ਼ਾਹੋ ਭੂਪ ਸ਼ਾਹੋ ਸ਼ਬਾਸ਼ਣ, ਸਚ ਸੁਲਤਾਨਾ ਵੇਸ ਵਟਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਨ, ਗਗਨ ਪਤਾਲਾਂ ਫੇਰਾ ਪਾਈਆ । ਸਚ ਮਹੱਲੇ ਸਾਚੀ ਰਾਸਨ, ਹਰਿਜਨ ਕਾਇਆ ਆਪ ਵਖਾਈਆ । ਲਹਿਣਾ ਦੇਣਾ ਚੁਕਾਏ ਦਸ ਦਸ ਮਾਸਨ, ਮਾਤ ਗਰਭ ਫੇਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅਗੰਮ ਅਥਾਹ ਬੇਪਰਵਾਹ ਥਿਰ ਘਰ ਵਸੇ ਪੁਰਖ ਅਬਿਨਾਸ਼, ਇਕ ਇਕੱਲਾ ਏਕੰਕਾਰ ਕਰ ਪਸਾਰ, ਪੰਜ ਤਤ ਡੇਰਾ ਲਾਈਆ । ਪੰਜ ਤਤ ਹਰਿ ਜੋਤ ਉਜਾਲਾ, ਨੂਰੋ ਨੂਰ ਸਮਾਇਆ । ਖੇਲੇ ਖੇਲ ਜਗਤ ਨਿਰਾਲਾ, ਵੇਦ ਕਤੇਬ ਭੇਵ ਨਾ ਰਾਇਆ । ਆਦਿ ਸ਼ਕਤ ਜਗਤ ਜਵਾਲਾ, ਆਦਿ ਨਿਰੰਜਣ ਨਾਉਂ ਧਰਾਇਆ । ਸਰਬ ਜੀਆਂ ਕਰੇ ਪ੍ਰਿਤਪਾਲਾ, ਥਿਰ ਘਰ ਬੈਠਾ ਆਸਣ ਲਾਇਆ । ਕਾਇਆ ਮੰਦਰ ਸੱਚੀ ਧਰਮਸਾਲਾ, ਏਕਾ ਸ਼ਬਦ ਉਪਾਇਆ । ਅਨਹਦ ਵੱਜੇ ਸਾਚਾ ਤਾਲਾ, ਧੁਨ ਆਤਮਕ ਆਪ ਵਜਾਇਆ । ਸਤਿ ਸੰਤੋਖੀ ਦੇਵੇ ਮਾਲਾ, ਗੁਰਮੁਖਾਂ ਤਨ ਪਹਿਨਾਇਆ । ਤੋੜਣਹਾਰਾ ਜਗਤ ਜੰਜਾਲਾ, ਕਾਲ ਮਹਾਂਕਾਲ ਨੇੜ ਨਾ ਆਇਆ । ਦਿਵਸ ਰੈਣ ਹੋਏ ਰਖਵਾਲਾ, ਅੱਠੇ ਪਹਿਰ ਸੇਵ ਕਮਾਇਆ । ਤੋੜਣਹਾਰਾ ਜਗਤ ਜੰਜਾਲਾ, ਹਰਿਜਨ ਸਾਚੇ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਧਾਰ ਬੰਧਾਇਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਹਰਿ ਆਪ ਚਲਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਸਤਿ ਵਸਤ ਵਿਖਾਈਆ । ਚਾਰ ਵਰਨ ਹੋਏ ਉਜਿਆਰ, ਏਕਾ ਜੋਤ ਕਰੇ ਰੁਸ਼ਨਾਈਆ । ਸ਼ਾਹ ਸੁਲਤਾਨ ਦਰ ਭਿਖਾਰ, ਦਰ ਦਰਵੇਸ਼ ਭੇਵ ਨਾ ਰਾਈਆ । ਹਰਿਜਨ ਸਾਚੇ ਲਏ ਉਭਾਰ, ਧੁਰ ਮਸਤਕ ਵੇਖ ਵਖਾਈਆ । ਜੋਤ ਨਿਰੰਜਣ ਕਰ ਉਜਿਆਰ, ਆਦਿ ਨਿਰੰਜਣ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਅਪਣਾ ਅੰਕ ਸਮਾਈਆ । ਆਪਣੇ ਰੰਗ ਹਰਿ ਰੰਗ ਰਾਤਾ, ਰੰਗਣ ਰੰਗ ਅਪਾਰਿਆ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਖੇਲੇ ਖੇਲ ਅਗੰਮ ਅਪਾਰਿਆ । ਚਾਰ ਕੁੰਟ ਵੇਖ ਰੈਣ ਅੰਧੇਰੀ ਰਾਤਾ, ਨਿਰਗੁਣ ਜੋਤ ਕਰੇ ਉਜਿਆਰਿਆ । ਹਰਿਜਨ ਦੇਵੇ ਸਾਚੀ ਦਾਤਾ, ਨਾਮ ਸਤਿ ਦਵਾਰੇ ਆਪ ਵਰਤਾ ਰਿਹਾ । ਸ਼ਬਦ ਜਣਾਈ ਸਾਚੀ ਗਾਥਾ, ਜਿਸ ਪੁਰਖ ਨਿਰੰਜਣ ਆਪ ਉਪਾ ਰਿਹਾ । ਮੇਲ ਮਿਲਾਵਾ ਤ੍ਰਲੋਕੀ ਨਾਥਾ, ਤ੍ਰੈਗੁਣ ਬੰਧਨ ਤੁੜਾ ਰਿਹਾ । ਲਹਿਣਾ ਦੇਣਾ ਚੁਕਾਵੇ ਮਸਤਕ ਮਾਥਾ, ਪੂਰਬ ਝੋਲੀ ਪਾ ਰਿਹਾ । ਆਪ ਨਿਭਾਏ ਸਗਲਾ ਸਾਥਾ, ਦੋ ਜਹਾਨਾਂ ਵੇਖ ਵਖਾ ਰਿਹਾ । ਨਾਮ ਚਲਾਏ ਸਾਚਾ ਰਾਥਾ, ਸੋਹੰ ਨਾਉਂ ਧਰਾ ਰਿਹਾ । ਏਕਾ ਸ਼ਬਦ ਏਕਾ ਪੂਜਾ ਪਾਠਾ, ਚਾਰ ਵਰਨਾਂ ਆਪ ਜਣਾ ਰਿਹਾ । ਅੰਮ੍ਰਿਤ ਸਰੋਵਰ ਮਾਰੇ ਠਾਠਾ, ਕਵਲ ਨਾਭ ਆਪ ਉਲਟਾ ਰਿਹਾ । ਬਜ਼ਰ ਕਪਾਟੀ ਖੋਲ੍ਹ ਗਾਠਾ, ਦੂਈ ਦਵੈਤੀ ਕੁੰਡਾ ਲਾਹ ਰਿਹਾ । ਦਸਮ ਦੁਆਰੇ ਆਏ ਨਾਠਾ, ਬੰਕ ਦੁਆਰਾ ਇਕ ਸੁਹਾ ਰਿਹਾ । ਲਹਿਣਾ ਦੇਣਾ ਚੁਕਾਏ ਤੀਰਥ ਅਠ ਸਾਠਾ, ਗੰਗਾ ਗੋਦਾਵਰੀ

ਵੇਖ ਵਖਾ ਰਿਹਾ । ਗੇੜਣਹਾਰਾ ਉਲਟੀ ਲਾਠਾ, ਮਨ ਮਨੂਆ ਆਪ ਫਿਰਾ ਰਿਹਾ । ਮਤ ਮਤਵਾਲੀ ਨਾ ਉਠਾਏ ਘਾਟਾ, ਬੁੱਧ ਬਬੇਕੀ ਆਪ ਜਣਾ ਰਿਹਾ । ਜੋਤੀ ਨੂਰ ਇਕ ਲਲਾਟਾ, ਸਤਿ ਸਤਿ ਆਪ ਵਖਾ ਰਿਹਾ । ਲਹਿਣਾ ਦੇਣਾ ਚੁਕਾਏ ਚੌਦਾਂ ਹਾਟਾ, ਚੌਦਾਂ ਲੋਕ ਫੇਰਾ ਪਾ ਰਿਹਾ । ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਸਵਾਂਗ ਆਪ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਉਪਾ ਰਿਹਾ । ਏਕਾ ਨੂਰ ਹਰਿ ਗੋਬਿੰਦ, ਸਤਿਗੁਰ ਰੂਪ ਸਮਾਇਆ । ਹਰਿਜਨ ਮੇਟੇ ਸਗਲੀ ਚਿੰਦ, ਚਿੰਤਾ ਰੋਗ ਰਹੇ ਨਾ ਰਾਇਆ । ਗਹਿਰ ਗੰਭੀਰ ਸਾਗਰ ਸਿੰਧ, ਆਪ ਆਪਣਾ ਭੇਵ ਛੁਪਾਇਆ । ਹਰਿਜਨ ਉਪਜਾਏ ਸਾਚੀ ਬਿੰਦ, ਪੂਤ ਸਪੂਤਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਏਕਾ ਰੰਗ ਰੰਗਾਇਆ ।

## ✻ ੧੧ ਮੱਘਰ ੨੦੧੫ ਬਿਕ੍ਰਮੀ ਲਾਲ ਸਿੰਘ ਦੇ ਘਰ ਰੁੜਕੀ ਸ਼ਹਿਰ ✻

ਨੇੜਨ ਨੇੜ ਡੂੰਘਾ ਸਾਗਰ, ਹਰਿ ਹਰਿ ਤਾਲ ਸੁਹਾਇਆ । ਅੰਮ੍ਰਿਤ ਆਤਮ ਕਾਇਆ ਗਾਗਰ, ਪੁਰਖ ਅਬਿਨਾਸ਼ੀ ਆਪ ਭਰਾਇਆ । ਨਿਰਮਲ ਕਰਮ ਕਰੇ ਉਜਾਗਰ, ਹਰਿਜਨ ਸਾਚੇ ਵੇਖ ਵਖਾਇਆ । ਇਕ ਬਣਾਏ ਨਾਮ ਸੌਦਾਗਰ, ਸਾਚਾ ਵਣਜ ਇਕ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਆਤਮ ਅੰਤਰ ਸਾਚਾ ਨੀਰ, ਹਰਿ ਹਰਿ ਆਪ ਉਪਾਇਆ । ਗੁਰਮੁਖਾਂ ਲਾਏ ਬਿਰਹੋਂ ਤੀਰ, ਸ਼ਬਦ ਨਿਰਾਲਾ ਇਕ ਲਗਾਈਆ । ਬਜ਼ਰ ਕਪਾਟੀ ਰਿਹਾ ਚੀਰ, ਦੂਈ ਦਵੈਤੀ ਮੇਟ ਮਿਟਾਇਆ । ਹਉਮੇ ਹੰਗਤਾ ਕੱਢੇ ਪੀੜ, ਏਕਾ ਰੰਗਣ ਨਾਮ ਰੰਗਾਇਆ । ਏਕਾ ਧਾਮ ਵਿਖਾਏ ਹਸਤ ਕੀਟ, ਊਚ ਨੀਚ ਇਕ ਜਣਾਇਆ । ਸੰਤ ਸੁਹੇਲਾ ਬੰਨਣਹਾਰਾ ਬੀੜ, ਏਕੰਕਾਰਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇਆ । ਆਤਮ ਅੰਤਰ ਸਾਚਾ ਰਸ, ਹਰਿਜਨ ਹਰਿ ਭਰਾਇਆ । ਹਿਰਦੇ ਅੰਦਰ ਆਪੇ ਵਸ, ਆਪ ਆਪਣਾ ਗਿਆਨ ਦ੍ਰਿੜਾਇਆ । ਦਰ ਦਵਾਰਾ ਵੇਖੇ ਨੱਸ ਨੱਸ, ਆਪ ਆਪਣਾ ਮੰਦਰ ਖੋਜ ਖੁਜਾਇਆ । ਕੋਟਨ ਕੋਟ ਕਰੇ ਪ੍ਰਕਾਸ਼ ਰਵ ਸਸ, ਜਗਤ ਅੰਧ ਅੰਧੇਰ ਗਵਾਇਆ । ਅਲੱਖ ਨਿਰੰਜਣ ਏਕਾ ਰਾਹ ਸਾਚਾ ਦੱਸ, ਏਕਾ ਮਾਰਗ ਰਿਹਾ ਵਖਾਇਆ । ਪੰਚ ਵਿਕਾਰਾ ਦੇਵੇ ਝੱਸ, ਦੁਰਮਤ ਮੈਲ ਮਿਟਾਇਆ । ਦਰਸ ਦਖਾਏ ਹੱਸ ਹੱਸ, ਸਚ ਦਵਾਰੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਇਆ । ਆਤਮ ਅੰਤਰ ਸਾਚਾ ਮੀਤ, ਹਰਿਜਨ ਮੇਲ ਮਿਲਾਈਆ । ਸ਼ਬਦ ਸੁਣਾਏ ਸੁਹਾਗੀ ਗੀਤ, ਅਨਹਦ ਤਾਲ ਵਜਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਣ ਨਾਉਂ ਧਰਾਈਆ । ਆਦਿ ਜੁਗਾਦੀ ਠਾਂਡਾ ਸੀਤ, ਅਕਲ ਕਲਾ ਅਖਵਾਈਆ । ਹਰਿਜਨ ਵਸੇ ਆਪੇ ਚੀਤ, ਆਪ ਆਪਣੀ ਬੂਝ ਬੁਝਾਈਆ । ਜੁਗ ਜੁਗ ਚਲੇ ਅਵੱਲੜੀ ਰੀਤ, ਚਾਲ ਨਿਰਾਲੀ ਇਕ ਵਖਾਈਆ । ਨਾ ਕੋਈ ਮੰਦਰ ਮਸਜਿਦ ਦਿਸੇ ਮਸੀਤ, ਕਾਇਆ ਮਾਤ ਇਕ ਸੁਹਾਈਆ । ਵਸੇ ਧਾਮ ਜਗਤ ਅਨਡੀਠ,

ਦੋਏ ਲੋਚਣ ਦਿਸ ਨਾ ਆਈਆ । ਅਬਿਨਾਸ਼ੀ ਕਰਤਾ ਆਪੇ ਸੁੱਤਾ ਦੇ ਕਰ ਪੀਠ, ਮਨਮੁਖਾਂ ਮੁਖ ਛੁਪਾਈਆ । ਗੁਰਮੁਖ ਸਾਚੇ ਅੰਮ੍ਰਿਤ ਆਤਮ ਸਾਚਾ ਫਲ ਸ਼ਬਦੀ ਸ਼ਬਦ ਖਵਾਏ ਮੀਠ, ਆਪ ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਵੇਖ ਘਰ, ਘਰ ਮੇਲਾ ਸਹਿਜ ਸੁਭਾਈਆ । ਆਤਮ ਅੰਤਰ ਸ਼ਬਦ ਉਛਾਲ, ਹਰਿ ਹਰਿ ਆਪ ਲਗਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਧਨ ਖ਼ਜ਼ਾਨਾ ਇਕ ਵਖਾਇੰਦਾ । ਚਰਨ ਪ੍ਰੀਤੀ ਨਿਭੇ ਨਾਲ, ਨਾ ਕੋਈ ਤੋੜ ਤੁੜਾਇੰਦਾ । ਦੋ ਜਹਾਨਾਂ ਕਰੇ ਪ੍ਰਿਤਪਾਲ, ਘਰ ਸਾਗਰ ਪਾਰ ਕਰਾਇੰਦਾ । ਮੇਟ ਮਿਟਾਏ ਕਾਲ ਮਹਾਂਕਾਲ, ਧਰਮ ਰਾਏ ਨਾ ਦਰ ਵਖਾਇੰਦਾ । ਲੱਖ ਚੁਰਾਸੀ ਕੱਟ ਜੰਜਾਲ, ਸਚ ਦਵਾਰੇ ਇਕ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ, ਅੰਤਰ ਆਤਮ ਬ੍ਰਹਮ ਜਣਾਇੰਦਾ । ਅੰਤਰ ਆਤਮ ਬ੍ਰਹਮ ਗਿਆਨ, ਹਰਿਜਨ ਬੂਝ ਬੁਝਾਈਆ । ਸ਼ਬਦੀ ਸ਼ਬਦ ਸਚ ਨਿਸ਼ਾਨ, ਘਰ ਮੰਦਰ ਆਪ ਸੁਹਾਈਆ । ਧੁਨੀ ਨਾਦ ਇਕ ਮਹਾਨ, ਅਨਹਦ ਸੇਵ ਲਾਈਆ । ਪੰਚਮ ਗਾਇਨ ਦਰ ਪ੍ਰਵਾਨ, ਪੰਚਮ ਵੇਖ ਵਖਾਈਆ । ਤੀਜਾ ਨੇਤਰ ਇਕ ਪਛਾਣ, ਗੁਰਮੁਖ ਵੇਖ ਵਖਾਈਆ । ਆਤਮ ਸੇਜਾ ਹੋ ਪਰਧਾਨ, ਹਰਿ ਬੈਠਾ ਬੇਪਰਵਾਹੀਆ । ਸ਼ਬਦ ਸਿੰਘਾਸਣ ਇਕ ਮਹਾਨ, ਪਾਵਾ ਚੂਲ ਨਾ ਕੋਈ ਰਖਾਈਆ । ਸੁਰਤੀ ਸ਼ਬਦ ਏਕਾ ਦਾਨ, ਏਕਾ ਬੰਕ ਸੁਹਾਈਆ । ਏਕਾ ਰਾਗ ਸੁਣਾਏ ਕਾਨ, ਲਿਖਣ ਪੜ੍ਹਣ ਵਿਚ ਨਾ ਆਈਆ । ਸਰਬ ਜੀਆਂ ਘਟ ਜਾਣੀ ਜਾਣ, ਘਟ ਮੰਦਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਉਚ ਮਹੱਲ ਅਟੱਲ ਮਿਨਾਰ, ਇਕ ਇਕੱਲਾ ਏਕੰਕਾਰ, ਆਦਿ ਪੁਰਖ ਜੋਤ ਜਗਾਈਆ । ਜੋਤ ਉਜਾਲਾ ਹਰਿ ਗੋਪਾਲਾ, ਏਕਾ ਏਕੰਕਾਰਿਆ । ਜੁਗ ਜੁਗ ਖੇਲੇ ਖੇਲ ਨਿਰਾਲਾ, ਆਦਿ ਅੰਤ ਗੁਰ ਅਵਤਾਰਿਆ । ਗੁਰਮੁਖਾਂ ਵਖਾਏ ਕਾਇਆ ਧਰਮ ਸੱਚੀ ਧਰਮਸਾਲਾ, ਜੋਤ ਨਿਰੰਜਣ ਦੀਪ ਜਗਾ ਰਿਹਾ । ਤਨ ਪਹਿਨਾਏ ਫੂਲਣ ਮਾਲਾ, ਨਾਮ ਮਣਕਾ ਮਨ ਫਿਰਾ ਰਿਹਾ । ਸ਼ਬਦੀ ਸ਼ਬਦ ਵਜਾਏ ਸਾਚਾ ਤਾਲਾ, ਤਾਲ ਤਲਵਾੜਾ ਇਕ ਵਖਾ ਰਿਹਾ । ਅਗੰਮ ਅਗੰਮੜਾ ਸੁਹਾਏ ਅਖਾੜਾ, ਅਗੰਮ ਅਗੰਮੜਾ ਧਾਮ ਲਗਾ ਲਿਆ । ਹੱਡ ਮਾਸ ਨਾੜੀ ਚੰਮੜਾ ਤੋੜ ਜੰਜਾਲਾ, ਮਨ ਮਤ ਬੁੱਧ ਮੋਹ ਚੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਨੇਤਰ ਲੋਚਣ ਇਕ ਖੁਲ੍ਹਾ ਲਿਆ । ਨੇਤਰ ਲੋਚਣ ਹਰਿਜਨ ਖੋਲ੍ਹ, ਏਕਾ ਏਕ ਦਰਸਾਈਆ । ਸ਼ਬਦ ਅਗੰਮੀ ਆਪੇ ਬੋਲ, ਆਤਮ ਬ੍ਰਹਮ ਸਮਾਈਆ । ਤੋਲਣਹਾਰਾ ਪੂਰੇ ਤੋਲ, ਨਾਮ ਕੰਡਾ ਹੱਥ ਉਠਾਈਆ । ਬ੍ਰਹਿਮੰਡ ਖੰਡ ਜੇਰਜ ਅੰਡ, ਉਤਭੁਜ ਸੇਤਜ ਲੱਖ ਚੁਰਾਸੀ ਵਜਾਏ ਢੋਲ, ਨਾਮ ਨਗਾਰਾ ਇਕ ਉਠਾਈਆ । ਭਗਤਨ ਮੀਤਾ ਸਦ ਵਸੇ ਕੋਲ, ਦਿਵਸ ਰੈਣ ਨਾ ਕੋਈ ਜਣਾਈਆ । ਮਨਮੁਖ ਜੀਵ ਰਹੇ ਅਨਭੋਲ, ਹਰਿ ਕਾ ਭੇਵ ਕੋਇ ਨਾ ਪਾਈਆ । ਪੰਚ ਵਿਕਾਰਾ ਰਚਿਆ ਘੋਲ, ਮਨ ਮਤ ਜਗਤ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਘਰ ਮੰਦਰ ਇਕ ਸੁਹਾਈਆ । ਮੰਦਰ ਘਰ ਉਚ ਮਹੱਲਾ, ਹਰਿ ਹਰਿ ਜੋਤ ਜਗਾਈਆ । ਪੁਰਖ ਅਬਿਨਾਸ਼ੀ ਬੈਠ ਇਕੱਲਾ, ਘਰ ਘਰ ਰਿਹਾ ਸਮਾਈਆ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਭੇਵ ਕੋਇ ਨਾ ਪਾਈਆ । ਵੇਖਣਹਾਰਾ ਜਲਾ ਥਲਾਂ, ਜਗਤ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਈਆ । ਗੁਰਮੁਖ ਜੋਤੀ ਆਪੇ ਬਲਾ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਆਤਮ

ਸੇਜਾ ਸਚ ਸਿੰਘਾਸਣ ਮਲਾ, ਨਿਰਗੁਣ ਬੈਠਾ ਬੇਪਰਵਾਹੀਆ । ਭਾਗ ਲਗਾਏ ਮਾਟੀ ਖਲਾ, ਪੰਜ ਤਤ ਵੱਜੇ ਵਧਾਈਆ । ਤ੍ਰੈਗੁਣ ਨਾਤਾ ਛੁੱਟੇ ਪੱਲਾ, ਮਾਇਆ ਮੋਹ ਨਾ ਕੋਇ ਸਤਾਈਆ । ਪੰਚ ਵਿਕਾਰ ਨਾ ਕਰੇ ਹੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕਰੇ ਹਲਕਾਈਆ । ਜਗਤ ਤ੍ਰਿਸ਼ਨਾ ਮੇਟੇ ਸੱਲਾ, ਸਾਂਤਕ ਸਤਿ ਵਰਤਾਈਆ । ਹਰਿਜਨ ਦਵਾਰੇ ਆਪੇ ਖਲਾ, ਦਰ ਦਰਵੇਸ਼ਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਥਿਰ ਦਰਬਾਰਾ, ਏਕਾ ਰੂਪ ਸਮਾਇਆ । ਆਦਿਨ ਅੰਤਾ ਹਰਿ ਅਵਤਾਰਾ, ਜੁਗ ਜੁਗ ਵੇਸ ਵਟਾਇਆ । ਭਗਤਨ ਮੀਤਾ ਕਰ ਪਿਆਰਾ, ਆਪ ਆਪਣੇ ਅੰਗ ਲਗਾਇਆ । ਠਾਂਡਾ ਸੀਤਾ ਵਿਚ ਸੰਸਾਰਾ, ਅਗਨੀ ਤਤ ਬੁਝਾਇਆ । ਚਰਨ ਕਵਲ ਬਖ਼ਸ਼ੇ ਇਕ ਪਿਆਰਾ, ਮਸਤਕ ਧੂੜੀ ਟਿੱਕਾ ਲਾਇਆ । ਏਕਾ ਦੇਵੇ ਨਾਮ ਅਧਾਰਾ, ਸੋ ਪੁਰਖ ਨਿਰੰਜਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਦਰ, ਦਰ ਦਰਵਾਜਾ ਆਪ ਖੁਲ੍ਹਾਇਆ । ਪਾਰਬ੍ਰਹਮ ਪ੍ਰਭ ਗਰੀਬ ਨਿਵਾਜ਼ਾ, ਗਰੀਬ ਨਿਮਾਣੇ ਗਲੇ ਲਗਾਇੰਦਾ । ਦੇਵਣਹਾਰਾ ਸਾਚਾ ਦਾਜਾ, ਨਾਮ ਵਸਤ ਝੋਲੀ ਪਾਇੰਦਾ । ਦੋ ਜਹਾਨਾਂ ਰੱਖੇ ਲਾਜਾ, ਆਪ ਆਪਣੀ ਸੇਵ ਕਮਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਲੱਖ ਚੁਰਾਸੀ ਵੇਖ ਵਖਾਇੰਦਾ । ਜਨ ਭਗਤਾਂ ਅੰਤਮ ਮਾਰੇ ਵਾਜਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਸਤਿ ਪੁਰਖ ਵਡ ਰਾਜਨ ਰਾਜਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਖੇਲੇ ਖੇਲ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਇੰਦਾ । ਚਾਰ ਵਰਨਾਂ ਚੜ੍ਹਾਏ ਏਕਾ ਰਾਬਾ, ਏਕਾ ਮਾਰਗ ਲਾਇੰਦਾ । ਚਿੱਟਾ ਅਸਵ ਸਾਚਾ ਤਾਜਾ, ਲੋਆਂ ਪੁਰੀਆਂ ਆਪ ਫਿਰਾਇੰਦਾ । ਨਾਮ ਵਜਾਏ ਸਚ ਰਬਾਬਾ, ਏਕਾ ਤਾਰ ਹਿਲਾਇੰਦਾ । ਵੇਖ ਵਖਾਏ ਮੱਕਾ ਕਾਅਬਾ, ਦੋ ਦੋ ਆਬਾ ਮੇਲ ਮਿਲਾਇੰਦਾ । ਆਪੇ ਹਕੋ ਹੱਕ ਜਨਾਬਾ, ਹੱਕ ਹਕੀਕਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਦਰ ਦਰਵਾਜਾ ਇਕ ਸੁਹਾਇੰਦਾ ।

### * ੧੨ ਮੱਘਰ ੨੦੧੫ ਬਿਕ੍ਰਮੀ ਹਰਿ ਕੀ ਪੌੜੀ ਹਰਿਦਵਾਰ ਗੰਗਾ ਘਾਟ ਉਤੇ ਲਿਖਤ ਹੋਈ ਅਤੇ ਅੱਧੇ ਚਰਨ ਗੰਗਾ ਵਿਚ ਛੁਹਾਏ *

ਏਕੰਕਾਰ ਅਕਲ ਕਲ ਧਾਰ, ਆਪਣੀ ਕਲ ਵਰਤਾਈਆ । ਆਦਿਨ ਅੰਤਾ ਹਰਿ ਨਿਰੰਕਾਰ, ਏਕਾ ਰੂਪ ਸਮਾਈਆ । ਓਅੰਕਾਰਾ ਵੇਖ ਵਿਚਾਰ, ਆਦਿ ਪੁਰਖ ਵਡਿਆਈਆ । ਪੁਰਖ ਨਿਰੰਜਣ ਖੇਲ ਅਪਾਰ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਕਰ ਉਜਿਆਰ, ਨੂਰੋ ਨੂਰ ਰੁਸ਼ਨਾਈਆ । ਨਰ ਨਰਾਇਣ ਅਗੰਮ ਅਪਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਅਲੱਖ ਨਿਰੰਜਣ ਖੇਲ ਅਪਾਰ, ਅਲੱਖ ਅਲੱਖਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪ ਉਪਾਈਆ । ਨਿਰਗੁਣ ਜੋਤ ਹਰਿ ਉਜਿਆਰੀ, ਹਰਿ ਹਰਿ ਜੋਤ ਜਗਾਈਆ । ਆਦਿਨ ਅੰਤਾ ਇਕ ਅਵਤਾਰੀ, ਏਕਾ ਰੂਪ ਸਮਾਈਆ । ਆਦਿ ਸ਼ਕਤ ਖੇਲ ਨਿਆਰੀ, ਭਗਤ ਵੇਖ ਵਖਾਈਆ । ਜੋਧਾ ਸੂਰ ਵਡ ਬਲਕਾਰੀ,

ਆਪਣੇ ਹੱਥ ਰੱਖੇ ਵਡਿਆਈਆ । ਦੋ ਜਹਾਨਾਂ ਪਾਵੇ ਸਾਰੀ, ਸਚ ਸਿੰਘਾਸਣ ਆਸਣ ਲਾਈਆ । ਪੁਰਖ ਅਬਿਨਾਸ਼ਣ ਖੇਲ ਅਪਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਆਪ ਅਖਵਾਈਆ । ਆਦਿਨ ਅੰਤਾ ਹਰਿ ਭਗਵਾਨਾ, ਏਕਾ ਏਕੰਕਾਰਿਆ । ਜੋਤੀ ਨੂਰ ਜੋਤ ਮਹਾਨਾ, ਜੋਤੀ ਜੋਤ ਜਗਾ ਰਿਹਾ । ਆਪ ਆਪਣਾ ਕਰ ਪਛਾਣਾ, ਆਪ ਆਪਣਾ ਵੇਸ ਵਟਾ ਰਿਹਾ । ਆਪ ਆਪਣਾ ਮੇਲ ਮਿਲਾਣਾ, ਮੇਲ ਵਿਛੋੜਾ ਆਪ ਕਰਾ ਰਿਹਾ । ਆਪ ਆਪਣਾ ਸੰਗ ਰਖਾਣਾ, ਸਗਲਾ ਸੰਗ ਆਪ ਨਿਭਾ ਰਿਹਾ । ਆਪ ਆਪਣਾ ਦੇਵੇ ਦਾਨਾ, ਦਾਤਾ ਦਾਨੀ ਨਾਉਂ ਧਰਾ ਰਿਹਾ । ਆਪ ਆਪਣਾ ਵਖਾਏ ਸਚ ਨਿਸ਼ਾਨਾ, ਸਚਖੰਡ ਦਵਾਰਾ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਦਿ ਨਿਰੰਜਣ ਵੇਸ ਵਟਾ ਰਿਹਾ । ਆਦਿ ਨਿਰੰਜਣ ਹਰਿ ਭਗਵੰਤਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਧਾਰ ਬੰਧਾਇੰਦਾ । ਆਪੇ ਨਾਰੀ ਆਪੇ ਕੰਤਾ, ਕੰਤ ਕੰਤੂਹਲ ਨਾਉਂ ਧਰਾਇੰਦਾ । ਆਪ ਆਪਣੇ ਦਰ ਹੋਏ ਮੰਗਤਾ, ਆਪ ਆਪਣੀ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਕਰਤਾਰ, ਆਪਣਾ ਰੂਪ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਜੀਵਾਂ ਜੰਤਾਂ ਵਿਚ ਸਮਾਈਆ । ਜਲ ਥਲ ਖੇਲ ਅਪਾਰ, ਧਾਰਾ ਸਿੰਧ ਸਾਗਰ ਆਪ ਵਹਾਈਆ । ਉਤਭੁਜ ਸੇਤਜ ਕਰ ਉਜਿਆਰ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਈਆ । ਅੰਡਜ ਜੇਰਜ ਹੋ ਉਜਿਆਰ, ਆਪ ਆਪਣੀ ਬੂਝ ਬੁਝਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਸ਼ੰਕਰ ਦਾਤਾ ਬਣ ਸ਼ੰਘਾਰ, ਅੰਤਮ ਮੇਟ ਮਿਟਾਈਆ । ਕਰੋੜ ਤੇਤੀਸਾ ਇਕ ਅਧਾਰ, ਏਕਾ ਹਵਨ ਕਰਾਈਆ । ਸੁਰਪਤ ਵੇਖੇ ਦਰ ਦਵਾਰ, ਨੇਤਰ ਰੋ ਰੋ ਨੀਰ ਵਹਾਈਆ । ਰਿਖੀ ਮੁਨੀ ਪਾਵੇ ਸਾਰ, ਮੁਨੀ ਮੁਨੀਸ਼ਰ ਵਡ ਵਡਿਆਈਆ । ਤਪੀ ਤਪੀਸ਼ਰ ਦਏ ਤਾਰ, ਜਿਸ ਜਨ ਆਪਣੀ ਦਇਆ ਕਮਾਈਆ । ਜੋਗ ਜੁਗੀਸ਼ਰ ਅਗੰਮ ਅਪਾਰ, ਇਕ ਇਕੱਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣਾ ਵੇਸ ਵਟਾਈਆ । ਆਦਿਨ ਅੰਤਾ ਹਰਿ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਏਕਾ ਜੋਤੀ ਹੋ ਉਜਿਆਰ, ਨੂਰੋ ਨੂਰ ਸਮਾਇਆ । ਵਰਭੰਡੀ ਪਾਵਣਹਾਰਾ ਸਾਰ, ਨਿਰਭੈ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਸ਼ਬਦੀ ਖੇਲ ਹਰਿ ਕਰਤਾਰ, ਆਪਣਾ ਆਪ ਕਰਾਈਆ । ਵੱਜੇ ਡੰਕ ਅਗੰਮ ਅਪਾਰ, ਆਪ ਆਪਣਾ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਲੱਖ ਚੁਰਾਸੀ ਫੋਲ ਫੁਲਾਈਆ । ਸਤਿਜੁਗ ਤ੍ਰੇਤਾ ਪਾਰ ਕਿਨਾਰ, ਦੁਆਪਰ ਮੂਲ ਚੁਕਾਈਆ । ਕਲਜੁਗ ਅੰਤਮ ਵੇਖ ਵਿਚਾਰ, ਆਪ ਆਪਣਾ ਖੇਲ ਖਲਾਈਆ । ਜੋਤੀ ਜਾਮਾ ਭੇਖ ਨਿਆਰ, ਲੇਖਾ ਲਿਖਣ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਤੇਰਾ ਅੰਤਮ ਕੰਢਾ, ਅੰਤਰ ਸਾਚੇ ਜੋਤ ਜਗਾਈਆ । ਵੇਖ ਵਖਾਏ ਹਰਿ ਬ੍ਰਹਿਮੰਡਾ, ਚਾਰੋਂ ਕੁੰਟ ਫੇਰੀ ਪਾਈਆ । ਲੱਖ ਚੁਰਾਸੀ ਭੇਖ ਪਖੰਡਾ, ਸਾਚੇ ਦਰ ਨਾ ਕੋਈ ਸੁਹਾਈਆ । ਸਾਧ ਸੰਤ ਆਤਮ ਰੰਡਾ, ਹਰਿ ਕੰਤ ਨਾ ਕੋਇ ਹੰਢਾਈਆ । ਮਾਇਆ ਮੋਹ ਹੰਕਾਰ ਘਮੰਡਾ, ਪੰਜ ਤਤ ਕਰੇ ਲੜਾਈਆ । ਜੂਠ ਝੂਠ ਚੰਡ ਪ੍ਰਚੰਡਾ, ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਨਾਮ ਨਾ ਪਾਏ ਕੋਈ ਵੰਡਾ, ਮਾਇਆ

ਮੋਹ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਕਲਜੁਗ ਤੇਰਾ ਅੰਤ ਕਿਨਾਰਾ, ਹਰਿ ਸਾਚਾ ਵੇਖ ਵਖਾਨਿਆ । ਖੇਲੇ ਖੇਲ ਅਗੰਮ ਅਪਾਰਾ, ਭੇਵ ਨਾ ਆਏ ਰਾਜੇ ਰਾਣਿਆ । ਨਾਮ ਖੰਡਾ ਤੇਜ ਕਟਾਰਾ, ਆਪ ਆਪਣੇ ਹੱਥ ਚਮਕਾਨਿਆ । ਦੋ ਜਹਾਨਾਂ ਪਾਵੇ ਸਾਰਾ, ਵਰਭੰਡੀ ਵੇਖ ਵਖਾਨਿਆ । ਸ੍ਰਿਸ਼ਟ ਸਬਾਈ ਆਈ ਹਾਰਾ, ਹਰਿ ਹਰਿ ਰੂਪ ਨਾ ਕਿਸੇ ਜਾਣਿਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ, ਵੇਦ ਪੁਰਾਨੀ ਦਿਸ ਨਾ ਆਣਿਆ । ਖਾਣੀ ਬਾਣੀ ਹੋਈ ਹੈਰਾਨਾ, ਸਤਿਗੁਰ ਰੂਪ ਨਾ ਕਿਸੇ ਪਛਾਣਿਆ । ਅੰਜੀਲ ਕੁਰਾਨਾ ਤੁਟਾ ਮਾਣਾ, ਤੀਸ ਬਤੀਸ ਨਾ ਕੋਇ ਪ੍ਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਦੋ ਜਹਾਨਿਆ । ਦੋ ਜਹਾਨਾਂ ਹਰਿ ਹਰਿ ਵਾਲੀ, ਏਕਾ ਏਕ ਅਖਵਾਇੰਦਾ । ਆਪਣੇ ਹੱਥਾਂ ਰੱਖੇ ਖ਼ਾਲੀ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਕਲਜੁਗ ਚਲੇ ਅਵੱਲੜੀ ਚਾਲੀ, ਨਿਰਗੁਣ ਜੋਤੀ ਜੋਤ ਜਗਾਇੰਦਾ । ਆਪੇ ਬਣੇ ਸਚ ਦਲਾਲੀ, ਹਰਿਜਨ ਸਾਚੇ ਮੇਲ ਮਿਲਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲੀ, ਪ੍ਰਿਤਪਾਲਕ ਨਾਉਂ ਧਰਾਇੰਦਾ । ਫਲ ਲਗਾਏ ਕਾਇਆ ਡਾਲੀ, ਜੋ ਜਨ ਦਰਸ਼ਨ ਪਾਇੰਦਾ । ਆਤਮ ਅੰਤਰ ਸਾਚਾ ਹਾਲੀ, ਨਾਮ ਸਾਚਾ ਬੀਜ ਬਿਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰਾ ਹਰਿ ਸਮਰਥ, ਏਕਾ ਰੂਪ ਸਮਾਇਆ । ਹਰਿ ਕੀ ਮਹਿਮਾ ਜਗਤ ਅਕੱਥ, ਲੇਖਾ ਲਿਖਤ ਵਿਚ ਨਾ ਆਇਆ । ਰਾਮ ਰਾਮਾ ਰੂਪ ਬੇਟਾ ਦਸਰੱਥ, ਸੱਜਣ ਸੈਣ ਲਏ ਤਰਾਇਆ । ਪਾਵਣਹਾਰਾ ਲੱਖ ਚੁਰਾਸੀ ਨੱਥ, ਸ਼ਬਦ ਡੋਰੀ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇਆ । ਹਰਿ ਨਾਉਂ ਹਰਿ ਨਿਰੰਕਾਰ, ਨਿਹਕਲੰਕ ਅਖਵਾਈਆ । ਲੱਖ ਚੁਰਾਸੀ ਪਾਵੇ ਸਾਰ, ਚਾਰੇ ਕੁੰਟਾਂ ਵੇਖ ਵਖਾਈਆ । ਤੀਰਥ ਤੱਟਾਂ ਵੇਖ ਕਿਨਾਰ, ਹਰਿ ਭਾਰਤ ਖੰਡ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਕਲਜੁਗ ਤੇਰਾ ਸਾਚਾ ਮੂਲ, ਹਰਿ ਹਰਿ ਆਪ ਚੁਕਾਇੰਦਾ । ਬ੍ਰਹਮੇ ਅੱਠੇ ਨੇਤਰ ਵੇਖੇ ਖੋਲ੍ਹ, ਚਾਰ ਮੁਖ ਹਿਲਾਇੰਦਾ । ਸ਼ਿਵ ਸ਼ੰਕਰ ਹੱਥ ਝੁਲਾਏ ਤ੍ਰਸੂਲ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਵਿਸ਼ਨੂੰ ਬਰਸਣਹਾਰਾ ਫੂਲ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਝੋਲੀ ਪਾਇੰਦਾ । ਕਲਜੁਗ ਅੰਤਮ ਫੇਰਾ ਪਾ, ਆਪਣੀ ਖੇਲ ਵਰਤਾਇੰਦਾ । ਤੀਰਥ ਤੱਟਾਂ ਵੇਖ ਵਖਾ, ਗੰਗਾ ਗੋਦਾਵਰੀ ਵੇਖ ਵਖਾਇੰਦਾ । ਜਮਨਾ ਸੁਰਸਤੀ ਵਿਚ ਸਮਾ, ਸਤਿ ਸਰੂਪ ਸਮਾਇੰਦਾ । ਅੰਗੀਕਾਰ ਆਪ ਕਰਾ, ਆਪਣੇ ਅੰਗ ਲਗਾਇੰਦਾ । ਸੁਤ ਦੁਲਾਰਾ ਆਪ ਉਪਜਾ, ਸ਼ਬਦੀ ਨਾਉਂ ਧਰਾਇੰਦਾ । ਦੋਹਾਂ ਮੇਲਾ ਦਏ ਕਰਾ, ਏਕਾ ਸੰਗਮ ਜਣਾਇੰਦਾ । ਨਾਤਾ ਤੁੱਟੇ ਭੈਣ ਭਰਾ, ਮੀਤ ਮੀਤਾ ਵੇਖ ਵਖਾਇੰਦਾ । ਜਗਤ ਜਹਾਨਾਂ ਰਹੀ ਡਰਾ, ਏਕਾ ਭੈ ਚੁਕਾਇੰਦਾ । ਆਪ ਆਪਣੀ ਗੋਦ ਲਏ ਉਠਾ, ਆਪ ਆਪਣੇ ਦਰ ਬੰਦ ਕਰਾਇੰਦਾ । ਨੀਰ ਜਲ ਅੰਮ੍ਰਿਤ ਚਰਨ ਕਵਲ ਲਏ ਛੁਹਾ, ਚਰਨ ਸਰਨ ਸਰਨ ਚਰਨ ਇਕ ਵਖਾਇੰਦਾ । ਧਰਤ ਧਵਲ ਲਹਿਣਾ ਦੇਣਾ ਦਏ ਚੁਕਾ, ਅੰਮ੍ਰਿਤ ਕਵਲੀ ਕਵਲ ਰਖਾਇੰਦਾ । ਨਾ ਕੋਈ ਦੂਸਰ ਸਕੇ ਮੁਖ ਚੁਆ, ਅਗਨ ਪਿਆਸ ਨਾ ਕੋਈ ਬੁਝਾਇੰਦਾ । ਨਾ ਕੋਈ ਸਕੇ ਮਾਤ ਬਚਾ, ਹਰਿ

੮੭੯
੦੭

ਸਾਚਾ ਖੇਲ ਖਲਾਇੰਦਾ । ਤੱਟ ਤੀਰਥ ਫੇਰਾ ਪਾ, ਘਰ ਅਖੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੱਠ ਸੱਠ ਸੱਠ ਅੱਠ ਆਪਣੇ ਲੇਖੇ ਲਾਇੰਦਾ । ਉਠ ਜਾਗ ਜਗਤ ਰਾਣੀ, ਹਰਿ ਸਾਚਾ ਆਪ ਜਗਾਇਆ । ਲੋਕਮਾਤ ਭਰਿਆ ਪਾਣੀ, ਨੇਤਰ ਨੀਰ ਵਹਾਇਆ । ਅੰਤਮ ਮਿਲਿਆ ਸ਼ਬਦ ਹਾਣੀ, ਘਰ ਸਾਚਾ ਇਕ ਸੁਹਾਇਆ । ਦੇਵੇ ਪਦ ਇਕ ਨਿਰਬਾਣੀ, ਏਕਾ ਧਾਮ ਬਹਾਇਆ । ਖ਼ਾਲੀ ਕਰੇ ਚਾਰੇ ਖਾਣੀ, ਵਰਨ ਬਰਨ ਫੋਲ ਫੁਲਾਇਆ । ਸਰਬ ਜੀਆਂ ਹਰਿ ਜਾਣ ਜਾਣੀ, ਜਾਣਨਹਾਰ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੇਲ ਮਿਲਾਇਆ । ਉਠ ਜਾਗ ਨੇਤਰ ਖੋਲ੍ਹ, ਹਰਿ ਸਾਚਾ ਆਪ ਜਗਾਇੰਦਾ । ਸਦਾ ਸੁਹੇਲਾ ਆਇਆ ਕੋਲ, ਦੂਰ ਨੇੜ ਨਾ ਕੋਈ ਰਖਾਇੰਦਾ । ਤੋਲਣਹਾਰਾ ਪੂਰੇ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਆਪੇ ਤੇਰੇ ਅੰਦਰ ਗਿਆ ਮੌਲ, ਆਪ ਆਪਣਾ ਬਾਹਿਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇੰਦਾ । ਉਠ ਜਾਗ ਕਰ ਸ਼ਿੰਗਾਰ, ਹਰਿ ਸਾਚਾ ਵੇਖ ਵਖਾਇੰਦਾ । ਲੋਕਮਾਤ ਹੋ ਤਿਆਰ, ਕਲਜੁਗ ਅੰਤਮ ਵਕਤ ਚੁਕਾਇੰਦਾ । ਨੈਣ ਕੱਜਲ ਤਿਖੀ ਧਾਰ, ਸੋਲਾਂ ਕਲੀਆਂ ਸੰਗ ਰਖਾਇੰਦਾ । ਏਕਾ ਅੰਮ੍ਰਿਤ ਦੇਵੇ ਵਾਰ, ਨੀਰ ਨਿਰਾਲਾ ਇਕ ਵਖਾਇੰਦਾ । ਜੋਤ ਜਵਾਲਾ ਪਾਏ ਸਾਰ, ਆਦਿ ਸ਼ਕਤ ਮੰਗ ਮੰਗਾਇੰਦਾ । ਪੁਰਖ ਅਕਾਲਾ ਖ਼ਬਰਦਾਰ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੇ ਰੰਗ ਸਮਾਇੰਦਾ । ਉਠ ਰਾਣੀ ਕਰ ਵੇਸ, ਹਰਿ ਸਾਚੇ ਜੋਤ ਜਗਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਆਦੇਸ, ਦੋਏ ਜੋੜ ਬੈਠੇ ਸੀਸ ਝੁਕਾਈਆ । ਕਰੋੜ ਤੇਤੀਸਾ ਸੁਰਪਤ ਦਏ ਸੰਦੇਸ਼, ਏਕਾ ਅੱਖਰ ਰਸਨਾ ਗਾਈਆ । ਸੋ ਪੁਰਖ ਨਿਰੰਜਣ ਹੋ ਪ੍ਰਵੇਸ਼, ਹੰ ਬ੍ਰਹਮ ਆਪ ਹੋ ਜਾਈਆ । ਲੋਕਮਾਤ ਬਣ ਦਰਵੇਸ਼, ਨੌਂ ਸਤ ਫੇਰਾ ਪਾਈਆ । ਨਾਲ ਰਲਾਏ ਗਣਪਤ ਗਣੇਸ਼, ਸ਼ਿਵ ਸ਼ੰਕਰ ਵਡ ਵਡਿਆਈਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਹਕੀਰ ਰਹੇ ਵੇਖ, ਨੇਤਰ ਨੀਰ ਵਹਾਈਆ । ਰਾਮ ਸੀਤਾ ਆਪੇ ਭੇਖ, ਆਪੇ ਨਾਅਰਾ ਲਾਈਆ । ਦੁਰਗਾ ਅਸ਼ਟਮੀ ਖੁਲ੍ਹੇ ਕੇਸ, ਸ਼ਾਹ ਅਸਵਾਰ ਹਰਿ ਆਪ ਹੋ ਜਾਈਆ । ਆਪੇ ਲਾਵਣਹਾਰਾ ਮੇਖ, ਆਪੇ ਦਏ ਉਖੜਾਈਆ । ਆਪੇ ਜੋਤੀ ਨਾਨਕ ਦਸ ਦਸਮੇਸ਼, ਦਸ ਧਾਰਾ ਆਪ ਵਹਾਈਆ । ਕਲਜੁਗ ਅੰਤਮ ਕਿਸੇ ਨਾ ਚਲੇ ਕੋਈ ਪੇਸ਼, ਮਸਜਿਦ ਮੰਦਰ ਗੁਰਦਵਾਰ ਸ਼ਿਵਦਵਾਲੇ ਮੱਠ ਬੈਠੇ ਧੂਣੀਆਂ ਤਾਈਆ । ਸਾਧਾਂ ਸੰਤਾਂ ਆਈ ਹਾਰ, ਯਤ ਸਤਿ ਨਾ ਕੋਈ ਜਣਾਈਆ । ਆਤਮ ਬ੍ਰਹਮ ਨਾ ਕੋਈ ਵਿਚਾਰ, ਜਗਤ ਵਿਦਿਆ ਜਗਤ ਪੜ੍ਹਾਈਆ । ਕਰਮ ਧਰਮ ਨਾ ਪਾਏ ਸਾਰ, ਵਰਨ ਅਵਰਨਾਂ ਹੋਏ ਜੁਦਾਈਆ । ਕਰਨੀ ਕਰਨ ਸਰਬ ਕਰਤਾਰ, ਕਰਤਾ ਪੁਰਖ ਨਾਉਂ ਧਰਾਈਆ । ਜੋਤੀ ਜਾਮਾ ਭੇਖ ਅਪਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਨਰਾਇਣ ਨਰ ਅਵਤਾਰ, ਆਪ ਆਪਣੀ ਰਚਨ ਰਚਾਈਆ । ਅਠਸਠ ਤੇਰਾ ਜਗਤ ਕਿਨਾਰਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਜਗਾਈਆ । ਗੰਗਾ ਨੀਰ ਸਾਗਰ ਸਿੰਧ, ਹਰਿ ਹਰਿ ਆਪ ਉਪਾਇਆ । ਆਪ ਉਪਾਈ ਆਪਣੀ ਬਿੰਦ, ਆਪ ਆਪਣੇ ਵਿਚ ਮਿਲਾਇਆ । ਸਾਧਾਂ ਸੰਤਾਂ ਜੀਆਂ ਜੰਤਾਂ ਮੇਟੇ ਚਿੰਦ, ਦੂਜਾ ਦਰ ਨਾ ਕੋਈ ਵਖਾਇਆ । ਪ੍ਰਗਟ ਹੋਏ ਗੁਣੀ ਗਹਿੰਦ, ਗਹਿਰ ਗੰਭੀਰ ਨਾਉਂ ਰਖਾਇਆ । ਸੰਗ ਰਲਾਏ ਸੁਰਪਤ

ਰਾਜਾ ਇੰਦ, ਅੰਮ੍ਰਿਤ ਬਰਖ਼ਾ ਇਕ ਲਗਾਇਆ । ਸ਼ਿਵ ਸ਼ੰਕਰ ਕੱਢਣਹਾਰਾ ਜਿੰਦ, ਆਪ ਆਪਣਾ ਵੇਸ ਵਟਾਇਆ । ਬ੍ਰਹਮਾ ਸਾਥੀ ਸਦਾ ਬਖ਼ਸ਼ਿੰਦ, ਨਿਉਂ ਨਿਉਂ ਸੀਸ ਝੁਕਾਇਆ । ਵਿਸ਼ਨੂੰ ਵੇਤਾ ਇਕ ਮਰਗਿੰਦ, ਏਕਾ ਏਕ ਅਖਵਾਇਆ । ਭਗਵਾਨ ਖੇਲ ਜੁਗਾ ਜੁਗੰਤ, ਜੁਗ ਜੁਗ ਕਰਮ ਕਮਾਇਆ । ਆਪੇ ਜਾਣੇ ਆਦਿ ਅੰਤ, ਵੇਦ ਕਤੇਬ ਨਾ ਕਿਸੇ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅਠਸਠ ਫੇਰਾ ਪਾਇਆ । ਅਠਸਠ ਤੇਰਾ ਜਗਤ ਦਰਵਾਜ਼ਾ, ਹਰਿ ਸਾਚਾ ਵੇਖ ਵਖਾਇੰਦਾ । ਪ੍ਰਗਟ ਹੋ ਗਰੀਬ ਨਿਵਾਜ਼ਾ, ਆਪ ਆਪਣਾ ਮੇਟ ਮਿਟਾਇੰਦਾ । ਸ਼ਬਦ ਘੋੜਾ ਅਸਵ ਤਾਜਾ, ਚਾਰੋਂ ਕੁੰਟ ਆਪ ਫਿਰਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਧੁਰਦਰਗਾਹੀ ਵੇਖ ਵਖਾਇੰਦਾ । ਹਰਿ ਦਵਾਰ ਤੇਰਾ ਰਚਿਆ ਕਾਜਾ, ਹਰਿ ਸੰਗਤ ਸੰਗ ਰਲਾਇੰਦਾ । ਸੁਤ ਸ਼ਬਦ ਮਾਰੇ ਵਾਜਾ, ਸੁੱਤੀ ਸੁਰਸਤੀ ਆਪ ਉਠਾਇੰਦਾ । ਅੰਤਮ ਵੇਲੇ ਰੱਖੇ ਲਾਜਾ, ਲਜਪਤ ਵੇਖ ਵਖਾਇੰਦਾ । ਮੇਲ ਮਿਲਾਵਾ ਦੇਸ ਮਾਝਾ, ਪਹਿਲੀ ਪੋਹ ਸਿਫ਼ਤ ਸਾਲਾਹਿੰਦਾ । ਨਾਲ ਲਿਆਏ ਅਨਹਦ ਵਾਜਾ, ਸਾਚਾ ਸਗਨ ਮਨਾਇੰਦਾ । ਲੱਖ ਚੁਰਾਸੀ ਖੋਲ੍ਹੇ ਪਾਜਾ, ਦੂਈ ਦਵੈਤੀ ਵੇਖ ਵਖਾਇੰਦਾ । ਨਾਮ ਚਲਾਏ ਇਕ ਜਹਾਜ਼ਾ, ਚਾਰ ਵਰਨਾਂ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਕਰਮ ਕਮਾਇੰਦਾ । ਗੰਗਾ ਨੇਤਰ ਨੀਰ ਰਹੀ ਪੁਕਾਰ, ਰੋ ਰੋ ਰਹੀ ਕੁਰਲਾਈਆ । ਕਲਜੁਗ ਅੰਤਮ ਮਾਰੀ ਮਾਰ, ਧੀਰਜ ਧੀਰ ਨਾ ਕੋਈ ਧਰਾਈਆ । ਵਿਭਚਾਰ ਹੋਏ ਨਾਰੀ ਨਾਰ, ਨਰ ਨਰਾਇਣ ਦਿਸ ਨਾ ਆਈਆ । ਆਤਮ ਬ੍ਰਹਮ ਨਾ ਪਾਵੇ ਸਾਰ, ਭੁੱਲੀ ਸਰਬ ਲੋਕਾਈਆ । ਦੁਰਮਤ ਮੈਲ ਨਾ ਸਕੇ ਕੋਈ ਉਤਾਰ, ਪਾਪਾਂ ਗੰਢ ਬੰਧਾਈਆ । ਪੰਡਤ ਪਾਂਧੇ ਰਹੇ ਵਿਚਾਰ, ਹਰਿ ਕਾ ਰੂਪ ਦਿਸ ਨਾ ਆਈਆ । ਤਿਲਕ ਲਲਾਟੀ ਹੋਏ ਖਵਾਰ, ਔਖੀ ਘਾਟੀ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਗੰਗਾ ਘਾਟ ਏਕਾ ਫੇਰਾ ਪਾਈਆ । ਗੰਗਾ ਰਾਣੀ ਮਾਰੇ ਧਾਹ, ਨੇਤਰ ਨੈਣ ਉਘਾੜਿਆ । ਤੁਧ ਬਿਨ ਕਵਣ ਮਲਾਹ, ਲੋਕਮਾਤ ਕਰੇ ਪਾਰ ਕਿਨਾਰਿਆ । ਪੰਡਤ ਪਾਂਧੇ ਜੂਠੀ ਝੂਠੀ ਦੇਣ ਸਲਾਹ, ਹਰਿ ਕਾ ਸ਼ਬਦ ਕੋਈ ਨਾ ਪਾ ਲਿਆ । ਪੁਰਖ ਅਗੰਮਾ ਕਰ ਬੈਠਾ ਨਾਂਹ, ਆਪ ਆਪਣਾ ਮੁਖ ਛੁਪਾ ਰਿਹਾ । ਨਾ ਕੋਈ ਬਣਾਏ ਸਾਚੀ ਮਾਂ, ਚਰਨ ਸੀਸ ਨਾ ਕੋਈ ਨਿਵਾ ਲਿਆ । ਜੂਝ ਝੂਠ ਖਾਦੀ ਗਾਂ, ਕਾਮ ਕਰੋਧ ਸੰਗ ਰਖਾ ਲਿਆ । ਨਿਥਾਵਿਆਂ ਦੇਵੇ ਨਾ ਕੋਈ ਥਾਂ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਾਲਖ ਟਿੱਕਾ ਮਸਤਕ ਲਾ ਲਿਆ । ਧਰਮ ਖੰਡ ਨਾ ਕੋਈ ਨਿਆਂ, ਕਰਮੀ ਕਰਮ ਨਾ ਕੋਈ ਜਣਾ ਲਿਆ । ਵਰਨ ਬਰਨ ਰਹੇ ਭੁਲਾ, ਏਕਾ ਮਾਰਗ ਨਾ ਕੋਈ ਦਿਸਾ ਲਿਆ । ਪੰਡਤ ਪਾਂਧੇ ਰਹੇ ਕੁਰਲਾ, ਗ੍ਰੰਥੀ ਪੰਥੀ ਹਾਹਾਕਾਰਿਆ । ਅੰਜੀਲ ਕੁਰਾਨਾ ਚੜ੍ਹਿਆ ਤਾ, ਅਗਨੀ ਕੁੰਡ ਨਾ ਕੋਈ ਬੁਝਾ ਰਿਹਾ । ਲੱਖ ਚੁਰਾਸੀ ਤੇਰੇ ਘਾਟ ਰਹੀ ਨਹਾ, ਪਾਪਾਂ ਮੈਲ ਨਾ ਕੋਈ ਧੁਆ ਰਿਹਾ । ਸਾਚੇ ਹੱਥ ਨਾ ਪਕੜੀ ਬਾਂਹ, ਨਾਮ ਵਸਤ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਵੇਸ ਵਟਾ ਲਿਆ । ਸੁਣ ਪੁਕਾਰ ਹਰਿ ਨਿਰੰਕਾਰ, ਲੋਕਮਾਤ ਜੋਤ ਜਗਾਈਆ । ਵੇਖ ਵਖਾਏ ਹਰਿ ਦਵਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਸ਼ਬਦ ਖੰਡਾ ਤੇਜ

੮੮੧ ੦੨

ਕਟਾਰ, ਨਿਰਗੁਣ ਆਪਣੇ ਹੱਥ ਉਠਾਈਆ । ਅੱਠਾਂ ਸੱਠਾਂ ਲਏ ਅਧਾਰ, ਗੰਗਾ ਗੋਦਾਵਰੀ ਚਰਨ ਛੁਹਾਈਆ । ਜਮਨਾ ਸੁਰਸਤੀ ਅੱਧਵਿਚਕਾਰ, ਬੈਠਣ ਮੁਖ ਛੁਪਾਈਆ । ਰਵ ਸਸ ਕਰਨ ਪੁਕਾਰ, ਰੋ ਰੋ ਨੀਰ ਵਹਾਈਆ । ਸਾਧ ਸੰਤ ਨਾ ਪਾਵਣ ਸਾਰ, ਤਨ ਲੰਗੋਟ ਨਾ ਕੋਈ ਬੰਧਾਈਆ । ਮਾਇਆ ਮਮਤਾ ਕਰ ਪਿਆਰ, ਸਾਚੇ ਘਾਟ ਬੈਠੇ ਡੇਰਾ ਲਾਈਆ । ਤੁਟਾ ਯਤ ਨਾ ਰਹੇ ਸਤਿ ਕਰਨ ਸ਼ਿੰਗਾਰ, ਆਲਸ ਨਿੰਦਰਾ ਨਾ ਕੋਈ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੰਗਾ ਘਾਟ ਵੇਖ ਵਖਾਈਆ । ਗੰਗਾ ਤੇਰੀ ਜਗਤ ਘਾਟੀ, ਹਰਿ ਸਾਚਾ ਵੇਖ ਵਖਾਇੰਦਾ । ਵੇਖਣਹਾਰਾ ਜੋਤ ਲਲਾਟੀ, ਅੰਦਰ ਮੰਦਰ ਫੇਰਾ ਪਾਇੰਦਾ । ਚੌਦਾਂ ਲੋਕ ਏਕਾ ਹਾਟੀ, ਏਕਾ ਦਰ ਖੁਲ੍ਹਾਇੰਦਾ । ਲੱਖ ਚੁਰਾਸੀ ਕਾਇਆ ਮਾਟੀ, ਪੰਜ ਤਤ ਰਖਾਇੰਦਾ । ਗੁਰਮੁਖ ਵਿਰਲੇ ਬਜ਼ਰ ਕਪਾਟੀ ਪਾਟੀ, ਜੋ ਜਨ ਦਰਸ਼ਨ ਹਰਿ ਪਾਇੰਦਾ । ਕੋਟਨ ਕੋਟ ਬੈਠੇ ਪਾਠੀ, ਦਿਵਸ ਰੈਣ ਰਸਨ ਹਿਲਾਇੰਦਾ । ਕੋਟਨ ਕੋਟ ਰਸਨਾ ਰਹੇ ਰਸ ਚਾਟੀ, ਆਤਮ ਰਸ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਜਾਗ ਤੇਰਾ ਨੇਤਰ ਖੋਲ੍ਹ, ਸ਼ਬਦ ਅਗੰਮਾ ਆਪੇ ਬੋਲ, ਲੋਕਮਾਤ ਖੁਲ੍ਹਾਇੰਦਾ । ਗੰਗਾ ਉਠੀ ਉਠ ਲਏ ਅੰਗੜਾਈ, ਹਰਿ ਸਾਚਾ ਵੇਖ ਵਖਾਨਿਆ । ਏਕਾ ਕਰੇ ਚਰਨ ਸਰਨਾਈ, ਦੂਜਾ ਦਰ ਨਾ ਕੋਈ ਪਛਾਨਿਆ । ਸਾਚੇ ਘਰ ਵੱਜੀ ਵਧਾਈ, ਹੋਇਆ ਆਪ ਮਿਹਰਬਾਨਿਆ । ਆਦਿ ਅੰਤ ਨਾ ਹੋਏ ਜੁਦਾਈ, ਜੁਗ ਜੁਗ ਵੇਖ ਵਿਖਾਨਿਆ । ਨੀਰ ਨੀਰ ਵਿਚ ਗਿਆ ਸਮਾਈ, ਨੀਰ ਨੀਰਾਂ ਆਪ ਸਮਾਨਿਆ । ਜੋਤੀ ਜੋਤ ਜੋਤ ਖਿਚਾਈ, ਆਪ ਆਪਣਾ ਖੇਲ ਖਲਾਨਿਆ । ਔਂਦੀ ਜਾਂਦੀ ਕਿਸੇ ਦਿਸ ਨਾ ਆਈ, ਨਾ ਕੋਈ ਰੂਪ ਵਟਾਨਿਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਆਪ ਵਰਤਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਨਿਆ । ਜਗਤ ਕਿਨਾਰ ਸਾਚਾ ਤੱਟ, ਹਰਿ ਹਰਿ ਵੇਖ ਵਖਾਨਿਆ । ਜਗਤ ਖੇਲ ਬਾਜ਼ੀਗਰ ਨਟ, ਅੰਤਮ ਮੂਲ ਚੁਕਾਨਿਆ । ਕੋਟਨ ਕੋਟ ਸੂਰਯਾ ਨਰਾਇਣ ਪਾਣੀ ਰਹੇ ਝੱਟ, ਹਰਿ ਕਾ ਭਾਣਾ ਕਿਸੇ ਨਾ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅੰਤਮ ਦੇਵਣਹਾਰਾ ਡੰਨਿਆ । ਗੰਗਾ ਨੀਰ ਕਰੇ ਅਰਦਾਸ, ਦੋਏ ਜੋੜ ਕਰੇ ਨਿਮਸਕਾਰਿਆ । ਸਦ ਵਸਾਂ ਪ੍ਰਭ ਤੇਰੇ ਪਾਸ, ਦੂਜਾ ਦਰ ਨਾ ਕੋਈ ਵਖਾ ਲਿਆ । ਲੇਖੇ ਲੱਗੇ ਜਗਤ ਸਵਾਸ, ਲੋਕਮਾਤ ਫੇਰਾ ਪਾ ਲਿਆ । ਪਾਰ ਕਿਨਾਰਾ ਪ੍ਰਿਥਮੀ ਅਕਾਸ਼, ਗਗਨ ਪਤਾਲ ਨਾ ਕੋਈ ਸੁਹਾ ਲਿਆ । ਆਦਿ ਅੰਤ ਨਾ ਹੋਏ ਵਿਨਾਸ, ਜੋਤੀ ਜੋਤ ਜੋਤ ਡਗਮਗਾ ਲਿਆ । ਪੂਰੀ ਕਰਨਹਾਰਾ ਆਸ, ਜੁਗ ਜੁਗ ਵੇਸ ਵਟਾ ਲਿਆ । ਲੇਖੇ ਲੱਗੇ ਚੁਮਿਆਰ ਰਵਿਦਾਸ, ਅੰਤਮ ਸੰਗ ਨਿਭਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਬਿਰਧ ਰਖਾ ਲਿਆ । ਉਠ ਰਵਦਾਸ ਕਰ ਤਿਆਰੀ, ਹਰਿ ਸਾਚੇ ਖੇਲ ਖਲਾਈਆ । ਵੇਖੇ ਤੇਰੀ ਮਾਂ ਪਿਆਰੀ, ਆਪ ਆਪਣਾ ਹੱਥ ਉਠਾਈਆ । ਕਲਜੁਗ ਅੰਤਮ ਹੋਏ ਖ਼ਵਾਰੀ, ਨਾ ਧੀਰਜ ਕੋਈ ਧਰਾਈਆ । ਚਾਰ ਕੁੰਟ ਹਾਹਾਕਾਰੀ, ਜੀਵ ਜੰਤ ਰਹੇ ਕੁਰਲਾਈਆ । ਸਾਧ ਸੰਤ ਨਾ ਪਾਇਣ ਸਾਰੀ, ਬੈਠੇ ਮੁਖ ਸ਼ਰਮਾਈਆ । ਏਕਾ ਜਗੇ ਜੋਤ ਅਪਾਰੀ, ਆਦਿ ਪੁਰਖ ਨਿਰੰਜਣ ਏਕੰਕਾਰੀ, ਅਕਲ ਕਲਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਲਹਿਣਾ ਜੁਗ ਜੁਗ ਦੇਣਾ, ਭਗਤ ਭਗਤੀ ਝੋਲੀ ਪਾਈਆ । ਰਵਿਦਾਸ ਚੁਮਾਰਾ

ਮੰਗੇ ਮੰਗ, ਅੱਗੇ ਅਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਬੈਠਾ ਆਤਮ ਸੇਜ ਸਚ ਪਲੰਘ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਾਰੋਂ ਕੁੰਟ ਧਾਰਾ ਗੰਗ, ਦਿਵਸ ਰੈਣ ਆਪ ਵਹਾਈਆ । ਅਨਹਦ ਵਜਾਏ ਸਚ ਮਰਦੰਗ, ਤਾਲ ਤਲਵਾੜਾ ਨਾ ਕੋਇ ਵਜਾਈਆ । ਜਨ ਭਗਤਾਂ ਕੱਟਣਹਾਰਾ ਭੁੱਖ ਨੰਗ, ਜੁਗ ਜੁਗ ਵੇਖ ਵਖਾਈਆ । ਸਦਾ ਸੁਹੇਲਾ ਵਸਿਆ ਸੰਗ, ਏਕਾ ਧਾਮ ਵਡਿਆਈਆ । ਅੰਤਮ ਲਹਿਣਾ ਚੁੱਕੇ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਦਇਆ ਆਪੇ ਰਿਹਾ ਬੰਧਾਈਆ । ਤੀਰਥ ਤੱਟ ਜਗਤ ਕਿਨਾਰਾ, ਹਰਿ ਹਰਿ ਵੇਖ ਵਖਾ ਰਿਹਾ । ਆਪੇ ਜਾਣੇ ਆਪਣੀ ਧਾਰਾ, ਆਪ ਆਪਣੇ ਰੰਗ ਰੰਗਾ ਰਿਹਾ । ਕਲਜੁਗ ਅੰਤਮ ਪ੍ਰਗਟ ਹੋ ਵਿਚ ਸੰਸਾਰਾ, ਨਿਹਕਲੰਕਾ ਡੰਕ ਵਜਾ ਰਿਹਾ । ਸ਼ਬਦ ਖੰਡਾ ਤੇਜ ਕਟਾਰ, ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰੇ ਖ਼ਵਾਰਿਆ । ਨਿਰਮਲ ਨੀਰ ਨਾ ਕੋਇ ਵਖਾਨਾ, ਆਤਮ ਸੀਰ ਆਪ ਪਛਾਣਿਆ । ਬਸਤਰ ਚੀਰ ਪਾਰ ਕਰਾਣਾ, ਸ਼ਾਹ ਹਕੀਰ ਏਕਾ ਜਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਸਾਚਾ ਦਰ, ਘਰ ਸਾਚਾ ਦਰ ਪ੍ਰਵਾਨਿਆ । ਗੰਗਾ ਹਰਿ ਪਾਈ ਪੇਟ, ਆਪਣਾ ਮੁਖ ਉਘਾੜਿਆ । ਜੁਗ ਜੁਗ ਬਣੇ ਖੇਵਟ ਖੇਟ, ਜੁਗ ਜੁਗ ਬੰਨੇ ਲਾ ਰਿਹਾ । ਸ਼ਬਦ ਸੁਤ ਬੇਟੀ ਬੇਟ, ਏਕਾ ਧਾਮ ਬਹਾ ਰਿਹਾ । ਲੱਖ ਚੁਰਾਸੀ ਤਪੇ ਅਗਨੀ ਜੇਠ, ਵਾ ਤੱਤੀ ਹਾੜ ਵਗਾ ਰਿਹਾ । ਕੋਈ ਨਾ ਬੈਠੇ ਸਾਇਆ ਹੇਠ, ਸਿਰ ਹੱਥ ਨਾ ਕੋਈ ਟਿਕਾ ਲਿਆ । ਹੋਏ ਖ਼ਵਾਰੀ ਵਡ ਵਡ ਸੇਠ, ਰਾਜ ਰਾਜਾਨ ਨਾ ਕੋਈ ਵਿਚਾਰਿਆ । ਗੁਰਮੁਖ ਵਿਰਲੇ ਹਰਿ ਹਰਿ ਸਾਚਾ ਜਿਸ ਜਨ ਰੱਖਿਆ ਚੇਤਨ ਚੇਤ, ਚਿਤਵਿਤ ਠਗੌਰੀ ਨਾ ਪਾ ਲਿਆ । ਕਾਇਆ ਵੇਖੇ ਸਾਚਾ ਖੇਤ, ਅੰਮ੍ਰਿਤ ਮੇਘ ਬਰਸਾ ਲਿਆ । ਦਰਸ ਦਖਾਏ ਨੇਤਨ ਨੇਤ, ਆਤਮ ਬ੍ਰਹਮ ਜਣਾ ਲਿਆ । ਰਵਿਦਾਸ ਚੁਮਾਰਾ ਆਪੇ ਵੇਖ, ਆਪ ਆਪਣਾ ਸੰਗ ਨਿਭਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਗਤ ਜਾਗਰਤ ਜੋਤ ਇਕ ਜਗਾ ਲਿਆ । ਰਵਦਾਸ ਤੇਰਾ ਅੰਤਮ ਲਹਿਣਾ, ਹਰਿ ਹਰਿ ਮੂਲ ਚੁਕਾਇਆ । ਗੰਗਾ ਪਾਇਆ ਸਾਚਾ ਗਹਿਣਾ, ਤਨ ਸ਼ਿੰਗਾਰ ਕਰਾਇਆ । ਅੰਤਮ ਵੇਖੇ ਤੀਜੇ ਨੈਣਾਂ, ਦੋਏ ਨੈਣਾਂ ਬੰਦ ਕਰਾਇਆ । ਧਾਮ ਇਕੱਠੇ ਏਕਾ ਬਹਿਣਾ, ਏਕਾ ਰੰਗ ਸਮਾਇਆ । ਆਪੇ ਹੋਏ ਸਾਕ ਸੱਜਣ ਸੈਣਾ, ਮਾਤ ਪਿਤ ਭਾਈ ਭੈਣਾ ਆਪ ਹੋ ਜਾਇਆ । ਕਲਜੁਗ ਜੂਠੇ ਝੂਠੇ ਵਹਿਣ ਵਹਿਣਾ, ਜੀਵ ਜੰਤਾਂ ਦਏ ਰੁੜ੍ਹਾਇਆ । ਲਾੜੀ ਮੌਤ ਖਾਏ ਡੈਣਾ, ਰਾਏ ਧਰਮ ਦਏ ਸਜਾਇਆ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਵਿਰਲੇ ਮਾਤ ਰਹਿਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਇਆ । ਘਟ ਘਟ ਮੰਦਰ ਮਸਜਿਦ ਪਾਵੇ ਸਾਰ, ਗੁਰੂਦਵਾਰਾ ਵੇਖ ਵਖਾਇੰਦਾ । ਕਾਇਆ ਮੰਦਰ ਹੋ ਉਜਿਆਰ, ਦੀਵਾ ਬਾਤੀ ਇਕ ਜਗਾਇੰਦਾ । ਦੀਵਾ ਬਾਤੀ ਘਰ ਪ੍ਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਗਾਇੰਦਾ । ਪਾਰ ਕਰਾਏ ਪ੍ਰਿਥਮੀ ਅਕਾਸ਼, ਤ੍ਰੈ ਤ੍ਰੈ ਡੇਰਾ ਲਾਇੰਦਾ । ਆਦਿ ਜੁਗਾਦਿ ਨਾ ਹੋਏ ਵਿਨਾਸ, ਜੁਗ ਜੁਗ ਖੇਲ ਖਲਾਇੰਦਾ । ਪੂਰੀ ਕਰਨਹਾਰਾ ਆਸ, ਰਵਦਾਸ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਚੋਲਾ ਸੋਹੰ ਢੋਲਾ ਸ਼ਬਦ ਬੋਲਾ ਏਕੰਕਾਰ ਲੋਕਮਾਤ ਕਰ ਉਜਿਆਰ, ਆਦਿ ਨਿਰੰਜਣ ਏਕਾ ਜੋਤ ਜਗਾਇੰਦਾ । ਆਦਿ ਨਿਰੰਜਣ ਪੁਰਖ ਅਬਿਨਾਸ਼ਾ,

੮੮੨
੦੭

ਏਕਾ ਰੂਪ ਸਮਾਇਆ । ਵੇਖਣ ਆਇਆ ਜਗਤ ਤਮਾਸ਼ਾ, ਜੀਆਂ ਜੰਤਾਂ ਦਿਸ ਨਾ ਆਇਆ । ਸਾਚੇ ਮੰਦਰ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਇਆ । ਜਨ ਭਗਤਾਂ ਦੇਵੇ ਧੁਰ ਧਰਵਾਸਾ, ਆਤਮ ਬ੍ਰਹਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰਾ ਵਰ, ਹਰਿਸੰਗਤ ਰੰਗ ਰੰਗਾਇਆ । ਹਰਿਸੰਗਤ ਹਰਿ ਸਾਚੀ ਜੋੜ, ਜੋੜੀ ਜੋੜ ਜੁੜਾਇੰਦਾ । ਏਕਾ ਚੜ੍ਹਿਆ ਸਾਚੇ ਘੋੜ, ਸ਼ਬਦ ਅਖਾੜਾ ਇਕ ਲਗਾਇੰਦਾ । ਦਾਤਾ ਦਾਨੀ ਧੁਰਦਰਗਾਹੀ ਆਇਆ ਦੌੜ, ਲੋਕਮਾਤ ਵੇਖ ਵਖਾਇੰਦਾ । ਲਹਿਣਾ ਦੇਣਾ ਚੁੱਕੇ ਹਰਿ ਕੀ ਪੌੜ, ਹਰਿ ਕਾ ਪੌੜਾ ਇਕ ਵਖਾਇੰਦਾ । ਪੂਤ ਸਪੂਤਾ ਬ੍ਰਹਿਮਾ ਗੌੜ, ਉਚੇ ਟਿੱਲੇ ਪ੍ਰਬਤ ਕਿਲੇ ਡੇਰਾ ਲਾਇੰਦਾ । ਨਾ ਕੋਈ ਜਾਣੇ ਮਾਰਗ ਸੌੜ, ਭੀੜੀ ਗਲੀ ਨਾ ਪਾਰ ਕਰਾਇੰਦਾ । ਵੇਖਣਹਾਰਾ ਰਸ ਮਿੱਠਾ ਕੌੜ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤ ਦੇਵੇ ਸੰਗਤ ਵਰ, ਨਾਮ ਦਾਨ ਝੋਲੀ ਪਾਇੰਦਾ । ਹਰਿ ਦਵਾਰ ਵਕਤ ਚੁਕਾਇਆ, ਹਰਿ ਹਰਿ ਵੱਡੀ ਵਡਿਆਈ । ਸਤਿਜੁਗ ਸਾਚਾ ਮਾਰਗ ਲਾਇਆ, ਸੋਹੰ ਨਾਮ ਜਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਉਂ ਧਰਾਇਆ, ਵੇਦ ਪੁਰਾਨ ਨਾ ਕੋਈ ਗਾਈ । ਵਿਸ਼ਨੂੰ ਵੰਸੀ ਰੂਪ ਵਟਾਇਆ, ਹੋਏ ਸਰਬ ਸਹਾਈ । ਭਗਵਨ ਜੋਤੀ ਜੋਤ ਜਗਾਇਆ, ਅੱਠੇ ਪਹਿਰ ਰੁਸ਼ਨਾਈ । ਵਰਨ ਗੋਤੀ ਨਾ ਕੋਇ ਰਖਾਇਆ, ਏਕਾ ਬ੍ਰਹਮ ਜਣਾਈ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇਆ, ਆਪ ਆਪਣੀ ਬੂਝ ਬੁਝਾਈ । ਦੇਵੀ ਦੇਵ ਸਰਨ ਬਹਾਇਆ, ਬੈਠੇ ਸੀਸ ਝੁਕਾਈ । ਬ੍ਰਹਮਾ ਸ਼ਿਵ ਰਹੇ ਧਿਆਇਆ, ਆਠੇ ਪਹਿਰ ਲਿਵ ਲਾਈ । ਸ਼ੰਕਰ ਵਰਨਾਂ ਸ਼ੰਕਰ ਬਰਨਾਂ ਖੇਲੇ ਖੇਲ ਹਰਨ ਫਰਨਾ, ਏਕੰਕਾਰਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਕੀ ਬਾਤ ਹਰਿ ਆਪੇ ਬੂਝ ਬੁਝਾਈ । ਹਰਿ ਦਵਾਰ ਤੇਰਾ ਮਿੱਠਾ ਰਸ, ਹਰਿਜਨ ਝੋਲੀ ਪਾਇਆ । ਧੁਰਦਰਗਾਹੀ ਵੇਖੇ ਨੱਸ, ਸੰਮਤ ਵੀਹ ਸੌ ਪੰਦਰਾਂ ਬਿਕ੍ਰਮੀ ਲੇਖ ਲਿਖਾਇਆ । ਵੀਹ ਸਦ ਮਾਰੇ ਤੀਰ ਕਸ, ਬਿਕ੍ਰਮ ਬਿਕ੍ਰਮੀ ਧੀਰ ਧਰਾਇਆ । ਜਗਤ ਵਿਕਾਰਾ ਰਿਹਾ ਝੱਸ, ਪੰਚਮ ਮੇਲ ਮਿਲਾਇਆ । ਮੁਖ ਸ਼ਰਮਾਇਨ ਰਵ ਸਸ, ਬੈਠੇ ਪਰਦਾ ਪਾਇਆ । ਮਾਇਆ ਰਾਣੀ ਰਹੀ ਡੱਸ, ਅਗਨੀ ਤਤ ਵਖਾਇਆ । ਗੁਰਮੁਖ ਵਿਰਲੇ ਹਿਰਦੇ ਰਿਹਾ ਵਸ, ਜਿਸ ਜਨ ਆਪਣੀ ਬੂਝ ਬੁਝਾਇਆ । ਏਕਾ ਮਾਰਗ ਰਿਹਾ ਦੱਸ, ਚਾਰ ਵਰਨ ਸੱਚੀ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜੋਤ ਜੋਤ ਕਰੇ ਰੁਸ਼ਨਾਇਆ । ਜੋਤੀ ਨੂਰ ਹਰਿ ਉਜਾਲਾ, ਹਰ ਘਟ ਵੇਖ ਵਖਾਈਆ । ਦੀਨਾਂ ਬੰਧਪ ਦੀਨ ਦਿਆਲਾ, ਸ਼ਬਦ ਮਰਦੰਗਾ ਆਪ ਵਜਾਈਆ । ਸੰਗ ਰਖਾਏ ਕਾਲ ਮਹਾਂਕਾਲਾ, ਦੋ ਜਹਾਨਾਂ ਫੇਰੀ ਪਾਈਆ । ਸੋ ਪੁਰਖ ਨਿਰੰਜਣ ਬਣੇ ਦਲਾਲਾ, ਲੋਕਮਾਤ ਵੱਜੇ ਵਧਾਈਆ । ਇਕ ਵਖਾਏ ਕਾਇਆ ਸੱਚੀ ਧਰਮਸਾਲਾ, ਹਰਿ ਆਪਣਾ ਡੇਰਾ ਲਾਈਆ । ਅੰਮ੍ਰਿਤ ਆਤਮ ਪਿਆਏ ਸਚ ਪਿਆਲਾ, ਨਿਝਰ ਧਾਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਚੁੱਕੇ ਡਰ, ਜਗਤ ਨੀਰ ਗਿਆ ਸੀਰ, ਹਰਿ ਸਾਚੇ ਵਿਚ ਸਮਾਈਆ । ਹਰਿਸੰਗਤ ਹਰਿ ਹਰਿ ਵਡਿਆਈ, ਹਰਿ ਹਰਿ ਬੂਝ ਬੁਝਾਇੰਦਾ । ਏਕਾ ਸ਼ਬਦ ਹੋਏ ਕੁੜਮਾਈ, ਏਕਾ ਦਰ ਸੁਹਾਇੰਦਾ । ਏਕਾ ਰਾਗ ਰਿਹਾ ਸੁਣਾਈ, ਏਕਾ ਕਾਹਨ ਅਲਾਇੰਦਾ । ਏਕਾ ਮੰਗਲ ਰਿਹਾ ਗਾਈ, ਏਕਾ ਧੁਨ ਉਪਜਾਇੰਦਾ । ਏਕਾ ਕੁੰਡਾ ਰਿਹਾ ਲਾਹੀ,

ਬਜ਼ਰ ਕਪਾਟੀ ਆਪ ਤੁੜਾਇੰਦਾ । ਆਤਮ ਸੇਜਾ ਇਕ ਵਿਛਾਈ, ਸਚ ਸਿੰਘਾਸਣ ਆਪ ਸੁਹਾਇੰਦਾ । ਪੁਰਖ ਅਬਿਨਾਸ਼ਣ ਖੇਲ ਖਿਲਾਈ, ਖੇਲਣਹਾਰਾ ਦਿਸ ਨਾ ਆਇੰਦਾ । ਘਨਕਪੁਰ ਵਾਸੀ ਭੇਵ ਨਾ ਰਾਈ, ਆਪ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵੇ ਸਾਚਾ ਵਰ, ਪਹਿਲੀ ਪੋਹ ਖੁਲ੍ਹੇ ਦਰ, ਸਤਿ ਪ੍ਰਸਾਦਿ ਸਤਿ ਸਤਿ ਸਤਿ ਉਤਪਤ ਬ੍ਰਹਮ ਮਤ ਏਕਾ ਤਤ ਰਖਾਇੰਦਾ । ਸਚ ਸ਼ਬਦ ਸਚ ਪ੍ਰਸਾਦਿ, ਸਚ ਸਚ ਆਪ ਵਰਤਾਈਆ । ਸਚ ਗੁਰ ਆਦਿ ਜੁਗਾਦਿ, ਸਚ ਸੁੱਚ ਵੇਖ ਵਖਾਈਆ । ਸਚ ਸੁੱਚ ਦੇਵਣਹਾਰਾ ਦਾਦ, ਸਚ ਸੁੱਚ ਝੋਲੀ ਪਾਈਆ । ਸਚ ਸੁੱਚ ਵਜਾਏ ਨਾਮ ਨਾਦ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਖੇਲੇ ਖੇਲ ਵਿਚ ਬ੍ਰਹਿਮਾਦ, ਪੁਰੀਆਂ ਲੋਆਂ ਸਚ ਵਰਤਾਈਆ । ਗੰਗਾ ਤੇਰਾ ਰਸਨ ਸਵਾਦ, ਜਲ ਧਾਰਾ ਆਪੇ ਲੇਖੇ ਲਾਈਆ । ਸ਼ਬਦ ਜਣਾਈ ਬੋਧ ਅਗਾਧ, ਸੋ ਪੁਰਖ ਨਿਰੰਜਣ ਆਪ ਅਖਵਾਈਆ । ਕਲਜੁਗ ਮੇਟ ਮਿਟਾਏ ਵਾਦ ਵਿਵਾਦ, ਸਤਿਜੁਗ ਸਾਚਾ ਰਾਹ ਚਲਾਈਆ । ਕਿਸੇ ਦਿਸ ਨਾ ਆਏ ਸੰਤ ਸਾਧ, ਚਾਰੋਂ ਕੁੰਟ ਬੈਠੇ ਧੂਣੀਆਂ ਤਾਈਆ । ਗੁਰਮੁਖ ਹਰਿਜਨ ਹਰਿਭਗਤ ਆਤਮ ਅੰਤਰ ਰਹੇ ਅਰਾਧ, ਜਗਤ ਬਸੰਤਰ ਤਨ ਬੁਝਾਈਆ । ਬ੍ਰਹਮ ਪਾਰਬ੍ਰਹਮ ਆਵੇ ਸਚ ਸਵਾਦ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਹਰਿਜਨ ਮੇਲਾ ਮਾਧਵ ਮਾਧ, ਮਿਲਿਆ ਮੇਲ ਸਾਚੇ ਮਾਹੀਆ । ਸਾਚੇ ਘਰ ਸਚ ਪ੍ਰਸਾਦਿ, ਏਕਾ ਗੁਰਮੁਖ ਗੁਰਸਿਖ ਹਰਿ ਹਰਿ ਝੋਲੀ ਆਪ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਸੰਮਤ ਵੀਹ ਸਦ ਬਿਕ੍ਰਮੀ ਹੋ ਉਜਿਆਰ, ਖੇਲੇ ਖੇਲ ਅਗੰਮ ਅਪਾਰ, ਸੋਲਾਂ ਸੋਲਾਂ ਸੋਲਾਂ ਰਾਹ ਤਕਾਈਆ ।


੮੮੪

੦੨

## * ੧੩ ਮੱਘਰ ੨੦੧੫ ਬਿਕ੍ਰਮੀ ਕਾਲੀ ਕਮਲੀ ਵਾਲੇ ਦੇ ਡੇਰੇ ਮਹੰਤ ਨਾਲ ਬਚਨ ਰਿਖੀ ਕੇਸ਼ *

ਆਤਮ ਅੰਤਰ ਏਕਾ ਭੁੱਖ, ਹਰਿ ਨਾਮੇ ਮੰਗ ਮੰਗਾਈਆ । ਜਗਤ ਤ੍ਰਿਸ਼ਨਾ ਮਿਟੇ ਦੁੱਖ, ਹਉਮੇ ਰੋਗ ਨਾ ਕੋਈ ਸਤਾਈਆ । ਸਚ ਦਵਾਰੇ ਸਾਚਾ ਸੁਖ, ਏਕਾ ਬ੍ਰਹਮ ਜਣਾਈਆ । ਉਜਲ ਹੋਏ ਜਗਤ ਮੁੱਖ, ਦਰਗਹਿ ਸਾਚੀ ਮਿਲੇ ਥਾਈਆ । ਲੇਖੇ ਲੱਗੇ ਮਾਨਸ ਜਨਮ ਮਨੁਖ, ਲੱਖ ਚੁਰਾਸੀ ਫੰਦ ਕਟਾਈਆ । ਮਾਤ ਗਰਭ ਨਾ ਹੋਏ ਉਲਟਾ ਰੁਖ, ਦਸ ਦਸ ਮਾਸ ਨਾ ਕੋਇ ਸਜਾਈਆ । ਹਰਿਜਨ ਲੱਗੀ ਏਕਾ ਭੁੱਖ, ਸਾਚਾ ਸੰਤ ਦਏ ਮਿਟਾਈਆ । ਆਤਮ ਭੁੱਖ ਤ੍ਰਿਸ਼ਨ ਪਿਆਸ, ਹਰਿਜਨ ਆਪ ਲਗਾਈਆ । ਪ੍ਰਭ ਮਿਲਣ ਦੀ ਸਾਚੀ ਆਸ, ਕੋਈ ਸੰਤਨ ਦਏ ਮਿਲਾਈਆ । ਲੇਖੇ ਲੱਗੇ ਰਸਨ ਸਵਾਸ, ਦਿਵਸ ਰੈਣ ਰਹੇ ਚਲਾਈਆ । ਪਾਰ ਕਰਾਏ ਪ੍ਰਿਥਮੀ ਅਕਾਸ਼, ਗਗਨ ਮੰਡਲ ਇਕ ਸੁਹਾਈਆ । ਸਦਾ ਸੁਹੇਲਾ ਸਦ ਵਸੇ ਪਾਸ, ਦਿਵਸ ਰੈਣ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਮੇਲ ਮਿਲਾਵਾ ਸਾਚੇ ਘਰ, ਹਰਿ ਸੰਤਨ ਵਡ ਵਡਿਆਈਆ । ਆਤਮ ਅੰਤਰ ਜਗਤ ਰੋਗ, ਹਉਮੇ ਗੜ੍ਹ ਬਣਾਇਆ । ਸੰਤਨ ਮੇਲਾ ਧੁਰ ਸੰਜੋਗ, ਆਦਿ ਜੁਗਾਦੀ ਮੇਲ ਮਿਲਾਇਆ । ਕਵਣ ਵਖਾਏ ਦਰਸ ਅਮੋਘ, ਨੇਤਰ ਨੈਣ ਇਕ ਖੁਲ੍ਹਾਇਆ । ਕਵਣ ਚੁਗਾਏ ਸਾਚੀ ਚੋਗ, ਅੰਮ੍ਰਿਤ ਆਤਮ ਜਾਮ ਪਿਆਇਆ । ਕਵਣ ਲਗਾਏ ਸਾਚਾ ਭੋਗ, ਕਵਣ ਸਾਚੀ ਸੇਜਾ ਆਸਣ ਲਾਇਆ । ਕਵਣ ਸਹਿਸਾ ਮਿਟਾਏ ਜਗਤ ਵਿਜੋਗ, ਆਵਣ ਜਾਵਣ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਦਿ ਜੁਗਾਦਿ ਹਰਿ ਸੰਤਨ ਵਿਚ ਸਮਾਇਆ । ਜਗਤ ਭੁੱਖ ਜਗਤ ਬਿਲਲਾਏ, ਤ੍ਰਿਸ਼ਨਾ ਤ੍ਰਿਪਤ ਨਾ ਕੋਈ ਕਰਾਈਆ । ਚਾਰੋਂ ਕੁੰਟ ਹੋਈ ਹਲਕਾਏ, ਸਾਚੀ ਰੇਖ ਨਾ ਕੋਈ ਜਗਾਈਆ । ਨਾਮ ਨਿਧਾਨ ਨਾ ਕੋਈ ਝੋਲੀ ਪਾਏ, ਆਤਮ ਬ੍ਰਹਮ ਨਾ ਕੋਈ ਜਣਾਈਆ । ਸਚ ਨਿਸ਼ਾਨ ਨਾ ਕੋਈ ਝੁਲਾਏ, ਸਚਖੰਡ ਨਾ ਕੋਈ ਵਖਾਈਆ । ਨਿਰਗੁਣ ਜੋਤੀ ਨਾ ਕੋਈ ਮਿਲਾਏ, ਵਾਸਨਾ ਖੋਟੀ ਨਾ ਕੋਈ ਕਢਾਏ, ਗਿਆਨ ਧਿਆਨ ਰਹੇ ਦ੍ਰਿੜਾਈਆ । ਸਾਚੀ ਚੋਟੀ ਨਾ ਕੋਈ ਚੜ੍ਹਾਏ, ਬਜ਼ਰ ਕਪਾਟੀ ਨਾ ਕੋਈ ਤੁੜਾਈਆ । ਧੀਰਜ ਸਤਿ ਲੰਗੋਟੀ ਨਾ ਕੋਈ ਬੰਧਾਏ, ਕੋਟਨ ਕੋਟ ਬੈਠੇ ਧੂਣੀਆਂ ਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵੇਖੇ ਸਾਚਾ ਘਰ, ਘਰ ਸਾਚੇ ਡੇਰਾ ਲਾਈਆ । ਜਗਤ ਤ੍ਰਿਸ਼ਨਾ ਆਦਿ ਜੁਗਾਦਿ, ਪੰਜ ਤਤ ਕਰੀ ਕੁੜਮਾਈਆ । ਹਰਿ ਸੰਤ ਬੁਝਾਏ ਜਗਤ ਪਿਆਸ, ਅੰਮ੍ਰਿਤ ਮੇਘ ਬਰਸਾਈਆ । ਨੌਂ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਲੱਖ ਚੁਰਾਸੀ ਕਰੇ ਤਰਾਸ ਤਰਾਸ, ਕਲਜੁਗ ਕੂਕੇ ਦਏ ਦੁਹਾਈਆ । ਕਵਣ ਦਵਾਰ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਕਵਣ ਨਚਾਈਆ । ਕਵਣ ਕਰਾਏ ਅੰਧੇਰੀ ਕੁੰਦਰ ਇਕ ਪ੍ਰਕਾਸ਼, ਅੰਧ ਅੰਧੇਰ ਮਿਟਾਈਆ । ਜੋਤ ਨਿਰੰਜਣ ਕਰੇ ਦਾਸ, ਅਨਹਦ ਸੇਵਾ ਲਾਈਆ । ਹਰਿ ਸੰਤਨ ਵਸੇ ਸਦਾ ਪਾਸ, ਅਲੱਖ ਅਗੋਚਰ ਅਭੇਦ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਇਕ ਸੁਹਾਈਆ । ਕਮਲੀ ਵਾਲਾ ਹਰਿ ਹਰਿ ਰੂਪ, ਹਰਿ ਹਰਿ ਰੰਗ ਸਮਾਇਆ । ਪੁਰਖ ਅਬਿਨਾਸ਼ੀ ਸ਼ਾਹੋ ਭੂਪ, ਕਵਣ ਦਵਾਰੇ ਡੇਰਾ ਲਾਇਆ । ਏਕਾ ਜਾਣੇ ਸਤਿ ਸਰੂਪ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਸ਼ਬਦ ਪੰਗੂੜਾ ਰਿਹਾ ਝੂਟ, ਸਚ ਸਿੰਘਾਸਣ ਇਕ ਵਖਾਇਆ । ਸੰਤ ਸੁਹੇਲਾ ਕਵਣ ਦਵਾਰੇ ਆਤਮ ਰਸ ਰਿਹਾ ਲੂਟ, ਨੇਤਰ ਨੈਣ ਲੋਚਣ ਇਕ ਖੁਲ੍ਹਾਇਆ । ਲਹਿਣਾ ਦੇਣਾ ਚੁੱਕੇ ਜੂਠ ਝੂਠ, ਪੰਚ ਵਿਕਾਰਾ ਨੇੜ ਨਾ ਆਇਆ । ਸਾਚਾ ਸੱਜਣ ਹਰਿਜਨ ਜਨ ਹਰਿ ਆਪੇ ਜਾਏ ਤੁਠ, ਜੁਗ ਵਿਛੜੇ ਜਗਤ ਲਏ ਮੇਲ ਮਿਲਾਇਆ । ਲੁਕਿਆ ਰਹੇ ਨਾ ਕੋਈ ਗੁੱਠ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਇਆ । ਰਿਖੀ ਕੇਸ਼ ਨਰ ਨਰਾਇਣ ਪੁਰਖ ਅਗੰਮਾ, ਨਾ ਮਰੇ ਨਾ ਕਦੇ ਜੰਮਾ, ਆਦਿ ਜੁਗਾਦਿ ਜੁਗ ਜੁਗ ਜਾਣੇ ਆਪਣਾ ਕੰਮਾ, ਹਰਿ ਸੰਤਨ ਵਿਚ ਸਮਾਇਆ । ਕਾਲੀ ਕਮਲੀ ਕਾਲੀ ਧਾਰ, ਹਰਿ ਨੂਰੋ ਨੂਰ ਸਮਾਈਆ । ਇਕ ਇਕੱਲਾ ਏਕੰਕਾਰ, ਲੱਖ ਚੁਰਾਸੀ ਡੇਰਾ ਲਾਈਆ । ਜਲਾਂ ਥਲਾਂ ਪਾਵੇ ਸਾਰ, ਜਗਤ ਆਸ਼ਰਮ ਵੇਖ ਵਖਾਈਆ । ਅਵਣ ਗਵਣ ਵਸਿਆ ਬਾਹਿਰ, ਨਿਹਕਰਮੀ ਨਾਉਂ ਧਰਾਈਆ । ਸਾਚੀ ਸਰਨ ਇਕ ਦਵਾਰ, ਸਾਚੇ ਘਰ ਵੱਜੀ ਵਧਾਈਆ । ਗੰਗਾ ਤੇਰੀ ਠੰਡੀ ਧਾਰ, ਨਿਰਮਲ ਧਾਰ ਰਹੀ ਵਹਾਈਆ । ਹਰਿਜਨ ਵਿਰਲਾ ਪਾਵੇ ਸਾਰ, ਜਿਸ ਜਨ ਆਤਮ ਬ੍ਰਹਮ ਜਣਾਈਆ । ਅਬਿਨਾਸ਼ੀ ਕਰਤਾ ਕਰੇ ਵਿਚਾਰ, ਆਦਿ ਪੁਰਖ ਵੱਡੀ ਵਡਿਆਈਆ । ਕਲਜੁਗ ਤੇਰੀ ਅੰਤਮ ਵਾਰ, ਤੀਰਥ ਤੱਟਾਂ ਫੇਰੀ ਪਾਈਆ । ਸਾਧਾਂ ਸੰਤਾਂ ਵੇਖੇ ਮੀਤ ਮੁਰਾਰ, ਚੌਦਾਂ ਲੋਕ ਫੋਲ ਫੁਲਾਈਆ । ਲੋਆਂ ਪੁਰੀਆਂ ਖੇਲ ਅਪਾਰ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਜਗਾਈਆ । ਰਵ ਸਸ ਕਰਨ ਪੁਕਾਰ, ਧਰਤ ਧਵਲ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਸਾਚੇ ਦਰ, ਦਰ ਸਾਚਾ ਇਕ ਸੁਹਾਈਆ ।

੮੮੫
੦੭

## * ੧੩ ਮੱਘਰ ੨੦੧੫ ਬਿਕਰਮੀ ਸਤਿਸੰਗ ਹਾਲ ਰਿਖੀ ਕੇਸ਼ *

ਨਿਰਗੁਣ ਜੋਤ ਹਰਿ ਨਿਰੰਕਾਰ, ਨੂਰੋ ਨੂਰ ਸਮਾਇਆ । ਆਦਿ ਪੁਰਖ ਅਗੰਮ ਅਪਾਰ, ਪਾਰਬ੍ਰਹਮ ਨਾਉਂ ਧਰਾਇਆ । ਆਦਿ ਨਿਰੰਜਣ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇਆ । ਏਕੰਕਾਰਾ ਕਰ ਅਕਾਰ, ਅਕਲ ਕਲਾ ਅਖਵਾਇਆ । ਆਦਿ ਸ਼ਕਤ ਹੋ ਉਜਿਆਰ, ਰੂਪ ਅਨੂਪ ਆਪ ਦਰਸਾਇਆ । ਸਤਿ ਪੁਰਖ ਨਿਰੰਜਣ ਭੇਖ ਅਪਾਰ, ਭੇਖਾਧਾਰੀ ਭੇਖ ਵਟਾਇਆ । ਰੂਪ ਰੰਗ ਨਾ ਕੋਈ ਪਾਵੇ ਸਾਰ, ਲੇਖਾ ਲਿਖਤ ਵਿਚ ਨਾ ਆਇਆ । ਥਿਰ ਘਰ ਬੈਠਾ ਕਰ ਪਸਾਰ, ਆਪ ਆਪਣਾ ਦਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਇਆ । ਆਦਿ ਪੁਰਖ ਹਰਿ ਅਬਿਨਾਸ਼, ਏਕਾ ਏਕੰਕਾਰਿਆ । ਸਰਬ ਘਟਾਂ ਘਟ ਰੱਖੇ ਵਾਸ, ਨਿਰਗੁਣ ਜੋਤੀ ਜੋਤ ਜਗਾ ਰਿਹਾ । ਆਪ ਆਪਣਾ ਕਰ ਪ੍ਰਕਾਸ਼, ਆਪ ਆਪਣਾ ਵੇਖ ਵਖਾ ਰਿਹਾ । ਆਪ ਆਪਣੀ ਪਾਵੇ ਰਾਸ, ਆਪਣਾ ਮੰਡਲ ਆਪ ਸੁਹਾ ਰਿਹਾ । ਆਪ ਆਪਣੇ ਵਸੇ ਪਾਸ, ਦੂਜਾ ਦਰ ਨਾ ਕੋਈ ਵਖਾ ਲਿਆ । ਆਪ ਸਮਾਏ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਡੇਰਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਇਕ ਅਖਵਾ ਰਿਹਾ । ਅਬਿਨਾਸ਼ੀ ਕਰਤਾ ਪੁਰਖ ਅਗੰਮ, ਏਕਾ ਜੋਤ ਜਗਾਈਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਖਲਾਈਆ । ਪਵਣ ਸਵਾਸੀ ਨਾ ਲਏ ਦਮ, ਪੰਜ ਤਤ ਨਾ ਕੋਈ ਕੁੜਮਾਈਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਆਲਸ ਨਿੰਦਰਾ ਵਿਚ ਨਾ ਆਈਆ । ਨਾ ਕੋਈ ਤ੍ਰਿਸ਼ਨਾ ਭੁੱਖ ਤਮ, ਨਾ ਕੋਈ ਮੋਹ ਵਧਾਈਆ । ਆਦਿ ਜੁਗਾਦੀ ਆਪੇ ਜਾਣੇ ਆਪਣਾ ਕੰਮ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਆਪ ਅਖਵਾਈਆ । ਏਕੰਕਾਰਾ ਮੂਰਤ ਅਕਾਲ, ਏਕਾ ਰੂਪ ਦਸਾਇਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਆਪ ਅਖਵਾਇਆ । ਸਰਬ ਜੀਆਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਧਰਾਇਆ । ਥਿਰ ਘਰ ਬੈਠ ਸੱਚੀ ਧਰਮਸਾਲ, ਆਪ ਆਪਣਾ ਖੇਲ ਖਲਾਇਆ । ਜੋਤੀ ਦੀਪਕ ਏਕਾ ਬਾਲ, ਇਕ ਪ੍ਰਕਾਸ਼ ਰਖਾਇਆ । ਆਪਣੀ ਸੁਰਤ ਆਪ ਸੰਭਾਲ, ਆਪੇ ਵੇਖ ਵਖਾਇਆ । ਆਪ ਆਪਣਾ ਤੋੜ ਜੰਜਾਲ, ਆਪ ਆਪਣਾ ਰੰਗ ਰੰਗਾਇਆ । ਆਪ ਆਪਣੀ ਕਰ ਕਰ ਭਾਲ, ਹਰਿ ਆਪ ਆਪਣੀ ਬੂਝ ਬੁਝਾਇਆ । ਆਪ ਆਪਣਾ ਬਣ ਦਲਾਲ, ਆਪ ਆਪਣੀ ਸੇਵਾ ਆਪ ਕਰਾਇਆ । ਆਪ ਆਪਣੀ ਚਲੇ ਚਾਲ, ਚਾਲ ਅਵੱਲੜੀ ਆਪ ਰਖਾਇਆ । ਆਪ ਆਪਣਾ ਸੁਹਾਏ ਤਾਲ, ਅੰਮ੍ਰਿਤ ਤਾਲ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਏਕਾ ਏਕ ਅਖਵਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਨਿਰੰਜਣ ਭੇਵ ਨਾ ਰਾਈਆ । ਥਿਰ ਘਰ ਬੈਠ ਸੱਚੇ ਦਰਬਾਰ, ਆਪ ਆਪਣਾ ਮਤਾ ਪਕਾਈਆ । ਸ਼ਬਦ ਸਿੰਘਾਸਣ ਅਪਰ ਅਪਾਰ, ਸ਼ਾਹੋ ਭੂਪ ਬੈਠਾ ਆਸਣ ਲਾਈਆ । ਨਾ ਕੋਈ ਦਿਸੇ ਚੋਬਦਾਰ, ਨਾ ਕੋਈ ਬਣਤ ਬਣਾਈਆ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣੇ ਅੰਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸਿਆ ਆਪਣੇ ਘਰ, ਆਪ ਆਪਣੀ ਰਚਨ ਰਚਾਈਆ । ਸਾਚਾ ਘਰ ਦਰ ਦਰਬਾਰਾ, ਹਰਿ ਹਰਿ ਆਪ ਸੁਹਾਇੰਦਾ । ਇਕ ਇਕੱਲਾ ਏਕੰਕਾਰਾ, ਆਪ ਆਪਣੀ ਕਲ ਵਰਤਾਇੰਦਾ ।

ਰੂਪ ਅਨੂਪ ਅਗੰਮ ਅਪਾਰਾ, ਅਲੱਖ ਅਲੱਖ ਨਾ ਕੋਈ ਵਖਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਸਗਨ ਮਨਾਇੰਦਾ । ਆਪ ਆਪਣਾ ਬਣ ਭਤਾਰਾ, ਨਾਰੀ ਰੂਪ ਆਪ ਹੋ ਜਾਇੰਦਾ । ਆਪ ਆਪਣਾ ਖੇਲੇ ਖੇਲ ਨਿਆਰਾ, ਵੇਖਣਹਾਰਾ ਦਿਸ ਨਾ ਆਇੰਦਾ । ਸ਼ਬਦ ਸੁਤ ਉਪਜੇ ਇਕ ਦੁਲਾਰਾ, ਜੋਤੀ ਮਾਤਾ ਝੋਲੀ ਪਾਇੰਦਾ । ਧੁਰਦਰਗਾਹੀ ਹਰਿ ਹਰਿ ਲਾੜਾ, ਧਰਮ ਅਖਾੜਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਵੇਖ ਵਖਾਇੰਦਾ । ਅਕਾਲ ਪੁਰਖ ਆਦਿ ਅੰਤ, ਏਕਾ ਕਲ ਵਰਤਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਦਏ ਵਡਿਆਈਆ । ਆਪ ਆਪਣੀ ਮਾਇਆ ਪਾਏ ਬੇਅੰਤ, ਆਪ ਆਪਣਾ ਪਰਦਾ ਲਾਹੀਆ । ਆਪ ਚਲਾਏ ਆਪਣਾ ਮੰਤ, ਆਪਣੇ ਸ਼ਬਦ ਰੱਖੇ ਵਡਿਆਈਆ । ਆਪੇ ਨਾਰੀ ਆਪੇ ਕੰਤ, ਆਪੇ ਸੁਹੰਜਣੀ ਸੇਜ ਹੰਢਾਈਆ । ਆਪੇ ਚਾੜ੍ਹੇ ਰੰਗ ਬਸੰਤ, ਵੇਖਣਹਾਰ ਆਪ ਹੋ ਜਾਈਆ । ਖੇਲੇ ਖੇਲ ਜੁਗਾਂ ਜੁਗੰਤ, ਜਗ ਕਰਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਦਰ ਵਡਿਆਈਆ । ਸਾਚਾ ਘਰ ਪੁਰਖ ਅਕਾਲ, ਏਕਾ ਏਕ ਸਮਾਇਆ । ਥਿਰ ਘਰ ਵੇਖ ਸੱਚੀ ਧਰਮਸਾਲ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਨਾ ਕੋਈ ਕਾਲ ਨਾ ਮਹਾਂਕਾਲ, ਨਾ ਕੋਈ ਭੈ ਰਖਾਇਆ । ਨਾ ਕੋਈ ਦਿਸੇ ਹੋਰ ਜੰਜਾਲ, ਮਾਇਆ ਮੋਹ ਨਾ ਕੋਈ ਬੰਧਾਇਆ । ਆਪਣੀ ਕਰੇ ਆਪ ਪ੍ਰਿਤਪਾਲ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸ਼ਬਦ ਦੇਵੇ ਵਰ, ਸ਼ਬਦ ਸ਼ਬਦੀ ਆਪ ਉਪਾਇਆ । ਸ਼ਬਦ ਸੁਤ ਹਰਿ ਦੁਲਾਰ, ਘਰ ਸਾਚੇ ਵੇਖ ਵਖਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਦੇ ਮਤ ਰਿਹਾ ਸਮਝਾਈਆ । ਏਕਾ ਤਤ ਹਰਿ ਵਿਚਾਰ, ਪਾਰਬ੍ਰਹਮ ਵੱਡੀ ਵਡਿਆਈਆ । ਹੱਡ ਮਾਸ ਨਾੜੀ ਰੱਤ ਨਾ ਕੋਈ ਅਕਾਰ, ਰਕਤ ਬੂੰਦ ਨਾ ਕੋਈ ਟਿਕਾਈਆ । ਸਤਿ ਸਤਿ ਆਪ ਕਰਤਾਰ, ਸਤਿ ਸਤਿ ਸਰੂਪ ਸਮਾਈਆ । ਆਪ ਆਪਣੀ ਕਿਰਪਾ ਧਾਰ, ਆਪ ਆਪਣੀ ਰਚਨ ਰਚਾਈਆ । ਪੂਤ ਸਪੂਤਾ ਹੋਇਆ ਖ਼ਬਰਦਾਰ, ਆਪ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦੇਵੇ ਵਰ, ਸ਼ਬਦ ਸ਼ਬਦ ਝੋਲੀ ਪਾਈਆ । ਸ਼ਬਦ ਸੁਤ ਵਰ ਘਰ ਪਾਇਆ, ਹਰਿ ਸਾਚੇ ਸ਼ਬਦ ਜਣਾਈਆ । ਲੋਆਂ ਪੁਰੀਆਂ ਰਚਨ ਰਚਾਇਆ, ਬ੍ਰਹਿਮੰਡ ਖੰਡ ਵੇਖ ਵਖਾਈਆ । ਨਿਰੰਕਾਰ ਤੇਰਾ ਵੇਸ ਵਟਾਇਆ, ਆਪ ਆਪਣੀ ਬੂਝ ਬੁਝਾਈਆ । ਵਾਲੀ ਦੋ ਜਹਾਨਾ ਆਪ ਹੋ ਜਾਇਆ, ਨਿਰਗੁਣ ਸਰਗੁਣ ਵੇਸ ਕਰਾਈਆ । ਨਿਰਾਕਾਰ ਸਾਕਾਰ ਸਮਾਇਆ, ਸਗਲੀ ਚਿੰਤ ਮਿਟਾਈਆ । ਦੋਏ ਧਾਰਾ ਭੇਵ ਨਾ ਰਾਇਆ, ਬੈਠਾ ਮੁਖ ਛੁਪਾਈਆ । ਵਿਸ਼ਨੂੰ ਰੂਪ ਆਪ ਹੋ ਜਾਇਆ, ਆਪ ਆਪਣਾ ਨੈਣ ਉਘੜਾਈਆ । ਕਵਲ ਕਵਲਾ ਧਾਰ ਵਹਾਇਆ, ਏਕਾ ਏਕ ਮਹਿਕਾਈਆ । ਅੰਮ੍ਰਿਤ ਜਲ ਆਪ ਭਰਾਇਆ, ਦਿਸ ਕਿਸੇ ਨਾ ਆਈਆ । ਸਾਚਾ ਵੇਤਾ ਆਪ ਉਠਾਇਆ, ਪਾਰਬ੍ਰਹਮ ਬ੍ਰਹਮ ਹੋ ਜਾਈਆ । ਚਾਰੇ ਮੁਖ ਖੋਲ੍ਹ ਵਖਾਇਆ, ਜਗਤ ਵੱਡੀ ਵਡਿਆਈਆ । ਚਾਰੇ ਵੇਦ ਲੇਖ ਲਿਖਾਇਆ, ਆਪ ਆਪਣੀ ਬੂਝ ਬੁਝਾਈਆ । ਏਕਾ ਸ਼ਬਦ ਨਾਉਂ ਧਰਾਇਆ, ਬ੍ਰਹਿਮੰਡਾਂ ਗਿਆ ਸਮਾਈਆ । ਪੰਜ ਤਤ ਤੇਰਾ ਨਾਉਂ ਧਰਾਇਆ, ਆਪ ਆਪਣੀ ਕਰ ਕੁੜਮਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਡੇਰਾ ਲਾਇਆ, ਸਗਲਾ ਸੰਗ ਨਿਭਾਈਆ । ਮਨ ਮਤ ਬੁੱਧ ਆਪ ਹੋ ਜਾਇਆ, ਨਿਰਗੁਣ ਵਸਤ ਝੋਲੀ ਪਾਈਆ । ਨੌਂ ਦਵਾਰੇ ਦਰ ਖੁਲ੍ਹਾਇਆ, ਜਗ ਵਾਸਨਾ ਆਪ ਭਰਾਈਆ । ਘਰ ਵਿਚ ਘਰ


Rev-01

ਡੇਰਾ ਲਾਇਆ, ਆਪ ਆਪਣਾ ਮੁਖ ਛੁਪਾਈਆ । ਦਸਮ ਦੁਆਰੀ ਨਾਉਂ ਧਰਾਇਆ, ਮਾਨਸ ਮਾਨੁਖ ਵਿਚ ਸਮਾਈਆ । ਬਜ਼ਰ ਕਪਾਟੀ ਬੰਦ ਕਰਾਇਆ, ਆਪਣੀ ਸਿਲਾ ਅੱਗੇ ਡਾਹੀਆ । ਚੌਦਾਂ ਹਾਟੀ ਵੇਖ ਵਖਾਇਆ, ਤ੍ਰੈਲੋਕ ਵੱਜੇ ਵਧਾਈਆ । ਲੋਆਂ ਪੁਰੀਆਂ ਖੇਲ ਖਲਾਇਆ, ਆਪ ਆਪਣੀ ਰਚਨ ਰਚਾਈਆ । ਆਪ ਆਪਣਾ ਭੇਖ ਵਟਾਇਆ, ਆਪ ਆਪਣਾ ਰੂਪ ਦਰਸਾਈਆ । ਸ਼ੰਕਰ ਸ਼ਿਵ ਧਾਰ ਚਲਾਇਆ, ਜਟਾ ਜੂਟ ਸਹਿਜ ਸੁਭਾਈਆ । ਬਾਸ਼ਕ ਤਸ਼ਕਾ ਗਲ ਲਟਕਾਇਆ, ਏਕਾ ਰੂਪ ਦਰਸਾਈਆ । ਤ੍ਰੈਗੁਣ ਮੇਲਾ ਮੇਲ ਮਿਲਾਇਆ, ਤ੍ਰੈ ਤ੍ਰੈ ਦਰ ਜਣਾਈਆ । ਪੁਰਖ ਅਕਾਲ ਖੇਲ ਖਲਾਇਆ, ਆਪ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਮੂਰਤ ਨਾਮ ਤੂਰਤ, ਏਕਾ ਸ਼ਬਦ ਰਿਹਾ ਚਲਾਈਆ । ਸ਼ਬਦ ਤੂਰਤ ਸਾਚਾ ਨਾਦ, ਨਾਦੀ ਨਾਦ ਵਜਾਇਆ, ਆਪ ਸੁਣਾਏ ਵਿਚ ਬ੍ਰਹਿਮਾਦ, ਪਾਰਬ੍ਰਹਮ ਵਡਿਆਇਆ । ਇਕ ਜਣਾਈ ਬੋਧ ਅਗਾਧ, ਬ੍ਰਹਮਾ ਭੇਵ ਨਾ ਰਾਇਆ । ਆਪ ਆਪਣਾ ਦੇਵੇ ਸਾਧ, ਆਪ ਆਪਣਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪ ਹੋ ਜਾਇਆ । ਆਦਿ ਅੰਤ ਹਰਿ ਕਰਤਾਰ, ਏਕਾ ਅੰਕ ਅਖਵਾਇਆ । ਖੇਲੇ ਖੇਲ ਅਪਰ ਅਪਾਰ, ਆਪ ਆਪਣਾ ਭੇਵ ਛੁਪਾਇਆ । ਵੰਡੇ ਵੰਡ ਜਗਤ ਸੰਸਾਰ, ਲੋਕਮਾਤ ਵੇਖ ਵਖਾਇਆ । ਵਰਭੰਡੀ ਕਰ ਤਿਆਰ, ਬ੍ਰਹਿਮੰਡੀ ਫੇਰਾ ਪਾਇਆ, ਜੇਰਜ ਅੰਡੀ ਕਰ ਪਿਆਰ, ਉਤਭੁਜ ਸੇਤਜ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰਾ ਹਰਿ ਸਮਰਥ, ਏਕਾ ਏਕ ਅਖਵਾਈਆ । ਏਕ ਚਲਾਏ ਆਪਣਾ ਰਥ, ਜੁਗ ਜੁਗ ਵੇਸ ਵਟਾਈਆ । ਲੱਖ ਚੁਰਾਸੀ ਪਾਏ ਨੱਥ, ਹਰ ਘਟ ਬੈਠਾ ਬੇਪਰਵਾਹੀਆ । ਆਪੇ ਸ੍ਰਿਸ਼ਟ ਸਬਾਈ ਰਿਹਾ ਮਥ, ਆਪੇ ਲਏ ਉਪਾਈਆ । ਆਪੇ ਦੇਵਣਹਾਰਾ ਸਾਚੀ ਵੱਥ, ਆਪ ਆਪਣਾ ਨਾਉਂ ਧਰਾਈਆ । ਜੁਗ ਜੁਗ ਮਹਿਮਾ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਈਆ । ਸਾਚੀ ਵੰਡ ਵੰਡਣਹਾਰ, ਏਕਾ ਏਕ ਅਖਵਾਇੰਦਾ । ਰੂਪ ਅਨੂਪ ਸ਼ਾਹੋ ਭੂਪ ਸੱਚੀ ਸਰਕਾਰ, ਸਚ ਸਿੰਘਾਸਣ ਲਾਇੰਦਾ । ਥਿਰ ਘਰ ਸੁਹਾਏ ਇਕ ਦਵਾਰ, ਬੰਕ ਦਵਾਰੀ ਵੇਖ ਵਖਾਇੰਦਾ । ਨਿਰਮਲ ਜੋਤੀ ਕਰ ਉਜਿਆਰ, ਪ੍ਰਕਾਸ਼ ਪ੍ਰਕਾਸ਼ ਟਿਕਾਇੰਦਾ । ਰਵ ਸਸ ਕਰਨ ਨਿਮਸਕਾਰ, ਤਾਰਾ ਮੰਡਲ ਸੀਸ ਝੁਕਾਇੰਦਾ । ਬ੍ਰਹਮਾ ਵੇਤਾ ਬਣ ਭਿਖਾਰ, ਆਪ ਆਪਣੀ ਝੋਲੀ ਡਾਹਿੰਦਾ । ਸ਼ਿਵ ਸ਼ੰਕਰ ਹੱਥ ਫੜ ਕਟਾਰ, ਜਗਤ ਸਿੰਘਾਰਾ ਨਾਉਂ ਧਰਾਇੰਦਾ । ਵਿਸ਼ਨੂੰ ਵੰਸੀ ਕਰ ਪਿਆਰ, ਜੀਆਂ ਦਾਤਾ ਆਪ ਹੋ ਜਾਇੰਦਾ । ਭਗਵਨ ਮੇਲਾ ਵਿਚ ਸੰਸਾਰ, ਹਰਿਜਨ ਵਿਰਲਾ ਪਾਇੰਦਾ । ਸਤਿਜੁਗ ਸਾਚਾ ਖੋਲ੍ਹ ਭੰਡਾਰ, ਏਕਾ ਬ੍ਰਹਮ ਜਣਾਇੰਦਾ । ਵਰਨ ਬਰਨਾਂ ਨਾ ਕੋਈ ਅਧਾਰ, ਊਚ ਨੀਚ ਨਾ ਕੋਈ ਰਖਾਇੰਦਾ । ਰਾਓ ਰੰਕ ਨਾ ਕੋਈ ਸਿਕਦਾਰ, ਦਰ ਦਰ ਭਿੱਖ ਨਾ ਕੋਈ ਮੰਗਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਹੰ ਬ੍ਰਹਮ ਆਪ ਹੋ ਜਾਇੰਦਾ । ਬੰਕ ਬੰਕ ਨਾ ਕੋਈ ਗੜ੍ਹ ਹੰਕਾਰ, ਮਾਇਆ ਮਮਤਾ ਨਾ ਕੋਈ ਰਖਾਇੰਦਾ । ਸਾਚੀ ਸੰਗਤਾ ਕਰ ਪਿਆਰ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਸਤਿਜੁਗ ਸਾਚਾ ਕਰ ਪ੍ਰਧਾਨ, ਹਰਿ ਸਾਚੀ ਬਣਤ ਬਣਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਏਕਾ ਏਕ ਜੋਗ ਮੰਤਰ ਵਿਦਵਾਨ, ਏਕਾ ਵੇਖ ਵਖਾਈਆ । ਏਕਾ ਚਰਨ

ਏਕਾ ਕਵਲ ਧਿਆਨ, ਏਕਾ ਬੂਝ ਬੁਝਾਈਆ । ਏਕਾ ਪਵਣ ਇਕ ਮਸਾਣ, ਏਕਾ ਹਵਨ ਕਰਾਈਆ । ਏਕਾ ਅੰਮ੍ਰਿਤ ਆਤਮ ਪੀਣ ਖਾਣ, ਦੂਈ ਵਸਤ ਨਾ ਕੋਈ ਟਿਕਾਈਆ । ਏਕਾ ਸ਼ਬਦ ਬੋਧ ਅਗਾਧੀ ਸਚ ਬਿਬਾਨ, ਏਕਾ ਹਰਿਜਨ ਸਾਚੇ ਲਏ ਉਠਾਈਆ । ਏਕਾ ਰਾਗ ਸੁਣਾਏ ਕਾਨ, ਧੁਨੀ ਆਤਮਕ ਨਾਦ ਆਪ ਵਜਾਈਆ । ਏਕਾ ਏਕ ਕਰੇ ਪਛਾਣ, ਏਕਾ ਹੱਥ ਰੱਖੇ ਵਡਿਆਈਆ । ਏਕਾ ਮੰਦਰ ਇਕ ਮਕਾਨ, ਆਪ ਆਪਣੀ ਬੂਝ ਬੁਝਾਈਆ । ਏਕਾ ਗੋਪੀ ਏਕਾ ਕਾਹਨ, ਏਕਾ ਇਸ਼ਟ ਮਨਾਈਆ । ਏਕਾ ਧਰਮ ਇਕ ਨਿਸ਼ਾਨ, ਏਕਾ ਏਕ ਝੁਲਾਈਆ । ਏਕਾ ਸ਼ਾਹ ਇਕ ਸੁਲਤਾਨ, ਏਕਾ ਤਾਜ ਟਿਕਾਈਆ । ਏਕਾ ਨੁਹਾਵਨ ਜੀਵ ਜੰਤ ਸਾਰੇ ਨੁਹਾਨ, ਦੁਰਮਤ ਮੈਲ ਨਾ ਕੋਏ ਗਵਾਈਆ । ਏਕਾ ਪਦ ਗੁਰਮੁਖ ਪਾਣ, ਚੌਥੇ ਪਦ ਸਮਾਈਆ । ਤੀਜਾ ਨੇਤਰ ਆਪ ਖੁਲ੍ਹਾਣ, ਏਕਾ ਰੰਗ ਰੰਗਾਈਆ । ਦੂਜਾ ਭੇਵ ਨਾ ਕੋਈ ਜਹਾਨ, ਨਾ ਕੋਈ ਵੰਡ ਵੰਡਾਈਆ । ਏਕਾ ਜੀਆ ਏਕਾ ਦਾਨੀ ਦਾਨ, ਏਕਾ ਦਾਤਾ ਝੋਲੀ ਪਾਈਆ । ਏਕਾ ਕਰਨਹਾਰਾ ਪਛਾਣ, ਆਪ ਆਪਣੀ ਕਲ ਵਰਤਾਈਆ । ਸਤਿਜੁਗ ਸਾਚੇ ਹੋ ਮਿਹਰਵਾਨ, ਆਪ ਆਪਣਾ ਰੂਪ ਦਰਸਾਈਆ । ਵਾਰ ਅਠਾਰਾਂ ਨੌਂਜਵਾਨ, ਆਪ ਆਪਣਾ ਰੰਗ ਰੰਗਾਈਆ । ਅੰਤਮ ਅੰਤ ਜਿਸ ਜਨ ਮਿਲੇ ਜਾਣੀ ਜਾਣ, ਲੋਕਮਾਤ ਮਿਲੇ ਵਧਾਈਆ । ਗਣ ਗਧੰਰਬ ਦੇਵਤ ਸੁਰ ਸਾਰੇ ਗਾਣ, ਏਕਾ ਰਸਨ ਹਿਲਾਈਆ । ਪੁਰਖ ਅਬਿਨਾਸ਼ੀ ਜਾਣੀ ਜਾਣ, ਆਪ ਆਪਣਾ ਮੁਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਵਿਚ ਸਮਾਈਆ । ਸਤਿਜੁਗ ਸਾਚਾ ਸੁਤ ਉਪਜਾ, ਹਰਿ ਹਰਿ ਗੋਦ ਉਠਾਇਆ । ਤ੍ਰੇਤਾ ਤੇਰੀ ਪਕੜੇ ਬਾਂਹ, ਤੇਰਾ ਰੂਪ ਅਖਵਾਇਆ । ਇਕ ਜਪਾਏ ਸਾਚਾ ਨਾਂ, ਨਾਮ ਨਾਮਾ ਆਪ ਹੋ ਜਾਇਆ । ਰੁੱਤ ਸੁਹਾਈ ਪਿਤਾ ਮਾਂ, ਪੂਤ ਸਪੂਤਾ ਗੋਦ ਉਠਾਇਆ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਇਆ । ਸੱਤਾਂ ਦੀਪਾਂ ਜੋਤ ਜਗਾ, ਦਰ ਦਵਾਰਾ ਇਕ ਖੁਲ੍ਹਾਇਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਆਪ ਆਪਣਾ ਵੇਖ ਵਖਾਇਆ । ਲੱਖ ਚੁਰਾਸੀ ਕਰੇ ਨਿਆਂ, ਸਚ ਸੁਨੇਹੁੜਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਆਪਣੀ ਕਲ ਵਰਤਾਇਆ । ਤ੍ਰੇਤਾ ਤੇਰੀ ਕਲ ਧਾਰ, ਆਪਣੀ ਕਲ ਵਰਤਾਈਆ । ਰਾਮ ਰਾਮਾ ਰੂਪ ਅਪਾਰ, ਰਾਮ ਰਾਮ ਵਿਚ ਸਮਾਈਆ । ਤੋੜਣਹਾਰਾ ਗੜ੍ਹ ਹੰਕਾਰ, ਸ਼ਸਤਰ ਬਾਣ ਇਕ ਉਠਾਈਆ । ਨਾਮ ਖੰਡਾ ਅਪਰ ਅਪਾਰ, ਬ੍ਰਹਿਮੰਡਾਂ ਖੋਜ ਖੁਜਾਈਆ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਈਆ । ਸਾਧਾਂ ਸੰਤਾਂ ਕਰੇ ਪਿਆਰ, ਏਕਾ ਬੂਝ ਬੁਝਾਈਆ । ਆਦਿਨ ਅੰਤਾ ਕਰ ਅਕਾਰ, ਏਕੰਕਾਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰੀ ਅੰਤਮ ਵਾਰ, ਆਪੇ ਫੋਲ ਫੁਲਾਈਆ । ਤ੍ਰੇਤਾ ਤੁੱਟਾ ਗੜ੍ਹ ਹੰਕਾਰ, ਘਰ ਸਾਚੇ ਵੱਜੇ ਵਧਾਈਆ । ਲਹਿਣਾ ਦੇਣਾ ਛੁੱਟਾ ਵਿਚ ਸੰਸਾਰ, ਦੂਸਰ ਪੱਲੂ ਨਾ ਅੱਗੇ ਡਾਹੀਆ । ਮਿਲਿਆ ਮੇਲ ਮੀਤ ਮੁਰਾਰ, ਮੇਲ ਮਿਲਾਵਾ ਸਹਿਜ ਸੁਭਾਈਆ । ਖੇਲੇ ਖੇਲ ਖੇਲਣਹਾਰ, ਜੀਵ ਜੰਤ ਭੇਵ ਨਾ ਰਾਈਆ । ਆਦਿ ਅੰਤ ਇਕ ਅਵਤਾਰ, ਏਕਾ ਏਕ ਅਖਵਾਈਆ । ਸੰਤਨ ਮੀਤਾ ਹਰਿ ਨਿਰੰਕਾਰ, ਇਸ਼ਟ ਦੇਵ ਆਪ ਹੋ ਜਾਈਆ । ਸ੍ਰਿਸ਼ਟ ਸਬਾਈ ਪਾਰ ਕਿਨਾਰ, ਜੋ ਜਨ ਰਹੇ ਧਿਆਈਆ । ਨੇਤਰ ਲੋਚਣ ਨੈਣ ਦਰਸ ਅਪਾਰ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਸਚ ਵਖਾਏ ਇਕ ਦਵਾਰ, ਘਰ ਬੈਠਾ ਬੇਪਰਵਾਹੀਆ । ਅਲੱਖ ਨਿਰੰਜਣ ਜੋਤ ਉਜਿਆਰ, ਸਤਿ ਪੁਰਖ ਆਪ ਅਖਵਾਈਆ ।

੮੮੯ ੦੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਦੇਵਣਹਾਰਾ ਵਰ, ਦੁਆਪਰ ਵੱਜੇ ਵਧਾਈਆ । ਦੁਆਪਰ ਤੇਰਾ ਹਰਿ ਮਰਦੰਗ, ਏਕਾ ਏਕ ਵਜਾਇਆ । ਸਾਵਲ ਸੁੰਦਰ ਆਪੇ ਰੰਗ, ਆਪ ਆਪਣਾ ਵੇਸ ਵਟਾਇਆ । ਆਪੇ ਵੇਖੇ ਧਾਰ ਗੰਗ, ਆਪ ਆਪਣਾ ਚਰਨ ਛੁਹਾਇਆ । ਆਪੇ ਕੱਟਣਹਾਰਾ ਭੁੱਖ ਨੰਗ, ਮੋਹਣ ਮਾਧਵ ਰੂਪ ਵਟਾਇਆ । ਆਪੇ ਵਸੇ ਅੰਗ ਸੰਗ, ਸਗਲਾ ਸੰਗ ਨਿਭਾਇਆ । ਆਪ ਆਪਣੀ ਮੰਗ ਆਪੇ ਮੰਗ, ਆਪਣੀ ਝੋਲੀ ਅੱਗੇ ਡਾਹਿਆ । ਏਕਾ ਅਸਵ ਕਸ ਤੰਗ, ਲੋਆਂ ਪੁਰੀਆਂ ਆਪ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲ ਮਿਲਾਇਆ । ਪੁਰਖ ਅਗੰਮਾ ਹਰਿ ਨਿਰੰਕਾਰ, ਆਪਣਾ ਖੇਲ ਖਲਾਇੰਦਾ । ਜੁਗਾ ਜੁਗੰਤਰ ਬੰਨ੍ਹੇ ਧਾਰ, ਜੋਤੀ ਜਾਮਾ ਭੇਖ ਵਟਾਇੰਦਾ । ਪੰਜ ਤਤ ਕਰ ਉਜਿਆਰ, ਤ੍ਰੈਗੁਣ ਸੰਗ ਨਿਭਾਇੰਦਾ । ਨਿਰਗੁਣ ਸਰਗੁਣ ਏਕਾ ਧਾਰ, ਏਕਾ ਵੇਖ ਵਖਾਇੰਦਾ । ਏਕਾ ਜੋਤ ਕਰ ਉਜਿਆਰ, ਏਕਾ ਗਿਆਨ ਦ੍ਰਿੜਾਇੰਦਾ । ਏਕਾ ਖੰਡਾ ਨਾਮ ਦੋ ਧਾਰ, ਆਪਣੇ ਹੱਥ ਉਠਾਇੰਦਾ । ਬ੍ਰਹਿਮੰਡਾਂ ਖੋਜੇ ਪਾਵੇ ਸਾਰ, ਜੇਰਜ ਅੰਡਾਂ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਵੇਖੇ ਘਰ, ਨੌਂ ਖੰਡਾਂ ਪ੍ਰਿਥਮੀ ਸੱਤਾਂ ਦੀਪਾਂ ਵੇਖ ਵਖਾਇੰਦਾ । ਨੌਂ ਖੰਡ ਸੱਤ ਦੀਪ ਹੋ ਉਜਿਆਰ, ਆਪ ਆਪਣੀ ਕਲ ਵਰਤਾਇੰਦਾ । ਰਾਜ ਰਾਜਾਨਾ ਕਰ ਖ਼ਬਰਦਾਰ, ਰਣ ਭੂਮੀ ਖੇਲ ਖਲਾਇੰਦਾ । ਸੰਤਾਂ ਦੇਵੇ ਨਾਮ ਅਧਾਰ, ਆਤਮ ਬ੍ਰਹਮ ਦ੍ਰਿੜਾਇੰਦਾ । ਭਗਤਨ ਮੇਲਾ ਅਪਰ ਅਪਾਰ, ਆਪ ਆਪਣਾ ਦਰਸ ਦਖਾਇੰਦਾ । ਏਕਾ ਸ਼ਬਦ ਇਕ ਅਧਾਰ, ਏਕਾ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਦੇਣ ਚੁਕਾਇੰਦਾ । ਲਹਿਣਾ ਦੇਣ ਆਪ ਚੁਕਾਏ, ਹਰਿ ਹੱਥ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਏ, ਕਲਜੁਗ ਵੱਜੀ ਵਧਾਈਆ । ਸ਼ਬਦ ਗੁਰ ਢਹਿ ਪਏ ਸਰਨਾਏ, ਅੱਗੇ ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਬੇਪਰਵਾਹੇ, ਦੂਈ ਦਵੈਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਹਰਿ, ਏਕਾ ਏਕ ਆਪ ਹੋ ਜਾਈਆ । ਕਲਜੁਗ ਮੰਗੀ ਮੰਗ ਅਪਾਰ, ਦੋਏ ਜੋੜ ਕਰੇ ਨਿਮਸਕਾਰਿਆ । ਜੂਠ ਝੂਠ ਕਰ ਪਿਆਰ, ਭਰਿਆ ਇਕ ਭੰਡਾਰਿਆ । ਕਾਮ ਕਰੋਧ ਲੋਭ ਮੋਹ ਹੰਕਾਰ, ਏਕਾ ਤਤ ਵਿਚਾਰਿਆ । ਮਾਇਆ ਮਮਤਾ ਸਾਚੀ ਨਾਰ, ਆਪ ਆਪਣਾ ਤਨ ਸ਼ਿੰਗਾਰਿਆ । ਮਨ ਮਤ ਬੁੱਧ ਹੋਏ ਜਗਤ ਮੁਟਿਆਰ, ਜੋਬਨ ਵੇਖ ਵਖਾ ਲਿਆ । ਗੁਰਮਤ ਨਾ ਕੋਈ ਪਾਏ ਸਾਰ, ਧੀਰਜ ਧੀਰ ਨਾ ਕੋਇ ਧਰਾ ਲਿਆ । ਜੀਵ ਜੰਤ ਨਾ ਕੋਈ ਅਧਾਰ, ਸਚ ਨਿਸ਼ਾਨ ਨਾ ਕੋਈ ਜਣਾ ਰਿਹਾ । ਲੱਖ ਚਾਰ ਹਜ਼ਾਰ ਬੱਤੀ ਉਤਰੇ ਪਾਰ, ਗੇੜਾ ਗੇੜ ਦਏ ਮੁਕਾ ਰਿਹਾ । ਪੰਚਮ ਪੰਚਮ ਖੇਲ ਅਪਾਰ, ਪੰਚਮ ਸੰਤਨ ਰੰਗ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾ ਰਿਹਾ । ਪਾਰਬ੍ਰਹਮ ਹਰਿ ਬੇਅੰਤ, ਆਪਣੀ ਦਇਆ ਕਮਾਇੰਦਾ । ਮਹਿਮਾ ਜੁਗ ਜੁਗ ਅਗਣਤ, ਭੇਵ ਕੋਈ ਨਾ ਪਾਇੰਦਾ । ਆਪ ਉਪਾਏ ਗੁਰਮੁਖ ਵਿਰਲੇ ਸੰਤ, ਜਿਸ ਜਨ ਆਪਣੀ ਦਯਾ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵੇਖੇ ਘਰ, ਦਰ ਦਰਬਾਨ ਫੇਰੀ ਪਾਇੰਦਾ । ਕਲਜੁਗ ਅੰਤਮ ਬੋਧ ਗਿਆਨਾ, ਏਕਾ ਬ੍ਰਹਮ ਜਣਾਇਆ । ਇਸ਼ਟ ਜੀਵ ਭੇਵ ਖਲਾਣਾ, ਏਕਾ ਰੂਪ ਸਮਾਇਆ । ਹੰ ਬ੍ਰਹਮ ਇਕ ਟਿਕਾਣਾ, ਏਕਾ ਰੰਗ ਰੰਗਾਇਆ । ਓਅੰ ਸੋਹੰ ਖੇਲ ਮਹਾਨਾ, ਖੇਲਣਹਾਰ ਆਪ ਹੋ ਜਾਇਆ । ਵੇਖ

੮੯੦ ੦੨

ਵਖਾਏ ਦੋ ਜਹਾਨਾਂ, ਦੋ ਜਹਾਨਾਂ ਫੇਰੀ ਪਾਇਆ । ਨੇਤਰ ਨੈਣ ਇਕ ਗਿਆਨਾ, ਏਕਾ ਰਾਹ ਚਲਾਇਆ, ਚੌਥਾ ਪਦ ਪਦ ਨਿਰਬਾਣਾ, ਪ੍ਰਭ ਆਪਣੇ ਹੱਥ ਰਖਾਇਆ । ਹਰਿ ਸੰਤਾਂ ਦੇਵੇ ਹੋ ਮਿਹਰਵਾਨਾ, ਆਪ ਆਪਣੀ ਦਇਆ ਕਮਾਇਆ । ਕੋਈ ਚੜ੍ਹ ਨਾ ਸਕੇ ਜਗਤ ਵਿਦਵਾਨਾ, ਜਗਤ ਵਿਦਿਆ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਰੂਪ ਵਟਾਇਆ । ਕਲਜੁਗ ਖੇਲੇ ਖੇਲ ਹਰਿ ਜਗਦੀਸ਼ਾ, ਆਪਣੇ ਹੱਥ ਰੱਖੇ ਵਡਿਆਈਆ । ਆਪ ਉਪਾਏ ਮੂਸਾ ਈਸਾ, ਆਪਣੀ ਧਾਰ ਚਲਾਈਆ । ਕੋਈ ਨਾ ਕਰੇ ਪ੍ਰਭ ਦੀ ਰੀਸਾ, ਜੁਗ ਜੁਗ ਵੱਡੀ ਵਡਿਆਈਆ । ਲੋਕਮਾਤ ਚਲਾਏ ਇਕ ਹਦੀਸਾ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਾਚਾ ਖੋਜ ਖੁਜਾਈਆ । ਈਸਾ ਮੂਸਾ ਕਰ ਤਿਆਰ, ਚਾਰ ਯਾਰੀ ਵੇਖ ਵਖਾਇੰਦਾ । ਮੁਹੰਮਦ ਮੁਹੰਮਦੀ ਹੋ ਉਜਿਆਰ, ਨੂਰੋ ਨੂਰ ਉਪਾਇੰਦਾ । ਅੱਧਵਿਚਕਾਰੇ ਬੈਠਾ ਰਿਹਾ ਲਲਕਾਰ, ਆਪ ਆਪਣੀ ਗਣਤ ਗਣਾਇੰਦਾ । ਅਲ੍ਹਾ ਰਾਣੀ ਕਰ ਪਿਆਰ, ਮੁਹੰਮਦ ਸੁਰਤੀ ਆਪ ਪਰਨਾਇੰਦਾ । ਧੁਰ ਦੀ ਬਾਣੀ ਇਕ ਅਪਾਰ, ਕਲਮਾ ਨਬੀ ਸੁਣਾਇੰਦਾ । ਮੁਕਾਮੇ ਹੱਕ ਸਾਂਝਾ ਯਾਰ, ਖ਼ਲਕ ਖ਼ੁਦਾਏ ਇਕ ਵਖਾਇੰਦਾ । ਐਨਲਹੱਕ ਏਕਾ ਧਾਰ, ਏਕਾ ਰੂਪ ਸਮਾਇੰਦਾ । ਨਿਰਗੁਣ ਰੂਪ ਪਾਵੇ ਸਾਰ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗ ਮੁਹੰਮਦ ਮਤਾ ਪਕਾਇੰਦਾ । ਇਕ ਮੁਹੰਮਦ ਹੋ ਉਜਿਆਰ, ਆਪ ਆਪਣਾ ਰੂਪ ਪਛਾਣਿਆਂ । ਤੀਸ ਬਤੀਸਾ ਲੇਖ ਲਿਖਾਰ, ਏਕਾ ਪਦ ਸਮਝਾਨਿਆਂ । ਛਤਰ ਸੀਸ ਝੁੱਲੇ ਸੰਸਾਰ, ਆਪ ਆਪਣੇ ਸੀਸ ਉਠਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਰਿਹਾ ਕਰ, ਭੇਵ ਅਭੇਦਾ ਭੇਵ ਛੁਪਾਨਿਆ । ਮਿਹਰਬਾਨ ਹਰਿ ਨਿਰੰਕਾਰ, ਮੁਹੰਮਦ ਆਖ ਸੁਣਾਈਆ । ਮੰਗੇ ਮੰਗ ਧੁਰ ਦਰਬਾਰ, ਦਰ ਬੈਠਾ ਬੇਪਰਵਾਹੀਆ । ਮੁਹੰਮਦ ਢਹਿ ਪਿਆ ਦਵਾਰ, ਆਪਣੀ ਝੋਲੀ ਅੱਗੇ ਡਾਹੀਆ । ਚੌਦਾਂ ਤਬਕਾਂ ਹੋ ਉਜਿਆਰ, ਤੇਰਾ ਨੂਰ ਅਲਾਹੀਆ । ਚੌਧਵੀਂ ਸਦੀ ਹੋਣਾ ਖ਼ਵਾਰ, ਨਾ ਧੀਰਜ ਕੋਈ ਧਰਾਈਆ । ਮੱਕਾ ਕਾਅਬਾ ਲਏ ਉਭਾਰ, ਜਗਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਦਏ ਵਰ, ਏਕਾ ਕਲਮਾ ਰਿਹਾ ਪੜ੍ਹਾਈਆ । ਏਕਾ ਕਲਮਾ ਆਪ ਪੜ੍ਹਾ, ਆਪਣੀ ਦਇਆ ਕਮਾਈਆ । ਨਿਰਗੁਣ ਨਾਨਕ ਜੋਤੀ ਆਪ ਜਗਾ, ਪੰਜ ਤਤ ਗਿਆ ਸਮਾਈਆ । ਜੋਤੀ ਦੀਪਕ ਕਰ ਰੁਸ਼ਨਾ, ਏਕਾ ਬੂਝ ਬੁਝਾਈਆ । ਸਾਚੀ ਚੋਟੀ ਆਪ ਚੜ੍ਹਾ, ਆਪੇ ਵੇਖ ਵਖਾਈਆ । ਵਾਸਨਾ ਖੋਟੀ ਆਪ ਕਢਾ, ਏਕਾ ਨਾਮ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਸ਼ਬਦ ਸੁਣਾਈਆ । ਸ਼ਬਦ ਸੁਨੇਹੜਾ ਹਰਿ ਮਿਹਰਬਾਨ, ਨਾਨਕ ਤਤ ਸੁਣਾਇਆ । ਆਪੇ ਦਰ ਦਰ ਪ੍ਰਵਾਨ, ਨਿਰਗੁਣ ਨਿਰਗੁਣ ਵੇਖ ਵਖਾਇਆ । ਜੋਤੀ ਜੋਤ ਜਗੇ ਮਹਾਨ, ਪ੍ਰਕਾਸ਼ ਪ੍ਰਕਾਸ਼ ਸਮਾਇਆ । ਪਾਰਬ੍ਰਹਮ ਪ੍ਰਭ ਦੇਵੇ ਗਿਆਨ, ਨਾਮ ਸਤਿ ਇਕ ਦ੍ਰਿੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਇਆ । ਨਾਨਕ ਜੋਤੀ ਹਰਿ ਉਜਿਆਰੀ, ਲੋਕਮਾਤ ਵੱਜੀ ਵਧਾਈਆ । ਖੇਲੇ ਖੇਲ ਆਪ ਨਿਰੰਕਾਰੀ, ਨਿਰਗੁਣ ਧਾਰ ਵਿਚ ਟਿਕਾਈਆ । ਸ਼ਬਦ ਸੁਨੇਹੁੜਾ ਅਪਰ ਅਪਾਰੀ, ਦਿਵਸ ਰੈਣ ਜਣਾਈਆ । ਮੇਟੀ ਜਾਏ ਜੀਵ ਹੰਕਾਰੀ, ਸਾਧਾਂ ਸੰਤਾਂ ਮੇਲ ਮਿਲਾਈਆ । ਆਤਮ ਵੇਖੇ ਤਨ ਕਿਆਰੀ, ਫੁੱਲ ਫੁਲਵਾੜੀ ਇਕ ਮਹਿਕਾਈਆ ।

੮੯੧
੦੨

੮੯੨
੦੨

ਕਲਜੁਗ ਜੀਵ ਹੋਏ ਖ਼ਵਾਰੀ, ਧੀਰਜ ਧੀਰ ਨਾ ਕੋਈ ਧਰਾਈਆ । ਨਾਮ ਸਤਿ ਕਰੇ ਵਣਜ ਵਪਾਰੀ, ਏਕਾ ਬੂਝ ਬੁਝਾਈਆ । ਅੰਤਮ ਢਹਿ ਪਿਆ ਦਵਾਰੀ, ਤੇਰਾ ਨਾਉਂ ਜੀਵ ਕੋਇ ਨਾ ਗਾਈਆ । ਆਦਿ ਪੁਰਖ ਖੇਲ ਅਪਾਰੀ, ਆਪ ਆਪਣਾ ਸ਼ਬਦ ਅਲਾਈਆ । ਕਲਜੁਗ ਅੰਤਮ ਪਾਵੇ ਸਾਰੀ, ਆਪ ਆਪਣੀ ਕਲ ਵਰਤਾਈਆ । ਨਿਹਕਲੰਕ ਪ੍ਰਗਟ ਹੋਏ ਨਰ ਨਰਾਇਣ ਹਰਿ ਅਵਤਾਰੀ, ਜੂਠ ਝੂਠ ਦਏ ਮਿਟਾਈਆ । ਚਾਰ ਵਰਨ ਸੁਹਾਏ ਏਕਾ ਬੰਕ ਦਵਾਰੀ, ਦਰ ਦਰਵਾਜਾ ਆਪ ਖੁਲ੍ਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਬਣਨ ਭਿਖਾਰੀ, ਸੀਸ ਤਾਜ ਨਾ ਕੋਈ ਟਕਾਈਆ । ਨਵਾਂ ਖੰਡਾਂ ਤੁੱਟੇ ਗੜ੍ਹ ਹੰਕਾਰੀ, ਸੱਤਾਂ ਦੀਪਾਂ ਮੇਟ ਮਿਟਾਈਆ । ਰਵ ਸਸ ਕਰਨ ਨਿਮਸਕਾਰੀ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਈਆ । ਜਗੇ ਜੋਤ ਅਗੰਮ ਅਪਾਰੀ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਏਕਾ ਵਰ, ਏਕਾ ਬੂਝ ਬੁਝਾਈਆ । ਏਕਾ ਜੋਤੀ ਦਸ ਦਸਮੇਸ਼, ਗੋਬਿੰਦ ਰੂਪ ਵਟਾਇਆ । ਖੇਲੇ ਖੇਲ ਨਰ ਨਰੇਸ਼, ਸੁਤ ਦੁਲਾਰਾ ਮੇਲ ਮਿਲਾਇਆ । ਹੇਮ ਕੁੰਡ ਹੋ ਪ੍ਰਵੇਸ਼, ਦਰ ਸਾਚਾ ਇਕ ਖੁਲ੍ਹਾਇਆ । ਸਤਿ ਪੁਰਖ ਸਦਾ ਅਦੇਸ, ਸਤਿ ਸਤਿਵਾਦੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਘਰ ਸਾਚਾ ਇਕ ਸੁਹਾਇਆ । ਗੋਬਿੰਦ ਮੇਲਾ ਹਰਿ ਨਿਰੰਕਾਰ, ਏਕਾ ਵੱਜੀ ਵਧਾਈਆ । ਚੇਲਾ ਗੁਰ ਸੋਹੇ ਇਕ ਦਵਾਰ, ਦਰ ਦਰਬਾਰਾ ਸੋਭਾ ਪਾਈਆ । ਪੂਤ ਸਪੂਤਾ ਹੋਇਆ ਸੁਤ ਦੁਲਾਰ, ਬੈਠਾ ਸੀਸ ਝੁਕਾਈਆ । ਮੰਗੇ ਮੰਗ ਅਪਰ ਅਪਾਰ, ਆਪਣੀ ਝੋਲੀ ਡਾਹੀਆ । ਨੈਣਾਂ ਦੇਵੀ ਹੋ ਖ਼ਬਰਦਾਰ, ਆਪ ਆਪਣਾ ਨੈਣ ਖੁਲ੍ਹਾਈਆ । ਆਦਿ ਸ਼ਕਤ ਹਰਿ ਕਰਤਾਰ, ਆਪਣਾ ਰੂਪ ਵਟਾਈਆ । ਨਾਮ ਖੰਡਾ ਸੀਸ ਦਸਤਾਰ, ਤਨ ਸ਼ਿੰਗਾਰ ਕਰਾਈਆ । ਪੰਚਮ ਮੀਤਾ ਹੋ ਉਜਿਆਰ, ਪੰਚਮ ਗਿਆ ਸਮਾਈਆ । ਸਾਚਾ ਪੰਥ ਇਕ ਅਧਾਰ, ਏਕਾ ਇਸ਼ਟ ਵਖਾਈਆ । ਚਾਰ ਵਰਨ ਯਾਂਝਾ ਯਾਰ, ਊਚ ਨੀਚ ਨਾ ਕੋਈ ਵਖਾਈਆ । ਧਰਮੀ ਧਰਮ ਧਰਮ ਅਪਾਰ, ਹਰਿਜਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸੇਵਾ ਆਪ ਲਗਾਈਆ । ਗੋਬਿੰਦ ਗੁਰ ਨੈਣ ਉਘਾੜ, ਏਕਾ ਵੇਖ ਵਖਾਨਿਆ । ਕਲਜੁਗ ਕੂੜੀ ਦੱਸੇ ਧਾਰ, ਨਾ ਕੋਈ ਵੰਞ ਮੁਹਾਨਿਆ । ਤੱਤੀ ਅਗਨੀ ਰਹੀ ਸਾੜ, ਅੰਮ੍ਰਿਤ ਜਾਮ ਨਾ ਕੋਈ ਪਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਦਿ ਅੰਤ ਸ੍ਰੀ ਭਗਵਾਨਿਆ । ਦੇਵਣਹਾਰ ਹਰਿ ਭੰਡਾਰ, ਏਕਾ ਏਕ ਅਖਵਾਇਆ । ਗੁਰ ਗੋਬਿੰਦ ਕਰ ਪਿਆਰ, ਏਕਾ ਸ਼ਬਦ ਜਣਾਇਆ । ਵੇਦ ਵਿਆਸਾ ਬਣ ਲਿਖਾਰ, ਆਪ ਆਪਣਾ ਗਿਆ ਸਮਝਾਇਆ ਨਿਹਕਲੰਕ ਲੈ ਅਵਤਾਰ, ਲੋਕਮਾਤ ਫੇਰਾ ਪਾਇਆ । ਪੂਤ ਸਪੂਤਾ ਬ੍ਰਹਿਮਣ ਗੌੜਾ ਹੋ ਉਜਿਆਰ, ਉਚੇ ਟਿੱਲੇ ਪ੍ਰਬਤ ਡੇਰਾ ਲਾਇਆ । ਸਾਢੇ ਤਿੰਨ ਹੱਥ ਨਗਰ ਅਪਾਰ, ਸੰਬਲ ਨਗਰੀ ਨਾਉਂ ਧਰਾਇਆ । ਨਿਰਮਲ ਜੋਤੀ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਵਟਾਇਆ । ਕਲਜੁਗ ਅੰਤਮ ਹਰਿ ਚੁਕਾਵਣਾ, ਆਪਣੇ ਹੱਥ ਰੱਖੇ ਵਡਿਆਈਆ । ਜੂਠ ਝੂਠ ਮੇਟ ਮਿਟਾਵਣਾ, ਭੇਖ ਪਖੰਡ ਰਹੇ ਨਾ ਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਗਵਾਵਣਾ, ਸ਼ਾਂਤਕ ਸਤਿ ਵਰਤਾਈਆ । ਚਾਰ ਵਰਨਾਂ ਏਕਾ ਧਾਮ ਸੁਹਾਵਣਾ, ਏਕਾ ਸ਼ਬਦ ਕਰੇ ਕੁੜਮਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਖ਼ਾਕੀ ਖ਼ਾਕ ਸਮਾਈਆ । ਅਠਾਰਾਂ ਬਰਨ ਨਾ ਕੋਈ ਜਤਾਵਣਾ, ਜਾਗਰਤ ਜੋਤ ਇਕ ਜਗਾਈਆ । ਏਕਾ

ਵਿਦਿਆ ਸ੍ਰਿਸ਼ਟ ਸਬਾਈ ਆਪ ਪੜ੍ਹਾਵਣਾ, ਬ੍ਰਹਮ ਵਿਦਿਆ ਸਤਿ ਪੜ੍ਹਾਈਆ । ਸੰਤ ਸੁਹੇਲੇ ਪਕੜ ਉਠਾਵਣਾ, ਗੁਰੂ ਗੁਰ ਚੇਲੇ ਮੇਲ ਮਿਲਾਈਆ । ਫੜ ਫੜ ਕਾਗ ਹੰਸ ਬਣਾਵਣਾ, ਨਾਮ ਚੋਗ ਇਕ ਚੁਗਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੇ ਸਾਗਰ ਟਿੱਲੇ ਪਰਬਤ ਹਰਿ ਹਰਿ ਗਾਵਣਾ, ਚਾਰੋਂ ਕੁੰਟ ਵੱਜੇ ਵਧਾਈਆ । ਸੰਮਤ ਸੰਮਤੀ ਫੇਰਾ ਪਾਵਨਾ, ਵੀਹ ਸਦ ਬਿਕ੍ਰਮੀ ਵੇਖ ਵਖਾਈਆ । ਰਾਮ ਰਾਮਾ ਰੂਪ ਦਰਸਾਵਣਾ, ਆਪ ਆਪਣੀ ਕਲ ਵਰਤਾਈਆ । ਮੋਰ ਮੁਕਟ ਸੀਸ ਟਿਕਾਵਣਾ, ਕਵਲ ਨੈਣ ਬੇਪਰਵਾਹੀਆ । ਚਾਰ ਯਾਰ ਮੁਹੰਮਦੀ ਸੰਗ ਰਲਾਵਣਾ, ਨੂਰ ਇਲਾਹੀ ਆਪ ਖ਼ੁਦਾਈਆ । ਨਾਨਕ ਗੋਬਿੰਦ ਭੇਵ ਚੁਕਾਵਣਾ, ਸਚ ਮਹੱਲੇ ਡੇਰਾ ਲਾਈਆ । ਨਿਹਕਲੰਕਾ ਨਾਉਂ ਰਖਾਵਣਾ, ਪ੍ਰਭ ਸਾਚੇ ਹੱਥ ਵਡਿਆਈਆ । ਕਲਜੁਗ ਅੰਤਮ ਮੇਟ ਮਿਟਾਵਣਾ, ਮੇਟੇ ਝੂਠੀ ਛਾਹੀਆ । ਸਤਿਜੁਗ ਸਾਚਾ ਮਾਰਗ ਲਾਵਣਾ, ਸਚ ਸੁੱਚ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਹਰਿ ਸੰਤਨ ਮੇਲ ਮਿਲਾਈਆ । ਸੰਤਨ ਮੇਲਾ ਧੁਰ ਦਰਗਾਹ, ਹਰਿ ਸਾਚਾ ਮੇਲ ਮਿਲੰਨਿਆ । ਲੋਕਮਾਤ ਬਣਾਏ ਜਗਤ ਮਲਾਹ, ਪਾਰ ਕਰਾਏ ਆਤਮ ਅੰਨਿਆ । ਇਕ ਜਪਾਏ ਸਾਚਾ ਨਾਂ, ਪੰਚਾਂ ਚੋਰਾਂ ਦੇਵੇ ਡੰਨਿਆ । ਦੋ ਜਹਾਨੀ ਪਕੜੇ ਬਾਂਹ, ਜਨ ਹਰਿ ਹਰਿ ਭਾਣਾ ਮੰਨਿਆ । ਦੇਵਣਹਾਰਾ ਨਿਥਾਵਿਆਂ ਥਾਂ, ਨਾ ਭੇਵ ਕੋਈ ਛੁਪੰਨਿਆ । ਆਪੇ ਪਿਤਾ ਆਪੇ ਮਾਂ, ਸੰਤ ਸੁਹੇਲੇ ਬਾਲ ਗੋਦ ਉਠੰਨਿਆ । ਸੰਤ ਸੁਹੇਲੇ ਆਪ ਜਗਾ, ਕਲਜੁਗ ਡੰਕ ਵਜਾਇਆ । ਧਰਤ ਮਾਤ ਹਾਹਾਕਾਰ, ਰੋ ਰੋ ਨੀਰ ਵਹਾਇਆ । ਸਤਿ ਧਰਮ ਗਿਆ ਹਾਰ, ਧੀਰਜ ਯਤ ਨਾ ਕੋਈ ਵਿਖਾਇਆ । ਸ਼ਾਹ ਸੁਲਤਾਨ ਹੋਏ ਖਵਾਰ, ਗ਼ਰੀਬ ਨਿਮਾਣੇ ਨਾ ਗਲੇ ਲਗਾਇਆ । ਘਰ ਘਰ ਨਾਰ ਦਿਸੇ ਵਿਭਚਾਰ, ਨਾਰੀ ਕੰਤ ਨਾ ਕੋਇ ਹੰਢਾਇਆ । ਭਾਈ ਭੈਣ ਨਾ ਮੀਤ ਮੁਰਾਰ, ਸਾਕ ਸੈਣ ਨਾ ਕੋਈ ਸਲਾਹਿਆ । ਗਾ ਗਾ ਥੱਕੇ ਜਗਤ ਗਵਾਰ, ਗਾਵਣਹਾਰਾ ਦਿਸ ਨਾ ਆਇਆ । ਭਾਲ ਭਾਲ ਥੱਕੇ ਸਚ ਦਰ ਦਰਬਾਰ, ਦੁਰਮਤ ਮੈਲ ਨਾ ਕੋਈ ਮਿਟਾਇਆ । ਪੰਜ ਤਤ ਵਧਾਇਆ ਇਕ ਹੰਕਾਰ, ਕਾਇਆ ਗੜ੍ਹ ਸੁਹਾਇਆ । ਸੁਰਤੀ ਸੁਰਤ ਨਾ ਪਾਵੇ ਸਾਰ, ਸ਼ਬਦੀ ਸ਼ਬਦ ਨਾ ਕੋਈ ਮਿਲਾਇਆ । ਨੌਂ ਦਵਾਰੇ ਜਗਤ ਖਵਾਰ, ਡੂੰਘੀ ਭਵਰੀ ਰਿਹਾ ਭਵਾਇਆ । ਅਨਹਦ ਨਾ ਸੁਣਾਏ ਕੋਈ ਸਤਾਰ, ਤਾਲ ਤਲਵਾੜਾ ਨਾ ਕੋਈ ਵਜਾਇਆ । ਬਜ਼ਰ ਕਪਾਟੀ ਨਾ ਦੇਵੇ ਕੋਈ ਪਾੜ, ਤੀਰ ਨਿਰਾਲਾ ਨਾ ਕੋਈ ਲਗਾਇਆ । ਸਚਖੰਡ ਦਵਾਰਾ ਨਾ ਵਖਾਏ ਕੋਈ ਅਖਾੜ, ਧਰਮ ਤਖ਼ਤ ਨਾ ਕੋਈ ਛੁਹਾਇਆ । ਵਰਨਾਂ ਬਰਨਾਂ ਹੋਏ ਖਵਾਰ, ਚਾਰੋਂ ਕੁੰਟ ਰਹੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਤਨ ਮੇਲ ਮਿਲਾਇਆ । ਸੰਤਨ ਮੀਤਾ ਹਰਿ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਏਕਾ ਗੀਤਾ ਕਰ ਪਿਆਰ, ਅਠਾਰਾਂ ਬਰਨਾਂ ਮੇਟ ਮਿਟਾਇੰਦਾ । ਠਾਂਡਾ ਸੀਤਾ ਪਾਵੇ ਸਾਰ, ਕਲਜੁਗ ਅਗਨੀ ਅੱਗ ਜਲਾਇੰਦਾ । ਜੁਗ ਜੁਗ ਪਤਿਤ ਪੁਨੀਤਾ ਆਪ ਹੋ ਜਾਇੰਦਾ । ਨਾ ਕੋਈ ਮੰਦਰ ਮਸੀਤਾ ਗੁਰੂਦਵਾਰ, ਸ਼ਿਵਦਵਾਲਾ ਮੱਠ ਨਾ ਕੋਈ ਰਖਾਇੰਦਾ । ਹਰਿ ਸੰਤਾਂ ਘਰ ਵਿਚ ਘਰ ਦੀਵਾ ਬਾਤੀ ਕਰ ਉਜਿਆਰ, ਆਪ ਆਪਣਾ ਦਰ ਸੁਹਾਇੰਦਾ । ਕਮਲਾਪਾਤੀ ਨੈਣ ਮੁੰਧਾਰ, ਆਤਮ ਸੇਜਾ ਆਸਣ ਲਾਇੰਦਾ । ਸੋਲਾਂ ਕਰੇ ਆਪ ਸ਼ਿੰਗਾਰ, ਆਪਣਾ ਮੁਖ ਵੇਖ ਵਖਾਇੰਦਾ । ਆਪਣੇ ਅੰਦਰੋਂ ਆਪੇ ਨਿਕਲੇ ਬਾਹਿਰ, ਆਪਣਾ ਘੁੰਗਟ ਆਪੇ ਲਾਹਿੰਦਾ । ਨਿਰਗੁਣ ਜੋਤੀ ਕਰ ਉਜਿਆਰ, ਸਰਗੁਣ ਜੋਤ ਜਗਾਇੰਦਾ । ਬੂੰਦ

ਸਵਾਂਤੀ ਠਾਂਡੀ ਠਾਰ, ਨਿਝਰ ਝਿਰਨਾ ਕਵਲ ਝਿਰਾਇੰਦਾ । ਕਲਜੁਗ ਮਿਟੇ ਰੈਣ ਅੰਧੇਰੀ ਰਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਸੰਤ ਸਾਚਾ ਨੌਜਵਾਨ, ਆਠ ਪਹਿਰ ਲਿਵ ਲਾਈਆ । ਨੇਤਰ ਲੋਚਣ ਦਰਸ ਭਗਵਾਨ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਗੋਬਿੰਦ ਗੀਤਾ ਏਕਾ ਗਾਣ, ਰਾਮ ਨਾਮ ਇਕ ਜਣਾਈਆ । ਆਤਮ ਬ੍ਰਹਮ ਆਪ ਪਛਾਣ, ਆਪ ਆਪਣੀ ਬੂਝ ਬੁਝਾਈਆ । ਦੂਜੇ ਦਰ ਨਾ ਹੋਏ ਹੈਰਾਨ, ਨਾ ਕੋਇ ਸੀਸ ਝੁਕਾਈਆ । ਨੇਤਰ ਤੀਜਾ ਇਕ ਮਹਾਨ, ਹਰਿ ਸੰਤਨ ਵੰਡ ਵੰਡਾਈਆ । ਮੇਲ ਮਿਲਾਵਾ ਦੋ ਜਹਾਨ, ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਸੰਤਾਂ ਮੇਲ ਮਿਲਾਈਆ । ਸਾਚੇ ਸੰਤ ਤੀਰਥ ਤੱਟ, ਏਕਾ ਆਸਣ ਲਾਇਆ । ਹਰਿ ਵੇਖਣਹਾਰਾ ਘਟ ਘਟ, ਪੁਰਖ ਅਬਿਨਾਸ਼ੀ ਨਾਉਂ ਧਰਾਇਆ । ਦੂਈ ਦਵੈਤੀ ਮੇਟੇ ਫੱਟ, ਏਕਾ ਹੱਟ ਵਿਕਾਇਆ । ਅੰਮ੍ਰਿਤ ਆਤਮ ਜੋ ਜਨ ਰਹੇ ਚੱਟ, ਗੰਗਾ ਧਾਰ ਸਮਾਇਆ । ਜੋਤੀ ਜਗੇ ਲਟ ਲਟ, ਨੂਰੋ ਨੂਰ ਧਰਾਇਆ । ਦੁਰਮਤ ਮੈਲ ਆਪਣੀ ਕੱਟ, ਦੂਸਰ ਰਿਹਾ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਏਕਾ ਘਰ ਸੁਹਾਇਆ । ਗੰਗਾ ਤੇਰਾ ਤੱਟ ਕਿਨਾਰ, ਹਰਿ ਹਰਿ ਵੇਖ ਵਿਖੰਨਿਆ । ਕਲਜੁਗ ਅੰਤਮ ਪਾਵੇ ਸਾਰ, ਦਿਸ ਨਾ ਆਏ ਨੇਤਰ ਅੰਨਿਆ । ਸੰਤ ਸੁਹੇਲਾ ਮਿਲੇ ਮੇਲ ਮੀਤ ਮੁਰਾਰ, ਲੋਕਮਾਤ ਚੜ੍ਹੇ ਸਾਚਾ ਚੰਨਿਆ । ਖੇਲੇ ਖੇਲ ਅਗੰਮ ਅਪਾਰ, ਫਿਰੇ ਭੰਨਿਆ । ਨਾਮ ਖੰਡਾ ਤੇਜ ਕਟਾਰ, ਪੰਚ ਵਿਕਾਰਾ ਦੇਵੇ ਡੰਨਿਆ । ਹਰਿਜਨ ਸਾਚੇ ਲਾਏ ਪਾਰ, ਆਪ ਆਪਣਾ ਬੇੜਾ ਬੰਨ੍ਹਿਆ । ਜੋ ਜਨ ਢਹਿ ਪਏ ਦਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਇਕ ਸੁਹੰਨਿਆ । ਸਾਚਾ ਘਰ ਹਰਿ ਸੁਹੰਜਣਾ, ਏਕਾ ਜੋਤ ਜਗਾਈਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣਾ, ਕਲਜੁਗ ਦਰ ਬੇਪਰਵਾਹੀਆ । ਭਗਤ ਸੁਹੇਲਾ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਨੇਤਰ ਪਾਇਆ ਨਾਮ ਅੰਜਨਾ, ਆਪਣੀ ਆਪਣੇ ਹੱਥ ਰੱਖੇ ਵਡਿਆਈਆ । ਹਰਿ ਦਵਾਰ ਕਰ ਪ੍ਰਵਾਨ, ਸਾਚੀ ਸੰਗਤ ਸੰਗ ਨਿਭਾਈਆ । ਹਰਿ ਦਵਾਰ ਰਿਖੀ ਕੇਸ਼, ਸਾਚਾ ਗੜ੍ਹ ਵਿਖਾਨਿਆ । ਦਾਤਾ ਦਾਨੀ ਦਰ ਦਰਵੇਸ਼, ਆਪ ਆਪਣਾ ਭੇਵ ਛੁਪਾਨਿਆ । ਆਵੇ ਜਾਵੇ ਜਗਤ ਹਮੇਸ਼, ਆਦਿ ਜੁਗਾਦੀ ਇਕ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਿਖੀ ਕੇਸ਼ ਹੋਏ ਪ੍ਰਧਾਨਿਆ । ਰਿਖੀ ਕੇਸ਼ ਹਰਿ ਪ੍ਰਧਾਨ, ਸਾਚੀ ਥਿਤ ਵਖਾਨਿਆ । ਕਮਲੀ ਵਾਲੇ ਦੇਵੇ ਦਾਨ, ਕਮਲਾਪਤ ਸ੍ਰੀ ਭਗਵਾਨਿਆ । ਚਰਨ ਕਵਲ ਇਕ ਧਿਆਨ, ਏਕਾ ਬ੍ਰਹਮ ਪਛਾਨਿਆ । ਸਤਿ ਸਰੋਵਰ ਰਿਹਾ ਛਾਣ, ਸਤ ਸਾਗਰ ਵੰਞ ਮੁਹਾਨਿਆ । ਤ੍ਰਲੋਕੀ ਮਾਰਨਹਾਰਾ ਬਾਣ, ਸ਼ਬਦੀ ਚਿੱਲਾ ਇਕ ਉਠਾਨਿਆ । ਲੱਖ ਚੁਰਾਸੀ ਮੇਟ ਮਿਟਾਨ, ਹਰਿ ਸੰਤਨ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਿਖੀ ਕੇਸ਼ ਤੇਰਾ ਸਾਚਾ ਘਰ, ਤੇਰਾ ਤੇਰਾ ਤੇਰਾਂ ਤੋਲ ਤੁਲਾਨਿਆ । ਤੇਰਾਂ ਤੋਲਾ ਹਰਿ ਨਿਰੰਕਾਰ, ਕੰਡਾ ਆਪਣੇ ਹੱਥ ਰਖਾਈਆ । ਸ਼ਬਦ ਬੋਲਾ ਅਪਰ ਅਪਾਰ, ਸੋਹੰ ਢੋਲਾ ਏਕਾ ਗਾਈਆ । ਵਿਸ਼ਨੂੰ ਰੂਪ ਇਕ ਜੈਕਾਰ, ਭਗਵਨ ਜੋਤ ਕਰੇ ਰੁਸ਼ਨਾਈਆ । ਸ਼ੇਰ ਸ਼ੇਰ ਖ਼ਬਰਦਾਰ, ਸਿੰਘ ਸ਼ੇਰ ਵੱਡੀ ਵਡਿਆਈਆ । ਸੰਤ ਸੁਹੇਲੇ ਦੇਵੇ ਤਾਰ, ਕਰ ਕਰ ਮਿਹਰ ਮਿਹਰਬਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੇ ਵਰ, ਹਰਿ ਸੰਤਨ

੮੯੫
੦੨

ਸੰਗ ਸਮਾਈਆ । ਸੰਤਨ ਹਰਿ ਹਰਿ ਵਸਿਆ, ਏਕਾ ਏਕੰਕਾਰ । ਰਾਹ ਸਾਚਾ ਮਾਤ ਦੱਸਿਆ, ਜੀਆਂ ਜੰਤਾਂ ਇਕ ਪਿਆਰ । ਮਿਟੇ ਰੈਣ ਅੰਧੇਰੀ ਮੱਸਿਆ, ਸਾਚਾ ਚੰਨ ਕਰੇ ਉਜਿਆਰ । ਘਰ ਮੰਦਰ ਬਹਿ ਬਹਿ ਆਪੇ ਹੱਸਿਆ, ਜੋਤੀ ਨਿਰਗੁਣ ਕਰ ਉਜਿਆਰ । ਅੱਠੇ ਪਹਿਰ ਫਿਰੇ ਨੱਸਿਆ, ਸੰਤ ਸੁਹੇਲੇ ਕਰੇ ਖ਼ਬਰਦਾਰ । ਤੀਰ ਨਿਰਾਲਾ ਏਕਾ ਕਸਿਆ, ਮਾਰੀ ਜਾਏ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਿਖੀ ਕੇਸ਼ ਆਪੇ ਵੇਖ, ਆਪ ਆਪਣੀ ਜਾਣੇ ਕਾਰ । ਰਿਖੀ ਕੇਸ਼ ਜਗਤ ਮੁਨਾਰਾ, ਗੰਗਾ ਧਾਰ ਵਹਾਈਆ । ਅੰਤਮ ਵੇਲੇ ਪਾਰ ਕਿਨਾਰਾ, ਹਰਿ ਹਰਿ ਅੰਗ ਸਮਾਈਆ । ਉਠੋ ਸੰਤੋ ਕਰੋ ਦਿਦਾਰਾ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਮ ਖੰਡਾ ਤੇਜ ਕਟਾਰਾ, ਤਿਖੀ ਧਾਰ ਰਿਹਾ ਰਖਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਹੰਕਾਰੀਆਂ ਗੜ੍ਹ ਤੁੜਾਈਆ । ਜੋ ਜਨ ਬਣੇ ਦਰ ਹਰਿ ਭਿਖਾਰਾ, ਆਤਮ ਇਛਿਆ ਪੂਰ ਕਰਾਈਆ । ਸਚ ਸੁਲਤਾਨ ਸੱਚੀ ਸਰਕਾਰਾ, ਥਿਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਸਾਚੇ ਦਰ, ਹਰਿਸੰਗਤ ਵਡ ਵਡਿਆਈਆ ।

ਫੂਲਣਹਾਰ ਸਤਿ ਸ਼ਿੰਗਾਰ, ਹਰਿਜਨ ਤਨ ਸੁਹਾਈਆ । ਸੰਤ ਸੁਹੇਲਾ ਮੀਤ ਮੁਰਾਰ, ਆਪ ਆਪਣਾ ਸੀਸ ਝੁਕਾਈਆ । ਸੋਹੇ ਸਚ ਸਚ ਸੱਚਾ ਦਰਬਾਰ, ਹਰਿਸੰਗਤ ਸੋਭਾ ਪਾਈਆ । ਅੰਤਰ ਵਸਿਆ ਮੀਤ ਮੁਰਾਰ, ਭੁੱਲ ਰਹੇ ਨਾ ਰਾਈਆ । ਨਾਰੀ ਕੰਤਾ ਇਕ ਪਿਆਰ, ਏਕਾ ਸੇਜ ਸੁਹਾਈਆ । ਆਤਮ ਸੇਜਾ ਫੂਲਣ ਬਰਖਾ ਧਾਰ, ਹਰਿਜਨ ਸਾਚੇ ਆਪ ਲਗਾਈਆ । ਹਰਿ ਕਾ ਰੂਪ ਹਰਿ ਸੰਤ ਪਿਆਰ, ਹਰਿ ਸੰਤਾਂ ਵਿਚ ਸਮਾਈਆ । ਆਦਿ ਅੰਤ ਇਕ ਅਵਤਾਰ, ਏਕਾ ਗੁਰ ਸਮਝਾਈਆ । ਚਾਰ ਵਰਨ ਸਾਂਝਾ ਯਾਰ, ਵਰਨ ਗੋਤ ਨਾ ਕੋਈ ਰਖਾਈਆ । ਕਾਇਆ ਭਾਂਡਾ ਕਰ ਤਿਆਰ, ਆਪ ਆਪਣੀ ਵਸਤ ਟਿਕਾਈਆ । ਠਾਂਡਾ ਸੀਤ ਸੱਚੇ ਦਰਬਾਰ, ਤਤਵ ਤਤ ਨਾ ਕੋਈ ਰਖਾਈਆ । ਸੁਹਾਗੀ ਕੰਤ ਬਣਾਏ ਸਾਚੀ ਨਾਰ, ਆਪਣਾ ਮੰਗਲ ਆਪੇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਦੇਵੇ ਸਾਚਾ ਵਰ, ਫੂਲਣ ਹਾਰ ਕਰ ਤਿਆਰ, ਸੰਤਨ ਉਤੋਂ ਦੇਵੇ ਵਾਰ, ਜਗਤ ਜਗਦੀਸ਼ਾ ਵੱਡੀ ਵਡਿਆਈਆ । ਫੂਲਣ ਰੁੱਤ ਹਰਿ ਸੰਤ, ਸਾਚੇ ਦਰ ਸੁਹਾਈਆ । ਮੇਲ ਮਿਲਾਵਾ ਨਾਰੀ ਕੰਤ, ਪੁਰਖ ਪ੍ਰਖੋਤਮ ਹੋਏ ਸਹਾਈਆ । ਦਿਸ ਨਾ ਆਏ ਜੀਵ ਜੰਤ, ਭੁੱਲੀ ਸਰਬ ਲੋਕਾਈਆ । ਸੰਤਾਂ ਆਤਮ ਇਕ ਸੁਗੰਧ, ਹਰਿ ਸਾਚਾ ਰਿਹਾ ਮਹਿਕਾਈਆ । ਨੌਂ ਦਵਾਰੇ ਚੁੱਕਿਆ ਪੰਧ, ਦਸਵਾਂ ਦਰ ਖੁਲ੍ਹਾਈਆ । ਇਕ ਸੁਣਾਏ ਸੁਹਾਗੀ ਛੰਦ, ਆਪਣਾ ਰਾਗ ਅਲਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਜੋ ਜਨ ਫੂਲਣਹਾਰ ਭੇਟ ਚੜ੍ਹਾਈਆ । ਦੀਨ ਦਿਆਲਾ ਹਰਿ ਹਰਿ ਹਰਿ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਸਹਿਜ ਸੁਖਦਾਈਆ । ਜੈ ਜੈ ਜੈਕਾਰ ਕਮਲੀ ਵਾਲੇ, ਬ੍ਰਹਿਮੰਡੇ ਜੈ ਜੈ ਜੈਕਾਰਿਆ । ਜਿਉਂ ਮਾਤ ਪਿਤ ਪੂਤ ਕਰੇ ਪ੍ਰਿਤਪਾਲੇ, ਵਸਦਾ ਰਹੇ ਸਚ ਦਵਾਰਿਆ । ਪੁਰਖ ਅਬਿਨਾਸ਼ੀ ਹੋਇਆ ਇਕ ਰਖਵਾਲੇ, ਏਥੇ ਓਥੇ ਪਾਵੇ ਸਾਰਿਆ । ਲੱਖ ਚੁਰਾਸੀ ਨੌਂ ਖੰਡ ਪ੍ਰਿਥਮੀ ਨਿਕਲਣ ਵਾਲੇ ਅੰਤ ਦਵਾਲੇ, ਸੰਮਤ ਵੀਹ ਸਦ ਸੋਲਾਂ ਰਾਹ ਤਕਾ ਲਿਆ । ਸੰਮਤ ਸਤਾਰਾਂ ਹਾਣੀਆਂ ਛੱਡਣੇ ਹਾਣੀ ਗੰਗਾ ਨੀਰ ਫੋਲ ਫੁਲਾਏ, ਮਾਤ ਪਿਤ ਸਾਕ ਸੈਣ ਨਾ ਕੋਈ ਪਿਆਰਿਆ । ਬਿਨ ਹਰਿ ਸੰਤ ਦਵਾਰੇ ਨਾ ਕੋਈ ਜਾਣੇ ਸਾਚੀ ਬਾਣੀ, ਨਾ ਕੋਈ ਬੂਝ ਬੁਝਾ ਰਿਹਾ । ਅੰਤ ਕਾਲ ਸਰਬ ਪਛਤਾਣੀ, ਜਮ ਕਾ ਡੰਡ ਸੀਸ ਲਗਾ ਰਿਹਾ ।

ਸਾਚੀ ਭੂਮਕਾ ਸੋਹੇ ਧਾਮ ਅਸਥਾਨੀ, ਹਰਿਸੰਗਤ ਹਰਿ ਸਾਚਾ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਪਦ ਨਿਰਬਾਣੀ, ਏਕਾ ਬ੍ਰਹਮ ਬੁਝਾ ਰਿਹਾ ।

## * ੧੪ ਮੱਘਰ ੨੦੧੫ ਬਿਕ੍ਰਮੀ ਸੰਤ ਪੰਡਤ ਨਿਹਚਲ ਸਿੰਘ ਡੇਰਾ ਸੰਤ ਪੁਰਾ ਜਗਾਧਰੀ *

ਹਰਿ ਕਿਰਪਾ ਸੰਤ ਪ੍ਰਸਾਦਿ, ਆਦਿ ਜੁਗਾਦਿ ਵਰਤਾਇਆ । ਪੁਰਖ ਅਬਿਨਾਸ਼ੀ ਦੇਵਣਹਾਰਾ ਦਾਦ, ਬ੍ਰਹਮ ਬ੍ਰਹਿਮਾਦਿ ਵੇਖ ਵਖਾਇਆ । ਸੰਤ ਸੁਹੇਲੇ ਜੁਗ ਜੁਗ ਲਾਧ, ਆਪ ਆਪਣਾ ਰੰਗ ਰੰਗਾਇਆ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਆਪ ਆਪਣਾ ਰੰਗ ਰੰਗਾਇਆ । ਆਤਮਕ ਧੁਨ ਵਜਾਏ ਸਾਚਾ ਨਾਦ, ਆਪ ਆਪਣਾ ਰਾਗ ਅਲਾਇਆ । ਮੇਟ ਮਿਟਾਏ ਜਗਤ ਵਿਵਾਦ, ਪੰਚ ਵਿਕਾਰਾ ਮੋਹ ਚੁਕਾਇਆ । ਸਤਿ ਵਸਤ ਦੇਵਣਹਾਰਾ ਦਾਦ, ਲੋਕਮਾਤ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਸ਼ਬਦ ਬੋਧ ਅਗਾਧ, ਗੁਰ ਪ੍ਰਸਾਦਿ ਗੁਰ ਕਿਰਪਾ ਹਰਿ ਸੰਤਨ ਝੋਲੀ ਪਾਇਆ । ਸਤਿ ਪ੍ਰਸਾਦਿ ਸਤਿ ਸੰਤੋਖ, ਸਤਿ ਸਤਿ ਸਮਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ, ਦੇਵਣਹਾਰਾ ਬੇਪਰਵਾਹੀਆ । ਜਿਸ ਜਨ ਚੁਗਾਏ ਸਾਚੀ ਚੋਗ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਦੂਈ ਦਵੈਤੀ ਕਟੇ ਰੋਗ, ਹਉਮੇ ਹੰਗਤਾ ਰਹਿਣ ਨਾ ਪਾਈਆ । ਮੇਲ ਮਿਲਾਵਾ ਧੁਰ ਸੰਜੋਗ, ਘਰ ਸਾਚੇ ਵੱਜੇ ਵਧਾਈਆ । ਪਾਰ ਕਰਾਏ ਤਿੰਨਾਂ ਲੋਕ, ਚੌਦਾਂ ਹੱਟ ਵੇਖ ਵਖਾਈਆ । ਹਰਿਜਨ ਹਰਿਭਗਤ ਆਤਮ ਅੰਤਰ ਆਪੇ ਰਿਹਾ ਵੇਖ, ਨਿਝ ਆਸਣ ਡੇਰਾ ਲਾਈਆ । ਲਿਖਣਹਾਰਾ ਸਾਚੇ ਲੇਖ, ਦਾਤਾ ਦਾਨੀ ਬੇਪਰਵਾਹੀਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਮੂੰਡ ਮੁੰਡਾਏ ਨਾ ਕੋਈ ਰਖਾਈਆ । ਜੋਤੀ ਨੂਰ ਦਰ ਦਰਵੇਸ਼, ਅਲੱਖ ਨਿਰੰਜਣ ਆਪ ਅਖਵਾਈਆ । ਪੁਰਖ ਅਗੰਮੜਾ ਵਸੇ ਦੇਸ, ਲੋਆਂ ਪੁਰੀਆਂ ਆਪ ਜਗਾਈਆ । ਦੋ ਜਹਾਨਾਂ ਨਰ ਨਰੇਸ਼, ਸ਼ਾਹੋ ਭੂਪ ਸਰਬ ਸੁਖਦਾਈਆ । ਸੰਤ ਸੁਹੇਲੇ ਆਪੇ ਵੇਖ, ਆਪ ਆਪਣੀ ਬਣਤ ਬਣਾਈਆ । ਨਾਨਕ ਜੋਤੀ ਦਸ ਦਸਮੇਸ਼, ਦਹਿ ਦਿਸ਼ਾ ਫੇਰਾ ਪਾਈਆ । ਸੀਸ ਨਿਵਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਸਤਿ ਪੁਰਖ ਨਿਰੰਜਣ ਅਬਿਨਾਸ਼ੀ ਕਰਤਾ ਹਰਿ ਭਗਤਾਂ ਲਿਖਣਹਾਰਾ ਲੇਖ, ਗੁਰਮੁਖਾਂ ਝੋਲੀ ਆਪ ਭਰਾਈਆ । ਸਤਿ ਪ੍ਰਸਾਦਿ ਸਾਚੇ ਘਰ, ਹਰਿ ਹਰਿ ਆਪ ਰਖਾਇੰਦਾ । ਜੁਗ ਜੁਗ ਦੇਵੇ ਸੰਤਨ ਵਰ, ਨਾਮ ਭੰਡਾਰਾ ਇਕ ਵਰਤਾਇੰਦਾ । ਨੌਂ ਦਵਾਰੇ ਖਾਲੀ ਕਰ, ਦੁਰਮਤ ਮੈਲ ਮਿਟਾਇੰਦਾ । ਜੋਤ ਨਿਰੰਜਣ ਜੋਤੀ ਧਰ, ਅਗਿਆਨ ਅੰਧੇਰ ਚੁਕਾਇੰਦਾ । ਅਨਹਦ ਵਜਾਏ ਤਾਲ, ਧੁਨ ਅਨਾਦੀ ਇਕ ਰਖਾਇੰਦਾ । ਆਤਮ ਸਰ ਸਰੋਵਰ ਨੁਹਾਏ ਸਾਚੇ ਸਰ, ਦੁਰਮਤ ਮੈਲ ਕਟਾਇੰਦਾ । ਬਜ਼ਰ ਕਪਾਟੀ ਤੋੜ ਗੜ੍ਹ, ਆਪ ਆਪਣਾ ਦਰ ਖੁਲ੍ਹਾਇੰਦਾ । ਸਵਛ ਸਰੂਪੀ ਅੱਗੇ ਖੜ੍ਹ, ਹਰਿ ਸੰਤਾਂ ਵੇਖ ਵਖਾਇੰਦਾ । ਆਤਮ ਸੇਜਾ ਬੈਠਾ ਚੜ੍ਹ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਅੱਖਰ ਵੱਖਰ ਸ਼ਬਦ ਸੁਣਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤਤਵ ਤਤ ਨਾ ਕੋਈ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਦੇਵਣਹਾਰਾ ਸਾਚਾ ਵਰ, ਆਤਮ ਬ੍ਰਹਮ ਸਤਿ ਪ੍ਰਸਾਦਿ ਸਤਿ ਸਤਿ ਆਪ

ਵਰਤਾਇੰਦਾ । ਸਤਿ ਪ੍ਰਸਾਦਿ ਸਾਖਯਾਤ, ਹਰਿਜਨ ਹਰਿ ਹਰਿ ਆਪ ਅਖਵਾਈਆ । ਆਪ ਬਣਾਏ ਪਾਰ ਜਾਤ, ਕੰਚਨ ਰੂਪ ਵੇਸ ਵਟਾਈਆ । ਪਾਵੇ ਸਾਰ ਲੋਕਮਾਤ, ਜੁਗਾ ਜੁਗੰਤਰ ਖੇਲ ਖਲਾਈਆ । ਜਿਸ ਜਨ ਬਖ਼ਸ਼ੇ ਚਰਨ ਨਾਤ, ਕਵਲ ਧਵਲ ਵੇਖ ਵਖਾਈਆ । ਉਤਮ ਰੱਖੇ ਹਰਿਜਨ ਜਾਤ, ਵਰਨ ਬਰਨ ਨਾ ਕੋਇ ਬਣਾਈਆ । ਮੇਲ ਮਿਲਾਵਾ ਕਮਲਾਪਾਤ, ਘਰ ਮੇਲਾ ਸਾਚੇ ਮਾਹੀਆ । ਮਿਟੇ ਰੈਣ ਅੰਧੇਰੀ ਰਾਤ, ਏਕਾ ਨੂਰ ਕਰੇ ਰੁਸ਼ਨਾਈਆ । ਸਾਚੇ ਮੰਦਰ ਰਿਹਾ ਝਾਕ, ਆਪ ਅਪਣਾ ਮੁਖ ਛੁਪਾਈਆ । ਜਿਸ ਜਨ ਖੋਲ੍ਹੇ ਆਪਣਾ ਤਾਕ, ਆਪ ਆਪਣੀ ਦਇਆ ਕਮਾਈਆ । ਸਤਿ ਪ੍ਰਸਾਦਿ ਕਿਸੇ ਹੱਥ ਨਾ ਆਏ ਕਰੋੜ ਲਾਖ, ਕਰਤੇ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਏਕਾ ਨਾਮ ਪ੍ਰਸਾਦਿ, ਘਰ ਸਾਚੇ ਆਪ ਵਰਤਾਈਆ । ਸਚ ਪ੍ਰਸਾਦਿ ਸਚ ਘਰ ਵਰਤੰਤਾ, ਏਕਾ ਏਕ ਏਕੰਕਾਰਿਆ । ਨਿਰਗੁਣ ਜੋਤ ਸ੍ਰੀ ਭਗਵੰਤਾ, ਸਰਗੁਣ ਮੇਲਾ ਵਿਚ ਸੰਸਾਰਿਆ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾ ਰਿਹਾ । ਆਪ ਆਪਣੀ ਬਣਾਏ ਬਣਤਾ, ਆਪ ਆਪਣੇ ਰੰਗ ਸਮਾ ਰਿਹਾ । ਆਪਣੇ ਦਰ ਆਪੇ ਹੋਏ ਮੰਗਤਾ, ਆਪਣੀ ਭਿਛਿਆ ਆਪੇ ਪਾ ਰਿਹਾ । ਹਰਿਜਨ ਦਰ ਦਵਾਰੇ ਆਏ ਭੁੱਖਾ ਨੰਗਤਾ, ਨਾਮ ਭੰਡਾਰਾ ਗੁਰ ਪ੍ਰਸਾਦੀ, ਗੁਰ ਕਿਰਪਾ ਸਤਿਗੁਰ ਝੋਲੀ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਦੇਵੇ ਸਾਚਾ ਸਚ ਖ਼ਜ਼ੀਨਾ ਇਕ ਵਖਾ ਰਿਹਾ ।

੬੯੭ ੦੭ ੬੯੭ ੦੭

ਸਾਚਾ ਘਰ ਹਰਿ ਮਹੱਲਾ, ਏਕਾ ਏਕ ਸੁਹਾ ਰਿਹਾ । ਬੈਠਾ ਰਹੇ ਇਕ ਇਕੱਲਾ, ਦੂਸਰ ਸੰਗ ਨਾ ਕੋਈ ਵਖਾ ਲਿਆ । ਆਪਣੀ ਜੋਤੀ ਆਪਣੇ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਟਿਕਾ ਲਿਆ । ਆਪਣੇ ਦਰ ਆਪਣੇ ਦਵਾਰ ਆਪੇ ਖਲਾ, ਆਪ ਆਪਣਾ ਰੂਪ ਵਟਾ ਲਿਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਥਿਰ ਘਰ ਦਵਾਰਾ ਏਕਾ ਮੱਲਾ, ਨਾਨਕ ਨਿਰਗੁਣ ਸਰੂਪ ਵਖਾ ਲਿਆ । ਜਲਾਂ ਥਲਾਂ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਆਪ ਖਲਾ, ਗਗਨ ਪਤਾਲ ਮੰਡਲ ਮੰਡਪ ਪ੍ਰਿਥਮੀ ਅਕਾਸ਼ ਡੇਰਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਥਿਰ ਘਰ ਸਾਚਾ ਇਕ ਸੁਹਾ ਲਿਆ । ਥਿਰ ਘਰ ਸਾਚਾ ਸਚ ਦਰਬਾਰ, ਹਰਿ ਜੋਤੀ ਜੋਤ ਜਗਾਇੰਦਾ । ਅਲੱਖ ਅਗੋਖਰ ਅਗੰਮ ਅਪਾਰ, ਭੇਵ ਅਭੇਦਾ ਭੇਵ ਕੋਇ ਨਾ ਪਾਇੰਦਾ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣਾ ਖੇਲ ਖਲਾਇੰਦਾ । ਆਦਿ ਜੁਗਾਦੀ ਲੈ ਅਵਤਾਰ, ਲੋਕਮਾਤ ਫੇਰਾ ਪਾਇੰਦਾ । ਸਤਿਜੁਗ ਤ੍ਰੇਤਾ ਲਾਏ ਪਾਰ, ਦੁਆਪਰ ਬੇੜਾ ਆਪ ਤਰਾਇੰਦਾ । ਕਲਜੁਗ ਕੂੜਾ ਵੇਖ ਪਸਾਰ, ਆਪ ਆਪਣਾ ਭੇਖ ਵਟਾਇੰਦਾ । ਈਸਾ ਮੂਸਾ ਖ਼ਬਰਦਾਰ, ਮੇਲ ਮਿਲਾਵਾ ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਐਨਲਹੱਕ ਨਾਅਰਾ ਆਪੇ ਲਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਸਰਬ ਜੀਆਂ ਦਾ ਸਾਂਝਾ ਯਾਰ, ਮੁਕਾਮੇ ਹੱਕ ਇਕ ਦਰਸਾਇੰਦਾ । ਨਾਨਕ ਨਿਰਗੁਣ ਜੋਤੀ ਕਰ ਅਕਾਰ, ਪੰਜ ਤਤ ਡੇਰਾ ਲਾਇੰਦਾ । ਅੰਗਦ ਕਰਿਆ ਅੰਗੀਕਾਰ, ਅਮਰੂ ਨਿਥਾਵਾਂ ਵੇਖ ਵਖਾਇੰਦਾ । ਰਾਮਦਾਸ ਕਰ ਪਿਆਰ, ਸਰ ਸਰੋਵਰ ਇਕ ਸੁਹਾਇੰਦਾ । ਪੰਚਮ ਗੁਰ ਖ਼ਬਰਦਾਰ, ਬੋਧ ਅਗਾਧ ਸ਼ਬਦ ਜਣਾਇੰਦਾ । ਗੁਰੂ ਗ੍ਰੰਥ ਕਰ ਤਿਆਰ, ਚਾਰ ਵਰਨਾਂ ਇਹ ਸਮਝਾਇੰਦਾ । ਇਕਵੰਜਾ ਬਵੰਜਾ

ਏਕਾ ਧਾਰ, ਬਾਵਨ ਭੇਖਾਧਾਰੀ ਭੇਖ ਵਟਾਇੰਦਾ । ਸੰਤ ਭਗਤ ਗੁਰ ਸਤਿਗੁਰ ਸੋਹੇ ਇਕ ਦਵਾਰ, ਏਕਾ ਘਰ ਵਖਾਇੰਦਾ । ਛੇਵੇਂ ਜੋਤ ਕਰ ਉਜਿਆਰ, ਹਰਿ ਗੋਬਿੰਦ ਰੂਪ ਵਟਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਅਗੰਮ ਅਪਾਰ, ਹਰਿ ਰਾਏ ਵੇਖ ਵਖਾਇੰਦਾ । ਬਾਲ ਬਾਲਾ ਖੇਲ ਅਪਾਰ, ਬਾਲ ਅਵਸਥਾ ਲੇਖੇ ਲਾਇੰਦਾ । ਤੇਗ ਬਹਾਦਰ ਸਾਚਾ ਯਾਰ, ਘਰ ਸਾਚੇ ਮੇਲ ਮਿਲਾਇੰਦਾ । ਗ਼ਰੀਬ ਨਿਮਾਣਿਆਂ ਦਏ ਅਧਾਰ, ਆਪ ਆਪਣਾ ਵੇਖ ਵਖਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਸੁਤ ਦੁਲਾਰ ਇਕ ਉਪਜਾਇੰਦਾ । ਗੋਬਿੰਦ ਨਾਮ ਵਿਚ ਸੰਸਾਰ, ਸਿੰਘ ਸਿੰਘ ਵਿਚ ਸਮਾਇੰਦਾ । ਚਾਰ ਵਰਨਾਂ ਮੀਤ ਮੁਰਾਰ, ਪੰਚ ਵਿਕਾਰਾ ਮੋਹ ਚੁਕਾਇੰਦਾ । ਪੰਚ ਸੁਹਾਏ ਦਰ ਦਰਬਾਰ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਨਾਮ ਖੰਡਾ ਕਰ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਆਪ ਆਪਣਾ ਉਤੋਂ ਵਾਰ, ਆਪ ਆਪਣਾ ਸੀਸ ਝੁਕਾਇੰਦਾ । ਏਕਾ ਗੁਰ ਇਕ ਅਵਤਾਰ, ਏਕਾ ਰੂਪ ਦਰਸਾਇੰਦਾ । ਬੀਸ ਬੀਸਾ ਖੇਲ ਅਪਾਰ, ਵਾਰ ਸਹਿੰਸਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ ਗੋਬਿੰਦ ਕਰੇ ਸਦਾ ਪ੍ਰਿਤਪਾਲਾ, ਸ਼ਾਂਤਕ ਸਤਿ ਵਰਤਾਇੰਦਾ । ਗੋਬਿੰਦ ਗੁਰ ਬਲੀ ਬਲਕਾਰ, ਏਕਾ ਜੋਤ ਜਗਾਈਆ । ਸ਼ਬਦ ਸ਼ਬਦੀ ਖੇਲ ਅਪਾਰ, ਸ਼ਬਦ ਸ਼ਬਦੀ ਵੇਖ ਵਖਾਈਆ । ਇਕ ਇਕੱਲਾ ਖੇਲੇ ਖੇਲ ਖੇਲਣਹਾਰ, ਘਟ ਘਟ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚੇ ਵੱਜੀ ਵਧਾਈਆ । ਗੁਰ ਗੋਬਿੰਦ ਸਾਚਾ ਸੂਰਾ, ਨੇਤਰ ਨੈਣ ਉਘਾੜਿਆ । ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰਾ, ਸਾਚੇ ਘੋੜੇ ਚੜ੍ਹਾ ਰਿਹਾ । ਆਸਾ ਮਨਸਾ ਕਰੇ ਪੂਰਾ, ਵੇਖ ਵਖਾਣੇ ਸਾਚੇ ਲਾੜਿਆ । ਏਕਾ ਨਾਦ ਵਜਾਏ ਤੂਰਾ, ਲੋਆਂ ਪੁਰੀਆਂ ਆਪ ਸੁਣਾ ਰਿਹਾ । ਕਲਜੁਗ ਅੰਤਮ ਮਿਟੇ ਕੂੜਾ, ਕੂੜੀ ਕਿਰਿਆ ਮੇਟ ਮਿਟਾ ਰਿਹਾ । ਜਨ ਭਗਤਾਂ ਗੁਰਮੁਖਾਂ ਮਸਤਕ ਲਾਏ ਧੂੜਾ, ਦਰ ਏਕਾ ਟਿੱਕਾ ਲਾ ਲਿਆ । ਕਾਇਆ ਰੰਗਣ ਰੰਗ ਚਾੜ੍ਹੇ ਗੂੜ੍ਹਾ, ਦਰ ਦਵਾਰ ਆਪ ਚੜ੍ਹਾ ਲਿਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਜਨ ਅੰਮ੍ਰਿਤ ਜਾਮ ਪਿਆ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸਾਚਾ ਘਰ ਆਪ ਸੁਹਾ ਲਿਆ । ਅਬਿਨਾਸ਼ੀ ਕਰਤਾ ਏਕੰਕਾਰ, ਅਕਲ ਕਲਾ ਕਲ ਆਪੇ ਧਾਰ, ਆਵੇ ਜਾਵੇ ਵਿਚ ਸੰਸਾਰ, ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਵਸੇ ਧਾਮ ਆਪਣੇ ਆਪ ਨਿਆਰ । ਅੰਮ੍ਰਿਤ ਆਤਮ ਸਾਚਾ ਰਸ, ਹਰਿ ਹਰਿ ਆਪ ਪਿਆਈਆ । ਆਪੇ ਵੇਖੇ ਹੱਸ ਹੱਸ, ਤ੍ਰਿਸ਼ਨਾ ਭੁੱਖ ਮਿਟਾਈਆ । ਜੋਤੀ ਜੋਤ ਗਿਆ ਵਸ, ਨੂਰੋ ਨੂਰ ਸਮਾਈਆ । ਪੰਜ ਤਤ ਵਿਕਾਰਾ ਨਾ ਰਿਹਾ ਝੱਸ, ਮਨ ਮਤ ਬੁਧ ਨਾ ਕੋਈ ਜਣਾਈਆ । ਤ੍ਰੈਗੁਣ ਨਾ ਮਾਰੇ ਆਪਣਾ ਡਸ, ਪੰਜ ਤਤ ਨਾ ਕੋਈ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਟੇ ਘਰ, ਸਚਖੰਡ ਦਵਾਰਾ ਇਕ ਸੁਹਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਭੁੱਖ, ਹਰਿ ਹਰਿ ਦਰਸ਼ਨ ਪਾਇਆ । ਆਤਮ ਅੰਤਰ ਏਕਾ ਸੁਖ, ਏਕਾ ਬ੍ਰਹਮ ਦਰਸਾਇਆ । ਆਪਣੀ ਗੋਦੀ ਆਪੇ ਚੁੱਕ, ਪੁਰਖ ਅਬਿਨਾਸ਼ੀ ਆਪ ਉਠਾਇਆ । ਆਪਣੇ ਅੰਦਰ ਆਪੇ ਲੁਕ, ਆਪ ਆਪਣਾ ਦਰਸ ਦਖਾਇਆ । ਆਪਣੇ ਦਵਾਰੇ ਆਪੇ ਝੁਕ, ਆਪ ਆਪਣਾ ਸੀਸ ਝੁਕਾਇਆ । ਦੋ ਜਹਾਨਾਂ ਪੈਂਡਾ ਗਿਆ ਮੁੱਕ, ਜਿਸ ਜਨ ਹਰਿ ਹਰਿ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸਾਚਾ ਫਲ ਖਵਾਇਆ । ਅੰਮ੍ਰਿਤ ਆਤਮ ਸਾਚਾ ਫਲ,


Rev-01

ਗੁਰਮੁਖਾਂ ਆਪ ਖਵਾਇੰਦਾ । ਆਪੇ ਰੱਖੇ ਨਿਹਚਲ ਧਾਮ ਅਟੱਲ, ਦੂਸਰ ਦਿਸ ਕਿਸੇ ਨਾ ਆਇੰਦਾ । ਦੂਈ ਦਵੈਤੀ ਮੇਟੇ ਸਲ, ਜਗਤ ਤ੍ਰਿਸ਼ਨਾ ਮੇਟ ਮਿਟਾਇੰਦਾ । ਏਕਾ ਜੋਤੀ ਜਾਏ ਬਲ, ਅਗਿਆਨ ਅੰਧੇਰ ਨਾ ਕੋਈ ਵਖਾਇੰਦਾ । ਸਚ ਸਿੰਘਾਸਣ ਲਿਆ ਮੱਲ, ਪੁਰਖ ਅਬਿਨਾਸ਼ੀ ਗਲੇ ਲਗਾਇੰਦਾ । ਵਿਛੜ ਨਾ ਜਾਏ ਘੜੀ ਪੱਲ, ਦਿਵਸ ਰੈਣ ਨਾ ਕੋਈ ਜਣਾਇੰਦਾ । ਆਦਿ ਸ਼ਕਤੀ ਰਿਹਾ ਪੱਲ, ਪੁਰਖ ਅਕਾਲਾ ਸੇਵ ਕਮਾਇੰਦਾ । ਅੰਦਰੇ ਅੰਦਰ ਗਿਆ ਰਲ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਜਗਤ ਤ੍ਰਿਸ਼ਨਾ ਭੁੱਖ ਦੁੱਖ ਮਿਟਾਇੰਦਾ । ਰਾਮ ਨਾਮ ਸਾਚੀ ਚੋਟ, ਤਨ ਨਗਾਰੇ ਸੰਤ ਲਗਾਈਆ । ਕੱਢਣਹਾਰਾ ਝੂਠਾ ਖੋਟ, ਦੁਰਮਤ ਮੈਲ ਧਵਾਈਆ । ਕਲਜੁਗ ਜੀਵ ਆਲਣਿਉਂ ਡਿੱਗੇ ਬੋਟ, ਨਾ ਅੰਤ ਕੋਈ ਉਠਾਈਆ । ਤੀਰਥ ਤੱਟਾਂ ਬੈਠੇ ਕੋਟੀ ਕੋਟ, ਆਤਮ ਸਾਧ ਨਾ ਬਣਤ ਬਣਾਈਆ । ਜਗਤ ਤ੍ਰਿਸ਼ਨਾ ਨਾ ਭਰੀ ਪੋਟ, ਚਾਰੋਂ ਕੁੰਟ ਮਨਮਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਏਕਾ ਰੰਗ ਰੰਗਾਈਆ । ਕਾਇਆ ਨਾਮ ਸਾਚਾ ਰੰਗ, ਹਰਿਜਨ ਆਪ ਚੜ੍ਹੰਨਿਆ । ਮਾਨਸ ਜਨਮ ਨਾ ਹੋਏ ਭੰਗ, ਲੋਕਮਾਤ ਬੇੜਾ ਬੰਨਿਆ । ਅੰਮ੍ਰਿਤ ਧਾਰ ਵਹਾਏ ਗੰਗ, ਹਰਿ ਹਰਿ ਆਪ ਆਪਣਾ ਆਪੇ ਮੰਨਿਆ । ਕੱਟਣਹਾਰਾ ਭੁੱਖ ਨੰਗ, ਹੋਏ ਸਹਾਈ ਦੋ ਜਹਾਨਿਆ । ਸੰਤ ਜਨਾ ਸਦ ਵਸਿਆ ਸੰਗ, ਦਿਵਸ ਰੈਣ ਫਿਰੇ ਭੰਨਿਆ । ਦਾਤਾ ਦਾਨੀ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਏਕਾ ਰਾਗ ਧੁਨੀ ਅਨਾਦ, ਆਪ ਸੁਣਾਏ ਸਾਚੇ ਕੰਨਿਆ ।

### * ੧੪ ਮੱਘਰ ੨੦੧੫ ਬਿਕ੍ਰਮੀ ਹਰਬੰਸ ਸਿੰਘ ਦੇ ਘਰ ਪਿੰਡ ਠੀਕਰੀ ਛੰਨਾ ਜ਼ਿਲਾ ਕਰਨਾਲ *

ਬ੍ਰਹਿਮੰਡ ਖੰਡ ਹਰਿ ਵਰਤਾਰ, ਏਕਾ ਏਕ ਸਮਾਇਆ । ਜੇਰਜ ਅੰਡ ਪਾਵੇ ਸਾਰ, ਲੱਖ ਚੁਰਾਸੀ ਡੇਰਾ ਲਾਇਆ । ਵੰਡੇ ਵੰਡ ਧੁਰ ਕਰਤਾਰ, ਏਕਾ ਦ੍ਰਿਸ਼ਟ ਸ਼ਬਦ ਰਖਾਇਆ । ਭੇਖ ਪਖੰਡਾ ਦਏ ਨਿਵਾਰ, ਜੁਗ ਜੁਗ ਵੇਸ ਵਟਾਇਆ । ਮੰਦਰ ਸਾਚੇ ਬੰਕ ਦਵਾਰ, ਹਰਿ ਸੱਜਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਠਾਂਡਾ ਦਰ ਧੁਰ ਦਰਬਾਰ, ਏਕਾ ਪੁਰਖ ਅਕਾਲਿਆ । ਗੁਰਮੁਖਾਂ ਮੇਲਾ ਮੀਤ ਮੁਰਾਰ, ਸੋਹੇ ਦਰ ਸੱਚੀ ਧਰਮਸਾਲਿਆ । ਨਿਰਗੁਣ ਜੋਤੀ ਕਰ ਉਜਿਆਰ, ਦਿਵਸ ਰੈਣ ਕਰੇ ਪ੍ਰਿਤਪਾਲਿਆ । ਦੇਵੇ ਨਾਮ ਅਤੁਟ ਭੰਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਿਰਧ ਸਮਾਲਿਆ । ਗੁਰਮੁਖ ਸਾਜਣ ਹਰਿ ਹਰਿ ਰੰਗ, ਆਤਮ ਬ੍ਰਹਮ ਜਣਾਈਆ । ਦਰ ਦਵਾਰਾ ਏਕਾ ਮੰਗ, ਏਕਾ ਭਿਛਿਆ ਝੋਲੀ ਪਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਚਰਨ ਧੂੜ ਨੁਹਾਏ ਸਾਚੀ ਗੰਗ, ਦੀਨ ਦਿਆਲ ਵੱਡੀ ਵਡਿਆਈਆ । ਤਾਲ ਤਲਵਾੜਾ ਵਜਾਏ ਮਰਦੰਗ, ਲੋਆਂ ਪੁਰੀਆਂ ਆਪ ਸੁਣਾਈਆ । ਆਪਣਾ ਦਰ ਆਪੇ ਲੰਘ, ਆਪੇ ਮੁਖ ਵਖਾਈਆ । ਆਤਮ ਸੇਜਾ ਸਤਿ ਪਲੰਘ, ਹਰਿ ਬੈਠਾ ਆਸਣ ਲਾਈਆ । ਅੰਮ੍ਰਿਤ ਧਾਰਾ ਵਹੇ ਗੰਗ, ਏਕਾ ਧਾਰ ਚਲਾਈਆ । ਗ਼ਰੀਬ ਨਿਮਾਣਿਆਂ ਕੱਟਣਹਾਰਾ ਭੁੱਖ ਨੰਗ, ਸਿਰ ਸਿਰ ਹੱਥ ਟਿਕਾਈਆ । ਆਪ ਲਗਾਏ ਆਪਣੇ ਅੰਗ, ਜਿਉਂ ਅੰਗਦ

ਅੰਗ ਨਾਨਕ ਸਮਾਈਆ । ਸਦਾ ਸੁਹੇਲਾ ਵਸੇ ਸੰਗ, ਵਿਛੜ ਕਦੇ ਨਾ ਜਾਈਆ । ਅਸਵ ਘੋੜੇ ਕਸੇ ਤੰਗ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਜਣ ਮੇਲਾ ਸਾਚਾ ਦਰ, ਗੁਰਮੁਖ ਸਾਚਾ ਵੇਖ ਵਖਾਈਆ । ਹਰਿ ਸੱਜਣ ਹਰਿ ਪਾਇਆ, ਪਾਰਬ੍ਰਹਮ ਕਰਤਾਰ । ਏਕਾ ਦੂਜਾ ਭੇਵ ਚੁਕਾਇਆ, ਵਿਛੜਿਆ ਸੰਸਾਰ । ਦਰ ਦਰਵੇਸ਼ਾ ਵੇਖ ਵਖਾਇਆ, ਸ਼ਾਹ ਸੁਲਤਾਨਾ ਲਏ ਆਧਾਰ । ਗੁਰਮੁਖ ਸਾਚੇ ਆਪ ਜਗਾਇਆ, ਆਪ ਆਪਣੀ ਕਿਰਪਾ ਧਾਰ । ਅੰਤਰ ਆਤਮ ਵੇਖ ਵਖਾਇਆ, ਡੂੰਘੀ ਭਵਰੀ ਹੋ ਉਜਿਆਰ । ਸਵਛ ਸਰੂਪੀ ਦਰਸ ਦਿਖਾਇਆ, ਪੁਰਖ ਅਗੰਮ ਅਗੰਮੜੀ ਕਾਰ । ਨਾਮ ਵੱਥ ਝੋਲੀ ਪਾਇਆ, ਅਤੁਟ ਭਰੇ ਭੰਡਾਰ । ਸਾਚਾ ਰਥ ਆਪ ਚੜ੍ਹਾਇਆ, ਆਪ ਚਲਾਏ ਵਿਚ ਸੰਸਾਰ । ਮਹਿਮਾ ਅਕਥਨਾ ਅਕਥ ਰਖਾਇਆ, ਕਥਨੀ ਕਥ ਕਥ ਗਈ ਹਾਰ । ਸਮਰਥ ਪੁਰਖ ਹੱਥ ਵਡਿਆਇਆ, ਗ਼ਰੀਬ ਨਿਮਾਣੇ ਜਾਏ ਤਾਰ । ਜੋ ਜਨ ਰਹੇ ਸਰਨਾਇਆ, ਲੱਖ ਚੁਰਾਸੀ ਉਤਰੇ ਪਾਰ । ਸ਼ਾਹੋ ਸ਼ਾਬਾਸ਼ ਮੇਲ ਮਿਲਾਇਆ, ਜੋਤ ਪ੍ਰਕਾਸ਼ ਦੀਪ ਉਜਿਆਰ । ਰਸਨ ਸਵਾਸੀ ਲੇਖੇ ਲਾਇਆ, ਜੋ ਜਨ ਹਰਿ ਹਰਿ ਰਹੇ ਉਚਾਰ । ਮਦਿਰਾ ਮਾਸੀ ਦਏ ਸਜਾਇਆ, ਸ਼ਬਦ ਖੰਡਾਂ ਤੇਜ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਾਏ ਪਾਰ । ਸਾਰ ਸਮਾਲੇ ਦਿਵਸ ਰਾਤ, ਹਰਿਜਨ ਵੱਡੀ ਵਡਿਆਈਆ । ਆਪਣੇ ਮੰਦਰ ਆਪੇ ਖੋਲ੍ਹੇ ਤਾਕ, ਵਡ ਦਾਤਾ ਬੇਪਰਵਾਹੀਆ । ਉਚ ਮਹੱਲੇ ਰਿਹਾ ਝਾਕ, ਦਿਸ ਕਿਸੇ ਨਾ ਆਈਆ । ਆਪੇ ਜਾਣੇ ਭਵਿਖਤ ਵਾਕ, ਲਿਖਿਆ ਲੇਖਾ ਨਾ ਕੋਈ ਮਿਟਾਈਆ । ਭਗਤ ਸੁਹੇਲਾ ਸੱਜਣ ਸਾਕ, ਆਪ ਆਪਣਾ ਬੰਧਨ ਪਾਈਆ । ਦੋ ਜਹਾਨਾਂ ਪਾਕੀ ਪਾਕ, ਪਤਿਤ ਪੁਨੀਤ ਆਪ ਕਰਾਈਆ । ਲੇਖੇ ਲਾਏ ਤਨ ਮਾਟੀ ਖ਼ਾਕ, ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਮੰਗਲ ਇਕ ਸੁਣਾਈਆ । ਘਰ ਮੰਗਲਾਚਾਰ ਸਾਚੇ ਦਰ, ਆਤਮ ਵੱਜੇ ਵਧਾਈਆ । ਮੇਲ ਮਿਲਾਵਾ ਹਰੀ ਹਰਿ, ਏਕਾ ਬੰਕ ਸੁਹਾਈਆ । ਆਪਣੀ ਕਿਰਪਾ ਆਪੇ ਕਰ, ਆਪੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਗੁਰਮੁਖ ਸਾਚੇ ਆਪ ਉਠਾਲ, ਆਪਣਾ ਰੰਗ ਰੰਗਾਇੰਦਾ । ਇਕ ਚਲਾਏ ਧਰਮ ਸੱਚੀ ਧਰਮਸਾਲ, ਕਾਇਆ ਗੜ੍ਹ ਸੁਹਾਇੰਦਾ । ਜੋਤ ਨਿਰੰਜਣ ਕਰ ਰੁਸ਼ਨਾਈ, ਅਗਿਆਨ ਅੰਧੇਰ ਮਿਟਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ਾਨਾ ਆਪ ਵਰਤਾਇੰਦਾ । ਤੋੜਣਹਾਰਾ ਜਗਤ ਜੰਜਾਲ, ਹਉਮੇ ਰੋਗ ਕਟਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਹਰ ਘਟ ਬੈਠਾ ਵੇਖ ਵਖਾਇੰਦਾ । ਆਪ ਆਪਣੇ ਆਪੇ ਭਾਲ, ਜੁਗ ਜੁਗ ਮੇਲ ਮਿਲਾਇੰਦਾ । ਆਦਿ ਜੁਗਾਦਿ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਸ਼ਬਦ ਵਜਾਏ ਅਨਾਦੀ ਤਾਲ, ਧੁਰ ਦਰਬਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਵੇਖ ਵਖਾਇੰਦਾ । ਵੇਖਣਹਾਰਾ ਨਿਤ ਨਵਿਤ, ਏਕਾ ਏਕੰਕਾਰਿਆ । ਜਿਸ ਜਨ ਹਰਿ ਹਰਿ ਰੱਖਿਆ ਚਿੱਤ, ਦੇਵੇ ਦਰਸ ਅਗੰਮ ਅਪਾਰਿਆ । ਖੇਲੇ ਖੇਲ ਨਿਤ ਨਵਿਤ, ਆਦਿਨ ਅੰਤਾ ਗੁਰ ਅਵਤਾਰਿਆ । ਆਪੇ ਜਾਣੇ ਆਪਣੀ ਥਿਤ, ਦੂਸਰ ਭੇਵ ਨਾ ਕੋਈ ਰਖਾ ਰਿਹਾ । ਸ੍ਰਿਸ਼ਟ ਸਬਾਈ ਮਾਤ ਪਿਤ, ਪਿਤਾ ਪੂਤ ਡੇਰਾ ਲਾ ਰਿਹਾ । ਲੱਖ ਚੁਰਾਸੀ ਆਪੇ ਜਿਤ, ਗੁਰਮੁਖ ਸੰਗ ਨਿਭਾ ਰਿਹਾ । ਕਰੇ ਕਰਾਏ ਸਾਚਾ ਹਿੱਤ, ਘਰ ਸੱਜਣ ਡੇਰਾ ਲਾ ਲਿਆ । ਧਾਮ ਵਖਾਏ ਇਕ ਅਨਡਿਠ, ਦਰਗਹਿ

ਸਾਚੀ ਆਪ ਟਿਕਾ ਰਿਹਾ । ਮਨਮੁਖਾਂ ਸੁੱਤਾ ਦੇ ਕਰ ਪਿੱਠ, ਦਿਸ ਕਿਸੇ ਨਾ ਆ ਰਿਹਾ । ਗੁਰਮੁਖਾਂ ਰੱਖੇ ਸਾਇਆ ਹੇਠ, ਆਪ ਆਪਣਾ ਬਿਰਧ ਸਮਾ ਰਿਹਾ । ਕਲਜੁਗ ਅਗਨੀ ਤਪੇ ਜੇਠ, ਹਾੜ ਤੱਤੀ ਵਾ ਆਪ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਏਕਾ ਪੱਲਾ ਨਾਮ ਫੜਾ ਰਿਹਾ । ਪੱਲਾ ਨਾਮ ਗੁਰਸਿਖ ਫੜ, ਏਕਾ ਲਾਲ ਪਛਾਨਿਆ । ਸਾਚੇ ਮੰਦਰ ਗਿਆ ਚੜ੍ਹ, ਛੁਟਾ ਆਵਣ ਜਾਨਿਆ । ਕਿਲਾ ਕੋਟ ਮਿਲਿਆ ਸਾਚਾ ਗੜ੍ਹ, ਵੇਸ ਵਟਾਏ ਸ੍ਰੀ ਭਗਵਾਨਿਆ । ਪੁਰਖ ਅਬਿਨਾਸ਼ੀ ਅੱਗੇ ਖੜ੍ਹ, ਮੇਲ ਮਿਲਾਏ ਦੋ ਜਹਾਨਿਆ । ਏਕਾ ਅੱਖਰ ਰਿਹਾ ਪੜ੍ਹ, ਸੋ ਪੁਰਖ ਨਿਰੰਜਣ ਵਡ ਵਿਦਵਾਨਿਆ । ਹੰ ਹੰਗਤਾ ਜਾਏ ਸੜ, ਜਿਸ ਪਾਇਆ ਪਦ ਨਿਰਬਾਨਿਆ । ਆਪਣਾ ਘਾੜਣ ਆਪੇ ਘੜ੍ਹ, ਆਪੇ ਵੇਖੇ ਸ਼ਾਹ ਸੁਲਤਾਨਿਆ । ਆਪੇ ਲਾਵਣਹਾਰਾ ਜੜ, ਫੁਲ ਫੁਲਵਾੜੀ ਆਪ ਖਿਲਾਨਿਆ । ਗੁਰਮੁਖ ਸੱਜਣ ਸਾਚੇ ਆਪ ਆਪਣੇ ਦਰ ਬਹਾਨਿਆ । ਵੇਖ ਵਖਾਣੇ ਨਾੜੀ ਨੜ, ਪੰਜ ਤਤ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਧੁਰ ਫ਼ਰਮਾਨਿਆ । ਧੁਰ ਫ਼ਰਮਾਣਾ ਸ਼ਬਦੀ ਧਾਰ, ਹਰਿ ਹਰਿ ਆਪ ਉਪਾਈਆ । ਚਰਨ ਕਵਲ ਬਖ਼ਸ਼ੇ ਇਕ ਪਿਆਰ, ਏਕਾ ਦਰ ਬੁਝਾਈਆ । ਸਤਿ ਸੁਤ ਸੁਤ ਦੁਲਾਰ, ਪੂਤ ਸਪੂਤਾ ਮੇਲ ਮਿਲਾਈਆ । ਅਬਿਨਾਸ਼ੀ ਅਚੁੱਤ ਖੇਲ ਅਪਾਰ, ਖੇਲਣਹਾਰ ਦਿਸ ਨਾ ਆਈਆ । ਰੁੱਤ ਬਸੰਤ ਜਗਤ ਬਹਾਰ, ਫੂਲਣ ਬਰਖ਼ਾ ਆਪੇ ਲਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਬਾਲ ਅਵਾਣੇ ਆਪ ਉਭਾਰ, ਆਪਣੀ ਬੂਝ ਬੁਝਾਈਆ । ਨੇਤਰ ਲੋਚਣ ਇਕ ਦਵਾਰ, ਏਕਾ ਦਰਸ ਦਿਖਾਈਆ । ਆਪ ਆਪਣਾ ਆਪੇ ਵਾਰ, ਆਪੇ ਭੇਟ ਚੜ੍ਹਾਈਆ । ਆਪੇ ਵਸਿਆ ਸਚ ਦਰਬਾਰ, ਸਚਖੰਡ ਦਵਾਰਾ ਇਕ ਸੁਹਾਈਆ । ਥਿਰ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੇਜ ਵਿਛਾਈਆ । ਨਿਰਗੁਣ ਜੋਤੀ ਕਰ ਉਜਿਆਰ, ਰੂਪ ਅਨੂਪ ਸਮਾਈਆ । ਸਾਚੀ ਚੋਟੀ ਚੜ੍ਹ ਸਰਕਾਰ, ਆਦਿ ਅੰਤ ਆਪ ਅਖਵਾਈਆ । ਲੋਕਮਾਤੀ ਕਰ ਉਜਿਆਰ, ਜੁਗ ਜੁਗ ਆਪਣੀ ਜੋਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਪਾਵੇ ਸਾਰ, ਲੱਖ ਚੁਰਾਸੀ ਫੋਲ ਫੁਲਾਈਆ । ਗੁਰਮੁਖ ਮੇਲਾ ਚਰਨ ਦਵਾਰ, ਮਨਮੁਖਾਂ ਦਏ ਸਜਾਈਆ । ਸੰਮਤੀ ਸੰਮਤ ਮਾਰੇ ਮਾਰ, ਆਦਿ ਜੁਗਾਦੀ ਵਡ ਵਡਿਆਈਆ । ਅਗੰਮ ਅਗੰਮੀ ਜੋਤ ਨਿਰੰਕਾਰ, ਨਿਰਵੈਰ ਰੂਪ ਆਪ ਹੋ ਜਾਈਆ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਸੰਤ ਸੁਹੇਲੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਮੰਦਰ ਇਕ ਸੁਹਾਈਆ । ਦਰ ਮੰਦਰ ਹਰਿ ਨਿਰੰਕਾਰ, ਏਕਾ ਏਕ ਪਛਾਨਿਆ । ਨਿਰਗੁਣ ਸਰਗੁਣ ਦਏ ਆਧਾਰ, ਏਕਾ ਭੂਪ ਵਖਾਨਿਆ । ਚਾਰੋਂ ਕੁੰਟ ਹੋ ਤਿਆਰ, ਸਤਿ ਸਰੂਪ ਫੇਰਾ ਪਾਨਿਆ । ਜੂਠ ਝੂਠ ਮਾਰੇ ਮਾਰ, ਸ਼ਬਦ ਖੰਡਾ ਤੇਜ ਆਪਣੇ ਹੱਥ ਉਠਾਨਿਆ । ਮਾਇਆ ਮਮਤਾ ਮੋਹ ਤੋੜ ਹੰਕਾਰ, ਹਰਿਜਨ ਦੇਵੇ ਆਤਮ ਬ੍ਰਹਮ ਗਿਆਨਿਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਝਿਰਨਾ ਕਵਲ ਝਿਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਘਰ ਮੰਦਰ ਇਕ ਪਛਾਨਿਆ । ਘਰ ਮੰਦਰ ਹਰਿ ਸਾਚਾ ਡੇਰਾ, ਸਗਲਾ ਸੰਗ ਨਿਭਾਈਆ । ਆਪੇ ਵਸਿਆ ਨੇਰਨ ਨੇਰਾ, ਨੇੜ ਦੂਰ ਨਾ ਕੋਈ ਦਿਸਾਈਆ । ਇਕ ਕਰਾਏ ਸੰਝ ਸਵੇਰਾ, ਅੰਧ ਅੰਧੇਰਾ ਰਹਿਣ ਨਾ ਪਾਈਆ । ਬੰਨਣਹਾਰਾ ਜੁਗ ਜੁਗ ਬੇੜਾ, ਪਾਰਬ੍ਰਹਮ ਆਪ ਹੋ

ਜਾਈਆ । ਵਸੇ ਕਾਇਆ ਨਗਰ ਖੇੜਾ, ਹਰਿ ਮਿਲਿਆ ਬੇਪਰਵਾਹੀਆ । ਪੰਚ ਵਿਕਾਰ ਦੇਵੇ ਗੇੜਾ, ਉਲਟੀ ਲੱਠ ਗਿੜਾਈਆ । ਅੰਤਮ ਕਰੇ ਹੱਕ ਨਿਬੇੜਾ, ਮਾਨਸ ਜਨਮ ਲੇਖੇ ਲਾਈਆ । ਧਰਮ ਰਾਏ ਖੁਲ੍ਹਾ ਵੇਹੜਾ, ਏਕਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਬੰਸ ਅੰਸ ਸਹੰਸ ਰੂਪ ਆਪ ਦਰਸਾਈਆ ।

## * ੧੫ ਮੱਘਰ ੨੦੧੫ ਬਿਕ੍ਰਮੀ ਹਰਿਸੰਗਤ ਸਮੇਤ ਸ਼ਬਦ ਲਿਖਾਏ ਕੋਰੌਕੁਰਸ਼ੇਤਰ *

ਆਦਿ ਨਿਰੰਜਣ ਪੁਰਖ ਕਰਤਾਰ, ਅਕਾਲ ਮੂਰਤ ਅਖਵਾਇਆ । ਅਜੂਨੀ ਰਹਿਤ ਅਗੰਮ ਅਪਾਰ, ਪਾਰਬ੍ਰਹਮ ਰਘੁਰਾਇਆ । ਆਦਿ ਅੰਤ ਹੋ ਉਜਿਆਰ, ਆਪ ਆਪਣਾ ਖੇਲ ਖਿਲਾਇਆ । ਸ੍ਰੀ ਭਗਵੰਤ ਸਰਬ ਘਟ ਧਾਰ, ਰੂਪ ਅਨੂਪ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾਇਆ । ਪੁਰਖ ਅਬਿਨਾਸ਼ੀ ਹਰਿ ਭਗਵਾਨਾ, ਏਕਾ ਰੂਪ ਸਮਾਈਆ । ਆਦਿ ਜੁਗਾਦੀ ਖੇਲ ਮਹਾਨਾ, ਕਲਜੁਗ ਵੇਸ ਵਟਾਈਆ । ਆਦਿ ਨਿਰੰਜਣ ਵਡ ਬਲਵਾਨਾ, ਜੋਧਾ ਸੂਰਬੀਰ ਆਪ ਅਖਵਾਈਆ । ਸ਼ਾਹੋ ਭੂਪ ਸਚ ਸੁਲਤਾਨਾ, ਦੋ ਜਹਾਨਾਂ ਨਾਉਂ ਧਰਾਈਆ । ਸ਼ਬਦੀ ਸ਼ਬਦ ਬੰਨ੍ਹੇ ਗਾਨਾ, ਹਰਿ ਹਰਿ ਸਾਚਾ ਸਗਨ ਮਨਾਈਆ । ਖੇਲੇ ਖੇਲ ਗੁਣ ਨਿਧਾਨਾ, ਗੁਣਵੰਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਿਰੰਜਣ ਵਡ ਵਡਿਆਈਆ । ਆਦਿ ਪੁਰਖ ਹਰਿ ਕਰਤਾਰ, ਏਕਾ ਏਕ ਅਖਵਾਇੰਦਾ । ਆਪ ਆਪਣੀ ਬੰਨ੍ਹੇ ਧਾਰ, ਆਪੇ ਵੇਖ ਵਖਾਇੰਦਾ । ਆਪੇ ਖੇਲੇ ਖੇਲ ਖੇਲਣਹਾਰ, ਸਮਰਥ ਪੁਰਖ ਨਾਉਂ ਰਖਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਆਪਣੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਹੋ ਜਾਇੰਦਾ । ਇਕ ਇਕੱਲਾ ਹਰਿ ਭਗਵੰਤ, ਏਕਾ ਰੂਪ ਸਮਾਇਆ । ਭੇਵ ਅਭੇਦ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇਆ । ਅਛਲ ਅਛਲ ਨਾਰੀ ਕੰਤਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਏਕ ਹੋ ਜਾਇਆ । ਇਕ ਇਕੱਲਾ ਹਰਿ ਭਗਵੰਤ, ਏਕਾ ਰੂਪ ਸਮਾਇਆ । ਭੇਦ ਅਭੇਦਾ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇਆ । ਅਛਲ ਅਛੱਲ ਨਾਰੀ ਕੰਤ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਹਰਿ ਨਿਰੰਜਣ, ਨੂਰੀ ਨੂਰ ਕਰਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਆਪ ਆਪਣਾ ਨਾਉਂ ਧਰਾਇਆ । ਆਪੇ ਵੇਖੇ ਆਪਣਾ ਸੱਜਣ, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰੇ ਮਜਨ, ਆਪ ਆਪਣਾ ਤਾਲ ਸੁਹਾਇਆ । ਤਾਲ ਸੁਹਾਵਾ ਨਿਰਗੁਣ ਜੋਤ, ਏਕਾ ਏਕ ਸੁਹਾਈਆ । ਆਪਣੀ ਮੈਲ ਆਪੇ ਧੋਤ, ਨਿਰਮਲ ਨਿਰਮਲ ਆਪ ਹੋ ਜਾਈਆ । ਆਦਿ ਜੁਗਾਦਿ ਖੇਲੇ ਖੇਲ ਜੁਗਾ ਜੁਗੰਤਰ ਕੋਟੀ ਕੋਟ, ਕੋਟਨ ਕੋਟੀ ਬਣਤ ਬਣਾਈਆ । ਇਕ ਲਗਾਏ ਸ਼ਬਦ ਚੋਟ, ਏਕਾ ਏਕ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੇ ਹੱਥ ਰੱਖੇ ਵਡਿਆਈਆ । ਦੁਆਪਰ ਅੰਤਰ ਧਰਤ ਪੁਕਾਰ, ਏਕਾ ਦਰ ਸੁਹੰਨਿਆ । ਕਾਹਨਾ ਕ੍ਰਿਸ਼ਨਾ

ਕਰ ਵਿਚਾਰ, ਨੇਤਰ ਨੀਰ ਉਛਨਿਆ । ਅਰਜਨ ਮੀਤਾ ਹੋ ਤਿਆਰ, ਵੇਖ ਵਖਾਏ ਦਰ ਮਹਾਨਿਆ । ਨਾਮ ਗੀਤਾ ਖ਼ਬਰਦਾਰ, ਏਕਾ ਬੇੜਾ ਬੰਨ੍ਹਿਆ । ਠਾਂਡਾ ਸੀਤਾ ਹਰਿ ਨਿਰੰਕਾਰ, ਜਨਨੀ ਜਨ ਨਾ ਕਿਸੇ ਜਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖਣਹਾਰਾ ਦਰ ਦਰ ਭਗਤ ਭੇਖ ਅਪਾਰ, ਦੁਆਪਰ ਤੇਰਾ ਅੰਤ ਕਿਨਾਰਾ ਹਰਿ ਸਾਚਾ ਖੇਲ ਖਿਲੰਨਿਆ । ਰਥ ਰਥਵਾਹੀ ਖੇਲ ਅਪਾਰ, ਏਕਾ ਰਥ ਚਲਾਇੰਦਾ । ਪੰਚਮ ਮੀਤਾ ਹੋ ਉਜਿਆਰ, ਖ਼ਾਲੀ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਏਕਾ ਸੁਤ ਸੁਤ ਦੁਲਾਰ, ਧਰਮ ਧਰਮੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜਗਤ ਯੁਧਿਸ਼ਟਰ ਨਾਮ ਅਪਾਰਾ, ਹਰਿ ਹਰਿ ਮੇਲ ਮਿਲਾਇਆ । ਕਿਰਪਾ ਕਰੇ ਦੀਨ ਦਿਆਲਾ, ਏਕਾ ਦੂਜਾ ਭੌ ਚੁਕਾਇਆ । ਤੋੜਣਹਾਰਾ ਜਗਤ ਜੰਜਾਲਾ, ਨਿਰਗੁਣ ਜੋਤ ਇਕ ਵਖਾਇਆ । ਸੰਗ ਰਖਾਏ ਕਾਲ ਮਹਾਂਕਾਲਾ, ਆਪ ਆਪਣਾ ਰੂਪ ਵਟਾਇਆ । ਲੱਖ ਚੁਰਾਸੀ ਖੇਲ ਨਿਰਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਯੁਧਿਸ਼ਟਰ ਯੁਧ ਜਗਤ ਅਪਾਰ, ਧਰਮੀ ਧਰਮ ਕਮਾਇਆ । ਸਾਵਲ ਸੁੰਦਰ ਖੇਲ ਨਿਆਰ, ਮੁਕੰਦ ਮਨੋਹਰ ਵੇਖ ਵਖਾਇਆ । ਦੋਹਾਂ ਵਿਚੋਲਾ ਇਕ ਅਧਾਰ, ਨਾਮ ਨਾਮੇ ਰੰਗ ਰੰਗਾਇਆ । ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਭੇਵ ਚੁਕਾਇਆ । ਅੰਤਮ ਵੇਲਾ ਪਾਰ ਕਿਨਾਰ, ਚਾਰੋਂ ਕੁੰਟ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਦੁਆਪਰ ਤੇਰਾ ਅੰਤ ਕਿਨਾਰਾ, ਹਰਿ ਹਰਿ ਖੇਲ ਖਲਾਇੰਦਾ । ਕ੍ਰਿਸ਼ਨ ਨੇਤਰ ਇਕ ਉਘਾੜਾ, ਹਰਿ ਹਰਿ ਵੇਖ ਵਖਾਇੰਦਾ । ਜਗਤ ਜੀਵ ਕੱਢਣ ਹਾੜਾ, ਏਕਾ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਨਾਉਂ ਰਖਾਇੰਦਾ । ਸ਼ਬਦ ਵਿਚੋਲਾ ਸਾਚਾ ਢੋਲਾ, ਹਰਿ ਹਰਿ ਆਪ ਉਪਾਇਆ । ਪੰਜ ਤਤ ਬਦਲਿਆ ਚੋਲਾ, ਸਾਚਾ ਖੇਲ ਖਿਲਾਇਆ । ਲੱਖ ਚੁਰਾਸੀ ਏਕਾ ਹੋਲਾ, ਏਕਾ ਰੰਗ ਰੰਗਾਇਆ । ਧੁਰਦਰਗਾਹੀ ਸਾਚਾ ਤੋਲਾ, ਤੋਲਣਹਾਰਾ ਦਿਸ ਨਾ ਆਇਆ । ਭਗਤਨ ਅੰਦਰ ਭਗਤੀ ਮੌਲਾ, ਫਲ ਫੁਲਵਾੜੀ ਵੇਖ ਵਖਾਇਆ । ਅੰਮ੍ਰਿਤ ਨਾਭੀ ਭਰਿਆ ਕਵਲਾ, ਝਿਰਨਾ ਆਪ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖ ਲਖਾਇਆ । ਲੇਖਾ ਲਿਖਣਹਾਰ ਕਰਤਾਰਾ, ਏਕਾ ਏਕੰਕਾਰਿਆ । ਅੰਤ ਦੁਆਪਰ ਕ੍ਰਿਸ਼ਨ ਮੁਰਾਰਾ, ਵੇਖੇ ਵਿਗਸੇ ਕਰੇ ਵਿਚਾਰਿਆ । ਕਲਜੁਗ ਪ੍ਰਗਟੇ ਵਿਚ ਸੰਸਾਰਾ, ਸਾਚੀ ਧਾਰਾ ਆਪ ਚਲਾ ਰਿਹਾ । ਚਾਰੋਂ ਕੁੰਟ ਹਾਹਾਕਾਰਾ, ਕਾਮ ਕਰੋਧ ਹੋਏ ਮਸਤਾਨਿਆ । ਗੁਰ ਪੀਰ ਸਾਧ ਸੰਤ ਨਾ ਪਾਵਣ ਸਾਰਾ, ਨੌਂ ਖੰਡ ਹੋਏ ਵੈਰਾਨਿਆ । ਅੰਤਮ ਪ੍ਰਗਟੇ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜੋਤ ਨੂਰ ਉਪਾਨਿਆ । ਨਾਮ ਖੰਡਾ ਤੇਜ ਕਟਾਰਾ, ਸ਼ਬਦੀ ਸ਼ਬਦ ਉਠਾਨਿਆ । ਰਥ ਰਥਵਾਹੀ ਸਰਬ ਸੰਸਾਰ, ਘਟ ਅੰਦਰ ਡੇਰਾ ਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪ ਆਪਣਾ ਘਰ ਪਛਾਨਿਆ । ਆਪਣਾ ਘਰ ਆਪ ਪਛਾਣ, ਆਪੇ ਵੇਖ ਵਖਾਈਆ । ਚਰਨ ਬਿਠਾਏ ਕ੍ਰਿਸ਼ਨਾ ਕਾਹਨ, ਕਵਲ ਨੈਣ ਰਹੇ ਸ਼ਰਮਾਈਆ । ਦੇਵਣ ਆਇਆ ਭੂਮੀ ਦਾਨ, ਭੂਮ ਭੂਮਕਾ ਇਕ ਸਹਾਈਆ । ਸਰਬ ਜੀਆਂ ਦਾ ਜਾਣੀ ਜਾਣ, ਜਾਨਣਹਾਰ ਵਡ ਵਡਿਆਈਆ । ਨੌਂ ਖੰਡ ਇਕ ਨਿਸ਼ਾਨ, ਏਕਾ ਸ਼ਬਦ

੯੦੩
੦੭

ਉਠਾਈਆ । ਜੀਵ ਜੰਤ ਨਾ ਸਕਣ ਪਛਾਣ, ਮਾਇਆ ਪਰਦਾ ਏਕਾ ਪਾਈਆ । ਕਿਸੇ ਹੱਥ ਨਾ ਆਏ ਰਾਜ ਰਾਜਾਨ, ਸ਼ਾਹ ਸੁਲਤਾਨਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖਣਹਾਰਾ ਘਰ, ਆਪ ਆਪਣਾ ਖੇਲ ਖਿਲਾਈਆ । ਆਪਣਾ ਖੇਲ ਆਪੇ ਖੇਲ, ਹਰਿ ਹਰਿ ਖੇਲ ਖਿਲਾਇਆ । ਦੋ ਜਹਾਨਾਂ ਸੱਜਣ ਸੁਹੇਲ, ਜੋਤੀ ਜਾਮਾ ਭੇਖ ਵਟਾਇਆ । ਨਾ ਕੋਈ ਗੁਰੂ ਨਾ ਕੋਈ ਚੇਲ, ਪੰਜ ਤਤ ਨਾ ਕੋਈ ਰਖਾਇਆ । ਆਪ ਆਪਣਾ ਕਰਿਆ ਮੇਲ, ਆਪ ਆਪਣੀ ਬਣਤ ਬਣਾਇਆ । ਹਰਿਸੰਗਤ ਹਰਿ ਸਾਚਾ ਮੇਲ, ਧਾਮ ਸੁਹੰਝਣਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਚੁਕਾਇਆ । ਕਲਜੁਗ ਅੰਤਮ ਲਹਿਣਾ ਸਾਢੇ ਤਿੰਨ ਹੱਥ, ਹਰਿ ਸਾਚੀ ਵੰਡ ਵੰਡਾਈਆ । ਨਿਰਗੁਣ ਜੋਤ ਆਪ ਸਮਰਥ, ਆਦਿ ਅੰਤ ਅਖਵਾਈਆ । ਜੁਗ ਜੁਗ ਮਹਿਮਾ ਅਕਥਨਾ ਅਕੱਥ, ਵੇਦ ਪੁਰਾਨੀ ਅੰਜੀਲ ਕੁਰਾਨੀ ਖਾਣੀ ਬਾਣੀ ਆਪੇ ਗਾਈਆ । ਘਰ ਮੰਦਰ ਨਾ ਜਾਏ ਢੱਠ, ਨਾ ਕੋਈ ਬਾਢੀ ਬਣਤ ਬਣਾਈਆ । ਨਾ ਕੋਈ ਤੀਰਥ ਨਾ ਕੋਈ ਤੱਟ, ਨਾ ਕੋਈ ਘਾਟ ਵਖਾਈਆ । ਨਾ ਕੋਈ ਕਿਨਾਰਾ ਚੌਦਾਂ ਹੱਟ, ਤ੍ਰੈਭਵਨ ਨਾ ਕੋਈ ਵਡਿਆਈਆ । ਏਕਾ ਜੋਤੀ ਨੂਰ ਲਟ ਲਟ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਭੂਮਕਾ ਵੇਖ ਵਖਾਈਆ । ਭੂਮਕਾ ਸਚ ਅਸਥਾਨ, ਹਰਿ ਹਰਿ ਵੇਖ ਵਖਾਇਆ । ਸ਼ਬਦ ਸੁਤ ਵਡ ਬਲਵਾਨ, ਸਾਚਾ ਸੰਗ ਰਖਾਇਆ । ਸੋ ਪੁਰਖ ਨਿਰੰਜਣ ਤੀਰ ਕਮਾਨ, ਨਾਮ ਚਿੱਲਾ ਇਕ ਉਠਾਇਆ । ਲੋਆਂ ਪੁਰੀਆਂ ਲੇਖਾ ਦੋ ਜਹਾਨ, ਬ੍ਰਹਮਾ ਵਿਸ਼ਨ ਸ਼ਿਵ ਦਏ ਹਿਲਾਇਆ । ਸ੍ਰਿਸ਼ਟ ਸਬਾਈ ਹੋਏ ਹੈਰਾਨ, ਏਕਾ ਏਕ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਵੇਖ ਵਖਾਇਆ । ਘਰ ਸਾਚਾ ਉਚ ਅਟੱਲਾ, ਹਰਿ ਹਰਿ ਵੇਖ ਵਖਾਇੰਦਾ । ਕਰੇ ਕਰਾਏ ਇਕ ਇਕੱਲਾ, ਲਸ਼ਕਰ ਸ਼ਾਹੀ ਨਾ ਕੋਈ ਜਣਾਇੰਦਾ । ਪਾਵੇ ਸਾਰ ਜਲਾਂ ਥਲਾਂ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਥਿਰ ਘਰ ਸਚ ਸੁਹਾਇੰਦਾ । ਦੀਪਕ ਜੋਤੀ ਏਕਾ ਬਲਾ, ਅਕਾਸ਼ ਪ੍ਰਕਾਸ਼ ਸਮਾਇੰਦਾ । ਸ਼ਬਦ ਸੁਤ ਕਰਨ ਆਇਆ ਹੱਲਾ, ਆਪ ਆਪਣਾ ਆਪ ਉਠਾਇੰਦਾ । ਜੀਵ ਜੰਤ ਭੁਲਾਏ ਕਰ ਕਰ ਵਲ ਛਲਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਸ਼ਬਦ ਸੁਤ ਜੋਧਾ ਸੂਰ, ਏਕਾ ਏਕ ਲਏ ਅੰਗੜਾਈਆ । ਸਰਬ ਕਲਾ ਹਰਿ ਭਰਪੂਰ, ਦੇਵੇ ਵਸਤ ਬੇਪਰਵਾਹੀਆ । ਦਹਿ ਦਿਸ਼ਾ ਕਰੇ ਚੂਰੋ ਚੂਰ, ਭੇਖ ਪਖੰਡ ਰਹਿਣ ਨਾ ਪਾਈਆ । ਮੇਟ ਮਿਟਾਏ ਜੂਠ ਝੂਠ ਕੂੜੋ ਕੂੜ, ਮਾਇਆ ਮੋਹ ਚੁਕਾਈਆ । ਜਨ ਭਗਤਾਂ ਕਾਇਆ ਨੂਰ ਰੰਗ ਚਾੜ੍ਹੇ ਗੂੜ੍ਹ, ਹਰਿ ਹਰਿ ਵਡ ਵਡਿਆਈਆ । ਸਾਚੇ ਧਾਮ ਬਖ਼ਸ਼ੇ ਚਰਨ ਧੂੜ, ਧੂੜੀ ਮਸਤਕ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਸਾਚਾ ਧਾਮ ਹਰਿ ਥਨੇਸਰ, ਥਿਰ ਘਰ ਆਪ ਸੁਹਾਇਆ । ਨਾਮ ਨਾਮਾ ਲਾਏ ਕੇਸਰ, ਦਿਸ ਕਿਸੇ ਨਾ ਆਇਆ । ਜਗਤ ਪਿਤ ਸਰਬ ਜਗਦੀਸ਼ਰ, ਜੁਗ ਜੁਗ ਵੇਸ ਵਟਾਇਆ । ਚਰਨ ਛੁਹਾਏ ਦਾਤਾ ਈਸਰ, ਈਸ਼ ਜੀਵ ਭੇਵ ਨਾ ਰਾਇਆ । ਦਿਸ ਨਾ ਆਏ ਮੁਨੀ ਮੁਨੀਸਰ, ਕੋਟਨ ਕੋਟ ਮੁਨ ਰਖਾਇਆ । ਭੇਵ ਨਾ ਪਾਇਣ ਤਪੀ ਤਪੀਸ਼ਰ, ਤਪ ਤਪ ਤਨ

ਅਗਨ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਸਾਚਾ ਇਕ ਸੁਹਾਇਆ । ਸਾਚਾ ਧਾਮ ਵਡ ਵਡਿਆਈ, ਨਾਮੇ ਨਾਮ ਉਪਾਇਆ । ਜਗਤ ਥਨੇਸਰ ਧਰਤ ਕੁੜਮਾਈ, ਹਰਿ ਥਨੇਸਰ ਨਜ਼ਰ ਨਾ ਆਈਆ । ਚਾਰੋਂ ਕੁੰਟ ਵੱਜੇ ਵਧਾਈ, ਪ੍ਰਭ ਸਾਚੇ ਭੇਵ ਖੁਲ੍ਹਾਇਆ । ਗਣ ਗਧੰਰਬ ਰਹੇ ਗਾਈ, ਨੇਤਰ ਨੈਣਾਂ ਦਿਸ ਨਾ ਆਇਆ । ਕਰੋੜ ਤੇਤੀਸ ਰਹੇ ਸ਼ਰਮਾਈ, ਹਰਿਜਨ ਸਾਚਾ ਸੰਗ ਨਿਭਾਇਆ । ਸ਼ਿਵ ਸ਼ੰਕਰ ਬੈਠਾ ਕਰੇ ਸਲਾਹੀ, ਆਪ ਆਪਣਾ ਮੁਖ ਖੁਲ੍ਹਾਇਆ । ਬ੍ਰਹਮਾ ਨੇਤਰ ਰਿਹਾ ਉਠਾਈ, ਚਾਰੋਂ ਕੁੰਟ ਵੇਖ ਵਖਾਇਆ । ਵਿਸ਼ਨੂੰ ਵੰਸੀ ਲਏ ਅੰਗੜਾਈ, ਲੱਛਮੀ ਨਾਲ ਰਲਾਇਆ । ਪਾਰਬ੍ਰਹਮ ਪ੍ਰਭ ਖੇਲ ਉਪਾਈ, ਲੋਕਮਾਤ ਵੇਖਣ ਆਇਆ । ਲੱਖ ਚੁਰਾਸੀ ਹੋਏ ਜੁਦਾਈ, ਆਪ ਆਪਣਾ ਦਰ ਸੁਹਾਇਆ । ਸ਼ਬਦ ਜੋਧਾ ਇਕ ਉਠਾਈ, ਨਵਾਂ ਖੰਡਾਂ ਆਪ ਲੜਾਇਆ । ਨਾਮ ਖੰਡਾ ਵੇਖੇ ਬਾਹੀਂ, ਆਪ ਆਪਣਾ ਬਲ ਧਰਾਇਆ । ਰਸਨਾ ਚਿੱਲਾ ਤੀਰ ਉਠਾਏ ਚਾਈਂ ਚਾਈਂ, ਦੋ ਜਹਾਨ ਨਾ ਕਿਸੇ ਉਲਟਾਇਆ । ਮਾਰੇ ਮਾਰ ਥਾਉਂ ਥਾਈਂ, ਲੁਕਿਆ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਚੁਕਾਇਆ । ਥਿਰ ਦਰਬਾਰ, ਹਰਿ ਨਿਰੰਕਾਰਿਆ । ਊਚ ਅਗੰਮ ਅਪਾਰ, ਅਟੱਲ ਮਹੱਲ ਮੁਨਾਰਿਆ । ਏਕਾ ਜੋਤੀ ਇਕ ਉਜਿਆਰ, ਏਕਾ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਮੰਦਰ ਇਕ ਸੁਹਾ ਰਿਹਾ । ਥੱਥਾ ; ਥਿਰ ਦਰਬਾਰਾ, ਹਰਿ ਖੁਲ੍ਹਾਇੰਦਾ । ਏਕਾ ਏਕ ਗ਼ਰੀਬ ਨਿਵਾਜ਼ਾ, ਏਕਾ ਰੂਪ ਸਮਾਇੰਦਾ । ਏਕਾ ਅਸਵ ਏਕਾ ਤਾਜਾ, ਏਕਾ ਸ਼ਬਦ ਦੌੜਾਇੰਦਾ । ਏਕਾ ਭੂਪ ਏਕਾ ਰਾਜਾ, ਸ਼ਾਹ ਸੁਲਤਾਨਾ ਇਕ ਅਖਵਾਇੰਦਾ । ਜੁਗ ਜੁਗ ਲੋਕਮਾਤ ਰਚੇ ਕਾਜਾ, ਆਪ ਆਪਣੀ ਬਣਤ ਬਣਾਇੰਦਾ । ਧੁਰਦਰਗਾਹੀ ਆਇਆ ਭਾਜਾ, ਥਿਰ ਘਰ ਵਾਸੀ ਭੇਵ ਖੁਲ੍ਹਾਇੰਦਾ । ਸ਼ਬਦ ਅਗੰਮੀ ਮਾਰੇ ਵਾਜਾ, ਅਨਹਦ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਇਕ ਵਖਾਇੰਦਾ । ਥਿਰ ਘਰ ਰੂਪ ਹਰਿ ਅਪਾਰਾ, ਏਕਾ ਏਕ ਦਰਸਾਇਆ । ਅਲੱਖ ਨਿਰੰਜਣ ਖੇਲ ਨਿਆਰਾ, ਆਪ ਆਪਣਾ ਰਿਹਾ ਕਰਾਇਆ । ਆਪੇ ਪਾਏ ਆਪਣੀ ਸਾਰਾ, ਦੂਸਰ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇਆ । ਥੱਥਾ ; ਥਿਰ ਨਰਾਇਣ, ਏਕਾ ਏਕੰਕਾਰਿਆ । ਆਪ ਆਪਣਾ ਆਪੇ ਵੇਖੇ ਆਪਣੇ ਨੈਣ, ਨੇਤਰ ਨੈਣ ਇਕ ਖੁਲ੍ਹਾਇਆ । ਨਾ ਕੋਈ ਸਾਕ ਨਾ ਕੋਈ ਸੈਣ, ਭਾਈ ਭੈਣ ਨਾ ਸੰਗ ਰਖਾ ਲਿਆ । ਕਲਜੁਗ ਚੁਕਾਏ ਲੈਣ ਦੇਣ, ਹਰਿ ਸੱਜਣ ਫੇਰਾ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ, ਦਇਆਨਿਧ ਵੇਸ ਵਟਾ ਲਿਆ । ਨਨਾ ; ਨਿਰਗੁਣ ਧਾਰ, ਜੋਤ ਜਗਾਈਆ । ਆਦਿ ਜੁਗਾਦੀ ਸਾਚੀ ਕਾਰ, ਹਰਿ ਸਾਚਾ ਰਿਹਾ ਕਮਾਈਆ । ਖੜਗ ਖੰਡਾ ਨਾ ਕੋਈ ਕਟਾਰ, ਸ਼ਸਤਰ ਬਸਤਰ ਨਾ ਕੋਈ ਉਠਾਈਆ । ਰਥ ਰਥਵਾਹੀ ਨਾ ਕੋਈ ਵਿਚਾਰ, ਮਹਾਂਸਾਰਥੀ ਦਿਸ ਨਾ ਆਈਆ । ਬੇਪਰਵਾਹੀ ਬੇਐਬ ਪਰਵਰਦਿਗਾਰ, ਆਪ ਆਪਣੀ ਕਲ ਵਰਤਾਈਆ । ਸ਼ਬਦ ਸ਼ਬਦੀ ਮਾਰੇ ਮਾਰ, ਮਾਰਨਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਨਾ ; ਨਿਰਾਕਾਰ, ਸਾਕਾਰ ਸਮਾਇਆ । ਨਿਰਗੁਣ ਸਰਗੁਣ ਕਰ ਪਿਆਰ, ਏਕਾ ਦੂਜਾ ਭੇਵ ਚੁਕਾਇਆ । ਰੰਗ ਮਹੱਲ ਅਟੱਲ ਮਿਨਾਰ, ਸ਼ਬਦ ਸਿੰਘਾਸਣ ਆਪ

੯੦੫
੦੨

ਵਿਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਾ ਰੂਪ ਆਪ ਦਰਸਾਇਆ । ਨਨਾ : ਨਿਰਗੁਣ ਖੇਲ ਹਰਿ ਭਗਵਾਨਿਆ, ਏਕਾ ਏਕ ਜੋਤ ਜਗਾਈਆ । ਦੇਵਣਹਾਰਾ ਧੁਰ ਫ਼ਰਮਾਣਿਆ, ਆਦਿ ਸ਼ਕਤ ਸੇਵ ਕਮਾਈਆ । ਆਪੇ ਮੇਟੇ ਜਗਤ ਨਿਸ਼ਾਨਿਆ, ਉਤਪਤ ਆਪੇ ਆਪ ਕਰਾਈਆ । ਆਪੇ ਬੰਨ੍ਹਣਹਾਰਾ ਗਾਨਿਆ, ਆਤਮ ਆਪ ਕਰੇ ਕੁੜਮਾਈਆ । ਆਪੇ ਬਾਲ ਬਿਰਧ ਜਵਾਨਿਆ । ਮਾਤ ਗਰਭ ਆਪ ਹੋ ਜਾਈਆ । ਆਪੇ ਮਾਣ ਮੋਹ ਅਭਿਮਾਨਿਆ, ਗਿਆਨ ਧਿਆਨ ਆਪ ਰਖਾਈਆ । ਆਪਣਾ ਆਪ ਰੂਪ ਪਛਾਣਿਆ, ਕਲਜੁਗ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਿਰਪਾ ਆਪ ਕਰਾਈਆ । ਨਨਾ : ਨਿਹਚਲ ਧਾਮ ਅਵੱਲਾ, ਹਰਿ ਹਰਿ ਆਪ ਸਮਾਇਆ । ਆਪੇ ਮੇਟੇ ਆਪਣਾ ਸਲਾ, ਦੂਸਰ ਸੰਗ ਨਾ ਕੋਈ ਵਖਾਇਆ । ਬੈਠਾ ਰਹੇ ਇਕ ਇਕੱਲਾ, ਅਕਲ ਕਲਾ ਹੋ ਜਾਇਆ । ਆਦਿ ਜੁਗਾਦੀ ਕਰ ਕਰ ਹੱਲਾ, ਲੋਕਮਾਤ ਵੇਖ ਵਖਾਇਆ । ਆਪੇ ਫੜੇ ਆਪਣਾ ਪੱਲਾ, ਲੜ ਆਪਣਾ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੁਲ ਚੁਕਾਇਆ । ਨਨਾ : ਨਿਰਗੁਣ ਰੂਪ ਅਪਾਰਾ, ਜੋਤੀ ਨੂਰ ਸਮਾਇਆ । ਖੇਲੇ ਖੇਲ ਖੇਲਣਹਾਰਾ, ਭੇਵ ਅਭੇਦਾ ਭੇਵ ਛੁਪਾਇਆ । ਵੇਦ ਕਤੇਬ ਨਾ ਪਾਇਣ ਸਾਰਾ, ਜੁਗ ਕਰਤਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇਆ । ਸਸਾ : ਸਤਿਗੁਰ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਆਪ ਆਪਣਾ ਕਰ ਪਸਾਰ, ਆਪ ਆਪਣਾ ਰੂਪ ਦਰਸਾਈਆ । ਏਕਾ ਬਾਤੀ ਕਰ ਉਜਿਆਰ, ਕਮਲਾਪਾਤੀ ਮੇਲ ਮਿਲਾਈਆ । ਬੂੰਦ ਸਵਾਂਤੀ ਠੰਡੀ ਠਾਰ, ਆਪਣੀ ਆਪ ਪਿਆਈਆ । ਆਤਮ ਤਾਕੀ ਖੋਲ੍ਹ ਕਿਵਾੜ, ਸਵਛ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਵੇਖੇ ਬੇਪਰਵਾਹੀਆ । ਸਸਾ : ਸਤਿਗੁਰ ਰੂਪ ਹਰਿ ਸੁਲਤਾਨਿਆ । ਵੇਖ ਵਖਾਏ ਜੂਠ ਝੂਠ, ਚਾਰੋਂ ਕੁੰਟ ਹੋਏ ਪ੍ਰਧਾਨਿਆ । ਨਾਮ ਵਸਤ ਰੱਖੇ ਏਕਾ ਮੁੱਠ, ਗੁਰਮੁਖਾਂ ਵਿਚ ਜਹਾਨਿਆ । ਏਕਾ ਏਕ ਰਿਹਾ ਤੁਠ, ਆਦਿ ਅੰਤ ਖੇਲ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਿਰਧ ਪਛਾਣਿਆ । ਸਤਿਗੁਰ ਦਾਤਾ ਦਾਨਿਆ, ਦੇਵਣਹਾਰ ਮਿਹਰਬਾਨ । ਆਦਿ ਜੁਗਾਦੀ ਇਕ ਨਿਸ਼ਾਨਿਆ, ਸ਼ਬਦੀ ਸ਼ਬਦ ਇਕ ਜੈਕਾਰ । ਗੁਰਮੁਖ ਵਿਰਲੇ ਮਾਤ ਪਛਾਣਿਆ, ਲੱਖ ਚੁਰਾਸੀ ਡੁੱਬਾ ਵਿਚ ਮੰਝਧਾਰ । ਜਿਸ ਜਨ ਆਤਮ ਅੰਤਰ ਮਾਰੇ ਕਾਨਿਆ, ਦੂਈ ਦਵੈਤੀ ਉਤਰੇ ਪਾਰ । ਕਰੇ ਪ੍ਰਕਾਸ਼ ਕੋਟਨ ਭਾਨਿਆ, ਅੰਧ ਅੰਧੇਰ ਨਿਵਾਰ । ਸਰਬ ਘਟਾ ਜਾਣੀ ਜਾਣਿਆ, ਘਰ ਬੈਠ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਖੇਲੇ ਖੇਲ ਅਲੱਖ ਅਗੋਚਰ ਅਗੰਮ ਅਪਾਰ । ਸਤਿਗੁਰ ਪੂਰਾ ਸਾਖਯਾਤ, ਜੋਤੀ ਜੋਤ ਜਗਾਈਆ । ਮੇਟਣਹਾਰਾ ਅੰਧੇਰੀ ਰਾਤ, ਏਕਾ ਬੂਝ ਬੁਝਾਈਆ । ਦੇਵਣਹਾਰਾ ਸਾਚੀ ਦਾਤ, ਦਾਤਾ ਧੁਰਦਰਗਾਹੀਆ । ਪਾਰ ਕਰਾਏ ਕਾਇਨਾਤ, ਬ੍ਰਹਿਮੰਡ ਖੰਡ ਵੇਖ ਵਖਾਈਆ । ਇਕ ਵਖਾਏ ਸਾਚਾ ਹਾਟ, ਥਿਰ ਮੰਦਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲ ਮਿਲਾਈਆ । ਰਾਰਾ : ਰਾਜ ਜੋਗ ਸੁਲਤਾਨ, ਸਚ ਸਿਕਦਾਰ ਆਪ ਹੋ ਜਾਇਆ । ਆਦਿ ਜੁਗਾਦੀ ਮਿਹਰਬਾਨ, ਨਾਮ ਨਿਧਾਨਾ ਝੋਲੀ ਪਾਇਆ । ਏਕਾ ਰਾਗ ਸੁਣਾਏ ਕਾਨ, ਧੁਨੀ ਨਾਦ ਇਕ ਵਜਾਇਆ । ਆਪ ਆਪਣਾ ਘਰ ਪਛਾਣ, ਆਪ ਆਪਣਾ ਵੇਖ

੯੦੬
੦੨

ਵਖਾਇਆ । ਸਾਚਾ ਮੰਦਰ ਸਚ ਮਕਾਨ, ਸਾਚੀ ਸੇਜਾ ਆਸਣ ਲਾਇਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਰਾਰਾ : ਰੇਖ ਅਪਾਰ, ਹਰਿ ਹਰਿ ਲੇਖ ਲਿਖਾਨਿਆ । ਜੁਗ ਜੁਗ ਪਾਵੇ ਸਾਰ, ਲੋਕਮਾਤ ਆਵੇ ਭੰਨਿਆ । ਆਤਮ ਹੋ ਉਜਿਆਰ, ਭਾਗ ਲਗਾਏ ਸਾਚੀ ਛੱਪਰ ਛੰਨਿਆ । ਏਕਾ ਸ਼ਬਦ ਸ਼ਬਦ ਜੈਕਾਰ, ਸਾਢੇ ਤਿੰਨ ਹੱਥ ਬੇੜਾ ਬੰਨਿਆ । ਰਾਜ ਰਾਜਾਨ ਕਰੇ ਖ਼ਬਰਦਾਰ, ਪਕੜ ਉਠਾਏ ਆਤਮ ਅੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪਣੀ ਖੇਲ ਖਲਾਨਿਆ । ਖੇਲੇ ਖੇਲਣਹਾਰ ਹਰਿ ਭਗਵਾਨ, ਏਕਾ ਰੂਪ ਸਮਾਇਆ । ਥਨੇਸਰ ਤੇਰਾ ਸਚ ਨਿਸ਼ਾਨ, ਚਾਰੇ ਅੱਖਰ ਜੋੜ ਜੁੜਾਇਆ । ਚੌਥੇ ਜੁਗ ਹੋ ਮਿਹਰਬਾਨ, ਰਾਰਾ ਰੇਖ ਦਏ ਮਿਟਾਇਆ । ਸਤਿਗੁਰ ਸੂਰਬੀਰ ਬਲਵਾਨ, ਸ੍ਰਿਸ਼ਟ ਸਬਾਈ ਦਏ ਮਿਟਾਇਆ । ਨਿਰਗੁਣ ਜੋਤ ਜਗੇ ਮਹਾਨ, ਨਰ ਨਿਰੰਕਾਰਾ ਵੇਸ ਵਟਾਇਆ । ਥਿਰ ਘਰ ਬੈਠ ਸੱਚੇ ਸੁਲਤਾਨ, ਆਪ ਆਪਣਾ ਮਤਾ ਪਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਜੁਗ ਦੇਵੇ ਵਰ, ਵਰ ਦਾਤਾ ਆਪ ਹੋ ਜਾਇਆ । ਥੱਥਾ : ਥਿਰ ਦਰ ਆਪੇ ਖੋਲ੍ਹ, ਆਪਣੀ ਦਇਆ ਕਮਾਈਆ । ਨਨਾ : ਨਿਰਗੁਣ ਜੋਤੀ ਸ਼ਬਦ ਬੋਲ, ਚਾਰ ਕੁੰਟ ਕਰੇ ਰੁਸ਼ਨਾਈਆ । ਸੱਸਾ : ਸਤਿਗੁਰ ਵਜਾਏ ਢੋਲ, ਨਾਮ ਦਮਾਮਾ ਇਕ ਰਖਾਈਆ । ਰਾਰਾ : ਰਾਮ ਨਾ ਕਿਸੇ ਕੋਲ, ਭੁੱਲੀ ਭਰਮੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਅੱਖਰ ਏਕਾ ਘਰ, ਏਕਾ ਦਰ ਸੁਹਾਈਆ । ਥੱਥਾ : ਥਿਰ ਦਰਵੇਸ਼, ਏਕਾ ਏਕੰਕਾਰਿਆ । ਨੰਨਾ : ਨਰ ਨਰੇਸ਼, ਪਾਰਬ੍ਰਹਮ ਸਿਰਜਣਹਾਰਿਆ । ਸੱਸਾ : ਸਤਿਗੁਰ ਜੋਤੀ ਹੋ ਪ੍ਰਵੇਸ਼, ਗੁਰ ਸਤਿਗੁਰ ਰੂਪ ਵਟਾ ਰਿਹਾ । ਰਾਰਾ ਰੂਪ ਰਿਖੀ ਕੇਸ਼, ਜਗਤ ਗਵਰਧਨ ਹੱਥ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਥਨੇਸਰ ਇਕ ਵਖਾ ਰਿਹਾ । ਥਨੇਸਰ ਠਾਂਡਾ ਘਰ, ਹਰਿ ਹਰਿ ਆਪ ਸੁਹਾਇੰਦਾ । ਗੁਰਮੁਖ ਵਿਰਲਾ ਜਾਏ ਵੜ, ਜਿਸ ਜਨ ਆਪ ਚੜ੍ਹਾਇੰਦਾ । ਆਦਿ ਜੁਗਾਦੀ ਰਿਹਾ ਲੜ, ਹੱਥ ਕਿਸੇ ਨਾ ਆਇੰਦਾ । ਆਪਣੇ ਭਾਂਡੇ ਆਪੇ ਲਏ ਘੜ੍ਹ, ਆਪੇ ਭੰਨ ਵਖਾਇੰਦਾ । ਜਿਸ ਜਨ ਤੋੜੇ ਹੰਕਾਰੀ ਗੜ੍ਹ, ਆਪਣੀ ਬੂਝ ਬੁਝਾਇੰਦਾ । ਕਲਜੁਗ ਅੰਤ ਫੜਾਏ ਲੜ, ਸਾਚਾ ਧਾਮ ਸੁਹਾਇੰਦਾ । ਸਾਚਾ ਥਾਨ ਹਰਿ ਸੁਹਾਇਆ, ਹਰਿਜਨ ਵੱਡੀ ਵਡਿਆਈਆ । ਕਲਜੁਗ ਅੰਤਮ ਦਇਆ ਕਮਾਇਆ, ਨਿਰਗੁਣ ਜੋਤੀ ਨੂਰ ਰੁਸ਼ਨਾਈਆ । ਯੁਧ ਇਸ਼ਟ ਇਕ ਵਖਾਇਆ, ਏਕਾ ਰੂਪ ਦਰਸਾਈਆ । ਸਰਬ ਸ੍ਰਿਸ਼ਟ ਲਏ ਉਠਾਇਆ, ਆਪਣੀ ਕਲ ਵਰਤਾਈਆ । ਸ਼ਬਦ ਖੰਡਾ ਇਕ ਚਮਕਾਇਆ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰਗਤਾ ਗੜ੍ਹ ਦਏ ਤੁੜਾਇਆ, ਮੇਟੇ ਝੂਠੀ ਸ਼ਾਹੀਆ । ਹਰਿ ਸੱਜਣ ਸਾਚੇ ਲਏ ਤਰਾਇਆ, ਜਿਉਂ ਅੰਗਦ ਨਾਨਕ ਅੰਕ ਸਮਾਈਆ । ਧੁਰਦਰਗਾਹੀ ਮੰਗਤਾ ਲੋਕਮਾਤ ਆਇਆ, ਹਰਿਸੰਗਤ ਵੇਖ ਸਾਚੀ ਸ਼ਾਹੀਆ । ਆਪਣਾ ਪੱਲੂ ਅੱਗੇ ਡਾਹਿਆ, ਪ੍ਰੇਮ ਝੋਲੀ ਇਕ ਭਰਾਈਆ । ਹਰਿਸੰਗਤ ਤੇਰੀ ਵਡ ਵਡਿਆਇਆ, ਤੇਰੀ ਖ਼ਾਕ ਬ੍ਰਹਮਾ ਵਿਸ਼ਨ ਸ਼ਿਵ ਹੱਥ ਨਾ ਆਈਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣ ਜੋਤ ਨਿਰੰਜਣ ਦਏ ਸੁਹਾਇਆ, ਯੁਧਿਸ਼ਟਰ ਨਾਮ ਧਰਾਈਆ । ਸਚ ਯੁਧਿਸ਼ਟਰ ਨਾਮ ਉਪਾਇਆ, ਹਰਿਸੰਗਤ ਵਿਚ ਸਮਾਈਆ । ਕਾਇਆ ਕਸ਼ਟ ਨਾ ਕੋਈ ਉਠਾਇਆ, ਜਗਤ ਧੂਣੀ ਨਾ ਕੋਈ ਤਾਈਆ । ਤ੍ਰੈਗੁਣ ਮਾਇਆ ਮੱਠ ਬੁਝਾਇਆ, ਪ੍ਰਭ ਹੱਥ ਵੱਡੀ ਵਡਿਆਈਆ । ਉਲਟੀ

ਲੱਠ ਆਪ ਗਿੜਾਇਆ, ਚਾਰੋਂ ਕੁੰਟ ਰਿਹਾ ਮੁਖ ਭਵਾਈਆ । ਪੂਰਬ ਪੱਛਮ ਉਤਰ ਦੱਖਣ ਫੇਰਾ ਪਾਇਆ, ਛਿੰਨ ਭੰਗਰ ਦਿਸ ਨਾ ਆਈਆ । ਖੜਗ ਖੰਡਾ ਨਾ ਕੋਈ ਉਠਾਇਆ, ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਦਏ ਹਿਲਾਇਆ, ਉਤਭੁਜ ਸੇਤਜ ਵਿਚ ਸਮਾਇਆ, ਖ਼ਾਲੀ ਹੱਥ ਰਖਾਈਆ । ਕਲਜੁਗ ਕੰਢਾ ਨੇੜੇ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਗਨ ਆਪ ਮਨਾਈਆ । ਸਾਚਾ ਤਿਲਕ ਹਰਿਸੰਗਤ ਧੂੜ, ਹਰਿ ਮਸਤਕ ਹਰਿ ਛੁਹਾਈਆ । ਥਿਰ ਘਰ ਦਵਾਰੇ ਰੰਗਨ ਗੂੜ੍ਹ, ਪਾਰਬ੍ਰਹਮ ਆਪ ਚੜ੍ਹਾਈਆ । ਨਾਤਾ ਤੁੱਟੇ ਕੂੜੋ ਕੂੜ, ਕੂੜੀ ਕਿਰਿਆ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸਗਨ ਮਨਾਈਆ । ਸਗਨ ਮਨਾਇਆ ਸਚ ਦਰਬਾਰ, ਥਨੇਸਰ ਵਡ ਵਡਿਆਈਆ । ਅਕਲ ਕਲਾ ਕਲ ਆਪੇ ਧਾਰ, ਆਪਣੀ ਕਲ ਵਰਤਾਈਆ । ਲਸ਼ਕਰ ਘੋੜਾ ਨਾ ਕੋਈ ਸਵਾਰ, ਤੀਰ ਤਲਵਾਰ ਨਾ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਤਿਲਕ ਲਲਾਟ ਸਾਚੇ ਘਾਟ, ਹਰਿ ਹਰਿ ਆਪ ਚੜ੍ਹਾਇਆ । ਗੁਰਮੁਖ ਵਿਕਿਆ ਸਾਚੇ ਹਾਟ, ਸਚਖੰਡ ਦਵਾਰਾ ਇਕ ਵਿਖਾਇਆ । ਲੋਕਮਾਤ ਖੇਲ ਬਾਜ਼ੀਗਰ ਨਾਟ, ਨਟ ਨਟੂਆ ਸਵਾਂਗ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਯੁਧ ਇਸ਼ਟ ਮਸਤਕ ਧੂੜ ਲਗਾਇਆ । ਯੁਧ ਇਸ਼ਟ ਗੁਰਦੇਵ, ਏਕਾ ਪੁਰਖ ਅਕਾਲਿਆ । ਆਪਣੀ ਘਾਲੇ ਆਪੇ ਸੇਵ, ਆਪਣੀ ਕਰੇ ਆਪ ਪ੍ਰਿਤਪਾਲਿਆ । ਗੁਰਮੁਖਾਂ ਦੇਵੇ ਆਤਮ ਸਾਚਾ ਮੇਵ, ਏਕਾ ਫਲ ਖਵਾਲਿਆ । ਜੋ ਜਨ ਰਸਨਾ ਰਹੇ ਸੇਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਗਾਏ ਫਲ ਕਾਇਆ ਡਾਲਿਆ । ਜੋਤ ਨਿਰੰਜਣ ਸਗਨ ਮਨਾ, ਆਦਿ ਨਿਰੰਜਣ ਵੇਖ ਵਖਾਈਆ । ਆਦਿ ਨਿਰੰਜਣ ਫੇਰੀ ਪਾ, ਜੋਤ ਨਿਰੰਜਣ ਲਏ ਜਗਾਈਆ । ਜੋਤ ਨਿਰੰਜਣ ਕਰ ਰੁਸ਼ਨਾ, ਆਪਣਾ ਅੰਧ ਮਿਟਾਈਆ । ਆਦਿ ਨਿਰੰਜਣ ਦਰਸ ਦਿਖਾ, ਏਕਾ ਰੂਪ ਸਮਾਈਆ । ਦੋਹਾਂ ਮੇਲਾ ਏਕਾ ਥਾਂ, ਏਕਾ ਘਰ ਦਿਸਾਈਆ । ਸ਼ਬਦ ਢੋਲਾ ਆਪੇ ਗਾ, ਸੋਹੰ ਰਿਹਾ ਗਾਈਆ । ਕਾਇਆ ਚੋਲਾ ਦਿਤਾ ਤਜਾ, ਪੰਜ ਤਤ ਨਾ ਕੋਈ ਲੜਾਈਆ । ਆਪ ਆਪਣਾ ਘੋਲ ਘੁਮਾ, ਹਰਿਸੰਗਤ ਭੇਟ ਚੜ੍ਹਾਈਆ । ਅੰਤਮ ਤੋਲਾ ਬਣਿਆ ਬੇਪਰਵਾਹ, ਨਾਮ ਖੰਡਾ ਹੱਥ ਉਠਾਈਆ । ਕਲਾ ਸਮਰਥ ਕੋਈ ਜਾਣੇ ਨਾ, ਅਕਲ ਕਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਥਨੇਸਰ ਦਏ ਵਡਿਆਈਆ । ਥੱਥਾ ਨੰਨਾ ਭੂਮਕਾ ਥਾਨ, ਹਰਿ ਸਾਚੇ ਆਪ ਸੁਹਾਇਆ । ਜੋਤੀ ਜਗੇ ਇਕ ਮਹਾਨ, ਆਪ ਆਪਣਾ ਨੂਰ ਰੁਸ਼ਨਾਇਆ । ਸੇਵਕ ਸੇਵਾ ਗੋਪੀ ਕਾਹਨ, ਨਰ ਨਰਾਇਣ ਸੰਗ ਰਖਾਇਆ । ਦੇਵਣਹਾਰਾ ਦਾਨੀ ਦਾਨ, ਧਰਤ ਮਾਤ ਵੇਖ ਵਖਾਇਆ । ਸਾਚਾ ਭੂਸ਼ਨ ਇਕ ਰੰਗਾਨ, ਏਕਾ ਰੰਗ ਚੜ੍ਹਾਇਆ । ਸ੍ਰਿਸ਼ਟ ਸਬਾਈ ਤੁਟੇ ਮਾਣ, ਤੋੜਣਹਾਰਾ ਬੇਪਰਵਾਹਿਆ । ਮੇਟ ਮਿਟਾਏ ਜੀਵ ਸ਼ੈਤਾਨ, ਸ਼ੰਕਰ ਬਰਨ ਰਹਿਣ ਨਾ ਪਾਇਆ । ਏਕਾ ਅੱਖਰ ਸਾਰੇ ਗਾਣ, ਏਕਾ ਇਸ਼ਟ ਮਨਾਇਆ । ਯੁਧ ਇਸ਼ਟ ਸ੍ਰੀ ਭਗਵਾਨ, ਸ੍ਰਿਸ਼ਟ ਸਬਾਈ ਨਜ਼ਰੀ ਆਇਆ । ਤਿਲਕ ਲਲਾਟੀ ਖੇਲ ਮਹਾਨ, ਹਰਿਸੰਗਤ ਹਰਿਸੰਗਤ ਧੂੜੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਵੇਖ ਵਖਾਇਆ । ਕਲਜੁਗ ਅੰਤਮ ਚੁਕਣਾ ਲਹਿਣਾ, ਥਿਰ ਦਰਬਾਰ ਵੱਡੀ ਵਡਿਆਈਆ । ਨਿਰਗੁਣ ਵੇਖੇ ਆਪਣੇ ਨੈਣਾਂ, ਜਗਤ ਨੇਤਰ ਬੰਦ ਕਰਾਈਆ । ਸੱਸਾ : ਸਤਿਗੁਰ ਏਕਾ ਰਹਿਣਾ, ਨਾ ਦੂਸਰ

ਕੋਈ ਸੀਸ ਝੁਕਾਈਆ । ਰਾਰਾ : ਰਾਜ ਜੋਗ ਇਕ ਧਾਮ ਬਹਿਣਾ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਬਨੇਸਰ ਖੇਲ ਖਿਲਾਈਆ । ਬਨੇਸਰ ਤੇਰਾ ਸਾਚਾ ਰੂਪ, ਗੁਰਮੁਖ ਵੇਖ ਵਖਾਨਿਆ । ਦਿਸ ਨਾ ਆਏ ਚਾਰੇ ਕੂਟ, ਧਰਨੀ ਧਵਲ ਨਾ ਕੋਈ ਪਛਾਨਿਆ । ਅੰਮ੍ਰਿਤ ਆਤਮ ਪਿਆਏ ਸਾਚਾ ਘੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਸੰਮਤ ਸੰਮਤੀ ਹਰਿ ਪ੍ਰਧਾਨਿਆ । ਸੰਮਤ ਪੰਦਰਾਂ ਪੰਦਰਾਂ ਧਾਰ, ਜਗਤ ਪੰਧ ਮੁਕਾਇਆ । ਗੋਬਿੰਦ ਮੇਲਾ ਵਿਚ ਸੰਸਾਰ, ਗੁਰ ਨਾਨਕ ਵੇਖ ਵਖਾਇਆ । ਵੇਦ ਵਿਆਸਾ ਢਹਿ ਪਿਆ ਦਵਾਰ, ਮਸਤਕ ਟਿੱਕਾ ਧੂੜ ਲਗਾਇਆ । ਵੇਦ ਕਤੇਬ ਰਹੇ ਪੁਕਾਰ, ਖਾਣੀ ਬਾਣੀ ਦਏ ਸਲਾਹਿਆ । ਹਰਿ ਕਾ ਰੂਪ ਅਗੰਮ ਅਪਾਰ, ਨੇਤਰ ਨੈਣ ਦਿਸ ਨਾ ਆਇਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਖੇਲ ਖਲਾਇਆ । ਜੁਗ ਜੁਗ ਖੇਲੇ ਖੇਲ ਅਪਾਰ, ਆਪ ਆਪਣਾ ਵੇਖ ਵਖਾਇਆ । ਕਲਜੁਗ ਅੰਤਮ ਹੋ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਇਆ । ਸ਼ਬਦ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਉਠਾਇਆ । ਪੁਰੀਆਂ ਲੋਆਂ ਮਾਰੇ ਮਾਰ, ਨੌਂ ਸਤ ਰਹਿਣ ਨਾ ਪਾਇਆ । ਲੱਖ ਚੁਰਾਸੀ ਹਾਹਾਕਾਰ, ਜੀਵ ਜੰਤ ਨਾ ਕੋਈ ਸਹਾਇਆ । ਗੁਰਮੁਖ ਸਾਚੇ ਲਏ ਉਭਾਰ, ਜਿਸ ਜਨ ਆਪਣੀ ਦਇਆ ਕਮਾਇਆ । ਪਤਿਤ ਪਾਪੀ ਦੇਵੇ ਤਾਰ, ਜੋ ਜਨ ਸਰਨਾਈ ਆਇਆ । ਅੰਧੇਰੀ ਰਾਤੀ ਮਿਟੇ ਅੰਧ ਅੰਧਿਆਰ, ਦੀਪਕ ਜੋਤੀ ਇਕ ਜਗਾਇਆ । ਕਮਲਾਪਾਤੀ ਮੀਤ ਮੁਰਾਰ, ਅੰਤਮ ਸਾਚਾ ਰਾਹ ਤਕਾਇਆ । ਕਲਜੁਗ ਅੰਤਮ ਲਹਿਣਾ ਦੇਣਾ ਚੁਕਾਏ ਬਾਕੀ ਵਿਚ ਸੰਸਾਰ, ਆਪ ਆਪਣਾ ਰੂਪ ਵਟਾਇਆ । ਜਗਤ ਬਨੇਸਰ ਮਾਰੇ ਝਾਕੀ, ਨਿਰਗੁਣ ਨਿਰਗੁਣ ਨਿਰਾਕਾਰ ਹਰਿਸੰਗਤ ਮੇਲ ਮਿਲਾਇਆ । ਆਪਣੀ ਕਰੇ ਆਪ ਚਲਾਕੀ, ਨਾ ਕੋਈ ਜਾਣੇ ਬੰਦਾ ਖ਼ਾਕੀ, ਸ਼ਬਦ ਰਾਕੀ ਇਕ ਦੌੜਾਇਆ । ਪ੍ਰੇਮ ਪਿਆਲਾ ਪਿਆਏ ਬਣ ਬਣ ਸਾਕੀ, ਨਾਮ ਕਟੋਰਾ ਇਕ ਭਰਾਇਆ । ਆਪਣੀ ਖੋਲ੍ਹੇ ਆਪੇ ਤਾਕੀ, ਵੇਖਣਹਾਰਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬਨੇਸਰ ਤੇਰੀ ਮਾਟੀ ਖ਼ਾਕੀ, ਖ਼ਾਕੀ ਖ਼ਾਕ ਦਏ ਮਿਲਾਇਆ । ਸ੍ਰਿਸ਼ਟ ਸਬਾਈ ਖ਼ਾਕੀ ਖ਼ਾਕ, ਹਰਿ ਮਸਤਕ ਤਿਲਕ ਲਿਲਾਟਿਆ । ਨਾ ਕੋਈ ਦਿਸੇ ਪਾਕੀ ਪਾਕ, ਚਾਰ ਵਰਨਾਂ ਆਇਆ ਘਾਟਿਆ । ਵੇਲੇ ਅੰਤ ਨਾ ਸਕੇ ਕੋਈ ਰਾਖ, ਨਾ ਕੋਈ ਸਹਾਈ ਤੀਰਥ ਤਾਟਿਆ । ਲਾੜੀ ਮੌਤ ਰਹੀ ਝਾਕ, ਲਾੜੀ ਮੌਤ ਦੱਸੇ ਨੇੜੇ ਵਾਟਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੁੜਾ ਏਕਾ ਵਰ, ਆਪ ਉਪਾਏ ਆਪ ਸੁਣਾਏ ਆਪੇ ਹੋਏ ਖੇਵਟ ਖੇਟਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਮਾਤ ਨਾ ਕੋਈ ਪਿਤ ਨਾ ਕੋਈ ਭੈਣ ਨਾ ਕੋਈ ਸਾਕ, ਨਾ ਕੋਈ ਸੱਜਣ ਸੈਣ ਹਰਿਸੰਗਤ ਪ੍ਰੇਮ ਦੋਸ਼ਾਲੇ ਲਏ ਆਪ ਲਪੇਟਿਆ ।

### * ੧੯ ਮੱਘਰ ੨੦੧੫ ਬਿਕ੍ਰਮੀ ਓਮ ਪ੍ਰਕਾਸ਼ ਬ੍ਰਹਿਮਣ ਘਰ ਸੰਗਤ ਸਮੇਤ ਨਾਭਾ ਸ਼ਹਿਰ *

ਪਾਰਬ੍ਰਹਮ ਪੁਰਖ ਅਬਿਨਾਸ਼, ਏਕਾ ਰੂਪ ਸਮਾਇਆ । ਆਦਿ ਜੁਗਾਦੀ ਪਾਵੇ ਰਾਸ, ਆਪ ਆਪਣਾ ਖੇਲ ਖਿਲਾਇਆ । ਆਪ ਆਪਣੇ ਘਰ ਰੱਖੇ ਵਾਸ, ਦਰ ਦਵਾਰਾ ਇਕ ਸੁਹਾਇਆ । ਆਪ ਆਪਣੀ ਪੂਰੀ ਕਰੇ ਆਸ, ਆਪ ਆਪਣਾ ਮੇਲ ਮਿਲਾਇਆ । ਆਪ ਆਪਣਾ ਦੇਵੇ

ਹਰਿ ਧਰਵਾਸ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇਆ । ਅਕਲ ਕਲਾ ਕਲਧਾਰੀ, ਹਰਿ ਭਗਵਾਨ ਏਕਾ ਏਕੰਕਾਰਿਆ । ਏਕਾ ਜੋਤੀ ਨੂਰ ਮਹਾਨ, ਨੂਰੋ ਨੂਰ ਉਜਿਆਰਿਆ । ਆਪਣੀ ਕਰੇ ਆਪ ਪਛਾਣ, ਆਪ ਆਪਣਾ ਵੇਖ ਵਖਾ ਰਿਹਾ । ਆਪਣਾ ਮੰਗੇ ਆਪੇ ਦਾਨ, ਆਪਣੀ ਝੋਲੀ ਅੱਗੇ ਡਾਹ ਰਿਹਾ । ਆਪ ਆਪਣਾ ਹੋਏ ਜਾਣੀ ਜਾਣ, ਆਪ ਆਪਣਾ ਮੂਲ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਨਿਆ । ਵੇਖਣਹਾਰਾ ਹਰਿ ਭਗਵਾਨਾ, ਏਕਾ ਰੂਪ ਸਮਾਈਆ । ਆਪ ਆਪਣਾ ਖੇਲ ਖਿਲਾਣਾ, ਖੇਲਣਹਾਰ ਆਪ ਹੋ ਜਾਈਆ । ਏਕਾ ਆਪਣਾ ਵੇਸ ਵਟਾਣਾ, ਆਪਣੇ ਹੱਥ ਰੱਖੇ ਵਡਿਆਈਆ । ਆਪ ਆਪਣਾ ਜਾਣੇ ਭਾਣਾ, ਆਪਣੇ ਭਾਣੇ ਆਪ ਸਮਾਈਆ । ਆਪ ਆਪਣੀ ਪਾਏ ਆਨਾ, ਆਪ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਡ ਵਡਿਆਈਆ ਆਦਿ ਨਿਰੰਜਣ ਹਰਿ ਭਗਵੰਤਾ, ਏਕਾ ਰੂਪ ਸਮਾਇਆ । ਆਪੇ ਹੋਏ ਆਦਿਨ ਅੰਤਾ, ਦੂਸਰ ਸੰਗ ਨਾ ਕੋਇ ਰਖਾਇਆ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇਆ । ਆਪੇ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਰੂਪ ਦਰਸਾਇਆ । ਪਾਰਬ੍ਰਹਮ ਨਿਰਗੁਣ ਧਾਰ, ਏਕਾ ਏਕ ਉਪਾਈਆ । ਅਲੱਖ ਅਗੋਚਰ ਅਗੰਮ ਅਪਾਰ, ਲੇਖਾ ਲਿਖਤ ਵਿਚ ਨਾ ਆਈਆ । ਮਰੇ ਨਾ ਜੰਮੇ ਕੋਈ ਵਿਹਾਰ, ਮਾਤ ਗਰਭ ਨਾ ਕੋਇ ਟਿਕਾਈਆ । ਛੱਪਰ ਛੰਨ ਨਾ ਕੋਈ ਉਸਾਰ, ਮਹੱਲ ਅਟੱਲ ਨਾ ਕੋਈ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪ ਆਪਣਾ ਨਾਉਂ ਧਰਾਈਆ । ਆਦਿ ਪੁਰਖ ਅਬਿਨਾਸ਼ੀ ਹਰਿ ਕਰਤਾਰਾ, ਏਕਾ ਰੂਪ ਸਮਾਇੰਦਾ । ਆਪੇ ਜਾਣੇ ਆਪਣੀ ਕਾਰਾ, ਕਰਨੀ ਕਰਤਾ ਆਪ ਕਮਾਇੰਦਾ । ਆਪ ਆਪਣਾ ਕਰ ਪਿਆਰਾ, ਆਪੇ ਵੇਖ ਵਖਾਇੰਦਾ । ਆਪ ਆਪਣਾ ਵੇਖ ਪਸਾਰਾ, ਆਪ ਆਪਣੀ ਧਾਰ ਬੰਧਾਇੰਦਾ । ਆਪ ਆਪਣਾ ਕਰ ਉਜਿਆਰਾ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਵੇਖ ਵਖਾਇੰਦਾ । ਆਦਿ ਸ਼ਕਤ ਆਦਿ ਭਵਾਨੀ, ਹਰਿ ਹਰਿ ਰੂਪ ਅਖਵਾਇਆ । ਏਕਾ ਜੋਤੀ ਨੂਰ ਨੁਰਾਨੀ, ਨੂਰੋ ਨੂਰ ਸਮਾਇਆ । ਆਪ ਆਪਣਾ ਜਾਣ ਜਾਣੀ, ਜਾਨਣਹਾਰ ਆਪ ਹੋ ਜਾਇਆ । ਆਪ ਆਪਣਾ ਬਣਿਆ ਬਾਨੀ, ਆਪ ਆਪਣਾ ਲਏ ਉਪਾਇਆ । ਆਪ ਆਪਣਾ ਹੋਇਆ ਹਾਣੀ, ਆਪ ਆਪਣਾ ਅੰਗ ਲਗਾਇਆ । ਆਪ ਆਪਣੀ ਚੜ੍ਹਿਆ ਜਵਾਨੀ, ਜੋਬਨ ਆਪਣਾ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਜੁਗਤੀ ਆਪਣੇ ਹੱਥ ਰਖਾਇਆ । ਜੋਗ ਜੁਗਤ ਹਰਿ ਕਰਤਾਰ, ਆਪਣੇ ਹੱਥ ਰੱਖੇ ਵਡਿਆਈਆ । ਆਪ ਆਪਣਾ ਲਏ ਅਵਤਾਰ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਬੇਪਰਵਾਹ ਬੇਐਬ ਪਰਵਰਦਿਗਾਰ, ਆਪ ਆਪਣਾ ਨਾਉਂ ਧਰਾਈਆ । ਆਪ ਆਪਣਾ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੇ ਅੰਗ ਲਗਾਈਆ । ਆਪ ਆਪਣਾ ਵੇਖ ਘਰ ਬਾਰ, ਆਪ ਆਪਣਾ ਦਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਜਣਾਈਆ । ਸਾਚਾ ਘਰ ਹਰਿ ਨਿਰੰਕਾਰ, ਏਕਾ ਏਕ ਉਪਾਇਆ । ਉਚ ਮਹੱਲ ਅਟੱਲ ਮਿਨਾਰ, ਚਾਰ ਦਿਵਾਰ

ਨਾ ਕੋਇ ਰਖਾਇਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਸੁਹਾਇਆ । ਸਚ ਦਵਾਰ ਸਚ ਦਰਵਾਜਾ, ਹਰਿ ਹਰਿ ਆਪ ਉਪਾਇੰਦਾ । ਆਪੇ ਵਸੇ ਗ਼ਰੀਬ ਨਿਵਾਜ਼ਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਆਪ ਆਪਣੀ ਰੱਖੇ ਲਾਜਾ, ਆਪ ਆਪਣਾ ਪਰਦਾ ਆਪੇ ਪਾਇੰਦਾ । ਆਪ ਆਪਣਾ ਬਣਿਆ ਰਾਜਾ, ਸ਼ਾਹੋ ਭੂਪ ਆਪ ਹੋ ਜਾਇੰਦਾ । ਆਪ ਆਪਣਾ ਰਚਿਆ ਕਾਜਾ, ਆਪੇ ਸਗਨ ਮਨਾਇੰਦਾ । ਆਪ ਆਪਣੀ ਮਾਰੇ ਵਾਜਾ, ਸੁਣਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਸਚ ਦਵਾਰ ਹਰਿ ਨਿਰੰਕਾਰ, ਥਿਰ ਘਰ ਆਪ ਉਪਾਇਆ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਜੋਤੀ ਨੂਰ ਕਰ ਉਜਿਆਰ, ਨਿਰਗੁਣ ਰਿਹਾ ਸੁਹਾਇਆ । ਨਿਰਾਕਾਰ ਨਾ ਕੋਈ ਪਾਵੇ ਸਾਰ, ਨਿਰਧਨ ਆਪ ਹੋ ਜਾਇਆ । ਬਣਿਆ ਸੱਜਣ ਮੀਤ ਮੁਰਾਰ, ਆਪ ਆਪਣਾ ਨਾਉਂ ਧਰਾਇਆ । ਨਿਰੰਕਾਰ ਖੇਲ ਅਪਾਰ, ਅਗੰਮ ਅਗੰਮੜਾ ਧਾਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਵਖਾਇਆ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਹਰਿ ਜੋਤ ਜਗਾਈਆ । ਬੈਠਾ ਰਹੇ ਇਕ ਇਕੱਲਾ, ਦਿਸ ਕਿਸੇ ਨਾ ਆਈਆ । ਆਪ ਆਪਣਾ ਮੇਟੇ ਸੱਲਾ, ਦੂਈ ਦਵੈਤੀ ਰਹੇ ਨਾ ਰਾਈਆ । ਆਪਣੀ ਗੋਦੀ ਆਪੇ ਪਲਾ, ਆਪ ਆਪਣਾ ਰਿਹਾ ਖਿਲਾਈਆ । ਆਪਣੀ ਜੋਤੀ ਆਪੇ ਬਲਾ, ਤੇਲ ਬਾਤੀ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰੋ ਨੂਰ ਦਰਸਾਈਆ । ਨਿਰਗੁਣ ਨੂਰ ਹਰਿ ਭਗਵਾਨਾ, ਏਕਾ ਏਕੰਕਾਰਿਆ । ਥਿਰ ਘਰ ਬੈਠ ਖੇਲੇ ਖੇਲ ਸ਼ਾਹੋ ਭੂਪ ਸੁਲਤਾਨਾ, ਆਪ ਆਪਣਾ ਵੇਸ ਵਟਾ ਰਿਹਾ । ਜੋਧਾ ਸੂਰਬੀਰ ਬਲੀ ਬਲਵਾਨਾ, ਆਪ ਆਪਣਾ ਬਲ ਰਖਾ ਲਿਆ । ਚਤੁਰਭੁਜ ਖੇਲ ਮਹਾਨਾ, ਆਪ ਆਪਣੀ ਕਲ ਵਰਤਾ ਰਿਹਾ । ਰੂਪ ਅਨੂਪ ਸ਼ਾਹੋ ਭੂਪ ਲਿਖਿਆ ਲੇਖ ਨਾ ਕੋਈ ਮਿਟਾਨਾ, ਭੇਵ ਅਭੇਦ ਅਭੇਵ ਛੁਪਾ ਰਿਹਾ । ਆਪਣੀ ਹੱਥੀਂ ਆਪੇ ਬੰਨ੍ਹਾ ਗਾਨਾ, ਆਪ ਆਪਣਾ ਬੰਕ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਬੰਕ ਸੁਹਾ ਲਿਆ । ਸ਼ਬਦ ਦਵਾਰ ਹਰਿ ਨਿਰੰਕਾਰ, ਏਕਾ ਏਕ ਜਣਾਇਆ । ਜੋਤੀ ਜੋਤ ਕਰ ਉਜਿਆਰ, ਨੂਰੋ ਨੂਰ ਟਿਕਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਦਿਸ ਕਿਸੇ ਨਾ ਆਇਆ । ਅਲੱਖ ਨਿਰੰਜਣ ਹੋ ਉਜਿਆਰ, ਆਦਿ ਨਿਰੰਜਣ ਮੇਲ ਮਿਲਾਇਆ । ਦਰਦ ਦੁੱਖ ਭੈ ਭੰਜਨ ਸਾਂਝਾ ਯਾਰ, ਆਪਣੀ ਬਣਤ ਬਣਾਇਆ । ਬੂੰਦ ਰਕਤ ਨਾ ਕੋਈ ਉਧਾਰ, ਪੰਜ ਤਤ ਨਾ ਕੋਈ ਰਖਾਇਆ । ਤ੍ਰੈਗੁਣ ਨਾ ਕੋਈ ਪਿਆਰ, ਬ੍ਰਹਮਾ ਬ੍ਰਹਮ ਵਿਸ਼ਨ ਦਿਸ ਨਾ ਆਇਆ । ਸ਼ੰਕਰ ਹੋਏ ਨਾ ਕੋਈ ਜੈਕਾਰ, ਹੱਥ ਤ੍ਰਿਸੂਲ ਨਾ ਕੋਈ ਉਠਾਇਆ । ਕਰੋੜ ਤੇਤੀਸ ਨਾ ਬੰਨ੍ਹੇ ਧਾਰ, ਸੁਰਪਤ ਰਾਜਾ ਇੰਦ ਨਾ ਸੀਸ ਝੁਕਾਇਆ । ਇਕ ਇਕੱਲਾ ਏਕੰਕਾਰ, ਥਿਰ ਘਰ ਬੈਠਾ ਆਸਣ ਲਾਇਆ । ਆਪਣੀ ਸੇਜਾ ਕਰ ਪਿਆਰ, ਆਪ ਆਪਣਾ ਵਿਚ ਟਿਕਾਇਆ । ਸਾਚਾ ਸੁਤ ਉਪਾਇਆ ਹਰਿ, ਸ਼ਬਦੀ ਸ਼ਬਦ ਨਾਉਂ ਧਰਾਇਆ । ਆਦਿ ਸ਼ਕਤੀ ਕਰ ਪਿਆਰ, ਏਕਾ ਮਾਤ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕੰਕਾਰ, ਓਅੰਕਾਰਾ ਵੇਸ ਵਟਾਇਆ । ਸ਼ਬਦ ਸੁਤ ਸਚ ਦੁਲਾਰ, ਜੋਤੀ ਜੋਤ ਉਪਜਾਈਆ । ਵਰਨ ਗੋਤ ਨਾ ਕੋਈ ਵਿਚਾਰ, ਏਕਾ ਰੰਗ ਰੰਗਾਈਆ । ਕਿਲਾ ਕੋਟ ਨਾ ਕੋਈ ਕਿਨਾਰ, ਛੱਪਰ ਛੰਨ

ਨਾ ਕੋਈ ਸੁਹਾਈਆ । ਨਾ ਕੋਈ ਦਿਸੇ ਚਾਰ ਦੀਵਾਰ, ਨਾ ਕੋਈ ਬਣਤ ਬਣਾਈਆ । ਆਪ ਆਪਣਾ ਦਏ ਪਿਆਰ, ਆਪ ਆਪਣੇ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦ ਵਡਿਆਈਆ । ਸ਼ਬਦ ਸੁਤ ਹਰਿ ਬਲਵਾਨ, ਏਕਾ ਏਕ ਉਪਾਇਆ । ਆਪਣਾ ਵੇਖੇ ਮਾਰ ਧਿਆਨ, ਨਿਰਗੁਣ ਵੇਸ ਵਟਾਇਆ । ਦਰ ਦਵਾਰ ਹੋਏ ਦਰਬਾਨ, ਏਕਾ ਅਲਖ ਜਗਾਇਆ । ਅਲਖ ਨਿਰੰਜਣ ਹੋ ਮਿਹਰਬਾਨ, ਏਕਾ ਰਾਹ ਬਤਾਇਆ । ਲੋਆਂ ਪੁਰੀਆਂ ਮੇਲ ਮਿਲਾਣ, ਆਪ ਆਪਣਾ ਬੰਧਨ ਪਾਇਆ । ਬ੍ਰਹਿਮੰਡ ਖੰਡ ਕਰ ਪ੍ਰਧਾਨ, ਆਪ ਆਪਣਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ, ਨਾਰੀ ਕੰਤ ਆਪ ਹੋ ਜਾਇਆ । ਨਾਰੀ ਕੰਤ ਹਰਿ ਭਤਾਰ, ਆਪਣੇ ਅੰਕ ਸਮਾਈਆ । ਏਕਾ ਅੰਤਰ ਮੰਤਰ ਇਕ ਪਿਆਰ, ਏਕਾ ਬੂਝ ਬੁਝਾਈਆ । ਪੂਰਨ ਜੋਤ ਸ੍ਰੀ ਭਗਵੰਤ ਏਕੰਕਾਰ, ਭਗਵਨ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਸਾਚਾ ਵਰ, ਬ੍ਰਹਿਮੰਡ ਕਰੇ ਕੁੜਮਾਈਆ । ਬ੍ਰਹਿਮੰਡ ਖੰਡ ਹਰਿ ਬਣਤ ਬਣਾ, ਸ਼ਬਦੀ ਸ਼ਬਦ ਸਮਾਇਆ । ਆਪ ਆਪਣਾ ਕਵਲ ਖਿਲਾ, ਵਿਸ਼ਨੂੰ ਰੂਪ ਆਪ ਹੋ ਜਾਇਆ । ਅੰਮ੍ਰਿਤ ਨਾਭੀ ਮੁਖ ਚੁਆ, ਆਪਣੀ ਧਾਰ ਬੰਧਾਇਆ । ਦੋ ਦੋ ਆਬੀ ਵੇਖ ਵਖਾ, ਆਪਣਾ ਰੰਗ ਰੰਗਾਇਆ । ਅਕਾਲ ਪੁਰਖ ਹਰਿ ਬੇਪਰਵਾਹ, ਬੇਅੰਤ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਕਟਾਇਆ । ਆਪਣਾ ਅੰਗ ਆਪੇ ਕੱਟ, ਆਪਣੇ ਹੱਥ ਰੱਖੇ ਵਡਿਆਈਆ । ਆਪ ਆਪਣਾ ਮੇਲਿਆ ਫੱਟ, ਆਪ ਆਪਣਾ ਮੇਟ ਮਿਟਾਈਆ । ਆਪ ਆਪਣਾ ਪਾਏ ਭੱਠ, ਹੱਟ ਹਟਵਾਨਾ ਆਪ ਹੋ ਜਾਈਆ । ਆਪੇ ਲਪੇਟਿਆ ਆਪਣੇ ਪੱਟ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਹੋ ਜਾਈਆ । ਬ੍ਰਹਮ ਰੂਪ ਹਰਿ ਭਗਵਾਨ, ਪਾਰਬ੍ਰਹਮ ਅਖਵਾਇਆ । ਆਪ ਆਪਣੀ ਨਾਭੀ ਆਪੇ ਜੰਮ, ਕਵਲ ਕਵਲਾ ਵਿਚ ਸਮਾਇਆ । ਏਕਾ ਬ੍ਰਹਮ ਜਾਣੇ ਕੰਮ, ਤ੍ਰੈਗੁਣ ਵੇਸ ਵਟਾਇਆ । ਤ੍ਰੈਗੁਣ ਤੇਰਾ ਸਾਚਾ ਦਮ, ਕਰਤਾ ਕੀਮਤ ਦਏ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਬ੍ਰਹਮ ਰੂਪ ਪਾਰਬ੍ਰਹਮ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਜਾਣੇ ਕੰਮ, ਏਕਾ ਏਕ ਦਰਸਾਈਆ । ਏਕਾ ਸ਼ਬਦ ਤ੍ਰਿਸ਼ਨਾ ਤਮ, ਏਕਾ ਭੁੱਖ ਜਣਾਈਆ । ਏਕਾ ਘਰ ਗਿਆ ਜੰਮ, ਮਾਤ ਪਿਤ ਨਾ ਕੋਈ ਭੈਣ ਭਾਈਆ । ਸ੍ਰਿਸ਼ਟ ਸਬਾਈ ਬੇੜਾ ਆਪੇ ਬੰਨ੍ਹ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੰਗ ਰਲਾਈਆ । ਮਨ ਮਤ ਬੁੱਧ ਦੇਵੇ ਧਨ, ਨਿਰਗੁਣ ਜੋਤ ਟਿਕਾਈਆ । ਜੋਤ ਨਿਰੰਜਣ ਚਾੜ੍ਹੇ ਚੰਨ, ਕਰੇ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਆਪੇ ਵੇਖ ਵਖਾਈਆ । ਪੰਜ ਤਤ ਕਰ ਅਕਾਰ, ਹਰਿ ਸਾਚੀ ਬਣਤ ਬਣਾਇੰਦਾ । ਆਪੇ ਖੋਲ੍ਹ ਨੌਂ ਦਵਾਰ, ਆਪੇ ਭੇਖ ਵਖਾਇੰਦਾ । ਥਿਰ ਘਰ ਬੈਠ ਆਪ ਸਰਕਾਰ, ਮਹੱਲ ਅਟੱਲ ਸੁਹਾਇੰਦਾ । ਬਜ਼ਰ ਕਪਾਟੀ ਜਿੰਦਾ ਮਾਰ, ਆਪੇ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰੰਜਣ ਅਬਿਨਾਸ਼ੀ ਕਰਤਾ, ਆਪ ਆਪਣੀ ਰਚਨ ਰਚਾਇੰਦਾ । ਅਬਿਨਾਸ਼ੀ ਪ੍ਰਭ ਹਰਿ ਅਵਤਾਰਾ, ਅਕਲ ਕਲ ਅਖਵਾਈਆ । ਲੱਖ ਚੁਰਾਸੀ ਕਰ ਪਸਾਰਾ, ਆਪ ਆਪਣਾ ਵਿਚ ਟਿਕਾਈਆ । ਆਪੇ ਬਣਿਆ ਮੀਤ ਮੁਰਾਰਾ, ਏਕਾ ਬ੍ਰਹਮ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਅਲੱਖ ਨਿਰੰਜਣ ਆਪਣੀ ਅਲਖ, ਥਿਰ ਘਰ ਸਾਚੇ ਆਪ ਜਗਾਈਆ । ਅਲੱਖ ਨਿਰੰਜਣ ਆਪ ਅਲਖ, ਹਰ ਘਟ ਆਪ
ਜਗਾਇੰਦਾ । ਦਸਮ ਦੁਆਰੀ ਹੋ ਪ੍ਰਤਖ, ਆਪ ਆਪਣਾ ਆਸਣ ਲਾਇੰਦਾ । ਸ੍ਰਿਸ਼ਟ ਸਬਾਈ ਵਿਚੋਂ ਹੋਇਆ ਵਖ, ਆਪਣਾ ਆਪ ਮੁਖ ਛੁਪਾਇੰਦਾ ।
ਸੰਤ ਸੁਹੇਲੇ ਜੁਗ ਜੁਗ ਲਏ ਰਖ, ਦੂਈ ਦਵੈਤੀ ਪਰਦਾ ਲਾਹਿੰਦਾ । ਆਪੇ ਜਾਣੇ ਕਿਸ਼ਨਾ ਸੁਖਲਾ ਪਖ, ਜਗਤ ਅੰਧੇਰ ਮੇਟ ਮਿਟਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਇੰਦਾ । ਆਪਣੀ ਵੰਡ ਆਪੇ ਵੰਡ, ਹਰਿ ਸਾਚੇ ਖੇਲ ਖਿਲਾਇਆ । ਖੇਲੇ
ਖੇਲ ਵਿਚ ਬ੍ਰਹਿਮੰਡ, ਭੇਵ ਕਿਸੇ ਨਾ ਪਾਇਆ । ਆਪੇ ਹੋਏ ਨਾਰ ਦੁਹਾਗਨ ਰੰਡ, ਕੰਤ ਸੁਹਾਗੀ ਆਪ ਹੋ ਜਾਇਆ । ਆਪੇ ਖੇਲੇ ਖੇਲ ਭੇਖ
ਪਖੰਡ, ਬ੍ਰਹਮ ਰੂਪ ਆਪ ਹੋ ਜਾਇਆ । ਆਪੇ ਦੇਵਣਹਾਰਾ ਦੰਡ, ਆਪੇ ਬੰਧਨ ਆਪਣਾ ਪਾਇਆ । ਆਪੇ ਵਸਿਆ ਜੇਰਜ ਅੰਡ, ਉਤਭੁਜ ਸੇਤਜ
ਆਪ ਸਮਾਇਆ । ਆਪੇ ਕਰਨਹਾਰਾ ਖੰਡ ਖੰਡ, ਆਪ ਆਪਣੀ ਕਿਰਤ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ
ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਨਾਦ ਇਕ ਧੁਨ ਵਜਾਇਆ । ਸ਼ਬਦ ਧੁਨ ਹਰਿ ਅਨਾਦਿ, ਏਕਾ ਏਕ ਵਜਾਇੰਦਾ । ਆਪ ਸੁਣਾਏ ਬ੍ਰਹਮ ਬ੍ਰਹਿਮਾਦ,
ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਪਕੜ ਉਠਾਏ ਸੰਤ ਸਾਧ, ਆਪ ਆਪਣਾ ਲੇਖ ਲਿਖਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਏਕਾ ਨਾਅਰਾ
ਗਿਆਨ ਦ੍ਰਿੜਾਇੰਦਾ । ਸੋ ਪੁਰਖ ਨਿਰੰਜਣ ਦੇਵਣਹਾਰਾ ਸਾਚੀ ਦਾਦ, ਏਕਾ ਵਸਤੂ ਝੋਲੀ ਪਾਇੰਦਾ । ਰੂਪ ਅਨੂਪਾ ਮਾਧਵ ਮਾਧ, ਮੁਕੰਦ ਮਨੋਹਰ
ਲਖ਼ਮੀ ਨਰਾਇਣ ਆਪ ਅਖਵਾਇੰਦਾ । ਜੀਵ ਜੰਤਾਂ ਸੁਣ ਫਰਿਯਾਦ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਜੁਗ ਕਰਤਾ ਨਾਉਂ ਧਰਾਇੰਦਾ । ਬ੍ਰਹਮਾ ਵੇਤਾ ਕਰ ਪਿਆਰ, ਹਰਿ ਸਾਚੀ ਸੇਵ ਕਮਾਈਆ । ਸ਼ਬਦ ਅਨਾਦੀ ਸੱਚੀ ਧੁਨਕਾਰ, ਏਕਾ
ਬ੍ਰਹਮ ਜਣਾਈਆ । ਏਕਾ ਅੱਖਰ ਕਰ ਤਿਆਰ, ਏਕਾ ਰਿਹਾ ਸੁਣਾਈਆ । ਏਕਾ ਵਿਦਿਆ ਇਕ ਵਿਚਾਰ, ਏਕਾ ਕਰੇ ਪੜ੍ਹਾਈਆ । ਏਕਾ
ਲੇਖ ਲਿਖਿਆ ਧੁਰ ਦਰਬਾਰ, ਨਾ ਕੋਈ ਮੇਟ ਮਿਟਾਈਆ । ਸਾਚੀ ਸਿਖਿਆ ਵਿਚ ਸੰਸਾਰ, ਆਪੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ, ਜੁਗ ਰੀਤੀ ਆਪ ਚਲਾਈਆ । ਜੁਗ ਰੀਤੀ ਹਰਿ ਕਰਤਾਰ, ਆਪਣੀ ਆਪ ਚਲਾਇੰਦਾ । ਬ੍ਰਹਮਾ ਵੇਤਾ ਵਿਚ ਸੰਸਾਰ,
ਨਾਭੀ ਕਵਲ ਸੁਹਾਇੰਦਾ । ਚਾਰੋਂ ਕੁੰਟ ਕਰੇ ਪਿਆਰ, ਚਾਰੇ ਮੁਖ ਖੁਲ੍ਹਾਇੰਦਾ । ਸਚ ਮਹੱਲਾ ਨੈਣ ਅਧਾਰ, ਏਕਾ ਤੇਜ ਵਖਾਇੰਦਾ । ਆਪਣੀ
ਕਰਨੀ ਕਰਤਾ ਕਰੇ ਅਪਾਰ, ਆਪਣਾ ਕਰਮ ਕਮਾਇੰਦਾ । ਸ਼ਬਦ ਸ਼ਬਦੀ ਵੰਡ ਵੰਡਾ , ਏਕਾ ਏਕ ਦਰਸਾਇੰਦਾ । ਕਰੇ ਪ੍ਰਕਾਸ਼ ਸਾਚੀ
ਨਾੜ, ਪ੍ਰਕਾਸ਼ ਪ੍ਰਕਾਸ਼ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬ੍ਰਹਮ ਜਣਾਇੰਦਾ । ਏਕਾ ਬ੍ਰਹਮ ਏਕਾ ਤੱਤ,
ਏਕਾ ਧਰਮ ਦਰਸਾਇਆ । ਏਕਾ ਚਰਨ ਕਵਲ ਏਕਾ ਨੱਤ, ਏਕਾ ਬੰਧਨ ਪਾਇਆ । ਏਕਾ ਸੰਤੋਖ ਏਕਾ ਸਤਿ, ਏਕਾ ਧੀਰਜ ਧੀਰ ਧਰਾਇਆ ।
ਏਕਾ ਰਕਤ ਬੂੰਦ ਏਕਾ ਤੱਤ, ਏਕਾ ਬੀਜ ਬਿਜਾਇਆ । ਆਪੇ ਦੇਵਣਹਾਰਾ ਸਾਚੀ ਵੱਥ, ਏਕਾ ਸ਼ਬਦ ਉਪਾਇਆ । ਇਕ ਚੜ੍ਹਾਏ ਸਾਚੇ ਰਥ,
ਲੋਆਂ ਪੁਰੀਆਂ ਇਕ ਫਿਰਾਇਆ । ਏਕਾ ਪਾਏ ਆਪਣੀ ਨੱਥ, ਬ੍ਰਹਮ ਪਾਰਬ੍ਰਹਮ ਬੰਧਾਇਆ । ਏਕਾ ਮਾਰਗ ਆਪਣਾ ਦੱਸ, ਪਾਰਬ੍ਰਹਮ ਸਰਨਾਇਆ ।
ਏਕਾ ਮੰਤਰ ਗਿਆ ਦੱਸ, ਏਕਾ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਬ੍ਰਹਮਾ

ਮੁਖ ਚਾਰੇ ਖੋਲ੍ਹ, ਰਸਨਾ ਹਰਿ ਗੁਣ ਗਾਇੰਦਾ । ਵੱਖਰ ਅੱਖਰ ਸ਼ਬਦੀ ਬੋਲ, ਹਰਿ ਹਰਿ ਵਿਚ ਟਿਕਾਇੰਦਾ । ਪ੍ਰੇਮ ਕੰਡੇ ਸਾਚੇ ਤੋਲ, ਦੋ ਜਹਾਨਾਂ ਤੋਲ ਤੁਲਾਇੰਦਾ । ਆਦਿ ਅੰਤ ਨਾ ਜਾਏ ਡੋਲ, ਸੋ ਪੁਰਖ ਨਿਰੰਜਣ ਅਡੋਲ ਰਖਾਇੰਦਾ । ਆਪੇ ਵਸੇ ਰੰਗ ਨਵੇਲ, ਸਦਾ ਸੁਹੇਲਾ ਸੰਗ ਨਿਭਾਇੰਦਾ । ਸਾਚੇ ਤੋਲੇ ਆਪੇ ਤੋਲ, ਆਪ ਆਪਣਾ ਮੁਖ ਖੁਲ੍ਹਾਇੰਦਾ । ਅੰਮ੍ਰਿਤ ਦਿਤੀ ਸਾਚੀ ਪੌਲ, ਆਤਮ ਬ੍ਰਹਮ ਸੁਹਾਇੰਦਾ । ਹੌਲੀ ਹੌਲੀ ਰਿਹਾ ਬੋਲ, ਆਪਣਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਿਰਤ ਕਮਾਇੰਦਾ । ਆਪੇ ਬ੍ਰਹਮ ਸ਼ਬਦ ਜਣਾ, ਹਰਿ ਹਰਿ ਭੇਵ ਖੁਲ੍ਹਾਇਆ । ਚਾਰੇ ਵੇਦ ਆਪ ਲਿਖਾ, ਆਪ ਆਪਣਾ ਵਿਚ ਟਿਕਾਇਆ । ਭੇਵ ਅਭੇਦਾ ਭੇਵ ਚੁਕਾ, ਸੋਹੰ ਰੂਪ ਦਰਸਾਇਆ । ਰਸਨਾ ਜਿਹਵਾ ਕੋਈ ਨਾ ਰਿਹਾ ਹਿਲਾ, ਤਾਰ ਸਿਤਾਰ ਇਕ ਵਜਾਇਆ । ਬੋਧ ਅਗਾਧ ਆਪ ਜਣਾ, ਇਕ ਨਾਦ ਆਪ ਵਜਾਇਆ । ਧੁਰ ਦੀ ਦਾਦ ਝੋਲੀ ਪਾ, ਸਚ ਭੰਡਾਰਾ ਆਪ ਭਰਾਇਆ । ਆਦਿ ਜੁਗਾਦਿ ਖੇਲ ਖਿਲਾ, ਜੁਗ ਜੁਗ ਵੇਸ ਵਟਾਇਆ । ਸਤਿਜੁਗ ਸਾਚਾ ਮਾਤ ਧਰਾ, ਸਤਿ ਸਤਿ ਵਰਤਾਇਆ । ਏਕਾ ਗਿਆਨ ਆਪ ਦ੍ਰਿੜ੍ਹਾ, ਏਕਾ ਬੂਝ ਬੁਝਾਇਆ । ਏਕਾ ਧਿਆਨ ਆਪ ਲਗਾ, ਏਕਾ ਜੋਗ ਕਮਾਇਆ । ਏਕਾ ਬਿਬਾਨ ਇਕ ਚੜ੍ਹਾ, ਇਕ ਦਵਾਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਸਤਿਜੁਗ ਤੇਰਾ ਰੂਪ ਅਪਾਰ, ਹਰਿ ਹਰਿ ਖੇਲ ਖਲਾਇੰਦਾ । ਲੋਕਮਾਤ ਨਾਮ ਭੰਡਾਰ, ਪਾਰਬ੍ਰਹਮ ਆਪ ਭਰਾਇੰਦਾ । ਸਾਚੇ ਮੰਦਰ ਖੋਲ੍ਹ ਕਿਵਾੜ, ਆਪੇ ਮੁਖ ਛੁਪਾਇੰਦਾ । ਧਰਤ ਮਾਤ ਵੇਖ ਅਖਾੜ, ਜਲ ਬਿੰਬ ਆਪ ਟਿਕਾਇੰਦਾ । ਗਗਨ ਪਤਾਲਾ ਸਾਚਾ ਲਾੜ, ਏਕਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣਾ ਵੇਸ ਵਟਾਇੰਦਾ । ਧਰਤ ਧਵਲ ਕਰ ਪਸਾਰ, ਹਰਿ ਜੋਤੀ ਜੋਤ ਜਗਾਈਆ । ਲੱਖ ਚੁਰਾਸੀ ਖ਼ਬਰਦਾਰ, ਆਪੇ ਆਸਣ ਲਾਈਆ । ਵਰਨ ਗੋਤੀ ਨਾ ਕਰੇ ਪਿਆਰ, ਆਪ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਆਪਣਾ ਵੇਸ ਹਰਿ ਵਟਾ, ਵਿਸ਼ਨੂੰ ਵੇਸ ਵਟਾਇਆ । ਦਰ ਲਛਮੀ ਆਪ ਬਹਾ, ਲਾਲ ਭੂਸ਼ਨ ਆਪ ਸੁਹਾਇਆ । ਕਵਲ ਨੈਣ ਆਪ ਮਟਕਾ, ਬਾਸ਼ਕ ਸੇਜਾ ਸਾਂਗੋ ਪਾਂਗ ਹੰਢਾਇਆ । ਦਰ ਦਰਬਾਰ ਲਏ ਖੁਲ੍ਹਾ, ਧੁਰ ਦਰਬਾਰੀ ਕਰੇ ਰੁਸ਼ਨਾਇਆ । ਸਾਚੀ ਤੇਰੀ ਸੇਵਾ ਲਾ, ਚਾਰੇ ਸੁਤ ਉਪਜਾਇਆ । ਏਕਾ ਰੂਪ ਆਪ ਦਰਸਾ, ਏਕਾ ਬ੍ਰਹਮ ਟਿਕਾਇਆ । ਦਰ ਦਰਬਾਰੇ ਆਪ ਬੁਲਾ, ਆਪਣਾ ਖੇਲ ਖਿਲਾਇਆ । ਸਤਿਜੁਗ ਤੇਰੀ ਧਾਰ ਪ੍ਰਗਟਾ, ਆਪ ਆਪਣਾ ਰੂਪ ਵਟਾਇਆ । ਸੰਤ ਕੁਮਾਰਾ ਲੇਖੇ ਲਾ, ਲੇਖਾ ਲਿਖਣਹਾਰ ਦਿਸ ਨਾ ਆਇਆ । ਦੋਏ ਧਾਰਾ ਰਿਹਾ ਚਲਾ, ਬਰਾਹ ਰੂਪ ਖੇਲ ਖਿਲਾਇਆ । ਯਗਯ ਪੁਰਸ਼ ਮੇਲ ਮਿਲਾ, ਆਪਣਾ ਬੰਕ ਸੁਹਾਇਆ । ਹਾਵ ਗਰੀਵ ਜੋਤ ਜਗਾ, ਜੋਗ ਜੁਗੀਸ਼ਰ ਨਾਉਂ ਧਰਾਇਆ । ਨਰ ਨਰਾਇਣ ਡੇਰਾ ਲਾ, ਲੋਕਮਾਤ ਫੇਰਾ ਪਾਇਆ । ਕਪਲ ਮੁਨ ਆਪ ਉਪਾ, ਸਾਚਾ ਰੰਗ ਰੰਗਾਇਆ । ਦੱਤਾ ਤ੍ਰੈ ਵੇਖ ਵਖਾ, ਆਪ ਆਪਣਾ ਸੰਗ ਰਖਾਇਆ । ਪ੍ਰਿਥੁ ਤੇਰੀ ਜੋਤ ਜਗਾ, ਆਪਣਾ ਆਪ ਦਰਸਾਇਆ । ਰਿਖਭ ਆਪਣਾ ਲੜ ਫੜਾ, ਏਕਾ ਬ੍ਰਹਮ ਸਮਝਾਇਆ । ਮਤਸ ਤੇਰਾ ਵੇਸ ਵਟਾ, ਜਲਧਾਰਾ ਆਪ ਹੋ ਜਾਇਆ । ਕਛਪ ਤੇਰਾ ਤਨ ਸੁਹਾ, ਮਿੰਦਰਾ ਪਿੱਠ ਉਠਾਇਆ । ਧਨੰਤਰ ਤੇਰੀ ਜੋਤ ਜਗਾ, ਜਗਤ ਵਿਵਾਦ ਆਪ ਸਮਝਾਇਆ । ਮੋਹਣੀ

ਰੂਪ ਆਪ ਵਟਾ, ਬਲ ਬਾਵਨ ਭੇਖ ਵਟਾਇਆ । ਹੰਸਾ ਸਾਚੀ ਚੋਗ ਚੁਗਾ, ਮਾਨਕ ਮੋਤੀ ਵੇਖ ਵਖਾਇਆ । ਨਰ ਨਰਾਇਣ ਫੇਰੀ ਪਾ, ਬਾਲਕ ਧਰੂ ਤਰਾਇਆ । ਹਰਿ ਹਰਿ ਆਪ ਹੋ ਜਾ, ਗਜ ਤੰਦਵ ਦਏ ਕਟਾਇਆ । ਨਰ ਸਿੰਘ ਖੇਲ ਆਪ ਖਿਲਾ, ਭਗਤ ਪ੍ਰਹਿਲਾਦ ਆਪ ਤਰਾਇਆ । ਸਾਚੀ ਸਤਿਆ ਦਏ ਅਖਵਾ, ਆਦਿ ਸ਼ਕਤ ਵੇਸ ਵਟਾਇਆ । ਜੋਤ ਜਵਾਲਾ ਕਰ ਰੁਸ਼ਨਾ, ਸਿੰਘ ਸਿੰਘਾਸਣ ਆਸਣ ਲਾਇਆ । ਨਿਸੁੰਭ ਸੁੰਭ ਦਏ ਮਿਟਾ, ਜਗਤ ਜੋਗ ਇਕ ਸਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਵੇਖੇ ਸਾਚਾ ਘਰ, ਘਰ ਸਾਚੇ ਕਰ ਰੁਸ਼ਨਾਇਆ । ਸਾਚੇ ਘਰ ਸ਼ਬਦ ਵਧਾਈ, ਹਰਿ ਸਾਚਾ ਆਪ ਵਜਾਇੰਦਾ । ਹਰਿ ਸੰਤਨ ਕਰੇ ਨਾਮ ਕੁੜਮਾਈ, ਏਕਾ ਕਰਮ ਕਮਾਇੰਦਾ । ਆਪ ਆਪਣੀ ਬੂਝ ਬੁਝਾਈ, ਏਕਾ ਬ੍ਰਹਮ ਜਣਾਇੰਦਾ । ਏਕਾ ਮੇਲਾ ਸਹਿਜ ਸਭਾਈ, ਘਰ ਸਾਚਾ ਇਕ ਸੁਹਾਇੰਦਾ । ਏਕਾ ਨੇਤਰ ਰਿਹਾ ਖੁਲਾਈ, ਇਕ ਗਿਆਨ ਦ੍ਰਿੜਾਇੰਦਾ । ਏਕਾ ਬਿੰਦ ਰਿਹਾ ਸਮਝਾਈ, ਘਰ ਚੌਥੇ ਡੇਰਾ ਲਾਇੰਦਾ । ਪੰਚਮ ਮੇਲਾ ਸਹਿਜ ਸਭਾਈ, ਹਰਿ ਸੰਤਨ ਵੇਖ ਵਖਾਇੰਦਾ । ਛੇਵੇਂ ਛੱਪਰ ਛੰਨ ਨਾ ਕੋਈ ਛੁਹਾਈ, ਸ਼ਬਦ ਦੁਲਾਰਾ ਇਕ ਸੁਹਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾਈ, ਸਤਿਜੁਗ ਸਾਚਾ ਮਾਰਗ ਲਾਇੰਦਾ । ਅੱਠਾਂ ਤੱਤਾਂ ਭੇਵ ਨਾ ਰਾਈ, ਅਪ ਤੇਜ ਵਾਏ ਪ੍ਰਿਥਮੀ ਅਕਾਸ ਮਨ ਮਤ ਬੁੱਧ ਦਿਸ ਨਾ ਆਇੰਦਾ । ਨੌਵਾਂ ਦਰ ਕਰੇ ਜੁਦਾਈ, ਘਰ ਦਸਵਾਂ ਇਕ ਸਮਝਾਇੰਦਾ । ਦਰ ਘਰ ਸਾਚੇ ਸਗਨ ਮਨਾਈ, ਆਤਮ ਸੇਜਾ ਇਕ ਹੰਢਾਇੰਦਾ । ਜੋਤ ਨਿਰੰਜਣ ਆਦਿ ਨਿਰੰਜਣ ਵਿਚ ਸਮਾਈ, ਏਕਾ ਦੂਜਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਆਦਿ ਜੁਗਾਦਿ ਸ਼ਬਦ ਬ੍ਰਿਹਮਾਦ ਇਕ ਸੁਹਾਇੰਦਾ । ਸਤਿਜੁਗ ਸਾਚਾ ਉਤਰਿਆ ਪਾਰ, ਹਰਿ ਸਾਚੇ ਖੇਲ ਖਲਾਈਆ । ਤ੍ਰੇਤਾ ਤੇਰੀ ਪਾਵੇ ਸਾਰ, ਤ੍ਰੈਲੋਕ ਵੱਜੇ ਵਧਾਈਆ । ਗਣ ਗਧੰਰਬ ਗਾਵਣ ਵਾਰੋ ਵਾਰ, ਸ਼ਬਦ ਤਾਲ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲੋਕਮਾਤ ਫੇਰਾ ਪਾਇੰਦਾ । ਲੋਕਮਾਤ ਹੋ ਉਜਿਆਲਾ, ਜੋਤੀ ਜੋਤ ਜਗਾਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਦਇਆਨਿਧ ਆਪ ਅਖਵਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਆਪ ਆਪਣੀ ਬਣਤ ਬਣਾਇੰਦਾ । ਜਨ ਭਗਤਾਂ ਵੇਖੇ ਕਾਇਆ ਮੰਦਰ ਸੱਚੀ ਧਰਮਸਾਲਾ, ਥਿਰ ਘਰ ਸਾਚੇ ਆਪ ਟਿਕਾਇੰਦਾ । ਸਦਾ ਸੁਹੇਲਾ ਹੋਏ ਰਖਵਾਲਾ, ਵਿਛੜ ਕਦੇ ਨਾ ਜਾਇੰਦਾ । ਤੋੜਨਹਾਰਾ ਜਗਤ ਜੰਜਾਲਾ, ਆਪ ਆਪਣਾ ਬਿਰਧ ਰਖਾਇੰਦਾ । ਨਾਮ ਪਾਏ ਸਾਚੀ ਮਾਲਾ, ਨਾ ਕੋਈ ਤੋੜ ਤੁੜਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਰਾਮ ਨਾਮ ਦਏ ਸੁਖਾਲਾ, ਜੀਵਾਂ ਜੰਤਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਤ੍ਰੇਤਾ ਨਾਉਂ ਧਰਾਇੰਦਾ । ਤ੍ਰੇਤਾ ਤੇਰੀ ਧਾਰ ਨਿਰਾਲੀ, ਹਰਿ ਸਾਚੀ ਖੇਲ ਖਲਾਈਆ । ਸਰ ਸਰੋਵਰ ਬਣਿਆ ਪਾਲੀ, ਏਕਾ ਮੇਲਾ ਮੇਲ ਮਿਲਾਈਆ । ਰਾਮਾ ਰਾਮ ਦਏ ਦਲਾਲੀ, ਸਾਚਾ ਮਾਰਗ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਰਾਮ ਰਾਮਾ ਰੂਪ ਅਪਾਰ, ਹਰਿ ਹਰਿ ਰੂਪ ਵਟਾਇਆ । ਰਾਵਣ ਲੰਕਾ ਗੜ੍ਹ ਹੰਕਾਰ, ਵੇਖਣਹਾਰ ਆਪ ਹੋ ਜਾਇਆ । ਅੰਤਮ ਵੇਲੇ ਪਾਏ ਸਾਰ, ਆਪੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਮੂਲ ਚੁਕਾਇਆ । ਲੰਕਾ ਗੜ੍ਹ ਹੰਕਾਰ, ਜਗਤ ਅਭਿਮਾਨਿਆ । ਏਕਾ ਧਰਮ ਹੋਏ ਜੈਕਾਰ, ਨਾ ਦਿਸੇ

ਪੰਜ ਸ਼ੈਤਾਨਿਆ । ਸੀਤਾ ਸੁਰਤੀ ਕਰੇ ਰਾਮ ਪਿਆਰ, ਸ਼ਬਦ ਰਾਮ ਆਪ ਪਛਾਨਿਆ । ਢਹਿ ਢਹਿ ਪਏ ਹਰਿ ਦਵਾਰ, ਮਿਲੇ ਮੇਲ ਸ੍ਰੀ ਭਗਵਾਨਿਆ । ਆਵਣ ਜਾਵਣ ਉਤਰੇ ਪਾਰ, ਲੱਖ ਚੁਰਾਸੀ ਭੇਵ ਕਟਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਨਿਆ । ਵੇਸ ਵਟਾ ਹਰਿ ਕਰਤਾਰ, ਆਪਣਾ ਰੂਪ ਦਰਸਾਇੰਦਾ । ਜੁਗ ਦੁਆਪਰ ਹੋ ਉਜਿਆਰ, ਕਵਾਰੀ ਕੰਨਿਆ ਸੰਗ ਰਖਾਇੰਦਾ । ਪੂਤ ਸਪੂਤਾ ਸੁਤ ਦੁਲਾਰ, ਵੇਦ ਵਿਆਸਾ ਨਾਮ ਧਰਾਇੰਦਾ । ਪੁਰਾਨ ਅਠਾਰਾਂ ਬਣ ਲਿਖਾਰ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਸੁਣਾਇੰਦਾ । ਰੂਪ ਅਨੂਪ ਅਗੰਮ ਅਪਾਰ, ਸੇਵਕ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਆਦਿ ਜੁਗਾਦਿ, ਹਰਿ ਸਮਰਥ ਆਪ ਹੋ ਜਾਇੰਦਾ । ਆਦਿ ਜੁਗਾਦਿ ਹਰਿ ਹਰਿ ਖੇਲਾ, ਆਪਣੀ ਖੇਲ ਖਲਾਇੰਦਾ । ਆਪੇ ਕਰੇ ਆਪਣਾ ਮੇਲਾ, ਪੰਜ ਤਤ ਮੇਲ ਮਿਲਾਇੰਦਾ । ਆਪੇ ਗੁਰੂ ਆਪੇ ਚੇਲਾ, ਆਪ ਆਪਣਾ ਸੰਗ ਨਿਭਾਇੰਦਾ ।ਆਪ ਆਪਣਾ ਹੋਏ ਸੱਜਣ ਸੁਹੇਲਾ, ਸੱਜਣ ਸੁਹੇਲਾ ਆਪ ਹੋ ਜਾਇੰਦਾ । ਆਪੇ ਜਾਣੇ ਆਪਣਾ ਵਕਤ ਵੇਲਾ, ਪੰਡਤ ਪਾਂਧਾ ਨਾ ਕੋਈ ਜਣਾਇੰਦਾ । ਆਪੇ ਵਸਿਆ ਸਦਾ ਨਵੇਲਾ, ਹਰ ਰੰਗ ਆਪੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰੀ ਅੰਤਮ ਵਰ, ਬਾਲ ਬਾਲਾ ਵੇਸ ਵਟਾਇੰਦਾ । ਬਾਲ ਬਾਲਾ ਹਰਿ ਅਪਾਰ, ਏਕਾ ਰੂਪ ਉਪਾਇਆ । ਆਪੇ ਕਰੇ ਪਾਰ ਕਿਨਾਰ, ਜਲ ਧਾਰਾ ਵੇਖ ਵਖਾਇਆ । ਏਕਾ ਜੋਤੀ ਹੋ ਉਜਿਆਰ, ਨੂਰੋ ਨੂਰ ਸਮਾਇਆ । ਆਪੇ ਦੁਸ਼ਟਾਂ ਕਰੇ ਸੰਘਾਰ, ਆਪ ਆਪਣਾ ਤੇਜ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਦੁਆਪਰ ਤੇਰਾ ਸਾਚਾ ਰੰਗ, ਹਰਿ ਸਾਚਾ ਵੇਖ ਵਖਾਇੰਦਾ । ਗੁਰਮੁਖਾਂ ਸੁੱਤਾ ਆਤਮ ਸੇਜ ਪਲੰਘ, ਮਨਮੁਖਾਂ ਦਿਸ ਨਾ ਆਇੰਦਾ । ਹਰਿ ਸੰਤਾਂ ਆਤਮ ਧਾਰ ਦੇਵੇ ਰੰਗ, ਮਨਮੁਖਾਂ ਨੀਰ ਨਾ ਕੋਈ ਦਰਸਾਇੰਦਾ । ਹਰਿਜਨ ਸਾਚਾ ਸਚ ਦਵਾਰਾ ਆਪੇ ਲੰਘ, ਆਪ ਆਪਣਾ ਦਰ ਸੁਹਾਇੰਦਾ । ਮਨਮੁਖਾਂ ਮਾਨਸ ਦੇਹੀ ਹੋਏ ਭੰਗ, ਲੱਖ ਚੁਰਾਸੀ ਨਾ ਕੋਈ ਤੁੜਾਇੰਦਾ । ਸ੍ਰਿਸ਼ਟ ਸਬਾਈ ਵੇਖੇ ਲੰਘ, ਸਾਚਾ ਦਰ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਦੁਆਪਰ ਤੇਰੀ ਅੰਤਮ ਧਾਰ, ਹਰਿ ਸਾਚੇ ਆਪ ਚਲਾਈਆ । ਦੋਹਾਂ ਵਿਚੋਲਾ ਆਪ ਨਿਰੰਕਾਰ, ਦਿਸ ਕਿਸੇ ਨਾ ਆਈਆ । ਖੇਲੇ ਹੋਲਾ ਵਿਚ ਸੰਸਾਰ, ਅੱਠ ਅਠਾਰਾਂ ਫੇਰਾ ਪਾਈਆ । ਜੋਧਾ ਸੂਰ ਬਲੀ ਬਲਕਾਰ, ਆਪ ਆਪਣਾ ਵੇਸ ਵਟਾਈਆ । ਰਥ ਰਥਵਾਹੀ ਹਰਿ ਗਿਰਧਾਰ, ਮਹਾਂਸਾਰਥੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਖੇਲੇ ਖੇਲ ਹਰਿ ਭਗਵਾਨ, ਆਪਣੀ ਖੇਲ ਵਖਾਇੰਦਾ । ਧਰਤ ਮਾਤ ਤੇਰਾ ਨਿਸ਼ਾਨ, ਰਾਜ ਰਾਜਾਨ ਆਪ ਵਿਖਾਇੰਦਾ । ਮੇਲ ਮਿਲਾਵਾ ਗੋਪੀ ਕਾਹਨ, ਸਾਚਾ ਮੀਤਾ ਸੰਗ ਨਿਭਾਇੰਦਾ । ਧਰਮ ਯੁਧਿਸ਼ਟਰ ਕਰ ਪ੍ਰਵਾਨ, ਏਕਾ ਬੂਝ ਬੁਝਾਇੰਦਾ । ਅਰਜਨ ਜੋਧਾ ਵਡ ਬਲਵਾਨ, ਏਕਾ ਮੁਖ ਸ਼ਰਮਾਇੰਦਾ । ਛੱਡੇ ਸ਼ਸਤਰ ਤੀਰ ਕਮਾਨ, ਨਾ ਕੋਈ ਧੀਰ ਧਰਾਇੰਦਾ । ਦੇਵਣਹਾਰਾ ਬ੍ਰਹਮ ਗਿਆਨ, ਏਕਾ ਸ਼ਬਦ ਸੁਣਾਇੰਦਾ । ਗੀਤਾ ਗਿਆਨ ਇਕ ਵਖਾਨ, ਅਠਾਰਾਂ ਧਿਆਏ ਚਲਾਇੰਦਾ । ਏਕਾ ਰੂਪ ਸ੍ਰੀ ਭਗਵਾਨ, ਚੌਦਾਂ ਲੋਕ ਵਿਚ ਸਮਾਇੰਦਾ । ਚੌਦਾਂ ਹੱਟ ਜਗਤ ਦੁਕਾਨ, ਲੋਆਂ ਪੁਰੀਆਂ ਡੇਰਾ ਲਾਇੰਦਾ । ਖੇਲੇ ਖੇਲ ਦੋ ਜਹਾਨ, ਆਪ ਆਪਣੀ ਕਲ ਵਰਤਾਇੰਦਾ । ਤ੍ਰਲੋਕੀ ਨਾਥ ਨਾ ਕੋਈ

੯੧੬

ਤੀਰ ਨਾ ਕਮਾਨ, ਨਾਮ ਖੰਡਾ ਇਕ ਚਮਕਾਇੰਦਾ । ਆਪੇ ਵੇਖੇ ਮਾਰ ਧਿਆਨ, ਅੰਤਰ ਆਤਮ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਦੁਆਪਰ ਅੰਤਮ ਉਤਰਿਆ ਪਾਰ, ਹਰਿ ਸਾਚੇ ਖੇਲ ਖਲਾਈਆ । ਕਲਜੁਗ ਹੋਇਆ
ਮਾਤ ਉਜਿਆਰ, ਬੈਠਾ ਸੀਸ ਝੁਕਾਈਆ । ਮੰਗਤਾ ਮੰਗੇ ਬਣ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਜੂਠ ਝੂਠ ਜਗਤ ਪਿਆਰ, ਮਾਇਆ
ਮੋਹ ਬੰਧਨ ਪਾਇਆ । ਨਾਤਾ ਜੋੜੇ ਵਿਚ ਸੰਸਾਰ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰਖਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪੇ
ਰਿਹਾ ਝੋਲੀ ਪਾਈਆ । ਖੇਲੇ ਖੇਲ ਚਾਰ ਲੱਖ ਬੱਤੀ ਹਜ਼ਾਰ, ਤੇਰੀ ਆਰਜ਼ੂ ਆਪ ਜਣਾਈਆ । ਕਲਜੁਗ ਅੰਤਮ ਮਾਰੇ ਮਾਰ, ਪੰਚਮ ਪੰਚਮ
ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਮਾਰੇ ਇਕ ਲਲਕਾਰ, ਸਤਾਰਾਂ
ਲੱਖ ਬੀਸ ਹਜ਼ਾਰ ਅਠਾਈ ਬਰਸ ਉਪਾਇਆ । ਤ੍ਰੇਤਾ ਤੇਰੀ ਵੱਡੀ ਧਾਰ, ਬਾਰਾਂ ਲੱਖ ਛਿਆਨਵੇਂ ਹਜ਼ਾਰ ਆਪ ਗਿਣਾਇਆ । ਦੁਆਪਰ ਤੇਰਾ ਰੂਪ
ਅਪਾਰ, ਅੱਠ ਲੱਖ ਚੌਸਠ ਹਜ਼ਾਰ ਵੇਸ ਵਟਾਇਆ । ਕਲਜੁਗ ਤੇਰਾ ਕੂੜ ਪਸਾਰ, ਚਾਰ ਲੱਖ ਬੱਤੀ ਹਜ਼ਾਰ ਬੰਧਨ ਪਾਇਆ । ਚਾਰ ਚੌਥੇ ਜੁਗ
ਹੋਏ ਖ਼ਵਾਰ, ਬੱਤੀ ਦੰਦ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦਿਤਾ ਏਕਾ ਵਰ, ਏਕਾ ਝੋਲੀ
ਪਾਇਆ । ਵਰ ਘਰ ਸਾਚਾ ਕਲਜੁਗ ਪਾ, ਲੋਕਮਾਤ ਫੇਰੀ ਪਾਇੰਦਾ । ਭਗਤ ਭਗਤੀ ਲਏ ਲਗਾ, ਆਪੇ ਵੇਖ ਵਿਖਾਇੰਦਾ । ਧਰਮ ਜੜ੍ਹ
ਦਏ ਉਖੜਾ, ਗਊ ਗ਼ਰੀਬ ਸਤਾਇੰਦਾ । ਦੋਹਾਂ ਨਾ ਮਿਲੇ ਕੋਈ ਥਾਂ, ਚਾਰੋਂ ਕੁੰਟ ਫੇਰਾ ਪਾਇੰਦਾ । ਆਪਣੀ ਝੋਲੀ ਅੱਗੇ ਡਾਹ, ਦੂਜੀ ਵਾਰ
੯੧੭ ੦੭ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਮੰਗੀ ਮੰਗ ਦਰ ਦੁਆਰ, ਆਤਮ ੯੧੭ ੦੭
ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਕਲ ਵਰਤਾਈਆ । ਈਸਾ ਮੂਸਾ ਹੋ ਉਜਿਆਰ, ਲੋਕਮਾਤ ਕਰੇ ਕੁੜਮਾਈਆ ।
ਸੰਗ ਮੁਹੰਮਦ ਚਾਰ ਯਾਰ, ਆਪ ਆਪਣਾ ਖੇਲ ਖਿਲਾਈਆ । ਅੱਲਾ ਰਾਣੀ ਏਕਾ ਨਾਅਰ, ਐਨਲਹੱਕ ਸੁਣਾਈਆ । ਖ਼ੁਦੀ ਖ਼ੁਦਾਈ ਨਾ ਪਾਵੇ
ਸਾਰ, ਖਾਲਕ ਖਲਕ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਸ ਵਟਾਈਆ । ਆਪਣਾ ਵੇਸ
ਆਪੇ ਕਰ, ਆਪਣਾ ਰੂਪ ਵਟਾਇਆ । ਨਾਨਕ ਜੋਤੀ ਆਪੇ ਧਰ, ਗੋਬਿੰਦ ਨਾਉਂ ਧਰਾਇਆ । ਦਾਸਨ ਦਾਸ ਦੇਵੇ ਵਰ, ਕਲਜੁਗ ਅੰਤਮ ਵੇਖ
ਵਖਾਇਆ । ਲੱਖ ਚੁਰਾਸੀ ਜੂਠ ਝੂਠ ਰਹੇ ਹੜ੍ਹ, ਨਾ ਕੋਈ ਬੰਨੇ ਲਾਇਆ । ਸੰਤ ਸੁਹੇਲਾ ਨਾ ਸਕੇ ਕੋਈ ਫੜ, ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਗੋਬਿੰਦ ਲਿਖਿਆ ਸਾਚਾ ਲੇਖ, ਵੇਦ ਵਿਆਸ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਧਾਰੇ
ਭੇਸ, ਨਿਹਕਲੰਕਾ ਨਾਉਂ ਰਖਾਈਆ । ਬਾਲ ਜਵਾਨੀ ਬਿਰਧ ਨਾ ਕੋਈ ਵਰੇਸ, ਪੰਜ ਤਤ ਨਾ ਕੋਇ ਕੁੜਮਾਈਆ । ਦਾਤਾ ਦਾਨੀ ਨਰ ਨਰੇਸ਼,
ਨਿਰਗੁਣ ਰੂਪ ਆਪ ਅਖਵਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸ, ਨਾ ਕੋਈ ਮੂੰਡ ਮੁੰਡਾਈਆ । ਨਿਰਗੁਣ ਧਾਰਾ ਦਸ ਦਸਮੇਸ, ਰਾਮ ਕ੍ਰਿਸ਼ਨ
ਆਪ ਹੋ ਜਾਈਆ । ਸੰਗ ਮੁਹੰਮਦ ਇਕ ਅਦੇਸ, ਚਾਰੋਂ ਕੁੰਟ ਸੁਣਾਈਆ । ਅੱਲਾ ਰਾਣੀ ਹੋ ਪ੍ਰਵੇਸ, ਏਕਾ ਰੰਗ ਰੰਗਾਈਆ । ਅਬਿਨਾਸ਼ੀ
ਕਰਤਾ ਸਦਾ ਅਦੇਸ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ

ਆਪਣਾ ਨਾਉਂ ਧਰਾਈਆ । ਨਿਹਕਲੰਕ ਨਾਉਂ ਨਿਰੰਕਾਰ, ਆਪਣਾ ਆਪ ਉਪਾਇਆ । ਆਪ ਸੁਹਾਇਆ ਸਚਖੰਡ ਦਵਾਰ, ਅਗੰਮ ਅਗੰਮੜਾ ਵੇਖ ਵਖਾਇਆ । ਅਲੱਖ ਨਿਰੰਜਣ ਹੋ ਤਿਆਰ, ਆਪ ਆਪਣਾ ਵੇਸ ਵਟਾਇਆ । ਸ਼ਬਦ ਘੋੜਾ ਕਰ ਤਿਆਰ, ਸੋਲਾਂ ਕਲੀਆਂ ਆਸਣ ਲਾਇਆ । ਨੀਲੀ ਧਾਰੋਂ ਆਇਆ ਬਾਹਿਰ, ਆਪ ਆਪਣਾ ਨਾਉਂ ਧਰਾਇਆ । ਬ੍ਰਹਮਾ ਵੇਤਾ ਕਰਿਆ ਖ਼ਬਰਦਾਰ, ਸੋਇਆ ਰਹਿਣ ਕੋਈ ਨਾ ਪਾਇਆ । ਸ਼ੰਕਰ ਦੇਵੇ ਇਕ ਹੁਲਾਰ, ਆਪ ਆਪਣੀ ਦਇਆ ਕਮਾਇਆ । ਕਰੋੜ ਤੇਤੀਸਾ ਕਰ ਪਿਆਰ, ਸੁਰਪਤ ਰਾਜਾ ਇੰਦ ਮਿਲਾਇਆ । ਗਣ ਗਧੰਰਬ ਰਹੇ ਉਚਾਰ, ਆਪ ਆਪਣੀ ਸੇਵਾ ਲਾਇਆ । ਲੋਕਮਾਤ ਬੰਨ੍ਹੇ ਧਾਰ, ਜੋਤੀ ਨੂਰ ਕਰ ਰੁਸ਼ਨਾਇਆ । ਸ਼ਬਦ ਡੰਕਾ ਅਪਰ ਅਪਾਰ, ਆਪ ਆਪਣਾ ਰਿਹਾ ਸੁਣਾਇਆ । ਰਾਜ ਰਾਜਾਨਾ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਆਪ ਹਿਲਾਇਆ । ਸਾਧਾਂ ਸੰਤਾਂ ਦਏ ਹੁਲਾਰ, ਆਪ ਆਪਣਾ ਧੱਕਾ ਲਾਇਆ । ਜਨ ਭਗਤਾਂ ਮੇਲਾ ਚਰਨ ਦਵਾਰ, ਬੰਕ ਦਵਾਰ ਇਕ ਸੁਹਾਇਆ । ਹਰਿਜਨ ਸਾਚੇ ਕਰ ਪਿਆਰ, ਆਪ ਆਪਣਾ ਵੇਖ ਵਖਾਇਆ । ਗੁਰਮੁਖ ਸਾਜਣ ਮੀਤ ਮੁਰਾਰ, ਏਕੰਕਾਰਾ ਰੂਪ ਵਟਾਇਆ । ਸੰਮਤੀ ਸੰਮਤ ਪਾਵੇ ਸਾਰ, ਬ੍ਰਹਿਮੰਡ ਖੰਡ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬੀਸ ਬੀਸਾ ਨਾਉਂ ਧਰਾਇਆ । ਬੀਸ ਬਿਕ੍ਰਮੀ ਹਰਿ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕ ਇਕੱਲਾ ਪਾਵੇ ਸਾਰ, ਆਪ ਅਪਣੀ ਕਲ ਵਰਤਾਈਆ । ਜਗਤ ਮਹੱਲਾ ਦੂਜੀ ਧਾਰ, ਨਿਰਾਕਾਰ ਸਾਕਾਰ ਸਮਾਈਆ । ਤੀਜਾ ਨੈਣ ਇਕ ਉਘਾੜ, ਹਰਿ ਭਗਤਾਂ ਦਰਸ ਦਿਖਾਈਆ । ਚੌਥੇ ਪਦ ਰਿਹਾ ਦੌੜ, ਚਾਰੇ ਕੁੰਟਾਂ ਵੇਖ ਵਖਾਈਆ । ਪੰਚਮ ਸੁਹਾਏ ਇਕ ਦਰਬਾਰ, ਇਕ ਧਾਰ ਵਿਖਾਈਆ । ਛੇਵੇਂ ਛੁਪ ਛੁਪ ਬੈਠਾ ਵਿਚ ਸੰਸਾਰ, ਜਗਤ ਨੈਣਾਂ ਦਿਸ ਨਾ ਆਈਆ । ਸਤਵੇਂ ਸਤਿ ਸਤਿ ਸਤਿਵਾਦੀ ਸਾਚੀ ਕਾਰ, ਸਤਿ ਸਰੂਪ ਆਪ ਕਮਾਈਆ । ਅੱਠੇ ਅਠਸਠ ਮਾਰੇ ਮਾਰ, ਨਾਮ ਖੰਡਾ ਇਕ ਵਖਾਈਆ । ਨੌਂ ਦਰ ਕਰੇ ਖ਼ਵਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਦਸ ਦਸ ਪਾਵਣਹਾਰਾ ਸਾਰ, ਘਰ ਸਾਚੇ ਮੇਲ ਮਿਲਾਈਆ । ਸਾਢੇ ਤਿੰਨ ਹੱਥ ਤੇਰਾ ਪਾਰ ਕਿਨਾਰ, ਸਤਿਜੁਗ ਸੱਚੀ ਨੀਂਹ ਧਰਾਈਆ । ਸਾਚੇ ਬਾਲੇ ਕਰ ਪਿਆਰ, ਇੰਦ ਇੰਦਰਾਸਨ ਛੱਪਰ ਛੁਹਾਈਆ । ਬੀਸ ਸਦ ਗਿਆਰਾਂ ਖੇਲ ਅਪਾਰ, ਧਰਤ ਧਵਲ ਕਰੇ ਰੁਸ਼ਨਾਈਆ । ਬਾਰਾਂ ਬਾਰਾਂ ਰਵ ਸਸ ਵੇਖ ਵਿਚਾਰ, ਸਾਚਾ ਧਾਮ ਸੁਹਾਈਆ । ਨੌਂ ਦਰ ਖੋਲ੍ਹ ਕਿਵਾੜ, ਨੌਂ ਖੰਡ ਕਰੇ ਕੁੜਮਾਈਆ । ਤੇਰਾਂ ਤੇਰਾਂ ਇਕ ਪਿਆਰ, ਤੇਰੀ ਬੂਝ ਬੁਝਾਈਆ । ਸਾਧਾਂ ਸੰਤਾਂ ਰਿਹਾ ਲਲਕਾਰ, ਆਪ ਆਪਣਾ ਖੇਲ ਖਿਲਾਈਆ । ਰਾਜ ਰਾਜਾਨਾਂ ਮਾਰੇ ਮਾਰ, ਮਾਰਨਹਾਰ ਆਪ ਹੋ ਜਾਈਆ । ਵੀਹ ਸੌ ਚੌਦਾਂ ਖੇਲ ਅਪਾਰ, ਹਰਿਜਨ ਸਾਚੇ ਲਏ ਜਗਾਈਆ । ਏਕਾ ਇਕੀ ਕਰ ਪਿਆਰ, ਦਰ ਸਾਚੇ ਆਪਣੇ ਆਪੇ ਪਾਈਆ । ਰਿਖੀ ਮੁਨੀ ਨਾ ਪਾਇਣ ਸਾਰ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਜਲ ਥਲ ਵੇਖ ਵਖਾਈਆ । ਚਾਰ ਵਰਨਾਂ ਇਕ ਪਿਆਰ, ਸ਼ੱਤ੍ਰੀ ਬ੍ਰਹਿਮਣ ਵੈਸ਼ ਸ਼ੂਦਰ ਏਕਾ ਰੰਗ ਰੰਗਾਈਆ । ਏਕਾ ਕਲਮਾ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਬ੍ਰਹਮ ਪ੍ਰਭ ਵਿਚਾਰ, ਏਕਾ ਬ੍ਰਹਮ ਜਣਾਈਆ । ਮਾਨਸ ਜਨਮ ਦਏ ਸਵਾਰ, ਜੋ ਜਨ ਰਹੇ ਸ਼ਰਨਾਈਆ । ਸਾਚੀ ਸਿਖਿਆ ਜਗਤ ਵਿਹਾਰ, ਗੁਰਮਤ ਇਕ ਰਖਾਈਆ । ਪਾਏ ਭਿਛਿਆ ਧੁਰ ਕਰਤਾਰ, ਦਾਤਾ ਦਾਨੀ ਨਾਉਂ ਧਰਾਈਆ । ਅੰਤ ਲੇਖਾ ਚੁਕਾਏ ਸਤਾਰਾਂ ਹਾੜ, ਸਾਚੀ ਰੁੱਤ ਸੁਹਾਈਆ । ਲੱਖ ਚੁਰਾਸੀ ਅਗਨੀ ਜੋਤੀ ਲਾਏ

ਨਾੜ ਨਾੜ, ਨਾ ਸਕੇ ਕੋਈ ਬੁਝਾਈਆ । ਧਰਤ ਮਾਤ ਵੇਖੇ ਇਕ ਅਖਾੜ, ਚੌਦਾਂ ਲੋਕ ਵੇਖ ਵਖਾਈਆ । ਤ੍ਰੈ ਦੇਸ਼ਾਂ ਅੰਦਰ ਦੇਵੇ ਵਾੜ, ਵਾਰ ਥਿਤ ਨਾ ਕੋਈ ਸਮਝਾਈਆ । ਘੜਨਹਾਰਾ ਆਪਣਾ ਘਾੜ, ਘੜਣ ਭੰਨਣਹਾਰ ਵਖਾਈਆ । ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਚੌਦਾਂ ਤੇਰੀ ਧਾਰ, ਖੇਲੇ ਖੇਲ ਅਗੰਮ ਅਪਾਰ, ਕਲਜੁਗ ਜੀਵ ਸਾਰ ਨਾ ਰਾਈਆ । ਸੰਮਤ ਪੰਦਰਾਂ ਸ਼ਬਦ ਤਰਾਨਾ, ਹਰਿ ਹਰਿ ਆਪ ਸੁਣਾਇੰਦਾ । ਜੋਧਾ ਸੂਰ ਮਰਦ ਮਰਦਾਨਾ, ਆਪ ਆਪਣਾ ਵੇਸ ਵਟਾਇੰਦਾ । ਨਾਦੀ ਧੁਨ ਇਕ ਤਰਾਨਾ, ਗੁਰਮੁਖਾਂ ਆਪ ਸੁਣਾਇੰਦਾ । ਦੇਵਣਹਾਰਾ ਧੁਰ ਫ਼ਰਮਾਣਾ, ਸੋਹੰ ਸ਼ਬਦ ਜਣਾਇੰਦਾ । ਪਤਿਤ ਪਾਵਣ ਸ੍ਰੀ ਭਗਵਾਨਾ, ਪਤਿਤ ਪਾਪੀ ਆਪ ਤਰਾਇੰਦਾ । ਖੇਲੇ ਖੇਲ ਦੋ ਜਹਾਨਾਂ, ਲੋਕਮਾਤ ਫੇਰੀ ਪਾਇੰਦਾ । ਧਰਮ ਝੁਲਾਏ ਇਕ ਨਿਸ਼ਾਨਾ, ਨੌਂ ਖੰਡ ਸਤ ਦੀਪਾਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਸੰਮਤ ਪੰਦਰਾਂ ਸਾਚਾ ਰੂਪ, ਹਰਿ ਹਰਿ ਆਪ ਵਟਾਇਆ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇਆ । ਸ਼ਬਦ ਨਿਰਾਲਾ ਤੀਰ ਰਿਹਾ ਛੂਟ, ਰਸਨਾ ਚਿੱਲਾ ਇਕ ਚੜ੍ਹਾਇਆ । ਮੇਟ ਮਿਟਾਏ ਜੂਠ ਝੂਠ, ਮਾਇਆ ਮਮਤਾ ਮੋਹ ਚੁਕਾਇਆ । ਜਨ ਭਗਤਾਂ ਮੇਲੇ ਨੱਠ ਨੱਠ, ਆਪ ਆਪਣਾ ਦਰਸ ਦਿਖਾਇਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਲੱਖ ਚੁਰਾਸੀ ਫੋਲ ਫੁਲਾਇਆ । ਮਨਮੁਖਾਂ ਫੜਾਏ ਖਾਲੀ ਠੂਠ, ਦਰ ਮੰਗਣ ਭਿਖ ਨਾ ਪਾਇਆ । ਸ਼ਬਦ ਨਗਾਰੇ ਲੱਗੇ ਚੋਟ, ਸਾਚਾ ਹਰਿ ਰਿਹਾ ਲਗਾਇਆ । ਕਲਜੁਗ ਕੱਢੇ ਵਾਸਨਾ ਖੋਟ, ਕੂੜੀ ਕਿਰਿਆ ਮੇਟ ਮਿਟਾਇਆ । ਧੀਰਜ ਧੀਰ ਸਤਿ ਸੰਤੋਖ ਬੰਨ੍ਹੇ ਲੰਗੋਟ, ਆਪ ਆਪਣਾ ਕਰਮ ਕਮਾਇਆ । ਕਲਜੁਗ ਜੀਵ ਆਲ੍ਹਣਿਓਂ ਡਿੱਗੇ ਬੋਟ, ਸਚਖੰਡ ਦਵਾਰ ਨਾ ਕੋਈ ਲਟਕਾਇਆ । ਮਾਇਆ ਮਮਤਾ ਭਰੀ ਨਾ ਪੋਟ, ਇਕ ਤ੍ਰਿਸ਼ਨਾ ਹੋਈ ਹਲਕਾਇਆ । ਤੀਰਥ ਤੱਟਾਂ ਫਿਰਦੇ ਕੋਟੀ ਕੋਟ, ਆਤਮ ਨੁਹਾਵਨ ਨਾ ਕੋਈ ਨੁਹਾਇਆ । ਨਿਰਗੁਣ ਨੂਰ ਨਾ ਜਗੀ ਸਾਚੀ ਜੋਤ, ਜਗਤ ਹਵਨੀ ਹਵਨ ਕਰਾਇਆ । ਦੁਰਮਤ ਮੈਲ ਨਾ ਦੇਵੇ ਧੋਤ, ਅਠਸਠ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸ੍ਰਿਸ਼ਟ ਸਬਾਇਆ । ਸੰਮਤ ਪੰਦਰਾਂ ਸਾਚਾ ਰਾਹ, ਹਰਿ ਹਰਿ ਆਪ ਚਲਾਈਆ । ਲੋਕਮਾਤ ਬਣ ਮਲਾਹ, ਗੁਰ ਸ਼ਬਦੀ ਨਾਉਂ ਧਰਾਈਆ । ਸ਼ਬਦ ਦਾਤਾ ਬੇਪਰਵਾਹ, ਆਪ ਆਪਣੀ ਰਚਨ ਰਚਾਈਆ । ਚਾਰ ਵਰਨ ਜਪਾਏ ਏਕਾ ਨਾਂ, ਏਕਾ ਰੂਪ ਦਰਸਾਈਆ । ਆਪੇ ਪਿਤਾ ਆਪੇ ਮਾਂ, ਪਿਤਾ ਪੂਤ ਆਪ ਹੋ ਜਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣੇ ਗਲੇ ਲਗਾਈਆ । ਹਰਿ ਸੰਤਾਂ ਪਕੜੇ ਬਾਂਹ, ਦੋ ਜਹਾਨਾਂ ਦਏ ਤਰਾਈਆ । ਕਰਨਹਾਰਾ ਸਚ ਨਿਆਂ, ਥਿਰ ਘਰ ਬੈਠਾ ਆਸਣ ਲਾਈਆ । ਹਰਿਜਨ ਹੰਸ ਬਣਾਏ ਫੜ ਫੜ ਕਾਂ, ਏਕਾ ਅੰਮ੍ਰਿਤ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਘਰ ਕਰੇ ਰੁਸ਼ਨਾਈਆ । ਦਰ ਮੰਦਰ ਤੇਰਾ ਸਚ ਟਿਕਾਣਾ, ਹਰਿ ਹਰਿ ਜਗਤ ਉਪਾਇਆ । ਸਾਢੇ ਤਿੰਨ ਹੱਥ ਸਚ ਮਕਾਨਾ, ਸੰਬਲ ਨਗਰੀ ਨਾਉਂ ਧਰਾਇਆ । ਸ਼ਬਦ ਗੁਰ ਖੇਲ ਮਹਾਨਾ, ਗੋਬਿੰਦ ਵੇਸ ਵਟਾਇਆ । ਰਾਮ ਰਾਮ ਇਕ ਤਰਾਨਾ, ਏਕਾ ਮੰਗਲ ਗਾਇਆ । ਏਕ ਭੂਪ ਸਖੀ ਸੁਲਤਾਨਾ, ਏਕਾ ਰੂਪ ਦਰਸਾਇਆ । ਏਕਾ ਹਰਿ ਹਰਿ ਮਿਹਰਬਾਨਾ, ਏਕਾ ਨਾਮ ਦ੍ਰਿੜਾਇਆ । ਏਕਾ ਬੰਨ੍ਹਣਹਾਰਾ ਗਾਨਾ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਇਆ । ਨਰ ਨਰਾਇਣ ਅਕਲ ਕਲ ਧਾਰ, ਨਿਰਗੁਣ ਜੋਤ ਜਗਾਈਆ । ਪੂਤ ਸਪੂਤਾ ਕਰ ਪਿਆਰ, ਬ੍ਰਹਿਮਣ ਗੌੜ ਵੇਖ ਵਖਾਈਆ । ਪਰਬਤ ਟਿੱਲਾ ਪਾਵੇ ਸਾਰ, ਬਜ਼ਰ ਕਪਾਟੀ ਅੱਗੇ ਡਾਹੀਆ । ਸੰਬਲ ਨਗਰੀ ਧਾਮ ਨਿਆਰ, ਬੈਠਾ ਆਸਣ ਲਾਈਆ । ਨਾ ਕੋਈ ਦਿਸੇ ਚਾਰ ਦਵਾਰ, ਨਾ ਜਗਤ ਨਿਸ਼ਾਨ ਦਿਸਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਵਡ ਦਾਤਾ ਬੇਪਰਵਾਹੀਆ । ਤੀਰਥ ਤੱਟਾਂ ਵੇਖ ਕਿਨਾਰ, ਸਾਧਾਂ ਸੰਤਾਂ ਖੋਜ ਖੁਜਾਈਆ । ਗੁਰਮੁਖ ਸਾਚੇ ਕਰ ਵਿਚਾਰ, ਆਪਣੇ ਰੰਗ ਰੰਗਾਈਆ । ਸੋਲਾਂ ਮੱਘਰ ਹਰਿ ਸ਼ਿੰਗਾਰ, ਸ਼ਬਦ ਸ਼ਿੰਗਾਰ ਤਨ ਵਖਾਈਆ । ਸੋਲਾਂ ਇਛਿਆ ਭਰ ਭੰਡਾਰ, ਸਰਬ ਕਲ ਆਪ ਦਰਸਾਈਆ । ਸੋਲਾਂ ਮੇਲਾ ਵਿਚ ਸੰਸਾਰ, ਸੋਲਾਂ ਸੋਲਾਂ ਕਰੇ ਜੁਦਾਈਆ । ਸੋਲਾਂ ਕਲੀਆਂ ਸਾਚੇ ਅਸਵ ਹੋ ਅਸਵਾਰ, ਧੁਰਦਰਗਾਹੀ ਦਾਤਾ ਬੇਪਰਵਾਹੀਆ । ਆਪਣਾ ਆਪ ਵੇਖ ਵਖਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਸੋਲਾਂ ਮੱਘਰ ਸਤਿ ਵਿਹਾਰ, ਹਰਿ ਸਾਚੀ ਜੋਤ ਜਗਾਈਆ । ਨਾਭੀ ਕਵਲੀ ਕਰ ਉਜਿਆਰ, ਅੰਮ੍ਰਿਤ ਨਾਭ ਭਰਾਈਆ । ਸਾਵਲ ਸਵਲਾ ਮੀਤ ਮੁਰਾਰ, ਕਾਇਆ ਕ੍ਰਿਸ਼ਨਾ ਰੂਪ ਵਟਾਈਆ । ਧਰਨੀ ਧਵਲ ਦਏ ਸਹਾਰ, ਆਪ ਆਪਣਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਈਆ । ਓਅੰਕਾਰ ਆਪ ਕਰਤਾਰਾ, ਏਕਾ ਏਕ ਅਖਵਾਇੰਦਾ । ਹਰਿਜਨ ਮੇਲਾ ਮੀਤ ਮੁਰਾਰਾ, ਸਗਲਾ ਸੰਗ ਨਿਭਾਇੰਦਾ । ਪਾਰ ਕਰਾਏ ਨੌਂ ਦਰ, ਡੂੰਘੀ ਕੰਦਰ ਡੇਰਾ ਲਾਇੰਦਾ । ਸੁਖਮਨ ਨਾੜੀ ਹੋ ਉਜਿਆਰਾ, ਟੇਢੀ ਬੰਕ ਸੁਹਾਇੰਦਾ । ਸ਼ਬਦ ਸੁਣਾਏ ਸੱਚੀ ਧੁਨਕਾਰਾ, ਏਕਾ ਤਾਲ ਵਜਾਇੰਦਾ । ਜੋਤ ਨਿਰੰਜਣ ਸੇਵਾਦਾਰਾ, ਸਾਚੀ ਸੇਵ ਲਗਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰਾ, ਨਿਝਰ ਰਸ ਚੁਆਇੰਦਾ । ਗੁਰਮੁਖ ਖੋਲ੍ਹੇ ਬੰਦ ਕਿਵਾੜਾ, ਆਤਮ ਬ੍ਰਹਮ ਜਣਾਇੰਦਾ । ਸ਼ਬਦ ਸਿੰਘਾਸਣ ਬੰਨ੍ਹੇ ਬੇੜਾ, ਆਪ ਆਪਣਾ ਮੇਲ ਮਿਲਾਇੰਦਾ । ਧੁਰਦਰਗਾਹੀ ਸਾਚਾ ਲਾੜਾ, ਗੁਰਮੁਖ ਨਾਰੀ ਆਪ ਪ੍ਰਨਾਇੰਦਾ । ਸ਼ਬਦੀ ਸ਼ਬਦ ਵਖਾਏ ਇਕ ਅਖਾੜਾ, ਕਲਜੁਗ ਮਰਦੰਗ ਸੁਣਾਇੰਦਾ । ਕਰੇ ਪ੍ਰਕਾਸ਼ ਬਹੱਤਰ ਨਾੜਾ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਆਪ ਹੋ ਜਾਇੰਦਾ । ਓਅੰ ਰੂਪ ਓਮ ਪ੍ਰਕਾਸ਼, ਪ੍ਰਕਾਸ਼ ਪ੍ਰਕਾਸ਼ ਸਮਾਇਆ । ਮੇਲ ਮਿਲਾਵਾ ਪੁਰਖ ਅਬਿਨਾਸ਼, ਘਰ ਠਾਂਡੇ ਮੇਲ ਮਿਲਾਇਆ । ਹਰਿ ਭਗਤਾਂ ਹਰਿ ਹੋਇਆ ਦਾਸ, ਜੁਗ ਜੁਗ ਸੇਵ ਕਮਾਇਆ । ਲੇਖੇ ਲਾਏ ਰਸਨ ਸਵਾਸ, ਰਸਨਾ ਜਿਹਵਾ ਹਰਿ ਹਰਿ ਗਾਇਆ । ਮਾਨਸ ਜਨਮ ਬੁਝਾਈ ਪਿਆਸ, ਲੱਖ ਚੁਰਾਸੀ ਫੰਦ ਕਟਾਇਆ । ਪੂਰੀ ਕਰਨਹਾਰਾ ਆਸ, ਆਪ ਆਪਣੀ ਭਿਛਿਆ ਪਾਇਆ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਆਪ ਖਿਲਾਇਆ । ਵੇਖ ਵਖਾਏ ਪ੍ਰਿਥਮੀ ਅਕਾਸ, ਗਗਨ ਪਤਾਲਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰਕਾਸ਼ ਆਪ ਜਣਾਇਆ । ਓਮ ਪ੍ਰਕਾਸ਼ ਜਗਤ ਪ੍ਰਕਾਸ਼, ਹਰਿ ਤੇਰੀ ਵਡ ਵਡਿਆਈਆ । ਲਹਿਣਾ ਦੇਣਾ ਚੁੱਕੇ ਦਸ ਦਸ ਮਾਸ, ਮਾਤ ਗਰਭ ਫੇਰਾ ਨਾ ਪਾਈਆ । ਸਚਖੰਡ ਦਵਾਰਾ ਨਿਝ ਘਰ ਵਾਸ, ਸਾਚੇ ਘਰ ਵੱਜੇ ਵਧਾਈਆ । ਸਦਾ ਸੁਹੇਲਾ ਵਸਿਆ ਪਾਸ, ਵਿਛੜ ਕਦੇ ਨਾ ਜਾਈਆ । ਸਰਬ ਗੁਣਾਂ ਗੁਣ ਆਪੇ ਤਾਸ, ਗੁਣਵੰਤਾ ਨਾਉਂ ਧਰਾਈਆ । ਹਰਿ ਭਗਤ ਨਾ ਹੋਏ ਕਦੇ ਉਦਾਸ, ਘਰ ਸਾਚਾ ਮੇਲ ਮਿਲਾਈਆ । ਲੇਖੇ ਲਾਏ ਪੰਜ ਤਤ ਹੱਡ ਨਾੜੀ

੯੨੦
੦੨

ਮਾਸ, ਰਕਤ ਬੂੰਦ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਮੀਤਾ ਇਕ ਅਤੀਤਾ ਨਾ ਕੋਈ ਮੰਦਰ ਨਾ ਮਸੀਤਾ, ਨਾ ਕੋਈ ਦੇਹੁਰਾ ਜਗਤ ਮੱਠ ਕਾਇਆ ਹੱਟ ਜੋਤੀ ਲਟ ਲਟ ਨਿਰਗੁਣ ਧਾਰ ਹੋ ਉਜਿਆਰ, ਆਪ ਆਪਣੀ ਰਿਹਾ ਜਗਾਈਆ ।

* ੧੭ ਮੱਘਰ ੨੦੧੫ ਬਿਕ੍ਰਮੀ ਬਖ਼ਸ਼ੀਸ ਸਿੰਘ ਸਰਦੂਲ ਸਿੰਘ ਦੇ ਘਰ ਪਿੰਡ ਕਹੇਰੂ ਜ਼ਿਲਾ ਸੰਗਰੂਰ *

ਜੋਤੀ ਨੂਰ ਹਰਿ ਉਜਿਆਰ, ਏਕਾ ਏਕ ਅਖਵਾਇੰਦਾ । ਆਦਿ ਪੁਰਖ ਖੇਲ ਅਪਾਰ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਪਾਰਬ੍ਰਹਮ ਅਗੰਮ ਅਪਾਰ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਇੰਦਾ । ਜੋਤੀ ਨੂਰ ਹਰਿ ਉਜਾਲਾ, ਏਕਾ ਏਕੰਕਾਰਿਆ । ਆਪੇ ਖੇਲੇ ਖੇਲ ਨਿਰਾਲਾ, ਖੇਲਣਹਾਰ ਆਪ ਅਖਵਾ ਰਿਹਾ । ਆਪਣਾ ਦਰ ਸੁਹਾਏ ਸੱਚੀ ਧਰਮਸਾਲਾ, ਬੰਕ ਦਵਾਰੀ ਨਾਉਂ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾ ਰਿਹਾ । ਅਬਿਨਾਸ਼ੀ ਕਰਤਾ ਹਰਿ ਨਿਰੰਕਾਰ, ਏਕਾ ਰੂਪ ਸਮਾਇਆ । ਆਦਿ ਜੁਗਾਦੀ ਲਏ ਅਵਤਾਰ, ਆਪ ਆਪਣੀ ਬਣਤ ਬਣਾਇਆ । ਆਪੇ ਵਸੇ ਧਾਮ ਨਿਆਰ, ਨਿਹਚਲ ਮਹੱਲ ਅਟੱਲ ਇਕ ਰਖਾਇਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਰੰਗਣਹਾਰਾ ਹਰਿ ਭਗਵੰਤਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇੰਦਾ । ਆਪ ਆਪਣੀ ਬਣਾਏ ਬਣਤਾ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣੀ ਕਰੇ ਮੰਨਤਾ, ਆਪ ਆਪਣਾ ਦਰ ਸੁਹਾਇੰਦਾ । ਆਪ ਆਪਣੇ ਦਰ ਹੋਏ ਮੰਗਤਾ, ਆਪ ਆਪਣੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰ ਹਰਿ ਭਗਵਾਨ, ਏਕਾ ਰੂਪ ਸਮਾਇਆ । ਵੇਖ ਵਖਾਏ ਦੋ ਜਹਾਨ, ਪੁਰੀਆਂ ਲੋਆਂ ਫੇਰਾ ਪਾਇਆ । ਏਕਾ ਸ਼ਬਦ ਸਚ ਨਿਸ਼ਾਨ, ਏਕਾ ਰਿਹਾ ਚਲਾਇਆ । ਏਕਾ ਏਕ ਬ੍ਰਹਮ ਗਿਆਨ, ਏਕਾ ਰਿਹਾ ਉਪਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਪ ਆਪਣਾ ਜੋਗ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ, ਆਪਣਾ ਵੇਸ ਵਟਾਇਆ । ਹਰਿ ਹਰਿ ਵੇਸ ਜਗਤ ਅਵੱਲਾ, ਏਕਾ ਏਕ ਅਖਵਾਈਆ । ਬੈਠਾ ਰਹੇ ਇਕ ਇਕੱਲਾ, ਲੱਖ ਚੁਰਾਸੀ ਰਿਹਾ ਸਮਾਈਆ । ਆਪ ਸਮਾਏ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਆਪੇ ਡੇਰਾ ਲਾਈਆ । ਆਪਣਾ ਦੀਪਕ ਆਪ ਬਲਾ, ਆਪ ਕਰੇ ਰੁਸ਼ਨਾਈਆ । ਆਪਣਾ ਸਿੰਘਾਸਣ ਆਪ ਸੁਹਾ, ਆਪੇ ਬੈਠਾ ਬੇਐਬ ਪਰਵਰਦਿਗਾਰ ਸਾਚਾ ਮਾਹੀਆ । ਜੋਤੀ ਸ਼ਬਦੀ ਆਪੇ ਰਲਾ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾਈਆ । ਜੁਗ ਕਰਤਾ ਹਰਿ ਕਰਤਾਰ, ਏਕਾ ਰੰਗ ਸਮਾਇਆ । ਲੋਕਮਾਤ ਲਏ ਅਵਤਾਰ, ਆਪ ਆਪਣੀ ਰਚਨ ਰਚਾਇਆ । ਲੱਖ ਚੁਰਾਸੀ ਪਾਵੇ ਸਾਰ, ਜੀਆਂ ਜੰਤਾਂ ਵੇਖ ਵਖਾਇਆ । ਸਾਧਾਂ ਸੰਤਾਂ ਕਰ ਪਿਆਰ, ਆਤਮ

ਬ੍ਰਹਮ ਜਣਾਇਆ । ਅੰਦਰ ਮੰਦਰ ਖੋਲ੍ਹ ਕਿਵਾੜ, ਆਪ ਆਪਣਾ ਦਰ ਸੁਹਾਇਆ । ਕਰ ਪ੍ਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਮਿਟਾਇਆ । ਮੇਟ ਮਿਟਾਏ ਪੰਚਮ ਧਾੜ, ਜੂਠ ਝੂਠ ਰਹਿਣ ਨਾ ਪਾਇਆ । ਧਰਮ ਰਖਾਏ ਇਕ ਅਖਾੜ, ਤਾਲ ਤਲਵਾੜਾ ਇਕ ਵਜਾਇਆ । ਦਰ ਘਰ ਸਾਚੇ ਦੇਵੇ ਵਾੜ, ਘਰ ਘਰ ਵਿਚ ਮੇਲ ਮਿਲਾਇਆ । ਚੌਥੇ ਪੌੜੇ ਆਪ ਚਾੜ੍ਹ, ਪਰਮਾਨੰਦ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇਆ । ਜੁਗ ਜੁਗ ਖੇਲ ਖੇਲਣਹਾਰਾ, ਏਕਾ ਏਕੰਕਾਰਿਆ । ਲੋਕਮਾਤ ਹੋ ਉਜਿਆਰਾ, ਖੇਲੇ ਖੇਲ ਸਰਬ ਸੰਸਾਰਿਆ । ਜਨ ਭਗਤਾਂ ਦੇਵੇ ਨਾਮ ਅਧਾਰਾ, ਏਕਾ ਨਾਉਂ ਵੰਞ ਮੁਹਾਣਿਆ । ਆਪੇ ਲਾਏ ਪਾਰ ਕਿਨਾਰਾ, ਵਡ ਦਾਤਾ ਹਰਿ ਮਿਹਰਬਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖਣਹਾਰਾ ਦਰ, ਲੋਕਮਾਤ ਹੋਏ ਪ੍ਰਧਾਨਿਆ । ਲੋਕਮਾਤ ਨਰ ਨਰੇਸ਼, ਏਕਾ ਏਕ ਅਖਵਾਇੰਦਾ । ਆਪ ਆਪਣੀ ਦਏ ਅਦੇਸ, ਆਪ ਆਪਣਾ ਸਗਨ ਮਨਾਇੰਦਾ । ਆਪੇ ਦਾਤਾ ਦਾਨੀ ਦਸ ਦਸਮੇਸ, ਆਪ ਆਪਣਾ ਘਰ ਸੁਹਾਇੰਦਾ । ਆਪ ਆਪਣੇ ਨੇਤਰ ਆਪੇ ਪੇਖ, ਆਪ ਆਪਣਾ ਪਰਦਾ ਲਾਹਿੰਦਾ । ਆਪੇ ਲਿਖਣਹਾਰਾ ਲੇਖ, ਆਪੇ ਲੇਖਾ ਅੰਤਮ ਮੇਟ ਮਿਟਾਇੰਦਾ । ਆਪ ਉਪਾਏ ਧਾਰੀ ਕੇਸ, ਮੂੰਡ ਮੁੰਡਾਏ ਸੰਗ ਰਖਾਇੰਦਾ । ਆਪ ਜਗਾਏ ਬ੍ਰਹਮਾ ਵਿਸ਼ਨੂੰ ਮਹੇਸ਼ ਗਨੇਸ਼, ਕਰੋੜ ਤੇਤੀਸਾ ਆਪ ਉਠਾਇੰਦਾ । ਆਪ ਆਪਣਾ ਕਰਿਆ ਵੇਸ, ਕਲਜੁਗ ਦਰ ਦਰਵੇਸ਼ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਨੂਰ ਚਮਕਾਇੰਦਾ । ਨੂਰੋ ਨੂਰ ਹਰਿ ਕਰਤਾਰ, ਏਕਾ ਨੂਰ ਕਰੇ ਰੁਸ਼ਨਾਈਆ । ਸ਼ਬਦ ਤੂਰ ਇਕ ਉਪਜਾ, ਲੋਆਂ ਪੁਰੀਆਂ ਆਪ ਸੁਣਾਈਆ । ਸ੍ਰਿਸ਼ਟ ਸਬਾਈ ਦਏ ਜਣਾ, ਜੀਵਾਂ ਜੰਤਾਂ ਆਪ ਜਣਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਲਏ ਜਗਾ, ਰਾਓ ਰੰਕ ਆਪ ਉਠਾਈਆ । ਏਕਾ ਡੰਕਾ ਰਿਹਾ ਵਜਾ, ਚਾਰ ਵਰਨ ਕਰੇ ਕੁੜਮਾਈਆ । ਦੁਆਰ ਬੰਕਾ ਦਏ ਸੁਹਾ, ਧਰਤ ਮਾਤ ਵੱਡੀ ਵਡਿਆਈਆ । ਵਾਸੀ ਪੁਰੀ ਘਨਕਾ ਆਪ ਅਖਵਾ, ਸਚ ਸਿੰਘਾਸਣ ਪੁਰਖ ਅਬਿਨਾਸ਼ੀ ਬੈਠਾ ਡੇਰਾ ਲਾਈਆ । ਜੋਤੀ ਤਨਕਾ ਇਕ ਲਗਾ, ਹਰਿਜਨ ਸਾਚੇ ਵੇਖ ਵਖਾਈਆ । ਮਨ ਕਾ ਮਣਕਾ ਦਏ ਫਿਰਾ, ਮਤ ਬੁੱਧ ਨਾ ਕੋਈ ਚਤੁਰਾਈਆ । ਜਨਨੀ ਜਨ ਲੇਖੇ ਲਏ ਲਗਾ, ਹਰਿ ਹੱਥ ਵੱਡੀ ਵਡਿਆਈਆ । ਚੇਤਨ ਸਤਾ ਆਪ ਉਪਾ, ਆਪੇ ਮੇਲ ਮਿਲਾਈਆ । ਸ਼ਬਦੀ ਦਾਤਾ ਵੇਖ ਵਖਾ, ਰੱਤੀ ਰੱਤ ਆਪ ਸੁਕਾਈਆ । ਧੀਰਜ ਜਤਾ ਧੀਰ ਧਰਾ, ਸਤਿ ਸੰਤੋਖ ਵਿਚ ਸਮਾਈਆ । ਚਰਨ ਕਵਲ ਨਾਤਾ ਆਪ ਬੰਧਾ, ਆਪ ਆਪਣਾ ਵੇਖ ਵਖਾਈਆ । ਥੱਕਾ ਮਾਂਦਾ ਦੋ ਜਹਾਂ, ਚੌਦਾਂ ਲੋਕ ਫੇਰੀ ਪਾਈਆ । ਚੌਦਾਂ ਹੱਟ ਆਪ ਖੁਲ੍ਹਾ, ਤ੍ਰੈ ਭਵਨ ਬੂਝ ਬੁਝਾਈਆ । ਲੋਆਂ ਪੁਰੀਆਂ ਰਿਹਾ ਹਿਲਾ, ਆਪ ਆਪਣੀ ਬਣਤ ਬਣਾਈਆ । ਏਕਾ ਢੋਲਾ ਰਿਹਾ ਗਾ, ਦਾਤਾ ਦਾਨੀ ਧੁਰਦਰਗਾਹੀਆ । ਆਪਣਾ ਚੋਲਾ ਆਪ ਤਜਾ, ਪੰਜ ਤਤ ਨਾ ਕੋਇ ਕੁੜਮਾਈਆ । ਮੌਲਾ ਮੌਲਾ ਰੂਪ ਆਪ ਹੋ ਜਾ, ਨੂਰ ਇਲਾਹੀ ਆਪ ਖ਼ੁਦਾਈਆ । ਰਾਮ ਰਾਮਾ ਵੇਸ ਵਟਾ, ਆਪ ਆਪਣੀ ਕਲ ਵਰਤਾਈਆ । ਨਾਨਕ ਗੋਬਿੰਦ ਲੇਖ ਲਿਖਾ, ਆਪੇ ਵੇਖ ਵਖਾਈਆ । ਦਰ ਦਰਵੇਸ਼ਾ ਫੇਰੀ ਪਾ, ਅਲੱਖ ਨਿਰੰਜਣ ਅਲੱਖ ਜਗਾਈਆ । ਅਗੰਮ ਅਗੰਮੜੇ ਧਾਮ ਸੁਹਾ, ਅਗੰਮੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਬਣਤ ਬਣਾਈਆ । ਸ਼ਬਦ ਸੁਹੇਲਾ ਹਰਿ ਬਨਵਾਰੀ, ਆਪਣਾ ਰੂਪ ਵਟਾਇਆ । ਨਿਰਗੁਣ ਜੋਤੀ ਕਰ ਉਜਿਆਰੀ,

ਸਰਗੁਣ ਮੇਲ ਮਿਲਾਇਆ । ਆਪੇ ਬੈਠਾ ਅੱਧਵਿਚਕਾਰੀ, ਦਿਸ ਕਿਸੇ ਨਾ ਆਇਆ । ਨਾਮ ਖੰਡਾ ਤੇਜ਼ ਕਟਾਰੀ, ਗੋਬਿੰਦ ਹੱਥ ਉਠਾਇਆ । ਕੂੜੀ ਕਿਰਿਆ ਕਰੇ ਖ਼ਵਾਰੀ, ਜੂਠ ਝੂਠ ਰਹਿਣ ਨਾ ਪਾਇਆ । ਤੋੜਣਹਾਰਾ ਗੜ੍ਹ ਹੰਕਾਰੀ, ਏਕਾ ਕਰਮ ਕਮਾਇਆ । ਜਨ ਭਗਤਾਂ ਮੇਲਾ ਸਚ ਦਵਾਰੀ, ਆਤਮ ਬ੍ਰਹਮ ਜਣਾਇਆ । ਪਾਰਬ੍ਰਹਮ ਸੱਚੀ ਸਿਕਦਾਰੀ, ਦੋ ਜਹਾਨਾਂ ਵੇਖ ਵਖਾਇਆ । ਲੱਖ ਚੁਰਾਸੀ ਕਰੇ ਕਾਰੀ, ਕਾਰਜ ਕਰਤਾ ਨਾਉਂ ਉਪਾਇਆ । ਧਰਨੀ ਧਰਤ ਧਵਲ ਹੋਏ ਪਨਿਹਾਰੀ, ਆਪ ਆਪਣਾ ਦਰ ਸੁਹਾਇਆ । ਰਵ ਸਸ ਰਹੇ ਪੁਕਾਰੀ, ਮੰਡਲ ਮੰਡਪ ਦਏ ਦੁਹਾਇਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰੀ, ਅੱਠੇ ਨੇਤਰ ਨੀਰ ਵਹਾਇਆ । ਸ਼ਿਵ ਸ਼ੰਕਰ ਨਾ ਬੰਨ੍ਹੇ ਕੋਈ ਧਾਰੀ, ਧੀਰਜ ਧੀਰ ਨਾ ਕੋਈ ਧਰਾਇਆ । ਕਰੋੜ ਤੇਤੀਸਾ ਕਰੇ ਪੁਕਾਰੀ, ਕਲਜੁਗ ਵੇਲਾ ਅੰਤਮ ਆਇਆ । ਮੰਡਲ ਮੰਡਪ ਕਰੇ ਗਿਰਿਆਜ਼ਾਰੀ, ਦਿਵਸ ਰੈਣ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਲੇਖ ਲਿਖਾਇਆ । ਆਪਣਾ ਲੇਖਾ ਆਪੇ ਲਿਖ, ਆਪੇ ਲੇਖ ਲਿਖਾਇੰਦਾ । ਆਪਣੀ ਸਿਖਿਆ ਆਪੇ ਸਿਖ, ਆਪੇ ਬੂਝ ਬੁਝਾਇੰਦਾ । ਆਪਣੀ ਭਿਛਿਆ ਪਾਏ ਭਿਖ, ਆਪਣਾ ਦਰ ਸੁਹਾਇੰਦਾ । ਆਪ ਆਪਣੀ ਮੇਟੇ ਤ੍ਰਿਖ, ਜਗਤ ਤ੍ਰਿਸ਼ਨਾ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰਤੜਾ ਹਰਿ ਨਿਰੰਕਾਰ, ਏਕਾ ਜੋਤ ਜਗਾਈਆ । ਆਦਿ ਜੁਗਾਦੀ ਸਾਂਝਾ ਯਾਰ, ਚਾਰ ਵਰਨਾਂ ਇਕ ਸਰਨਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਧਾਮ ਇਕ ਦਵਾਰ, ਏਕਾ ਬੂਝ ਬੁਝਾਈਆ । ਏਕਾ ਬੈਠਾ ਸਚ ਦਵਾਰ, ਸਚ ਸਿੰਘਾਸਣ ਆਸਣ ਲਾਈਆ । ਏਕਾ ਜੋਤੀ ਹੋ ਉਜਿਆਰ, ਨਿਰਗੁਣ ਨੂਰੋ ਨੂਰ ਸਮਾਈਆ । ਏਕਾ ਹਾਟੀ ਵਣਜ ਵਪਾਰ, ਏਕਾ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਕਰੇ ਰੁਸ਼ਨਾਈਆ । ਲੱਖ ਚੁਰਾਸੀ ਜੋਤ ਜਗਾ, ਆਪਣਾ ਕਰਮ ਕਮਾਇਆ । ਦੀਵਾ ਬਾਤੀ ਇਕ ਟਿਕਾ, ਜੋਤ ਨਿਰੰਜਣ ਸੇਵਾ ਲਾਇਆ । ਬਜ਼ਰ ਕਪਾਟੀ ਕੁੰਡਾ ਲਾਹ, ਆਪ ਆਪਣਾ ਮੁਖ ਛੁਪਾਇਆ । ਭਗਤ ਸੁਹੇਲੇ ਆਪ ਉਠਾ, ਆਪ ਆਪਣੀ ਬੂਝ ਬੁਝਾਇਆ । ਗੁਰ ਗੁਰ ਚੇਲੇ ਲਏ ਮਿਲਾ, ਏਕਾ ਮਾਰਗ ਲਾਇਆ । ਅੰਤਮ ਵੇਲੇ ਹੋ ਸਹਾ, ਲੱਖ ਚੁਰਾਸੀ ਫੰਦ ਕਟਾਇਆ । ਸ਼ਬਦ ਡੋਰੀ ਬੰਧਨ ਪਾ, ਨਾਮ ਬਿਬਾਣੇ ਆਪ ਚੜ੍ਹਾਇਆ । ਤਿਲਕ ਲਲਾਟੀ ਚੰਦਨ ਆਪ ਲਗਾ, ਮਸਤਕ ਟਿੱਕਾ ਇਕ ਸੁਹਾਇਆ । ਪਰਮਾਨੰਦਨ ਡੇਰਾ ਲਾ, ਨਿਜਾ ਨੰਦ ਰਸ ਚਖਾਇਆ । ਸਦ ਬਖ਼ਸ਼ੰਦਨ ਆਪ ਅਖਵਾ, ਆਪ ਆਪਣਾ ਧਰਮ ਧਰਾਇਆ । ਜਗਤ ਬੰਧਨ ਤੋੜ ਤੁੜਾ, ਜੁਗ ਜੁਗ ਵੇਸ ਵਟਾਇਆ । ਤ੍ਰੈ ਗੁਣ ਤੇਰਾ ਕੋਈ ਨਾ ਥਾਂ, ਪੰਚਮ ਮੀਤਾ ਨਾ ਕੋਈ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਇਆ । ਤ੍ਰੈਗੁਣ ਮਾਇਆ ਮਾਰੇ ਧਾਹ, ਚਾਰੋਂ ਕੁੰਟ ਰਹੀ ਕੁਰਲਾਈਆ । ਪੰਚ ਵਿਕਾਰਾ ਨਾ ਕੋਈ ਥਾਂ, ਨੇਤਰ ਨੈਣ ਰਹੇ ਸ਼ਰਮਾਈਆ । ਪੰਚਮ ਤਤ ਨਾ ਪਕੜੇ ਬਾਂਹ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਈ ਸਹਾਈਆ । ਸੁਰਤ ਸਵਾਣੀ ਕਰੇ ਨਾਂਹ, ਬ੍ਰਹਮ ਬ੍ਰਹਮ ਨਾ ਕੋਈ ਜਣਾਈਆ । ਨਾਤਾ ਤੁਟਾ ਪਿਤਾ ਮਾਂ, ਸਾਕ ਸੈਣ ਨਾ ਭੈਣ ਭਾਈਆ । ਨਾ ਕੋਈ ਦੇਵੇ ਠੰਡੀ ਛਾਂ, ਕਲਜੁਗ ਅਗਨੀ ਏਕਾ ਡਾਹੀਆ । ਜੀਵ ਜੰਤ ਹੋਏ ਕਾਂ, ਸਾਚੀ ਚੋਗ ਨਾ ਹੰਸ

ਚੁਗਾਈਆ । ਰਾਜ ਰਾਜਾਨ ਨਾ ਕਰੇ ਕੋਈ ਨਿਆਂ, ਜੂਠੀ ਝੂਠੀ ਲਸ਼ਕਰ ਸ਼ਾਹੀਆ । ਨਿਥਾਵਿਆਂ ਦੇਵੇ ਨਾ ਕੋਈ ਥਾਂ, ਗ਼ਰੀਬ ਨਿਮਾਣੇ ਰਹੇ ਕੁਰਲਾਈਆ । ਨਾਨਕ ਲੇਖਾ ਗਿਆ ਸਮਝਾ, ਏਕਾ ਮਤ ਸਮਝਾਈਆ । ਗੁਰ ਚੇਲੇ ਵਸੇ ਸਾਚੇ ਥਾਂ, ਅਕਾਲ ਪੁਰਖ ਮਨਾਈਆ । ਅਕਾਲ ਮੂਰਤ ਬੇਪਰਵਾਹ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਚਲਤ ਚਲਾਈਆ । ਕਲਜੁਗ ਕੂੜ ਕੁੜਿਆਰ ਰਿਹਾ ਉਠ, ਹਰਿ ਸਾਚਾ ਆਪ ਉਠਾਇੰਦਾ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੇਰਾ ਪਾਇੰਦਾ । ਤੀਰ ਨਿਰਾਲਾ ਰਿਹਾ ਛੁੱਟ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਦੋ ਜਹਾਨਾਂ ਕੱਢੇ ਕੁੱਟ, ਵਰਭੰਡੀ ਡੇਰਾ ਲਾਇੰਦਾ । ਖ਼ਾਲੀ ਦੋਵੇਂ ਦਿਸਣ ਹੱਥ, ਜੂਠ ਝੂਠ ਨਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਆਪਣਾ ਸ਼ਬਦ ਸੁਣਾਇੰਦਾ । ਸ਼ਬਦ ਡੰਕਾ ਹਰਿ ਨਿਰੰਕਾਰ, ਏਕਾ ਨਾਮ ਵਜਾਇਆ । ਮਾਇਆ ਮਮਤਾ ਹੋਏ ਖ਼ਵਾਰ, ਜੂਠ ਝੂਠ ਰਹਿਣ ਨਾ ਪਾਇਆ । ਹਉਮੇ ਹੰਗਤਾ ਤੋੜੇ ਗੜ੍ਹ ਹੰਕਾਰ, ਜਗਤ ਤ੍ਰਿਸ਼ਨਾ ਮੇਟ ਮਿਟਾਇਆ । ਸਾਚੀ ਸੰਗਤਾ ਕਰ ਪਿਆਰ, ਨਾਨਕ ਅੰਗਦ ਗਲ ਲਗਾਇਆ । ਧੁਰਦਰਗਾਹੀ ਮੰਗਦਾ ਇਕ ਦਵਾਰ, ਜੁਗ ਜੁਗ ਵੇਸ ਵਟਾਇਆ । ਖੇਲੇ ਖੇਲ ਅਗੰਮ ਅਪਾਰ, ਲੋਕਮਾਤੀ ਫੇਰਾ ਪਾਇਆ । ਜੋਤੀ ਨੂਰ ਨੂਰ ਉਜਿਆਰ, ਸਾਚਾ ਸਾਕੀ ਬਣ ਕੇ ਆਇਆ । ਅੰਮ੍ਰਿਤ ਦੇਵੇ ਨਾਮ ਭੰਡਾਰ, ਏਕਾ ਜਾਮ ਪਿਆਇਆ । ਖੋਲ੍ਹੇ ਹਾਟੀ ਬੰਦ ਕਿਵਾੜ, ਬਜ਼ਰ ਕਪਾਟੀ ਤੋੜ ਤੁੜਾਇਆ । ਦਰ ਘਰ ਸਾਚੇ ਦੇਵੇ ਵਾੜ, ਹਰਿਜਨ ਸਾਚੇ ਵਡ ਵਡਿਆਇਆ । ਆਪੇ ਹੋਏ ਪਿਛੇ ਅਗਾੜ, ਲਹਿਣਾ ਦੇਣਾ ਮੂਲ ਚੁਕਾਇਆ । ਤ੍ਰੈਗੁਣ ਅਗਨੀ ਦੇਵੇ ਸਾੜ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਪਰਦਾ ਆਪੇ ਲਾਹਿਆ । ਕਲਜੁਗ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਆਪਣਾ ਭਾਣਾ ਆਪੇ ਮੰਨ, ਆਪਣੇ ਭਾਣੇ ਆਪ ਸਮਾਈਆ । ਆਪੇ ਰਾਗ ਸੁਣਾਏ ਕੰਨ, ਆਪ ਆਪਣਾ ਰਾਗ ਅਲਾਈਆ । ਆਪਣਾ ਮੇਟੇ ਆਪੇ ਜਨ, ਆਪ ਆਪਣਾ ਭਰਮ ਚੁਕਾਈਆ । ਆਪੇ ਲੇਖੇ ਲਾਏ ਆਪਣਾ ਤਨ, ਪੰਜ ਤਤ ਨਾ ਕੋਈ ਰਖਾਈਆ । ਆਪਣੇ ਘਰ ਆਪਣਾ ਆਪ ਆਪੇ ਲਏ ਬੰਨ੍ਹ, ਬੰਨਣਹਾਰ ਆਪ ਹੋ ਜਾਈਆ । ਆਪਣਾ ਦੇਵਣਹਾਰਾ ਆਪੇ ਡੰਨ, ਆਪੇ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਆਪੇ ਬੇਪਰਵਾਹੀ ਬੇਐਬ ਪਰਵਰਦਿਗਾਰ, ਨੂਰੋ ਨੂਰ ਸਮਾਇਆ । ਹੱਕ ਖ਼ੁਦਾਈ ਸਾਂਝਾ ਯਾਰ, ਏਕਾ ਰੂਪ ਵਟਾਇਆ । ਮੁਕਾਮੇ ਹੱਕ ਮੀਤ ਮੁਰਾਰ, ਪੀਰ ਦਸਤਗੀਰ ਸ਼ਾਹ ਹਕੀਰ ਵੇਖ ਵਖਾਇਆ । ਹੱਕ ਹਕੀਕਤ ਪਾਵੇ ਸਾਰ, ਪਰਦਾ ਉਹਲਾ ਨਾ ਕੋਈ ਜਣਾਇਆ । ਸਚ ਰਫ਼ੀਕ ਹੋ ਤਿਆਰ, ਲੋਕਮਾਤ ਵੇਖ ਵਖਾਇਆ । ਲਾਸ਼ਰੀਕ ਸਾਂਝਾ ਯਾਰ, ਆਪ ਆਪਣਾ ਨਾਉਂ ਧਰਾਇਆ । ਕਲਜੁਗ ਆਈ ਅੰਤ ਹਾਰ, ਸਦੀ ਚੌਧਵੀਂ ਆਪ ਭੁਗਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਭਰਾਨਿਆ । ਕਲਜੁਗ ਤੇਰਾ ਸਾਚਾ ਲਹਿਣਾ, ਹਰਿ ਹਰਿ ਆਪ ਚੁਕਾਇੰਦਾ । ਆਤਮ ਬਸਤਰ ਪਾਏ ਗਹਿਣਾ, ਤਨ ਸ਼ਿੰਗਾਰ ਵਖਾਇੰਦਾ । ਜੂਠ ਝੂਠ ਕੱਜਲ ਨੈਣਾਂ, ਤੇਰਾ ਮੁਖ ਸੁਹਾਇੰਦਾ । ਮਾਇਆ ਮਮਤਾ ਸੰਗ ਹੋ ਨਾ

੯੨੪
੦੭

ਬਹਿਣਾ, ਸਗਲਾ ਸੰਗ ਨਿਭਾਇੰਦਾ । ਸ਼ੌਹ ਦਰਯਾਏ ਅੰਤਮ ਪੈਣਾ, ਏਕਾ ਦਰ ਵਖਾਇੰਦਾ । ਪੁਰਖ ਅਬਿਨਾਸ਼ੀ ਸਾਚਾ ਕਹਿਣਾ, ਨਾ ਕੋਈ ਗੇੜ ਕਟਾਇੰਦਾ । ਆਦਿ ਜੁਗਾਦਿ ਕਿਸੇ ਨਾ ਰਹਿਣਾ, ਜੋ ਘੜਿਆ ਭੰਨ ਵਖਾਇੰਦਾ । ਸਤਿਜੁਗ ਸਾਚੇ ਧਰਤ ਮਾਤ ਦੀ ਗੋਦੀ ਬਹਿਣਾ, ਹਰਿ ਸਾਚਾ ਜਨਮ ਦਵਾਇੰਦਾ । ਏਕਾ ਸ਼ਬਦ ਰਸਨਾ ਕਹਿਣਾ, ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮੇਟ ਮਿਟਾਏ ਤੇਰੀ ਅੰਤਰ ਧਾਰ, ਪ੍ਰਗਟ ਹੋ ਵਿਚ ਸੰਸਾਰ, ਆਪ ਆਪਣਾ ਕਰਮ ਕਮਾਇੰਦਾ । ਕਰਨਹਾਰ ਹਰਿ ਸਮਰਥ, ਆਦਿ ਜੁਗਾਦਿ ਅਖਵਾਇਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਹੱਥ, ਕਲਜੁਗ ਵੰਡ ਵੰਡਾਇਆ । ਜਗਤ ਮੁਨਾਰਾ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਇਆ । ਲਹਿਣਾ ਦੇਣਾ ਚੁੱਕੇ ਤੀਰਥ ਅਠਸਠ, ਗੰਗਾ ਗੋਦਾਵਰੀ ਮੁਖ ਸ਼ਰਮਾਇਆ । ਗੇੜਣਹਾਰਾ ਉਲਟੀ ਲੱਠ, ਜੁਗ ਜੁਗ ਆਪਣਾ ਨਾਉਂ ਧਰਾਇਆ । ਤ੍ਰੈਗੁਣ ਮਾਇਆ ਭੱਠ, ਜੋਤੀ ਲੰਬੂ ਲਾਇਆ । ਸ੍ਰਿਸ਼ਟ ਸਬਾਈ ਹੋਈ ਭੱਠ, ਹਰਿ ਸਾਚੇ ਖੇਲ ਰਚਾਇਆ । ਸੰਤ ਸੰਤ ਸੁਹੇਲੇ ਮੇਲ ਮਿਲਾਏ ਨੱਠ ਨੱਠ, ਦਿਵਸ ਰੈਣ ਸੇਵ ਕਮਾਇਆ । ਹਰਿ ਚਰਨ ਦਵਾਰੇ ਇਕ ਇਕੱਠ, ਏਕਾ ਧਾਮ ਸੁਹਾਇਆ । ਦੇਵਣਹਾਰਾ ਸਾਚੀ ਵੱਥ, ਸਤਿਜੁਗ ਮਾਰਗ ਲਾਇਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਫੇਰਾ ਪਾਇਆ । ਕਲਜੁਗ ਅੰਤਮ ਦੇਵੇ ਮਥ, ਨਾਮ ਮਧਾਣਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਉਪਾਇਆ ਹਰਿ ਨਿਰੰਕਾਰ, ਆਪਣਾ ਆਪ ਦਰਸਾਇੰਦਾ । ਇਕ ਇਕੱਲਾ ਵੇਖ ਵਿਚਾਰ, ਅਕਲ ਕਲਾ ਅਖਵਾਇੰਦਾ । ਜੋਗੀ ਜਗਤ ਨਾ ਕੋਈ ਵਿਚਾਰ, ਤਪੀ ਤਪੀਸ਼ਰ ਨਾ ਮੇਲ ਮਿਲਾਇੰਦਾ । ਤਪੀ ਤਪੀਸ਼ਰ ਗਏ ਹਾਰ, ਬੰਧ ਬੰਧਨ ਨਾ ਕੋਈ ਪਾਇੰਦਾ । ਤਨ ਲੰਗੋਟੀ ਹੋਏ ਖ਼ਵਾਰ, ਸਾਚੀ ਚੋਟੀ ਨਾ ਕੋਈ ਚੜ੍ਹਾਇੰਦਾ । ਬੋਟੀ ਬੋਟੀ ਕਰਨਹਾਰ, ਜਗਤ ਤ੍ਰਿਸ਼ਨਾ ਨਾ ਕੋਈ ਬੁਝਾਇੰਦਾ । ਵਾਸਨਾ ਖੋਟੀ ਹੋਈ ਵਿਭਚਾਰ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਸਾਧਾਂ ਸੰਤਾਂ ਆਈ ਹਾਰ, ਘਰ ਮੰਗਲ ਨਾ ਕੋਈ ਗਾਇੰਦਾ । ਸੁਰਤੀ ਸ਼ਬਦ ਨਾ ਕੋਈ ਪਿਆਰ, ਅਨਹਦ ਤਾਲ ਨਾ ਕੋਈ ਵਜਾਇੰਦਾ । ਮਿਲੇ ਮੇਲ ਨਾ ਮੀਤ ਮੁਰਾਰ, ਅੰਗੀਕਾਰ ਨਾ ਕੋਈ ਕਰਾਇੰਦਾ । ਨੌਂ ਦੁਆਰੇ ਹਾਹਾਕਾਰ, ਧਰਮ ਖੰਡ ਨਾ ਕੋਈ ਜਣਾਇੰਦਾ । ਹਰਿਜਨ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਅੰਤਰ ਆਤਮ ਇਕ ਪਿਆਰ, ਏਕਾ ਰੰਗ ਸਮਾਇੰਦਾ । ਕਵਲ ਨਾਭ ਅੰਮ੍ਰਿਤ ਧਾਰ, ਠਾਂਡਾ ਜਲ ਵਰਤਾਇੰਦਾ । ਸਾਂਤਕ ਸਤਿ ਸਤਿ ਰੂਪ ਕਰਤਾਰ, ਸਤਿ ਸੰਤੋਖ ਆਪ ਰਖਾਇੰਦਾ । ਮਨਮੁੱਖ ਭੁਲਾਏ ਜੀਵ ਗਵਾਰ, ਆਪ ਆਪਣਾ ਭੇਵ ਛੁਪਾਇੰਦਾ । ਸਰਬ ਕਲਾ ਸਮਰਥ ਆਪ ਨਿਰੰਕਾਰ, ਦਿਸ ਕਿਸੇ ਨਾ ਆਇੰਦਾ । ਸਗਲ ਵਸੂਰੇ ਜਾਇਣ ਲੱਥ, ਨੇਤਰ ਲੋਚਣ ਜੋ ਜਨ ਦਰਸ਼ਨ ਪਾਇੰਦਾ । ਜੁਗ ਜੁਗ ਮਹਿਮਾ ਅਕਥਨਾ ਅਕੱਥ, ਕਥਨੀ ਕਥ ਨਾ ਕੋਈ ਕਥਾਇੰਦਾ । ਸਤਿਜੁਗ ਸਾਚੇ ਦੇਵੇ ਵਥ, ਸੋ ਪੁਰਖ ਨਿਰੰਜਣ ਮਾਤ ਧਰਾਇੰਦਾ । ਹੰ ਹੰਗਤਾ ਦੇਵੇ ਮਥ, ਬ੍ਰਹਮ ਬ੍ਰਹਮ ਰੂਪ ਦਰਸਾਇੰਦਾ । ਹੰ ਬ੍ਰਹਮ ਪਾਰਬ੍ਰਹਮ ਪਾਏ ਨੱਥ, ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ । ਹਰਿ ਹਰਿ ਨਾਉਂ ਨਿਹਕਲੰਕ, ਕਲਜੁਗ ਵੱਜੀ ਵਧਾਈਆ । ਆਪੇ ਰਾਓ ਆਪੇ ਰੰਕ, ਸ਼ਾਹ ਸੁਲਤਾਨ ਆਪ ਹੋ ਜਾਈਆ । ਆਪ ਸੁਹਾਏ ਆਪਣਾ ਬੰਕ, ਬੰਕ ਦਵਾਰੀ ਵੇਸ

ਵਟਾਈਆ । ਭਗਤ ਭਗਤੀ ਲਾਏ ਤਨਕ, ਆਪੇ ਝੋਲੀ ਭਿਛਿਆ ਪਾਈਆ । ਆਪੇ ਖੇਲੇ ਖੇਲ ਬਾਰ ਅਨਕ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਪ੍ਰਗਟ ਹੋਇਆ ਵਾਸੀ ਪੁਰੀ ਘਨਕ, ਸੰਬਲ ਨਗਰੀ ਡੇਰਾ ਲਾਈਆ । ਮੇਟਣਹਾਰਾ ਜਗਤ ਸ਼ੰਕ, ਕਲਜੁਗ ਝੂਠਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦ ਵੇਖ ਵਖਾਈਆ । ਗੋਬਿੰਦ ਸਾਚਾ ਖੇਲ ਖਲਾਵਣਾ, ਹਰਿ ਹੱਥ ਵੱਡੀ ਵਡਿਆਈਆ । ਏਕਾ ਨਗਰ ਧਾਮ ਸੁਹਾਵਣਾ, ਮਹੱਲ ਅਟੱਲ ਕਰ ਰੁਸ਼ਨਾਈਆ । ਸਚ ਪ੍ਰਕਾਸ਼ ਇਕ ਕਰਾਵਣਾ, ਅੰਧ ਅੰਧੇਰ ਮਿਟਾਈਆ । ਕਲਗੀ ਤੋੜਾ ਸੀਸ ਚਮਕਾਵਣਾ, ਜੋਤੀ ਜੋਤ ਜੋਤ ਮਿਲਾਈਆ । ਸ਼ਾਹ ਅਸਵਾਰ ਇਕ ਅਖਵਾਵਣਾ, ਸੋਲਾਂ ਕਲੀਆਂ ਆਸਣ ਪਾਈਆ । ਨੀਲੀ ਧਾਰੋਂ ਪਾਰ ਕਰਾਵਣਾ, ਆਪ ਆਪਣੇ ਅੰਕ ਸਮਾਈਆ । ਸਾਚਾ ਗੜ੍ਹ ਬੰਕ ਸੁਹਾਵਣਾ, ਘਰ ਸਾਚਾ ਵੇਖ ਵਖਾਈਆ । ਨੇਤਰ ਨੈਣ ਕਿਸੇ ਦਿਸ ਨਾ ਆਵਣਾ, ਚਾਰੋਂ ਕੁੰਟ ਵੇਖੇ ਸਰਬ ਲੋਕਾਈਆ । ਭੇਵ ਅਭੇਦਾ ਭੇਵ ਛੁਪਾਵਣਾ, ਵੇਦ ਵਿਆਸ ਰਿਹਾ ਕੁਰਲਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚਾ ਟਿੱਲਾ ਪਰਬਤ ਇਕ ਸੁਹਾਵਣਾ, ਚੜ੍ਹ ਬੈਠਾ ਧੁਰਦਰਗਾਹੀਆ । ਨਾਮ ਖੰਡਾ ਇਕ ਚਮਕਾਵਣਾ, ਇਕ ਧਾਰਾ ਰਿਹਾ ਵਖਾਈਆ । ਰਸਨਾ ਚਿੱਲਾ ਇਕ ਚੜ੍ਹਾਵਣਾ, ਇਕ ਨਿਸ਼ਾਨ ਤਕਾਈਆ । ਨੌਂ ਖੰਡ ਪ੍ਰਿਥਮੀ ਫੇਰਾ ਪਾਵਨਾ, ਸੱਤਾਂ ਦੀਪਾਂ ਵੇਖ ਵਖਾਈਆ । ਏਕਾ ਸ਼ਸਤਰ ਆਪ ਉਠਾਵਣਾ, ਨਾ ਹੋਏ ਕੋਈ ਸਹਾਈਆ । ਤੇਰਾ ਲਹਿਣਾ ਦੇਣਾ ਅੰਤ ਚੁਕਾਵਣਾ, ਵੇਲੇ ਅੰਤਮ ਮੇਟਣਹਾਰਾ ਝੂਠੀ ਛਾਹੀਆ । ਰਾਜ ਰਾਜਾਨ ਕੋਈ ਰਹਿਣ ਨਾ ਪਾਵਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਸੀਸ ਤਾਜ ਦਿਸ ਨਾ ਆਵਣਾ, ਛੱਤਰ ਸੀਸ ਨਾ ਕੋਈ ਝੁਲਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਵਣਾ, ਚਾਰੋਂ ਕੁੰਟ ਪਾਏ ਦੁਹਾਈਆ । ਦਰ ਦਰਵੇਸ਼ ਦਰ ਦਰਬਾਨ ਫਿਰਾਵਣਾ, ਮਿਹਰਬਾਨ ਸਾਰ ਨਾ ਪਾਈਆ । ਗੋਪੀ ਕਾਹਨ ਨਾ ਕੋਈ ਨਚਾਵਣਾ, ਨਾਮ ਬੰਸਰੀ ਇਕ ਵਜਾਈਆ । ਸੀਤਾ ਸੁਰਤੀ ਰਾਮ ਮਿਲਾਵਣਾ, ਘਰ ਮੇਲਾ ਸਾਚੇ ਮਾਹੀਆ । ਨਾਨਕ ਨਿਰਗੁਣ ਧਾਰ ਚਲਾਵਣਾ, ਧੁਰ ਦਰਬਾਰ ਵੱਡੀ ਵਡਿਆਈਆ । ਏਕਾ ਸ਼ਬਦ ਅਲੱਖ ਨਿਰੰਜਣ ਗਾਵਣਾ, ਆਪ ਆਪਣਾ ਰੂਪ ਦਰਸਾਈਆ । ਗੋਬਿੰਦ ਜੋਧਾ ਸੂਰਬੀਰ ਉਠਾਵਣਾ, ਆਪ ਆਪਣਾ ਬਣੇ ਸਹਾਈਆ । ਅਗੰਮ ਅਗੰਮੜੀ ਖੇਲ ਖਿਲਾਵਣਾ, ਅਗੰਮੜੀ ਧਾਰ ਵਹਾਈਆ । ਕਲਜੁਗ ਤੇਰਾ ਵੇਸ ਚੁਕਾਵਣਾ, ਮੇਟੇ ਕੂੜੀ ਸ਼ਾਹੀਆ । ਸਤਿਜੁਗ ਸਾਚਾ ਧਰਤ ਮਾਤ ਧਰਾਵਣਾ, ਧਰਤ ਧਵਲ ਆਪ ਸੁਹਾਈਆ । ਏਕਾ ਮਾਰਗ ਸੱਚਾ ਲਾਵਣਾ, ਚਾਰ ਵਰਨ ਸੱਚੀ ਸਰਨਾਈਆ । ਸਚ ਨਿਸ਼ਾਨਾ ਇਕ ਰਖਾਵਣਾ, ਧਰਮੀ ਧਰਮ ਕਮਾਈਆ । ਧੁਨ ਅਨਾਦੀ ਨਾਦ ਵਜਾਵਣਾ, ਆਤਮ ਬ੍ਰਹਮ ਮਿਲਾਈਆ । ਬ੍ਰਹਮ ਬ੍ਰਹਮ ਵੇਖ ਵਖਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਜੁਗ ਸਾਚਾ ਕਰਮ ਕਮਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਨੂਰ ਹਾਜ਼ਰ ਹਜ਼ੂਰ ਨਿਹਕਲੰਕ ਆਪ ਹੋ ਜਾਈਆ ।



* ੧੮ ਮੱਘਰ ੨੦੧੫ ਬਿਕ੍ਰਮੀ ਤ੍ਰਲੋਕ ਸਿੰਘ ਦੇ ਘਰ ਮਹੱਲਾ ਘੁੰਮਿਆਰਾਂ ਸੁਨਾਮ ਸ਼ਹਿਰ *

ਆਦਿ ਜੁਗਾਦਿ ਜੁਗਾ ਜੁਗੰਤਰ, ਏਕਾ ਏਕੰਕਾਰਿਆ । ਅਬਿਨਾਸ਼ੀ ਪੁਰਖ ਜਾਣੇ ਘਟ ਅੰਤਰ, ਲੱਖ ਚੁਰਾਸੀ ਆਪ ਸਮਾ ਰਿਹਾ । ਆਪ

ਜਣਾਏ ਆਪਣਾ ਮੰਤਰ, ਧੁਨ ਅਨਾਦੀ ਸ਼ਬਦ ਵਜਾ ਰਿਹਾ । ਲੋਕਮਾਤ ਬਣਾਏ ਸਾਚੀ ਬਣਤਰ, ਇਕ ਇਕੱਲਾ ਵੇਖ ਵਖਾ ਰਿਹਾ । ਖੇਲੇ ਖੇਲ ਗਗਨ ਗਗਨੰਤਰ, ਧਰਤ ਧਵਲ ਸੁਹਾ ਰਿਹਾ । ਮੇਟਣਹਾਰਾ ਮਨ ਮਨਵੰਤਰ, ਬ੍ਰਹਮਾ ਵਿਸ਼ਨ ਸ਼ਿਵ ਉਠਾ ਰਿਹਾ । ਖੇਲੇ ਖੇਲ ਦੇਸ ਦਸੰਤਰ, ਲੋਆਂ ਪੁਰੀਆਂ ਆਪ ਹਿਲਾ ਰਿਹਾ । ਤ੍ਰੈਗੁਣ ਤਤ ਇਕ ਬਸੰਤਰ, ਆਪ ਆਪਣੀ ਅਗਨ ਜਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਖੇਲ ਖਿਲਾ ਰਿਹਾ । ਪੁਰਖ ਅਕਾਲ ਹਰਿ ਗੋਪਾਲ, ਆਦਿ ਜੁਗਾਦਿ ਸਮਾਇਆ । ਦੀਨਾਂ ਬੰਧਪ ਦੀਨ ਦਿਆਲ, ਜੁਗ ਕਰਤਾ ਨਾਉਂ ਰਖਾਇਆ । ਲੱਖ ਚੁਰਾਸੀ ਕਾਇਆ ਵੇਖ ਸੱਚੀ ਧਰਮਸਾਲ, ਘਰ ਘਰ ਵਿਚ ਡੇਰਾ ਲਾਇਆ । ਏਕਾ ਸ਼ਬਦ ਸ਼ਬਦ ਦਲਾਲ, ਜੁਗ ਜੁਗ ਆਪਣਾ ਮਾਤ ਚਲਾਇਆ । ਅਨਹਦ ਵਜਾਏ ਸਾਚਾ ਤਾਲ, ਤਾਲ ਤਲਵਾੜਾ ਇਕ ਰਖਾਇਆ । ਜੋਤ ਨਿਰੰਜਣ ਦੀਪਕ ਬਾਲ, ਹਰ ਘਟ ਆਪੇ ਵੇਖ ਵਖਾਇਆ । ਦੇਵਣਹਾਰਾ ਨਾਮ ਸੱਚਾ ਧੰਨ ਮਾਲ, ਤਨ ਖ਼ਜ਼ੀਨਾ ਇਕ ਭਰਾਇਆ । ਆਪੇ ਸ਼ਾਹ ਆਪੇ ਕੰਗਾਲ, ਵਣਜ ਵਣਜਾਰਾ ਨਾਉਂ ਧਰਾਇਆ । ਆਦਿ ਜੁਗਾਦੀ ਅਵੱਲੜੀ ਚਾਲ, ਜੁਗ ਜੁਗ ਵੇਸ ਵਟਾਇਆ । ਭਗਤ ਸੁਹੇਲਾ ਸਦਾ ਰਖਵਾਲ, ਨਿਹਕਰਮੀ ਕਰਮ ਕਮਾਇਆ । ਮੇਲ ਮਿਲਾਵਾ ਕਾਲ ਮਹਾਂਕਾਲ, ਦਵਾਰ ਬੰਕਾ ਇਕ ਸੁਹਾਇਆ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਇਆ । ਕਰਨਹਾਰਾ ਸਦਾ ਪ੍ਰਿਤਪਾਲ, ਪਾਰਬ੍ਰਹਮ ਪ੍ਰਭ ਵੇਸ ਵਟਾਇਆ । ਵਸੇ ਧਾਮ ਇਕ ਨਿਰਾਲ, ਅਗੰਮ ਅਗੰਮੜਾ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਉਂ ਨਿਰੰਕਾਰ ਏਕੰਕਾਰਾ ਰੂਪ ਦਰਸਾਇਆ । ਲੱਖ ਚੁਰਾਸੀ ਆਪੇ ਦਾਤਾ, ਆਪੇ ਬਣਤ ਬਣਾਈਆ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਆਪਣੀ ਕਲ ਵਰਤਾਈਆ । ਆਪੇ ਪਿਤਾ ਆਪੇ ਮਾਤਾ, ਪਿਤਾ ਪੂਤ ਆਪ ਹੋ ਜਾਈਆ । ਆਪੇ ਜੋੜੇ ਆਪਣਾ ਨਾਤਾ, ਆਪੇ ਤੋੜ ਤੁੜਾਈਆ । ਆਪੇ ਵੇਖੇ ਆਪਣੀ ਜ਼ਾਤਾ, ਆਪ ਆਪਣਾ ਧਰਨ ਧਰਾਈਆ । ਆਪ ਚਲਾਏ ਆਪਣਾ ਰਾਥਾ, ਜੁਗ ਜੁਗ ਵੱਡੀ ਵਡਿਆਈਆ । ਆਪ ਨਿਭਾਏ ਸਗਲਾ ਸਾਥਾ, ਵੇਖਣਹਾਰ ਥਾਉਂ ਥਾਈਂਆ । ਆਪੇ ਹੋ ਤ੍ਰਲੋਕੀ ਨਾਥਾ, ਮਾਤ ਪਤਾਲ ਅਕਾਸ਼ ਫੇਰਾ ਪਾਈਆ । ਆਪ ਚਲਾਏ ਆਪਣੀ ਗਾਥਾ, ਆਪ ਆਪਣਾ ਨਾਮ ਜਪਾਈਆ । ਆਪੇ ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਲੱਖ ਚੁਰਾਸੀ ਫੋਲ ਫੋਲਾਈਆ । ਆਪੇ ਪੂਜਾ ਆਪੇ ਪਾਠਾ, ਅੰਤਰ ਮੰਤਰ ਆਪ ਦ੍ਰਿੜਾਈਆ । ਆਪੇ ਤੀਰਥ ਆਪੇ ਤਾਟਾ, ਸਰ ਸਰੋਵਰ ਆਪੇ ਨੁਹਾਈਆ । ਆਪੇ ਜੋਤੀ ਆਪ ਲਿਲਾਟਾ, ਆਪੇ ਰਿਹਾ ਜਗਾਈਆ । ਆਪੇ ਵਸਿਆ ਆਨ ਬਾਟਾ, ਆਪ ਫੰਦਨ ਫੰਦ ਕਟਾਈਆ । ਆਪੇ ਵੇਖੇ ਚੌਦਾਂ ਹਾਟਾ, ਚੌਦਾਂ ਲੋਕ ਆਪ ਸਮਾਈਆ । ਆਪਣਾ ਰਸ ਆਪੇ ਚਾਟਾ, ਅੰਮ੍ਰਿਤ ਸਰ ਸਰੋਵਰ ਆਪ ਭਰਾਈਆ । ਆਪੇ ਖੇਵਟ ਆਪੇ ਖੇਟਾ, ਆਪੇ ਬੇੜਾ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਨਿਰੰਕਾਰਾ, ਏਕਾ ਰੂਪ ਸਮਾਇਆ । ਆਦਿ ਜੁਗਾਦੀ ਗੁਰ ਅਵਤਾਰਾ, ਗੋਬਿੰਦ ਨਾਉਂ ਧਰਾਇਆ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਕਿਸੇ ਨਾ ਪਾਇਆ । ਰੂਪ ਰੰਗ ਤੇ ਵਸਿਆ ਬਾਹਿਰਾ, ਅਨਭਵ ਪ੍ਰਕਾਸ਼ ਕਰਾਇਆ । ਅਚਲ ਮੂਰਤ ਖੇਲ ਨਿਆਰਾ, ਨੇਤਰ ਨੈਣ ਦਿਸ ਨਾ ਆਇਆ । ਮਹੱਲ ਅਟੱਲ ਉਚ ਮੁਨਾਰਾ, ਥਿਰ ਘਰ ਬੈਠਾ ਆਸਣ ਲਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਸਚ ਸਿੰਘਾਸਣ ਇਕ ਵਿਛਾਇਆ । ਰਵ ਸਸ ਨਾ ਕੋਈ ਸਤਾਰਾ, ਸੂਰਜ ਚੰਦ

੬੨੭
੦੭

ਨਾ ਕੋਈ ਚੜ੍ਹਾਇਆ । ਮੰਡਲ ਮੰਡਪ ਨਾ ਕੋਈ ਪਸਾਰਾ, ਗਗਨ ਪਤਾਲ ਨਾ ਕੋਈ ਵਖਾਇਆ । ਆਦਿ ਅੰਤ ਹਰਿ ਹਰਿ ਅਵਤਾਰਾ, ਹਰਿ ਹਰਿ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਘਰ ਸੁਹੰਜਣਾ ਹਰਿ ਨਿਰੰਕਾਰ, ਏਕਾ ਏਕ ਵਖਾਇੰਦਾ । ਆਦ ਨਿਰੰਜਣ ਹੋ ਉਜਿਆਰ, ਏਕਾ ਦੀਪ ਜਗਾਇੰਦਾ । ਦਰਦ ਦੁੱਖ ਭੰਜਣ ਭੈ ਗਿਰਧਾਰ, ਨਾ ਕੋਈ ਦੂਸਰ ਸੰਗ ਰਖਾਇੰਦਾ । ਨਿਰੰਕਾਰ ਨਿਰਾਕਾਰ, ਦਿਸ ਕਿਸੇ ਨਾ ਆਇੰਦਾ । ਸ਼ਬਦ ਸਰੂਪੀ ਏਕਾ ਧਾਰ, ਸਤਿ ਸਤਿ ਅਖਵਾਇੰਦਾ । ਬੇਅੰਤ ਬੇਅੰਤ ਬੇਅੰਤ ਕਰਤਾਰ, ਕਰਤਾ ਕਰਨੀ ਭੇਵ ਨਾ ਆਇੰਦਾ । ਆਦਿ ਅੰਤ ਕਰ ਪਸਾਰ, ਜੁਗ ਜੁਗ ਵੇਸ ਵਟਾਇੰਦਾ । ਖੜਗ ਖੰਡਾ ਨਾ ਕੋਈ ਕਟਾਰ, ਨੇਤਰ ਨੈਣ ਨਾ ਕੋਈ ਵਖਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਆਪ ਆਪਣਾ ਨਾਉਂ ਧਰਾਇੰਦਾ । ਏਕਾ ਸ਼ਬਦ ਸ਼ਬਦ ਜੈਕਾਰ, ਬ੍ਰਹਿਮੰਡਾਂ ਵੇਖ ਵਖਾਇੰਦਾ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਆਪ ਸੁਹਾਇੰਦਾ । ਵਰਭੰਡੀ ਹਰਿ ਹੋ ਤਿਆਰ, ਪੰਜ ਤਤ ਮੇਲ ਮਿਲਾਇੰਦਾ । ਭੇਖ ਪਖੰਡਾ ਦਏ ਨਿਵਾਰ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਲਾਇੰਦਾ । ਅਬਿਨਾਸ਼ੀ ਕਰਤਾ ਹਰਿ ਗਿਰਧਾਰ, ਏਕਾ ਏਕੰਕਾਰਿਆ । ਖੇਲੇ ਖੇਲ ਅਗੰਮ ਅਪਾਰ, ਜੁਗ ਜੁਗ ਵੇਸ ਵਟਾ ਰਿਹਾ । ਨਾਮ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਉਠਾ ਰਿਹਾ । ਤਿਖੀਆਂ ਰੱਖੇ ਦੋਵੇਂ ਧਾਰ, ਦੋ ਜਹਾਨਾਂ ਵੇਖ ਵਖਾ ਰਿਹਾ । ਵੇਖ ਵਖਾਏ ਨੌਂ ਖੰਡ ਪ੍ਰਿਥਮੀ ਏਕਾ ਧਾਰ, ਸੱਤਾਂ ਦੀਪਾਂ ਵੇਖ ਵਖਾ ਰਿਹਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੇਰਾ ਪਾ ਰਿਹਾ । ਲੱਗੇ ਅੱਗ ਬਹੱਤਰ ਨਾੜ, ਜੀਵ ਜੰਤ ਨਾ ਕੋਈ ਬੁਝਾ ਰਿਹਾ । ਦਿਵਸ ਸੁਹਾਏ ਸਤਾਰਾਂ ਹਾੜ, ਲੋਕਮਾਤੀ ਸਗਨ ਮਨਾ ਲਿਆ । ਸ੍ਰਿਸ਼ਟ ਸਬਾਈ ਲੁੱਟੀ ਜਾਏ ਦਿਨ ਦਿਹਾੜ, ਦਿਸ ਕਿਸੇ ਨਾ ਆ ਰਿਹਾ । ਬ੍ਰਹਮ ਵੇਤਾ ਪੁਰੀ ਬ੍ਰਹਮ ਕੱਢੇ ਹਾੜ, ਨੇਤਰ ਰੋ ਰੋ ਨੀਰ ਵਹਾ ਰਿਹਾ । ਸ਼ਿਵ ਸ਼ੰਕਰ ਢਹਿ ਢਹਿ ਪਏ ਚਰਨ ਦਵਾਰ, ਬਾਸ਼ਕ ਤਸ਼ਕਾ ਗਲੋਂ ਲਾਹ ਰਿਹਾ । ਕਰੋੜ ਤੇਤੀਸਾ ਏਕਾ ਨਾਅਰਾ ਰਿਹਾ ਮਾਰ, ਏਕਾ ਰਸਨ ਹਿਲਾ ਰਿਹਾ । ਸੁਰਪਤ ਰਾਜਾ ਹੋਏ ਖ਼ਵਾਰ, ਹਰਿ ਸਾਚਾ ਵੇਖ ਵਖਾ ਰਿਹਾ । ਕਲਜੁਗ ਤੇਰਾ ਪਾਰ ਕਿਨਾਰ, ਗੁਰ ਗੋਬਿੰਦ ਲੇਖ ਲਿਖਾ ਰਿਹਾ । ਨਾਨਕ ਗੁਰ ਸਚ ਅਵਤਾਰ, ਜੋਤੀ ਜੋਤ ਡਗਮਗਾ ਰਿਹਾ । ਇਕ ਇਕੱਲਾ ਏਕੰਕਾਰ, ਆਪਣੀ ਕਲ ਵਰਤਾ ਰਿਹਾ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਆਪ ਸਮਾ ਰਿਹਾ । ਭਗਤੀ ਭਗਤ ਭਗਤ ਭੰਡਾਰ, ਨਾਮ ਨਾਮ ਵਰਤਾ ਰਿਹਾ । ਬੂੰਦ ਰਕਤੀ ਪਾਵੇ ਸਾਰ, ਬ੍ਰਹਮ ਬ੍ਰਹਮ ਵਖਾ ਰਿਹਾ । ਪਾਰਬ੍ਰਹਮ ਪ੍ਰਭ ਖੇਲ ਨਿਆਰ, ਸੋ ਪੁਰਖ ਨਿਰੰਜਣ ਨਾਉਂ ਧਰਾ ਲਿਆ । ਹੰ ਹੰਗਤਾ ਪਾਵੇ ਸਾਰ, ਏਕਾ ਰੂਪ ਦਰਸਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾ ਰਿਹਾ । ਆਦਿ ਨਿਰੰਜਣ ਹਰਿ ਗੋਬਿੰਦ, ਏਕਾ ਧਾਰ ਚਲਾਇੰਦਾ । ਗਹਿਰ ਗੰਭੀਰ ਸਾਗਰ ਸਿੰਧ, ਭੇਵ ਕੋਈ ਨਾ ਪਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਹਰਿ ਆਪ ਆਪਣਾ ਨਾਉਂ ਰਖਾਇੰਦਾ । ਜਨ ਭਗਤਾਂ ਤੋੜੇ ਬਜ਼ਰ ਕਪਾਟੀ ਜਿੰਦ, ਨਾਮ ਖੰਡਾ ਹੱਥ ਉਠਾਇੰਦਾ । ਆਪ ਉਪਾਏ ਸਾਚੀ ਬਿੰਦ, ਸੁਤ ਅਨਾਦੀ ਆਪ ਉਪਜਾਇੰਦਾ । ਲੱਖ ਚੁਰਾਸੀ ਮੇਟੇ ਚਿੰਦ, ਚਾਰ ਵਰਨਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਨੂਰ ਹਰਿ ਕਰਤਾਰ, ਨੂਰੋ ਨੂਰ

ਸਮਾਇਆ । ਕਲਜੁਗ ਖੇਲੇ ਖੇਲ ਅਪਾਰ, ਈਸਾ ਮੂਸਾ ਵੇਖ ਵਖਾਇਆ । ਮੇਲ ਮਿਲਾਵਾ ਮੁਹੰਮਦੀ ਯਾਰ, ਆਪ ਆਪਣਾ ਦਰ ਸੁਹਾਇਆ । ਅੱਲਾ ਰਾਣੀ ਕਰ ਪਿਆਰ, ਏਕਾ ਨਾਅਰਾ ਰਿਹਾ ਸੁਣਾਇਆ । ਐਨਲਹੱਕ ਕਰ ਤਿਆਰ, ਮੁਕਾਮੇ ਹੱਕ ਇਕ ਖ਼ੁਦਾਇਆ । ਸਾਂਝਾ ਪੀਰ ਬੇਐਬ ਪਰਵਰਦਿਗਾਰ, ਨੂਰ ਇਲਾਹੀ ਨਾਉਂ ਧਰਾਇਆ । ਲੇਖੇ ਲਾਏ ਸ਼ਾਹ ਹਕੀਰ, ਆਪ ਆਪਣੀ ਕਿਰਤ ਕਮਾਇਆ । ਚੋਟੀ ਚੜ੍ਹੇ ਆਪ ਅਖ਼ੀਰ, ਉਚਾ ਡੰਡਾ ਹੱਥ ਉਠਾਇਆ । ਹਉਮੇ ਹੰਗਤਾ ਕੱਢੇ ਪੀੜ, ਮਾਇਆ ਮਮਤਾ ਮੋਹ ਚੁਕਾਇਆ, ਲੋਕਮਾਤ ਬੰਨ੍ਹੇ ਬੀੜ, ਏਕਾ ਕਲਮਾ ਨਾਮ ਪੜ੍ਹਾਇਆ । ਕਾਇਨਾਤ ਰਿਹਾ ਚੀਰ, ਆਪ ਆਪਣਾ ਖੇਲ ਖਿਲਾਇਆ । ਵੇਖ ਵਖਾਏ ਮੁਲਾਂ ਸ਼ੇਖ਼ ਔਲੀਏ ਪੀਰ ਦਸਤਗੀਰ, ਨੂਰੋ ਨੂਰ ਸਮਾਇਆ । ਹਰਿ ਭਗਤਾਂ ਦੇਵੇ ਸਾਚਾ ਸੀਰ, ਅੰਮ੍ਰਿਤ ਆਤਮ ਜਾਮ ਪਿਆਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਹੋਏ ਵਹੀਰ, ਚਾਰੋਂ ਕੁੰਟ ਦਰ ਦਰ ਹਲਕਾਇਆ । ਕਿਸੇ ਹੱਥ ਨਾ ਔਣਾ ਅੰਤਮ ਨੀਰ, ਕਲਜੁਗ ਕੂੜਾ ਠੂਠਾ ਭੰਨ ਵਖਾਇਆ । ਗੋਬਿੰਦ ਚਲੇ ਏਕਾ ਤੀਰ, ਪੁਰਖ ਅਕਾਲ ਆਪ ਚੜ੍ਹਾਇਆ । ਕਿਸੇ ਬਾਲਕ ਨਾ ਦੇਵੇ ਮਾਤਾ ਸੀਰ, ਗੋਦੀ ਗੋਦ ਨਾ ਕੋਈ ਸੁਹਾਇਆ । ਸ਼ਾਹ ਸੁਲਤਾਨਾਂ ਲੱਥੇ ਚੀਰ, ਤਖ਼ਤ ਤਾਜ ਦਿਸ ਨਾ ਆਇਆ । ਰਾਏ ਧਰਮ ਮਾਰੇ ਜੰਜ਼ੀਰ, ਏਕਾ ਧੁਰ ਦਾ ਸ਼ਬਦ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇਆ । ਆਦਿਨ ਅੰਤਾ ਹਰਿ ਭਗਵਾਨਾ, ਏਕਾ ਖੇਲ ਖਿਲਾਇੰਦਾ । ਖੇਲੇ ਖੇਲ ਦੋ ਜਹਾਨਾਂ, ਤ੍ਰਲੋਕੀ ਨੰਦਨ ਨਾਉਂ ਧਰਾਇੰਦਾ । ਸ਼ਬਦੀ ਸ਼ਬਦ ਸ਼ਬਦ ਧੁਨਕਾਨਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਲੱਖ ਚੁਰਾਸੀ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਆਪ ਉਠਾਏ ਰਾਜ ਰਾਜਾਨਾਂ, ਸ਼ਾਹੋ ਭੂਪ ਫੇਰੀ ਪਾਇੰਦਾ । ਮੇਲ ਮਿਲਾਏ ਵਿਚ ਮੈਦਾਨਾ, ਸਾਚਾ ਗੜ੍ਹ ਸੁਹਾਇੰਦਾ । ਏਕਾ ਚਿੱਲਾ ਏਕਾ ਤੀਰ ਕਮਾਨਾ, ਏਕਾ ਖੰਡਾ ਖੜਗ ਨਾਮ ਧਰਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਮਰਦ ਮਰਦਾਨਾ ਆਪ ਅਖਵਾਇੰਦਾ । ਗੁਰ ਗੋਬਿੰਦ ਤੇਰਾ ਇਕ ਨਿਸ਼ਾਨਾ, ਹਰਿ ਸਾਚਾ ਆਪ ਲਗਾਇੰਦਾ । ਵੇਖ ਵਖਾਏ ਗੋਪੀ ਕਾਹਨਾ, ਮੰਡਲ ਮੰਡਪ ਆਪ ਵੇਖ ਵਖਾਇੰਦਾ । ਸੀਤਾ ਰਾਮ ਆਪ ਪਛਾਣਾ, ਲੰਕਾ ਗੜ੍ਹ ਤੁੜਾਇੰਦਾ । ਚਾਰ ਯਾਰੀ ਹਰਿ ਪ੍ਰਧਾਨਾ, ਮੁਹੰਮਦ ਮੁਹੰਮਦੀ ਵੇਖ ਵਖਾਇੰਦਾ । ਅੱਲਾ ਰਾਣੀ ਹੋਏ ਹੈਰਾਨਾ, ਨੇਤਰ ਨੀਰ ਵਹਾਇੰਦਾ । ਕਲਜੁਗ ਤੇਰਾ ਝੂਠ ਮਕਾਨਾ, ਹਰਿ ਸਾਚਾ ਫੇਰੀ ਪਾਇੰਦਾ । ਚੌਦਾਂ ਲੋਕ ਵੇਖ ਦੁਕਾਨਾ, ਚੌਦਾਂ ਤਬਕਾਂ ਫੇਰੀ ਪਾਇੰਦਾ । ਅਸਰਾਈਲ ਜ਼ਬਰਾਈਲ ਮੇਕਾਈਲ ਅਸਰਾਫੀਲ ਬਾਲ ਨਿਧਾਨਾ, ਆਪ ਆਪਣੇ ਸੰਗ ਰਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਕਰ ਪ੍ਰਵਾਨਾ, ਅੰਤਮ ਮੂਲ ਚੁਕਾਇੰਦਾ । ਸ਼ਬਦ ਸੁਤ ਨੌਜਵਾਨਾ, ਏਕਾ ਰੰਗ ਰੰਗਾਇੰਦਾ । ਜਿਸ ਜਨ ਦੇਵੇ ਨਾਮ ਤਰਾਨਾ, ਏਕਾ ਬ੍ਰਹਮ ਜਣਾਇੰਦਾ । ਪੂਰਨ ਜੋਤ ਸ੍ਰੀ ਭਗਵਾਨ, ਹਰ ਘਟ ਵੇਖ ਵਖਾਇੰਦਾ । ਦੀਨ ਮਜ਼੍ਹਬ ਨਾ ਕੋਈ ਅਸਲਾਮਾ, ਤੀਸ ਬਤੀਸ ਨਾ ਕੋਈ ਸੁਹਾਇੰਦਾ । ਵੇਖਣਹਾਰਾ ਵੇਦ ਪੁਰਾਨਾ, ਸ਼ਾਸਤਰ ਸਿਮਰਤ ਫੋਲ ਫੁਲਾਇੰਦਾ । ਖਾਣੀ ਬਾਣੀ ਹੋ ਪ੍ਰਧਾਨਾ, ਏਕਾ ਬੂਝ ਬੁਝਾਇੰਦਾ । ਚਾਰ ਵਰਨਾਂ ਇਕ ਗਿਆਨਾ, ਬਰਨ ਅਠਾਰਾਂ ਆਪ ਸਮਝਾਇੰਦਾ । ਏਕਾ ਜੋਤ ਨੂਰੋ ਨੂਰ ਨੁਰਾਨਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਸੱਚਾ ਵੇਖ ਵਖਾਇੰਦਾ । ਸੱਚਾ ਦਰ ਦਰਬਾਰਾ, ਹਰਿ ਹਰਿ ਜੋਤ ਜਗਾਈਆ । ਆਪੇ ਵਸਿਆ ਏਕੰਕਾਰਾ, ਆਪਣੀ ਕਲ ਵਰਤਾਈਆ । ਲੋਕਮਾਤ ਖੇਲ ਅਪਾਰਾ, ਜੁਗ ਕਰਤਾ

ਆਪ ਕਰਾਈਆ । ਨਿਹਕਲੰਕ ਲਏ ਅਵਤਾਰਾ, ਪੰਜ ਤਤ ਕਰੇ ਕੁੜਮਾਈਆ । ਸਾਚੇ ਸੁਤ ਕਰ ਪਿਆਰਾ, ਆਪਣੀ ਗੋਦ ਬਿਠਾਈਆ । ਸੰਬਲ ਨਗਰੀ ਧਾਮ ਨਿਆਰਾ, ਬੈਠਾ ਆਸਣ ਲਾਈਆ । ਜੋਤ ਉਜਿਆਰੀ ਕਰ ਉਜਿਆਰਾ, ਆਪਣਾ ਦੀਪਕ ਆਪ ਜਗਾਈਆ । ਸਚ ਸਮਗਰੀ ਭਰ ਭੰਡਾਰਾ, ਆਪਣਾ ਦਰ ਸੁਹਾਈਆ । ਸਤਿਜੁਗ ਸਾਚੇ ਬਣ ਵਰਤਾਰਾ, ਆਪ ਆਪਣੀ ਸੇਵ ਕਮਾਈਆ । ਸੰਤਾਂ ਭਗਤਾਂ ਗੁਰਮੁਖਾਂ ਗੁਰਸਿਖਾਂ ਦੇਵੇ ਕਰ ਪਿਆਰਾ, ਏਕਾ ਬੂਝ ਬੁਝਾਈਆ । ਆਪਣੇ ਘਰ ਆਪ ਗਿਰਧਾਰਾ, ਏਕਾ ਬੈਠਾ ਸਾਚਾ ਮਾਹੀਆ । ਅੰਮ੍ਰਿਤ ਆਤਮ ਠੰਡੀ ਠਾਰਾ, ਏਕਾ ਮੁਖ ਚੁਆਈਆ । ਏਕਾ ਨਾਮ ਸ਼ਬਦ ਅਨਹਦ ਧਾਰਾ, ਏਕਾ ਰਾਗ ਸੁਣਾਈਆ । ਏਕਾ ਮੰਦਰ ਇਕ ਮਸੀਤ ਏਕਾ ਗੁਰੂਦਵਾਰਾ, ਏਕਾ ਕਾਇਆ ਗੜ੍ਹ ਆਪ ਸੁਹਾਈਆ । ਏਕਾ ਮਹੱਲ ਇਕ ਮੁਨਾਰਾ, ਉਚ ਅਟੱਲ ਆਪ ਰਖਾਈਆ । ਆਪੇ ਬੈਠਾ ਸਿਰਜਣਹਾਰਾ, ਆਪਣਾ ਮੁਖ ਛੁਪਾਈਆ । ਨੌਂ ਦਵਾਰੇ ਖੋਲ੍ਹ ਕਿਵਾੜਾ, ਜੀਵ ਜੰਤ ਭਰਮਾਈਆ । ਕਾਮ ਕਰੋਧ ਲੋਭ ਮੋਹ ਹੰਕਾਰਾ, ਝੂਠਾ ਵਣਜ ਕਰਾਈਆ । ਮਨੂਆ ਮਾਰੇ ਏਕਾ ਨਾਅਰਾ, ਏਕਾ ਬਲ ਜਣਾਈਆ । ਮਤ ਮਤਵਾਲੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਆਪ ਆਪਣੀ ਵੇਖੇ ਧਾਰਾ, ਆਪਣਾ ਮੁਖ ਖੁਲ੍ਹਾਈਆ । ਗੁਰ ਕਾ ਸ਼ਬਦ ਸਭ ਤੇ ਵਸਿਆ ਬਾਹਿਰਾ, ਦਿਸ ਕਿਸੇ ਨਾ ਆਈਆ । ਆਦਿ ਜੁਗਾਦਿ ਬਣ ਵਰਤਾਰਾ, ਗੁਰਮੁਖਾਂ ਝੋਲੀ ਪਾਈਆ । ਨਾਮ ਸਤਿ ਸਤਿ ਕਰਤਾਰਾ, ਨਾਨਕ ਬੂਝ ਬੁਝਾਈਆ । ਏਕੰਕਾਰਾ ਓਅੰਕਾਰਾ, ਓਅੰ ਸੋਹੰ ਰੂਪ ਹੋ ਜਾਈਆ । ਗੁਰ ਗੋਬਿੰਦ ਬਣ ਲਿਖਾਰਾ, ਗੁਰ ਚੇਲਾ ਏਕਾ ਧਾਮ ਰਖਾਈਆ । ਸੋ ਪੁਰਖ ਸਾਚਾ ਗੁਰ, ਹੰ ਸਿਖ ਵਿਚ ਸਮਾਈਆ । ਬ੍ਰਹਮ ਅੰਕ ਲਿਖਿਆ ਧੁਰ, ਪਾਰਬ੍ਰਹਮ ਵਡ ਵਡਿਆਈਆ । ਸੁਰਤੀ ਸ਼ਬਦ ਜਾਏ ਜੁੜ, ਦੂਜਾ ਦਰ ਨਾ ਕੋਈ ਵਖਾਈਆ । ਸਤਿਗੁਰ ਦੇਵਣਹਾਰਾ ਸਾਚਾ ਘੋੜ, ਵਾਗ ਆਪਣੇ ਹੱਥ ਉਠਾਈਆ । ਨੀਲੇ ਵਾਲਾ ਆਇਆ ਦੌੜ, ਵਡ ਦਾਤਾ ਬੇਪਰਵਾਹੀਆ । ਸੰਬਲ ਨਗਰੀ ਲਾਇਆ ਏਕਾ ਪੌੜ, ਸਾਢੇ ਤਿੰਨ ਹੱਥ ਵੇਖ ਵਖਾਈਆ । ਮੇਲ ਮਿਲਾਵਾ ਬ੍ਰਹਿਮਣ ਗੌੜ, ਪੂਤ ਸਪੂਤਾ ਲਏ ਉਪਜਾਈਆ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕੰਕਾਰ ਕਰ ਪਸਾਰ, ਆਪ ਆਪਣਾ ਆਸਣ ਲਾਈਆ । ਸੰਬਲ ਨਗਰੀ ਆਸਣ ਲਾਇਆ, ਗੁਰ ਗੋਬਿੰਦ ਵੱਜੀ ਵਧਾਈਆ । ਸ਼ਬਦ ਸਿੰਘਾਸਣ ਵੇਖ ਵਖਾਇਆ, ਸਾਚੀ ਸੇਜ ਸੁਹਾਈਆ । ਚਾਰ ਦਿਵਾਰ ਨਾ ਕੋਈ ਬਣਾਇਆ, ਛੱਪਰ ਛੰਨ ਨਾ ਕੋਈ ਛੁਹਾਈਆ । ਤੇਲ ਬਾਤੀ ਨਾ ਕੋਈ ਉਪਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਘਰ ਵਿਚ ਘਰ ਆਪ ਸੁਹਾਇਆ, ਆਪੇ ਵੇਖਣ ਆਈਆ । ਗਣਪਤ ਗਣੇਸ਼ ਨਾ ਕੋਈ ਮਨਾਇਆ, ਬ੍ਰਹਮਾ ਵਿਸ਼ਨ ਨਾ ਕੋਈ ਧਿਆਈਆ । ਕਰੋੜ ਤੇਤੀਸ ਨਾ ਕੋਈ ਸਰਨਾਇਆ । ਸਾਧ ਸੰਤ ਨਾ ਕੋਈ ਸਰਨਾਈਆ । ਅਕਾਲ ਪੁਰਖ ਪ੍ਰਭ ਫੇਰਾ ਪਾਇਆ, ਆਪ ਆਪਣਾ ਖੇਲ ਖਿਲਾਈਆ । ਮਾਤ ਪਿਤ ਨਾ ਕੋਈ ਬਣਾਇਆ, ਭੈਣ ਭਾਈ ਨਾ ਕੋਈ ਅਖਵਾਈਆ । ਸਾਕ ਸੱਜਣ ਸੈਣ ਨਾ ਸੰਗ ਰਲਾਇਆ, ਦਰ ਦਵਾਰ ਨਾ ਬੰਕ ਉਪਾਈਆ । ਰਾਜ ਰਾਜਾਨ ਨਾ ਵੇਖਣ ਆਇਆ, ਬੈਠਾ ਮੁਖ ਛੁਪਾਈਆ । ਭਗਤ ਭਗਵਾਨ ਦਰ ਮੇਲ ਮਿਲਾਇਆ, ਆਪ ਆਪਣੀ ਬੂਝ ਬੁਝਾਈਆ । ਅਛਲ ਅਛੱਲ ਬਾਵਨ ਵੇਖ ਵਖਾਇਆ, ਸ੍ਰਿਸ਼ਟ ਸਬਾਈ ਲੇਖ ਲਿਖਾਈਆ । ਜਲ ਥਲ ਮਹੀਅਲ ਡੇਰਾ ਲਾਇਆ,

ਸਾਗਰ ਸਰੋਵਰ ਆਪ ਰਿੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਦਰਸਾਈਆ । ਗੋਬਿੰਦ ਨਗਰ ਧਾਮ ਅਵੱਲਾ, ਹਰਿ ਹਰਿ ਆਪ ਉਪਾਇੰਦਾ । ਵਸਣਹਾਰਾ ਇਕ ਇਕੱਲਾ, ਏਕਾ ਗੜ੍ਹ ਸੁਹਾਇੰਦਾ । ਲੱਖ ਚੁਰਾਸੀ ਅਛਲ ਅਛੱਲਾ, ਅਛਲ ਅਛੱਲ ਕਰਾਇੰਦਾ । ਹੱਥ ਉਠਾਏ ਸਾਚਾ ਭੱਲਾ, ਏਕਾ ਨਾਉਂ ਰਖਾਇੰਦਾ । ਲੋਆਂ ਪੁਰੀਆਂ ਲੋਕਮਾਤ ਚੌਦਾਂ ਲੋਕ ਚੌਦਾਂ ਤਬਕ ਬੋਲਣਹਾਰਾ ਹੱਲਾ, ਆਪ ਆਪਣਾ ਮਤਾ ਪਕਾਇੰਦਾ । ਸਚਖੰਡ ਦਵਾਰੇ ਆਪੇ ਖਲਾ, ਥਿਰ ਘਰ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਸਚ ਸਿੰਘਾਸਣ ਏਕਾ ਮੱਲਾ, ਨਿਰਗੁਣ ਜੋਤੀ ਜੋਤ ਜਗਾਇੰਦਾ । ਲਹਿਣਾ ਦੇਣਾ ਚੁਕਾਏ ਸ਼ਾਹ ਸੁਲਤਾਨਾ ਭੂਪ ਭੂਮਿਕਾ ਮੇਟਣਹਾਰਾ ਸੱਲਾ, ਦੂਈ ਦਵੈਤੀ ਮੇਟ ਮਿਟਾਇੰਦਾ । ਜਨ ਭਗਤਾਂ ਫੜਾਏ ਆਪਣਾ ਪੱਲਾ, ਗੁਰ ਗੋਬਿੰਦ ਸੰਗ ਨਿਭਾਇੰਦਾ । ਭਾਗ ਲਗਾਏ ਕਾਇਆ ਖਲਾ, ਪੰਜ ਤਤ ਵੇਖ ਵਖਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਪਵਣ ਸਵਾਸੀ ਆਪ ਚਲਾਇੰਦਾ । ਜੋਤੀ ਦੀਪਕ ਆਪੇ ਬਲਾ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੱਤਾਂ ਦੀਪਾਂ ਵੇਖ ਵਖਾਇੰਦਾ । ਸੱਤਾਂ ਦੀਪਾਂ ਜੋਤ ਉਜਿਆਰ, ਹਰਿ ਸਾਚਾ ਆਪ ਕਰਾਇੰਦਾ । ਲੱਖਣ ਦੀਪ ਪਾਵੇ ਸਾਰ, ਆਪ ਆਪਣਾ ਮੇਲ ਮਿਲਾਇੰਦਾ । ਕਰੌਚ ਤੇਰੀ ਸੁਣ ਪੁਕਾਰ, ਏਕਾ ਰੂਪ ਵਟਾਇੰਦਾ । ਪੁਸ਼ਕਰ ਕਰੇ ਹਾਹਾਕਾਰ, ਗਲ ਵਿਚ ਪੱਲਾ ਪਾਇੰਦਾ । ਜੰਬੂ ਤੇਰਾ ਸਚ ਪਿਆਰ, ਧਰਤ ਮਾਤ ਗੋਦ ਬਹਾਇੰਦਾ । ਸਲਮਲ ਦਾਤਾ ਹੋ ਉਜਿਆਰ, ਅੰਧ ਅੰਧੇਰ ਮਿਟਾਇੰਦਾ । ਸਾਨ ਢਹਿ ਪਏ ਚਰਨ ਦਵਾਰ, ਨੇਤਰ ਨੈਣ ਮੁਖ ਸ਼ਰਮਾਇੰਦਾ । ਕੁਸ਼ਾ ਤੇਰੀ ਸਾਚੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਸੱਤਾਂ ਦੀਪਾਂ ਇਕ ਜੈਕਾਰ, ਏਕਾ ਨਾਅਰਾ ਲਾਇੰਦਾ । ਸਤਿਜੁਗ ਤੇਰਾ ਸਚ ਵਿਹਾਰ, ਕਰਤਾ ਕਾਦਰ ਆਪ ਕਰਾਇੰਦਾ । ਧਰਨੀ ਧਰਤ ਨਾਮ ਉਜਿਆਰ, ਧਰਤ ਧਵਲ ਸੁਹਾਇੰਦਾ । ਸਤਿ ਪੁਰਖ ਨਿਰੰਜਣ ਬੰਨ੍ਹੇ ਧਾਰ, ਸਤ ਰੰਗ ਨਿਸ਼ਾਨਾ ਇਕ ਵਖਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਆਪ ਆਪਣਾ ਸਗਨ ਮਨਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਦੋ ਜਹਾਨਾਂ ਰਾਜ ਜੋਗ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਵਿਜੋਗ ਆਪ ਕਰਾਇੰਦਾ । ਸੰਜੋਗ ਵਿਜੋਗ ਹੱਥ ਕਰਤਾਰ, ਜੁਗ ਜੁਗ ਵੱਡੀ ਵਡਿਆਈਆ । ਜੁਗਾ ਜੁਗੰਤਰ ਪਾਵੇ ਸਾਰ, ਆਪ ਆਪਣੀ ਰਚਨ ਰਚਾਈਆ । ਆਪ ਉਪਾਏ ਆਪੇ ਲਏ ਸੰਘਾਰ, ਸਮਰਥ ਪੁਰਖ ਵਡ ਵਡਿਆਈਆ । ਕਲਜੁਗ ਤੇਰਾ ਕੂੜ ਪਸਾਰ, ਮੇਟੇ ਝੂਠੀ ਲਸ਼ਕਰ ਛਾਹੀਆ । ਮਾਇਆ ਮਮਤਾ ਕਰ ਖ਼ਵਾਰ, ਹਉਮੇ ਹੰਗਤਾ ਅਗਨੀ ਤਤ ਜਲਾਈਆ । ਲਹਿਣਾ ਦੇਣਾ ਚੁਕਾਏ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਨਾ ਕੋਈ ਨਾਰ ਵਿਭਚਾਰ, ਸਾਚਾ ਕੰਤ ਪੁਰਖ ਇਕ ਮਨਾਈਆ । ਗ਼ਰੀਬ ਨਿਮਾਣਾ ਨਾ ਕਰੇ ਕੋਈ ਹਾਹਾਕਾਰ, ਦੁੱਖ ਭੁੱਖ ਨਾ ਕਿਸੇ ਸਤਾਈਆ । ਤਨ ਬਸਤਰ ਕਰੇ ਇਕ ਸ਼ਿੰਗਾਰ, ਰਾਜ ਰਾਜਾਨ ਸ਼ਾਹ ਸੁਲਤਾਨ ਗ਼ਰੀਬ ਨਿਮਾਣੇ ਏਕਾ ਧਾਮ ਬਹਾਈਆ । ਏਕਾ ਚਰਨ ਏਕ ਪਿਆਰ, ਏਕਾ ਦਰ ਵਖਾਈਆ । ਏਕਾ ਨਾਮ ਇਕ ਜੈਕਾਰ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਬ੍ਰਹਮ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਨਾ ਮਰੇ ਨਾ ਪਏ ਜੰਮ ਵਿਚ ਸੰਸਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਅਗੰਮ ਅਗੰਮੜੀ ਕਰੇ ਕਾਰ, ਪੁਰਖ ਅਗੰਮੜੇ ਖੇਲ ਖਿਲਾਈਆ । ਹੱਡ

ਮਾਸ ਨਾੜੀ ਚੰਮੜੇ ਵਸਿਆ ਬਾਹਿਰ, ਮਨ ਮਤ ਬੁੱਧ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਧਰਤ ਮਾਤ ਗੋਦ ਸਵਾਈਆ । ਕਲਜੁਗ ਤੇਰਾ ਵਕਤ ਚੁਕਾਵਣਾ, ਹਰਿ ਸਾਚਾ ਖੇਲ ਖਲਾਇੰਦਾ । ਸਤਿਜੁਗ ਸਾਚਾ ਮਾਤ ਧਰਾਵਣਾ, ਲੋਕਮਾਤ ਜਨਮ ਦਵਾਇੰਦਾ । ਸ਼ਬਦ ਵਿਚੋਲਾ ਇਕ ਰਖਾਵਣਾ, ਸੋਹੰ ਢੋਲਾ ਏਕਾ ਗਾਇੰਦਾ । ਪੁਰਖ ਅਬਿਨਾਸ਼ੀ ਸਗਨ ਮਨਾਵਣਾ, ਹਰਿਸੰਗਤ ਸੰਗ ਰਲਾਇੰਦਾ । ਦਵਾਰ ਬੰਕ ਇਕ ਸੁਹਾਵਣਾ, ਏਕਾ ਬੰਕ ਵਖਾਇੰਦਾ । ਸਾਚੀ ਸਿਖਿਆ ਮੰਗਲਾਚਾਰ ਇਕ ਕਰਾਵਣਾ, ਰਾਮ ਰਾਗ ਅਲਾਇੰਦਾ । ਨਾਮ ਨੇਤਰ ਕਜਲਾ ਏਕ ਪਾਵਣਾ, ਦੁਰਮਤ ਮੈਲ ਗਵਾਇੰਦਾ । ਧਰਮ ਦਵਾਰੇ ਧਾਮ ਆਪ ਸੁਹਾਵਣਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਨਿਹਕਰਮੀ ਸਚ ਕਰਮ ਕਮਾਵਣਾ, ਕਰਮ ਕਾਂਡ ਨਾ ਕੋਈ ਜਣਾਇੰਦਾ । ਹਰਿ ਧਰਮੀ ਹਰਿ ਧਰਮ ਵਖਾਵਣਾ, ਚਰਨ ਪ੍ਰੀਤੀ ਇਕ ਸਿਖਾਇੰਦਾ । ਲੱਖ ਚੁਰਾਸੀ ਜਮ ਕੀ ਫਾਸ ਕਟਾਵਣਾ, ਧੁਰ ਦੀ ਦਾਸੀ ਵੇਖ ਵਖਾਇੰਦਾ । ਪਤਿਤ ਪਾਵਣ ਨਾਮ ਧਰਾਵਣਾ, ਪਤਿਤ ਪਾਪੀ ਪਾਰ ਕਰਾਇੰਦਾ । ਭੇਖਾਧਾਰੀ ਭੇਖ ਬਾਵਣਾ ਆਪ ਵਟਾਵਣਾ, ਨਿਹਕਲੰਕੀ ਜਾਮਾ ਪਾਇੰਦਾ । ਸ਼ਬਦ ਸੁਰਤੀ ਸ਼ਬਦ ਰਾਮ ਮਿਲਾਵਣਾ, ਆਪੇ ਦਰ ਸਾਚਾ ਵੇਖ ਵਖਾਇੰਦਾ । ਕਾਹਨ ਗੋਪੀ ਆਪ ਨਚਾਵਣਾ, ਮੰਡਲ ਰਾਸ ਆਪ ਸਹਾਇੰਦਾ । ਏਕਾ ਕਲਮਾ ਆਪ ਪੜ੍ਹਾਵਣਾ, ਨਬੀ ਰਸੂਲਾ ਮੇਲ ਮਿਲਾਇੰਦਾ । ਅੱਲਾ ਰਾਣੀ ਤੇਲ ਚੜ੍ਹਾਵਣਾ, ਹਰਿ ਸਾਚਾ ਖੇਲ ਖਲਾਇੰਦਾ । ਨਾਨਕ ਮੰਤਰ ਇਕ ਸੁਨਾਵਣਾ, ਨਾਮ ਸਤਿ ਸੁਣਾਇੰਦਾ । ਗੋਬਿੰਦ ਡੰਕਾ ਇਕ ਵਜਾਵਣਾ, ਫਤਿਹ ਰੂਪ ਆਪ ਹੋ ਜਾਇੰਦਾ । ਕਲਜੁਗ ਤੇਰਾ ਭੇਖ ਚੁਕਾਵਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸ਼ਾਹ ਸੁਲਤਾਨਾਂ ਤਖ਼ਤੋਂ ਲਾਹਣਾ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾਵਣਾ, ਫੜ ਬਾਹੋਂ ਆਪਣਾ ਸੰਗ ਨਿਭਾਇੰਦਾ । ਮੁਸਲਮ ਹਿੰਦੂ ਸਿਖ ਈਸਾਈ ਏਕਾ ਧਾਮ ਬਹਾਵਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਇੰਦਾ । ਤਿਲਕ ਲਲਾਟੀ ਨਾ ਕਿਸੇ ਲਗਾਵਣਾ, ਗਲ ਜੰਞੂ ਨਾ ਕੋਈ ਰਖਾਇੰਦਾ । ਸਤਿ ਧਰਮ ਨਾ ਕਿਸੇ ਮਿਟਾਵਣਾ, ਏਕਾ ਧੀਰ ਧਰਾਇੰਦਾ । ਕੂੜੀ ਕਿਰਿਆ ਨਾ ਕਿਸੇ ਕਮਾਵਣਾ, ਮਾਰਗ ਇਕ ਵਖਾਇੰਦਾ । ਕੇਸ ਦਸਮੇਸ ਦਹਿ ਦਿਸ਼ਾ ਨਜ਼ਰੀ ਆਵਣਾ, ਆਪ ਆਪਣਾ ਖੇਲ ਖਲਾਇੰਦਾ । ਸੰਬਲ ਨਗਰੀ ਸਾਚਾ ਘਰ ਸੁਹਾਵਣਾ, ਆਪ ਆਪਣਾ ਗੜ੍ਹ ਸੁਹਾਇੰਦਾ । ਸ਼ਬਦ ਖੰਡਾ ਤਨ ਲਟਕਾਵਣਾ, ਜਨ ਸਾਚਾ ਵੇਖ ਵਿਖਾਇੰਦਾ । ਸੰਤ ਸੰਤ ਗੁਰਮੁਖ ਗੁਰਸਿਖ ਨੌਂ ਖੰਡ ਪ੍ਰਿਥਮੀ ਆਪ ਬਚਾਵਣਾ, ਜੋ ਜਨ ਰਸਨ ਧਿਆਇੰਦਾ । ਅਨਹਦ ਸ਼ਬਦ ਇਕ ਸੁਣਾਵਣਾ, ਤੀਜਾ ਨੈਣ ਖੁਲ੍ਹਾਇੰਦਾ । ਦੂਈ ਦਵੈਤੀ ਮੇਟ ਮਿਟਾਵਣਾ, ਏਕ ਘਰ ਬਹਾਇੰਦਾ । ਪੰਚਮ ਸਾਚਾ ਮੰਗਲ ਗਾਵਣਾ, ਅੰਦਰ ਮੰਦਰ ਢੋਲਾ ਆਪ ਗਾਇੰਦਾ । ਆਤਮ ਸੇਜਾ ਵੇਖ ਵਖਾਵਣਾ, ਫੂਲਣ ਬਰਖ਼ਾ ਲਾਇੰਦਾ । ਨਾਰੀ ਕੰਤ ਮੇਲ ਮਿਲਾਵਣਾ, ਗੁਰ ਚੇਲਾ ਰੂਪ ਸਮਾਇੰਦਾ । ਸੋਹੰ ਸ਼ਬਦ ਆਪ ਜਪਾਵਣਾ, ਜੋਗ ਜੁਗਤ ਇਕ ਜਣਾਇੰਦਾ । ਲੋਆਂ ਪੁਰੀਆਂ ਨਾਮ ਸਾਚਾ ਗਾਵਣਾ, ਬ੍ਰਹਮਾ ਵਿਸ਼ਨ ਸ਼ਿਵ ਆਪ ਜਣਾਇੰਦਾ । ਦੇਵਤ ਸੁਰ ਸੀਸ ਨਿਵਾਵਣਾ, ਛਤਰਧਾਰੀ ਨਾ ਕੋਈ ਰਖਾਇੰਦਾ । ਬੰਕ ਦਵਾਰ ਇਕ ਵਖਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਨਾਉਂ ਧਰਾਇੰਦਾ । ਬੰਕ ਦਵਾਰ ਸਾਚਾ ਗੜ੍ਹ, ਹਰਿ ਹਰਿ ਆਪ ਸੁਹਾਇੰਦਾ । ਸਚਖੰਡ ਦਵਾਰ ਵੇਖੇ ਖੜ੍ਹ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਸੀਸ ਨਾ ਕੋਈ ਧੜ੍ਹ, ਰੂਪ ਅਨੂਪ ਆਪ ਵਟਾਇੰਦਾ । ਆਪਣੀ ਵਿਦਿਆ ਆਪੇ ਪੜ੍ਹ,


੯੩੨
੦੭

ਜੁਗ ਜੁਗ ਮਾਤ ਚਲਾਇੰਦਾ । ਹਰ ਘਟ ਅੰਦਰ ਬੈਠਾ ਵੜ, ਆਪ ਆਪਣਾ ਰਥ ਚਲਾਇੰਦਾ । ਮੜ੍ਹੀ ਗੋਰ ਨਾ ਜਾਏ ਸੜ, ਹਵਨੀ ਹਵਨ ਨਾ ਕੋਈ ਕਰਾਇੰਦਾ । ਸੰਤ ਸੁਹੇਲੇ ਸਾਚੇ ਫੜ, ਗੁਰ ਗੁਰ ਚੇਲੇ ਵੇਖ ਵਖਾਇੰਦਾ । ਕਰਤਾ ਕਰਨੀ ਆਪੇ ਕਰ, ਆਦਿ ਜੁਗਾਦਿ ਜੁਗ ਜੁਗ ਵੇਖੇ ਆਪਣਾ ਘਰ, ਦੂਸਰ ਦਰ ਨਾ ਕੋਈ ਰਖਾਇੰਦਾ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ ਧਰ, ਧਰਨੀ ਧਰਤ ਧਵਲ ਅਕਾਸ਼ ਪ੍ਰਕਾਸ਼ ਪੁਰਖ ਅਬਿਨਾਸ਼ ਇਕ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਦਾਸੀ ਦਾਸ, ਦਿਵਸ ਰੈਣ ਰੈਣ ਦਿਵਸ ਸੇਵਕ ਸੇਵਾ ਆਪ ਕਮਾਇੰਦਾ ।

### * ੧੬ ਮੱਘਰ ੨੦੧੫ ਬਿਕ੍ਰਮੀ ਨਿਰੰਜਣ ਸਿੰਘ ਦੇ ਘਰ ਉਚੀ ਅਬਾਦੀ ਲੁਧਿਆਣਾ ਸ਼ਹਿਰ *

ਗੁਰ ਕਿਰਪਾ ਸਚ ਨਾਮ ਹੈ, ਹਰਿਜਨ ਆਪ ਜਣਾਏ । ਅੰਮ੍ਰਿਤ ਸਾਚਾ ਜਾਮ ਹੈ, ਸਤਿਗੁਰ ਆਪ ਪਿਆਏ । ਪੂਰਨ ਕਰਨਹਾਰਾ ਕਾਮ ਹੈ, ਨਿਰਗੁਣ ਨਿਰਗੁਣ ਵੇਖ ਵਖਾਏ । ਆਪੇ ਵਸੇ ਆਪਣੇ ਧਾਮ ਹੈ, ਜਗਤ ਨੇਤਰ ਦਿਸ ਨਾ ਆਏ । ਮੇਟਣਹਾਰਾ ਅੰਧੇਰੀ ਸ਼ਾਮ ਹੈ, ਸਚ ਚੰਨ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਤਰ ਨਾਮ ਦ੍ਰਿੜਾਏ । ਸਾਚਾ ਨਾਮ ਹਰਿ ਦਵਾਰ, ਸਤਿਗੁਰ ਬੂਝ ਬੁਝਾਇੰਦਾ । ਜਿਸ ਜਨ ਦੇਵੇ ਕਰ ਪਿਆਰ, ਹਉਮੇ ਰੋਗ ਗਵਾਇੰਦਾ । ਕਾਇਆ ਕਰੇ ਠੰਡੀ ਠਾਰ, ਪੰਜ ਤਤ ਨਾ ਕੋਈ ਸਤਾਇੰਦਾ । ਨੌਂ ਦਵਾਰੇ ਕਰ ਪਿਆਰ, ਸੁਖਮਨ ਵੇਖ ਵਖਾਇੰਦਾ । ਟੇਢੀ ਬੰਕ ਤੇਰੀ ਧਾਰ, ਤੇਰਾ ਸੰਗ ਰਖਾਇੰਦਾ । ਪਾਵਣਹਾਰਾ ਸਾਚੀ ਸਾਰ, ਆਪ ਆਪਣਾ ਖੇਲ ਖਲਾਇੰਦਾ । ਧੁਨ ਅਨਾਦੀ ਸਾਚੀ ਧਾਰ, ਗੁਰ ਪੂਰਾ ਆਪ ਵਜਾਇੰਦਾ । ਪੰਚਮ ਮੇਲਾ ਏਕਾ ਬਾਰ, ਏਕਾ ਦਰ ਸੁਹਾਇੰਦਾ । ਡੂੰਘੀ ਭਵਰੀ ਕਰ ਕਰ ਪਾਰ, ਕਾਇਆ ਕਵਰੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਏਕਾ ਨਾਮ ਦ੍ਰਿੜਾਇੰਦਾ । ਏਕਾ ਨਾਮ ਸ਼ਬਦ ਅਪਾਰ, ਹਰਿ ਹਰਿ ਆਪ ਜਣਾਇੰਦਾ । ਸਤਿਗੁਰ ਪੂਰਾ ਬਖ਼ਸ਼ੇ ਚਰਨ ਪਿਆਰ, ਦੂਈ ਦਵੇਤੀ ਮੇਟ ਮਿਟਾਇੰਦਾ । ਕਾਇਆ ਮੰਦਰ ਇਕ ਮਕਾਨ, ਨੇਤਰ ਲੋਚਣ ਇਕ ਖੁਲਾਇੰਦਾ । ਸਾਚਾ ਸ਼ਬਦ ਸੱਚੀ ਧੁਨਕਾਨ, ਆਪਣਾ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਸਰ ਸਰੋਵਰ ਇਕ ਮਹਾਨ, ਕਵਲ ਨੈਣ ਆਪ ਬਣਾਇੰਦਾ । ਸੁਰਤੀ ਬਾਲੀ ਫੜ ਨਿਧਾਨ, ਆਪ ਆਪਣੇ ਅੰਗ ਲਗਾਇੰਦਾ । ਸ਼ਬਦੀ ਸ਼ਬਦ ਸ਼ਬਦ ਮਿਹਰਬਾਨ, ਸਾਚਾ ਰੂਪ ਵਟਾਇੰਦਾ । ਬਜ਼ਰ ਕਪਾਟੀ ਤੋੜ ਤੁੜਾਨ, ਏਕਾ ਘਰ ਵਖਾਇੰਦਾ । ਆਤਮ ਸੇਜਾ ਹੋ ਪਰਧਾਨ, ਏਕਾ ਦਰ ਸੁਹਾਇੰਦਾ । ਜੋਤੀ ਨੂਰ ਦੀਪ ਨੁਰਾਨ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖ ਵਖਾਇੰਦਾ । ਨਾਮ ਸ਼ਬਦ ਸਚ ਭੰਡਾਰਾ, ਹਰਿ ਹਰਿ ਆਪ ਵਰਤਾਇੰਦਾ । ਸਤਿਗੁਰ ਪੂਰਾ ਬਣ ਵਣਜਾਰਾ, ਲੋਕਮਾਤ ਵੇਖ ਵਖਾਇੰਦਾ । ਭਗਤ ਵਛੱਲ ਕਰ ਪਿਆਰਾ, ਸਾਧਾਂ ਸੰਤਾਂ ਝੋਲੀ ਪਾਇੰਦਾ । ਗੁਰਸਿਖ ਢਹਿ ਪਏ ਦਵਾਰਾ, ਕਰ ਕਿਰਪਾ ਵੇਖ ਵਖਾਇੰਦਾ । ਮੇਟ ਮਿਟਾਏ ਅੰਧ ਅੰਧਿਆਰਾ, ਕੂੜੀ ਕਿਰਿਆ ਰਹਿਣ ਨਾ ਪਾਇੰਦਾ । ਸਤਿ ਸੰਤੋਖੀ ਦੀਪ ਉਜਿਆਰਾ, ਇਕ ਪ੍ਰਕਾਸ਼ ਕਰਾਇੰਦਾ ।

ਦੇਵੇ ਦਰਸ ਅਗੰਮ ਅਪਾਰਾ, ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਰ ਏਕਾ ਮੰਤਰ ਬੂਝ ਬੁਝਾਇੰਦਾ । ਨਾਮ ਮੰਤਰ ਸਚ ਦ੍ਰਿੜਾ, ਆਪਣਾ ਕਰਮ ਕਮਾਇਆ । ਹਰਿਜਨ ਸਾਚਾ ਵੇਖ ਵਖਾ, ਅੱਖਰ ਵੱਖਰ ਇਕ ਪੜ੍ਹਾਇਆ । ਬਜ਼ਰ ਕਪਾਟੀ ਤੋੜ ਤੁੜਾ, ਪੰਚ ਵਿਕਾਰ ਸੱਥਰ ਹੇਠ ਵਿਛਾਇਆ । ਸਾਚੇ ਪੌੜੇ ਆਪ ਚੜ੍ਹਾ, ਚੌਥੇ ਪਦ ਸਮਾਇਆ । ਆਤਮ ਬ੍ਰਹਮ ਵੇਖ ਵਖਾ, ਪਾਰਬ੍ਰਹਮ ਸਰਨਾਇਆ । ਪੂਰਨ ਕੰਮ ਆਪ ਕਰਾ, ਕਰਨੀ ਕਰਤਾ ਨਾਉਂ ਰਖਾਇਆ । ਵੇਖ ਵਖਾਣੇ ਦੋ ਜਹਾਨ, ਆਪ ਆਪਣਾ ਬਿਰਧ ਕਮਾਇਆ । ਦੇਵਣਹਾਰਾ ਸਾਚਾ ਥਾਂ, ਅਗੰਮ ਅਗੰਮੜਾ ਥਾਨ ਸੁਹਾਇਆ । ਅਲੱਖ ਅਗੋਚਰ ਬੇਪਰਵਾਹ, ਆਪ ਆਪਣਾ ਮੇਲ ਮਿਲਾਇਆ । ਹਰਿਜਨ ਮੇਲਾ ਸਾਚੇ ਥਾਂ, ਸਚ ਦਵਾਰਾ ਇਕ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਜਗਤ ਵਿਦਿਆ ਨਾ ਕੋਇ ਪੜ੍ਹਾਇਆ । ਨਾਮ ਦਾਤ ਵਡ ਕਰਾਮਾਤ, ਹਰਿਜਨ ਝੋਲੀ ਪਾਈਆ । ਦੇਵਣਹਾਰਾ ਸਾਚੀ ਦਾਤ, ਬ੍ਰਹਮ ਵੱਡੀ ਵਡਿਆਈਆ । ਚਰਨ ਕਵਲ ਬੰਧਾਏ ਸਾਚਾ ਨਾਤ, ਸਾਚੀ ਸਿਖਿਆ ਇਕ ਸਮਝਾਈਆ । ਵਰਨ ਗੋਤ ਨਾ ਕੋਈ ਜ਼ਾਤ ਪਾਤ, ਰਾਜ ਰਾਜਾਨ ਰਾਓ ਰੰਕ ਨਾ ਕੋਇ ਅਖਵਾਈਆ । ਵੇਖਣਹਾਰਾ ਇਕ ਇਕਾਂਤ, ਘਰ ਘਰ ਵੇਖੇ ਫੇਰਾ ਪਾਈਆ । ਦਿਵਸ ਰੈਣ ਰਿਹਾ ਝਾਤ, ਆਲਸ ਨਿੰਦਰਾ ਵਿਚ ਨਾ ਆਈਆ । ਖੋਲ੍ਹਣਹਾਰਾ ਏਕਾ ਹਾਟ, ਬੰਦ ਕਿਵਾੜਾ ਆਪ ਖੁਲ੍ਹਾਈਆ । ਆਪੇ ਹੋਏ ਪਾਕੀ ਪਾਕ, ਪਤਿਤ ਪਾਵਣ ਨਾਉਂ ਧਰਾਈਆ । ਦੋ ਜਹਾਨਾਂ ਸੱਜਣ ਸਾਕ, ਸਾਕ ਸੈਣ ਆਪ ਹੋ ਜਾਈਆ । ਸ਼ਬਦ ਚੜ੍ਹਾਏ ਸਾਚੇ ਰਾਕ, ਏਕਾ ਅਸਵ ਆਪ ਦੌੜਾਈਆ । ਗੁਰਮੁਖ ਚੜ੍ਹੇ ਮਾਰ ਪਲਾਕ, ਆਪ ਆਪਣੇ ਸੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਆਪੇ ਰਿਹਾ ਸੁਣਾਈਆ । ਸਾਚਾ ਨਾਮ ਕਾਇਆ ਮੰਦਰ, ਹਰਿ ਹਰਿ ਆਪ ਟਿਕਾਇਆ । ਕਿਸੇ ਹੱਥ ਨਾ ਆਏ ਗੋਰਖ ਮਛੰਦਰ, ਉਚੇ ਟਿੱਲੇ ਫੇਰਾ ਪਾਇਆ । ਲੱਖ ਚੁਰਾਸੀ ਭੌਂਦੀ ਬੰਦਰ, ਨਾਨਕ ਕਬੀਰਾ ਵੇਖ ਵਖਾਇਆ । ਕਰੇ ਪ੍ਰਕਾਸ਼ ਅੰਧੇਰੀ ਕੰਦਰ, ਇਕ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਸੁਹਾਇਆ । ਨਾਮ ਦਾਤ ਧੁਰਦਰਗਾਹ, ਏਕਾ ਏਕ ਵਖਾਈਆ । ਸਤਿਗੁਰ ਪੂਰਾ ਦੇਵੇ ਸਚ ਸਲਾਹ, ਸਾਚੇ ਘਰ ਵੱਜੇ ਵਧਾਈਆ । ਜਗਤ ਕਤੇਬਾ ਸਿਫ਼ਤ ਸਲਾਹ, ਸਲਾਹੀ ਸਲਾਹ ਜਣਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਸਕੇ ਵਖਾ, ਭੁੱਲੀ ਸਰਬ ਲੋਕਾਈਆ । ਕਾਇਆ ਮੰਦਰ ਆਪ ਟਿਕਾ, ਆਪੇ ਬੈਠਾ ਕੁੰਡਾ ਲਾਈਆ । ਆਪਣੀ ਹੱਥੀਂ ਆਪ ਦਏ ਵਰਤਾ, ਜੁਗ ਜੁਗ ਵੱਡੀ ਵਡਿਆਈਆ । ਸੰਤ ਸੁਹੇਲੇ ਆਪ ਉਠਾ, ਆਪਣੀ ਰਚਨ ਜਣਾਈਆ । ਰਾਗ ਅਨਾਦੀ ਇਕ ਅਲਾ, ਅਕਲ ਕਲਾ ਹੋ ਜਾਈਆ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਪਾਰਬ੍ਰਹਮ ਵੇਖ ਵਖਾਈਆ । ਮੋਹਣ ਮਾਧਵ ਮਾਧੀ ਭੇਵ ਖੁਲ੍ਹਾ, ਹਰਿਜਨ ਸਾਚੇ ਲਏ ਤਰਾਈਆ । ਰਸਨ ਵਿਵਾਦੀ ਆਪੇ ਗਾ, ਹਰਿ ਕਾ ਨਾਮ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਆਪਣਾ ਵਰ, ਏਕਾ ਨਾਮ ਝੋਲੀ ਪਾਈਆ । ਨਾਮ ਵਸਤ ਸ਼ਬਦ ਅਨਮੋਲ, ਸਤਿਗੁਰ ਪੂਰਾ ਹੱਥ ਵਖਾਇੰਦਾ । ਆਪਣੇ ਕੰਡੇ ਆਪੇ ਤੋਲ, ਹਰਿਜਨ ਝੋਲੀ ਪਾਇੰਦਾ । ਆਪਣਾ ਜੰਦਰ ਆਪੇ ਖੋਲ੍ਹ, ਆਪੇ ਵੇਖ ਵਖਾਇੰਦਾ । ਆਪ ਵਜਾਏ ਆਪਣਾ ਢੋਲ, ਆਪੇ ਆਪ ਸੁਣਾਇੰਦਾ । ਆਪਣਾ ਅੱਖਰ ਆਪੇ ਬੋਲ, ਆਪ ਆਪਣੇ ਵਿਚ ਟਿਕਾਇੰਦਾ । ਗੁਰਸਿਖ

ਕਾਇਆ ਕਰੇ ਚੋਹਲ, ਕਾਇਆ ਚੋਲੀ ਫੋਲ ਫੁਲਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਸਾਚਾ ਨਾਮ ਆਪ ਉਪਾਇੰਦਾ । ਉਲਟਾ ਕਰੇ ਨਾਭ ਕਵਲ, ਹਰਿ ਅੰਮ੍ਰਿਤ ਝਿਰਨਾ ਮੁਖ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਆਪ ਵਰਤਾਇੰਦਾ । ਨਾਮ ਅਨਮੋਲ ਉਚ ਮਿਨਾਰ, ਹਰਿ ਹਰਿ ਆਪ ਟਿਕਾਇਆ । ਵੇਖੇ ਵਿਗਸੇ ਪਾਵੇ ਸਾਰ, ਅਲੱਖ ਅਗੋਚਰ ਭੇਸ ਵਟਾਇਆ । ਨੇਤਰ ਦਿਸੇ ਨਾ ਵਿਚ ਸੰਸਾਰ, ਜਗਤ ਨੈਣਾਂ ਦਿਸ ਨਾ ਆਇਆ । ਰੱਤੀ ਕੇਸਰ ਨਾ ਕੋਈ ਧਾਰ, ਤਿਲਕ ਲਲਾਟ ਨਾ ਕੋਈ ਵਖਾਇਆ । ਨਿਉਂ ਨਿਉਂ ਕਰੇ ਨਾ ਕੋਈ ਨਿਮਸਕਾਰ, ਪੰਜ ਤਤ ਸੀਸ ਨਾ ਕੋਈ ਝੁਕਾਇਆ । ਮਨ ਮਤ ਨਾ ਹਾਹਾਕਾਰ, ਬੁੱਧ ਬਿਬੇਕ ਨਾ ਵੇਖ ਵਖਾਇਆ । ਪੰਜਾਂ ਤੱਤਾਂ ਵਸਿਆ ਬਾਹਿਰ, ਤ੍ਰੈਗੁਣ ਪੱਲੂ ਨਾ ਕਿਸੇ ਫੜਾਇਆ । ਬ੍ਰਹਮਾ ਵਿਸ਼ਨ ਰਹੇ ਵਿਚਾਰ, ਸ਼ਿਵ ਸ਼ੰਕਰ ਸੀਸ ਝੁਕਾਇਆ । ਕਰੋੜ ਤੇਤੀਸਾ ਹਾਹਾਕਾਰ, ਦਿਵਸ ਰੈਣ ਰਹੇ ਕੁਰਲਾਇਆ । ਲੱਖ ਚੁਰਾਸੀ ਵਹਿੰਦੀ ਧਾਰ, ਹਰਿ ਕਾ ਰੂਪ ਦਿਸ ਨਾ ਆਇਆ । ਪਾਰਬ੍ਰਹਮ ਬੇਅੰਤ ਬੇਐਬ ਪਰਵਰਦਿਗਾਰ, ਰਾਮ ਰਹੀਮ ਆਪ ਅਖਵਾਇਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਕਰਤਾ ਪੁਰਖ ਆਪ ਕਰਾਇਆ । ਨਾਮ ਕਰਾਏ ਇਕ ਵਪਾਰ, ਵਣਜ ਵਪਾਰਾ ਨਾਉਂ ਧਰਾਇਆ । ਜੋਤੀ ਸੁਤ ਕਰ ਉਜਿਆਰ, ਸ਼ਬਦੀ ਨਾਉਂ ਧਰਾਇਆ । ਸ਼ਬਦ ਗੁਰ ਸਚ ਜੈਕਾਰ, ਨਿਰਗੁਣ ਧਾਰ ਆਪ ਵਹਾਇਆ । ਸਰਗੁਣ ਸਾਚੇ ਕਰ ਪਿਆਰ, ਕਾਇਆ ਮੰਦਰ ਮੇਲ ਮਿਲਾਇਆ । ਦਿਸ ਨਾ ਆਏ ਨੌਂ ਦਵਾਰ, ਜੀਵ ਜੰਤ ਹੋਏ ਹਲਕਾਇਆ । ਜੋ ਜਨ ਸਤਿਗੁਰ ਪੂਰੇ ਢਹਿ ਪਏ ਦਵਾਰ, ਕਰ ਕਿਰਪਾ ਮੇਲ ਮਿਲਾਇਆ । ਨਾਮ ਵਸਤ ਹੱਟ ਬਜ਼ਾਰ, ਚੌਦਾਂ ਲੋਕ ਫੋਲ ਫੁਲਾਇਆ । ਅਵਣ ਗਵਣ ਪਾਵੇ ਸਾਰ, ਤ੍ਰੈਭਵਨ ਡੇਰਾ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਬ੍ਰਹਮ ਜਣਾਇਆ । ਨਾਮ ਧੰਨ ਸਚ ਖ਼ਜ਼ੀਨਾ, ਹਰਿ ਹਰਿ ਹੱਥ ਰਖਾਇਆ । ਸਤਿਗੁਰ ਪੂਰਾ ਦੇਵੇ ਹੋ ਮਿਹਰਵਾਨਾ, ਲੋਕਮਾਤ ਵੇਖ ਵਖਾਇਆ । ਧਰਮੀ ਧਰਮ ਝੁਲਾਏ ਇਕ ਨਿਸ਼ਾਨਾ, ਬ੍ਰਹਿਮੰਡਾਂ ਖੰਡਾਂ ਫੇਰਾ ਪਾਇਆ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਨਾਉਂ ਰਖਾਇਆ । ਆਪਣੇ ਨਾਮ ਕਰੇ ਆਪ ਪਛਾਣਾ, ਰੂਪ ਰੰਗ ਨਾ ਕੋਈ ਵਖਾਇਆ । ਏਕਾ ਧੁਨ ਇਕ ਤਰਾਨਾ, ਏਕਾ ਰਾਗ ਅਲਾਇਆ । ਏਕਾ ਮਸਤੀ ਮਸਤ ਮਸਤਾਨਾ, ਆਪ ਆਪਣਾ ਦਰ ਸੁਹਾਇਆ । ਆਪੇ ਬੰਨ੍ਹਣਹਾਰਾ ਗਾਨਾ, ਏਕਾ ਸਗਨ ਮਨਾਇਆ । ਸਾਚੇ ਮੰਦਰ ਹੋ ਪ੍ਰਧਾਨਾ, ਦਸਮ ਦੁਆਰੀ ਡੇਰਾ ਲਾਇਆ । ਸ਼ਾਹੋ ਭੂਪ ਹਰਿ ਸੁਲਤਾਨਾ, ਸਚ ਸਿੰਘਾਸਣ ਇਕ ਵਿਛਾਇਆ । ਦੀਪਕ ਜੋਤੀ ਜਗੇ ਮਹਾਨਾ, ਅੱਠੇ ਪਹਿਰ ਡਗਮਗਾਇਆ । ਸੁਨ ਅਗੰਮੀ ਵੇਖ ਵਖਾਨਾ, ਆਪ ਆਪਣਾ ਰੂਪ ਵਿਖਾਇਆ । ਸਚਖੰਡ ਹੋ ਪਰਧਾਨਾ, ਏਕਾ ਰਾਗ ਅਲਾਇਆ । ਅਲੱਖ ਅਗੋਚਰ ਖੇਲ ਮਹਾਨਾ, ਆਪ ਆਪਣਾ ਰਿਹਾ ਕਰਾਇਆ । ਅਗੰਮ ਅਗੰਮੜਾ ਦੋ ਜਹਾਨਾਂ, ਨਾੜੀ ਚੰਮੜਾ ਨਾ ਕੋਈ ਬਣਾਇਆ, ਸਤਿ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਆਪ ਆਪਣਾ ਖੇਲ ਖਿਲਾਇਆ । ਏਕਾ ਨਾਮ ਕਰ ਪ੍ਰਧਾਨਾ, ਲੱਖ ਚੁਰਾਸੀ ਮੰਦਰ ਅੰਦਰ ਆਪ ਟਿਕਾਇਆ । ਸੁਰਤ ਸਵਾਣੀ ਬਾਲੀ ਬਾਲਾ, ਬਾਲੀ ਬਾਲਾ ਰਹੇ ਤਰਾਇਆ । ਜੋਤ ਨਿਰੰਜਣ ਜੋਤ ਜਵਾਲਾ, ਅਗਨੀ ਤਤ ਵਿਖਾਇਆ । ਲਹਿਣਾ ਦੇਣ ਚੁਕਾਏ ਕਾਲ ਮਹਾਂਕਾਲਾ, ਜਗਤ ਭੰਡਾਰ ਭਰਾਇਆ । ਸਾਚਾ ਨਾਮ ਸਤਿਗੁਰ ਸਚ ਦੋਸ਼ਾਲਾ, ਗੁਰਮੁਖ ਵਿਰਲੇ ਤਨ ਪਹਿਨਾਇਆ । ਫਲ ਲਗਾਏ ਕਾਇਆ ਡਾਲਾ, ਅੰਮ੍ਰਿਤ ਮੇਵਾ ਇਕ ਖਵਾਇਆ ।

ਜੁਗ ਜੁਗ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇਆ । ਸਾਚੀ ਵੇਖ ਧਰਮ ਧਰਮਸਾਲਾ, ਧੁਰ ਮੰਦਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਨਾਮ ਵਰ, ਕਿਰਪਾਨਿਧ ਕਿਰਪਾ ਦਏ ਕਰ, ਛਿੰਨ ਛਿੰਨ ਪਾਰ ਉਤਾਰ ਆਪ ਕਰਾਇਆ । ਸਤਿਗੁਰ ਪੂਰਾ ਹਰਿ ਸਮਰਥ, ਸਤਿਗੁਰ ਪੂਰਾ ਆਪ ਅਖਵਾਇੰਦਾ । ਦੇਵਣਹਾਰ ਨਾਮ ਵੱਥ, ਜਨ ਭਗਤਾਂ ਝੋਲੀ ਪਾਇੰਦਾ । ਨਾਮ ਜਣਾਈ ਮਹਿਮਾ ਅਕੱਥ, ਕਥਨੀ ਕਥ ਨਾ ਕੋਈ ਕਥਾਇੰਦਾ । ਆਪ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਨਾਉਂ ਧਰਾਇੰਦਾ । ਪੰਚ ਵਿਕਾਰਾ ਦੇਵੇ ਮਥ, ਨਾਮ ਖੰਡਾ ਇਕ ਚਮਕਾਇੰਦਾ । ਹਉਮੇ ਹੰਗਤਾ ਜੂਠਾ ਝੂਠਾ ਬੁਰਜ ਜਾਏ ਢੱਠ, ਸਾਚਾ ਮੰਦਰ ਇਕ ਸੁਹਾਇੰਦਾ । ਲਹਿਣਾ ਦੇਣਾ ਚੁਕਾਏ ਤੀਰਥ ਅਠਸਠ, ਪੂਜਾ ਪਾਠ ਨਾ ਕੋਈ ਰਖਾਇੰਦਾ । ਉਲਟੀ ਗੇੜੇ ਆਪੇ ਲੱਠ, ਮਨ ਪੰਖੀ ਦਹਿ ਦਿਸ਼ਾ ਨਾ ਧਾਇੰਦਾ । ਵਸਣਹਾਰਾ ਘਟ ਘਟ, ਘਟ ਭੀਤਰ ਵੇਖ ਵਖਾਇੰਦਾ । ਤ੍ਰੈਗੁਣ ਨਾ ਤਪੇ ਅਗਨੀ ਮੱਠ, ਪੰਜ ਤਤ ਮੇਟ ਮਿਟਾਇੰਦਾ । ਏਕਾ ਦੇਵੇ ਧੀਰਜ ਜਤ, ਸਤਿ ਸੰਤੋਖ ਰਖਾਇੰਦਾ । ਰੱਖਣਹਾਰਾ ਸਾਚੀ ਪੱਤ, ਕਮਲਾਪਤ ਨਾਉਂ ਰਖਾਇੰਦਾ । ਅੰਤਮ ਬੀਜ ਬੀਜੇ ਸਾਚੇ ਵਤ, ਕਾਇਆ ਖੇੜਾ ਵੇਖ ਵਖਾਇੰਦਾ । ਲੇਖੇ ਲਾਏ ਬੂੰਦ ਰਕਤ ਰੱਤ, ਜਿਸ ਜਨ ਦਇਆ ਕਮਾਇੰਦਾ । ਅੰਮ੍ਰਿਤ ਆਤਮ ਸਾਚਾ ਝੱਟ, ਸਿੰਚ ਕਿਆਰੀ ਹਰੀ ਕਰਾਇੰਦਾ । ਦੂਈ ਦਵੈਤੀ ਮੇਟੇ ਫੱਟ, ਏਕਾ ਬ੍ਰਹਮ ਵਖਾਇੰਦਾ । ਹਰਿਜਨ ਵਖਾਏ ਸਾਚੇ ਹੱਟ, ਕੀਮਤ ਕਰਤਾ ਆਪੇ ਪਾਇੰਦਾ । ਜਗੇ ਜੋਤ ਕਾਇਆ ਮੱਟ, ਜੋਤ ਨਿਰੰਜਣ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਆਤਮ ਝੋਲੀ ਬ੍ਰਹਮ ਪਾਰਬ੍ਰਹਮ ਆਪ ਭਰਾਇੰਦਾ । ਜੋ ਜਨ ਮੰਗੇ ਬਣ ਭਿਖਾਰ, ਆਤਮ ਬ੍ਰਹਮ ਜਣਾਈਆ । ਸ਼ਬਦੀ ਦੇਵੇ ਸ਼ਬਦ ਭੰਡਾਰ, ਮੁਲ ਕੋਇ ਨਾ ਲਾਈਆ । ਅੰਤਰ ਆਤਮ ਇਕ ਪਿਆਰ, ਚਰਨ ਕਵਲ ਦਰਸਾਈਆ । ਨਾਤਾ ਤੁੱਟੇ ਜਗਤ ਮੀਤ ਮੁਰਾਰ, ਮਾਤ ਪਿਤ ਭਾਈ ਭੈਣ, ਸਾਕ ਸੈਣ ਕੋਈ ਦਿਸ ਨਾ ਆਈਆ । ਨਜ਼ਰੀ ਆਵੇ ਸਾਂਝਾ ਘਰ, ਬੈਠਾ ਅਲਖ ਜਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਢਹਿ ਢਹਿ ਪੈਣ ਚਰਨ ਦਵਾਰ, ਮਨ ਮਤ ਰਹੀ ਸ਼ਰਮਾਈਆ । ਜਗਤ ਤ੍ਰਿਸ਼ਨਾ ਭੁੱਖ ਦਏ ਨਿਵਾਰ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਆਪ ਆਪਣੇ ਵਿਚ ਮਿਲਾਈਆ । ਮਿਲੇ ਮੇਲ ਹਰਿ ਗੋਬਿੰਦ, ਗੁਰ ਪੂਰਾ ਦਇਆ ਕਮਾਇੰਦਾ । ਮਿਟਾਵਣਹਾਰਾ ਸਗਲੀ ਚਿੰਦ, ਚਿੰਤਾ ਚਿੱਖਾ ਨਾ ਕੋਈ ਵਖਾਇੰਦਾ । ਗੁਰਮੁਖ ਉਪਜਾਏ ਆਪਣੀ ਬਿੰਦ, ਸੁਤ ਅਨਾਦੀ ਨਾਉਂ ਧਰਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇੰਦਾ । ਆਦਿ ਜੁਗਾਦਿ ਸਦਾ ਬਖ਼ਸ਼ਿੰਦ, ਪਤਿਤ ਪਾਪੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਸਚਖੰਡ ਦਵਾਰ ਇਕ ਸੁਹਾਇੰਦਾ । ਨਾਮ ਵਰ ਧੁਰ ਫ਼ਰਮਾਣਾ, ਹਰਿਜਨ ਆਪ ਜਣਾਈਆ । ਮੇਲ ਮਿਲਾਏ ਸ੍ਰੀ ਭਗਵਾਨਾ, ਵਿਛੜ ਕਦੇ ਨਾ ਜਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਬੈਠਾ ਆਸਣ ਲਾਈਆ । ਵੇਖਣਹਾਰਾ ਦੋ ਜਹਾਨਾਂ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੰਨ੍ਹੇ ਸਾਚਾ ਨਾਮ ਗਾਨਾ, ਤੰਦਨ ਤੰਦ ਨਾ ਕੋਈ ਤੁੜਾਈਆ ।

ਮਾਨਸ ਜਨਮ ਲੇਖੇ ਜਾਏ ਲੱਗ, ਹਰਿਸੰਗਤ ਆਪ ਤਰਾਈਆ । ਫੜ ਫੜ ਹੰਸ ਬਣਾਏ ਕੱਗ, ਜੋ ਜਨ ਆਏ ਸਰਨਾਈਆ । ਸਾਚਾ ਦੀਪਕ ਜੋਤ ਰਿਹਾ ਜੱਗ, ਨਾ ਸਕੇ ਕੋਇ ਬੁਝਾਈਆ । ਜਗਤ ਤ੍ਰਿਸ਼ਨਾ ਮੇਟੇ ਅੱਗ, ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਸੋਹੰ ਸ਼ਬਦ ਬੰਨ੍ਹੇ ਗਲ ਸਾਚਾ ਤਗ, ਉਪਰ ਸ਼ਾਹ ਰਗ ਆਪ ਹੋ ਜਾਈਆ । ਜਿਸ ਦਰ ਸੁਹਾਏ ਆਪਣਾ ਪਗ, ਪਤਿਤ ਪਾਪੀ ਸੰਗ ਤਰਾਈਆ । ਹਰਿਜਨ ਸਾਚੀ ਮੰਗ ਰਹੇ ਮੰਗ, ਦਿਵਸ ਰੈਣ ਰਾਹ ਤਕਾਈਆ । ਲੇਖੇ ਲਾਏ ਸੂਰਾ ਸਰਬਗ, ਆਪਣੇ ਹੱਥ ਰੱਖੇ ਵਡਿਆਈਆ । ਦੇਵੇ ਮਾਣ ਜਗਤ ਜਗ, ਦਰਗਹਿ ਸਾਚੀ ਹੋਏ ਸਹਾਈਆ । ਗੁਰਮੁਖ ਹੀਰਾ ਸਾਚਾ ਨਗ, ਸੀਸ ਤਾਜ ਆਪ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਵੇਖ ਵਖਾਈਆ । ਹਰਿਸੰਗਤ ਹਰਿ ਜਾਏ ਤਾਰ, ਲੋਕਮਾਤ ਵੱਜੇ ਵਧਾਈਆ । ਜਨ ਭਗਤਾਂ ਸੁਣੇ ਦਰ ਪੁਕਾਰ, ਦਿਵਸ ਰੈਣ ਵੇਖ ਵਖਾਈਆ । ਸਗਲਾ ਮੀਤ ਏਕੰਕਾਰ, ਨਿਰਗੁਣ ਨੂਰ ਆਪ ਦਰਸਾਈਆ । ਪਾਰਬ੍ਰਹਮ ਗੁਰ ਲਏ ਅਵਤਾਰ, ਆਦਿ ਜੁਗਾਦਿ ਵੇਸ ਵਟਾਈਆ । ਸਾਚੇ ਸੱਜਣ ਮੀਤ ਮੁਰਾਰ, ਚੌਥੇ ਜੁਗ ਕਰੇ ਕੁੜਮਾਈਆ । ਸ਼ਬਦ ਵਿਚੋਲਾ ਧੁਰ ਦਰਬਾਰ, ਏਕਾ ਦਏ ਸਲਾਹੀਆ । ਨਾਮ ਢੋਲਾ ਸਚ ਜੈਕਾਰ, ਸੋਹੰ ਆਪ ਸੁਣਾਈਆ । ਏਕਾ ਤੋਲਾ ਬੇਐਬ ਪਰਵਰਦਿਗਾਰ, ਆਪੇ ਤੋਲੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਬੇੜਾ ਬੰਨ੍ਹੇ ਲਾਈਆ । ਹਰਿਸੰਗਤ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ । ਧਰਮ ਰਾਏ ਨਾ ਦੇਵੇ ਡੰਨ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਲਾੜੀ ਮੌਤ ਨਾ ਚਾੜ੍ਹੇ ਚੰਨ, ਜਗਤ ਦਵਾਰ ਨਾ ਸਗਨ ਮਨਾਇੰਦਾ । ਮੇਲ ਮਿਲਾਵਾ ਸਾਚੇ ਤਨ, ਪੰਚ ਤਤ ਆਪ ਸੁਹਾਇੰਦਾ । ਜਿਸ ਜਨ ਕੱਢੇ ਆਪਣਾ ਜਨ, ਜਨ ਜਨਨੀ ਲੇਖੇ ਲਾਇੰਦਾ । ਰਾਗ ਸੁਣਾਏ ਏਕਾ ਕੰਨ, ਜਗਤ ਵੈਰਾਗ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਇੰਦਾ । ਕਲ ਵਰਤੰਤਾ ਹਰਿ ਭਗਵੰਤਾ, ਏਕਾ ਨੂਰ ਜਗਾਈਆ । ਹਰਿਸੰਗਤ ਵਖਾਏ ਸਾਚੀ ਸੰਗਤਾ, ਸਤਿ ਸਰੂਪ ਸਮਾਈਆ । ਆਪ ਬਣਾਏ ਆਪਣੀ ਬਣਤਾ, ਪਾਰਬ੍ਰਹਮ ਵੱਡੀ ਵਡਿਆਈਆ । ਗੁਰਸਿਖ ਦੂਜੇ ਦਰ ਨਾ ਹੋਏ ਮੰਗਤਾ, ਮੰਗਣ ਭਿਖਿਆ ਦਰ ਨਾ ਜਾਈਆ । ਕਾਇਆ ਚੋਲੀ ਸਤਿਗੁਰ ਪੂਰਾ ਆਪੇ ਰੰਗਦਾ, ਰੰਗਣਹਾਰਾ ਸਾਚਾ ਮਾਹੀਆ । ਤੋੜਨਹਾਰਾ ਗੜ੍ਹ ਹੰਗਤਾ, ਸੋ ਪੁਰਖ ਨਿਰੰਜਣ ਨਾਉਂ ਰਖਾਈਆ । ਮਾਨਸ ਜਨਮ ਨਾ ਹੋਏ ਭੰਗਤਾ, ਜੋ ਜਨ ਨੇਤਰ ਲੋਚਣ ਨੈਣ ਦਰਸ਼ਨ ਪਾਈਆ । ਮੇਲ ਮਿਲਾਵਾ ਸਾਚੀ ਸੰਗਤਾ, ਰਿਖੀ ਮੁਨੀ ਰਹੇ ਰਾਹ ਤਕਾਈਆ । ਜਿਉਂ ਨਾਨਕ ਅੰਗ ਲਾਇਆ ਅੰਗਦਾ, ਹਰਿਸੰਗਤ ਆਪ ਲਗਾਈਆ । ਅੰਮ੍ਰਿਤ ਧਾਰ ਵਹਾਏ ਸਾਚਾ ਗੰਗਤਾ, ਗੰਗਾ ਗੋਦਾਵਰੀ ਰਹੀ ਸ਼ਰਮਾਈਆ । ਜੋ ਜਨ ਦਰ ਦਵਾਰੇ ਆਏ ਮੰਗਤਾ, ਪੂਰਨ ਇਛਿਆ ਪੂਰਨ ਗੁਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਗਲਾ ਸੰਗ ਨਿਭਾਈਆ । ਸਗਲਾ ਸੰਗ ਹਰਿ ਰਘੁਨਾਥ, ਹਰਿਸੰਗਤ ਸੰਗ ਨਿਭਾਇੰਦਾ । ਨਾਮ ਚੜ੍ਹਾਏ ਸਾਚੇ ਰਾਥ, ਕਲਜੁਗ ਅੰਤਮ ਆਪ ਚਲਾਇੰਦਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਸਾਚੇ ਨੈਣਾਂ, ਨੈਣ ਨੈਣਾਂ ਵਿਚ ਟਿਕਾਇੰਦਾ । ਨੈਣ ਵੇਖੇ ਸਾਚੇ ਨੈਣਾਂ, ਜੋਤੀ ਜੋਤ ਸਮਾਈਆ । ਆਦਿ ਜੁਗਾਦਿ ਏਕਾ ਰਹਿਣਾ, ਏਕਾ ਹੱਥ ਵਡਿਆਈਆ । ਹਰਿਸੰਗਤ


Rev-01

ਹਰਿ ਚਰਨ ਦਵਾਰੇ ਬਹਿਣਾ, ਸਚਖੰਡ ਦਵਾਰਾ ਇਕ ਵਖਾਈਆ । ਲੋਕਮਾਤ ਗੁਰ ਸਤਿਗੁਰ ਸ਼ਬਦੀ ਮੰਨਿਆ ਕਹਿਣਾ, ਸਗਲੀ ਵਸਤ ਤਜਾਈਆ । ਸਾਚੇ ਮੰਦਰ ਧਾਮ ਇਕੱਠੇ ਏਕਾ ਬਹਿਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦਿਤਾ ਏਕਾ ਵਰ, ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ, ਫੰਦਨ ਫੰਦ ਕਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਅਚਰਜ ਕਲ ਆਪਣੀ ਆਪ ਵਰਤਾਈਆ ।

## * ੨੦ ਮੱਘਰ ੨੦੧੫ ਬਿਕ੍ਰਮੀ ਲਾਲ ਸਿੰਘ ਦੇ ਘਰ ਲੁਧਿਆਣਾ ਸ਼ਹਿਰ *

ਹਰਿ ਨਾਮ ਰਸ ਪਾਇਆ, ਹਰਿ ਹਰਿ ਚਰਨ ਦਵਾਰ । ਸਹਿੰਸਾ ਰੋਗ ਚੁਕਾਇਆ, ਮਿਟਿਆ ਅੰਧ ਅੰਧਿਆਰ । ਕਾਇਆ ਮੰਦਰ ਇਕ ਸੁਹਾਇਆ, ਦੀਪਕ ਬਾਤੀ ਕਰ ਉਜਿਆਰ । ਏਕਾ ਦੂਜਾ ਭੌ ਚੁਕਾਇਆ, ਤੀਜਾ ਨੈਣ ਉਘਾੜ । ਚੌਥੇ ਪਦ ਸਮਾਇਆ, ਮੇਟ ਮਿਟਾਏ ਪੰਚਮ ਧਾੜ । ਛੇਵਾਂ ਘਰ ਵਖਾਇਆ, ਸਤਵੇਂ ਸਤਿ ਪੁਰਖ ਨਿਰੰਜਣ ਪੌੜੇ ਦੇਵੇ ਚਾੜ੍ਹ । ਅੱਠਾਂ ਤੱਤਾਂ ਲੇਖਾ ਮੁਕਾਇਆ, ਨੌਂ ਦਰ ਕਰਾਏ ਪਾਰ । ਦਸਮ ਦਵਾਰੀ ਆਪ ਖੁਲ੍ਹਾਇਆ, ਆਪ ਆਪਣੀ ਕਿਰਪਾ ਧਾਰ । ਅੰਮ੍ਰਿਤ ਆਤਮ ਜਲ ਭਰਾਇਆ, ਸਾਂਤਕ ਸਤਿ ਸਤਿ ਵਰਤਾਰ । ਸਾਚੀ ਸੇਜਾ ਵੇਖ ਵਖਾਇਆ, ਆਤਮ ਅੰਤਰ ਇਕ ਪਿਆਰ । ਜਗਤ ਬਸੰਤਰ ਮੇਟ ਮਿਟਾਇਆ, ਮੇਲ ਮਿਲਾਵਾ ਮੀਤ ਮੁਰਾਰ । ਆਪ ਆਪਣਾ ਰੂਪ ਦਰਸਾਇਆ, ਨਿਰਗੁਣ ਜੋਤੀ ਕਰ ਉਜਿਆਰ । ਸਰਗੁਣ ਸਰਗੁਣ ਸਤਿਗੁਰ ਲੇਖੇ ਲਾਇਆ, ਸਚ ਧਰਮ ਇਕ ਜੈਕਾਰ । ਕਰਮ ਕੁਕਰਮਾਂ ਮੇਟ ਮਿਟਾਇਆ, ਜਨਮ ਜਨਮਾਂ ਦਏ ਸੁਧਾਰ । ਵਰਨ ਗੋਤ ਨਾ ਕੋਈ ਉਪਾਇਆ, ਆਤਮ ਬ੍ਰਹਮ ਇਕ ਪਸਾਰ । ਕਾਇਆ ਚੋਟ ਤਨ ਲਗਾਇਆ, ਸ਼ਬਦ ਸ਼ਬਦੀ ਇਕ ਧੁਨਕਾਰ । ਬ੍ਰਹਿਮੰਡਾਂ ਖੋਜ ਖੁਜਾਇਆ, ਲੋਆਂ ਪੁਰੀਆਂ ਪਾਵੇ ਸਾਰ । ਕਲਜੁਗ ਅੰਤਮ ਵੇਸ ਵਟਾਇਆ, ਨਿਹਕਲੰਕੀ ਲਏ ਅਵਤਾਰ । ਰਾਓ ਰੰਕਾਂ ਆਪ ਉਠਾਇਆ, ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ । ਹਰਿਜਨ ਸਾਚੇ ਮੇਲ ਮਿਲਾਇਆ, ਇਕ ਸੁਹਾਏ ਬੰਕ ਦਵਾਰ । ਪੂਰਨ ਲਹਿਣਾ ਝੋਲੀ ਪਾਇਆ, ਸਾਚਾ ਭਰਿਆ ਨਾਮ ਭੰਡਾਰ । ਤਖ਼ਤ ਤਾਜ ਇਕ ਵਖਾਇਆ, ਨਿਰਗੁਣ ਰੂਪ ਨਿਰੰਕਾਰ । ਸੀਸ ਤਾਜ ਇਕ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਘਰ ਮੇਲਾ ਕੰਤ ਭੰਤਾਰ । ਕੰਤ ਭਤਾਰ ਮੀਤੜਾ, ਏਕਾ ਏਕੰਕਾਰ । ਗੁਰਮੁਖਾਂ ਵਸਿਆ ਚੀਤੜਾ, ਦਿਵਸ ਰੈਣ ਪਿਆਰ । ਅੱਠੇ ਪਹਿਰ ਠੰਡਾ ਸੀਤੜਾ, ਸਾਂਤਕ ਸਤਿ ਰੂਪ ਕਰਤਾਰ । ਵਸੇ ਧਾਮ ਇਕ ਅਤੀਤੜਾ, ਥਿਰ ਘਰ ਸੱਚੇ ਦਰਬਾਰ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਵਨ ਕਿਰਪਾ ਧਾਰ । ਨਾ ਕੋਈ ਮੰਦਰ ਨਾ ਮਸੀਤੜਾ, ਕਾਇਆ ਮੱਠ ਗੁਰੂਦਵਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਲੇਖਾ ਲਿਖ ਨਾ ਸਕੇ ਵਿਚ ਕੋਈ ਸੰਸਾਰ । ਮਾਤ ਜਨਮ ਹਰਿਜਨ ਜੀਤੜਾ, ਨੇਤਰ ਨੈਣ ਲੋਚਣ ਕਰੇ ਦਰਸ ਦੀਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਗੰਮੜਾ ਹਰਿ ਹਰਿ ਖੇਲਾ, ਹਰਿ ਹਰਿ ਆਪ ਜਣਾਈਆ । ਅਬਿਨਾਸ਼ੀ ਕਰਤਾ ਸਤਿਗੁਰ ਮੇਲਾ, ਗੁਰ ਗੁਰ ਵੇਸ ਵਟਾਈਆ । ਆਦਿ ਜੁਗਾਦੀ ਸਾਚਾ ਚੇਲਾ, ਸ਼ਬਦੀ ਸੁਤ

ਉਪਜਾਈਆ । ਦੋ ਜਹਾਨਾਂ ਸਚ ਸੁਹੇਲਾ, ਨਿਰਗੁਣ ਨੂਰ ਦਰਸਾਈਆ । ਬ੍ਰਹਿਮੰਡਾਂ ਖੰਡਾਂ ਇਕ ਅਕੇਲਾ, ਜੇਰਜ ਅੰਡਾਂ ਡੇਰਾ ਲਾਈਆ । ਆਪੇ ਜਾਣੇ ਆਪਣਾ ਵੇਲਾ, ਆਪਣੀ ਰਚਨਾ ਆਪ ਰਚਾਈਆ । ਆਪਣੇ ਦਰ ਆਪੇ ਚਾੜ੍ਹੇ ਤੇਲਾ, ਆਪ ਆਪਣਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਨਾਉਂ ਰਖਾਈਆ । ਕਰਨੀ ਕਰਤਾ ਹਰਿ ਨਿਰੰਕਾਰ, ਕਰਨਹਾਰ ਅਖਵਾਇੰਦਾ । ਹਰਿਜਨ ਸਾਚੇ ਪਾਵੇ ਸਾਰ, ਘਰ ਸਾਚਾ ਵੇਖ ਵਖਾਇੰਦਾ । ਮਹੱਲ ਅਟੱਲ ਉਚ ਮਿਨਾਰ, ਆਪ ਆਪਣੀ ਬਣਤ ਬਣਾਇੰਦਾ । ਸੰਤ ਸਾਜਣ ਮੀਤ ਮੁਰਾਰ, ਗ਼ਰੀਬ ਨਿਵਾਜਣ ਵੇਖ ਵਖਾਇੰਦਾ । ਦੇਸ ਮਾਝਨ ਹੋ ਉਜਿਆਰ, ਆਪ ਆਪਣੀ ਖੇਲ ਖਿਲਾਇੰਦਾ । ਲੱਖ ਚੁਰਾਸੀ ਰਚਿਆ ਕਾਜਨ, ਸਾਚਾ ਦਰ ਸੁਹਾਇੰਦਾ । ਗੁਰਸਿਖ ਸਾਚੇ ਮਾਰੇ ਵਾਜਨ, ਸੁਰਤੀ ਸੁਰਤ ਸ਼ਬਦ ਉਠਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਨ, ਸਚ ਸਿਕਦਾਰ ਆਪ ਅਖਵਾਇੰਦਾ । ਹਰਿਜਨ ਸਾਚੇ ਰੱਖੇ ਲਾਜਣ, ਸਿਰ ਸਮਰਥ ਹੱਥ ਟਿਕਾਇੰਦਾ । ਆਪ ਚਲਾਏ ਜਗਤ ਜਹਾਜ਼ਨ, ਚਾਰ ਵਰਨਾਂ ਆਪ ਚੜ੍ਹਾਇੰਦਾ । ਭੇਖ ਪਖੰਡਾ ਖੋਲ੍ਹੇ ਪਾਜਨ, ਜੂਠ ਝੂਠ ਮੇਟ ਮਿਟਾਇੰਦਾ । ਚਿੱਟੇ ਅਸਵ ਚੜ੍ਹਿਆ ਤਾਜਨ, ਲੋਆਂ ਪੁਰੀਆਂ ਆਪ ਦੌੜਾਇੰਦਾ । ਆਪੇ ਸ਼ਾਹ ਬਾਣੀਆਂ ਹੋਏ ਮਹਾਜਨ, ਹੱਟ ਹਟਵਾਨਾ ਨਾਉਂ ਰਖਾਇੰਦਾ । ਆਪੇ ਮਸਜਿਦ ਬਾਂਗ ਦਏ ਨਿਮਾਜਨ, ਆਪ ਆਪਣੀ ਸੇਵਾ ਲਾਇੰਦਾ । ਆਪੇ ਤਿਲਕ ਲਿਲਾਟੀ ਰਚਿਆ ਕਾਜਨ, ਕਾਇਆ ਮਾਟੀ ਵੇਖ ਵਖਾਇੰਦਾ । ਆਪੇ ਹੋਏ ਤੀਰਥ ਤਾਟਨ, ਤੱਟ ਕਿਨਾਰਾ ਫੇਰੀ ਪਾਇੰਦਾ । ਆਪੇ ਗ੍ਰੰਥ ਪੰਥ ਔਖਾ ਘਾਟਨ, ਆਪ ਆਪਣਾ ਰਾਹ ਚਲਾਇੰਦਾ । ਆਪੇ ਜਾਣੇ ਆਪਣੀ ਵਾਟਨ, ਆਪੇ ਪੰਧ ਮੁਕਾਇੰਦਾ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਰਸ ਏਕਾ ਚਾਟਨ, ਅੰਮ੍ਰਿਤ ਧਾਰ ਮੁਖ ਚੁਆਇੰਦਾ । ਦੂਈ ਦਵੈਤੀ ਪਰਦੇ ਪਾਟਨ, ਨੈਣ ਇਕ ਖੁਲ੍ਹਾਇੰਦਾ । ਚੌਥੇ ਘਰ ਸ਼ਾਹੋ ਸ਼ਾਬਾਸ਼ਣ, ਸ਼ਾਹ ਸੁਲਤਾਨਾਂ ਮੇਲ ਮਿਲਾਇੰਦਾ । ਪੰਚਮ ਮੀਤ ਪੁਰਖ ਅਬਿਨਾਸ਼ਣ, ਪਾਰਬ੍ਰਹਮ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਡੰਕ ਵਜਾਇੰਦਾ । ਏਕਾ ਡੰਕ ਹਰਿ ਭਗਵਾਨਾ, ਏਕਾ ਏਕ ਵਜਾਈਆ । ਆਪ ਸੁਣਾਏ ਦੋ ਜਹਾਨਾਂ, ਆਪ ਆਪਣੀ ਕਲ ਵਰਤਾਈਆ । ਲੋਆਂ ਪੁਰੀਆਂ ਖੇਲ ਮਹਾਨਾ, ਨੌਂ ਖੰਡ ਵੇਖ ਵਖਾਈਆ । ਸ੍ਰਿਸ਼ਟ ਸਬਾਈ ਹੋ ਪ੍ਰਧਾਨਾ, ਏਕਾ ਨਾਅਰਾ ਲਾਈਆ । ਵੇਖ ਵਖਾਏ ਵੇਦ ਪੁਰਾਨਾ, ਅੰਜੀਲ ਕੁਰਾਨਾਂ ਫੋਲ ਫੁਲਾਈਆ । ਖਾਣੀ ਬਾਣੀ ਇਕ ਨਿਸ਼ਾਨਾ, ਏਕਾ ਰਿਹਾ ਉਠਾਈਆ । ਸ਼ਬਦੀ ਸ਼ਬਦ ਧੁਰ ਫ਼ਰਮਾਣਾ, ਦੇਵਣਹਾਰ ਨਾਮ ਖ਼ੁਦਾਈਆ । ਕਲਮਾ ਨਾਮ ਹੋ ਨਿਧਾਨਾ, ਉਮਤ ਉਮਤੀ ਰਿਹਾ ਸੁਣਾਈਆ । ਸ਼ਾਹ ਰਫ਼ੀਕ ਮਿਹਰਬਾਨਾ, ਰਬਾਬ ਅਹਿਬਾਬ ਆਪ ਵਜਾਈਆ । ਰਾਮ ਰਹੀਮ ਇਕ ਟਿਕਾਣਾ, ਏਕਾ ਘਰ ਬਹਾਈਆ । ਨਾਮ ਸਤਿ ਨੌਜਵਾਨਾ, ਸਾਚੀ ਫਤਿਹ ਗਜਾਈਆ । ਸੋ ਪੁਰਖ ਨਿਰੰਜਣ ਵਡ ਬਲਵਾਨਾ, ਹੰ ਬ੍ਰਹਮ ਆਪ ਹੋ ਜਾਈਆ । ਚਾਰ ਵਰਨਾਂ ਏਕਾ ਰੂਪ ਦ੍ਰਿਸ਼ਟਾਨਾ, ਦੂਜੀ ਵਸਤ ਨਾ ਕੋਈ ਰਖਾਈਆ । ਖੇਲੇ ਖੇਲ ਗੋਪੀ ਕਾਹਨਾ, ਮੰਡਲ ਮੰਡਪ ਰਾਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅਲੱਖ ਨਿਰੰਜਣ ਏਕਾ ਆਪਣੀ ਅਲਖ ਜਗਾਈਆ । ਆਪਣੀ ਜਗਾ ਆਪ ਅਲੱਖ, ਆਪੇ ਆਪ ਸੁਣਾਇੰਦਾ । ਆਪਣੇ ਘਰ ਹੋ ਪ੍ਰਤੱਖ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਲਏ ਰੱਖ, ਆਪ ਆਪਣਾ ਮਾਰਗ ਲਾਇੰਦਾ । ਆਪ ਆਪਣਾ ਕਰਿਆ ਵੱਖ, ਲੋਕਮਾਤ ਰਾਹ ਤਕਾਇੰਦਾ । ਗੁਰਮੁਖਾਂ ਭਾਂਡਾ ਭਰੇ ਖ਼ਾਲੀ ਸੱਖ,

੯੩੯
੦੭

੯੪੦
੦੨

ਨਾਮ ਭੰਡਾਰ ਇਕ ਵਰਤਾਇੰਦਾ । ਲੱਖ ਚੁਰਾਸੀ ਮਾਰੇ ਝੱਖ, ਗੁਰ ਦਰ ਨਾ ਕੋਈ ਦਰਸਾਇੰਦਾ । ਪੰਚ ਵਿਕਾਰਾ ਨਕੇਲ ਨੱਕ, ਚਾਰੋਂ ਕੁੰਟ ਫਿਰਾਇੰਦਾ । ਤੀਰਥ ਤੱਟਾਂ ਰਹੇ ਤੱਕ, ਨਿਰਮਲ ਨੀਰ ਨਾ ਕੋਈ ਪਿਆਇੰਦਾ । ਜਗਤ ਅਭਿਆਸ ਗਿਆ ਥੱਕ, ਡੂੰਘੀ ਭਵਰ ਨਾ ਕੋਈ ਲੰਘਾਇੰਦਾ । ਸਨਿਆਸ ਵੈਰਾਗ ਫਲ ਗਿਆ ਪੱਕ, ਨਾ ਕੋਈ ਤੋੜ ਤੁੜਾਇੰਦਾ । ਪ੍ਰਗਟ ਹੋ ਦਾਤਾ ਸੂਰਾ ਸਰਬੱਗ, ਆਪ ਆਪਣਾ ਕਰਮ ਕਮਾਇੰਦਾ । ਗੁਰਸਿਖਾਂ ਏਕਾ ਰਾਹ ਸਾਚਾ ਦੱਸ, ਜਗਤ ਕਿਰਿਆ ਮੇਟ ਮਿਟਾਇੰਦਾ । ਹਿਰਦੇ ਅੰਦਰ ਆਪੇ ਵਸ, ਚਰਨ ਪ੍ਰੀਤੀ ਇਕ ਸਿਖਾਇੰਦਾ । ਵੇਖ ਵਖਾਏ ਨੱਸ ਨੱਸ, ਨੌਂ ਦਵਾਰੇ ਪੰਧ ਮੁਕਾਇੰਦਾ । ਆਪੇ ਰੂਪ ਕੋਟਨ ਕੋਟ ਰਵ ਸਸ, ਆਪ ਆਪਣਾ ਨੈਣ ਖੁਲ੍ਹਾਇੰਦਾ । ਹਰਿਜਨ ਹਰਿ ਹਰਿ ਹੋਇਆ ਵਸ, ਦਰ ਦਰਵੇਸ਼ਾ ਫੇਰੀ ਪਾਇੰਦਾ । ਕਰਮ ਕਾਂਡ ਦੇਵੇ ਝੱਸ, ਆਪੇ ਚਰਨਾਂ ਹੇਠ ਦਬਾਇੰਦਾ । ਤ੍ਰੈਗੁਣ ਮਾਇਆ ਨਾ ਲਏ ਡੱਸ, ਮਮਤਾ ਮੋਹ ਚੁਕਾਇੰਦਾ । ਇਕ ਪਿਆਏ ਸਾਚਾ ਰਸ, ਆਪਣੇ ਹੱਥ ਜਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਸੁਣਾਇੰਦਾ । ਏਕਾ ਸ਼ਬਦ ਚੌਥਾ ਪਦ, ਸਤਿ ਪੁਰਖ ਨਿਰੰਜਣ ਆਪ ਰਖਾਇਆ । ਹੰ ਬ੍ਰਹਮ ਪਾਰ ਹੱਦ, ਜਿਸ ਜਨ ਰਸਨਾ ਗਾਇਆ । ਸਚਖੰਡ ਦਵਾਰੇ ਆਪੇ ਸੱਦ, ਚਰਨ ਕਵਲ ਆਪ ਬਹਾਇਆ । ਅੰਮ੍ਰਿਤ ਪਿਆਈ ਸਾਚੀ ਮਦਿ, ਦਿਵਸ ਰੈਣ ਖ਼ੁਮਾਰ ਰਖਾਇਆ । ਵਿਸ਼ਨੂੰ ਵੰਸੀ ਸਾਚੀ ਯਦ, ਏਕਾ ਬ੍ਰਹਮ ਦਰਸਾਇਆ । ਆਪਣਾ ਭਾਰ ਆਪੇ ਲੱਦ, ਗੁਰਮੁਖ ਸਾਚੇ ਰਿਹਾ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਤਰ ਨਾਮ ਦ੍ਰਿੜਾਇਆ । ਸੱਸਾ ਸ਼ਬਦ ਪੁਰਖ ਸੁਲਤਾਨ, ਏਕਾ ਰੂਪ ਦਰਸਾਇੰਦਾ । ਦਾਤਾ ਦਾਨੀ ਮਿਹਰਬਾਨ, ਏਕਾ ਘਰ ਵਖਾਇੰਦਾ । ਉਪਰ ਹੋੜਾ ਧਰ ਨਿਸ਼ਾਨ, ਪਾਰਬ੍ਰਹਮ ਆਪ ਚਲਾਇੰਦਾ । ਹਾਹਾ ਹਰਸ ਮਿਟੇ ਜਹਾਨ, ਸੱਸਾ ਸਤਿਗੁਰ ਵੇਖ ਵਖਾਇੰਦਾ । ਟਿੱਪੀ ਬਣੇ ਇਕ ਮਹਾਨ, ਚਾਰੋਂ ਕੁੰਟ ਮੁਖ ਬੰਦ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਏ ਦੋਏ ਅੱਖਰ ਵੇਖ ਵਖਾਇੰਦਾ । ਦੋਏ ਅੱਖਰ ਦੋਏ ਧਾਰ, ਦੋਏ ਰੂਪ ਸਮਾਇਆ । ਨਿਰਗੁਣ ਨਿਰਗੁਣ ਇਕ ਪਿਆਰ, ਏਕਾ ਘਰ ਵਸਾਇਆ । ਸਤਿਗੁਰ ਖੇਲੇ ਖੇਲ ਅਗੰਮ ਅਪਾਰ, ਗੁਰ ਗੁਰ ਵੇਸ ਵਟਾਇਆ । ਗੁਰ ਗੁਰ ਮੰਗੇ ਮੰਗ ਭਿਖਾਰ, ਸਤਿਗੁਰ ਝੋਲੀ ਪਾਇਆ । ਦੋਹਾਂ ਵਿਚੋਲਾ ਆਪ ਕਰਤਾਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਸ਼ਬਦ ਢੋਲਾ ਅਪਰ ਅਪਾਰ, ਆਪ ਆਪਣਾ ਆਪੇ ਗਾਇਆ । ਨਾਨਕ ਤੋਲਾ ਹਰਿ ਗਿਰਧਾਰ, ਸਚਖੰਡ ਦਵਾਰੇ ਇਕ ਵਖਾਇਆ । ਬਦਲਿਆ ਚੋਲਾ ਅੰਤਮ ਵਾਰ, ਕਲਜੁਗ ਵੇਸ ਵਟਾਇਆ । ਅੰਤਮ ਮੌਲਾ ਸਰਬ ਸੰਸਾਰ, ਦਿਸ ਕਿਸੇ ਨਾ ਆਇਆ । ਧਰਨੀ ਧਰਤ ਧਵਲ ਹੋ ਉਜਿਆਰ, ਗੁਰਮੁਖ ਸਾਚੇ ਲਏ ਜਗਾਇਆ । ਅੰਮ੍ਰਿਤ ਆਤਮ ਪੌਹਲ ਖੰਡੇ ਧਾਰ, ਗੁਰ ਗੋਬਿੰਦ ਆਪ ਪਿਆਇਆ । ਸਾਚੀ ਸਿਖੀ ਕਰ ਤਿਆਰ, ਵਾਲੋਂ ਨਿੱਕੀ ਆਪ ਜਣਾਇਆ । ਮੁਨੀ ਰਿਖੀ ਨਾ ਪਾਵਣ ਸਾਰ, ਹਰਿ ਕਾ ਸ਼ਬਦ ਦਿਸ ਨਾ ਆਇਆ । ਧੁਰ ਦੀ ਲੇਖ ਲਿਖੀ ਆਪ ਕਰਤਾਰ, ਆਪੇ ਵੇਖਣ ਆਇਆ । ਸੋਹੰ ਸ਼ਬਦ ਸ਼ਬਦ ਜੈਕਾਰ, ਗੁਰ ਚੇਲਾ ਰੂਪ ਵਟਾਇਆ । ਹੰ ਬ੍ਰਹਮ ਇਕ ਅਧਾਰ, ਗੋਬਿੰਦ ਪੁਰਖ ਅਕਾਲ ਮਨਾਇਆ । ਨਾਨਕ ਢਹਿ ਪਏ ਦਵਾਰ, ਨਿਰਗੁਣ ਦਰਸ਼ਨ ਪਾਇਆ । ਏਕਾ ਸ਼ਬਦ ਆਪ ਵਿਚਾਰ, ਰਸਨਾ ਜਿਹਵਾ ਨਾ ਕੋਇ ਹਿਲਾਇਆ । ਬੱਤੀ ਦੰਦ ਨਾ ਕੋਈ ਧਾਰ, ਪੰਜ ਤਤ ਨਾ ਕੋਈ ਉਪਾਇਆ । ਸਚਖੰਡ ਦਵਾਰੇ ਰਿਹਾ ਪੁਕਾਰ, ਮੈਂ ਤੇਰਾ ਤੂੰ

ਮੇਰਾ, ਤੇਰਾ ਮੇਰਾ ਭੇਵ ਨਾ ਰਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਗੁਰ ਨਾਨਕ ਏਹ ਜਣਾਇਆ । ਤੇਰਾ ਮੇਰਾ ਸਚ ਪਿਆਰ, ਸਚ ਸਿੰਘਾਸਣ ਆਸਣ ਲਾਇਆ । ਕਲਜੁਗ ਜੀਵ ਨਾ ਪਾਇਣ ਸਾਰ, ਭਗਤੀ ਭਗਤ ਨਾ ਕੋਈ ਦ੍ਰਿੜਾਇਆ । ਅੰਤਮ ਕਲਜੁਗ ਵੇਖ ਵਿਚਾਰ, ਆਪ ਆਪਣਾ ਰੂਪ ਵਟਾਇਆ । ਨਿਹਕਲੰਕ ਲਏ ਅਵਤਾਰ, ਸ਼ਬਦੀ ਸ਼ਬਦ ਸਮਾਇਆ । ਸ਼ਬਦ ਗੁਣ ਅਪਰ ਅਪਾਰ, ਹਰਿ ਸਾਚਾ ਵੇਖ ਵਖਾਇਆ । ਗੁਰਮੁਖਾਂ ਦੇਵੇ ਲੋਕਮਾਤ ਕਰ ਉਜਿਆਰ, ਆਪ ਆਪਣਾ ਮੁਖ ਛੁਪਾਇਆ । ਖਿੱਚੀ ਜਾਏ ਵਾਰੋ ਵਾਰ, ਔਂਦਾ ਜਾਂਦਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕ ਗੁਰ, ਲੇਖਾ ਲਿਖਣਹਾਰ ਧੁਰ, ਲੋਕਮਾਤ ਮਾਰ ਝਾਤ, ਇਕ ਇਕਾਂਤ, ਸੰਜੋਗ ਵਿਜੋਗ ਆਤਮ ਰਸ ਸਾਚਾ ਭੋਗ, ਪਾਰ ਕਰਾਏ ਤਿੰਨਾਂ ਲੋਕ, ਸੋਹੰ ਸਚ ਸਲੋਕ, ਜਿਸ ਜਨ ਰਸਨਾ ਗਾਇਆ ।



### * ੨੦ ਮੱਘਰ ੨੦੧੫ ਬਿਕ੍ਰਮੀ ਧੰਨਾ ਸਿਘ ਦੇ ਘਰ ਪਿੰਡ ਢਹਿ ਪਈ ਜ਼ਿਲਾ ਲੁਧਿਆਣਾ *

ਪੁਰਖ ਅਕਾਲ ਸਰਬ ਜਗ ਮੀਤਾ, ਏਕਾ ਏਕੰਕਾਰਿਆ । ਆਦਿ ਜੁਗਾਦਿ ਜੁਗ ਜੁਗ ਰੀਤਾ, ਕਰਤਾ ਪੁਰਖ ਆਪ ਚਲਾ ਰਿਹਾ । ਬੈਠਾ ਰਹੇ ਇਕ ਅਤੀਤਾ, ਅਬਿਨਾਸ਼ੀ ਪੁਰਖ ਨਾਉਂ ਧਰਾ ਰਿਹਾ । ਨਾ ਕੋਈ ਦੇਹੁਰਾ ਮੰਦਰ ਮਸੀਤਾ, ਥਿਰ ਘਰ ਸਾਚੇ ਡੇਰਾ ਲਾ ਰਿਹਾ । ਏਕਾ ਰੂਪ ਠਾਂਡਾ ਸੀਤਾ, ਸਤਿ ਸੰਤੋਖ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਕ ਸਮਾ ਰਿਹਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਹਰਿ ਅਵਤਾਰ, ਪਾਰਬ੍ਰਹਮ ਵੇਸ ਵਟਾਈਆ । ਨਰ ਨਰਾਇਣ ਖੇਲ ਅਪਾਰ, ਆਦਿ ਨਿਰੰਜਣ ਵਡ ਵਡਿਆਈਆ । ਜੋਤੀ ਨੂਰ ਕਰ ਉਜਿਆਰ, ਦਰਦ ਦੁੱਖ ਭੈ ਭੰਜਨ ਨਾਉਂ ਰਖਾਈਆ । ਸ੍ਰਿਸ਼ਟ ਸਬਾਈ ਸਾਚਾ ਸੱਜਣ, ਏਕਾ ਏਕ ਆਪ ਹੋ ਜਾਈਆ । ਲੱਖ ਚੁਰਾਸੀ ਕਰਾਏ ਮਜਨ, ਚਰਨ ਧੂੜ ਆਪ ਵਖਾਈਆ । ਸੰਤ ਸੁਹੇਲਾ ਪਰਦਾ ਕੱਜਨ, ਆਵੇ ਜਾਵੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਦਾਤਾ ਹਰਿ ਬੇਅੰਤ, ਏਕਾ ਰੂਪ ਸਮਾਇੰਦਾ । ਆਪ ਉਪਾਏ ਸਾਚੇ ਸੰਤ, ਸੰਤ ਸੁਹੇਲਾ ਆਪ ਅਖਵਾਇੰਦਾ । ਆਪ ਬਣਾਏ ਸਾਚੀ ਬਣਤ, ਆਪ ਆਪਣਾ ਕਰਮ ਕਮਾਇੰਦਾ । ਆਪ ਚਲਾਏ ਆਪਣਾ ਮੰਤ, ਆਪ ਆਪਣਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਖੇਲੇ ਖੇਲ ਹਰਿ ਭਗਵਾਨਾ, ਅਕਲ ਕਲਾ ਕਲ ਧਾਰਿਆ । ਆਦਿ ਪੁਰਖ ਮਿਹਰਬਾਨਾ, ਦੋ ਜਹਾਨਾ ਪਾਵੇ ਸਾਰਿਆ । ਅਗੰਮ ਅਗੰਮੜਾ ਧਾਮ ਸੁਹਾਨਾ, ਅਲੱਖ ਨਿਰੰਜਣ ਵੇਖ ਵਿਖਾ ਰਿਹਾ । ਸਚਖੰਡ ਦਵਾਰੇ ਬੈਠ ਮਰਦਾਨਾ, ਆਪ ਆਪਣਾ ਵੇਖ ਵਖਾ ਰਿਹਾ । ਲੋਆਂ ਪੁਰੀਆਂ ਇਕ ਬਿਬਾਨਾ, ਏਕਾ ਆਪ ਉਡਾ ਰਿਹਾ । ਏਕਾ ਸ਼ਬਦ ਇਕ ਤਰਾਨਾ, ਏਕਾ ਰਾਗ ਸੁਣਾ ਰਿਹਾ । ਏਕਾ ਵਿਸ਼ਨ ਖੇਲ ਮਹਾਨਾ, ਅਕਾਰ ਸਾਕਾਰ ਬਣਾ ਰਿਹਾ । ਬ੍ਰਹਮਾ ਵੇਖੇ ਮਾਰ ਧਿਆਨਾ, ਨਾਭੀ ਕਵਲ ਕੁਮਲਾ ਰਿਹਾ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਆਤਮ ਅੰਤਰ ਇਕ ਗਿਆਨਾ, ਏਕਾ ਨਾਮ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਰਿਹਾ । ਵੇਸ ਵਟੰਤਾ

ਧੁੰਧੂਕਾਰ, ਨਿਰਗੁਣ ਨੂਰ ਉਪਾਇਆ । ਸ਼ਿਵ ਸ਼ੰਕਰ ਹਰਿ ਕਰ ਪਿਆਰ, ਜਟਾ ਜੂਟ ਵੇਖ ਵਖਾਇਆ । ਬਾਸ਼ਕ ਤਸ਼ਕਾ ਗਲ ਗਲ ਹਾਰ, ਹੱਥ ਤ੍ਰਸੂਲ ਫੜਾਇਆ । ਵੇਖੇ ਵਿਗਸੇ ਪਾਵੇ ਸਾਰ, ਨਾਦ ਅਨਾਦੀ ਆਪ ਹੋ ਜਾਇਆ । ਬ੍ਰਹਮ ਬ੍ਰਹਿਮਾਦੀ ਖੇਲੇ ਖੇਲ ਅਪਾਰ, ਪਾਰਬ੍ਰਹਮ ਵਡ ਵਡਿਆਇਆ । ਆਦਿ ਜੁਗਾਦੀ ਸਾਚੀ ਧਾਰ, ਜੁਗ ਜੁਗ ਆਪ ਕਰਾਇਆ । ਦੇਵੇ ਦਾਦ ਨਾਮ ਅਧਾਰ, ਏਕਾ ਵਸਤ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਸਾਚੇ ਘਰ, ਤ੍ਰੈ ਤ੍ਰੈ ਵੇਸ ਵਟਾਇਆ । ਤ੍ਰੈ ਤ੍ਰੈ ਤੇਰਾ ਸਾਚਾ ਵੇਸ, ਤ੍ਰਲੋਕੀ ਆਪ ਬਣਾਈਆ । ਪਾਰਬ੍ਰਹਮ ਪ੍ਰਭ ਸਦਾ ਅਦੇਸ, ਆਪਣੇ ਹੱਥ ਰੱਖੇ ਵਡਿਆਈਆ । ਜੋਤ ਨਿਰੰਜਣ ਹਰਿ ਪ੍ਰਵੇਸ, ਆਪਣੀ ਬਣਤ ਬਣਾਈਆ । ਆਪੇ ਜਾਣੇ ਆਪਣਾ ਵੇਸ, ਆਪਣਾ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਕਲ ਦਾਨਾ ਹਰਿ ਮਿਹਰਬਾਨਾ, ਏਕਾ ਏਕੰਕਾਰਿਆ । ਕਲਜੁਗ ਖੇਲੇ ਖੇਲ ਮਹਾਨਾ, ਪੰਚਮ ਮੇਲ ਮਿਲਾ ਰਿਹਾ । ਪੰਚਮ ਪੰਚਮ ਕਰ ਪ੍ਰਧਾਨਾ, ਪੰਚਮ ਸਾਚਾ ਜੋੜ ਜੁੜਾ ਰਿਹਾ । ਪੰਚਮ ਰਾਗ ਇਕ ਤਰਾਨਾ, ਏਕਾ ਦਰ ਵਖਾ ਰਿਹਾ । ਪੰਚਮ ਵੇਖੇ ਪਦ ਨਿਰਬਾਨਾ, ਏਕਾ ਮੁਖ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧੀਰ ਧਰਾ ਰਿਹਾ । ਜੁਗ ਜੁਗ ਧੀਰ ਹਰਿ ਧਰੰਤਾ, ਧਰਨੀ ਧਵਲ ਸੁਹਾਇੰਦਾ । ਮੇਲ ਮਿਲਾਵਾ ਸਾਚੇ ਸੰਤਾ, ਸੰਤ ਸੁਹੇਲਾ ਆਪ ਅਖਵਾਇੰਦਾ । ਲੱਖ ਚੁਰਾਸੀ ਮਾਇਆ ਪਾਏ ਬੇਅੰਤਾ, ਦਿਸ ਕਿਸੇ ਨਾ ਆਇੰਦਾ । ਮਹਿਮਾ ਜਗਤ ਗਣਤ ਅਗਣਤਾ, ਲੇਖਾ ਲਿਖਤ ਨਾ ਕੋਈ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਬਣਾਈ ਬਣਤਾ, ਕਲਜੁਗ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਮਰਦੰਗ ਸਾਚਾ ਸ਼ਬਦ ਵਜਾਇੰਦਾ । ਨਾਮ ਮਰਦੰਗ ਸਾਚਾ ਢੋਲਾ, ਹਰਿ ਹਰਿ ਆਪ ਸੁਣਾਈਆ । ਪੁਰੀਆਂ ਲੋਆਂ ਪਰਦਾ ਖੋਲ੍ਹਾ, ਪਾਰਬ੍ਰਹਮ ਵੱਡੀ ਵਡਿਆਈਆ । ਗੁਰ ਨਾਨਕ ਬਣਿਆ ਸਾਚਾ ਤੋਲਾ, ਏਕਾ ਕੰਡਾ ਹੱਥ ਉਠਾਈਆ । ਕੂੜ ਕੁੜਿਆਰਾ ਕੱਢੇ ਪੋਲਾ, ਭੇਖ ਪਖੰਡਾ ਰਹੇ ਨਾ ਰਾਈਆ । ਜੋਤੀ ਜਾਮਾ ਬਦਲਿਆ ਚੋਲਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭਗਤ ਸੁਹੇਲਾ ਵਸਿਆ ਕੋਲਾ, ਵਿਛੜ ਕਦੇ ਨਾ ਜਾਈਆ । ਮਨਮੁਖਾਂ ਵਸੇ ਸਦਾ ਉਹਲਾ, ਦਿਵਸ ਰੈਣ ਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਸਰਬ ਲੋਕਾਈਆ । ਕਲਜੁਗ ਤੇਰਾ ਸਾਚਾ ਰਾਹ, ਹਰਿ ਹਰਿ ਵੇਖ ਵਖਾਇੰਦਾ । ਸ਼ਬਦ ਗੁਰ ਬੇਪਰਵਾਹ, ਆਪਣਾ ਆਪ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਥਾਉਂ ਥਾਂ, ਸੱਤਾਂ ਦੀਪਾਂ ਫੇਰੀ ਪਾਇੰਦਾ । ਚਾਰ ਵਰਨਾਂ ਲਏ ਜਗਾ, ਬਰਨ ਅਠਾਰਾਂ ਆਪ ਹਿਲਾਇੰਦਾ । ਸਾਧਾਂ ਸੰਤਾਂ ਅੱਖ ਖੁਲ੍ਹਾ, ਆਲਸ ਨਿੰਦਰਾ ਮੂਲ ਚੁਕਾਇੰਦਾ । ਏਕਾ ਢੋਲਾ ਸਾਚਾ ਗਾ, ਏਕਾ ਸ਼ਬਦ ਸੁਣਾਇੰਦਾ । ਆਪਣਾ ਨਾਉਂ ਮੌਲਾ ਆਪ ਧਰਾ, ਅੱਲਾ ਰਾਣੀ ਮੇਲ ਮਿਲਾਇੰਦਾ । ਪਰਵਰਦਿਗਾਰ ਬੇਐਬ ਖ਼ੁਦਾ, ਹੱਕ ਹਕੀਕਤ ਵੇਖ ਵਖਾਇੰਦਾ । ਚੌਦਾਂ ਤਬਕ ਨਾ ਹੋਏ ਜੁਦਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਆਪਣਾ ਫਰਜ਼ ਕਰੇ ਅਦਾ, ਸਚ ਅਦਾਲਤ ਇਕ ਵਖਾਇੰਦਾ । ਰਾਮ ਨਾਮਾ ਰੂਪ ਵਟਾ, ਆਪ ਆਪਣਾ ਵੇਸ ਧਰਾਇੰਦਾ । ਨਾਮ ਬੰਸਰੀ ਇਕ ਵਜਾ, ਕਾਹਨਾ ਕ੍ਰਿਸ਼ਨਾ ਖੇਲ ਖਲਾਇੰਦਾ । ਚਾਰ ਯਾਰੀ ਸੰਗ ਮੁਹੰਮਦ ਲਏ ਰਲਾ, ਈਸਾ ਮੂਸਾ ਆਪ ਸਮਾਇੰਦਾ । ਨਾਮ ਸਤਿ ਮੰਤਰ ਦ੍ਰਿੜਾ, ਨਾਨਕ ਸਤਿਗੁਰ ਸੋਝੀ ਪਾਇੰਦਾ । ਸਾਚੇ ਪੌੜੇ ਆਪ ਚੜ੍ਹਾ, ਚਾਰ ਵਰਨਾਂ ਮੇਲ ਮਿਲਾਇੰਦਾ ।

ਮਿੱਠੇ ਕੌੜੇ ਰਸ ਬਣਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਨਾਮ ਸ਼ਬਦ ਵਸਤ ਅਪਾਰ, ਨਾਨਕ ਹੱਥ ਰਖਾਈਆ । ਚਾਰ ਵਰਨਾਂ ਹਰਿ ਭੰਡਾਰ, ਏਕਾ ਰਿਹਾ ਵਰਤਾਈਆ । ਏਕਾ ਜੋਤੀ ਦੀਪ ਉਜਿਆਰ, ਏਕਾ ਕਰੇ ਰੁਸ਼ਨਾਈਆ । ਵਰਨ ਗੋਤੀ ਵਸਿਆ ਬਾਹਿਰ, ਸਾਚੀ ਜੋਤੀ ਇਕ ਵਖਾਈਆ । ਤਨ ਲੰਗੋਟੀ ਨਾ ਕੋਈ ਭਿਖਾਰ, ਤਿਲਕ ਲਲਾਟ ਨਾ ਕੋਈ ਵਿਖਾਈਆ । ਸਾਚੀ ਹਾਟੀ ਵਣਜ ਵਪਾਰ, ਏਕਾ ਸ਼ਬਦ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਬੂਝ ਬੁਝਾਈਆ । ਏਕਾ ਨਾਮ ਇਕ ਵਪਾਰ, ਏਕਾ ਗੁਰ ਕਰਾਇੰਦਾ । ਏਕਾ ਸ਼ਬਦ ਇਕ ਜੈਕਾਰ, ਏਕਾ ਹਰਿ ਹਰਿ ਲਾਇੰਦਾ । ਏਕਾ ਜੋਤ ਇਕ ਉਜਿਆਰ, ਏਕਾ ਦੀਪ ਜਗਾਇੰਦਾ । ਏਕ ਰੂਪ ਦਸ ਅਵਤਾਰ, ਗੋਬਿੰਦ ਨਾਉਂ ਧਰਾਇੰਦਾ । ਏਕਾ ਖੰਡਾ ਤੇਜ ਕਟਾਰ, ਚੰਡ ਪ੍ਰਚੰਡ ਵਖਾਇੰਦਾ । ਏਕਾ ਬਸਤਰ ਤਨ ਸ਼ਿੰਗਾਰ, ਪੰਚਮ ਮੇਲ ਮਿਲਾਇੰਦਾ । ਏਕਾ ਅੰਮ੍ਰਿਤ ਕਰ ਤਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਏਕਾ ਪੰਚਮ ਸਚ ਪਿਆਰ, ਊਚਾਂ ਨੀਚਾਂ ਮੇਲ ਮਿਲਾਇੰਦਾ । ਅੰਤਮ ਢਹਿ ਪਏ ਦਵਾਰ, ਆਪ ਆਪਣਾ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਤੇਰਾ ਸੁਤ ਦੁਲਾਰ, ਤੇਰੀ ਕਿਰਿਆ ਵੇਖ ਵਖਾਇੰਦਾ । ਤੇਰਾ ਰੂਪ ਕਰ ਤਿਆਰ, ਮੁੱਛ ਦਾੜ੍ਹੀ ਕੇਸ ਲਗਾਇੰਦਾ । ਆਪੇ ਵਸਿਆ ਸਭ ਤੋਂ ਬਾਹਿਰ, ਦਿਸ ਕਿਸੇ ਨਾ ਆਇੰਦਾ । ਵੇਖਣਹਾਰਾ ਸਿਰਜਣਹਾਰ, ਆਪ ਆਪਣਾ ਨੈਣ ਖੁਲ੍ਹਾਇੰਦਾ । ਕਲਜੁਗ ਅੰਤਮ ਉਤਰੇ ਪਾਰ, ਝੂਠਾ ਜਗਤ ਕੁਰਲਾਇੰਦਾ । ਸ੍ਰਿਸ਼ਟ ਸਬਾਈ ਧੁੰਧੂਕਾਰ, ਅੰਧ ਅੰਧੇਰ ਵਖਾਇੰਦਾ । ਮਾਤਾ ਪੁੱਤਰ ਸੇਜ ਭਤਾਰ, ਨਾਰੀ ਕੰਤ ਰੂਪ ਵਿਖਾਇੰਦਾ । ਭੈਣ ਭਈਆ ਨਾ ਕੋਈ ਪਿਆਰ, ਦੁਰਾਚਾਰ ਸਰਬ ਵਰਤਾਇੰਦਾ । ਨਾਰੀ ਨਰ ਹੋਏ ਵਿਭਚਾਰ, ਸਾਚੀ ਸੇਜ ਨਾ ਕੋਇ ਹੰਢਾਇੰਦਾ । ਜੋਧਾ ਸੂਰਬੀਰ ਨਾ ਕੋਇ ਬਲਕਾਰ, ਧਰਮ ਜੈਕਾਰ ਨਾ ਕੋਈ ਲਗਾਇੰਦਾ । ਸਾਚਾ ਵਰਨ ਨਾ ਦਿਸੇ ਵਿਚ ਸੰਸਾਰ, ਸ਼ੰਕਰ ਬਰਨ ਇਕ ਜਣਾਇੰਦਾ । ਰਾਓ ਰੰਕ ਹੋਏ ਖ਼ਵਾਰ, ਸ਼ਾਹ ਸੁਲਤਾਨ ਨਾ ਧੀਰ ਧਰਾਇੰਦਾ । ਰਾਜ ਰਾਜਾਨਾ ਝੂਠ ਦਰਬਾਰ, ਸਚ ਸੁੱਚ ਨਾ ਕੋਇ ਵਰਤਾਇੰਦਾ । ਕਾਮ ਕਰੋਧ ਲੋਭ ਮੋਹ ਹੋਏ ਹੰਕਾਰ, ਪੰਜ ਤਤ ਕੁਰਲਾਇੰਦਾ । ਆਸਾ ਤ੍ਰਿਸ਼ਨਾ ਕੱਢੇ ਹਾੜਾ, ਨੇਤਰ ਰੋ ਰੋ ਨੀਰ ਵਹਾਇੰਦਾ । ਸਾਧ ਸੰਤ ਨਾ ਕੋਇ ਸਹਾਈ ਜੰਗਲ ਜੂਹ ਉਜਾੜ ਪਹਾੜ, ਗੁਰ ਦਰ ਮੰਦਰ ਮਸਜਿਦ ਮੱਠ ਦਰ ਦਵਾਰ ਵੇਖ ਵਖਾਇੰਦਾ । ਫੇਰੀ ਪਾਏ ਅਠਸਠ ਆਪ, ਆਪਣਾ ਸਤਿ ਰਖਾਇੰਦਾ । ਪਾਰਬ੍ਰਹਮ ਪੂਰਬ ਕਰ ਇਕੱਠ, ਕਲਜੁਗ ਅੰਤਮ ਵੇਖ ਵਖਾਇੰਦਾ । ਜੁਗ ਜੁਗ ਗੇੜਣਹਾਰਾ ਲੱਠ, ਆਪਣਾ ਗੇੜਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਕਲਜੁਗ ਅੰਤਮ ਝੂਠ ਪਸਾਰ, ਚਾਰੋਂ ਕੁੰਟ ਅੰਧਿਆਰਿਆ । ਨਾ ਕੋਈ ਦਿਸੇ ਸਚ ਵਿਹਾਰ, ਮਾਇਆ ਮੋਹ ਹੰਕਾਰਿਆ । ਸਾਧ ਸੰਤ ਨਾ ਕੋਈ ਧਾਰ, ਆਤਮ ਬ੍ਰਹਮ ਨਾ ਕੋਈ ਜਣਾ ਰਿਹਾ । ਨਾ ਕੋਈ ਖੋਲ੍ਹੇ ਬੰਦ ਕਿਵਾੜ, ਤੀਜਾ ਨੈਣ ਨਾ ਕੋਈ ਉਘਾੜਿਆ । ਚੌਥੇ ਪਦ ਨਾ ਦੇਵੇ ਵਾੜ, ਪਾਰਬ੍ਰਹਮ ਨਾ ਕੋਇ ਮਿਲਾ ਰਿਹਾ । ਅਨਹਦ ਨਾ ਕੋਈ ਧੁਨਕਾਰ, ਰਾਗ ਅਨਾਦੀ ਨਾ ਕੋਈ ਅਲਾ ਰਿਹਾ । ਅੰਮ੍ਰਿਤ ਜਲ ਨਾ ਠੰਡੀ ਠਾਰ, ਸਰ ਸਰੋਵਰ ਨਾ ਕੋਈ ਵਖਾ ਰਿਹਾ । ਬਜ਼ਰ ਕਪਾਟੀ ਨਾ ਦੇਵੇ ਕੋਈ ਪਾੜ, ਮੰਦਰ ਅੰਦਰ ਕੁੰਡਾ ਕੋਈ ਨਾ ਲਾਹ ਰਿਹਾ । ਦਸਮ ਦੁਆਰੀ ਕਰ ਸ਼ਿੰਗਾਰ, ਆਤਮ ਸੇਜਾ ਨਾ ਕੋਈ ਸੁਹਾ

੯੪੩
੦੭

ਰਿਹਾ । ਸ਼ਬਦ ਗੁਰ ਨਾ ਪਾਵੇ ਸਾਰ, ਸੁਰਤ ਸਵਾਣੀ ਨਾ ਮੇਲ ਮਿਲਾ ਰਿਹਾ । ਬਿਨ ਨਾਮੇ ਹੋਏ ਹਾਹਾਕਾਰ, ਜਗਤ ਤ੍ਰਿਸ਼ਨਾ ਮੋਹ ਚੁਕਾ ਲਿਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਦੂਈ ਦਵੈਤੀ ਪਰਦਾ ਆਪ ਚੁਕਾ ਲਿਆ । ਕਾਇਆ ਤੋੜ ਗੜ੍ਹ ਹੰਕਾਰ, ਆਤਮ ਚੜ੍ਹ ਦਰ ਬਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਡੰਕ ਵਜਾ ਲਿਆ । ਸ਼ਬਦ ਡੰਕ ਅਪਰ ਅਪਾਰ, ਏਕਾ ਏਕ ਵਜਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਲੋਕਮਾਤ ਆਪ ਉਠਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਵੇ ਸਾਰ, ਲੋਆਂ ਪੁਰੀਆਂ ਆਪ ਹਿਲਾਇੰਦਾ । ਨੌਂ ਸੱਤ ਹੋ ਉਜਿਆਰ, ਜੋਤੀ ਨੂਰ ਇਕ ਚਮਕਾਇੰਦਾ । ਨਾਮ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਬ੍ਰਹਿਮੰਡਾਂ ਪਾਵਣਹਾਰਾ ਸਾਰ, ਜੇਰਜ ਅੰਡਾਂ ਵੇਖ ਵਖਾਇੰਦਾ । ਉਤਭੁਜ ਸੇਤਜ ਦਏ ਅਧਾਰ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕਾ ਹਰਿ ਬਲਵਾਨਾ, ਏਕਾ ਰੂਪ ਦਰਸਾਇੰਦਾ । ਏਕਾ ਤੀਰ ਇਕ ਕਮਾਨਾ, ਏਕਾ ਚਿੱਲਾ ਆਪ ਉਠਾਇੰਦਾ । ਏਕਾ ਮਾਰੇ ਦੋ ਜਹਾਨਾਂ, ਦੋ ਜਹਾਨਾਂ ਵੇਖ ਵਖਾਇੰਦਾ । ਲੱਖ ਚੁਰਾਸੀ ਭੇਖ ਮਿਟਾਣਾ, ਕਲਜੁਗ ਅੰਤਮ ਫੇਰੀ ਪਾਇੰਦਾ । ਆਤਮ ਬ੍ਰਹਮ ਕਰੇ ਪਛਾਣਾ, ਪਾਰਬ੍ਰਹਮ ਨਾ ਕੋਈ ਭਰਮਾਇੰਦਾ । ਵੇਖ ਵਖਾਏ ਅੰਜੀਲ ਕੁਰਾਨਾ, ਵੇਦ ਪੁਰਾਨਾ ਸੰਗ ਨਿਭਾਇੰਦਾ । ਖਾਣੀ ਬਾਣੀ ਪਦ ਨਿਰਬਾਣਾ, ਏਕਾ ਦਰ ਬਹਾਇੰਦਾ । ਏਕਾ ਸ਼ਬਦ ਧੁਰ ਨਿਸ਼ਾਨਾ, ਲੋਕਮਾਤ ਝੁਲਾਇੰਦਾ । ਚਾਰ ਵਰਨ ਇਕ ਗਿਆਨਾ, ਏਕਾ ਬੂਝ ਬੁਝਾਇੰਦਾ । ਪਾਰਬ੍ਰਹਮ ਪ੍ਰਭ ਸ਼ਾਹ ਸੁਲਤਾਨਾ, ਸ਼ਾਹੋ ਭੂਪ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੰਮਤੀ ਵੇਖ ਵਖਾਇੰਦਾ । ਸੰਮਤੀ ਸੰਮਤ ਹਰਿ ਕਰਤਾਰ, ਆਪਣੀ ਕਲ ਵਰਤਾਈਆ । ਬੀਸ ਸਦ ਪੰਦਰਾਂ ਹੋ ਤਿਆਰ, ਭਾਰਤ ਖੰਡ ਵੰਡ ਵੰਡਾਈਆ । ਜੰਬੂ ਦੀਪ ਹੋ ਉਜਿਆਰ, ਆਪਣਾ ਮਤਾ ਪਕਾਈਆ । ਸੰਤ ਸੁਹੇਲਾ ਕਰ ਪਿਆਰ, ਇਕ ਇਕੇਲਾ ਵੇਖ ਵਖਾਈਆ । ਗੁਰ ਚੇਲਾ ਸੋਹੇ ਬੰਕ ਦਵਾਰ, ਹਰਿ ਸੱਜਣ ਮੇਲ ਮਿਲਾਈਆ । ਪਤਿ ਪਤਿਵੰਤਾ ਮੀਤ ਮੁਰਾਰ, ਪਾਰਬ੍ਰਹਮ ਸਹਿਜ ਸੁਖਦਾਈਆ । ਨਾਰੀ ਕੰਤਾ ਇਕ ਪਿਆਰ, ਏਕਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਵੇਖ ਵਖਾਏ, ਲੱਖ ਚੁਰਾਸੀ ਥਾਉਂ ਥਾਈਆ ।

## * ੨੧ ਮੱਘਰ ੨੦੧੫ ਬਿਕ੍ਰਮੀ ਗੁਰਦਿਆਲ ਸਿੰਘ ਦੇ ਘਰ ਪਿੰਡ ਰੁੜਕੀ ਜ਼ਿਲਾ ਅੰਬਾਲਾ *

ਅਨਾਥਾ ਨਾਥ ਹਰਿ, ਹਰੀ ਹਰਿ ਆਪ ਅਖਵਾਇਆ । ਸਗਲ ਸੁਹੇਲਾ ਸਗਲਾ ਸਾਥ, ਸਤਿਗੁਰ ਰੂਪ ਸਮਾਇਆ । ਆਪ ਚੜ੍ਹਾਏ ਆਪਣੇ ਰਾਥ, ਰਥ ਰਥਵਾਹੀ ਵੇਖ ਵਖਾਇਆ । ਸਤਿਜੁਗ ਚਲਾਈ ਸਾਚੀ ਗਾਥ, ਗ਼ਰੀਬ ਨਿਮਾਣੇ ਗਲੇ ਲਗਾਇਆ । ਮਸਤਕ ਲਹਿਣਾ ਦੇਵੇ ਮਾਥ, ਕਰਮ ਜਰਮ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਥ ਅਨਾਥਾਂ ਵੇਖ ਵਖਾਇਆ । ਜਗਤ ਦਲਿਦਰ ਜਗਤ ਦੁੱਖ, ਕਲਜੁਗ ਝੋਲੀ ਪਾਈਆ । ਗੁਰਮੁਖਾਂ ਕਰੇ ਉਜਲ ਮੁੱਖ, ਸਾਚਾ ਸੁੱਖ ਉਪਜਾਈਆ । ਦੋ ਜਹਾਨਾਂ ਵੇਖੇ ਝੁਕ, ਮਾਤਲੋਕ ਫੇਰਾ ਪਾਈਆ ।

ਸਾਚਾ ਬੂਟਾ ਜਾਏ ਨਾ ਸੁੱਕ, ਅੰਮ੍ਰਿਤ ਆਤਮ ਛਿੜਕਾਈਆ । ਆਪਣੀ ਗੋਦੀ ਆਪੇ ਲਏ ਚੁੱਕ, ਅਰਸ ਕੁਰਸ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਵਸਾਏ ਆਪਣੇ ਘਰ, ਦੂਜਾ ਦਰ ਨਾ ਕੋਈ ਫਿਰਾਈਆ ।

### * ੨੧ ਮੱਘਰ ੨੦੧੫ ਬਿਕ੍ਰਮੀ ਨੱਥਾ ਸਿੰਘ ਦੇ ਘਰ ਪਿੰਡ ਬੜਹੇੜੀ ਜ਼ਿਲਾ ਅੰਬਾਲਾ *

ਠਾਕਰ ਦਿਆਲ ਅਬਿਨਾਸ਼ੀ ਕਰਤਾ, ਏਕਾ ਜੋਤ ਜਗਾਈਆ । ਆਦਿ ਜੁਗਾਦਿ ਕਦੇ ਨਾ ਮਰਤਾ, ਆਵਣ ਜਾਵਣ ਖੇਲ ਖਲਾਈਆ । ਆਪਣੀ ਕਰਨੀ ਆਪੇ ਕਰਦਾ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਹਰ ਘਟ ਥਾਈਆ । ਆਦਿ ਜੁਗਾਦਿ ਸਰਬ ਗੁਣ ਮੀਤਾ, ਏਕਾ ਰੂਪ ਸਮਾਇਆ । ਆਦਿ ਜੁਗਾਦਿ ਇਕ ਅਤੀਤਾ, ਨਿਰਗੁਣ ਸਰਗੁਣ ਵੇਸ ਵਟਾਇਆ । ਜੁਗ ਜੁਗ ਚਲੇ ਅਵੱਲੜੀ ਰੀਤਾ, ਆਪ ਆਪਣਾ ਖੇਲ ਖਿਲਾਇਆ । ਆਪੇ ਹੋਏ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਇਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚਾਂ ਨੀਚਾਂ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਖਿਲਾਇਆ । ਸਤਿ ਪੁਰਖ ਕਰਤਾਰ, ਸਤਿ ਸਤਿਵਾਦ ਅਖਵਾਇਆ । ਗੁਰਮੁਖ ਅੰਮ੍ਰਿਤ ਠੰਡੀ ਠਾਰ, ਆਪਣੇ ਮੁਖ ਲਗਾਇਆ । ਦੋ ਜਹਾਨਾਂ ਉਤਰੇ ਪਾਰ, ਤ੍ਰੈਲੋਕਾਂ ਵੇਖ ਵਖਾਇਆ । ਹਰਿਜਨ ਕਾਜ ਰਿਹਾ ਸਵਾਰ, ਆਪ ਆਪਣਾ ਭੇਟ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਦੁੱਖ ਆਪਣਾ ਸੁੱਖ, ਆਪਣੀ ਝੋਲੀ ਆਪ ਭਰਾਇਆ । ਜਗਤ ਰੋਗ ਕੱਟ ਸੰਤਾਪ, ਆਪਣੀ ਝੋਲੀ ਆਪ ਭਰਾਈਆ । ਲੇਖੇ ਲਾਏ ਜਗਤ ਪਾਪ, ਪਤਿਤ ਪਾਪੀ ਆਪ ਤਰਾਈਆ । ਕਲਜੁਗ ਕਿਰਿਆ ਰਹੀ ਕਾਂਪ, ਚਾਰ ਕੁੰਟ ਰਹੀ ਕੁਰਲਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਪਿਤਾ ਪੂਤ ਨਾ ਕੋਈ ਸਹਾਈਆ । ਆਤਮ ਅੰਤਰ ਕੋਈ ਨਾ ਜਾਪ, ਰਸਨਾ ਗਾ ਗਾ ਥੱਕੀ ਸਰਬ ਲੋਕਾਈਆ । ਵੇਖਣਹਾਰਾ ਆਪੇ ਆਪ, ਲੱਖ ਚੁਰਾਸੀ ਰਿਹਾ ਸਮਾਈਆ । ਪਾਰਬ੍ਰਹਮ ਵਡ ਪ੍ਰਤਾਪ, ਜੁਗ ਜੁਗ ਆਪਣਾ ਆਪ ਕਰਾਈਆ । ਹਰਿਜਨ ਮੇਟਣਹਾਰਾ ਤੀਨੋਂ ਤਾਪ, ਜਗਤ ਦਲਿਦਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਗ਼ਰੀਬ ਨਿਮਾਣਾ ਗੁਰ ਗੋਪਾਲਾ, ਏਕਾ ਰੂਪ ਸਮਾਇਆ । ਭਗਤ ਵਛਲ ਦੀਨ ਦਿਆਲਾ, ਆਪ ਆਪਣਾ ਕਰਮ ਕਮਾਇਆ । ਗੁਰਮੁਖ ਉਠਾਏ ਸਾਚੇ ਲਾਲਾ, ਲਾਲ ਅਨਮੁਲੜਾ ਇਕ ਵਿਖਾਇਆ । ਲੋਕਮਾਤ ਆਪੇ ਭਾਲਾ, ਘਰ ਘਰ ਡੇਰਾ ਲਾਇਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇਆ । ਸਾਚਾ ਸਤਿਗੁਰ ਹੋ ਦਿਆਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿ ਸੱਜਣ ਹਰਿ ਵੇਖਿਆ, ਪਾਰਬ੍ਰਹਮ ਕਰਤਾਰ । ਆਪੇ ਲਿਖਣਹਾਰਾ ਲੇਖਿਆ, ਬੈਠ ਸਚ ਸੱਚੇ ਦਰਬਾਰ । ਆਦਿ ਜੁਗਾਦੀ ਕਰੇ ਭੇਖਿਆ, ਲੋਕਮਾਤ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਉਭਾਰ । ਗੁਰਮੁਖ ਹਰਿ ਹਰਿ ਪਾਇਆ, ਆਤਮ ਵੱਜੀ ਵਧਾਈਆ । ਸਹਿਸਾ ਰੋਗ ਕਟਾਇਆ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਸਚ ਸੰਜੋਗ ਹੰਢਾਇਆ, ਮਿਲਿਆ ਮੇਲ ਸਾਚੇ ਮਾਹੀਆ । ਕਰਮ ਵਿਜੋਗ ਗਵਾਇਆ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰਾ ਗੁਰ ਕਰਤਾਰ, ਆਪਣੀ ਦਇਆ ਕਮਾਇੰਦਾ । ਦੋ ਜਹਾਨਾਂ ਪਾਵੇ ਸਾਰ, ਲੋਕਮਾਤ ਵੇਖ ਵਖਾਇੰਦਾ । ਕਲਜੁਗ ਅੰਤਮ ਲਏ ਅਵਤਾਰ, ਆਪਣਾ ਕਰਮ ਕਮਾਇੰਦਾ । ਚਾਰ ਵਰਨਾਂ ਇਕ ਪਿਆਰ, ਊਚ ਨੀਚ ਨਾ ਕੋਇ ਦਿਸਾਇੰਦਾ । ਸ਼ਬਦੀ ਸ਼ਬਦ ਸ਼ਬਦ ਅਧਾਰ, ਜੋਤੀ ਜੋਤ ਜਗਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰ, ਏਕਾ ਮੁਖ ਚੁਆਇੰਦਾ । ਦੀਵਾ ਬਾਤੀ ਕਰ ਉਜਿਆਰ, ਅਗਿਆਨ ਅੰਧੇਰ ਮਿਟਾਇੰਦਾ । ਕਮਲਾਪਾਤੀ ਮੀਤ ਮੁਰਾਰ, ਆਪ ਆਪਣਾ ਦਰਸ ਦਖਾਇੰਦਾ । ਰੈਣ ਅੰਧੇਰੀ ਰਾਤੀ ਮੇਟੇ ਹਰਿ ਕਰਤਾਰ, ਆਪ ਕਰਨੀ ਕਿਰਤ ਕਮਾਇੰਦਾ । ਅੰਤਮ ਝਾਕੀ ਪਾਵੇ ਸਾਰ, ਆਤਮ ਸੇਜਾ ਇਕ ਸੁਹਾਇੰਦਾ । ਲਹਿਣਾ ਦੇਣਾ ਚੁਕਾਏ ਬਾਕੀ ਹਰਿ ਕਰਤਾਰ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਏਕਾ ਬ੍ਰਹਮ ਵਿਖਾਇੰਦਾ । ਏਕਾ ਬ੍ਰਹਮ ਉਤਮ ਜ਼ਾਤੀ, ਹਰਿ ਹਰਿ ਆਪ ਰਖਾਈਆ । ਜਾਮ ਪਿਆਏ ਸਾਚਾ ਸਾਕੀ, ਕਾਇਆ ਮੰਦਰ ਆਪ ਸੁਹਾਈਆ । ਖੋਲ੍ਹਣਹਾਰਾ ਬੰਦ ਤਾਕੀ, ਮੁਖ ਗੁਰ ਇਕ ਵਖਾਈਆ । ਅਸਵ ਘੋੜੇ ਚੜ੍ਹੇ ਰਾਕੀ, ਲੋਆਂ ਪੁਰੀਆਂ ਆਪ ਵਡਿਆਈਆ । ਏਕਾ ਚਾਲ ਰੱਖੇ ਬਾਕੀ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਾਮ ਨਿਧਾਨ ਹੋ ਮਿਹਰਬਾਨ, ਹਰਿਜਨ ਝੋਲੀ ਪਾਈਆ । ਹਰਿਜਨ ਅੰਮ੍ਰਿਤ ਧਾਰ, ਹਰਿ ਹਰਿ ਰੂਪ ਸਮਾਇਆ । ਚਰਨ ਕਵਲ ਇਕ ਪਿਆਰ, ਸਾਚਾ ਨਾਤਾ ਇਕ ਬੰਧਾਇਆ । ਧੀਰਜ ਧੀਰ ਦਏ ਸਹਾਰ, ਸਤਿ ਸੰਤੋਖ ਨਾਮ ਦ੍ਰਿੜਾਇਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ ਬ੍ਰਹਮ ਬ੍ਰਿਹਮਾਦ ਢਹਿ ਪਏ ਦਵਾਰ, ਹਰਿਜਨ ਸਾਚੇ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਭੁੱਖ ਜਗਤ ਬੰਧਨ ਜਗਤ ਰੋਗ ਸੰਗ ਜਗਤ ਵਿਜੋਗ ਆਪਣੀ ਝੋਲੀ ਆਪੇ ਪਾਇਆ ।

## * ੨੨ ਮੱਘਰ ੨੦੧੫ ਬਿਕ੍ਰਮੀ ਬਿਸ਼ਨ ਸਿੰਘ ਗਿਆਨੀ ਪਿੰਡ ਸੁਹਾਨਾ ਜ਼ਿਲਾ ਅੰਬਾਲਾ *

ਨਿਰਗੁਣ ਜੋਤ ਹਰਿ ਨਿਰੰਕਾਰ, ਏਕਾ ਏਕੰਕਾਰਿਆ । ਆਦਿ ਜੁਗਾਦੀ ਖੇਲ ਅਪਾਰ, ਜੁਗ ਜੁਗ ਵੇਸ ਵਟਾ ਰਿਹਾ । ਪਾਰਬ੍ਰਹਮ ਰੂਪ ਨਿਰੰਕਾਰ, ਨਿਰਗੁਣ ਨੂਰੋ ਨੂਰ ਸਮਾ ਰਿਹਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਬ੍ਰਿਹਮੰਡਾਂ ਖੰਡਾਂ ਵੇਖ ਵਖਾ ਰਿਹਾ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਆਪ ਆਪਣੀ ਕਲ ਵਰਤਾਇਆ । ਆਦਿ ਜੁਗਾਦੀ ਖੇਲ ਅਪਾਰਾ, ਹਰਿ ਹਰਿ ਬਣਤ ਬਣਾਈਆ । ਕਲਜੁਗ ਅੰਤਮ ਵੇਖ ਕਿਨਾਰਾ, ਪੰਜ ਤਤ ਕਰੇ ਕੁੜਮਾਈਆ । ਨਿਰਗੁਣ ਸਰਗੁਣ ਕੰਤ ਭਤਾਰਾ, ਨਾਰੀ ਕੰਤਾ ਰੂਪ ਸਮਾਈਆ । ਸਾਚੇ ਸੰਤਾ ਕਰ ਪਿਆਰਾ, ਏਕਾ ਬੂਝ ਬੁਝਾਈਆ । ਆਤਮ ਅੰਤਰ ਇਕ ਅਧਾਰਾ, ਏਕਾ ਸ਼ਬਦ ਜਣਾਈਆ । ਰਾਗੀ ਨਾਦੀ ਅਗੰਮ ਅਪਾਰਾ, ਅਨਹਦ ਰਾਗ ਸੁਣਾਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਦਰ ਠਾਂਡੇ ਆਪ ਪਿਆਈਆ । ਜੋਤੀ ਦੀਪਕ ਕਰ ਉਜਿਆਰਾ, ਜੋਤ ਨਿਰੰਜਣ ਸੇਵਾ ਲਾਈਆ । ਪੰਚਮ ਮਾਰੇ ਮੋਹ ਹੰਕਾਰਾ, ਕਾਮ ਕਰੋਧ ਲੋਭ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਕਲਜੁਗ ਆਪਣੀ ਖੇਲ ਖਿਲਾਈਆ । ਆਦਿ

ਪੁਰਖ ਆਦਿ ਨਿਰੰਜਣ, ਏਕਾ ਰੂਪ ਸਮਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਜੋਤੀ ਜੋਤ ਜਗਾਇਆ । ਭਗਤ ਸੁਹੇਲਾ ਸਾਚਾ ਸੱਜਣ, ਲੋਕਮਾਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚੇ ਨੈਣ ਵਖਾਇਆ । ਸੰਤਨ ਮੀਤਾ ਹਰਿ ਕਰਤਾਰ, ਆਦਿ ਜੁਗਾਦਿ ਸਮਾਇੰਦਾ । ਨਿਤ ਨਵਿਤ ਖੇਲ ਅਪਾਰ, ਏਕਾ ਏਕ ਖੇਲ ਖਲਾਇੰਦਾ । ਸਾਚਾ ਮੀਤਾ ਵਿਚ ਸੰਸਾਰ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਦਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਆਤਮ ਬ੍ਰਹਮ ਸ਼ਬਦ ਗਿਆਨ, ਆਤਮ ਹਰਿ ਲਿਵ ਲਾਈਆ । ਏਕਾ ਏਕ ਸ੍ਰੀ ਭਗਵਾਨ, ਨੇਤਰ ਨੈਣ ਦਰਸ਼ਨ ਪਾਈਆ । ਗਾਏ ਗੁਣ ਗੁਣ ਨਿਧਾਨ, ਸਾਚੀ ਕਰਨੀ ਕਿਰਤ ਕਮਾਈਆ । ਦਰਸ਼ਨ ਨੇਤਰ ਨੈਣ ਮਹਾਨ, ਆਪ ਆਪਣਾ ਵੇਖ ਵਖਾਈਆ । ਮੇਲ ਮਿਲਾਵਾ ਸਾਚੇ ਕਾਹਨ, ਘਰ ਵੇਖੇ ਬੇਪਰਵਾਹੀਆ । ਸਗਲਾ ਸੰਗ ਦੋ ਜਹਾਨ, ਪੁਰਖ ਅਬਿਨਾਸ਼ੀ ਇਕ ਨਿਭਾਈਆ । ਪੰਜ ਤਤ ਬੈਠਾ ਜਗਤ ਮਕਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬਣਤ ਬਣਾਈਆ । ਦਿਸ ਨਾ ਆਏ ਜੀਵ ਨਿਧਾਨ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਸੰਤਾਂ ਦੇਵੇ ਬ੍ਰਹਮ ਗਿਆਨ, ਹਰਿ ਸਾਚੀ ਬੂਝ ਬੁਝਾਈਆ । ਏਕਾ ਚਰਨ ਇਕ ਧਿਆਨ, ਏਕਾ ਓਟ ਤਕਾਈਆ । ਏਕਾ ਖੇਲ੍ਹੇ ਖੇਲ ਮਹਾਨ, ਭੇਦ ਅਭੇਦ ਛੁਪਾਈਆ । ਧੁਰਦਰਗਾਹੀ ਇਕ ਫ਼ਰਮਾਣ, ਦੇਵਣਹਾਰ ਨੂਰ ਇਲਾਹੀਆ । ਰਾਮ ਰਮਈਆ ਹੋ ਮਿਹਰਬਾਨ, ਆਪ ਆਪਣੀ ਚਲਤ ਚਲਾਈਆ । ਕਲਜੁਗ ਮੇਟੇ ਝੂਠ ਦੁਕਾਨ, ਭੇਖ ਪਖੰਡਾ ਰਹਿਣ ਨਾ ਪਾਈਆ । ਵਡ ਜੋਧਾ ਸੂਰ ਬਲੀ ਬਲਵਾਨ, ਜੋਤੀ ਜਾਮਾ ਭੇਖ ਵਟਾਈਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸੱਤਾਂ ਦੀਪਾਂ ਫੇਰਾ ਪਾਈਆ । ਗਗਨ ਮੰਡਲ ਹੋਣ ਹੈਰਾਨ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿ ਸੰਤਨ ਮੇਲ ਮਿਲਾਈਆ । ਸੰਤਨ ਮੇਲਾ ਏਕੰਕਾਰ, ਏਕਾ ਰੂਪ ਸਮਾਇਆ । ਸੰਤ ਮਨੀ ਸਿੰਘ ਸੁਤ ਦੁਲਾਰ, ਪੁਰਖ ਅਬਿਨਾਸ਼ੀ ਸਾਚੇ ਜਾਇਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਬੂਝ ਬੁਝਾਇਆ । ਏਕਾ ਰਾਗ ਸੱਚੀ ਧੁਨਕਾਰ, ਏਕਾ ਸ਼ਬਦੀ ਸ਼ਬਦ ਸੁਣਾਇਆ । ਕਮਲਾਪਾਤੀ ਕਰ ਉਜਿਆਰ, ਆਤਮ ਸੇਜਾ ਬੈਠਾ ਆਸਣ ਲਾਇਆ । ਦਿਵਸ ਰਾਤੀ ਏਕਾ ਧਾਰ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲਾ ਇਕ ਇਕੇਲਾ ਅਬਿਨਾਸ਼ੀ ਕਰਤਾ, ਆਪ ਆਪਣਾ ਮੇਲ ਮਿਲਾਇਆ । ਹਰਿ ਅਲੱਖ ਅਗੰਮ, ਆਦਿ ਅੰਤ ਨਾ ਕੋਈ ਜਣਾਈਆ । ਆਪੇ ਜਾਣੇ ਆਪਣਾ ਕੰਮ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਦੁੱਖ ਭੁੱਖ ਨਾ ਕੋਈ ਸਤਾਈਆ । ਆਪੇ ਮਰੇ ਆਪੇ ਪਏ ਜੰਮ, ਆਪੇ ਜੋਤੀ ਜੋਤ ਕਰੇ ਰੁਸ਼ਨਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਆਲਸ ਨਿੰਦਰਾ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਤਨ ਵੇਖ ਵਖਾਈਆ । ਸੰਤ ਮਨੀ ਸਿੰਘ ਦੁੱਖ ਮਿਟਾਇਆ, ਏਕਾ ਆਤਮ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਰਸਨਾ ਗਾਇਆ, ਏਕਾ ਹਰਿ ਲਿਵ ਲਾਈਆ । ਏਕਾ ਦੂਜਾ ਭੌ ਚੁਕਾਇਆ, ਤੀਜਾ ਨੈਣ ਖੁਲ੍ਹਾਈਆ । ਚੌਥੇ ਪਦ ਵੇਖ ਵਖਾਈਆ, ਮੇਲ ਮਿਲਾਵਾ ਸਾਚੇ ਮਾਹੀਆ । ਪੰਚਮ ਰਾਗ ਅਨਾਦੀ ਗਾਇਆ, ਆਪ ਆਪਣੀ ਖ਼ੁਸ਼ੀ ਮਨਾਈਆ । ਡੂੰਘੀ ਕੰਦਰ ਆਪ ਜਗਾਇਆ, ਨੂਰੋ ਨੂਰ

੯੪੭
੦੭

ਕਰੇ ਰੁਸ਼ਨਾਈਆ । ਏਕਾ ਅੰਮ੍ਰਿਤ ਮੁਖ ਚੁਆਇਆ, ਸਾਂਤਕ ਸਤਿ ਵਰਤਾਈਆ । ਬਜ਼ਰ ਕਪਾਟੀ ਕੁੰਡਾ ਲਾਹਿਆ, ਪੰਚ ਵਿਕਾਰਾ ਮਥ ਵਿਖਾਈਆ । ਆਤਮ ਸੇਜਾ ਸਚ ਸਿੰਘਾਸਣ ਡੇਰਾ ਲਾਇਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਸਾਚਾ ਘੋੜਾ ਇਕ ਦੁੜਾਇਆ, ਦਿਸ ਕਿਸੇ ਨਾ ਆਈਆ । ਦੋ ਜਹਾਨਾਂ ਪੌੜਾ ਇਕ ਵਿਖਾਇਆ, ਪ੍ਰਭ ਮੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਘਰ ਸਾਚਾ ਵੇਖ ਵਖਾਈਆ । ਸਾਚਾ ਘਰ ਉਚ ਮਹੱਲਾ, ਹਰਿ ਹਰਿ ਜੋਤ ਜਗਾਇੰਦਾ । ਸੰਤਨ ਮੀਤਾ ਇਕ ਇਕੱਲਾ, ਆਪ ਆਪਣਾ ਆਸਣ ਲਾਇੰਦਾ । ਵੇਖ ਵਖਾਏ ਜਲਾਂ ਥਲਾਂ, ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਸ਼ਬਦੀ ਜੋਤੀ ਆਪੇ ਬਲਾ, ਆਪ ਆਪਣਾ ਪ੍ਰਕਾਸ਼ ਵਖਾਇੰਦਾ । ਆਪਣਾ ਦਰ ਆਪੇ ਮੱਲਾ, ਦੂਸਰ ਕੋਈ ਨਾ ਸੰਗ ਰਖਾਇੰਦਾ । ਆਪੇ ਖੇਲ ਖਲਾਏ ਵਲ ਛਲਾ, ਅਛਲ ਅਛੱਲ ਆਪ ਹੋ ਜਾਇੰਦਾ । ਆਪੇ ਫੜੇ ਹੱਥ ਵਿਚ ਭੱਲਾ, ਨਾਮ ਖੰਡਾ ਤੇਜ ਕਟਾਰ ਆਪ ਉਠਾਇੰਦਾ । ਆਪੇ ਬੋਲਣਹਾਰਾ ਹੱਲਾ, ਆਪ ਆਪਣਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਨੀ ਸਿੰਘ ਫੜਾਏ ਪੱਲਾ, ਲੋਕਮਾਤ ਨਾ ਕੋਈ ਛੁਡਾਇੰਦਾ । ਸੰਤ ਮਨੀ ਸਿੰਘ ਫੜਿਆ ਲੜ, ਘਰ ਸਾਚਾ ਵੇਖ ਵਖਾਇੰਦਾ । ਅੰਦਰ ਮੰਦਰ ਗਿਆ ਚੜ੍ਹ, ਦਿਸ ਕਿਸੇ ਨਾ ਆਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਦਰਸ ਦਿਖਾਏ ਅੱਗੇ ਖੜ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਆਪ ਆਪਣਾ ਵੇਖ ਵਖਾਇੰਦਾ । ਸਾਚੀ ਚੋਟੀ ਆਪੇ ਚੜ੍ਹ, ਆਪ ਆਪਣਾ ਰੂਪ ਵਟਾਇੰਦਾ । ਮੜੀ ਗੌਰ ਨਾ ਜਾਏ ਸੜ, ਜਗਤ ਹਵਨੀ ਹਵਨ ਨਾ ਕੋਇ ਕਰਾਇੰਦਾ ।

੯੪੮

੦੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਆਦਿ ਨਿਰੰਜਣ ਵੇਖ ਵਖਾਇੰਦਾ । ਆਦਿ ਨਿਰੰਜਣ ਹਰਿ ਭਗਵੰਤਾ, ਜੋਤੀ ਜੋਤ ਜਗਾਈਆ । ਮੇਲ ਮਿਲਾਵਾ ਸਾਚੇ ਸੰਤਾ, ਸੰਤ ਮਨੀ ਸਿੰਘ ਵੇਖ ਵਖਾਈਆ । ਸਤਿਗੁਰ ਪੂਰਾ ਬਣਾਏ ਆਪਣੀ ਬਣਤਾ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਨਾਰੀ ਆਪੇ ਕੰਤਾ, ਕੰਤ ਕਤੂਹਲ ਆਪ ਹੋ ਜਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਈਆ । ਤੋੜੇ ਗੜ ਹਉਮੇ ਹੰਗਤਾ, ਹੰ ਬ੍ਰਹਮ ਆਪ ਸਮਾਈਆ । ਦਰ ਦਵਾਰੇ ਆਪੇ ਮੰਗਤਾ, ਆਪ ਆਪਣੀ ਝੋਲੀ ਡਾਹੀਆ । ਦੇਵੇ ਮਾਣ ਸਾਚੀ ਸੰਗਤਾ, ਸੰਤ ਮਨੀ ਸਿੰਘ ਲੇਖ ਲਿਖਾਈਆ । ਆਪ ਮਿਟਾਏ ਆਪਣੀ ਸ਼ੰਕਾ, ਜਿਉਂ ਨਾਨਕ ਅੰਗਦ ਅੰਗ ਲਗਾਈਆ । ਲੱਖ ਚੁਰਾਸੀ ਕੋਲੋਂ ਰਹੇ ਸੰਗਦਾ, ਆਪ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਨੀ ਸਿੰਘ ਸਾਚੇ ਦਰ, ਦਰ ਦਵਾਰਾ ਵੇਖ ਵਖਾਈਆ । ਦਰ ਦਰਵਾਜ਼ਾ ਹਰਿ ਹਰਿ ਖੋਲ੍ਹ, ਸੰਤ ਮਨੀ ਸਿੰਘ ਆਪ ਉਠਾਇਆ । ਧੁਨ ਅਨਾਦੀ ਸ਼ਬਦੀ ਬੋਲ, ਜੈ ਜੈਕਾਰ ਕਰਾਇਆ । ਅਨਹਦ ਵਜਾਏ ਸਾਚਾ ਢੋਲ, ਆਪ ਆਪਣਾ ਤਾਲ ਵਜਾਇਆ । ਖੇਲੇ ਖੇਲ ਕਾਇਆ ਚੋਲ, ਪੰਜ ਤਤ ਆਪੇ ਮੌਲ, ਆਪਣਾ ਰੂਪ ਦਰਸਾਇਆ । ਅੰਦਰ ਮੰਦਰ ਰਿਹਾ ਬੋਲ, ਹੌਲੀ ਹੌਲੀ ਰਿਹਾ ਸੁਣਾਇਆ । ਉਲਟਾ ਕਰਿਆ ਨਾਭ ਕਵਲ, ਅੰਮ੍ਰਿਤ ਧਾਰ ਜਲ ਭਰਾਇਆ । ਮੇਲ ਮਿਲਾਵਾ ਸਾਵਲ ਸਵਲ, ਘਰ ਸਾਚੇ ਹੋਏ ਸਹਾਇਆ । ਭਾਗ ਲਗਾਏ ਸਾਚੀ ਧਵਲ, ਜਿਸ ਦਰ ਸੰਤ ਮਨੀ ਸਿੰਘ ਚਰਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਸਾਚੇ ਦਰ, ਦਰ ਦਵਾਰ ਇਕ ਵਖਾਇਆ । ਸਾਚੀ ਧਵਲ ਕਾਇਆ ਖੇੜਾ, ਸੰਤ ਮਨੀ ਸਿੰਘ ਚਰਨ ਟਿਕਾਇੰਦਾ ।

੯੪੮

੦੭

ਪੁਰਖ ਅਬਿਨਾਸ਼ੀ ਬੰਨ੍ਹਣਹਾਰਾ ਬੇੜਾ, ਆਪ ਆਪਣਾ ਮੇਲ ਮਿਲਾਇੰਦਾ । ਆਵਣ ਜਾਵਣ ਚੁੱਕੇ ਗੇੜਾ, ਨੇਤਰ ਨੈਣਾਂ ਦਰਸ ਦਿਖਾਇੰਦਾ । ਕਰਨਹਾਰਾ ਹੱਕ ਨਿਬੇੜਾ, ਹੱਕ ਹਕੀਕਤ ਵੇਖ ਵਖਾਇੰਦਾ । ਕਲਜੁਗ ਅੰਤਮ ਦੇਵਣ ਆਇਆ ਗੇੜਾ, ਨੇਤਰ ਨੈਣਾਂ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਘਰ ਸਾਚਾ ਹਰਿ ਸੁਹੰਜਣਾ, ਸੰਤਨ ਵਡ ਵਡਿਆਈਆ । ਮਿਲਿਆ ਮੇਲ ਆਦਿ ਨਿਰੰਜਣਾ, ਏਕਾ ਨੇਤਰ ਨੈਣ ਖੁਲ੍ਹਾਈਆ । ਧੁਰਦਰਗਾਹੀ ਸਾਚਾ ਸੱਜਣਾ, ਲੋਕਮਾਤ ਪੰਜ ਤਤ ਬੈਠਾ ਡੇਰਾ ਲਾਈਆ । ਚਰਨ ਧੂੜ ਕਰਾਏ ਸਾਚਾ ਮਜਨਾ, ਗੁਰਮੁਖ ਵਡ ਵਡਿਆਈਆ । ਅੰਤਮ ਪਰਦਾ ਤੇਰਾ ਕੱਜਣਾ, ਜੋਤੀ ਜਾਮਾ ਭੇਖ ਵਟਾਈਆ । ਪੰਜ ਤਤ ਚੋਲਾ ਸ੍ਰਿਸ਼ਟ ਸਬਾਈ ਤਜਣਾ, ਥਿਰ ਕੋਇ ਰਹਿਣ ਨਾ ਪਾਈਆ । ਸਾਚਾ ਸ਼ਬਦ ਨਗਾਰਾ ਵੱਜਣਾ, ਸੰਤ ਮਨੀ ਸਿੰਘ ਲੇਖ ਲਿਖਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਦਰ ਘਰ ਛੱਡਣਾ, ਸੀਸ ਤਾਜ ਨਾ ਕੋਈ ਹੰਢਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਚਲਾਏ ਆਪਣਾ ਜਹਾਜਣਾ, ਨਾਮ ਚੱਪੂ ਇਕ ਉਪਾਈਆ । ਲੋਆਂ ਪੁਰੀਆਂ ਰਚਿਆ ਕਾਜਨਾ, ਲੱਖ ਚੁਰਾਸੀ ਵੇਖ ਵਖਾਈਆ । ਚਿੱਟੇ ਅਸਵ ਚੜ੍ਹੇ ਤਾਜਨਾ, ਸਾਚਾ ਘੋੜਾ ਆਪ ਦੌੜਾਈਆ । ਬੇਐਬ ਪਰਵਰਦਿਗਾਰ ਹੋਇਆ ਸਾਚਾ ਸਾਜਨਾ, ਸੱਜਣ ਮੀਤ ਅਖਵਾਈਆ । ਸ਼ਾਹੋ ਭੂਪ ਵਡ ਰਾਜਨ ਰਾਜਨਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਖੇਲੇ ਖੇਲ ਦੇਸ ਮਾਝਨਾ, ਪੁਰੀ ਘਨਕ ਵੇਸ ਵਟਾਈਆ । ਸੰਤ ਮਨੀ ਸਿੰਘ ਮਾਰੇ ਇਕ ਅਵਾਜ਼ਨਾ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਸਾਚੇ ਘਰ, ਘਰ ਸਾਚਾ ਇਕ ਦਰਸਾਈਆ । ਸਾਚੇ ਘਰ ਹਰਿ ਦਰਸ਼ਨ ਨੈਣ, ਨੇਤਰ ਨੈਣ ਉਘਾੜਿਆ । ਰੁੱਤ ਬਸੰਤ ਮਹੀਨਾ ਚੇਤ, ਖਿਲੀ ਰਹੇ ਮਾਤ ਫੁਲਵਾੜਿਆ । ਆਦਿ ਜੁਗਾਦੀ ਸਾਚਾ ਹੇਤ, ਹਰਿ ਭਗਤਾਂ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਘਰ ਸਾਚੇ ਸੇਵਾ ਲਾ ਰਿਹਾ । ਸਾਚੀ ਸੇਵਾ ਹਰਿ ਪ੍ਰਭ ਲਾ, ਸੰਤ ਮਨੀ ਸਿੰਘ ਆਪ ਜਗਾਇੰਦਾ । ਲਹਿਣਾ ਲੇਖਾ ਆਪ ਲਿਖਾ, ਆਪ ਆਪਣਾ ਭੇਵ ਛੁਪਾਇੰਦਾ । ਅੰਤਮ ਲਹਿਣਾ ਦੇਣਾ ਦਏ ਚੁਕਾ, ਵੇਸਾਧਾਰੀ ਵੇਸ ਵਟਾਇੰਦਾ । ਅੰਤਮ ਚੋਲਾ ਦਏ ਤਜਾ, ਅਗਨੀ ਅੱਗ ਤਪਾਇੰਦਾ । ਤ੍ਰੈਗੁਣ ਤੇਰਾ ਲੇਖ ਮੁਕਾ, ਆਪ ਆਪਣਾ ਰੂਪ ਵਟਾਇੰਦਾ । ਦੀਪਕ ਬਾਤੀ ਇਕ ਜਗਾ, ਨਿਰਗੁਣ ਨੂਰੋ ਨੂਰ ਉਪਾਇੰਦਾ । ਹਰਿਜਨ ਸਾਚੇ ਵਿਚ ਸਮਾ, ਆਪ ਆਪਣਾ ਖੇਲ ਖਿਲਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਾਈ ਨਾ ਕੋਈ ਰਖਾਇੰਦਾ । ਚਰਨ ਨਾਤਾ ਬਖ਼ਸ਼ੇ ਇਕ ਧਿਆਨ, ਸ੍ਰਿਸ਼ਟ ਸਬਾਈ ਸੰਗ ਨਿਭਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਇੰਦਾ । ਸੰਤ ਮਨੀ ਸਿੰਘ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਂ, ਸਚ ਸੁਲਤਾਨਾਂ ਵੇਖ ਵਖਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਰਾਜ ਰਾਜਾਨਾਂ ਤਖ਼ਤੋਂ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਆਪਣਾ ਰੂਪ ਦਰਸਾਇੰਦਾ । ਸੰਤ ਮਨੀ ਸਿੰਘ ਸਾਚਾ ਤਗ, ਸਤਿ ਨਾਮ ਆਪ ਵਟਾਇਆ । ਜਗਤ ਤ੍ਰਿਸ਼ਨਾ ਬੁਝੇ ਅੱਗ, ਆਪ ਆਪਣੀ ਦਇਆ ਕਮਾਇਆ । ਮੇਲ ਮਿਲਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪਾਰ ਕਰਾਇਆ । ਸੰਤ ਸਤਿਗੁਰ ਏਕਾ ਪਗ, ਚਰਨ ਸਰਨ ਇਕ ਤਕਾਇਆ । ਦੀਪਕ ਜੋਤੀ ਜਾਏ ਜਗ, ਜੋ ਬੈਠਾ ਮੁਖ ਛੁਪਾਇਆ ।

੯੪੯
੦੭

ਦਾਤਾ ਦਾਨੀ ਸੂਰਾ ਸਰਬੱਗ, ਮਹਾਰਾਜ ਸ਼ੇਰ ਸਿੰਘ ਜੋਤੀ ਜਾਮਾ ਭੇਖ ਵਟਾਇਆ । ਸਰਨ ਸਰਨਾਈ ਏਕਾ ਲੱਗ, ਏਕਾ ਰੰਗਨ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮੇਲ ਮਿਲਾਏ ਸਾਚੇ ਘਰ, ਭਗਤ ਵਿਛੋੜਾ ਦਏ ਕਟਾਏ, ਸੰਤ ਰੂਪ ਅਪਰ ਅਪਾਰ ਸਿੰਘ ਬਿਸ਼ਨ ਦਰਸ ਦਿਖਾਇਆ ।

## * ੨੨ ਮੱਘਰ ੨੦੧੫ ਬਿਕ੍ਰਮੀ ਮਿਹਰ ਸਿੰਘ ਦੇ ਘਰ ਪਿੰਡ ਸ਼ੇਖ਼ਪੁਰਾ ਜ਼ਿਲਾ ਅੰਬਾਲਾ *

ਨਿਰਗੁਣ ਰੂਪ ਅਪਾਰ, ਹਰਿ ਹਰਿ ਹਰਿ ਨਿਰੰਕਾਰਿਆ । ਆਦਿ ਜੁਗਾਦੀ ਇਕ ਅਵਤਾਰ, ਏਕਾ ਏਕ ਅਖਵਾ ਰਿਹਾ । ਕਲਜੁਗ ਅੰਤਮ ਵੇਖ ਵਿਚਾਰ, ਜੁਗ ਚੌਥੇ ਭੇਵ ਖੁਲ੍ਹਾ ਰਿਹਾ । ਸੁਤ ਦੁਲਾਰ ਕਰੇ ਪਿਆਰ, ਗੋਬਿੰਦ ਨਾਉਂ ਧਰਾਇਆ । ਗੋਬਿੰਦ ਮੀਤਾ ਵਿਚ ਸੰਸਾਰ, ਲੋਕਮਾਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਨਾਨਕ ਗੋਬਿੰਦ ਏਕਾ ਧਾਰ, ਨਿਰਗੁਣ ਜੋਤ ਜਗਾਈਆ । ਗੋਬਿੰਦ ਸਾਚਾ ਸੁਤ ਦੁਲਾਰ, ਅਬਿਨਾਸ਼ੀ ਅਚੁੱਤ ਆਪ ਉਪਾਈਆ । ਕਾਇਆ ਸੁਹਾਏ ਸਾਚੀ ਰੁੱਤ, ਪੰਜ ਤਤ ਕਰੇ ਕੁੜਮਾਈਆ । ਪੰਚ ਵਿਕਾਰਾ ਕੱਢੇ ਕੁੱਟ, ਏਕਾ ਰੰਗ ਰੰਗਾਈਆ । ਅੰਮ੍ਰਿਤ ਪਿਆਏ ਸਾਚਾ ਘੁੱਟ, ਦੂਈ ਦਵੈਤੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਸਾਚਾ ਵਰ, ਆਪੇ ਲੇਖ ਲਿਖਾਈਆ । ਲੇਖਾ ਲਿਖਿਆ ਗੁਰ ਗੋਬਿੰਦ, ਹਰਿ ਸਾਚੇ ਸਚ ਜਣਾਈਆ । ਮੇਟਣਹਾਰਾ ਸਗਲੀ ਚਿੰਦ, ਏਕਾ ਬੂਝ ਬੁਝਾਈਆ । ਆਪ ਉਪਾਏ ਆਪਣੀ ਬਿੰਦ, ਆਪੇ ਲੇਖੇ ਲਾਈਆ । ਦਾਤਾ ਦਾਨੀ ਗਹਿਰ ਗੰਭੀਰ ਸਾਗਰ ਸਿੰਧ, ਦੂਈ ਦਵੈਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਜੋਤ ਜਗਾਈਆ । ਲਿਖਿਆ ਲੇਖਾ ਹਰਿ ਦਵਾਰ, ਹਰਿ ਸਾਚਾ ਲੇਖ ਲਿਖਾਇੰਦਾ । ਗੋਬਿੰਦ ਗੁਰ ਭੇਖ ਅਪਾਰ, ਭੇਵ ਕੋਇ ਨਾ ਪਾਇੰਦਾ । ਸਾਚਾ ਬੰਕ ਸਚ ਦਵਾਰ, ਦਰ ਇਕ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਆਦਿ ਅੰਤ ਆਪ ਹੋ ਜਾਇੰਦਾ । ਸਾਚਾ ਕੰਤ ਨਾਰ ਭਤਾਰ, ਸਾਚੀ ਸੇਜ ਸੁਹਾਇੰਦਾ । ਰੁੱਤ ਬਸੰਤ ਅਪਰ ਅਪਾਰ, ਕਾਇਆ ਚੋਲੀ ਰੰਗ ਚੜ੍ਹਾਇੰਦਾ । ਆਪੇ ਮੰਗਤਾ ਬਣ ਭਿਖਾਰ, ਆਪਣੀ ਭਿਛਿਆ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦਿਤਾ ਸਾਚਾ ਵਰ, ਏਕਾ ਸ਼ਬਦ ਜਣਾਇੰਦਾ । ਸ਼ਬਦ ਜਣਾਈ ਸਚ ਗਿਆਨ, ਆਪਣੀ ਬੂਝ ਬੁਝਾਇੰਦਾ । ਨੇਤਰ ਗੋਬਿੰਦ ਇਕ ਧਿਆਨ, ਆਪੇ ਵੇਖ ਵਖਾਇੰਦਾ । ਸਤਿ ਸਰੂਪ ਸ੍ਰੀ ਭਗਵਾਨ, ਦੂਸਰ ਦਰ ਨਾ ਕੋਈ ਵਖਾਇੰਦਾ । ਖੇਲੇ ਖੇਲ ਦੋ ਜਹਾਨ, ਜੁਗ ਜੁਗ ਵੇਸ ਵਟਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਆਸਣ ਲਾਇੰਦਾ । ਏਕਾ ਰਾਗ ਇਕ ਧੁਨਕਾਨ, ਏਕਾ ਰਾਗ ਸੁਣਾਇੰਦਾ । ਏਕਾ ਲੇਖਾ ਲਿਖੇ ਮਹਾਨ, ਏਕਾ ਮੇਟ ਮਿਟਾਇੰਦਾ । ਅਠ ਤੀਸ ਹੋ ਪ੍ਰਧਾਨ, ਆਪਣਾ ਭੇਵ ਖੁਲ੍ਹਾਇੰਦਾ । ਤ੍ਰੈਗੁਣ ਤੇਰਾ ਮਿਟੇ ਨਿਸ਼ਾਨ, ਅੰਤਮ ਮੇਟ ਮਿਟਾਇੰਦਾ । ਅੱਠਾਂ ਤੱਤਾਂ ਹੋ ਪ੍ਰਧਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਹੰਸਰ ਵੇਖ ਵਖਾਇੰਦਾ । ਜਗਤ ਸਹੰਸਰ ਹਰਿ ਹਰਿ ਤੀਨ, ਆਪਣਾ ਰੂਪ ਉਪਾਇੰਦਾ । ਆਪ ਚੁਕਾਏ ਆਪਣੇ ਲਹਿਣਾ ਦੇਣ, ਲੇਖਾ

੯੫੦
੦੭

ਆਪਣਾ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਸਾਕ ਸੱਜਣ ਸੈਣ, ਧਿਆਨਾ ਧਿਆਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖ ਵਖਾਇੰਦਾ । ਗੁਰ ਗੋਬਿੰਦ ਲੇਖ ਲਿਖਾ, ਹਰਿ ਸਾਚੇ ਆਪ ਲਿਖਾਇਆ । ਦਾਤਾ ਦਾਨੀ ਬੇਪਰਵਾਹ, ਆਪ ਆਪਣੇ ਰੂਪ ਸਮਾਇਆ । ਆਪੇ ਜਾਣੇ ਆਪਣਾ ਨਾਂ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਠ ਤੀਸ ਦੰਦ ਬਤੀਸ, ਸਹੰਸ ਸਹੰਸਰ ਵੇਖ ਵਖਾਇਆ । ਪੰਜ ਤਤ ਹਰਿ ਬਲਵਾਨਾ, ਜੋਤੀ ਜੋਤ ਜਗਾਇੰਦਾ । ਤ੍ਰੈਗੁਣ ਤੇਰਾ ਸ਼ਬਦ ਨਿਸ਼ਾਨਾ, ਸ਼ਬਦੀ ਤੀਰ ਰਖਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਏਕਾ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹੰਸਰ ਅਠੱਤੀ ਵੇਖੇ ਕਲਜੁਗ ਵਾ ਤੱਤੀ, ਆਪਣੇ ਲੇਖੇ ਆਪੇ ਲਾਇੰਦਾ । ਵਾ ਤੱਤੀ ਅਗਨੀ ਅੱਗ, ਕਲਜੁਗ ਆਪ ਚਲਾਈਆ । ਪਾਰਬ੍ਰਹਮ ਸੂਰਾ ਸਰਬੱਗ, ਆਪੇ ਵੇਖ ਵਖਾਈਆ । ਜੁਗਾ ਜੁਗੰਤਰ ਬੰਨ੍ਹੇ ਤਗ, ਸਾਚਾ ਸ਼ਬਦ ਤਨ ਪਾਈਆ । ਆਪੇ ਹੰਸ ਆਪੇ ਕਗ, ਕਾਗ ਹੰਸ ਆਪ ਹੋ ਜਾਈਆ । ਆਪਣੀ ਜੋਤੀ ਆਪੇ ਰਿਹਾ ਜਗ, ਅਕਾਸ਼ ਪ੍ਰਕਾਸ਼ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੰਤਾਂ ਵੇਖ ਵਖਾਈਆ । ਸੰਤਨ ਮੀਤਾ ਹਰਿ ਹਰਿ ਦਾਤਾ, ਏਕਾ ਰੂਪ ਸਮਾਇੰਦਾ । ਸ਼ਬਦੀ ਸ਼ਬਦ ਸ਼ਬਦ ਸੁਲਤਾਨਾ, ਪਾਰਬ੍ਰਹਮ ਰੂਪ ਵਟਾਇੰਦਾ । ਰਾਜ ਰਾਜਾਨਾਂ ਹਰਿ ਭਗਵਾਨਾ, ਸਚ ਸਿੰਘਾਸਣ ਡੇਰਾ ਲਾਇੰਦਾ । ਜੋਤੀ ਜੋਤ ਮਹਾਨਾ, ਏਕਾ ਨੂਰ ਡਗਮਗਾਇੰਦਾ । ਪਰਮ ਪੁਰਖ ਪੁਰਖ ਸੁਲਤਾਨਾ, ਆਦਿ ਨਿਰੰਜਣ ਨਾਉਂ ਧਰਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਆਪ ਆਪਣੀ ਬਣਤ ਬਣਾਇੰਦਾ । ਸਾਚੇ ਘਰ ਹੋ ਪ੍ਰਧਾਨਾ, ਆਪ ਆਪਣਾ ਮਤਾ ਪਕਾਇੰਦਾ । ਬਸਤਰ ਸ਼ਸਤਰ ਇਕ ਸੁਹਾਨਾ, ਜਗਤ ਨੇਤਰ ਦਿਸ ਨਾ ਆਇੰਦਾ । ਉਠੇ ਜੋਧਾ ਨੌਜਵਾਨਾ, ਗੁਰ ਗੋਬਿੰਦ ਨਾਉਂ ਰਖਾਇੰਦਾ । ਸ਼ਬਦ ਸ਼ਬਦੀ ਹੋ ਪ੍ਰਧਾਨਾ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਏਕਾ ਵਰ, ਵਰ ਦਾਤਾ ਆਪ ਅਖਵਾਇੰਦਾ । ਦਰ ਦਵਾਰਾ ਆਪੇ ਖੋਲ੍ਹ, ਆਪਣਾ ਵੇਖ ਵਖਾਇੰਦਾ । ਆਪਣਾ ਜੈਕਾਰਾ ਆਪੇ ਬੋਲ, ਆਪੇ ਸ਼ਬਦ ਸੁਣਾਇੰਦਾ । ਆਪਣਾ ਕਰੇ ਆਪੇ ਖੇਲ, ਭੇਖਾਧਾਰੀ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਚਿੱਟੇ ਘੋੜੇ ਸ਼ਾਹ ਅਸਵਾਰ, ਏਕਾ ਏਕ ਅਖਵਾਇਆ । ਜੋਤੀ ਨੂਰ ਕਰ ਉਜਿਆਰ, ਰੂਪ ਅਨੂਪ ਆਪ ਦਰਸਾਇਆ । ਸ਼ਬਦ ਅਸਵ ਚਿੱਟਾ ਘੋੜਾ, ਚਾਰੇ ਦਿਸ਼ਾ ਵੇਖ ਵਖਾਇਆ । ਸੋਲਾਂ ਕਲੀਆਂ ਕਰ ਸ਼ਿੰਗਾਰ, ਨਿਰਗੁਣ ਜੋਤੀ ਆਸਣ ਲਾਇਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਪੁਰੀਆਂ ਲੋਆਂ ਆਪ ਫਿਰਾਇਆ । ਬ੍ਰਹਮਾ ਸ਼ਿਵ ਦਏ ਹੁਲਾਰ, ਕਰੋੜ ਤੇਤੀਸਾ ਲਏ ਉਠਾਇਆ । ਸੁਰਪਤ ਰਾਜਾ ਇੰਦ ਕਰੇ ਪੁਕਾਰ, ਵੇਲਾ ਅੰਤਮ ਆਇਆ । ਲੱਖ ਚੁਰਾਸੀ ਪਾਏ ਸਾਰ, ਨੌਂ ਖੰਡ ਪ੍ਰਿਥਮੀ ਸੇਵਾ ਲਾਇਆ । ਸੱਤਾਂ ਦੀਪਾਂ ਕਰ ਪਿਆਰ, ਆਪ ਆਪਣਾ ਭੇਖ ਵਟਾਇਆ । ਨੀਲੀ ਧਾਰੋਂ ਆਏ ਬਾਹਰ, ਪਹਿਲਾ ਪੌੜਾ ਇਕ ਉਠਾਇਆ । ਚੌਥੇ ਜੁਗ ਹੋ ਤਿਆਰ, ਲੋਕਮਾਤ ਚਰਨ ਛੁਹਾਇਆ । ਅਠ ਤੀਸ ਏਕਾ ਧਾਰ, ਦੰਦ ਬਤੀਸ ਏਕਾ ਗਾਇਆ । ਰਾਗ ਛਤੀਸ ਕਰ ਉਜਿਆਰ, ਜਗਤ ਹਦੀਸ ਇਕ ਸੁਣਾਇਆ । ਪੀਸਣ ਪੀਸ ਰਿਹਾ ਸੰਸਾਰ, ਮਾਇਆ ਚੱਕੀ ਆਪ ਚਲਾਇਆ । ਖੇਲੇ ਖੇਲ ਜਗਤ ਜਗਦੀਸ਼, ਏਕੰਕਾਰ ਨਿਰੰਕਾਰ ਵੇਖ ਵਖਾਇਆ । ਖੜਗ ਖੰਡਾ ਤੇਜ ਕਟਾਰ, ਏਕਾ ਨਾਮ ਹੱਥ ਉਠਾਇਆ ।

ਹਰਿ ਮੰਦਰ ਪਾਵਣਹਾਰਾ ਸਾਰ, ਜੇਰਜ ਅੰਡਾਂ ਫੋਲ ਫੁਲਾਇਆ । ਉਤਭੁਜ ਸੇਤਜ ਰਿਹਾ ਵਿਚਾਰ, ਵੇਖਣਹਾਰਾ ਦਿਸ ਨਾ ਆਇਆ । ਕਲਜੁਗ ਅੰਤਮ ਲਏ ਅਵਤਾਰ, ਜੋਤੀ ਨੂਰ ਕਰੇ ਰੁਸ਼ਨਾਇਆ । ਸਾਚਾ ਘੋੜਾ ਬ੍ਰਹਮ ਵਿਚਾਰ, ਪਾਰਬ੍ਰਹਮ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਕਰ, ਗੁਰ ਗੋਬਿੰਦ ਸੰਗ ਰਖਾਇਆ । ਗੋਬਿੰਦ ਗੁਰ ਵਡ ਬਲਵਾਨਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਦੋ ਜਹਾਨਾ, ਆਪ ਆਪਣਾ ਵੇਸ ਵਟਾਇੰਦਾ । ਏਕਾ ਚਿੱਲਾ ਏਕਾ ਤੀਰ ਕਮਾਨਾ, ਏਕਾ ਏਕ ਉਠਾਇੰਦਾ । ਗੁਰਮੁਖਾਂ ਦੇਵੇ ਨਾਮ ਨਿਧਾਨਾ, ਮਨਮੁਖਾਂ ਡੇਰਾ ਢਾਹਿੰਦਾ । ਸੰਮਤ ਸੰਮਤੀ ਹੋ ਪ੍ਰਧਾਨਾ, ਆਪ ਆਪਣਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ ਰੰਗ ਰੰਗਾਇੰਦਾ ।

ਸਤਿਗੁਰ ਸਾਚਾ ਸ਼ਾਹੋ ਭੂਪ, ਹਰੀ ਹਰਿ ਆਪ ਅਖਵਾਇੰਦਾ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਕਲਜੁਗ ਪਸਾਰਾ ਮੇਟੇ ਝੂਠ ਜੂਠ, ਸਚ ਸੁੱਚ ਵਰਤਾਇੰਦਾ । ਸੰਤ ਸੁਹੇਲਾ ਆਪੇ ਜਾਏ ਤੁਠ, ਆਪ ਆਪਣਾ ਰੂਪ ਦਰਸਾਇੰਦਾ । ਗੁਰਮੁਖ ਲੁਕਿਆ ਰਹੇ ਨਾ ਕਿਸੇ ਗੁੱਠ, ਨੌਂ ਖੰਡ ਪ੍ਰਿਥਮੀ ਆਪ ਉਠਾਇੰਦਾ । ਗੁਰਮੁਖ ਹੱਥ ਫੜਾਏ ਲੱਠ, ਦਰ ਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਇੰਦਾ । ਕਲਜੁਗ ਕਰਤਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਖੇਲੇ ਖੇਲ ਅਗੰਮ ਅਪਾਰ, ਭੇਵ

ਕਿਸੇ ਨਾ ਪਾਇਆ । ਜੋਤੀ ਨੂਰ ਕਰ ਉਜਿਆਰ, ਲੋਕਮਾਤ ਵੇਖ ਵਖਾਇਆ । ਗੋਬਿੰਦ ਮੀਤਾ ਸਚ ਸਿਕਦਾਰ, ਸ਼ਾਹ ਸੁਲਤਾਨਾ ਨਾਉਂ ਰਖਾਇਆ । ਪਾਰਬ੍ਰਹਮ ਭੇਵ ਨਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਕਲਜੁਗ ਅੰਤਮ ਹਰਿ ਹਰਿ ਅੰਕਾ, ਏਕਾ ਨਾਮ ਧਿਆਇੰਦਾ । ਆਪ ਉਠਾਏ ਰਾਓ ਰੰਕਾ, ਸ਼ਾਹ ਸੁਲਤਾਨਾਂ ਆਪ ਹਿਲਾਇੰਦਾ । ਗੁਰਮੁਖਾਂ ਸੁਹਾਏ ਦਵਾਰ ਬੰਕਾ, ਦਰ ਦਵਾਰਾ ਵੇਖ ਵਖਾਇੰਦਾ । ਪ੍ਰਗਟ ਹੋਏ ਵਾਸੀ ਪੁਰੀ ਘਨਕਾ, ਘਨਕ ਪੁਰ ਵਾਸੀ ਵੇਖ ਵਖਾਇੰਦਾ । ਖੇਲੇ ਖੇਲ ਬਾਰ ਅਨਕਾ, ਅਨਕ ਕਲ ਹੋ ਜਾਇੰਦਾ । ਗੁਰਮੁਖ ਸਾਚੇ ਗਲ ਲਗਾਏ ਜਿਉਂ ਜਨਕਾ, ਜਨ ਜਨਨੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਹਰਿ ਸਮਰਥ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਨਾਉਂ ਧਰਾਇਆ । ਲੱਖ ਚੁਰਾਸੀ ਆਪੇ ਮਥ, ਆਪੇ ਲਏ ਉਪਾਇਆ । ਆਪ ਚਲਾਏ ਆਪਣੀ ਗਥ, ਆਪਣਾ ਨਾਮ ਦ੍ਰਿੜਾਇਆ । ਲਹਿਣਾ ਦੇਣਾ ਚੁਕਾਏ ਸਾਢੇ ਤਿੰਨ ਤਿੰਨ ਹੱਥ, ਕਲਜੁਗ ਅੰਤਮ ਵੇਖ ਵਖਾਇਆ । ਆਪਣੀ ਗੋੜਣਹਾਰਾ ਲੱਠ, ਭਾਣਾ ਆਪਣਾ ਆਪਣੇ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਵੇਸ ਵਟਾਇਆ । ਘਰ ਸਾਚਾ ਹਰਿ ਹਰਿ ਵੇਸ, ਏਕਾ ਏਕੰਕਾਰਿਆ । ਪੁਰਖ ਅਬਿਨਾਸ਼ੀ ਦਰ ਦਰਵੇਸ਼, ਦਰ ਦਵਾਰ ਇਕ ਸੁਹਾ ਰਿਹਾ । ਦੋ ਜਹਾਨਾਂ ਨਰ ਨਰੇਸ਼, ਨਿਰਗੁਣ ਖੇਲ ਅਪਾਰਿਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਮੂੰਡ ਮੁੰਡਾਏ ਨਾ ਕੋਈ ਰਖਾ ਰਿਹਾ । ਸ਼ਬਦੀ ਸ਼ਬਦ ਦਸ ਦਸਮੇਸ਼, ਦਹਿ ਦਿਸ਼ਾ ਫੇਰੀ ਪਾ ਲਿਆ । ਵੇਖ

ਵਖਾਏ ਗਣਪਤ ਗਣੇਸ਼, ਬ੍ਰਹਮਾ ਵਿਸ਼ਨ ਸ਼ਿਵ ਉਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾ ਲਿਆ । ਆਪਣਾ ਰੰਗ ਆਪੇ ਰੰਗ, ਹਰਿ ਸਾਚਾ ਵੇਖ ਵਖਾਇੰਦਾ । ਆਪਣੇ ਬੈਠ ਆਪ ਪਲੰਘ, ਆਪਣੀ ਸੇਜਾ ਆਪ ਹੰਢਾਇੰਦਾ । ਆਪਣੀ ਭਿਛਿਆ ਆਪੇ ਮੰਗ, ਆਪਣੀ ਝੋਲੀ ਪਾਇੰਦਾ । ਲੱਖ ਚੁਰਾਸੀ ਤੇਰੀ ਕੰਧ, ਜਗਤ ਧਾਰਾ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਤਾ ਦਾਨੀ ਸੂਰਾ ਸਰਬੱਗ, ਗੁਰਮੁਖਾਂ ਵਸੇ ਅੰਗ ਸੰਗ, ਸਗਲਾ ਸੰਗ ਨਿਭਾਇੰਦਾ ।

ਸਤਿਗੁਰ ਪੁਰਖ ਦਿਆਲ, ਸਰਬ ਸਹਿਜ ਸੁਖਦਾਇਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਆਦਿ ਜੁਗਾਦੀ ਵੇਖ ਵਖਾਇਆ । ਗੁਰਮੁਖ ਸਾਜਣ ਸਾਚੇ ਲਾਲ, ਆਪ ਆਪਣੀ ਗੋਦ ਉਠਾਇਆ । ਦੇਵਣਹਾਰਾ ਨਾਮ ਧਨ ਮਾਲ, ਤਨ ਖ਼ਜ਼ਾਨਾ ਆਪ ਭਰਾਇਆ । ਤੋੜਣਹਾਰਾ ਜਗਤ ਜੰਜਾਲ, ਲੋਕਮਾਤ ਵੇਸ ਵਟਾਇਆ । ਅੰਤ ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਜਨ ਹਰਿ ਹਰਿ ਰਸਨਾ ਗਾਇਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਘਰ ਬੈਠਾ ਆਸਣ ਲਾਇਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਜੋ ਜਨ ਸਰਨਾਈ ਆਇਆ । ਅਨਹਦ ਵਜਾਏ ਏਕਾ ਤਾਲ, ਨੇਤਰ ਨੈਣ ਜੋ ਦਰਸ਼ਨ ਪਾਇਆ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਮੇਵਾ ਇਕ ਲਗਾਇਆ । ਦੋ ਜਹਾਨਾਂ ਬਣ ਦਲਾਲ, ਲੱਖ ਚੁਰਾਸੀ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ਼ਰੀਬ ਨਿਮਾਣੇ ਲਏ ਤਰਾਇਆ । ਸਤਿਗੁਰ ਪੂਰਾ ਹਰਿ ਸਮਰਥ, ਏਕਾ ਏਕ ਅਖਵਾਇੰਦਾ । ਗੁਰਮੁਖ ਸਾਚੇ ਲਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਨਾਮ ਏਕਾ ਵੱਥ, ਏਕਾ ਬੂਝ ਬੁਝਾਇੰਦਾ । ਚਾਰ ਵਰਨ ਚੜ੍ਹਾਏ ਏਕਾ ਰਥ, ਊਚ ਨੀਚ ਨਾ ਕੋਈ ਰਖਾਇੰਦਾ । ਪੰਚ ਵਿਕਾਰਾ ਦੇਵੇ ਮਥ, ਸ਼ਬਦ ਖੰਡਾ ਇਕ ਉਠਾਇੰਦਾ । ਪੱਲੇ ਬੰਨ੍ਹੇ ਨਾਮ ਗੱਠ, ਚੋਰ ਯਾਰ ਲੁੱਟ ਨਾ ਕੋਈ ਲੈ ਜਾਇੰਦਾ । ਸਤਿ ਸੰਤੋਖੀ ਧੀਰਜ ਦੇਵੇ ਸਤਿ, ਬ੍ਰਹਮ ਮਤ ਇਕ ਸਮਝਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਰੰਗਾਇੰਦਾ । ਚਰਨ ਕਵਲ ਬੰਧਾਏ ਸਾਚਾ ਨੱਤ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਨਾ ਕੋਈ ਪਰਖੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਈ ਰਖਾਇੰਦਾ । ਸ੍ਰਿਸ਼ਟ ਸਬਾਈ ਪੁੱਛੇ ਵਾਤ, ਆਪ ਆਪਣਾ ਸੰਗ ਰਖਾਇੰਦਾ । ਆਪੇ ਪਿਤਾ ਆਪੇ ਮਾਤ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਏਕਾ ਬ੍ਰਹਮ ਵਖਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਰੂਪ ਸਮਾਇਆ । ਜਨ ਭਗਤਾਂ ਦਏ ਜੀਆ ਦਾਨ, ਏਕਾ ਨਾਮ ਝੋਲੀ ਪਾਇਆ । ਸ਼ਬਦੀ ਸ਼ਬਦ ਸ਼ਬਦ ਬਿਬਾਨ, ਗੁਰਮੁਖ ਸਾਚੇ ਆਪ ਚੜ੍ਹਾਇਆ । ਦੋ ਜਹਾਨ ਵਿਖਾਏ ਇਕ ਉਡਾਨ, ਲੋਆਂ ਪੁਰੀਆਂ ਪਾਰ ਕਰਾਇਆ । ਆਪੇ ਸੁਰਤੀ ਆਪੇ ਕਾਹਨ, ਸੀਤਾ ਰਾਮ ਆਪ ਹੋ ਜਾਇਆ । ਆਪੇ ਲੰਕਾ ਗੜ੍ਹ ਤੋੜ ਮਕਾਨ, ਮਨ ਰਾਵਣ ਰਹੇ ਨਾ ਰਾਇਆ । ਆਪੇ ਮਾਰੇ ਤੀਰ ਨਿਸ਼ਾਨ, ਸ਼ਬਦ ਨਿਸ਼ਾਨਾ ਇਕ ਵਖਾਇਆ । ਆਪੇ ਨਾਨਕ ਹੋ ਪ੍ਰਧਾਨ, ਮੰਤਰ ਨਾਮ ਰਸਨ ਦ੍ਰਿੜਾਇਆ । ਆਪੇ ਗੋਬਿੰਦ ਨੌਜਵਾਨ, ਅੰਮ੍ਰਿਤ ਆਤਮ ਜਾਮ ਪਿਆਇਆ । ਆਪੇ ਖੇਲੇ ਖੇਲ ਜਹਾਨ, ਦੋ ਜਹਾਨਾਂ ਵੇਸ ਵਟਾਇਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਿਹਕਲੰਕਾ ਨਾਉਂ ਰਖਾਇਆ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣੇ

ਸੰਗ ਸਮਾਇਆ । ਦੇਵੇ ਨਾਮ ਦਾਨੀ ਦਾਨ, ਹਰਿਜਨ ਸਾਚੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਜਗਾਇਆ । ਸਤਿਗੁਰ ਪੁਰਖ ਹਰਿ ਅਬਿਨਾਸ਼, ਏਕਾ ਏਕੰਕਾਰਿਆ । ਜੁਗ ਜੁਗ ਖੇਲੇ ਖੇਲ ਤਮਾਸ਼, ਆਪ ਆਪਣਾ ਲਏ ਅਵਤਾਰਿਆ । ਆਪਣੇ ਮੰਡਲ ਮੰਡਪ ਪਾਵੇ ਰਾਸ, ਆਪ ਆਪਣਾ ਖੇਲ ਖਿਲਾ ਰਿਹਾ । ਆਪੇ ਵੇਖ ਵਖਾਏ ਗਰਭ ਵਾਸ, ਆਪ ਆਪਣਾ ਬਿਰਧ ਵਖਾ ਰਿਹਾ । ਆਪੇ ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਗਾ ਰਿਹਾ । ਆਪੇ ਪੂਰਨ ਕਰਨਹਾਰਾ ਆਸ, ਪਾਰਬ੍ਰਹਮ ਨਾਉਂ ਧਰਾ ਰਿਹਾ । ਜਨ ਭਗਤਾਂ ਸਦ ਵਸੇ ਪਾਸ, ਜਗਤ ਵਿਛੋੜਾ ਫੰਦ ਕਟਾ ਰਿਹਾ । ਹੋਏ ਸਹਾਈ ਪ੍ਰਿਥਮੀ ਅਕਾਸ਼, ਗਗਨ ਪਾਤਾਲਾ ਡੇਰਾ ਲਾ ਰਿਹਾ । ਗੁਰਮੁਖ ਸਾਚਾ ਨਾ ਹੋਏ ਨਿਰਾਸ, ਇਛਿਆ ਭਿਛਿਆ ਝੋਲੀ ਪਾ ਰਿਹਾ । ਨਿਝ ਘਰ ਆਤਮ ਰੱਖੇ ਵਾਸ, ਘਰ ਘਰ ਵਿਚ ਡੇਰਾ ਲਾ ਰਿਹਾ । ਆਦਿ ਨਿਰੰਜਨ ਸਰਬ ਗੁਣਤਾਸ, ਸਤਿ ਪੁਰਖ ਰੂਪ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦੇਵੇ ਨਾਮ ਵਰ, ਸ਼ਬਦ ਗਿਆਨ ਇਕ ਦ੍ਰਿੜਾ ਰਿਹਾ । ਨਾਮ ਸ਼ਬਦ ਸਾਚੀ ਦਾਤ, ਹਰਿ ਹਰਿਜਨ ਝੋਲੀ ਪਾਈਆ । ਲੋਕਮਾਤ ਵਡ ਕਰਾਮਾਤ, ਏਕਾ ਬੂਝ ਬੁਝਾਈਆ । ਮਿਟੇ ਰੈਣ ਅੰਧੇਰੀ ਰਾਤ, ਕੂੜੀ ਕਿਰਿਆ ਰਹਿਣ ਨਾ ਪਾਈਆ । ਦਰਸ ਦਿਖਾਏ ਇਕ ਇਕਾਂਤ, ਸਵਛ ਸਰੂਪੀ ਵੇਸ ਵਟਾਈਆ । ਨਾਤਾ ਤੋੜੇ ਭੈਣ ਭਰਾਤ, ਸਾਕ ਸੱਜਣ ਸੈਣ ਨਾ ਕੋਈ ਦਿਖਾਈਆ । ਹਰ ਘਟ ਅੰਦਰ ਵੇਖੇ ਮਾਰ ਝਾਤ, ਮੰਦਰ ਬੈਠਾ ਬੇਪਰਵਾਹੀਆ । ਜਿਸ ਜਨ ਖੋਲ੍ਹੇ ਆਪਣਾ ਤਾਕ, ਆਪਣਾ ਮੁਖ ਵਖਾਈਆ । ਲੇਖਾ ਜਾਣੇ ਭਵਿਖਤ ਵਾਕ, ਭਰਮੇ ਭੁੱਲੀ ਸਰਬ ਲੋਕਾਈਆ । ਮਾਟੀ ਮਿਲਾਏ ਖ਼ਾਕੀ ਖ਼ਾਕ, ਅੰਤਮ ਖ਼ਾਕ ਰਹੇ ਸਮਾਈਆ । ਕਾਇਆ ਚੋਲਾ ਜਾਏ ਪਾਟ, ਥਿਰ ਕੋਇ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਚੜ੍ਹੇ ਔਖੇ ਘਾਟ, ਸਤਿਗੁਰ ਪੂਰਾ ਜਿਸ ਚੜ੍ਹਾਈਆ । ਪੰਜ ਤਤ ਤੇਰੀ ਨੇੜੇ ਵਾਟ, ਬੈਠੀ ਪੰਧ ਮੁਕਾਈਆ । ਚੌਦਾਂ ਲੋਕ ਵਿਕੇ ਨਾ ਕਿਸੇ ਹਾਟ, ਕਰਤੇ ਕੀਮਤ ਨਾ ਕੋਈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਸੰਗਤ ਦੇਵਣਹਾਰਾ ਨਾਮ ਵਰ, ਸ਼ਬਦ ਸ਼ਬਦੀ ਆਪ ਵਰਤਾਈਆ । ਸ਼ਬਦ ਭੰਡਾਰ ਡੂੰਘਾ ਸਾਗਰ, ਹਰਿ ਹਰਿ ਆਪ ਵਰਤਾਇੰਦਾ । ਜਨ ਭਗਤਾਂ ਕਰੇ ਨਿਰਮਲ ਕਰਮ ਉਜਾਗਰ, ਆਪ ਆਪਣਾ ਰੰਗ ਰੰਗਾਇੰਦਾ । ਵੇਖ ਵਖਾਏ ਕਾਇਆ ਗਾਗਰ, ਦੂਈ ਦਵੈਤੀ ਪਰਦਾ ਲਾਹਿੰਦਾ । ਰੱਤੀ ਨਾਮ ਰਤਨ ਰਤਨਾਗਰ, ਘਰ ਸਾਚੇ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਮੰਗੀ ਮੰਗ ਹਰਿ ਦਵਾਰ, ਹਰਿਜਨ ਝੋਲੀ ਆਪ ਭਰਾਈਆ । ਦੇਵੇ ਦਰਸ ਅਗੰਮ ਅਪਾਰ, ਨੇਤਰ ਲੋਚਣ ਆਪ ਖੁਲ੍ਹਾਈਆ । ਸ਼ਬਦੀ ਧੁਨ ਸੱਚੀ ਧੁਨਕਾਰ, ਘਰ ਸਾਚੇ ਆਪ ਸੁਣਾਈਆ । ਮਹੱਲ ਅਟੱਲ ਉਚ ਮੀਨਾਰ, ਦੀਪਕ ਜੋਤੀ ਇਕ ਜਗਾਈਆ । ਨੂਰ ਇਲਾਹੀ ਬੇਐਬ ਪਰਵਰਦਿਗਾਰ, ਹੱਕ ਹਕੀਕਤ ਵੇਖ ਵਖਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਮੁਕਾਮੇ ਹੱਕ ਆਪ ਖ਼ੁਦਾਈਆ । ਨੂਰ ਇਲਾਹੀ ਮੀਤ ਮੁਰਾਰ, ਨੂਰੋ ਨੂਰ ਦਰਸਾਈਆ । ਰਾਮ ਰੂਪ ਆਪ ਕਰਤਾਰ, ਕਰਨੀ ਕਰਤਾ ਕਿਰਤ ਕਮਾਈਆ । ਸਾਵਲ ਸੁੰਦਰ ਹੋ ਤਿਆਰ, ਕਵਲ ਨੈਣ ਰਿਹਾ ਮਟਕਾਈਆ । ਬਾਸ਼ਕ ਸੇਜਾ ਸਚ ਸ਼ਿੰਗਾਰ, ਸਾਂਗੋ ਪਾਂਗ ਹੰਢਾਈਆ । ਵਿਸ਼ਨੂੰ ਵੰਸੀ ਖੇਲ ਨਿਆਰ, ਵੇਸ ਅਨੇਕ ਧਰਾਈਆ । ਬ੍ਰਹਮ ਵੇਤਾ ਰਿਹਾ ਵਿਚਾਰ, ਅੱਠੇ ਨੈਣ ਉਠਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਪਾਏ ਹਾਰ, ਹੱਥ ਤ੍ਰਸੂਲ ਉਠਾਈਆ ।

੯੫੪ ੦੨

ਸੁਰਪਤ ਰਾਜਾ ਇੰਦ ਰਿਹਾ ਪੁਕਾਰ, ਆਤਮ ਅੰਤਰ ਇਕ ਲਿਵ ਲਾਈਆ । ਮਨ ਮਤ ਨਾਰ ਹੋਈ ਵਿਭਚਾਰ, ਮੱਥੇ ਟਿੱਕਾ ਕਾਲੀ ਸ਼ਾਹੀਆ । ਜੂਠ ਝੂਠ ਹੋਏ ਖ਼ਵਾਰ, ਕੂੜੀ ਕਿਰਿਆ ਕਲ ਕਮਾਈਆ । ਮਾਇਆ ਮਮਤਾ ਲੋਭ ਹੰਕਾਰ, ਕਾਮ ਕਰੋਧ ਅਗਨ ਲਗਾਈਆ । ਇਕ ਤ੍ਰਿਸ਼ਨਾ ਬਣ ਭਿਖਾਰ, ਘਰ ਘਰ ਬੈਠੀ ਅਲੱਖ ਜਗਾਈਆ । ਗੁਰਮੁਖ ਵਿਰਲਾ ਗੁਰ ਸ਼ਬਦ ਕਰੇ ਪਿਆਰ, ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਨਾਮ ਵਰ, ਵਡ ਦਾਤਾ ਆਪ ਅਖਵਾਈਆ । ਚਾਰ ਵਰਨਾਂ ਇਕ ਗਿਆਨ, ਇਕ ਨਾਮ ਦ੍ਰਿੜਾਇਆ । ਏਕਾ ਸ਼ਬਦ ਇਕ ਬਿਬਾਣ, ਏਕਾ ਰਿਹਾ ਚੜ੍ਹਾਇਆ । ਏਕਾ ਪੁਰਖ ਇਕ ਸੁਲਤਾਨ, ਮਿਹਰਬਾਨ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਸੁਹੰਜਣਾ ਇਕ ਵਖਾਇਆ । ਦਰ ਸੁਹੰਜਣਾ ਪੁਰਖ ਅਬਿਨਾਸ਼, ਹਰਿਜਨ ਆਪ ਦਰਸਾਇੰਦਾ । ਪੂਰੀ ਕਰਨਹਾਰਾ ਆਸ, ਪਰਮ ਪੁਰਖ ਆਪ ਅਖਵਾਇੰਦਾ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਹੋਏ ਦਾਸੀ ਦਾਸ, ਸੇਵਕ ਸੇਵ ਆਪ ਕਮਾਇੰਦਾ । ਨਿਜ਼ ਆਤਮ ਨਿਜ਼ ਘਰ ਰੱਖੇ ਵਾਸ, ਘਰ ਸਾਚਾ ਇਕ ਸੁਹਾਇੰਦਾ । ਹਰਿਜਨ ਹਰਿ ਪੁਰਾਨੀ ਹਰਿ ਗਾਏ ਰਸਨ ਸਵਾਸ, ਲੇਖਾ ਲੇਖੇ ਆਪਣੇ ਪਾਇੰਦਾ । ਲਹਿਣਾ ਦੇਣਾ ਦਸ ਦਸ ਮਾਸ, ਗਰਭ ਵਾਸ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਸਾਚਾ ਵਰ, ਨਾਮ ਨਿਧਾਨ ਝੋਲੀ ਪਾਇੰਦਾ ।



੯੫੫
੦੭

## * ੨੩ ਮੱਘਰ ੨੦੧੫ ਬਿਕ੍ਰਮੀ ਭਜਨ ਸਿੰਘ ਦੇ ਘਰ ਪਿੰਡ ਸ਼ੇਖ਼ਪੁਰਾ ਜ਼ਿਲਾ ਅੰਬਾਲਾ *

ਹਰਿ ਮੰਦਰ ਅਪਾਰ, ਹਰਿ ਹਰਿ ਸੁਹਾਇਆ । ਨਿਰਗੁਣ ਜੋਤੀ ਕਰ ਉਜਿਆਰ, ਦੀਵਾ ਬਾਤੀ ਇਕ ਜਗਾਇਆ । ਕਮਲਾਪਾਤੀ ਖੇਲ ਅਪਾਰ, ਦਿਵਸ ਰਾਤੀ ਆਪ ਖਿਲਾਇਆ । ਅੰਧੇਰੀ ਰਾਤੀ ਵੇਖ ਸੰਸਾਰ, ਲੋਕਮਾਤੀ ਫੇਰਾ ਪਾਇਆ । ਉਤਮ ਜ਼ਾਤੀ ਹਰਿਜਨ ਵਿਚਾਰ, ਅੰਮ੍ਰਿਤ ਬੂੰਦ ਸਵਾਂਤੀ, ਮੁਖ ਚੁਆਇਆ । ਲਹਿਣਾ ਦੇਣਾ ਦੇਵੇ ਬਾਕੀ ਹਰਿ ਗਿਰਧਾਰ, ਆਪ ਆਪਣਾ ਵੇਸ ਵਟਾਇਆ । ਜਗਤ ਨਿਮਾਣੇ ਪਾਵੇ ਸਾਰ, ਗਊ ਗਰੀਬਾਂ ਗਲੇ ਲਗਾਇਆ । ਰਾਜ ਰਾਜੇ ਕਰ ਖ਼ਵਾਰ, ਦਰ ਦਰ ਆਪੇ ਆਪ ਫਿਰਾਇਆ । ਸੁਘੜ ਸਿਆਣੇ ਨਾ ਪਾਇਣ ਸਾਰ, ਮਾਇਆ ਮੋਹ ਲੋਭ ਹਲਕਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨੇ, ਸੋ ਜਨ ਉਤਰੇ ਪਾਰ । ਆਤਮ ਅੰਤਰ ਬ੍ਰਹਮ ਗਿਆਨੇ, ਸੋਹੰ ਸ਼ਬਦ ਹਰਿ ਨਿਰੰਕਾਰ । ਅਕਾਲ ਮੂਰਤ ਇਕ ਵਿਖਾਣੇ, ਨਿਰਗੁਣ ਜੋਤੀ ਨੂਰ ਉਜਿਆਰ । ਕਰਤਾ ਪੁਰਖ ਸਰਬ ਘਟ ਜਾਣੇ, ਘਰ ਸੁੱਤਾ ਪੈਰ ਪਸਾਰ । ਨਿਰਭੌ ਆਪ ਵਖਾਣੇ, ਨਿਰਵੈਰ ਖੇਲ ਅਪਾਰ । ਜ਼ਾਤ ਪਾਤ ਨਾ ਕੋਈ ਰਖਾਣੇ, ਊਚ ਨੀਚ ਨਾ ਕੋਈ ਵਿਚਾਰ । ਘਰ ਸਾਚਾ ਇਕ ਸੁਹਾਣੇ, ਸੁਹਾਵਣਹਾਰਾ ਬੰਕ ਦਵਾਰ । ਆਤਮ ਅੰਤਰ ਇਕ ਵਖਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰ ਭੰਡਾਰ । ਨਾਮ ਭੰਡਾਰਾ ਹਰਿ ਵਰਤੰਤਾ, ਆਦਿ ਪੁਰਖ ਅਬਿਨਾਸ਼ਿਆ । ਹਰਿ ਹਰਿ ਮੇਲਾ ਹਰਿਜਨ ਸੰਤਾ, ਸਤਿਗੁਰ ਖੇਲੇ ਖੇਲ ਤਮਾਸ਼ਿਆ । ਗ਼ਰੀਬ ਨਿਮਾਣਿਆਂ ਬਣਾਏ ਬਣਤਾ, ਮੰਡਲ ਮੰਡਪ ਪਾਵੇ ਸਾਚੀ ਰਾਸਿਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਆਵਣ ਜਾਵਣ ਫੰਦ ਕਟਾਸਿਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਮੇਲ ਮਿਲਾਵਾ ਏਕਾ ਘਰ, ਚਰਨ ਕਵਲ ਸੱਚਾ ਭਰਵਾਸਿਆ । ਚਰਨ ਕਵਲ ਸਾਚੀ ਧੂੜ, ਹਰਿਜਨ ਹਰਿ ਹਰਿ ਮਸਤਕ ਲਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ, ਅਗਿਆਨ ਤਤ ਰਹੇ ਨਾ ਰਾਈਆ । ਨਾਤਾ ਤੋੜੇ ਕੂੜੋ ਕੂੜ, ਪਾਰਬ੍ਰਹਮ ਵੱਡੀ ਵਡਿਆਈਆ । ਰੰਗਨ ਰੰਗ ਚੜ੍ਹਾਏ ਗੂੜ੍ਹ, ਨਾਮ ਰੰਗੀਲਾ ਮੋਹਣ ਮਾਧਵ ਪੁਰਖ ਅਬਿਨਾਸ਼ ਆਪ ਅਖਵਾਈਆ । ਆਵਣ ਜਾਵਣ ਕਟੇ ਜੂੜ, ਜੋਗ ਜੁਗਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਏਕਾ ਪੱਲਾ ਨਾਮ ਫੜਾਈਆ । ਏਕਾ ਪੱਲਾ ਨਾਮ ਫੜਾ, ਹਰਿਜਨ ਆਪ ਤਰਾਇੰਦਾ । ਦਰ ਦਰਵੇਸ਼ਾ ਫੇਰੀ ਪਾ, ਦਰਦੀ ਦਰਦ ਵੰਡਾਇੰਦਾ । ਜਗਤ ਨਿਮਾਣੇ ਆਪ ਉਠਾ, ਸਾਚੇ ਤਖ਼ਤ ਆਪ ਸੁਹਾਇੰਦਾ । ਦਰਗਹਿ ਸਾਚੀ ਦੇਵੇ ਥਾਂ, ਰਾਜ ਰਾਜਾਨਾਂ ਹੱਥ ਨਾ ਆਇੰਦਾ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਹੰਸ ਬਣਾਏ ਕਾਂ, ਸੋਹੰ ਸਾਚੀ ਚੋਗ ਚੁਗਾਇੰਦਾ । ਇਕ ਜਪਾਵੇ ਸਾਚਾ ਨਾਂ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਸਚਖੰਡ ਦਵਾਰਾ ਇਕ ਵਖਾਇੰਦਾ । ਅੰਤਮ ਪਕੜਨਹਾਰਾ ਬਾਂਹ, ਜੋਤੀ ਜਾਮਾ ਭੇਖ ਵਟਾਇੰਦਾ । ਕਰਨਹਾਰਾ ਸਚ ਨਿਆਂ, ਜੁਗ ਜੁਗ ਵੇਸ ਵਟਾਇੰਦਾ । ਵਸੇ ਧਾਮ ਅਗੰਮ ਅਥਾਹ, ਜਗਤ ਨੇਤਰ ਦਿਸ ਨਾ ਆਇੰਦਾ । ਕਲਜੁਗ ਜੀਵ ਰਹੇ ਕੁਰਲਾ, ਕਾਗੀ ਮੁਖ ਖੁਲ੍ਹਾਇੰਦਾ । ਆਪਣਾ ਆਪ ਨਾ ਸਕਣ ਪਾ, ਆਪਣਾ ਮੂਲ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਦਰ, ਹਰਿ ਸਾਚਾ ਵੇਖ ਵਖਾਇੰਦਾ । ਦਰਦ ਦੁੱਖ ਹਰਿ ਹਰਿ ਨਾਥ, ਅਨਾਥਾਂ ਵਿਚ ਸਮਾਇਆ । ਆਪ ਨਿਭਾਏ ਸਗਲਾ ਸਾਥ, ਸਗਲਾ ਸੰਗੀ ਵੇਖ ਵਖਾਇਆ । ਮੇਲ ਮਿਲਾਵਾ ਤ੍ਰਲੋਕੀ ਨਾਥ, ਤ੍ਰੈ ਤ੍ਰੈ ਦੇਸ਼ਾਂ ਵੇਸ ਵਟਾਇਆ । ਸਤਿਜੁਗ ਤੇਰੀ ਸਾਚੀ ਗਾਥ, ਸਤਿਗੁਰ ਪੂਰਾ ਰਿਹਾ ਚਲਾਇਆ । ਏਕਾ ਨਾਮ ਏਕਾ ਰਾਥ, ਚਾਰ ਵਰਨਾਂ ਰਿਹਾ ਚੜ੍ਹਾਇਆ । ਏਕਾ ਪੂਜਾ ਏਕਾ ਪਾਠ, ਏਕਾ ਮੰਤਰ ਰਿਹਾ ਸੁਣਾਇਆ । ਏਕਾ ਤੀਰਥ ਏਕਾ ਤਾਟ, ਸਰ ਸਰੋਵਰ ਇਕ ਨੁਹਾਇਆ । ਏਕਾ ਵਣਜ ਇਕ ਵਪਾਰ ਏਕਾ ਹਾਟ, ਚੌਦਾਂ ਲੋਕਾਂ ਆਪ ਖੁਲ੍ਹਾਇਆ । ਏਕਾ ਨਾਓ ਏਕਾ ਘਾਟ, ਏਕਾ ਬੇੜਾ ਰਿਹਾ ਚਲਾਇਆ । ਏਕਾ ਨੇੜੇ ਦੱਸੇ ਵਾਟ, ਏਕਾ ਵੇਖ ਵਖਾਇਆ । ਜਨ ਭਗਤਾਂ ਦੁਰਮਤ ਮੈਲ ਦੇਵੇ ਕਾਟ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣਾ ਕਰਮ ਕਮਾਇਆ । ਆਪਣਾ ਕਰਮ ਆਪ ਕਮਾ, ਆਪਣੀ ਦਇਆ ਕਮਾਇੰਦਾ । ਗ਼ਰੀਬ ਨਿਮਾਣੇ ਆਪ ਉਠਾ, ਆਪ ਆਪਣੀ ਬੂਝ ਬੁਝਾਇੰਦਾ । ਦਰਸ ਦਰਸੀ ਦਰਸ ਦਿਖਾ, ਲੱਖ ਚੁਰਾਸੀ ਫੰਦ ਕਟਾਇੰਦਾ । ਏਕਾ ਰਾਗ ਕੰਨ ਸੁਣਾ, ਏਕਾ ਬੂਝ ਬੁਝਾਇੰਦਾ । ਏਕਾ ਮਣਕਾ ਮਨ ਕਾ ਦਏ ਫਿਰਾ, ਆਪ ਆਪਣੀ ਬਣਤ ਬਣਾਇੰਦਾ । ਸਗਲੀ ਚਿੰਦ ਦਏ ਮਿਟਾ, ਜੋ ਜਨ ਦਰਸ਼ਨ ਪਾਇੰਦਾ । ਕਾਇਆ ਮੰਦਰ ਦਏ ਤੁੜਾ, ਸ਼ਬਦ ਖੰਡਾ ਹੱਥ ਉਠਾਇੰਦਾ । ਸਾਚੀ ਬੇੜੀ ਆਪ ਚੜ੍ਹਾ, ਹਰਿਜਨ ਵੇਖ ਵਖਾਇੰਦਾ । ਗਹਿਰ ਗੰਭੀਰ ਗੁਣੀ ਗਹਿੰਦ ਪਕੜੇ ਬਾਂਹ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਲੜ, ਨਾ ਕੋਈ ਸੀਸ ਨਾ ਕੋਈ ਧੜ, ਦਰ ਦਵਾਰ ਹਰਿ ਨਿਰੰਕਾਰ, ਸਚਖੰਡ ਜਗਤ ਬ੍ਰਹਿਮੰਡ ਪਾਏ ਵੰਡ ਜੇਰਜ ਅੰਡ ਆਪ ਆਪਣੇ ਅੰਕ ਸਮਾਇੰਦਾ । ਅੰਗੀਕਾਰ ਆਪੇ ਕਰ,

ਆਪਣੇ ਅੰਗ ਲਗਾਈਆ । ਧਰਨੀ ਮੰਗੇ ਸਾਚਾ ਵਰ, ਦੋਏ ਜੋੜ ਪਏ ਸਰਨਾਈਆ । ਪੁਰਖ ਅਬਿਨਾਸ਼ੀ ਵੇਖੇ ਖੜ, ਚਾਰੋਂ ਕੁੰਟ ਫੇਰਾ ਪਾਈਆ । ਅਗਨੀ ਤੱਤਵ ਰਹੀ ਸੜ, ਲੱਖ ਚੁਰਾਸੀ ਜਗਤ ਲੋਕਾਈਆ । ਕੋਈ ਨਾ ਸਕੇ ਅੱਗੇ ਹੋ ਫੜ, ਸਾਧ ਸੰਤ ਬੈਠੇ ਮੁਖ ਛੁਪਾਈਆ । ਘਰ ਘਰ ਵਿਦਿਆ ਰਹੇ ਪੜ੍ਹ, ਆਤਮ ਬ੍ਰਹਮ ਨਾ ਕੋਈ ਜਣਾਈਆ । ਆਪਣਾ ਘਾੜਣ ਆਪੇ ਘੜ, ਬੈਠੇ ਧੂਣੀਆਂ ਤਾਈਆ । ਅੰਤਮ ਵੇਲੇ ਜਾਇਣ ਝੜ, ਫਲ ਡਾਲ੍ਹ ਰਹਿਣ ਨਾ ਪਾਈਆ । ਜੋ ਜਨ ਸਰਨਾਈ ਜਾਏ ਪੜ, ਹਰਿ ਲੇਖਾ ਲੇਖ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮਰਥ ਅਕੱਥ ਰੱਖਣਹਾਰਾ ਦੇ ਕਰ ਹੱਥ, ਦਰ ਦਰਵੇਸ਼ ਨਰ ਨਰੇਸ਼ ਇਕ ਇਕੱਲਾ ਏਕੰਕਾਰ ਕਰ ਪਸਾਰ, ਸੰਤ ਭਗਤ ਆਪ ਉਧਾਰ, ਉਦਰ ਰੋਗ ਰਿਹਾ ਮਿਟਾਈਆ ।

### * ੨੩ ਮੱਘਰ ੨੦੧੫ ਬਿਕ੍ਰਮੀ ਗੁਰਦੇਵ ਸਿੰਘ ਦੇ ਘਰ ਪਿੰਡ ਦੋਸਾਂਝ ਜ਼ਿਲਾ ਜਲੰਧਰ *

ਹਰਿ ਭਗਵਾਨ ਸਰਬ ਗੁਣਵੰਤਾ, ਏਕਾ ਏਕੰਕਾਰਿਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਲਏ ਅਵਤਾਰਿਆ । ਆਪ ਬਣਾਏ ਆਪਣੀ ਬਣਤਾ, ਅਬਿਨਾਸ਼ੀ ਪੁਰਖ ਨਾਉਂ ਧਰਾ ਲਿਆ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਰਿਹਾ । ਖੇਲਣਹਾਰ ਹਰਿ ਭਗਵਾਨ, ਏਕਾ ਏਕ ਅਖਵਾਇੰਦਾ । ਜੋਤੀ ਜੋਤ ਜੋਤ ਮਹਾਨ, ਨੂਰੋ ਨੂਰ ਸਮਾਇੰਦਾ । ਸ਼ਾਹੋ ਭੂਪ ਵਡ ਸੁਲਤਾਨ, ਰਾਜਨ ਰਾਜ ਆਪ ਹੋ ਜਾਇੰਦਾ । ਥਿਰ ਘਰ ਵਾਸੀ ਹਰਿ ਮਿਹਰਬਾਨ, ਆਪ ਆਪਣੀ ਕਲ ਵਰਤਾਇੰਦਾ । ਸ਼ਬਦੀ ਸ਼ਬਦ ਬਲਵਾਨ, ਸਾਚਾ ਸੁਤ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਸ਼ਬਦ ਸੁਤ ਵਡ ਬਲਵਾਨ, ਹਰਿ ਏਕਾ ਏਕ ਉਪਜਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣਾ ਦੇਵੇ ਦਾਨ, ਆਪੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਅਵੱਲਾ, ਏਕਾ ਏਕ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਦਿਸ ਕਿਸੇ ਨਾ ਆਇੰਦਾ । ਆਪੇ ਜਾਣੇ ਵਲ ਛਲਾ, ਅਛਲ ਅਛੱਲ ਆਪ ਜਣਾਇੰਦਾ । ਦੀਪਕ ਜੋਤੀ ਇਕ ਬਲਾ, ਪ੍ਰਕਾਸ਼ ਪ੍ਰਕਾਸ਼ ਰਖਾਇੰਦਾ । ਸ਼ਬਦ ਸੁਨੇਹੜਾ ਸਾਚਾ ਘੱਲਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਹਰਿ ਕਰਤਾ ਹਰਿ ਨਿਰੰਕਾਰ, ਆਪਣੀ ਬਣਤ ਬਣਾਈਆ । ਨਿਰਗੁਣ ਜੋਤੀ ਨੂਰ ਉਜਿਆਰ, ਨੂਰੋ ਨੂਰ ਸਮਾਈਆ । ਸ਼ਬਦੀ ਸ਼ਬਦ ਸ਼ਬਦ ਅਪਾਰ, ਹਰਿ ਸ਼ਬਦ ਵੱਡੀ ਵਡਿਆਈਆ । ਲੋਆਂ ਪੁਰੀਆਂ ਮਹੱਲ ਉਸਾਰ, ਰਵ ਸਸ ਸੇਵਾ ਲਾਈਆ । ਬ੍ਰਹਿਮੰਡ ਖੰਡ ਕਰ ਤਿਆਰ, ਤ੍ਰੈਗੁਣ ਬੰਧਨ ਪਾਈਆ । ਰੂਪ ਅਨੂਪ ਆਪ ਕਰਤਾਰ, ਆਪ ਆਪਣਾ ਵੇਸ ਵਟਾਈਆ । ਖੇਲੇ ਖੇਲ ਅਗੰਮ ਅਪਾਰ, ਵਿਸ਼ਨੂੰ ਰੂਪ ਆਪ ਹੋ ਜਾਈਆ । ਨਾਭੀ ਕਵਲੀ ਕਵਲ ਉਜਿਆਰ, ਫੂਲੋ ਫੂਲ ਸਮਾਈਆ । ਪਾਰਬ੍ਰਹਮ ਫੜ ਕਟਾਰ, ਆਪਣਾ ਆਪ ਕਟਾਈਆ । ਬ੍ਰਹਮ ਬ੍ਰਹਮ ਕਰ ਤਿਆਰ, ਬ੍ਰਹਮ ਬ੍ਰਹਮ ਆਪ ਹੋ ਜਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਕੋਈ

ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਬੰਧਾਈਆ । ਸ਼ਬਦ ਬੰਧਨ ਆਪੇ ਪਾ, ਤ੍ਰੈਗੁਣ ਜੋੜ ਜੁੜਾਇਆ । ਪਰਮ ਪੁਰਖ ਖੇਲ ਖਿਲਾ, ਪਾਰਬ੍ਰਹਮ ਵਡਿਆਇਆ । ਆਦਿ ਨਿਰੰਜਣ ਜੋਤ ਜਗਾ, ਜੋਤ ਨਿਰੰਜਣ ਕਰ ਰੁਸ਼ਨਾਇਆ । ਏਕਾ ਅੰਜਨ ਨੇਤਰ ਪਾ, ਏਕਾ ਅੱਖ ਖੁਲ੍ਹਾਇਆ । ਦਰਦ ਦੁੱਖ ਭੈ ਭੰਜਨ ਨਾਮ ਧਰਾ, ਆਪ ਆਪਣਾ ਮੇਲ ਮਿਲਾਇਆ । ਸਾਚਾ ਸੱਜਣ ਬਣ ਮਲਾਹ, ਦਰ ਸਾਚਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਪਾਰਬ੍ਰਹਮ ਹੋ ਜਾਇਆ । ਪਾਰਬ੍ਰਹਮ ਖੇਲ ਅਪਾਰ, ਬ੍ਰਹਮ ਬ੍ਰਹਮ ਆਪ ਅਖਵਾਈਆ । ਆਪੇ ਬੰਨ੍ਹੇ ਆਪਣੀ ਧਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਇਕ ਪਿਆਰ, ਏਕਾ ਰੰਗ ਰੰਗਾਈਆ । ਏਕਾ ਦੇਵੇ ਸ਼ਬਦ ਸਹਾਰ, ਪੰਜ ਤਤ ਕਰੇ ਕੁੜਮਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪਾਵੇ ਸਾਰ, ਤ੍ਰੈਗੁਣ ਸੇਵਾ ਲਾਈਆ । ਪੰਚਮ ਮੀਤਾ ਹਰਿ ਗਿਰਧਾਰ, ਪੰਚਮ ਖੇਲ ਖਿਲਾਈਆ । ਮਨ ਮਤ ਬੁੱਧ ਕਰ ਪਸਾਰ, ਨਿਰਗੁਣ ਜੋਤੀ ਇਕ ਜਗਾਈਆ । ਨੌਂ ਦਰ ਖੋਲ੍ਹੇ ਇਕ ਕਿਵਾੜ, ਮਾਨਸ ਮਾਨੁੱਖ ਬਣਤ ਬਣਾਈਆ । ਘਰ ਘਰ ਘਰ ਵਿਚ ਮਹੱਲ ਅਪਾਰ, ਆਪ ਆਪਣਾ ਆਪ ਉਪਾਈਆ । ਦੀਵਾ ਬਾਤੀ ਕਰ ਉਜਿਆਰ, ਦਿਵਸ ਰੈਣ ਕਰੇ ਰੁਸ਼ਨਾਈਆ । ਕਮਲਾਪਾਤੀ ਕੰਤ ਭਤਾਰ, ਬੈਠਾ ਆਸਣ ਲਾਈਆ । ਆਤਮ ਸੇਜਾ ਠੰਡੀ ਠਾਰ, ਆਪ ਆਪਣੀ ਰਿਹਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪੰਜ ਤਤ ਹਰਿ ਭਗਵਾਨਾ, ਬ੍ਰਹਮ ਬ੍ਰਹਮ ਉਪਾਇੰਦਾ । ਏਕਾ ਸ਼ਬਦ ਇਕ ਤਰਾਨਾ, ਏਕਾ ਰਾਗ ਸੁਣਾਇੰਦਾ । ਏਕਾ ਘਰ ਇਕ ਮਕਾਨਾ, ਏਕਾ ਦਰ ਸੁਹਾਇੰਦਾ । ਏਕਾ ਪੀਣ ਏਕਾ ਖਾਣਾ, ਏਕਾ ਅੰਮ੍ਰਿਤ ਮੁਖ ਚੁਆਇੰਦਾ । ਏਕਾ ਰੰਗ ਹਰਿ ਨਿਰੰਜਣਾ, ਰੂਪ ਰੰਗ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਡੇਰਾ ਲਾਇੰਦਾ । ਲੱਖ ਚੁਰਾਸੀ ਆਪੇ ਘੜ, ਆਪਣੀ ਬਣਤ ਬਣਾਈਆ । ਨਾ ਕੋਈ ਸੀਸ ਨਾ ਕੋਈ ਧੜ, ਹਰ ਘਟ ਬੈਠਾ ਆਸਣ ਲਾਈਆ । ਜੀਵ ਜੰਤ ਨਾ ਸਕੇ ਫੜ, ਕੋਟਨ ਕੋਟ ਰਹੇ ਤਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਰੱਖ ਕਰਤਾਰ, ਆਪਣਾ ਖੇਲ ਖਿਲਾਇੰਦਾ । ਮਾਨਸ ਮਾਨੁੱਖ ਪਾਵੇ ਸਾਰ, ਆਤਮ ਬ੍ਰਹਮ ਜਣਾਇੰਦਾ । ਸੰਤ ਸੁਹੇਲੇ ਕਰ ਉਜਿਆਰ, ਆਪ ਆਪਣਾ ਦਰ ਖੁਲ੍ਹਾਇੰਦਾ । ਚੌਥੇ ਘਰ ਆਪੇ ਵੜ, ਆਪ ਆਪਣਾ ਮੇਲ ਮਿਲਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਲੋਕਮਾਤ ਸਾਚਾ ਘਰ, ਹਰਿ ਹਰਿ ਵੇਖ ਵਖਾਈਆ । ਲੱਖ ਚੁਰਾਸੀ ਆਪੇ ਧਰ, ਉਤਭੁਜ ਸੇਤਜ ਜੇਰਜ ਅੰਡ ਸਮਾਈਆ । ਹਉਮੇ ਹੰਗਤਾ ਵੇਖੇ ਗੜ੍ਹ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰਲਾਈਆ । ਆਸਾ ਤ੍ਰਿਸ਼ਨਾ ਬੱਧੀ ਲੜ, ਇਛਿਆ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਿਖਿਆ ਆਪਣੇ ਹੱਥ ਰਖਾਈਆ । ਸਾਚੀ ਸਿਖਿਆ ਹਰਿ ਕਰਤਾਰ, ਆਪਣੀ ਆਪ ਚਲਾਇੰਦਾ । ਲੋਕਮਾਤੀ ਲੈ ਅਵਤਾਰ, ਪੰਜ ਤਤ ਸਮਾਇੰਦਾ । ਸ਼ਬਦੀ ਸ਼ਬਦ ਸ਼ਬਦ ਧੁਨਕਾਰ, ਸਚ ਸੰਦੇਸ਼ ਸੁਣਾਇੰਦਾ । ਜੀਵਾਂ ਜੰਤਾਂ ਕਰੇ ਖ਼ਬਰਦਾਰ, ਸੋਏ ਮਾਤ ਉਠਾਇੰਦਾ । ਵਰਨ ਗੋਤ ਨਾ ਕੋਈ ਪਿਆਰ, ਊਚ ਨੀਚ ਨਾ ਕੋਈ ਜਣਾਇੰਦਾ । ਰਾਓ ਰੰਕ ਇਕ ਦਰਬਾਰ, ਸ਼ਾਹ ਸੁਲਤਾਨ ਵੇਖ ਵਖਾਇੰਦਾ ।

੯੫੮ ੦੨

ਦਾਤਾ ਦਾਨੀ ਮਿਹਰਬਾਨ, ਆਪ ਆਪਣਾ ਕਰਮ ਕਮਾਇੰਦਾ । ਧੁਰਦਰਗਾਹੀ ਦੇਵੇ ਸਾਚਾ ਮਾਣ, ਜੋ ਜਨ ਰਸਨਾ ਗਾਇੰਦਾ । ਬ੍ਰਹਮ ਬ੍ਰਹਮ ਇਕ ਪਛਾਣ, ਏਕਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਹਰਿ ਨਿਰੰਕਾਰ, ਖੇਲੇ ਖੇਲ ਅਗੰਮ ਅਪਾਰ ਆਪ ਅਖਵਾਇੰਦਾ ।

* ੨੪ ਮੱਘਰ ੨੦੧੫ ਬਿਕ੍ਰਮੀ ਮਹਿੰਗਾ ਸਿੰਘ ਦੇ ਘਰ ਪਿੰਡ ਹਰੀ ਪੁਰ ਜ਼ਿਲਾ ਜਲੰਧਰ *

ਅਜੂਨੀ ਰਹਿਤ ਮੂਰਤ ਅਕਾਲ, ਏਕਾ ਏਕੰਕਾਰਿਆ । ਆਦਿ ਪੁਰਖ ਨਿਰੰਜਣ ਦੀਨ ਦਿਆਲ, ਆਦਿ ਜੁਗਾਦੀ ਨਾਉਂ ਧਰਾ ਲਿਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਜੁਗ ਜੁਗ ਵੇਸ ਵਟਾ ਲਿਆ । ਇਕ ਇਕੱਲਾ ਕਰ ਅਕਾਰ, ਆਪ ਆਪਣਾ ਵੇਸ ਵਟਾ ਰਿਹਾ । ਮਹੱਲ ਅਟੱਲ ਉਚ ਮਿਨਾਰ, ਥਿਰ ਘਰ ਵਾਸੀ ਡੇਰਾ ਲਾ ਲਿਆ । ਜੋਤ ਪ੍ਰਕਾਸ਼ੀ ਦੀਪ ਉਜਿਆਰ, ਏਕਾ ਏਕ ਡਗਮਗਾ ਰਿਹਾ । ਸਰਬ ਘਟ ਵਾਸੀ ਹਰਿ ਨਿਰੰਕਾਰ, ਨਿਰਗੁਣ ਧਾਰਾ ਆਪ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਰਿਹਾ । ਆਦਿ ਪੁਰਖ ਸ੍ਰੀ ਭਗਵਾਨਾ, ਹਰਿ ਹਰੀ ਆਪ ਅਖਵਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਜੁਗ ਜੁਗ ਵੇਸ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਏਕਾ ਏਕ ਅਖਵਾਇੰਦਾ । ਏਕਾ ਘਰ ਇਕ ਟਿਕਾਣਾ, ਇਕ ਸਿੰਘਾਸਣ ਆਸਣ ਲਾਇੰਦਾ । ਇਕ ਮਹੱਲ ਇਕ ਮਕਾਨਾ, ਏਕਾ ਆਸਣ ਲਾਇੰਦਾ । ਖੇਲੇ ਖੇਲ ਦੋ ਜਹਾਨਾਂ, ਦੋ ਜਹਾਨੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਦਰਸਾਇੰਦਾ । ਜੋਤੀ ਨੂਰ ਹਰਿ ਅਪਾਰ, ਏਕਾ ਏਕ ਉਪਾਈਆ । ਨਿਰਗੁਣ ਨੂਰੋ ਨੂਰ ਉਜਿਆਰ, ਆਪ ਆਪਣਾ ਖੇਲ ਖਿਲਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਹਰਿ ਭਗਵੰਤਾ, ਏਕਾ ਰੂਪ ਸਮਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇੰਦਾ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਆਪਣੀ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਆਪਣੇ ਘਰ ਰਹੇ ਮੰਗਤਾ, ਆਪਣੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਆਪ ਅਖਵਾਇੰਦਾ । ਆਦਿ ਅੰਤਾ ਹਰਿ ਮਿਹਰਵਾਨਾ, ਏਕਾ ਏਕੰਕਾਰਿਆ । ਖੇਲੇ ਖੇਲ ਸ੍ਰੀ ਭਗਵਾਨਾ, ਦਿਸ ਕਿਸੇ ਨਾ ਆ ਰਿਹਾ । ਸਾਚਾ ਮੀਤ ਇਕ ਸੁਲਤਾਨਾ, ਏਕਾ ਨਾਉਂ ਉਪਾ ਰਿਹਾ । ਸ਼ਬਦੀ ਸ਼ਬਦ ਸ਼ਬਦ ਬਲਵਾਨਾ, ਆਪ ਆਪਣਾ ਆਪ ਉਠਾ ਰਿਹਾ । ਏਕਾ ਰਾਗ ਇਕ ਤਰਾਨਾ, ਏਕਾ ਘਰ ਸੁਣਾ ਰਿਹਾ । ਏਕਾ ਮਰਦ ਇਕ ਮਰਦਾਨਾ, ਏਕਾ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਉਪਾ ਰਿਹਾ । ਜੁਗ ਕਰਤਾ ਪੁਰਖ ਅਬਿਨਾਸ਼ਾ, ਏਕਾ ਰੂਪ ਸਮਾਈਆ । ਆਦਿ ਜੁਗਾਦੀ ਖੇਲ ਤਮਾਸ਼ਾ, ਜੁਗ ਜੁਗ ਬਣਤ ਬਣਾਈਆ । ਮੰਡਲ ਮੰਡਪ ਪਾਵੇ ਰਾਸਾ, ਰਵ ਸਸ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੰਡ ਖੰਡ ਜੇਰਜ ਅੰਡ ਧਰਤ ਧਵਲ ਪੁਰੀਆਂ ਲੋਆਂ ਅਕਾਸ਼ ਪ੍ਰਕਾਸ਼ ਆਪ ਰਖਾਈਆ । ਬ੍ਰਹਿਮੰਡ

ਖੰਡ ਹਰਿ ਬ੍ਰਹਿਮਾਦ, ਏਕਾ ਜੋਤ ਜਗਾਇੰਦਾ । ਸ਼ਬਦ ਤੂਰ ਅਨਾਦੀ ਨਾਦ ਏਕਾ ਏਕ ਸੁਣਾਇੰਦਾ । ਦੇਵਣਹਾਰਾ ਦਾਦ, ਆਪ ਆਪਣੀ ਵੰਡ ਵੰਡਾਇੰਦਾ । ਏਕਾ ਸ਼ਬਦ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇੰਦਾ । ਆਪੇ ਜਾਣੇ ਬੋਧ ਅਗਾਧ, ਦੂਸਰ ਭੇਵ ਕੋਈ ਨਾ ਪਾਇੰਦਾ । ਏਕਾ ਜੋਬਨ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸੰਗ ਨਿਭਾਇੰਦਾ । ਸਗਲਾ ਸੰਗ ਹਰਿ ਕਰਤਾਰ, ਆਪਣਾ ਆਪ ਰਖਾਈਆ । ਆਪਣੀ ਕਿਰਿਆ ਕਰ ਵਿਚਾਰ, ਆਪਣੀ ਬੂਝ ਬੁਝਾਈਆ । ਆਪੇ ਬੰਨ੍ਹੇ ਆਪਣੀ ਧਾਰ, ਆਪਣਾ ਬੰਧਨ ਆਪੇ ਪਾਈਆ । ਆਪਣਾ ਕਰ ਸ਼ਬਦ ਜੈਕਾਰ, ਆਪੇ ਰਿਹਾ ਸੁਣਾਈਆ । ਲੋਕਮਾਤ ਹੋ ਤਿਆਰ, ਆਵੇ ਜਾਵੇ ਫੇਰਾ ਪਾਈਆ । ਕਲਜੁਗ ਅੰਤਮ ਖੇਲ ਨਿਆਰ, ਕਰਤਾ ਕਾਦਰ ਆਪ ਕਰਾਈਆ । ਨੂਰ ਇਲਾਹੀ ਬੇਐਬ ਪਰਵਰਦਿਗਾਰ, ਨੂਰੋ ਨੂਰ ਸਮਾਈਆ । ਖ਼ਲਕ ਖ਼ੁਦਾਈ ਪਾਏ ਸਾਰ, ਖ਼ਾਲਕ ਰੂਪ ਆਪ ਵਟਾਈਆ । ਹੱਕ ਹਕੀਕਤ ਵੇਖ ਵਿਚਾਰ, ਚੌਦਾਂ ਤਬਕਾਂ ਡੇਰਾ ਢਾਹੀਆ । ਲਾਸ਼ਰੀਕ ਸਾਂਝਾ ਯਾਰ, ਏਕਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਤੇਰਾ ਅੰਤਮ ਕਾਮ, ਹਰਿ ਹਰਿ ਆਪ ਕਰਾਵਣਾ । ਆਪੇ ਸੀਤਾ ਆਪੇ ਰਾਮ, ਰਾਮ ਰੂਪ ਆਪ ਸਮਝਾਵਣਾ । ਆਪੇ ਕ੍ਰਿਸ਼ਨਾ ਆਪੇ ਕਾਹਨ, ਸਾਚੀ ਗੋਪੀ ਆਪ ਨਚਾਵਣਾ । ਆਪੇ ਅੰਮ੍ਰਿਤ ਆਪੇ ਜਾਮ, ਹਰਿ ਭਗਤਾਂ ਆਪ ਪਿਆਵਣਾ । ਆਪੇ ਦੀਨ ਆਪ ਇਸਲਾਮ, ਈਸਾ ਮੂਸਾ ਆਪ ਅਖਵਾਵਣਾ । ਆਪੇ ਜਾਣੇ ਆਪਣੀ ਕਲਾਮ, ਕਲਮਾ ਨਬੀ ਆਪ ਪੜ੍ਹਾਵਣਾ । ਆਪ ਆਪਣੀ ਮੇਟੇ ਅੰਧੇਰੀ ਸ਼ਾਮ, ਸਾਚਾ ਚੰਦ ਇਕ ਚੜ੍ਹਾਵਣਾ । ਆਪੇ ਲੱਖ ਚੁਰਾਸੀ ਕਰੇ ਤਾਮ, ਜੀਵ ਜੰਤ ਆਪ ਉਪਜਾਵਣਾ । ਆਪੇ ਨਗਰ ਆਪ ਗਰਾਮ, ਕਾਇਆ ਖੇੜਾ ਆਪ ਵਸਾਵਣਾ । ਆਪੇ ਨਿਰਗੁਣ ਬੈਠਾ ਧਾਮ, ਸਰਗੁਣ ਪੰਜ ਤਤ ਆਪ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਵਣਾ । ਵੇਖਣਹਾਰਾ ਹਰਿ ਸਮਰਥ, ਏਕਾ ਏਕ ਅਖਵਾਈਆ । ਜਗਤ ਚਲਾਏ ਆਪਣਾ ਰਥ, ਹਰਿ ਵਡ ਵੱਡੀ ਵਡਿਆਈਆ । ਲੱਖ ਚੁਰਾਸੀ ਪਾਏ ਨੱਥ, ਦਹਿ ਦਿਸ਼ਾ ਆਪ ਭਵਾਈਆ । ਸ਼ਬਦ ਜਣਾਈ ਅਕੱਥਨਾ ਅਕੱਥ, ਹਰੀ ਹਰਿ ਜਗਤ ਸੁਣਾਈਆ । ਜਗਤ ਵਿਕਾਰਾ ਦੇਵੇ ਮਥ, ਨਾਮ ਖੰਡਾ ਹੱਥ ਉਠਾਈਆ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਥਿਰ ਘਰ ਵਾਸੀ ਫੇਰਾ ਪਾਈਆ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਦਰਸ਼ਨ ਪਾਈਆ । ਕਾਇਆ ਗੜ੍ਹ ਜਾਏ ਢੱਠ, ਹਉਮੇ ਰੋਗ ਰਹੇ ਨਾ ਰਾਈਆ । ਲਹਿਣਾ ਦੇਣ ਚੁਕਾਏ ਤੀਰਥ ਅਠਸਾਠ, ਕਾਇਆ ਮੰਦਰ ਇਕ ਸੁਹਾਈਆ । ਇਕ ਵਖਾਏ ਪੂਜਾ ਪਾਠ, ਇਕ ਕਰੇ ਪੜ੍ਹਾਈਆ । ਅੰਮ੍ਰਿਤ ਆਤਮ ਸਰ ਸਰੋਵਰ ਮਾਰੇ ਠਾਠ, ਜਲ ਕਵਲ ਆਪ ਭਰਾਈਆ । ਨਾਮ ਵਿਕਾਏ ਸਾਚੇ ਹਾਟ, ਏਕਾ ਵਣਜ ਕਰਾਈਆ । ਇਕ ਉਤਾਰੇ ਪਾਰ ਔਖੇ ਘਾਟ, ਕਲਜੁਗ ਬੇੜਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਫੇਰਾ ਪਾ, ਹਰਿ ਹਰਿ ਜੋਤ ਜਗਾਇੰਦਾ । ਧੁਨ ਅਨਾਦੀ ਸ਼ਬਦ ਜਣਾ, ਆਤਮ ਬ੍ਰਹਮ ਵਖਾਇੰਦਾ । ਦੂਈ ਦਵੈਤੀ ਪਰਦਾ ਲਾਹ, ਏਕਾ ਨੈਣ ਖੁਲ੍ਹਾਇੰਦਾ । ਨਾਨਕ ਨਿਰਗੁਣ ਮੇਲ ਮਿਲਾ, ਸਰਗੁਣ ਧਾਰ ਬੰਧਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਦਿਸ ਕਿਸੇ ਨਾ ਆਇੰਦਾ । ਹਰਿਜਨ ਵੇਖੇ ਥਾਉਂ ਥਾਂ, ਲੱਖ ਚੁਰਾਸੀ ਫੋਲ ਫੁਲਾਇੰਦਾ । ਫੜ ਫੜ ਹੰਸ ਬਣਾਏ ਕਾਂ, ਸਾਚੀ ਚੋਗ ਚੁਗਾਇੰਦਾ । ਸਦਾ ਸੁਹੇਲਾ ਦੇਵਣਹਾਰਾ

ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਪਿਤਾ ਆਪੇ ਮਾਂ, ਹਰਿਜਨ ਸਾਚੇ ਬਾਲ ਅਵਾਣੇ ਗੋਦ ਉਠਾਇੰਦਾ । ਜੁਗ ਜੁਗ ਕਰੇ ਸਚ ਨਿਆਂ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ਼ਰੀਬ ਨਿਮਾਣੇ ਪਕੜੇ ਬਾਂਹ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਕਲਜੁਗ ਮੀਤਾ ਹਰਿ ਨਿਰੰਕਾਰ, ਏਕਾ ਰੂਪ ਸਮਾਇੰਦਾ । ਜੋਤੀ ਦੀਪ ਕਰ ਉਜਿਆਰ, ਅਕਾਸ਼ ਪ੍ਰਕਾਸ਼ ਵਖਾਇੰਦਾ । ਦਿਵਸ ਰੈਣ ਏਕਾ ਧਾਰ, ਅੱਠੇ ਪਹਿਰ ਡਗਮਗਾਇੰਦਾ । ਗੋਬਿੰਦ ਮੇਲਾ ਵਿਚ ਸੰਸਾਰ, ਅੰਤਮ ਵੇਖ ਵਖਾਇੰਦਾ । ਸ਼ਬਦੀ ਸ਼ਬਦ ਸ਼ਬਦ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਆਪੇ ਵਸਿਆ ਸਭ ਤੋਂ ਬਾਹਿਰ, ਹਰ ਘਟ ਡੇਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਮੂਲ ਆਪ ਚੁਕਾਇੰਦਾ । ਕਲਜੁਗ ਤੇਰੀ ਅੰਤਮ ਵਰ, ਆਪਣਾ ਮੂਲ ਆਪ ਚੁਕਾਵਣਾ, ਬ੍ਰਹਮਾ ਵੇਤਾ ਚਾੜ੍ਹੇ ਫੂਲ, ਚਾਰੇ ਮੁਖ ਏਕਾ ਗਾਵਣਾ, ਸ਼ਿਵ ਸ਼ੰਕਰ ਸੁੱਟੇ ਹੱਥ ਤ੍ਰਸੂਲ, ਬਾਸ਼ਕ ਤਸ਼ਕਾ ਸੀਸ ਲਟਕਾਵਣਾ । ਵਿਸ਼ਨੂੰ ਵੰਸੀ ਆਪ ਚੁਕਾਏ ਆਪਣਾ ਮੂਲ, ਆਪ ਆਪਣਾ ਦਰ ਸੁਹਾਵਣਾ । ਸ਼ਬਦ ਸਿੰਘਾਸਣ ਨਾ ਕੋਈ ਪਾਵਾ ਨਾ ਕੋਈ ਚੂਲ, ਪੁਰਖ ਅਬਿਨਾਸ਼ੀ ਡੇਰਾ ਲਾਵਣਾ, ਸਚ ਪੰਘੂੜਾ ਰਿਹਾ ਝੂਲ, ਦੋ ਜਹਾਨਾਂ ਆਪ ਝੁਲਾਵਣਾ । ਆਪੇ ਕੰਤ ਆਪੇ ਕੰਤਹੂਲ, ਨਾਰੀ ਕੰਤ ਆਪ ਨਾਮ ਧਰਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਕਰਾਵਣਾ । ਖੇਲੇ ਖੇਲ ਖੇਲਣਹਾਰ, ਇਕ ਪੁਰਖ ਅਖਵਾਇਆ । ਜੋਤੀ ਜਾਮਾ ਭੇਖ ਨਿਆਰ, ਵੇਸ ਅਨੇਕਾ ਵੇਸ ਵਟਾਇਆ । ਸ਼ਬਦ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਉਠਾਇਆ । ਪੁਰੀਆਂ ਲੋਆਂ ਮਾਰੇ ਮਾਰ, ਨੌਂ ਸਤ ਰਿਹਾ ਜਗਾਇਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਸਾਧਾਂ ਸੰਤਾਂ ਦਏ ਹੁਲਾਰ, ਨਾਮ ਹੁਲਾਰਾ ਇਕ ਰਖਾਇਆ । ਗੁਰਮੁਖਾਂ ਕਰਿਆ ਮਾਤ ਪਿਆਰ, ਆਪ ਆਪਣਾ ਬਿਰਦ ਰਖਾਇਆ । ਸ਼ਬਦ ਜਣਾਈ ਸੱਚੀ ਧੁਨਕਾਰ, ਅਨਹਦ ਤਾਲ ਵਜਾਇਆ । ਰਾਗ ਰਾਗਨੀ ਢਹਿ ਢਹਿ ਪੈਣ ਚਰਨ ਦਵਾਰ, ਬੈਠੇ ਸੀਸ ਨਿਵਾਇਆ । ਘਰ ਸੱਜਣ ਮੇਲਾ ਮੀਤ ਮੁਰਾਰ, ਆਤਮ ਸੇਜਾ ਇਕ ਸੁਹਾਇਆ । ਨਿਰਗੁਣ ਨੂਰ ਹਰਿ ਉਜਿਆਰ, ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਆਪਣਾ ਖੇਲ ਆਪੇ ਖੇਲ, ਆਪਣੇ ਹੱਥ ਰੱਖੇ ਵਡਿਆਈਆ । ਦੋ ਜਹਾਨੀ ਸੱਜਣ ਸੁਹੇਲ, ਜੁਗ ਜੁਗ ਖੇਲ ਖਿਲਾਈਆ । ਆਪੇ ਵਸਿਆ ਰੰਗ ਨਵੇਲ, ਹਰ ਘਟ ਆਪੇ ਰਿਹਾ ਸਮਾਈਆ । ਆਪੇ ਗੁਰੂ ਗੁਰ ਚੇਲ, ਗੁਰ ਚੇਲਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਈਆ । ਆਪਣਾ ਆਪ ਆਪੇ ਵੇਖ, ਹਰਿ ਆਪਣੀ ਬਣਤ ਬਣਾਇੰਦਾ । ਆਪੇ ਲਿਖਣਹਾਰਾ ਲੇਖ, ਆਪੇ ਪੂਰ ਕਰਾਇੰਦਾ । ਆਪਣੇ ਨੇਤਰ ਆਪੇ ਪੇਖ, ਆਪਣੀ ਤ੍ਰਿਸ਼ਨਾ ਆਪ ਬੁਝਾਇੰਦਾ । ਆਪਣਾ ਧਾਰੇ ਆਪੇ ਭੇਖ, ਆਪਣੀ ਕਲ ਆਪ ਵਰਤਾਇੰਦਾ । ਆਪੇ ਮੁੱਛ ਦਾੜ੍ਹੀ ਰੱਖੇ ਕੇਸ, ਆਪੇ ਸੀਸ ਜਗਦੀਸ਼ ਮੁੰਡਾਇੰਦਾ । ਆਪੇ ਦਾਤਾ ਦਾਨੀ ਦਰ ਦਰਵੇਸ਼, ਅਲੱਖ ਨਿਰੰਜਣ ਆਪਣੀ ਅਲੱਖ ਆਪ ਜਗਾਇੰਦਾ । ਅਗੰਮ ਅਗੰਮੜਾ ਨਰ ਨਰੇਸ਼, ਹੱਡ ਮਾਸ ਨਾੜੀ ਚਮੜਾ ਨਾ ਕੋਈ ਜਣਾਇੰਦਾ । ਸ਼ਬਦੀ ਜੋਤੀ ਜੋਤ ਪ੍ਰਵੇਸ਼, ਜੋਤ ਨਿਰੰਜਣ ਆਦਿ ਨਿਰੰਜਣ ਵਿਚ ਟਿਕਾਇੰਦਾ । ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਵੇਦ ਕਤੇਬ ਨਾ

ਕੋਇ ਰਖਾਇੰਦਾ । ਪੁਰਾਨ ਅਠਾਰਾਂ ਰਹੇ ਵੇਖ, ਹਰਿ ਕਾ ਰੂਪ ਦਿਸ ਨਾ ਆਇੰਦਾ । ਅੰਜੀਲ ਕੁਰਾਨਾ ਲਿਖੇ ਲੇਖ, ਏਕਾ ਦੋਆਂ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਵਟਾਇੰਦਾ । ਆਪਣਾ ਰੰਗ ਆਪੇ ਰੰਗ, ਆਪਣੇ ਹੱਥ ਰੱਖੀ ਵਡਿਆਈਆ । ਆਪਣੀ ਮੰਗ ਆਪੇ ਮੰਗ, ਆਪੇ ਵੇਖ ਵਖਾਈਆ । ਆਪਣੀ ਸੇਜ ਮਾਣੇ ਆਪ ਪਲੰਘ, ਆਪੇ ਬੈਠਾ ਆਸਣ ਲਾਈਆ । ਆਪਣਾ ਦਰ ਦਰਵਾਜਾ ਆਪੇ ਲੰਘ, ਵਡ ਦਾਤਾ ਬੇਪਰਵਾਹੀਆ । ਆਪਣੀ ਕੱਟਣਹਾਰਾ ਭੁੱਖ ਨੰਗ, ਲੋਕਮਾਤ ਫੇਰਾ ਪਾਈਆ । ਸ਼ਬਦ ਵਜਾਏ ਇਕ ਮਰਦੰਗ, ਸ੍ਰਿਸ਼ਟ ਸਬਾਈ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਈਆ । ਨਿਹਕਲੰਕ ਹਰਿ ਨਿਰੰਕਾਰ, ਨਿਰਗੁਣ ਰੂਪ ਉਪਾਇਆ । ਮਾਤ ਪਿਤ ਨਾ ਕੋਈ ਪਿਆਰ, ਭਾਈ ਭੈਣ ਨਾ ਕੋਈ ਰਖਾਇਆ । ਸੁਤ ਗੋਦ ਨਾ ਕੋਈ ਦੁਲਾਰ, ਸਾਕ ਸੈਣ ਨਾ ਕੋਈ ਜਣਾਇਆ । ਅਬਿਨਾਸ਼ੀ ਅਚੁੱਤ ਖੇਲ ਅਪਾਰ, ਆਪ ਆਪਣਾ ਵੇਖ ਵਿਖਾਇਆ । ਆਪ ਸੁਹਾਏ ਆਪਣੀ ਰੁੱਤ, ਜੁਗ ਜੁਗ ਆਪਣਾ ਨਾਉਂ ਧਰਾਇਆ । ਆਪੇ ਹਰ ਘਟ ਬੈਠਾ ਲੁਕ, ਆਪ ਆਪਣਾ ਮੁਖ ਛੁਪਾਇਆ । ਆਪੇ ਸੰਤ ਸੁਹੇਲੇ ਆਪਣੀ ਗੋਦੀ ਲਏ ਚੁੱਕ, ਆਪ ਆਪਣਾ ਪਰਦਾ ਲਾਹਿਆ । ਕਲਜੁਗ ਪੈਂਡਾ ਰਿਹਾ ਮੁੱਕ, ਹਰਿ ਸਾਚਾ ਵੇਖ ਵਖਾਇਆ । ਮਨਮੁਖਾਂ ਮੁਖ ਪੈਣਾ ਥੁੱਕ, ਨਾ ਸਕੇ ਕੋਈ ਬਚਾਇਆ । ਹਰਿ ਕਾ ਭਾਣਾ ਨਾ ਸਕੇ ਰੁਕ, ਹਰਿ ਸਾਚੇ ਆਪ ਵਰਤਾਇਆ । ਗੁਰਮੁਖ ਵਿਰਲਾ ਕਰੇ ਸੁਫਲ ਮਾਤ ਕੁੱਖ, ਜਿਸ ਜਨ ਹਰਿ ਹਰਿ ਰਸਨਾ ਗਾਇਆ । ਦੂਈ ਦਵੈਤੀ ਮਿਟੇ ਦੁੱਖ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਇਆ ।

੬੬੨
੦੭

*** ੨੫ ਮੱਘਰ ੨੦੧੫ ਬਿਕ੍ਰਮੀ ਲਾਲ ਸਿੰਘ ਦੇ ਘਰ ਪਿੰਡ ਹੇਰ ਤਹਿਸੀਲ ਨਕੋਦਰ ਜ਼ਿਲਾ ਜਲੰਧਰ ***

ਜੈ ਦੇਵ ਜੈ ਜੈਕਾਰ, ਏਕਾ ਦਰ ਵਡਿਆਈਆ । ਏਕਾ ਅੱਖਰ ਪਾਵੇ ਸਾਰ, ਏਕਾ ਵਿਦਿਆ ਬ੍ਰਹਮ ਵਡਿਆਈਆ । ਏਕਾ ਪੱਥਰ ਦੇਵੇ ਪਾੜ, ਹੰ ਹੰਗਤਾ ਰਹੇ ਨਾ ਰਾਈਆ । ਇਕ ਵਖਾਏ ਸਚ ਅਖਾੜ, ਸਚਖੰਡ ਵੱਜੀ ਵਧਾਈਆ । ਗੁਰਸਿਖ ਸਾਚਾ ਸਾਚਾ ਲਾੜ, ਹਰਿ ਸੱਜਣ ਵੇਖ ਵਖਾਈਆ । ਆਪੇ ਹੋਏ ਪਿੱਛੇ ਅਗਾੜ, ਦੋ ਜਹਾਨਾਂ ਸੇਵ ਕਮਾਈਆ । ਜੋਤ ਜਗਾਏ ਬਹੱਤਰ ਨਾੜ, ਸੁਰਤੀ ਸੁਰਤ ਆਪ ਭਵਾਈਆ । ਵਾ ਨਾ ਲੱਗੇ ਤੱਤੀ ਹਾੜ, ਪੰਜ ਤਤ ਨਾ ਕੋਈ ਸਤਾਈਆ । ਦਰ ਘਰ ਠਾਂਡੇ ਦੇਵੇ ਵਾੜ, ਅੰਮ੍ਰਿਤ ਜਲ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੈ ਜੈ ਜੈਕਾਰ, ਹਰਿ ਹਰਿ ਆਪ ਕਰਾਈਆ । ਜੈ ਜੈ ਜੈਕਾਰ ਹਰੀ ਹਰਿ ਦੇਵ, ਆਤਮ ਬ੍ਰਹਮ ਜਣਾਇਆ । ਅਗੰਮ ਅਗੋਚਰ ਅਲੱਖ ਅਭੇਵ, ਆਦਿ ਜੁਗਾਦੀ ਵੇਖ ਵਖਾਇਆ । ਗੁਰਸਿਖਾਂ ਕਾਇਆ ਫਲ ਲਗਾਏ ਮੇਵ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੁਲ ਫੁਲਵਾੜੀ ਵੇਖ ਵਖਾਇਆ । ਜੈ ਜੈ ਜੈਕਾਰ ਦੇਵ, ਗੁਰ ਇਸ਼ਟ ਸਤਿ ਸਰੂਪ ਸਮਾਈਆ । ਅਬਿਨਾਸ਼ੀ ਕਰਤਾ ਵੇਖ ਸ੍ਰਿਸ਼ਟ, ਲੋਕਮਾਤ ਖੇਲ ਖਿਲਾਈਆ । ਗੁਰਮੁਖ ਵਿਰਲੇ ਆਪ ਖੁਲ੍ਹਾਏ ਅੰਤਰ ਦ੍ਰਿਸ਼ਟ, ਭਰਮੇ ਭੁੱਲੀ ਸਰਬ ਲੋਕਾਈਆ ।

ਮੇਲ ਮਿਲਾਵਾ ਰਾਮਾ ਵਸ਼ਿਸ਼ਟ, ਵਿਸ਼ਨੂੰ ਰੂਪ ਆਪ ਸਮਾਈਆ । ਥਿਤ ਵਾਰ ਨਾ ਜਾਣੇ ਕੋਈ ਧਨਿਸ਼ਟ, ਕਾਦਰ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੈ ਜੈ ਜੈਕਾਰ ਨਾਮ ਧਰਾਈਆ । ਜੈ ਜੈਕਾਰ ਹਰਿ ਹਰਿ ਨਾਉਂ, ਆਦਿ ਅੰਤ ਕਰਾਇੰਦਾ । ਗੁਰਮੁਖ ਮੇਲਾ ਸਾਚੇ ਥਾਉਂ, ਘਰ ਘਰ ਵਿਚ ਡੇਰਾ ਲਾਇੰਦਾ । ਕਰਨਹਾਰ ਸਚ ਨਿਆਉਂ, ਜੁਗ ਜੁਗ ਵੇਸ ਵਟਾਇੰਦਾ । ਗ਼ਰੀਬ ਨਿਮਾਣੇ ਪਕੜੇ ਬਾਹੋਂ, ਆਪ ਆਪਣੇ ਅੰਗ ਸਮਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਗੁਰਮੁਖ ਸਾਚਾ ਲਾਲ ਅਨਮੁਲਾ, ਹਰਿ ਹਰਿ ਵੇਖ ਵਖਾਇੰਦਾ । ਸ਼ਬਦ ਕੰਡੇ ਏਕਾ ਤੁਲਾ, ਜਗਤ ਕੀਮਤ ਕੋਈ ਨਾ ਪਾਇੰਦਾ । ਭਾਗ ਲਗਾਏ ਸਾਚੀ ਕੁਲਾ, ਕੁਲ ਕੁਲਵੰਤਾ ਆਪ ਅਖਵਾਇੰਦਾ । ਲੱਖ ਚੁਰਾਸੀ ਮਾਨਸ ਜਨਮ ਨਾ ਰੁਲਾ, ਸਤਿਗੁਰ ਪੂਰਾ ਲੇਖੇ ਲਾਇੰਦਾ । ਧਰਤ ਧਵਲ ਫਲਿਆ ਫੁਲਾ, ਫਲ ਫੁਲਵਾੜੀ ਆਪ ਸੁਹਾਇੰਦਾ । ਚਰਨ ਪ੍ਰੀਤੀ ਘੋਲ ਘੁਲਾ, ਮਸਤਕ ਟਿੱਕਾ ਧੂੜੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਲ ਤਰਾਇੰਦਾ । ਲਾਲ ਲਾਲੜਾ ਲਾਲ ਗੁਲਾਲ, ਤ੍ਰਲੋਕੀ ਨਾਮ ਚੜ੍ਹਾਈਆ । ਸ਼ਬਦ ਵਿਚੋਲਾ ਗੁਰ ਦਲਾਲ, ਲੋਕਮਾਤ ਕਰੇ ਕੁੜਮਾਈਆ । ਭਾਗ ਲਗਾਏ ਕਾਇਆ ਮਾਟੀ ਖਾਲ, ਤਤਵ ਤਤ ਪੰਜ ਸਮਾਈਆ । ਨੂਰੀ ਜਲਵਾ ਇਕ ਜਲਾਲ, ਜੋਤ ਨਿਰੰਜਣ ਨੂਰ ਇਲਾਹੀਆ । ਦੀਪਕ ਬਾਤੀ ਸਾਚੀ ਬਾਲ, ਅਗਿਆਨ ਅੰਧੇਰ ਮਿਟਾਈਆ । ਗਗਨ ਮਸਤਕ ਏਕਾ ਥਾਲ, ਬ੍ਰਹਿਮੰਡ ਵੇਖ ਵਖਾਈਆ । ਸੁਤ ਦੁਲਾਰੇ ਆਪੇ ਭਾਲ, ਆਪ ਆਪਣੀ ਬੂਝ ਬੁਝਾਈਆ । ਚਲੇ ਬੇਹੰਗਮ ਏਕਾ ਚਾਲ, ਸੁਰਤੀ ਸ਼ਬਦ ਸ਼ਬਦ ਸੁਰਤੀ ਆਪ ਸਮਾਈਆ । ਤੋੜਣਹਾਰਾ ਜਗਤ ਜੰਜਾਲ, ਵਡ ਦਾਤਾ ਬੇਪਰਵਾਹੀਆ । ਸਦਾ ਸੁਹੇਲਾ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਲਹਿਣਾ ਦੇਣ ਚੁਕਾਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਆਪੇ ਭਾਲ, ਆਪ ਆਪਣਾ ਮੇਲ ਮਿਲਾਈਆ । ਮਿਲਿਆ ਮੇਲਾ ਧੁਰਦਰਗਹਿ, ਹਰਿ ਸੱਜਣ ਹਰਿ ਹਰਿ ਪਾਇਆ । ਇਕ ਜਪਾਇਆ ਸਾਚਾ ਨਾਂ, ਦੂਜਾ ਭੇਵ ਚੁਕਾਇਆ । ਤੀਜੇ ਨੈਣ ਦਰਸ ਦਰਸਾ, ਆਤਮ ਬ੍ਰਹਮ ਵਿਖਾਇਆ । ਚੌਥੇ ਪਦ ਡੇਰਾ ਲਾ, ਪੰਚਮ ਮੋਹ ਚੁਕਾਇਆ । ਪੰਚਮ ਮੇਲਾ ਸਹਿਜ ਸੁਭਾ, ਘਰ ਸਾਚੇ ਮੰਗਲ ਗਾਇਆ । ਅਨਹਦ ਤਾਲ ਅਨਾਦੀ ਆਪ ਵਜਾ, ਬ੍ਰਹਮ ਪਾਰਬ੍ਰਹਮ ਸਮਾਇਆ । ਬੋਧ ਅਗਾਧੀ ਭੇਵ ਖੁਲ੍ਹਾ, ਮੰਦਰ ਅੰਦਰ ਕੁੰਡਾ ਲਾਹਿਆ । ਦਸਮ ਦੁਆਰੀ ਦੀਪ ਜਗਾ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਅੰਮ੍ਰਿਤ ਠਾਂਡੀ ਧਾਰ ਵਹਾ, ਕਵਲ ਕਵਲਾ ਮੁਖ ਭਵਾਇਆ । ਆਤਮ ਸੇਜਾ ਰਿਹਾ ਸੁਹਾ, ਸਚ ਸਿੰਘਾਸਣ ਡੇਰਾ ਲਾਇਆ । ਪ੍ਰਿਥਮੀ ਅਕਾਸ਼ ਫੇਰਾ ਪਾ, ਗਗਨ ਪਤਾਲਾਂ ਵੇਖ ਵਖਾਇਆ । ਲੱਖ ਚੁਰਾਸੀ ਫੋਲ ਫੁਲਾ, ਮਾਨਸ ਮਾਨੁਖ ਆਪ ਜਗਾਇਆ । ਸੰਤ ਸੁਹੇਲੇ ਲਏ ਉਠਾ, ਗੁਰ ਗੁਰ ਚੇਲੇ ਰੰਗ ਰੰਗਾਇਆ । ਨਾਮ ਮੰਤਰ ਇਕ ਦ੍ਰਿੜਾ, ਏਕਾ ਰੂਪ ਵਖਾਇਆ । ਜਗਤ ਸਹਿਸਾ ਰੋਗ ਮਿਟਾ, ਹਉਮੇ ਗੜ੍ਹ ਤੁੜਾਇਆ । ਸੋਹੰ ਸਾਚੀ ਚੋਗ ਚੁਗਾ, ਹੰ ਬ੍ਰਹਮ ਭੇਵ ਨਾ ਰਾਇਆ । ਸਤਿ ਸਰੂਪੀ ਗਿਆ ਸਮਾ, ਸਾਂਤਕ ਸਤਿ ਵਰਤਾਇਆ । ਆਦਿ ਨਿਰੰਜਣ ਖੇਲ ਖਿਲਾ, ਜੋਤ ਨਿਰੰਜਣ ਵੇਖ ਵਖਾਇਆ । ਜਗਤ ਵਿਕਾਰਾ ਭੱਠ ਤਪਾ, ਨੇਤਰ ਨੈਣਾਂ ਨੀਰ ਵਹਾਇਆ । ਭਾਣਾ ਸਹਿਣਾ ਹੁਕਮ ਜਣਾ, ਏਕਾ ਬੂਝ ਬੁਝਾਇਆ । ਲਹਿਣਾ ਦੇਣਾ ਮੂਲ ਚੁਕਾ, ਲਾਲ ਦਲਾਲ ਨਾਮ

ਘਸਵਟੀ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵਣਹਾਰਾ ਸਾਚਾ ਵਰ, ਜੈ ਦੇਵ ਲਗਾ ਨਿਉਂ ਕਾਇਆ ਬਿਰਖ, ਨਾ ਕੋਈ ਸੋਗ ਨਾ ਕੋਈ ਹਰਖ, ਅੰਮ੍ਰਿਤ ਆਤਮ ਏਕਾ ਬਰਖ, ਧੀਰਜ ਯਤ ਸੰਤੋਖ ਸਤਿ ਆਤਮ ਬ੍ਰਹਮ ਸਾਚਾ ਧਰਮ ਏਕਾ ਕਰਮ, ਨੇਤਰ ਨੈਣ ਦਰਸ਼ਨ ਹਰਿ ਹਰਿ ਪਾਇਆ ।

ਆਸਰਾ ਇਕ ਪੁਰਖ ਅਕਾਲ, ਗੁਰਮੁਖ ਸਾਚਾ ਰਿਹਾ ਰਖਾਈਆ । ਦੀਨਾ ਬੰਧਪ ਦੀਨ ਦਿਆਲ, ਭਵ ਸਾਗਰ ਪਾਰ ਕਰਾਈਆ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਈਆ । ਕਾਇਆ ਮੰਦਰ ਵੇਖ ਸੱਚੀ ਧਰਮਸਾਲ, ਘਰ ਬੈਠਾ ਬੇਪਰਵਾਹੀਆ । ਦੇਵੇ ਨਾਮ ਸੱਚਾ ਧਨ ਮਾਲ, ਚੋਰ ਯਾਰ ਲੁੱਟ ਕੋਇ ਨਾ ਜਾਈਆ । ਚਰਨ ਪ੍ਰੀਤੀ ਘਾਲਣ ਲਈ ਘਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਏਕਾ ਵਰ, ਨਾਮ ਨਾਮਾ ਇਕ ਜਣਾਈਆ । ਭਗਤਨ ਮੰਗ ਅਪਾਰ, ਜੁਗ ਜੁਗ ਵਡਿਆਈਆ । ਚਰਨ ਕਵਲ ਇਕ ਪਿਆਰ, ਏਕਾ ਓਟ ਰਖਾਈਆ । ਏਕਾ ਨੇਤਰ ਇਕ ਗਿਆਨ, ਏਕਾ ਰਿਹਾ ਬੁਝਾਈਆ । ਏਕਾ ਸ਼ਬਦ ਦਰ ਪਰਵਾਨ, ਏਕਾ ਰਿਹਾ ਬੁਝਾਈਆ । ਏਕਾ ਰੂਪ ਸ੍ਰੀ ਭਗਵਾਨ, ਹਰ ਘਟ ਅੰਦਰ ਨਜ਼ਰੀ ਆਈਆ । ਚਤੁਰ ਸੁਘੜ ਜਨ ਸੁਜਾਣ, ਜਿਸ ਜਨ ਆਪਣੀ ਬੂਝ ਬੁਝਾਈਆ । ਦੇਵਣਹਾਰਾ ਦਾਨੀ ਦਾਨ, ਬ੍ਰਹਮ ਗਿਆਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੁੱਚ ਰਿਹਾ ਵਰਤਾਈਆ ।



ਜਗਤ ਵਿਛੋੜਾ ਅੱਗ ਹੈ, ਹਰਿ ਭਗਤਨ ਮੀਤ ਮੁਰਾਰ । ਸ਼ਬਦ ਘੋੜਾ ਸੂਰਾ ਸਰਬੱਗ ਹੈ, ਹਰਿ ਸੱਜਣ ਸ਼ਾਹ ਅਸਵਾਰ । ਗੁਰਮੁਖ ਹੰਸ ਬਣਾਏ ਕੱਗ ਹੈ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਦੀਪਕ ਜੋਤੀ ਜਾਣਾ ਜਗ ਹੈ, ਜਿਸ ਜਨ ਮੇਲਾ ਵਿਚ ਸੰਸਾਰ । ਦਰਸ ਦਿਖਾਏ ਉਪਰ ਸ਼ਾਹ ਰਗ ਹੈ, ਲਹਿਣਾ ਚੁੱਕੇ ਨੌਂ ਦਵਾਰ । ਪੰਜ ਤਤ ਵਿਕਾਏ ਬੁਝਾਏ ਅੱਗ ਹੈ, ਨੇੜ ਨਾ ਆਏ ਕਾਮ ਕ੍ਰੋਧ ਲੋਭ ਮੋਹ ਹੰਕਾਰ । ਸਰਨ ਸਰਨਾਈ ਜੋ ਜਨ ਗਿਆ ਲੱਗ ਹੈ, ਫੜ ਬਾਹੋਂ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਭਾਰ । ਹਰਿ ਸੱਜਣ ਹਰਿ ਮੇਲਿਆ, ਗੁਰਮੁਖ ਬ੍ਰਹਮ ਵਿਚਾਰ । ਆਪੇ ਗੁਰੂ ਗੁਰੂ ਗੁਰ ਚੇਲਿਆ, ਆਪੇ ਰਿਹਾ ਪੈਜ ਸਵਾਰ । ਦੋ ਜਹਾਨਾਂ ਸਚ ਸੁਹੇਲਿਆ, ਵਰਭੰਡੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਏ ਲੜ, ਨਿਹਕਲੰਕ ਨਰ ਅਵਤਾਰ ।

ਸਤਿਗੁਰ ਪੂਰਾ ਸਤਿ ਹੈ, ਸਤਿ ਸਤਿ ਸਮਾਏ । ਏਕਾ ਦੇਵੇ ਬ੍ਰਹਮ ਮਤ ਹੈ, ਮਨਮਤ ਰਹਿਣ ਨਾ ਪਾਏ । ਬਹੱਤਰ ਨਾੜ ਨਾ ਉਬਲੇ ਰੱਤ ਹੈ, ਧੀਰਜ ਯਤ ਇਕ ਧਰਾਏ । ਚਰਨ ਕਵਲ ਬੰਧਾਏ ਨਤ ਹੈ, ਨਾਤਾ ਬਿਧਾਤਾ ਆਪ ਹੋ ਜਾਏ । ਦੇਵੇ ਨਾਮ ਸਾਚੀ ਵਥ ਹੈ, ਚੌਦਾਂ ਲੋਕ ਹੱਥ ਨਾ ਆਏ । ਜੁਗ ਜੁਗ ਚਲਾਏ ਸਾਚਾ ਰਥ ਹੈ, ਗੁਰਮੁਖ ਸਾਚੇ ਲਏ ਚੜ੍ਹਾਏ । ਸਰਬ ਕਲਾ ਆਪੇ ਸਮਰਥ ਹੈ, ਏਕੰਕਾਰਾ ਨਾਉਂ ਧਰਾਏ ।

੯੬੫
੦੭

ਲਹਿਣਾ ਦੇਣਾ ਚੁਕਾਏ ਤੀਰਥ ਅਠ ਸਠ ਹੈ, ਚਰਨ ਧੂੜ ਜੋ ਜਨ ਨੁਹਾਏ । ਸਾਚਾ ਮੰਦਰ ਸ਼ਿਵਦੁਆਲਾ ਮੱਠ ਹੈ, ਕਾਇਆ ਗੁਰੂਦਵਾਰ ਇਕ ਜਣਾਏ । ਵੇਖਣਹਾਰਾ ਘਟ ਘਟ ਹੈ, ਹਰ ਘਟ ਬੈਠਾ ਆਸਣ ਲਾਏ । ਖੇਲੇ ਖੇਲ ਬਾਜ਼ੀਗਰ ਨਟ ਹੈ, ਕਲਜੁਗ ਸਵਾਂਗੀ ਸਵਾਂਗ ਵਰਤਾਏ । ਆਤਮ ਅੰਤਰ ਏਕਾ ਤੀਰਥ ਤੱਟ ਹੈ, ਅੰਮ੍ਰਿਤ ਸਰ ਸਰੋਵਰ ਆਪ ਭਰਾਏ । ਗੁਰਮੁਖ ਵਿਰਲਾ ਰਸਨਾ ਰਿਹਾ ਚਟ ਹੈ, ਮਨਮੁਖਾਂ ਹੱਥ ਨਾ ਆਏ । ਸੰਤ ਸੁਹੇਲਾ ਲਾਹਾ ਲਏ ਖਟ ਹੈ, ਲੱਖ ਚੁਰਾਸੀ ਰਹੀ ਕੁਰਲਾਏ । ਭਾਗ ਲੱਗੇ ਕਾਇਆ ਮਟ ਹੈ, ਨਿਰਗੁਣ ਜੋਤ ਕਰੇ ਰੁਸ਼ਨਾਏ । ਲਹਿਣਾ ਦੇਣਾ ਚੁਕਾਏ ਆਨ ਬਾਟ ਹੈ, ਮਾਤ ਗਰਭ ਫੇਰ ਨਾ ਆਏ । ਅੱਗੇ ਨੇੜੇ ਦਿਸੇ ਵਾਟ ਹੈ, ਕਲਜੁਗ ਕੂੜਾ ਮੁਖ ਸ਼ਰਮਾਏ । ਆਪ ਉਤਾਰੇ ਸਾਚੇ ਘਾਟ ਹੈ, ਹਰਿ ਬੇੜਾ ਰਿਹਾ ਚਲਾਏ । ਬਜ਼ਰ ਕਪਾਟੀ ਜਾਏ ਪਾਟ ਹੈ, ਜਿਸ ਜਨ ਪਰਦਾ ਆਪਣਾ ਲਾਹੇ । ਅੰਤਰ ਆਤਮ ਸਾਚੀ ਖਾਟ ਹੈ, ਹਰਿ ਬੈਠਾ ਆਸਣ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਾਲ ਤਰਾਏ । ਲਾਲ ਅਨਮੁਲਾ ਹਰਿ ਭਗਵੰਤਾ, ਏਕਾ ਏਕ ਅਖਵਾਈਆ । ਹੱਥ ਫੜਾਏ ਧਰਮ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਈਆ । ਵੇਖੇ ਖੇਲ ਗੋਪੀ ਕਾਹਨਾ, ਮੰਡਲ ਰਾਸ ਆਪ ਨਚਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣਾ, ਜਾਨਣਹਾਰ ਦਿਸ ਨਾ ਆਈਆ । ਸੰਤ ਸੁਹੇਲੇ ਕਰ ਪਛਾਣ, ਆਦਿ ਜੁਗਾਦਿ ਮੇਲ ਮਿਲਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਜਗ ਤ੍ਰਿਸ਼ਨਾ ਭੁੱਖ ਮਿਟਾਈਆ । ਮੇਲ ਮਿਲਾਵਾ ਗੁਣ ਨਿਧਾਨ, ਆਦਿ ਨਿਰੰਜਣ ਵਡ ਵਡਿਆਈਆ । ਏਕਾ ਸ਼ਬਦ ਧੁਰ ਫ਼ਰਮਾਣ, ਗੁਰਮੁਖ ਸਾਚੇ ਆਪ ਸੁਣਾਈਆ । ਧੁਨੀ ਨਾਦ ਸੱਚੀ ਧੁਨਕਾਨ, ਅਨਹਦ ਸੇਵ ਕਮਾਈਆ । ਪੰਚਮ ਸਖੀਆਂ ਏਕਾ ਗਾਣ, ਮੰਗਲ ਰਾਗ ਇਕ ਅਲਾਈਆ । ਛੱਤੀ ਰਾਗ ਭੇਵ ਨਾ ਪਾਣ, ਪਾਰਬ੍ਰਹਮ ਵੱਡੀ ਵਡਿਆਈਆ । ਜੋਧਾ ਸੂਰਬੀਰ ਬਲੀ ਬਲਵਾਨ, ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਵਰ, ਏਕਾ ਬੂਝ ਬੁਝਾਈਆ । ਸ਼ਬਦ ਸੁਰਤ ਸਚ ਗਿਆਨ, ਹਰਿਜਨ ਆਪ ਦ੍ਰਿੜਾਇੰਦਾ । ਚਰਨ ਕਵਲ ਹਰਿ ਧਿਆਨ, ਦੂਸਰ ਨਾ ਕੋਈ ਵਖਾਇੰਦਾ । ਸਤਿਗੁਰ ਪੂਰਾ ਮਿਹਰਵਾਨ, ਸਿਰ ਆਪਣਾ ਹੱਥ ਟਿਕਾਇੰਦਾ । ਦਰਗਹਿ ਸਾਚੀ ਦੇਵੇ ਮਾਣ, ਥਿਰ ਘਰ ਵਾਸੀ ਵੇਖ ਵਖਾਇੰਦਾ । ਸੰਤ ਸੁਹੇਲੇ ਕਰ ਪਛਾਣ, ਆਪ ਆਪਣੇ ਰੰਗ ਰੰਗਾਇੰਦਾ । ਮਾਰਨਹਾਰਾ ਨਾਮ ਬਾਣ, ਰਸਨਾ ਚਿਲਾ ਇਕ ਚੜ੍ਹਾਇੰਦਾ । ਲੱਖ ਚੁਰਾਸੀ ਫੰਦ ਕਟਾਨ, ਧਰਮ ਰਾਏ ਮੁਖ ਭਵਾਇੰਦਾ । ਲਾੜੀ ਮੌਤ ਨੈਣ ਸ਼ਰਮਾਣ, ਜੋ ਜਨ ਚਰਨੀ ਸੀਸ ਝੁਕਾਇੰਦਾ । ਸ਼ਬਦ ਅਨਮੁਲਾ ਦੇਵੇ ਬਿਬਾਣ, ਅੰਤਮ ਵੇਲੇ ਆਪ ਉਠਾਇੰਦਾ । ਲੋਆਂ ਪੁਰੀਆਂ ਪਾਰ ਮਕਾਨ, ਸਚਖੰਡ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਲੇਖੇ ਲਾਏ ਦਰ, ਆਤਮ ਘਰ ਇਕ ਸੁਹਾਇੰਦਾ । ਆਤਮ ਘਰ ਹਰਿ ਨਿਰੰਕਾਰ, ਏਕਾ ਏਕ ਉਪਾਇਆ । ਜੋਤੀ ਨੂਰ ਕਰ ਉਜਿਆਰ, ਦਿਵਸ ਰੈਣ ਡਗਮਗਾਇਆ । ਪੰਜ ਤਤ ਨਾ ਕੋਈ ਵਿਕਾਰ, ਪੰਚਮ ਮੋਹ ਨਾ ਕੋਈ ਰਖਾਇਆ । ਪੰਚ ਸ਼ਬਦ ਸੱਚੀ ਧੁਨਕਾਰ, ਧੁਨ ਅਨਾਦ ਆਪ ਵਜਾਇਆ । ਖੋਲ੍ਹੇ ਸੁਨ ਅਪਰ ਅਪਾਰ, ਆਪ ਆਪਣਾ ਰੂਪ ਦਰਸਾਇਆ । ਗੁਰਮੁਖ ਸਾਚੇ ਚੁਣ ਵਿਚ ਸੰਸਾਰ, ਗੁਣਵੰਤਾ ਲੇਖੇ ਲਾਇਆ । ਭੇਵ ਨਾ ਪਾਇਣ ਰਿਖ ਮੁਨ, ਸਾਧ ਸੰਤ ਰਹੇ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪੁਕਾਰ ਰਿਹਾ ਸੁਣ, ਸੁਨਣਹਾਰ ਦਿਸ ਨਾ ਆਇਆ । ਗੁਰਮੁਖ ਤੇਰੀ ਸਾਚੀ ਧਾਰ, ਆਤਮ ਆਪ

ਚਲਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਨਿਰਗੁਣ ਸਰਗੁਣ ਦੇਵੇ ਵਡ ਵਡਿਆਈਆ । ਨਿਰਗੁਣ ਜੋਤੀ ਇਕ ਜਗਾ, ਸਰਗੁਣ ਵੇਖ ਵਖਾਈਆ । ਨਿਰਗੁਣ ਨਾਮ ਇਕ ਉਪਾ, ਸਰਗੁਣ ਝੋਲੀ ਆਪ ਭਰਾਈਆ । ਨਿਰਗੁਣ ਦੀਪਕ ਇਕ ਜਗਾ, ਸਰਗੁਣ ਵਿਚ ਟਿਕਾਈਆ । ਨਿਰਗੁਣ ਸ਼ਬਦ ਆਪ ਉਪਾ, ਸਰਗੁਣ ਰਿਹਾ ਸਮਾਈਆ । ਨਿਰਗੁਣ ਪੰਜ ਤਤ ਆਪ ਰਚਾ, ਸਰਗੁਣ ਮੇਲ ਮਿਲਾਵਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਜਗ ਕਰਤਾ ਨਾਉਂ ਧਰਾਈਆ । ਜਗ ਕਰਤਾ ਹਰਿ ਸਿਰਜਣਹਾਰ, ਨਰ ਨਰਾਇਣ ਆਪ ਅਖਵਾਇਆ । ਲੋਕਮਾਤ ਲਏ ਅਵਤਾਰ, ਆਪ ਆਪਣਾ ਨਾਉਂ ਧਰਾਇਆ । ਕਲਜੁਗ ਤੇਰੀ ਪਾਵੇ ਸਾਰ, ਖੰਡ ਬ੍ਰਹਿਮੰਡ ਜੇਰਜ ਅੰਡ ਵੇਖ ਵਖਾਇਆ । ਲੋਆਂ ਪੁਰੀਆਂ ਦਏ ਹੁਲਾਰ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਇਆ । ਸੱਤਾਂ ਦੀਪਾਂ ਹੋ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਇਆ । ਮਾਨਸ ਮਾਨੁਖ ਵੇਖ ਵਿਚਾਰ, ਗੁਰਮੁਖ ਸਾਚੇ ਰਿਹਾ ਉਠਾਇਆ । ਸ਼ਬਦ ਸ਼ਬਦੀ ਤੇਜ ਕਟਾਰ, ਨਾਮ ਖੰਡਾ ਹੱਥ ਉਠਾਇਆ । ਦੂਤੀ ਦੁਸ਼ਟ ਦੇਵੇ ਮਾਰ, ਪੰਚ ਵਿਕਾਰ ਰਹਿਣ ਨਾ ਪਾਇਆ । ਮਨ ਮਤ ਏਕਾ ਧਾਰ, ਕਲਜੁਗ ਤੇਰੇ ਵਹਿਣ ਰੁੜ੍ਹਾਇਆ । ਗੁਰਮੁਖ ਸਾਚਾ ਕਰ ਉਜਿਆਰ, ਚਾਰ ਵਰਨਾਂ ਦਏ ਸਮਝਾਇਆ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਪਿਆਰ, ਏਕਾ ਰੰਗ ਰੰਗਾਇਆ । ਏਕਾ ਘਰ ਇਕ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਏਕਾ ਰੂਪ ਅਗੰਮ ਅਪਾਰ, ਸ਼ਾਹੋ ਭੂਪ ਇਕ ਅਖਵਾਇਆ । ਚਾਰੇ ਕੂਟ ਪਾਵੇ ਸਾਰ, ਦਹਿ ਦਿਸ਼ਾ ਫੇਰੀ ਪਾਇਆ । ਸ਼ਬਦ ਪੰਘੂੜਾ ਰਿਹਾ ਝੂਟ, ਨਿਰਗੁਣ ਨਿਰਗੁਣ ਆਪ ਹਿਲਾਇਆ । ਸਰਗੁਣ ਉਪਰ ਆਪੇ ਤੁਠ, ਆਪ ਆਪਣੇ ਵਿਚ ਟਿਕਾਇਆ । ਅੰਮ੍ਰਿਤ ਦੇਵੇ ਏਕਾ ਘੁੱਟ, ਨਿਝਰ ਝਿਰਨਾ ਇਕ ਝਿਰਾਇਆ । ਬਜ਼ਰ ਕਪਾਟੀ ਜਾਏ ਟੁੱਟ, ਸ਼ਬਦ ਖੰਡਾ ਏਕਾ ਵਾਹਿਆ । ਆਵਣ ਜਾਵਣ ਜਾਏ ਛੁੱਟ, ਜੋ ਜਨ ਸਰਨਾਈ ਆਇਆ । ਜੰਗਲ ਜੂਹ ਉਜਾੜ ਪਹਾੜ ਗੁਰਮੁਖ ਵੇਖੇ ਤੀਰਥ ਤੱਟ ਕੋਟੀ ਕੋਟ, ਹਰਿ ਕਾ ਰੂਪ ਦਿਸ ਨਾ ਆਇਆ । ਕੋਟੀ ਕੋਟ ਬੰਨ੍ਹ ਲੰਗੋਟ, ਅਗਨੀ ਤਨ ਰਹੇ ਤਪਾਇਆ । ਕੋਟੀ ਕੋਟ ਬੋਲਣ ਜੂਠ ਝੂਠ, ਮਾਇਆ ਮਮਤਾ ਮੋਹ ਰਖਾਇਆ । ਅਬਿਨਾਸ਼ੀ ਕਰਤਾ ਗਿਆ ਰੁਠ, ਨਾ ਸਕੇ ਕੋਈ ਮਨਾਇਆ । ਕਲਜੁਗ ਖਾਲੀ ਦਿਸਣ ਠੂਠ, ਨਾਮ ਭੰਡਾਰ ਨਾ ਕੋਈ ਵਰਤਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਵਿਚੋਂ ਏਕਾ ਮੁੱਠ, ਆਪ ਆਪਣੇ ਲਏ ਉਠਾਇਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁਠ, ਆਪ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਉਪਰ ਧਵਲ ਸਾਵਲ ਸਵਲ ਰੂਪ ਵਟਾਇਆ । ਧਰਤ ਧਵਲ ਹਰਿ ਵਿਚਾਰ, ਵੇਖੇ ਸਰਬ ਲੋਕਾਈਆ । ਕੂੜੀ ਕਿਰਿਆ ਰਹੀ ਹਾਰ, ਸਤਿ ਸੰਤੋਖ ਨਾ ਕੋਈ ਜਣਾਈਆ । ਸਾਧਾਂ ਸੰਤਾਂ ਆਈ ਹਾਰ, ਧੀਰਜ ਯਤ ਗਵਾਈਆ । ਆਤਮ ਬ੍ਰਹਮ ਨਾ ਪਾਵੇ ਸਾਰ, ਏਕਾ ਰੂਪ ਨਾ ਕੋਈ ਜਣਾਈਆ । ਨੀਚ ਕਰਮ ਹੋਏ ਵਿਭਚਾਰ, ਕਾਮ ਕਰੋਧ ਲੋਭ ਮੋਹ ਹਲਕਾਈਆ । ਖੜਗ ਖੰਡਾ ਨਾ ਕੋਈ ਕਟਾਰ, ਦੂਈ ਦਵੈਤੀ ਨਾ ਕੋਈ ਮਿਟਾਈਆ । ਨਾਮ ਮਰਦੰਗ ਨਾ ਵਜਾਏ ਕੋਈ ਸੰਸਾਰ, ਸਚ ਸਾਰੰਗੀ ਨਾ ਕੋਈ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਕਰੇ ਰੁਸ਼ਨਾਈਆ ।

ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਏਕਾ ਏਕੰਕਾਰਿਆ । ਖੇਲੇ ਖੇਲ ਆਦਿ ਜੁਗਾਦਿ, ਜੋਤੀ ਜੋਤ ਨੂਰ ਉਜਿਆਰਿਆ । ਪਾਰਬ੍ਰਹਮ ਪੁਰਖ ਅਬਿਨਾਸ਼, ਆਪ ਆਪਣੀ ਕਲ ਵਰਤਾ ਰਿਹਾ । ਆਦਿ ਨਿਰੰਜਣ ਹੋ ਪ੍ਰਕਾਸ਼, ਆਦਿ ਸ਼ਕਤ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾ ਰਿਹਾ ।

ਹਰਿ ਸ਼ਬਦ ਅਪਾਰ, ਸਤਿਗੁਰ ਵਿਚ ਟਿਕਾਈਆ । ਸਤਿਗੁਰ ਸ਼ਬਦ ਜੈਕਾਰ, ਗੁਰਮੁਖ ਲਏ ਜਗਾਈਆ । ਗੁਰਮੁਖ ਸ਼ਬਦ ਪਿਆਰ, ਸੁਰਤੀ ਸ਼ਬਦ ਸਮਾਈਆ । ਮਨਮੁੱਖ ਸੁੱਤੇ ਪੈਰ ਪਸਾਰ, ਕਲਜੁਗ ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਹਰਿ ਸ਼ਬਦ ਸ਼ਬਦ ਅਥਾਹ, ਸਤਿਗੁਰ ਵਿਚ ਟਿਕਾਇੰਦਾ । ਸਤਿਗੁਰ ਸ਼ਬਦ ਭਗਤ ਮਲਾਹ, ਗੁਰਮੁਖ ਆਪ ਤਰਾਇੰਦਾ । ਗੁਰਮੁਖ ਮੇਲਾ ਸਾਚੇ ਨਾਉਂ, ਏਕਾ ਨਾਉਂ ਰਸਨਾ ਗਾਇੰਦਾ । ਬੇਮੁਖਾਂ ਦਿਸੇ ਨਾ ਕੋਈ ਥਾਉਂ, ਦਰ ਦਵਾਰ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਹਰਿ ਸ਼ਬਦ ਸ਼ਬਦ ਬੇਅੰਤ, ਹਰਿ ਹਰਿ ਆਪ ਉਪਾਇੰਦਾ । ਸਤਿਗੁਰ ਸ਼ਬਦ ਸਾਚਾ ਕੰਤ, ਗੁਰਮੁਖ ਨਾਰੀ ਆਪ ਪ੍ਰਨਾਇੰਦਾ । ਗੁਰਸਿਖ ਬਣਾਏ ਸਾਚੀ ਬਣਤ, ਲੋਕਮਾਤ ਵੇਖ ਵਖਾਇੰਦਾ । ਭਰਮੇ ਭੁੱਲੇ ਜੀਵ ਜੰਤ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਬੰਧਾਇੰਦਾ । ਸਤਿਗੁਰ ਸ਼ਬਦ ਠਾਂਡਾ ਸੀਤ, ਗੁਰਮੁਖਾਂ ਕਰੇ ਪਿਆਰਿਆ । ਗੁਰਮੁਖ ਪਰਖੇ ਸਾਚੀ ਨੀਤ, ਏਕਾ ਰੂਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਹਰਿ ਸ਼ਬਦ ਬਲਵਾਨ, ਸਤਿਗੁਰ ਹੱਥ ਵਡਿਆਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਗੁਰਮੁਖਾਂ ਝੋਲੀ ਪਾਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਆਪਣੇ ਰੰਗ ਰੰਗਾਈਆ । ਮਨਮੁਖ ਭੁੱਲੇ ਜੀਵ ਨਿਧਾਨ, ਹਰਿ ਕਾ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਹਰਿ ਸ਼ਬਦ ਸ਼ਾਹੋ ਭੂਪ, ਸਤਿਗੁਰ ਵਿਚ ਟਿਕਾਇਆ । ਸਤਿਗੁਰ ਪੂਰਾ ਸਤਿ ਸਰੂਪ, ਗੁਰਮੁਖ ਸਾਚੇ ਲਏ ਤਰਾਇਆ । ਗੁਰਸਿਖ ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਪ੍ਰਨਾਇਆ । ਮਨਮੁਖ ਜੀਵ ਗਏ ਰੂਠ, ਦੂਸਰ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਇਆ । ਹਰਿ ਸ਼ਬਦ ਹਰਿ ਨਿਸ਼ਾਨ, ਸਤਿਗੁਰ ਹੱਥ ਉਠਾਈਆ । ਸਤਿਗੁਰ ਵੇਖੇ ਦੋ ਜਹਾਨ, ਗੁਰਮੁਖਾਂ ਮੇਲ ਮਿਲਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਏਕਾ ਬ੍ਰਹਮ ਵਖਾਈਆ । ਮਨਮੁੱਖ ਭੁੱਲੇ ਜੀਵ ਨਿਧਾਨ, ਪੰਜ ਵਿਕਾਰ ਰਸਨ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਲਾਈਆ । ਹਰਿ ਸ਼ਬਦ ਸੱਚਖੰਡ, ਸਤਿਗੁਰ ਝੋਲੀ ਪਾਇੰਦਾ । ਸਤਿਗੁਰ ਗੁਰਮੁਖਾਂ ਆਪੇ ਰਿਹਾ ਵੰਡ, ਲੋਕਮਾਤ ਵੇਖ ਵਖਾਇੰਦਾ । ਗੁਰਸਿਖ ਨੰਗੀ ਹੋਏ ਨਾ ਕੰਡ, ਸਤਿਗੁਰ ਪੂਰਾ ਦਇਆ ਕਮਾਇੰਦਾ । ਮਨਮੁਖ ਨਾਰ ਦੁਹਾਗਨ ਰੰਡ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭੇਖ ਪਖੰਡਾ ਮੇਟ ਮਿਟਾਇੰਦਾ । ਹਰਿ ਸ਼ਬਦ


੯੬੭
੦੭

ਹਰਿ ਨਰਾਇਣ, ਸਤਿਗੁਰ ਪੂਰਾ ਵੇਖ ਵਖਾਇੰਦਾ । ਸਤਿਗੁਰ ਪੂਰਾ ਚੁਕਾਏ ਲਹਿਣ ਦੇਣ, ਗੁਰਮੁਖਾਂ ਝੋਲੀ ਪਾਇੰਦਾ । ਗੁਰਮੁਖ ਧਾਮ ਅਵੱਲੇ ਏਕਾ ਬਹਿਣ, ਨੌਂ ਦਵਾਰੇ ਪਾਰ ਕਰਾਇੰਦਾ । ਮਨਮੁੱਖ ਡੁੱਬੇ ਮਾਇਆ ਵਹਿਣ, ਮੰਝਧਾਰ ਨਾ ਕੋਈ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਹਰਿ ਸ਼ਬਦ ਹਰਿ ਰੂਪ, ਸਤਿਗੁਰ ਵਿਚ ਸਮਾਈਆ । ਸਤਿਗੁਰ ਪੂਰਾ ਵੇਖਣਹਾਰਾ ਚਾਰੇ ਕੂਟ, ਗੁਰਮੁਖ ਆਪ ਉਠਾਈਆ । ਗੁਰਮੁਖ ਉਪਰ ਆਪੇ ਤੁਠ, ਆਪਣੀ ਬੂਝ ਬੁਝਾਈਆ । ਮਨਮੁਖਾਂ ਮੁਖ ਰਖਾਇਆ ਜੂਠ ਝੂਠ, ਰਸਨਾ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਇਕ ਬੰਧਾਈਆ । ਹਰਿ ਸ਼ਬਦ ਨਿਰਗੁਣ ਧਾਰ, ਸਤਿਗੁਰ ਆਪ ਚਲਾਇੰਦਾ । ਸਤਿਗੁਰ ਸਾਚਾ ਕਰ ਪਿਆਰ, ਗੁਰਮੁਖਾਂ ਬੂਝ ਬੁਝਾਇੰਦਾ । ਗੁਰਮੁਖ ਸਾਚਾ ਵੇਖ ਵਿਚਾਰ, ਆਪਣਾ ਮੋਹ ਚੁਕਾਇੰਦਾ । ਮਨਮੁਖ ਮਾਨਸ ਜਨਮ ਗਏ ਹਾਰ, ਲੱਖ ਚੁਰਾਸੀ ਨਾ ਕੋਇ ਛੁਡਾਇੰਦਾ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣਾ ਸ਼ਬਦ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸ਼ਬਦ ਅਲਾਇੰਦਾ । ਹਰਿ ਸ਼ਬਦ ਹਰਿ ਸਾਰ, ਸਾਰ ਸ਼ਬਦ ਆਪ ਅਖਵਾਈਆ । ਗੁਰ ਸ਼ਬਦ ਗੁਰ ਅਧਾਰ, ਗੁਰ ਗੁਰ ਰਿਹਾ ਟਿਕਾਈਆ । ਨਾਮ ਸ਼ਬਦ ਸ਼ਬਦ ਪਿਆਰ, ਗੁਰਮੁਖ ਸਾਚੇ ਰਿਹਾ ਕਮਾਈਆ । ਮੂਰਖ ਮੂੜ੍ਹੇ ਭੁੱਲੇ ਜੀਵ ਗਵਾਰ, ਮਨ ਮਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਚਲਤ ਚਲਾਈਆ । ਹਰਿ ਸ਼ਬਦ ਸਚ ਜੈਕਾਰ, ਏਕਾ ਨਾਅਰਾ ਲਾਇੰਦਾ । ਸਾਧਾਂ ਸੰਤਾਂ ਪਾਵੇ ਸਾਰ, ਦਰ ਸੋਇਆ ਕੋਈ ਰਹਿਣ ਨਾ ਪਾਇੰਦਾ । ਵੇਖੇ ਮਹੱਲ ਅਟੱਲ ਉਚ ਮੁਨਾਰ, ਇੰਡ ਪਿੰਡ ਬ੍ਰਹਿਮੰਡ ਖੋਜ ਖੁਜਾਇੰਦਾ । ਬ੍ਰਹਿਮੰਡ ਖੰਡ ਖੇਲ ਨਿਆਰ, ਜੇਰਜ ਅੰਡ ਫੇਰੀ ਪਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਰਖਾਇੰਦਾ । ਤਿਖੀਆਂ ਰੱਖੇ ਦੋਵੇਂ ਧਾਰ, ਦੋ ਜਹਾਨਾਂ ਆਪ ਚਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰ, ਆਪ ਆਪਣਾ ਕਰਮ ਕਮਾਇੰਦਾ । ਕਰੋੜ ਤੇਤੀਸਾ ਕਰ ਖ਼ਵਾਰ, ਸੁਰਪਤ ਰਾਜਾ ਇੰਦ ਸੰਗ ਰਖਾਇੰਦਾ । ਸ਼ਬਦ ਸੁਤ ਕਰ ਉਜਿਆਰ, ਜੋਤੀ ਨੂਰ ਇਕ ਚਮਕਾਇੰਦਾ । ਗੁਰਮੁਖ ਸਾਜਣ ਮੀਤ ਮੁਰਾਰ, ਆਪ ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤਮ ਪਾਰ ਕਿਨਾਰ, ਤੀਰਥ ਤੱਟ ਨਾ ਕੋਈ ਤਰਾਇੰਦਾ । ਵੇਦ ਪੁਰਾਨ ਕਰਨ ਪੁਕਾਰ, ਅੰਜੀਲ ਕੁਰਾਨ ਮਤਾ ਪਕਾਇੰਦਾ । ਖਾਣੀ ਬਾਣੀ ਏਕਾ ਧਾਰ, ਆਪ ਆਪਣਾ ਦਰ ਸੁਹਾਇੰਦਾ । ਲੇਖ ਲਿਖਾਏ ਬਣ ਲਿਖਾਰ, ਵੇਦ ਵਿਆਸਾ ਲੇਖੇ ਲਾਇੰਦਾ । ਰਾਮ ਰਮਈਆ ਕ੍ਰਿਸ਼ਨ ਮੁਰਾਰ, ਸਹੰਸਾ ਬੰਸਾ ਆਪ ਹੋ ਜਾਇੰਦਾ । ਈਸਾ ਮੂਸਾ ਖ਼ਬਰਦਾਰ, ਏਕਾ ਨਾਅਰਾ ਲਾਇੰਦਾ । ਸੰਗ ਮੁਹੰਮਦ ਚਾਰ ਯਾਰ, ਹੱਕ ਹਕੀਕਤ ਵੇਖ ਵਖਾਇੰਦਾ । ਐਨਲਹੱਕ ਵੇਖ ਘਰ ਬਾਰ, ਅੱਲਾ ਰਾਣੀ ਮੇਲ ਮਿਲਾਇੰਦਾ । ਨਾਨਕ ਨਾਮ ਸਤਿ ਜੈਕਾਰ, ਸ਼ਬਦ ਸਾਰ ਧੁਨ ਉਪਜਾਇੰਦਾ । ਗੁਰਮੁਖ ਸ਼ਬਦ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਏਕਾ ਜੋਤੀ ਗੁਰ ਅਵਤਾਰ, ਹਰਿ ਹਰਿ ਰੂਪ ਵਟਾਇੰਦਾ । ਕਲਜੁਗ ਤੇਰਾ ਕੂੜ ਪਸਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰ, ਸਾਧ ਸੰਤ ਦਿਸ ਨਾ ਆਇੰਦਾ । ਨਾ ਕੋਈ ਚੁੱਕੇ ਕਿਸੇ ਭਾਰ, ਆਪਣਾ ਭਾਰ ਨਾ ਕੋਈ ਉਠਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਗੁਰ ਦਰ ਮੰਦਰ ਮਸਜਿਦ ਡੇਰਾ ਲਾਇੰਦਾ । ਏਕਾ ਭੁੱਲਿਆ ਹਰਿ ਨਿਰੰਕਾਰ, ਗੀਤ ਗੋਬਿੰਦ ਨਾ ਕੋਈ ਗਾਇੰਦਾ । ਅਗਨੀ ਲੱਗੀ ਤੱਤੀ ਹਾੜ,

੯੬੮
੦੭

ਤ੍ਰੈਗੁਣ ਵੇਖ ਵਖਾਇੰਦਾ । ਰਜੋ ਤਮੋ ਤੇਰਾ ਅਖਾੜ, ਸਤੋ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਆਪ ਤਰਾਇੰਦਾ ।

### * ੨੯ ਮੱਘਰ ੨੦੧੫ ਬਿਕ੍ਰਮੀ ਨਸੀਬ ਸਿੰਘ ਦੇ ਘਰ ਪਿੰਡ ਬੋਪਾ ਰਾਏ ਜ਼ਿਲਾ ਜਲੰਧਰ *

ਆਤਮ ਸ਼ਬਦ ਹਰਿਜਨ ਹਰਿ ਹਰਿ ਜਾਣਿਆ, ਜਾਨਣਹਾਰ ਕਰਤਾਰ । ਪੰਜ ਤਤ ਤੱਤ ਪਛਾਣਿਆ, ਆਤਮ ਬ੍ਰਹਮ ਵਿਚਾਰ । ਸ਼ਬਦੀ ਸ਼ਬਦ ਸ਼ਬਦ ਪਰਧਾਨਿਆ, ਹਰਿ ਸ਼ਬਦ ਨਾਉਂ ਜੈਕਾਰ । ਜੋਤੀ ਜੋਤ ਜੋਤ ਨੂਰ ਮਹਾਨਿਆ, ਨਿਰਮਲ ਨੂਰ ਹੋਏ ਉਜਿਆਰ । ਅਕੱਥ ਕਥਾ ਕਥ ਕਹਾਣੀਆ, ਆਪ ਸੁਣਾਏ ਸੁਣਾਵਣਹਾਰ । ਜਲ ਜਲ ਖੰਡਾ ਜਲ ਪਾਨਿਆ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਨੇਤਰ ਨੈਣ ਨੀਰ ਇਕ ਖੁਲਾਨਿਆ, ਆਪ ਆਪਣੀ ਕਿਰਪਾ ਧਾਰ । ਸਾਕ ਸੈਣ ਇਕ ਵਖਾਨਿਆ, ਏਕਾ ਮੀਤ ਮੁਰਾਰ । ਏਕਾ ਏਕ ਹੋਏ ਜਾਣੀ ਜਾਣਿਆ, ਜਾਨਣਹਾਰ ਰੂਪ ਗਿਰਧਾਰ । ਆਪ ਸੁਣਾਏ ਆਪਣੀ ਬਾਣੀਆ, ਅੱਖਰ ਵੱਖਰ ਸ਼ਬਦ ਉਚਾਰ । ਲਹਿਣਾ ਚੁੱਕੇ ਜੇਰਜ ਖਾਣੀਆ, ਲੱਖ ਚੁਰਾਸੀ ਉਤਰੇ ਪਾਰ । ਮੇਲ ਮਿਲਾਵਾ ਸਾਚੇ ਹਾਣੀਆ, ਸਤਿਗੁਰ ਕੰਤ ਭਤਾਰ । ਦਰਗਹਿ ਸਾਚੀ ਸਾਚੀ ਰਾਣੀਆ, ਆਪ ਬਹਾਏ ਮਹੱਲ ਅਟਾਰ । ਥਿਰ ਘਰ ਸਾਚੇ ਭਾਗ ਲਗਾਨਿਆ, ਇਕ ਇਕੱਲਾ ਏਕੰਕਾਰ । ਸਚਖੰਡ ਦਵਾਰ ਪਦ ਨਿਰਬਾਣਿਆ, ਗੁਰਮੁਖ ਵਿਰਲਾ ਪਾਵੇ ਵਿਚ ਸੰਸਾਰ । ਦਾਤਾ ਦਾਨੀ ਗੁਣ ਨਿਧਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਏ ਪਾਰ । ਪੰਜ ਤਤ ਤਨ ਚੋਲਾ, ਹਰਿ ਹਰਿ ਬਣਤ ਬਣਾਈਆ । ਆਪੇ ਰੱਖੇ ਪਰਦਾ ਓਹਲਾ, ਆਪੇ ਬੈਠਾ ਆਸਣ ਲਾਈਆ । ਆਪੇ ਗਾਏ ਸਾਚਾ ਢੋਲਾ, ਆਪੇ ਰਾਗ ਅਲਾਈਆ । ਆਪੇ ਬਣਿਆ ਹਰਿ ਹਰਿ ਤੋਲਾ, ਤੋਲਣਹਾਰ ਸ੍ਰਿਸ਼ਟ ਸਬਾਈਆ । ਆਦਿ ਜੁਗਾਦੀ ਖੇਲੇ ਹੋਲਾ, ਜੁਗ ਜੁਗ ਵੇਸ ਵਟਾਈਆ । ਜਨ ਭਗਤਾਂ ਆਤਮ ਅੰਤਰ ਆਪੇ ਮੌਲਾ, ਆਪ ਆਪਣਾ ਵਿਚ ਟਿਕਾਈਆ । ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਝਿਰਨਾ ਮੁਖ ਝਿਰਾਈਆ । ਜਗਤ ਵਡਿਆਈ ਉਪਰ ਧਵਲਾ, ਦਰਗਹਿ ਸਾਚੀ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਉਠਾਈਆ । ਪੰਜ ਤਤ ਤੱਤ ਪਿਆਰ, ਆਤਮ ਬ੍ਰਹਮ ਜਣਾਈਆ । ਹੱਡ ਮਾਸ ਨਾੜੀ ਰੱਤ ਪਾਵੇ ਸਾਰ, ਰਕਤ ਬੂੰਦ ਵੇਖ ਵਖਾਈਆ । ਮਨ ਪੰਖੀ ਨਾ ਉਡੇ ਦਹਿ ਦਿਸ਼ ਧਾਰ, ਗੁਰ ਡੋਰੀ ਸ਼ਬਦ ਬੰਧਾਈਆ । ਮਤੀ ਮੱਤ ਦਏ ਸਹਾਰ, ਏਕਾ ਬੂਝ ਬੁਝਾਈਆ । ਬੁੱਧੀ ਬਿਬੇਕ ਰਹੇ ਸੰਸਾਰ, ਸਾਂਤਕ ਸਤਿ ਵਰਤਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ ਲੋਕਮਾਤ ਨਾ ਹੋਏ ਖਵਾਰ, ਆਪ ਆਪਣੇ ਅੰਗ ਸਮਾਈਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਰੈਣ ਅੰਧੇਰੀ ਮਿਟੇ ਰਾਤੀ ਅੰਧ ਅੰਧਿਆਰ, ਸਚ ਸੁੱਚ ਗਿਆਨ ਦ੍ਰਿੜਾਈਆ । ਨਾਮ ਵਸਤ ਸ਼ਬਦ ਭੰਡਾਰ, ਹਰਿ ਦਾਤਾ ਆਪ ਵਰਤਾਈਆ । ਪੁਰਖ ਅਕਾਲ ਇਕ ਜੈਕਾਰ, ਅੰਦਰ ਮੰਦਰ ਆਪ ਲਗਾਈਆ । ਸੋ ਪੁਰਖ ਨਿਰੰਜਣ ਆਪ ਉਪਜਾਏ ਸੱਚੀ ਧੁੰਨਕਾਰ, ਹੰ ਬ੍ਰਹਮ ਆਪ ਵਖਾਈਆ । ਰਾਗੀ ਨਾਦੀ ਰਾਗ ਅਲਾਏ ਆਪ ਸੁਣਾਏ ਸੁਨਣੇਹਾਰ, ਦੂਸਰ ਦਿਸ ਕਿਸੇ ਨਾ ਆਈਆ । ਸਚ ਸਮਗਰੀ ਜੋਤ ਉਜਗਰੀ ਕਰ ਉਜਿਆਰ, ਨੂਰੋ ਨੂਰ

ਨੂਰ ਦਰਸਾਈਆ । ਅਕਾਲ ਮੂਰਤ ਖੇਲ ਅਪਾਰ, ਅਜੂਨੀ ਰਹਿਤ ਵੱਡੀ ਵਡਿਆਈਆ । ਭਗਤ ਵਛਲ ਆਪ ਗਿਰਧਾਰ, ਗਿਰਧਰ ਰੂਪ ਆਪ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਚਾਰੇ ਖਾਣੀ ਵੇਖ ਵਖਾਈਆ । ਆਪੇ ਵਸਿਆ ਸਭ ਤੋਂ ਬਾਹਿਰ, ਜੁਗ ਜੁਗ ਵੱਡੀ ਵਡਿਆਈਆ । ਕਰਤਾ ਕਾਦਰ ਕਰੀਮ ਕਰਨੇਹਾਰ, ਰਾਮ ਰਹੀਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਵੇਖੇ ਦਰ, ਆਪ ਆਪਣਾ ਭੇਵ ਖੁਲ੍ਹਾਈਆ । ਭਗਤਨ ਮੀਤਾ ਹਰਿ ਭਗਵਾਨਾ, ਭਗਤਨ ਹਰਿ ਹਰਿ ਰੱਤਿਆ । ਆਪੇ ਦੇਵੇ ਧੁਰ ਫ਼ਰਮਾਣਾ, ਵੇਖ ਵਖਾਏ ਚੇਤਨ ਸਤਿਆ । ਨਾਦ ਅਨਾਦੀ ਧੁਨ ਤਰਾਨਾ, ਸਤਿ ਸੰਤੋਖੀ ਏਕਾ ਰੱਖਿਆ । ਏਕਾ ਦਰ ਇਕ ਦਰਬਾਨਾ, ਨਾ ਠੰਡਾ ਨਾ ਤੱਤਿਆ । ਏਕਾ ਪੁਰਖ ਸ਼ਾਹੋ ਸੁਲਤਾਨਾ, ਆਦਿ ਜੁਗਾਦਿ ਕਰੇ ਨਾ ਹੱਤਿਆ । ਹਰਿਜਨ ਮੇਲਾ ਦੋ ਜਹਾਨਾਂ, ਬੀਜ ਬੀਜੇ ਆਤਮ ਵਤਿਆ । ਕਲਜੁਗ ਅੰਤਮ ਫਲ ਖਲਾਣਾ ਲਾਲ ਗੁਲਾਲਾ ਨਾਮੇ ਰੱਤਿਆ । ਆਪੇ ਵਰਤੇ ਆਪਣਾ ਭਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਨੌਂ ਖੰਡ ਸ੍ਰਿਸ਼ਟ ਸਬਾਈ ਤੇਰਾ ਖਾਤਿਆ । ਭਗਤੀ ਰੂਪ ਹਰਿ ਚੜ੍ਹਾਇਆ, ਹਰਿਜਨ ਵੱਡੀ ਵਡਿਆਈਆ । ਕਾਇਆ ਚੋਲਾ ਇਕ ਰੰਗਾਇਆ, ਹਰਿ ਸਾਚੇ ਵਡ ਵਡਿਆਈਆ । ਨਾਮ ਜੈਕਾਰਾ ਬੋਲਾ ਇਕ ਸੁਣਾਇਆ, ਸੋਹੰ ਢੋਲਾ ਰਸਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਹਾਰ ਹਰਿ ਕਰਤਾਰ, ਏਕੰਕਾਰ ਆਪ ਕਰਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸ਼ਬਦ ਸ਼ਬਦੀ ਨਾਅਰਾ ਲਾਇੰਦਾ । ਰਾਮ ਨਾਮ ਵਣਜ ਵਪਾਰ, ਨਾਮ ਨਾਮਾ ਵੇਖ ਵਖਾਇੰਦਾ । ਸਾਚੀ ਵਸਤ ਵਿਚ ਸੰਸਾਰ, ਧੁਰਦਰਗਾਹੀ ਆਪ ਟਿਕਾਇੰਦਾ । ਆਪਣਾ ਖੋਲ੍ਹ ਆਪ ਭੰਡਾਰ, ਲੋਕਮਾਤ ਆਪ ਵਰਤਾਇੰਦਾ । ਕਲਜੁਗ ਅੰਤਮ ਖੇਲ ਨਿਆਰ, ਖੇਲਣਹਾਰ ਦਿਸ ਨਾ ਆਇੰਦਾ । ਏਕਾ ਪਦ ਕਰ ਪਿਆਰ, ਏਕਾ ਘਰ ਸੁਹਾਇੰਦਾ । ਵੱਜੇ ਨਦ ਸ਼ਬਦ ਜੈਕਾਰ, ਸੋਹੰ ਨਾਅਰਾ ਲਾਇੰਦਾ । ਘਰ ਘਰ ਪਾਵੇ ਸਾਰ, ਜੋ ਜਨ ਰਸਨਾ ਗਾਇੰਦਾ । ਵਿਸ਼ਨੂੰ ਪਦ ਖੇਲ ਅਪਾਰ, ਭਗਵਾਨ ਜੋਤੀ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਚੌਥਾ ਪਦ ਸੋਹੰ ਧਾਰ, ਆਤਮ ਹੋਏ ਜਣਾਈਆ । ਪਾਰਬ੍ਰਹਮ ਕੰਤ ਭਤਾਰ, ਸਾਚੀ ਸੇਜ ਸੁਹਾਈਆ । ਪੰਜ ਤਤ ਨਾ ਕੋਈ ਅਕਾਰ, ਹੱਡ ਮਾਸ ਨਾੜੀ ਨਾ ਕੋਈ ਰਖਾਈਆ । ਨਿਰਮਲ ਜੋਤੀ ਕਰ ਉਜਿਆਰ, ਏਕਾ ਨੂਰ ਕਰੇ ਰੁਸ਼ਨਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਪੁਰਖ ਅਬਿਨਾਸ਼ੀ ਬੈਠਾ ਆਸਣ ਲਾਈਆ । ਰੂਪ ਰੰਗ ਨਾ ਸਕੇ ਕੋਈ ਵਿਚਾਰ, ਲੇਖਾ ਲਿਖਤ ਵਿਚ ਨਾ ਆਈਆ । ਸਾਚੇ ਮੰਦਰ ਸਚ ਪਸਾਰ, ਆਪ ਆਪਣਾ ਵੇਖ ਵਿਖਾਈਆ । ਆਪ ਆਪਣਾ ਕਰ ਪਿਆਰ, ਵਿਸ਼ਨ ਬ੍ਰਹਮਾ ਸ਼ਿਵ ਲੜ ਫੜਾਈਆ । ਆਪ ਸੁਹਾਏ ਸਚ ਦਵਾਰ, ਥਿਰ ਘਰ ਵਾਸੀ ਵਡ ਵਡਿਆਈਆ । ਸੁਨ ਅਗੰਮੀ ਅੱਧਵਿਚਕਾਰ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਚ ਮਹੱਲ ਅਟੱਲ ਮਿਨਾਰ, ਬੈਠਾ ਬੇਪਰਵਾਹੀਆ । ਮਹੱਲ ਅਟੱਲ ਸਚ ਸਿੰਘਾਸਣ, ਹਰਿ ਹਰਿ ਆਸਣ ਲਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ਣ, ਦਰ ਸਾਚਾ ਇਕ ਸੁਹਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨਨ, ਰਵ ਸਸ ਨਾ ਕੋਈ ਵਖਾਇੰਦਾ । ਨਿਰਗੁਣ ਨੂਰੀ ਏਕਾ ਚਾਨਣ, ਰਵ ਸਸ ਰੈਣ ਨਾ ਕੋਈ ਬਣਾਇੰਦਾ । ਆਪੇ ਰਵ ਸਸ ਹੋਏ ਭਾਨਣ, ਕ੍ਰਿਸ਼ਨਾ ਸੁਖਲਾ ਪਖ ਨਾ ਕੋਈ ਮਿਟਾਇੰਦਾ । ਸ਼ਬਦੀ ਸ਼ਬਦ ਨਾ ਕੋਈ ਧੁਨਕਾਨਨ, ਰਾਗ ਨਾਦ ਨਾ ਕੋਈ ਅਲਾਇੰਦਾ । ਖਾਣੀ ਬਾਣੀ ਨਾ ਕੋਈ ਵੈਰਾਗਣ,

ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਈ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਵੇਖੇ ਮਾਰ ਧਿਆਨਨ, ਕਰੋੜ ਤੇਤੀਸਾ ਦਿਸ ਨਾ ਆਇੰਦਾ । ਨਾ ਕੋਈ ਬੇੜਾ ਨਾ ਜਹਾਜ਼ਨ, ਨਾ ਚੱਪੂ ਕੋਈ ਲਗਾਇੰਦਾ । ਨਾ ਕੋਈ ਰਾਜ ਨਾ ਕੋਈ ਰਾਜਨ, ਸ਼ਾਹ ਸੁਲਤਾਨ ਨਾ ਕੋਈ ਅਖਵਾਇੰਦਾ । ਨਾ ਕੋਈ ਸਵਾਲ ਨਾ ਜਵਾਬਣ, ਪੁੱਛ ਗਿੱਛ ਨਾ ਕੋਈ ਕਰਾਇੰਦਾ । ਨਾ ਕੋਈ ਘੋੜਾ ਨਾ ਰਕਾਬਣ, ਸੋਲਾਂ ਕਲੀਆਂ ਆਸਣ ਕੋਈ ਨਾ ਲਾਇੰਦਾ । ਨਾ ਕੋਈ ਗ਼ਰੀਬ ਨਾ ਗ਼ਰੀਬ ਨਿਵਾਜਣ, ਪ੍ਰਿਤਪਾਲਕ ਨਾ ਕੋਈ ਅਖਵਾਇੰਦਾ । ਬਾਣੀਆਂ ਸ਼ਾਹ ਨਾ ਕੋਈ ਮਹਾਜਣ, ਨਾ ਤਰਾਜੂ ਤੋਲ ਤੁਲਾਇੰਦਾ । ਨਾਰੀ ਕੰਤ ਨਾ ਕੋਈ ਕਾਜਨ, ਨਾ ਕੋਈ ਮੇਲ ਮਿਲਾਇੰਦਾ । ਨਾਮ ਧਨ ਨਾ ਬੰਨ੍ਹੇ ਕੋਈ ਦਾਜਨ, ਸਗਲਾ ਸੰਗ ਨਾ ਕੋਈ ਨਿਭਾਇੰਦਾ । ਨਾ ਕੋਈ ਰੱਖਣਹਾਰਾ ਲਾਜਣ, ਨਾ ਕੋਈ ਵੇਖ ਵਖਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਣ, ਆਪ ਆਪਣਾ ਘਰ ਸੁਹਾਇੰਦਾ । ਜੋਤੀ ਨੂਰ ਕਰ ਪ੍ਰਕਾਸ਼ਣ, ਆਪ ਆਪਣਾ ਪ੍ਰਕਾਸ਼ ਵਿਖਾਇੰਦਾ । ਸ਼ਾਹੋ ਭੂਪ ਸ਼ਾਹੋ ਸ਼ਾਬਾਸ਼ਣ, ਸ਼ਾਹ ਸੁਲਤਾਨਾ ਨਾਉਂ ਰਖਾਇੰਦਾ । ਚੰਮ ਨਾੜੀ ਨਾ ਕੋਈ ਮਾਸਣ, ਪੰਜ ਤਤ ਨਾ ਕੋਇ ਬਣਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸਣ, ਜੁਗ ਜੁਗ ਵੇਸ ਵਟਾਇੰਦਾ । ਸਾਚੇ ਮੰਡਲ ਪਾਵੇ ਰਾਸਨ, ਆਪ ਆਪਣੀ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਸਚ ਸੁੱਚ ਗਿਆਨ, ਸੋਹੰ ਸ਼ਬਦ ਧੁਰ ਫ਼ਰਮਾਣ, ਆਤਮ ਅੰਤਰ ਮਾਰੇ ਬਾਣ, ਦੂਈ ਦਵੈਤੀ ਮੇਟ ਮਿਟਾਇੰਦਾ । ਆਤਮ ਅੰਤਰ ਸ਼ਬਦ ਨਿਸ਼ਾਨਾ, ਹਰਿ ਹਰਿ ਆਪ ਲਗਾਇੰਦਾ । ਗੁਰਮੁਖ ਸਾਚਾ ਚਤੁਰ ਸੁਜਾਣਾ, ਆਪ ਆਪਣਾ ਮੇਲ ਮਿਲਾਇੰਦਾ । ਦੇਵਣਹਾਰਾ ਜੀਆਂ ਦਾਨਾ, ਜਾਗਰਤ ਜੋਤ ਇਕ ਜਗਾਇੰਦਾ । ਹੱਥੀਂ ਬੰਨ੍ਹੇ ਸਾਚਾ ਗਾਨਾ, ਨਾਮ ਸਤਿ ਤੰਦ ਰਖਾਇੰਦਾ । ਆਪੇ ਪਾਏ ਆਪਣੀ ਆਣਾ, ਆਪਣੇ ਬੰਧਨ ਆਪੇ ਬੰਧਾਇੰਦਾ । ਖੇਲੇ ਖੇਲ ਦੋ ਜਹਾਨਾਂ, ਲੋਕਮਾਤ ਵੇਖ ਵਖਾਇੰਦਾ । ਕਲਜੁਗ ਅੰਤਮ ਹੋ ਪ੍ਰਧਾਨਾ, ਆਪ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਭਗਵਨ ਭਗਤੀ ਵੇਖ ਵਖਾਇੰਦਾ । ਗੁਰਮੁਖ ਸਾਚਾ ਚਤੁਰ ਸੁਜਾਨਾ, ਆਪ ਆਪਣੇ ਅੰਗ ਲਗਾਇੰਦਾ । ਸ਼ਬਦ ਬਿਠਾਏ ਇਕ ਬਿਬਾਨਾ, ਲੋਆਂ ਪੁਰੀਆਂ ਪਾਰ ਕਰਾਇੰਦਾ । ਆਤਮ ਅੰਤਰ ਪੀਣਾ ਖਾਣਾ, ਸਚ ਸਮਗਰੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਚੁਕਾਏ ਜਗਤ ਡਰ, ਏਕਾ ਦਰ ਸੁਹਾਇੰਦਾ । ਏਕਾ ਰੂਪ ਹਰਿ ਨਿਰੰਕਾਰ, ਗੁਰਮੁਖਾਂ ਆਪ ਬੁਝਾਈਆ । ਏਕਾ ਲਾਏ ਸ਼ਬਦ ਧੁਨਕਾਰ, ਆਤਮ ਅੰਤਰ ਆਪ ਵਹਾਈਆ । ਏਕਾ ਨਾਉਂ ਸਚ ਪਿਆਰ, ਨੌਂ ਅਠਾਰਾਂ ਸੇਵ ਕਮਾਈਆ । ਏਕਾ ਗਾਉਂ ਨਗਰ ਅਪਾਰ, ਕਾਇਆ ਖੇੜਾ ਆਪ ਸੁਹਾਈਆ । ਏਕਾ ਥਾਉਂ ਬੇਐਬ ਪਰਵਰਦਿਗਾਰ, ਸਚ ਮਹੱਲਾ ਵੇਖ ਵਖਾਈਆ । ਚੜ੍ਹਿਆ ਚਾਓ ਨੇਤਰ ਨੈਣ ਦਰਸ ਅਪਾਰ, ਸਚ ਗੁਲਜ਼ਾਰ ਆਪ ਖਿਲਾਈਆ । ਫੂਲਣ ਬਰਖ਼ਾ ਅਪਰ ਅਪਾਰ, ਗਣ ਗਧੰਰਬ ਰਹੇ ਬਰਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਪੁਕਾਰ, ਹਰਿ ਭਗਤ ਵੱਡੀ ਵਡਿਆਈਆ । ਖਾਣੀ ਬਾਣੀ ਦਏ ਸਹਾਰ, ਜਿਸ ਮਿਲਿਆ ਬੇਪਰਵਾਹੀਆ । ਸਾਚੀ ਰਾਣੀ ਸੁਰਤ ਪਿਆਰ, ਕੰਤ ਮਿਲਾਵਾ ਸ਼ਬਦ ਸਲਾਹੀਆ । ਆਤਮ ਸੇਜਾ ਮੀਤ ਮੁਰਾਰ, ਬੈਠਾ ਰਾਹ ਤਕਾਈਆ । ਏਕ ਏਕਾ ਨਿਰਗੁਣ ਧਾਰ, ਨੂਰੋ ਨੂਰ ਅਖਵਾਈਆ । ਠਾਂਡਾ ਸੀਤਾ ਦਰ ਦਰਬਾਰ, ਸਾਂਤਕ ਸਤਿ ਰਿਹਾ ਵਰਤਾਈਆ । ਨੇਤਨ ਨੇਤਾ ਪਾਵੇ ਸਾਰ, ਸਚ ਸਿੰਘਾਸਣ ਰਿਹਾ ਸੁਹਾਈਆ । ਆਪਣੀ ਰੀਤਾ ਕਰ ਵਿਚਾਰ, ਹਰਿਜਨ ਸਾਚੇ ਲਏ ਉਠਾਈਆ । ਵਸਿਆ ਚੀਤਾ ਸਿਰਜਣਹਾਰ,

੬੭੨
੦੭

ਵਿਛੜ ਕਦੇ ਨਾ ਜਾਈਆ । ਨਾ ਕੋਈ ਮੰਦਰ ਮਸੀਤਾ ਗੁਰੂਦਵਾਰ, ਕਾਇਆ ਖੇੜਾ ਆਪ ਸੁਹਾਈਆ । ਸੁਰਤੀ ਸੀਤਾ ਕਰ ਪਿਆਰ, ਰਾਮ ਰਾਮਾ ਲਏ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਚੁਕਾਏ ਜਗਤ ਡਰ, ਭੈ ਭੰਜਣ ਭਵ ਸਾਗਰ ਪਾਰ ਕਰਾਈਆ । ਭੈ ਭੰਜਣ ਹਰਿ ਭਗਵੰਤ, ਪੂਰਨ ਪੁਰਖ ਸੁਲਤਾਨਿਆ । ਆਦਿ ਜੁਗਾਦੀ ਏਕਾ ਕੰਤ, ਸ੍ਰਿਸ਼ਟ ਸਬਾਈ ਆਪ ਅਖਵਾਨਿਆ । ਹਰਿਜਨ ਕਾਇਆ ਚੋਲੀ ਰੰਗੇ ਰੰਗ ਬਸੰਤ, ਲੇਖਾ ਜਾਣੇ ਦੋ ਜਹਾਨਿਆ । ਆਪੇ ਮਨ ਮਨੂਆ ਆਪੇ ਮੰਤ, ਆਪੇ ਸ਼ਬਦੀ ਸ਼ਬਦ ਗੁਣ ਨਿਧਾਨਿਆ । ਆਪੇ ਜੇਵੜਾ ਆਪੇ ਜੰਤ, ਆਪੇ ਗੁਰ ਸਤਿਗੁਰ ਰੂਪ ਵਟਾਨਿਆ । ਆਪੇ ਸਾਧ ਸੰਤ ਹੋਏ ਮਹੰਤ, ਪੀਰ ਫ਼ਕੀਰ ਦਸਤਗੀਰ ਆਪ ਅਖਵਾਨਿਆ । ਆਪੇ ਵੇਦ ਪੁਰਾਨ ਬਣਾਏ ਬਣਤ, ਸ਼ਾਸਤਰ ਸਿਮਰਤ ਆਪ ਲਿਖਾਨਿਆ । ਆਪੇ ਅੰਜੀਲ ਕੁਰਾਨ ਗਣਾਏ ਗਣਤ, ਤੀਸ ਬਤੀਸ ਆਪ ਪ੍ਰਧਾਨਿਆ । ਆਪੇ ਖਾਣੀ ਬਾਣੀ ਵਜਾਏ ਸੰਖ, ਨਾਦ ਧੁਨ ਆਪ ਸੁਣਾਨਿਆ । ਆਪੇ ਦੀਨ ਮਜ਼੍ਹਬ ਇਸਲਾਮ ਪੰਥ, ਊਚ ਨੀਚ ਆਪ ਹੋ ਜਾਨਿਆ । ਆਪੇ ਪੂਜਾ ਪਾਠ ਗ੍ਰੰਥ, ਆਪੇ ਰਸਨਾ ਨਾਉਂ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਕਰ, ਵੇਖਣਹਾਰ ਆਪ ਅਖਵਾਨਿਆ । ਵੇਖਣਹਾਰ ਹਰਿ ਨਿਰੰਕਾਰ, ਆਪਣੀ ਰਚਨ ਰਚਾਈਆ । ਆਦਿ ਜੁਗਾਦੀ ਗੁਰ ਅਵਤਾਰ, ਏਕਾ ਏਕ ਅਖਵਾਈਆ । ਰੂਪ ਅਨੂਪ ਨਾ ਪਾਵੇ ਸਾਰ, ਲੇਖਾ ਲਿਖਤ ਨਾ ਕੋਈ ਜਣਾਈਆ । ਨਾਦ ਅਨਾਦੀ ਇਕ ਜੈਕਾਰ, ਏਕਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਦੇਵਣਹਾਰ ਵਡ ਵਡਿਆਈਆ । ਹਰਿਜਨ ਤੇਰੀ ਸਤਿ ਵਡਿਆਈ, ਵੇਦ ਪੁਰਾਨੀ ਗਾਇਆ । ਅੰਜੀਲ ਕੁਰਾਨ ਦਏ ਦੁਹਾਈ, ਨੂਰੋ ਨੂਰ ਖ਼ੁਦੀ ਖ਼ੁਦਾਈ ਇਕ ਦਸਾਇਆ । ਸ਼ਬਦ ਬਾਣੀ ਕਰ ਕੁੜਮਾਈ, ਹਰਿ ਭਗਤਨ ਮੇਲ ਮਿਲਾਇਆ । ਨਿਰਗੁਣ ਮੇਲਾ ਸਹਿਜ ਸੁਬਾਈ, ਨਾਨਕ ਹਰਿ ਪਾਇਆ । ਸਾਚੇ ਸੰਤਾਂ ਕਰ ਜਣਾਈ, ਏਕਾ ਮਾਰਗ ਪਾਇਆ । ਘਟ ਭੀਤਰ ਖੋਜੋ ਹਰਿਜਨ ਭਾਈ, ਸਤਿਗੁਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਰੀਤੀ ਦਏ ਚਲਾਇਆ । ਕਾਇਆ ਮੰਦਰ ਸਚ ਮਕਾਨ, ਨਾਨਕ ਜੋਤੀ ਇਕ ਜਗਾਈਆ । ਸ੍ਰਿਸ਼ਟ ਸਬਾਈ ਇਕ ਗਿਆਨ, ਏਕਾ ਗਿਆ ਸਮਝਾਈਆ । ਪੁਰਖ ਅਬਿਨਾਸ਼ੀ ਸ੍ਰੀ ਭਗਵਾਨ, ਘਟ ਘਟ ਬੈਠਾ ਆਸਣ ਲਾਈਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਅਨਹਦ ਰਾਗ ਰਿਹਾ ਅਲਾਈਆ । ਪੰਚਮ ਬਹਿ ਬਹਿ ਸਾਰੇ ਗਾਣ, ਪੰਚਮ ਮੀਤਾ ਆਪ ਅਖਵਾਈਆ । ਅੰਤਰ ਆਤਮ ਪੀਣ ਖਾਣ, ਸਰ ਸਰੋਵਰ ਆਪ ਉਪਾਈਆ । ਘਰ ਵਿਚ ਘਰ ਘਰ ਮਕਾਨ, ਹਰਿ ਸਾਚੀ ਰਚਨ ਰਚਾਈਆ । ਡੂੰਘੀ ਕੰਦਰ ਇਕ ਨਿਸ਼ਾਨ, ਬੈਠਾ ਆਪ ਲਗਾਈਆ । ਆਪਣੀ ਖੋਲ੍ਹ ਆਪ ਦੁਕਾਨ, ਆਪਣੀ ਵਸਤ ਆਪ ਟਿਕਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਸੋ ਜਨ ਬੂਝ ਬੁਝਾਈਆ । ਦਾਤਾ ਦਾਨੀ ਮਿਹਰਵਾਨ, ਆਦਿ ਜੁਗਾਦਿ ਅਖਵਾਈਆ । ਕਲਜੁਗ ਅੰਤਮ ਹੋ ਪ੍ਰਧਾਨ, ਆਪ ਆਪਣੀ ਬਣਤ ਬਣਾਈਆ । ਗੁਰਮੁਖਾਂ ਦੇਵੇ ਇਕ ਗਿਆਨ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਏਕਾ ਪਦ ਪਦ ਨਿਰਬਾਣ, ਏਕਾ ਘਰ ਸੁਹਾਈਆ । ਸਾਢੇ ਤਿੰਨ ਹੱਥ ਮੰਦਰ ਸਚ ਮਕਾਨ, ਹਰਿ ਸਾਚੇ ਬਣਤ ਬਣਾਈਆ । ਆਪੇ ਕਰੇ ਕਰਾਏ ਆਪ ਪਛਾਣ, ਆਪ ਆਪਣਾ ਦਰ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰਾਗ ਸ਼ਬਦ

੯੭੩
੦੨

ਸੁਣਾਈਆ । ਸਾਚਾ ਮੰਦਰ ਸਾਚਾ ਪਾਠ, ਦਿਵਸ ਰੈਣ ਸੁਣਾਈਆ । ਸਾਚੇ ਅੰਦਰ ਤੀਰਥ ਤਾਟ, ਅਠਸਠ ਮੂਲ ਚੁਕਾਈਆ । ਸਾਚੇ ਮੰਦਰ ਸਾਚਾ ਘਾਟ, ਹਰਿ ਸਾਚਾ ਆਪ ਸੁਹਾਈਆ । ਸਾਚੇ ਮੰਦਰ ਅੰਮ੍ਰਿਤ ਰਸ ਚਾਟ, ਰਸ ਰਸਨਾ ਰਸ ਤਜਾਈਆ । ਸਾਚੇ ਮੰਦਰ ਸਾਚਾ ਹਾਟ, ਚੌਦਾਂ ਲੋਕ ਆਪ ਖੁਲ੍ਹਾਈਆ । ਸਾਚੇ ਮੰਦਰ ਸਾਚੀ ਖਾਟ, ਹਰਿ ਸਾਚੇ ਆਪ ਵਿਛਾਈਆ । ਸਾਚੇ ਮੰਦਰ ਸਾਚੀ ਲਾਟ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਾਚੇ ਮੰਦਰ ਜਗਤ ਦਵੈਤੀ ਜਾਏ ਪਾਟ, ਬਜ਼ਰ ਸਿਲਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮੰਦਰ ਇਕ ਸੁਹਾਈਆ । ਮੰਦਰ ਮੱਠ ਨਾ ਸ਼ਿਵਦਵਾਲਾ, ਚਾਰ ਦਿਵਾਰ ਨਾ ਕੋਈ ਬਣਾਈਆ । ਸਾਢੇ ਤਿੰਨ ਹੱਥ ਤੇਰੀ ਕਰੇ ਪ੍ਰਿਤਪਾਲਾ, ਅੰਦਰ ਬੈਠਾ ਬੇਪਰਵਾਹੀਆ । ਦਿਵਸ ਰੈਣ ਹੋਏ ਰਖਵਾਲਾ, ਆਪ ਆਪਣੀ ਸੇਵ ਕਮਾਈਆ । ਆਦਿ ਸ਼ਕਤੀ ਜੋਤ ਜਵਾਲਾ, ਪੁਰਖ ਅਕਾਲਾ ਆਪ ਹੋ ਜਾਈਆ । ਸਾਚਾ ਧਰਮ ਸੱਚੀ ਧਰਮਸਾਲਾ, ਬੰਕ ਦਵਾਰਾ ਇਕ ਵਖਾਈਆ । ਆਪੇ ਚਲੇ ਨਾਲ ਨਾਲਾ, ਵਡ ਦਾਤਾ ਰਬ ਰਬਵਾਹੀਆ । ਆਪੇ ਸ਼ਾਹ ਆਪੇ ਕੰਗਾਲਾ, ਆਪ ਭੰਡਾਰਾ ਰਿਹਾ ਭਰਾਈਆ । ਆਪੇ ਸਤਿਗੁਰ ਆਪ ਦਲਾਲਾ, ਆਪੇ ਸ਼ਬਦੀ ਸ਼ਬਦ ਜਗਾਈਆ । ਆਪੇ ਫਲ ਲਗਾਏ ਕਾਇਆ ਡਾਲਾ, ਆਪੇ ਵੇਖ ਵਖਾਈਆ । ਧਰਮ ਰਾਏ ਨਾ ਮੰਗੇ ਹਾਲਾ, ਲਾੜੀ ਮੌਤ ਨਾ ਕਰੇ ਕੁੜਮਾਈਆ । ਸਾਚਾ ਦੱਸਿਆ ਰਾਹ ਸੁਖਾਲਾ, ਚਾਰ ਵਰਨਾਂ ਇਕ ਪੜ੍ਹਾਈਆ । ਕਲਜੁਗ ਤੇਰਾ ਕੱਢੇ ਦਿਵਾਲਾ, ਹਰਿ ਸਾਚੇ ਹੱਥ ਵਡਿਆਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਸੋਹੰ ਜੋ ਜਨ ਰਸਨਾ ਗਾਈਆ । ਤਨ ਪਾਈ ਪ੍ਰਭ ਸਾਚੀ ਮਾਲਾ, ਅਠ ਅਠੋਤਰੀ ਵੇਖ ਵਖਾਈਆ । ਪੰਜ ਤਤ ਵਿਕਾਰ ਕਰੇ ਨਿਵਾਲਾ, ਆਪ ਆਪਣੀ ਦਾੜ੍ਹ ਚਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਹਰਿ ਹਰਿ ਲਾਇਆ, ਲਾਵਣਹਾਰ ਭਗਵਾਨਾ । ਸਾਚੇ ਮੰਦਰ ਰਾਗ ਸੁਣਾਇਆ, ਧੁਨ ਅਨਾਦੀ ਇਕ ਤਰਾਨਾ । ਪੂਜਾ ਪਾਠ ਨਾ ਕੋਈ ਵਖਾਇਆ, ਜੋਗ ਅਭਿਆਸ ਨਾ ਕੋਈ ਕਮਾਨਾ । ਨਿਓਲੀ ਕਰਮ ਨਾ ਕੋਈ ਕਮਾਇਆ, ਠੰਡੀ ਧਾਰ ਨਾ ਜਲ ਰੁੜ੍ਹਾਨਾ । ਅਗਨੀ ਮੱਠ ਨਾ ਕੋਈ ਤਪਾਇਆ, ਤੀਰਥ ਤੱਟ ਨਾ ਕੋਈ ਅਸ਼ਨਾਨਾ । ਕਾਇਆ ਗੜ੍ਹ ਇਕ ਸੁਹਾਇਆ, ਸਚ ਸੱਚਾ ਇਕ ਮਕਾਨਾ । ਅੰਦਰ ਵੜ ਗੁਰਸਿਖ ਜਗਾਇਆ, ਸੁਣਾਇਆ ਧੁਰ ਫ਼ਰਮਾਣਾ । ਸ੍ਰਿਸ਼ਟ ਸਬਾਈ ਦਿਸ ਨਾ ਆਇਆ, ਭੁੱਲੇ ਭਰਮ ਜੀਵ ਨਿਧਾਨਾ । ਨਿਹਕਰਮੀ ਹਰਿ ਕਰਮ ਕਮਾਇਆ, ਗਾਇਆ ਸਾਚਾ ਗਾਣਾ । ਮਾਨਸ ਜਨਮ ਲੇਖੇ ਲਾਇਆ, ਚੁਕਿਆ ਆਵਣ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਮਰਥ ਪੁਰਖ ਸ਼ਬਦ ਅਕੱਥ, ਜਗਤ ਰਥ ਚਾਰ ਵਰਨਾ ਆਪ ਚੜ੍ਹਾਨਾ ।

### * ੨੬ ਮੱਘਰ ੨੦੧੫ ਬਿਕ੍ਰਮੀ ਸਰੂਪ ਸਿੰਘ ਦੇ ਘਰ ਪਿੰਡ ਮੂਧ ਜ਼ਿਲਾ ਜਲੰਧਰ *

ਨਾਮ ਮੰਤਰ ਸ਼ਬਦ ਗਿਆਨ, ਹਰਿ ਹਰਿ ਆਪ ਉਪਾਈਆ । ਸ੍ਰਿਸ਼ਟ ਸਬਾਈ ਇਕ ਧਿਆਨ, ਏਕਾ ਇਸ਼ਟ ਜਣਾਈਆ । ਏਕਾ ਪੁਰਖ ਇਕ ਸੁਲਤਾਨ, ਏਕਾ ਨਾਉਂ ਧਰਾਈਆ । ਏਕਾ ਮੰਦਰ ਇਕ ਮਕਾਨ, ਏਕਾ ਬੈਠਾ ਆਸਣ ਲਾਈਆ । ਏਕਾ ਜੋਤੀ ਜੋਤ ਮਹਾਨ, ਏਕਾ ਏਕ

ਡਗਮਗਾਈਆ । ਏਕਾ ਖੇਲੇ ਖੇਲ ਨਿਧਾਨ, ਗੁਣਵੰਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਮ ਰੱਖੇ ਵਡਿਆਈਆ । ਹਰਿ ਸ਼ਬਦ ਹਰਿ ਹਰਿ ਰੰਗ, ਹਰਿ ਹਰਿ ਆਪ ਚੜ੍ਹਾਇੰਦਾ । ਆਪਣੀ ਵਸਤ ਆਪੇ ਮੰਗ, ਆਪਣਾ ਦਰ ਸੁਹਾਇੰਦਾ । ਲੋਆਂ ਪੁਰੀਆਂ ਗਗਨ ਪਤਾਲਾ ਆਪੇ ਲੰਘ, ਪ੍ਰਿਥਮੀ ਅਕਾਸ਼ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਵਜਾਏ ਇਕ ਮਰਦੰਗ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਬਣਤ ਬਣਾਇੰਦਾ । ਸ਼ਬਦ ਨਾਮ ਹਰਿ ਭੰਡਾਰ, ਆਪਣੇ ਹੱਥ ਰਖਾਈਆ । ਆਦਿ ਜੁਗਾਦੀ ਲਏ ਅਵਤਾਰ, ਜੁਗ ਜੁਗ ਮਾਤ ਧਰਾਈਆ । ਲੱਖ ਚੁਰਾਸੀ ਹੋ ਉਜਿਆਰ, ਹਰ ਘਟ ਬੈਠਾ ਬੇਪਰਵਾਹੀਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਨਿਰੰਜਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਨਾਮ ਸ਼ਬਦ ਸਚ ਜੈਕਾਰ, ਹਰਿ ਹਰਿ ਆਪ ਲਗਾਇੰਦਾ । ਆਪੇ ਸੁਣੇ ਸੁਣਾਏ ਸੁਨੇਹਾਰ, ਭੇਵ ਅਭੇਦਾ ਭੇਵ ਕੋਈ ਨਾ ਪਾਇੰਦਾ । ਸ੍ਰਿਸ਼ਟ ਸਬਾਈ ਕਰੇ ਵਣਜ ਵਪਾਰ, ਏਕਾ ਵਸਤ ਟਿਕਾਇੰਦਾ । ਲੱਖ ਚੁਰਾਸੀ ਵੇਖ ਘਰ ਬਾਰ, ਆਪਣੇ ਕੰਡੇ ਆਪ ਤੁਲਾਇੰਦਾ । ਆਪੇ ਨਰਾਇਣ ਨਰ ਹੋ ਅਵਤਾਰ, ਆਪੇ ਵੇਸ ਵਟਾਇੰਦਾ । ਵਿਸ਼ਨੂੰ ਵੰਸੀ ਕਰ ਪਿਆਰ, ਬ੍ਰਹਮਾ ਵੇਖ ਵਿਖਾਇੰਦਾ । ਬ੍ਰਹਮਾ ਵੇਤਾ ਇਕ ਅਧਾਰ, ਸ਼ਿਵ ਸ਼ੰਕਰ ਮੇਲ ਮਿਲਾਇੰਦਾ । ਕਰੋੜ ਤੇਤੀਸਾ ਬੰਨ੍ਹੇ ਧਾਰ, ਸੁਰਪਤ ਆਪ ਜਗਾਇੰਦਾ । ਪ੍ਰਿਥਮੀ ਅਕਾਸ਼ ਹੋ ਉਜਿਆਰ, ਆਪਣੀ ਕਲ ਵਰਤਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਖੇਲ ਅਗੰਮ ਅਪਾਰ, ਆਦਿ ਸ਼ਕਤੀ ਨਾਉਂ ਧਰਾਇੰਦਾ । ਦੀਵਾ ਬਾਤੀ ਕਰ ਉਜਿਆਰ, ਨੂਰੋ ਨੂਰ ਅਖਵਾਇੰਦਾ । ਸ਼ਬਦੀ ਸ਼ਬਦ ਭਰ ਭੰਡਾਰ, ਆਪਣਾ ਆਪ ਵਰਤਾਇੰਦਾ । ਵਰਭੰਡ ਖੇਲੇ ਖੇਲ ਨਿਆਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਾਦਰ ਕਰਤਾ ਆਪ ਹੋ ਜਾਈਆ । ਧਰਨੀ ਧਰਤ ਧਵਲ ਜੋਤ ਧਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸੰਤ ਸੁਹੇਲੇ ਦੇਵੇ ਵਰ, ਆਤਮ ਬ੍ਰਹਮ ਜਣਾਈਆ । ਸੁਰਤੀ ਸ਼ਬਦ ਲਏ ਫੜ, ਏਕਾ ਰਾਹ ਵਖਾਈਆ । ਸ਼ਬਦ ਸਿੰਘਾਸਣ ਆਪੇ ਖੜ, ਆਤਮ ਸੇਜਾ ਆਪ ਟਿਕਾਈਆ । ਪੰਚ ਵਿਕਾਰੇ ਆਪੇ ਲੜ, ਆਪਣਾ ਖੰਡਾ ਆਪ ਉਠਾਈਆ । ਨਾ ਕੋਈ ਸੀਸ ਨਾ ਕੋਈ ਧੜ, ਪਾਰਬ੍ਰਹਮ ਵੱਡੀ ਵਡਿਆਈਆ । ਮਹੱਲ ਅਟੱਲ ਉਚ ਮਿਨਾਰ ਆਪੇ ਖੜ, ਦਸਮ ਦੁਆਰੀ ਬੈਠਾ ਸਚ ਮਹੱਲੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਾਸੀ ਵੇਸ ਵਟਾਈਆ । ਥਿਰ ਘਰ ਵਾਸੀ ਹਰਿ ਨਿਰੰਕਾਰ, ਆਦਿ ਪੁਰਖ ਅਖਵਾਇਆ । ਕਲਜੁਗ ਅੰਤਮ ਲਏ ਅਵਤਾਰ, ਆਪ ਆਪਣਾ ਨਾਉਂ ਧਰਾਇਆ । ਸ਼ਬਦੀ ਸ਼ਬਦ ਸ਼ਬਦ ਪਸਾਰ, ਹਰਿ ਸ਼ਬਦੀ ਵੇਖ ਵਖਾਇਆ । ਭਗਤਨ ਮੇਲਾ ਵਿਚ ਸੰਸਾਰ, ਦਰ ਠਾਂਡਾ ਇਕ ਸੁਹਾਇਆ । ਦੀਪਕ ਬਾਤੀ ਕਰ ਉਜਿਆਰ, ਅਗਿਆਨ ਅੰਧੇਰ ਮਿਟਾਇਆ । ਖਾਣੀ ਬਾਣੀ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਤਰ ਨਾਮ ਦ੍ਰਿੜਾਇਆ । ਏਕਾ ਮੰਤਰ ਗੁਰ ਗੁਰ ਗਿਆਨ, ਏਕਾ ਬੂਝ ਬੁਝਾਈਆ । ਏਕਾ ਧਰਮ ਇਕ ਨਿਸ਼ਾਨ, ਏਕਾ ਰਿਹਾ ਝੁਲਾਈਆ । ਏਕਾ ਅੰਮ੍ਰਿਤ ਆਤਮ ਪੀਣ ਖਾਣ, ਏਕਾ ਵਸਤ ਰਿਹਾ ਵਰਤਾਈਆ । ਏਕਾ ਰਾਗ ਸੁਣਾਏ

੯੭੪
੦੨

ਏਕਾ ਕਾਨ, ਏਕਾ ਨਾਦ ਵਜਾਈਆ । ਏਕਾ ਤੀਰ ਨਿਰਾਲਾ ਮਾਰੇ ਬਾਣ, ਹਉਮੇ ਹੰਗਤਾ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਅਲਖ ਜਗਾਈਆ । ਏਕਾ ਅਲਖ ਅਲੱਖ ਜਗਾ, ਅਲੱਖਣਾ ਅਲੱਖ ਅਖਵਾਇਆ । ਜੋਤੀ ਨੂਰ ਪ੍ਰਤੱਖ ਕਰਾ, ਆਪ ਆਪਣਾ ਨਾਉਂ ਧਰਾਇਆ । ਲੱਖ ਚੁਰਾਸੀ ਵੱਖ ਕਰਾ, ਆਪੇ ਬੈਠਾ ਡੇਰਾ ਲਾਇਆ । ਆਪਣਾ ਨੈਣ ਆਪ ਖੁਲ੍ਹਾ, ਆਪੇ ਵੇਖ ਵਖਾਇਆ । ਆਪਣਾ ਬਸਤਰ ਗਹਿਣਾ ਤਨ ਛੁਹਾ, ਸ਼ਬਦੀ ਸ਼ਬਦ ਸ਼ਿੰਗਾਰ ਕਰਾਇਆ । ਆਪਣੇ ਅੰਗਣ ਆਪ ਸੁਹਾ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਇਕ ਗਿਆਨ, ਏਕਾ ਸ਼ਬਦ ਇਕ ਧਿਆਨ ਰਖਾਇਆ । ਸ਼ਬਦ ਗਿਆਨ ਸੱਚਾ ਗੁਰ ਮੰਤਰ, ਚਾਰ ਵਰਨ ਜਣਾਈਆ । ਤ੍ਰੈਗੁਣ ਮਾਇਆ ਬੁਝੇ ਬਸੰਤਰ, ਪੰਜ ਤਤ ਨਾ ਕੋਈ ਹਲਕਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਬੈਠਾ ਡੇਰਾ ਲਾਈਆ । ਖੇਲੇ ਖੇਲ ਜੁਗਾ ਜੁਗੰਤਰ, ਕਲਜੁਗ ਵੱਜੀ ਵਧਾਈਆ । ਸਤਿਜੁਗ ਬਣਾਏ ਸਾਚੀ ਬਣਤਰ, ਸਚ ਸੁੱਚ ਕਰੇ ਰੁਸ਼ਨਾਈਆ । ਖੇਲੇ ਖੇਲ ਗਗਨ ਗਗਨੰਤਰ, ਅਕਾਸ਼ ਪ੍ਰਕਾਸ਼ ਡੇਰਾ ਲਾਈਆ । ਏਕਾ ਨਾਮ ਏਕਾ ਮੰਤਰ, ਏਕਾ ਰਿਹਾ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿ ਭੂਮਕਾ ਸਚ ਅਸਥਾਨ, ਹਰਿ ਸਾਚੇ ਦਇਆ ਕਮਾਈਆ । ਜੋਤੀ ਨੂਰ ਸ੍ਰੀ ਭਗਵਾਨ, ਏਕਾ ਨੂਰ ਰੁਸ਼ਨਾਈਆ । ਸਰਬ ਸ੍ਰਿਸ਼ਟ ਕਾ ਏਕ ਗਿਆਨ, ਏਕਾ ਰੂਪ ਦਰਸਾਈਆ । ਜੀਵ ਜੰਤ ਇਕ ਧਿਆਨ, ਏਕਾ ਇਸ਼ਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਵੇਖ ਵਖਾਈਆ । ਸਚ ਦਵਾਰ ਸਾਚਾ ਹਰਿ ਮੰਦਰ, ਹਰਿ ਸਾਚੀ ਜੋਤ ਜਗਾਈਆ । ਲੱਖ ਚੁਰਾਸੀ ਵਸਿਆ ਕੰਦਰ, ਆਪ ਆਪਣਾ ਭੇਵ ਛੁਪਾਈਆ । ਆਪੇ ਲਾਇਆ ਆਪਣਾ ਜੰਦਰ, ਆਪੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਸਰਬ ਲੋਕਾਈਆ । ਆਪਣਾ ਮੰਦਰ ਆਪੇ ਖੋਲ੍ਹ, ਆਪਣੀ ਦਇਆ ਕਮਾਇੰਦਾ । ਆਪਣਾ ਸ਼ਬਦ ਆਪੇ ਬੋਲ, ਆਪਣੀ ਬੂਝ ਬੁਝਾਇੰਦਾ । ਆਪੇ ਵਸਣਹਾਰਾ ਕੋਲ, ਆਪ ਆਪਣਾ ਮੁਖ ਵਖਾਇੰਦਾ । ਦਿਵਸ ਰੈਣ ਕਰੇ ਚੋਹਲ, ਸਗਲਾ ਸੰਗ ਨਿਭਾਇੰਦਾ । ਅਨਹਦ ਵਜਾਏ ਏਕਾ ਢੋਲ, ਸੋਹੰ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਸਾਚੀ ਪੌਲ, ਚਾਰ ਵਰਨਾਂ ਆਪ ਪਿਆਇੰਦਾ । ਕਾਇਆ ਖੇੜਾ ਜਾਏ ਮੌਲ, ਫਲ ਫੁਲਵਾੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਘਰ ਹਰਿ ਹਰਿ ਮੰਦਰ, ਹਰਿ ਸਾਚਾ ਡੇਰਾ ਲਾਇੰਦਾ । ਤੋੜਣਹਾਰਾ ਜਗਤ ਜੰਦਰ, ਜਾਗਰਤ ਜੋਤ ਇਕ ਜਗਾਇੰਦਾ । ਖੇਲੇ ਖੇਲ ਆਪਣੀ ਕੁੰਦਰ, ਆਪਣਾ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਤਰ ਨਾਮ ਦ੍ਰਿੜਾਇੰਦਾ ।

* ੨੭ ਮੱਘਰ ੨੦੧੫ ਬਿਕ੍ਰਮੀ ਸੂਬੇਦਾਰ ਤਾਰੂ ਸਿੰਘ ਪਿੰਡ ਜੰਡੀਰੇ ਜ਼ਿਲਾ ਜਲੰਧਰ *

ਹਰਿ ਪ੍ਰਕਾਸ਼ ਸਰਬ ਘਟ ਅੰਦਰ, ਆਦਿ ਜੁਗਾਦਿ ਰਖਾਈਆ । ਆਪ ਬਣਾਏ ਆਪਣਾ ਮੰਦਰ, ਆਪੇ ਬੈਠਾ ਆਸਣ ਲਾਈਆ । ਆਪ

ਲਗਾਏ ਆਪਣਾ ਜੰਦਰ, ਨਾ ਕੋਈ ਦੂਸਰ ਸਕੇ ਤੁੜਾਈਆ । ਖੇਲੇ ਖੇਲ ਡੂੰਘੀ ਕੰਦਰ, ਆਪ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਏਕਾ ਧਾਰ, ਹਰਿ ਹਰਿ ਆਪ ਚਲਾਇੰਦਾ । ਆਦਿਨ ਅੰਤਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਪੁਰਖ ਅਬਿਨਾਸ਼ੀ ਬੇਅੰਤ ਬੇਐਬ ਪਰਵਰਦਿਗਾਰ, ਰੂਪ ਅਨੂਪ ਨਾ ਕੋਈ ਦਰਸਾਇੰਦਾ । ਇਕ ਇਕੱਲਾ ਖੇਲ ਨਿਆਰ, ਅਕਲ ਕਲ ਵਰਤਾਇੰਦਾ । ਸਚ ਮਹੱਲਾ ਉਚ ਮਿਨਾਰ, ਥਿਰ ਘਰ ਵਾਸੀ ਡੇਰਾ ਲਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਨੇਤਰ ਨੈਣ ਨਾ ਕੋਈ ਦਰਸਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਦੀਵਾ ਬਾਤੀ ਇਕ ਉਜਿਆਰ, ਨਿਰਗੁਣ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰਾ ਹਰਿ ਸਮਰਥ, ਏਕਾ ਰੂਪ ਸਮਾਈਆ । ਆਦਿ ਜੁਗਾਦੀ ਮਹਿਮਾ ਅਕੱਥ, ਰਸਨਾ ਕਥ ਨਾ ਸਕੇ ਰਾਈਆ । ਜੁਗ ਜੁਗ ਦੇਵਣਹਾਰਾ ਵੱਥ, ਨਾਮ ਦਾਨ ਝੋਲੀ ਪਾਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਵਡ ਵਡਿਆਈਆ । ਹਰਿ ਕਾ ਮੰਦਰ ਨਾ ਜਾਏ ਢੱਠ, ਚਾਰ ਦਿਵਾਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਵੇਖਣਹਾਰ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਇੰਦਾ । ਸ਼ਬਦੀ ਸ਼ਬਦ ਸ਼ਬਦ ਧੁਨਕਾਰ, ਸਾਚੀ ਧੁਨ ਉਪਜਾਇੰਦਾ । ਅਨਹਦ ਸਾਚੀ ਸੇਵਾਦਾਰ, ਸੇਵਕ ਸੇਵਾ ਲਾਇੰਦਾ । ਪੰਚਮ ਪੰਚਮ ਇਕ ਪਿਆਰ, ਏਕਾ ਰੰਗ ਸਮਾਇੰਦਾ । ਸਾਚੇ ਮੰਦਰ ਖੇਲ ਨਿਆਰ, ਨਿਰਗੁਣ ਸਰਗੁਣ ਆਪ ਖਿਲਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਆਪੇ ਵੇਖ ਵਿਖਾਇੰਦਾ । ਘਰ ਵਿਚ ਘਰ ਆਪ ਉਸਾਰ, ਆਪਣਾ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਹੋ ਉਜਿਆਰ, ਏਕਾ ਨੂਰ ਦਰਸਾਇੰਦਾ । ਅੰਮ੍ਰਿਤ ਪੀਓ ਠੰਡੀ ਧਾਰ, ਨਿਝਰ ਧਾਰਾ ਆਪ ਵਹਾਇੰਦਾ । ਕਮਲਾਪਾਤੀ ਮੀਤ ਮੁਰਾਰ, ਪਤਿਤ ਪਾਵਣ ਨਾਉਂ ਧਰਾਇੰਦਾ । ਅਚਰਜ ਰੀਤਾ ਵਿਚ ਸੰਸਾਰ, ਜੁਗ ਜੁਗ ਆਪ ਚਲਾਇੰਦਾ । ਮੰਦਰ ਮਸੀਤਾ ਖੋਲ੍ਹ ਕਿਵਾੜ, ਆਪੇ ਵੇਖ ਵਖਾਇੰਦਾ । ਵੇਦ ਪੁਰਾਨਾ ਪਾਵੇ ਸਾਰ, ਅੰਜੀਲ ਕੁਰਾਨਾ ਫੋਲ ਫੁਲਾਇੰਦਾ । ਖਾਣੀ ਬਾਣੀ ਸਾਂਝਾ ਯਾਰ, ਇਕ ਇਕੱਲਾ ਨਾਉਂ ਧਰਾਇੰਦਾ । ਸ਼ਬਦ ਹਾਣੀ ਇਕ ਉਜਿਆਰ, ਏਕਾ ਰੂਪ ਦਰਸਾਇੰਦਾ । ਲੱਖ ਚੁਰਾਸੀ ਪਸਰ ਪਸਾਰ, ਦਰ ਦਰ ਘਰ ਘਰ ਡੇਰਾ ਲਾਇੰਦਾ । ਜੋਤ ਪ੍ਰਕਾਸ਼ ਹਰਿ ਉਜਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਮੰਡਲ ਰਾਸੀ ਹੋ ਤਿਆਰ, ਗੋਪੀ ਕਾਹਨ ਆਪ ਨਚਾਇੰਦਾ । ਸੀਤਾ ਰਾਮ ਆਪ ਪਿਆਰ, ਸੀਤਾ ਸੁਰਤੀ ਇਕ ਪ੍ਰਨਾਇੰਦਾ । ਸਦਾ ਅਤੀਤਾ ਏਕੰਕਾਰ, ਆਪਣਾ ਘਰ ਸੁਹਾਇੰਦਾ । ਆਪਣਾ ਭਾਣਾ ਮੀਠਾ ਜਾਣੇ ਆਪ ਗਿਰਧਾਰ, ਆਪਣੇ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲੇ ਖੇਲ ਵਿਚ ਬ੍ਰਹਿਮਾਦਿ, ਸ਼ਬਦ ਨਾਦ ਇਕ ਵਜਾਇੰਦਾ । ਸ਼ਬਦ ਨਾਦ ਸਾਚੀ ਤੂਰ, ਹਰਿ ਹਰਿ ਆਪ ਉਪਜਾਇੰਦਾ । ਆਪੇ ਹੋਏ ਹਾਜ਼ਰ ਹਜ਼ੂਰ, ਨੇੜਾ ਦੂਰ ਆਪ ਅਖਵਾਇੰਦਾ । ਲੱਖ ਚੁਰਾਸੀ ਆਸਾ ਮਨਸਾ ਪੂਰ, ਮੁਕੰਦ ਮਨੋਹਰ ਡੇਰਾ ਲਾਇੰਦਾ । ਤੋੜਣਹਾਰਾ ਨਾਤਾ ਕੂੜ, ਸਚ ਸੁੱਚ ਦਰਸਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਆਪ ਆਪਣੀ ਦਇਆ ਕਮਾਇੰਦਾ । ਕਾਇਆ ਚੋਲੀ ਰੰਗਨ ਚਾੜ੍ਹੇ ਗੂੜ, ਨਾਮ ਮਜੀਠੀ ਇਕ ਚੜ੍ਹਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਦੋ ਜਹਾਨਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ

੯੭੬
੦੭

ਸਰਗੁਣ ਲੇਖ ਲਿਖਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਆਪੇ ਆਪ ਕਰਾਈਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਚੇਲਾ ਨਾਉਂ ਧਰਾਈਆ । ਆਪੇ ਸੱਜਣ ਆਪ ਸੁਹੇਲਾ, ਆਪੇ ਮੇਲ ਮਿਲਾਈਆ । ਆਪੇ ਵਸੇ ਇਕ ਅਕੇਲਾ, ਹਰ ਘਟ ਬੈਠਾ ਆਪੇ ਆਸਣ ਲਾਈਆ । ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਆਪ ਭਵਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤ ਨਿਰੰਜਣ ਪੁਰਖ ਅਬਿਨਾਸ਼ੀ ਚਾੜ੍ਹੇ ਤੇਲਾ, ਆਦਿ ਨਿਰੰਜਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਸਾਚੀ ਧਾਰ, ਹਰਿ ਹਰਿ ਆਪ ਚਲਾਇੰਦਾ । ਆਦਿ ਜੁਗਾਦੀ ਏਕੰਕਾਰ, ਜੁਗ ਜੁਗ ਵੇਸ ਵਟਾਇੰਦਾ । ਸ਼ਬਦੀ ਸ਼ਬਦ ਕਰ ਪਿਆਰ, ਏਕਾ ਰਾਗ ਅਲਾਇੰਦਾ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਏਕਾ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਰੰਗ, ਏਕਾ ਰੰਗ ਰੰਗਾਇਆ । ਆਪ ਸੁਹਾਏ ਆਪਣੀ ਸੇਜ ਪਲੰਘ, ਕਾਇਆ ਮੰਦਰ ਡੇਰਾ ਲਾਇਆ । ਅੰਮ੍ਰਿਤ ਧਾਰ ਵਹਾਏ ਗੰਗ, ਕਵਲ ਕਵਲਾ ਆਪ ਉਲਟਾਇਆ । ਬਜ਼ਰ ਕਪਾਟੀ ਤੋੜੇ ਜੰਦਰ, ਆਪ ਆਪਣਾ ਮੁਖ ਖੁਲ੍ਹਾਇਆ । ਅਨਹਦ ਸ਼ਬਦ ਵਜਾਏ ਮਰਦੰਗ, ਤਾਲ ਤਲਵਾੜਾ ਇਕ ਵਿਖਾਇਆ । ਆਪੇ ਕੱਟਣਹਾਰਾ ਭੁੱਖ ਨੰਗ, ਹਰਿਜਨ ਸਾਚੇ ਵੇਖ ਵਖਾਇਆ । ਪੰਚ ਵਿਕਾਰਾ ਵੇਖੇ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਇਆ । ਸਦਾ ਸੁਹੇਲਾ ਵਸੇ ਸੰਗ, ਆਦਿ ਜੁਗਾਦਿ ਵਿਛੜ ਕਦੇ ਨਾ ਜਾਇਆ । ਜੁਗ ਜੁਗ ਮੰਗਣਹਾਰਾ ਆਪਣੀ ਮੰਗ, ਆਪਣੀ ਭਿਛਿਆ ਆਪਣੀ ਝੋਲੀ ਆਪੇ ਪਾਇਆ । ਦਾਤਾ ਦਾਨੀ ਸੂਰਾ ਸਰਬੰਗ, ਗੁਰ ਸਤਿਗੁਰ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਅਪਣਾ ਵੇਸ ਵਟਾਇਆ । ਵੇਸ ਅਨੇਕਾ ਹਰਿ ਕਰਤਾਰ, ਆਦਿ ਜੁਗਾਦਿ ਕਰਾਇੰਦਾ । ਨਿਰਗੁਣ ਜੋਤੀ ਨੂਰ ਉਜਿਆਰ, ਨੂਰੋ ਨੂਰ ਸਮਾਇੰਦਾ । ਸ਼ਬਦੀ ਡੰਕ ਅਪਰ ਅਪਾਰ, ਪੁਰੀਆਂ ਲੋਆਂ ਆਪ ਸੁਣਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਸਚਖੰਡ ਦਵਾਰਾ ਵੇਖ ਵਖਾਇੰਦਾ । ਥਿਰ ਘਰ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਇਕ ਵਿਛਾਇੰਦਾ । ਨਾ ਕੋਈ ਦਿਸੇ ਚੋਬਦਾਰ, ਨਾ ਕੋਈ ਸੀਸ ਝੁਕਾਇੰਦਾ । ਖੜਗ ਖੰਡਾ ਨਾ ਕੋਈ ਕਟਾਰ, ਨਾ ਕੋਈ ਕਮਾਨ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਖ ਵਖਾਇੰਦਾ । ਆਦਿ ਜੁਗਾਦੀ ਧਰਨੀ ਧਰ, ਧਰਤ ਧਵਲ ਸੁਹਾਇੰਦਾ । ਆਪਣੀ ਕਰਨੀ ਆਪੇ ਕਰ, ਆਪੇ ਵੇਖ ਵਖਾਇੰਦਾ । ਨਾ ਜਨਮੇ ਨਾ ਜਾਏ ਮਰ, ਅਜੂਨੀ ਰਹਿਤ ਨਾਉਂ ਰਖਾਇੰਦਾ । ਅਕਾਲ ਮੂਰਤ ਚੁੱਕੇ ਡਰ, ਨਿਰਭੈ ਰੂਪ ਦਰਸਾਇੰਦਾ । ਆਪ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਸੁਹਾਇੰਦਾ । ਆਪਣਾ ਘਾੜਣ ਆਪੇ ਘੜ, ਆਪੇ ਬਣਤ ਬਣਾਇੰਦਾ । ਆਪਣੇ ਮੰਦਰ ਆਪੇ ਚੜ੍ਹ, ਆਪੇ ਵੇਖ ਵਖਾਇੰਦਾ । ਆਪਣੀ ਜੋਤੀ ਆਪੇ ਸੜ, ਆਪੇ ਰੂਪ ਵਟਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਅੱਖਰ ਵੱਖਰ ਆਪ ਚਲਾਇੰਦਾ । ਆਪਣਾ ਕੋਟ ਸੁਹਾਏ ਗੜ੍ਹ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਹਰ ਘਟ ਮੰਦਰ ਆਪੇ ਵੜ, ਆਪਣਾ ਆਸਣ ਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਆਪ ਲਗਾਏ ਸਭ ਦੀ ਜੜ੍ਹ, ਆਪੇ ਆਪ ਉਖੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਰਖਾਇੰਦਾ । ਆਪਣਾ ਨਾਉਂ ਆਪੇ ਰੱਖ, ਆਪੇ ਰਿਹਾ ਸੁਣਾਈਆ । ਸ਼ਬਦ ਸਰੂਪੀ ਹੋ ਪ੍ਰਤੱਖ, ਸ਼ਬਦੀ ਅਵਾਜ਼ ਲਗਾਈਆ । ਲੱਖ ਚੁਰਾਸੀ ਭਾਂਡੇ ਸੱਖ, ਘਰ ਘਰ ਵੇਖ ਵਖਾਈਆ । ਸੰਤ ਸੁਹੇਲੇ ਕਰੇ ਵੱਖ, ਜੁਗ ਜੁਗ ਵੱਡੀ ਵਡਿਆਈਆ । ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਕਰਾਈਆ । ਆਪ ਚਲਾਏ ਆਪਣਾ ਰਥ, ਵਡ ਦਾਤਾ ਬੇਪਰਵਾਹੀਆ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਾਮਦਾਸ ਚੁਮਿਆਰਾ ਆਸ ਤਕਾਈਆ । ਸ੍ਰਿਸ਼ਟ ਸਬਾਈ ਕਰੇ ਭੱਠ, ਥਿਰ ਕੋਇ ਰਹਿਣ ਨਾ ਪਾਈਆ । ਜੋ ਉਪਜੇ ਸੋ ਜਾਏ ਢੱਠ, ਹਰਿ ਸਾਚੇ ਰਚਨ ਰਚਾਈਆ । ਲਹਿਣਾ ਦੇਣਾ ਚੁਕਾਏ ਤੀਰਥ ਅਠਸਠ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਵੇਖ ਵਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਹਰਿ ਦਵਾਰ ਵਖਾਏ ਏਕਾ ਇਕੱਠ, ਚਰਨ ਕਵਲ ਵੱਡੀ ਵਡਿਆਈਆ । ਲੋਆਂ ਪੁਰੀਆਂ ਵੇਖ ਵਖਾਏ ਨੱਠ ਨੱਠ, ਬ੍ਰਹਮਾ ਵਿਸ਼ਨ ਦੇਵਤ ਸੁਰ ਰਿਹਾ ਜਗਾਈਆ । ਇਕ ਖੁਲ੍ਹਾਏ ਸਾਚਾ ਹੱਟ, ਚੌਦਾਂ ਲੋਕ ਵਣਜ ਕਰਾਈਆ । ਚੌਦਾਂ ਤਬਕਾਂ ਮਾਰੇ ਸੱਟ, ਆਪ ਆਪਣੀ ਬਣਤ ਬਣਾਈਆ । ਏਕਾ ਜੋਤੀ ਨੂਰ ਪ੍ਰਕਾਸ਼ ਘਟ ਘਟ, ਨੂਰ ਇਲਾਹੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖ਼ਾਲਕ ਖ਼ਲਕ ਵਿਚ ਸਮਾਈਆ । ਖ਼ਾਲਕ ਖ਼ਲਕ ਹਰਿ ਰਹਿਮਾਨ, ਏਕਾ ਨੂਰ ਸਮਾਇੰਦਾ । ਆਪ ਆਪਣਾ ਕਰ ਪ੍ਰਧਾਨ, ਆਪੇ ਵੇਖ ਵਖਾਇੰਦਾ । ਆਪ ਆਪਣਾ ਦਏ ਗਿਆਨ, ਆਪ ਆਪਣੀ ਬੂਝ ਬੁਝਾਇੰਦਾ । ਆਪ ਆਪਣੀ ਕਰ ਪਛਾਣ, ਆਪ ਆਪੇ ਵੇਸ ਵਟਾਇੰਦਾ । ਆਪ ਆਪਣਾ ਰੱਖੇ ਮਾਣ, ਆਪ ਆਪਣਾ ਮਾਣ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਾਚੇ ਘਰ, ਸਰਗੁਣ ਡੇਰਾ ਲਾਇੰਦਾ । ਨਿਰਗੁਣ ਸਰਗੁਣ ਸ਼ਬਦ ਕੁੜਮਾਈ, ਹਰਿ ਹਰਿ ਆਪ ਕਰਾਈਆ । ਘਰ ਵਿਚ ਘਰ ਵੱਜੇ ਵਧਾਈ, ਘਰ ਸਾਚਾ ਮੰਗਲ ਗਾਈਆ । ਘਰ ਵਿਚ ਘਰ ਸਗਨ ਮਨਾਈ, ਏਕਾ ਨੇਤਰ ਕਜਲ ਪਾਈਆ । ਘਰ ਬਸਤਰ ਭੂਸ਼ਨ ਚੀਰ ਵਖਾਈ, ਸੋਲਾਂ ਕਲੀਆਂ ਆਪ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਖਾਇਆ । ਨਿਰਗੁਣ ਸਰਗੁਣ ਹਰਿ ਹਰਿ ਨਾਤਾ, ਆਪੇ ਜੋੜ ਜੁੜਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਗੁਣ ਅਵਗੁਣ ਨਾ ਕੋਈ ਵਖਾਇੰਦਾ । ਆਪੇ ਦਿਵਸ ਆਪੇ ਰਾਤਾ, ਮਾਸ ਬਰਸ ਆਪ ਹੋ ਜਾਇੰਦਾ । ਆਪੇ ਪਿਤਾ ਆਪੇ ਮਾਤਾ, ਆਪੇ ਖੇਲ ਖਲਾਇੰਦਾ । ਆਪੇ ਦੇਵਣਹਾਰਾ ਦਾਤਾ, ਆਪੇ ਵੰਡ ਵੰਡਾਇੰਦਾ । ਆਪੇ ਜਾਣੇ ਆਪਣੀ ਗਾਥਾ, ਆਪੇ ਆਪ ਸੁਣਾਇੰਦਾ । ਆਪੇ ਹੋ ਤ੍ਰਲੋਕੀ ਨਾਥਾ, ਤ੍ਰੈ ਲੋਕਾਂ ਵੇਖ ਵਖਾਇੰਦਾ । ਆਪੇ ਪੂਜਾ ਆਪੇ ਪਾਠਾ, ਆਪੇ ਰਸਨਾ ਗਾਇੰਦਾ । ਆਪੇ ਤੀਰਥ ਆਪੇ ਤਾਟਾ, ਆਪ ਅਸ਼ਨਾਨ ਕਰਾਇੰਦਾ । ਆਪੇ ਵੇਖੇ ਚੌਦਾਂ ਹਾਟਾ, ਚੌਦਾਂ ਲੋਕਾਂ ਫੇਰੀ ਪਾਇੰਦਾ । ਆਪੇ ਖੇਲੇ ਖੇਲ ਬਾਜ਼ੀਗਰ ਨਾਟਾ, ਜੁਗ ਜੁਗ ਵੇਸ ਵਟਾਇੰਦਾ । ਅੰਮ੍ਰਿਤ ਵੇਖੇ ਕਾਇਆ ਬਾਟਾ, ਆਪੇ ਮੁਖ ਲਗਾਇੰਦਾ । ਆਪੇ ਪੂਰਾ ਕਰਨਹਾਰਾ ਘਾਟਾ, ਆਪਣੇ ਕੰਡੇ ਆਪ ਤੁਲਾਇੰਦਾ । ਆਪੇ ਨੇੜੇ ਰੱਖੇ ਵਾਟਾ, ਦੂਰ ਦੁਰੇਡਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਖੇਲ ਕਰ, ਘਰ ਸਾਚਾ ਇਕ ਸੁਹਾਇੰਦਾ । ਨਿਰਗੁਣ ਸਰਗੁਣ ਏਕਾ ਧਾਰ, ਹਰਿ ਹਰਿ ਆਪ ਖਲਾਈਆ । ਮੇਲ ਮਿਲਾਵਾ ਗ਼ਰੀਬ ਨਿਵਾਜ਼ਾ, ਘਰ ਸਾਚੇ ਮੇਲਾ ਸਹਿਜ ਸੁਭਾਈਆ । ਸ਼ਬਦ ਅਗੰਮੀ ਮਾਰੇ ਵਾਜਾ, ਸੁੰਨ ਸਮਾਧੀ

੬੭੮
੦੨

ਆਪ ਵਿਖਾਈਆ । ਚਿੱਟਾ ਅਸਵ ਘੋੜਾ ਤਾਜਾ, ਆਪੇ ਰਿਹਾ ਦੌੜਾਈਆ । ਪੁਰਖ ਅਗੰਮਾ ਆਇਆ ਭਾਜਾ, ਨੇਤਰ ਨੈਣ ਦਿਸ ਨਾ ਆਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਪੁਰਖ ਅਬਿਨਾਸ਼ਾ ਨਾਉਂ ਰਖਾਈਆ । ਆਪੇ ਰਚਿਆ ਆਪਣਾ ਕਾਜਾ, ਆਪੇ ਮੰਗਲ ਗਾਈਆ । ਆਪੇ ਹਾਜੀ ਆਪੇ ਹਾਜਾ, ਮੱਕਾ ਕਾਅਬਾ ਵੇਖ ਵਖਾਈਆ । ਆਪੇ ਵੇਖੇ ਖੇਲ ਦੋ ਦੋ ਆਬਾ, ਪੁਨ ਸਵਾਬ ਨਾ ਕੋਈ ਰਖਾਈਆ । ਆਪੇ ਚਰਨ ਟਿਕਾਏ ਵਿਚ ਰਕਾਬਾ, ਸ਼ਾਹ ਅਸਵਾਰ ਆਪ ਹੋ ਜਾਈਆ । ਆਪੇ ਅੰਮ੍ਰਿਤ ਬਖ਼ਸ਼ੇ ਕਵਲ ਨਾਭਾ, ਆਪੇ ਫੁੱਲ ਖਿਲਾਈਆ । ਆਪ ਵਜਾਏ ਬਹੱਤਰ ਨਾੜ ਤਨ ਰਬਾਬਾ, ਸਾਰਿੰਗ ਸਾਰਿੰਗ ਇਕ ਵਖਾਈਆ । ਆਪ ਜਣਾਏ ਸ਼ਬਦ ਅਗਾਧਾ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਵਿਚ ਸਮਾਈਆ । ਨਿਰਗੁਣ ਸਰਗੁਣ ਆਪ ਸਮਾ, ਆਪਣੀ ਖੇਲ ਖਿਲਾਈਆ । ਆਪਣਾ ਤੇਲ ਆਪ ਚੜ੍ਹਾ, ਆਪੇ ਵੇਖ ਵਖਾਈਆ । ਆਪਣਾ ਬੰਧਨ ਆਪੇ ਪਾ, ਆਪੇ ਤੋੜ ਤੁੜਾਈਆ । ਸਦ ਬਖ਼ਸ਼ਿੰਦਨ ਨਾਮ ਧਰਾ, ਧੁਰ ਦਾਤਾ ਵਡ ਬੇਪਰਵਾਹੀਆ । ਸਾਚੀ ਗਾਥਾ ਆਪ ਪੜ੍ਹਾ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹੰ ਹੰਗਤਾ ਮੇਟ ਮਿਟਾ, ਨਾਨਕ ਅੰਗਦ ਅੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਹੰ ਬ੍ਰਹਮ ਸੋਹੰ ਸੋ ਓਮ ਓਅੰਕਾਰ ਨਿਰੰਕਾਰ ਨਿਰਾਕਾਰ ਸਾਕਾਰ ਆਪ ਅਖਵਾਈਆ ।



## * ੨੮ ਮੱਘਰ ੨੦੧੫ ਬਿਕ੍ਰਮੀ ਬਚਨ ਸਿੰਘ ਦੇ ਘਰ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ *

ਤੀਰਥ ਤੱਟ ਚਰਨ ਦਵਾਰ, ਹਰਿ ਹਰਿ ਇਕ ਵਖਾਈਆ । ਵਸਣਹਾਰਾ ਘਟ ਘਟ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਦੁਰਮਤ ਮੈਲ ਦੇਵੇ ਕੱਟ, ਜੋ ਜਨ ਰਹੇ ਸਰਨਾਈਆ । ਤਨ ਪਹਿਨਾਏ ਨਾਮ ਪੱਟ, ਉਤਰ ਕਦੇ ਨਾ ਜਾਈਆ । ਇਕ ਵਖਾਏ ਸਾਚਾ ਹੱਟ, ਕਾਇਆ ਮੰਦਰ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੋਤ ਜਗਾਈਆ । ਤੀਰਥ ਤੱਟ ਗੁਰਚਰਨ ਦਵਾਰ, ਹਰਿ ਹਰਿ ਆਪ ਰਖਾਇੰਦਾ । ਇਕ ਇਕੱਲਾ ਏਕੰਕਾਰ, ਆਦਿ ਜੁਗਾਦਿ ਸਮਾਇੰਦਾ । ਜੁਗ ਜੁਗ ਲੋਕਮਾਤ ਲਏ ਅਵਤਾਰ, ਆਪ ਆਪਣਾ ਖੇਲ ਖਿਲਾਇੰਦਾ । ਭੇਵ ਅਭੇਦਾ ਭੇਵ ਨਿਵਾਰ, ਵਾਰ ਥਿਤ ਨਾ ਕੋਇ ਜਣਾਇੰਦਾ । ਅਛਲ ਅਛੇਦਾ ਵਿਚ ਸੰਸਾਰ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਵਖਾਇੰਦਾ । ਤੀਰਥ ਤੱਟ ਹਰਿ ਘਰ, ਹਰਿਜਨ ਆਪ ਬੁਝਾਈਆ । ਆਪ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਵਖਾਈਆ । ਲੱਖ ਚੁਰਾਸੀ ਜਾਏ ਹਰ, ਜਨਮ ਮਰਨ ਫੰਦ ਕਟਾਈਆ । ਦੋ ਜਹਾਨਾਂ ਦੇਵੇ ਵਰ, ਘਰ ਸਾਚੇ ਮੇਲ ਮਿਲਾਈਆ । ਆਵਣ ਜਾਵਣ ਚੁੱਕੇ ਡਰ, ਰਾਏ ਧਰਮ ਨਾ ਦਏ ਸਜਾਈਆ । ਗੁਰਮੁਖ ਸਾਚੇ ਆਪੇ ਫੜ, ਆਪੇ ਲਏ ਉਠਾਈਆ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਰਿਹਾ ਪੜ੍ਹਾਈਆ । ਆਪੇ ਤੋੜ ਹੰਕਾਰੀ ਗੜ੍ਹ, ਸਾਚਾ ਮੰਦਰ ਇਕ ਸੁਹਾਈਆ । ਦਰਸ ਦਿਖਾਏ ਅੱਗੇ ਖੜ, ਪਾਰਬ੍ਰਹਮ ਵੱਡੀ ਵਡਿਆਈਆ । ਹਰਿਸੰਗਤ ਲਾਏ ਆਪੇ ਜੜ੍ਹ, ਲੱਖ ਚੁਰਾਸੀ ਰਿਹਾ ਉਖੜਾਈਆ । ਮਾਇਆ ਮਮਤਾ ਆਪ ਵਹਾਏ ਹੜ੍ਹ,

ਜੂਠ ਝੂਠ ਦਏ ਰੁੜ੍ਹਾਈਆ । ਏਕਾ ਅਗਨੀ ਜਾਇਣ ਸੜ, ਜੋਤੀ ਲੰਬੂ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਆਪ ਅਖਵਾਈਆ ।

ਘਰ ਸੱਜਣ ਸੁਲਤਾਨ, ਹਰੀ ਹਰਿ ਹਰਿ ਨਿਰੰਕਾਰਿਆ । ਦਾਤਾ ਦਾਨੀ ਮਿਹਰਬਾਨ, ਭਰੇ ਨਾਮ ਸ਼ਬਦ ਭੰਡਾਰਿਆ । ਆਦਿਨ ਅੰਤਾ ਕਰ ਪਛਾਣ, ਗੁਰਮੁਖ ਸਾਚੇ ਲਏ ਉਭਾਰਿਆ । ਆਤਮ ਅੰਤਰ ਇਕ ਧਿਆਨ, ਏਕਾ ਰੂਪ ਜਣਾ ਰਿਹਾ । ਏਕਾ ਸ਼ਬਦ ਇਕ ਬਿਬਾਣ, ਏਕਾ ਪੁਰਖ ਬਿਠਾ ਲਿਆ । ਏਕਾ ਮੰਤਰ ਇਕ ਗਿਆਨ, ਏਕਾ ਬੂਝ ਬੁਝਾ ਲਿਆ । ਏਕਾ ਅੰਮ੍ਰਿਤ ਪੀਣ ਖਾਣ, ਏਕਾ ਮੁਖ ਚੁਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖ ਵਖਾ ਰਿਹਾ । ਕਲਜੁਗ ਤੇਰਾ ਸਾਚਾ ਨਿਯਮ ਨੇਮ, ਹਰਿ ਹਰਿ ਬਣਤ ਬਣਾਈਆ । ਅਬਿਨਾਸ਼ੀ ਕਰਤਾ ਇਕ ਪ੍ਰੇਮ, ਆਪਣਾ ਆਪ ਜਣਾਈਆ । ਦੇਵਣਹਾਰਾ ਲਹਿਣਾ ਦੇਣ, ਜੁਗ ਜੁਗ ਵੇਸ ਵਟਾਈਆ । ਸ੍ਰਿਸ਼ਟ ਸਬਾਈ ਸਾਕ ਸੱਜਣ ਸੈਣ, ਅਗੰਮ ਅਗੰਮੜਾ ਆਪ ਅਖਵਾਈਆ । ਜਨ ਹਰਿ ਹਰਿਜਨ ਦਰਸ ਦਿਖਾਏ ਆਪਣੇ ਨੈਣ, ਜਗਤ ਨੇਤਰ ਮੂੰਧ ਮੁੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਠਾਂਡਾ ਇਕ ਸੁਹਾਈਆ । ਠਾਂਡਾ ਘਰ ਥਿਰ ਦਰਬਾਰ, ਹਰਿ ਹਰਿ ਬਣਤ ਬਣਾਈਆ । ਇਕ ਇਕੱਲਾ ਏਕੰਕਾਰ, ਹਰਿ ਬੈਠਾ ਬੇਪਰਵਾਹੀਆ । ਨਿਰਗੁਣ ਜੋਤੀ ਜੋਤ ਉਜਿਆਰ, ਕਮਲਾਪਾਤੀ ਆਪ ਉਪਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਅਨਭਵ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰੇ ਵਿਚ ਸੰਸਾਰ, ਮੂਰਤ ਅਕਾਲ ਵੱਡੀ ਵਡਿਆਈਆ । ਦੀਨ ਦਿਆਲਾ ਪਾਵੇ ਸਾਰ, ਜੀਆਂ ਦਾਤਾ ਵੇਸ ਵਟਾਈਆ । ਵੇਖ ਵਖਾਏ ਮੰਦਰ ਸੱਚੀ ਧਰਮਸਾਲ, ਨਾ ਕੋਈ ਚਾਰ ਦਿਵਾਰ ਛੱਪਰ ਛੰਨ ਨਾ ਕੋਈ ਸੁਹਾਈਆ । ਸੰਤਨ ਮੀਤਾ ਹੋ ਉਜਿਆਰ, ਆਪ ਆਪਣੀ ਕਲ ਵਰਤਾਈਆ । ਪਤਿਤ ਪੁਨੀਤਾ ਕਰੇ ਬ੍ਰਹਮ ਪਿਆਰ, ਪਾਰਬ੍ਰਹਮ ਵੱਡੀ ਵਡਿਆਈਆ । ਸਦਾ ਅਤੀਤਾ ਏਕਾ ਧਾਰ, ਨਿਰਗੁਨ ਸਰਗੁਣ ਵਿਚ ਸਮਾਈਆ । ਲੱਖ ਚੁਰਾਸੀ ਆਪੇ ਜੀਤਾ, ਨਾ ਮਰੇ ਨਾ ਜਾਈਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਨ ਨਾਉਂ ਧਰਾਈਆ । ਏਕਾ ਨਾਉਂ ਏਕਾ ਗੀਤਾ, ਇਕ ਪੁਰਾਨ ਪੜ੍ਹਾਈਆ । ਏਕਾ ਮੰਦਰ ਇਕ ਮਸੀਤਾ, ਗੁਰਦਵਾਰ ਇਕ ਜਣਾਈਆ । ਏਕਾ ਨਾਮ ਸ਼ਬਦ ਅਨਡੀਠਾ, ਹਰਿਜਨ ਝੋਲੀ ਪਾਈਆ । ਕਾਇਆ ਕਰੇ ਮਿਠਾ ਰੀਠਾ, ਕੂੜੀ ਕਿਰਿਆ ਮੇਟ ਮਿਟਾਈਆ । ਆਦਿ ਜੁਗਾਦੀ ਸਾਚੀ ਰੀਤਾ, ਜੁਗ ਜੁਗ ਆਪ ਚਲਾਈਆ । ਊਚਾਂ ਨੀਚਾਂ ਹਸਤ ਕੀਟਾਂ ਸਾਚਾ ਮੀਤਾ, ਸਾਚੀ ਪੈਜ ਰਖਾਈਆ । ਨਾਮ ਨਿਧਾਨਾ ਗੁਰਮੁਖ ਵਿਰਲੇ ਮਾਤ ਪੀਤਾ, ਭਰਮੇ ਭੁੱਲੀ ਸਰਬ ਲੋਕਾਈਆ । ਦਿਵਸ ਰੈਣ ਰਖਾਏ ਠੰਡਾ ਸੀਤਾ, ਨਿਝਰ ਧਾਰਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਥਿਰ ਘਰ ਸਾਚਾ ਵੇਖ ਵਖਾਈਆ । ਥਿਰ ਘਰ ਸਾਚਾ ਸਚ ਮਹੱਲਾ, ਨਿਰਗੁਣ ਜੋਤ ਜਗਾਇੰਦਾ । ਏਕੰਕਾਰ ਇਕ ਇਕੱਲਾ, ਏਕੰਕਾਰਾ ਓਅੰਕਾਰਾ ਰੂਪ ਵਟਾਇੰਦਾ । ਵਿਸ਼ਨੂੰ ਵੰਸੀ ਕਰ ਪਿਆਰਾ, ਵਿਸ਼ਨੂੰ ਰੂਪ ਸਮਾਇੰਦਾ । ਦੇਸ ਦਿਸੰਤਰ ਹੋ ਉਜਿਆਰਾ, ਨੌਂ ਸਤ ਫੇਰਾ ਪਾਇੰਦਾ । ਬ੍ਰਹਿਮੰਡ ਖੰਡ ਦਏ ਉਧਾਰਾ, ਜੇਰਜ ਅੰਡ ਵਖਾਇੰਦਾ । ਵਰਭੰਡੀ ਖੇਲੇ ਖੇਲ ਨਿਆਰਾ, ਆਦਿਨ ਅੰਤਾ

ਭੇਵ ਛੁਪਾਇੰਦਾ । ਭੇਖ ਪਖੰਡਾ ਪਾਰ ਕਿਨਾਰਾ, ਨਾਮ ਖੰਡਾ ਹੱਥ ਚਮਕਾਇੰਦਾ । ਨਾਮ ਦਾਨ ਰਿਹਾ ਵੰਡ ਹਰਿ ਗਿਰਧਾਰਾ, ਗੁਰਮੁਖ ਵਿਰਲਾ
ਝੋਲੀ ਡਾਹਿੰਦਾ । ਸ੍ਰਿਸ਼ਟ ਸਬਾਈ ਹੋਏ ਖ਼ਵਾਰਾ, ਚਾਰੇ ਕੁੰਟ ਕੁਰਲਾਇੰਦਾ । ਦਹਿ ਦਿਸ਼ਾ ਹਾਹਾਕਾਰਾ, ਸਤਿ ਸੰਤੋਖ ਨਾ ਕੋਈ ਧਰਾਇੰਦਾ । ਆਤਮ
ਅੰਦਰ ਮੰਦਰ ਧੁਆਂਧਾਰਾ, ਸਚ ਜੋਤ ਨਾ ਕੋਈ ਜਗਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਰੈਣ ਅੰਧੇਰਾ ਛਾਇੰਦਾ । ਕਿਸੇ ਨਾ ਦਿਸੇ ਸਚ
ਦਵਾਰਾ, ਸਤਿ ਪੁਰਖ ਨਿਰੰਜਣ ਨੇਤਰ ਨੈਣ ਨਾ ਦਰਸ਼ਨ ਪਾਇੰਦਾ । ਆਦਿਨ ਅੰਤਾ ਕਰ ਪਸਾਰਾ, ਅਕਲ ਕਲ ਵਰਤਾਇੰਦਾ । ਖੇਲੇ ਖੇਲ ਅਗੰਮ
ਅਪਾਰਾ, ਅਲੱਖ ਅਗੋਚਰ ਨਾਉਂ ਧਰਾਇੰਦਾ । ਜੋਤੀ ਜੋਤ ਉਜਿਆਰਾ, ਸ਼ਬਦੀ ਸ਼ਬਦ ਡੰਕ ਵਜਾਇੰਦਾ । ਦੋ ਜਹਾਨਾਂ ਖੇਲ ਨਿਆਰਾ, ਤ੍ਰੈਗੁਣ
ਆਪ ਸਮਾਇੰਦਾ । ਚੌਦਾਂ ਹੱਟਾਂ ਖੋਲ੍ਹ ਕਿਵਾੜਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜਾ, ਜਲਾਂ ਥਲਾਂ ਆਪ
ਵਹਾਇੰਦਾ । ਗੁਰਮੁਖ ਸਾਜਣ ਸਾਚਾ ਲਾੜਾ, ਘਰ ਸਾਚਾ ਸਗਨ ਮਨਾਇੰਦਾ । ਪੰਚਮ ਸਖੀਆਂ ਲਾਇਆ ਅਖਾੜਾ, ਗੀਤ ਸੁਹਾਗੀ ਮੰਗਲ ਗਾਇੰਦਾ ।
ਨਾੜ ਬਹੱਤਰ ਵੱਜੇ ਤਾੜਾ, ਏਕਾ ਤਾਲ ਰਖਾਇੰਦਾ । ਆਪੇ ਹੋਏ ਪਿਛੇ ਅਗਾੜਾ, ਅੱਗੇ ਪਿੱਛੇ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਥਿਰ ਘਰ ਵਾਸੀ ਲੇਖ ਲਿਖਾਇੰਦਾ । ਥਿਰ ਘਰ ਵਾਸੀ ਏਕੰਕਾਰ, ਅਕਲ ਕਲਾ ਵਰਤਾਈਆ ।
ਸ੍ਰਿਸ਼ਟ ਸਬਾਈ ਕਰ ਪਿਆਰ, ਘਰ ਘਰ ਆਸਣ ਲਾਈਆ । ਆਪੇ ਉਤਪਤ ਕਰ ਸੰਸਾਰ, ਆਪੇ ਮੇਟ ਮਿਟਾਈਆ । ਆਪੇ ਨਾਮ ਕਰ ਜੈਕਾਰ,
ਆਪੇ ਰਿਹਾ ਸੁਣਾਈਆ । ਆਪੇ ਦੀਪਕ ਬਾਤੀ ਹੋ ਉਜਿਆਰ, ਆਪੇ ਲਏ ਬੁਝਾਈਆ । ਆਪੇ ਮਹੱਲ ਅਟੱਲ ਉਚ ਮਿਨਾਰ, ਆਪੇ ਡੇਰਾ ਲਾਈਆ ।
ਆਪੇ ਖੜਗ ਖੰਡਾ ਬਣ ਕਟਾਰ, ਆਪੇ ਰਿਹਾ ਚਮਕਾਈਆ । ਆਪੇ ਸੀਸ ਧੜ ਆਪਾ ਵਾਰ, ਆਪੇ ਪੰਜ ਤਤ ਕਰੇ ਕੁੜਮਾਈਆ । ਆਪੇ ਰਕਤ
ਮਿਝ ਲਹੂ ਗਾਰ, ਹੱਡ ਮਾਸ ਜੋੜ ਜੁੜਾਈਆ । ਆਪੇ ਵਸੇ ਸਭ ਤੋਂ ਬਾਹਿਰ, ਦਿਸ ਕਿਸੇ ਨਾ ਆਈਆ । ਆਪੇ ਖੇਲੇ ਖੇਲ ਅਗੰਮ ਅਪਾਰ,
ਅੰਤ ਸੰਤ ਸਮਾਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਸਗਲਾ ਸੰਗ ਨਿਭਾਈਆ । ਮਨ ਮਤ ਬੁੱਧ ਮੇਲ ਅਪਾਰ, ਸਗਲਾ ਸੰਗ ਨਿਭਾਈਆ ।
ਰਜੋ ਤਮੋ ਸਤੋ ਤੇਰਾ ਵੇਖ ਦਵਾਰ, ਲੋਕਮਾਤ ਫੇਰਾ ਪਾਈਆ । ਬ੍ਰਹਮਾ ਵੇਤਾ ਕਰੇ ਪਿਆਰ, ਨੇਤਰ ਨੈਣ ਆਪ ਉਠਾਈਆ । ਸ਼ਿਵ ਸ਼ੰਕਰ ਦਰ
ਕੱਢੇ ਹਾੜ, ਨੇਤਰ ਰੋ ਰੋ ਨੀਰ ਵਹਾਈਆ । ਕਰੋੜ ਤੇਤੀਸਾ ਅੱਗੇ ਭਾੜ, ਸਚ ਵਸਤ ਨਾ ਕੋਈ ਵਖਾਈਆ । ਪੁਰਖ ਅਗੰਮਾ ਲੁੱਟੀ ਜਾਏ ਦਿਨ
ਦਿਹਾੜ, ਔਂਦਾ ਜਾਂਦਾ ਦਿਸ ਨਾ ਆਈਆ । ਕਲਜੁਗ ਤੇਰਾ ਸਚ ਅਖਾੜ, ਹਰਿ ਸਾਚੀ ਰਚਨ ਰਚਾਈਆ । ਦਿਵਸ ਸੁਹਾਏ ਸਤਾਰਾਂ ਹਾੜ,
ਸੁੱਖ ਸਹਿਜ ਸਹਿਜ ਸਮਾਈਆ । ਰਿਖੀ ਮੁਨੀ ਨਾ ਪਾਵੇ ਕੋਈ ਸਾਰ, ਜਪ ਤਪ ਹੱਠ ਨਾ ਕੋਈ ਵਖਾਈਆ । ਮੰਦਰ ਅੰਦਰ ਇਕ ਉਜਿਆਰ,
ਏਕਾ ਏਕ ਸ਼ਬਦ ਜਣਾਈਆ । ਨੌਂ ਦਵਾਰੇ ਪਾਰ ਕਿਨਾਰ, ਦਰ ਦਰਬਾਰ ਇਕ ਵਡਿਆਈਆ । ਅੰਦਰ ਵੜ ਜੋ ਜਨ ਚਰਨ ਸਰਨ ਕਰੇ ਨਿਮਸਕਾਰ,
ਦਸਮ ਦੁਆਰੀ ਇਕ ਸੁਹਾਈਆ । ਸਚ ਸਿੰਘਾਸਣ ਬੈਠਾ ਹਰਿ ਨਿਰੰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਢੇ ਤਿੰਨ ਹੱਥ ਪਲੰਘ ਅਪਾਰ,
ਆਪ ਆਪਣਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਦਏ ਜਗਤ
ਵਡਿਆਈਆ । ਭਗਤ ਵਛਲ ਹਰਿ ਗਿਰਧਾਰ, ਏਕਾ ਏਕ ਅਖਵਾਇੰਦਾ । ਸਾਜਣ ਸਾਚਾ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਸਾਚੇ

ਮੰਦਰ ਕਰ ਪਿਆਰ, ਸਚ ਸਿੰਘਾਸਣ ਲਾਇੰਦਾ । ਆਪੇ ਪੁਰਖ ਆਪੇ ਨਾਰ, ਕੰਤ ਸੁਹਾਗੀ ਆਪ ਅਖਵਾਇੰਦਾ । ਆਪ ਉਪਾਏ ਸੁਤ ਦੁਲਾਰ, ਸ਼ਬਦੀ ਸ਼ਬਦ ਨਾਉਂ ਰਖਾਇੰਦਾ । ਦੋਹਾਂ ਵਿਚੋਲਾ ਅਪਰ ਅਪਾਰ, ਆਪਣੀ ਧਾਰ ਬੰਧਾਇੰਦਾ । ਆਪਣੇ ਰੰਗ ਰਵੇ ਕਰਤਾਰ, ਕਰਨੀ ਕਰਤਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰਾ ਹਰਿ ਸਮਰਥਾ, ਵਡ ਵੱਡੀ ਵਡਿਆਈਆ । ਸ਼ਬਦ ਜਣਾਈ ਅਕੱਥਨਾ ਅਕੱਥਾ, ਲੇਖਾ ਲਿਖ ਨਾ ਸਕੇ ਰਾਈਆ । ਦੋ ਜਹਾਨ ਚਲਾਏ ਆਪਣਾ ਰਥਾ, ਰਥ ਰਥਵਾਹੀ ਨਾਉਂ ਧਰਾਈਆ । ਸ਼ਬਦ ਨਿਰਾਲਾ ਫੜਿਆ ਭੱਥਾ, ਏਕਾ ਚਿਲਾ ਤੀਰ ਕਮਾਨ ਉਠਾਈਆ । ਵੇਖ ਵਖਾਏ ਅਠਸਠਾ, ਆਪ ਆਪਣਾ ਰੂਪ ਵਟਾਈਆ । ਭਗਤ ਦਵਾਰੇ ਫਿਰੇ ਨੱਠਾ, ਦਿਵਸ ਰੈਣ ਸੇਵ ਕਮਾਈਆ । ਕਲਜੁਗ ਬੁਰਜ ਅੰਤਮ ਢੱਠਾ, ਉਚ ਮਹੱਲ ਨਾ ਕੋਈ ਦਿਸਾਈਆ । ਆਪਣੀ ਗੇੜੇ ਆਪੇ ਲੱਠਾ, ਗੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਨੂਰ ਉਜਾਲਾ, ਹਰਿ ਹਰਿ ਰੂਪ ਵਟਾਇਆ । ਪਰਮ ਪੁਰਖ ਦੀਨ ਦਿਆਲਾ, ਅਲੱਖ ਨਿਰੰਜਣ ਵੇਸ ਵਟਾਇਆ । ਸਰਬ ਜੀਆਂ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਆਪ ਹੋ ਜਾਇਆ । ਸੰਗ ਰਖਾਏ ਕਾਲ ਮਹਾਂਕਾਲਾ, ਕਾਲ ਮਹਾਂਕਾਲ ਆਪ ਹੋ ਜਾਇਆ । ਕਲਜੁਗ ਤੇਰਾ ਫਲ ਲੱਗਾ ਵੇਖੇ ਡਾਲਾ, ਪਤ ਡਾਲੀ ਫੋਲ ਫੁਲਾਇਆ । ਜਗਤ ਬੰਧਨ ਤੋੜ ਲੱਖ ਚੁਰਾਸੀ ਜੰਜਾਲਾ, ਬੰਧਨ ਬੰਧ ਰਹੇ ਨਾ ਰਾਇਆ । ਮੇਲ ਮਿਲਾਵਾ ਦਰ ਘਰ ਸੱਚਾ ਸੱਚੀ ਧਰਮਸਾਲਾ, ਦਰ ਮੰਦਰ ਇਕ ਖੁਲ੍ਹਾਇਆ । ਇਕ ਬੇਹੰਗਮ ਚਲੇ ਚਾਲਾ, ਦੂਈ ਧਾਰ ਨਾ ਕੋਇ ਬੰਧਾਇਆ । ਸੋਹੰ ਸ਼ਬਦ ਗਲ ਪਾਈ ਮਾਲਾ, ਅਜੱਪਾ ਜਾਪ ਜਪ ਜਪ ਆਪਣੇ ਹੱਥ ਰਖਾਇਆ । ਆਪਣੀ ਹੱਥੀਂ ਤ੍ਰੈਗੁਣ ਲੱਗਾ ਖੋਲ੍ਹੇ ਤਾਲਾ, ਨਾਮ ਕੁੰਜੀ ਆਪ ਭਵਾਇਆ । ਸੁਰਤ ਸਵਾਣੀ ਹੋਏ ਹਾਲ ਬੇਹਾਲਾ, ਸ਼ਬਦ ਹਾਣੀ ਦਰਸ਼ਨ ਪਾਇਆ । ਦੋਹਾਂ ਮੇਲਾ ਆਤਮ ਸੇਜਾ ਰਾਹ ਸੁਖਾਲਾ, ਘਰ ਸਾਚਾ ਵੇਖ ਵਖਾਇਆ । ਦੀਨ ਦਿਆਲਾ ਸਤਿਗੁਰ ਮਿਲਿਆ ਗੁਰ ਗੋਪਾਲਾ, ਗੁਰ ਸ਼ਬਦ ਰੂਪ ਵਟਾਇਆ । ਦਿਵਸ ਰੈਣ ਅੱਠ ਪਹਿਰ ਮਾਸ ਬਰਸ ਚਲੇ ਨਾਲ ਨਾਲਾ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦੇਵਣਹਾਰਾ ਸਾਚਾ ਵਰ, ਅਠਸਠ ਲਹਿਣਾ ਮੂਲ ਚੁਕਾਇਆ ।

### * ੨੮ ਮੱਘਰ ੨੦੧੫ ਬਿਕਰਮੀ ਸਰੈਣ ਸਿੰਘ ਦੇ ਘਰ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ *

ਹਰਿਜਨ ਆਪ ਪਛਾਣਿਆ, ਆਪ ਆਪਣੀ ਕਿਰਪਾ ਧਾਰ । ਗ਼ਰੀਬ ਨਿਮਾਣੇ ਬਾਲ ਅੰਞਾਣਿਆ, ਕਰੇ ਕਰਾਏ ਸਚ ਪਿਆਰ । ਦਾਤਾ ਦਾਨੀ ਗੁਣ ਨਿਧਾਨਿਆ, ਪੂਰਬ ਕਰਮਾਂ ਰਿਹਾ ਵਿਚਾਰ । ਚਰਨ ਕਵਲ ਦੇਵੇ ਸਾਚਾ ਮਾਣਿਆ, ਦਰ ਸੁਹਾਏ ਇਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਣਵੰਤਾ ਨਾਉਂ ਵਖਾਣਿਆ । ਹਰਿਜਨ ਹਰਿ ਹਰਿ ਰਤਿਆ, ਰਾਮ ਨਾਮ ਰਤਨ ਅਪਾਰ । ਆਪੇ ਦੇ ਸਮਝਾਵੇ ਮੱਤਿਆ, ਏਕਾ ਵਣਜ ਨਾਮ ਵਾਪਾਰ । ਏਕਾ ਦੇਵੇ ਸਾਚੀ ਵੱਥਿਆ, ਵਡ ਦਾਨੀ ਸ਼ਬਦ ਭੰਡਾਰ । ਲਹਿਣਾ ਦੇਣ ਚੁਕਾਏ ਹੱਥੋ ਹੱਥਿਆ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਹਰਿ ਹਰਿ ਪਾਇਆ, ਘਰ ਘਰ ਵੱਜੀ ਵਧਾਈਆ । ਘਰ ਘਰ ਮੰਗਲ ਗਾਇਆ, ਘਰ ਘਰ ਖ਼ੁਸ਼ੀ ਮਨਾਈਆ । ਘਰ ਘਰ ਸਗਨ ਮਨਾਇਆ, ਘਰ ਘਰ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਵਖਾਈਆ । ਹਰਿਜਨ ਹਰਿ ਹਰਿ ਗਾਇਆ, ਰਸਨਾ ਜਿਹਵਾ ਮੀਤ । ਸਤਿਗੁਰ ਪੂਰਾ ਇਸ਼ਟ ਮਨਾਇਆ, ਘਰ ਘਰ ਸਾਚੇ ਸਾਚੀ ਰੀਤ । ਸਤਿਗੁਰ ਪੂਰਾ ਦਇਆ ਕਮਾਇਆ, ਵੇਖਣਹਾਰਾ ਪਤਿਤ ਪੁਨੀਤ । ਅੰਤਮ ਲੇਖਾ ਲੇਖੇ ਲਾਇਆ, ਰੰਗ ਰੰਗਾਏ ਹਸਤ ਕੀਟ । ਮਸਤਕ ਰੇਖਾ ਆਪ ਲਗਾਇਆ, ਮਾਨਸ ਦੇਹੀ ਮਾਨੁਖ ਜੀਤ । ਚਰਨ ਕਵਲ ਸਰਨਾਇਆ, ਸਾਚੀ ਮੰਦਰ ਮਸੀਤ । ਭੈ ਭੰਜਨ ਘਰ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਅਤੀਤ । ਹਰਿਜਨ ਹਰਿ ਹਰਿ ਬੋਧਿਆ, ਬੁੱਧ ਬਿਬੇਕ ਵਿਚਾਰ । ਮਨ ਤਨ ਆਪੇ ਸੋਧਿਆ, ਰਸਨਾ ਨਾਉਂ ਉਚਾਰ । ਗੁਰਸਿਖ ਸਾਚਾ ਜੋਧਨ ਜੋਧਿਆ, ਮਾਰੇ ਦੁਸ਼ਟ ਦੂਤ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਹਰਿ ਹਰਿ ਪੇਖਿਆ, ਨੇਤਰ ਨੈਣ ਉਘਾੜ । ਪ੍ਰਭ ਲਿਖਣਹਾਰਾ ਲੇਖਿਆ, ਦਰ ਘਰ ਸਾਚੇ ਦੇਵੇ ਵਾੜ । ਕੱਢਣਹਾਰਾ ਭਰਮ ਭੁਲੇਖਿਆ, ਮੇਟ ਮਿਟਾਏ ਪੰਚਮ ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਵੇਖੇ ਸਚ ਅਖਾੜ । ਘਰ ਸਾਚਾ ਹਰਿ ਹਰਿ ਮੇਲਿਆ, ਦਿਵਸ ਰੈਣ ਪ੍ਰਭਾਤ । ਖੇਲੇ ਖੇਲ ਇਕ ਅਕੇਲਿਆ, ਪੁਰਖ ਅਬਿਨਾਸ਼ੀ ਆਦਿ ਜੁਗਾਦਿ ਹਰਿਜਨ ਮੇਲੇ ਜਗਤ ਸੁਹੇਲਿਆ । ਅੰਮ੍ਰਿਤ ਦੇਵੇ ਬੂੰਦ ਸਵਾਂਤ । ਜੋਤੀ ਸ਼ਬਦੀ ਆਪੇ ਰਲਿਆ, ਸੁਰਤ ਸਵਾਣੀ ਬੰਨ੍ਹੇ ਨਾਤ । ਆਪਣਾ ਖੇਲ ਆਪੇ ਖੇਲਿਆ, ਆਪੇ ਬਾਗ ਆਪ ਬਗਾਤ । ਆਪੇ ਪਾਵਣਹਾਰਾ ਮੁਲਿਆ, ਕੀਮਤ ਕਰਤਾ ਕਾਦਰ ਕਾਤ । ਆਪੇ ਖ਼ਾਕੀ ਖ਼ਾਕ ਰੁਲਿਆ, ਆਪੇ ਉਚ ਮਹੱਲੇ ਮਾਰੇ ਝਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲੋਕਮਾਤ । ਹਰਿਜਨ ਜੋਗ ਕਮਾਇਆ, ਚਰਨ ਕਵਲ ਪਿਆਰ । ਰਸ ਰਸਨਾ ਭੋਗ ਲਗਾਇਆ, ਆਤਮ ਬ੍ਰਹਮ ਵਿਚਾਰ । ਸਚ ਸੰਜੋਗ ਸਮਾਇਆ, ਮਿਲਿਆ ਪੁਰਖ ਕਰਤਾਰ । ਆਪੇ ਚੋਗ ਚੁਗਾਇਆ, ਸੋਹੰ ਸ਼ਬਦ ਭੰਡਾਰ । ਭਗਤ ਭਗਤੀ ਇਕ ਵਖਾਇਆ । ਨੇਤਰ ਨੈਣ ਦਰਸ ਅਪਾਰ । ਸਾਚੀ ਸ਼ਕਤ ਬ੍ਰਹਮ ਜਣਾਇਆ, ਗੁਣਵੰਤਾ ਪਾਵੇ ਸਾਰ । ਪੰਚਮ ਕਰਮ ਇਕ ਬਣਾਇਆ, ਹੁਕਮੀ ਹੁਕਮ ਫ਼ਰਮਾਣ । ਦੂਜਾ ਦਰ ਨਾ ਕੋਈ ਜਣਾਇਆ, ਆਪੇ ਕਰਮ ਪਾਵੇ ਨੀਸਾਣ । ਦੋ ਜਹਾਨੀ ਹੋਏ ਸਹਾਇਆ, ਵੇਖ ਵਖਾਏ ਪਵਣ ਪਾਣੀ ਮਸਾਣ । ਨਿਥਾਵਿਆਂ ਦੇਵੇ ਥਾਂਇਆ, ਦਰਗਹਿ ਸਾਚੀ ਕਰ ਪਰਵਾਨ । ਸਚਖੰਡ ਦਵਾਰਾ ਇਕ ਸੁਹਾਇਆ, ਭਗਤ ਸੁਹੇਲਾ ਜਾਣੀ ਜਾਣ । ਆਪ ਆਪਣਾ ਬਿਰਧ ਰਖਾਇਆ, ਹਰਿ ਸੱਜਣ ਲਏ ਪਛਾਣ । ਤਾਣ ਨਿਤਾਣਿਆਂ ਆਪ ਹੋ ਜਾਇਆ, ਜੋ ਜਨ ਚਰਨੀ ਡਿੱਗੇ ਆਣ । ਜਮ ਕੀ ਫਾਸੀ ਕਾਟ ਕਟਾਇਆ, ਧਰਮ ਰਾਏ ਨਾ ਮਾਰੇ ਬਾਣ । ਪਿਛਲਾ ਲੇਖਾ ਮੂਲ ਚੁਕਾਇਆ, ਅੱਗੇ ਮੇਲਾ ਹਰਿ ਭਗਵਾਨ । ਨਰ ਨਰੇਸ਼ਾ ਫੇਰੀ ਪਾਇਆ, ਖੇਲੇ ਖੇਲ ਦੋ ਜਹਾਨ । ਜਗਤ ਅੰਦੇਸਾ ਆਪ ਮਿਟਾਇਆ, ਸ਼ਬਦ ਸੰਦੇਸ਼ਾ ਇਕ ਸੁਨਾਣ । ਗਣਪਤ ਗਨੇਸ਼ਾ ਮੋਹ ਚੁਕਾਇਆ, ਬ੍ਰਹਮਾ ਸ਼ਿਵ ਨਾ ਕੋਈ ਧਿਆਨ । ਪੁਰਖ ਅਬਿਨਾਸ਼ੀ ਨਜ਼ਰੀ ਆਇਆ, ਨਿਰਗੁਣ ਜੋਤੀ ਨੂਰ ਮਹਾਨ । ਸਤਿ ਸਤਿਗੁਰ ਭੇਟ ਚੜ੍ਹਾਇਆ, ਦੇਵਣਹਾਰਾ ਦਾਨੀ ਦਾਨ । ਸਾਚਾ ਖੇਵਟ ਖੇਟ ਆਇਆ, ਆਪ ਆਪਣਾ ਕਰ ਕੁਰਬਾਨ । ਬੇਟੀ ਬੇਟ ਲਏ

ਉਠਾਇਆ, ਗੁਰ ਸੰਗਤ ਮੇਲ ਮਿਲਾਣ । ਚੇਤਨ ਚਿਤ ਹੁਲਸਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲ ਮਹਾਨ । ਹਰਿਜਨ ਹਰਿ ਘਰ ਵਸਿਆ, ਬ੍ਰਹਿਮੰਡ ਖੰਡ ਨਿਵਾਰ । ਪੁਰਖ ਅਬਿਨਾਸ਼ੀ ਰਾਹ ਸਾਚਾ ਏਕਾ ਦੱਸਿਆ, ਘਰ ਚੌਥੇ ਆਪੇ ਵਾੜ । ਮੇਟੇ ਰੈਣ ਅੰਧੇਰੀ ਮੱਸਿਆ, ਲਹਿਣਾ ਚੁੱਕੇ ਪੰਚਮ ਧਾੜ । ਸ਼ਾਹੋ ਭੂਪ ਸਾਚੇ ਮੰਦਰ ਬਹਿ ਬਹਿ ਹੱਸਿਆ, ਧਰਮ ਵਖਾਏ ਇਕ ਅਖਾੜ । ਡੂੰਘੀ ਕੰਦਰ ਫਿਰੇ ਨੱਸਿਆ, ਪੰਜ ਤਤ ਵੇਖ ਉਜਾੜ । ਤ੍ਰੈਗੁਣ ਨਾ ਮਾਰੇ ਡੱਸਿਆ, ਵਾ ਲੱਗੇ ਨਾ ਤੱਤੀ ਹਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਪੇ ਲਏ ਵਰ, ਆਪਣੀ ਦਰਗਹਿ ਆਪੇ ਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪ ਚਬਾਏ ਆਪਣੀ ਦਾਹੜ ।

### * ੨੯ ਮੱਘਰ ੨੦੧੫ ਬਿਕ੍ਰਮੀ ਪਸ਼ੌਰਾ ਸਿੰਘ ਦੇ ਘਰ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ *

ਨਿਰਗੁਣ ਜੋਤ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇਆ । ਅਗੰਮ ਅਗੋਚਰ ਅਗੰਮ ਅਪਾਰ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਇਆ । ਆਦਿ ਨਿਰੰਜਣ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਈਆ । ਆਪੇ ਜਾਣੇ ਆਪਣੀ ਰਾਸਾ, ਆਪਣੀ ਬਣਤ ਬਣਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਅਵੱਲਾ, ਏਕਾ ਏਕੰਕਾਰਿਆ । ਏਕਾ ਵਸਿਆ ਸਚ ਮਹੱਲਾ, ਆਪ ਆਪਣਾ ਦਰ ਸੁਹਾ ਰਿਹਾ । ਆਪੇ ਬਾਤੀ ਆਪੇ ਬਲਾ, ਆਪ ਆਪਣਾ ਮੰਦਰ ਸੁਹਾ ਲਿਆ । ਆਪਣੇ ਦਰ ਆਪੇ ਖਲਾ, ਆਪ ਆਪਣਾ ਦਰ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਉਜਿਆਰਿਆ । ਨਿਰਗੁਣ ਜੋਤੀ ਹਰਿ ਅਕਾਰ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਦੀਨ ਦਿਆਲ ਆਪ ਹੋ ਜਾਇੰਦਾ । ਆਪਣੀ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਧਰਾਇੰਦਾ । ਸਾਚੀ ਸਚ ਸੱਚੀ ਧਰਮਸਾਲਾ, ਥਿਰ ਘਰ ਵਾਸੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਇੰਦਾ । ਆਦਿ ਨਿਰੰਜਣ ਮੂਰਤ ਅਕਾਲ, ਏਕਾ ਏਕ ਅਖਵਾਈਆ । ਏਕਾ ਦੀਪਕ ਜੋਤੀ ਬਾਲ, ਨੂਰੋ ਨੂਰ ਕਰੇ ਰੁਸ਼ਨਾਈਆ । ਆਪਣੀ ਘਾਲ ਆਪੇ ਘਾਲ, ਆਪੇ ਘਾਲ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਵੱਡੀ ਵਡਿਆਈਆ । ਜੋਤੀ ਦੀਪਕ ਹਰਿ ਜਗਾ, ਆਪਣਾ ਕਰਮ ਕਮਾਇੰਦਾ । ਆਪਣਾ ਖੇਲ ਆਪ ਖਿਲਾ, ਆਪੇ ਵੇਖ ਵਿਖਾਇੰਦਾ । ਆਪਣੀ ਬਣਤ ਆਪ ਬਣਾ, ਆਪੇ ਅੰਤਮ ਢਾਹਿੰਦਾ । ਆਪਣਾ ਜੋਗ ਆਪ ਕਮਾ, ਆਪੇ ਜੁਗਤ ਵੇਖ ਵਖਾਇੰਦਾ । ਆਪਣੀ ਅਗਨੀ ਆਪ ਬੁਝਾ, ਆਪੇ ਅੰਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਪੁਰਖ ਅਬਿਨਾਸ਼ੀ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਜੁਗ ਜੁਗ ਖੇਲ ਮਾਤ ਨਿਆਰ, ਖੇਲੇ ਖੇਲ ਹਰ ਘਟ ਥਾਈਂਆ ।

ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਜੇਰਜ ਅੰਡਾਂ ਵੰਡ ਵੰਡਾਈਆ । ਲੋਆਂ ਪੁਰੀਆਂ ਦਏ ਹੁਲਾਰ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਵੇਖ ਵਖਾਈਆ । ਰਵ ਸਸ ਕਰ ਉਜਿਆਰ, ਮੰਡਲ ਮੰਡਪ ਆਪ ਸੁਹਾਈਆ । ਪ੍ਰਿਥਮੀ ਅਕਾਸ਼ ਬੰਨ ਧਾਰ, ਆਪਣੇ ਹੱਥ ਰੱਖੇ ਵਡਿਆਈਆ । ਗਗਨ ਗਗਨੰਤਰ ਮਹੱਲ ਉਸਾਰ, ਨਿਰਗੁਣ ਬੈਠਾ ਜੋਤ ਜਗਾਈਆ । ਕੋਟਨ ਕੋਟ ਕਰ ਪਸਾਰ, ਕੋਟੀ ਕੋਟ ਰਿਹਾ ਸਮਾਈਆ । ਆਦਿ ਅੰਤ ਖੇਲ ਅਪਾਰ, ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਉਜਿਆਰ, ਏਕਾ ਏਕ ਅਖਵਾਇੰਦਾ । ਆਦਿਨ ਅੰਤਾ ਖੇਲ ਅਪਾਰ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਬੰਨ੍ਹੇ ਧਾਰ, ਤ੍ਰੈਗੁਣ ਸੰਗ ਰਖਾਇੰਦਾ । ਪੰਜ ਤਤ ਕਰ ਪਿਆਰ, ਆਤਮ ਬ੍ਰਹਮ ਜਣਾਇੰਦਾ । ਮਨ ਮਤ ਬੁੱਧ ਕਰ ਪਿਆਰ, ਨੌਂ ਦਰ ਚੋਲੀ ਪਾਇੰਦਾ । ਘਰ ਵਿਚ ਘਰ ਖੇਲ ਅਪਾਰ, ਆਪਣਾ ਆਪ ਕਰਾਇੰਦਾ । ਦੀਵਾ ਬਾਤੀ ਕਰ ਉਜਿਆਰ, ਅੱਠੇ ਪਹਿਰ ਵਖਾਇੰਦਾ । ਕਮਲਾਪਾਤੀ ਮੀਤ ਮੁਰਾਰ, ਸਚ ਸਿੰਘਾਸਣ ਆਸਣ ਲਾਇੰਦਾ । ਦਸਮ ਦੁਆਰੀ ਬੰਦ ਕਿਵਾੜ, ਦਿਸ ਕਿਸੇ ਨਾ ਆਇੰਦਾ । ਸਚ ਦਰ ਸਚ ਅਖਾੜ, ਸਾਚਾ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਬ੍ਰਹਮ ਆਪ ਹੋ ਜਾਇੰਦਾ । ਪਾਰਬ੍ਰਹਮ ਹਰਿ ਕਰਤਾਰ, ਆਪਣਾ ਖੇਲ ਖਿਲਾਈਆ । ਵੰਡੇ ਵੰਡ ਵਿਚ ਸੰਸਾਰ, ਲੱਖ ਚੁਰਾਸੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਜੋਤ ਜਗਾਈਆ । ਆਪੇ ਕੰਤ ਨਾਰ ਭਤਾਰ, ਆਪ ਆਪਣੀ ਸੇਜ ਹੰਢਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਨਿਰੰਜਣ ਨਾਉਂ ਧਰਾਈਆ । ਜੁਗ ਜੁਗ ਮਾਤ ਲਏ ਅਵਤਾਰ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਸਾਚਾ ਸ਼ਾਹੋ ਸ਼ਾਬਾਸ਼, ਹਰਿ ਹਰਿ ਜੋਤ ਜਗਾਈਆ । ਇਕ ਇਕੱਲਾ ਪੁਰਖ ਅਬਿਨਾਸ਼, ਆਪ ਆਪਣੀ ਰਚਨ ਰਚਾਈਆ । ਆਪ ਉਪਾਏ ਪ੍ਰਿਥਮੀ ਅਕਾਸ਼, ਆਪ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਵਡ ਵਡਿਆਈਆ । ਥਿਰ ਘਰ ਸਾਚਾ ਹਰਿ ਨਿਰੰਕਾਰ, ਏਕਾ ਏਕ ਉਪਾਈਆ । ਆਪੇ ਭੂਪ ਸ਼ਾਹ ਸੱਚੀ ਸਰਕਾਰ, ਆਪ ਆਪਣਾ ਖੇਲ ਖਿਲਾਈਆ । ਨਾ ਕੋਈ ਦੂਸਰ ਪਹਿਰੇਦਾਰ, ਚੋਬਦਾਰ ਨਾ ਕੋਈ ਟਿਕਾਈਆ । ਇਕ ਇਕੱਲਾ ਕਰੇ ਖੇਲ ਅਪਾਰ, ਨਿਰਗੁਣ ਨਿਰਗੁਣ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸਗਨ ਮਨਾਈਆ । ਸਾਚਾ ਘਰ ਸਚ ਦਰਵਾਜਾ, ਹਰਿ ਸਾਚੀ ਜੋਤ ਜਗਾਇੰਦਾ । ਪੁਰਖ ਅਕਾਲ ਗ਼ਰੀਬ ਨਿਵਾਜਾ, ਆਪ ਆਪਣਾ ਨਾਉਂ ਧਰਾਇੰਦਾ । ਆਪ ਆਪਣਾ ਸਾਜਣ ਸਾਜਾ, ਆਪੇ ਵੇਖ ਵਖਾਇੰਦਾ । ਆਪ ਆਪਣੀ ਰੱਖੇ ਲਾਜਾ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਸ਼ਾਹੋ ਭੂਪ ਵਡ ਰਾਜਨ ਰਾਜਾ, ਆਪ ਆਪਣਾ ਹੁਕਮ ਸੁਣਾਇੰਦਾ । ਆਪ ਆਪਣਾ ਰਚਿਆ ਕਾਜਾ, ਆਪੇ ਵੇਖ ਵਖਾਇੰਦਾ । ਆਪ ਆਪਣਾ ਦੇਵੇ ਦਾਜਾ, ਆਪਣੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚੇ ਵੇਖ ਵਖਾਇੰਦਾ । ਥਿਰ ਘਰ ਸਾਚਾ ਹਰਿ ਦਵਾਰ, ਹਰਿ ਹਰਿ ਜੋਤ ਜਗਾਈਆ । ਨਾ ਕੋਈ ਮੰਦਰ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਈਆ । ਨਾ ਕੋਈ ਸਾਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਨਿਭਾਈਆ । ਨਾ ਕੋਈ ਤਤਵ ਤਤ ਪਸਾਰ, ਰੂਪ ਰੰਗ ਨਾ ਕੋਈ ਦਰਸਾਈਆ । ਮਨ ਮਤ ਬੁੱਧ

ਨਾ ਕੋਈ ਅਧਾਰ, ਬ੍ਰਹਮ ਗਿਆਨ ਨਾ ਕੋਈ ਦ੍ਰਿੜਾਈਆ । ਮਰੇ ਨਾ ਪਏ ਜੰਮ ਖੇਲ ਅਪਰ ਅਪਾਰ, ਕਰਤਾ ਆਪਣੀ ਕਾਰ ਰਿਹਾ ਕਰਾਈਆ । ਪਵਣ ਸਵਾਸੀ ਨਾ ਕੋਈ ਦਮ, ਨੇਤਰ ਨੀਰ ਨਾ ਕੋਈ ਵਹਾਈਆ । ਨਾ ਕੋਈ ਗਗਨ ਪਤਾਲਾ ਦਿਸੇ ਥੰਮ, ਪੁਰੀਆਂ ਲੋਆਂ ਨਾ ਕੋਈ ਟਿਕਾਈਆ । ਆਦਿ ਜੁਗਾਦੀ ਆਪੇ ਜਾਣੇ ਆਪਣਾ ਕੰਮ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਹਰਿ ਭੰਡਾਰ, ਹਰਿ ਆਪਣਾ ਆਪ ਰਖਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਆਪਣਾ ਰੂਪ ਵਟਾਇੰਦਾ । ਆਦਿ ਸ਼ਕਤ ਕਰ ਪਿਆਰ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਮਜ਼੍ਹਬ ਵਸਿਆ ਬਾਹਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਸਾਚਾ ਏਕਾ ਮੰਦਰ, ਹਰਿ ਹਰਿ ਬਣਤ ਬਣਾਈਆ । ਆਪੇ ਬੈਠਾ ਅੰਦਰ ਵੜ, ਦਿਸ ਕਿਸੇ ਨਾ ਆਈਆ । ਨਾ ਕੋਈ ਸੀਸ ਨਾ ਕੋਈ ਧੜ, ਰਕਤ ਬੂੰਦ ਨਾ ਕੋਈ ਉਪਾਈਆ । ਨਾ ਕੋਈ ਕਿਲਾ ਨਾ ਕੋਈ ਗੜ੍ਹ, ਸ਼ਿਵਦੁਆਲਾ ਮੰਦਰ ਨਾ ਕੋਈ ਰਖਾਈਆ । ਨਾ ਕੋਈ ਵਿਦਿਆ ਅੱਖਰ ਰਿਹਾ ਪੜ੍ਹ, ਨਾ ਕੋਈ ਕਰੇ ਪੜ੍ਹਾਈਆ । ਨਾ ਕੋਈ ਅਗਨੀ ਰਿਹਾ ਸੜ, ਜਲ ਧਾਰ ਨਾ ਕੋਈ ਰੁੜ੍ਹਾਈਆ । ਆਪਣੀ ਚੋਟੀ ਆਪੇ ਚੜ੍ਹ, ਆਪੇ ਬੈਠਾ ਆਸਣ ਲਾਈਆ । ਸਚ ਸਿੰਘਾਸਣ ਉਪਰ ਚੜ੍ਹ, ਪਾਵਾ ਚੂਲ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਸਾਚਾ ਇਕ ਮਹੱਲਾ, ਏਕਾ ਏਕ ਉਪਾਇੰਦਾ । ਆਪੇ ਵਸੇ ਇਕ ਇਕੱਲਾ, ਦੂਸਰ ਕੋਈ ਨਾ ਸੰਗ ਰਖਾਇੰਦਾ । ਨਾ ਕੋਈ ਦਿਸੇ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਨਾ ਕੋਈ ਰਖਾਇੰਦਾ । ਆਪਣੇ ਦੀਪਕ ਆਪੇ ਬਲਾ, ਆਪਣੀ ਸੇਜਾ ਆਪ ਸੁਹਾਇੰਦਾ । ਆਪਣੀ ਜੋਤੀ ਆਪੇ ਰਲਾ, ਆਪੇ ਰਚਨ ਰਚਾਇੰਦਾ । ਆਪਣੀ ਬਾਤੀ ਆਪੇ ਬਲਾ, ਆਪ ਆਪਣਾ ਪ੍ਰਕਾਸ਼ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ ਨਾਉਂ ਰਖਾਇੰਦਾ । ਪਾਰਬ੍ਰਹਮ ਹਰਿ ਪੁਰਖ ਅਬਿਨਾਸ਼, ਏਕਾ ਏਕ ਅਖਵਾਈਆ । ਵੇਖਣਹਾਰਾ ਆਪਣੀ ਰਾਸ, ਆਪੇ ਰਿਹਾ ਪਾਈਆ । ਖੇਲੇ ਖੇਲ ਖੇਲ ਤਮਾਸ਼, ਘਟ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਆਪਣਾ ਆਪ ਕਰਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਚੇਲਾ ਨਾਉਂ ਧਰਾਇੰਦਾ । ਆਪੇ ਹੋਏ ਸੱਜਣ ਸੁਹੇਲਾ, ਸਖਾ ਸਖਾਈ ਆਪ ਹੋ ਜਾਇੰਦਾ । ਆਪੇ ਜਾਣੇ ਆਪਣਾ ਵੇਲਾ, ਆਪ ਆਪਣੀ ਬਣਤ ਬਣਾਇੰਦਾ । ਆਪੇ ਚਾੜ੍ਹੇ ਆਪਣਾ ਤੇਲਾ, ਆਪ ਆਪਣਾ ਸਗਨ ਮਨਾਇੰਦਾ । ਆਪਣਾ ਖੇਲ ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪੇ ਖੇਲਾ, ਵੇਦ ਕਤੇਬ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਨੂਰ ਹਰਿ ਅਕਾਰ, ਜੁਗ ਜੁਗ ਵੱਜੀ ਵਧਾਈਆ । ਸਾਚੇ ਘਰ ਜੈ ਜੈਕਾਰ, ਸ਼ਬਦ ਨਿਰਾਲਾ ਏਕਾ ਗਾਈਆ । ਸ਼ਬਦ ਧੁਨ ਅਨਾਦੀ ਅਪਰ ਅਪਾਰ, ਪ੍ਰਭ ਅਨਾਦੀ ਆਪ ਵਜਾਈਆ । ਬ੍ਰਿਹਿਮਾਦੀ ਪਾਵਣਹਾਰਾ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਖੇਲ ਨਿਆਰ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਉਜਾਲਾ, ਦੀਪਕ ਜੋਤ ਅਕਾਲਿਆ । ਦੀਨਾ ਬੰਧਪ ਦੀਨ ਦਿਆਲਾ, ਖੇਲੇ ਖੇਲ ਪ੍ਰਿਥਮੀ ਅਕਾਸ਼ਿਆ । ਤੋੜਣਹਾਰਾ ਜਗਤ ਜੰਜਾਲਾ,

੬੮੭ ੦੭

ਲੋਕਮਾਤ ਪਾਵੇ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਣਹਾਰਾ ਪਾਸਿਆ । ਜੋਤੀ ਨੂਰ ਜੋਤ ਜਗਾ, ਹਰਿ ਹਰਿ ਖੇਲ ਖਿਲਾਈਆ । ਕਲਜੁਗ ਅੰਤਮ ਵੇਖ ਵਖਾ, ਆਪ ਆਪਣਾ ਝੋਲੀ ਪਾਈਆ । ਲੱਖ ਚੁਰਾਸੀ ਭੇਵ ਰਿਹਾ ਖੁਲ੍ਹਾ, ਭੇਵ ਅਭੇਦਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਈਆ । ਨਿਹਕਲੰਕ ਨਾਉਂ ਰੱਖ, ਹਰਿ ਹਰਿ ਵੇਸ ਵਟਾਇਆ । ਜੋਤੀ ਜਾਮਾ ਹੋ ਪ੍ਰਤੱਖ, ਲੋਕਮਾਤ ਵੇਖ ਵਖਾਇਆ । ਵੇਖਣਹਾਰਾ ਚੁਰਾਸੀ ਲੱਖ, ਜੂਨ ਅਜੂਨੀ ਨਾਉਂ ਧਰਾਇਆ । ਭਗਤ ਸੁਹੇਲੇ ਕਰੇ ਵੱਖ, ਆਪ ਆਪਣੀ ਦਇਆ ਕਮਾਇਆ । ਦਰਸ ਦਿਖਾਏ ਹੋ ਪ੍ਰਤੱਖ, ਗੁਰ ਗੋਬਿੰਦ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਖੇਲ ਖਿਲਾਇਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚੇ ਜੋਤ ਜਗਾਈਆ । ਲੋਕਮਾਤ ਪਾਵੇ ਸਾਰ, ਭੇਵ ਰਹੇ ਨਾ ਰਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸਾਧਾਂ ਸੰਤਾਂ ਆਪ ਉਠਾਈਆ । ਚਾਰ ਵਰਨਾਂ ਦਏ ਹੁਲਾਰ, ਬਰਨ ਅਠਾਰਾਂ ਆਪ ਹਿਲਾਈਆ । ਪੁਰੀਆਂ ਲੋਆਂ ਹੋ ਉਜਿਆਰ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਜਗਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਖੇਲ ਖਿਲਾਈਆ । ਅਲੱਖ ਨਿਰੰਜਣ ਕਰੇ ਜੈਕਾਰ, ਆਪ ਆਪਣੀ ਅਲੱਖ ਜਗਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਲੋਕਮਾਤ ਕਰੇ ਕੁੜਮਾਈਆ । ਹੰ ਹੰਗਤਾ ਦੇਵੇ ਮਾਰ, ਏਕਾ ਬ੍ਰਹਮ ਚੜ੍ਹਾਈਆ । ਬਣ ਮੰਗਤਾ ਦਰ ਭਿਖਾਰ, ਗੁਰਮੁਖ ਵੇਖੇ ਥਾਉਂ ਥਾਈਂਆ । ਨਾਨਕ ਅੰਗਦ ਹੋ ਤਿਆਰ, ਨਿਰਗੁਣ ਜੋਤੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਸਰਬ ਜਗਾਈਆ । ਕਲਜੁਗ ਤੇਰਾ ਕੂੜ ਪਸਾਰਾ, ਹਰਿ ਹਰਿ ਵੇਖ ਵਖਾਇੰਦਾ । ਚਾਰੋਂ ਕੁੰਟ ਇਕ ਨਗਾਰਾ, ਜੂਠ ਝੂਠ ਵਜਾਇੰਦਾ । ਮਾਇਆ ਮਮਤਾ ਮੋਹ ਪਿਆਰਾ, ਹਉਮੇ ਹੰਗਤਾ ਰੋਗ ਸਤਾਇੰਦਾ । ਸਾਚਾ ਨਾਮ ਨਾ ਕਿਸੇ ਵਿਚਾਰਾ, ਦਰ ਸਾਚਾ ਨਾ ਕੋਈ ਜਣਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਆਪਣੀ ਖੇਲ ਖੇਲਣਹਾਰਾ, ਏਕਾ ਰੂਪ ਸਮਾਈਆ । ਨਾਰ ਕੰਤ ਗੋਬਿੰਦ ਮੇਲ ਭਤਾਰਾ, ਵੇਦ ਵਿਆਸਾ ਗਿਆ ਲਿਖਾਈਆ । ਗੌੜ ਬ੍ਰਿਹਮਣ ਹੋ ਉਜਿਆਰਾ, ਪੂਤ ਸਪੂਤਾ ਫੇਰਾ ਪਾਈਆ । ਸੰਬਲ ਨਗਰੀ ਧਾਮ ਨਿਆਰਾ, ਬੈਠਾ ਬੇਪਰਵਾਹੀਆ । ਸ਼ਬਦੀ ਸ਼ਬਦ ਜੈਕਾਰਾ, ਲੋਆਂ ਪੁਰੀਆਂ ਆਪ ਬਣਾਈਆ । ਜੋਤੀ ਜੋਤ ਹੋ ਉਜਿਆਰਾ, ਪੁਰਖ ਅਕਾਲ ਆਪ ਹੋ ਜਾਈਆ । ਆਪੇ ਕਰ ਆਪਣਾ ਪਸਾਰਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਈਆ । ਆਪਣੀ ਰਚਨਾ ਆਪ ਰਚਾ, ਆਪੇ ਵੇਖ ਵਖਾਇੰਦਾ । ਆਪਣਾ ਸ਼ਬਦ ਆਪ ਜਣਾ, ਆਪੇ ਭੇਵ ਖੁਲ੍ਹਾਇੰਦਾ । ਆਪਣਾ ਰੰਗ ਆਪ ਰੰਗਾ, ਆਪੇ ਲੇਖੇ ਲਾਇੰਦਾ । ਆਪਣੀ ਮੰਗ ਆਪ ਮੰਗਾ, ਆਪੇ ਮੂਲ ਚੁਕਾਇੰਦਾ । ਆਪਣੀ ਗੰਗ ਆਪ ਨੁਹਾ, ਦੁਰਮਤ ਮੈਲ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਡੰਕ ਵਜਾਇੰਦਾ । ਸ਼ਬਦ ਡੰਕਾ ਹਰਿ ਮਰਦੰਗ, ਏਕਾ ਨਾਉਂ ਵਜਾਈਆ । ਦਾਤਾ ਦਾਨੀ ਸੂਰਾ ਸਰਬੰਗ, ਪੁਰਖ ਅਕਾਲ ਅਖਵਾਈਆ । ਲੋਆਂ ਪੁਰੀਆਂ ਆਪੇ ਲੰਘ, ਮੰਡਲ ਮੰਡਪ ਫੇਰਾ ਪਾਈਆ । ਜਨ ਭਗਤਾਂ ਵਸੇ ਸਦਾ ਸੰਗ, ਵਿਛੜ

ਕਦੇ ਨਾ ਜਾਈਆ । ਆਦਿਨ ਅੰਤਾ ਲਾਏ ਅੰਗ, ਅੰਗੀਕਾਰ ਆਪ ਹੋ ਜਾਈਆ । ਗ਼ਰੀਬ ਨਿਮਾਣਿਆਂ ਕਟੇ ਭੁੱਖ ਨੰਗ, ਸ਼ਾਹ ਸੁਲਤਾਨਾਂ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਇਕ ਇਕੱਲਾ ਏਕਾ ਨੂਰ, ਨੂਰੋ ਨੂਰ ਸਮਾਈਆ । ਬੇਐਬ ਪਰਵਰਦਿਗਾਰ ਹਾਜ਼ਰ ਹਜ਼ੂਰ, ਆਪਣੀ ਕਲ ਵਰਤਾਈਆ । ਆਪੇ ਵਸਣਹਾਰਾ ਕੋਹਤੂਰ, ਆਪ ਆਪਣੀ ਖੇਲ ਖਿਲਾਈਆ । ਸਰਬ ਕਲ ਆਪੇ ਭਰਪੂਰ, ਸਮਰਥ ਹੱਥ ਵਡਿਆਈਆ । ਨਾਤਾ ਤੋੜੇ ਕੂੜੋ ਕੂੜ, ਕਲਜੁਗ ਕਿਰਿਆ ਆਪ ਮਿਟਾਈਆ । ਚਾਰ ਵਰਨਾਂ ਬਖ਼ਸ਼ੇ ਚਰਨ ਧੂੜ, ਚਰਨ ਚਰਨੋਦਕ ਮੁਖ ਚੁਆਈਆ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਸਰਬ ਲੋਕਾਈਆ । ਚਾਰ ਵਰਨਾਂ ਨਾਤਾ ਜੋੜ, ਹਰਿ ਹਰਿ ਖੇਲ ਖਿਲਾਇੰਦਾ । ਪੁਰੀਆਂ ਲੋਆਂ ਆਪੇ ਦੌੜ, ਆਪੇ ਵੇਖ ਵਖਾਇੰਦਾ । ਲੱਖ ਚੁਰਾਸੀ ਮਿੱਠਾ ਕੌੜ, ਫਲ ਆਪਣੇ ਹੱਥ ਰਖਾਇੰਦਾ । ਆਪੇ ਹੋਏ ਬ੍ਰਹਿਮਣ ਗੌੜ, ਪੂਤ ਸਪੂਤਾ ਆਪ ਹੋ ਜਾਇੰਦਾ । ਆਪੇ ਲਾਵਣਹਾਰਾ ਪੌੜ, ਸੰਬਲ ਨਗਰੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਵਖਾਇੰਦਾ । ਸੰਬਲ ਨਗਰੀ ਸਚ ਟਿਕਾਣਾ, ਹਰਿ ਹਰਿ ਵੇਖ ਵਿਖਾਈਆ । ਸ਼ਾਹੋ ਭੂਪ ਸ਼ਾਹ ਸੁਲਤਾਨਾ, ਰਾਜ ਰਾਜਾਨਾ ਆਪ ਹੋ ਜਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਆਪ ਆਪਣੀ ਕਲ ਵਰਤਾਈਆ । ਬ੍ਰਹਮ ਬ੍ਰਹਮ ਬ੍ਰਹਮ ਗਿਆਨਾ, ਆਤਮ ਬ੍ਰਹਮ ਵੇਖ ਵਖਾਈਆ । ਸ਼ਬਦ ਖੰਡਾ ਤੀਰ ਕਮਾਨਾ, ਰਸਨਾ ਚਿੱਲੇ ਆਪ ਚੜ੍ਹਾਈਆ । ਆਪੇ ਵੇਖੇ ਮਾਰ ਧਿਆਨਾ, ਨਿਰਗੁਣ ਬੈਠਾ ਬੇਪਰਵਾਹੀਆ । ਅੰਤਮ ਖੇਲ ਵਿਚ ਮੈਦਾਨਾ, ਸ੍ਰਿਸ਼ਟ ਸਬਾਈ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੰਡ ਵੰਡਾਈਆ ।

ਜੋਤੀ ਨੂਰ ਪੁਰਖ ਅਕਾਲ, ਏਕਾ ਏਕੰਕਾਰਿਆ । ਸ਼ਬਦ ਗੁਰ ਜਗਤ ਦਲਾਲ, ਸ੍ਰਿਸ਼ਟ ਸਬਾਈ ਆਪ ਜਣਾ ਰਿਹਾ । ਪੰਜ ਤਤ ਮਾਟੀ ਖਾਲ, ਤ੍ਰੈਗੁਣ ਬੰਧਨ ਪਾ ਲਿਆ । ਆਪੇ ਪਾਵਣਹਾਰ ਜੰਜਾਲ, ਪੰਚਮ ਮੋਹ ਰਖਾ ਲਿਆ । ਸੰਗ ਰਖਾਏ ਕਾਲ ਮਹਾਂਕਾਲ, ਥਿਰ ਕੋਇ ਰਹਿਣ ਨਾ ਪਾ ਲਿਆ । ਅਬਿਨਾਸ਼ੀ ਕਰਤਾ ਦੀਨ ਦਿਆਲ, ਪੂਜਣ ਜੋਗ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਜਣਾ ਰਿਹਾ । ਆਪਣਾ ਨਾਉਂ ਹਰਿ ਨਿਰੰਕਾਰ, ਆਪੇ ਆਪ ਰਖਾਈਆ । ਪੰਜ ਤਤ ਕਰ ਪਿਆਰ, ਜੋਤੀ ਜੋਤ ਜਗਾਈਆ । ਸ਼ਬਦੀ ਡੰਕ ਅਪਰ ਅਪਾਰ, ਆਪਣਾ ਆਪ ਵਜਾਈਆ । ਆਪੇ ਸੇਵਕ ਸੇਵਾ ਲਾਏ ਗੁਰ ਪੀਰ ਅਵਤਾਰ, ਸਾਧ ਸੰਤ ਆਪ ਬਣਾਈਆ । ਆਪੇ ਵਸੇ ਸਭ ਤੋਂ ਬਾਹਿਰ, ਅਜੂਨੀ ਰਹਿਤ ਨਾਮ ਧਰਾਈਆ । ਅਕਾਲ ਮੂਰਤ ਖੇਲ ਅਪਾਰ, ਖੇਲਣਹਾਰ ਦਿਸ ਨਾ ਆਈਆ । ਧੁਰ ਦਾ ਸ਼ਬਦ ਸੱਚੀ ਜੈਕਾਰ, ਏਕਾ ਨਾਅਰਾ ਲਾਈਆ । ਸ੍ਰਿਸ਼ਟ ਸਬਾਈ ਦਏ ਹੁਲਾਰ, ਆਪੇ ਲਏ ਜਗਾਈਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਚਰਨ ਧੂੜੀ ਮਸਤਕ ਟਿੱਕਾ ਲਾਈਆ । ਗੁਰਮੁਖਾਂ ਰਸਨਾ ਗਾਏ ਵਾਰੋ ਵਾਰ, ਹਰਿ ਹਰਿ ਨਾਮ ਵੱਡੀ ਵਡਿਆਈਆ । ਆਦਿ ਜੁਗਾਦੀ ਇਕ ਅਵਤਾਰ, ਏਕਾ

ਗੁਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੂਜੀ ਪੂਜਾ ਨਾ ਕੋਈ ਵਖਾਈਆ । ਏਕਾ ਪੂਜਾ ਇਸ਼ਟ ਗੁਰਦੇਵ, ਹਰੀ ਹਰਿ ਹਰਿ ਨਿਰੰਕਾਰਿਆ । ਬਿਰਥਾ ਜਾਏ ਨਾ ਘਾਲੀ ਸੇਵ, ਗੁਰ ਪੂਰੇ ਵਿਚ ਸੰਸਾਰਿਆ । ਦਾਤਾ ਦਾਨੀ ਅਲੱਖ ਅਭੇਵ, ਨਿਰਗੁਣ ਜੋਤੀ ਨੂਰ ਉਜਿਆਰਿਆ । ਜੋ ਜਨ ਗਾਏ ਰਸਨਾ ਜੇਹਵ, ਦੋ ਜਹਾਨਾ ਪਾਰ ਉਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲਾਏ ਆਪਣਾ ਨਾਅਰਿਆ । ਸ਼ਬਦ ਜੈਕਾਰਾ ਹਰਿ ਗੋਬਿੰਦ, ਹਰਿ ਹਰਿ ਆਪ ਉਪਾਈਆ । ਆਪੇ ਮੇਟਣਹਾਰਾ ਸਗਲੀ ਚਿੰਦ, ਚਿੰਤਾ ਚਿਖਾ ਰਹੇ ਨਾ ਰਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਈਆ । ਆਪਣਾ ਨਾਮ ਆਪੇ ਦਏ ਬਖ਼ਸ਼ਿੰਦ, ਆਪੇ ਲਏ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੇਵ ਇਸ਼ਟ ਗੁਰ ਸਤਿਗੁਰ ਆਪ ਹੋ ਜਾਈਆ । ਪੰਜ ਤਤ ਨਾ ਕੋਈ ਪੁਜਾਰੀ, ਨਾ ਕੋਈ ਬਣਤ ਬਣਾਈਆ । ਕਾਮ ਕਰੋਧ ਲੋਭ ਮੋਹ ਨਾ ਕੋਈ ਹੰਕਾਰੀ, ਆਸਾ ਤ੍ਰਿਸ਼ਨਾ ਨਾ ਕੋਈ ਜਣਾਈਆ । ਤਨ ਬਸਤਰ ਭੂਸ਼ਨ ਨਾ ਕੋਈ ਸ਼ਿਗਾਰੀ, ਨੇਤਰ ਨੈਣ ਨਾ ਕੋਈ ਉਠਾਈਆ । ਹੱਥ ਮੂੰਹ ਨੱਕ ਨਾ ਕੋਈ ਉਜਿਆਰੀ, ਦੋਏ ਲੋਚਣ ਦਿਸ ਨਾ ਆਈਆ । ਹੱਡ ਨਾੜੀ ਮਾਸ ਰਕਤ ਬੂੰਦ ਨਾ ਕੋਈ ਪਿਆਰੀ, ਸਾਢੇ ਤਿੰਨ ਹੱਥ ਨਾ ਬਣਤ ਬਣਾਈਆ । ਨਿਰਗੁਣ ਜੋਤ ਜਗੇ ਉਜਿਆਰੀ, ਆਪ ਆਪਣੀ ਕਲ ਵਰਤਾਈਆ । ਹਰ ਘਟ ਅੰਦਰ ਪਾਵੇ ਸਾਰੀ, ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਉਂ ਜਪਾਈਆ । ਏਕਾ ਨਾਉਂ ਹਰਿ ਨਿਰੰਕਾਰ, ਏਕਾ ਰਸਨਾ ਗਾਈਆ । ਸ੍ਰਿਸ਼ਟ ਸਬਾਈ ਇਕ ਪਿਆਰ, ਏਕਾ ਵਸਤ ਬੁਝਾਈਆ । ਏਕਾ ਚਰਨ ਇਕ ਦਵਾਰ, ਏਕਾ ਧਾਮ ਸੁਹਾਈਆ । ਇਕ ਮਹੱਲ ਇਕ ਮੁਨਾਰ, ਏਕਾ ਬੈਠਾ ਆਸਣ ਲਾਈਆ । ਏਕਾ ਮੀਤ ਇਕ ਮੁਰਾਰ, ਏਕਾ ਸੰਗ ਨਿਭਾਈਆ । ਏਕਾ ਗੀਤ ਇਕ ਜੈਕਾਰ, ਏਕਾ ਕਰੇ ਪੜ੍ਹਾਈਆ । ਏਕਾ ਮੰਦਰ ਮਸੀਤ ਗੁਰਦਵਾਰ, ਏਕਾ ਬੈਠਾ ਬੇਪਰਵਾਹੀਆ । ਏਕਾ ਰਾਜ ਜੋਗ ਸਿਕਦਾਰ, ਸ਼ਾਹੋ ਭੂਪ ਇਕ ਅਖਵਾਈਆ । ਏਕਾ ਕਰੇ ਕਰਾਏ ਸਚ ਪਿਆਰ, ਏਕਾ ਸ਼ਬਦ ਜਗਾਈਆ । ਏਕਾ ਆਵੇ ਜਾਵੇ ਪਾਵੇ ਸਾਰ, ਜੁਗ ਜੁਗ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗ ਜੁਗ ਆਪਣਾ ਨਾਉਂ ਜਪਾਈਆ । ਆਪਣਾ ਨਾਉਂ ਆਪੇ ਰੱਖ, ਆਪ ਆਪਣੀ ਬਣਤ ਬਣਾਇੰਦਾ । ਆਪੇ ਜੋਤ ਜਗਾਏ ਹੋ ਪ੍ਰਤੱਖ, ਆਪ ਆਪਣਾ ਵੇਸ ਵਟਾਇੰਦਾ । ਆਪੇ ਭਾਂਡੇ ਕਰੇ ਸੱਖ, ਖ਼ਾਲੀ ਭਾਂਡੇ ਆਪ ਭਰਾਇੰਦਾ । ਆਪੇ ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਆਪ ਫਿਰਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਰਾਹੇ ਪਾਇੰਦਾ । ਆਪੇ ਪ੍ਰਗਟ ਹੋ ਹਰ ਘਟ ਰਿਹਾ ਵਸ, ਆਪ ਆਪਣਾ ਮੂਲ ਚੁਕਾਇੰਦਾ । ਮੇਲ ਮਿਲਾਏ ਨੱਸ ਨੱਸ, ਦਿਵਸ ਰੈਣ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਨਾਉਂ ਧਰਾਇੰਦਾ । ਏਕਾ ਨਾਉਂ ਹਰਿ ਨਿਰੰਕਾਰ, ਏਕਾ ਰੂਪ ਵਟਾਈਆ । ਏਕਾ ਘਰ ਇਕ ਦਰਬਾਰ, ਏਕਾ ਸੇਜ ਸੁਹਾਈਆ । ਏਕਾ ਪੁਰਖ ਏਕਾ ਨਾਰ, ਏਕਾ ਮੇਲ ਮਿਲਾਈਆ । ਏਕਾ ਮੀਤ ਇਕ ਦਵਾਰ, ਏਕਾ ਵੇਖ ਵਖਾਈਆ । ਏਕਾ ਮਹੱਲ ਇਕ ਮਿਨਾਰ, ਏਕਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਚਲਾਈਆ । ਹਰਿ ਹਰਿ ਨਾਮ ਹਰਿ ਸਮਰਥ, ਆਪਣਾ ਆਪ ਚਲਾਇੰਦਾ । ਲੱਖ ਚੁਰਾਸੀ ਦੇਵੇ ਵੱਥ, ਆਪੇ ਝੋਲੀ ਪਾਇੰਦਾ । ਆਪ ਚਲਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾਇੰਦਾ ।

੯੮੯
੦੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵਣਹਾਰਾ ਵਰ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣਾ ਕਰਮ ਕਮਾਏ, ਹਰਿ ਹਰਿ ਵੱਡੀ ਵਡਿਆਈਆ । ਆਪ ਆਪਣਾ ਨਾਮ ਧਰਾਏ, ਆਪ ਆਪਣੀ ਬਣਤ ਬਣਾਈਆ । ਸ੍ਰਿਸ਼ਟ ਸਬਾਈ ਏਕਾ ਜਾਪ ਜਪਾਏ, ਰਸਨਾ ਜਿਹਵਾ ਆਪ ਹਿਲਾਈਆ । ਆਪਣਾ ਗੁਣ ਆਪੇ ਵੇਖ ਵਖਾਏ, ਕਰਤੇ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਜੋਤ ਧਰ, ਜੁਗ ਏਕਾ ਨਾਮ ਰੱਖੇ ਵਡਿਆਈਆ । ਨਾਮ ਸ਼ਬਦ ਹਰਿ ਭਰਪੂਰ, ਹਰਿ ਹਰਿ ਆਪ ਉਪਾਇਆ । ਆਸਾ ਮਨਸਾ ਹਰਿ ਹਰਿ ਪੂਰ, ਹਉਮੇ ਹੰਗਤਾ ਰੋਗ ਗਵਾਇਆ । ਜਗਤ ਵਿਕਾਰਾ ਕਰੇ ਚੂਰੋ ਚੂਰ, ਤ੍ਰੈਗੁਣ ਤਤ ਨਾ ਕੋਈ ਤਪਾਇਆ । ਵਸਣਹਾਰਾ ਹਾਜ਼ਰ ਹਜ਼ੂਰ, ਹਰੀ ਹਰਿ ਨਜ਼ਰੀ ਆਇਆ । ਨਾਮ ਸ਼ਬਦ ਸਾਚੀ ਤੂਰ, ਨਾਦ ਅਨਾਦੀ ਤਾਲ ਵਜਾਇਆ । ਨਾਤਾ ਤੁੱਟੇ ਕੂੜੋ ਕੂੜ, ਗੁਰਦੇਵ ਨਾ ਕੋਈ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪ ਆਪਣਾ ਨਾਉਂ ਜਪਾਇਆ । ਸਾਚਾ ਨਾਮ ਹਰਿ ਹਰਿ ਜਾਪ, ਹਰਿਜਨ ਆਪ ਜਪਾਇੰਦਾ । ਮੇਟ ਮਿਟਾਏ ਤੀਨੋਂ ਤਾਪ, ਅਗਨੀ ਤਤ ਬੁਝਾਇੰਦਾ । ਆਪ ਬੁਝਾਏ ਆਪਣਾ ਆਪ, ਆਪੇ ਬ੍ਰਹਮ ਵਖਾਇੰਦਾ । ਦੋ ਜਹਾਨੀ ਵਡ ਪ੍ਰਤਾਪ, ਸਤਿ ਸਤਿਵਾਦੀ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਆਪ ਹੋ ਜਾਇੰਦਾ । ਆਪਣਾ ਥਾਪਣ ਆਪੇ ਥਾਪ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਨਰ ਨਿਰਗੁਣ ਹਰਿ ਨਿਰਗੁਣ ਆਪ ਅਖਵਾਇੰਦਾ ।



੦੨ ੦੨

ਹਰਿ ਜੋਤੀ ਨੂਰ ਅਪਾਰ, ਹਰਿ ਹਰਿ ਆਪ ਜਗਾਈਆ । ਆਪੇ ਕਰੇ ਤਤ ਪਿਆਰ, ਆਪੇ ਵੇਖ ਵਖਾਈਆ । ਆਪੇ ਵੇਖ ਵਖਾਏ ਵਿਚ ਸੰਸਾਰ, ਆਪੇ ਆਪਣੀ ਰਚਨ ਰਚਾਈਆ । ਆਪੇ ਜੋਤ ਜਗਾਏ ਨਿਰਗੁਣ ਧਾਰ, ਆਪੇ ਵੇਖ ਵਖਾਈਆ । ਆਪੇ ਕਰੇ ਪਸਰ ਪਸਾਰ, ਪਸਰ ਪਸਾਰੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਅਪਣੀ ਰਚਨ ਰਚਾਈਆ । ਆਪਣੀ ਜੋਤ ਆਪੇ ਧਰ, ਪੰਜ ਤਤ ਡੇਰਾ ਲਾਇੰਦਾ । ਆਪਣਾ ਵਸਾਏ ਆਪੇ ਘਰ, ਆਪੇ ਖੇਲ ਖਲਾਇੰਦਾ । ਆਪਣਾ ਚੁਕਾਏ ਆਪੇ ਡਰ, ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਸੀਸ ਧੜ, ਕਾਇਆ ਗੜ੍ਹ ਚੜ੍ਹਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੇ ਮੰਦਰ ਆਪੇ ਵੜ, ਆਪਣਾ ਮੇਲ ਮਿਲਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਜੋਤ ਉਜਿਆਰ ਜੋਤ ਕਰਾ, ਜੋਤੀ ਜੋਤ ਜਗਾਈਆ । ਜੋਤੀ ਨਾਮ ਆਪ ਧਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਵਰਨ ਗੋਤੀ ਭੇਵ ਖੁਲ੍ਹਾ, ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਟਿਕਾਈਆ । ਆਪਣੀ ਜੋਤ ਆਪੇ ਮੇਲ, ਆਪੇ ਖੇਲ ਖਿਲਾਇੰਦਾ । ਆਦਿ ਨਿਰੰਜਣ ਚਾੜ੍ਹੇ ਤੇਲ, ਸਾਚਾ ਸਗਨ ਮਨਾਇੰਦਾ । ਪਾਰਬ੍ਰਹਮ ਸੱਜਣ ਸੁਹੇਲ, ਆਦਿ ਜੁਗਾਦਿ ਵੇਖ ਵਖਾਇੰਦਾ । ਆਪੇ ਵਸੇ ਰੰਗ ਨਵੇਲ, ਹਰ ਘਟ ਆਪੇ ਡੇਰਾ ਲਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲ, ਗੁਰ ਚੇਲਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਨਾਉਂ ਧਰਾਇੰਦਾ । ਗੁਰ ਗੋਬਿੰਦ ਦਿਤਾ ਵਰ, ਹਰਿ ਹਰਿ ਵੱਡੀ ਵਡਿਆਈਆ । ਨਾਨਕ ਜੋਤੀ ਏਕਾ ਧਰ, ਅੰਗਦ ਆਪ ਟਿਕਾਈਆ । ਅੰਗਦ ਅੰਦਰ ਗਿਆ ਵੜ, ਪਾਰਬ੍ਰਹਮ ਵੱਡੀ ਵਡਿਆਈਆ । ਨਾਨਕ ਬ੍ਰਹਮ ਨਾ ਗਿਆ ਸੜ, ਪੰਜ ਤਤ ਰਿਹਾ ਹੰਢਾਈਆ । ਆਪ ਨੁਹਾਏ ਆਪਣੇ ਸਰ, ਸਰ ਸਰੋਵਰ ਇਕ ਨੁਹਾਈਆ । ਆਪੇ ਖੁਲ੍ਹਾ ਰੱਖੇ ਦਰ, ਦਰ ਦਰਵਾਜੇ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਗੋਬਿੰਦ ਹਰਿ ਹਰਿ ਵਰ ਘਰ ਪਾਇਆ, ਘਰ ਸਾਚੇ ਵੱਜੀ ਵਧਾਈਆ । ਏਕਾ ਮੰਗਲ ਸਾਚਾ ਗਾਇਆ, ਪੁਰਖ ਅਕਾਲ ਮਨਾਈਆ । ਅਜੂਨੀ ਰਹਿਤ ਨਜ਼ਰੀ ਆਇਆ, ਦਰ ਸਾਚਾ ਇਕ ਸੁਹਾਈਆ । ਆਪਣੀ ਇਛਿਆ ਮੰਗੇ ਭਿਛਿਆ, ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਸਿਖਿਆ, ਸਿਖ ਮਤ ਇਕ ਧਰਾਈਆ । ਆਪਣੀ ਸਿਖਿਆ ਆਪੇ ਦੇ, ਆਪਣਾ ਕਰਮ ਕਮਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਲਾਵੇ ਨੇਂਹ, ਸਾਚਾ ਨਾਤਾ ਜੋੜ ਜੁੜਾਇੰਦਾ । ਅੰਮ੍ਰਿਤ ਆਤਮ ਬਰਖ਼ੇ ਮੇਂਹ, ਧੀਰਜ ਧੀਰ ਧਰਾਇੰਦਾ । ਝੂਠਾ ਤਨ ਮਾਟੀ ਹੋਏ ਖੇਹ, ਸਗਲਾ ਸੰਗ ਨਾ ਕੋਈ ਰਖਾਇੰਦਾ । ਨਾ ਕੋਈ ਰਸਨਾ ਨਾ ਕੋਈ ਜੇਹਵ, ਬੱਤੀ ਦੰਦ ਨਾ ਕੋਈ ਵਖਾਇੰਦਾ । ਪਾਰਬ੍ਰਹਮ ਅਲੱਖ ਅਭੇਵ, ਰੂਪ ਰੰਗ ਨਾ ਕੋਈ ਜਣਾਇੰਦਾ । ਵੇਖਣਹਾਰਾ ਸਾਚੀ ਸੇਵ, ਸਾਚਾ ਲੇਖਾ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਬ੍ਰਹਮ ਪਾਰਬ੍ਰਹਮ ਪ੍ਰਭ ਨਾਤਾ ਜੋੜ, ਪੰਜ ਤਤ ਡੇਰਾ ਲਾਇਆ । ਪੁਰਖ ਅਗੰਮਾ ਚੜ੍ਹਿਆ ਘੋੜ, ਥਿਰ ਘਰ ਦਿਸ ਕਿਸੇ ਨਾ ਆਈਆ । ਸਚ ਅੰਦਰ ਵੜਿਆ ਦੌੜ, ਆਪ ਆਪਣਾ ਮੁਖ ਛੁਪਾਈਆ । ਗੋਬਿੰਦ ਲੱਗੀ ਸਾਚੀ ਔੜ, ਤ੍ਰਿਸ਼ਨਾ ਭੁੱਖ ਮਿਟਾਈਆ । ਆਦਿ ਜੁਗਾਦੀ ਆਪੇ ਜਾਏ ਬੌਹੜ, ਆਪਣਾ ਮੇਲਾ ਆਪ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਇਆ ।

ਅਕੱਥ ਕਹਾਣੀ ਹਰਿ ਸਮਰਥ, ਆਪਣੀ ਆਪ ਚਲਾਈਆ । ਕਲਜੁਗ ਚਲਾਏ ਕੂੜਾ ਰਥ, ਚਾਰੋਂ ਕੁੰਟ ਫਿਰਾਈਆ । ਵੇਖ ਵਖਾਏ ਤੀਰਥ ਤੱਟ, ਅਠਸਠ ਫੇਰਾ ਪਾਈਆ । ਪਾਏ ਸਾਰ ਮੰਦਰ ਗੁਰਦਵਾਰਾ ਮੱਠ, ਸ਼ਬਦ ਦਵਾਰੇ ਫੋਲ ਫੁਲਾਈਆ । ਲੋਆਂ ਪੁਰੀਆ ਵੇਖੇ ਨੱਠ ਨੱਠ, ਪਾਰਬ੍ਰਹਮ ਵੱਡੀ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਇਕ ਇਕੱਠ, ਏਕਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਠਸਠ ਤੇਰਾ ਤੱਟ ਕਿਨਾਰਾ, ਹਰੀ ਹਰਿ ਵੇਖ ਵਖਾਈਆ । ਨਿਰਗੁਣ ਦੀਪਕ ਕਰ ਉਜਿਆਰਾ, ਚਾਰੋਂ ਕੁੰਟ ਫਿਰਾਈਆ । ਵੇਖਣਹਾਰਾ ਅੰਧ ਅੰਧਿਆਰਾ, ਏਕਾ ਕਰੇ ਰੁਸ਼ਨਾਈਆ । ਸੰਮਤ ਸੰਮਤੀ ਹੋ ਤਿਆਰਾ, ਆਪੇ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦਏ ਸਹਾਰਾ, ਦੁਆਪਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਈਆ । ਕਲਜੁਗ ਵਰਤੇ ਆਪਣੀ ਕਲ, ਏਕਾ ਰੂਪ ਸਮਾਇਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਗੁਰਮੁਖ ਵਿਰਲੇ ਆਪ ਜਗਾਇਆ । ਸਤਿ ਸਰੂਪੀ ਫੇਰੇ ਹੱਲ, ਨਾਮ ਬੀਜ ਇਕ ਬਿਜਾਇਆ । ਆਪ ਵਖਾਏ ਅੰਮ੍ਰਿਤ ਫਲ, ਅੰਮ੍ਰਿਤ ਮੇਵਾ ਇਕ ਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੯੯੧
੦੨

ਲੱਖ ਚੁਰਾਸੀ ਦੇਵੇ ਸਲ, ਦੂਈ ਦਵੈਤੀ ਤੀਰ ਚਲਾਇਆ । ਹਰਿ ਕਾ ਤੀਰ ਸ਼ਬਦ ਨਿਆਰ, ਏਕਾ ਚਿੱਲੇ ਆਪ ਚੜ੍ਹਾਈਆ । ਸੰਮਤ ਪੰਦਰਾਂ ਹੋ ਤਿਆਰ, ਖੇਲੇ ਖੇਲ ਅਗੰਮ ਅਥਾਈਆ । ਖ਼ਲਕ ਖ਼ੁਦਾ ਬੇਐਬ ਪਰਵਰਦਿਗਾਰ, ਨੂਰੋ ਨੂਰ ਸਮਾਈਆ । ਹੱਕ ਹਕੀਕਤ ਪਾਵੇ ਸਾਰ, ਚੌਦਾਂ ਤਬਕਾਂ ਵੇਖ ਵਖਾਈਆ । ਬ੍ਰਹਿਮੰਡ ਖੰਡ ਹੋ ਉਜਿਆਰ, ਆਪ ਆਪਣਾ ਮੂਲ ਚੁਕਾਈਆ । ਪਾਵੇ ਵੰਡਾਂ ਵਿਚ ਸੰਸਾਰ, ਆਪ ਆਪਣੀ ਕਿਰਤ ਕਮਾਈਆ । ਭੇਖ ਪਖੰਡਾ ਪਾਰ ਕਿਨਾਰ, ਝੂਠੀ ਕਿਰਿਆ ਰਹਿਣ ਨਾ ਪਾਈਆ । ਨਾਮ ਖੰਡਾ ਤੇਜ ਕਟਾਰ, ਦੋ ਧਾਰਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਚੇ ਲਏ ਮਿਲਾਈਆ । ਹਰਿ ਸੱਜਣ ਹਰਿ ਪਾਇਆ, ਸਤਿਗੁਰ ਮੀਤ ਮੁਰਾਰ । ਘਰ ਸਾਚੇ ਮੰਗਲ ਗਾਇਆ, ਸੁਣਾਏ ਸੱਚੀ ਧੁਨਕਾਰ । ਹਉਮੇ ਸਹਿੰਸਾ ਰੋਗ ਮਿਟਾਇਆ, ਦੀਪਕ ਬਾਤੀ ਕਰ ਉਜਿਆਰ । ਏਕਾ ਸਾਚੀ ਚੋਗ ਚੁਗਾਇਆ, ਚਾਰ ਵਰਨਾਂ ਇਕ ਪਿਆਰ । ਨਾਨਕ ਨਿਰਗੁਣ ਰਸਨਾ ਗਾਇਆ, ਕਲਜੁਗ ਅੰਤਮ ਪਾਵੇ ਸਾਰ । ਨਿਹਕਲੰਕਾ ਵੇਖ ਵਖਾਇਆ, ਕਲ ਕਲਕੀ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਦੂਈ ਦਵੈਤੀ ਪਰਦਾ ਦਏ ਨਿਵਾਰ ।

## * ੨੯ ਮੱਘਰ ੨੦੧੫ ਬਿਕਰਮੀ ਗੁਰਨਾਮ ਸਿੰਘ ਵੇਰਕਾ ਜ਼ਿਲਾ ਅੰਮ੍ਰਿਤਸਰ *



ਜੀਵ ਜੰਤ ਅਧਾਰ, ਆਦਿ ਜੁਗਾਦਿ ਸਮਾਈਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਈਆ । ਲੱਖ ਚੁਰਾਸੀ ਪਾਵੇ ਸਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੰਜ ਤਤ ਹੋ ਉਜਿਆਰ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਜੀਵ ਜੰਤ ਹਰਿ ਪਸਾਰ, ਏਕਾ ਰੂਪ ਸਮਾਈਆ । ਆਦਿ ਜੁਗਾਦੀ ਏਕਾ ਕਾਰ, ਏਕਾ ਧਾਰ ਬੰਧਾਈਆ । ਵਰਭੰਡ ਖੰਡ ਪਾਵੇ ਸਾਰ, ਜੇਰਜ ਅੰਡ ਵੇਖ ਵਖਾਈਆ । ਉਤਭੁਜ ਸੇਹਤਜ ਹੋ ਉਜਿਆਰ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਦੀਪਕ ਇਕ ਜਗਾਈਆ । ਜੋਤੀ ਦੀਪਕ ਹਰਿ ਪ੍ਰਕਾਸ਼, ਹਰ ਘਟ ਆਪ ਜਗਾਇਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਜੁਗ ਆਪਣਾ ਵੇਸ ਵਟਾਇਆ । ਸਦ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਸਾਚੇ ਮੰਡਲ ਪਾਵੇ ਰਾਸ, ਮੰਡਲ ਮੰਡਪ ਦਏ ਸੁਹਾਇਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਵੇਖ ਵਖਾਇਆ । ਆਪੇ ਹੋਏ ਪਵਣ ਸਵਾਸ, ਰਸਨਾ ਜੇਹਵਾ ਆਪ ਚਲਾਇਆ । ਆਪੇ ਵਸਤ ਵੇਖੇ ਪਾਸ, ਨਾਮ ਭੰਡਾਰਾ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਆਂ ਦਾਤਾ ਨਾਮ ਧਰਾਇਆ । ਜੀਆਂ ਦਾਤਾ ਹਰਿ ਦਾਤਾਰ, ਏਕਾ ਏਕ ਅਖਵਾਈਆ । ਜੁਗਾ ਜੁਗੰਤਰ ਪਾਵੇ ਸਾਰ, ਪੂਰਨ ਬ੍ਰਹਮ ਜਣਾਈਆ । ਕਰਮ ਧਰਮ ਵਿਚ ਸੰਸਾਰ, ਮਾਨਸ ਜਨਮ ਵੇਖ ਵਖਾਈਆ । ਪੂਰਬ ਲਹਿਣਾ ਦਏ ਅਧਾਰ, ਨਿਰਗੁਣ ਹੱਥ ਰੱਖੀ ਵਡਿਆਈਆ । ਸਰਗੁਣ ਮੇਲਾ ਅਪਰ ਅਪਾਰ, ਪੰਜ ਤਤ ਕਰੇ ਕੁੜਮਾਈਆ । ਅਨਹਦ ਧੁਨ ਸੱਚੀ ਧੁਨਕਾਰ, ਅਨਹਦ ਤਾਲ ਵਜਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਸਰ ਸਰੋਵਰ ਇਕ ਸੁਹਾਈਆ । ਦੁਰਮਤ ਮੈਲ ਦਏ ਉਤਾਰ, ਕਾਗੋਂ ਹੰਸ ਬਣਾਈਆ । ਜੋਤ ਨਿਰੰਜਣ ਸੇਵਾਦਾਰ, ਆਦਿ ਨਿਰੰਜਣ ਆਪ ਲਗਾਈਆ । ਪੰਚਮ

੯੯੨ ੦੭

੬੬੩
੦੭

ਮੇਲਾ ਮੀਤ ਮੁਰਾਰ, ਵੇਖਣਹਾਰ ਬੇਪਰਵਾਹੀਆ । ਬੈਠਾ ਆਪ ਨਿਰਗੁਣ ਧਾਰ, ਦਿਸ ਕਿਸੇ ਨਾ ਆਈਆ । ਥਿਰ ਘਰ ਠਾਂਡਾ ਇਕ ਦਵਾਰ, ਦੂਰ ਦੁਰਾਡਾ ਆਪ ਖੁਲ੍ਹਾਈਆ । ਅਨਹਦ ਵਾਜਾ ਅਪਰ ਅਪਾਰ, ਥਿਰ ਘਰ ਬੈਠਾ ਆਪ ਵਜਾਈਆ । ਜੁਗ ਜੁਗ ਰਚਦਾ ਆਇਆ ਕਾਜਾ, ਜੁਗ ਜੁਗ ਵੇਸ ਵਟਾਈਆ । ਚਿੱਟੇ ਅਸਵ ਚੜ੍ਹੇ ਤਾਜਾ, ਸੋਲਾਂ ਕਲੀਆਂ ਆਸਣ ਪਾਈਆ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜਾ, ਪੁਰਖ ਅਕਾਲ ਆਪ ਅਖਵਾਈਆ । ਸਦਾ ਸੁਹੇਲਾ ਰੱਖੇ ਲਾਜਾ, ਲੋਕਮਾਤ ਵਡਿਆਈਆ । ਨਾਮ ਚਲਾਏ ਇਕ ਜਹਾਜਾ, ਆਪਣਾ ਬੇੜਾ ਆਪ ਬੰਧਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸਚ ਸੁਲਤਾਨ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਆ ਦਾਨ ਝੋਲੀ ਪਾਈਆ । ਜੀਆਂ ਦਾਤਾ ਨਾਮ ਭੰਡਾਰ, ਹਰਿ ਹਰਿ ਆਪ ਵਰਤਾਇੰਦਾ । ਆਦਿ ਜੁਗਾਦੀ ਇਕ ਅਵਤਾਰ, ਏਕਾ ਗੁਰ ਅਖਵਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਦੋ ਜਹਾਨਾਂ ਆਪ ਲਗਾਇੰਦਾ । ਲੋਆਂ ਪੁਰੀਆਂ ਦਏ ਹੁਲਾਰ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਲੱਖ ਚੁਰਾਸੀ ਜਗਤ ਪਿਆਰ, ਆਤਮ ਬ੍ਰਹਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੀਆਂ ਦਾਤਾ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਦੇਵਣਹਾਰਾ ਸਚ ਭੰਡਾਰ, ਆਪੇ ਰਿਹਾ ਵਰਤਾਈਆ । ਸਰਗੁਣ ਮੇਲਾ ਵਿਚ ਸੰਸਾਰ, ਸਾਚਾ ਨਾਤਾ ਜੋੜ ਜੁੜਾਈਆ । ਵੇਖੇ ਵਿਗਸੇ ਕਰੇ ਵਿਚਾਰ, ਅਲੱਖ ਅਗੋਚਰ ਅਗੰਮ ਬੇਪਰਵਾਹੀਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਈਆ । ਸਤਿਜੁਗ ਤ੍ਰੇਤਾ ਪਾਰ ਕਿਨਾਰ, ਦੁਆਪਰ ਢੇਰੀ ਢਾਈਆ । ਕਲਜੁਗ ਅੰਤਮ ਲਏ ਅਵਤਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜਾਮਾ ਭੇਖ ਨਿਆਰ, ਪੰਜ ਤਤ ਨਾ ਕੋਈ ਵਖਾਈਆ । ਪੰਜ ਤਤ ਨਾ ਕੋਈ ਅਖਾੜ, ਪੰਚਮ ਮੋਹ ਨਾ ਕੋਈ ਵਧਾਈਆ । ਹੱਡ ਮਾਸ ਨਾ ਨਾੜੀ ਨਾੜ, ਰਕਤ ਬੂੰਦ ਨਾ ਕੋਈ ਵਖਾਈਆ । ਧੁਰਦਰਗਾਹੀ ਸਾਚਾ ਲਾੜ, ਅਕਾਲ ਮੂਰਤ ਆਪ ਅਖਵਾਈਆ । ਅਜੂਨੀ ਰਹਿਤ ਵਸੇ ਸੱਦ ਨਿਆਰ, ਆਪ ਆਪਣੀ ਬਣਤ ਬਣਾਈਆ । ਉਚ ਮਹੱਲ ਅਟੱਲ ਮਿਨਾਰ, ਸਚਖੰਡ ਦੁਆਰ ਆਪ ਸੁਹਾਈਆ । ਨਿਰਮਲ ਬਾਤੀ ਕਰ ਉਜਿਆਰ, ਆਪਣੀ ਜੋਤ ਕਰੇ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਵੇਦ ਕਤੇਬ ਨਾ ਕੋਈ ਜਣਾਈਆ । ਆਦਿਨ ਅੰਤਾ ਏਕੰਕਾਰ, ਅਕਲ ਕਲਾ ਅਖਵਾਈਆ । ਆਪ ਆਪਣਾ ਕਰ ਪਸਾਰ, ਆਪੇ ਮੇਟੇ ਮੇਟ ਮਿਟਾਈਆ । ਆਪੇ ਵਸੇ ਧੁੰਧੂਕਾਰ, ਧੁਆਂਧਾਰ ਆਪ ਹੋ ਜਾਈਆ । ਆਪੇ ਰਵ ਸਸ ਕਰ ਉਜਿਆਰ, ਪ੍ਰਕਾਸ਼ ਅਕਾਸ਼ ਏਕ ਜਣਾਈਆ । ਆਪੇ ਧਰਤ ਧਵਲ ਬਣ ਸਹਾਰ, ਜਲ ਬਿੰਬ ਆਪ ਟਿਕਾਈਆ । ਆਪੇ ਜੋਤੀ ਪਵਣ ਹੁਲਾਰ, ਪਵਣ ਪਵਣੀ ਆਪ ਸਮਾਈਆ । ਗਗਨ ਗਗਨੰਤਰ ਖੇਲ ਅਪਾਰ, ਗੁਣਵੰਤਾ ਆਪ ਬੁਝਾਈਆ । ਪ੍ਰਿਥਮੀ ਅਕਾਸ਼ ਬੰਨ੍ਹੇ ਧਾਰ, ਆਪ ਆਪਣੀ ਰਚਨ ਰਚਾਈਆ । ਆਪੇ ਵਸੇ ਧਾਮ ਨਿਆਰ, ਦਿਸ ਕਿਸੇ ਨਾ ਆਈਆ । ਰੂਪ ਅਨੂਪ ਸ਼ਾਹੋ ਭੂਪ ਸੱਚੀ ਸਰਕਾਰ, ਸ਼ਾਹ ਸੁਲਤਾਨ ਆਪ ਹੋ ਜਾਈਆ । ਆਪੇ ਤ੍ਰੈਗੁਣ ਕਰੇ ਪਿਆਰ, ਪੰਚਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੀਆ ਦਾਨ ਝੋਲੀ ਪਾਈਆ । ਜੀਆ ਦਾਤਾ ਆਤਮ ਰਸ, ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਰਾਹ ਸਾਚਾ ਦੱਸ, ਜੁਗ ਜੁਗ ਧਾਰ ਬੰਧਾਇੰਦਾ । ਬ੍ਰਹਿਮੰਡਾਂ ਖੰਡਾਂ ਆਪੇ ਨੱਸ, ਲੋਆਂ ਪੁਰੀਆਂ ਵੇਖ ਵਖਾਇੰਦਾ । ਹਰ ਘਟ ਅੰਦਰ ਆਪੇ ਵਸ, ਆਪ ਆਪਣੀ ਜੋਤ ਜਗਾਇੰਦਾ । ਸ਼ਬਦ ਤੀਰ ਨਿਰਾਲਾ ਮਾਰੇ ਕਸ,

ਦੀਨ ਦਿਆਲਾ ਵੇਖ ਵਖਾਇੰਦਾ । ਕਰੇ ਪ੍ਰਕਾਸ਼ ਕੋਟਨ ਕੋਟ ਰਵ ਸਸ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਾਨ ਹਰਿ ਭਗਵਾਨ ਹੋ ਮਿਹਰਵਾਨ, ਜੀਆਂ ਜੰਤਾਂ ਝੋਲੀ ਪਾਇੰਦਾ । ਜੀਆਂ ਜੰਤਾਂ ਹਰਿ ਹਰਿ ਦਾਨ, ਆਪਣਾ ਆਪ ਪਾਈਆ । ਆਪੇ ਬਖ਼ਸ਼ੇ ਚਰਨ ਧਿਆਨ, ਆਪੇ ਬੂਝ ਬੁਝਾਈਆ । ਦੇਵਣਹਾਰਾ ਬ੍ਰਹਮ ਗਿਆਨ, ਅੰਤਰ ਆਤਮ ਇਕ ਜਣਾਈਆ । ਆਪ ਉਪਾਏ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰਲਾਈਆ । ਆਪੇ ਮਨ ਮਤ ਬੁੱਧ ਕਰ ਪਰਧਾਨ, ਘਰ ਸਾਚੇ ਡੇਰਾ ਲਾਈਆ । ਆਪੇ ਆਸਾ ਤ੍ਰਿਸ਼ਨਾ ਨੌਜਵਾਨ, ਤਨ ਜੋਬਨ ਰਹੀ ਹੰਢਾਈਆ । ਆਪੇ ਸੁਰਤੀ ਰੱਖੇ ਨਾਰ ਇਕ ਰਕਾਨ, ਨੇਤਰ ਨੈਣ ਇਕ ਮਟਕਾਈਆ । ਆਪੇ ਜੋਧਾ ਸੂਰਬੀਰ ਬਲੀ ਬਲਵਾਨ, ਆਪ ਆਪਣਾ ਵੇਖ ਵਖਾਈਆ । ਆਪੇ ਖੰਡਾ ਤੀਰ ਕਮਾਨ, ਆਪੇ ਚਿੱਲਾ ਰਿਹਾ ਉਠਾਈਆ । ਆਪੇ ਖੜਗ ਖੰਡਾ ਰੱਖ ਮਿਆਨ, ਆਪੇ ਬਾਹਿਰ ਕਢਾਈਆ । ਆਪੇ ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਆਪੇ ਦੋ ਜਹਾਨਾਂ ਫੇਰਾ ਪਾਈਆ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਥਿਰ ਘਰ ਬੈਠਾ ਬੇਪਰਵਾਹੀਆ । ਆਪ ਝੁਲਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਉਠਾਈਆ । ਆਪ ਆਪਣਾ ਹੋਏ ਜਾਣੀ ਜਾਣ, ਜਾਨਣਹਾਰ ਆਪ ਹੋ ਜਾਈਆ । ਆਪੇ ਦੇਵਣਹਾਰਾ ਸਾਚਾ ਮਾਣ, ਦਰਗਹਿ ਸਾਚੀ ਇਕ ਸੁਹਾਈਆ । ਸਤਿ ਪੁਰਖ ਨਿਰੰਜਣ ਆਪ ਮਿਹਰਬਾਨ, ਮਿਹਰਬਾਨ ਆਪ ਅਖਵਾਈਆ । ਅਲੱਖ ਨਿਰੰਜਣ ਇਕ ਗਿਆਨ, ਆਪੇ ਬੂਝ ਬੁਝਾਈਆ । ਸਚ ਕੰਤ ਇਕ ਦੋ ਜਹਾਨ, ਏਕਾ ਵੇਖ ਵਖਾਈਆ । ਧੂਆਂਧਾਰ ਸੁੰਞ ਮਸਾਣ, ਸੁਨ ਅਗੰਮ ਆਪ ਰਖਾਈਆ । ਦਸਮ ਦੁਆਰੀ ਖੇਲ ਮਹਾਨ, ਚਿੱਟੀ ਧਾਰ ਇਕ ਵਹਾਈਆ । ਸੰਤ ਸੁਹੇਲੇ ਕਰ ਪਛਾਣ, ਆਪ ਆਪਣਾ ਮੇਲ ਮਿਲਾਈਆ । ਦੇਵਣਹਾਰਾ ਸਾਚਾ ਦਾਨ, ਨਾਮ ਵਸਤ ਝੋਲੀ ਪਾਈਆ । ਏਕਾ ਰਾਗ ਸੁਣਾਏ ਕਾਨ, ਛੱਤੀ ਰਾਗ ਸ਼ਰਮਾਈਆ । ਮੰਦਰ ਅੰਦਰ ਸਚ ਮਕਾਨ, ਘਰ ਘਰ ਵਿਚ ਰਿਹਾ ਵਸਾਈਆ । ਦੀਵਾ ਬਾਤੀ ਇਕ ਮਹਾਨ, ਕਮਲਾਪਾਤੀ ਆਪ ਜਗਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਪੰਚਮ ਗੀਤ ਸੁਹਾਗੀ ਏਕਾ ਰਾਮ, ਅਨਹਦ ਤਾਲ ਵਜਾਈਆ । ਵੇਖਣਹਾਰਾ ਸ੍ਰੀ ਭਗਵਾਨ, ਦੂਸਰ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੀਆਂ ਦਾਤਾ ਆਪ ਹੋ ਜਾਈਆ । ਜੀਆਂ ਦਾਤਾ ਹਰਿ ਹਰਿ ਦਾਤਾ, ਏਕਾ ਏਕ ਅਖਵਾਇੰਦਾ । ਚਰਨ ਕਵਲ ਬੰਧਾਏ ਨਾਤਾ, ਨਾ ਕੋਈ ਤੋੜ ਤੁੜਾਈਆ । ਆਪੇ ਚੜ੍ਹਿਆ ਸਾਚੇ ਰਾਥਾ, ਨਾਮ ਰਥ ਇਕ ਰਖਾਇੰਦਾ । ਬੋਧ ਅਗਾਧੀ ਸਾਚੀ ਗਾਥਾ, ਆਪਣਾ ਮੰਤਰ ਨਾਮ ਪੁਛਾਇੰਦਾ । ਆਪੇ ਪੂਜਾ ਆਪੇ ਪਾਠਾ, ਇਸ਼ਟ ਦੇਵ ਇਕ ਮਨਾਇੰਦਾ । ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਆਪੇ ਖੇਵਟ ਆਪੇ ਖੇਟਾ, ਆਰ ਪਾਰ ਆਪ ਕਰਾਇੰਦਾ । ਏਕਾ ਤਾਣਾ ਏਕਾ ਪੇਟਾ, ਏਕਾ ਸੂਤਰ ਬੰਧ ਬੰਧਾਇੰਦਾ । ਆਪੇ ਸ਼ਬਦ ਦੋਸ਼ਾਲੇ ਵਿਚ ਲਪੇਟਾ, ਆਪੇ ਪਰਦਾ ਉਠਾਇੰਦਾ । ਏਕਾ ਮਾਤ ਪਿਤ ਬੇਟੀ ਬੇਟਾ, ਪੂਤ ਸਪੂਤਾ ਏਕਾ ਜਾਇੰਦਾ । ਏਕਾ ਚੇਤਨ ਏਕਾ ਚੇਤਾ, ਚੇਤਨ ਚਿੱਤ ਆਪ ਹੋ ਜਾਇੰਦਾ । ਏਕਾ ਨੇਤਨ ਏਕਾ ਨੇਤਾ, ਨਿਤ ਨਵਿਤ ਖੇਲ ਖਿਲਾਇੰਦਾ । ਏਕਾ ਵਸਣਹਾਰਾ ਕਾਇਆ ਖੇਤਾ, ਘਰ ਸਾਚੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਖਾਇੰਦਾ । ਸਾਚੀ ਵਸਤ ਨਾਮ ਅਨਮੋਲ, ਹਰਿ ਸਾਚੇ ਹੱਥ ਉਠਾਈਆ । ਸਤਿਗੁਰ ਕੰਡੇ ਆਪੇ ਤੋਲ, ਲੋਕਮਾਤ ਰਿਹਾ ਵਿਕਾਈਆ । ਸ਼ਬਦ ਅਗੰਮੀ ਏਕਾ

੬੬੪
੦੨

ਬੋਲ, ਸਾਚਾ ਢੋਲ ਵਜਾਈਆ । ਮਨਮਤ ਤੇਰਾ ਕੱਢੇ ਪੋਲ, ਗੁਰਮਤ ਕਰੇ ਰੁਸ਼ਨਾਈਆ । ਜਨ ਭਗਤਾਂ ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਧਾਰ ਮੁਖ ਚੁਆਈਆ । ਲਹਿਣਾ ਦੇਣ ਚੁਕਾਏ ਧਰਤ ਧਵਲ, ਧਵਲ ਰਹੀ ਕੁਰਲਾਈਆ । ਲੱਖ ਚੁਰਾਸੀ ਆਪੇ ਮਵਲ, ਮੌਲਾ ਰੂਪ ਆਪ ਖ਼ੁਦਾਈਆ । ਆਪੇ ਕ੍ਰਿਸ਼ਨਾ ਕਾਹਨਾ ਸਵਲ, ਰਾਮ ਰੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਵੱਡੀ ਵਡਿਆਈਆ । ਨਾਮ ਵਸਤ ਸ਼ਬਦ ਗਿਆਨ, ਹਰਿਜਨ ਬੂਝ ਬੁਝਾਇੰਦਾ । ਅੰਦਰ ਮੰਦਰ ਇਕ ਧਿਆਨ, ਏਕਾ ਲਿਵ ਰਖਾਇੰਦਾ । ਏਕਾ ਇਸ਼ਟ ਕਰ ਪ੍ਰਧਾਨ, ਏਕਾ ਨਜ਼ਰੀ ਆਇੰਦਾ । ਏਕਾ ਏਕ ਸ੍ਰੀ ਭਗਵਾਨ ਸਤਿ ਸਰੂਪ ਸਮਾਇੰਦਾ । ਏਕਾ ਆਦਿ ਨਿਰੰਜਣ ਨੌਜਵਾਨ, ਬਿਰਧ ਬਾਲ ਨਾ ਕੋਈ ਰਖਾਇੰਦਾ । ਏਕਾ ਮੰਦਰ ਬੈਠ ਮਕਾਨ, ਏਕਾ ਰਾਗ ਅਲਾਇੰਦਾ । ਏਕਾ ਸ਼ਾਹੋ ਭੂਪ ਸੁਲਤਾਨ, ਰਾਜ ਰਾਜਾਨ ਇਕ ਅਖਵਾਇੰਦਾ । ਏਕਾ ਵੇਖਣਹਾਰਾ ਚੌਦਾਂ ਹੱਟ ਮਕਾਨ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਏਕਾ ਲੋਆਂ ਪੁਰੀਆਂ ਮਾਰ ਧਿਆਨ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸੇਵਾ ਲਾਇੰਦਾ । ਏਕਾ ਲੱਖ ਚੁਰਾਸੀ ਹੋ ਪ੍ਰਧਾਨ, ਤਤਵ ਤਤ ਬੁਝਾਇੰਦਾ । ਏਕਾ ਬ੍ਰਹਮ ਪਦ ਨਿਸ਼ਾਨ, ਅਮਰਾਪਦ ਆਪ ਵਖਾਇੰਦਾ । ਏਕਾ ਧੁਨ ਨਾਦ ਵਜਾਏ ਨਦ, ਅਨਹਦ ਸਾਚਾ ਰਾਗ ਸੁਣਾਇੰਦਾ । ਏਕਾ ਜਾਨਣਹਾਰਾ ਆਪਣੀ ਹੱਦ, ਦੂਸਰ ਭੇਵ ਕੋਈ ਨਾ ਪਾਇੰਦਾ । ਏਕਾ ਜਨ ਭਗਤਾਂ ਪਿਆਏ ਸਾਚੀ ਮਦਿ, ਆਤਮ ਰਸ ਇਕ ਵਖਾਇੰਦਾ । ਆਪੇ ਵਿਸ਼ਨੂੰ ਏਕਾ ਯਦ, ਏਕਾ ਜੋਤ ਜਗਾਇੰਦਾ । ਏਕਾ ਵੇਖਣਹਾਰਾ ਕਾਇਆ ਡੂੰਘੀ ਖੱਡ, ਅੰਦਰ ਮੰਦਰ ਫੋਲ ਫੁਲਾਇੰਦਾ । ਦੂਈ ਦਵੈਤੀ ਦੇਵੇ ਵੱਢ, ਕਾਮ ਕਰੋਧ ਲੋਭ ਮੋਹ ਹੰਕਾਰ ਮੇਟ ਮਿਟਾਇੰਦਾ । ਵੇਖ ਵਖਾਏ ਕਾਇਆ ਮਾਟੀ ਹੱਡ, ਨਾੜੀ ਚੰਮ ਦਰ ਸੁਹਾਇੰਦਾ । ਏਕਾ ਪੰਜ ਤਤ ਚੋਲਾ ਦੇਵੇ ਛੱਡ, ਏਕਾ ਵੇਸ ਵਟਾਇੰਦਾ । ਏਕਾ ਏਕ ਲਡਾਏ ਲਡ, ਸਚਖੰਡ ਦਵਾਰ ਇਕ ਸੁਹਾਇੰਦਾ । ਏਕਾ ਦਰ ਦਵਾਰਿਉਂ ਦੇਵੇ ਕੱਢ, ਦੋ ਜਹਾਨੀ ਧੱਕਾ ਲਾਇੰਦਾ । ਏਕਾ ਏਕ ਏਕੰਕਾਰਾ ਖੇਲੇ ਖੇਲ ਸੂਰਾ ਸਰਬੱਗ, ਸਰਬ ਕਲ ਆਪ ਹੋ ਜਾਇੰਦਾ । ਏਕਾ ਬੰਨ੍ਹੇ ਸਾਚਾ ਤੱਗ, ਨਾਮ ਤੰਦੀ ਤੰਦ ਬੰਧਾਇੰਦਾ । ਏਕਾ ਹੰਸ ਬਣਾਏ ਫੜ ਫੜ ਕਗ, ਕਾਗੋਂ ਹੰਸ ਬਣਾਇੰਦਾ । ਏਕਾ ਦੀਪਕ ਜੋਤੀ ਜਾਏ ਜਗ, ਜਿਸ ਜਨ ਦਇਆ ਕਮਾਇੰਦਾ । ਏਕਾ ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪਾਰ ਕਰਾਇੰਦਾ । ਏਕਾ ਮੇਟਣਹਾਰਾ ਤ੍ਰਿਸ਼ਨਾ ਅੱਗ, ਸਾਂਤਕ ਸਤਿ ਇਕ ਵਰਤਾਇੰਦਾ । ਏਕਾ ਸੱਜਣ ਏਕਾ ਸਾਕ, ਸਾਕ ਸੈਣ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੀਅ ਦਾਤਾ ਦਾਨ ਝੋਲੀ ਪਾਇੰਦਾ । ਜੀਅ ਦਾਨ ਸਚ ਦਾਤਾਰ, ਹਰਿ ਹਰਿ ਆਪ ਵਰਤਾਈਆ । ਅਕਲ ਕਲਾ ਕਲ ਆਪੇ ਧਾਰ, ਜੁਗ ਜੁਗ ਧਾਰ ਬੰਧਾਇੰਦਾ । ਕਲਜੁਗ ਕੂੜੀ ਕਿਰਿਆ ਪਾਵੇ ਸਾਰ, ਜੂਠ ਝੂਠ ਵੇਖ ਵਖਾਈਆ । ਲੇਖ ਚੁਕਾਏ ਪੰਚ ਵਿਕਾਰ, ਪੰਚਮ ਵਡ ਵਡਿਆਈਆ । ਤਤਵ ਤਤ ਹਾਹਾਕਾਰ, ਧੀਰਜ ਧੀਰ ਨਾ ਕੋਈ ਧਰਾਈਆ । ਯਤ ਸਤਿ ਨਾ ਕੋਈ ਪਸਾਰ, ਬ੍ਰਹਮ ਮਤ ਨਾ ਕੋਈ ਉਪਜਾਈਆ । ਬਹੱਤਰ ਨਾੜੀ ਉਬਲੇ ਰਤ ਹਾਹਾਕਾਰ, ਦਿਵਸ ਰੈਣ ਆਪ ਲੜਾਈਆ । ਗੁਰਮੁਖ ਸਾਚੇ ਰਹੇ ਵਿਚਾਰ, ਨੇਤਰ ਰੋ ਰੋ ਨੀਰ ਵਹਾਈਆ । ਆਤਮ ਅੰਤਰ ਇਕ ਪਿਆਰ, ਪਾਰਬ੍ਰਹਮ ਸੱਚੀ ਸਰਨਾਈਆ । ਗੋਬਿੰਦ ਮੇਲਾ ਸਚ ਘਰ ਬਾਰ, ਘਰ ਏਕਾ ਬੰਕ ਸੁਹਾਈਆ । ਨਾਨਕ ਨਿਰਗੁਣ ਹੋ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਸ਼ਬਦ ਵਿਚੋਲਾ ਅਪਰ ਅਪਾਰ, ਦੋ ਜਹਾਨਾਂ ਆਪ

ਰਖਾਈਆ । ਸੋਹੰ ਢੋਲਾ ਸਚ ਜੈਕਾਰ, ਨਿਰਗੁਣ ਰੂਪ ਵਟਾਈਆ । ਪਰਦਾ ਉਹਲਾ ਖੇਲ ਨਿਆਰ, ਅਲੱਖ ਅਲੱਖ ਆਪ ਕਰਾਈਆ । ਭਗਤਨ ਮੀਤਾ ਵਸਿਆ ਕੋਲਾ, ਦਿਸ ਕਿਸੇ ਨਾ ਆਈਆ । ਆਪੇ ਹੋਏ ਕਲਾ ਸੋਲਾਂ, ਅਨੰਤ ਕਲ ਆਪ ਹੋ ਜਾਈਆ । ਆਪੇ ਗਾਏ ਆਪਣਾ ਢੋਲਾ, ਆਪੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੀਵ ਜੰਤ ਆਪ ਰਖਾਈਆ । ਜੀਵ ਜੰਤ ਸ਼ਬਦ ਸਹਾਰਾ, ਹਰਿ ਹਰਿ ਆਪ ਰਖਾਈਆ । ਸ਼ਬਦੀ ਸ਼ਬਦ ਪਿਆਰਾ, ਸਾਚਾ ਨਾਤਾ ਜੋੜ ਜੁੜਾਈਆ । ਏਕਾ ਏਕ ਚਰਨ ਦਵਾਰਾ, ਚਰਨ ਸ਼ਰਨ ਇਕ ਸਰਨਾਈਆ । ਏਕਾ ਭਗਤੀ ਭਗਤ ਪਿਆਰਾ, ਮੰਤਰ ਗਿਆਨ ਇਕ ਦ੍ਰਿੜਾਈਆ । ਏਕਾ ਸ਼ਕਤੀ ਸ਼ਕਤ ਉਜਿਆਰਾ, ਪੰਜ ਤਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵਣਹਾਰਾ ਵਰ, ਆਪ ਆਪਣੀ ਬੂਝ ਬੁਝਾਈਆ ।

* * * * *



੯੯੬ ੦੨